ੴ ਸਤਿਗੁਰ ਪ੍ਰਸਾਦਿ॥

ਸੰਥਯਾ

ਸ੍ਰੀ ਗੁਰੂ ਗ੍ਰੰਥ ਸਾਹਿਬ

[ਪੋਥੀ ਪਹਿਲੀ]

ਜਿਸ ਵਿਚ

ਜਪੁ ਰਹਰਾਸਿ, ਸੋਹਿਲਾ ਤੇ ਸਿਰੀ ਰਾਗ ਦੇ ਮਹਲਾ ਪਹਿਲਾ, ਤੀਜਾ, ਚਉਥਾ ਤੇ ਪੰਜਵਾਂ ਦੇ ਸਾਰੇ (੧੦੦) ਚਉਪਦਿਆਂ ਦਾ ਅਰਥ, ਵਯਾਖਯਾ ਤੇ ਨਿਰੁਕ੍ਤ ਸ਼ਾਮਲ ਹੈ।

ਸੰਥਯਾ ਦੀ ਸੇਵਾ

ਪਦਮ ਭੂਸ਼ਨ, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

ਦੀ ਲੇਖਣੀ ਦੁਆਰਾ ਸਤਿਗੁਰ ਨੇ ਕਰਾਈ।

ਸੰਪਾਦਕ

ਡਾਕਟਰ ਬਲਬੀਰ ਸਿੰਘ ਪੀਐਚ.ਡੀ. (ਲੰਡਨ)

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ

(੭)

Santhya Sri Guru Granth Sahib Ji Vol. - I

Bhai Vir Singh

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਐਡੀਸ਼ਨ : ਫਰਵਰੀ, 1958
ਦੂਜੀ ਐਡੀਸ਼ਨ : ਨਵੰਬਰ, 1961
ਤੀਜੀ ਐਡੀਸ਼ਨ : ਫਰਵਰੀ, 1992
ਚੌਥੀ ਐਡੀਸ਼ਨ : ਜਨਵਰੀ, 1997
ਪੰਜਵੀਂ ਐਡੀਸ਼ਨ : ਅਕਤੂਬਰ, 2007

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110 001

ਪ੍ਰਿੰਟਰ :
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਭੇਟਾ : 250/-

ਭੂਮਿਕਾ

(ਲਿਖਤ-ਡਾਕਟਰ ਬਲਬੀਰ ਸਿੰਘ ਪੀਐਚ. ਡੀ. (ਲੰਡਨ))

ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸੱਚ ਧਾਮ ਚਲੇ ਜਾਣ* ਤੋਂ ਕੁਛ ਦਿਨ ਪਹਿਲੇ ਦਾ ਵਾਕਿਆ ਹੈ ਕਿ ਅਸੀਂ ਉਹਨਾਂ ਦੇ ਅੰਮ੍ਰਿਤਸਰ ਦੇ ਨਿਵਾਸ ਸਥਾਨ ਵਿਚ ਬੈਠੇ ਸਾਂ। ਸ਼ਾਮਾਂ ਦਾ ਵੇਲਾ ਸੀ; ਆਪਸ ਵਿਚ ਗੱਲਾਂ ਕਰ ਰਹੇ ਸਾਂ ਕਿ ਉਸ ਵੇਲੇ ਆਪ ਭਾਈ ਸਾਹਿਬ ਕਿਸੇ ਦਾ ਆਸਰਾ ਲੈਕੇ ਹੌਲੇ ਹੌਲੇ ਡ੍ਰਾਇੰਗ ਰੂਮ ਵਿਚ ਆ ਗਏ ਤੇ ਇਕ ਆਰਾਮ ਕੁਰਸੀ ਉਪਰ ਬੈਠ ਗਏ। ਉਹ ਕਿਸੇ ਦੇ ਮੋਢੇ ਉਪਰ ਹੱਥ ਰੱਖਕੇ ਸੌਣ ਵਾਲੇ ਕਮਰੇ ਵਿਚੋਂ ਬਿਸਤਰਾ ਛੱਡਕੇ ਆਏ ਸਨ। ਮੇਰੀ ਕੁਰਸੀ ਉਹਨਾਂ ਦੇ ਐਨ ਸਾਹਮਣੇ ਸੀ। ਉਹ ਕਾਫ਼ੀ ਕਮਜ਼ੋਰ ਸਨ, ਪਰ ਐਉਂ ਲਗਦਾ ਸੀ ਕਿ ਜਿਸਮ ਦੀ ਦੁਰਬਲਤਾ ਨਾਲ ਤ੍ਵਚਾ (Skin) ਦਾ ਰੰਗ ਇਤਨਾ ਹਲਕਾ ਹੋ ਗਿਆ ਹੈ ਕਿ ਜਿਸ ਦੀ ਨਿਰਬਲਤਾ ਵਿਚੋਂ ਝਲਕ ਕੇ ਅੰਦਰ ਦਾ ਚੈਨ ਬਾਹਰੋਂ ਨਜ਼ਰ ਆਉਣ ਲਗ ਪਿਆ ਹੈ। ਉਹਨਾਂ ਦੀ ਇਹ ਸ਼ਾਂਤਿ ਭਰੀ ਸਿਥਲ ਹਾਲਤ ਦੇਖਕੇ ਮੈਨੂੰ ਉਸ ਵੇਲੇ ਯਾਦ ਆਇਆ ਕਿ ਇਟਲੀ ਦੇ ਇਕ ਪ੍ਰਾਚੀਨ ਫਿਲਾਸਫਰ ਨੇ ਕਿਹਾ ਸੀ:-

"What a wonderful privilege to have the weakness of a man and the serenity of a God." *(Seneca.)*

ਅਰਥਾਤ- ਇਹ ਗੱਲ ਕਿੰਨੀ ਭਾਗਾਂ ਵਾਲੀ ਹੈ ਕਿ ਕਾਇਆਂ ਤਾਂ ਹੋਵੇ ਮਨੁਖ ਦੀ ਕਮਜ਼ੋਰ ਤੇ ਉਸ ਵਿਚ ਵਿਰਾਜ ਰਹੀ ਹੋਵੇ ਦੈਵੀ ਸ਼ਾਂਤੀ।

ਮੈਂ ਡਿਹਰਾਦੂਨ ਤੋਂ ਅੰਮ੍ਰਿਤਸਰ ਗਿਆ ਸੀ, ਓਹ ਮੈਨੂੰ ਉਡੀਕ ਰਹੇ ਸਨ, ਕੁਛ ਤਾਂਘ ਨਾਲ। ਕਈ ਗੱਲਾਂ ਸਨ ਕਰਨ ਵਾਲੀਆਂ, ਪਰ ਜੇਹੜੀ ਸਭ ਤੋਂ ਜ਼ਰੂਰੀ ਗੱਲ ਸੀ, ਉਹ ਟੀਕੇ ਬਾਬਤ ਹੀ ਸੀ, ਜਿਸ ਦਾ ਨਾਮ ਉਹਨਾਂ ਨੇ 'ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ' ਰਖਿਆ ਹੈ। ਇਸ ਸੰਥਜਾ ਦੀ ਉਹਨਾਂ ਭੂਮਿਕਾ ਅਜੇ ਲਿਖਣੀ ਸੀ। ਉਹਨਾਂ ਦਾ ਖਿਆਲ ਸੀ ਜਦ ਸਾਰੀ ਚੀਜ਼ ਛਪ ਜਾਵੇਗੀ ਤਾਂ ਭੂਮਿਕਾ ਅਖੀਰ ਉਤੇ ਤਿਆਰ ਕਰਾਂਗੇ। ਅੱਗੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਪਾਦਨ ਵੇਲੇ ਵੀ ਉਹਨਾਂ ਇਸੇ ਤਰ੍ਹਾਂ ਹੀ ਕੀਤਾ ਸੀ। ਉਸ ਦੀ ਪ੍ਰਸਤਾਵਨਾ ਵੀ ਗ੍ਰੰਥ ਸੰਪੂਰਣ ਹੋਣ ਉਤੇ ਹੀ ਲਿਖੀ ਤੇ ਛਾਪੀ ਗਈ ਸੀ। ਪਰ ਸੰਥਜਾ ਦੀ ਭੂਮਿਕਾ ਲਈ ਕੁਛ ਖਿਆਲ, ਜੋ ਉਹਨਾਂ ਨੂੰ ਫੁਰੇ ਸਨ, ਉਹਨਾਂ ਲਿਖ ਲਿਖਵਾ ਲਏ ਸਨ। ਉਹ ਇਕ ਨੋਟ ਦੀ ਸ਼ਕਲ ਵਿਚ ਸਨ, ਜੋ ਉਸ ਵੇਲੇ ਪੜ੍ਹਿਆ ਗਿਆ। ਨੋਟ ਇਹ ਸੀ:-

ਇਸ ਪੁਸਤਕ ਦਾ ਨਾਮ 'ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਹੈ?

ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ! ਇਸ ਵਿਚ ਜੋ ਮੂਲ ਹੈ ਉਹ ਤਾਂ ਵਡੇ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ

---

*ਭਾਈ ਸਾਹਿਬ ਜੀ ਨੇ ੧੦-੬-੧੯੫੭ ਈ: ਨੂੰ ਸੱਚ ਧਾਮ ਪਿਆਨਾ ਕੀਤਾ।

ਇਸ ਦੇ ਅਰਥ ਤੇ ਭਾਵ ਆਦਿਕ, ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲਪੱਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ; ਤੇ ਜਿੱਥੋਂ ਤਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵੱਧ ਤੋਂ ਵੱਧ ਸਮਝ ਆ ਸਕੇ ਓਹ ਇਸ ਦੇ ਚਰਨਾਂ ਵਿਚ ਬੈਠਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਇਕ ਤਰ੍ਹਾਂ ਸੰਥਯਾ ਹੈ ਜੋ ਬਾਣੀ ਦੀ ਸ਼ਰਣ ਲਿਆਂ ਵਿਦਯਾਰਥੀ ਵਾਂਙੂੰ ਮਿਲੀ ਹੈ, ਇਹ ਮੁਤਾਲਿਆ ਹੈ ਗੁਰਬਾਣੀ ਦੀ, ਤੇ ਕਰਨ ਵਾਲੇ ਦੀ ਅਲਪੱਗਤਾ ਦੇ ਕਾਰਣ ਕੋਈ ਅਭੁੱਲਤਾ ਦਾ ਦਾਵਾ ਨਹੀਂ:-

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (ਸਿਰੀ: ਮ: ੧-੧੨)

ਹੋ ਸਕਦਾ ਹੈ ਕਿ ਇਸ ਪ੍ਰਯਤਨ ਤੋਂ ਜਗਯਾਸੂਆਂ ਯਾ ਵਿਦਯਾਰਥੀਆਂ ਨੂੰ ਗੁਰਬਾਣੀ ਦੀ ਵਿਚਾਰ ਵਿਚ ਕੁਛ ਸਹਾਇਤਾ ਮਿਲੇ। ਦੂਸਰਾ ਹੋ ਸਕਦਾ ਹੈ ਕਿ ਜੇ ਅਗੋਂ ਨੂੰ, ਜੋ ਵਡੇ ਦਾਨੇ ਇਸ ਸਮੁੰਦਰ ਰੂਪ ਬਾਣੀ ਦੇ ਮਰਜੀਉੜੇ ਬਣਨਾ ਚਾਹੁਣ, ਉਹਨਾਂ ਨੂੰ ਪਹਿਲਾ ਕੰਮ ਕੀਤਾ ਕਰਾਇਆ ਮਿਲ ਜਾਵੇ, ਤੇ ਓਹ ਇਸ ਤੋਂ ਅੱਗੇ ਹੋਰ ਡੂੰਘੇ ਜਾਣ, ਤੇ ਓਥੋਂ ਅਮੋਲਕ ਤੋਂ ਅਮੋਲਕ ਮੋਤੀ ਲੱਭਕੇ ਲਿਆਉਣ ਤੇ ਉਹਨਾਂ ਦਾਨਿਆਂ ਨੂੰ ਪਹਿਲੀ ਮਿਹਨਤ ਬਚ ਜਾਵੇ।

'ਜਪੁ ਨੀਸਾਣੁ' ਜਿਸ ਦਾ ਪ੍ਰਸਿੱਧ ਨਾਮ 'ਜਪੁਜੀ ਸਾਹਿਬ' ਹੈ, ਇਕ ਤਰ੍ਹਾਂ ਮੰਤ੍ਰ ਰੂਪ ਹੈ, ਇਸ ਦੀ ਵਯਾਖਯਾ ਬੜੇ ਵਿਸਥਾਰ ਨਾਲ ਹੋਣੀ ਜ਼ਰੂਰੀ ਹੈ। ਇਸ ਬਾਣੀ ਨੂੰ ਘੋਖਕੇ ਸਮਝ ਲਿਆਂ ਅਗਲੀਆਂ ਬਾਣੀਆਂ ਦੇ ਸਮਝਣ ਵਿਚ ਬੜੀ ਸਹਾਇਤਾ ਮਿਲਦੀ ਹੈ। ਇਸ ਕਰਕੇ ਇਸ ਪੁਸਤਕ ਵਿਚ ਜਪੁਜੀ ਸਾਹਿਬ ਦੇ ਅਰਥ ਤੇ ਵਯਾਖਯਾ ਆਦਿਕ ਵਿਸਥਾਰ ਨਾਲ ਦਿੱਤੇ ਗਏ ਹਨ। ਫੇਰ '੧ਓ' ਤੋਂ 'ਗੁਰਪ੍ਰਸਾਦਿ' ਤਕ ਦੀ ਵਯਾਖਯਾ ਏਥੇ ਜਪੁਜੀ ਵਿਚ ਬਹੁਤ ਵਿਸਥਾਰ ਨਾਲ ਕੀਤੀ ਗਈ ਹੈ; ਪਰ ਅੱਗੇ, ਜਿਥੇ ਜਿਥੇ ਇਹ ਮੂਲ ਮੰਤ੍ਰ ਆਇਆ ਹੈ, ਵਯਾਖਯਾ ਨਹੀਂ ਕੀਤੀ ਗਈ, ਇਸੇ ਤਰ੍ਹਾਂ ਹੋਰ ਪਦ ਪਦਾਰਥ ਤੇ ਵਯਾਖਯਾ ਸਮਝ ਲੈਣੀਆਂ ਕਿ ਬਾਰ ਬਾਰ ਨਹੀਂ ਦਿੱਤੀਆਂ ਗਈਆਂ।

ਅਸਾਂ ਇਸ ਟੀਕੇ ਵਿਚ ਕਿਸੇ ਇਕ ਪੱਖ ਦੀ ਨਿਜੀ ਕੋਈ ਖਿੱਚੋਤਾਣ ਨਹੀਂ ਕੀਤੀ, ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਤੇ ਜੋ ਨਿਜ ਮਨ ਨੂੰ ਗੁਰ ਆਸ਼ਯ ਨਿਸਚੈ ਹੁੰਦਾ ਹੈ ਉਹ ਲਿਖਿਆ ਹੈ, ਤੇ ਮੁਸ਼ਕਲਾਂ ਵੇਲੇ ਅਰਦਾਸ ਕਰਕੇ ਰਹਿਨੁਮਾਈ ਦੀ ਯਾਚਨਾ ਕੀਤੀ ਹੈ। ਸਾਡਾ ਆਸ਼ਯ ਇਹ ਹੈ, ਕਿ ਗੁਰਬਾਣੀ ਦੇ ਅਰਥ ਗੁਰ ਆਸ਼ਯ ਦੇ ਅਨੁਕੂਲ ਹੋਣ ਤੇ ਰਾਇ ਦੇ ਵਖੇਵੇਂ ਵਾਲੇ, ਮੂਲ ਵਾਂਙੂੰ, ਅਰਥਾਂ ਵਿਚ ਨਿਰਲੇਪਤਾ ਤੇ ਅਸਲੀਅਤ ਨੂੰ ਅਨੁਭਵ ਕਰਨ। ਕਿਉਂਕਿ ਮੂਲ ਆਸ਼ਯ ਗੁਰੂ ਬਾਬੇ ਦਾ ਜੀਵਾਂ ਦੀ ਕਲਯਾਣ ਹੈ ਤੇ ਕਲਯਾਣ ਮਾਰਗ ਵਾਲੇ ਸਤੋ ਗੁਣੀ ਰਸਤੇ ਉਤੇ ਟੁਰਦੇ ਹਨ ਤੇ ਸੱਚ ਦੀ ਰੌਸ਼ਨੀ ਵਿਚ ਟੁਰਦੇ ਹਨ। ਤੇ ਸਚ ਇਹ ਹੈ ਕਿ ਦਸੋਂ ਗੁਰੂ ਸਾਹਿਬ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂ ਸਾਹਿਬਾਂ ਦੀ ਜਯੋਤਿ, ਵਾਹਿਗੁਰੂ ਦਾ ਸ਼ੁਧ ਗਯਾਨ ਹੈ। ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਲਗਾਤਾਰ ਚਾਲ, ਇਕ ਲਗਾਤਾਰ ਰੂਪ, ਇਕ

ਲਗਾਤਾਰ ਧੁਨਿ, ਇਕ ਲਗਾਤਾਰ ਅਮੂਰਤ ਮੂਰਤੀ ਹੈ। ਜਿਸ ਵਿਚ ਬੇਨਤੀ, ਬਿਰਹੋਂ, ਨਿਰਮਲ ਭੈ, ਗਜਾਨ, ਸੇਵਾ, ਸ਼ਰਧਾ, ਪਿਆਰ, ਪ੍ਰੇਮ ਭਗਤੀ ਦੇ ਅਨਿਕ ਤਰੰਗ ਹਨ, ਹਾਂ ਇਸ ਵਿਚ ਇਕ ਲਗਾਤਾਰ ਸੰਗੀਤ, ਇਕ ਲਗਾਤਾਰ ਕਾਵਜ ਰਸ, ਇਕ ਲਗਾਤਾਰ ਚਾਨਣ, ਇਕ ਲਗਾਤਾਰ ਰਸ ਮਸਤੀ, ਰਸ ਝੂਮ, ਰਸ ਸਰੂਰ, ਰਸ-ਲੀਨਤਾ ਦਾ ਦਰਸ਼ਨ ਹੈ, ਏਹੋ ਗੁਰੂ ਨਾਨਕ ਹਿਰਦਾ ਹੈ, ਇਹੀ ਉਹਨਾਂ ਦਾ ਇਤਿਹਾਸ ਤੇ ਇਹੀ ਇਲਾਹੀ ਗਜਾਨ ਹੈ। ਇਹੀ ਰੱਬੀ ਨਾਦ ਤੇ ਸਰੋਦ ਹੈ। ਇਹੀ ਗੁਰੂ ਹਿਰਦੇ ਉਪਰ ਸਾਈਂ ਵਲੋਂ ਪ੍ਰਕਾਸ਼ਿਆ ਗਜਾਨ ਹੈ। ਗੁਰੂ ਦਾ ਹਿਰਦਾ ਹਉਂ ਰਹਿਤ ਤੇ ਨਿਰੋਲ ਨਿਰਮਲ ਹੋਣ ਕਰਕੇ ਇਹ ਗਜਾਨ ਓਥੇ ਐਉਂ ਪ੍ਰਕਾਸ਼ਿਆ ਕਿ ਹੂ-ਬਹੂ ਜਿਉਂ ਕਾ ਤਿਉਂ, ਜਿਵੇਂ ਸ਼ੀਸ਼ੇ ਵਿਚ ਮੂਰਤਿ ਪ੍ਰਕਾਸ਼ਦੀ ਹੈ, ਜਿਉਂ ਕੀ ਤਿਉਂ ਬਾਣੀ ਗੁਰੂ ਹਿਰਦੇ ਰੂਪੀ ਸ਼ੀਸ਼ੇ ਵਿਚ ਜੜੀ ਰਬੀ ਗਜਾਨ ਦੀ ਮੂਰਤੀ ਹੈ, ਹਾਂ ਇਹ ਵਾਹਿਗੁਰੂ ਦਾ ਗਜਾਨ ਹੈ, ਗੁਰੂ ਦਾ ਹਿਰਦਾ ਹੈ ਤੇ ਐਉਂ ਉਹਨਾਂ ਦਾ ਰੂਪ ਹੈ।

ਇਸ ਨੋਟ ਤੋਂ ਪਿਛੋਂ ਫੇਰ ਕੁਝ ਹਿਸੇ ਸੰਥਜਾ ਦੇ ਪੜ੍ਹੇ ਗਏ। ਭਾਈ ਸਾਹਿਬ ਜੀ ਦੀ ਕੀਤੀ ਵਜਾਖਜਾ ਵਿਚ ਉਸ ਵੇਲੇ ਇਕ ਨਵੀਂ ਚੀਜ਼ ਭਾਸੀ। ਤੁਕਾਂ ਦੇ ਅਰਥ ਤਾਂ ਹੁੰਦੇ ਹੀ ਹਨ, ਪਰ ਵਜਾਖਜਾ ਵਿਚ ਅਰਥਾਂ ਦੇ ਵਿਸਥਾਰ ਤੋਂ ਅੱਡਰੀ ਇਕ ਹੋਰ ਤਾਸੀਰ ਨਜ਼ਰ ਆਈ। ਉਸ ਵੇਲੇ ਪਤਾ ਲੱਗਾ ਕਿ ਲਫ਼ਜ਼ਾਂ ਦੇ ਸਿਰਫ਼ ਅਰਥ ਹੀ ਨਹੀਂ ਹੁੰਦੇ, ਪ੍ਰੰਤੂ ਅਰਥਾਂ ਦੇ ਚਮਤਕਾਰ ਵਿਚ ਇਕ ਹੋਰ ਚੀਜ਼ ਲੁਕੀ ਹੋਈ ਹੁੰਦੀ ਹੈ, ਉਹ ਹੁੰਦੀ ਹੈ ਉਨ੍ਹਾਂ ਦੀ 'ਨਿੱਘ'। ਲਫਜ਼ 'ਕਾਸ਼ਟ' ਦੇ ਅਰਥ ਤਾਂ ਲੱਕੜ ਹੀ ਹੈ। ਪਰ ਹਰ ਲੱਕੜ ਦੇ ਵਿਚ ਅੱਗ ਮੌਜੂਦ ਹੈ, ਜੋ ਬੈਸੰਤਰ ਦੇ ਵਿਆਪਕ ਰੂਪ ਵਿਚ ਛਿਪੀ ਹੋਈ ਹੈ। ਜੇ ਹੋਰ ਗ਼ੌਰ ਕਰੋ ਤਾਂ ਇਹ ਵਿਆਪਕ ਬੈਸੰਤਰ ਦਾ ਮੰਬਾ ਵੀ ਸਾਮ੍ਹਣੇ ਦਿੱਸਣ ਲਗ ਪੈਂਦਾ ਹੈ, ਉਹ ਹੈ ਸੂਰਜ; ਜਿਸ ਦੀਆਂ ਕਿਰਨਾਂ ਦੀ ਤੇਜ ਪ੍ਰਭਾ ਅਪਣਾ ਵੇਸ ਵਟਾਕੇ ਕਿਸੇ ਰਸਾਇਣੀ ਚਮਤਕਾਰ ਦ੍ਵਾਰਾ ਕਾਸ਼ਟ ਨਾਲ ਤਦਰੂਪ ਹੋ ਗਈ ਹੈ। ਫੇਰ, ਸੂਰਜ ਦੀ ਟਿੱਕੀ ਵੀ ਇਕ ਸ਼ੀਸ਼ਾ ਹੀ ਹੈ, ਜੋ ਕਿਸੇ ਹੋਰ ਜੋਤਿ ਦਾ ਪ੍ਰਤਿਬਿੰਬ ਸੁੱਟ ਰਹੀ ਹੈ।

ਮੈਂ ਕਹਿ ਰਿਹਾ ਸਾਂ: ਲਫਜ਼ਾਂ ਦੇ ਅਰਥ ਹੋਰ ਚੀਜ਼ ਹੈ, ਪਰ ਉਨ੍ਹਾਂ ਅਰਥਾਂ ਦੀ ਨਿੱਘੀ ਤਾਸੀਰ ਨੂੰ ਪਹੁੰਚਾ ਦੇਣਾ, ਇਹ ਹੋਰ ਗੱਲ ਹੈ। ਲਿਖਣ ਦਾ ਇਹ ਵੀ ਇਕ ਹੁਨਰ ਹੈ, ਪਰ ਇਹ ਹੁਨਰ ਉਨ੍ਹਾਂ ਨੂੰ ਪ੍ਰਾਪਤ ਹੈ, ਜਿਨ੍ਹਾਂ ਦਾ ਆਪਾ ਨਿਰਮਲਤਾ ਦੇ ਕਿਸੇ ਐਸੇ ਅੰਦਾਜ਼ ਵਿਚ ਚਲਾ ਗਿਆ ਹੋਵੇ, ਜਿਸ ਤਰ੍ਹਾਂ ਇਕ ਆਤਸ਼ੀ ਸ਼ੀਸ਼ਾ, ਜੋ ਸਿਰਫ਼ ਸੂਰਜ ਦੀ ਰੌਸ਼ਨੀ ਹੀ ਨਹੀਂ ਝਲਕਾਉਂਦਾ, ਪ੍ਰੰਤੂ ਉਸਦੀ ਅੱਗ ਦਾ ਵੀ ਕ੍ਰਿਸ਼ਮਾ ਨਾਲ ਪ੍ਰਗਟ ਕਰ ਦਿੰਦਾ ਹੈ। ਵਿਆਪਕ ਰੂਪ ਪ੍ਰੇਮ ਦੀ ਵਜਾਖਜਾ ਕਰਦੇ ਹੋਏ ਪਿਆਰ ਦੇ ਸੁਖ ਸੇਕ ਦਾ ਸਨਿਗਧ ਅਨੁਭਵ ਕਰਾ ਦੇਣਾ, ਇਹ ਭਾਈ ਸਾਹਿਬ ਦੇ ਮਨ ਦੀ ਸਫਟਕ ਰੂਪ ਬਨਾਵਟ ਦੇ ਪ੍ਰਤਿਬਿੰਬ ਦਾ ਪ੍ਰਭਾਵ ਹੈ।

ਇਸ ਟੀਕੇ ਬਾਬਤ ਉਨ੍ਹਾਂ ਦੇ ਅਪਣੇ ਹੋਰ ਕੀ ਖਿਆਲ ਸਨ? ਏਸ ਨੂੰ ਲਫਜ਼ਾਂ ਵਿਚ ਬਿਆਨ ਕਰ ਸਕਣਾ ਮੁਸ਼ਕਲ ਹੈ। ਉਨ੍ਹਾਂ ਨੂੰ ਪਤਾ ਸੀ ਕਿ ਓਹ ਇਹ ਕੰਮ ਪੂਰਾ ਨਹੀਂ ਕਰ ਸਕੇ। ਬਰਸਾਂ

(6) ਦੀ ਮਿਹਨਤ ਦੇ ਬਾਵਜੂਦ ਓਹ ਇਸਨੂੰ ਸੋਰਠ ਰਾਗ ਦੇ ਕੁਝ ਚਉਪਦਿਆਂ ਤੱਕ ਲਿਜਾ ਸਕੇ ਹਨ, ਤੇ ਜਿਤਨਾ ਹੋ ਚੁਕਾ ਹੈ ਉਤਨੇ ਦੀ ਛਪਾਈ ਦੇ ਪ੍ਰਬੰਧ ਦੀਆਂ ਵੀ ਸਥੂਲ ਅਮਲੀ ਮੁਸ਼ਕਲਾਂ ਦਰਪੇਸ਼ ਸਨ। ਇਹ ਸਾਰੇ ਵਿਚਾਰ ਉਸ ਵੇਲੇ ਸਾਡੇ ਸਾਮ੍ਹਣੇ ਸਨ। ਓਹ ਇਸਦੀ ਸੌਂਪਣਾ ਕਰ ਰਹੇ ਸਨ। ਓਹ ਪ੍ਰਚਾਰ ਦੇ ਨੁਕਤੇ ਨੂੰ ਮੁੱਖ ਰਖਕੇ ਬੜੇ ਸੁਘੜ ਪਰ ਹੁੱਬ ਭਰੇ ਲਫਜ਼ਾਂ ਵਿਚ ਇਸਦੀ ਸਪੁਰਦਗੀ ਦੇ ਰਹੇ ਸਨ। ਮੈਂ ਬਿਆਨ ਨਹੀਂ ਕਰ ਸਕਦਾ ਕਿ ਮੈਂ ਉਸ ਵੇਲੇ ਕੀਹ ਮਹਿਸੂਸ ਕਰ ਰਿਹਾ ਸਾਂ। ਜਦ ਮੈਂ ਯਾਦ ਕਰਦਾ ਹਾਂ, ਤਾਂ ਐਉਂ ਲਗਦਾ ਹੈ, ਕਿ ਇਹ ਸਾਰੇ ਟੀਕੇ ਦੇ ਅੱਖਰ ਉਨ੍ਹਾਂ ਦਾ ਆਪਣਾ ਆਪ ਹੀ ਹੈ। ਉਨ੍ਹਾਂ ਦੀ ਦੇਹ ਇਕ ਸਿਆਹੀ ਦੀ ਦੁਆਤ ਹੈ, ਜਿਸ ਵਿਚੋਂ ਵਰ੍ਹਿਆਂ ਬੱਧੀ ਭਾਵ-ਲਹਿਰ ਵਿਚ ਪਿਘਲੇ ਹੋਏ ਅੱਖਰ ਵਗ ਵਗ ਕੇ ਵਹਿੰਦੇ ਗਏ ਤੇ ਆਖ਼ਰ ਸਿਆਹੀ ਖ਼ਾਤਮੇ ਤੇ ਆ ਗਈ। ਇਸ ਸਿਆਹੀ ਦੇ ਮੁੱਕਣ ਨਾਲ ਹੀ ਉਨਾਂ ਦੇ ਜੀਵਨ ਦਾ ਮਿਸ਼ਨ ਸੰਪੂਰਣ ਹੋ ਜਾਂਦਾ ਹੈ, ਜੋ ਇਹ ਸੀ ਕਿ ਗੁਰੂ ਸਾਹਿਬ ਦੇ ਆਸ਼ੇ ਦੀ ਸੰਗੀਤਕ ਥਰਰਾਟ ਨੂੰ ਕਿਸ ਤਰ੍ਹਾਂ ਪਾਠਕਾਂ ਦੀ ਦਿਲ-ਧੜਕ ਨਾਲ ਜੀਵਤ ਸੰਬੰਧ ਵਿਚ ਜੋੜ ਦਿਤਾ ਜਾਵੇ।

* *
*

ਜਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਤੀ ਸਰੂਪ ਵਿਚ ਆਏ ਹਨ, ਤਦ ਤੋਂ ਹੀ ਕਿਸੇ ਨ ਕਿਸੇ ਸ਼ਕਲ ਵਿਚ ਇਸਦੇ ਟੀਕੇ ਸ਼ੁਰੂ ਹਨ। ਭਾਈ ਗੁਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਮੁੱਖ ਲਿਖਾਰੀ ਸਨ। ਉਹ ਸਿਰਫ ਲਿਖਾਰੀ ਹੀ ਨਹੀਂ ਸਨ, ਪ੍ਰੰਤੂ ਇਸ ਬਾਣੀ ਦੇ ਟੀਕਾ ਕਾਰ ਵੀ ਸਨ। ਇਹ ਗਲ ਐਸ ਤਰ੍ਹਾਂ ਸਪਸ਼ਟ ਹੋ ਜਾਏਗੀ: ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਤੁਕਾਂ ਹਨ:-

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥(ਸਿਰੀ ਰਾਗੁ ਮ:੧ ਅਸਟ:-੧੪)

ਹੁਣ ਦੇਖੋ ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਸਤਰਾਂ:-

੧. ਜਪ ਤਪ ਸੰਜਮ ਲਖ ਲਖ ਹੋਮ ਜੱਗ ਨਈਵੇਦ ਕਰੋੜੀ।
੨. ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦੁ ਮਰੋੜੀ।
੩. ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ।
੪. ਦੇਵੀ ਦੇਵ ਸਰੇਵਣੇ ਵਰ ਸਰਾਪ ਲਖ ਜੋੜ ਵਿਛੋੜੀ।
੫. ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
੬. ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ ਪਛੋੜੀ।
੭. ਸਚਹੁ ਓਰੈ ਸਭ ਕਿਹੁ ਲੱਖ ਸਿਆਣਪ ਸੱਭਾ ਥੋੜੀ।
੮. ਉਪਰਿ ਸਚੁ ਅਚਾਰੁ ਚਮੋੜੀ ॥ ੧੯ ॥ (ਵਾਰ ੧੮)

ਉਪਰ ਲਿਖੀਆਂ ਭਾਈ ਗੁਰਦਾਸ ਦੀਆਂ ਪਹਿਲੀਆਂ ਪੰਜ ਸਤਰਾਂ ਵਿਚ ਵਜਾਖਜਾ ਰੂਪ ਵਿਸਥਾਰ ਹੈ ਉਨ੍ਹਾਂ 'ਕੇਤੀਆ' ਦਾ, ਜੋ ਸੂਤਰ ਰੂਪ ਵਿਚ ਗੁਰਵਾਕ ਹੈ, 'ਮਨ ਹਠ ਬੁਧੀ ਕੇਤੀਆ'। ਫੇਰ ਭਾਈ ਗੁਰਦਾਸ ਦੀ ਛੇਵੀਂ ਸਤਰ ਏਸ ਗੁਰਵਾਕ ਨੂੰ ਵਿਸਤ੍ਰਿਤ ਕਰ ਰਹੀ ਹੈ 'ਕੇਤੇ ਬੇਦ ਬੀਚਾਰ'। ਉਨ੍ਹਾਂ ਦੀ ਸੱਤਵੀਂ ਤੇ ਅਠਵੀਂ ਸਤਰ ਏਸ ਤੁਕ ਦੇ ਅਨੁਰੂਪ ਹੈ:-'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।'

ਮੈਂ ਜੋ ਕੁਛ ਕਿਹਾ ਹੈ, ਇਹ ਇਕ ਨਮੂਨੇ ਮਾਤ੍ਰ ਹੈ ਤੇ ਐਸ ਵੇਲੇ ਇਤਨੇ ਵਿਸਥਾਰ ਵਿਚ ਜਾਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ, ਜਿਸ ਨਾਲ ਇਹ ਸਿੱਧ ਕੀਤਾ ਜਾਵੇ ਕਿ ਕਿਸ ਤਰ੍ਹਾਂ ਭਾਈ

ਗੁਰਦਾਸ ਦੀ ਕ੍ਰਿਤ ਇਕ ਟੀਕਾ ਰੂਪ ਵਯਾਖਯਾ ਹੈ ਗੁਰਬਾਣੀ ਦੀ।

ਭਾਈ ਗੁਰਦਾਸ ਜੀ ਤੋਂ ਲੈਕੇ, ਭਾਈ ਵੀਰ ਸਿੰਘ ਜੀ ਤਕ ਜੋ ਕਵਿਤਾ ਗੁਰਮੁਖ ਕਵੀਆਂ ਨੇ ਰਚੀ ਉਹ ਕਿਸੇ ਨ ਕਿਸੇ ਰੂਪ ਵਿਚ ਗੁਰਬਾਣੀ ਦੀ ਅਰਥ ਸਪਸ਼ਟਤਾ ਦੇ ਆਸ਼ੇ ਉਪਰ ਹੀ ਨਿਰਧਾਰਤ ਹੋਈ। ਭਾਈ ਵੀਰ ਸਿੰਘ ਜੀ ਦੀਆਂ ਇਹ ਸਤਰਾਂ ਏਸ ਵਿਸ਼ਯ ਸੰਬੰਧ ਵਿਚ ਧਿਆਨ ਦੀਆਂ ਮੁਥਾਜ ਹਨ:-

ਨਾ ਕਰ ਤਪ ਸਿੰਙੀ ਰਿਖਿ ਹਠੀਏ! ਰੁੱਸ ਨ ਕੁਦਰਤ ਨਾਲੋਂ,
ਲੁਕਵੇਂ ਤੇਜ ਵਸਣ ਇਸ ਅੰਦਰ, ਸੂਖਮ ਹਨ ਜੋ ਵਾਲੋਂ,
ਹਠ ਤੋਂ ਟੱਪ, ਰੰਗੀਜ ਰੰਗ ਵਿਚ, ਰਸੀਆ ਹੋ ਰਸ ਜਿੱਤੀਂ,
ਇਕ ਝਲਕਾਰੇ ਵਿੱਚ ਨਹੀਂ ਏ ਗੁਆ ਦੇਸਣ ਇਸ ਹਾਲੋਂ।

(ਲਹਿਰਾਂ ਦੇ ਹਾਰ।

ਹੁਣ ਤੁਸੀਂ ਏਹ ਤੁਕਾਂ ਗੁਰਬਾਣੀ ਦੀਆਂ ਪੜ੍ਹੋ :-

ਨਿਉਲੀ ਕਰਮ ਭੁਇਅੰਗਮ ਭਾਠੀ॥ ਰੇਚਕ ਕੁੰਭਕ ਪੂਰਕ ਮਨ ਹਾਠੀ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥੧੪॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ॥...... (ਮਾਰੂ ਮ: ੧ ਸੋਲਹਾ-੨੨)

ਇਸ ਤੋਂ ਸਪਸ਼ਟ ਹੋ ਜਾਏਗਾ, ਕਿਸ ਤਰ੍ਹਾਂ ਭਾਈ ਸਾਹਿਬ ਦੀ ਰਚਨਾ ਦੇ ਰਗ਼ ਰੇਸ਼ੇ ਵਿਚ ਗੁਰਬਾਣੀ ਦਾ ਆਸ਼ਾ ਓਤ ਪ੍ਰੋਤ ਹੈ, ਤੇ ਕਿਸ ਤਰ੍ਹਾਂ ਗੁਰਬਾਣੀ ਦੇ ਸੂਖਮ ਵਿਚਾਰ ਤੋਂ ਪੈਦਾ ਹੋਈ ਸਾਰ ਭੂਤ ਸਾਮਿਗ੍ਰੀ ਨੂੰ ਭਾਈ ਸਾਹਿਬ ਦੀ ਕਵਿਤਾ ਇਕ ਸਥੂਲ ਮੂਰਤ ਦੇ ਚਿੱਤ੍ਰਨ ਵਿਚ ਪ੍ਰਬੀਨ ਹੈ। ਭਾਈ ਸਾਹਿਬ 'ਕੁਦਰਤਿ ਦੇਖਿ ਰਹੇ ਮਨੁ ਮਾਨਿਆ' ਵਾਲੇ ਗੁਰ ਉਪਦੇਸ਼ ਨੂੰ ਇਨ੍ਹਾਂ ਪ੍ਰਚਲਤ ਲਫਜ਼ਾਂ ਵਿਚ ਦੁਹਰਾਉਂਦੇ ਹਨ :-

'ਰੁੱਸ ਨ ਕੁਦਰਤ ਨਾਲੋਂ।'

ਤੇ ਇਸ ਦਵਾਰਾ ਇਕ ਸਾਖਯਾਤ ਮੂਰਤ ਹਠਯੋਗੀ ਰਿਸ਼ੀ ਨੂੰ ਪ੍ਰੇਰਨਾ ਹਿਤ ਸੰਬੋਧਨ ਕਰਦੇ ਹਨ।

ਮੈਂ ਕਹਿ ਰਿਹਾ ਸਾਂ ਕਿ ਜਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਤੀ ਸਰੂਪ ਵਿੱਚ ਆਏ ਹਨ ਤਦ ਤੋਂ ਹੀ ਕਿਸੇ ਨ ਕਿਸੇ ਸ਼ਕਲ ਵਿਚ ਇਸ ਦੇ ਟੀਕੇ ਸ਼ੁਰੂ ਹੋਏ ਹਨ। ਪਰ ਇਨ੍ਹਾਂ ਟੀਕਿਆਂ ਵਿਚ ਸੰਪ੍ਰਦਾਈ ਅਰਥਾਂ ਦੀ ਸਹਾਇਤਾ ਰਹੀ ਹੈ। ਫਰੀਦਕੋਟ ਦਾ ਟੀਕਾ ਸੰਪ੍ਰਦਾਈ ਪ੍ਰਣਾਲੀ ਦਾ ਹੀ ਅਨੁਸਰਣ ਹੈ। ਇਹ ਟੀਕਾ ਸੰਮਤ ੧੮੭੭ ਈ: ਵਿਚ ਸ਼ੁਰੂ ਹੋਇਆ, ਇਸ ਦੀ ਦੂਜੀ ਐਡੀਸ਼ਨ ਦੀ ਭੂਮਿਕਾ ਵਿਚ ਜੋ ਕੁਝ ਲਿਖਿਆ ਹੈ ਉਸ ਦਾ ਭਾਵ ਹੈ:-

''ਮਹਾਰਾਜਾ ਬਿਕ੍ਰਮਾ ਸਿੰਘ ਵਾਲੀਏ ਫਰੀਦਕੋਟ ਨੇ, ਗਿਆਨੀ ਬਦਨ ਸਿੰਘ ਸੇਖਵਾਂ ਵਾਲਿਆਂ ਨੂੰ ਟੀਕਾ ਕਰਨ ਤੇ ੧੯੩੪ ਬਿ: (੧੮੭੭ ਈ:) ਵਿਚ ਲਾਇਆ। ੬ ਸਾਲ ਦੀ ਮਿਹਨਤ ਬਾਦ ੧੯੪੦ ਬਿ: (੧੮੮੩ ਈ:) ਵਿਚ ਇਹ ਟੀਕਾ ਤਿਆਰ ਹੋਇਆ। ਫੇਰ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਣਾ ਸਾਹਿਬ ਦੀ ਜਥੇਦਾਰੀ ਹੇਠ ਗਿਆਨੀਆਂ ਦੀ ਇਕ ਸਭਾ ਸੋਧਣ ਲਈ ਬਿਠਾਈ। ਇਸ ਦੌਰਾਨ ਵਿਚ ਮਹਾਰਾਜਾ ਬਿਕ੍ਰਮਾ ਸਿੰਘ ਚੜ੍ਹਾਈ ਕਰ ਗਏ। ਮਹਾਰਾਜਾ ਬਲਬੀਰ ਸਿੰਘ ੧੯੫੫ ਬਿ: (੧੮੯੮ ਈ:) ਵਿਚ ਗੱਦੀ ਬੈਠੇ। ਸੁਧਾਈ ਹੋਣ ਪਿਛੋਂ ਸੰਮਤ ਗੁਰ ਨਾਨਕ ੪੩੭ (੧੯੦੬ ਈ:) ਵਿਚ ਵਜ਼ੀਰ ਹਿੰਦ ਪ੍ਰੈਸ ਵਿਚ ਪਹਿਲੀ ਐਡੀਸ਼ਨ ਛਪਣੀ ਸ਼ੁਰੂ ਹੋਈ, ਤਿੰਨ ਜਿਲਦਾਂ ਛਪ ਗਈਆਂ ਸਨ ਕਿ ਮਹਾਰਾਜਾ ਬਲਬੀਰ ਸਿੰਘ ਜੀ ਬੀ ਚੜ੍ਹਾਈ ਕਰ ਗਏ, ਚੌਥੀ ਜਿਲਦ ਨਾਂ ਛਪਵਾ ਸਕੇ। ਚੌਥੀ ਜਿਲਦ ਮਹਾਰਾਜਾ ਬ੍ਰਿਜਿੰਦ੍ਰ ਸਿੰਘ ਜੀ ਦੇ ਸਮੇਂ ਛਪੀ। ਫੇਰ ਦੂਸਰੀ ਐਡੀਸ਼ਨ ਮਹਾਰਾਜਾ ਹਰਿ ਇੰਦ੍ਰ ਸਿੰਘ ਜੀ ਦੇ ਸਮੇਂ ੧੯੮੧ ਬਿ: (੧੯੨੪ ਈ:) ਵਿਚ ਛਪੀ।''

ਸੰਨ ੧੮੮੮ ਈ: ਵਿਚ ਸੰਪ੍ਰਦਾਈ ਪ੍ਰਯਾਯ ਛਾਪੇ ਗਏ। ਇਹ ਸ੍ਰੀਮਾਨ ਗਿਆਨੀ ਚੰਦਾ ਸਿੰਘ

ਜੀ ਦੇ ਲਿਖਾਏ ਸਨ। ਪੁਸਤਕ ਦਾ ਨਾਮ 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ' ਸੀ ਇਸਦੀ ਭੂਮਿਕਾ ਵਿਚ ਦੱਸਿਆ ਹੈ ਕਿ ਇਹ ਅਰਥ ਕਿਸ ਤਰਾਂ ਸੀਨਾ ਬਸੀਨਾ ਚਲੇ ਆ ਰਹੇ ਹਨ, ਲਿਖਿਆ ਹੈ:-

''ਸਾਹਿਬ ਦਸਵੀਂ ਪਾਤਿਸ਼ਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ, ਤਿਨ੍ਹਾਂ ਤੇ ਭਾਈ ਦੀਵਾਨ ਸਿੰਘ ਜੀ, ਤਿਨ੍ਹਾਂ ਤੇ ਭਾਈ ਗੁਰਦਿਆਲ ਸਿੰਘ ਜੀ, ਤਿਨ੍ਹਾਂ ਤੇ ਭਾਈ ਖਜ਼ਾਨ ਸਿੰਘ ਜੀ, ਤਿਨ੍ਹਾਂ ਤੇ ਭਾਈ ਗੁਰਬਖਸ਼ ਸਿੰਘ ਜੀ, ਤਿਨ੍ਹਾਂ ਤੇ ਭਾਈ ਅਮਰ ਸਿੰਘ ਜੀ ਤੇ ਭਾਈ ਸੂਰਤ ਸਿੰਘ ਜੀ ਤੇ ਭਾਈ ਕੌਲ ਸਿੰਘ ਜੀ ਤਿੰਨੇ ਪੜ੍ਹੇ। ਭਾਈ ਅਮਰ ਸਿੰਘ ਜੀ ਤੇ ਭਾਈ ਰਾਮ ਸਿੰਘ ਜੀ ਪੜ੍ਹੇ, ਤਿਨ੍ਹਾਂ ਤੇ ਭਾਈ ਚੰਦਾ ਸਿੰਘ ਜੀ ਪੜ੍ਹੇ.....।''

ਭਾਈ ਚੰਦਾ ਸਿੰਘ ਜੀ ਤੋਂ ਪੜ੍ਹਨ ਵਾਲੇ ਗਿਆਨੀ ਹਜ਼ਾਰਾ ਸਿੰਘ ਜੀ ਸਨ*। ਗਿਆਨੀ ਹਜ਼ਾਰਾ ਸਿੰਘ ਜੀ ਸ੍ਰੀਮਾਨ ਭਾਈ ਸਾਹਿਬ ਵੀਰ ਸਿੰਘ ਜੀ ਦੇ ਨਾਨਾ ਜੀ ਸਨ। ਐਸ ਵਿਰਾਸਤ ਦੇ ਨਾਤੇ ਭਾਈ ਸਾਹਿਬ ਨੂੰ ਉਹ ਸਾਰੀ ਦੌਲਤ ਸੁਤੇ ਸਿਧ ਪ੍ਰਾਪਤ ਹੋ ਗਈ, ਜਿਸ ਨਾਲ ਸੰਪ੍ਰਦਾਈ ਅਰਥਾਂ ਦਾ ਖਜ਼ਾਨਾ ਭਰਪੂਰ ਹੈ।

ਫਰੀਦਕੋਟ ਦਾ ਟੀਕਾ ਅਜੇ ਹਸਤ ਲਿਖਤ ਨੁਸਖਾ ਹੀ ਸੀ ਜਦ ਕਿ ਗਿਆਨੀ ਚੰਦਾ ਸਿੰਘ ਜੀ ਦੇ ਪ੍ਰਯਾਯ ਛਪ ਗਏ।

ਏਸ ਅਰਥ ਪ੍ਰਣਾਲੀ ਨੇ ਕਿਸ ਤਰ੍ਹਾਂ ਫਰੀਦਕੋਟ ਦੇ ਟੀਕੇ ਦੀ ਸੁਧਾਈ ਉਤੇ ਅਸਰ ਪਾਇਆ ਤੇ ਕਿਨ੍ਹਾਂ ਹਸਤੀਆਂ ਦੁਆਰਾ ਪਾਇਆ, ਇਹ ਵੱਖਰੀ ਕਥਾ ਹੈ; ਪਰ ਜਿਸ ਸਾਲ ਫਰੀਦਕੋਟ ਦੇ ਟੀਕੇ ਦੇ ਲਿਖਣ ਦਾ ਉਦਮ ਸ਼ੁਰੂ ਹੋਇਆ, ਉਸੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ ਅੰਗ੍ਰੇਜ਼ੀ ਵਿਚ ਇਕ ਕਿਤਾਬ ਛਪ ਗਈ ਸੀ। ਇਹ ਸੀ ਟ੍ਰੰਪ ਸਾਹਿਬ ਦਾ ਤਰਜਮਾ:-

Adi Granth, Dr. Ernest Trumpp, Printed by the Secretary of State
for India in Council, London 1877.

ਟ੍ਰੰਪ ਨੇ ਮਿਹਨਤ ਬਹੁਤ ਕੀਤੀ ਪਰ ਉਹ ਵਿਅਰਥ ਗਈ। ਉਹ ਗੁਰਬਾਣੀ ਦੇ ਆਸ਼ੇ ਨੂੰ ਸਮਝ ਨਹੀਂ ਸਕਿਆ। ਪਰ ਟ੍ਰੰਪ ਦੀ ਮਿਹਨਤ ਵਿਚ ਇਕ ਗਲ ਖਾਸ ਧਿਆਨ ਗੋਚਰੀ ਸੀ। ਉਸਨੇ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਤੇ ਵਯਾਕਰਣ ਬਣਾਇਆ। ਉਹ ਲਿਖਦਾ ਹੈ:-

"I first attempted to write down the translation as I read on with the Granthis, but I soon found that this would not do, as I frequently perceived that I had been misled by them. Nothing, therefore, remained to me but to read first the whole of Granth, in order to make myself conversant with its contents and its style. As I went on, I noted down all grammatical forms and obsolete words I met with, and thus I gradually drew up a grammer and a dictionary........."

---

* ਗਿਆਨੀ ਹਜ਼ਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਰਚਿਆ ਜੋ ਪਹਿਲੀ ਵੇਰ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ੧੮੯੯ ਈ: ਵਿਚ ਪ੍ਰਕਾਸ਼ਤ ਹੋਇਆ। ਇਸ ਕੋਸ਼ ਦੀ ਭੂਮਿਕਾ ਵਿਚ ਲਿਖਿਆ ਹੈ:-

''ਭਾਈ ਚੰਦਾ ਸਿੰਘ ਦੇ ਜੇਠੇ ਚੇਲੇ ਭਾਈ ਹਜ਼ਾਰਾ ਸਿੰਘ ਜੀ ਇਸ ਕੋਸ਼ ਦੇ ਮੂਲ ਕਰਤਾ ਸਨ, ਆਪ ਨੇ ਤ੍ਰੈ ਵੇਰ ਅਰਥ ਉਨ੍ਹਾਂ ਤੋਂ ਵਿਚਾਰੇ ਸਨ...੧੮੫੭ ਦੇ ਰੌਲੇ ਵਿਚ ਗਯਾਨੀ ਚੰਦਾ ਸਿੰਘ ਜੀ ਤੇ ਭਾਈ ਹਜ਼ਾਰਾ ਸਿੰਘ ਇਕੱਠੇ ਕਟਾਸ ਤੋਂ ਅੰਮ੍ਰਿਤਸਰ ਆ ਰਹੇ ਸਨ, ਭਾਈ ਹਜ਼ਾਰਾ ਸਿੰਘ ਜੀ ਤਦੋਂ ਗਭਰੂ ਸਨ, ਗਯਾਨੀ ਸਿੰਘ ਜੀ ਦੇ ਫਕੀਰਾਨਾ ਲਿਬਾਸ ਪਰ ਜਗ੍ਹਾ ਜਗ੍ਹਾ ਪੁਲਸ ਸ਼ੱਕ ਕਰਕੇ ਵੇਖਦੀ ਤੇ ਰੋਕ ਲੈਂਦੀ ਸੀ..... ਭਾਈ ਚੰਦਾ ਸਿੰਘ ਜੀ ਸੂਰਮਾਂ ਸਿੰਘ ਸੇ। ਆਪ ਦੀ ਕਲਮੀ ਬਣੀ ਤਸਵੀਰ ਆਪ ਦੇ ਸੁਸਿਖਯਤ ਗਿਆਨੀ ਹਜ਼ਾਰਾ ਸਿੰਘ ਜੀ ਨੇ ਉਨ੍ਹਾਂ ਦੇ ਹੀਨਹਯਾਤ ਆਪ ਬਣਵਾਈ ਸੀ।''

ਸੰਪ੍ਰਦਾ ਪ੍ਰਣਾਲੀ ਦੇ ਵੇਰਵੇ ਵਿਚ ਪੁਰਾਤਨ ਲੇਖਕਾਂ ਦੇ ਕੁਝ ਮਤ ਭੇਦ ਹਨ। ਇਕ ਲੇਖਕ ਜੀ ਨੇ ਦਸਮ ਪਾਤਸ਼ਾਹ ਜੀ ਤੋਂ ਤ੍ਰੈ ਸ਼ਾਖਾਂ ਚਲੀਆਂ ਦੱਸੀਆਂ ਹਨ:-੧. ਭਾਈ ਮਨੀ ਸਿੰਘ ਜੀ ਦੀ, ੨. ਭਾਈ ਦਯਾ ਸਿੰਘ ਜੀ ਦੀ, ਤੇ ੩. ਭਾਈ ਧਰਮ ਸਿੰਘ ਜੀ ਦੀ; ਜੋ ਅਗੇ ਚਲਕੇ ਫਿਰ ਇਕ ਦੂਜੇ ਵਿਚ ਰਲ ਮਿਲ ਜਾਂਦੀਆਂ ਹਨ। ਕਈਆਂ ਨੇ ਕੁਝ ਨਾਮ ਅਗੜ ਪਿਛੜ ਬੀ ਲਿਖੇ ਹਨ।

ਇਸ ਤੋਂ ਮਲੂਮ ਹੁੰਦਾ ਹੈ ਕਿ ਗੁਰਬਾਣੀ ਵਜਾਕਰਣ ਲਿਖਣ ਦਾ ਪਹਿਲਾ ਉਦਮ ਟ੍ਰੰਪ ਨੇ ਕੀਤਾ, ਇਸ ਤੋਂ ਦੂਜਾ ਨੰਬਰ ਉਸ ਵਜਾਕਰਣ ਦਾ ਹੈ ਜੋ ਪੰਡਤ ਭਗਵਾਨ ਸਿੰਘ ਦੇ ਸੰਚੇ ਵਿਚ ਹੈ।

ਪੰਡਤ ਭਗਵਾਨ ਸਿੰਘ ਜ਼ਾਤ ਦਾ ਬ੍ਰਾਹਮਣ ਸੀ। ਪਰ ਬਾਬਾ ਸੁਮੇਰ ਸਿੰਘ ਜੀ ਦਾ ਸੇਵਕ ਤੇ ਸ਼ਰਧਾਲੂ ਸੀ। ਉਨ੍ਹਾਂ ਕੋਲੋਂ ਹੀ ਇਸਨੇ ਅੰਮ੍ਰਿਤ ਛਕਿਆ ਸੀ।

ਪੰਡਤ ਭਗਵਾਨ ਸਿੰਘ ਦੇ ਲਿਖੇ, ਸੰਕਲਿਤ ਕੀਤੇ, ਸੰਪਾਦਿਤ, ਸੰਪੂਰਣ ਤੇ ਸੰਖੇਪ ਕੀਤੇ ਅਨੇਕਾਂ ਗ੍ਰੰਥ ਅਜੇ ਹਸਤ ਲਿਖਤ ਨੁਸਖਿਆਂ ਵਿਚ ਹੀ ਮੌਜੂਦ ਹਨ। ਕੁਛ ਦੇ ਨਾਮ ਏਹ ਹਨ:-

ਬਿਬੇਕ ਬਾਰਧੀ, ਗੁਰਮਤ ਪ੍ਰਕਾਸ਼ ਦਰਪਨ, ਗੁਰੂ ਗਿਰਾ ਪਦਾਰਥਾਵਾਲੀ ਕੋਸ਼, ਸੰਖੇਪ ਏਕਾਖਜਰੀ ਕੋਸ਼, ਸੰਖੇਪ ਜਾਪ ਟੀਕਾ, ਗੁਰੂ ਗ੍ਰੰਥ ਅਨੇਕਾਰਥੀ ਕੋਸ਼ ਸੰਖੇਪ, ਗੁਰੂ ਗ੍ਰੰਥ ਵਜਾਕਰਣ ਆਦਿ।

ਭਾਈ ਚੰਦਾ ਸਿੰਘ ਦੇ ਪ੍ਰਯਾਵਾਂ ਤੋਂ ਪਿਛੋਂ ਫੇਰ ਹੋਰ ਪ੍ਰਯਾਯ ਛਪੇ, ਜੈਸੇ ਕਿ:- ''ਪ੍ਰਯਾਯ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਗ੍ਰ ਸਾਖੀਆਂ ਟੂਕ ਮਾਤ੍ਰ ਅਰ ਉਥਾਨਕਾ ਸਹਿਤ ਸੰਪ੍ਰਦਾਈ ਅਰਥ ਹੈਂ. ਕ੍ਰਿਤ ਸੰਤ ਸੁਤੇ ਪ੍ਰਕਾਸ਼ ਜੀ ਸਾਧੂ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਜੀ ਮੇਂ ਜਗਨ ਨਾਥ ਪ੍ਰਿੰਟਰ ਕੇ ਯਤਨ ਸੇ ਛਪਵਾਏ।''। ਇਹ ਬੜਾ ਵੱਡਾ ਗ੍ਰੰਥ ਹੈ। ਵੱਡੇ ਆਕਾਰ ਦੇ ੧੪੪੦ ਸਫੇ ਹਨ। ਛਪਾਈ ਤੋਂ ਪਹਿਲੇ ਇਸਦੀ ਲਿਖਤ ੧੮੯੮ ਈ: (ਗੁ:ਨਾ:ਸਾ:ਸੰ: ੪੨੯) ਵਿਚ ਸੰਤ ਸੁਤੇ ਪ੍ਰਕਾਸ਼ ਸਾਧੂ ਨੇ ਸਮਾਗੁਰੂ ਗ੍ਰੰਥ ਸਾਹਿਬ ਦਾ ਮੁਕੰਮਲ ਕੋਸ਼ ਹੈ, ਜੋ ੭੦੬ ਵਡੇ ਸਫਿਆਂ ਵਿਚ ਹੈ ਤੇ ਜਿਸ ਦੀ ਲਿਖਤ ਨਰੋਤਮ ਜੀ ਨੇ ੧੮੮੯ ਈ: ਵਿਚ ਖ਼ਤਮ ਕੀਤੀ ਸੀ। ਇਹ ਉਨ੍ਹਾਂ ਦੀ ਆਖਰੀ ਰਚਨਾ ਸੀ ਤੇ ਇਸਦੀ ਛਪਾਈ ਵੇਲੇ (੧੮੯੫ ਵਿਚ) ਉਨ੍ਹਾਂ ਦਾ ਸਰੀਰ ਨਹੀਂ ਸੀ। ਇਸ ਕੋਸ਼ ਤੋਂ ਪਹਿਲੇ ਪੰਡਿਤ ਤਾਰਾ ਸਿੰਘ ਜੀ ਸਿਰੀ ਰਾਗ ਦਾ ਟੀਕਾ (੧੮੮੫ ਵਿਚ), ਤੇ ਭਗਤਾਂ ਦੀ ਬਾਣੀ ਦਾ ਟੀਕਾ (੧੮੮੨ ਵਿਚ) ਲਿਖ ਚੁਕੇ ਸਨ, ਪਰ ਜਿਨ੍ਹਾਂ ਦੇ ਛਾਪਣ ਦੇ ਉੱਦਮ ਵਿਚ ਕਈ ਬਰਸ ਬਤੀਤ ਹੋਏ। ਭਗਤ ਬਾਣੀ ਦਾ ਟੀਕਾ ੧੯੦੭ ਈ: ਵਿਚ ਛਪਿਆ, ਗੋਯਾ ਲਿਖੇ ਜਾਣ ਤੋਂ ੨੫ ਬਰਸ ਬਾਦ। ਗੁਰ ਗਿਰਾਰਥ ਕੋਸ਼ ਚਾਹੇ ੧੮੯੫ ਈ: ਵਿਚ ਪਟਿਆਲੇ ਵਿਚ ਛਪ ਗਿਆ ਸੀ, ਪਰ ਪਬਲਿਕ ਏਸ ਤੋਂ ਬਹੁਤ ਮੁੱਦਤ ਤੱਕ ਵਾਂਜੀ ਰਹੀ। ਸੰਨ ੧੮੯੯ ਈ: ਵਿਚ ਖਾਲਸਾ ਟ੍ਰੈਕਟ ਸੁਸੈਟੀ ਦੇ ਸਕੱਤਰ ਨੇ ਸ਼ਿਕਾਇਤ ਕੀਤੀ ਕਿ ''ਭਾਈ ਤਾਰਾ ਸਿੰਘ ਜੀ ਦੇ ਕੋਸ਼ ਵਾਸਤੇ, ਜੋ ਛਪਕੇ ਪਟਿਆਲੇ ਵਿਚ ਕਿਤੇ ਕੈਦ ਪੈ ਰਿਹਾ ਹੈ. ਬਹੁਤ ਜਤਨ ਕੀਤਾ, ਨਹੀਂ ਮਿਲਿਆ।'' ਪੰਡਤ ਤਾਰਾ ਸਿੰਘ ਨਰੋਤਮ ਦੀਆਂ ਪੁਸਤਕਾਂ ਛਪਣ ਵਿਚ ਬਹੁਤ ਮੁੱਦਤ ਲੱਗੀ ਤੇ ਫੇਰ ਛਪਣ ਦੇ ਪਿਛੋਂ ਵੀ ਢੇਰ ਵਕਤ ਤਕ ਅਲੱਭ ਰਹੀਆਂ।

ਗੁਰਬਾਣੀ ਦੇ ਹੋਰ ਅਨੇਕਾਂ ਟੀਕੇ ਹੋਏ। ਜਪੁਜੀ ਸਾਹਿਬ ਦੇ ਟੀਕਿਆਂ ਨੂੰ ਛਡਕੇ ਜੋ ਪੁਰਾਣੇ ਤੋਂ ਪੁਰਾਣੇ ਦੇਖਣ ਵਿਚ ਆਏ ਹਨ, ਮੋਟੀ ਮੋਟੀ ਸੂਚੀ ਕੁਛ ਏਸ ਤਰ੍ਹਾਂ ਹੈ:-

ਟੀਕਾ ਬਾਵਨ ਅੱਖਰੀ ੧੮੯੯ ਈ:- ਦਲ ਸਿੰਘ ਗਿਆਨੀ।

ਭਗਤਾਂ ਦੀ ਬਾਣੀ ਸਟੀਕ, ੧੯੦੦ ਈ:- ਭਾਈ ਭਗਵਾਨ ਸਿੰਘ ਟਕਸਾਲੀ ਗਿਆਨੀ।

ਵਾਰ ਮਾਰੂ ਡਖਣੇ ਸਟੀਕ-(ਖਾ: ਟ੍ਰੈ:ਸੁ:)(੧੯੦੭) ਡਾਕਟਰ ਚਰਨ ਸਿੰਘ ਜੀ।

ਭਗਤਾਂ ਦੀ ਬਾਣੀ ਸਟੀਕ, ੧੯੧੩ ਈ:- ਪ੍ਰਿੰਸੀਪਲ ਭਾਈ ਜੋਧ ਸਿੰਘ ਜੀ।

ਭਗਤ ਬਾਣੀ ਸਟੀਕ, ੧੯੨੦ ਈ:- ਪੰਡਿਤ ਨਰੈਣ ਸਿੰਘ ਗਜਾਨੀ।

ਪ੍ਰਯਾਯ ਗੁਰੂ ਗ੍ਰੰਥ ਸਾਹਿਬ,- ੧੯੨੮ ਈ:- ਸਾਧੂ ਗੋਬਿੰਦ ਦਾਸ ਉਦਾਸੀਨ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ੧੯੩੦ ਈ:- ਭਾਈ ਕਾਹਨ ਸਿੰਘ ਜੀ।

(੧੦)

ਸ੍ਰੀ ਗੁਰੂ ਬਾਣੀ ਪ੍ਰਕਾਸ਼ (ਸਫੇ ਵਾਰ ਕੋਸ਼) ੧੯੩੨-ਸੋਢੀ ਤੇਜਾ ਸਿੰਘ ਜੀ।
ਟੀਕਾ ਗੁਰੂ ਗ੍ਰੰਥ ਸਾਹਿਬ, ੧੯੨੯-੩੯- ਗਿਆਨੀ ਬਿਸ਼ਨ ਸਿੰਘ।
ਟੀਕਾ ਗੁਰੂ ਗ੍ਰੰਥ ਸਾਹਿਬ, ੧੯੩੦ (ਅਸੰਪੂਰਨ)- ਅਕਾਲੀ ਨਿਹਾਲ ਸਿੰਘ ਸੂਰੀ।
'ਸ਼ਬਦਾਰਥ' (ਸ੍ਰੀ ਗੁਰੂ ਗ੍ਰੰਥ ਸਾਹਿਬ)- ੧੯੩੯- ਗੁਰ ਸੇਵਕ ਸਭਾ।
ਟੀਕਾ ਗੁਰੂ ਗ੍ਰੰਥ ਸਾਹਿਬ-੧੯੪੦ (ਅਸੰਪੂਰਨ) ਪੰਡਤ ਨਰੈਣ ਸਿੰਘ ਗਜਾਨੀ ਜੀ; ਆਦਿ
ਟ੍ਰੰਪ ਦੇ ਬਾਦ ਅੰਗ੍ਰੇਜ਼ੀ ਵਿਚ ਫੇਰ ਮੈਕਾਲਫ ਸਾਹਿਬ ਦਾ ਗੁਰਬਾਣੀ ਦਾ ਤਰਜਮਾ ਹੈ:-

ਇਹ ਚੀਜ਼, 'The Sikh Religion' ਦੇ ਨਾਮ ਹੇਠ ੧੯੦੯ ਈ: ਵਿਚ ਛਪੀ ਹੈ। ਇਹ ਟ੍ਰੰਪ ਦੇ ਪਾਏ ਮੁਗ਼ਾਲਤੇ ਨੂੰ ਦੂਰ ਕਰਨ ਹਿਤ ਸੀ, ਵੈਸੇ ਭੀ ਮੈਕਾਲਫ਼ ਸਾਹਿਬ ਦੇ ਦਿਲ ਵਿਚ ਧਾਰਮਿਕ ਨੁਕਤੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਬਹੁਤ ਸਤਿਕਾਰ ਸੀ। ਸੰਨ ੧੮੯੯ ਵਿਚ ਉਸਦਾ ਇਕ ਲੈਕਚਰ ਅਕਾਲ ਬੁੰਗੇ ਅੰਮ੍ਰਿਤਸਰ ਵਿਖੇ ਹੋਇਆ, ਉਸ ਵਿਚ ਉਸ ਨੇ ਪੰਜਾਬੀ ਵਿਚ ਕਿਹਾ:-

''ਸਿਖ ਧਰਮ ਵਿਚ ਇਕ ਹੋਰ ਵਡਾ ਭਾਰਾ ਗੁਣ ਇਹ ਹੈ ਕਿ ਸੰਸਾਰ ਵਿਚ ਅੰਨਯ ਧਰਮਾਂ ਦੇ ਜੋ ਵਡੇ ਵਡੇ ਗੁਰੂ ਹੋ ਬੀਤੇ ਹਨ, ਉਨ੍ਹਾਂ ਨੇ ਕਦੀ ਇਕ ਸਤਰ ਤਕ ਬੀ ਆਪਣੇ ਹੱਥੀਂ ਨਹੀਂ ਲਿਖੀ ਸੀ। ਆਪ ਵਿਚੋਂ ਸ਼ਾਇਦ ਕਿਸੇ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਵਡਾ ਤਤਵੇਤਾ, ਜਿਸ ਦਾ ਨਾਉਂ ਫੀਥੋਗੋਰਸ ਸੀ, ਜਿਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਤੇ ਜੋ ਇਤਿਹਾਸ ਵਿਚ ਬਹੁਤ ਹੀ ਪ੍ਰਸਿਧ ਪੁਰਸ਼ ਹੋ ਗਿਆ ਸੀ, ਉਸ ਨੇ ਇਕ ਸਤਰ ਭੀ ਆਪਣੇ ਹਥੀਂ ਲਿਖਕੇ ਪਿੱਛੇ ਨਾ ਛਡੀ, ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿਚ ਦੂਸਰਾ ਵੱਡਾ ਉਸਤਾਦ ਸੁਕਰਾਤ ਸੀ, ਜੋ ਮਸੀਹ ਤੋਂ ਪੰਜ ਸੌ ਵਰ੍ਹੇ ਪਹਿਲੇ ਯੂਨਾਨ ਦੇਸ਼ ਵਿਚ ਇਕ ਵਡਾ ਧਾਰਮਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇ ਅੰਦਰ ਪਰਮਾਤਮਾ ਦੀ ਆਕਾਸ਼ ਬਾਣੀ ਉਤਰਦੀ ਹੈ, ਜੋ ਮੈਨੂੰ ਚੰਗੇ ਕਰਮਾਂ ਵੱਲ ਪ੍ਰੇਰਦੀ ਹੈ ਤੇ ਮੰਦੇ ਕੰਮਾਂ ਤੋਂ ਹਟਾਉਂਦੀ ਹੈ; ਪਰ ਉਹ ਭੀ ਆਪਣੇ ਪਿਛੋਂ ਕੋਈ ਤੁਕ ਅਜੇਹੀ ਲਿਖਕੇ ਨਾ ਛਡ ਗਿਆ, ਜਿਸਥੋਂ ਉਸ ਦਾ ਆਸ਼ਯ ਅਰ ਉਸ ਦੇ ਧਰਮ ਦੇ ਨਿਯਮਾਂ ਦੀ ਸਿੰਮ੍ਰਿਤੀ ਬਣੀ ਰਹਿੰਦੀ; ਜੋ ਕੁਛ ਉਸ ਦੀ ਸਿਖਿਆ ਪ੍ਰਗਟ ਹੈ ਉਹ ਬੀ ਉਸ ਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪ੍ਰੰਤ ਇਸ ਭਾਰਤਵਰਸ਼ ਵਿਚ ਵਡਾ ਧਾਰਮਕ ਗੁਰੂ ਬੁਧ ਹੋਇਆ, ਉਸ ਨੇ ਭੀ ਆਪਣੇ ਹਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਏਸ ਦੇ ਪਿਛੋਂ ਬੜਾ ਪ੍ਰਸਿੱਧ ਧਾਰਮਕ ਗੁਰੂ ਮਸੀਹ ਹੋਇਆ ਸੀ, ਉਸ ਨੇ ਭੀ ਕੋਈ ਇਕ ਅੱਖਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿਖਿਆਂ ਭੀ ਅੰਜੀਲ ਨਾਮੇ ਪੋਥੀ ਦਵਾਰਾ ਹੀ ਪ੍ਰਸਿਧ ਹੋਈਆਂ ਸਨ। ਪ੍ਰੰਤੂ ਸਿਖਾਂ ਦੇ ਧਾਰਮਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਨ੍ਹਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਯ ਉਪਦੇਸ਼ਾਂ ਦਾ ਸੰਗ੍ਰਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਵਾਸਤੇ ਰਚ ਗਏ। ਇਸ ਗੱਲ ਵਿਚ ਸਿਖਾਂ ਦਾ ਮਤ ਸਭ ਤੋਂ ਵਧਕੇ ਹੈ।''

ਮੈਕਾਲਫ਼ ਸਾਹਿਬ ਨੇ ਜੋ ਕੁਛ ਕਿਹਾ ਹੈ ਉਹ ਇਕ ਬੜੀ ਸ੍ਰੇਸ਼ਟ ਗਲ ਹੈ। ਸਾਨੂੰ ਪਤਾ ਹੈ ਕਿ ਜੈਨ ਧਰਮ ਦੇ ਗ੍ਰੰਥ ਕੋਈ ੯੦੦ ਵਰ੍ਹੇ ਬਾਦ ਲਿਖੇ ਤੇ ਸੰਕਲਿਤ ਕੀਤੇ ਗਏ। ਏਸੇ ਤਰ੍ਹਾਂ ਬੁਧ ਧਰਮ ਦੇ ਗ੍ਰੰਥ ਵੀ ਮਹਾਤਮਾ ਬੁਧ ਤੋਂ ਤਿੰਨ ਸੌ ਵਰ੍ਹਾ ਪਿਛੋਂ ਦੀ ਸੰਕਲਨਾ ਹਨ। ਵੇਦਾਂ ਦੀ ਲਿਖਤ ਵਿਚ ਜੋ ਮਤ ਭੇਦ ਹੋ ਚੁਕੇ ਹਨ ਉਹ ਇਸ ਗੱਲ ਤੋਂ ਪਤਾ ਲਗ ਸਕਦਾ ਹੈ, ਕਿ ਐਸ ਵੇਲੇ ਰਿਗ ਵੇਦ ਦੀਆਂ ੨੧ ਸ਼ਾਖਾਂ ਹਨ, ਅਥਰਵ ਦੀਆਂ ੫੦, ਯੁਜਰ ਵੇਦ ਦੀਆਂ ੧੦੯, ਸਾਮ ਵੇਦ ਦੀਆਂ ੧੦੦੦। ਫੇਰ ਵਿਸ਼ਨੂੰ ਪੁਰਾਣ ਵਿਚੋਂ ੧੭੦੦੦ ਸ਼ਲੋਕ ਗੁੰਮ ਹੋ ਚੁੱਕੇ ਹਨ। ਅਗਨਿ ਪੁਰਾਣ ਵਿਚੋਂ ਵੀ ੫੦੦ ਗੁੰਮ ਹਨ। ਹੋਰ ਪੁਰਾਣਾਂ ਦੀ ਵੀ ਸ਼ਲੋਕ ਗਿਣਤੀ ਵਿਚ ਬਹੁਤ ਫਰਕ ਪੈ ਗਿਆ ਹੈ।

ਧਰਮ ਪੁਸਤਕਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਹੀ ਇਕ ਐਸਾ ਹੈ, ਜਿਸ ਦੀ ਹੋਂਦ ਆਪਣੇ ਆਦਿ ਰੂਪ ਦੀ ਪ੍ਰਤਿਸ਼ਟਾ ਵਿਚ ਵਿਦਮਾਨ ਹੈ।

* * *

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਇਕ ਖਾਸ ਕਿਸਮ ਦੀ ਕਾਬਲੀਅਤ ਦੀ ਮੰਗ ਕਰਦਾ ਹੈ। ਵੈਸੇ ਤਾਂ ਕਿਸੇ ਵੀ ਕਵੀ ਦੀ ਰਚਨਾ ਦੇ ਅਰਥ ਕਰਨੇ ਇਕ ਔਖਾ ਕੰਮ ਹੈ, ਕਿਉਂਕਿ ਲਫਜ਼ ਦੇ ਮਾਇਨੇ ਭਾਵੇਂ ਇਕੋ ਹੋਣ, ਪਰ ਉਸ ਇਕ ਮਾਇਨੇ ਵਿਚ ਅਨੇਕ ਇਸ਼ਾਰੇ, ਧੁਨੀਆਂ, ਕਿਨਾਏ, ਬ੍ਰਿਤੀਆਂ ਇੰਗਤ ਹੁੰਦੀਆਂ ਹਨ। ਕਵੀ ਗਲ ਭਾਵੇਂ ਇਕੋ ਹੀ ਕਹਿੰਦਾ ਹੈ, ਪਰ ਉਸ ਇਕ ਦੇ ਹੇਠ

ਸਰਬਤ ਦਾ ਭੇਦ ਛੁਪਿਆ ਰਹਿੰਦਾ ਹੈ। ਜਿਤਨਾ ਚਿਰ ਟੀਕਾਕਾਰ ਛਿਪੀ ਹੋਈ ਅਨੇਕਤਾ ਦੀ ਰਮਜ਼ ਨਾ ਸਮਝਦਾ ਹੋਵੇ, ਉਹ ਦਰੁਸਤ ਅਰਥ ਕਰਦਾ ਹੋਇਆ ਵੀ ਤਾਤਪਰਜ ਦੀ ਭਾਵ-ਪੂਰਨਤਾ ਵਿਚ ਕੱਸਾ ਰਹਿ ਜਾਂਦਾ ਹੈ। **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਹੈ**:-

ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ॥ (ਗੂਜਰੀ ਵਾਰ ਮ: ੩-੪)

ਇਸ ਦੇ ਅਰਥ ਤਾਂ ਏਹੋ ਹਨ ਕਿ ਉਹ ਆਪ ਸਭ ਕੁਛ ਜਾਣਦਾ ਹੈ, ਆਪ ਸਭ ਕੁਛ ਕਰਦਾ ਹੈ, ਤੇ ਆਪ ਹੀ ਖ਼ੁਸ਼ ਹੁੰਦਾ ਹੈ (ਵਿਗਸੀਤਾ)। ਪਰ ਇਨ੍ਹਾਂ ਅਰਥਾਂ ਦੇ ਹੇਠ ਇਕ ਲੁਕੀ ਹੋਈ ਅਰਥ ਸੰਭਾਵਨਾ ਦੀ ਰਮਜ਼ ਹੋਰ ਹੋ ਸਕਦੀ ਹੈ ਕਿ ''ਉਹ ਸਭ ਕੁਛ ਕਰਦਾ ਤੇ ਜਾਣਦਾ ਹੈ, ਪਰ ਉਸ ਦੇ ਕਰਨ ਤੇ ਜਾਣਨ ਦਾ ਤ੍ਰੀਕਾ ਹੋਰ ਹੈ। ਉਹ ਤ੍ਰੀਕਾ ਮਾਮੂਲੀ ਕਰਮ ਤੇ ਗਿਆਨ ਦਾ ਨਹੀਂ। ਉਹ ਕਰਦਾ ਤੇ ਜਾਣਦਾ ਹੈ ਆਪਣੇ ਵਿਗਾਸ (ਵਿਕਾਸ਼) ਦੁਆਰਾ। ਉਸ ਦੇ ਵਿਗਾਸ ਨਾਲ ਹੀ ਇਹ ਸਭ ਕੁਛ ਹੋ ਰਿਹਾ ਹੈ।'' ਇਸ ਲੁਕੇ ਹੋਏ ਇਸ਼ਾਰੇ ਦੀ ਸੰਭਾਵਨਾ ਨੂੰ ਅਸੀਂ ਜ਼ਿਆਦਾ ਮੋਟੇ ਤ੍ਰੀਕੇ ਨਾਲ ਸਮਝ ਸਕਦੇ ਹਾਂ ਜੇ ਹੇਠਲੀਆਂ ਸਤਰਾਂ ਪੜ੍ਹੀਏ, ਜਿਨ੍ਹਾਂ ਵਿਚ ਇਹ ਖਿਆਲ ਸਪਸ਼ਟ ਹੋਕੇ ਨਿਖਰ ਪੈਂਦਾ ਹੈ ਜੋ ਜਰਮਨੀ ਦੇ ਇਕ ਪ੍ਰਸਿਧ ਕਵੀ ਨੇ ਕਹੀਆਂ ਹਨ:-

Joy in Natures wide dominion
Mightiest cause of all is found
And 'tis joy that moves the pinion
When the wheel of time goes round.

(Schiller, 1759-1805)

ਅਰਥਾਤ-ਕੁਦਰਤ ਦੀ ਕਾਇਨਾਤ ਦਾ ਕਾਰਨ ਖ਼ੁਸ਼ੀ ਯਾ ਖੇੜਾ ਹੈ ਤੇ ਇਹ ਖ਼ੁਸ਼ੀ ਖੇੜਾ ਹੀ ਹੈ ਜੋ ਸਮੇਂ ਦੇ ਚੱਕਰ ਦੀ ਹੱਥੀ ਨੂੰ ਘੁਮਾਉਂਦਾ ਹੈ।

ਜਰਮਨੀ ਦੇ ਕਵੀ ਗਟੇ ਨੇ ਕਿਹਾ ਸੀ:-

"I cannot be satisfied with only one way of thinking. As a poet and artist I am a polytheist, as a scientific investigator I am a pantheist and one just as much the other. If I need a God for my life as a moral person, there is provision for that also. Things in Heaven and Earth form a kingdom so wide that only all the organs of all beings could grasp it."

ਗਟੇ ਦਾ ਮਤਲਬ ਹੈ ਕਿ ਬ੍ਰਹਮੰਡ ਦੀ ਵਿਸ਼ਾਲਤਾ ਨੂੰ ਯਕ ਰੁਖ਼ੀ ਮਨ ਨਾਲ ਸਮਝਣਾ ਮੁਸ਼ਕਲ ਕੰਮ ਹੈ। ਇਕ ਆਦਮੀ ਦੀਆਂ ਅੱਖਾਂ ਨਾਲ ਇਹ ਨਹੀਂ ਦੇਖਿਆ ਜਾ ਸਕਦਾ। ਇਹ ਸਾਰੇ ਹੀ ਮਨੁੱਖਾਂ ਦੀਆਂ ਅੱਖਾਂ ਨਾਲ ਤੱਕਿਆ ਜਾਵੇ ਤਾਂ ਦ੍ਰਿਸ਼ਟੀ ਗੋਚਰ ਹੋ ਸਕਦਾ ਹੈ। ਏਸ ਵਿਸ਼ਾਲਤਾ ਦਾ ਦਿਗ ਦਰਸ਼ਨ ਗੁਰੂ ਨਾਨਕ ਸਾਹਿਬ ਨੇ ਕਿਸ ਤਰ੍ਹਾਂ ਕੀਤਾ?

ਗਟੇ ਤੋਂ ਸੈਂਕੜੇ ਵਰ੍ਹੇ ਪਹਿਲੇ, ਉਨ੍ਹਾਂ ਦਾ ਖਿਆਲ ਸੀ ਕਿ ਕੋਈ ਇਕ ਕਵੀ ਪਰਮਾਤਮ ਦੇਵ ਨੂੰ ਬਿਆਨ ਨਹੀਂ ਕਰ ਸਕਦਾ। ਇਕ ਕੀ, ਜੇ ਸੌ ਸ਼ਾਇਰ ਇਕੱਠੇ ਹੋਣ ਤਾਂ ਵੀ ਉਸਦੀ ਜਾਂਚ ਪੜਤਾਲ ਨਹੀਂ ਹੋ ਸਕਦੀ:-

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ॥੨॥ (ਸਿਰੀ: ਮ: ੧ ਅਸਟ-੧)

ਪਰ ਆਪ ਗੁਰੂ ਨਾਨਕ ਦੇਵ ਜੀ ਨੇ ਕਿਸ ਵਿਸ਼੍ਵਚਖਸ਼ੂ ਨਾਲ ਸਾਰੇ ਬ੍ਰਹਮਾਂਡ ਨੂੰ ਅਪਣੇ ਅਨੁਭਵ ਵਿਚ ਲੀਤਾ, ਇਹ ਉਨ੍ਹਾਂ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਪ੍ਰਗਟ ਹੋ ਜਾਏਗਾ:-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥ ਅਨਹਤਾ ਸਬਤ ਵਾਜੰਤ

ਭੇਰੀ॥੧॥ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ
ਮੂਰਤਿ ਨਨਾ ਏਕ ਤੁੋਹੀ॥ ਸਹਸ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ (ਧਨਾਸਰੀ ਮ:੧)

ਗੁਰੂ ਨਾਨਕ ਸਾਹਿਬ ਤੋਂ ਕੋਈ ਤਿੰਨ ਸੌ ਵਰ੍ਹਾ ਪਿਛੋਂ ਇੰਗਲਸਤਾਨ ਦਾ ਇਕ ਅਨੁਭਵੀ ਪੁਰਸ਼ ਇਕ ਕਵਿਤਾ ਰਚਦਾ ਹੈ, ਜੋ ਮਲੂਮ ਹੁੰਦੀ ਹੈ ਗੁਰੂ ਸਾਹਿਬ ਦੇ ਖਿਆਲਾਂ ਦੀ ਹੀ ਛਾਯਾ ਹੈ:-

The Temple of Nature

Talk not of temples there is one
Built without hands to man kind given.
Its lamps are the meridian Sun
And all the stars of Heaven.
Its walls are the cerulean sky
Its floor the earth so green and fair,
The dome is Vast immensity
All nature worships there.
(David Vedder 1790-1834.)

ਭਾਈ ਸਾਹਿਬ ਜਿਸ ਵੇਲੇ ਅਰਥ ਅਤੇ ਵਿਆਖਿਆ ਕਰਦੇ ਹਨ ਤਾਂ ਉਹ ਕਿਸੇ ਹੋਰ ਰੰਗ ਵਿਚ ਚਲੇ ਜਾਂਦੇ ਹਨ। ਉਨ੍ਹਾਂ ਲਈ ਗੁਰਬਾਣੀ ਗੁਰੂ ਨਾਨਕ ਦਾ ਮਨ ਹੈ। ਬਾਣੀ ਨੂੰ ਸਮਝਣਾ ਗੁਰ ਨਾਨਕ ਦੇ ਮਨ ਵਿਚ ਇਕ ਝਾਤ ਮਾਰਨੀ ਹੈ। ਏਸ ਮੁਤਾਲਿਆ ਤੋਂ ਉਨ੍ਹਾਂ ਨੇ ਗੁਰੂ ਨਾਨਕ ਦੇ ਮਨ ਨੂੰ ਕੀ ਸਮਝਿਆ? ਇਸ ਮਨ ਦੀ ਵਿਸ਼ਾਲਤਾ ਦਾ ਜੋ ਅੰਦਾਜ਼ਾ ਉਨ੍ਹਾਂ ਲਗਾਇਆ, ਉਹ ਉਨ੍ਹਾਂ ਦੇ ਆਪਣੇ ਲਫਜ਼ਾਂ ਵਿਚ ਇਹ ਹੈ:-

"ਗੁਰੂ ਨਾਨਕ ਦਾ ਮਨ ਬੜਾ ਹੀ ਵਿਸ਼ਾਲ ਸੀ, ਤੇ ਉਸ ਵਿਚ ਬੜੇ ਉੱਚ ਕੋਟੀ ਦੇ ਅਗੰਮੀ ਨਜ਼ਾਰੇ ਝਲਕਾਂ ਮਾਰਦੇ ਹਨ। ਓਹ ਕਿਸੇ ਇਕ ਲੀਕ ਦੀ ਬੰਦ ਵਿਚ ਨਹੀਂ; ਓਹ ਜੀਉਂਦੇ ਜਾਗਦੇ ਉਡਦੇ ਉੱਚ ਭਾਵਾਂ ਦੇ ਲਲਿਤ ਵਿਦਯੁਤ ਲਹਿਰਾਉ ਹਨ ਕਿ ਜਿਨ੍ਹਾਂ ਨੂੰ ਤੱਕਣ ਵਿਚ ਸਾਧਾਰਣ ਸਮਝ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ.....। ਉਹ ਕੇਵਲ ਦਾਰਸ਼ਨਿਕ ਬਜ਼ੁਰਗ ਨਹੀਂ ਸਨ, ਗੁਰੂ ਨਾਨਕ ਦੇਵ ਕੇਵਲ ਕਾਵਜ ਦੀਆਂ ਉਚਾਈਆਂ ਤੇ ਗਹਿਰਾਈਆਂ ਦੇ ਉਡਾਰੂ ਤੇ ਪਾਣੀਹਾਰ ਨਹੀਂ ਸਨ, ਗੁਰੂ ਨਾਨਕ ਦੇਵ ਜੀ ਰਹਸਜਵਾਦ ਦੇ ਨਿਰੇ ਵਿਸਮਾਦੀ ਛੋਹਾਂ ਦੇ ਲਖਣਹਾਰ ਸੁਹਣੇ ਨਹੀਂ ਸਨ, ਹਾਂ ਗੁਰ ਨਾਨਕ ਦੇਵ ਨਿਰੇ ਵੈਰਾਗ ਦੀ ਉਦਾਸ ਬ੍ਰਿਤੀ ਵਿਚ ਦਿਲਗੀਰ ਰਹਿਣ ਵਾਲੇ ਮਹਾਂ ਪੁਰਖ ਨਹੀਂ ਸੇ, ਗੁਰੂ ਨਾਨਕ ਦੇਵ ਜੀ ਕਿਸੇ ਗ੍ਰਹਣ ਮਾਰਗ ਦੇ ਕਿਸੇ ਅਟਕਾਉ ਵਿਚ ਅਟਕੇ ਖਲੇ ਨਹੀਂ ਸਨ ਪਰ ਉਸ ਦੀਆਂ ਤਰਲ ਤੇ ਸੂਖਮ ਲਹਿਰਾਵਾਂ ਦੀਆਂ ਤ੍ਰੰਗਾਂ, ਛੁਹਾਂ ਤੇ ਮਹਾਂ ਰਸਾਂ ਵਿਚ ਉਡ ਖਲੋਣ ਵਾਲੇ ਮਨ ਦੇ ਮਾਲਕ ਸਨ। ਕਿੰਨਾਂ ਕਹੋ ਕਿ ਗੁਰੂ ਨਾਨਕ ਦੇਵ ਜੀ ਏਡੇ ਸਨ ਅਜੇ ਕੁਛ ਕਹਿਣ ਨੂੰ ਬਾਕੀ ਰਹਿ ਜਾਂਦਾ ਹੈ। ਉਪਰ ਜੋ ਕੁਛ ਕਿਹਾ ਹੈ, ਉਹ ਕਹਿਕੇ ਭੀ ਗੁਰੂ ਨਾਨਕ ਅਜੇ ਹੋਰ ਹੈ....।"

ਸੰਥਿਆ
ਸ੍ਰੀ ਗੁਰੂ ਗ੍ਰੰਥ ਸਾਹਿਬ

(ਪੋਥੀ ਪਹਿਲੀ)

ਭਾਈ ਸਾਹਿਬ ਦੀ 'ਸੰਥਯਾ' ਗੁਰੂ ਨਾਨਕ ਦੇ ਵਿਸ਼ਾਲ ਮਨ ਦੀ ਮੁਤਾਲਿਆ ਹੈ, ਜਿਸ ਤਨਮਯਤਾ ਨਾਲ ਓਹ ਏਸ ਕਾਰਜ ਵਿਚ ਨਿਮਗਨ ਰਹੇ ਹਨ, ਉਸਤੋਂ ਪ੍ਰਗਟ ਹੁੰਦਾ ਹੈ ਕਿ ਓਹ ਆਪਣੇ ਹੀ ਟੀਕੇ ਦੇ ਅਰਥ ਭਾਵ ਵਿਚ ਤਦਰੂਪ ਹੋਏ ਹੋਏ ਵਿਲੀਨ ਹੋ ਗਏ।

ਗੁਰੂ ਨਾਨਕ ਦੇਵ ਦੇ ਮਨ ਦਾ ਮੁਤਾਲਿਆ ਉਨ੍ਹਾਂ ਲਈ ਕਿਸੇ ਪਦਾਰਥ ਵਿਦਯਾ ਦੇ ਤ੍ਰੀਕੇ ਦਾ ਅਧਯੈਨ ਨਹੀਂ ਸੀ। ਇਹ ਰਸਤਾ ਹੋਰ ਸੀ। ਇਹ ਨਿਰਾ ਪੰਡਤਾਈ ਦਾ ਚਮਤਕਾਰ ਨਹੀਂ ਸੀ, ਨਾਂ ਹੀ ਇਹ ਗਿਆਨ ਮਾਰਗ ਹੈ, ਨਾਂ ਇਹਜ ਭਗਤੀ ਜਾਂ ਕਰਮ ਕਾਂਡ ਦੀ ਕੋਈ ਰਹੁਰੀਤਿ ਹੈ, ਨਾ ਇਹ ਉਦਾਸ ਜਾਂ ਵੈਰਾਗ ਮਾਰਗ ਦੀ 'ਮੈਂ ਮੇਰੀ' ਦੇ ਤਿਆਗ ਦੀ ਉਪਦੇਸ਼ ਧਾਰਾ ਹੈ। ਇਹ ਹੋਰ ਚੀਜ਼ ਹੈ। ਇਹ ਅਨੋਖੀ ਵਸਤੂ ਹੈ। ਇਹ ਹੈ ਰਿਸ਼ਤੇਦਾਰੀ ਦੀ ਸਿਵਾਣ, ਇਕ ਪੁਤ੍ਰ ਦਾ ਆਪਣੇ ਪਿਤਾ ਨੂੰ ਪਛਾਣਨਾ, ਇਕ ਬਾਲ ਦਾ ਆਪਣੇ ਬਾਪ ਨੂੰ ਬਾਪ ਸਮਝਣਾ, ਕਿਸੇ ਵਿਦਯਾ ਜਾਂ ਗਿਆਨ ਦੁਆਰਾ ਨਹੀਂ, ਪਰੰਤੂ ਮਨ ਵਿਚ ਉਪਜ ਰਹੇ ਲਾਡ ਵਲਵਲੇ ਦੇ ਤਰੰਗ ਜਾਗਣ ਨਾਲ, ਜੋ ਇਕ ਨਿਰੀ ਅੰਦਰ ਦੀ ਚੀਜ਼ ਹੈ ਤੇ ਜਿਸਦੀ ਅਪਣੱਤ ਵਿਚ ਹੋਰ ਸਾਰੇ ਗਿਆਨ ਧਿਆਨ ਦਾ ਸਮਾਵੇਸ਼ ਹੈ:-

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥੧॥ ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥੧॥ ਰਹਾਉ॥ ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ॥ ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥੨॥ ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ॥ ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ॥੩॥ ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥੪॥੨੭॥੯੭॥

(ਸਿਰੀ ਰਾਗੁ ਮਹਲਾ ੫)

ਇਹ ਬਾਲ ਬੁਧਿ ਦੀ ਲਾਡ ਭਰੀ 'ਮਮਤਾ' ਹੀ ਭੇਦ ਹੈ, ਉਸ ਰਿਸ਼ਤੇਦਾਰੀ ਦਾ ਜੋ ਸੁਤੇ ਸਿਧ ਲਾਡ ਪਿਆਰ ਵਿਚ ਉਪਜ ਪੈਂਦੀ ਹੈ, ਉਸ ਪਰਮ ਪਿਤਾ ਨਾਲ ਜੋ ਸਾਰੇ ਬੰਧਨਾਂ ਤੋਂ ਮੁਕਤ ਕਰਨਹਾਰਾ ਹੈ। ਭਾਈ ਸਾਹਿਬ ਦੀ ਸੰਥਯਾ ਦੀ ਲਗਨ ਉਸ ਲਾਡ ਉਪਰ ਹੈ ਜੋ ਪਿਤਾ ਦੀ ਸਿਵਾਣ ਵਿਚ ਸਫਲ ਗਿਆਨ ਨੂੰ ਪ੍ਰਾਪਤ ਹੁੰਦੀ ਹੈ।

ਡਿਹਰਾ ਦੂਨ
੨੦ ਫਰਵਰੀ ੧੯੫੮ }

ਬਲਬੀਰ ਸਿੰਘ

ਬੇਨਤੀ

ਇਹ ਸੰਥਯਾ ਦੀ ਵਯਾਖਯਾ ਵਿਚ ਸਤਿਕਾਰ ਯੋਗ ਭਾਈ ਸਾਹਿਬ ਜੀ ਨੇ ਆਪਣੀ ਲਿਖਤ ਨੂੰ ਥਾਂ ਪਰ ਥਾਂ ਗੁਰਬਾਣੀ ਦੀਆਂ ਤੁਕਾਂ ਦੇ ਨਾਲ ਪ੍ਰਮਾਣਿਤ ਕੀਤਾ ਹੈ। ਯਤਨ ਕੀਤਾ ਗਿਆ ਹੈ ਕਿ ਜਿਥੇ ਕਿਤੇ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਤੁਕ ਆਈ ਹੈ ਓਹ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਨਾਲ ਸੋਧਕੇ ਛਾਪੀ ਜਾਏ, ਵਾਹ ਲਗਦੀ ਹਰ ਤੁਕ ਨਾਲ ਪਤੇ ਦੇਣ ਦਾ ਯਤਨ ਬੀ ਕੀਤਾ ਗਿਆ ਹੈ, ਜਿਨ੍ਹਾਂ ਪਤਿਆਂ ਵਿਚ ਰਾਗ ਤੇ ਮਹਲੇ ਦਾ ਪਤਾ ਦੇਕੇ ਅੰਤ ਸ਼ਬਦ ਦਾ ਅੰਕ, ਯਾ ਜੇ ਉਹ ਕਿਸੇ ਵਾਰ ਦੀ ਤੁਕ ਹੈ ਤਾਂ ਉਸ ਵਾਰ ਦੀ ਪਉੜੀ ਦਾ ਅੰਕ ਦਿਤਾ ਗਿਆ ਹੈ, ਸੁਖਮਨੀ ਦੇ ਪਤਿਆਂ ਵਿਚ ਪਹਿਲੇ ਅਸਟਪਦੀ ਦਾ ਅੰਕ ਹੈ ਤੇ ਫੇਰ ਉਸ ਅਸ਼ਟਪਦੀ ਦੇ ਪਦੇ ਦਾ। ਯਤਨ ਪੂਰਾ ਕੀਤਾ ਗਿਆ ਹੈ ਕਿ ਪਾਠ ਸ਼ੁਧ ਛਪਣ, ਫਿਰ ਬੀ ਜੀਵ ਦੇ ਪ੍ਰਯਤਨ ਭੁੱਲਾਂ ਤੋਂ ਖਾਲੀ ਨਹੀਂ ਹੋ ਸਕਦੇ, ਗੁਣੀ ਜਨ ਜੇ ਕਿਤੇ ਅਸ਼ੁਧੀ ਦੇਖਣ ਤਾਂ ਲਿਖਕੇ ਕ੍ਰਿਤਾਰਥ ਕਰਨ, ਤਾਂਕਿ ਅਗਲੀ ਛਾਪ ਵਿਚ ਉਹ ਸੋਧੀ ਜਾ ਸਕੇ।

(ਸੰਪਾਦਕ।

(16)

ਸੰਥਜਾ ਕ੍ਰਮ

ਇਸ ਪੁਸਤਕ ਵਿਚ ਆਏ ਪਾਵਨ ਮੂਲ ਤੇ ਅਰਥ ਆਦਿ ਦੇ ਕ੍ਰਮ ਦੀ ਵਿਉਂਤ ਇਸ ਪ੍ਰਕਾਰ ਹੈ:-

੧. ਪ੍ਰਾਕ੍ਥਨ- ਇਸ ਵਿਚ ਸ਼ਬਦ ਦਾ ਅਤਿ ਸੰਖੇਪ ਤਾਤਪਰਜ ਦਿੱਤਾ ਗਿਆ ਹੈ।

੨. ਮੂਲ ਤੇ ਅਰਥ- ਪ੍ਰਾਕ੍ਥਨ ਤੋਂ ਅੱਗੇ ਕੁਝ ਮੁਟੇਰੇ ਅਖਰਾਂ ਵਿਚ ਮੂਲ ਹੈ, ਅਰਥਾਤ ਗੁਰਬਾਣੀ ਦਾ ਪਾਠ ਤੇ ਗੁਰਬਾਣੀ ਦੇ ਮੂਲ ਪਾਠ ਦੇ ਸਾਹਮਣੇ ਕੁਝ ਬ੍ਰੀਕ ਅਖਰਾਂ ਵਿਚ ਅਰਥ ਹੈਨ, ਜਿਨ੍ਹਾਂ ਵਿਚ ਅੱਖਰੀ ਅਰਥ ਦਿਤੇ ਗਏ ਹਨ।

੩. ਵ੍ਯਾਖ੍ਯਾ- ਇਸ ਵਿਚ ਸ਼ਬਦ ਦੇ ਭਾਵ ਅਰਥ, ਪਰ ਅਪਰ ਦੇ ਮੇਲ ਤੇ ਹੋਰ ਵਿਚਾਰਾਂ ਦਿਤੀਆਂ ਗਈਆਂ ਹਨ। ਜਿਨ੍ਹਾਂ ਤੋਂ ਸ਼ਬਦ ਦੀ ਵਧੀਕ ਤੋਂ ਵਧੀਕ ਸਮਝ ਪੈ ਸਕੇ।

੪. ਨਿਰੁਕ੍ਤ- ਇਸ ਪਦ ਦੇ ਅੱਖਰੀ ਅਰਥ ਹਨ 'ਵਿਸ਼ੇਸ਼ ਉਕਤਿ'। ਅਰਥਾਤ ਕੋਈ ਗਲ ਜੋ ਕਹੀ ਗਈ, ਉਸ ਸੰਬੰਧੀ ਹੀ ਵਿਸ਼ੇਸ਼ ਯਾ ਹੋਰ ਪਹਿਲੂਆਂ ਤੋਂ ਵਾਕਫੀਅਤ ਦੇਣੀ, ਸੋ ਅਸਾਂ ਇਸ ਪਦ ਨੂੰ ਇਨ੍ਹਾਂ ਅਰਥਾਂ ਵਿਚ ਵਰਤਿਆ ਹੈ, ਤਾਕਿ ਅਰਥਾਂ ਤੇ ਵ੍ਯਾਖ੍ਯਾ ਵਿਚ ਜੋ ਗਲਾਂ ਨਹੀਂ ਆ ਸਕੀਆਂ ਓਹ ਇਸ ਅੰਕ ਵਿਚ ਵਿਸ਼ੇਸ਼ਤਾ ਨਾਲ ਵਰਣਨ ਕਰ ਦਿੱਤੀਆਂ ਜਾਣ। ਪਦ ਨਿਰੁਕ੍ਤ ਇਥੇ ਕੇਵਲ ਇਨ੍ਹਾਂ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਪਦ ਨਿਰੁਕ੍ਤ ਦੇ ਹੋਰ ਕਈ ਅਰਥ ਬੀ ਹਨ, ਯਥਾ:-

੨. ਜੋ ਵਰਣਨ ਨਾ ਹੋ ਸਕੇ, ਜੈਸੇ ਦਸਮ ਪਾਤਸ਼ਾਹ ਜੀ ਦਾ ਵਾਕ ਹੈ:

'ਨਿਰੁਕਤ ਸਰੂਪ ਹੈਂ'।

(ਜਾਪ ਜੀ-੧੨੫)

੩. ਨਿਰੁਕ੍ਤ ਇਕ ਅਲੰਕਾਰ ਦਾ ਨਾਮ ਬੀ ਹੈ।

੪. ਇਹ ਸ਼ਬਦ ਵੇਦਾਂ ਦੇ ਅਰਥ ਸੰਬੰਧੀ ਪੁਰਾਤਨ ਸਮੇਂ ਵਿਚ ਵਰਤਿਆ ਗਿਆ ਹੈ।

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਪੋਥੀ ਪਹਿਲੀ)

ੴ ਸਤਿਗੁਰ ਪ੍ਰਸਾਦਿ॥

ਤਤਕਰਾ

ਬਾਣੀ	ਪੰਨਾ
੧. ਜਪੁ ਨੀਸਾਣੁ	੧
੨. ਰਹਿਰਾਸ (੯ ਸ਼ਬਦ)	੧੭੯
ਸੋਦਰੁ ਤੇਰਾ ਕੇਹਾ (ਆਸਾ ਮ: ੧)	੧੮੨
ਸੁਣਿ ਵਡਾ ਆਖੈ ਸਭੁ (ਆਸਾ ਮ: ੧)	੧੮੫
ਆਖਾ ਜੀਵਾ ਵਿਸਰੈ (ਆਸਾ ਮ: ੧)	੧੮੭
ਹਰਿ ਕੇ ਜਨ ਸਤਿਗੁਰ (ਗੂਜ: ਮ: ੪)	੧੯੦
ਕਾਹੇ ਰੇ ਮਨ ਚਿਤਵਹਿ (ਗੂਜ: ਮ: ੫)	੧੯੨
ਸੋ ਪੁਰਖੁ ਨਿਰੰਜਨੁ (ਆਸਾ ਮ: ੪)	੧੯੪
ਤੂੰ ਕਰਤਾ ਸਚਿਆਰੁ (ਆਸਾ ਮ: ੪)	੧੯੮
ਤਿਤੁ ਸਰਵਰੜੈ ਭਈਲੇ (ਆਸਾ ਮ: ੧)	੨੦੦
ਭਈ ਪਰਾਪਤਿ ਮਾਨੁਖ (ਆਸਾ ਮ: ੫)	੨੦੧
੩. ਸੋਹਿਲਾ (੫ ਸ਼ਬਦ)	੨੦੩
ਜੈ ਘਰਿ ਕੀਰਤਿ ਆਖੀਐ (ਗ:ਮ: ੧)	੨੦੩
ਛਿਅ ਘਰ ਛਿਅ ਗੁਰ (ਆਸਾ ਮ: ੧)	੨੦੮
ਗਗਨ ਮੈ ਥਾਲੁ ਰਵਿ (ਧਨਾ: ਮ: ੧)	੨੦੯
ਕਾਮਿ ਕਰੋਧਿ ਨਗਰੁ ਬਹੁ (ਗ: ਮ: ੪)	੨੧੨
ਕਰਉ ਬੇਨੰਤੀ ਸੁਣਹੁ ਮੇਰੇ ਮੀਤਾ (ਗਉ: ਮ: ੫)	੨੧੫

ਸਿਰੀ ਰਾਗੁ

(ਮਹਲਾ ੧)

ਚਉਪਦਾ	ਪੰਨਾ
੧. ਮੋਤੀ ਤ ਮੰਦਰ ਉਸਰਹਿ	੨੧੯
੨. ਕੋਟਿ ਕੋਟੀ ਮੇਰੀ ਆਰਜਾ	੨੨੬
੩. ਲੇਖੈ ਬੋਲਣੁ ਬੋਲਣਾ	੨੩੦
੪. ਲਬੁ ਕੁਤਾ ਕੂੜੁ ਚੂਹੜਾ	੨੩੪
੫. ਅਮਲੁ ਗਲੋਲਾ ਕੂੜ ਕਾ	੨੩੭
੬. ਜਾਲਿ ਮੋਹੁ ਘਸਿ ਮਸੁ ਕਰਿ	੨੪੧
੭. ਸਭਿ ਰਸ ਮਿਠੇ ਮੰਨਿਐ	੨੪੩
੮. ਕੁੰਗੂ ਕੀ ਕਾਇਆ ਰਤਨਾ	੨੪੮
੯. ਗੁਣਵੰਤੀ ਗੁਣ ਵੀਥਰੈ	੨੫੨
੧੦. ਆਵਹੁ ਭੈਣੇ ਗਲਿ ਮਿਲਹ	੨੫੮
੧੧. ਭਲੀ ਸਰੀ ਜਿ ਉਬਰੀ	੨੬੦
੧੨. ਧਾਤੁ ਮਿਲੈ ਫੁਨਿ ਧਾਤੁ	੨੬੫
੧੩. ਧ੍ਰਿਗੁ ਜੀਵਣੁ ਦੋਹਾਗਣੀ	੨੭੧
੧੪. ਸੁੰਵੀ ਦੇਹ ਡਰਾਵਣੀ ਜਾ	੨੮੦
੧੫. ਤਨੁ ਜਲਿ ਬਲਿ ਮਾਟੀ	੨੮੪
੧੬. ਨਾਨਕ ਬੇੜੀ ਸਚ ਕੀ	੨੮੮
੧੭. ਸੁਣਿ ਮਨਿ ਮਿਤ੍ਰ ਪਿਆਰਿਆ	੨੯੫
੧੮. ਮਰਣੈ ਕੀ ਚਿੰਤਾ ਨਹੀ	੨੯੭
੧੯. ਇਹੁ ਮਨੋ ਮੂਰਖੁ ਲੋਭੀਆ	੩੦੦
੨੦. ਇਕੁ ਤਿਲੁ ਪਿਆਰਾ ਵੀਸਰੈ	੩੦੨
੨੧. ਹਰਿ ਹਰਿ ਜਪਹੁ ਪਿਆਰਿਆ	੩੦੭
੨੨. ਭਰਮੇ ਭਾਹਿ ਨ ਵਿਝਵੈ	੩੧੧
੨੩. ਵਣਜੁ ਕਰਹੁ ਵਣਜਾਰਿਹੋ	੩੧੪
੨੪. ਧਨੁ ਜੋਬਨੁ ਅਰੁ ਫੁਲੜਾ	੩੧੯
੨੫. ਆਪੇ ਰਸੀਆ ਆਪਿ ਰਸੁ	੩੨੨
੨੬. ਇਹੁ ਤਨੁ ਧਰਤੀ ਬੀਜੁ	੩੨੬
੨੭. ਅਮਲੁ ਕਰਿ ਧਰਤੀ ਬੀਜੁ	੩੩੧
੨੮. ਸੋਈ ਮਉਲਾ ਜਿਨਿ ਜਗੁ	੩੩੫
੨੯. ਏਕੁ ਸੁਆਨੁ ਦੁਇ ਸੁਆਨੀ	੩੩੮
੩੦. ਏਕ ਸੁਰਤਿ ਜੇਤੇ ਹੈ ਜੀਅ	੩੪੪
੩੧. ਤੂ ਦਰੀਆਉ ਦਾਨਾ ਬੀਨਾ	੩੫੧
੩੨. ਕੀਤਾ ਕਹਾ ਕਰੇ ਮਨਿ	੩੫੪
੩੩. ਅਛਲ ਛਲਾਈ ਨਹ ਛਲੈ	੩੫੭

(ਮਹਲਾ ੩)

ਚਉਪਦਾ	ਪੰਨਾ
੩੪. ਹਉ ਸਤਿਗੁਰ ਸੇਵੀ	੩੬੨
੩੫. ਬਹੁ ਭੇਖ ਕਰਿ ਭਰਮਾਈਐ	੩੬੫
੩੬. ਜਿਸ ਹੀ ਕੀ ਸਿਰਕਾਰ ਹੈ	੩੬੭
੩੭. ਜਿਨੀ ਸੁਣਿਕੈ ਮੰਨਿਆ	੩੭੦

੨ ਜ -

ਚਉਪਦਾ	ਪੰਨਾ
੩੮. ਜਿਨੀ ਇਕ ਮਨਿ ਨਾਮੁ	੩੭੨
੩੯. ਹਰਿ ਭਗਤਾ ਹਰਿ ਧਨੁ ਰਾਸਿ	੩੭੪
੪੦. ਸੁਖ ਸਾਗਰੁ ਹਰਿ ਨਾਮੁ ਹੈ	੩੭੬
੪੧. ਮਨਮੁਖੁ ਮੋਹੁ ਵਿਆਪਿਆ	੩੭੮
੪੨. ਘਰ ਹੀ ਸਉਦਾ ਪਾਈਐ	੩੮੧
੪੩. ਸਚਾ ਸਾਹਿਬੁ ਸੇਵੀਐ	੩੮੨
੪੪. ਤ੍ਰੈ ਗੁਣ ਮਾਇਆ ਮੋਹੁ ਹੈ	੩੮੪
੪੫. ਅੰਮ੍ਰਿਤੁ ਛੋਡਿ ਬਿਖਿਆ	੩੮੬
੪੬. ਮਨਮੁਖ ਕਰਮ ਕਮਾਵਣੇ	੩੮੮
੪੭. ਜਾ ਪਿਰੁ ਜਾਣੇ ਆਪਣਾ	੩੯੦
੪੮. ਗੁਰਮੁਖਿ ਕ੍ਰਿਪਾ ਕਰੇ	੩੯੨
੪੯. ਧਨੁ ਜਨਨੀ ਜਿਨਿ ਜਾਇਆ	੩੯੪
੫੦. ਗੋਵਿਦੁ ਗੁਣੀ ਨਿਧਾਨੁ ਹੈ	੩੯੭
੫੧. ਕਾਂਇਆ ਸਾਧੈ ਉਰਧ ਤਪੁ	੩੯੯
੫੨. ਕਿਰਪਾ ਕਰੇ ਗੁਰੁ ਪਾਈਐ	੪੦੨
੫੩. ਜਿਨੀ ਪੁਰਖੀ ਸਤਗੁਰੁ ਨ	੪੦੪
੫੪. ਕਿਸੁ ਹਉ ਸੇਵੀ ਕਿਆ ਜਪੁ	੪੦੭
੫੫. ਜੇ ਵੇਲਾ ਵਖਤੁ ਵੀਚਾਰੀਐ	੪੦੯
੫੬. ਆਪਣਾ ਭਉ ਤਿਨ ਪਾਇਓਨੁ	੪੧੨
੫੭. ਬਿਨੁ ਗੁਰ ਰੋਗੁ ਨ ਤੁਟਈ	੪੧੫
੫੮. ਤਿਨਾ ਅਨੰਦੁ ਸਦਾ ਸੁਖੁ	੪੧੭
੫੯. ਗੁਣਵੰਤੀ ਸਚੁ ਪਾਇਆ	੪੧੮
੬੦. ਆਪੇ ਕਾਰਣ ਕਰਤਾ ਕਰੇ	੪੨੦
੬੧. ਸੁਣਿ ਸੁਣਿ ਕਾਮ ਗਹੇਲੀਏ	੪੨੩
੬੨. ਇਕਿ ਪਿਰ ਰਾਵਹਿ ਆਪਣਾ	੪੨੫
੬੩. ਹਰਿ ਜੀ ਸਚਾ ਸਚੁ ਤੂ	੪੨੬
੬੪. ਜਗਿ ਹਉਮੈ ਮੈਲੁ ਦੁਖੁ	੪੨੯
(ਮਹਲਾ ੪)	
੬੫. ਮੈ ਮਨਿ ਤਨਿ ਬਿਰਹੁ	੪੩੨
੬੬. ਨਾਮੁ ਮਿਲੈ ਮਨੁ ਤ੍ਰਿਪਤੀਐ	੪੩੪
੬੭. ਗੁਣ ਗਾਵਾ ਗੁਣ ਵਿਥਰਾ	੪੩੬
੬੮. ਹਉ ਪੰਥ ਦਸਾਈ ਨਿਤ	੪੪੦
੬੯. ਰਸੁ ਅੰਮ੍ਰਿਤੁ ਨਾਮੁ ਰਸੁ	੪੪੨

ਚਉਪਦਾ	ਪੰਨਾ
੭੦. ਦਿਨਸੁ ਚੜੈ ਫਿਰਿ ਆਥਵੈ	੪੪੬
(ਮਹਲਾ ੫)	
੭੧. ਕਿਆ ਤੂ ਰਤਾ ਦੇਖਿਕੈ	੪੫੦
੭੨. ਮਨਿ ਬਿਲਾਸੁ ਬਹੁ	੪੫੨
੭੩. ਭਲਕੇ ਉਠਿ ਪਪੋਲੀਐ	੪੫੪
੭੪. ਘੜੀ ਮੁਹਤ ਕਾ ਪਾਹੁਣਾ	੪੫੬
੭੫. ਸਭੇ ਗਲਾ ਵਿਸਰਨੁ ਇਕੋ	੪੫੯
੭੬. ਸਭੇ ਥੋਕ ਪਰਾਪਤੇ ਜੇ	੪੬੨
੭੭. ਸੋਈ ਧਿਆਈਐ ਜੀਅੜੇ	੪੬੫
੭੮. ਨਾਮੁ ਧਿਆਏ ਸੋ ਸੁਖੀ	੪੬੭
੭੯. ਇਕੁ ਪਛਾਣੂ ਜੀਅ ਕਾ	੪੬੮
੮੦. ਜਿਨਾ ਸਤਿਗੁਰ ਸਿਉ ਚਿਤੁ	੪੭੦
੮੧. ਮਿਲਿ ਸਤਿਗੁਰ ਸਭੁ ਦੁਖੁ	੪੭੨
੮੨. ਪੂਰਾ ਸਤਿਗੁਰੁ ਜੇ ਮਿਲੈ	੪੭੪
੮੩. ਪ੍ਰੀਤਿ ਲਗੀ ਤਿਸੁ ਸਚ	੪੭੬
੮੪. ਮਨੁ ਤਨੁ ਧਨੁ ਜਿਨਿ ਪ੍ਰਭਿ	੪੮੦
੮੫. ਮੇਰਾ ਤਨੁ ਅਰੁ ਧਨੁ ਮੇਰਾ	੪੮੨
੮੬. ਸਰਣਿ ਪਏ ਪ੍ਰਭੁ ਆਪਣੇ	੪੮੪
੮੭. ਉਦਮੁ ਕਰਿ ਹਰਿ ਜਾਪਣਾ	੪੮੬
੮੮. ਸੋਈ ਸਾਸਤੁ ਸਉਣ	੪੮੭
੮੯. ਰਸਨਾ ਸਚਾ ਸਿਮਰੀਐ	੪੮੯
੯੦. ਸੰਤ ਜਨਹੁ ਮਿਲਿ ਭਾਈਹੋ	੪੯੧
੯੧. ਮਿਠਾ ਕਰਿਕੈ ਖਾਇਆ	੪੯੩
੯੨. ਗੋਇਲਿ ਆਇਆ ਗੋਇਲੀ	੪੯੪
੯੩. ਤਿਚਰੁ ਵਸਹਿ ਸੁਹੇਲੜੀ	੪੯੪
੯੪. ਕਰਣ ਕਾਰਣ ਏਕ ਓਹੀ	੪੯੭
੯੫. ਸੰਚਿ ਹਰਿ ਧਨੁ ਪੂਜ	੪੯੮
੯੬. ਦੁਕ੍ਰਿਤ ਸੁਕ੍ਰਿਤ ਮੰਧੇ	੫੦੦
੯੭. ਤੇਰੈ ਭਰੋਸੈ ਪਿਆਰੇ	੫੦੩
੯੮. ਸੰਤ ਜਨਾ ਮਿਲਿ ਭਾਈਆ	੫੦੫
੯੯. ਗੁਰੁ ਪਰਮੇਸੁਰੁ ਪੂਜੀਐ	੫੦੭
੧੦੦. ਸੰਤ ਜਨਹੁ ਸੁਣਿ ਭਾਈਹੋ	੫੦੯

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

॥ ਜਪੁ ॥

ਪ੍ਰਾਕ੍ਥਨ–ਇਸ ਪਹਿਲੇ ਮਹਾਂਵਾਕ ਵਿਚ ਅਕਾਲ ਪੁਰਖ ਦਾ ਸਰੂਪ ਵਰਣਨ ਹੈ ਜੋ ਸਿਖ ਧਰਮ ਦਾ ਮੂਲ ਹੈ, ਤੇ ਇਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਜਪੁਜੀ ਸਾਹਿਬ ਦਾ ਮੰਗਲਾਚਰਣ ਬੀ ਹੈ।

ਮੂਲ	ਅਰਥ
ੴ	ਏਕੱਤ੍ਰ ਹੈ (ਨਿਰੰਕਾਰ, ਜੋ ਨਾਨੱਤ੍ਰ ਵਿਚ) ਓਂਕਾਰ (ਰੂਪ ਹੋਕੇ ਫੇਰ ਏਕੱਤ੍ਰ) ਹੈ। (ਉਹ ਏਕੱਤ੍ਰ) ਸਦਾ ਥਿਰ (ਏਕੱਤ੍ਰ ਹੈ, ਉਸ ਦਾ) ਨਾਮ ਹੀ ਹੈ ('ਸਤਜ'
ਸਤਿਨਾਮੁ	ਅਰਥਾਤ ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ। ਉਹੀ ਦਿੱਸ ਰਹੀ ਤੇ ਨਾ
ਕਰਤਾ	ਦਿੱਸ ਰਹੀ ਨਾਨੱਤ੍ਰ ਦਾ) ਰਚਨਹਾਰ ਹੈ, (ਨਿਰੀ ਕੋਈ ਨਿਰਜਿੰਦ ਸ਼ਕਤੀ ਜਾਂ
ਪੁਰਖੁ	ਸੱਤਾ ਮਾਤ੍ਰ ਨਹੀਂ, ਪਰ ਉਹ) ਪੁਰਖ ਹੈ, (ਪੁਰਖ ਉਹ 'ਜੀਵ' ਅਰਥਾਂ ਵਿਚ ਨਹੀਂ, ਪਰ ਜੀਵ ਸ਼੍ਰੇਣੀ ਦੇ ਬਨਾਉਣ ਵਾਲਾ ਕਰਤਾ ਪੁਰਖੁ ਹੈ, ਬ੍ਰਹਮਾਦਿਕਾਂ
ਨਿਰਭਉ	ਵਾਂਙੂ ਦੇਵਤਾ ਸ਼੍ਰੇਣੀ ਵਿਚੋਂ ਵੀ ਪੁਰਖ ਨਹੀਂ ਜੋ ਭੈ ਤੇ ਵੈਰ ਵਿਰੋਧ ਵਿਚ ਆਏ,
ਨਿਰਵੈਰੁ	ਉਹ ਤਾਂ) ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। (ਇਨ੍ਹਾਂ ਸਭਨਾਂ ਤੋਂ ਉਹ ਇਉਂ ਬੀ ਉੱਚਾ ਹੈ ਕਿ ਏਹ ਸਾਰੇ ਕਾਲ ਵਿਚ ਆਏ, ਪਰ ਉਹ ਅਕਾਲ=)
ਅਕਾਲ	ਕਾਲ ਰਹਿਤ ਹੈ। (ਅਕਾਲ ਹੋਕੇ ਉਹ ਅਣਹੋਂਦ ਨਹੀਂ, ਉਹ) ਮੂਰਤ (=ਹੋਂਦ
ਮੂਰਤਿ	ਹੈ, ਅਰਥਾਤ ਉਸ ਦਾ ਵਜੂਦ ਯਾ ਸਰੂਪ ਹੈ ਜੋ ਸਰੂਪ ਕਿ ਕਾਲ ਤੋਂ ਰਹਿਤ ਹੈ,
ਅਜੂਨੀ	ਸੋ ਉਸ ਦਾ ਵਜੂਦ ਜੀਵਾਂ ਯਾ ਹੋਰ ਵਡਕਿਆਂ ਵਾਂਙੂ ਜਨਮ ਵਿਚ ਆਉਣੇ ਵਾਲਾ ਨਹੀਂ, ਉਹ) ਅਜੂਨੀ ਹੈ (ਅਰਥਾਤ ਜੂਨ ਵਿਚ ਨਹੀਂ ਆਉਂਦਾ। ਭਾਵ ਇਹ
ਸੈਭੰ	ਕਿ ਉਸ ਦੇ ਵਜੂਦ ਦਾ ਕੋਈ ਕਾਰਨ ਨਹੀਂ, ਸਗੋਂ ਉਹ ਤਾਂ) ਆਪਣੇ ਆਪ ਤੋਂ ਆਪ ਪ੍ਰਕਾਸ਼ ਸਰੂਪ ਹੈ। (=ਜਜੋਤੀ ਸਰੂਪ ਹੈ, ਅਰਥਾਤ ਉਸ ਦੀ ਚੇਤਨਤਾ ਉਸ ਦਾ ਸੁਤੇ ਹੀ ਆਪਣਾ ਸਰੂਪ ਹੈ[1]। ਐਸਾ ਹੈ ਉਹ ਸਤਜ ਸਰੂਪ ਅਕਾਲ ਪੁਰਖ, ਜਿਸ ਦਾ ਪ੍ਰਤਿਪਾਦਨ ਜਪੁਜੀ ਵਿਚ ਹੋਣਾ ਹੈ, ਉਹ) ਗੁਰੂ ਦੀ ਕ੍ਰਿਪਾ
ਗੁਰਪ੍ਰਸਾਦਿ॥	ਨਾਲ ਪ੍ਰਾਪਤ ਹੁੰਦਾ ਹੈ।

---

[1] ਅਰਥਾਤ ਜਿਵੇਂ ਉਸਦਾ ਵਜੂਦ ਅਕਾਰਣ ਤੇ ਸੁਤੇ ਹੀ ਹੈ ਤਿਵੇਂ ਉਸ ਦੀ ਚੇਤਨਤਾ ਉਸ ਦਾ ਨਿਜ ਸਰੂਪ ਹੈ। ਉਹ ਸ੍ਵਯੰ ਚੇਤਨ ਸਰੂਪ ਹੈ। ਯਥਾ-ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥

ਵ੍ਯਾਖ੍ਯਾ-ਇਹ ਮੂਲ ਮੰਤ੍ਰ ਹੈ, ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਵਰਣਨ ਕੀਤਾ ਹੈ[1]। ਭਾਵ ਇਹ ਹੈ ਕਿ ਜਪੁਜੀ ਵਿਚ ਤੇ ਸਾਰੀ ਗੁਰਬਾਣੀ ਵਿਚ ਜਿਸ ਜਪਣ ਯੋਗ ਨਿਰੰਕਾਰ ਦਾ ਵਰਣਨ ਤੇ ਗੁਣ ਗਾਇਨ ਹੋਣਾ ਹੈ ਉਸ ਦਾ ਸਰੂਪ ਦੱਸਿਆ ਹੈ ਕਿ ਇਹ ਹੈ। ਇਹ ਮੂਲ ਮੰਤ੍ਰ ਮੰਗਲਾਚਰਣ ਬੀ ਹੈ। ਇਹ ਮੰਗਲਾਚਰਣ 'ਵਸਤੂ ਨਿਰਦੇਸ਼ ਮੰਗਲਾਚਰਣ' ਹੈ, ਅਰਥਾਤ ਪਵਿਤ੍ਰ ਬਾਣੀ ਵਿਚ ਜਿਸ ਅਕਾਲ ਪੁਰਖ ਦਾ ਵਰਣਨ ਹੋਣਾ ਹੈ ਉਸੇ ਦਾ ਸਰੂਪ, ਲੱਛਣ, ਗੁਣ, ਕੀਰਤੀ ਆਦਿ ਮੰਗਲ ਵਿਚ ਸੰਖੇਪ ਕਥਨ ਕੀਤੇ ਗਏ ਹਨ।

(ਵ੍ਯਾਖ੍ਯਾ ਜਾਰੀ-੧) ਇਹ ਇਕ ਅੰਕ ਹੈ, ਜੋ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦਾ ਵਾਚਕ ਵਰਤਿਆ ਹੈ, ਜਿਸ ਅਕਾਲ ਪੁਰਖ ਦਾ ਕਿ ਚਿੰਤਨ, ਧ੍ਯਾਨ, ਪ੍ਰੇਮ ਆਦਿ ਜਪੁ ਸਾਹਿਬ ਵਿਚ ਦਸਣਾ ਹੈ, ਇਥੇ ਉਸ ਨੂੰ '੧' ਕਰਕੇ ਦੱਸਦੇ ਹਨ, ਯਥਾ-

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਆਸਾ ਮ: ੧ ਘਰ ੨ ਅੰਕ ੪-੫)

ਇਹ '੧' ਆਪ ਜੀ ਨੇ ਜਪੁਜੀ ਦੇ ਮੁੰਢ ਵਿਚ 'ਸੰਖ੍ਯਾ ਵਾਚਕ ਵਿਸ਼ੇਸ਼ਣ' ਕਰਕੇ ਨਹੀਂ ਵਰਤਿਆ, ਪਰ 'ਸੰਗ੍ਯਾ' ਕਰਕੇ ਵਰਤਿਆ ਹੈ[2]; ਜੋ ਉਸ ਦੇ ਸਰੂ ' ਦਾ ਲਖਾਯਕ ਉਸ ਦਾ ਨਾਮ ਹੈ।

ਇਸ ਦਾ ਅਰਥ ਗੁਰੂ ਜੀ ਨੇ ਆਪ ਐਉਂ ਕੀਤਾ ਹੈ:-

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ (ਬਿਲਾਵਲੁ ਮ: ੧ ਥਿਤੀ-੧)

ਅਰਥ-ਏਕਮ (ਥਿਤ ਦੁਆਰਾ ਉਪਦੇਸ਼ ਕਰਦੇ ਹਨ ਕਿ) ਅਕਾਲ ਪੁਰਖ (ਜੋ ਹੈ ਸੋ) ਇਕ ਹੈ, ਸਭ ਤੋਂ ਅਲਿਪਤ ਹੈ। ਉਹ ਮ੍ਰਿਤੂ ਤੇ ਜਨਮ ਤੋਂ ਰਹਿਤ ਹੈ, ਉਸ ਦੀ ਕੋਈ ਜਾਤ ਕਿਸਮ ਨਹੀਂ। ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰਿਆਂ ਤੋਂ ਅਲਖ ਹੈ, ਉਸ ਦਾ ਰੂਪ ਕੋਈ ਨਹੀਂ, ਚਿੰਨ੍ਹ ਕੋਈ ਨਹੀਂ[3]। ਪ੍ਰਸ਼ਨ ਹੁੰਦਾ ਹੈ ਕਿ ਉਹ ਹੈ ਕਿੱਥੇ? ਤਾਂ ਦੱਸਦੇ ਹਨ:

ਖੋਜਤ ਖੋਜਤ ਘਟਿ ਘਟਿ ਦੇਖਿਆ॥ (ਬਿਲਾ: ਮ: ੧, ਥਿਤੀ-੧)

ਕਿ ਜੋ ਨਾਨਤ੍ਵ ਦੇਖ ਰਹੇ ਹੋ, ਇਸ ਵਿਚ ਖੋਜ ਕਰਦਿਆਂ ਅਸਾਂ ਘਟ ਘਟ ਵਿਚ ਉਸ ਨੂੰ ਦੇਖਿਆ ਹੈ। ਭਾਵ ਇਹ ਹੋਇਆ ਕਿ ਉਹ ਆਪਣੀ ਏਕੱਤ੍ਵ ਵਿਚ ਸਦਾ ਇਕ ਹੈ। ਜਦ ਇਕ ਹੈ ਤਾਂ ਇਕ ਹੈ। ਜਦ ਨਾਨਤ੍ਵ ਵਿਚ ਦੇਖੋ ਤਾਂ ਘਟ ਘਟ ਵਿਚ ਹੈ, ਪਰ ਉਹ ਘਟ ਘਟ ਵਿਚ ਹੋਣ ਕਰਕੇ ਪ੍ਰਛਿੰਨ ਨਹੀਂ ਹੋ ਗਿਆ, ਉਹ ਨਾਨਤ੍ਵ ਵਿਚ ਬੀ ਆਪ ਇਕ ਦਾ ਇਕ ਹੀ ਹੈ।

ਉਹ ਇਕ ਕੈਸਾ ਹੈ? ਉਹ ਅਦੁਤੀ ਹੈ, ਹਾਂ ਇਹ ਉਸ 'ਇਕ' ਦੀ ਸ਼ਰਤ ਹੈ ਕਿ ਉਹ ਇਕ ਹੈ ਅਰ ਅਦੁਤੀ ਇਕ ਹੈ, ਯਥਾ:-

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ (ਰਾਮਕਲੀ ਮ: ੧ ਦਖ: ਓਅੰਕਾਰ-੫)

ਅਰਥਾਤ-ਉਹ ਕੇਵਲ ਇਕ ਹੈ, ਦੂਜਾ ਹੋਰ ਕੋਈ ਨਹੀਂ। ਉਹੀ ਇਕ, ਜੋ ਦੂਜਾ ਨਹੀਂ, ਸਾਰੇ ਸਮਾ ਰਿਹਾ ਹੈ।

---

[1] ਇਹ ਮੂਲ ਮੰਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੇ ਮੁੱਢ ਵਿਚ ਬੀ ਫੇਰ ਫੇਰ ਆਉਂਦਾ ਹੈ। ਭਾਵ ਇਹ ਹੁੰਦਾ ਹੈ ਕਿ ਬਾਣੀ ਵਿਚ ਇਸੇ ਦੀ ਵਿਆਖਿਆ ਹੈ ਜੋ ਹੋਰ ਹੋਰ ਖ੍ਯਾਲ ਧਾਰਾ ਨਾਲ ਮੁੜ ਮੁੜ ਆਵੇਗੀ। ਸਿਖਾਂ ਵਿਚ ਇਸ ਮੂਲ ਮੰਤ੍ਰ ਦੁਆਰਾ ਉਪਾਸ਼ਨਾ ਬੀ ਹੁੰਦੀ ਹੈ। ਇਸ ਦਾ ਉਪਦੇਸ਼ ਅੰਮ੍ਰਿਤ ਛਕਣ ਸਮੇਂ ਬੀ 'ਨਾਮ' ਦੇ ਨਾਲ ਕੀਤਾ ਜਾਂਦਾ ਹੈ। ਏਥੇ ਤੇ ਹੋਰ ਬਾਣੀਆਂ ਦੇ ਮੁੱਢ ਵਿਚ ਇਹ ਮੰਗਲਾਚਰਣ ਬੀ ਹੈ।

[2] ਜੈਸੇ: 'ਇਸੁ ਏਕੇ ਕਾ ਜਾਣੈ ਭੇਉ।' (ਰਾਮਕਲੀ ਮ: ੧, ਦਖ. ਓਅੰਕਾਰ - ੮)
ਇਸ ਵਿਚ 'ਏਕਾ' ਵਿਸ਼ੇਸ਼ਣ ਨਹੀਂ ਸੰਗ੍ਯਾ ਹੈ।

[3] ਨਿਰਭਉ ਬੀ ਇਸ ਇਕ ਨੂੰ ਦਸਿਆ ਹੈ -'ਏਕੋ ਕਉ ਨਾਹੀ ਭਉ ਕੋਇ।॥' (ਬਿਲਾਵਲ ਮ:੧-੩)

ਪ੍ਰਸ਼ਨ ਹੁੰਦਾ ਹੈ: ਉਹ ਪਾਇਆ ਕੀਕੂੰ ਜਾਏ ? ਤਾਂ ਦੱਸਦੇ ਹਨ:-

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥੫॥

(ਰਾਮਕਲੀ ਮ:੧, ਦਖ: ਓਅੰਕਾਰ-੫)

ਅਰਥ- ਇਕ ਹੈ, ਇਕ ਹੈ, ਕਹਿ ਤਾਂ ਸਭ ਕੋਈ ਲੈਂਦਾ ਹੈ ਪਰ ਕਹਿਣ ਮਾਤ੍ਰ ਨਾਲ ਸਿਆਣ ਨਹੀਂ ਹੁੰਦੀ, ਕਿਉਂਕਿ ਕਹਿਣ ਵਾਲੇ ਦੀਆਂ ਚਿਤ ਬ੍ਰਿਤੀਆਂ ਹਉਂ ਤੇ ਹੰਕਾਰ ਵਿਚ ਫਸੀਆਂ ਹੋਈਆਂ ਹਨ। ਜਦ ਇਸ ਹਉਂ ਨੂੰ ਛੱਡ ਕੇ ਅੰਦਰ ਬਾਹਰ ਵਜਾਪਕ 'ਇਕ' ਨੂੰ ਪਛਾਣ ਲਵੇ, ਤਾਂ ਉਸ ਦਾ ਸਰੂਪ ਪਛਾਣ ਹੋ ਜਾਂਦਾ ਹੈ। ਉਹ ਪ੍ਰਭੂ ਨੇੜੇ ਹੈ ਦੂਰ ਨਹੀਂ, ਸ੍ਰਿਸ਼ਟੀ ਸਾਰੀ ਵਿਚ ਵਜਾਪਕ ਹੈ। ਹਾਂ ਉਹ ਕੇਵਲ ਇਕੋ ਹੈ, ਦੂਜਾ ਹੋਰ ਕੋਈ ਨਹੀਂ, ਉਹ ਸਾਰੇ ਪਰੀਪੂਰਣ ਹੈ।

ਫਿਰ ਫੁਰਮਾਉਂਦੇ ਹਨ:-

ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ॥ (ਰਾਮ: ਮ: ੧ ਸਿਧ ਗੋਸਟਿ-੨੪)

ਜਦੋਂ ਕੋਈ ਹਉਮੈ ਰੂਪੀ ਦੁਐਤ ਨੂੰ ਦੂਰ ਕਰ ਲਵੇਗਾ ਤਦੋਂ ਇਸ 'ਇਕ' ਨੂੰ ਸਚ ਮੁਚ 'ਇਕ' ਜਾਣ ਲਵੇਗਾ।

ਪੰਜਵੇਂ ਗੁਰੂ ਜੀ ਨੇ ਫੁਰਮਾਇਆ ਹੈ ਕਿ:-

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ॥ (ਰਾਮ: ਮ: ੫ ਅਸਟ:-੬)

ਜੋ ਕੇਵਲ ਏਕੱਤ੍ਰ ਹੈ, ਅਪਣੇ ਨਿਰੰਜਨ ਸਰੂਪ ਵਿਚ ਹੈ, ਨਿਰਭਉ ਹੈ, ਉਹੀ ਨਾਨਤ੍ਵ ਯਾ ਅਨੇਕਤਾ ਵਿਚ ਸਮਾਇਆ ਬੀ ਇਕ ਹੀ ਹੈ, ਉਹ ਮੂਲ ਹੈ, ਉਹੋ ਅਸਲੀਅਤ ਹੈ, ਉਸੇ ਦੀ ਏਕੱਤ੍ਰ ਤੋਂ ਨਾਨੱਤ੍ਵ ਹੁੰਦੀ ਹੈ, ਪਰ ਤਦ ਬੀ ਉਸ ਦੀ ਏਕੱਤ੍ਰ ਅਬਦਲ[1] ਯਥਾਰਥ ਤੇ ਠੀਕ ਠੀਕ '੧' ਹੀ ਰਹਿੰਦੀ ਹੈ।

ਦਸਮ ਪਾਤਸ਼ਾਹ ਜੀ ਦਾ ਵਾਕ ਹੈ:-

ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥
ਆਦਿ ਪੁਰਖ ਅਦ੍ਵੈ ਅਬਿਨਾਸੀ॥ ਲੋਕ ਚਤਰਦਸ ਜੋਤ ਪ੍ਰਕਾਸੀ॥ (ਅਕਾਲ ਉਸਤਤਿ)

ਗੁਰੂ ਜੀ ਦੇ ਲਿਖੇ ਇਸ '੧' ਨੇ ਸਾਨੂੰ ਇਹ ਬੀ ਦੱਸਿਆ ਕਿ ਅਨੇਕਤਾ ਯਾ ਨਾਨੱਤ੍ਵ ਯਾ ਸ੍ਰਿਸ਼ਟੀ ਜੋ ਕੁਛ ਕਹੋ ਇਸ ਦਾ ਮੂਲ '੦' ਸ਼ੂਨ (ਅਣਹੋਂਦ ਯਾ ਮਨਫੀਅਤ[2]) ਨਹੀਂ, ਪਰ ਹੋਂਦ ਹੈ ਜੋ '੧' ਹੈ। ਦ੍ਰਿਸ਼ਜ ਅਦ੍ਰਿਸ਼ਜ ਇਸ 'ਇਕੋ' ਥਿਰ ਹਸਤੀ ਦਾ ਪਸਾਰਾ ਹੈ ਜੋ-ਸਦਾ ਅਦ੍ਵੈ ਹੈ-**ਆਦਿ ਪੁਰਖ ਅਦ੍ਵੈ ਅਬਿਨਾਸੀ॥** (ਅਕਾ: ਉਸ:)

---

[1] ਨਾ ਬਦਲੀ ਜਾ ਸਕਣ ਵਾਲੀ।

[2] 'ਸ਼ੂਨ' ਦਾ ਅਰਥ 'ਅਣਹੋਂਦ' ਹੈ। ਗੁਰੂ ਕਾ ਮਤਿ '੧' ਦਾ ਉਪਾਸਕ ਹੈ ਜੋ 'ਯਥਾਰਥ ਹਸਤੀ' ਹੈ। 'ਸ਼ੂਨ ਮਾਤ੍ਰ ਯਾ ਅਣਹੋਂਦ' ਗੁਰਮਤਿ ਨਹੀਂ।

ਉਵ 'ਸ਼ੂਨ' ਪਦ ਕਈ ਵੇਰ ਪਰਮਾਤਮਾ ਦੀ ਹਸਤੀ ਦੇ ਅਰਥਾਂ ਵਿਚ ਬੀ ਆਇਆ ਹੈ। ਜੈਸੇ ਸ਼ੰਕਰ ਜੀ ਦਾ ਵਾਕ ਹੈ:-

ਗੰਭੀਰ ਧੀਰੰ ਨਿਰਵਾਣ ਸ਼ੂਨਜਮ। ਸੰਸਾਰ ਸਾਰੰ ਨਚ ਪਾਪ ਪੁਣਜਮ। (ਅਖੰਡ ਬ੍ਰਹਮ ਸਤੋਤ੍ਰ ੮।)

ਗੁਰੂ ਜੀ ਦਾ ਅਪਣਾ ਵਾਕ ਹੈ:-

'ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥' (ਰਾਮਕਲੀ ਮ: ੧ ਸਿ: ਗੋਸਟਿ-੫੧)

ਘਟਿ ਘਟਿ ਵਿਚ ਜੋ ਵਜਾਪਕ 'ਸੁੰਨ' ਹੈ (ਉਹ ਅਣਹੋਂਦ ਨਹੀਂ ਉਹ ਤਾਂ) ਆਦਿ ਪੁਰਖ ਹੈ, ਪ੍ਰਕਾਸ਼ ਸਰੂਪ ਹੈ (ਪਰ) ਮਾਇਆ ਰਹਿਤ ਹੈ। ਇਥੇ ਸੁੰਨ ਦਾ ਅਰਥ ਨਿਰੰਜਨ ਪਰਮਾਤਮ ਦੇਵ ਹੈ।

ਸਾਧਨ ਪੱਖ-ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:-

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ (ਰਾਮ: ਮ: ੧, ਦ: ਓਅੰ:-੫)

ਪੁਨਾ:-**ਏਕ ਊਪਰਿ ਜਿਸੁ ਜਨ ਕੀ ਆਸਾ। ਤਿਸਕੀ ਕਟੀਐ ਜਮ ਕੀ ਫਾਸਾ॥**

(ਗਉੜੀ ਮਹਲਾ ੫, ਸੁਖਮਨੀ ੧੪-੪)

ਇਸ ਕਰਕੇ ਦਸਮ ਪਾਤਸ਼ਾਹ ਜੀ ਦੀ ਆਗਿਆ ਹੈ:-

ਇਕ ਬਿਨ ਦੂਸਰ ਸੋ ਨ ਚਿਨਾਰ॥ (ਪਾ: ੧੦ ਸ਼ਬਦ ਹਜ਼ਾਰੇ)

ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥ (ਰਾਮ: ਮ: ੧ ਦਖ: ਓਅੰ:-੬)

ਉਸ ਨਿਰੰਜਨ '੧' ਨੂੰ ਸੇਵੇ ਕੀਕੂੰ?

ਉੱਤਰ-**ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ॥** (ਗਉ: ਮ: ੫, ਥਿਤੀ-੧੧)

ਪੁਨਾ:-**ਏਕੰਕਾਰ ਨਾਮ ਉਰ ਧਾਰੰ॥ ਕੁਲਹ ਸਮੂਹ ਸਗਲ ਉਧਾਰੰ॥** (ਗਾਥਾ ਮ: ੫-੨੦)

ਪੁਨਾ:-**ਆਦਿ ਨਿਰੰਜਨੁ ਨਿਰਮਲੁ ਸੋਈ॥ ਅਵਰੁ ਨ ਜਾਣਾ ਦੂਜਾ ਕੋਈ॥**

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ॥੧੧॥ (ਮਾਰੂ ਸੋਲਹੇ ਮ: ੧-੧੩)

ਫੇਰ ਦ੍ਰਿਸ਼ਟੀ ਕੀਹ ਹੋ ਜਾਂਦੀ ਹੈ, ਪੰਚਮ ਗੁਰੂ ਜੀ ਦੱਸਦੇ ਹਨ:-

ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥ (ਬਿਲਾ: ਮ: ੫-੮੭)

ਹੁਣ ਪ੍ਰਸ਼ਨ ਹੁੰਦਾ ਹੈ ਕਿ ਏਕੰਕਾਰ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ? ਉਤਰ ਦੇਂਦੇ ਹਨ:-

ਸਾਧ ਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ॥ (ਸੋਰਠਿ ਮ: ੫ ਘਰ: ੧-੨)

ਪੁਨਾ:-**ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥** (ਮਾਰੂ ਸੋ: ਮ: ੫-੭)

ਗੁਰੂ ਨਾਨਕ ਦੇਵ ਜੀ ਨੇ 'ਇਕ'-'ਅਦੁਤੀ ਇਕ'-ਬਾਬਤ ਐਉਂ ਬੀ ਫੁਰਮਾਇਆ ਹੈ:-

ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥ (ਆਸਾ ਮਹਲਾ ੧)

ਅਰਥਾਤ-ਉਸ ਦਾ ਵਡਾ ਗੁਣ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ; ਨਾ ਕੋਈ (ਅਗੇ) ਹੋਇਆ ਹੈ ਨਾਂ (ਅਗੋਂ ਨੂੰ) ਕੋਈ ਹੋਵੇਗਾ। ਭਾਵ ਉਹ ਇਕ ਹੈ ਤੇ ਉਸ ਵਰਗਾ ਇਕ ਉਹ ਆਪ ਹੀ ਹੈ ਹੋਰ ਕੋਈ ਨਹੀਂ।

(ਵਯਾਖਯਾ ਜਾਰੀ-ਓ) ਪਹਿਲਾਂ ਗੁਰੂ ਜੀ ਨੇ ਨਿਰੰਕਾਰ ਨੂੰ '੧' ਲਿਖਕੇ ਲਖਾਇਆ, ਗੋਯਾ ਕਿ ਉਹ 'ਅਪਰੰਪਰ ਪਾਰਬ੍ਰਹਮ' ਹੈ, ਅਰਥਾਤ ਪਰੇ ਤੋਂ ਪਰੇ ਨਿਜ ਸਰੂਪ ਨਿਜ ਥਾਇ ਵਿਚ ਸਥਿਤ ਹੈ।

ਯਥਾ: **ਸਾਚਾ ਨਿਰੰਕਾਰੁ ਨਿਜ ਥਾਇ॥** (ਸਿਰੀ ਰਾ: ਮ:੧-੨)

ਪਰ ਫਿਰ ਆਪ ਜੀ ਨੇ ਉਸ ਨੂੰ ਜਲ ਥਲ ਮਹੀਅਲਿ ਤੇ ਘਟ ਘਟ ਵਿਚ ਦੱਸਿਆ; ਅਰਥਾਤ ਉਹ ਜੋ ਪਰੇ ਤੋਂ ਪਰੇ (ਅਪਰੰਪਰ ਸੀ ਉਹੀ) ਵਯਾਪਕ ਹੈ ਤੇ ਉਹੀ ਘਟ ਘਟ ਵਿਚ ਅਰਥਾਤ ਅੰਤ੍ਰਸਥ ਬੀ ਹੈ।

੧. ਅਪਰੰਪਰ- **ਏਕੰਕਾਰੁ ਨਿਰੰਜਨੁ ਨਿਰਭਉ** (ਰਾਮ: ਮ: ੫ ਅਸਟ:੬)

੨. ਵਿਆਪਕ- **ਸਭ ਜਲਿ ਥਲਿ ਰਹਿਆ ਸਮਾਈ॥** (ਰਾਮ: ਮ: ੫ ਅਸਟ:੬)

੩. ਅੰਤ੍ਰਸਥ- **ਖੋਜਤ ਖੋਜਤ ਘਟਿ ਘਟਿ ਦੇਖਿਆ॥**[੧] (ਬਿਲਾ: ਮ: ੧ ਥਿਤੀ-੧)

---

[੧] ਸਾਰਾ ਪਾਠ ਇਉਂ ਹੈ:ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

ਅਪਰੰਪਰ, ਵਿਆਪਕ ਤੇ ਅੰਤ੍ਰਸਥ ਹੋਕੇ ਉਹ ਤ੍ਰੈ ਨਹੀਂ ਹੋ ਗਿਆ, ਉਹ ਇਕੋ ਦਾ ਇਕੋ ਹੈ। ਯਥਾ:-

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ (ਗਉ: ਮ: ੫, ਸੁਖਮਨੀ, ੨੩-੪)

ਹੁਣ ਨਿਰੰਜਨ ਨੂੰ ਅਪਰੰਪਰ ਲਖਕੇ, ਫਿਰ ਵਿਆਪਕ ਤੇ ਅੰਤ੍ਰਸਥ ਤੇ ਅੰਤ੍ਰਸਥ ਹੁੰਦਿਆਂ ਨਿਰੰਤਰ ਦੇਖਕੇ ਗੁਰੂ ਜੀ ਨੇ ਉਸ ਨੂੰ ਲਖਾਉਣ ਲਈ ਇਕ ਅੱਖਰ ਲਿਆ 'ਓ' ਤੇ ਇਸ ਨੂੰ ਆਪਣੇ '੧' ਦੇ ਨਾਲ ਲਾ ਦਿਤਾ[1]।

ਅੱਖਰ ਦੋ ਪ੍ਰਕਾਰ ਦੇ ਹਨ-ਸੂਰ ਤੇ ਵਯੰਜਨ। ੳ, ਅ, ੲ ਸ੍ਵਰ ਹਨ ਤੇ 'ਕ' ਤੋਂ ਲੈਕੇ ਬਾਕੀ ਪੈਂਤੀ ਦੇ ਅੱਖਰ ਵਯੰਜਨ ਹਨ। ਵਯੰਜਨ ਆਪੇ ਨਹੀਂ ਬੋਲਦੇ, ਉਨ੍ਹਾਂ ਵਿਚ ਸ੍ਵਰ ਦੀ ਆਵਾਜ਼ ਲੁਪਤ ਹੋਵੇ ਤਾਂ ਉਹ ਬੋਲਦੇ ਹਨ, ਸੋ ਸ੍ਵਰ ਅੱਖਰ ਵਯੰਜਨਾਂ ਤੋਂ ਸ਼ਿਰੋਮਣੀ ਹੋਏ। ਆਪਣੀ ਵਰਣਮਾਲਾ ਵਿਚ ਗੁਰੂ ਜੀ ਨੇ 'ੳ' ਅੱਖਰ ਨੂੰ ਪਹਿਲਾ ਥਾਂ ਦਿਤਾ ਹੈ, ਗੋਯਾ ਸ੍ਵਰਾਂ ਵਿਚੋਂ 'ੳ' ਨੂੰ ਸ਼ਿਰੋਮਣ ਸ੍ਵਰ ਥਾਪਿਆ ਹੈ[2]। ਇਸੇ ਕਰਕੇ ਇਸ ਦਾ 'ਓ' ਰੂਪ ਬਣਾਕੇ ਆਪਣੇ ਅਗਮ ਅਗੋਚਰ ਤੇ ਨਿਰਾਲੇ ਏਕੰਕਾਰ ਨੂੰ ਘਟ ਘਟ ਦਾ ਵਾਸੀ ਤੇ ਸਾਰੀ ਰਚਨਾ ਦਾ ਮੁੱਢ ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ[3] ਕਰਤਾ ਦਸਣੇ ਲਈ '੧' ਦੇ ਨਾਲ ਲਾ ਦਿੱਤਾ।

ਆਸਾ ਦੀ ਵਾਰ ਵਿਚ ਦੱਸਿਆ ਹੈ:		ਇਹੋ ਖਿਆਲ ਭਾਈ ਗੁਰਦਾਸ ਜੀ ਨੇ ਐਉਂ ਦੱਸਿਆ ਹੈ:	
੧. ਆਪੀਨੈ ਆਪੁ ਸਾਜਿਓ	'੧'	ਗੁਰਮੁਖਿ ਏਕੰਕਾਰੁ ਆਪਿ ਉਪਾਇਆ।	੧
ਆਪੀਨੈ ਰਚਿਓ ਨਾਉ॥	'ਓ'	ਓਅੰਕਾਰਿ ਅਕਾਰੁ ਪਰਗਟੀ ਆਇਆ।	ਓ[4]
੨. ਦੁਯੀ ਕੁਦਰਤਿ ਸਾਜੀਐ	ਸ੍ਰਿਸ਼ਟੀ	ਪੰਜ ਤਤ ਵਿਸਥਾਰੁ ਚਲਤੁ ਰਚਾਇਆ।	ਸ੍ਰਿਸ਼ਟੀ
ਕਰਿ ਆਸਣੁ ਡਿਠੋ ਚਾਉ॥	ਦ੍ਰਸ਼ਟਾ	ਖਾਣੀ ਬਾਣੀ ਚਾਰਿ ਜਗਤੁ ਉਪਾਇਆ।	
(ਆਸਾ : ਮ: ੧ ਵਾਰ-੨)		(ਵਾ: ਭਾ: ਗੁ: ੧੯-੧)	

ਸ੍ਰਿਸ਼ਟੀ ਨੂੰ ਉਪਾਵਣਹਾਰ ਅਕਾਲ ਪੁਰਖ ਦਾ ਲਖਾਯਕ ਹੈ 'ਓ'; ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਆਪ ਐਉਂ ਦੱਸੀ ਹੈ:-

ਓਅੰਕਾਰਿ ਬ੍ਰਹਮਾ ਉਤਪਤਿ॥	ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ।
ਓਅੰਕਾਰੁ ਕੀਆ ਜਿਨਿ ਚਿਤਿ॥	ਓਅੰਕਾਰ ਉਹ ਹੈ ਜਿਸ ਨੇ ਚੇਤਨਤਾ ਰਚੀ; ਭਾਵ ਚੇਤਨ ਸ੍ਰਿਸ਼ਟੀ ਰਚੀ।
ਓਅੰਕਾਰਿ ਸੈਲ ਜੁਗ ਭਏ॥	ਓਅੰਕਾਰ ਤੋਂ (ਸੈਲ=) ਦੇਸ ਤੇ (ਜੁਗ=) ਕਾਲ ਰਚੇ ਗਏ। ਭਾਵ ਜੜ੍ਹ ਸ੍ਰਿਸ਼ਟੀ ਰਚੀ ਗਈ।
ਓਅੰਕਾਰਿ ਬੇਦ ਨਿਰਮਏ॥	ਓਅੰਕਾਰ ਤੋਂ ਵੇਦ ਰਚੇ ਗਏ।
ਓਅੰਕਾਰਿ ਸਬਦਿ ਉਧਰੇ॥	ਓਅੰਕਾਰ ਤੋਂ ਸ਼ਬਦ ਦੁਆਰਾ (ਭਾਵ ਸਿਮਰਣ ਕਰਕੇ ਜੀਵ) ਉਧਰ ਗਏ।

[1] ਏਕਾ ਏਕੰਕਾਰੁ ਲਿਖਿ ਦੇਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ। (ਭਾ: ਗੁ: ਵਾ: ੩-੧੫)

[2] ਸ਼ਾਇਦ ਇਸ ਲਈ ਬੀ ਕਿ ਜੋ ਸ਼ਬਦ ਆਦਿ ਪੁਰਖ ਨੇ ਰਚਨਾ ਕਰਨ ਸਮੇਂ ਆਪ ਨੂੰ ਏਕਾ ਉਚਾਰਕੇ ਕੀਤਾ ਉਹਦੀ ਆਵਾਜ਼ 'ਓ' ਵਰਗੀ ਸੀ। ਯਥਾ-ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ। ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ। (ਵਾ: ਭਾ: ਗੁ: ੨੯-੨)। ਜਿਵੇਂ '੧' ਪਾਰਬ੍ਰਹਮ ਦਾ ਲਖਾਯਕ ਹੈ ਤਿਵੇਂ 'ਓ' ਸ਼ਬਦ ਬ੍ਰਹਮ ਦਾ ਲਖਾਯਕ ਬੀ ਹੋਵੇ।

[3] 'ਕੁਦਰਤਿ ਵਸਿਆ'। [4] ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ। ਹੋਆ ਏਕੰਕਾਰੁ ਆਪੁ ਉਪਾਇਆ। ਓਅੰਕਾਰਿ ਅਕਾਰੁ ਚਲਿਤੁ ਰਚਾਇਆ। (ਵਾਰ ਭਾ: ਗੁ: ੨੨-੧)

ਓਅੰਕਾਰਿ ਗੁਰਮੁਖਿ ਤਰੇ॥	ਓਅੰਕਾਰ (ਦੇ ਲੱਖਜ) ਨੂੰ ਲਖਣੇ ਕਰਕੇ ਗੁਰਮੁਖ (ਭਵ ਸਾਗਰ ਨੂੰ) ਤਰ ਗਏ।
ਓਨਮ ਅਖਰ ਸੁਣਹੁ ਬੀਚਾਰੁ॥	(ਅ+ਖਰ=ਨਾ ਖਰਨੇ ਵਾਲਾ ਅਰਥਾਤ) ਨਾਸ਼ ਰਹਿਤ (ਪਰਮਾਤਮਾ ਜੋ) 'ੳ' (ਦਾ ਲਖਜ ਹੈ, ਉਹ) ਨਮਸਕਾਰ ਜੋਗ ਹੈ, ਉਸ ਦਾ ਵੀਚਾਰ ਸੁਣ:-
ਓਨਮ ਅਖਰੁ ਤ੍ਰਿਭਵਣ ਸਾਰੁ॥੧॥ (ਰਾਮ: ਮ:੧ : ਦਖ. ਓ : ੧)	(ਜੋ) ਅ+ਖਰ(ਨਾਸ਼ ਰਹਿਤ ਪਰਮਾਤਮਾ ਹੈ ਸੋ) ਤਿੰਨਾਂ ਭਵਨਾਂ ਦਾ ਸਾਰ ਹੈ (ਤੇ ਤ੍ਰੈ ਭਵਣ ਉਸ ਦਾ ਕੀਤਾ ਪਸਾਰਾ ਹੈ, ਉਹ) 'ੳ' (ਦਾ ਲਖਜ ਹੈ ਤੇ) ਨਮਸਕਾਰ ਜੋਗ ਹੈ।

ਉਪਰਲੇ ਵਾਕਾਂ ਵਿਚ ਗੁਰੂ ਜੀ ਨੇ 'ੴ' ਦਾ ਉਚਾਰਣ ਆਪ ਹੀ 'ਓਅੰਕਾਰ' ਬੰਨ ਦਿੱਤਾ ਹੈ। ਜੋ ਗੁਰਮਤਿ ਵਿਚ ਪਰੰਪਰਾ ਤੋਂ ਪ੍ਰਮਾਣੀਕ ਹੈ। 'ਕਾਰ' ਪਦ ਲੱਗਣ ਨਾਲ 'ੴ' ਦਾ ਅਰਥ 'ਕੇਵਲ ੳ' ਹੋ ਗਿਆ[1]।

ਸੋ ਉਪਰਲੇ ਵਾਕਾਂ ਵਿਚ ਉਚਾਰਣ ਦਾ ਰੂਪ 'ਓਅੰਕਾਰ' ਬੰਨ੍ਹ ਕੇ ਆਪ ਨੇ ਇਸ ਦਾ ਅਰਥ ਕੀਤਾ ਕਿ ਇਹ ਬ੍ਰਹਮਾ ਆਦਿ ਦੇਵਤਿਆਂ ਦੇ ਰਚਣਹਾਰ ਦਾ ਲਖਾਯਕ ਅੱਖਰ ਹੈ। ਇਹੋ ਚੇਤਨ ਤੇ ਜੜ੍ਹ ਸ੍ਰਿਸ਼ਟੀ, ਦੇਸ਼ ਕਾਲ ਆਦਿ ਦੇ ਰਚਣਹਾਰ ਦਾ ਨਾਮ ਹੈ, ਗਿਆਨ ਤੇ ਗਿਆਨ ਪ੍ਰਾਪਤੀ ਦੇ ਸਾਧਨ 'ਸਬਦ' ਦਾ ਰਚਨਹਾਰ ਬੀ ਹੈ। ਉਸ ਦਾ ਫਿਰ ਅੰਤਮ ਬੀਚਾਰ ਇਹ ਦੱਸਦੇ ਹਨ ਕਿ 'ੳ' ਉਸ ਦਾ ਲਖਾਯਕ ਹੈ ਜੋ ਤਿੰਨਾਂ ਭਵਨਾਂ ਵਿਚ ਸਾਰ ਰੂਪ ਹੈ ਤੇ (ਅ+ਖਰ) ਨਾਸ਼ ਰਹਿਤ ਹੈ। ਆਪ ਤਿੰਨਾਂ ਭਵਨਾਂ ਤੋਂ ਬਾਹਰ ਨਹੀਂ, ਪਰ ਆਪ ਸਾਰ ਰੂਪ ਹੈ, ਤੇ ਹੋਰ ਸਾਰਾ ਉਸ ਸਾਰ ਰੂਪ ਦਾ ਪਸਾਰਾ ਹੈ, ਆਪਣੇ ਤੋਂ ਵਿਕ੍ਰਿਤ ਹੋ ਕੇ ਉਹ ਤ੍ਰਿਭਵਣ ਰੂਪ ਨਹੀਂ, ਸਾਰ ਰੂਪ ਰਹਿਕੇ ਪਸਾਰੇ ਤੋਂ ਭਿੰਨ ਬੀ ਹੈ ਤੇ ਵਜਾਪਕ ਹੋਕੇ ਅਭਿੰਨ ਬੀ ਹੈ। ਉਸਦੇ ਇਸ ਭਿੰਨ ਅਭਿੰਨ ਰੂਪ ਦਾ ਲਖਾਯਕ 'ੴ' ਹੈ।

ਤੀਸਰੇ ਸਤਿਗੁਰ ਜੀ ਨੇ ਬੀ ਓਅੰਕਾਰ ਨੂੰ 'ਕਰਤਾ ਪੁਰਖ' ਦਾ ਲਖਾਯਕ ਦਸਿਆ ਹੈ:-

ਓਅੰਕਾਰਿ ਸਭ ਸ੍ਰਿਸਟਿ ਉਪਾਈ॥ (ਮਾਰੂ ਮ: ੩ ਸੋਲਹੇ, ੧੮-੨)

ਅਰਥਾਤ ਓਅੰਕਾਰ ਨੇ ਸਾਰੀ ਸ੍ਰਿਸ਼ਟੀ ਉਤਪਤ ਕੀਤੀ। ਚੌਥੇ ਸਤਿਗੁਰਾਂ ਫੁਰਮਾਇਆ:-

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥ (ਕਾਨੜਾ ਮ: ੪ ਅਸਟ:-੪)

ਪੰਜਵੇ ਸਤਿਗੁਰਾਂ ਫੁਰਮਾਇਆ:-

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥ (ਮਾਰੂ ਮ: ੫-੧੭)

ਓਅੰਕਾਰ ਤੋਂ ਸਾਰੀ ਉਤਪਤੀ ਹੋਈ ਹੈ। ਦਿਨ ਤੇ ਰਾਤ ਸਭੋ ਕੁਛ ਸਾਜਿਆ ਹੈ।

ਦਸਮੇ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-

ਓਅੰਕਾਰ ਆਦਿ॥ ਕਥਨੀ ਅਨਾਦਿ॥

ਪੁਨਾ:-**ਓਅੰ ਆਦਿ ਰੂਪੇ॥ ਅਨਾਦੀ ਸਰੂਪੇ॥** (ਜਾਪ ਸਾਹਿਬ)

ਪੁਨਾ:-**ਪ੍ਰਿਥਮ ਕਾਲ ਜਬ ਕੀਆ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥** (ਬਚਿਤ੍ਰ ਨਾਟਕ)

---

[1] 'ਕਾਰ ਗ੍ਰਹਣੇ ਕੇਵਲ ਗ੍ਰਹਣੇ'। ਕਾਰ ਪਦ 'ਖਕਾਰ ਗਕਾਰ' ਵਿਚ 'ਖ ਮਾਤ੍ਰ', 'ਗ ਮਾਤ੍ਰ' ਅਰਥ ਦੇਂਦਾ ਹੈ। 'ਕਾਰ' ਦਾ ਅਰਥ 'ਪਦ ਮਾਤ੍ਰ' ਬੀ ਲਿਖਿਆ ਹੈ ਤੇ 'ਉਚਾਰਣ' ਬੀ। ਇਸ ਮੂਜਬ ਓਅੰਕਾਰ ਦਾ ਅਰਥ ਹੋਊ 'ਪਦ ਓਅੰ' ਯਾ 'ਓਅੰ ਦਾ ਉਚਾਰਣ'। ਇਹਨਾ ਤ੍ਰੈਹਾਂ (ਕੇਵਲ, ਮਾਤ੍ਰ, ਉਚਾਰਣ) ਵਿਚੋਂ ਸੰਪ੍ਰਦਾਈ ਦਾਨਿਆਂ ਨੇ 'ਕਾਰ' ਦਾ ਅਰਥ 'ਕੇਵਲ' ਹੀ ਨਿਸਚਿਤ ਕੀਤਾ ਹੋਇਆ ਹੈ।

ਕਬੀਰ ਜੀ ਨੇ ਬੀ ਬਾਵਨ ਅਖਰੀ ਲਿਖੀ ਹੈ, ਇਸ ਦੀ ਅਖੀਰਲੀ ਪਉੜੀ ਤੋਂ ਪਤਾ ਲਗਦਾ ਹੈ ਕਿ ਇਹ ਬੀ ਕਿਸੇ ਪੰਡਿਤ ਪਰਥਾਇ ਉਚਾਰੀ ਹੈ ਜੋ ਪੰਡਿਤ ਕਿ ਲੋਕ ਬਿਉਹਾਰ ਦੀ ਵਿਦਜਾ ਪੜ੍ਹਾਉਂਦਾ ਸੀ। ਪਾਂਧੇ ਯਾ ਪੰਡਿਤ ਪੱਟੀ ਦੇ ਮੁੱਢ ਵਿਚ ਓਅੰਕਾਰ ਲਿਖ ਦੇਂਦੇ ਹਨ[1]। ਉਸ ਪਰਥਾਇ ਕਬੀਰ ਜੀ ਓਥੇ ਫੁਰਮਾਉਂਦੇ ਹਨ:-

ਓਅੰਕਾਰ ਆਦਿ ਮੈ ਜਾਨਾ॥	'ਓਅੰਕਾਰ ਸਭ ਦੀ ਆਦਿ ਹੈ', ਮੈਂ ਉਸ ਨੂੰ (ਤਾਂ) ਜਾਣ ਲਿਆ ਹੈ।
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥ **ਓਅੰਕਾਰ ਲਖੈ ਜਉ ਕੋਈ॥**	(ਪਰ ਹੇ ਪੰਡਿਤ ਤੂੰ ਜਿਸ ਓਅੰਕਾਰ ਨੂੰ ਪੱਟੀ ਉਤੇ) ਲਿਖ ਦੇਂਦਾ ਹੈ (ਤੇ ਮੁੰਡੇ ਪੜ੍ਹ ਵਾਚ ਕੇ ਫੇਰ ਓਅੰਕਾਰ ਸਮੇਤ ਸਾਰੀ ਨੂੰ) ਮੇਟ ਦੇਂਦੇ ਹਨ ਉਸ (ਰਸਮੀ ਤੇ ਬਿਵਹਾਰਕ ਲਿਖਾ ਪੜ੍ਹੀ ਦੇ ਓਅੰ ਨੂੰ ਮੈਂ) ਨਹੀਂ ਮੰਨਦਾ (ਕਿ ਓਹ 'ਓ' ਦਾ ਲਖਜ ਹੈ[2])।
ਸੋਈ ਲਖਿ ਮੇਟਣਾ ਨ ਹੋਈ॥੬॥" (ਗਉ: ਕਬੀਰ: ਬਾ: ਅਖ)	(ਪਰ) ਜੇ ਕੋਈ ਓਅੰਕਾਰ (ਦੇ ਲਖਜ) ਨੂੰ ਲਖ ਲਵੇ, (ਉਸ ਲਖਜ ਨੂੰ) ਲਖ ਲਿਆਂ ਫੇਰ ਮੇਸਣਾ ਨਹੀਂ ਹੁੰਦਾ।

ਭਾਵੇਂਹ ਕਿ ਓਅੰਕਾਰ ਰਚਨਾਂ ਦੀ ਆਦਿ ਹੈ, ਪਰ ਜੋ ਤੂੰ ਪੱਟੀ ਤੇ ਲਿਖ ਦੇਂਦਾ ਹੈ, ਉਹ ਰਸਮੀ ਗਲ ਹੈ, ਉਹ ਰੋਜ਼ ਲਿਖੀਂਦੀ ਤੇ ਮਿਟੀਂਦੀ ਹੈ। ਪਰ ਉਸ ਦਾ ਜੋ ਲੱਖਜ ਹੈ ਉਹ ਲਖ ਲਿਆ ਜਾਵੇ ਤਾਂ ਉਹ ਲੱਖ ਅਮਿਟ ਹੈ, ਸਦਾ ਥਿਰ ਹੈ। ਇਥੇ ਕਬੀਰ ਜੀ ਸ੍ਰਿਸ਼ਟੀ ਦੇ ਆਦਿ ਕਰਤਾ ਨੂੰ ਓਅੰਕਾਰ ਆਖ ਰਹੇ ਹਨ।

ਇਸ ਦੇ ਇਕ ਅਰਥ ਐਉਂ ਬੀ ਕਰਦੇ ਹਨ:-

ਓਅੰਕਾਰ ਨੂੰ ਮੈਂ ਜਾਣਦਾ ਹਾਂ (ਕਿ ਉਹ ਸਭ ਦੀ) ਆਦਿ ਹੈ, (ਪਰ ਉਹ ਓਅੰਕਾਰ ਜੋ ਜਿਸ ਸ੍ਰਿਸ਼ਟੀ ਨੂੰ ਪਟੀ ਦੇ ਅਖਰਾਂ ਵਾਂਙੂ ਲਿਖਕੇ ਭਾਵ) ਰਚਕੇ, ਮੇਸ (ਨਾਸ਼ ਕਰ) ਦੇਂਦਾ ਹੈ ਉਸ ਨੂੰ ਮੈਂ ਨਹੀਂ ਮੰਨਦਾ (ਕਿ ਉਹ ਸ੍ਰਿਸ਼ਟੀ ਓਅੰਕਾਰ ਹੈ। ਹਾਂ) ਜੇ ਕੋਈ ਓਅੰਕਾਰ (ਦੇ ਲਖਜ) ਨੂੰ ਲੱਖ ਲਵੇ ਉਸ (ਲੱਖ ਲੈਣ ਵਾਲੇ ਦਾ) ਲੱਖ ਕੇ ਫੇਰ ਵਿਨਾਸ਼ ਨਹੀਂ ਹੁੰਦਾ। ਇਸ ਦਾ ਭਾਵ ਬੀ ਇਹੋ ਹੈ ਕਿ ਕਬੀਰ ਜੀ ਓਅੰਕਾਰ ਦਾ ਲੱਖਜ ਸ੍ਰਿਸ਼ਟੀ ਕਰਤਾ ਨੂੰ ਮੰਨਦੇ ਹਨ, ਤੇ ਓਅੰਕਾਰ ਦੇ ਲੱਖਜ ਪਰਮਾਤਮ ਦੇਵ ਨੂੰ ਲੱਖ ਲੈਣੇ ਦਾ ਉਪਦੇਸ਼ ਦੇਂਦੇ ਹਨ।

ਭਾਈ ਗੁਰਦਾਸ ਜੀ ਲਿਖਦੇ ਹਨ:-

ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
ਹੋਆ ਏਕੰਕਾਰੁ ਆਪੁ ਉਪਾਇਆ।
ਓਅੰਕਾਰਿ ਅਕਾਰੁ ਚਲਿਤੁ ਰਚਾਇਆ। (ਵਾਰ ੨੨-੧)

ਪੁਨਾ:- ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰ ਲਖਾਇਆ। (ਵਾਰ ੩੯-੧)
ਓਅੰਕਾਰ ਅਕਾਰ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ। (ਵਾਰ ੩੯-੧੩)

ਤ੍ਰੈਹਾਂ ਦਾ ਭਾਵ ਅਰਥ ਇਹ ਹੈ:-

ਅਰਥਾਤ- ਜੋ ਨਿਰਅਕਾਰ ਅਲਖ ਪ੍ਰਭੂ ਸੀ ਉਸ ਨੇ 'ਏਕੰਕਾਰ' ਹੋ ਕੇ ਆਪ ਨੂੰ ਉਪਾਇਆ ਤੇ

[1] ਪਾਂਧੇ ਮੁੱਢ ਵਿਚ 'ਓਨਮ: ਸਿਧੰ' ਲਿਖਦੇ ਹਨ, ਜਿਸ ਨੂੰ ਕਈ ਅਣਜਾਣ ਪਾਂਧੇ 'ਓਨਾ ਮਾਸੀ ਧੰ' ਕਰਕੇ ਉਚਾਰਦੇ ਤੇ ਲਿਖਦੇ ਹਨ।

[2] ਅਰਥਾਤ ਤੂੰ ਰਸਮੀ ਤੌਰ ਤੇ ਲਿਖ ਦੇਂਦਾ ਹੈਂ। ਤੇਰਾ ਮਨੋਰਥ 'ਓ' ਦੇ ਲੱਖਜ ਦੀ ਪ੍ਰਾਪਤੀ ਤੇ ਉਪਾਸ਼ਨਾ ਨਹੀਂ ਹੁੰਦਾ।

'੧' ਦੇ ਅੰਗ ਵਿਚ ਲਿਖਿਆ ਤੇ ਫੇਰ ਓਅੰਕਾਰ ਦਾ ਚਰਿਤ੍ਰ ਰਚਿਆ ਜਿਸ ਤੋਂ ਅਕਾਰ ਵਾਲੀ ਸ੍ਰਿਸ਼ਟੀ ਤ੍ਰਿਗੁਣਾਂ ਵਾਲੀ ਤੇ ਪੰਜ ਤਤਾਂ ਵਾਲੀ ਰਚੀ ਗਈ।

ਫੇਰ ਭਾਈ ਗੁਰਦਾਸ ਜੀ ਓਅੰਕਾਰ ਨੂੰ ਉਸ ਦਾ ਆਕਾਰ ਦੱਸਦੇ ਹਨ:-

ਓਅੰਕਾਰ ਅਕਾਰੁ ਸੁ ਤਿਸੇ॥

ਪੁਨਾ:-ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ ।
ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ । (ਵਾ:੨੬-੨)
ਓਅੰਕਾਰੁ ਅਕਾਰੁ ਕਰਿ ਇਕੁ ਕਵਾਉ ਪਸਾਉ ਕਰਾਇਆ । (ਵਾ:੩੯-੨)
ਓਅੰਕਾਰਿ ਅਕਾਰੁ ਕਰਿ ਪਉਣ ਪਾਣੀ ਬੈਸੰਤਰੁ ਧਾਰੇ । (ਵਾ:੪-੧)

ਭਾਈ ਗੁਰਦਾਸ ਜੀ ਦਾ ਭਾਵ ਕੁਛ ਐਉਂ ਦਾ (ਗੁਰਬਾਣੀ ਦਾ ਟੀਕਾ ਹੀ) ਜਾਪਦਾ ਹੈ-

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਆਸਾ : ਮ:੧ ਵਾਰ-੧)

ਸਾਰ ਰੂਪ:
- ਆਪੀ ਨੈ੍ — ਨਿਰੰਜਨ ਨੇ
- ਆਪੁ ਸਾਜਿਓ= ੧
- ਆਪੀਨੈ੍ ਰਚਿਓ ਨਾਉ= ਓ

ਪਸਾਰਾ ਰੂਪ:
- ਦੁਯੀ ਕੁਦਰਤਿ ਸਾਜੀਐ
- ਕਰਿ ਆਸਣੁ ਡਿਠੋ ਚਾਉ=ਦ੍ਰਿਸ਼ਜ ਅਦ੍ਰਿਸ਼ਜ ਜੜ ਚੇਤਨ ਜਗਤ, ਪਸਾਰਾ ਕਰਕੇ ਸਾਰੇ ਰੂਪ ਫੇਰ ਇਕ ਦਾ ਇਕ ਤੇ ਨਾ ਲਿਪਾਇਮਾਨ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥

ਤੂੰ ਕਰਤਾ ਹੈਂ, ਤੂੰ ਕਾਦਰ ਹੈਂ, ਇਹ ਤੇਰੀ ਕੀਤੀ ਹੋਈ ਕੁਦਰਤ ਹੈ, (ਫਿਰ ਤੂੰ ਇਸ ਤੋਂ) ਅਤ੍ਰਿਕਤ ਹੈਂ। ਇਹ ਤੇਰੇ ਹੁਕਮ ਵਿਚ ਚਲ ਰਹੀ ਹੈ, ਤੂੰ ਹੁਕਮੀ ਹੋਕੇ, ਕਾਦਰ ਕਰਤਾ ਹੋਕੇ, 'ਬਲਿਹਾਰੀ ਕੁਦਰਤਿ ਵਸਿਆ' ਹੋਕੇ ਫਿਰ 'ਇਕੋ ਦਾ ਇਕੋ[੧]' ਹੋਕੇ ਵਰਤ ਰਿਹਾ ਹੈਂ।

ਜਪੁਜੀ ਵਿਚ ਫ਼ੁਰਮਾਇਆ ਹੈ:- ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥

ਹੁਕਮੀ ਅਰਥਾਤ ਹੁਕਮ ਦਾ ਮਾਲਕ ਅਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਤੇ ਪ੍ਰਬੰਧ ਚਲਾ ਰਿਹਾ ਹੈ, ਸਭ ਕੁਛ ਕਰਦਾ ਹੋਇਆ ਆਪ ਵੇਪਰਵਾਹ ਹੈ ਅਰਥਾਤ ਲਿਪਾਇਮਾਨ ਨਹੀਂ, ਵਿਗਾਸ ਅਰਥਾਤ ਆਨੰਦ ਸਰੂਪ ਹੈ।

'ੴ' ਦਾ ਸੰਸਕ੍ਰਿਤ ਰੂਪ-

'ੴ' ਰੂਪ ਗੁਰਬਾਣੀ ਦਾ ਅਪਣਾ ਹੈ, ਇਹਦੇ ਤ੍ਰੈ ਰੂਪ 'ਓਂ', ਤੋਂ, ਓਮ੍' ਸੰਸਕ੍ਰਿਤ ਵਿਚ ਪੁਰਾਤਨ ਸਮੇਂ ਤੋਂ ਚਲੇ ਆਉਂਦੇ ਹਨ। ਇਸ ਦੇ ਨਾਮ ਯਾ ਪ੍ਰਯਾਯ ਵਾਚੀ ਪਦ 'ਪ੍ਰਣਵ' ਤੇ 'ਉਦਗੀਥ' ਬੀ ਸੰਸਕ੍ਰਿਤ ਵਿਚ ਹਨ।

---

[੧] ਤਾਕੋ ਤਾਕ=ਇਕੋ ਇਕ, ਅਦੁਤੀ ਹੀ ਅਦੁਤੀ। ਯਥਾ-ਵਰਤੈ ਤਾਕ ਸਬਾਇਆ॥ (ਮਾਰੂ ਮ: ੧ ਸੋਲਹਾ, ੨੨-੨)
ਅਰਬੀ ਵਿਚ 'ਤਾਕ' ਪਦ ਦੇ ਅਰਥ ਹਨ:- ਇਕੱਲਾ, ਮਹਿਰਾਬ, ਮਹੱਲ, ਪ੍ਰਬੀਨ।

ਬਹੁਤ ਪੁਰਾਣੇ ਸਮੇਂ 'ਓਂ' ਦਾ ਵਰਤਾਉ ਇਨ੍ਹਾਂ ਅਰਥਾਂ ਵਿਚ ਹੁੰਦਾ ਸੀ:- ਹਾਂ, ਅਛਾ, ਤਥਾਸਤੁ(=ਐਸਾ ਹੀ ਹੋਵੇ)। ਮੋ: ਮੋ: ਵਿ: ਅਪਨੇ ਕੋਸ਼ ਵਿਚ ਲਿਖਦੇ ਹਨ ਕਿ ਅੰਗ੍ਰੇਜ਼ੀ ਦਾ ਪਦ 'ਏਮਨ' (ਜਿਸ ਨੂੰ ਫਾਰਸੀ ਵਿਚ 'ਆਮੀਨ' ਕਹਿੰਦੇ ਹਨ) ਇਸ 'ਓਂ' ਨਾਲ ਮਿਲਦਾ ਹੈ। 'ਓਂ' ਦੇ ਅਰਥ ਤਥਾਸਤੁ ਹਨ ਤੇ 'ਏਮਨ' ਦੇ ਅਰਥ ਬੀ ਤਥਾਸਤੁ(=ਐਸਾ ਹੀ ਹੋਵੇ) ਹਨ।

ਫੇਰ ਇਹ ਪਦ 'ਓਂ' ਪਵਿਤ੍ਰ ਤੇ ਸੁਸਤੀ ਵਾਚਕ ਮੰਨਿਆ ਜਾਂਦਾ ਸੀ, ਇਸ ਕਰਕੇ ਗ੍ਰੰਥਾਂ ਤੇ ਮੰਤ੍ਰਾਂ ਦੇ ਆਦਿ ਅੰਤ ਲਿਖਿਆ ਜਾਂਦਾ ਸੀ। ਭਾਵੇਂ ਇਸ ਦਾ ਉਚਾਰਣ ਪਰਮ ਪਵਿਤ੍ਰ ਮੰਨਿਆਂ ਜਾਂਦਾ ਸੀ ਪਰ ਅਨਅਧਿਕਾਰੀ ਯਾ ਵਿਜਾਤੀ ਕੰਨਾਂ ਨੂੰ ਇਸ ਦੇ ਸੁਣਨੇ ਦੀ ਮਨਾਹੀ ਸੀ।

ਵਯਾਕਰਣ ਵਾਲੇ ਇਸ ਨੂੰ 'ਅਵ੍' ਧਾਤੂ ਤੋਂ ਬਣਿਆ ਸਿੱਧ ਕਰਕੇ 'ਰਖਯਾ ਕਰਨੇ ਵਾਲਾ' ਅਰਥ ਬੀ ਕਰਦੇ ਹਨ, ਪਰ 'ਓਮਿਤਿ ਅਵਜਯਮ੍' ਬੀ ਲਿਖਦੇ ਹਨ। ਜਿਸ ਦਾ ਅਰਥ ਹੈ ਕਿ 'ਓਂ ਅਵਜਯ ਹੈ'। ਅਵਜਯ ਉਸ ਨੂੰ ਆਖਦੇ ਹਨ ਕਿ ਜੋ ਵਿਆਕਰਣ ਵਿਚ ਦੱਸੀਆਂ ਵਿਭਕਤੀਆਂ, ਲਿੰਗ ਤੇ ਵਚਨ ਆਦਿ ਤਬਦੀਲੀਆਂ ਵਿਚ ਨਾ ਜਾਵੇ, ਅਪਣੇ ਸਰੂਪ ਵਿਚ ਜਿਉਂ ਕਾ ਤਿਉਂ ਰਹੇ। ਉਞ ਵੀ ਅਵਜਯ ਪਦ ਦਾ ਅਰਥ ਹੈ,- ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ, ਜੋ ਇਕ ਰਸ ਰਹੇ।

ਇਸ 'ਤ੍ਰੋਂ' ਨੂੰ ਅੱਖਰ ਮੰਨਦੇ ਸਨ। ਇਸੇ ਕਰਕੇ ਇਸ ਨੂੰ 'ਅਕਯ਼ਰ' ਤੇ 'ਏਕਾਕਯ਼ਰ' ਬੀ ਸੱਦਦੇ ਸਨ[1]।

ਉਪਨਿਖ਼ਦਾਂ ਵਿਚ 'ਓਮ੍' ਦਾ ਵਿਸਥਾਰ ਵਧੇਰੇ ਹੈ। ਉਥੇ ਇਸ ਦੀ ਉਪਾਸਨਾ, ਧਯਾਨ, ਜਪ, ਸਿਮਰਨ ਤੇ ਇਸ ਦੇ ਆਤਮ-ਲਾਭ ਬਹੁਤ ਲਿਖੇ ਹਨ। ਤੈਤ੍ਰੀਯ ਉਪ: ਵਿਚ ਤਾਂ ਕਿਹਾ ਹੈ:-

ਓਮਿਤਿ ਬ੍ਰਹਮ ਓਮਿਤੀਦੰ ਸਰ੍ਵਮ੍ (੮-੧- ਤੈਤ੍ਰਿਯ) ਅਰਥਾਤ, ਓਂ ਹੀ ਬ੍ਰਹਮ ਹੈ, ਓਂ ਹੀ ਇਹ ਸਾਰਾ ਵਿਸ਼੍ਵ ਹੈ।

ਪਰੰਚਾਪਰੰਚ ਬ੍ਰਹਮ ਯਦੋਂਕਾਰਸ੍ਤ ਸਮਾਦ੍ਵਿਦ੍ਵਾਨੇ ਤੇਨੈਵਾਯਤਨੇਨੇਕਤਰ ਮਨ੍ਵੇਤਿ। (ਪ੍ਰਸ਼ਨੋਪਨਿਖਦ ੫ ਪ੍ਰਸ਼ਨ)

ਅਰਥਾਤ, ਓਅੰਕਾਰ ਹੀ ਪਰ ਅਰ ਅਪਰ ਬ੍ਰਹਮ ਹੈ। ਵਿਦ੍ਵਾਨ ਇਸ ਓਅੰਕਾਰ ਦਵਾਰਾ 'ਪਰ' ਅਰ 'ਅਪਰ' ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ।

ਯੋਗ ਦਰਸ਼ਨ ਵਿਚ 'ਪ੍ਰਣਵ' ਅਰਥਾਤ 'ਓਂ' ਨੂੰ ਈਸ਼੍ਵਰ ਦਾ ਵਾਚਕ ਦੱਸਿਆ''ਤਸਯ ਵਾਚਕ ਪ੍ਰਣਵ:''।

ਸੋ ਗੁਰੂ ਸਾਹਿਬ ਜੀ ਦੇ ਸਮੇਂ ਤਕ ਸੰਸਕ੍ਰਿਤ ਦਾ 'ਓਮ੍' ਯਾ 'ਤ੍ਰੋਂ' ਈਸ਼੍ਵਰ ਦਾ ਵਾਚਕ ਅਖਰ ਮੰਨਿਆ ਜਾਂਦਾ ਸੀ, ਤੇ ਮਹਾਨ ਸਤਿਕਾਰ ਨਾਲ ਵੇਖਿਆ ਜਾਂਦਾ ਸੀ, ਮੰਤ੍ਰਾਂ ਵਿਚ ਬੀਜ ਰੂਪ ਰਖਿਆ ਜਾਂਦਾ ਸੀ; ਉਚਾਰਣ, ਜਪ, ਸਿਮਰਣ ਤੇ ਧਯਾਨ ਦਾ ਆਸਰਾ ਰਖਿਆ ਜਾਂਦਾ ਸੀ।

ਅਸੀਸ ਤੇ ਸੁਸਤੀ ਵਾਚਕ ਵਾਕ ਉਚਾਰਣ ਵੇਲੇ ਪਹਿਲੋਂ 'ਓਂ' ਉਚਾਰਦੇ ਸਨ। ਇਥੋਂ ਤਾਈਂ ਕਿ ਅਨੀਸ਼੍ਵਰ ਵਾਦੀ ਬੋਧੀ ਆਦਿਕ ਅਪਣੇ ਮੰਤ੍ਰ 'ਓਮ੍ ਪਦਮਨੇ ਹੁੰਮ' ਦੇ ਪਹਿਲੇ ਓਹੋ 'ਓਂ' ਹੀ ਉਚਾਰਦੇ ਸਨ, ਤੇ ਜੈਨੀ ਪਾਂਧੇ ਤਕ ਬੀ 'ਓਂ ਸਿਧਾਯਨਮ:' ਲਿਖਦੇ ਸਨ, ਤੇ ਐਉਂ 'ਓਮ੍' ਹੀ ਪਹਿਲੋਂ ਰਖਦੇ ਸਨ।

ਉਪਾਸਨਾ ਪੱਖ ਵਿਚ 'ਓਂ' ਦੀ ਉਪਾਸਨਾ ਦਾ ਮਹਾਤਮ ਉਪਨਿਖ਼ਦਾਂ ਤੇ ਹੋਰ ਸ਼ਾਸਤ੍ਰਾਂ ਵਿਚ ਬਹੁਤ ਲਿਖਿਆ ਹੈ। ਇਸ ਨੂੰ ਤ੍ਰੈ ਅਖਰਾਂ (ਅ.ਓ.ਮ) ਤੋਂ ਬਣਿਆਂ ਮੰਨਕੇ ਬੜੇ ਵਿਸਥਾਰ ਕੀਤੇ ਗਏ ਹਨ; ਜਿਨ੍ਹਾਂ ਸਭਨਾਂ ਲਈ ਇਥੇ ਸਮਾਂ ਨਹੀਂ, ਨਮੂਨੇ ਮਾਤ੍ਰ ਇਉਂ ਹੈ:-

---

[1] ਓਮਿਤਯੇਤਦਕਯ਼ਰਮੁਦਗੀਥਮੁਪਾਸੀਤ। (ਛੰਦੋ: ੩।੧।੧)
ਅਰਥਾਤ ਅਖਰ ਸਰੂਪ ਉਦਗੀਥ 'ਓਂ' ਦੀ ਉਪਾਸ਼ਨਾ ਕਰਨੀ ਚਾਹੀਏ।

'ਅ' -ਅਰਥਾਤ 'ਅ' ਵੈਸ਼੍ਵਾਨਰ ਹੈ, ਜਾਗ੍ਰਤ ਅਵਸਥਾ ਦਾ ਸੁਆਮੀ ਹੈ। ਜਿਕੁਰ 'ਅ' ਪਹਿਲਾ ਅਖਰ ਹੈ ਅਰ ਸਾਰੇ ਅਖਰਾਂ ਵਿਚ ਵਜਾਪਕ ਹੈ, ਇਕੁਰ ਵੈਸ਼੍ਵਾਨਰ ਸਾਰੇ ਵਜਾਪਕ ਹੈ। ਜਿਕੁਰ 'ਅ' ਪਹਿਲਾ ਅੱਖਰ ਹੈ, ਇਕੁਰ ਵੈਸ਼੍ਵਾਨਰ ਆਤਮਾ ਦੀਆਂ ਚੌਹਾਂ ਅਵਸਥਾਂ ਵਿਚੋਂ ਪਹਿਲੀ ਹੈ। 'ਤ' -ਅਰਥਾਤ 'ੳ' ਤੇਜਸ ਹੈ, ਸ੍ਵਪਨ ਅਵਸਥਾ ਦਾ ਸ੍ਵਾਮੀ ਹੈ। 'ੳ' ਮੱਧ ਦਾ ਅਖਰ ਹੈ। 'ਸ੍' -ਅਰਥਾਤ 'ਮੰਮਾ' ਪ੍ਰਾਗਜ ਹੈ। ਸੁਖੋਪਤੀ ਦਾ ਸੁਆਮੀ ਹੈ। ਜਦ ਓਮ੍ 'ਓਮ' ਉਚਾਰੀਦਾ ਹੈ, ਤਦ ਅ, ੳ, ਮੰਮੇ ਵਿਚ ਵੜਦੇ ਤੇ ਪੁਨਾ: ਉਚਾਰਨ ਸਮੇਂ ਨਿਕਲਦੇ ਭਾਸਦੇ ਹਨ। ਇਸੇ ਤਰ੍ਹਾਂ ਵੈਸ਼੍ਵਾਨਰ ਤੇ ਤੇਜਸ, ਪ੍ਰਾਗਜ ਵਿਚ ਸੁਖੋਪਤੀ ਵਿਚ ਵੜਦੇ ਤੇ ਜਾਗਣ ਵੇਲੇ ਨਿਕਲਦੇ ਹਨ। ਚੌਥਾ 'ਓਂ' ਆਤਮਾ ਹੈ, ਜਿਸ ਦੀ ਕੋਈ ਗਿਣਤੀ ਨਹੀਂ, ਦੂਤੀ ਨਹੀਂ, ਕਿਹਾ ਨਹੀਂ ਜਾਂਦਾ। ਇਸ ਆਤਮਾ ਨੂੰ ਜਾਣਨਾ 'ਓਂ' ਹੈ।

੨. ਫੇਰ ਤ੍ਰੈ ਅੱਖਰਾਂ ਤੋਂ ਤ੍ਰੈ ਦੇਵਤੇ ਕਲਪੇ ਗਏ:- ਅ = ਬ੍ਰਹਮਾ, ੳ = ਵਿਸ਼ਨੂੰ, ਮ = ਸ਼ਿਵ। ਪਰ ਇਹ ਵੰਡ ਅਤੇ ਇਨ੍ਹਾਂ ਦੇ ਅਰਥ ਗੁਰਮਤਿ ਵਿਚ ਪਰਵਾਣ ਨਹੀਂ ਹਨ ਤੇ ਨਾ ਹੀ ਇਸ ਨੂੰ ਤੋੜਨੇ ਦੀ ਆਗਿਆ ਹੈ। 'ਓ' ਦੇ ਪਹਿਲੇ '੧' ਲਿਖਣ ਵਿਚ ਇਹ ਸੈਨਤ ਵੀ ਹੈ ਕਿ 'ਓ' ਦੀ ਵੰਡ ਨਹੀਂ ਕਰਨੀ। ਇਕੋ ਜੋ ਅਦੁਤੀ ਹੈ ਹਰ ਹਾਲ ਇਕੋ ਹੈ, ਉਸ ਵਿਚ 'ਦੋ' 'ਤ੍ਰੈ' ਆਦਿ ਦੀ ਕੋਈ ਕਲਪਣਾ ਵਿਹਿਤ ਨਹੀਂ।

ਸਾਧਨ ਪੱਖ- ਸੋ ਗੁਰੂ ਜੀ ਨੇ ਆਪਣੇ 'ਓ' ਦੇ ਪਹਿਲੇ '੧' ਰਖਕੇ ਇਸ ਦਾ ਆਪਣਾ ਸੰਪੂਰਨ ਰੂਪ '੧ਓ' ਲਿਖਿਆ ਤੇ ਉਚਾਰਣ ਏਕੋਂਕਾਰ ਸਥਾਪਨ ਕੀਤਾ, ਇਸ ਦਾ ਅਰਥ ਭਾਵ ਪਿੱਛੇ ਦੱਸ ਆਏ ਹਾਂ-ਮੂਲ ਮੰਤ੍ਰ ਦੇ ਆਰੰਭ ਵਿਚ ਬੀਜ ਮੰਤ੍ਰ ਇਹੋ '੧ਓ' ਲਿਖਿਆ ਹੋਣ ਕਰਕੇ ਮੋਹਰਲਾ ਨਾਮ ਇਹੋ ਹੋਇਆ। ਸੋ ਮੂਲ ਮੰਤ੍ਰ ਦੁਆਰਾ ਜਦ ਰੱਬ ਜੀ ਦੀ ਉਪਾਸ਼ਨਾ ਕੀਤੀ ਜਾਂਦੀ ਹੈ ਤਾਂ '੧ਓ' ਉਸ ਦੇ ਮੁੱਢ ਵਿਚ ਹੋਣ ਕਰਕੇ ਇਸ ਦਾ ਜਪ, ਪਾਠ, ਸਿਮਰਣ ਆਪ ਹੀ ਹੋ ਜਾਂਦਾ ਹੈ।

ਅੰਮ੍ਰਿਤ ਛਕਾਉਣ ਸਮੇਂ ਮੂਲ ਮੰਤ੍ਰ ਦਾ ਪਾਠ ਕਰਾਇਆ ਜਾਂਦਾ ਹੈ। ਉਸ ਵਿਚ '੧ਓ' ਦਾ ਪਾਠ ਆਪ ਹੀ ਆ ਜਾਂਦਾ ਹੈ, ਸੋ ਗੁਰਮਤਿ ਵਿਚ ਇਹ ਬੀਜ ਮੰਤ੍ਰ ਹੈ ਤੇ ਮੂਲ ਮੰਤ੍ਰ ਦਾ ਮੁੱਢ ਹੈ ਤੇ ਉਪਾਸ਼ਨਾ ਵਿਚ ਸ਼ਾਮਲ ਹੈ।

ਸਾਧਨ ਪੱਖ ਵਿਚ '੧ਓ' ਸਾਧਕਾਂ ਨੂੰ ਸਥੂਲਤਾ ਵਿਚੋਂ ਸੂਖਮਤਾ ਵਿਚ ਲੈ ਜਾਂਦਾ ਹੈ। ਅੱਖਾਂ ਨਾਲ ਦੇਖਣੇ ਯਾ ਮੂੰਹ ਥੀਂ ਉਚਾਰਨੇ, ਯਾ ਕੰਨਾਂ ਥੀਂ ਸੁਣਨੇ ਵਿਚ ਇਹ ਅਸਥੂਲ ਹੈ। ਮਨ ਦੁਆਰਾ ਸਮਝਣੇ ਯਾ ਸਿਮਰਨੇ ਪਰ ਇਹ ਮਿਸ਼੍ਰਿਤ ਹੈ: ਕੁਝ ਸੂਖਮ ਅਰ ਕੁਝ ਸਥੂਲ। ਬੁੱਧੀ ਦੁਆਰਾ ਇਸ ਪਰ ਟਿਕਣੇ ਤੇ, ਇਹ ਸੂਖਮ ਹੁੰਦਾ ਹੁੰਦਾ ਸੂਖਮਤਾ ਦੇ ਅਤਿ ਨੇੜੇ ਹੋ ਗਿਆ। ਚਿਤ ਨਾਲ ਅਭੇਦ ਹੋਣੇ ਵੇਲੇ ਇਹ ਇਕ ਦਮ ਸੂਖਮ ਹੋਕੇ ਚਿਤ ਨੂੰ ਨਾਲ ਲੈਕੇ ਉਸ ਨਿਰਾਕਾਰ ਵਲ ਲੈ ਗਿਆ, ਅਰ ਫੇਰ ਮਿਹਰ ਨਾਲ ਜਗਜਾਸੂ ਮਨ ਬੁਧਿ ਚਿਤ ਆਦਿ ਤੋਂ ਅਗੇ ਪੂਰਨ ਅਵਸਥਾ ਨੂੰ ਪਹੁੰਚ ਗਿਆ। ਜਿਥੇ ਉਸ ਨਿਰਾਕਾਰ ਪਾਰਬ੍ਰਹਮ ਪੂਰਨ ਦੇ ਸ੍ਵਰੂਪ ਦੀ ਪ੍ਰਾਪਤੀ ਪਾਕੇ ਇਕ ਰਸ 'ਮੈਂ ਮੇਰੀ' ਦੀ ਕੈਦ ਤੋਂ ਸੁਤੰਤਰ, ਪੂਰਨ ਯਥਾਤਮਤਾ ਵਿਚ ਤਦ-ਰੂਪਤਾ ਹੋ ਗਈ। ਇਸ ਪ੍ਰਕਾਰ '੧ਓ' ਸੂਖਮ ਅਰ ਸਥੂਲ ਰੂਪ ਹੈ। **ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨ ਜਾਈ ਨਾਨਕ ਲੀਲਾ॥** (ਗਉੜੀ ਮ: ੫ ਬਾਵਨ ਅਖਰੀ - ੧)

(ਵਜਾਖਜਾ ਜਾਰੀ-'ਸਤਿ') '੧' ਮੂਲ ਅੰਕ ਦੁਆਰਾ ਅਤੇ 'ਓ' ਸ਼ਿਰੋਮਣੀ ਤੇ ਸ੍ਵਰ ਅੱਖਰ ਦੁਆਰਾ ਨਿਰੰਕਾਰ ਦਾ ਅਪਰੰਪਰ, ਵਿਆਪਕ ਤੇ ਅੰਤ੍ਰਸਥ ਸਰੂਪ ਬੰਨ੍ਹ ਕੇ, ਜੋ ਤ੍ਰੈ ਰੂਪ ਨਹੀਂ ਨਿਰੰਤਰ ਇਕੋ ਰੂਪ ਹੈ, ਹੁਣ ਪਦਾਂ ਯਾ ਲਫਜ਼ਾਂ ਦੁਆਰਾ ਉਸੇ ਇਕੋ 'ਸਦਾ ਥਿਰ ਹਸਤੀ' ਨੂੰ ਲਖਾਉਂਦੇ ਹਨ। '੧ਓ' ਤੋਂ ਮਗਰੋਂ ਪਹਿਲਾ ਪਦ 'ਸਤਿ' ਲੈਂਦੇ ਹਨ। ਇਸ ਵਿਚ 'ਸਤਿ' ਪਦ

'੧' ਦਾ ਹੀ ਮਾਨੋ ਟੀਕਾ ਹੈ। '੧' ਦਾ ਅਰਥ ਹੈ-ਇਕ ਹੈ ਮੂਲ ਹਸਤੀ ਜੋ ਹਰ ਹਾਲ '੧' ਹੈ, ਅਰਥਾਤ ਜੋ ਸਦਾ ਅਬਦਲ ਹੈ, ਕਦੇ ਦੁਤੀਆ ਨਹੀਂ ਹੈ। ਸੋਈ 'ਸਤਿ' ਪਦ ਦਾ ਅਰਥ ਹੈ-ਤ੍ਰੈ ਕਾਲ ਅਬਾਧ ਰੂਪ, ਜੋ ਸਦਾ ਥਿਰ ਹੈ। ਅਗੇ ਚੱਲਕੇ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਆਖਕੇ ਗੁਰੂ ਜੀ ਨੇ 'ਸਤਿ' ਪਦ ਦਾ ਭਾਵ ਆਪ ਹੀ ਖੁਹਲ ਦਿੱਤਾ ਹੈ।

ਇਸੇ ਤਰ੍ਹਾਂ 'ੴ' ਦੀ ਹੀ ਵਿਆਖਿਆ ਹੈ-ਕਰਤਾ। ਯਥਾ:- **ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥** (ਦਖਣੀ ਓਅੰਕਾਰੁ ਰਾਮ: ਮ: ੧)

ਪੁਨਾ:- **ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥** (ਬਚਿਤ੍ਰ ਨਾਟਕ ਪਾ: ੧੦)

ਭਾਵ ਇਹ ਕਿ 'ਓਅੰਕਾਰ' ਰਚਨਾ ਰਚਣਹਾਰ ਦਾ ਨਾਮ ਹੈ, ਇਹੋ ਭਾਵ 'ਕਰਤਾ' ਪਦ ਦਾ ਹੈ।

ਇਸੇ ਕਰਕੇ ਗੁਰੂ ਜੀ '੧ੴ' ਉਚਾਰਕੇ 'ਸਤਿ' ਪਦ ਆਖਦੇ ਹਨ ਕਿ ਸਤਿ ਸਰੂਪ ਹਸਤੀ ਉਹੋ ਹੈ ਜੋ '੧ੴ' ਦੁਆਰਾ ਲਖਾਈ ਹੈ। 'ਸਤਿ' ਆਖਕੇ ਆਪ 'ਨਾਮੁ' ਆਖਦੇ ਹਨ ਕਿ ਜਿਵੇਂ ਆਪ 'ਸਤਿ' ਹੈ, ਤਿਵੇਂ ਉਸ ਦਾ 'ਨਾਮ' ਬੀ 'ਸਤਿ' ਹੈ। ਇਹ ਅਰਥ ਗੁਰੂ ਜੀ ਆਪ ਕਰਦੇ ਹਨ:-

ਸਾਚਾ ਸਾਹਿਬੁ ਸਾਚੁ ਨਾਇ॥ (ਜਪੁਜੀ-੪)

ਇਸ ਤਰ੍ਹਾਂ ਅਗੇ 'ਕਰਤਾ ਪੁਰਖੁ ਨਿਰਭਉ ਨਿਰਵੈਰੁ' ਆਦਿ ਉਸ ਦੇ ਲੱਛਣ ਕਹਿਣਗੇ, ਕਿਉਂਕਿ ਉਸ ਸਤਿ ਹਸਤੀ ਦੇ ਏਹ ਸਾਰੇ ਲਖਾਇਕ ਹਨ। ਇਨ੍ਹਾਂ ਲਛਣਾਂ ਯਾ ਗੁਣਾਂ ਨੂੰ, ਜੋ ਇਨ੍ਹਾਂ ਦੇ ਵਿਸਥਾਰ ਵਿਚ ਗੁਰਬਾਣੀ ਵਿਚ ਉਚਾਰੇ ਹਨ, ਗਾਇਨ ਤੇ ਪਜ਼ਾਰ ਨਾਲ ਪਾਠ ਕਰਨ ਨਾਲ ਮਨ ਦੀ ਮੈਲ ਉਤਰਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਗਉੜੀ ਸੁਖਮਨੀ, ੧੯-੨)

ਜਦ ਅਸੀਂ ਇਨ੍ਹਾਂ ਲਖਾਯਕ ਲਛਣਾਂ ਦਾ, ਯਾ ਇਨ੍ਹਾਂ ਵਿਚੋਂ ਕਿਸੇ ਇਕ ਦਾ, ਯਾ ਗੁਰਮੰਤ੍ਰ ਦਾ ਜਪ ਸਿਮਰਨ ਕਰਾਂਗੇ ਤਾਂ ਚਿਤ ਦੀ ਬ੍ਰਿਤੀ ਦਾ ਵਿਖੇਪ ਘਟੇਗਾ, ਏਕਾਗ੍ਰਤਾ ਆਵੇਗੀ ਤੇ ਇਕ ਅਕਾਲ ਪੁਰਖ ਵਿਚ ਬ੍ਰਿਤੀ ਦਾ ਟਿਕਾਉ ਹੋਕੇ ਮੇਲ ਪ੍ਰਾਪਤ ਹੋਵੇਗਾ।

ਲਛਣ ਦੋ ਪ੍ਰਕਾਰ ਦੇ ਵਿਦਵਾਨਾਂ ਨੇ ਮੰਨੇ ਹਨ-ਸਰੂਪ ਨੂੰ ਸਿੱਧਾ ਜਨਾਉਣ ਵਾਲੇ ਲਛਣ ਨੂੰ 'ਸਰੂਪ ਲਛਣ' ਕਹਿੰਦੇ ਹਨ; ਜੈਸੇ ਕਹੀਦਾ ਹੈ ਸਾਹਮਣਾ ਚਿੱਟਾ ਘਰ। ਦੂਸਰੇ 'ਤਟਸਥ' ਲਛਣ ਜੋ ਪਾਸ ਦੇ ਪਦਾਰਥਾਂ ਕਰਕੇ ਯਾ ਹੋਰਨਾਂ ਤੋਂ ਭਿੰਨਤਾ, ਵਿਸ਼ੇਸ਼ਤਾ ਆਦਿ ਕਰਕੇ ਲਖਾ ਦੇਣ; ਜੈਸੇ ਕਿ ਬਨੇਰੇ ਤੇ ਮੋਰ ਬੈਠਾ ਹੈ ਜਿਸ ਘਰ ਦੇ, ਉਹ ਘਰ। ਯਾ ਤਟਸਥ ਲਛਣ ਉਹ ਹੈ ਜੋ ਸਰੂਪ ਨੂੰ ਲੈਕੇ ਨਹੀਂ ਸਗੋਂ ਉਸ ਦੇ ਗੁਣ ਧਰਮ ਆਦਿਕਾਂ ਨੂੰ ਲੈਕੇ ਵਰਣਨ ਕੀਤਾ ਜਾਏ।

ਹੁਣ ਲਓ 'ਸਤਿ' ਪਦ ਦੀ ਵਿਸ਼ੇਸ਼ ਵੀਚਾਰ:-

ਅਸੀਂ ਉਪਰ ਦੱਸ ਆਏ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਇਸ ਦਾ ਅਰਥ ਕੀਤਾ ਹੈ:-

ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥ (ਜਪੁਜੀ

ਜਪੁਜੀ ਵਿਚ ਹੀ ਅਗੇ ਜਾ ਕੇ ਇਉਂ ਫੁਰਮਾਇਆ ਹੈ:-

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (ਜਪੁਜੀ-੨੮)

'ਆਦਿ ਅਨਾਦਿ' = ਜਿਸ ਦਾ ਆਦਿ (ਮੁੱਢ) ਨਹੀਂ ਹੈ, ਜੋ ਸਭ ਦੇ ਆਦਿ ਵਿਚ ਮੌਜੂਦ ਸੀ, ਭਾਵ ਜੋ ਸਦਾ ਹੈ।

ਅਨਾਹਤਿ = ਜੋ ਕਦੇ ਹਤ ਨਹੀਂ ਹੋਇਆ ਤੇ ਨਾ ਹੋਵੇਗਾ।

ਅਨੀਲ = ਸੁੱਧ ਸਰੂਪ। ਜਿਸ ਵਿਚ ਮਾਇਆ ਆਦਿ ਕੋਈ ਗ਼ੈਰੀਅਤ ਨਹੀਂ ਹੈ। ਨਿਰਗੁਣ।

ਜੁਗੁ ਜੁਗੁ ਏਕੋ ਵੇਸੁ = ਜਿਸ ਵਿਚ ਕਦੇ ਕੋਈ 'ਸਰੂਪ-ਵਟਾਉ' ਨਹੀਂ ਹੁੰਦਾ। ਸਦਾ ਇਕ-ਰਸ ਰਹਿਣੇ ਵਾਲਾ।

ਫੇਰ ਇਸ ਨੂੰ ਐਉਂ ਖੋਲ੍ਹਿਆ ਹੈ:-

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ [1] (ਜਪੁਜੀ-੨੭)

ਅਰਥਾਤ ਉਹ 'ਚੇਤਨ ਵਜੂਦ' ਜੋ ਹੈ, ਸੀ ਤੇ ਹੋਵੇਗਾ।

ਇਹ 'ਸਤਿ' ਪਦ ਨਿਰਦ੍ਵੰਦ 'ਸਤਿ' ਦਾ ਵਾਚਕ ਹੈ। 'ਸਤਿ ਅਸਤਿ' ਯਾ 'ਸਚ ਝੂਠ' ਦ੍ਵੰਦ ਪਦ ਹਨ, ਇਹ ਉਹਨਾਂ ਤੋਂ ਉਪਰ ਸੱਤਜ ਸਰੂਪ ਚੇਤਨ ਹਸਤੀ ਦੇ ਅਰਥ ਦੇਂਦਾ ਹੈ। ਜਿਵੇਂ ਮਿਸਾਲ ਲਈ ਸੂਰਜ ਨੂੰ ਮਿਥ ਲਈਏ ਨਿਰਦ੍ਵੰਦ, ਤੇ 'ਧੁਪ ਛਾਂ' ਨੂੰ ਦ੍ਵੰਦ, ਤਾਂ ਸੂਰਜ ਦ੍ਵੰਦ ਅਰਥਾਂ ਤੋਂ ਉਪਰ ਪ੍ਰਕਾਸ਼ਕ ਰੂਪ ਆਪ ਹੈ, 'ਧੁੱਪ ਛਾਂ' ਵਾਲੀ 'ਧੁੱਪ' ਓਸ ਦੇ ਆਸਰੇ ਹੈ। ਸੂਰਜ ਧੁੱਪ ਦੇ ਆਸਰੇ ਨਹੀਂ। ਗੁਰੂ ਜੀ ਨੇ ਆਪ ਫੁਰਮਾਇਆ ਹੈ:-

ਸਚੈ ਸਭਿ ਤਾਣਿ ਸਚੈ ਸਭਿ ਜੋਰਿ॥ (ਵਾਰ ਆਸਾ ਮ: ੧-੨)

ਕਿ ਤੂੰ ਐਸਾ 'ਸੱਤਜ' ਹੈਂ ਕਿ ਹੋਰ ਸਾਰੇ ਸਚੇ ਤੇਰੇ ਤਾਣ ਅਤੇ ਤੇਰੇ ਜੋਰ ਕਰਕੇ ਸਚੇ ਕਹੀਦੇ ਹਨ।

ਪੰਜਵੇਂ ਸਤਿਗੁਰਾਂ ਨੇ ਫੁਰਮਾਇਆ:-

ਰੂਪੁ ਸਤਿ ਜਾਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥ (ਸੁਖਮਨੀ, ੧੬-੬)

ਭਾਵ-ਉਹ ਸਤਿ ਜਿਸ ਦਾ ਰੂਪ ਸਤਿ ਹੈ ਉਹ ਕੇਵਲ ਸਤਿ ਹੈ-ਨਿਰਦ੍ਵੰਦ ਸਤਿ ਹੈ।

ਆਦਿ ਗੁਰੂ ਜੀ ਨੇ ਫੁਰਮਾਇਆ:-

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ (ਵਾਰ ਆਸਾ ਮ: ੧-੮)

ਭਾਵ- ਇਹ ਕਿ ਸਚਾ ਸਾਹਿਬ ਇਕ ਤੂੰ ਹੈਂ ਜੋ (ਨਿਰਦ੍ਵੰਦ) ਸੱਚ ਹੈਂ, ਹੋਰ ਸਚ ਤੂੰ ਵਰਤਾਏ ਹਨ।

ਸੋ 'ਸਤਿ' ਨਿਰੰਕਾਰ ਦਾ 'ਸਰੂਪ ਲੱਛਣ'[2] ਕਹੀਦਾ ਹੈ। ਉਸ ਦਾ ਸਾਰਾ ਸਰੂਪ ਲੱਛਣ 'ਸਤਿ ਚਿਤ ਆਨੰਦ' ਵਰਣਨ ਕਰਨ ਕਰਕੇ ਇਸ ਪਦ 'ਸਤਿ' ਤੋਂ 'ਸਤਿ ਚਿਤ ਆਨੰਦ' ਉਪਲਖਤ ਬੀ ਦਾਨੇ ਲੋਕ ਸਮਝ ਲੈਂਦੇ ਹਨ:- **ਸਦਾ ਸਚਿਦਾਨੰਦ॥** (ਸ੍ਰੀ ਜਾਪ ਜੀ-ਪਾਤਸ਼ਾਹੀ: ੧੦)

ਪਰ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਦੇ ਸਰੂਪ ਲੱਛਣ ਐਉਂ ਕਹੇ ਹਨ-'ਸਤਿ ਸੁਹਾਣੁ ਸਦਾ ਮਨਿ ਚਾਉ'॥ ਉਹ ਸਦਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਆਨੰਦ ਹੈ। ਸੋ ਸਤਿ ਤੋਂ ਜਦ ਉਪਲਖਤ ਅਰਥ ਲਈਏ ਤਾਂ ਸਰੂਪ ਲੱਛਣ ਇਹ ਲਿਆ ਜਾਏਗਾ-ਸਤਿ, ਸੁੰਦਰ, ਚੇਤਨ, ਆਨੰਦ[3]।

ਪੰਜਵੇਂ ਸਤਿਗੁਰਾਂ ਨੇ 'ਸਤਿ' ਨੂੰ ਅਕਿਰਤਮ ਨਾਮ ਜਣਾਇਆ ਹੈ। ਜਦੋਂ ਕਿ ਹੋਰ ਨਾਮਾਂ ਨੂੰ 'ਕਿਰਤਮ ਨਾਮ' ਦੱਸਿਆ। ਯਥਾ-**ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥**

(ਮਾਰੂ ਸੋਲਹੇ ਮਹਲਾ: ੫-੧੧)

ਕਿਰਤਮ ਨਾਮ ਨੂੰ ਦਸਵੇਂ ਪਾਤਸ਼ਾਹ ਜੀ ਨੇ 'ਕਰਮ ਨਾਮ' ਲਿਖਿਆ ਹੈ [4]।

---

[1] ਰਚਨਾ ਨੂੰ ਰਚਣਾ ਚੇਤਨ ਵਜੂਦ ਦਾ ਕੰਮ ਹੈ।

[2] ਇਸ ਦਾ ਵੇਰਵਾ ਅੱਗੇ ਆਵੇਗਾ।

[3] ਸਤਿ=ਸਤਿ। ਸੁਹਾਣ=ਸੁੰਦਰਤਾ। ਮਨਿ=ਮਨੀਖਾ ਯਾ ਚੇਤਨਤਾ-(ਮਨੁ ਗਯਾਨੇ)। ਚਾਉ=ਆਨੰਦ।

[4] ਜੋ ਨਾਮ ਗੁਣ ਯਾ ਕਰਮਾਂ ਕਰਕੇ ਪੈ ਜਾਵੇ ਸੋ ਕਿਰਤਮ ਯਾ ਕਰਮ ਨਾਮ-ਜੈਸੇ ਜਗਤ ਰਚਨਾ ਕਰਨ ਕਰਕੇ 'ਕਰਤਾਰ' ਨਾਮ ਪਿਆ। ਦਇਆ ਕਰਨੇ ਕਰਕੇ 'ਦਿਆਲੂ ਕ੍ਰਿਪਾਲੂ' ਨਾਮ ਪਿਆ।

ਯਥਾ- **ਕਰਮ ਨਾਮ ਬਰਣਤ ਸੁਮਤਿ॥** (ਜਾਪ ਜੀ)

ਸਤਿ ਦੀ ਅਰਾਧਨਾ ਦਾ ਫਲ ਆਦਿ ਗੁਰੂ ਜੀ ਨੇ ਫੁਰਮਾਇਆ:-

ਨਾਨਕ ਸਚੁ ਧਿਆਇਨਿ ਸਚੁ॥ (ਵਾਰ ਆਸਾ ਮ:੧-੨)

ਪੰਜਵੇਂ ਗੁਰਾਂ ਨੇ ਫੁਰਮਾਇਆ:-**ਨਾਮੁ ਸਤਿ ਸਤਿ ਧਿਆਵਨਹਾਰ॥** (ਸੁਖਮਨੀ, ੧੨-੧)

ਫੇਰ ਫੁਰਮਾਇਆ ਕਿ:-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਸੁਖ:,੧੨-੨)

(ਵ੍ਯਾਖ੍ਯਾ ਜਾਰੀ- 'ਨਾਮੁ') ਇਸ ਦਾ ਸੰਸਕ੍ਰਿਤ ਰੂਪ ਹੈ 'ਨਾਮਨ੍'। ਧਾਤੂ ਹੈ 'ਮ੍ਨਾ' = ਯਾਦ ਰਖਣਾ। ਯਾਦ ਕਰਨਾ।

ਇਹ ਪਦ 'ਣਮ੍' ਧਾਤੂ ਤੋਂ ਬਣਦਾ ਬੀ ਮੰਨਦੇ ਹਨ।

ਣਮ੍ = (੧) ਝੁਕਣਾ। (੨) ਸੰਬੋਧਿਤ ਕਰਨਾ।

'ਨਾਮਨ੍' ਤੋਂ ਪ੍ਰਾਕ੍ਰਿਤ ਤੇ ਪੰਜਾਬੀ ਰੂਪ ਹੈ ਨਾਮ[1]। ਇਸ ਦਾ ਅਰਥ ਹੈ ਜਿਸ ਪਦ ਕਰਕੇ ਕਿਸੇ ਨੂੰ ਹੋਰਨਾਂ ਤੋਂ ਵਿਸ਼ੇਸ਼ਤਾ ਦੇਕੇ ਸੱਦਿਆ ਜਾਏ। ਯਾ ਆਪਣੇ ਆਪ ਨੂੰ ਉਸ ਨਾਲ ਸੰਬੰਧਿਤ ਕਰਨੇ ਹਿਤ ਉਸਨੂੰ ਸੰਬੋਧਿਤ ਕੀਤਾ ਜਾਏ ਉਹ 'ਨਾਮ' ਹੈ।

ਕਿਸੇ ਵਸਤੂ ਦਾ ਵਾਚਕ ਪਦ ਜੋ ਅਰਥ ਦਾ ਲਖਾਯਕ ਹੋਵੇ, ਯਥਾ:-

ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥ (ਧਨਾਸਰੀ ਨਾਮਦੇਵ-੨)

੨. ਗੁਰਬਾਣੀ ਵਿਚ ਨਾਮ ਪਦ ਨੂੰ ਨਾਉ, ਨਾਵ, ਨਾਇ ਰੂਪਾਂ ਵਿਚ ਬੀ ਲਿਖਿਆ ਹੈ, ਯਥਾ:-

ਨਾਉ ਤੇਰਾ ਨਿਰੰਕਾਰੁ ਹੈ॥ (ਵਾਰ ਆਸਾ ਮ:੧-੫)

ਨਾਵੈ ਅੰਦਰਿ ਹਉ ਵਸਾਂ॥ (ਸਿਰੀ ਰਾਗ ਮ:੧, ਅਸਟ:੪)

ਸਾਚਾ ਸਾਹਿਬ ਸਾਚੁ ਨਾਇ॥ (ਜਪੁਜੀ-੪)

੩. ਗੁਰਬਾਣੀ ਵਿਚ ਇਹ ਪਦ ਵਿਸ਼ੇਸ਼ ਕਰਕੇ 'ਪਰਮੇਸ਼ੁਰ ਦੇ ਨਾਮ' ਦਾ ਵਾਚਕ ਹੋਕੇ ਆਯਾ ਹੈ, ਜਿਸ ਨੂੰ ਕਈ ਵੇਰ ਤਾਂ 'ਹਰਿਨਾਮ' ਕਰਕੇ ਲਿਖਿਆ ਹੈ, ਪਰ ਅਕਸਰ ਨਿਰਾ 'ਨਾਮ' ਕਰਕੇ ਵਰਤਿਆ ਹੈ। ਯਥਾ:- **ਨਾਮ ਤਤੁ ਸਭ ਹੀ ਸਿਰਿ ਜਾਪੈ.....** (ਰਾਮ: ਮ: ੧ ਸਿਧ ਗੋਸਟਿ-੫੦)

ਪਰਮੇਸ਼ੁਰ ਦਾ ਨਾਮ ਹੀ ਸਾਰ ਵਸਤੂ ਤੇ ਸਭ ਤੋਂ ਸ਼ਿਰੋਮਣ ਜਾਣੀਦਾ ਹੈ।

੪. ਪਿਛੇ ਵਰਣਨ ਹੋ ਚੁਕਾ ਹੈ ਕਿ ਗੁਰਬਾਣੀ ਵਿਚ ਉਨ੍ਹਾਂ ਨਾਮਾਂ ਨੂੰ, ਜੋ ਗੁਣ ਕਰਮ ਆਦਿ ਕਰਕੇ ਪਰਮੇਸ਼ੁਰ ਦੇ ਧਰੇ ਗਏ ਹਨ 'ਕਿਰਤਮ ਨਾਮ' ਕਰਕੇ ਲਿਖਿਆ ਹੈ, ਯਥਾ:-

ਕਿਰਤਮ ਨਾਮ ਕਥੇ ਤੇਰੇ ਜਿਹਬਾ॥ (ਮਾਰੂ ਸੋਲਹੇ ਮ: ੫-੧੧)

ਇਸ ਨੂੰ ਦਸਮੇ ਪਾਤਸ਼ਾਹ ਜੀ ਨੇ ਕਰਮ ਨਾਮ ਲਿਖਿਆ ਹੈ। ਯਥਾ:-

ਕਰਮ ਨਾਮ ਬਰਣਤ ਸੁਮਤਿ॥ (ਜਾਪ ਜੀ)

ਇਸ ਤੋਂ ਧ੍ਵਨੀ ਨਿਕਲੀ ਕਿ ਇਕ ਹੋਰ ਨਾਮ ਹੈ ਜਿਸ ਨੂੰ ਅਕਿਰਤਮ ਕਹਿਣਾ ਚਾਹੀਏ, ਇਸ ਨੂੰ ਗੁਰੂ ਜੀ ਨੇ ਪਰਾ ਪੂਰਬਲਾ ਦਾ ਵਿਸ਼ੇਸ਼ਣ ਦਿੱਤਾ ਹੈ ਤੇ ਇਸ ਦਾ ਵਿਸ਼ੇਸ਼ ਪਦ 'ਸਤਿ' ਦਿੱਤਾ ਹੈ। ਯਥਾ:-

ਸਤਿਨਾਮੁ ਤੇਰਾ ਪਰਾ ਪੂਰਬਲਾ॥ (ਮਾਰੂ ਸੋਲਹੇ ਮ: ੫-੧੧)

ਕਿ ਹੇ ਪਰਮੇਸ਼ੁਰ! ਤੇਰਾ ਜੋ ਨਾਮ 'ਸਤਿ' ਹੈ ਉਹ ਸਭ ਤੋਂ ਸ੍ਰੇਸ਼ਟ ਤੇ ਮੁਹਰਲਾ ਹੈ। ਸਰੂਪ

[1]ਇਸ ਦਾ ਫਾਰਸੀ ਰੂਪ ਬੀ ਨਾਮ ਹੀ ਹੈ ਤੇ ਅੰਗ੍ਰੇਜ਼ੀ ਰੂਪ 'ਨੇਮ' (Name) ਹੈ।

ਨਾਮ ਦਾ ਅਰਥ ਐਉਂ ਕਰਨ ਦਾ ਬੀ ਜਤਨ ਹੋਇਆ ਹੈ:-

ਨ+ਆਮਯ=ਜਿਸ ਵਿਚ ਵਿਕਾਰ ਕੋਈ ਨਹੀਂ। ੨. ਨਾਮ ਰੂਪ ਦਾ ਕਰਤਾ। ੩. ਜਿਸ ਵਿਚ 'ਆਮ' ਨਹੀਂ, ਜੋ 'ਆਮ ਖਾਸ ਵਿਸ਼ੇਸ਼ਣਾਂ ਤੋਂ ਮੁਬੱਰਾ ਹੈ।

ਲਖਾਜਕ ਨਾਮ ਨੂੰ ਅਰਬੀ ਫਾਰਸੀ ਵਾਲੇ 'ਜ਼ਾਤੀ ਨਾਮ' ਆਖਦੇ ਹਨ ਅਤੇ ਕਿਰਤਮ ਨਾਮ ਨੂੰ 'ਸਿਫ਼ਾਤੀ ਨਾਮ'।

੫. ਤ੍ਰਿਭਵਣ ਦੇ ਪਦਾਰਥਾਂ, ਥਾਵਾਂ, ਵਸਤਾਂ, ਜੀਵ ਜੰਤਾਂ ਆਦਿ ਦੇ ਵੀ ਜੋ ਨਾਮ ਹਨ ਪਰਿਣਾਮੀ ਹਨ, ਕਿਉਂਕਿ ਜਿਨ੍ਹਾਂ ਦੇ ਏਹ ਨਾਮ ਹਨ ਓਹ ਆਪ ਸਾਰੇ ਪਰਿਣਾਮੀ ਹਨ, ਅਰਥਾਤ ਇਕ ਰਸ ਨਹੀਂ ਰਹਿੰਦੇ। ਓਹ ਆਪਣੇ ਰੂਪ ਵਿਚ ਤੇ ਨਾਮ ਵਿਚ ਸਦਾ ਥਿਰ ਨਹੀਂ ਹਨ, ਅਕਸਰ ਉਨ੍ਹਾਂ ਨੂੰ ਨਾਸ਼ ਰੂਪ ਕਹਿਕੇ ਮਿਥਿਆ ਆਖਦੇ ਹਨ।

੬. ਪਰ ਪਰਮੇਸ਼ੁਰ ਅਬਦਲ ਹੈ, ਅਵਿਨਾਸ਼ ਹੈ, ਅਰਥਾਤ ਸਦਾ 'ਸਤਿ' ਹੈ, ਇਸ ਕਰਕੇ ਉਸ ਦਾ ਨਾਮ ਬੀ 'ਸਤਿ' ਹੈ। ਜੈਸਾ ਕਿ ਇਥੇ ਮੁੱਢ ਵਿਚ ਹੀ 'ਸਤਿ ਨਾਮ' ਕਿਹਾ ਹੈ ਕਿ ਉਸ ਦਾ ਨਾਮ ਸਤਿ ਹੈ। ਫਿਰ ਅਗੇ ਚੱਲਕੇ ਚੌਥੀ ਪਉੜੀ ਵਿਚ ਗੁਰੂ ਜੀ ਨੇ ਆਖਿਆ ਹੈ-**ਸਾਚਾ ਸਾਹਿਬੁ ਸਾਚੁ ਨਾਇ॥** ਸਾਹਿਬ ਆਪ ਸੱਚਾ ਹੈ, ਉਸ ਦਾ ਨਾਮ ਬੀ ਸੱਚ ਹੈ **ਅੰਮ੍ਰਿਤ ਵੇਲਾ ਸਚੁ ਨਾਉ॥** ਫਿਰ ਫੁਰਮਾਯਾ:-

ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ॥ (ਗਉ: ਮ:੧, ਛੰਤ-੨)

ਪੁਨਾ- **ਨਿਰਭਉ ਨਿਰੰਕਾਰੁ ਸਚੁ ਨਾਮੁ॥** (ਵਾਰ ਆਸਾ ਮ: ੧-੫)

ਪੁਨਾ- **ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ॥** (ਵਡਹੰਸ: ਮ: ੩,ਛੰਤ-੪)

ਭਾਈ ਗੁਰਦਾਸ ਜੀ ਨੇ ਆਖਿਆ ਹੈ:-

ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥ (ਵਾਰ ੨੪-੧)

ਅਕਾਲ ਪੁਰਖ ਆਪ 'ਸਤਜ' ਹੈ। ਮਾਨੁਖ ਸਰੀਰ ਵਿਚ ਜੋ ਸੁਧ ਚੇਤਨ ਹੈ ਉਹ ਓਸੇ ਦੀ ਅੰਸ਼ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੌਂਡ ਕਬੀਰ ਜੀ)

ਜੈਸੇ ਉਹ ਅੰਸ਼ੀ-ਪਰਮਾਤਮਾ ਆਪ ਅਮਰ ਅਰਥਾਤ ਅਮਿਟ ਹੈ, ਤਿਵੇਂ ਇਹ ਅੰਸ਼ ਅਮਿਟ ਅਰਥਾਤ ਅਮਰ ਹੈ। 'ਸੱਤਜ' ਅੰਸ਼ੀ ਦੀ 'ਅੰਸ਼' ਸਤਜ ਹੈ [੧], 'ਨਾਮ' ਗੁਰਬਾਣੀ ਅਨੁਸਾਰ ਦੋਹਾਂ ਦਾ ਮੇਲਣਹਾਰ ਹੈ ਅਰਥਾਤ ਦੋਹਾਂ ਦੇ ਵਿਚਾਲੇ ਮੇਲਣਹਾਰ ਸੱਤਜ ਹੈ। ਦੋ ਸਤਜ ਵਸਤੂਆਂ ਦੀ ਮੇਲਣਹਾਰ ਵਸਤੂ ਸਤਜ ਦੇ ਸਿਵਾ ਹੋਰ ਕੀਹ ਹੋ ਸਕਦੀ ਹੈ?

ਗੁਰਬਾਣੀ ਅਨੁਸਾਰ ਵਾਹਿਗੁਰੂ ਜੀ ਆਖਦੇ ਹਨ ਕਿ ਮੈਂ ਨਾਮ ਦੇ ਵਿਚ ਆਪ ਵਸਦਾ ਹਾਂ:-

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ॥ (ਸਿਰੀ ਰਾਗੁ ਮ:੧ ਅਸਟ-੪)

ਫਿਰ ਗੁਰੂ ਜੀ ਨੇ ਫੁਰਮਾਇਆ ਹੈ -**ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥** (ਸੁਖਮਨੀ, ੧-੮)

੭. ਜਿਸ ਤਰ੍ਹਾਂ ਗੁਰਬਾਣੀ ਨੇ ਨਿਰੰਕਾਰ ਨੂੰ ਨਿਰੰਜਨ, ਅਗੰਮ, ਅਗੋਚਰ ਤੇ ਅਲਖ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ ਇਸੀ ਤਰ੍ਹਾਂ 'ਨਾਮ' ਨੂੰ ਭੀ ਕੀਤਾ ਹੈ, ਯਥਾ:-

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥ (ਵਡ: ਮ: ੩-ਛੰਤ-੪)

ਫੇਰ ਫੁਰਮਾਇਆ ਹੈ:-

ਨਾਮੁ ਨਿਰੰਜਨੁ ਅਲਖੁ ਹੈ ਕਿਉ ਲਖਿਆ ਜਾਈ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥ (ਸਾਰੰਗ ਵਾਰ ਮ:੪-੧੩)

ਪਹਿਲੀ ਤੁਕ ਵਿਚ ਕਿਹਾ ਸੀ ਕਿ ਨਾਮ ਨਿਰੰਜਨ ਹੈ, ਅਗਮ ਹੈ, ਅਗੋਚਰ ਹੈ।

ਇਨ੍ਹਾਂ ਤੁਕਾਂ ਵਿਚ ਦੱਸਿਆ ਹੈ ਕਿ ਨਿਰੰਜਨ ਦਾ ਨਾਮ ਪਰਮਾਤਮ ਦੇਵ ਦੀ ਤਰ੍ਹਾਂ ਅਲਖ ਹੈ,

---

[੧]ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ (ਮਾਰੂ ਵਾਰ ਮ: ੫-੧੭)
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ (ਮਾਰੂ ਵਾਰ ਮ: ੫-੧੮)

ਫੇਰ ਉਹ ਸਭ ਥਾਂ ਪਰਮਾਤਮਾ ਦੀ ਤਰ੍ਹਾਂ ਵਿਆਪਕ ਹੈ, ਇਕ ਦੇਸ਼ੀ ਨਹੀਂ, ਵਿਆਪਕ ਹੋਣ ਕਰਕੇ ਸਭ ਦੇ ਨਾਲ ਹੈ। ਫਿਰ ਉਹ ਵਿਆਪਕ ਹੋਣ ਕਰਕੇ ਸਭ ਦੇ ਹਿਰਦੇ ਵਿਚ ਹੈ, ਜੋ ਪੂਰਾ ਗੁਰੂ ਜਗਜਾਸੂ ਦੇ ਹਿਰਦੇ ਵਿਚ ਵਸ ਰਿਹਾ ਦਿਖਾ ਦੇਂਦਾ ਹੈ। ਫਿਰ ਫੁਰਮਾਉਂਦੇ ਹਨ:-

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥ (ਮਾਝ ਮ: ੩, ਅਸਟ-੫)

ਅਰਥਾਤ ਦੇਹ ਦੇ ਅੰਦਰ ਬਹੁਤ ਪਸਾਰਾ ਹੈ, ਉਹ ਵਿਆਪਕ ਨਾਮ ਦੇਹੀ ਦੇ ਅੰਦਰ (ਮਨ ਵਿਚ ਮੌਜੂਦ) ਹੈ। ਇਥੇ ਫੇਰ ਨਾਮ ਨੂੰ ਨਿਰੰਜਨੁ ਤੇ ਅਗਮ ਅਪਾਰ ਆਖਿਆ ਹੈ[1]।

ਇਨ੍ਹਾਂ ਪ੍ਰਮਾਣਾਂ ਦੀ ਵੀਚਾਰ ਤੋਂ ਸਿੱਧ ਹੁੰਦਾ ਹੈ, ਕਿ ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ। ਉਸੇ ਵਾਂਙੂ ਮਾਇਆ ਰਹਿਤ ਹੈ ਤੇ ਉਸੇ ਵਾਂਙੂ ਹੀ ਅਲਖ ਹੈ। ਫਿਰ ਇਹ ਇਨਸਾਨੀ ਹਿਰਦੇ ਵਿਚ ਵੀ ਵਜਾਪਕ ਹੈ। ਉਸਨੂੰ ਲੱਖਣਾ ਹੈ ਤੇ ਲੱਖਤਾ ਗੁਰੂ ਤੋਂ ਮਿਲਦੀ ਹੈ। ਜੋ ਉਸ ਨੂੰ ਹਿਰਦੇ ਵਿਚ (ਦਿਖਾ) ਲਖਾ ਦੇਵੇਗਾ। ਗੁਰੂ ਕਿਸ ਤਰ੍ਹਾਂ ਦਿਖਾਲਦਾ ਹੈ-ਗੁਰ ਪ੍ਰਸਾਦਿ ਨਾਲ ਤੇ ਅਪਣੇ ਦੱਸੇ ਨਾਮ ਅਭਜਾਸ ਨਾਲ। ਇਸ ਤੋਂ ਪਤਾ ਚਲਿਆ ਕਿ ਸਾਡਾ 'ਨਾਮ ਸਿਮਰਣ' ਸਾਨੂੰ ਉਸ ਵਜਾਪਕ ਤੇ ਹਿਰਦੇ ਅੰਦਰ ਵਸਦੇ ਵਜਾਪਕ ਨਾਮ ਨਾਲ ਜੋੜ ਦੇਵੇਗਾ[2]; ਗੋਯਾ ਵਿਆਪਕ ਨਾਮ ਤੇ ਸਿਮਰਿਆ ਜਾ ਰਿਹਾ ਨਾਮ ਦੁਹਾਂ ਦਾ ਸੰਗਮ ਹੁੰਦਾ ਹੈ ਤੇ ਉਹ ਸੰਗਮ ਬੀ ਨਾਮ ਹੀ ਕਹੀਦਾ ਹੈ।

੮. ਇਸ ਤੋਂ ਪਤਾ ਲਗਾ ਕਿ ਨਾਮ ਨਿਰਾ ਸੰਗਜਾ ਮਾਤ੍ਰ ਨਹੀਂ, ਨਾਮ ਜਪ ਹੈ। ਨਾਮ ਸਿਮਰਣ ਹੈ ਨਾਮ ਲਿਵ ਹੈ, ਨਾਮ ਵਜਾਪਕ ਨਾਮ ਵਿਚ ਪਹੁੰਚ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਨਾਮੀ ਦੀ ਅਭੇਦਤਾ ਹੈ। ਅਰਥਾਤ ਨਾਮ ਪ੍ਰੇਮੀ ਨਾਮੀ (=ਵਾਹਿਗੁਰੂ) ਨੂੰ ਪ੍ਰਾਪਤ ਹੋ ਜਾਂਦਾ ਹੈ।

ਯਥਾ-**ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥** "(ਸੂਹੀ ਮ:੩ ਅਸ਼ਟ:੨)

ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਦਜਾ ਹੈ, ਜੋ ਜਗਜਾਸੂ ਦੀ ਈਸ਼੍ਵਰ ਪ੍ਰਾਪਤੀ ਦੀ ਅਕਾਂਖਜਾ ਤੋਂ ਲੈਕੇ, ਜਪ ਤੋਂ ਆਰੰਭ ਹੋਕੇ, ਸਾਈਂ ਮਿਲਾਪ ਤਕ ਲੈ ਜਾਂਦੀ ਹੈ। ਸਾਈਂ ਦੀ ਸਿਫਤ ਸਲਾਹ, ਕੀਰਤਨ, ਉਸ ਅਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦੇਂਦੇ, ਨਾਮ ਨੂੰ ਓਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ, ਤੇ ਇਸ ਸਾਧਨ ਨੂੰ ਜੀਵਤ ਸਾਧਨ ਬਣਾ ਦੇਂਦੇ ਹਨ ਅਤੇ ਸਾਧਕ ਨੂੰ ਬੀ ਜਿਵਾ ਦੇਂਦੇ ਹਨ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ (ਮਾਝ ਵਾਰ ਮ:੧--੧੦)

ਸੋ ਨਾਮ ਪ੍ਰੇਮ ਹੈ ਤੇ ਪ੍ਰੇਮ ਪ੍ਰਾਪਤੀ ਹੈ:-

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ (ਮਾਰੂ ਮਹਲਾ ੧, ਸੋਲਹਾ-੧੧)

---

[1]ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ॥ (ਮਾਝ ਮਹਲਾ ੩, ਅਸਟ-੨੯)

[2] ਇਸ ਵਜਾਪਕ ਨਾਮ ਨਾਲ ਮਿਲਾਪ ਦਾ ਪਤਾ ਸੁਖਮਨੀ ਸਾਹਿਬ ਵਿਚ ਐਉਂ ਦਿਤਾ ਹੈ:-
ਨਾਮ ਕੇ ਧਾਰੇ ਸਗਲੇ ਜੰਤ॥ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ (ਸੁਖਮਨੀ, ੧੬-੫)

ਭਾਵ ਇਹ ਕਿ ਇਕ ਨਾਮ ਹੈ ਜੋ ਵਜਾਪਕ ਹੈ, ਉਹ ਸਭ ਨੂੰ ਧਾਰ ਰਿਹਾ ਹੈ। ਜੋ ਜਗਜਾਸੂ ਸੁਣਕੇ ਸਿਮਰਣ ਵਾਲੇ ਨਾਮ ਵਿਚ ਲਗ ਜਾਏਗਾ ਉਸ ਨੂੰ ਪਰਮਾਤਮਾ ਆਪਣੇ ਇਸ ਨਾਮ ਵਿਚ ਲਾ ਲਵੇਗਾ। ਓਹ ਪੁਰਖ ਚੌਥੇ ਪਦ ਵਿਚ ਪਹੁੰਚ ਜਾਏਗਾ ਤੇ ਮੁਕਤੀ ਪਾ ਲਏਗਾ।

ਪੁਨਾ- **ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥** (ਅਕਾਲ ਉਸਤਤ)

('ਸਤਿਨਾਮੁ') – 'ਸਤਿ' ਤੇ 'ਨਾਮ' ਦੀ ਵਖਰੀ ਵਖਰੀ ਵਯਾਖਯਾ ਆ ਚੁਕੀ ਹੈ। ਗੁਰਬਾਣੀ ਵਿਚ 'ਸਤਿਨਾਮ' ਇਕੱਠਾ ਪਦ ਆਕੇ ਉਸ ਦੇ ਜਪਣ ਦੀ ਆਗਿਆ ਬੀ ਲਿਖੀ ਹੈ।

ਯਥਾ- **ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥** (ਧਨਾਸਰੀ ਮ:੪-੧੨)

ਤਥਾ- **ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥** (ਸੂਹੀ ਮ: ੧-੧)

ਭਾਈ ਗੁਰਦਾਸ ਜੀ ਲਿਖਦੇ ਹਨ:-

ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥ (ਵਾਰ ੨੪-੧)

ਹੁਣ ਨਿਰੰਕਾਰ ਦੇ ਸਰੂਪ ਨੂੰ ਲਖਾਉਣ ਵਾਲੇ ਤਟੱਸਥ ਲਖਣ ਕਹਿੰਦੇ ਹਨ:

('ਕਰਤਾ')–ਸੰਸਕ੍ਰਿਤ-ਕਰ੍ਤ੍ਰੀ = ਕਰਨੇ ਵਾਲਾ, ਸਾਜਣੇ ਵਾਲਾ, ਰਚਣੇ ਵਾਲਾ।

ਪ੍ਰਾਕ੍ਰਿਤ, ਹਿੰਦੀ ਤੇ ਪੰਜਾਬੀ ਵਿਚ ਇਸ ਪਦ ਦਾ ਰੂਪ ਹੈ-ਕਰਤਾ। ਪਦ 'ਕਰਤਾਰ' ਵੀ ਦੇਸ ਦੀਆਂ ਬੋਲੀਆਂ ਵਿਚ ਇਸੇ ਦਾ ਰੂਪ ਹੈ। ਕਰਨਹਾਰ ਰਚਨਹਾਰ ਦੇ ਅਰਥਾਂ ਵਿਚ ਇਹ ਕਰਤਾ ਪਦ ਗੁਰਬਾਣੀ ਵਿਚ ਆਇਆ ਹੈ।

ਯਥਾ- **ਜਾ ਤੂੰ ਕਰਣਹਾਰੁ ਕਰਤਾਰੁ॥** (ਆਸਾ ਮਹਲਾ ੧-੩)

ਕਰਤੇ ਕੀ ਮਿਤਿ ਕਰਤਾ ਜਾਣੈ॥ (ਰਾਮ: ਮਹਲਾ: ੧, ਦਖ: ਓਅੰ:-੩)

ਕਰਤੇ ਕੀ ਮਿਤਿ ਨ ਜਾਨੈ ਕੀਆ॥ (ਗਉੜੀ ਮਹਲਾ: ੫, ਸੁਖਮਨੀ,੧੬-੭)

ਗੁਰਬਾਣੀ ਵਿਚ ਇਹ ਪਦ ਅਕਾਲ ਪੁਰਖ ਦੇ ਅਰਥਾਂ ਵਿਚ ਅਨੇਕਾਂ ਵਾਰ ਆਇਆ ਹੈ।

ਯਥਾ- **ਕਰਤਾ ਆਪਿ ਅਭੁਲੁ ਹੈ॥** (ਮਾਝ ਵਾਰ ਮ: ੧-੧੬)

ਇਹੋ ਪਦ ਅਕਾਲ ਪੁਰਖ ਦਾ 'ਸੰਬੋਧਨ' ਹੋਕੇ ਬੀ ਆਇਆ ਹੈ-ਹੇ ਅਕਾਲ ਪੁਰਖ! ਯਥਾ-

ਕਰਤਾ ਤੂੰ ਸਭਨਾ ਕਾ ਸੋਈ॥ (ਆਸਾ ਮਹਲਾ ੧-੩੯)

ਜਿਥੇ ਇਹ ਪਦ ਮੂਲ ਮੰਤ੍ਰ ਵਿਚ ਪਿਆ ਹੈ ਓਥੇ ਇਹ ਨਿਰੰਕਾਰ ਦਾ ਤਟੱਸਥ ਲੱਛਣ ਹੋਕੇ ਆਇਆ ਹੈ ਤੇ ਕਿਰਤਮ ਨਾਮ ਹੋ ਕੇ ਪਿਆ ਹੈ। ਸੰਸਾਰ ਦੀ ਰਚਨਾ ਕਰਨੇ ਕਰਕੇ ਨਿਰੰਕਾਰ ਦਾ ਇਹ ਨਾਮ 'ਕਰਤਾ' ਪਿਆ।

ਕਰਤਾ ਦੋ ਪ੍ਰਕਾਰ ਦੇ ਹੁੰਦੇ ਹਨ:-

੧. ਜੋ ਕਿਸੇ ਪਦਾਰਥ ਤੋਂ ਲੈਕੇ ਕੁਛ ਬਨਾਉਣ, ਜੈਸੇ ਘੁਮਿਆਰ ਮਿਟੀ ਤੋਂ ਘੜਾ ਬਣਾ ਦੇਂਦਾ ਹੈ।

੨. ਉਹ ਜੋ ਅਪਣੇ ਆਪ ਤੋਂ ਕੁਛ ਬਣਾ ਦੇਣ, ਜਿਕੂੰ ਡੋਰਾ ਅਪਣੇ ਆਪ ਤੋਂ ਜਾਲਾ ਬਣਾ ਲੈਂਦਾ ਹੈ। ਜਿਵੇਂ ਸੁਪਨੇ ਵਿਚ ਗਿਆ ਮਨੁਖ ਆਪਣੇ ਆਪ ਤੋਂ ਰਚਨਾ ਰਚ ਲੈਂਦਾ ਹੈ। ਅਕਾਲ ਪੁਰਖ ਦੂਸਰੀ ਭਾਂਤਿ ਦਾ ਕਰਤਾ ਹੈ, ਪਰ ਫਰਕ ਇਹ ਹੈ ਕਿ ਡੋਰਾ ਪਦਾਰਥ ਅਪਣੇ ਸਰੀਰ ਤੋਂ ਬਣਾਉਂਦਾ ਹੈ, ਪਰ ਅਕਾਲ ਪੁਰਖ ਅਪਣੀ ਆਤਮ ਸਤਯਾ ਮਾਤ੍ਰ ਤੋਂ, ਅਪਣੇ ਹੁਕਮ ਮਾਤ੍ਰ ਨਾਲ ਯਾ ਵਾਕ ਕਰਨੇ ਨਾਲ ਦ੍ਰਿਸ਼ਯ ਅਦ੍ਰਿਸ਼ਯ ਜਗਤ ਰਚ ਦੇਂਦਾ ਹੈ। ਜੈਸੇ

ਕੀਤਾ ਪਸਾਉ ਏਕੋ ਕਵਾਉ॥ (ਜਪੁਜੀ-੧੬)

ਹੁਕਮੀ ਹੋਵਨਿ ਆਕਾਰ॥ (ਜਪੁਜੀ-੨)

'ਕਰਤਾ' ਫਿਰ ਇਕ ਹੋਰ ਤਰ੍ਹਾਂ ਬੀ ਦੋ ਪ੍ਰਕਾਰ ਦੇ ਹਨ-ਇਕ ਓਹ ਜਿਨ੍ਹਾਂ ਦਾ ਕ੍ਰਿਤ ਕਰਕੇ ਕੀਤੀ ਹੋਈ ਵਿਚ ਕੋਈ ਦਖਲ ਨਹੀਂ ਰਹਿੰਦਾ ਜਿਵੇਂ ਰਾਜ ਦਾ ਘਰ ਉਸਾਰ ਕੇ ਘਰ ਉਤੇ ਕੋਈ ਦਖਲ ਨਹੀਂ ਰਹਿੰਦਾ। ਦੂਜੇ ਓਹ ਜੋ ਕੀਤੀ ਉਤੇ ਰਹਿੰਦੇ ਹਨ ਜਿਵੇਂ ਡੋਰੇ ਦਾ ਅਪਣੇ ਰਚੇ ਜਾਲੇ ਉਤੇ ਰਹਿਣਾ।

ਵਾਹਿਗੁਰੂ ਨੂੰ ਗੁਰੂ ਜੀ ਨੇ ਦੂਜੀ ਪ੍ਰਕਾਰ ਦਾ ਕਰਤਾ ਦੱਸਣ ਲਈ 'ਕਾਦਿਰੁ ਕਰਤਾ' ਕਿਹਾ ਹੈ, ਯਥਾ:-

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ [1] (ਵਾਰ ਆਸਾ ਮ:੧-੩)

ਪੁਨਾ:- **ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ॥** (ਵਾਰ ਆਸਾ ਮ: ੧-੮)

ਰਚਣਹਾਰ ਤੇ ਕਾਦਰ ਹੋਣ ਕਰਕੇ ਪਾਲਣਹਾਰ ਉਸ ਦਾ ਬਿਰਦ ਹੋ ਜਾਂਦਾ ਹੈ। ਇਸ ਕਰਕੇ ਗੁਰੂ ਜੀ ਨੇ ਕਾਦਰ ਕਰਤਾ ਤੇ ਨਾਲ ਉਸ ਨੂੰ 'ਦਾਤਾ ਕਰਤਾ' ਬੀ ਦੱਸਿਆ ਹੈ:-

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ (ਵਾਰ ਆਸਾ ਮ: ੧-੧)

ਕਰਤਾ ਪਦ ਤੋਂ ਇਕ ਹੋਰ ਵੀਚਾਰ ਬੀ ਤੁਰ ਪੈਂਦੀ ਹੈ:- ਕਰਤਾ ਦਾ ਬਿਰਦ 'ਪਾਲਣਹਾਰ' ਤਾਂ ਹੁੰਦਾ ਹੈ ਪਰ ਨਾਲ ਹੀ 'ਸਿਖਾਵਣਹਾਰ' ਬੀ ਉਸੇ ਦਾ ਬਿਰਦ ਬਣ ਜਾਂਦਾ ਹੈ। ਸਾਜੇ ਤੇ ਪਾਲੇ ਨਾ ਤਾਂ ਸਾਜਿਆ ਝਟ ਪਟ ਮਰ ਵੰਞਸੀ ਤੇ ਜੇ ਮਤਿ ਨ ਦੇਵੇ ਤਾਂ ਰੁਲ ਜਾਸੀ। ਸੋ ਸਿਖਾਵਣਾ ਯਾ ਉਪਦੇਸ਼ ਦੇਣਾ, ਉਸ ਕਰਣਹਾਰ ਦਾ ਪਿਤਾ ਸਮਾਨ ਹੋਣ ਕਰਕੇ ਬਿਰਦ ਹੈ ਜੋ ਗੁਰੂ ਜੀ ਨੇ ਐਉਂ ਲਖਾਇਆ ਹੈ:-

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥ (ਸੋਰਠ ਮ: ੫-੬੨)

ਪਿਤਾ ਦੇ ਨਾਲ ਸਿਖਾਵਣਹਾਰ ਹੋਣ ਕਰਕੇ ਉਸ ਨੂੰ 'ਗੁਰੂ' ਆਖਿਆ:-

ਹਰ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥ (ਆਸਾ ਮ: ੪ ਛੰਤ-੧੦)

ਪੁਨਾ:- **ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥** (ਬਿਲਾ: ਮ: ੪-੫)

ਦੁਨੀਆਂ ਦੇ ਪੈਦਾ ਕਰਨ ਵਾਲੇ ਮਾਤਾ ਪਿਤਾ ਪਾਲਦੇ ਤੇ ਸਿਖ ਮਤਿ ਦੇਂਦੇ ਹਨ। ਪਰ ਉਹ ਬੁਧੀ ਜਿਸ ਨਾਲ ਕਿ 'ਸਤਿ' ਗ੍ਰਹਣ ਕਰਨਾ ਹੈ, ਦੇ ਦਾਤਾ ਨਹੀਂ ਹਨ। ਕੋਈ ਮਾਪੇ ਕਮਲੇ ਨੂੰ ਬੁਧੀ ਦਾਨ ਨਹੀਂ ਕਰ ਸਕਦੇ, ਪਰ ਕਰਤਾ ਪੁਰਖ ਬੁੱਧੀ ਦਾ ਦਾਤਾ ਯਾ ਰਚਨਹਾਰ ਬੀ ਹੈ। ਜੇ ਇਨਸਾਨ ਵਿਚ ਬੁਧੀ ਨਾ ਰਚੇ ਤਾਂ ਉਹ ਸਿਖਯਾ ਧਾਰਨ ਕਿਵੇਂ ਕਰੇ? ਇਸ ਲਈ ਕਰਤਾਰ ਨੂੰ ਬੁਧੀ ਦਾਤਾ ਬੀ ਕਿਹਾ ਹੈ:-

ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ॥ (ਬਿਲਾ: ਮ: ੧-੨)

ਈਸ਼੍ਵਰ ਨੂੰ ਕਰਤਾ ਕਹਿਣਾ ਇਹ ਸਿੱਧਾਂਤ ਬੀ ਪ੍ਰਗਟ ਕਰ ਦੇਂਦਾ ਹੈ ਕਿ ਗੁਰਮਤਿ ਦਾ ਈਸ਼੍ਵਰ ਯੋਗ ਦਰਸ਼ਨ ਵਾਲਾ ਈਸ਼੍ਵਰ ਨਹੀਂ ਜੋ ਜਗਤ ਦਾ ਕਰਤਾ ਨਹੀਂ ਹੈ, ਪਰ ਗੁਰਮਤਿ ਦਾ ਈਸ਼੍ਵਰ ਕਰਤਾ ਹੈ, ਕਾਦਿਰੁ ਕਰਤਾ ਹੈ ਅਤੇ ਦਾਤਾ ਕਰਤਾ ਹੈ। ਉਹ ਜੋ ਚਾਹੇ ਸੋ ਕਰ ਸਕਦਾ ਹੈ। ਯਥਾ:-

ਕਰਤਾ ਕਰੇ ਸੁ ਨਿਹਚਉ ਹੋਵੈ॥ (ਮਾਰੂ ਮਹਲਾ ੩ ਸੋਲਹੇ ੧੮-੫)

ਪੰਚਮ ਗੁਰੂ ਜੀ ਨੇ **ਓਪਤਿ ਕਰਤਾ ਪਰਲਉ ਕਰਤਾ** ਵਾਕ ਉਚਾਰਕੇ ਸਿਰਜਣਹਾਰ ਨੂੰ ਹੀ ਭੰਜਣਹਾਰ ਦੱਸਿਆ, ਮਾਨੋ ਕਰਤਾ ਪਦ ਵਿਚ ਉਤਪਤੀ ਕਰਤਾ ਤੇ ਸੰਹਾਰ ਕਰਤਾ ਦੁਇ ਭਾਵ ਲੈ ਲਏ।

ਸਾਧਨ ਪੱਖ- **ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਬਲਿਹਾਰੀ ਕੁਦਰਤਿ ਵਸਿਆ॥ ਕੁਦਰਤਿ ਕਰਿਕੈ ਵਸਿਆ ਸੋਇ॥** ਵਾਕ ਦੱਸਦੇ ਹਨ ਕਿ ਕਰਤਾ ਪੁਰਖ ਅਪਣੀ ਕੁਦਰਤ ਵਿਚ ਵਖ ਹੁੰਦਾ ਹੋਇਆ ਬੀ ਵਖ ਨਹੀਂ ਹੈ, ਵਿੱਚੇ ਵਸ ਰਿਹਾ ਹੈ, ਤੇ ਚਾਉ ਵਿਚ ਵਸ ਰਿਹਾ ਹੈ। ਉਸ ਚਾਉ ਦਾ ਪ੍ਰਕਾਸ਼ ਕੁਦਰਤ ਵਿਚ ਦੇ ਖੇੜੇ ਤੇ ਇਸ ਵਿਚ ਦੀ ਸੁੰਦਰਤਾ ਵਿਚ ਹੋ ਰਿਹਾ ਹੈ। ਯਥਾ:-

ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥

---

[1]ਮੂਲ ਮੰਤ੍ਰ ਦੇ ਆਦਿ ਵਿਚ ੧ਓਂ ਲਿਖਕੇ ਦੱਸਿਆ ਸੀ ਕਿ ਰਚਕੇ ਬੀ ਸਦਾ ਇਕ ਹੈ, ਉਹ ਇਸ ਤੁਕ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਉਹ ਏਕੰਕਾਰ ਕਰਤਾ ਹੋਕੇ ਬੀ, ਫਿਰ ਕਾਦਰ ਰਹਿਕੇ ਬੀ ਲਿਪਾਇਮਾਨ ਨਹੀਂ, ਦ੍ਵੈਤ ਵਿਚ ਦ੍ਵੈਤ ਨਹੀਂ। ਸਭ ਤੋਂ ਮੁਬੱਰਾ ਹੈ, ਭਾਵ ਇਕ ਦਾ ਇਕ ਹੀ ਹੈ, ਯਥਾ:-"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥" (ਵਾਰ:ਆਸਾ ਮ: ੧-੩)

ਰਾਜਾ ਰਾਮੁ ਮਉਲਿਆ ਅਨਤ ਭਾਇ॥ (ਬਸੰਤ ਕਬੀਰ-੧)

ਪੁਨਾ:- **ਪ੍ਰਭ ਕੀ ਜੋਤਿ ਸਗਲ ਘਟ ਸੋਹੈ॥** (ਗਉ: ਮ: ੫ ਸੁਖਮਨੀ੧੫-੧)

ਫਿਰ ਕੁਦਰਤ ਵਿਚ ਹਿਸਾਬ ਹੈ, ਵਿਉਂਤ ਹੈ, ਇਸ ਤਰ੍ਹਾਂ ਕੁਦਰਤ ਦੇ ਖੇੜੇ ਦੀ ਛੋਹ ਤੇ ਹਿਸਾਬ ਵਿਉਂਤ ਆਦਿ ਦੀ ਵੀਚਾਰ ਕਾਦਰ ਦਾ ਪਤਾ ਦੇਂਦੀ ਤੇ ਵਿਸਮਾਦੀ ਝਲਕ ਲਾਕੇ ਕਰਤੇ ਉਤੇ ਮੋਹਿਤ ਕਰਦੀ ਹੈ, ਪੰਜਵੇਂ ਸਤਿਗੁਰ ਨੇ ਫੁਰਮਾਇਆ ਹੈ:- **ਕਰਤੇ ਕੁਦਰਤੀ ਮੁਸਤਾਕੁ॥** (ਤਿਲੰਗ ਮ: ੫-੫)

ਪੁਨਾ:- **ਕੁਦਰਤਿ ਦੇਖਿ ਰਹੇ ਮਨੁ ਮਾਨਿਆ॥** (ਮਾਰੂ ਮ: ੧ ਸੋਲਹੇ-੨੨)

ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ:

ਵੇਖਿ ਵਿਡਾਣੁ ਰਹਿਆ ਵਿਸਮਾਦੁ॥ (ਵਾਰ ਆਸਾ ਮ: ੧-੩)

ਮੈਂ ਕੁਦਰਤ ਵਿਚ ਵਿਸਮਾਦ ਵੇਖ ਵੇਖਕੇ ਵਿਸਮਾਦ ਹੋ ਰਿਹਾ ਹਾਂ ਕਿਉਂਕਿ:-

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥ (ਵਡ: ਮ: ੫-੮)

ਕੁਦਰਤ ਵੇਖਕੇ ਇਹ ਸੁਖ ਲੈਣਾ ਹੈ ਜੋ ਕਾਦਰ ਦੀ ਸਿਫਤ ਸਲਾਹ ਵਿਚ ਵੱਸਣਾ ਹੈ। ਕੁਦਰਤ ਦੇ ਮੋਹਤਿ ਕਰ ਲੈਣ ਵਾਲੇ ਧਨ, ਧਾਮ, ਸਾਕ, ਸੈਨ, ਪਤਿ, ਅਬਰੋ ਆਦਿ ਵਿਚ ਖਚਿਤ ਹੋਕੇ ਕਰਤਾ ਪੁਰਖ ਨੂੰ ਭੁਲਾ ਦੇਣ ਦਾ ਅਸਰ ਗੁਰੂ ਜੀ ਨੇ ਵਰਜਿਤ ਕੀਤਾ ਹੈ, ਕਿਉਂਕਿ ਉਹ ਸਦਗਤੀ ਦਾ ਬਾਧਿਕ ਹੈ[1]। ਤਾਂ ਤੇ ਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਕਿ ਕੀਤੇ ਨੂੰ ਨਾ ਸਾਲਾਹੇ:-

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥ (ਸੂਹੀ ਮ: ੧ ਛੰਤ-੫)

ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ-**ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥**......

ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ॥ " (ਮਹਲਾ ੨ ਸਾਰੰਗ ਵਾਰ-੪)

ਪੰਜਵੇਂ ਸਤਿਗੁਰਾਂ ਨੇ ਫੁਰਮਾਇਆ ਹੈ:-

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥
ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ॥
ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥
ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ॥
ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥
ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥੫॥ (ਥਿਤੀ ਗਉ: ਮ: ੫)

ਫੇਰ ਕਬੀਰ ਜੀ ਨੇ ਫੁਰਮਾਇਆ:-

ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥ (ਗਉੜੀ ਕਬੀਰ ਬਾ: ਅ:-੧੨)

ਅਰਥਾਤ-ਇਹ ਰਚਨਾ ਦੀ ਤਸਵੀਰ ਬੜੀ ਸੁੰਦਰ ਹੈ, ਮੁਸ਼ਕਲ ਇਹੋ ਹੈ ਕਿ ਅਪਣੇ ਵਿਚ ਮੋਹ ਲੈਂਦੀ ਹੈ, ਦਾਰੂ ਇਹ ਹੈ ਕਿ ਇਸ ਦੇ ਮੋਹਨਹਾਰ ਅਸਰ ਤੋਂ ਬਚ ਜਾਓ ਤੇ ਇਸਦੇ ਚਿਤ੍ਰਨਹਾਰ ਵਿਚ ਚਿਤ ਲਾਓ ਕਿ ਉਹ ਕਿਤਨਾ ਵਧੀਕ ਸੁੰਦਰ ਹੋਇਆ ਜੋ ਐਸੀ ਸੁੰਦਰ ਰਚਨਾ ਰਚਦਾ ਹੈ। ਅਰਥਾਤ ਕਰਤਾਰ ਵਿਚ ਪ੍ਰੀਤ ਪਾਓ।

ਭਾਈ ਗੁਰਦਾਸ ਜੀ ਲਿਖਦੇ ਹਨ:-

ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ॥
ਨਾਰਿ ਭਤਾਰਿ ਪਿਆਰੁ ਕਰਿ ਪੁਤੁ ਪੋਤਾ ਪਿਉ ਦਾਦੁ ਵਖਾਣੈ॥....
ਅੰਤ ਕਾਲ ਜਮ ਜਾਲ ਵਿਚਿ ਸਾਥੀ ਕੋਇ ਨ ਹੋਇ ਸਿਵਾਣੈ॥ (ਵਾਰ : ਭਾ: ਗੁ: ੧੫-੭)

ਇਸੀ ਤਰ੍ਹਾਂ 'ਕਰਤਾ' ਕਹਿਣੇ ਵਿਚ ਕਰਤਾਰ ਦੇ ਕੀਤਿਆਂ ਵਡਕਿਆਂ ਨੂੰ ਯੋਗ ਸਨਮਾਨ

---

[1]ਦਾਤਿ ਪਿਆਰੀ ਵਿਸਰਿਆ ਦਾਤਾਰਾ॥ (ਧਨਾਸਰੀ ਮ: ੫-੨੨)

ਦੇਂਦਿਆਂ ਕਰਤਾ ਸਮਝਣਾ ਵਰਜਿਤ ਹੋ ਗਿਆ ਤੇ ਇਸੀ ਤਰ੍ਹਾਂ ਮਾਨੁਖ ਦੇ ਅਪਣੇ ਕੀਤਿਆਂ ਯਾ ਰਚਿਆਂ ਵਿਚ ਈਸ੍ਵਰ ਬੁਧੀ ਕਰਨੀ ਵਰਜਿਤ ਹੋ ਗਈ। ਕਿਉਂਕਿ:-

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥ (ਸਾਰੰਗ ਵਾਰ ਮ: ੨-੪)

ਇਸ ਗੁਰ ਵਾਕ ਵਿਚ ਇਹ ਪੱਖ ਬੀ ਵਿਚੇ ਆ ਜਾਂਦਾ ਹੈ।

ਬਿਨੁ ਕਰਤਾਰ ਨ ਕਿਰਤਮ ਮਾਨੋ॥ (ਸ਼ਬਦ ਹਜ਼ਾਰੇ ਪਾ: ੧੦)

('ਪੁਰਖੁ')- ਸੰਸਕ੍ਰਿਤ-ਪੁਰੁਸ਼, ਪੁਰ+ਸ਼=ਜੋ ਪੁਰ ਵਿਚ ਯਾ ਪੁਰ ਪੁਰ ਵਿਚ ਸੈਨ ਕਰ ਰਿਹਾ ਹੈ ਭਾਵ ਵਿਆਪਕ ਹੈ। ਜੇ ਪੁਰ ਦਾ ਭਾਵ ਸਰੀਰ ਲਈਏ ਤਾਂ ਸਰੀਰ ਵਿਚ ਨਿਵਾਸ ਕਰਨੇ ਵਾਲਾ ਅਰਥਾਤ ਜੀਵਾਤਮਾ। ਇਸ ਤੋਂ ਪੁਰੁਸ਼ ਦਾ ਅਰਥ 'ਮਾਨੁਖ', ਬੀ ਬਣ ਗਿਆ[1]। ਪੁਰੀ ਪੁਰੀ ਵਿਚ ਜੋ ਨਿਵਾਸ ਕਰਦਾ ਹੈ ਯਾ ਜਗਤ ਰੂਪੀ ਪੁਰ ਵਿਚ ਜੋ ਨਿਵਾਸੀ ਹੈ ਯਾ ਵ੍ਯਾਪਕ ਹੈ ਤਾਂ ਈਸ਼੍ਵਰ ਅਰਥ ਹੋ ਗਿਆ। ਅਕਸਰ ਦੋਹਾਂ ਅਰਥਾਂ ਵਿਚ ਇਹ ਪਦ ਵਰਤੀਂਦਾ ਆਇਆ ਹੈ। ਈਸ਼੍ਵਰ ਅਰਥ ਲਈ ਜੇ ਖੋਜ ਕਰੀਏ ਤਾਂ ਰਿਗਵੇਦ ਦੀ ਪੁਰੁਸ਼ ਸੂਕ੍ਤ ਵਿਚ ਜੋ ਕੁਛ ਲਿਖਿਆ ਹੈ ਉਸ ਦਾ ਭਾਵ ਇਹ ਹੈ-ਪੁਰੁਸ਼=ਈਸ਼੍ਵਰ, ਜਿਸ ਤੋਂ ਦ੍ਰਿਸ਼੍ਯ ਅਦ੍ਰਿਸ਼੍ਯ ਜਗਤ ਦੀ ਰਚਨਾ ਹੋਈ ਹੈ।

ਉਪਨਿਸ਼ਦਾਂ ਵਿਚ ਬੀ ਇਹ ਪਦ ਈਸ਼੍ਵਰ ਅਰਥਾਂ ਵਿਚ ਆਇਆ ਹੈ:-

ਦਿਵ੍ਯੋਹ੍ਯ ਮੂਰ੍ਤ: ਪੁਰੁਖ: ਸਬਾਹ੍ਯਾਭ੍ਯੰਤਰੋ ਹ੍ਯਜ:
ਅਪ੍ਰਾਣੋ ਹ੍ਯਮਨਾ: ਸ਼ੁਭ੍ਰੋਹ੍ਯ ਕਸ਼ਰਾ ਤ੍ਪਰਤ: ਪਰ:[2] (ਮੁੰਡਕ ਉਪਨਿਖਧ ੧-੩-੨)

ਸਾਂਖ ਦਰਸ਼ਨ ਵਿਚ ਇਹ ਪਦ ਕੁਛ ਜੀਵਾਤਮਾ ਯਾ ਰੂਹ ਦੇ ਅਰਥਾਂ ਵਿਚ ਆਇਆ ਹੈ। ਪੁਰੁਖ ਅਨੇਕ ਮੰਨੇ ਹਨ। ਯੋਗ ਨੇ ਇਸ ਵਾਂਙੂ ਪੁਰੁਖ ਤਾਂ ਅਨੇਕ ਮੰਨੇ ਹਨ ਪਰ ਇਕ 'ਪੁਰੁਖ-ਵਿਸ਼ੇਸ਼' ਮੰਨਿਆ ਹੈ। ਇਸ ਨੂੰ ਈਸ਼੍ਵਰ ਆਖਿਆ ਹੈ-ਪਰ ਇਸ ਪੁਰਖ ਵਿਸ਼ੇਸ਼ ਨੂੰ ਕਰਤਾ ਨਹੀਂ ਮੰਨਿਆ। ਗੁਰਬਾਣੀ ਵਿਚ ਇਹ ਪਦ:-

੧. ਮਾਨੁਖ ਅਰਥਾਂ ਵਿਚ ਆਇਆ ਹੈ।....**ਪੁਰਖਾਂ ਬਿਰਖਾਂ ਤੀਰਥਾਂ**....। (ਵਾ: ਆਸਾ ਮ: ੧-੮)

੨. ਨਰ ਅਰਥਾਂ ਵਿਚ ਆਇਆ ਹੈ-**ਬਿਨੁ ਪਿਰ ਪੁਰਖੁ ਨ ਜਾਣਈ॥** (ਸਿਰੀ ਮ:੧, ਅਸ:੨)

੩. ਮਹਾਨ ਵ੍ਯਕਤੀ ਵਾਲਾ ਇਨਸਾਨ ਪੂਰਨ (ਸਤਿਗੁਰੂ)-

ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ।....... (ਸੋਰਠਿ ਮ: ੪-੨)

੪. ਈਸ਼੍ਵਰ ਪਰਮੇਸ਼੍ਵਰ ਅਰਥਾਂ ਵਿਚ-**ਕਰਤੈ ਪੁਰਖਿ ਤਾਲੁ ਦਿਵਾਇਆ॥** (ਸੋਰਠਿ ਮ: ੫-੬੪)

੫. ਆਤਮਾ, ਜੀਵਾਤਮਾ-**ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ॥** (ਸੋਰਠ ਮ: ੪-੨)

ਅਰਥਾਤ ਗੁਰੂ ਪਾਇਆ ਤਾਂ ਆਤਮਾ ਪਰਮਾਤਮਾ ਨੂੰ ਮਿਲ ਪਿਆ।

ਪੁਰਖੁ=ਆਤਮਾ ਪੁਰਖੈ=ਪਰਮਾਤਮਾ ਨੂੰ।

੬. ਵਿਆਪਕ ਪਰਮੇਸ਼ਰ ਦੇ ਅਰਥਾਂ ਵਿਚ:-

ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ (ਆਸਾ ਮ:੪)

ਪੁਰਾਤਨਾਂ ਨੇ ਪੁਰੁਖ ਪਦ ਨਾਲ ਹੋਰ ਵਿਸ਼ੇਸ਼ਣ ਪਦ ਲਾਕੇ ਈਸ਼੍ਵਰ ਤੋਂ ਛੁਟ ਹੋਰ ਅਰਥ ਬੀ ਲਏ ਹਨ, ਜੈਸੇ ਵੈਸ਼ਨਵਾਂ ਨੇ ਪੁਰਖੁ+ਉਤਮ=ਪੁਰਖੋਤਮ ਤੋਂ ਵਿਸ਼ਨੂੰ ਅਰਥ

---

[1]ਅੰਗ੍ਰੇਜ਼ੀ ਦਾ ਪਦ ਪਰਸਨ (person) ਗ਼ਾਲਬਨ ਪੁਰਖ ਪਦ ਤੋਂ ਹੀ ਬਣਿਆ ਹੈ।

[2]ਅਰਥਾਤ-ਉਹ ਪ੍ਰਕਾਸ਼ ਸਰੂਪ, ਮੂਰਤ ਤੋਂ ਰਹਿਤ, ਪੁਰਖ਼ ਬਾਹਰ ਅੰਦਰ ਵਾਲਾ, ਜਨਮ ਤੋਂ ਰਹਿਤ, ਪ੍ਰਾਣਾਂ ਤੋਂ ਬਿਨਾ, ਮਨ ਤੋਂ ਰਹਿਤ, ਸੁਧ ਅਖਰ ਤੋਂ ਪਰੇ ਹੋਰ ਪਰੇ ਹੈ, ਆਦਿ।

ਲਏ[1]। ਜੋਗ ਨੇ ਪੁਰਖ ਵਿਸ਼ੇਸ਼ = ਤੋਂ 'ਈਸ਼੍ਵਰ' ਦੇ ਅਰਥ ਲਏ।

ਦਸਮ ਗੁਰੂ ਜੀ ਨੇ ਇਸ ਪਦ ਨਾਲ 'ਪਰਮ' ਲਾਕੇ ਇਸ ਤੋਂ ਪਰਮਾਤਮ ਦੇਵ ਦੇ ਅਰਥ ਲਏ-

ਮੈ ਹੋ ਪਰਮ ਪੁਰਖ ਕੋ ਦਾਸਾ॥ ਤਥਾ:-**ਪਰਮ ਪੁਰਖ ਕਿਨਹੂ ਨਹਿ ਪਾਇਓ॥** (ਬਚਿਤ੍ਰ ਨਾਟਕ

ਪੁਰਖ ਦਾ ਉਹੋ ਅਰਥ ਲਿਆ ਜੋ ਪਰਮ+ਈਸ਼੍ਵਰ=ਪਰਮੇਸ਼੍ਵਰ ਦਾ ਹੈ, ਯਥਾ-

ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪੌਨ ਅਹਾਰੀ॥ (ਸੋਰਠ ਪਾ: ੧੦)

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਤਿਗੁਰਾਂ ਨੇ ਵੀ ਪੁਰਖ ਨਾਲ ਵਿਸ਼ੇਸ਼ਣ ਪਦ ਲਾਏ:-

੧. ਅਕਾਲ ਪੁਰਖ=ਕਾਲ ਰਹਿਤ ਪਰਮਾਤਮਾ:-

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥ (ਮਾਰੂ ਮਹਲਾ ੧ ਸੋਲਹੇ-੧੮)

੨. (ੳ) ਆਦਿ ਪੁਰਖੁ=ਸਭ ਦੀ ਆਦਿ ਪਰਮਾਤਮਾ ਜੋ ਅਪਰੰਪਰ ਹੈ:-

ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ॥ (ਰਾਮਕਲੀ ਮ: ੧-੨)

(ਪੁਰਖ ਆਦਿ ਰਹਤ ਹੈ, ਪਰੇ ਤੋਂ ਪਰੇ ਹੈ)।

(ਅ) ਆਦਿ ਪੁਰਖ=ਸਭ ਦੀ ਆਦਿ ਹੈ, ਕਰਣ ਕਾਰਣ ਹੈ ਤੇ ਕਰਤਾਰ ਹੈ:-

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥ (ਸਵਯੇ ਮ: ੫, ਸ੍ਰੀ ਮੁਖ:)

ਆਦਿ ਪੁਰਖ ਕਾਰਣ ਕਰਤਾਰ॥ (ਗਉੜੀ ਮ: ੫ ਸੁਖਮਨੀ੨੦-੨)

(ੲ) ਆਦਿ ਪੁਰਖ=ਉਤਪਤੀ ਤੇ ਸੰਹਾਰ ਕਰਤਾ ਦੁਇ ਹੈ:-

ਆਦਿ ਪੁਰਖੁ ਅਪਰੰਪਰੁ ਆਪੇ॥ ਆਪੇ ਥਾਪੇ ਥਾਪਿ ਉਥਾਪੇ॥ (ਮਾਝ ਮ: ੪-੩੪)

(ਸ) ਆਦਿ ਪੁਰਖ=ਵ੍ਯਾਪਕ ਹੈ-ਕਰਤਾਰ ਹੈ, ਕਰਣ ਕਾਰਣ ਹੈ:-

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥ (ਸ੍ਰੀ ਮੁਖਬਾਕ ਸਵਯੇ ਮ: ੫)

(੩) ਪੁਰਖ ਨਿਰੰਜਨ=ਮਾਇਆ ਰਹਿਤ ਪਰਮਾਤਮਾ ਸਿਰਜਨਹਾਰ ਹੈ:-

ਪੁਰਖ ਨਿਰੰਜਨ ਸਿਰਜਨਹਾਰ॥ (ਭੈਰਉ ਮ: ੫-੪੩)

ਸੋ ਪਦ 'ਪੁਰਖ' ਅਕਾਲ, ਆਦਿ, ਨਿਰੰਜਨ, ਪਰਮ ਅਰ ਹੋਰ ਐਸੇ ਵਿਸ਼ੇਸ਼ਨਾਂ ਨਾਲ ਮਿਲਕੇ ਚਰਾਚਰ ਵਿਚ ਵਿਆਪਕ ਪ੍ਰਭੂ ਦੇ ਅਰਥ ਦੇਂਦਾ ਹੋਇਆ ਅਪਰੰਪਰ ਹੈ, ਫਿਰ ਕਰਤਾ ਹੈ, ਕਾਰਣ ਹੈ, ਤੇ ਸੰਹਾਰ ਕਰਤਾ ਬੀ ਹੈ।

ਸਾਧਨ ਪਖ- ਤੀਸਰੇ ਸਾਹਿਬਾਂ ਦਾ ਫੁਰਮਾਨ ਹੈ:-

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ॥ (ਵਡ: ਵਾਰ ਮ:੩-੧੫)

('ਕਰਤਾ ਪੁਰਖ')- ਮੂਲ ਮੰਤ੍ਰ ਵਿਚ ਸਤਿਗੁਰ ਜੀ ਨੇ 'ਕਰਤਾ' ਦੇ ਮਗਰੋਂ ਪਦ 'ਪੁਰਖ' ਰਖਿਆ। ਕਰਤਾਰ ਰਚਨਹਾਰ ਹੈ ਜੋ ਰਚਕੇ ਰਾਜ ਮਿਸਤ੍ਰੀ ਵਾਂਙੂ ਅਲਗ ਨਹੀਂ ਜਾ ਬੈਠਦਾ ਉਹ ਪੁਰਖ ਹੈ, ਕਰਤਾ ਹੋਕੇ ਅਪਣੀ ਕ੍ਰਿਤ ਵਿਚ ਵਿਆਪਕ ਹੈ। ਉਹ ਹੈ ਤਾਂ ਅਪਰੰਪਰ, ਪਰ ਪੁਰਖ (ਵ੍ਯਾਪਕ) ਬੀ ਹੈ। ਯਥਾ:-

ਬ੍ਯਾਪਤੁ ਦੇਖੀਐ ਜਗਤਿ[2]॥ (ਸਵਯੇ ਮ: ੫ ਸ੍ਰੀ ਮੁਖਬਾਕ੍-੧)

ਕਿਉਂਕਿ ਪੁਰਖ ਪਦ 'ਮਾਨੁਖ' ਅਰਥਾਂ ਵਿਚ ਆ ਚੁਕਾ ਸੀ, ਫੇਰ ਇਹ 'ਜਗਤ ਕਰਤਾਰਤਾ

---

[1]ਗੁਰਬਾਣੀ ਵਿਚ ਬੀ ਪੁਰਖੋਤਮ ਪਦ ਆਇਆ ਹੈ। ਯਥਾ-
"ਅਨਦ ਮੂਲੁ ਧਿਆਇਓ ਪੁਰਖੋਤਮੁ॥" (ਬਿਲਾਵਲ ਮਹਲਾ ੪-੬)
ਪੁਨਾ:-"ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ॥" (ਸਵਈਏ ਮ: ੪ ਕੇ -੫੦)
ਦੋਹੀਂ ਥਾਂਈਂ ਪੁਰਖੋਤਮ ਦਾ ਅਰਥ - ਅਕਾਲ ਪੁਰਖ ਹੈ।
[2] ਆਦਿ ਪੁਰਖ ਨੂੰ ਜਗਤ ਵਿਚ ਵਿਆਪਕ ਦੇਖੀਦਾ ਹੈ।

ਵਿਹੂਨ ਆਤਮਾ' ਦੇ ਅਰਥਾਂ ਵਿਚ ਨਿਯਤ ਕੀਤਾ ਜਾ ਚੁਕਾ ਸੀ, ਇਸ ਕਰਕੇ ਸ੍ਰੀ ਗੁਰੂ ਜੀ ਨੇ ਪੁਰਖ ਦੇ ਪਹਿਲੇ ਪਦ 'ਕਰਤਾ' ਰਖਿਆ ਤੇ ਕਰਤਾ ਦੀ ਵਿਆਪਕਤਾ ਦਰਸਾਉਣ ਲਈ 'ਪੁਰਖੁ' ਪਦ ਪਾਸ ਲਿਖਿਆ। ਫਿਰ 'ਪੁਰਖੁ' ਪਦ ਵਿਚ ਵਿਆਪਕਤਾ ਤੋਂ ਛੁਟ ਉਸ ਵਿਚ ਉਸ ਨੂੰ 'ਕਰਤਾ' ਆਖਕੇ ਸਰਬ ਸ਼ਕਤੀਮਾਨਤਾ ਦਿਖਲਾਈ। ਇਉ:-

ਪਦ 'ਪੁਰਖੁ' ਤੋਂ ਦੋ ਪਦ ਹੋਰ ਬਣੇ ਹਨ 'ਪੌਰਸ਼' ਤੇ 'ਪੁਰਖਾਰਥ', ਜਿਨ੍ਹਾਂ ਦੇ ਅਰਥ ਹਨ ਬਲਵਾਨਤਾ ਤੇ ਉੱਦਮ। ਪੁਰਖ ਪਦ ਵਿਚ ਏਹ ਦੁਏ ਭਾਵ ਮੌਜੂਦ ਹੋਣ ਕਰਕੇ ਏਹ ਦੋ ਪਦ ਬਣੇ । ਗੁਰੂ ਜੀ ਨੇ ਇਸੇ ਕਰਕੇ **'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ', ਨੂੰ 'ਤੁਧੁ ਜੇਵਡੁ ਅਵਰੁ ਨ ਕੋਈ॥'** ਆਖਕੇ ਉਸ ਦੀ ਸਰਬ ਸ਼ਕਤੀਮਾਨਤਾ ਦਰਸਾਈ ਹੈ। ਫਿਰ ਇਸ ਦੇ ਨਾਲ ਪਦ 'ਕਰਤਾ' ਰੱਖਕੇ ਸਰਬ ਸ਼ਕਤੀਮਾਨਤਾ ਹੋਰ ਪਰਪੱਕ ਕੀਤੀ; ਕਿਉਂਕਿ 'ਜਗਤ ਕਰਤਾ' ਪੂਰਨ ਬਲਵਾਨ ਤੇ ਸਰਬ ਸ਼ਕਤੀਮਾਨ ਹੋਏ ਬਿਨ ਹੋ ਨਹੀਂ ਸਕਦਾ। ਦਸਮੇਂ ਪਾਤਸ਼ਾਹ ਜੀ ਨੇ ਦੱਸਿਆ ਹੈ ਕਿ ਜਲ ਥਲ ਦੇ ਕਰਣਹਾਰ ਵਿਚ ਅਤਿ ਬਲ ਹੁੰਦਾ ਹੈ। ਯਥਾ-

ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸ਼ਟ ਜਲ ਥਲ ਕਰਣ॥੨॥　　(ਗਿਆਨ ਪ੍ਰਬੋਧ ਪਾ:੧੦-੩੨)

ਵੀਚਾਰ ਕਰੋ ਤਾਂ ਕਰਤਾ ਹੋਣੇ ਲਈ ਕਰਤਾ ਵਿਚ 'ਰਚਣ ਦੀ ਪ੍ਰਬੀਨਤਾ' ਲੋੜੀਦੀ ਹੈ, ਰਚਣੇ ਦਾ ਬਲ ਚਾਹੀਦਾ ਹੈ, ਰਚਨਾ ਦਾ ਸਾਮਾਨ ਲੋੜੀਦਾ ਹੈ, ਰਚਣੇ ਦਾ ਪ੍ਰਯੋਜਨ ਚਾਹੀਏ, ਫਿਰ ਰਚਨਾ ਵਿਚ ਤਰਤੀਬ, ਵਿਉਂਤ ਤੇ ਹਿਸਾਬ ਚਾਹੀਦਾ ਹੈ। ਫਿਰ ਉਸ ਵਿਚ ਰਚਣ ਤੋਂ ਬਾਦ ਉਸ ਨੂੰ ਸੰਭਾਲਣ ਲਈ ਰਚੀ ਹੋਈ ਵਿਚ ਮੌਜੂਦਗੀ ਅਰਥਾਤ ਵਿਆਪਕਤਾ ਦੀ ਸਤਤਾ ਤੇ ਅਧਿਸ਼ਠਾਨ ਰੂਪਤਾ ਦੀ ਆਵੱਸ਼ਕਤਾ ਹੈ ਅਰਥਾਤ ਸਦੈਵੀ ਪੌਰਖ ਚਾਹੀਦਾ ਹੈ। ਏਹ ਸਾਰੇ ਗੁਣ, ਸਾਮਾਨ ਤੇ ਬਲ ਕਰਤਾ ਪੁਰਖ ਵਿਚ ਹੈਨ ਸੋ 'ਕਰਤਾ ਪੁਰਖ' ਪਦ ਇਨ੍ਹਾਂ ਸਾਰਿਆਂ ਭਾਵਾਂ ਦਾ ਲਖਾਯਕ ਹੈ। ਪੰਚਮ ਗੁਰੂ ਜੀ ਨੇ ਦਸਿਆ ਹੈ[1]:-

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥
ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ
ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ॥　　(ਸਵਯੇ : ਸ੍ਰੀ ਮੁ: ਬਾਕ੍ : ਮ: ੫-੧)

('ਨਿਰਭਉ')- (ਸੰਸਕ੍ਰਿਤ-ਭੈ=ਡਰ। ਪ੍ਰਾਕ੍ਰਿਤ, ਭਉ। ਪੰਜਾਬੀ 'ਭੈ, ਭਉ' ਦੁਇ ਵਰਤੀਂਦੇ ਹਨ[2]। ਨਿਰ= ਬਿਨਾ। ਵਿਹੂਣਾ। ਰਹਿਤ)। ਨਿਰਭਉ= ਬਿਨਾ ਡਰ ਦੇ। ਬੇਡਰ। ਬੇ ਖੌਫ਼[3]।

ਨਿਰਭਉ ਆਖਣਾ ਇਕ ਹੋਰ ਢੰਗ ਦਾ ਤਟੱਸਥ ਲਛਣ ਹੈ ਜੋ ਅਵਗੁਣ ਕਿਸੇ ਇਕ ਵਿਚ ਨਹੀਂ

---

[1] ਚੌਥੇ ਗੁਰੂ ਜੀ ਨੇ ਰਾਗ ਆਸਾ ਵਿਚ 'ਸੋ ਪੁਰਖੁ' ਬਾਣੀ ਲਿਖੀ ਹੈ ਜਿਸ ਵਿਚ ਆਦਿ ਪੁਰਖ ਅਗੇ ਪ੍ਰਾਰਥਨਾ ਤੇ ਉਸ ਦੇ ਗੁਣ ਤੇ ਲੱਛਣ ਕਥਨ ਕੀਤੇ ਹਨ। 'ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥' ਪੁਨਾ: 'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥'　　(ਆਸਾ ਮ:੪ ਸੋ ਪੁਰਖੁ)

[2] ਭੈ ਦਾ ਪ੍ਰਾਕ੍ਰਿਤ ਰੂਪ ਭਉ ਹੈ। ਗੁਰਬਾਣੀ ਵਿਚ ਭੈ ਤੇ ਭਉ ਦੁਇ ਪਦ ਵਰਤੇ ਹੈਨ। ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ ਨਿਰਭਉ ਪਦ ਵਰਤਿਆ ਹੈ। ਆਸਾ ਦੀ ਵਾਰ ਵਿਚ ਬੀ ਨਿਰਭਉ ਪਦ ਵਰਤਿਆ ਪਰ ਉਸੇ ਸਲੋਕ ਵਿਚ ਭੈ ਪਦ ਬੀ ਵਰਤਿਆ ਹੈ। ਫੇਰ ਗਉੜੀ ਰਾਗ ਵਿਚ ਫੁਰਮਾਇਆ:- ਭੈ ਬਿਨੁ ਘਾੜਤ ਕਚੁ ਨਿਕਚ॥　　(ਗਉੜੀ ਮ:੧-੧)

ਸੋ ਭੈ ਤੇ ਭਉ ਬੋਲੀ ਜਾਣ ਵਾਲੀ ਭਾਸ਼ਾ ਵਿਚ ਦੋਏ ਵਰਤੇ ਜਾਂਦੇ ਹਨ। ਪੰਜਾਬੀ ਵਿਚ ਅਡ ਅਡ ਥਾਈਂ ਇਕੋ ਪਦ ਦੇ ਅਡ ਅਡ ਉਚਾਰਨ ਹਨ, ਜੈਸੇ ਕਿਤੇ ਬੋਲਦੇ ਹਨ 'ਸੈਂ ਜਾ' ਕਿਤੇ 'ਸਉਂ ਜਾ'। ਕਿਤੇ 'ਪੇ' ਕਿਤੇ 'ਪਿਉ'। ਕਿਤੇ ਸੈ=੧੦੦। ਕਿਤੇ ਸਉ=੧੦੦।

[3] ਹਿੰਦੁਸਤਾਨੀ ਸ਼ੈਕਸਪੀਰੀਅਨ ਕੋਸ਼ ਵਿਚ 'ਭੌ' ਪਦ ਨੂੰ 'ਭਯ' ਪਦ ਦੀ ਥਾਂ ਵਰਤੇ ਜਾਣ ਵਾਲਾ ਲਿਖਿਆ ਹੈ; ਅਰ ਸ਼ੁਧ ਲਿਖਿਆ ਹੈ, ਦੇਖੋ ਪੰਨਾ ੩੬੮। 'ਪਲੈਟ' ਨੇ ਬੀ ਅਪਣੀ ਹਿੰਦੁਸਤਾਨੀ ਡਿਕਸ਼ਨਰੀ ਵਿਚ ਸਫਾ ੧੯੪ ਤੇ ਭੌ=Fear ਪਦ ਦਿਤਾ ਹੈ।

ਤੇ ਹੋਰਨਾਂ ਵਿਚ ਹੈ ਉਸ ਦੀ ਅਣਹੋਂਦ ਦੱਸਕੇ ਜਣਾ ਦੇਣਾ। ਸਾਰੀ ਸ੍ਰਿਸ਼ਟੀ ਡਰ ਹੇਠ ਹੈ, ਇਕ ਡਰ ਤੋਂ ਰਹਿਤ ਕਰਤਾਰ ਹੈ, ਸੋ ਡਰ ਰਹਿਤ ਕਹਿਕੇ ਉਸ ਨੂੰ ਲਖਾ ਦੇਣੇ ਦਾ ਭਾਵ ਹੈ।

ਹੋਰਥੇ ਫੁਰਮਾਇਆ ਹੈ:-

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥ (ਮਾਰੂ ਮ:੫-੧)

ਸ੍ਰਿਸ਼ਟੀ ਤੋਂ ਹੀ ਨਹੀਂ, ਉਹ ਅਵਤਾਰਾਂ ਤੋਂ ਬੀ ਵਧ ਨਿਰਭਉ ਹੈ:-

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ (ਵਾਰ ਆਸਾ ਮ:੧-੪)

ਭਉ ਆਪਣੇ ਤੋਂ ਵਡੇ ਦਾ ਹੁੰਦਾ ਹੈ, ਉਸ ਤੋਂ ਵਡਾ ਹੋਰ ਕੋਈ ਹੈ ਨਹੀਂ, ਇਸ ਕਰਕੇ ਉਸ ਕਰਤਾ ਪੁਰਖ ਨੂੰ ਭਉ ਕਿਸਦਾ? ਉਹ ਇਕੋ ਤਾਂ ਹੈ ਜੋ ਸਭ ਤੋਂ ਉਪਰ ਹੈ ਤੇ ਸਦਾ ਸੱਤਜ ਹੈ, ਇਸ ਲਈ ਕਿਹਾ ਹੈ:-

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ (ਆਸਾ ਵਾਰ ਮ:੧-੪)

ਸਿਰਜੀ ਗਈ ਸ੍ਰਿਸ਼ਟੀ ਦੇ ਸਿਰ ਸਿਰਜਣਹਾਰ ਦਾ ਭਉ ਹੈ ਜੋ ਉਸ ਨੂੰ ਉਸ ਦੇ ਬੱਧੇ ਨਿਯਮਾਂ ਵਿਚ ਟੋਰਦਾ ਹੈ, ਜਿਸ ਦਾ ਉਲੰਘਣ ਉਨ੍ਹਾਂ ਲਈ ਅਸੰਭਵ ਹੈ, ਇਸ ਲਈ ਫੁਰਮਾਇਆ ਹੈ:-

ਸਗਲਿਆ ਭਉ ਲਿਖਿਆ ਸਿਰਿ ਲੇਖੁ॥ (ਵਾਰ ਆਸਾ ਮ: ੧-੪)

ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਨੂੰ ਬੀ ਕਿਹਾ ਜਾਂਦਾ ਹੈ, ਪਰ ਬ੍ਰਹਮਾਦਿਕ ਸਭ ਭੈ ਹੇਠ ਹਨ। ਇਸ ਕਰਕੇ ਗੁਰੂ ਜੀ ਨੇ ਕਰਤਾ ਪੁਰਖ ਆਖਕੇ ਨਿਰਭਉ ਆਖਿਆ ਕਿ ਕਰਤਾ ਪੁਰਖ ਬ੍ਰਹਮਾ ਨਹੀਂ ਹੈ, ਪਰ '੧ਓ' ਜੋ ਬ੍ਰਹਮਾ ਦਾ ਬੀ ਕਰਤਾ ਪੁਰਖ ਹੈ, ਯਥਾ:-

ਓਅੰਕਾਰਿ ਬ੍ਰਹਮਾ ਉਤਪਤਿ॥ (ਰਾਮਕਲੀ ਮ: ੧, ਦਖ: ਓਅੰਕਾਰ-੧)

ਫਿਰ ਭਉ ਬਰੱਬਰ ਦੇ ਦਾ ਭੀ ਹੁੰਦਾ ਹੈ, ਅਕਾਲ ਪੁਰਖ ਦੇ ਬਰੋਬਰ ਦਾ ਬੀ ਕੋਈ ਨਹੀਂ, ਇਸ ਕਰਕੇ ਨਿਰਭਉ ਹੈ,

ਯਥਾ:-**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡ ਅਵਰੁ ਨ ਕੋਈ॥** (ਆਸਾ ਮ: ੪-ਸੋ ਪੁਰਖੁ)

ਪੁਨਾ:-**ਏਕੋ ਕਉ ਨਾਹੀ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥** (ਬਿਲਾ: ਮ:੧-੩)

ਪੁਨਾ:-**ਤਿਸ ਤੇ ਊਪਰਿ ਨਾਹੀ ਕੋਇ॥ ਕਉਣੁ ਡਰੈ ਡਰੁ ਕਿਸਕਾ ਹੋਇ॥** (ਬਿਲਾ: ਮ:੩-ਥਿਤੀ)

ਇਥੇ ਇਕ ਸ਼ੰਕਾ ਹੋ ਸਕਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਤਾਂ ਭੈ-ਭਉ ਦਾ ਉਪਦੇਸ਼ ਹੈ? ਉੱਤਰ:-ਓਥੇ ਭਉ ਕਈ ਪ੍ਰਕਾਰ ਦਾ ਦੱਸਿਆ ਹੈ, ਇਕ ਹੈ ਖੋਟੇ ਕਰਮਾਂ ਦਾ,-ਜਦ ਖੋਟੇ ਕਰਮਾਂ ਦਾ ਭਉ ਪੈਂਦਾ ਹੈ, ਤਾਂ ਖੋਟੇ ਕਰਮ ਛੁਟਦੇ ਹਨ, ਅਰ ਇਸ ਯਤਨ ਵਿਚ ਕਰਤਾਰ ਦੀ ਸਹਾਯਤਾ ਦੀ ਲੋੜ ਪੈਂਦੀ ਹੈ, ਉਸ ਅਗੇ ਬੇਨਤੀ ਕਰੀਦੀ ਹੈ। ਜਿਸ ਕਰਕੇ ਖੋਟੇ ਕਰਮ ਛੁਟ ਜਾਂਦੇ ਹਨ, ਸ਼ੁਭ ਕਰਮ ਆ ਜਾਂਦੇ ਹਨ; ਅਰ ਪਰਮੇਸ਼ੁਰ ਨਾਲ ਹਿਤ ਹੋ ਜਾਂਦਾ ਹੈ, ਜੋ ਆਪ ਨਿਰਭੈ ਹੋਣੇ ਕਰਕੇ ਆਪਣੇ ਪ੍ਰੇਮੀ ਨੂੰ ਬੀ ਨਿਰਭੈ ਕਰਦਾ ਹੈ। ਯਥਾ:-'**ਭੈ ਤੇ ਨਿਰਭਉ ਹੋਇ ਬਸਾਨਾ॥**' (ਸੁਖਮਨੀ, ੧੭-੨)

ਇਹ ਭੈ ਨਿਰਭੈ ਹੋਣੇ ਦੀ ਪਉੜੀ ਹੈ। ਇਹ ਭੈ (ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ) ਖਰਾ ਭੈ ਹੈ ਤੇ ਵਾਸਤਵ ਵਿਚ, ਕੀਤੇ ਕਰਮਾਂ ਦੇ ਫਲ ਦਾ ਹੈ, ਜੋ ਭਜਨ ਕਰਨੇ ਲਈ ਉੱਦਮ ਦੇਂਦਾ ਹੈ, ਪਰ ਉਹ ਖੋਟਾ ਭੈ ਵਹਿਮ ਦਾ ਹੁੰਦਾ ਹੈ, ਜੋ ਬੁੱਧੀ ਨੂੰ ਮਲੀਨ ਕਰਦਾ ਹੈ। ਖਰਾ ਭੈ ਬੁੱਧੀ ਦੀ ਮਲ ਦੂਰ ਕਰਦਾ ਹੈ। ਖਰਾ ਭੈ ਪਰਮੇਸ਼ੁਰ ਦੇ ਨੇੜੇ ਲਿਆਉਂਦਾ ਹੈ, ਖੋਟਾ ਭੈ ਦੂਰ ਕਰਦਾ ਹੈ। ਖੋਟੇ ਨਾਲ ਅਗਯਾਨ ਵਧਦਾ ਹੈ। ਖਰੇ ਭੈ ਨਾਲ ਅਗਯਾਨ ਦੇ ਛੌੜ ਕਟੀਂਦੇ ਹਨ, ਇਹ ਖਰਾ ਭੌ ਨਿਰਭਉ ਪਦ ਵਿਚ ਲੈ ਜਾਂਦਾ ਹੈ:-

ਭੈ ਤੇ ਨਿਰਭਉ ਹੋਇ ਬਸਾਨਾ॥ (ਗਉੜੀ: ਸੁਖਮਨੀ, ੧੭-੨)

ਇਸ ਭੈ ਵਾਲੇ ਦਾ ਗਾਂਢਾ ਬੇਨਤੀ ਦ੍ਵਾਰਾ ਪਰਮੇਸ਼ੁਰ ਨਾਲ ਪੈ ਜਾਂਦਾ ਹੈ, ਜੋ ਅੰਤ ਉਪਾਸ਼ਕ ਨੂੰ ਇਹ ਕਹ ਦਿੰਦਾ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ (ਸਲੋਕ ਮ:੯

ਸਾਧਨ ਪੱਖ- ਮੂਲ ਮੰਤ੍ਰ ਦੇ ਭਾਵ ਸਮਝਣੇ ਵਾਲਾ ਜਗਜਾਸੂ ਜਦ ਅਪਣੇ ਉਪਾਸ਼ਜ ਕਰਤਾ ਪੁਰਖ ਵਿਚ ਨਿਰਭਉ ਦਾ ਭਾਵ ਸਮਝ ਕੇ ਉਪਾਸ਼ਨਾ, ਪ੍ਰੇਮ ਕਰੇਗਾ ਤਾਂ ਉਪਾਸ਼ਜ ਦੇਵ ਦੇ ਗੁਣ ਉਸ ਵਿਚ ਪ੍ਰਵੇਸ਼ ਕਰਨਗੇ। ਇਸ ਲਈ ਫੁਮਾਇਆ ਹੈ:-

ਨਿਰਭਉ ਜਪੈ ਸਗਲ ਭਉ ਮਿਟੈ॥ (ਗਉ: ਸੁਖ:੨੨-੨)

ਸਗੋਂ ਇਹ ਬੀ ਦੱਸਿਆ ਹੈ ਕਿ ਵਾਹਿਗੁਰੂ ਆਪ ਆਪਣੇ ਉਪਾਸ਼ਨਾ ਕਰਨੇ ਵਾਲੇ ਦਾ ਭਉ ਦੂਰ ਕਰ ਦੇਂਦਾ ਹੈ। ਯਥਾ:-

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥

(ਆਸਾ ਮ:੪ ਸੋ ਪੁਰਖੁ

ਪਰ ਤੀਸਰੇ ਸਾਹਿਬਾਂ ਇਹ ਬੀ ਫੁਰਮਾਇਆ ਹੈ:-

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ (ਵਾ: ਮਾਝ ਮ: ੩-੨੫)

ਸੋ ਨਾਲੇ ਭਉ ਦੂਰ ਕਰਦੇ ਹੋ ਨਾਲੇ ਭਉ ਦੱਸਦੇ ਹੋ ਇਸ ਦਾ ਕੀ ਕਾਰਣ ਹੈ?

ਉੱਤਰ:- ਸ੍ਰੀ ਗੁਰੂ ਜੀ ਨੇ ਬਾਣੀ ਵਿਚ ਭਉ ਦੋ ਪ੍ਰਕਾਰ ਦਾ ਦੱਸਿਆ ਹੈ। ਇਕ ਭਉ ਜੋ ਜੀਵਾਂ ਨੂੰ ਡਾਢਿਆਂ ਤੋਂ ਲਗਦਾ ਹੈ, ਤੇ ਮਨ ਨੂੰ ਨਿਤਾਣਿਆ ਕਰਦਾ ਹੈ, ਕਈ ਫਿਕਰਾਂ ਤੋਂ ਤੌਖਲੇ ਪੈਦਾ ਕਰਦਾ ਤੇ ਹੀਣਤਾਈ ਵਿਚ ਲੈ ਜਾਂਦਾ ਹੈ। ਇਹ ਭਉ ਪਰਮੇਸ਼ੁਰ ਦੇ ਭਉ ਪਿਆਂ ਦੂਰ ਹੁੰਦਾ ਹੈ। ਦੂਸਰਾ ਭਉ ਇਕ ਨਿਰਮਲ ਭਉ[1] ਹੈ ਜੋ ਪਹਿਲੇ ਨੂੰ ਕਟਦਾ ਹੈ। ਇਸ ਭੈ ਤੋਂ ਬਿਨਾ ਜੋ ਜੀਵ ਜੀਊਂਦਾ ਹੈ ਤੇ ਨਿਡਰ ਖੁਸ਼ੀਆਂ ਮਾਣਦਾ ਹੈ ਉਸ ਨੂੰ ਆਖਿਆ ਹੈ:-

ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥
ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ (ਵਾਰ ਮਾਝ ਮ:੩-੨੫

ਪਰ ਜੇ ਪਰਮੇਸ਼ੁਰ ਦੇ ਭੈ ਵਿਚ ਜੀਵੇ ਤਾਂ ਫੁਰਮਾਇਆ ਹੈ:-

ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ॥
ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ॥ (ਵਾਰ ਮਾਝ ਮ:੩-੨੫

ਕਿਉਂਕਿ ਇਹ ਭੈ ਸਾਰੇ ਭੈ ਤੋਂ ਨਿਰਭੈ ਕਰ ਦੇਂਦਾ ਹੈ। ਯਥਾ:-

ਭੈ ਰਚਿ ਰਹੈ ਸੁ ਨਿਰਭਉ ਹੋਇ॥ (ਗਉੜੀ ਮ:੧-੨

ਦੂਜੇ ਸਤਿਗੁਰਾਂ ਦਾ ਵਾਕ ਹੈ:-

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥ (ਸੂਹੀ ਵਾਰ ਮ:੨-੯

ਅਰਥਾਤ- ਇਸ ਭੈ ਦੇ ਪੈਣ ਨਾਲ ਦੁਰਮਤਿ ਦੂਰ ਹੁੰਦੀ ਹੈ:-

... ...**ਲੋਭੁ ਰਤੁ ਵਿਚਹੁ ਜਾਇ॥**

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ (ਵਾਰ ਰਾਮ: ਮ: ੩-੯

ਜਿਵੇਂ ਅਗਨੀ ਦੇ ਤਾਓ ਨਾਲ ਧਾਤ ਸ਼ੁਧ ਹੋ ਜਾਂਦੀ ਹੈ ਤਿਵੇਂ ਵਾਹਿਗੁਰੂ ਦਾ ਭਉ ਦੁਰਮਤਿ ਦੀ ਮੈਲ ਨੂੰ ਦੂਰ ਕਰਕੇ ਸ਼ੁਧ ਕਰ ਦਿੰਦਾ ਹੈ।

ਇਸ ਭੈ ਨਾਲ ਮਨ ਵਸ ਹੁੰਦਾ ਤੇ ਹਉਮੈ ਕਟੀਂਦੀ ਹੈ:-

---

[1] ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥ (ਸੂਹੀ ਮ: ੪ ਛੰਤ

ਜਿਨ੍ਹਾਂ ਨੂੰ ਪਰਮੇਸ਼ੁਰ ਦਾ ਭਉ ਹੈ ਉਹਨਾਂ ਨੂੰ ਜਗਤ ਦੇ ਹੋਰ ਭਉ ਨਹੀਂ ਸਤਾਉਂਦੇ; ਪਰ ਜੋ ਇਸ ਭਉ ਤੋਂ ਖਾਲੀ ਹਨ, ਉਨ੍ਹਾਂ ਲਈ ਬਹੁਤ ਡਰ ਦਾ ਥਾਉਂ ਹੈ ਕਿ ਓਹ ਨਿਡਰ ਹੋਕੇ ਅਪਣੇ ਕੀਤੇ ਕਰਮਾਂ ਦੇ ਫਲ ਵਿਚ ਦੁੱਖ ਪਾਉਣਗੇ।

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥ (ਸੋਰਠ ਵਾਰ ਮ:੩-੬)

ਇਸ ਭੈ ਨਾਲ ਪ੍ਰੇਮ ਉਪਜਦਾ ਹੈ[1], ਯਥਾ:-

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥ (ਵਾਰ ਆਸਾ ਮ: ੧-੫)

ਪੁਨਾ:- **ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥** (ਕੇਦਾਰਾ ਕਬੀਰ ਜੀ-੩)

ਇਸ ਭੈ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਤੇ ਸਹਜ ਅਵਸਥਾ ਆਉਂਦੀ ਹੈ:-

ਭੈ ਵਿਚਿ ਨਿਰਭਉ ਪਾਇਆ॥ ਤਾ ਸਹਜੈ ਕੈ ਘਰਿ ਆਇਆ[2] ॥੩॥ (ਸੋਰਠ ਮ:੧-੧੨)

ਭੈ ਤੋਂ ਭਗਤੀ (ਪ੍ਰੇਮਾ ਭਗਤੀ) ਉਪਜਦੀ ਹੈ। ਯਥਾ:-

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥ (ਬਿਲਾ: ਮ: ੫-੫੪)

ਫੇਰ ਫੁਰਮਾਇਆ ਹੈ ਕਿ ਇਹ ਭਉ ਗੁਰੂ ਤੋਂ ਮਿਲਦਾ ਹੈ ਤੇ ਇਸ ਨਾਲ ਨਾਮ ਦਾ ਪਿਆਰ ਉਪਜਦਾ ਹੈ ਤੇ ਭਰਮ ਦੀ ਨਵਿਰਤੀ ਹੁੰਦੀ ਹੈ। ਯਥਾ:-

ਪਉੜੀ॥ ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥
ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥
ਭੈ ਤੇ ਨਿਰਭਉ ਪਾਈਐ ਜਿਸਦਾ ਅੰਤੁ ਨ ਪਾਰਾਵਾਰੁ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿਧਾਰ॥

(ਮਲਾਰ ਵਾਰ ਮ: ੧-੨੨)

ਜੋ ਪੁਰਖ ਨਿਰਭਉ ਪਰਮੇਸਰ ਦੀ ਉਪਾਸ਼ਨਾ ਕਰਕੇ ਨਿਰਭਉ ਹੋ ਜਾਂਦਾ ਹੈ ਉਹ ਆਪ ਡਰ ਦਾਤਾ ਨਹੀਂ ਬਣ ਜਾਂਦਾ। ਉਸ ਗਿਆਨਵਾਨ ਬਾਬਤ ਇਹ ਫੁਰਮਾਨ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਸਲੋਕ ਮਹਲਾ:੯-੧੬)

ਉਹ ਨਾ ਕਿਸੇ ਦਾ ਡਰ ਮੰਨਦਾ ਹੈ ਤੇ ਨਾ ਆਪ ਕਿਸੇ ਨੂੰ ਡਰ ਦੇਂਦਾ ਹੈ, ਕਿਉਂਕਿ ਜੇ ਉਹ ਡਰ ਦੇਵੇ ਤਾਂ ਅਪਣੇ ਵਰਗੇ ਹੋਰ ਨਿਰਭੈ ਬੰਦੇ ਪੈਦਾ ਹੋਣ ਦੀ ਰੋਕ ਕਰਦਾ ਹੈ, ਤੇ ਨਿਰਭੈ ਬੰਦੇ ਪੈਦਾ ਕਰਨੇ ਪ੍ਰਯੋਜਨੀਯ ਹੈ, ਸੋ ਉਹ ਪ੍ਰਯੋਜਨ ਦੀ ਸਿੱਧੀ ਦਾ ਬਾਧਕ ਹੋ ਜਾਂਦਾ ਹੈ। ਇਸ ਕਰਕੇ ਉਹ ਦੁਨੀਆਂ ਦੇ ਜਰਵਾਣਿਆਂ ਵਾਂਙੂ ਭੈ ਦਾਤਾ ਨਹੀਂ ਬਣਦਾ।

('ਨਿਰਵੈਰੁ')- (ਸੰਸ: ਨਿਰ੍+ਵੈਰ। ਦ੍ਵੈਸ਼ ਤੋਂ ਰਹਿਤ) ਦ੍ਵੈਸ਼ ਦੁਸ਼ਮਨੀ ਤੋਂ ਸੱਖਣਾ। ਗੁਰੂ ਜੀ ਨੇ ਇਹ ਪਦ ਨਿਰੰਕਾਰ ਦੀ ਤਾਰੀਫ ਵਿਚ ਲਿਖਿਆ ਹੈ। ਯਥਾ:-

ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ॥ (ਸਾਰੰ : ਮ: ੪-੧੧)

ਇਹ ਉਪਦੇਸ਼ ਦਿੱਤਾ ਹੈ ਤੇ ਓਥੇ ਉਸ ਦਾ ਰੂਪ ਦੱਸਿਆ:-

ਨਿਰਵੈਰੁ ਅਕਾਲ ਮੂਰਤਿ॥[3] (ਸਾਰੰ: ਮ: ੪-੧੧)

ਨਿਰਵੈਰੁ ਪਦ ਕਿਉਂ ਵਰਤਿਆ? ਜਗਤ ਦੇ ਅਨੇਕ ਮਤਾਂ ਵਿਚ ਦੇਵੀ ਦੇਉਤਿਆਂ ਨੂੰ

---

[1] ਪਰਮੇਸ਼ਰ ਪ੍ਰੇਮ ਸਰੂਪ ਹੈ, ਉਸ ਦੇ ਭੈ ਵਿਚ ਜਦ ਜੀਵ ਉਸ ਦਾ ਨਾਮ ਜਪਦਾ ਹੈ ਤੇ ਅਰਦਾਸ ਕਰਦਾ ਹੈ ਤਾਂ ਉਸ ਦੇ ਨੇੜੇ ਹੁੰਦਾ ਹੈ, ਉਸ ਪ੍ਰੇਮ ਸਰੂਪ ਦੀ ਨਿਕਟਤਾ ਉਸ ਤੇ ਪ੍ਰੇਮ ਦਾ ਅਸਰ ਕਰਦੀ ਹੈ।

[2] ਸੁਲੇਮਾਨ ਪਿਕੰਬਰ ਨੇ ਲਿਖਿਆ ਹੈ:ਪਰਮੇਸ਼ੁਰ ਦਾ ਭਉ ਗਜਾਨ ਦਾ ਮੁਢ ਹੈ।

[3] ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥ ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥ (ਸਾਰੰ: ਮ: ੪-੧੧)

ਪਰਮੇਸ਼ੁਰ ਕਰਕੇ ਮੰਨਿਆ ਹੈ। ਓਹ ਕੀਤੇ ਹੋਏ ਸਨ ਕਰਤਾ ਪੁਰਖ ਦੇ। ਉਨ੍ਹਾਂ ਵਿਚ ਵਡਿੱਤ ਦੇ ਕਈ ਗੁਣਾਂ ਦੇ ਹੁੰਦਿਆਂ ਬੀ ਛੋਟਿਆਂ ਨਾਲ ਗੁੱਸਾ, ਬਰੱਬਰ ਦਿਆਂ ਨਾਲ ਈਰਖਾ ਤੇ ਵੈਰ, ਤੇ ਵਡਿਆਂ ਤੋਂ ਭੈ ਵਿਆਪਦਾ ਰਿਹਾ। ਕਰਤਾ ਪੁਰਖ ਸਭ ਤੋਂ ਵੱਡਾ ਹੈ, ਉਸ ਤੋਂ ਵੱਡਾ ਕੋਈ ਨਹੀਂ। ਉਹ ਨਿਰਭਉ ਹੈ। ਉਸ ਦੇ ਬਰੱਬਰ ਦਾ ਬੀ ਕੋਈ ਹੈ ਨਹੀਂ, ਇਸ ਕਰਕੇ ਉਸ ਨੂੰ ਕਿਸੇ ਨਾਲ ਈਰਖਾ, ਦ੍ਵੈਸ਼, ਵੈਰ ਨਹੀਂ। ਛੋਟਿਆਂ ਤੇ ਉਹ ਸਦਾ ਦਿਆਲੂ ਹੈ, ਸੋ ਉਸ ਦਾ ਗੁੱਸਾ ਕਿਸੇ ਨਾਲ ਨਹੀਂ। ਜੀਵ ਸਾਰੇ ਅਲਪੱਗ ਹਨ, ਉਹ ਸਰਬੱਗ ਹੈ, ਕੋਈ ਅਲਪੱਗ ਉਸ ਦੀ ਸਰਬੱਗਤਾ ਨੂੰ ਤੇ ਕੋਈ 'ਹਦਬੰਦੀ ਦੀ ਸ਼ਕਤੀ ਵਾਲਾ' ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਪਹੁੰਚ ਨਹੀਂ ਸਕਦਾ। ਨਾ ਕੋਈ ਦੂਸਰਾ ਉਸ ਜੈਸਾ ਹੈ ਨਾ ਹੋ ਸਕਦਾ ਹੈ। **ਦੂਸਰ ਹੋਆ ਨਾ ਕੋ ਹੋਈ॥** (ਸੂਹੀ ਮ:੫) ਸੋ ਉਹ ਨਿਰਵੈਰ ਹੈ।

ਵਾਹਿਗੁਰੂ ਦੇ ਬਰੱਬਰ ਦਾ ਕੋਈ ਨਹੀਂ- ਜੈਸਾ ਕਿ ਗੁਰੂ ਜੀ ਨੇ ਉਚਾਰਨ ਕੀਤਾ ਹੈ:

ਤਿਸਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥ (ਵਾਰ ਵਡ: ਮ: ੩-੧੫)

ਪੁਨਾ:- **ਤਿਸਹਿ ਸਰੀਕੁ ਨਾਹੀ ਰੇ ਕੋਈ॥ ਕਿਸ ਹੀ ਬੁਤੈ ਜਬਾਬੁ ਨ ਹੋਈ॥** (ਮਾਰੂ ਸੋਲਹੇ ਮ:੫-੧੦)

ਪਰਮੇਸੁਰ ਸਾਡੇ ਕਰਮਾਂ ਦਾ ਫਲ ਪ੍ਰਦਾਤਾ ਤਾਂ ਹੈ, ਪਰ ਉਹ ਵੈਰੀ ਨਹੀਂ ਹੈ। ਜੇ ਉਸ ਨੂੰ ਬਦਲੇ ਲੈਣ ਵਾਲਾ, ਅਰਥਾਤ ਜੱਬਾਰ ਤੇ ਕਹਾਰ ਮੰਨੀਏ ਤਾਂ ਭੈ ਤੇ ਨਿਰਾਸਤਾ ਵਧਦੀ ਹੈ। ਜੇ ਤਾਂ ਮਤਲਬ ਫਲ ਪ੍ਰਦਾਤਾ ਹੋਵੇ ਤਾਂ ਸੁਖ ਹੈ, ਪਰ ਜੇ ਐਵੇਂ ਨਿਰਾ ਸਖਤੀ ਕਰਨੇ ਦਾ ਭਾਵ ਲੀਤਾ ਜਾਵੇ ਤਾਂ ਵਿੱਥ ਵਧਦੀ ਹੈ। ਗੁਰੂ ਬਾਣੀ ਵਿਚ ਨਿਰਵੈਰ ਆਖਕੇ ਉਸ ਨੂੰ ਅਕਾਰਣ ਸਖਤੀ ਕਰਨੇ ਵਾਲੇ ਅਵਗੁਣ ਤੋਂ ਪਾਕ ਦੱਸਿਆ ਹੈ। ਉਸ ਦਾ ਆਪਣਾ ਸਰੂਪ ਪ੍ਰੇਮ ਹੈ:-

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥.....

ਅਹਿਨਿਸਿ ਜੀਆ ਦੇਖਿ ਸਮ੍ਾਲੈ ਸੁਖੁ ਦੁਖੁ ਪੁਰਬਿ ਕਮਾਈ॥ (ਪ੍ਰਭਾਤੀ ਮ: ੧-੧੧)

ਅਰਥਾਤ-ਆਪ ਤਾ ਪਰਮੇਸ਼ੁਰ ਦਾ ਸਰੂਪ ਪ੍ਰੀਤ ਤੇ ਪ੍ਰੇਮ ਹੈ, ਜਿਸ ਦਾ ਪਰਤੱਖ ਸਬੂਤ ਇਹ ਹੈ ਕਿ ਰਾਤ ਦਿਨੇ ਜੀਵਾਂ ਦੀ ਦੇਖ ਭਾਲ ਤੇ ਸੰਭਾਲ ਕਰਦਾ ਹੈ; ਫੇਰ ਸਾਨੂੰ ਜੋ ਵਡਾਈ ਤੇ ਦੁਖ ਸੁਖ ਮਿਲਦਾ ਹੈ ਉਹ ਕੀ ਹੈ? ਫੁਰਮਾਉਂਦੇ ਹਨ:-

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ (ਮਾਰੂ ਸੋਲਹੇ ਮ: ੧-੧੦-੧੪)

ਪੁਨਾ:- **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥** (ਵਡ: ਮ: ੧, ਛੰਤ-੧)

ਸਾਨੂੰ ਸਾਡੇ ਪੂਰਬਲੇ ਕਰਮਾਂ ਕਰਕੇ ਸੁਖ ਦੁਖ ਤੇ ਵਡਾਈ ਮਿਲਦੀ ਹੈ। ਸੋ ਗੁਰਮਤਿ ਦਾ ਪਰਮੇਸ਼ੁਰ ਸ਼ੱਤ੍ਰਤਾ ਤੋਂ, ਵੈਰ ਭਾਵ ਤੋਂ ਰਹਿਤ ਹੈ। ਜਦ ਦੁੱਖ ਪੀੜਾ ਆਵੇ ਤਾਂ ਪਰਮੇਸ਼ੁਰ ਦੇ ਕਿਸੇ ਵੈਰ ਭਾਵ ਤੋਂ ਨਹੀਂ ਸਮਝਣਾ ਚਾਹੀਏ, ਉਹ ਆਪਣੇ ਕੀਤੇ ਦਾ ਫਲ ਸਮਝਣਾ ਠੀਕ ਹੈ।

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ (ਧਨਾ: ਤ੍ਰਿਲੋਚਨ ਜੀ)
ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥ (ਤੁਖਾ: ਛੰ: ਮ: ੧-੧)
ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥

(ਆਸਾ ਮ: ੧ ਪਟੀ)

ਸਾਧਨ ਪੱਖ- ਗੁਰੂ ਨਾਨਕ ਦੇਵ ਜੀ ਨੇ ਇਕ ਇਹ ਅਸੂਲ ਬੀ ਦੱਸਿਆ ਹੈ:-

ਜੈਸਾ ਸੇਵੈ ਤੈਸੋ ਹੋਇ॥ (ਗਉੜੀ ਮ: ੧, ਅਸਟ:੭)

ਇਸ ਅਨੁਸਾਰ ਸਮਝ ਪਈ ਕਿ ਨਿਰਭਉ ਦਾ ਸੇਵਨਹਾਰ ਨਿਰਭਉ ਹੋ ਜਾਂਦਾ ਹੈ। ਤਿਵੇਂ ਨਿਰਵੈਰ ਦਾ ਉਪਾਸ਼ਕ ਨਿਰਵੈਰ ਹੋ ਜਾਂਦਾ ਹੈ। ਇਸ ਪਰ ਚੌਥੇ ਸਤਿਗੁਰਾਂ ਦੱਸਿਆ:-

ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥ (ਗਉੜੀ ਵਾਰ ਮ: ੪-੫)

ਫੇਰ ਪੰਜਵੇਂ ਸਤਿਗੁਰਾਂ ਫੁਰਮਾਇਆ ਹੈ:-

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ (ਮਾਝ ਮ: ੫-੪੯)

ਹੇ ਰਬ ਜੀ ਤੁਸੀਂ ਨਿਰਵੈਰ ਹੋ, ਤੁਹਾਡੇ ਉਪਾਸ਼ਕ ਸੰਤ ਤੁਹਾਡੀ ਉਪਾਸ਼ਨਾਂ ਕਰਕੇ ਵੈਰ ਭਾਵ ਤੋਂ ਨਿਰਮਲ ਹੋ ਗਏ ਹਨ। ਐਸੇ ਕਿ ਉਨ੍ਹਾਂ ਦੇ ਦਰਸ਼ਨ ਤੋਂ ਪਾਪ ਦੂਰ ਹੁੰਦੇ ਹਨ:-

ਜਿਨ ਦੇਖੇ ਸਭ ਉਤਰਹਿ ਕਲਮਲ॥ (ਮਾਝ: ਮ:੫-੪੯)

ਨਾਮ ਅਭਿਆਸੀ ਵਾਹਿਗੁਰੂ ਨੂੰ ਤਾਂ ਨਿਰਵੈਰ ਸਮਝੇ ਤੇ ਆਪਣੇ ਆਪ ਨੂੰ ਬੀ ਜੀਵਾਂ ਨਾਲ ਕਿ ਸਾਈਂ ਨਾਲ ਵੈਰ ਭਾਵ ਵਿਚ ਨਾ ਲਿਜਾਵੇ; ਕਿਉਂਕਿ ਨਿਰਵੈਰ ਨਾਲ ਵੈਰ ਕੀਤਿਆਂ ਵੈਰ ਆਪਣੇ ਤੇ ਪੈਂਦਾ ਹੈ। ਜਿਵੇਂ ਅਕਾਸ਼ ਜੋ ਨਿਰਵੈਰ ਤੇ ਅਗੰਮ ਹੈ ਉਸ ਨੂੰ ਤੀਰ ਮਾਰਿਆਂ ਆਪਣੇ ਤੇ ਪੈਂਦਾ ਹੈ:-

ਸਰ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ॥

(ਮਾਝ ਵਾਰ ਮ: ੨-੨੨)

ਪੰਜਵੇਂ ਸਤਿਗੁਰ ਜੀ ਨੇ ਫੁਰਮਾਯਾ:-

ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥ (ਸਾਰੰਗ ਮ: ੫-੧੦)

ਸੋ ਵਾਹਿਗੁਰੂ ਪ੍ਰੇਮੀ ਆਪਣੇ ਮਨ ਨਾਲ ਨਿਰਵੈਰ ਵਾਹਿਗੁਰੂ ਦੇ ਗੁਣ ਗਾਉਂਦਾ ਆਪ ਨੂੰ ਨਿਰਵੈਰ ਬਨਾਉਣ ਦਾ ਜਤਨ ਕਰਦਾ ਰਹੇ। ਵੈਰ ਭਾਵ ਨਾਲ ਆਪਣਾ ਅੰਦਰ ਸੜਦਾ ਰਹਿੰਦਾ ਹੈ, ਓਥੇ ਨਾਮ ਦਾ ਰਸ ਨਹੀਂ ਪੈਂਦਾ। ਇਸ ਲਈ ਗੁਰੂ ਜੀ ਨੇ ਵੈਰ ਕਰਨ ਤੋਂ ਵਰਜਿਆ ਹੈ :-

ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥ (ਗਉ: ਬਾ: ਅ: ਮ: ੫-੪੬)

ਗੁਰਮੁਖਿ ਵੈਰ ਵਿਰੋਧ ਗਵਾਵੈ॥ (ਰਾਮ: ਸਿ: ਗੋ: ਮ: ੧-੩੨)

ਦੂਸਰੇ ਜੇ ਪਰਮੇਸ਼ੁਰ ਨੂੰ ਵੈਰ ਲੈਣ ਵਾਲਾ ਕਿ ਗੁੱਸੇ ਵਾਲਾ ਕਿ ਬਦਲੇ ਲੈਣ ਵਾਲਾ ਸਮਝ ਲਵੀਏ ਤਾਂ ਆਪਣੇ ਅੰਦਰ ਇਕ ਸ਼ੰਕਾ ਯਾ ਸੰਗ ਪੈਦਾ ਹੋ ਜਾਂਦੀ ਹੈ, ਉਹ ਵਾਹਿਗੁਰੂ ਜੀ ਵਲ ਲੱਗਣ ਨਹੀਂ ਦੇਂਦੀ। ਜੇ ਉਸ ਨੂੰ ਨਿਰਵੈਰ ਤੇ ਪ੍ਰੇਮ ਮੂਰਤੀ ਸਮਝ ਲਵੀਏ ਤਾਂ ਉਸ ਦੀ ਭਗਤੀ ਪ੍ਰੇਮ ਨੂੰ ਜੀ ਕਰ ਆਉਂਦਾ ਹੈ। ਬਾਵਜੂਦ ਆਪਣੇ ਅਵਗੁਣੀ ਹੋਣ ਦੇ ਤੇ ਗੁਨਹਗਾਰ ਹੋਣ ਦੇ ਫੇਰ ਪ੍ਰਾਰਥਨਾ ਕਰਨ ਵਿਚ, ਬਾਣੀ ਪੜ੍ਹਨ ਵਿਚ ਕਿ ਸਤਿਸੰਗ ਕਰਨ ਵਿਚ ਦਿਲ ਵਿਚ ਸੰਗ ਨਹੀਂ ਆ ਅਟਕਾਰਾ ਪਾਉਂਦੀ। ਸਾਈਂ ਨਿਰਵੈਰ ਹੈ, ਪ੍ਰੇਮ ਮੂਰਤ ਹੈ, ਪਿਤਾ ਤੇ ਮਾਤਾ ਹੈ, ਅਸੀਂ ਭੁੱਲਣਹਾਰ ਬੱਚੇ ਹਾਂ, ਉਹ ਸਦਾ ਗਲ ਲਾਉਣ ਨੂੰ ਤਯਾਰ ਹੈ ਜਿਵੇਂ ਮਾਂ ਮੈਲੇ ਕੁਚੈਲੇ ਪੁਤ੍ਰ ਨੂੰ ਤ੍ਰਾਹ ਨਹੀਂ ਦੇਂਦੀ, ਝਿੜਕ ਕੇ, ਪੂੰਝ ਕੇ ਫੇਰ ਗਲ ਲਾ ਲੈਂਦੀ ਹੈ। ਸੋ ਜਗਯਾਸੂ ਨੂੰ ਐਉਂ ਅਰਦਾਸ ਕਰਨੀ ਚਾਹੀਏ:-

ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥ (ਬਿਹਾ: ਮ: ੫, ਛੰਤ-੮)

ਇਹ ਸ਼ੰਕਾ ਬੀ ਨਹੀਂ ਕਰਣੀ ਚਾਹੀਏ ਕਿ ਕਰਤਾ ਪੁਰਖ ਨਿਆਇਕਾਰੀ ਹੈ ਉਹ ਸਾਡੇ ਪਾਪਾਂ ਦੇ ਬਦਲੇ ਦੰਡ ਦੇਵੇਗਾ। ਜੇ ਦੰਡ ਨਾ ਦੇਵੇ ਤੇ ਬਖਸ਼ ਦੇਵੇ ਤਾਂ ਨਿਆਇ ਨਹੀਂ ਰਹੇਗਾ। ਇਸ ਤਰ੍ਹਾਂ ਦੇ ਖ੍ਯਾਲ ਇਸ ਭੁੱਲ ਤੇ ਮਬਨੀ ਹਨ ਕਿ ਅਸੀਂ ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਭੁੱਲ ਜਾਂਦੇ ਹਾਂ। ਉਹ ਫਲ ਪ੍ਰਦਾਤਾ ਹੈ, ਉਹ ਨਿਆਇਕਾਰੀ ਹੈ। ਪਰ ਉਹ ਪ੍ਰੇਮ ਸਰੂਪ ਹੈ ਤੇ ਸਰਬ ਸ਼ਕਤੀ-ਮਾਨ ਹੈ। ਕੋਈ ਹਦ ਬੰਦੀ ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਹਦ ਬੰਦੀ ਵਿਚ ਨਹੀਂ ਲਿਆ ਸਕਦੀ, ਜੇ ਲੈ ਆਵੇ ਤਾਂ ਉਹ ਬੇਹਦ, ਅਨੰਤ ਤੇ ਅਨੰਤ ਸ਼ਕਤੀਆਂ ਦਾ ਮਾਲਕ ਕਿਵੇਂ ਰਿਹਾ? ਇਨਸਾਨੀ ਪ੍ਰਬੰਧ ਵਿਚ ਹੀ ਦੇਖ ਲਓ ਕਿ ਅਦਾਲਤਾਂ ਦੇ ਅਦਲ ਦੇ ਉਤੇ ਪਾਤਸ਼ਾਹ ਦਾ ਰਹਿਮ ਹਾਵੀ ਹੈ। ਉਹ ਚਾਹੇ ਤਾਂ

ਅਦਾਲਤਾਂ ਦੇ ਦੰਡਿਆਂ ਨੂੰ ਬਖਸ਼ ਦੇਂਦਾ ਹੈ। ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ:-

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥ (ਗਉ: ਮ:੫-੧੩੨)

ਪੁਨਾ :- **ਜਾ ਕਉ ਅਪੁਨੀ ਕਰੈ ਬਖਸੀਸ॥ ਤਾਕਾ ਲੇਖਾ ਨ ਗਨੈ ਜਗਦੀਸ॥**

(ਗਉ: ਸੁਖ: ਮ: ੫,੧੧-੪)

('ਅਕਾਲ ਮੂਰਤਿ')- (ਅ = ਨਹੀਂ। ਕਾਲ = ੧. ਸਮਾਂ। ੨. ਮੌਤ, ਅੰਤ।
ਅਕਾਲ = ਕਾਲ ਰਹਿਤ॥ ਮੂਰਤਿ = ਵਜੂਦ, ਸਰੂਪ। ਹੋਂਦ। ਹਸਤੀ।)

ਉਹ ਹੋਂਦ ਜੋ ਕਾਲ ਦੇ ਅਸਰ ਹੇਠ ਨਹੀਂ। ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ।

ਗੁਰ ਨਾਨਕੋ ਵਾਚ:- **ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥** (ਮਾਰੂ ਮ:੧, ਸੋਲਹਾ-੧੮-੩)

ਗੁਰੂ ਅਰਜਨ ਦੇਵ ਜੀ ਦਾ ਵਾਕ ਹੈ:-

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥ (ਮਾਰੂ ਮ:੫, ਸੋਲਹਾ-੧੧-੨)

ਅਕਾਲ ਮੂਰਤਿ ਉਹ ਹੈ ਜੋ ਹੈ ਤੇ ਸਦਾ ਹੋਵੇਗਾ:-

ਕਾਲ ਰਹਤ ਅਨਕਾਲ ਸਰੂਪਾ॥ (ਅਕਾਲ ਉਸਤਤ)

ਜੋ ਕਾਲ ਤੋਂ ਰਹਿਤ ਹੈ, ਪਰ ਜਿਸ ਦਾ ਸਰੂਪ ਕਾਲ ਤੋਂ ਪਰੇ ਹੈ ਉਹ ਅਕਾਲ ਹੈ।

ਜਿਸ ਦਾ ਆਦਿ ਹੋਵੇ ਉਸ ਦਾ ਅੰਤ ਬੀ ਹੁੰਦਾ ਹੈ, ਸੋ ਜਿਸ ਨੂੰ ਗੁਰੂ ਜੀ ਨੇ 'ਅਨਾਦਿ' ਆਖਿਆ ਉਸ ਦਾ ਅੰਤ ਨਹੀਂ। ਜਿਸ ਦਾ ਨਾ ਆਦਿ ਹੈ ਨਾ ਅੰਤ ਹੈ, ਉਹ ਦੋਹਾਂ ਸਿਰਿਆਂ ਤੋਂ 'ਕਾਲ ਸੁਤੰਤ੍ਰ' ਹੈ। ਉਹ ਸਭ ਦਾ 'ਆਦਿ' ਹੈ, ਉਸ ਤੋਂ ਸਾਰੇ ਹੋਏ। ਜੋ ਹੋਏ ਉਹਨਾਂ ਦਾ ਆਦਿ ਹੈ, ਆਦਿ ਦਾ ਅੰਤ ਬੀ ਹੈ ਸੋ ਓਹਨਾਂ ਸਭਨਾਂ ਦੇ ਸਿਰ ਕਾਲ ਹੈ:-

ਜੋ ਉਪਜੈ ਸੋ ਕਾਲਿ ਸੰਘਾਰਿਆ॥ (ਗਉੜੀ: ਮ: ੧-੧੪)

ਓਹ 'ਅਕਾਲ' ਨਹੀਂ ਹਨ। ਚਾਹੇ ਓਹ ਮਹਾਨ ਵਿਅਕਤੀਆਂ ਹੋਣ ਸਭ ਕਾਲ ਦੇ ਵੱਸ ਹਨ।

ਯਥਾ:- **ਪ੍ਰਥਮੇ ਬ੍ਰਹਮਾਂ ਕਾਲੈ ਘਰਿ ਆਇਆ॥**[1] (ਗਉੜੀ ਮ: ੧-੧੪)

ਸੋ ਅਕਾਲ ਮੂਰਤਿ ਸਿਵਾ '੧ਓ ਸਤਿਨਾਮੁ ਕਰਤਾ ਪੁਰਖੁ' ਦੇ ਕੋਈ ਨਹੀਂ। ਇਸ ਲਈ 'ਅਕਾਲ ਮੂਰਤਿ' ਕਹਿਣੇ ਤੇ ਕਾਗਜ਼ ਕਿ ਕਪੜੇ ਕਿ ਕੰਧਾਂ ਤੇ ਚਿਤਰੀਆਂ ਮੂਰਤਾਂ, ਪੱਥਰਾਂ ਤੇ ਉੱਕਰੀਆਂ ਤੇ ਧਾਤੂਆਂ ਵਿਚ ਢਾਲੀਆਂ ਮੂਰਤੀਆਂ, ਮਾਤਾ ਦੇ ਉਦਰ ਤੋਂ ਉਪਜੀਆਂ ਸਾਧਾਰਣ ਕਿ ਚਮਤਕਾਰੀ ਸੂਰਤ ਮੂਰਤਾਂ ਕਿ ਸੂਰਤ ਤੋਂ ਅਮੂਰਤ ਅਦ੍ਰਿਸ਼ਜ ਹਸਤੀਆਂ ਚਾਹੇ ਕਿਤਨੀਆਂ ਵੱਡੀਆਂ ਹੋਣ: ਇਸ ਮੂਲ ਮੰਤ੍ਰ ਦੇ ਲਕਸ਼ ਹੋਣ ਤੋਂ ਵਰਜਿਤ ਹੋ ਗਈਆਂ।

ਅਕਾਲ ਮੂਰਤਿ ਦਾ ਅਰਥ- 'ਮੌਤ ਰਹਿਤ ਹਸਤੀ'[2] ਬੀ ਕਰਦੇ ਹਨ, ਅਰਥਾਤ ਜੋ ਕਦੇ ਮੌਤ ਯਾ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ। ਕਾਲ ਦਾ ਅਰਥ ਮੌਤ, ਕਾਲ ਦੇ ਅਰਥ 'ਸਮਾਂ' ਦੇ ਅੰਤਰਗਤਿ ਹੈ। ਕਾਲ (ਸਮਾਂ) ਆਦਿ ਅੰਤ ਤੇ ਮੱਧ, ਤ੍ਰੈ ਵੰਡਾਂ ਵਿੱਚ, ਆਪ ਨੂੰ ਪ੍ਰਤੀਤ ਕਰਾਉਂਦਾ ਹੈ। ਸੋ ਕਾਲ ਜਦ

---

[1]ਔਰ ਸੁ ਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥ (ਪਾਤ, ੧੦, ਬਚਿਤ੍ਰ ਨਾਟਕ)

[2]ਕਿਉਂਕਿ ਕਾਲ ਦਾ ਅਰਥ 'ਸਮਾਂ' ਬੀ ਹੈ ਤੇ 'ਮੌਤ' ਬੀ ਹੈ।

'ਅੰਤ' ਵਿਚ ਆਪਣਾ ਆਪ ਦਿਖਾਲਦਾ ਹੈ ਤਾਂ ਅਰਥ 'ਮੌਤ' ਹੋ ਜਾਂਦਾ ਹੈ; ਇਉਂ 'ਕਾਲ' ਪਦ ਦਾ 'ਮੌਤ' ਅਰਥ 'ਕਾਲ' ਪਦ ਦੇ 'ਸਮਾਂ' ਅਰਥ ਦੇ ਅੰਤਰਗਤਿ ਹੈ ਤੇ ਇਉਂ ਦੁਏ ਅਰਥ ਅਨਕੂਲਤਾ ਵਿਚ ਹਨ।

ਅਕਾਲ ਕਹਿਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ, ਕਿ ਅਕਾਲ ਹੋਣੇ ਕਰਕੇ ਓਹ 'ਅਣਹੋਂਦ' ਨਹੀਂ ਹੋ ਜਾਂਦਾ। ਕਈ ਕਾਲ (ਸਮਾਂ) ਨੂੰ ਹੀ ਨਿੱਤ ਮੰਨਦੇ ਹਨ। ਦਸਮ ਗੁਰੂ ਜੀ ਨੇ ਏਸੇ ਕਰਕੇ 'ਕਾਲ ਰਹਤ ਅਨਕਾਲ ਸਰੂਪਾ ਆਖਿਆ, ਕਿ ਉਹ ਕਾਲ ਰਹਿਤ ਹੈ ਅਨਕਾਲ ਅਰਥਾਤ ਅਕਾਲ ਹੈ ਪਰ ਸਰੂਪ ਹੈ, ਹਸਤੀ ਹੈ, ਹੋਂਦ ਹੈ। ਇਹੋ ਭਾਵ 'ਅਕਾਲ ਮੂਰਤਿ' ਪਦ ਦਾ ਹੈ ਕਿ ਕਾਲ ਰਹਿਤ ਹੈ, ਪਰ ਹੈ ਹੋਂਦ, ਅਰਥਾਤ ਹਸਤੀ ਹੈ।

ਸਾਧਨ ਪੱਖ– ਕਾਲ ਦਾ ਦੁੱਖ ਮੂਲ ਦੁੱਖ ਹੈ। ਇਸ ਤੋਂ ਬਚਣੇ ਲਈ ਹੱਠ ਜੋਗੀਆਂ ਨੇ ਕਾਲ ਬੰਚਨ ਆਦਿ ਕ੍ਰਿਯਾ ਕਰ ਕਰਕੇ ਉਮਰਾਂ ਵਧਾਈਆਂ ਪਰ ਓਹ ਅੰਤ ਕਾਲ ਨੇ ਗ੍ਰਸੇ। ਗੁਰੂ ਜੀ ਨੇ ਇਸ ਲਈ ਫੁਰਮਾਇਆ ਕਿ ਕਾਲ ਦੀ ਸਰਕਾਰ ਵਿਚੋਂ ਨਿਕਲ ਜਾਣਾ ਤਾਂ ਠੀਕ ਸਿਆਣਪ ਹੈ ਪਰ ਉਸ ਦਾ ਦਾਰੂ ਯਾ ਸਾਧਨ ਏਹ ਦੱਸਿਆ:-

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ॥ (ਮਾਰੂ ਵਾਰ ਮ: ੫-੨੦)

ਫੇਰ ਫੁਰਮਾਇਆ : **ਕਾਲੈ ਕਵਲੁ ਨਿਰੰਜਨੁ ਜਾਣੈ॥** (ਮਾਰੂ ਮ: ੧ ਸੋਲ:-੧੯)

ਜੋ ਨਿਰੰਜਨ ਅਕਾਲ ਨੂੰ ਜਾਣ ਲਵੇ ਓਹੋ ਕਾਲ ਨੂੰ ਗ੍ਰਾਹੀ ਕਰਕੇ (ਖਾ ਜਾਂਦਾ ਹੈ), ਭਾਵ ਉਹ ਕਾਲ ਬਿਜਈ ਹੋ ਜਾਂਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਸਰੀਰ ਨਹੀਂ ਮਰਦਾ ਪਰ ਇਹ ਕਿ ਜਨਮ ਮਰਨ ਰਹਿਤ ਹੋ ਜਾਂਦਾ ਹੈ।

ਪਰ ਕਾਲ ਕੀਕੂੰ ਘੇਰਦਾ ਹੈ ਜੀਵਾਂ ਨੂੰ? ਇਹ ਜਾਣਕੇ ਦਾਰੂ ਖਾਣਾ ਵਧੀਕ ਛੇਤੀ ਅਸਰ ਕਰੇਗਾ: **ਕਾਲੁ ਜਾਲੁ ਜਿਹਵਾ ਅਰੁ ਨੈਣੀ॥ ਕਾਨੀ ਕਾਲੁ ਸੁਣੈ ਬਿਖੁ ਬੈਣੀ॥** (ਗਉੜੀ ਮ: ੧-੧੪)

ਕਾਲ ਆਪਣਾ ਜਾਲ ਸਾਡੀ ਜੀਭ, ਸਾਡੇ ਅੱਖਾਂ ਥਾਣੀ ਸਾਡੇ ਤੇ ਸਟਦਾ ਰਹਿੰਦਾ ਹੈ। ਕੰਨਾਂ ਨਾਲ ਵਿਹਲੇ ਵਾਕ ਸੁਣਨੇ ਬੀ ਕਾਲ ਜਾਲ ਨੂੰ ਸੱਦੇ ਦੇਣੇ ਹਨ। ਭਾਵ ਰਸ ਕਸ ਵਿਚ ਫਸੇ ਰਹਿਣਾ, ਮੰਦ ਦ੍ਰਿਸ਼ਟੀਆਂ ਵਿੱਚ ਤੇ ਜ਼ਹਿਰੀਲੇ ਅਸਰ ਵਾਲੇ ਵਾਕਾਂ ਦੇ ਸੁਣਨੇ ਵਿੱਚ ਜੋ ਰਚੇ ਰਹਿਣਾ ਹੈ, ਇਹ ਕਾਲ ਜਾਲ ਆਪਣੇ ਤੇ ਲੈਣਾ ਹੈ। ਇਨ੍ਹਾਂ ਵਿਕਾਰਾਂ ਤੋਂ ਆਪ ਨੂੰ ਹੋੜ ਲਓ ਤੇ ਅਕਾਲ ਮੂਰਤਿ ਹਰੀ ਦਾ ਨਾਮ ਰਿਦੇ ਧਾਰਨ ਕਰੋ:-

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਣਿ ਜਪੰਥਾ॥ (ਮਾਰੂ ਵਾਰ ਮ: ੫-੨੦)

ਹਾਂ ਜੀ, **ਹਿਰਦੈ ਸਾਚੁ ਵਸੈ ਹਰਿ ਨਾਇ॥ ਕਾਲੁ ਨ ਜੋਹਿ ਸਕੈ ਗੁਣ ਗਾਇ॥**
ਨਾਨਕ ਗੁਰਮੁਖਿ ਸਬਦਿ ਸਮਾਇ॥੮॥੧੪॥ (ਗਉੜੀ ਮ:੧, ਅਸ਼ਟ:-੧੪)

ਐਉਂ ਜੋ 'ਸਤਜ' ਦੇ ਘਰ ਵਿਚ ਟਿਕ ਜਾਵੇ, ਕਾਲ ਬਿਜਈ ਹੋ ਜਾਏ, ਜਨਮ ਮਰਨ ਰਹਿਤ ਹੋ ਜਾਏ:-

ਸਚ ਘਰਿ ਬੈਸੈ ਕਾਲੁ ਨ ਜੋਹੈ॥ (ਗਉ: ਮ:੧, ਅਸਟ:- ੧੫)

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ॥ (ਮਾਰੂ ਮ: ੧ ਸੋਲਹੇ-੧)

ਲਿਵ ਵਾਲੇ ਪੁਰਖ ਜੀਉਂਦੇ ਜੀ ਵਾਹਿਗੁਰੂ ਨੂੰ ਪ੍ਰਾਪਤ ਹੁੰਦੇ ਹਨ, ਇਸ ਕਰਕੇ ਅਮਰ ਹੋਏ ਹੁੰਦੇ ਹਨ, ਜਮ ਨੇੜੇ ਨਹੀਂ ਫਟਕਦਾ, ਜਦ ਓਹ ਚੋਲਾ ਛੋੜਦੇ ਹੈਨ ਓਹ ਪ੍ਰਭੂ ਨੂੰ ਪ੍ਰਾਪਤ ਹੋਏ ਹੋਏ ਉਸ ਨੂੰ ਪ੍ਰਾਪਤ ਰਹਿੰਦੇ ਹਨ, ਸੋ ਕਾਲ ਦੇ ਵੱਸ ਨਹੀਂ ਪੈਂਦੇ।

('ਅਜੂਨੀ')– (ਸੰਸ:, ਅਯੋਨਿ। ਪੰ:, ਅਜੋਨਿ, ਅਜੋਨੀ, ਅਜੂਨੀ। ਅ+ਯੋਨਿ=ਜਿਸ

ਦੀ ਹੋਂਦ ਦਾ ਕਾਰਣ ਕੋਈ ਨਹੀਂ। ਜਿਸ ਦੀ ਹੋਂਦ ਦਾ ਕਾਰਣ ਨਹੀਂ ਹੈ। ਅਕਾਰਣ।

੨. ਜੋ ਜੂਨ, ਜਨਮ ਮਰਨ ਤੋਂ ਰਹਿਤ ਹੈ।

ਪਰਮੇਸ਼ੁਰ ਦੇ ਵਜੂਦ ਦਾ ਕਾਰਣ ਕੋਈ ਨਹੀਂ, ਉਹ ਆਪ ਕਾਰਣਾਂ ਦਾ ਕਾਰਣ ਹੈ। ਜੇ ਉਸ ਦਾ ਬੀ ਕੋਈ ਕਾਰਣ ਹੋਵੇ ਤਾਂ ਉਹ ਬੀ ਪ੍ਰਣਾਮੀ ਹੋ ਜਾਵੇ। ਉਹ ਸਦਾ ਸਤਜ ਹੈ, ਇਸ ਕਰਕੇ ਉਹ ਪ੍ਰਣਾਮੀ ਨਹੀਂ. ਉਸ ਦਾ ਕਾਰਣ ਕੋਈ ਨਹੀਂ। ਓਹ ਸਭ ਕਾਰਣਾਂ ਦਾ ਕਾਰਣ ਆਪ ਹੈ, ਯਥਾ:-

ਤੁਮ੍ ਸਮਰਥਾ ਕਾਰਨ ਕਰਨ॥ (ਬਿਲਾ: ਮ: ੫-੧੧੮)

ਪੁਨਾ:- **ਕਰਣ ਕਾਰਣ ਏਕ ਓਹੀ ਜਿਨਿ ਕੀਆ ਆਕਾਰੁ॥** (ਸਿਰੀ ਰਾਗੁ ਮਹਲਾ ੫-੯੪)

ਉਸ ਨੂੰ ਕਰਤਾ ਆਖਕੇ ਕਾਰਣ ਉਸ ਦੇ ਵੱਸ ਦੱਸਿਆ ਹੈ:-

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥ (ਵਾਰ ਮਾਝ: ਸਲੋਕ ਮ: ੨-੨੩)

ਜੋ ਸਭ ਦਾ ਕਾਰਣ ਹੈ ਉਹ ਕਿਸੇ ਦਾ ਕਾਰਜ ਬੀ ਨਹੀਂ ਹੋ ਸਕਦਾ।

ਅਜੂਨੀ ਦਾ ਅਰਥ ਜਨਮ ਰਹਿਤ ਬੀ ਹੈ। ਜਿਸ ਦੀ ਹੋਂਦ ਦਾ ਕਾਰਣ ਕੋਈ ਨਹੀਂ ਉਹ ਜਨਮ ਵਿਚ ਆ ਹੀ ਨਹੀਂ ਸਕਦਾ। ਓਹ ਜਨਮ ਜੂਨ ਤੋਂ ਸੁਤੰਤ੍ਰ ਹੈ। ਇਹ ਅਰਥ ਪਹਿਲੇ-ਅਕਾਰਣ-ਅਰਥ ਦੇ ਪ੍ਰਤਿਕੂਲ ਨਹੀਂ ਹੈ।

ਜੋ ਜਨਮ ਤੋਂ ਰਹਿਤ ਹੈ ਉਹ ਮਰਨ ਤੋਂ ਬੀ ਰਹਿਤ ਹੈ; ਸੋ ਜਨਮ ਜੂਨ ਤੇ ਮਰਣ ਤੋਂ ਰਹਿਤ ਹੋਣੇ ਬਾਬਤ ਸਤਿਗੁਰ ਜੀ ਦਾ ਵਾਕ ਹੈ:-

ਜਨਮਿ ਮਰਣਿ ਨਹੀ ਧੰਧਾ ਧੈਰੁ॥ (ਰਾਮ : ਦਖ: ਓਅੰ: ਮ: ੧-੧੫)

ਜਨਮ ਮਰਣ ਤੇ ਰਹਤ ਨਾਰਾਇਣ॥..... (ਭੈਰੋ : ਮ:੫-੧)

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥੩॥ (ਭੈਰੋ : ਮ:੫-੧)

ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਭੈਰਉ ਮ: ੫-੧)

ਓਹ ਸਾਰੇ ਜੋ ਜਨਮ ਜੂਨਿ ਵਿਚ ਆਏ ਤੇ ਆਪ ਓਹ ਕਾਰਣ ਕਰਣ ਨਹੀਂ ਸਨ ਫਿਰ ਕਰਤਾਰ ਮੰਨੇ ਜਾਂਦੇ ਸਨ, ਇਸ ਮੂਲ ਮੰਤ੍ਰ ਦੇ ਲਕਸ਼ ਹੋਣ ਤੋਂ ਬਾਹਰ ਹੋ ਗਏ। ਦਸਵੇਂ ਪਾਤਸ਼ਾਹ ਜੀ ਦਾ ਵਾਕ ਹੈ:-

ਬਿਨੁ ਕਰਤਾਰ ਨ ਕਿਰਤਮ ਮਾਨੋ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹਿ ਪਰਮੇਸੁਰ ਜਾਨੋ॥ (ਕਲਿ: ਪਾਤ: ੧੦)

ਸਾਧਨ ਪੱਖ- ਅਕਾਲ ਪੁਰਖ ਅਜੋਨੀ ਹੈ, ਜਨਮ ਮਰਣ ਤੋਂ ਰਹਿਤ ਹੈ, ਜੀਵ ਜਨਮ ਮਰਣ ਵਿਚ ਹੈਨ। ਜਨਮ ਮਰਨ ਬੜਾ ਦੁਖ ਹੈ:-

ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ॥ (ਆਸਾ ਮ: ੧-੨੨)

ਇਸ ਦੁਖ ਦੀ ਨਵਿਰਤੀ ਲਈ ਤੇ ਸਦਾ ਸੁਖ ਦਸ਼ਾ ਵਿੱਚ ਰਹਿਣੇ ਲਈ ਪਰਮਾਰਥ ਧਾਰਨ ਕਰੀਦਾ ਹੈ। ਗੁਰਮਤ ਸਿਖਾਲਦੀ ਹੈ ਕਿ ਅਜੋਨੀ ਤੇ ਜਨਮ ਮਰਣ ਤੋਂ ਰਹਿਤ ਅਕਾਲ ਦੀ ਆਰਾਧਨਾ ਕਰੋ ਜੋ ਜਨਮ ਦਾ ਕਾਰਣ-ਤ੍ਰਿਸ਼ਨਾ ਵਾਸ਼ਨਾ-ਹੀ ਮਿਟ ਜਾਵੇ[1] ਤੇ ਤੁਸੀਂ ਸੁਖੀ ਹੋ ਜਾਓ। ਉਸ ਦੀ ਆਰਾਧਨਾ ਦਾ ਪਹਿਲਾ ਕਦਮ ਇਹ ਦੱਸਦੇ ਹਨ:-

੧. ਸਤਿਸੰਗ {
ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ॥ (ਆਸਾ ਮ: ੧ ਅਸਟ:-੨੨)
ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥ (ਗਉ:ਮ.੫ ਸੁਖ:, ੩-੫)

[1]ਇਕੁ ਦੁਖੁ ਰਾਮਰਾਇ ਕਾਟਹੁ ਮੇਰਾ॥ਅਗਨਿ ਦਹੈ ਅਰੁ ਗਰਭ ਬਸੇਰਾ॥ (ਗਉ: ਕਬੀਰ ਜੀ - ੩੨)

੨. ਨਾਮ	ਦੂਸਰਾ ਕਦਮ:–**ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ॥** **ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ॥** (ਆਸਾ ਮ: ੧,ਅਸਟ:-੨੨) ਪੁਨਾ :**ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥** **ਜਨਮ ਮਰਨ ਦਾ ਭਉ ਗਇਆ ਜੀਵਨ ਪਦਵੀ ਪਾਇ॥** (ਬਿਹਾ: ਵਾ: ਮ: ੩-੧੯)
੩. ਹਰਿ ਗੁਣ ਗਾਇਨ	ਜਦ ਜਨਮ ਮਰਨ ਦਾ ਭਉ ਦੂਰ ਹੋ ਗਿਆ ਤਦ ਜਨਮ ਮਰਣ ਹੀ ਪਰਵਾਣ ਹੋ ਗਿਆ:- **ਜਨਮਤ ਹੀ ਦੁਖੁ ਲਾਗੈ ਮਰਣਾ ਆਇਕੈ॥** **ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇਕੈ॥** (ਸੂਹੀ: ਮ: ੧,ਅਸਟ:-੫)

ਐਸਾ ਗੁਰਮੁਖ ਫਿਰ ਆਵਣ ਜਾਣ ਤੋਂ ਸੰਕੁਚਤ ਨਹੀਂ ਹੁੰਦਾ:-

ਗੁਰਮੁਖਿ ਆਵੈ ਜਾਇ ਨਿਸੰਗੁ॥ (ਰਾਮ : ਦਖ: ਓਅੰ: ਮ: ੧-੨੨)

ਕਿਉਂਕਿ ਫਿਰ ਉਸ ਦਾ ਆਉਣਾ ਜਾਣਾ ਜੇ ਹੋਵੇ ਤਾਂ ਪਰਉਪਕਾਰ ਲਈ ਹੁੰਦਾ ਹੈ ਤੇ ਹੁਕਮ ਵਿਚ ਹੁੰਦਾ ਹੈ। ਉਹ ਫਿਰ ਡਾਕਟਰ ਵਾਂਙੂ ਜੇਲ ਵਿਚ ਜਾਂਦਾ ਆਉਂਦਾ ਹੈ, ਕੈਦੀ ਵਾਂਙੂ ਨਹੀਂ, ਯਥਾ:-

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ (ਸੂਹੀ: ਮ: ੫-੫੪)

ਪੁਨਾ:- **ਸਹਜੇ ਆਏ ਹੁਕਮੁ ਸਿਧਾਏ ਨਾਨਕ ਸਦਾ ਰਜਾਏ॥** (ਰਾਮ: ਮ:੧ ਸਿਧ: ਗੋ : ੩)

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ (ਸਾਰੰਗ ਵਾਰ ਮ: ੨-੫)

(‘ਸੈਭੰ’)– (ਸੰਸ:, ਸ੍ਯੰ, ਸ੍ਵ=ਆਪਣਾ ਆਪ, ਆਪਣੇ ਆਪ। ‘ਸ੍ਵ’ ਦਾ ਪੰਜਾਬੀ ਰੂਪ ਹੈ-ਸੈ। ਭਾ=ਦੀਪਤੌ, ਭਾ ਦਾ ਅਰਥ ਹੈ ਪ੍ਰਕਾਸ਼। ‘ਭਾ’ ਦਾ ਹੀ ਬਣਿਆ ਹੈ: ਭੰ=ਪ੍ਰਕਾਸ਼)[1]।

ਆਪਣੇ ਆਪ ਹੀ ਪ੍ਰਕਾਸ਼ ਸਰੂਪ ਹੈ ਅਰਥਾਤ ਜਯੋਤੀ ਸਰੂਪ ਹੈ ਪਰ ਆਪਣੇ ਆਪ। ਕੋਈ ਹੋਰ ਪ੍ਰਕਾਸ਼ ਉਸ ਨੂੰ ਪ੍ਰਕਾਸ਼ਣੇ ਵਾਲਾ ਨਹੀਂ ਹੈ, ਸਗੋਂ ਸਭ ਨੂੰ ਪ੍ਰਕਾਸ਼ਣੇ ਵਾਲਾ ਉਹ ਆਪ ਹੈ:-

ਸਭ ਮਹਿ ਜੋਤਿ ਜੋਤਿ ਹੈ ਸੋਇ॥ (ਧਨਾ: ਮ: ੧, ਆਰਤੀ)

ਪਰਮੇਸ਼ੁਰ ਨੂੰ ਜਯੋਤਿ ਸਰੂਪ, ਪ੍ਰਕਾਸ਼ ਸਰੂਪ, ਸੈਭੰ ਕਹਿਣੇ ਤੋਂ ਭਾਵ ਹੈ ਕਿ ਉਹ ਚੇਤਨ ਹੈ ਅਰ ਉਸ ਦੀ ਚੇਤਨਤਾ ਆਪਣੇ ਆਪ ਹੈ। ਜਿਵੇਂ ‘ਸਤਯ’ ਕਹਕੇ ਉਸ ਦੀ ‘ਹੋਂਦ’ ਆਪਣੇ ਆਪ ਉਸ ਦਾ ਸਰੂਪ ਦੱਸਿਆ ਸੀ ਤਿਵੇਂ ‘ਸੈਭੰ’ ਆਖਕੇ ਉਸ ਦੀ ‘ਚੇਤਨਾ’ ਉਸ ਦੀ ‘ਸੁਤੇ ਸਿੱਧ ਦੀ ਅਪਣੀ’ ਦੱਸੀ, ਜੋ ਕਿਸੇ ਹੋਰ ਆਧਾਰ ਤੇ ਨਹੀਂ। ਸੱਚਾ ਆਪ ਜੋਤਿ ਸਰੂਪ ਹੈ[2] ਯਥਾ:-

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥ (ਮਾਰੂ ਮ: ੧ ਸੋਲਹੇ-੧੬)

ਦਸਮ ਗੁਰੂ ਜੀ ਨੇ ਭੀ ‘ਅਨਭਉ ਪ੍ਰਕਾਸ਼’ ਕਹਿਕੇ ਉਸ ਨੂੰ ‘ਸ੍ਵਯੰ ਪ੍ਰਕਾਸ਼’ ਯਾ ‘ਸੁਤਹ ਪ੍ਰਕਾਸ਼’ ਦੱਸਿਆ ਹੈ। ਫਿਰ ਫੁਰਮਾਯਾ ਕਿ ਉਹੋ ਜੋਤ ਸਾਰੇ ਹੈ (ਸਭ ਨੂੰ) ਤ੍ਰਿਭਵਣ ਨੂੰ ਪ੍ਰਕਾਸ਼ ਰਹੀ ਹੈ:-

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥ (ਬਿਲਾ: ਮ: ੧ ਛੰਤ -੧)

ਦਸਮ ਪਾਤਸ਼ਾਹ ਜੀ ਦਾ ਵਾਕ ਹੈ:-

ਜਿਮੀ ਅਸਮਾਨ ਕੇ ਬਿਖੇ ਸਮਸਤ ਏਕ ਜੋਤਿ ਹੈ॥ (ਗਿਆਨ ਪ੍ਰਬੋਧ)

ਗੁਰਬਾਣੀ ਵਿਚ ‘ਅਜੂਨੀ ਸੰਭਉ,’ ‘ਅਜੂਨੀ ਸੰਭਵਿਓ’ ਪਾਠ ਬੀ ਆਇਆ ਹੈ। ਅਰਥ ਹੈ ਜੋ ਬਿਨਾ ਕਿਸੇ ਕਾਰਣ ਦੇ ਆਪਣੀ ਹੋਂਦ ਵਿੱਚ ਹੈ। ਇਹ ਪਾਠ ਉਸ ਦੀ ਹੋਂਦ ਦੇ ਲਖਾਯਕ ਹੈਨ ਪਰ ‘ਸੈਭੰ’ ਪਦ ਉਸ ਦੇ ‘ਸ੍ਵੈ ਪ੍ਰਕਾਸ਼ ਸਰੂਪ’ ਹੋਣ ਦਾ ਲਖਾਯਕ ਹੈ। ਜਿਸ ਵਿਚ ਉਸ ਦੇ ‘ਚੇਤਨ ਹੋਣ ਦੀ

---

[1] ਸ੍ਰੀ ਪੰਡਤ ਸਾਧੂ ਸਿੰਘ ਜੀ ਨੇ ਸੈਭੰ ਦੇ ਅਰਥ ਐਉਂ ਕੀਤੇ ਹਨ: ਸਯਭੰ=ਜੋ ਅੰਤਹਕਰਣ ਵਿਚ ਪ੍ਰਕਾਸ਼ ਸਰੂਪ ਹੈ।

[2] ਆਪੇ ਜੋਤਿ ਸਰੂਪੀ ਬਾਲਾ॥ (ਮਾਰੂ ਸੋਲਹੇ ਮ: ੧-੨)

ਸ੍ਵਯੰ ਆਧਾਰਤਾ ਦੱਸੀ ਹੈ; ਅਰਥਾਤ ਉਸ ਦੀ ਚੇਤਨਤਾ ਸ੍ਵਯੰ ਆਧਾਰ ਹੈ। ਪਹਲੋਂ 'ਸਤਿ' ਪਦ ਆਖਕੇ ਉਸ ਦੀ 'ਹੋਂਦ' ਤ੍ਰੈਕਾਲ ਅਬਾਧ ਦੱਸ ਆਏ ਹਨ, ਏਥੇ ਚੇਤਨਤਾ ਸੁਤੇ ਪ੍ਰਕਾਸ਼ ਦੱਸੀ। ਭਾਈ ਗੁਰਦਾਸ ਜੀ ਨੇ ਭੀ ਇਸ ਪਦ ਦਾ ਅਰਥ 'ਜੋਤਿ ਉਜਾਲਿਆ' ਕੀਤਾ ਹੈ। ਯਥਾ:-

ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ[1]। ਅਰਥਾਤ-ਉਜਾਲਾ ਕਰਨੇ ਵਾਲੀ ਜੋਤਿ ਹੈ। ਪਰ ਕਈ ਦਾਨੇ ਸੈਭੰ ਦਾ ਅਰਥ ਬੀ ਸੰਭਵ (ਸ੍ਵਯੰਭੂ) ਹੀ ਕਰਦੇ ਹਨ ਕਿ ਅਯੋਨਿ ਸੰਭਵ ਹੈ ਕਿਉਂਕਿ ਉਸ ਹੋਣ ਦਾ ਕਾਰਣ ਕੋਈ ਨਹੀਂ; ਪਰ ਇਹ ਭਾਵ ਤਾਂ 'ਸਤਿ' ਤੇ 'ਅਕਾਲ ਮੂਰਤਿ' ਵਿਚ ਆ ਚੁਕਾ ਹੈ। ਕਈ ਥਾਈਂ ਗੁਰਬਾਣੀ ਵਿਚ 'ਅਜੋਨੀ ਸੰਭਵਿਓ' ਆਦਿ ਪਾਠ ਹਨ। ਓਥੇ ਅਰਥ ਹੈ ਉਸ ਦੀ ਹਸਤੀ ਆਪਣੇ ਆਪ ਹੈ ਕਿਸੇ ਕਾਰਣ ਦੇ ਆਸਰੇ ਨਹੀਂ ਹੈ।

ਸਾਧਨ ਪੱਖ- ਗੁਰੂ ਜੀ ਨੇ ਕਰਤਾ ਪੁਰਖ ਨਿਰੰਕਾਰ ਨੂੰ ਜੋਤਿ ਸਰੂਪ ਤੇ ਜੋਤੀ ਬੀ ਕਿਹਾ ਹੈ, ਤੇ ਨਾਲ ਜੋਤਿ ਨੂੰ ਆਤਮਾ ਅਰਥਾਂ ਵਿਚ ਵਰਤਿਆ ਹੈ। ਯਥਾ:-

ਜੋਤੀ ਅੰਦਿਰ ਜੋਤਿ ਸਮਾਣੀ ਆਪੁ ਪਛਾਤਾ ਆਪੈ॥ (ਤੁਖਾ: ਮ: ੧-੩)

ਫਿਰ ਦੱਸਿਆ:- **ਜੋਤੀ ਮਹਿ ਜੋਤਿ ਰਲਿ ਜਾਇਆ॥** (ਰਾਮ: ਮ: ੫-੧੦)

ਪੁਨਾ:- **ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** (ਬਿਲਾ: ਮ: ੫-੨)

ਭਾਵ ਹੈ ਕਿ ਪਰਮਾਤਮਾ ਵਿਚ ਆਤਮਾ ਜਾ ਰਲੇਗੀ। ਇਸ ਦਾ ਮਤਲਬ ਇਹ ਹੋਇਆ ਕਿ 'ਸੁਤੇ ਪ੍ਰਕਾਸ਼' ਦੇ ਉਪਾਸ਼ਕ ਉਸ ਦੇ ਇਸ ਸਰੂਪ ਦੀ ਲੱਖਤਾ ਲਈ ਅਭ੍ਯਾਸ ਕਰਦੇ ਹੋਏ ਉਸ ਨੂੰ ਪ੍ਰਾਪਤ ਹੋ ਜਾਣਗੇ। ਇਸ ਲਈ ਮੂਲ ਮੰਤ੍ਰ ਵਿਚ ਸੈਭੰ ਪਦ ਰਖਿਆ ਕਿ ਅਭ੍ਯਾਸੀ ਉਸ ਸੁਤੇ (ਆਪਣੇ ਆਪ) ਪ੍ਰਕਾਸ਼ ਸਰੂਪ ਨੂੰ ਮੂਲ ਮੰਤ੍ਰ ਦਾ ਲਕ੍ਸ਼ ਸਮਝਣ।

('ਗੁਰ')- (ਸੰਸ: ਗੁਰੂ[2]= ੧.ਸਿਖ੍ਯਾ ਦਾਤਾ। ੨. ਗੁਰ ਮੰਤ੍ਰ ਦਾਤਾ। ਦੀਖ੍ਯਤ ਕਰਨ ਵਾਲਾ) ਗੁਰ= ਗੁਰੂ ਦਾ। ਰ ਮੁਕਤਾ ਹੋਣ ਕਰਕੇ ਸਮਾਸ ਹੈ ਤੇ ਏ ਖਸ਼ਟੀ ਦਾ ਸਮਾਸ ਹੈ;ਅਰਥ ਹੈ ਗੁਰੂ ਦਾ (ਪ੍ਰਸਾਦ)।

---

[1] ਭਾਈ ਗੁਰਦਾਸ ਜੀ ਦੀ ਵਾਰ ੩ ਪਉੜੀ ੧੫ ਵਿਚ ਪਾਠ ਹੈ:

ਏਕਾ ਏਕੰਕਾਰੁ ਲਿਖਿ ਦੇਖਾਲਿਆ।	੧
ਊੜਾ ਓਅੰਕਾਰੁ ਪਾਸਿ ਬਹਾਲਿਆ।	ਓ⁀
ਸਤਿਨਾਮੁ ਕਰਤਾਰ ਨਿਰਭਉ ਭਾਲਿਆ।	ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।	ਨਿਰਵੈਰੁ ਅਕਾਲ ਮੂਰਤਿ ਅਜੂਨੀ
ਸਚ ਨੀਸਾਣੁ ਅਪਾਰੁ ਜੋਤਿ ਉਜਾਲਿਆ।	ਸੈਭੰ

(ਜੋਤਿ ਉਜਾਲਿਆ=ਸੈਭੰ) ਇਹ ਉਸ ਦਾ ਸਚਾ ਨੀਸਾਣ ਹੈ।

[2] ਗੁਰੂ ਦੀਆਂ ਵਿਤ੍ਪਤੀਆਂ ਕਈ ਹਨ:-

੧. ਗ੍ਰੀ= ਬੋਲਣਾ ਤੋਂ ਸ਼ਬਦ ਦਾ ਦਾਤਾ ਅਰਥ ਬਣਦਾ ਹੈ।

੨. ਗੁਰ= ਗੁਰਤ੍ਵ ਵਾਲੀ ਸ਼ੈ। ਭਾਰੀ, ਵੱਡਾ।

੩. ਗੁ= ਅੰਧਕਾਰ, ਰ=ਪ੍ਰਕਾਸ਼। ਅਗ੍ਯਾਨ ਦੇ ਅੰਧੇਰੇ ਨੂੰ ਗ੍ਯਾਨ ਪ੍ਰਕਾਸ਼ ਨਾਲ ਦੂਰ ਕਰਨ ਵਾਲਾ
ਯਥਾ: ਗਕਾਰਸ੍ਤੁ ਅੰਧਕਾਰਾ ਸ੍ਯਾਤ ਰਕਾਰਸ੍ਤਨ੍ ਨਿਰੋਧਕ:
ਅੰਧਕਾਰ ਵਿਨਾਸ਼ਤ੍ਵਾਤ ਗੁਰੁਰਿਤ੍ਯਭਿਧੀਯਤੇ।

('ਪ੍ਰਸਾਦਿ')-(ਸੰਸ: ਪ੍ਰਸਾਦ=੧. ਪ੍ਰਸੰਨਤਾ ੨. ਕ੍ਰਿਪਾਲਤਾ। ਮਿਹਰ।) ਕ੍ਰਿਪਾ, ਮੇਹਰ[1]।

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥ (ਰਾਮ: ਸਦ-੧)

ਗੁਰ ਪ੍ਰਸਾਦਿ= ਗੁਰੂ ਦੀ ਕ੍ਰਿਪਾ ਨਾਲ (ਪ੍ਰਾਪਤ ਹੈ।) 'ਦ' ਦੀ ਸਿਆਰੀ 'ਇ' ਹੈ, ਇਸ 'ਇ' ਦੇ ਕਈ ਅਰਥਾਂ ਵਿਚੋਂ ਇਕ ਅਰਥ 'ਪ੍ਰਾਪਤ ਕਰਨਾ' ਬੀ ਹੈ। ਸੋ 'ਗੁਰ ਪ੍ਰਸਾਦਿ' ਦਾ ਅਰਥ ਹੋਇਆ-ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ।

ਪਰੰਪਰਾ ਤੋਂ ਬੀ ਗਜਾਨੀ ਇਹੋ ਅਰਥ ਕਰਦੇ ਆਏ ਹਨ। ਇਹ ਅਸੂਲ ਕਿ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ ਗੁਰੂ ਬਾਣੀ ਵਿਚ ਆਪ ਪ੍ਰਤਿਪਾਦਨ ਕੀਤਾ ਹੋਇਆ ਹੈ[2], ਯਥਾ:-

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥ (ਭੈਰ: ਮ: ੧-੪)

ਪਰਸਾਦਿ ਦੇ ਦਦੇ ਦੀ ਸਿਆਰੀ ਦੀ ਥਾਂ ਬਿਹਾਰੀ ਵਰਤਕੇ ਬਿਹਾਰੀ ਦੇ ਅਰਥ 'ਨਾਲ' ਯਾ 'ਦੁਆਰਾ' ਸ੍ਰੀ ਗੁਰੂ ਜੀ ਨੇ ਆਪ ਦੱਸੇ ਹਨ:-

ਗੁਰ ਪਰਸਾਦੀ ਬੁਝਿ ਸਚਿ ਸਮਾਈਐ॥ (ਵਾਰ ਮਾਝ ਮ: ੧-੨੦)

ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ॥ (ਸਾਰਗ ਮ: ੧-ਅਸਟ:-੨)

ਤੀਸਰੇ ਸਤਿਗੁਰਾਂ ਨੇ ਫੁਰਮਾਇਆ ਹੈ:-

ਹਰਿ ਜੀਉ ਸਭ ਮਹਿ ਰਹਿਆ ਸਮਾਈ॥ ਗੁਰ ਪਰਸਾਦੀ ਪਾਇਆ ਜਾਈ॥ (ਮਾਰੂ ਮ: ੩-੨੨)

ਗੁਰ ਪਰਸਾਦੀ ਨਾਮੁ ਮਨਿ ਵਸਿਆ....॥ (ਵਾਰ ਬਿਲਾ: ਮ: ੩-੮)

ਗੁਰ ਪਰਸਾਦਿ ਨਿਰੰਜਨੁ ਪਾਇਆ....॥ (ਸਾਰਗ ਮ: ੩-੨)

ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥ (ਗਉੜੀ ਮਹਲਾ: ੫-੧੪੬)

ਸੋ 'ਗੁਰ ਪ੍ਰਸਾਦਿ' ਦਾ ਅਰਥ 'ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ' ਗੁਰਬਾਣੀ ਗੁਰਮਤਿ ਅਨਕੂਲ ਹੈ।

ਗੁਰਬਾਣੀ ਵਿਚ ਗੁਰੂ ਪਦ ਅਕਾਲ ਪੁਰਖ ਦਾ ਵਾਚਕ ਬੀ ਆਇਆ ਹੈ:-

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥ (ਸੋਰਠਿ ਮ: ੧-੧੧)

ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ (ਰਾਮ ਮ: ੧-੬)

ਫਿਰ ਇਹ ਗੁਰ ਨਾਨਕ ਦੇਵ ਜੀ ਪਰਥਾਇ ਆਇਆ ਹੈ:-

ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮ: ੫-੯)

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮਹਲਾ: ੫ ਅਸਟ-੧)

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ...॥ (ਸੋਰਠ ਮਹਲਾ: ੫-੧੩)

ਫਿਰ ਇਹ ਪਦ ਗੁਰੂ ਨਾਨਕ ਦੇਵ ਜੀ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਲਈ ਆਇਆ ਹੈ:-

ਗੁਰ ਅੰਗਦ ਦੀ ਦੋਹੀ ਫਿਰੀ....। (ਰਾਮ ਵਾਰ: ਸਤਾ ਬਲਵੰਡ)

ਪੁਨਾ:- **ਸਚੁ ਸਚਾ ਸਤਿਗੁਰੁ ਅਮਰੁ ਹੈ....॥** (ਵਾਰ ਗਉੜੀ: ਮ: ੪-੧੨)

ਪੁਨਾ:-**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥** (ਸਵ: ਮਹਲਾ:੫ ਕੇ-੧)

ਪੁਨਾ:-**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ ਪਰਤਖ੍ ਹਰਿ॥** (ਸਵ: ਮਹਲਾ:੫ ਕੇ-੧੯)

---

[1] ਪ੍ਰਸਾਦ ਦਾ ਧਾਤੂ ਹੈ ਸਦ੍=ਬੈਠਣਾ। ਜਦੋਂ ਸਤਿ ਪੁਰਖ ਦੇ ਮਨ ਬੁਧੀ ਵਿਚੋਂ ਤਮੋਂ ਦਾ ਹਨੇਰਾ ਤੇ ਰਜੋ ਦਾ ਘਬਰਾ ਬੈਠ ਜਾਂਦੇ ਹਨ ਤਾਂ ਮਨ ਟਿਕ ਕੇ ਸਾਫ ਹੋ ਜਾਂਦਾ ਹੈ। ਐਸੇ ਮਨ ਵਾਲੇ ਦਾ ਸੁਭਾਵ ਮਿਹਰ ਦਇਆ ਵਾਲਾ ਹੋ ਜਾਂਦਾ ਹੈ। ਇਉਂ ਪ੍ਰਸਾਦਿ ਦਾ ਅਰਥ ਪਵਿੱਤ੍ਰਤਾ, ਸਚਾਈ, ਪ੍ਰਸੰਨਤਾ ਤੇ ਕ੍ਰਿਪਾਲਤਾ ਹੈ।

[2] ਯਥਾ:-ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (ਮਾਰੂ ਸੋਲਹੇ ਮ: ੫-੨)

ਦਸਮ ਗੁਰੂ ਜੀ ਨੇ ਸਾਰੇ ਗੁਰੂ ਸਾਹਿਬਾਂ ਨੂੰ 'ਇਕ ਰੂਪ' ਕਿਹਾ ਹੈ:-

ਸ੍ਰੀ ਨਾਨਕ ਅੰਗਦ ਕਰ ਮਾਨਾ॥ ਅੰਗਦ ਅਮਰਦਾਸ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂ ਪਹਿਚਾਨਾ॥
ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥੧੦॥

(ਬਚਿਤ੍ਰ ਨਾਟਕ ਪਾ: ੧੦।

ਇਸੀ ਤਰ੍ਹਾਂ ਭਾਈ ਗੁਰਦਾਸ, ਭਾਈ ਨੰਦ ਲਾਲ ਦੇ ਵਾਕ ਮਿਲਦੇ ਹਨ।

ਵਿਸ਼ੇਸ਼– ਸੋ ਗੁਰਸਿਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖ਼ਸੂਸ ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ, ਪਰ 'ਦੈਵ ਗੁਰੂ' ਮੰਨੇ ਗਏ ਹਨ, ਜੈਸਾ ਕਿ ਫ਼ੁਰਮਾਨ ਹੈ:-

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮ: ੫, ਅਸਟ:੧)
ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮਹਲਾ ੫-੯)

ਗੁਰੂ ਪਦ ਦਾ ਅਰਥ, ਜਦ ਉਹ ਉਪ੍ਰੋਕਤ ਗੁਰੂ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤ੍ਰ ਯਾ ਦੀਖਜਾਦਾਤਾ ਮਾਤ੍ਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਜੋਤੀ' ਤੋਂ ਹੈ। ਇਹ ਜਜੋਤਿ ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ[1], ਇਸ ਜੋਤਿ ਵਾਲੇ 'ਦੈਵ ਗੁਰੂ' ਹਨ।

ਦਸਾਂ ਗੁਰੂ ਸਾਹਿਬਾਂ ਦੇ ਸਰੀਰ-ਤਜਾਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋਕੇ ਦੀਖਜਾ ਦੇਣ ਦਾ ਕਾਰਜ ਕਰਦੇ ਹਨ[2]। ਦੀਖਜਤ ਪੁਰਖ ਨੂੰ ਨਾਮ ਅਭਜਾਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਹਾਇਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰੂ ਬਾਣੀ ਵਿਚ 'ਸੰਤ, ਜਨ, ਹਰੀਜਨ, ਸਾਧੂ' ਕਈ ਨਾਮਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇਂ ਭੀ ਦੂਰ ਦੂਰ ਥਾਈਂ ਗੁਰਮੁਖ ਹੀ ਦੀਖਜਾ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਤੁੱਲ 'ਦੈਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ। ਸਭ ਸਿਖਾਂ ਨੂੰ ਲਿਆ ਕੇ ਗੁਰੂ ਕੀ ਚਰਨੀਂ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ਼ ਮੰਗੀਦਾ ਹੈ। ਯਥਾ:-

'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਪਿਆਰੇ ਮੇਲੀਂ,
ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

ਗੁਰਬਾਣੀ ਵਿਚ 'ਗੁਰਮੁਖਾਂ' ਤੇ 'ਗੁਰਸਿਖਾਂ' ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿੱਤਾ ਹੈ। ਯਥਾ:-

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥
ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥ (ਸੂਹੀ ਮ: ੩-ਅਸਟ:-੧)

ਸੋ ਕਿਸੇ ਗੁਰਮੁਖ ਨੂੰ, ਚਾਹੋ ਕਿਤਨਾ ਪਾਰਗਿਰਾਮੀ ਹੋਵੇ, ਦਸਾਂ ਗੁਰੂ ਸਾਹਿਬਾਂ ਦੇ ਤੁੱਲ ਮੰਨਣਾ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੋਂ ਇਨਕਾਰ ਕਰਨਾ, ਗੁਰਮਤਿ ਨਹੀਂ। ਪਰ ਗੁਰਮੁਖ, ਗੁਰਸਿਖ, ਸੰਤ ਆਦਿ ਨਾਮ-ਪ੍ਰੇਮੀਆਂ ਦੇ ਸਤਿਸੰਗ ਤੇ ਸਹਾਇਤਾ ਤੋਂ ਵਾਂਜੇ ਜਾਣਾ ਭੀ ਗੁਰਮਤਿ ਅਨਕੂਲ ਨਹੀਂ।

ਆਮ ਤੌਰ ਤੇ ਜਦ ਕੋਈ ਦੀਖਜਤ ਹੋ ਜਾਂਦਾ ਸੀ ਤਾਂ ਗੁਰਮੁਖ ਹੋ ਗਿਆ ਕਹਾਉਂਦਾ ਸੀ, ਪਰ ਸਿੱਧ ਗੋਸ਼ਟ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਨੂੰ, ਜੋ ਉੱਨਤੀ

[1] ਗੁਰ ਜੋਤਿ ਅਰਜੁਨ ਮਾਹਿ ਧਰੀ॥ (ਸਵ: ਮ: ੫ ਕੇ ੧੬)
[2] 'ਇਕੁ ਸਿਖੁ ਦੁਇ ਸਾਧ ਸੰਗੁ, ਪੰਜੀਂ ਪਰਮੇਸਰੁ॥' (ਵਾਰ : ਭਾ: ਗੁ: ੧੩-੧੯)

ਕਰਕੇ ਕਮਾਲ ਨੂੰ ਪਹੁੰਚਾ ਹੈ; 'ਗੁਰਮੁਖ' ਆਖਿਆ ਹੈ। ਯਥਾ:-

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥ ਗੁਰਮੁਖਿ ਸਾਚੁ ਰਖਿਆ ਉਰਧਾਰਿ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥ ਗੁਰਮੁਖਿ ਦਰਗਹ ਨ ਆਵੈ ਹਾਰਿ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ॥ ਨਾਨਕ ਗੁਰਮੁਖਿ ਸਬਦਿ ਪਛਾਣੈ॥੨੧॥

ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੨੨॥

(ਰਾਮ: ਸਿਧ ਗੋ: ਮ: ੧)

ਨਾਮ ਦੇ 'ਪ੍ਰਚਾਰ' ਕਰਨ ਦਾ ਅਧਿਕਾਰ ਸ੍ਰੀ ਗੁਰੂ ਸਾਹਿਬਾਨ ਜੀ ਨੇ 'ਗੁਰਸਿੱਖ' ਨੂੰ ਬੀ ਦਿੱਤਾ ਹੈ:-

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਗਉੜੀ ਵਾਰ ਮ: ੪-੧੧)

ਪੁਨਾ:-**ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥** (ਸੂਹੀ ਮ: ੩ ਅਸਟ: ੧)

('ਜਪੁ'॥)-(ਸੰਸ:, ਜਪੁ= ਬੋਲਣਾ। ੨. ਐਸਾ ਬੋਲਣਾ ਜੋ ਸੁਣੀਵੇ ਨਾ। ਪਾਠ। ਚੁੱਪ ਚਾਪ ਦਾ ਪਾਠ) ਮੰਤ੍ਰ ਦਾ ਉਚਾਰਣਾ। ਪਾਠ।

ਗੁਰ ਪ੍ਰਸਾਦਿ ਦੇ ਮਗਰੋਂ 'ਜਪੁ' ਪਦ ਪਿਆ ਹੈ। ਇਸ ਦਾ ਤਾਤਪਰਜ ਇਹ ਹੈ ਕਿ ਹੁਣ '**ਜਪੁਜੀ**' ਨਾਮੇ ਬਾਣੀ ਦਾ ਅਰੰਭ ਹੋਇਆ। ਇਸ ਦਾ ਨਾਮੁ 'ਜਪੁ' ਇਸ ਲਈ ਰਖਿਆ ਗਿਆ ਹੈ ਕਿ ਇਹ ਬਾਣੀ ਨਿਤ ਨੇਮ ਨਾਲ ਪਾਠ ਕਰਨੇ ਲਈ ਰਚੀ ਗਈ ਸੀ।

ਇਥੇ 'ਜਪੁ' ਨੂੰ ਅਕਸਰ ਗਿਆਨੀ ਤੇ ਪੰਡਿਤ ਲੋਟ ਲਕਾਰ ਅਰਥਾਤ 'ਸੀਗ਼ਾ ਅਮਰ' ਯਾ 'ਹੁਕਮ' ਮੰਨਦੇ ਹਨ, ਕਿ ਇਸ ਦਾ ਇਹ ਅਰਥ ਹੈ ਕਿ 'ਤੂੰ ਜਪ ਕਰ'। ਗੁਰਬਾਣੀ ਵਿਚ ਜਪ ਜਦ ਲੋਟ ਲਕਾਰ ਵਿਚ ਆਇਆ ਹੈ ਤਾਂ ਆਮ ਤੌਰ ਤੇ 'ਜਪਿ' ਰੂਪ ਵਿਚ ਆਇਆ ਹੈ। ਪਰ 'ਜਪ' ਰੂਪ ਵਿਚ ਬੀ ਇਹ ਪਦ ਲੋਟ ਲਕਾਰ' ਵਿਚ ਵਰਤਿਆ ਗਿਆ ਹੈ। ਜੈਸੇ

ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥ (ਸਵ: ਮ: ੧ ਕੇ-੯)

ਸੁਖਮਨੀ ਵਿਚ 'ਜਾਪੁ' ਪਦ ਔਂਕੜ ਨਾਲ ਇਸੇ ਲਕਾਰ ਵਿਚ ਆਯਾ ਹੈ ਤੇ ਅਰਥ ਹੈ 'ਜਪ ਕਰੋ'।

ਯਥਾ:- **ਰੇ ਮਨ ਮੂੜ ਤੂ ਤਾਕਉ ਜਾਪੁ॥** (ਗਉ: ਸੁਖ: ਮ: ੫,੬-੨)

ਇਸ ਲਈ ਜੋ ਸਜਣ 'ਜਪ ਕਰੋ' ਅਰਥ ਕਰਦੇ ਹਨ ਉਹ ਭੀ ਭੁੱਲ ਵਿਚ ਨਹੀਂ ਕਹੇ ਜਾ ਸਕਦੇ, ਕਿਉਂਕਿ ਬਾਣੀ ਦਾ ਨਾਮ 'ਜਪੁ' ਰਖਣ ਦਾ ਬੀ ਤਾਤਪਰਜ ਇਹੋ ਹੈ ਕਿ ਇਹ ਮੂਲ ਮੰਤ੍ਰ ਤੇ ਅਗਲੀ ਬਾਣੀ 'ਜਪ ਕਰਨੇ' ਲਈ ਹੈ, ਨਹੀਂ ਤਾਂ ਸੁਖਮਨੀ ਵਾਂਙੂ ਇਸ ਦਾ ਨਾਮ ਬੀ ਕੋਈ ਵਿਸ਼ੇਸ਼ਣ ਪਦ ਵਾਲਾ ਹੋਰ ਹੁੰਦਾ। ਵਰਤਾਵੇ ਵਿਚ ਤੱਕੋ: ਦਸੋ ਪਾਤਸ਼ਾਹੀਆਂ ਆਪ ਇਸ ਦਾ ਪਾਠ ਰੋਜ਼ ਕਰਦੀਆਂ ਰਹੀਆਂ। ਸਿੱਖਾਂ ਦੇ ਨਿਤਨੇਮ ਵਿਚ ਇਹ ਸਵੇਰ ਦਾ ਪਾਠ ਜਪੁਜੀ ਦਾ ਹੁਣ ਤਕ ਜਾਰੀ ਹੈ। ਅੰਮ੍ਰਿਤ ਤਿਆਰ ਕਰਨ ਵੇਲੇ ਪਹਿਲਾ ਪਾਠ ਇਸੇ ਦਾ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਪਤਾ ਦਿੱਤਾ ਹੈ:-

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (ਵਾਰ: ਭਾ:ਗੁ: ੧-੩੮)

ਰਹਿਤ ਨਾਮਿਆਂ ਵਿਚ ਇਸ ਬਾਣੀ ਦੇ ਰੋਜ਼ ਪਾਠ ਦੀ ਤਾਕੀਦ ਹੈ:-

ਬਿਨ ਜਪ ਪੜੇ ਪ੍ਰਸਾਦ ਜੁ ਪਾਵੈ। ਬਿਨ ਰਹਿਰਾਸ ਸਮਾ ਜੋ ਖੋਵੈ।
ਕੀਰਤਨ ਪੜੇ ਬਿਨਾ ਜੋ ਸੋਵੈ। ਧ੍ਰਿਗ ਤਿਸ ਜਨਮ ਜੁ ਧਰਮ ਬਿਸਾਰੈ॥

(ਤਨਖਾਹ ਨਾਮਾ।)

ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰਿ ਇਸਨਾਨ ਪੜੇ ਜਪ ਜਾਪ।
ਸੰਧਯਾ ਸਮੇ ਸੁਨੈ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਯਾਸ।
ਇਨ ਪੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰ ਪੁਰੀ ਮਹਿ ਜਾਇ।

(ਰਹਿਤ ਨਾਮਾ।)

ਵਿਸ਼ੇਸ਼- ਇਕ ਵੀਚਾਰ ਹੋਰ ਹੈ। ਮੂਲ ਮੰਤ੍ਰ ਤਾਂ 'ਗੁਰ ਪ੍ਰਸਾਦਿ' ਤਕ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਆਦਿ ਵਿਚ ਜਦ ਮੂਲ ਮੰਤ੍ਰ ਦੁਹਰਾਇਆ ਹੈ ਤਾਂ ਪਾਠ ਇਥੋਂ ਤਾਈਂ ਹੀ ਹੈ। ਸੋ ਇਸ ਤੋਂ ਅਗਲਾ ਸਲੋਕ 'ਆਦਿ ਸਚੁ ......' ਵਾਲਾ ਵੱਖਰਾ ਹੈ। ਇਸ ਦਾ ਸਬੂਤ ਇਹ ਹੈ ਕਿ ਪੰਜਵੇਂ ਸਤਿਗੁਰੂ ਜੀ ਨੇ ਇਹ ਸਲੋਕ ੧੭ਵੀਂ ਅਸਟਪਦੀ ਦਾ ਸੁਖਮਨੀ ਵਿਚ 'ਸਲੋਕ' ਲਿਖਕੇ ਅਸਟਪਦੀ ਦੇ ਸਿਰੇ ਤੇ ਰਖਿਆ ਹੈ। ਇਥੇ ਜਪੁਜੀ ਦੇ ਮੁੱਢ ਵਿਚ ਬੀ 'ਹੋਸੀ ਭੀ[1] ਸਚੁ' ਦੇ ਮਗਰੋਂ ਅੰਕ '੧' ਦਿਤਾ ਹੈ, ਸੋ ਇਹ ਅੰਕ '੧' ਸਲੋਕ ਦਾ ਹੈ ਤੇ ਮਗਰੋਂ ਚੱਲੀ ਪਉੜੀ 'ਸੋਚੈ ਸੋਚਿ ਨ ਹੋਵਈ...' ਦਾ ਅੰਕ 'ਨਾਨਕ ਲਿਖਿਆ ਨਾਲਿ॥' ਤੇ ਜਾਕੇ ਫੇਰ '੧' ਦਿਤਾ ਹੈ। ਇਹ ਅੰਕ ਪਉੜੀਆਂ ਦੀ ਗੇਣਤੀ ਦਾ '੩੮' ਤਕ ਗਿਆ ਹੈ। ਦੇਖੋ, '.....ਨਦਰਿ ਨਿਹਾਲ॥' ਦੇ ਪਿਛੋਂ ਅੰਕ '੩੮' ਹੀ ਦਿਤਾ ਹੈ।

ਇਸ ਤੋਂ ਮਗਰੋਂ ਸਲੋਕ ਹੈ- 'ਪਵਣੁ ਗੁਰੂ....' ਉਸ ਦਾ ਅੰਕ ਫੇਰ '੧' ਹੈ। ਸੋ ਸਿੱਟਾ ਇਹ ਨਿਕਲਿਆ ਕਿ ਜਪੁ ਵਿਚ ੩੮ ਤਾਂ ਪਉੜੀਆਂ ਹਨ ਤੇ ਆਦਿ ਅੰਤ ਇਕ ਇਕ ਸਲੋਕ ਹੈ। ਅੰਤਲੇ ਸਲੋਕ ਦੇ ਸਿਰੇ ਉੱਤੇ ਤਾਂ 'ਸਲੋਕ' ਪਦ ਲਿਖਿਆ ਹੀ ਹੈ, ਪਰ ਪਹਿਲੇ ਸਲੋਕ ਤੇ ਲਿਖਿਆ ਨਹੀਂ, ਹਾਂ ਇਹ ਸੁਖਮਨੀ ਨੇ ਦੱਸ ਦਿਤਾ ਹੈ ਕਿ ਓਥੇ ਉਸ ਨੂੰ ਸਲੋਕ ਲਿਖਿਆ ਹੈ; ਸੋ ਦੋ ਸਲੋਕ ਤੇ ੩੮ ਪਉੜੀਆਂ (=੪੦) ਤੇ ਮੂਲ ਮੰਤ੍ਰ ਜਪੁਜੀ ਦੀ ਗੇਣਤੀ ਹੈ। ਪਰ ਕਈ ਪ੍ਰੇਮੀ ਗੁਰ ਪ੍ਰਸਾਦਿ ਤੋਂ ਅੱਗੇ 'ਹੋਸੀ ਭੀ ਸਚੁ' ਤਕ ਦਾ ਅਭਿਆਸ ਕਰਦੇ ਹਨ। ਕਈ ਦੱਸਦੇ ਹਨ ਕਿ 'ਗੁਰਪ੍ਰਸਾਦਿ' ਤੇ 'ਆਦਿ ਸਚੁ' ਦੇ ਵਿਚਕਾਹੇ 'ਜਪੁ' ਹੁਕਮ ਪਿਆ ਹੈ ਕਿ 'ਮੂਲ ਮੰਤ੍ਰ' ਤੇ 'ਸੱਚ ਮੰਤ੍ਰ'[2] ਦੁਹਾਂ ਦਾ ਰਲਾਕੇ ਅਭਿਆਸ ਕਰੋ। ਠੀਕ ਵੇਰਵਾ ਤਾਂ ਅਸੀਂ ਉਪਰ ਦੱਸ ਦਿੱਤਾ ਹੈ, ਪਰ ਬਾਣੀ ਮਿਸ਼ਰੀ ਦੀ ਡਲੀ ਵਾਂਙੂ ਹਰ ਪਹਿਲੂ ਤੋਂ ਮਿੱਠੀ ਹੈ, ਇਸ ਦਾ ਪਾਠ ਤੇ ਅਭਯਾਸ ਜਿੰਨਾ ਕੋਈ ਕਰੇ ਗੁਰਬਾਣੀ ਦਾ ਪਾਠ ਹੈ ਤੇ ਕਲਯਾਣਕਾਰੀ ਹੈ।

ਜਪ ਕਰਨ ਦਾ ਭਾਵ ਏਸ ਤਰ੍ਹਾਂ ਦਾ ਰਟਨ ਮਾਤ੍ਰ ਨਹੀਂ, ਜਿਸ ਤਰ੍ਹਾਂ ਕਿ ਮਸ਼ੀਨ ਵਿਚੋਂ ਕੋਈ ਅਵਾਜ਼ ਹੁੰਦੀ ਹੈ। ਮਸ਼ੀਨ ਨਿਰਜਿੰਦ ਹੈ, ਜਪਣ ਵਾਲਾ ਸਜਿੰਦ ਹੈ। ਜਪਣ ਵਾਲੇ ਦਾ ਧਿਆਨ ਜਪ ਕਰਦਿਆਂ, 'ਜਪ' ਜਿਸ ਨੂੰ ਜਣਾਉਂਦਾ ਹੈ, ਉਸ ਵਲ ਸੁਤੇ ਹੀ ਜਾਣਾ ਹੈ, ਚਾਹੋ ਥੋੜਾ ਜਾਵੇ, ਚਾਹੋ ਬਹੁਤਾ। ਇਹੋ 'ਜਪ' ਦਾ ਪ੍ਰਯੋਜਨ ਹੈ ਕਿ ਜਪ ਨਾਲ ਤਵੱਜੋ ਮੁੜ ਮੁੜ ਜਪੇ ਜਾਣ ਵਾਲੇ ਵਲ ਮੋੜਾ ਖਾਵੇ। 'ਧਾਵਤੁ ਵਰਜਿ ਰਹਾਏ॥' (ਰਾਮ: ਸਿਧ ਗੋ:੬੪) ਇਸੇ ਲਈ ਹੁਕਮ ਹੈ ਕਿ ਜਪ ਸਮੇਂ ਜੇ ਮਨ ਦੌੜੇ ਤਾਂ ਉਸ ਨੂੰ ਵਰਜ ਵਰਜ ਕੇ ਜਪ ਦੇ ਲਕਸ਼ ਵਲ ਪਾਏ। ਫੇਰ ਜਿਸ ਤੇ ਮਨ ਬਾਰ ਬਾਰ ਜੁੜੇਗਾ ਉਸ ਨਾਲ ਖਿੱਚ ਹੋ ਜਾਏਗੀ, ਇਹੋ ਖਿੱਚ ਮੇਲ ਕਰਾਵੇਗੀ। ਜਿਵੇਂ: ਜੇ ਅੰਗ੍ਰੇਜ਼ ਨੂੰ ਕਿਹਾ ਜਾਵੇ: 'ਗਾਡ' ਕਹੁ ਤਾਂ ਉਸ ਦਾ ਖਿਆਲ ਗਾਡ ਆਖਦਿਆਂ 'ਰੱਬ' ਵਲ ਜਾਏਗਾ। ਕਿਉਂਕਿ ਉਸ ਦੀ ਬੋਲੀ ਵਿਚ ਇਹ ਨਾਮ ਪਰਮੇਸ਼ੁਰ ਦਾ ਹੈ। ਪਰ ਜੇ ਕਸ਼ਮੀਰੀ ਨੂੰ 'ਗਾਡ' ਆਖੋ ਤਾਂ ਉਸ ਦਾ ਖਿਆਲ ਮੱਛੀ ਵੱਲ

[1] ਜਪੁਜੀ ਵਿਚ ਪਾਠ 'ਭੀ' ਹੈ ਤੇ ਸੁਖਮਨੀ ਵਿਚ 'ਭਿ'।

[2] '੧ਓ......' ਤੋਂ '......ਪ੍ਰਸਾਦਿ॥' ਤਕ 'ਮੂਲ ਮੰਤ੍ਰ', 'ਆਦਿ ਸਚੁ......' ਤੋਂ '.....ਹੋਸੀ ਭੀ ਸਚੁ' ਤਕ 'ਸੱਚ ਮੰਤ੍ਰ' ਹੈ ਤੇ ਵਿਚਕਾਹੇ 'ਜਪੁ' ਦੇਹੁਰੀ ਦੀਪਕ ਪਿਆ ਹੈ: 'ਤੂੰ ਜਪ ਕਰ'। ਇਉਂ ਕਰਕੇ ਮੰਨਦੇ ਤੇ ਪਾਠ 'ਹੋਸੀ ਭੀ ਸਚੁ' ਤੱਕ ਕਰਦੇ ਹਨ।

ਜਾਏਗਾ, ਕਿਉਂਕਿ ਉਸ ਦੀ ਬੋਲੀ ਵਿਚ 'ਗਾਡ' ਨਾਮ 'ਮੱਛੀ' ਦਾ ਹੈ। ਇਸ ਕਰਕੇ ਜਪੇ ਜਾਣ ਵਾਲੇ ਪਦ ਦੇ ਅਰਥ ਭਾਵ ਵਿਚ ਦਿਲ ਦੇ ਕੇ ਜਪ ਕਰੇ ਯਾ ਜਪ ਬਾਣੀ ਪੜ੍ਹੇ ਤਾਂ ਮਨ ਦੀ ਤਵੱਜੋ, ਜੋ ਖਿੰਡੀ ਰਹਿੰਦੀ ਹੈ, ਉਹ ਜਪੇ ਜਾਣ ਵਾਲੇ ਤੇ ਪਏ ਤੇ ਉਸ ਇੱਕੋ ਉਤੇ ਪਵੇ।

ਇਕ ਵੀਚਾਰ ਹੋਰ ਵੀ ਲੋਕੀ ਪੁੱਛਦੇ ਹਨ:'ਜੇ ਮੂੰਹੋਂ ਨਿੰਮ ਨਿੰਮ ਕਹੀਏ ਤਾਂ ਮੂੰਹ ਕੌੜਾ ਨਹੀਂ ਹੁੰਦਾ। ਰਬ ਰਬ ਕਹਿਣ ਨਾਲ ਰਬ ਕਿਵੇਂ ਮਿਲੇਗਾ?' ਇਸ ਵਿਚ ਭੁਲੇਵਾਂ ਇਹ ਹੈ ਕਿ ਨਿੰਮ ਸਾਥੋਂ ਇਕ ਵੱਖਰਾ ਪਦਾਰਥ ਹੈ ਜੋ ਕਹਿਣ ਮਾਤ੍ਰ ਨਾਲ ਪ੍ਰਾਪਤ ਨਹੀਂ ਹੁੰਦਾ, ਪਰ ਰਬ ਸਾਡੇ ਅੰਤ੍ਰਸਥ ਹੈ, ਅੰਦਰ ਮੌਜੂਦ ਹੈ, ਉਸ ਦੀ ਪ੍ਰਾਪਤੀ ਨਹੀਂ ਹੋਣੀ, ਪ੍ਰਾਪਤੀ ਤਾਂ ਉਸ ਦੀ ਹੈ ਹੀ, ਕਿਉਂਕਿ ਅੰਦਰ ਮੌਜੂਦ ਜੁ ਹੈ, ਮੌਜੂਦ ਵਸਤੂ ਦੀ ਕੇਵਲ ਸਾਨੂੰ ਲੱਖਤਾ ਹੋਣੀ ਹੈ, ਹਾਂ ਅੰਦਰ ਮੌਜੂਦ ਪਦਾਰਥ ਦੀ, ਜੋ ਅਤਿ ਸੂਖਮ ਹੈ ਤੇ ਸਾਡੇ ਸਰੀਰ, ਮਨ, ਬੁੱਧੀ ਵਿਚ ਸਾਰੇ ਵਿਆਪਕ ਹੈ। 'ਸੂਖਮ ਪਰ ਅੰਦਰ ਵਿਆਪਕ' ਦੀ ਲੱਖਤਾ ਧਿਆਨ ਦੇ ਜੁੜਨ ਤੇ ਸੂਖਮ ਹੋ ਕੇ ਜੁੜਨ ਨਾਲ ਹੁੰਦੀ। ਵਾਕ ਹੈ:-

ਪੰਚਾ ਕਾ ਗੁਰੁ ਏਕੁ ਧਿਆਨੁ॥ (ਜਪੁਜੀ ੧੬)

ਧਿਆਨ ਨੂੰ ਜੋੜਨ ਦਾ ਵਸੀਲਾ ਨਾਮ ਦਾ ਜਪ ਹੈ, ਨਾਮ ਦਾ ਸਿਮਰਨ ਹੈ, ਜਿਸ ਨਾਲ ਚੇਤੇ ਵਾਲੀ ਸ਼ਕਤੀ ਕਹੋ, ਸੁਰਤ ਕਹੋ, ਮਨ ਕਹੋ, ਅੰਦਰਲੇ ਨੇ ਤਵੱਜੋ ਨੂੰ ਬਾਹਰੋਂ ਅੰਦਰ ਨੂੰ ਕਰਨਾ ਹੈ। ਨਾਮ ਨੇ ਬਾਹਰ ਜਾਂਦੀ ਸੁਰਤ ਅੰਤ੍ਰਮੁੱਖ ਕਰਨੀ ਹੈ ਤੇ ਅੰਤ ਧਿਆਨ ਜੋੜਕੇ ਉਸ ਇਕ ਤੇ ਕਾਇਮ ਹੋ ਜਾਣਾ ਹੈ। ਐਉਂ ਉਸ ਦੀ, ਜੋ ਅੰਦਰੇ ਹੈ, ਲੱਖਤਾ ਪ੍ਰਾਪਤੀ ਹੋ ਜਾਣੀ ਹੈ, ਜੋ ਮਨ ਬੁਧਿ ਆਤਮਾਂ ਵਿਚ ਮੌਜੂਦ ਹੈ ਤੇ ਸਾਡੀ ਭੁੱਲ ਕਰ ਕੇ ਲਖਿਆ ਨਹੀਂ ਸੀ ਜਾਂਦਾ, 'ਯਾਦ' ਨਾਲ ਲਖਿਆ ਜਾਏਗਾ। ਸੋ ਲੋਕਾਂ ਦਾ ਕਹਿਣਾ ਕਿ 'ਖੰਡ ਖੰਡ ਕਹਿਣ ਨਾਲ ਮੂੰਹ ਮਿਠਾ ਨਹੀਂ ਹੁੰਦਾ' ਗ਼ਲਤ ਦ੍ਰਿਸ਼ਟਾਂਤ ਹੈ ਤੇ ਅਯੁਕ੍ਤ ਦਲੀਲ ਹੈ।

ਦਾਨਿਆਂ ਨੇ ਕੁਛ ਖਿਆਲ ਜਪ ਦੀ ਸਫ਼ਲਤਾ ਦੇ ਸਹਾਇਕ ਵਰਣਨ ਕੀਤੇ ਹਨ, ਜੋ ਇਸ ਪ੍ਰਕਾਰ ਹਨ:-

੧. ਜਪ ਲਈ ਸਥਾਨ ਜਿਥੋਂ ਤਕ ਹੋ ਸਕੇ ਸ੍ਵੱਛ ਹੋਵੇ, ਤੇ ਜਿੰਨਾ ਏਕਾਂਤ ਮਿਲ ਸਕੇ ਪ੍ਰਾਪਤ ਕੀਤਾ ਜਾਵੇ।

੨. ਸਰੀਰ ਇਸ਼ਨਾਨ ਜਾਂ ਪੰਜ ਇਸ਼ਨਾਨੇ ਨਾਲ ਸ੍ਵੱਛ ਕੀਤਾ ਜਾਵੇ, ਪਰ ਜੇ ਸਰੀਰ ਝੱਲ ਸਕੇ ਤਾਂ।

੩. ਹੋਰ ਗੱਲਾਂ ਬਾਤਾਂ ਵਲੋਂ, ਪਾਠ ਜਪ ਵੇਲੇ, ਚੁਪ ਹੋਵੇ।

੪. ਜੋ ਬਾਣੀ ਦਾ ਪਾਠ, ਮੂਲ ਮੰਤ੍ਰ ਦਾ ਜਪ ਯਾ ਨਾਮ ਜਪਣਾ ਹੈ, ਉਸ ਦੇ ਭਾਵ ਵਿਚ ਸਮਝ ਤੇ ਸ਼ਰਧਾ ਹੋਵੇ[੧]।

੫. ਮਨ ਸਾਵਧਾਨ ਰਹੇ। ਜੇ ਜਪ, ਜਿਸ ਨੂੰ ਲਖਾਉਂਦਾ ਹੈ, ਉਸ ਵਲੋਂ ਤਵੱਜੋ ਉੱਠ ਉੱਠਕੇ ਹੋਰ ਹੋਰ ਪਾਸੇ ਜਾਵੇ ਤਾਂ ਉਸ ਨੂੰ ਵਰਜ ਵਰਜ ਕੇ ਆਪਣੇ ਭਾਵ ਤੇ ਰਖੇ।

੬. ਚਿਰ ਤੀਕ ਤੇ ਨਿਤਾਪ੍ਰਤਿ ਅਭਿਆਸ ਕਰੇ।

੭. ਵੇਲਾ ਸਭ ਤੋਂ ਚੰਗਾ ਅੰਮ੍ਰਿਤ ਵੇਲਾ ਹੈ। ਉਂਵ ਨਾਮ ਜਪਣ ਦਾ ਵੇਲਾ ਹਰ ਵੇਲੇ ਹੈ, ਖਾਸ ਕਰ ਗ੍ਰਿਹਸਤੀਆਂ ਲਈ 'ਵਿਹਲ ਦੇ ਵੇਲੇ' ਨਾਮ ਸੰਭਾਲ ਲਈ ਉਤਮ ਵੇਲੇ ਹਨ।

੮. ਕਈ ਤਬੀਅਤਾਂ ਨੂੰ ਸਵੇਰ ਸਾਰ ਏਕਾਂਤ ਪਾਸੇ ਵਲ ਸੈਰ ਕਰਨ ਨਿਕਲਿਆਂ ਸਹਿਜੇ ਸਹਿਜੇ ਪਾਠ ਕਰਨਾ ਯਾ ਸਿਮਰਨ ਜਪ ਕਰਨਾ ਵਧੇਰੇ ਸੁਖਦਾਈ ਤੇ ਰਸਮਯ ਹੁੰਦਾ ਹੈ। ਸੋ ਆਪੋ ਆਪਣੇ ਸਰੀਰ ਦੀਆਂ ਲੋੜਾਂ ਦਾ ਵੀਚਾਰ ਕਰ ਲੈਣਾ ਉਚਿਤ ਹੈ। ਸਾਰੇ ਸਰੀਰ ਤੇ ਉਨ੍ਹਾਂ ਦੇ ਮਿਜ਼ਾਜ

[੧] ਯੋਗ ਦਰਸ਼ਨ ਵਿਚ ਬੀ ਲਿਖਿਆ ਹੈ: ਤੱਜਪਸ੍ਤਦਰ੍ਥ ਭਾਵਨਮ੍" (੧-੨੮)

ਤੇ ਤਾਕਤਾਂ ਇਕ ਤੁੱਲ ਨਹੀਂ ਹੁੰਦੀਆਂ। ਸਾਰਾ ਦਿਨ ਰੋਟੀ ਕਮਾਉਣ ਦੀ ਘਾਲ ਕਰਨ ਵਾਲਿਆਂ ਦੇ ਸਰੀਰ ਸਾਰਾ ਦਿਨ ਵਿਹਲਿਆਂ ਵਾਲੀ ਝਾਲ ਨਹੀਂ ਝੱਲ ਸਕਦੇ। ਸੋ ਹਰ ਸਜਣ ਨੂੰ ਨਾਮ ਦੀ ਘਾਲ ਚਾਹੀਏ, ਪਰ ਸਹਜ ਰੰਗ ਵਿਚ, ਕਿਉਂਕਿ ਇਸ ਮਾਰਗ ਦਾ ਨਾਮ ਹੀ 'ਸਹਜ' ਹੈ।

ਕੁਛ ਪੱਥ (ਪ੍ਰਹੇਜ਼) ਭੀ ਲੋੜੀਦੇ ਹਨ:-

੧. ਭੁਖੋਂ ਵੱਧ ਖਾਣਾ। ੨. ਨੀਂਦੋਂ ਵੱਧ ਸੌਣਾ।

੩. ਆਲਸ ਵਿਚ ਹੋਣਾ। ੪. ਮਨ ਨੂੰ ਵਿਖੇਪ ਵਿਚ ਪਾਉਣਾ।

੫. ਸਰੀਰਕ ਲੋੜ ਨਾਲੋਂ ਘੱਟ ਸੌਣਾ[1]।

ਪਾਠ ਤੇ ਜਪ ਤ੍ਰੈ ਹਨ:-

੧. ਬਾਣੀ ਦਾ-ਜੈਸੇ ਨਿਤਨੇਮ ਦੀ ਬਾਣੀ। ਜਪੁਜੀ ਸਾਹਿਬ ਆਦਿਕ।

੨. ਮੂਲ ਮੰਤ੍ਰ ਦਾ-'ੴ' ਤੋਂ 'ਗੁਰਪ੍ਰਸਾਦਿ' ਤੱਕ। ਯਾ 'ਹੋਸੀ ਭੀ ਸਚੁ' ਤਕ।

੩. ਨਾਮ-**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥** (ਵਾਰ : ਭਾ: ਗੁ: ੧੩-੨)

ਨਾਮ ਪਹਿਲੋਂ ਰਸਨਾਂ ਨਾਲ ਜਪੀਦਾ ਹੈ, ਇਸ ਨੂੰ 'ਜਪੁ' ਕਹੀਦਾ ਹੈ[2]। ਫਿਰ ਇਹ ਸੂਖਮ ਹੋ ਕੇ ਅੰਦਰ ਚਲਾ ਜਾਂਦਾ ਹੈ। ਮਨ ਵਿਚ ਗਿਆਂ ਇਸ ਨੂੰ 'ਸਿਮਰਨ' ਕਹੀਦਾ ਹੈ। ਜਦੋਂ ਭੁੱਲਦਾ ਨਹੀਂ ਆਪੇ ਹੁੰਦਾ ਹੈ ਤੇ ਸਰੀਰ ਵਿਚ ਇਕ ਸੰਗੀਤਕ ਭਾਵ ਵਾਂਙੂ ਜਾਰੀ ਰਹਿੰਦਾ ਹੈ ਤਾਂ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ** (ਸਿਧ ਗੋ:੨੨) ਕਹੀਦਾ ਹੈ। ਜਦ ਨਾਮੀ ਦੀ ਲੱਖਤਾ ਹੋ ਆਉਂਦੀ ਹੈ ਤਾਂ **ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ** (ਗਉ: ਸੁਖ:੨੩-੨) ਦਾ ਅਨੁਭਵ ਹੋ ਆਉਂਦਾ ਹੈ।

ਨਾਮ ਜਪ ਤੇ ਨਾਮ ਸਿਮਰਨ ਦੇ ਨਾਲ ਸਤਿਗੁਰ ਜੀ ਨੇ ਬਾਣੀ ਦਾ ਪਾਠ, ਵੀਚਾਰ ਤੇ ਕੀਰਤਨ ਦੱਸਿਆ ਹੈ। ਬਾਣੀ ਮਨ ਨੂੰ ਆਪਣੇ ਭਾਵਾਂ ਵਿਚ, ਵਾਹਿਗੁਰੂ ਦੀ ਸਿਫਤ ਸਲਾਹ ਵਿਚ, ਅਰਦਾਸ ਵਿਚ ਲਿਆਉਂਦੀ ਹੈ। ਇਸ ਲਈ ਜਪੁ ਬਾਣੀ ਦਾ ਨਿਤਨੇਮ ਪਾਠ ਰਖਿਆ।

ਬਾਣੀ ਗੁਣ ਗਾਇਨ ਕਰਾਉਂਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਗਉ: ਸੁਖ: ੧੯-੨)

ਬਾਣੀ ਲਕਸ਼ ਵੱਲ ਪ੍ਰੇਮ ਪੈਦਾ ਕਰਾਉਂਦੀ ਹੈ। ਨਾਮ ਲਕਸ਼ ਵਿਚ ਜੋੜਦਾ ਹੈ, ਬਾਣੀ ਨਾਲ ਨਿਰਮਲ ਹੋਏ ਮਨ ਨੂੰ ਵਾਹਿਗੁਰੂ ਵਿਚ ਲਿਵ ਲੁਆਉਂਦਾ ਹੈ। ਇਸ ਕਰਕੇ ਬਾਣੀ ਕਹਿੰਦੀ ਹੈ:-

੧. **ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥**
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥ (ਸੂਹੀ ਮ: ੫ ਅਸਟ:-੧੬)

੨. **ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥**
(ਮਾਰੂ ਮ: ੩ ਸੋਲਹੇ-੨੨)

੩. **ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥** (ਬਿਲਾ: ਮ: ੩-੪)

੪. **ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥** (ਰਾਮ: ਮ: ੧ : ਦਖ: ਓਅੰ:-੪੦)

ਪ੍ਰਾਕ੍ਰਥਨ- ਅਗਲੇ ਸਲੋਕ ਵਿਚ 'ਸਤਿ' ਪਦ ਦੀ ਵਿਆਖਿਆ ਗੁਰੂ ਜੀ ਆਪ ਕਰਦੇ ਹਨ।

---

[1] ਅਕਸਰ ਗ੍ਰਿਹਸਤੀ ਮਰਦ ਇਸਤ੍ਰੀ ਲਈ ਸੱਤ ਅੱਠ ਘੰਟੇ ਤੋਂ ਘੱਟ ਸੌਣਾ ਸਰੀਰ ਤੇ ਮਾੜਾ ਅਸਰ ਕਰਦਾ ਹੈ।

[2] ਕੋਸ਼ਾਂ ਵਿਚ ਜਪੁ ਦੇ ਅਰਥ ਚੁਪ ਚਾਪ ਪਾਠ ਕਰਨਾ ਬੀ ਹੈ। ਪਰ ਵਰਤੋਂ ਵਿਚ 'ਜਪ ਹੈ ਰਸਨਾ ਨਾਲ' ਤੇ 'ਸਿਮਰਨ ਹੈ ਮਨ ਨਾਲ' ਜਾਪ ਕਰਨਾ।

ਮੂਲ	ਅਰਥ
ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥	(ਮੂਲ ਮੰਤ੍ਰ ਵਿਚ ਪ੍ਰਤਿਪਾਦਨ ਹੋਇਆ ਅਕਾਲ ਪੁਰਖ)[1] ਆਦਿ ਵਿਚ ਸਚੁ ਸੀ, ਜੁਗਾਂ ਦੇ ਆਦਿ ਵਿਚ ਸਚੁ ਸੀ, (ਹੁਣ) ਭੀ ਸਚੁ ਹੈ, (ਤੇ ਅਗੋਂ ਨੂੰ) ਭੀ ਸਚ ਹੋਵੇਗਾ, (ਹੇ) ਨਾਨਕ! (ਅਰਥਾਤ ਗੁਰੂ ਨਾਨਕ ਦੇਵ ਜੀ ਇਹ ਕੁਛ ਵਰਣਨ ਕਰਦੇ ਹਨ)॥੧॥

ਵਜਾਖਜਾ–ਸੰਸਕ੍ਰਿਤ ਪਦ 'ਸਤਜ' ਦਾ ਪ੍ਰਾਕ੍ਰਿਤ ਵਿਚ ਰੂਪ ਹੈ 'ਸਚੁ' ਤੇ ਇਸ ਦਾ ਪੰਜਾਬੀ ਰੂਪ ਹੈ ਸੱਚ। ਮੂਲ ਮੰਤ੍ਰ ਵਿਚ ਇਸੇ ਦਾ ਰੂਪ ਆ ਚੁਕਾ ਹੈ 'ਸਤਿ'। 'ਸਤਿ' ਦੀ ਵਜਾਖਜਾ ਪਿਛੇ ਆ ਚੁਕੀ ਹੈ। ਉਹੋ ਅਰਥ ਭਾਵ ਹੈ ਏਥੇ 'ਸਚ' ਪਦ ਦਾ। ਤਿੰਨਾਂ ਕਾਲਾਂ ਵਿਚ ਥਿਰ ਹਸਤੀ ਦਾ ਨਾਮ ਹੈ ਸਤਜ, ਸਤਿ, ਸਚ[2]।

ਇਸ ਸਲੋਕ ਵਿਚ ਜੁਗਾਦਿ (ਜੁਗ+ਆਦਿ= ਜੁਗ ਜਦ ਸ਼ੁਰੂ ਹੋਏ) ਤੋਂ ਮੁਰਾਦ ਭੂਤ ਕਾਲ ਦੀ ਹੈ, ਜਦੋਂ 'ਸਮਾਂ' ਸਮਝੋ ਹੋਇਆ, 'ਹੈ' ਤੋਂ ਭਾਵ ਵਰਤਮਾਨ ਕਾਲ ਦਾ ਹੈ ਤੇ 'ਹੋਸੀ' ਤੋਂ ਭਾਵ ਭਵਿੱਖਤ ਕਾਲ ਦਾ ਹੈ। 'ਆਦਿ' ਪਦ ਦਾ ਭਾਵ 'ਜੁਗਾਦਿ' ਪਦ ਦੇ ਭਾਵ ਤੋਂ ਵੱਖਰਾ ਹੈ, ਜੋ ਹੈ-'ਕਾਲ ਯਾ ਸਮੇਂ ਤੋਂ ਅਤੀਤਤਾ'। ਤਿੰਨਾਂ ਕਾਲਾਂ ਵਿਚ ਤਾਂ ਉਹ ਸਤਜ ਹੈ ਪਰ ਜੋ ਕਾਲ ਅਤੀਤ 'ਯਥਾਰਥਤਾ' ਹੈ, ਉਸ ਵਿਚ ਬੀ ਉਹ ਸਤਜ ਹੈ। 'ਯਥਾਰਥਤਾ' ਵਿਚ ਦੀ 'ਸਤਜਤਾ' ਹੀ ਉਸ ਦੀ ਕਾਲ ਕਰਕੇ ਬਦਲਦੀ ਨਹੀਂ[3]। ਇਸੇ ਕਰਕੇ ਦਸਮ ਗੁਰੂ ਜੀ ਨੇ ਫੁਰਮਾਇਆ ਹੈ:-

ਕਾਲ ਰਹਤ ਅਨਕਾਲ ਸਰੂਪਾ॥ (ਅਕਾਲ ਉਸਤਤ)

ਭੂਤ ਭਵਿਖ ਵਰਤਮਾਨ, ਕਾਲ ਦੀਆਂ ਤ੍ਰੈਹਾਂ ਹੀ ਵੰਡਾਂ ਵਿਚ ਓਹੀ ਕੇਵਲ ਸਤਜ ਸਰੂਪ ਹੈ-ਅਰਥਾਤ ਅਬਦਲ ਹਸਤੀ ਹੈ ਤੇ ਕਾਲ ਦੀ ਇਸ ਵੰਡ ਤੋਂ ਉਪਰ ਯਾ ਪਰੇ ਹੈ, ਉਹ 'ਅਨਕਾਲ ਸਰੂਪ' ਹੈ। ਪਰ ਸਰਬ ਦੀ ਆਦਿ ਉਹ ਆਪ ਹੈ, ਉਸ ਦੀ ਆਦਿ ਕੋਈ ਨਹੀਂ। ਉਹ ਜਗਤ ਦੀ ਉਤਪਤੀ, ਸਥਿੱਤੀ ਤੇ ਪ੍ਰਲਯ, ਤਿੰਨਾਂ ਹਾਲਤਾਂ ਵਿਚ ਬੀ ਉਹ ਸਤਜ ਹੈ।

ਇਸ ਸਲੋਕ ਵਿਚ ਦੱਸੀ 'ਕਾਲ ਦੀ ਸੁਤੰਤ੍ਰਤਾ' ਤੋਂ ਉਪਲਖਤ ਦਾਨੇ ਇਹ ਸਮਝਦੇ ਹਨ ਕਿ ਇਸ ਦਾ ਭਾਵ ਇਹ ਬੀ ਹੈ ਕਿ ਅਕਾਲਪੁਰਖ ਕਾਲ ਤੋਂ ਹੀ ਨਹੀਂ ਸਗੋਂ ਕਾਲ, ਦੇਸ਼, ਵਸਤੂ (ਯਾ ਕਾਲ, ਦੇਸ਼, ਨਮਿਤ) ਸਭ ਤੋਂ ਪਰੇ ਯਾ ਉੱਪਰ ਹੈ, ਅਤੀਤ ਹੈ, ਫੇਰ ਨੇਸਤੀ ਨਹੀਂ ਹਸਤੀ ਹੈ ਤੇ ਸਦਾ ਥਿਰ ਮੂਲ ਹਸਤੀ ਹੈ ਸਾਰੇ ਪਸਾਰੇ ਦੀ।

ਸਾਧਨ ਪੱਖ– ਮੂਲ ਮੰਤ੍ਰ ਵਿਚ ਆਏ ਪਦ 'ਸਤਿ' ਦਾ ਮਾਨੋ ਇਹ ਸਲੋਕ ਟੀਕਾ ਹੈ, ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੀ ੧੭ਵੀਂ ਅਸਟਪਦੀ ਵਿਚ ਸਲੋਕ ਦੀ ਥਾਂ ਦੇ ਕੇ ਸਿਰੇ ਤੇ ਰਖਿਆ ਤੇ ਇਸ ਸਲੋਕ ਦਾ ਭਾਵ ਅਸਟਪਦੀ ਵਿਚ ਖੁਹਲਿਆ। ਤੇ ਸਚ=ਸਤਜ ਸਰੂਪ ਨੂੰ ਜਾਣ ਲੈਣ ਵਾਲੇ ਸਾਧਕ ਦੀ ਪ੍ਰਾਪਤੀ ਬੀ ਦੱਸੀ:-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਗਉ: ਸੁਖ: ਮ: ੫-੧੭-੨)

---

[1] ਜੈਸਾ ਕਿ ਗੁਰੂ ਜੀ ਦਾ ਫੁਰਮਾਨ ਹੈ: 'ਨਾਨਕ ਸਾਚੇ ਕਉ ਸਚੁ ਜਾਣੁ॥' (ਸਿਰੀ ਰਾਗੁ ਮ: ੧-੫)

[2] ਇਸ ਸਲੋਕ ਨੂੰ ਪੰਚਮ ਗੁਰੂ ਜੀ ਨੇ ਸੁਖਮਨੀ ਦੀ ੧੭ਵੀਂ ਅਸਟਪਦੀ ਦਾ ਪਹਿਲਾ ਸਲੋਕ ਕਰਕੇ ਰਖਿਆ ਹੈ। ਤੇ ਉਸ ਅਸਟਪਦੀ ਦੀਆਂ ਪਹਿਲੀਆਂ ਦੋ ਪਉੜੀਆਂ ਵਿਚ ਇਸ ਪਦ ਦੀ ਆਪ ਵਜਾਖਜਾ ਕਰ ਦਿੱਤੀ ਹੈ।

[3] ਕਾਲ ਵਿਚ ਦੀਆਂ ਹਾਲਤਾਂ ਨੂੰ 'ਅਵਸਥਾ' ਆਖਦੇ ਹਨ, ਕਾਲ ਅਤੀਤਤਾ ਨੂੰ 'ਯਥਾਰਥ' ਆਖੀਦਾ ਹੈ।

ਨਿਰੁਕ੍ਤ- **ਆਦਿ**-ਆਰੰਭ, ਪਹਿਲੇ (ਸੰਸ:ਆਙ੍=ਪਹਿਲੇ)। ਆਦਿ ਪਦ ਉਸ ਅਕਹਿ ਦਸ਼ਾ ਦਾ ਸੂਚਕ ਹੈ ਕਿ ਜੋ ਸਮੇਂ ਤੋਂ ਬੀ ਪਹਿਲੇ ਸੀ। ਅਰਥਾਤ ਜਦੋਂ ਨਾ ਸ੍ਰਿਸ਼ਟੀ, ਨਾ ਜੁਗ, ਨਾ ਕਾਲ, ਨਾ ਵਸਤੂ, ਨਾ ਨਮਿਤ ਸੀ। ਸਿਵਾਏ ਇਕ ਦੇ ਹੋਰ ਸਥੂਲ ਸੂਖਮ ਕੁਝ ਨਾਂ ਸੀ।

ਜੁਗਾਦਿ- ਜੁਗਾਂ ਦਾ ਆਦਿ। ਉਹ ਸਮਾਂ ਜਦ ਯੁਗ ਬਣੇ। ਜਦ ਤੋਂ ਸਮਾਂ ਜਾਂ ਕਾਲ ਬਣਿਆ ਜਾਂ ਸਮਝਿਆ ਗਿਆ, ਜਦੋਂ ਰਚਨਾ ਦਾ ਮੁੱਢ ਹੋਇਆ।

ਸਚੁ-(ਸੰਸ:, ਸਤਜ, ਪ੍ਰਾ: ਸਚ੍ਚ) ਸਤਿ, ਨਾਸ਼ ਰਹਿਤ, ਸਦਾ ਇਕ ਰਸ।

(ਪਉੜੀ ੧)

ਪ੍ਰਾਕ੍ਥਨ- 'ਆਦਿ ਸਚੁ' ਦਾ ਸਲੋਕ ਉਚਾਰਕੇ ਆਪ ਜੀ ਹੁਣ ਜਪੁਜੀ ਦੀ ਪਹਿਲੀ ਪਉੜੀ ਉਚਾਰਦੇ ਹਨ, ਜਿਸ ਦਾ ਵਿਸ਼ਯ ਇਹ ਹੈ:-

ਮੂਲ ਮੰਤ੍ਰ ਵਿਚ ਕਥੇ ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਪਾਸੋਂ ਦੱਸੀ ਸੀ, ਗੁਰੂ ਜੀ ਹੁਣ ਉਹ ਉਪਾਉ ਦੱਸਦੇ ਹਨ ਜਿਸ ਨਾਲ ਪ੍ਰਾਪਤੀ ਹੋਵੇ। ੧. ਪਹਿਲਾਂ ਉਹ ਉਪਾਉ ਦੱਸੇ ਹਨ ਜੋ ਕੀਤੇ ਗਏ ਤੇ ਅਸਫਲ ਰਹੇ, ਫੇਰ ੨. ਉਹ ਉਪਾਉ ਦੱਸਿਆ ਹੈ ਜੋ ਸਫਲ ਉਪਾਉ ਹੈ।

ਮੂਲ	ਅਰਥ
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥	(ਸੱਤਜ ਸਰੂਪ ਨੂੰ ਪ੍ਰਾਪਤ ਕਰਨੇ ਨਮਿਤ, ਕੂੜ ਦੀ ਕੰਧ ਤੋੜਨ ਦੀ ਲੋੜ ਹੈ ਜੋ ਸਾਡੇ ਤੇ ਓਸਦੇ ਵਿਚਾਲੇ ਹੈ। ਉਹ ਕੰਧ ਸਰੀਰ ਧੋਣ ਵਾਲੇ ਕਰਮਾਂ ਨਾਲ ਨਹੀਂ ਟੁੱਟਦੀ, ਕਿਉਂਕਿ) ਸ਼ੌਚ ਕਰਨੇ ਨਾਲ (ਮਨ) ਦੀ ਸੁਚ ਪ੍ਰਾਪਤ ਨਹੀਂ ਹੁੰਦੀ, ਚਾਹੇ ਲਖ ਵਾਰ ਸੁੱਚਮ ਪਿਆ ਕਰਾਂ।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥	(ਭਲਾ ਜੇ ਮੈਂ ਬੋਲਾਂ ਹੀ ਨਾ, ਤਾਂ ਤਾਂ ਝੂਠ ਬੰਦ ਹੋ ਗਿਆ, ਆਪੇ ਸਚਿਆਰ ਬਣ ਗਿਆ, ਇਸ ਪਰ ਦੱਸਦੇ ਹਨ ਕਿ ਬੋਲਣ ਵਲੋਂ) ਚੁਪ ਕਰ ਰਹਿਣ ਨਾਲ (ਮਨ ਨੂੰ ਵਾਸ਼ਨਾ ਦੇ ਵੇਗ ਦੀ ਕੂੜੀ ਲਗਨ ਵਲੋਂ) ਚੁਪ (ਸ਼ਾਂਤੀ) ਨਹੀਂ ਹੋ ਸਕਦੀ, ਚਾਹੋ (ਇਕ) ਤਾਰ (ਬੱਝਵੀਂ) ਲਿਵ ਲਾਈ ਰਖਾਂ।
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥	(ਭਲਾ ਜੇ ਬ੍ਰਤ ਧਾਰਨ ਕਰ ਲਵਾਂ ਤਾਂ ਸਚਿਆਰ ਹੋ ਜਾਵਾਂ? ਫੁਰਮਾਉਂਦੇ ਹਨ: ਇਸੇ ਤਰ੍ਹਾਂ ਬ੍ਰਤ ਧਾਰਨ ਕਰਕੇ=) ਭੁੱਖਿਆਂ ਰਹਿਣੇ ਨਾਲ (ਵਾਸ਼ਨਾਂ ਵਿਚ ਵੱਸਣੇ ਵਾਲੀ ਕੂੜੇ ਪਦਾਰਥਾਂ ਦੀ) ਭੁੱਖ (=ਤ੍ਰਿਸ਼ਨਾਂ ਕਦੇ) ਤ੍ਰਿਪਤ ਨਹੀਂ ਹੁੰਦੀ ਚਾਹੋ (ਬ੍ਰਤਾਂ ਦੇ ਪ੍ਰਭਾਵ ਕਰਕੇ ਚੌਦਾਂ) ਪੁਰੀਆਂ (ਦੇ ਪਦਾਰਥਾਂ ਦੇ) ਭਾਰ ਪ੍ਰਾਪਤ ਕਰ ਲਵਾਂ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥	(ਭਲਾ ਜੇ ਸੰਯਮ-ਸਾਧਨ ਛਡਕੇ ਬੁੱਧੀ ਦੀ ਚਾਤੁਰਤਾ ਵਰਤੀ ਜਾਏ ਤਾਂ? ਫੁਰਮਾਉਂਦੇ ਹਨ ਕਿ) ਸਿਆਣਪਾਂ ਚਾਹੋ ਹਜ਼ਾਰਾਂ ਲੱਖਾਂ ਹੋਣ (ਓਹ ਹਉਂ ਆਸ਼੍ਰਿਤ ਹੋਣ ਕਰਕੇ ਉਰੇ ਹੀ ਰਹਿ ਜਾਂਦੀਆਂ ਹਨ, ਧੁਰ ਸੱਚ ਦੇ ਦੇਸ ਤਕ) ਇਕ ਬੀ ਨਾਲ ਨਹੀਂ ਜਾਂਦੀ।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥	(ਫਿਰ ਦੱਸੋ) ਕੀਕੂੰ ਸਚਿਆਰ ਬਣੀਏ ਤੇ ਕੂੜ ਦੀ ਕੰਧ ਕਿੱਕੁਰ ਟੁੱਟ ਜਾਵੇ (ਜੋ ਸਾਡੇ ਤੇ ਉਸ ਦੇ ਵਿਚਾਲੇ ਵਿੱਥ ਪਾ ਰਹੀ ਹੈ)?

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥	(ਹੁਣ ਸਚਿਆਰ ਬਣਨ ਦਾ ਸੱਚਾ ਸਾਧਨ ਦੱਸਦੇ ਹਨ:) ਹੇ ਨਾਨਕ! ਪਰਮੇਸ਼੍ਵਰ ਦੇ (ਉਸ) ਹੁਕਮ (ਅਨੁਸਾਰ) ਤੁਰਨੇ (ਕਰਕੇ ਜੋ ਉਸ ਨੇ ਜੀਵ ਦੇ) ਨਾਲ ਲਿਖ ਦਿੱਤਾ ਹੈ, (ਸਚਿਆਰ ਬਣੀਦਾ ਹੈ)॥੧॥

ਵਿਆਖਿਆ– ਉਪਰ ਕਥੇ ਸਤਜ਼ ਸਰੂਪ ਅਕਾਲ ਪੁਰਖ ਦੀ ਪ੍ਰਾਪਤੀ ਕਰਕੇ ਜੋ 'ਸਚਿਆਰ' ਪਦ ਤੇ ਅੱਪੜਨਾ ਹੈ ਸੋ ਸਰੀਰ ਦੀ ਸੁੱਚਮ ਮਾਤ੍ਰ ਨਾਲ ਨਹੀਂ ਹੋ ਸਕਦਾ, ਕਿਉਂਕਿ ਕੂੜ ਦੀ ਪਾਲ (ਹਉਮੈ[1]) ਤਾਂ ਅੰਦਰਲੇ ਦੇ ਦੁਆਲੇ ਖੜੀ ਹੈ, ਜਿਸ ਨੇ ਸਤਿ ਸਰੂਪ ਤੋਂ ਵਿੱਥ ਪਾ ਰੱਖੀ ਹੈ। ਸੋ ਇਹ ਕਰਮ ਕਾਂਡ ਦੀ ਦੱਸੀ ਸਰੀਰ ਦੀ ਸੁੱਚਮ ਅੰਦਰਲੀ ਹਉਂ ਦੀ ਪਾਲ ਨੂੰ ਦੂਰ ਕਰਨ ਵਿਚ ਅਸਮ੍ਰੱਥ ਹੈ, ਸਗੋਂ ਕਰਮ ਕਾਂਡ ਦੇ ਦੱਸੇ ਕਰਮ ਕਰਨ ਨਾਲ ਤਾਂ ਹਉਮੈ ਵਧਦੀ ਹੈ। ਯਥਾ:-

ਕਰਮ ਕਰਤ ਬਧੇ ਅਹੰਮੇਵ॥ (ਗਉ: ਕਬੀਰ ਜੀ-੬)

ਇਸੀ ਤਰ੍ਹਾਂ ਚੁੱਪ ਧਾਰਨ ਕਰਨ, ਅਰਥਾਤ ਮੋਨ ਕਰਨ, ਨਾਲ ਸਚਿਆਰ ਨਹੀਂ ਬਣ ਸਕੀਦਾ। ਮੋਨ ਇਕ ਤਪ ਹੈ। ਤਪਾਂ ਬਾਬਤ ਵਾਕ ਹੈ:-

ਤਪੇ ਤਪੀਸਰ ਡੋਲੈ ਚੀਤ॥ (ਗੌਂਡ ਕਬੀਰ ਜੀ-੮)

ਮੋਨ ਇਕ ਤਪ ਹੈ ਜੋ ਬਾਹਰਲਾ ਟਿਕਾਉ ਬਣਾਉਂਦਾ ਹੈ, ਅੰਦਰ ਡੋਲਦਾ ਰਹਿੰਦਾ ਹੈ। ਜਿਵੇਂ ਬਗਲੇ ਤੇ ਬਿੱਲੀ ਦੀ ਲਿਵ ਵਿਚ ਉਹਨਾਂ ਦਾ ਮਨ ਪੇਟ ਪਾਲਣ ਲਈ ਡੋਲਦਾ ਰਹਿੰਦਾ ਹੈ[2], ਇਸੀ ਤਰ੍ਹਾਂ ਮੋਨੀ ਪੁਰਖ ਦੇ ਅੰਦਰ ਮਨ ਚੁੱਪ ਨਹੀਂ ਹੁੰਦਾ, ਉਥੇ ਸੰਕਲਪ ਵਿਕਲਪ ਦੀ ਧਾਰਾ 'ਹਉਂ' ਦੇ ਪ੍ਰਭਾਵ ਕਰਕੇ ਰੁਕਦੀ ਨਹੀਂ। ਫਿਰ ਸਰੀਰ ਤ੍ਰੈ ਗੁਣਾਂ ਦਾ ਹੋਣ ਕਰਕੇ ਸਰੀਰਕ ਲੋੜਾਂ ਨਹੀਂ ਚੁੱਪ ਹੁੰਦੀਆਂ। ਅੰਤਹਕਰਣ ਵਿਚ ਹਿਲਾਉ ਬਣਿਆ ਰਹਿੰਦਾ ਹੈ[3]।

ਇਸੀ ਤਰ੍ਹਾਂ ਭੁਖ ਅਰਥਾਤ ਬ੍ਰਤ ਧਾਰਨ ਕਰਨੇ ਨਾਲ ਤ੍ਰਿਸ਼ਨਾ, ਜੋ ਹਉਂ ਤੋਂ ਹੀ ਉਪਜਦੀ ਹੈ, ਦੂਰ ਨਹੀਂ ਹੁੰਦੀ ਤੇ ਕੂੜ ਦੀ ਪਾਲ 'ਹਉਂ' ਬਣੀ ਰਹਿੰਦੀ ਹੈ ਅਤੇ ਸਚਿਆਰ ਨਹੀਂ ਬਣ ਸਕੀਦਾ। ਬ੍ਰਤ ਧਾਰਨ ਕਰਨ ਦਾ ਫਲ ਸ਼ਾਸਤ੍ਰਾਂ ਵਿਚ ਪਦਾਰਥਾਂ ਦੀ ਪ੍ਰਾਪਤੀ ਹੈ, ਸੋ ਜਿਤਨੇ ਵਧੀਕ ਪਦਾਰਥ ਮਿਲਨਗੇ ਤ੍ਰਿਸ਼ਨਾ ਦਾ ਧਰਮ ਹੈ ਕਿ ਉਹ ਹੋਰ ਵਧੇਗੀ[4]। ਭੁੱਖ ਅਰਥਾਤ ਤ੍ਰਿਸ਼ਨਾ ਤਾਂ ਤ੍ਰਿਸ਼ਨਾਂ ਦੇ ਤਿਆਗ ਨਾਲ ਹੀ ਹਟਦੀ ਹੈ, ਜਿਸ ਦਾ ਤਰੀਕਾ ਗੁਰਬਾਣੀ ਵਿਚ ਦੱਸਿਆ ਹੈ:

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ (ਵਾਰ ਮਾਝ ਮ: ੨-੧੯)

ਪੁਨਾ:- **ਸਾਚੁ ਨਾਮੁ ਆਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥** (ਰਾਮ: ਮ: ੩ ਅਨੰਦ-੪)

ਸੋ ਬ੍ਰਤ ਆਦਿ ਸੰਜਮ ਵੀ ਸਚਿਆਰ ਨਹੀਂ ਬਣਾਉਂਦੇ।

ਬਾਕੀ ਦੇ ਹੋਰ ਤ੍ਰੀਕੇ ਗੁਰੂ ਜੀ ਨੇ 'ਸਹਸ ਸਿਆਣਪਾਂ' ਵਿਚ ਗਿਣ ਲਏ ਹਨ ਕਿ ਉਹ ਭੀ ਕੂੜ ਦੀ ਪਾਲ ਨਹੀਂ ਤੋੜਦੇ। ਸਿਆਣਪ ਦਾ ਭਾਵ ਹੈ ਬੁਧੀ ਦਾ ਚਮਤਕਾਰ, ਚਾਹੇ ਆਪਣੇ ਮਨ ਦੀ ਚਤੁਰਾਈ ਦਾ ਹੈ, ਚਾਹੇ ਸ਼ਾਸਤ੍ਰਾਂ ਦੀ ਵੀਚਾਰ ਦਾ, ਚਾਹੇ ਵਿਦ੍ਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋਂ

---

[1] "ਹਉ ਹਉ ਭੀਤਿ ਭਇਓ ਹੈ ਬੀਚੋ....॥" (ਸੋਰ: ਮ: ੫-੬੧)

[2] ਠਗ ਦਿਸਟਿ ਬਗਾ ਲਿਵ ਲਾਗਾ॥ (ਪ੍ਰਭਾਤੀ ਬੇਣੀ ਜੀ)

ਪੁਨਾ:- ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥ (ਆਸਾ ਨਾਮ:-੪)

[3] ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾਤੀ ਮ: ੫ ਅਸਟ:-੨)

[4] ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (ਗਉ: ਮ: ੫ ਸੁਖ: ੧੨-੫)

ਸਿਖਿਆ ਹੋਇਆ। ਇਸ ਨਾਲ ਬੁੱਧੀ ਚਤੁਰ ਹੋ ਜਾਂਦੀ ਹੈ, ਵਕਤਾ ਤੇ ਲੇਖਕ ਬਣਾ ਦੇਂਦੀ ਹੈ, ਪਰ ਕੂੜ ਦੀ ਪਾਲ 'ਹਉਮੈਂ' ਨਵਿਰਤ ਨਹੀਂ ਹੁੰਦੀ, ਸਗੋਂ ਵਧਦੀ ਹੈ। ਵਾਕ ਹੈ:-

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ (ਰਾਮ: ਰਵਿਦਾਸ ਜੀ)

ਚੌਥੇ ਸਤਿਗੁਰਾਂ ਨੇ ਭੀ ਸਿਆਣਪਾਂ ਪਰਥਾਇ ਕਿਹਾ ਹੈ:-

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰਮੁਖਿ ਜਾਤਾ ਰਾਮ॥ (ਬਿਹਾਗੜਾ ਮ: ੪-੬)

ਪੁਨਾ:- **ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥** (ਸੋਰਠਿ ਮ : ੫-ਅਸਟ-੨)
ਹਿਕਮਤਿ ਹੁਕਮਿ ਨ ਪਾਇਆ ਜਾਇ॥
ਕਿਉ ਕਰਿ ਸਾਚਿ ਮਿਲਉ ਮੇਰੀ ਮਾਇ॥ (ਧਨਾ: ਮ: ੧-੩)

ਕਾਰਣ ਇਹ ਕਿ ਸਿਆਣਪਾਂ ਮਨ ਦੇ ਚਮਤਕਾਰ ਹਨ। ਅਗਮ ਅਗੋਚਰ ਸਤਜ ਸਰੂਪ ਪਰਮਾਤਮ ਦੇਵ ਮਨ ਬੁੱਧੀ ਦੀ ਗੰਮਤਾ ਤੋਂ ਪਰੇ ਹੈ।

ਪਹਿਲੀ ਤੁਕ ਵਿਚ ਜੇ 'ਸੋਚੈ' ਦਾ ਅਰਥ 'ਸੌਚ' ਨਾ, ਪਰ 'ਸੋਚ ਵੀਚਾਰ' ਕੀਤਾ ਜਾਏ ਤਾਂ ਉਹ ਅਰਥ ਸਿਆਣਪਾਂ ਦੇ ਵਿਚ ਹੀ ਆ ਜਾਂਦਾ ਹੈ। ਸਿਆਣਨਾ ਤੇ ਸੋਚਣਾ ਦੁਇ ਬੁੱਧੀ ਦੇ ਹੀ ਕੰਮ ਹਨ। ਸੋਚ ਅਰਥਾਤ ਵੀਚਾਰ ਜੀਵ ਦੀ ਮਨ ਬੁੱਧੀ ਅਨੁਸਾਰ ਹੁੰਦੀ ਹੈ ਤੇ ਸਤਜ ਸਰੂਪ ਪਰਮਾਤਮਾਂ ਮਨ ਬੁੱਧੀ ਤੋਂ ਅਵਿਸ਼ੇ ਹੈ।

ਸੁਤੇ ਹੀ ਹੁਣ ਪ੍ਰਸ਼ਨ ਹੁੰਦਾ ਹੈ ਕਿ ਜੇ ਕਰਮ, ਤਪ, ਸੰਜਮ ਤੇ ਸੋਚ ਸਿਆਣਪਾਂ ਕੰਮ ਨਹੀਂ ਸਾਰਦੀਆਂ ਤਾਂ ਫਿਰ ਕੀਕੂੰ ਇਹ ਕੂੜ ਦੀ ਪਾਲ ਟੁੱਟੇ ਤੇ ਸਤਜ ਸਰੂਪ ਨੂੰ ਪ੍ਰਾਪਤ ਹੋ ਕੇ ਸਚਿਆਰ ਹੋ ਜਾਈਏ? ਤਾਂ ਪ੍ਰਸਾਦਿ ਕਰਨੇ ਵਾਲੇ ਗੁਰੂ ਨੇ ਉੱਤਰ ਦਿਤਾ ਹੈ:- ਕਿ ਹੁਕਮ ਤੇ ਰਜ਼ਾ ਦਾ ਜੋ ਮਾਲਕ ਹੈ ਉਸ ਦੇ ਹੁਕਮ ਅਨੁਸਾਰ ਟੁਰਨੇ ਨਾਲ। ਹੁਣ ਪ੍ਰਸ਼ਨ ਹੁੰਦਾ ਹੈ ਕਿ ਹੁਕਮ ਕਿਥੇ ਹੈ? ਤਾਂ ਉਤਰ ਦੇਂਦੇ ਹਨ ਕਿ 'ਲਿਖਿਆ ਨਾਲਿ' ਅਰਥਾਤ ਨਾਲ ਲਿਖਿਆ ਹੈ। ਜੀਵ ਦੇ ਨਾਲ, ਉਸ ਦੀ ਸਰਿਸ਼ਤ ਵਿਚ ਲਿਖਿਆ ਹੈ। ਇਸ ਦਾ ਭਾਵ ਇਹ ਹੈ ਕਿ ਹਰ ਇਨਸਾਨ ਇਹ ਚਾਹੁੰਦਾ ਹੈ ਕਿ ਮੇਰੇ ਮਿਤ੍ਰ, ਪੁਤ੍ਰ, ਸਾਕ, ਦਾਸ, ਮਾਲਕ ਮੇਰੇ ਅਨਕੂਲ ਹੋਣ, ਕੋਈ ਮੇਰੇ ਪ੍ਰਤਿਕੂਲ ਨਾ ਹੋਵੇ, ਇਹ ਗੱਲ ਹਰ **ਇਕ ਦੇ** ਸੁਭਾਵ ਵਿਚ ਹੋਣ ਕਰਕੇ ਮਾਨੋ ਹਰ ਇਕ ਦੀ ਫਿਤਰਤ ਵਿਚ ਲਿਖੀ ਪਈ ਹੈ। ਇਸ ਮੂਜਬ ਚਾਹੀਦਾ **ਹੈ ਕਿ** '**ਸਤਿ** ਪੁਰਖ' ਦੀ ਪ੍ਰਾਪਤੀ ਦਾ ਚਾਹਵਾਨ ਪੁਰਖ 'ਰਜ਼ਾ ਦਾ ਜੋ ਮਾਲਕ ਹੈ' ਵਾਹਿਗੁਰੂ, ਉਸ ਦੇ ਹੁਕਮ ਦੇ **ਪ੍ਰਤਿਕੂਲ** ਨਾ ਟੁਰੇ, ਉਸ ਦੇ ਅਨਕੂਲ ਟੁਰੇ। ਇਹ ਅਨਕੂਲਤਾ ਵਰਤਣੀ, ਮਾਰਗ ਹੈ ਸਚਿਆਰ ਹੋਣੇ ਦਾ[1]। ਜਿਵੇਂ ਕਿਸੇ ਸਤਾਰ, ਸਾਰੰਗੀ, ਸਰੋਦੇ ਦੀ ਕੋਈ ਤਰਬ ਬੇਸੁਰੀ ਹੋਵੇ ਤਾਂ ਉਹ

---

[1] ਕਈ ਦਾਨੇ 'ਲਿਖਿਆ ਨਾਲਿ' ਦਾ ਇਹ ਅਰਥ ਬੀ ਕਰਦੇ ਹਨ ਕਿ ਭਾਣੇ ਵਿਚ ਟੁਰੋ, ਜੋ ਕੁਛ ਤੇਰੀ ਪਰਾਲਬਧ ਵਿਚ ਹੈ ਜੋ ਤੇਰੇ ਨਾਲ ਲਿਖਿਆ ਹੋਇਆ ਹੈ ਉਸ ਪਰ ਸੰਤੁਸ਼ਟ ਰਹੋ। ਸ਼ੁਕਰ ਕਰਕੇ ਉਸ ਮੁਤਾਬਿਕ ਟੁਰੋ, ਅਸੰਤੁਸ਼ਟਤਾ ਤੇ ਸ਼ਿਕਾਇਤਾਂ ਤੇ ਨਾਸ਼ੁਕਰਾ ਪਨ ਨਾ ਬਣਾਓ, ਜਦ ਇਉਂ ਭਾਣੇ ਤੇ ਸ਼ਾਕਰ ਹੋ ਜਾਓਗੇ ਤਾਂ ਸਚਿਆਰ ਹੋ ਜਾਓਗੇ। ਪਰ ਭਾਣੇ ਤੇ ਸ਼ੁਕਰ ਵਿਚ ਰਹਿਣਾ ਨਾਮ ਦੇ ਅਭਿਆਸ ਬਿਨਾਂ ਹੋ ਨਹੀਂ ਸਕਦਾ, ਕਿਉਂਕਿ ਆਗਿਆ ਦਾ ਪਾਲਕ ਹੀ ਵਾਹਿਗੁਰੂ ਦਾ ਸੇਵਕ ਹੋ ਸਕਦਾ ਹੈ। ਸੇਵਕ ਕੀਕੂੰ ਬਣਦਾ ਹੈ ? 'ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥' (ਗਉ: ਮ: ੫ ਸੁਖ: ੧੭-੩)

ਸੋ ਐਸਾ ਸੇਵਕ ਆਗਿਆ ਵਿਚ ਟੁਰਦਾ ਹੈ: 'ਠਾਕੁਰ ਕਾ ਸੇਵਕੁ ਆਗਿਆਕਾਰੀ॥' (ਗਉ: ਮ: ੫ ਸੁਖ: ੧੭-੩)

ਕਿਉਂਕਿ ਉਸ ਦੇ ਮਨ ਵਿਚ ਠਾਕਰ ਤੇ ਭਰੋਸਾ ਬੱਝ ਜਾਂਦਾ ਹੈ: 'ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥'
ਜਿਸ ਨੂੰ ਪ੍ਰਤੀਤ ਭਰੋਸਾ ਕਿ ਵਿਸ਼ਵਾਸ਼ ਬੱਝ ਗਿਆ ਉਹੋ ਪਾਰਗਿਰਾਮੀ--
ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ (ਸੁਖ: ੧੭-੨)

ਐਉਂ ਭਾਣੇ ਤੇ ਸ਼ਾਕਰ ਹੋਣ ਵਾਲੀ ਮੰਜ਼ਲ ਤੇ ਬੀ ਨਾਮ ਹੀ ਲੈ ਜਾਂਦਾ ਹੈ। ਇਸੇ ਕਰਕੇ ਫੁਰਮਾਯਾ:--
'ਏਕੋ ਨਾਮੁ ਹੁਕਮੁ ਹੈ॥' (ਸਿਰੀ: ਮ:੧) ਸੋ ਇਹ ਅਰਥ ਬੀ ਅਪਣੇ ਭਾਵ ਵਿਚ ਓਥੇ ਹੀ ਆ ਟਿਕਿਆ।

ਰਸਹੀਨ ਹੁੰਦੀ ਹੈ; ਜਦ ਉਸ ਨੂੰ ਬਾਜ਼ ਸੁਰ ਨਾਲ ਸੁਰ ਕਰ ਦਿਓ, ਭਾਵ ਉਸ ਨਾਲ ਅਨਕੂਲ ਕਰ ਦਿਓ, ਤਾਂ ਉਹੀ ਅਵਾਜ਼ ਦੇਣ ਲਗ ਜਾਂਦੀ ਹੈ ਜੋ ਬਾਜ਼ ਸੁਰ ਦੇਂਦੀ ਹੈ; ਇਥੋਂ ਤਾਈਂ ਕਿ ਹਿਲਾਈਦਾ ਤਾਂ ਹੈ ਬਾਜ਼ ਸੁਰ ਨੂੰ, ਉਂਗਲ ਬੀ ਉਸੇ ਉਤੇ ਹੁੰਦੀ ਹੈ, ਅਰਥਾਤ ਸ਼ਕਤੀ ਤੇ ਹਿਸਾਬ ਤਾਂ ਬਾਜ਼ ਸੁਰ ਉਤੇ ਕੰਮ ਕਰ ਰਹੇ ਹੁੰਦੇ ਹਨ ਪਰ ਹੇਠਾਂ ਦੇਖੋ ਤਾਂ ਤਰਬ ਕੰਬਦੀ ਬੀ ਦਿੱਸਦੀ ਹੈ ਤੇ ਸੁਰ ਭੀ ਓਹੋ ਦੇਂਦੀ ਹੈ ਜੋ ਬਾਜ਼ ਦੀ ਤਾਰ ਦੇ ਰਹੀ ਹੈ। ਇਸ ਤਰ੍ਹਾਂ ਸਤਜ ਸਰੂਪ ਪਰਮਾਤਮ ਦੇਵ ਨਾਲ ਇਕ-ਸੁਰ ਹੋ ਗਿਆਂ, ਅਰਥਾਤ ਅਨਕੂਲ ਹੋ ਗਿਆਂ, ਸਤਿ ਸਰੂਪਤਾ ਵਾਲੀ ਗਤੀ ਹੋ ਜਾਂਦੀ ਹੈ, ਭਾਵ ਸਚਿਆਰ ਹੋ ਜਾਈਦਾ ਹੈ।

'ਸੋਚ, ਮੋਨ, ਬ੍ਰਤ, ਸਿਆਣਪ' ਇਹਨਾਂ ਦੇ ਆਹਰ ਦੇ ਯਤਨ ਵਿਚ ਮਨ ਸ੍ਰਿਸ਼ਟੀ ਦੇ ਕਰਤਾ ਦੇ ਧਿਆਨ ਵਿਚ ਨਹੀਂ ਜਾਂਦਾ। ਮਨ ਦਾ ਉਸ ਦੇ ਧਿਆਨ ਸਿਮਰਨ ਵਿਚ ਜਾਕੇ ਹਉਂ ਤੋਂ ਛੁੱਟਕੇ ਉਸ ਨਾਲ ਪ੍ਰੇਮ ਸੰਯੁਕਤ ਹੋ ਜਾਣਾ, ਇਹ ਹੈ ਸਤਜ ਸਰੂਪ ਨਾਲ ਸੁਰ ਹੋ ਜਾਣਾ ਅਤੇ ਸਚਿਆਰ ਹੋ ਜਾਣਾ। ਇਸ ਲਈ ਜੋ ਸਾਧਨ ਕਿ 'ਮੈਂ' ਵਿਚ ਰਖਦੇ ਹਨ ਤੇ ਕਰਤਾ ਪੁਰਖ ਵਿਚ ਨਹੀਂ ਜੋੜਦੇ ਉਹ ਪਰਮ ਪ੍ਰਯੋਜਨ ਦੀ ਪ੍ਰਾਪਤੀ ਨਹੀਂ ਲਿਆਉਂਦੇ।

ਸਾਧਨ ਪੱਖ- ਹੁਕਮ ਤੇ ਟੁਰ ਪੈਣ ਦੀ ਚਾਹ ਵਾਲਾ ਸਾਧਕ ਪੁੱਛਦਾ ਹੈ ਕਿ ਹੁਕਮ ਕੀਹ ਹੈ? ਜਿਸ ਵਿਚ ਟੁਰਨਾ ਹੈ ਤੇ ਜੋ ਨਾਲ ਲਿਖਿਆ ਪਿਆ ਹੈ?

ਉਤਰ:- ਉਹ ਹੁਕਮ ਹੈ ਪਰਮੇਸ਼ੁਰ ਦਾ ਨਾਮ ਜੋ ਗੁਰੂ ਨੇ ਦੱਸ ਦਿੱਤਾ ਹੈ। ਯਥਾ:-

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ ਰਾਗੁ ਮ:੧)

ਨਾਮ ਕੂੜ ਦੀ ਮੈਲ ਦੂਰ ਕਰਦਾ ਹੈ। ਕੂੜ ਦੀ ਮੈਲ ਦੂਰ ਹੋਣੀ ਜਾਂ ਕੂੜ ਦੀ ਪਾਲ ਟੁੱਟਣੀ ਇਕੋ ਗੱਲ ਹੈ। ਜਿਸ ਸਾਧਨ ਨਾਲ ਕੂੜ ਦੀ ਮੈਲ ਦੂਰ ਹੋਵੇਗੀ ਉਹੋ ਸਚਿਆਰ ਬਣਾ ਦੇਵੇਗਾ, ਉਹ ਹੈ ਨਾਮ। ਯਥਾ:

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥ (ਵਾਰ ਰਾਮ: ਮ: ੩-੯)

ਅਰਥਾਤ ਕੂੜ ਦੀ ਮੈਲ (ਯਾ ਪਾਲ) ਨਾਮ ਨਾਲ ਦੂਰ ਹੁੰਦੀ ਹੈ, ਪਾਲ ਦੂਰ ਹੋਣ ਨਾਲ ਸਚਿਆਰ ਬਣੀਦਾ ਹੈ, ਤਾਂਤੇ ਨਾਮ ਨੂੰ ਜਪਕੇ ਜੀਵ ਸਚਿਆਰ ਹੁੰਦਾ ਹੈ। ਫਿਰ ਪੰਚਮ ਗੁਰੂ ਜੀ ਦੱਸਦੇ ਹਨ ਕਿ ਇਹ ਨਾਮ ਸਿਮਰਨ ਦਾ ਹੁਕਮ ਤੇਰੇ ਮਨ ਤੇ ਤਨ ਵਿਚ ਧੁਰੋਂ ਲਿਖਿਆ ਹੋਇਆ ਹੈ, ਯਥਾ:-

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥ (ਗਉ: ਮ: ੫-੧੬੬)

ਹੁਕਮ ਤੇ ਹੁਕਮੀ

ਇਸ ਪ੍ਰਮਾਣ ਤੋਂ ਸਮਝ ਪਈ ਕਿ 'ਨਾਮ ਸਿਮਰਨ' ਹੁਕਮ ਹੈ, ਇਹ ਧੁਰੋਂ ਲਿਖਿਆ ਹੋਇਆ ਹੈ[1]। ਇਸੇ ਨੇ ਕੂੜ ਦੀ ਪਾਲ ਤੋੜਨੀ ਹੈ। ਇਸੇ ਨੇ ਸਚਿਆਰ ਬਣਾ ਦੇਣਾ ਹੈ।

'ਹੁਕਮ' ਤਾਂ ਇਕੋ ਹੈ, ਪਰ ਸਮਝਣੇ ਲਈ ਇਸ ਦੇ ਕਈ ਪਹਿਲੂ ਹਨ:-

੧. ਹੁਕਮ ਹੁਕਮੀ ਦੀ 'ਨਿਜ ਅਨੰਤ ਚੇਤਨਾ' ਹੋਣ ਕਰਕੇ ਉਸ ਨਾਲ ਅਭੇਦ ਹੈ ਤੇ ਉਸੇ ਵਾਂਙ ਬੇਅੰਤ ਹੈ ਤੇ ਅਕੱਥ ਹੈ। ਯਥਾ:-

ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ॥ (ਸਾਰੰ: ਵਾਰ ਮ: ੧-੧੧)

ਹੁਕਮੁ ਨ ਕਹਿਆ ਜਾਈ॥ (ਜਪੁਜੀ-੨)

੨. ਇਹ ਹੁਕਮ ਸਤਜ ਸਰੂਪ ਵਿਚ ਸਤਜ ਸਰੂਪ ਹੈ:

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਵਾਰ ਆਸਾ ਮ: ੧-੨)

ਪੁਨਾ:- **ਸਚੇ ਤੇਰੇ ਕਰਣੇ ਸਰਬ ਬੀਚਾਰ॥** (ਵਾਰ ਆਸਾ ਮ: ੧-੨)

---

[1] 'ਲਿਖਿਆ ਨਾਲਿ' ਤੋਂ 'ਮਨਿ ਤਨਿ ਧੁਰਿ ਲਿਖਿਆ' ਦੀ ਸਮਿਲਤਤਾ ਪ੍ਰਤੱਖ ਹੈ।

ਹੁਕਮ ਤੇ ਵਿਸ਼੍ਵ

੩. ਇਹ ਹੁਕਮ ਇਕ ਤੋਂ ਅਨੇਕਤਾ ਰਚਦਾ ਹੈ, ਅਰਥਾਤ ਸ੍ਰਿਸ਼ਟੀ ਰਚਦਾ ਹੈ:

ਹੁਕਮੀ ਹੋਵਨਿ ਆਕਾਰ.....॥ (ਜਪੁਜੀ-੨)

ਹੁਕਮੀ ਸਗਲ ਕਰੇ ਆਕਾਰ॥ (ਵਾਰ ਮਾਝ ਮ: ੨-੨੨)

ਹੁਕਮੀ ਸ੍ਰਿਸਟਿ ਸਾਜੀਅਨੁ....॥ (ਵਾਰ ਗੂਜਰੀ ਮ: ੩-੨)

੪. ਸਾਜਕੇ ਹੁਕਮ ਹੀ ਸੰਭਾਲਦਾ ਹੈ:-

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (ਵਾਰ ਮਾਝ ਮ: ੧-੧੫)

੫. ਹੁਕਮ ਹੀ ਵਿਸਰਜਨ ਕਰਦਾ ਹੈ:

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥ (ਵਾਰ ਮਲਾਰ ਮ: ੧-੨੪)

ਹੁਕਮ ਤੇ ਜੀਵ

੬. ਮਨੁਖ ਦੇ ਅੰਦਰ ਜੋਤੀ ਸਰੂਪ ਦੀ ਜੋਤਿ ਅੰਸ਼ ਹੋਣ ਕਰਕੇ ਇਹ ਹੁਕਮ ਸਾਡੇ ਅੰਦਰ ਬੀ ਹੈ, ਮਾਨੋਂ ਇਹ ਹੁਕਮ ਸਾਡੇ ਅੰਦਰ ਲਿਖਿਆ ਹੈ, ਜੋ ਅੰਦਰੋਂ ਮੰਦਾ ਕਰਨ ਵੇਲੇ 'ਰੁਕ ਜਾਓ' ਦੀ ਸੈਨਤ ਦੇਂਦਾ ਹੈ, ਤੇ ਚੰਗਾ ਕਰਨ ਵੇਲੇ ਪ੍ਰਸੰਨਤਾ ਦੀ ਸੈਨਤ ਮਾਰਦਾ ਹੈ। ਇਸ ਨੂੰ ਸਮਝਕੇ ਅਭਯਾਸੀ ਚਉਪੜ ਦੇ ਵਾਂਗੂ ਚੰਗੇ ਦਾਉ ਢਾਲਦਾ ਤੇ ਆਪਾ ਸੁਆਰਦਾ ਹੈ। ਯਥਾ:-

ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥ (ਸੂਹੀ ਕਬੀਰ-੪)

ਜੋ ਇਸ ਹੁਕਮ ਨੂੰ ਪਛਾਣਦਾ ਹੈ ਉਹ ਸਾਂਈਂ ਦੇ ਭਉ ਵਿਚ ਅਵਗੁਣ ਛੋੜਦਾ ਤੇ ਸ਼ੁਭ ਗੁਣ ਸੰਗ੍ਰਹ ਕਰਦਾ ਹੈ:-

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥

ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ (ਤਿਲੰਗ ਮ: ੧ ਅਸਟ:-੧)

ਇਸ ਹੁਕਮ ਦੀ ਬ੍ਰੀਕ ਆਵਾਜ਼ ਜੀਵ ਨੇ ਆਪ ਆਪਣੇ ਅੰਦਰ ਸੁਣਨੀ ਹੈ।

੭. ਫਿਰ ਇਸ 'ਅੰਦਰ ਲਿਖੇ ਹੁਕਮ' ਦਾ ਇਕ ਪਹਿਲੂ ਹੋਰ ਹੈ, ਜਿਸ ਦੀ ਪਛਾਣ ਗੁਰੂ ਦੱਸਦਾ ਹੈ, ਉਹ ਹੈ ਨਾਮ ਸਿਮਰੋ। ਯਥਾ:-

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ ਮ: ੧)

ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥ (ਸਿਰੀ: ਮ: ੧)

੮. ਹੁਕਮ ਕਿਥੇ ਹੈ?

ਉਤਰ:ਇਹ ਨਾਮ ਸਿਮਰਣ ਦਾ ਹੁਕਮ ਅੰਦਰ ਧੁਰ (ਡੂੰਘੇ ਥਾਉਂ) ਲਿਖਿਆ ਪਿਆ ਹੈ. ਯਥਾ:- **ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥** (ਗਉ: ਮ: ੫-੧੬੬)

ਅਰਥਾਤ ਤਨ ਤੇ ਮਨ ਵਿਚ ਧੁਰ (ਡੂੰਘੇ ਥਾਉਂ) ਇਹ ਹੁਕਮ ਅੰਕਤ ਹੈ। ਡੂੰਘੇ ਥਾਉਂ ਹੋਣ ਕਰਕੇ ਗੁਰੂ ਇਸ ਦਾ ਪਤਾ ਦੇਂਦਾ ਹੈ। ਜੇ 'ਧੁਰਿ' ਦਾ ਅਰਥ 'ਧੁਰ ਦਰਗਾਹੋਂ' ਕਰੀਏ, ਤਦ ਬੀ ਪਤਾ ਗੁਰੂ ਹੀ ਦੇਂਦਾ ਹੈ:

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ: ਮ: ੧)

੯. ਹੁਕਮ ਬੁੱਝੇ ਬਿਨਾ ਜੀਵ ਦੁਖੀ ਹੈ:-

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ (ਆਸਾ ਮ: ੫-੧੧੯)

੧੦. ਫਿਰ ਹੁਕਮ ਸਾਡੇ ਕਰਮਾਂ ਅਨੁਸਾਰ ਦੁਖ ਸੁਖ ਦਾ ਲਿਖਾਰੀ ਹੈ:-

ਨਾਨਕ ਹੁਕਮੀ ਲਿਖੀਐ ਲੇਖੁ॥ (ਵਾਰ ਆਸਾ ਮ: ੧-੭)

ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ॥ (ਸਾਰੰਗ ਵਾਰ ਮ: ੧-੯)

੧੧. ਹੁਕਮੀ[1] ਕਲਜਾਨ ਕਰਤਾ ਹੈ:-

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ॥ (ਸਿਧ ਗੋਸਟਿ-੨੩)

ਹੁਕਮ ਬਿਸਮਾਦ ਹੈ, ਹੁਕਮੀ ਬਿਸਮਾਦ ਹੈ। ਬਿਸਮਾਦ ਵਿਚ ਪਹੁੰਚ ਕੇ ਜਦ ਦੋਹਾਂ ਨੂੰ ਪਛਾਣ ਲਵੇ ਉਹ ਜੀਵ ਤੇ ਬ੍ਰਹਮ ਦੇ ਮੇਲ ਦੀ ਜੁਗਤਿ ਨੂੰ ਜਾਣ ਲੈਂਦਾ ਹੈ। ਇਸ ਦਾ ਅਰਥ ਇਉਂ ਬੀ ਕਰਦੇ ਹਨ:- ਹੁਕਮ ਵਿਸਮਾਦ ਹੈ, ਹੁਕਮ ਦੁਆਰਾ ਪਛਾਣੀਦਾ ਹੈ, ਜੀਵਨ ਦੀ ਜੁਗਤਿ ਐਉਂ ਜਾਣ ਲਈਦੀ ਹੈ। ਭਾਵ ਉਹੋ ਹੀ ਰਹਿੰਦਾ ਹੈ ਕਿ ਹੁਕਮ ਕਲਜਾਨ ਕਰਤਾ ਹੈ।

'ਹੁਕਮ-ਰਜ਼ਾ':- ਹੈ ਤਾਂ 'ਹੁਕਮ' ਤੇ 'ਰਜ਼ਾ' ਇਕੋ ਹੀ ਗੱਲ। 'ਹੁਕਮੀ' ਤੇ 'ਰਜਾਈ' ਦੁਇ ਪਦ ਵਾਹਿਗੁਰੂ ਜੀ ਲਈ ਵਰਤੇ ਹਨ। ਕਿਉਂ ਏਥੇ 'ਹੁਕਮੀਂ' ਪਦ ਨਹੀਂ ਵਰਤਿਆ ਤੇ 'ਰਜਾਈ' ਪਦ ਵਰਤਿਆ ਹੈ? ਗ਼ਾਲਬਨ ਇਹ ਇਸ਼ਾਰਾ ਦੇਣ ਲਈ ਕਿ ਵਾਹਿਗੁਰੂ ਹੁਕਮ ਨਾਲ ਜੋ ਕੁਛ ਕਰਦਾ ਹੈ, ਉਹ ਸੁਤੰਤ੍ਰ ਅਪਣੀ ਰਜ਼ਾ ਅਰਥਾਤ ਮਰਜ਼ੀ ਨਾਲ ਕਰਦਾ ਹੈ, ਕਿਉਂਕਿ ਰਜ਼ਾ ਦਾ ਇਕ ਅਰਥ ਮਰਜ਼ੀ[2] ਹੈ। ਯਥਾ:

ਸੋ ਕਰੇ ਜਿ ਤਿਸੈ ਰਜਾਇ॥ (ਵਾਰ ਆਸਾ ਮ:੧-੨੪)

ਉਸ ਵਿਚ ਕਿਸੇ ਦੇ ਸਲਾਹ ਮਸ਼ਵਰੇ ਦੀ ਲੋੜ ਨਹੀਂ[3]।

ਦੂਸਰੇ ਉਹ ਰਜ਼ਾਈ ਹੈ, ਹੁਕਮ ਜਦ ਕਰਦਾ ਹੈ 'ਰਜ਼ਾਈ' ਹੁੰਦਾ ਹੈ ਤੇ ਹੁਕਮ ਦੇ ਕੇ ਬੀ 'ਰਜ਼ਾਈ' ਹੀ ਰਹਿੰਦਾ ਹੈ, ਅਰਥਾਤ ਪ੍ਰਸੰਨ ਰਹਿੰਦਾ ਹੈ, ਕਿਉਂਕਿ 'ਰਜ਼ਾ' ਦੇ ਮਾਅਨੇ 'ਪ੍ਰਸੰਨਤਾ' ਬੀ ਹਨ। ਪ੍ਰਸੰਨਤਾ ਵਿਚ ਕਟਾਖਜ ਇਹ ਹੈ ਕਿ ਹੁਕਮ ਦੇ ਕੇ ਉਹ ਵਿਕਾਰੀ ਯਾ ਲਿਪਾਇਮਾਨ ਨਹੀਂ ਹੋ ਜਾਂਦਾ, ਉਹ ਪ੍ਰਸੰਨ ਮੂਰਤੀ ਹਰ ਹਾਲ 'ਰਜ਼ਾਈ' ਹੈ ਅਰਥਾਤ ਪ੍ਰਸੰਨ ਯਾ ਅਨੰਦ ਹੈ।

'ਹੁਕਮ' ਤੇ 'ਰਜ਼ਾ' ਦਾ ਕੁਛ ਫਰਕ ਹੁਕਮ ਮੰਨਣ ਵਾਲੇ ਅਰਥਾਤ ਜੀਵ ਲਈ ਬੀ ਹੈ। ਜੋ ਅਵਸਥਾ ਭੇਦ ਕਿਹਾ ਜਾ ਸਕਦਾ ਹੈ। ਹੁਕਮ ਮੰਨਣਾ ਉਹ ਅਵਸਥਾ ਹੈ ਜਿਸ ਵੇਲੇ ਪਰਮੇਸ਼ੁਰ ਦੇ ਹੁਕਮ ਨੂੰ ਹੁਕਮ ਮੰਨਕੇ ਉਸ ਪੁਰ ਜੀਵ ਤੁਰਦਾ ਹੈ। ਰਜ਼ਾ ਮੰਨਣੀ ਉਹ ਹੈ ਕਿ ਸਾਈਂ ਦੀ ਖੁਸ਼ੀ ਨੂੰ ਪਛਾਣਦਾ ਤੇ ਪ੍ਰਸੰਨਤਾ ਵਿਚ ਆਉਂਦਾ ਹੈ। ਅਰਥਾਤ ਹੁਕਮ ਵਿਚ ਉਸ ਦੀ ਪ੍ਰਸੰਨਤਾ ਨੂੰ ਪਛਾਣਦਾ ਹੈ ਤੇ ਉਸ ਦੀ ਪ੍ਰਸੰਨਤਾ ਵਿਚ ਅਪਣੀ ਪ੍ਰਸੰਨਤਾ ਇਕ-ਸੁਰ ਕਰਦਾ ਹੈ। ਰਜ਼ਾ ਅਰਬੀ ਭਾਸ਼ਾ ਵਿਚ (ਪਰਮੇਸ਼ੁਰ ਦੀ) ਪ੍ਰਸੰਨਤਾ ਨੂੰ ਬੀ ਕਹਿੰਦੇ ਹਨ, ਸੋ ਹੁਕਮ ਦੇਣ ਵਾਲੇ ਅਰਥਾਤ ਪਰਮੇਸ਼ੁਰ ਦੀ ਜਿਸ ਗੱਲ ਵਿਚ ਪ੍ਰਸੰਨਤਾ ਹੈ, ਪ੍ਰੇਮੀ ਨੂੰ ਉਸੇ ਵਿਚ ਪ੍ਰਸੰਨਤਾ ਹੁੰਦੀ ਹੈ। ਜੈਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੀਆਂ ਮੀਰ ਨੂੰ ਕਿਹਾ ਸੀ ਕਿ ਜਿਸ ਨੂੰ ਤੁਸੀਂ ਸਾਡਾ ਖੇਦ ਕਹਿੰਦੇ ਹੋ, ਪਰਮੇਸ਼ੁਰ ਦੀ ਰਜ਼ਾ (ਪ੍ਰਸੰਨਤਾ) ਹੈ, ਉਸ ਦੀ ਪ੍ਰਸੰਨਤਾ ਵਿਚ ਸਾਨੂੰ ਪ੍ਰਸੰਨਤਾ ਹੈ। ਰਜ਼ਾ ਪੁਰ ਤੁਰਨੇ ਵਾਲੇ ਅਪਣੇ ਸੁਭਾਵ ਤੋਂ ਛੁਟਕੇ ਪਰਮੇਸ਼ੁਰ ਦੇ ਸੁਭਾਵ ਦੇ ਐਸੇ ਅਨੁਸਾਰੀ ਹੁੰਦੇ ਹਨ ਕਿ ਹੁਕਮੀ ਤੇ ਹੁਕਮ ਮੰਨਣ ਵਾਲੇ ਵਿਚ ਪੂਰਨ ਪ੍ਰਸੰਨਤਾ ਹੀ ਪ੍ਰਸੰਨਤਾ ਹੋ ਜਾਂਦੀ ਹੈ। ਯਥਾ:- 'ਤੇਰਾ ਕੀਆ ਮੀਠਾ ਲਾਗੈ॥' (ਆਸਾ ਮ: ੫-੯੩)

ਨਿਰੁਕ੍ਤ- ਸੋਚੈ=ਸੋਚ ਕਰਨੇ ਨਾਲ (ਸੁੱਚਮ ਯਾ ਪਵਿੱਤ੍ਰਤਾ ਕਰਨੇ ਨਾਲ)।

---

[1] ਹੁਕਮੁ=ਹੁਕਮ ਨੂੰ, ਹੁਕਮਿ=ਹੁਕਮੀ ਨੂੰ, ਜੀਅ=ਜੀਵ, ਸਚ=ਸਤਜ ਸਰੂਪ, ਬ੍ਰਹਮ। ਜੁਗਤਿ=ਯੁਕ੍ਤਿ=ਮਿਲਾਪ (ਅ). ਅਵਸਥਾ, ਹਾਲਤ।

[2] 'ਮਰਜ਼ੀ' ਪਦ ਅਰਬੀ ਵਿਚ ਬਣਦਾ ਹੀ 'ਰਜ਼ਾ' ਤੋਂ ਹੈ।

[3] ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ॥ (ਸਿਰੀ: ਮ: ੧ ਅਸਟ:-੧)
ਪੁਨਾ-ਪੰਚਮ ਗੁਰੂ ਜੀ ਦਾ ਵਾਕ ਹੈ:-
ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ (ਗੋਂਡ ਮ: ੫-੫)

ਸੋਚੀ=ਸੌਚ ਕਰਾਂ, ਭਾਵ ਸਰੀਰ ਦੀ ਪਵਿਤ੍ਰਤਾ ਕਰਾਂ। (ਸੰਸ:, ਸ਼ੌਚ=ਜਲ ਮਿੱਟੀ ਆਦਿ ਨਾਲ ਪਵਿਤ੍ਰਤਾ ਕਰਨੀ; ਸ਼ੁਚਿ=ਪਵਿਤ੍ਰਤਾ)।

ਪ੍ਰਮਾਣ-ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ (ਗਉ:ਮ:੫ ਸੁਖਮਨੀ-੩-੩)

(ਅ) **ਸੋਚੈ**=ਸੋਚ ਕਰਨੇ ਨਾਲ। ਮਾਨਸਿਕ ਵੀਚਾਰ ਮਾਤ੍ਰ ਦੇ ਕਰਨੇ ਨਾਲ। ੧੮੨੫ ਬਿ: ਤੋਂ ਪਹਿਲੇ 'ਸੋਚੈ' ਦਾ ਅਰਥ 'ਮਨ ਦੀ ਵੀਚਾਰ ਨਾਲ' ਕੀਤਾ ਜਾਂਦਾ ਰਿਹਾ ਹੈ। ਸੋਚਣਾ=ਵੀਚਾਰ ਕਰਨਾ। ੧੮੫੨ ਵਿਚ 'ਪਵਿਤ੍ਰਤਾ ਕਰਨੇ ਨਾਲ' ਅਰ 'ਸੰਸਾ ਕਰਨੇ ਨਾਲ' ਅਰਥ ਕੀਤੇ ਗਏ। ਫਿਰ ੧੮੮੯ ਵਿਚ ਭਾਈ ਸੰਤੋਖ ਸਿੰਘ ਦੇ ਲਿਖੇ ਗਰਬ ਗੰਜਨੀ ਟੀਕੇ ਵਿਚ 'ਜਲ ਮ੍ਰਿਤਕਾ ਆਦਿ ਤੋਂ ਜੋ ਸ਼ੌਚ ਕੀਤੀ ਜਾਵੇ' ਅਰਥ ਕੀਤੇ ਗਏ। ਇਸ ਤੋਂ ਮਗਰੋਂ ਪੰਡਤ ਟੀਕਾਕਾਰਾਂ ਨੇ ਦੁਇ ਅਰਥ ਐਉਂ ਮਿਲਾ ਲਏ:(ਕੇਵਲ) ਸੋਚ (ਵੀਚਾਰ) ਮਾਤ੍ਰ ਦੇ ਕਰਨ ਨਾਲ ਮਨ ਦੀ ਸ਼ੌਚ (=ਪਵਿਤ੍ਰਤਾ) ਨਹੀਂ ਹੋ ਸਕਦੀ, (ਭਾਵ-ਪਵਿਤ੍ਰਤਾ ਦੇ ਕਰਮ 'ਨਾਮ ਜਪ' ਆਦਿ ਦੇ ਕਰਨ ਨਾਲ ਹੀ ਪਵਿਤ੍ਰਤਾ ਹੁੰਦੀ ਹੈ)। ਅਥਵਾ (ਇਸ਼ਨਾਨ ਆਦਿਕ ਸਰੀਰ ਦੀ) ਪਵਿਤ੍ਰਤਾ ਦੇ ਕਰਨੇ ਨਾਲ (ਮਨ ਦੀ) ਪਵਿਤ੍ਰਤਾ ਨਹੀਂ ਹੋ ਸਕਦੀ, ਤੁਸੀਂ ਭਾਵੇਂ ਲੱਖਾਂ ਵਾਰ ਸੋਚ ਵੀਚਾਰ ਕਰਕੇ ਵੇਖ ਲਵੋ।

ਚੁਪੈ=ਚੁਪ ਕਰਨ ਨਾਲ, ਭਾਵ ਮੌਨ ਧਾਰਨ ਕਰਨੇ ਨਾਲ।

ਲਿਵ=(ਸੰਸ:,ਲਯ=ਲੀਨਤਾ, ਏਕਾਗ੍ਰਤਾ, ਸਮਾਈ, ਗੁੰਮਤਾ) ਬ੍ਰਿਤੀ ਦਾ ਇਕ ਰਸ ਪ੍ਰਵਾਹ। ੧. ਨਾਮ ਵਿਚ ਸੁਰਤ ਦਾ ਲਗਾਉ ਯਾ ਪ੍ਰਵਾਹ ਜੋ ਹੋਰ ਭਾਵਾਂ ਵਲ ਨਾ ਜਾਵੇ। ਗੁਰੂ ਜੀ ਨੇ ਆਪ ਇਹ ਅਰਥ ਕੀਤਾ ਹੈ। ਯਥਾ:- **ਲਿਵ ਲਾਗੀ ਨਾਮਿ ਤਜਿ ਦੂਜਾ ਭਾਉ॥** (ਬਸੰਤ ਮ: ੧-੫)

੨. ਨਾਮ ਦੇ ਇਕ ਰਸ ਪ੍ਰਵਾਹ ਦੁਆਰਾ ਵਾਹਿਗੁਰੂ ਵਿਚ ਜੁੜ ਜਾਣਾ, ਯਥਾ:-

ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ॥ (ਬਿਲਾ: ਮ: ੧ ਛੰਤ-੧)

ਅਰਥਾਤ-ਸਬਦਿ (ਨਾਮ ਦੁਆਰਾ) ਸਹਿਜੇ ਹੀ ਸੀਂਗਾਰੀ ਜਾ ਕੇ ਗੋਇਲ (ਜਗਜਾਸੂ ਇਸਤ੍ਰੀ) ਹਰੀ ਨਾਲ ਲਿਵ ਧਾਰੀ ਹੋ ਗਈ।

੩. ਬਿੱਲੀ ਜਾਂ ਬਗਲੇ ਦੇ ਆਪਣੇ ਸ਼ਿਕਾਰ ਲਈ ਨਿਹਚਲ ਜੁੜ ਬੈਠਣ ਨੂੰ ਬੀ ਲਿਵ ਲਿਖਿਆ ਹੈ ਜਦੋਂ ਓਹ ਸਰੀਰ ਕਰਕੇ ਚੁੱਪ ਹੁੰਦੇ ਹਨ, ਪਰ ਮਨ ਵਿਚ ਚੂਹੇ ਤੇ ਮੱਛੀ ਦੀ ਵਾਸ਼ਨਾ ਬੋਲ ਰਹੀ ਹੁੰਦੀ ਹੈ। ਯਥਾ:- **ਠਗ ਦਿਸਟਿ ਬਗਾ ਲਿਵ ਲਾਗਾ॥** (ਪ੍ਰਭਾ: ਬੇਣੀ)

ਲਿਵ ਤਾਰ= ਤੇਲ ਦੀ ਧਾਰਾ ਵਾਂਙੂ ਬ੍ਰਿਤੀ ਦਾ ਪ੍ਰਵਾਹ। ਇਕ ਰਸ ਲਗਾਉ ਯਾ ਲੀਨਤਾ ਸਾਂਈਂ ਵਿਚ। ਯਥਾ:- **ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥** (ਬਿਲਾ: ਮ: ੧ ਥਿਤੀ)

ਪਰ ਇਥੇ 'ਵਾਸ਼ਨਾ ਰੁਕਕੇ ਨਾਮ ਦੇ ਪ੍ਰਵਾਹ ਵਿਚ ਮਗਨ ਹੋਣਾ' ਭਾਵ ਨਹੀਂ, ਪਰ ਉਪਰ ਦਿਤੇ ਅੰਕ ੩ ਦੇ ਅਰਥਾਂ ਵਿਚ ਜੋ ਭਾਵ ਹੈ ਉਹ ਇਸ ਪਹਿਲੀ ਪਉੜੀ ਵਿਚ ਵਰਤਿਆ ਹੈ: 'ਜੇ ਲਾਇ ਰਹਾ ਲਿਵਤਾਰ॥' ਅਰਥਾਤ (ਬਗਲੇ ਵਾਂਙੂ ਚਾਹੇ) ਲਿਵ ਦੀ ਤਾਰ ਬੰਨ੍ਹਕੇ (ਖੜਾ ਰਹਾਂ) ਚੁਪ ਨਹੀਂ ਹੋਣੀ, ਕਿਉਂਕਿ ਅੰਦਰ ਵਾਸ਼ਨਾ ਤ੍ਰਿਸ਼ਨਾ ਹੈ ਤੇ ਧਯਾਨ ਅਤੀਤ ਹੋਕੇ ਸਾਂਈਂ ਵਿਚ ਨਹੀਂ ਜੁੜ ਰਿਹਾ ਹੈ।

ਭੁਖਿਆ=ਭੁੱਖਿਆਂ ਰਹਿਣੇ ਨਾਲ ਭਾਵ ਬ੍ਰਤ ਧਾਰਨ ਕਰਨੇ ਨਾਲ। (ਅ) ਭੁਖਿਆ ਦਾ ਅਰਥ 'ਭੁੱਖਿਆਂ ਰਹਿਣ ਨਾਲ' ਦੀ ਥਾਂ 'ਭੁੱਖੇ ਰਹਿਣ ਵਾਲੇ' ਬੀ ਕਰ ਲੈਂਦੇ ਹਨ। 'ਭੁਖਿਆ' ਦਾ ਅਰਥ 'ਭੁੱਖੇ ਰਹਿਣ ਵਾਲੇ' ਅਰਥਾਤ 'ਤ੍ਰਿਸ਼ਨਾਲੂ' ਕਰਨ ਨਾਲ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਕਾਂਡ ਪ੍ਰਕਥਨ ਦੋਖ ਆਉਂਦਾ ਹੈ। (ਅਕਾਂਡ ਪ੍ਰਕਥਨ ਦੋਸ਼:-ਪ੍ਰਥਮ ਕਰੈ ਬਰਨਨ ਜਿਸ ਤਾਂਈਂ। ਬੀਚਹਿ ਬਰਨਹਿ ਔਰ ਬਨਾਈ।) ਭੁਖਿਆ ਦਾ ਅਰਥ 'ਤ੍ਰਿਸ਼ਨਾ ਆਸ਼ਕਤ ਰਹਿਣ ਨਾਲ' ਕੀਤਿਆਂ ਬੀ ਦੂਖਨ ਦੂਰ ਨਹੀਂ ਹੁੰਦਾ, ਕਿਉਂਕਿ ਤ੍ਰਿਸ਼ਨਾ ਦੇ ਵੱਸ ਰਹਿਣਾ ਕੋਈ ਸਾਧਨ ਨਹੀਂ ਹੈ, ਜੈਸੇ ਕਿ 'ਸੌਚ' ਤੇ 'ਚੁਪ' ਸਾਧਨ ਹਨ। ਤੁਕ ਦੇ ਅਰਥ ਕਠਨ ਹੋਣ ਕਰਕੇ ਹੋਰ ਬੀ ਐਉਂ ਜਤਨ

ਗੁਣੀ ਜਨਾਂ ਵਲੋਂ ਹੋਏ ਹਨ:-

੧. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾਂ ਨਹੀਂ ਹਟਦੀ, (ਤੇ) ਜੇ ਪੁਰੀਆਂ ਦੇ ਪਦਾਰਥ ਪ੍ਰਾਪਤ ਕਰ ਲਵਾਂ ਤਾਂ ਬੀ ਦੂਰ ਨਹੀਂ ਹੁੰਦੀ।

੨. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾ ਨਹੀਂ ਮਿਟਦੀ, (ਇਹ ਤਾਂ ਮਿਟਦੀ ਹੈ ਜੇ) ਚੌਦਾਂ ਹੀ ਪੁਰੀਆਂ ਦੇ ਪਦਾਰਥਾਂ ਤੋਂ ਮਨ ਨੂੰ ਬੰਨ੍ਹ ਲਵਾਂ-ਰੋਕ ਲਵਾਂ-ਭਾਵ ਵੈਰਾਗ ਕਰਾਂ।

੩. ਪਰਮਾਤਮਾਂ ਦੇ ਮਿਲਣ ਦੀ ਭੁੱਖ ਭੁੱਖਿਆਂ ਰਹਿਣ ਨਾਲ ਨਹੀਂ ਦੂਰ ਹੁੰਦੀ, ਚਾਹੇ ੧੪ ਲੋਕਾਂ ਦੇ ਪਦਾਰਥ ਤਿਆਗ ਦਿਆਂ। ਇਸ ਤੇ ਪਹਿਲੇ ਅਰਥ ਵਿਚ 'ਬੰਨਾ' ਦਾ ਅਰਥ ਤਜਾਗ ਦਿਆਂ ਯਾ ਰੋਕ ਲਵਾਂ ਖਿੱਚ ਨਾਲ ਲਾਉਣੇ ਪੈਂਦੇ ਹਨ। ਉਂਵ ਜੇ ਕੋਈ 'ਸਾਂਈਂ ਮਿਲਣ ਦੀ ਭੁੱਖ ਲੈ ਕੇ' ਬ੍ਰਤ ਧਾਰਨ ਕਰਦਾ ਹੈ ਤਾਂ ਉਸ ਭੁੱਖ ਦਾ ਤ੍ਰਿਪਤ ਹੋਣਾ ਖ਼ੁਰਾਕ ਵਲੋਂ ਭੁੱਖੇ ਰਹਿਣਾ ਨਹੀਂ, ਉਹ ਤਾਂ ਸਰੀਰ ਨੂੰ ਕ੍ਰਿਸ਼ਜ ਕਰੇਗੀ। ਉਸ ਦਾ ਦਾਰੂ ਹੈ:-

ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਹਿ ਚਲੀਅਹਿ ਦੂਖ॥ (ਆਸਾ ਮ: ੧)

ਇਹ ਤਾਂ ਭੁਖ ਹੀ ਦਾਰੂ ਹੈ ਤੇ ਮੁਬਾਰਕ ਹੈ:-

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥ (ਗਉ:ਮ:੫,ਸੁਖ: ੩-੫)

ਸਿਆਣਪ= (ਪ੍ਰਾਕ੍ਰਿਤ, ਸਜਾਣ; ਪੰਜਾਬੀ, ਸਿਆਣ; ਸਿਆਣਪ)। ਸਿਆਣਪ ਦਾ ਭਾਵ ਹੈ ਬੁਧਿ ਦਾ ਚਮਤਕਾਰ, ਚਾਹੇ ਉਹ ਮਨ ਦੀ ਆਪਣੀ ਚਤੁਰਾਈ ਦਾ ਹੈ, ਚਾਹੇ ਸ਼ਾਸਤ੍ਰ ਦੇ ਵੀਚਾਰ ਦਾ, ਚਾਹੇ ਵਿਦਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋਂ ਸਿਖਿਆ ਹੋਇਆ। ਇਸ ਵਿਚ ਹੋਰ ਬੁਧਿ ਦੇਂ ਸਾਧਨ ਜੋ ਸਾਂਈਂ ਪ੍ਰਾਪਤੀ ਲਈ ਲੋਕੀ ਕਰ ਰਹੇ ਹਨ ਆ ਗਏ।

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥

(ਬ੍ਰਿਹਾ: ਮ: ੪, ਛੰਤ ੬)

ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥ (ਸੋਰਠਿ ਮ: ੫, ਅਸਟ: ੨)

ਸਚਿਆਰ= (ਸਤਜ+ਆਕਾਰ। ਜਿਸ ਦਾ ਸਰੂਪ ਹੀ ਸਤਜ ਹੈ)।

੧. ਸਤਜ ਸਰੂਪ ਪਰਮਾਤਮ ਦੇਵ। ਯਥਾ:

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ (ਜਪੁਜੀ-੩)

੨. ਓਹ ਸਤਿ ਪੁਰਖ ਜੋ ਕੂੜ ਦੀ ਪਾਲ ਟੁੱਟਣ ਨਾਲ ਸਤਜ ਸਰੂਪ ਨੂੰ ਪ੍ਰਾਪਤ ਹੋ ਜਾਵੇ। ਯਥਾ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਜਪੁਜੀ)

ਤਥਾ:- **ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥**
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥ (ਰਾਮ: ਮ: ੧ ਦ: ਓਅੰ: ੪੮)

੩. ਸਚ ਧਾਰਨ ਕਰਨ ਵਾਲਾ। ਸਚਾ ਪੁਰਖ। ਯਥਾ:-

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥ (ਸਿਰੀ: ਵਾਰ ਮ:੪-੧੬)

੪. ਸਚ ਬੋਲਣ ਵਾਲਾ ਪਰ ਜਿਸ ਨੂੰ ਆਪਣੇ ਸਚ ਤੇ ਮਾਣ ਤੇ ਅਹੰਕਾਰ ਹੈ। ਯਥਾ:-

ਹਉ ਵਿਚਿ ਸਚਿਆਰੁ ਕੂੜਿਆਰੁ॥ (ਵਾਰ ਆਸਾ ਮ: ੧-੭)

ਪਾਲਿ= (ਸੰਸਕ੍ਰਿਤ, ਪਾਲਿ)। ੧. ਪਾਣੀ ਦੇ ਰੋਕਣ ਲਈ ਉਸਾਰਿਆ ਬੰਨ੍ਹ। ੨. ਹੱਦ, ਰੋਕ ਥਾਮ। ੩. ਕਤਾਰ, ਪੰਕਤੀ। ੪. ਕੰਧ ਬੀ ਅਰਥ ਕਰਦੇ ਹਨ। ਭਾਵ ਹੈ ਆਵਰਣ ਤੋਂ ਜੋ ਵਾਹਿਗੁਰੂ ਦੀ ਲੱਖਤਾ ਨਹੀਂ ਹੋਣ ਦੇਂਦਾ। ਉਹ ਹੈ- ਹਉਮੈ।

ਅਗਲੀ ਪਉੜੀ ਤੋਂ ਪਤਾ ਲਗਦਾ ਹੈ ਕਿ 'ਕੂੜ ਦੀ ਪਾਲਿ' ਹਉਮੈ' ਹੈ।

ਪੁਨਾ: **ਹਉ ਹਉ ਭੀਤਿ ਭਇਓ ਹੈ ਬੀਚੋ॥** (ਸੋਰਠ ਮ: ੫-੬੧)

ਰਜਾ= (ਅਰਬੀ, ਰਜੁ= ਖੁਸ਼ ਹੋਣਾਂ ਤੋਂ ਪਦ 'ਰਜ਼ਾ' ਯਾ 'ਰਿਜ਼' ਬਣਦਾ ਹੈ। 'ਰਜਾ' = ਖੁਸ਼ੀ ਹੋਣ ਦੀ ਹਾਲਤ, ਖੁਸ਼ੀ, ਪ੍ਰਸੰਨਤਾ)।

੧. ਆਮ ਪੰਜਾਬੀ ਤੇ ਗੁਰਬਾਣੀ ਵਿਚ 'ਰਜ਼ਾ' ਪਦ ਨੂੰ 'ਈ' ਲਾ ਕੇ 'ਰਜਾਈ' ਦਾ ਅਰਥ ਆਗਿਆ ਦੇਣ ਵਾਲਾ, ਹੁਕਮ ਕਰਨ ਵਾਲਾ ਕੀਤਾ ਜਾਂਦਾ ਹੈ। ਅਰਥਾਤ ਪਰਮੇਸ਼ੁਰ, ਰਜ਼ਾ ਵਾਲਾ ਪਰਮੇਸ਼ੁਰ। ਯਥਾ:-

ਤਾਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ॥੩॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥·····॥੪॥ (ਆਸਾ ਮ: ੧-੨੦।

ਇਸ ਪਉੜੀ ਵਿਚ ਰਜ਼ਾ ਵਾਲਾ 'ਪਰਮੇਸ਼ੁਰ' ਹੀ ਅਰਥ ਲਗਦਾ ਹੈ।

੨. 'ਈ' ਪ੍ਰਤੇ ਪੰਜਾਬੀ ਦਾ ਲਾ ਕੇ 'ਰਜਾਈ' ਬਣਾਇਆ ਤਾਂ ਅਰਥ ਹੋਇਆ ਪ੍ਰਸੰਨਤਾ ਵਾਲਾ ਹੋ ਕੇ, ਖੁਸ਼ੀ ਨਾਲ ਮੰਨ ਲੈਣ ਵਾਲਾ ਹੋਕੇ। ਗੁਰਬਾਣੀ ਵਿਚ ਇਸ ਅਰਥ ਦਾ ਵਰਤਾਉ ਬੀ ਆਇਆ ਹੈ, ਯਥਾ:

ਜੈਸੇ ਸਚ ਮਹਿ ਰਹਉ ਰਜਾਈ॥ (ਬਿਲਾ: ਮ: ੧-੧।

੩. ਇਸ ਪਦ ਦਾ ਅਰਥ ਕਿਤੇ 'ਰਜ਼ਾ ਵਿਚ' ਬੀ ਲਗਦਾ ਹੈ, ਯਥਾ:-

ਨਾਨਕ ਰਹਣੁ ਰਜਾਈ॥ (ਜਪੁਜੀ-੨੭) ਰਜ਼ਾ ਵਿਚ ਰਹਿਣਾ (ਬਣਦਾ) ਹੈ।

ਯਾਦ ਰਹੇ ਰਜ਼ਾ ਪਦ ਅਰਬੀ ਦਾ ਹੈ ਪਰ ਰਜਾਈ ਪਦ 'ਰਜ਼ਾ' ਤੋਂ ਪੰਜਾਬੀ ਨੇ ਬਣਾਇਆ ਹੈ।
ਗੁਰਬਾਣੀ ਵਿਚ 'ਰਜਾਇ' ਪਦ ਬੀ ਆਯਾ ਹੈ, ਓਥੇ ਭਾਵ ਰਜ਼ਾ ਤੋਂ ਹੀ ਹੁੰਦਾ ਹੈ। ਯਥਾ:-

ਸੋ ਕਰੇ ਜਿ ਤਿਸੈ ਰਜਾਇ॥ (ਵਾਰ ਆਸਾ ਮ: ੧-੨੪।

ਪੁਨਾ:- **ਰਬ ਕੀ ਰਜਾਇ ਮੰਨੇ ਸਿਰ ਉਪਰਿ....॥** (ਵਾਰ ਮਾਝ ਮ: ੧-੮।

(ਪਉੜੀ ੨)

ਪ੍ਰਾਕ੍ਥਨ– ਇਹ ਸੁਣਕੇ ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ 'ਹੁਕਮ' ਜੋ ਆਪ ਨੇ ਦੱਸਿਆ ਹੈ, ਕੀਹ ਵਸਤੂ ਹੈ? ਉਤਰ ਦੇਂਦੇ ਹਨ:-

ਮੂਲ	ਅਰਥ
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥	(ਅਕੱਥ ਪਰਮਾਤਮਾਂ ਦਾ) ਹੁਕਮ ਕਥਨ ਨਹੀਂ ਕੀਤਾ ਜਾ ਸਕਦਾ (ਪਰ ਉਸ ਦਾ ਕਰਤੱਵ ਪ੍ਰਤੱਖ ਹੈ ਕਿ ਉਸ ਦੇ) ਹੁਕਮ ਨਾਲ ਆਕਾਰ (ਅਰਥਾਤ ਨਾ ਦਿੱਸਣ ਵਾਲੇ ਤੇ ਦਿੱਸਣ ਵਾਲੇ, ਸੂਰਤਾਂ ਵਾਲੇ, ਪਦਾਰਥ ਤੇ ਇਹ ਸੂਰਤ ਵਾਲਾ ਜਗਤ) ਰਚੇ ਜਾਂਦੇ ਹਨ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥	(ਫਿਰ ਇਸ ਜਗਤ ਵਿਚ ਰਹਿਣ ਵਾਲੇ ਤੇ ਪਦਾਰਥਾਂ ਨੂੰ ਮਾਣਨ ਵਾਲੇ) ਜੀਵ (ਬੀ) ਹੁਕਮ ਨਾਲ ਹੀ ਰਚੇ ਜਾਂਦੇ ਹਨ। (ਉਸੇ ਦੇ) ਹੁਕਮ ਨਾਲ (ਜੀਵਾਂ ਨੂੰ) ਵਡਿਆਈ ਮਿਲਦੀ ਹੈ। ਹੁਕਮ ਨਾਲ ਹੀ (ਮਨੁਖਾਂ ਵਿਚ) ਉਤਮ ਤੇ ਨੀਚ ਹਨ, ਹੁਕਮ ਦੁਆਰਾ ਲਿਖੇ ਗਏ (ਲੇਖਾਂ ਅਨੁਸਾਰ) ਦੁਖ ਤੇ ਸੁਖ ਪਾਈਦਾ ਹੈ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥	ਇਕਨਾਂ ਨੂੰ (ਤਾਂ) ਹੁਕਮ ਨਾਲ ਬਖਸ਼ਿਸ਼ ਪ੍ਰਾਪਤ ਹੁੰਦੀ ਹੈ (ਤੇ) ਇਕ ਹੁਕਮ ਨਾਲ ਸਦਾ (ਜਨਮ ਮਰਨ ਦੇ ਚੱਕ੍ਰ ਵਿਚ) ਭੁਵਾਏ ਜਾਂਦੇ ਹਨ।
ਹੁਕਮੈ ਅੰਦਰਿ ਸਭੁ ਕੋ	ਸਭ ਕੋਈ ਹੁਕਮ ਦੇ ਵਿਚ ਹੈ, ਹੁਕਮ ਤੋਂ ਬਾਹਰ ਕੋਈ ਨਹੀਂ ਹੈ।

(੬੬)

ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥	ਜੇ (ਉਸ ਦੇ) ਹੁਕਮ ਨੂੰ (ਕੋਈ) ਸਮਝ ਲਵੇ ਤਾਂ ਹੇ ਨਾਨਕ! (ਫਿਰ ਉਹ) ਹਉਮੈ ਦਾ ਨਾਉਂ ਨਾ ਲਵੇਗਾ (ਅਰਥਾਤ ਉਸ ਦੀ ਹਉਂ ਟੁੱਟ ਜਾਏਗੀ, ਇਹ ਹਉਂ ਹੀ ਕੂੜੀ ਪਾਲਿ ਹੈ ਜੋ ਸਾਨੂੰ ਸਚਿਆਰ ਨਹੀਂ ਬਣਨ ਦੇਂਦੀ, ਹਉਂ ਟੁੱਟੀ ਤਾਂ ਸਚਿਆਰ ਹੋ ਗਿਆ[1])॥੨॥

ਵਯਾਖਯਾ- ਪਿਛਲੀ ਪਉੜੀ ਵਿਚ ਕਥੇ ਹੁਕਮ ਦੀ ਇਸ ਪਉੜੀ ਵਿਚ ਕੁਛ ਵਯਾਖਯਾ ਦੱਸੀ ਹੈ। ਪਹਿਲਾਂ ਤਾਂ ਦੱਸਦੇ ਹਨ ਕਿ ਹੁਕਮ ਅਕੱਥ ਹੈ। ਕਿਉਂਕਿ ਹੁਕਮ ਉਸ ਦੇ ਅਪਣੇ ਸਰੂਪ ਤੋਂ ਵੱਖਰੀ ਵਸਤੂ ਨਹੀਂ। ਜਿਵੇਂ ਹੁਕਮੀ ਸਾਡੀ ਸਮਝ ਤੋਂ ਪਰੇ ਹੈ, ਉਸ ਨੂੰ ਅਸੀਂ ਵਰਣਨ ਨਹੀਂ ਕਰ ਸਕਦੇ, ਤਿਵੇਂ ਅਸੀਂ ਹੁਕਮ ਦਾ ਵਰਣਨ ਬੀ ਨਹੀਂ ਕਰ ਸਕਦੇ। ਪਰ ਉਸ ਹੁਕਮ ਦੁਆਰਾ ਜੋ ਕੁਛ ਹੋ ਰਿਹਾ ਹੈ ਉਸ ਦਾ ਕੁਛ ਜ਼ਿਕਰ ਕਰਦੇ ਹਨ:-

ਹੁਕਮੀ ਨਿਰ ਆਕਾਰ ਹੈ। ਪਰ ਜਿਤਨੇ ਦ੍ਰਿਸ਼ਜ ਯਾ ਅਦ੍ਰਿਸ਼ਜ ਆਕਾਰ ਹਨ ਸਭ ਉਸ ਦੇ ਹੁਕਮ ਦੁਆਰਾ ਹੋਏ ਹਨ। ਫਿਰ ਜੀਵਾਂ ਦੀਆਂ ਅਨੇਕ ਸ਼੍ਰੇਣੀਆਂ ਹਨ। ਕੋਈ ਨੀਵੀਂਆਂ ਕੋਈ ਉੱਚੀਆਂ ਜਿਵੇਂ ਬਨਸਪਤੀ ਜੀਵਨ ਰੌ ਵਿਚ ਘਟੀਆ ਹੈ ਤੇ ਮਾਨੁਖ ਸਭ ਤੋਂ ਵਧੀਆ ਹੈ। ਸੋ ਇਹ ਵਡਿਆਈ ਤੇ ਛੁਟਿਆਈ ਹੁਕਮ ਦੁਆਰਾ ਹੋਈ ਹੈ। ਫੇਰ ਮਨੁਖ ਸ਼੍ਰੇਣੀ ਵਿਚ ਕੋਈ ਉਤਮ ਹਨ ਕੋਈ ਨੀਵੇਂ ਹਨ, ਇਹ ਬੀ ਹੁਕਮ ਦੁਆਰਾ ਹੈ। ਅਸੀਂ ਜੋ ਮਾਨੁਖੀ ਸਰੀਰ ਵਿਚ ਦੁਖ ਸੁਖ ਪਾ ਰਹੇ ਹਾਂ, ਓਹ (ਸਾਡੇ ਕੀਤੇ ਕਰਮਾਂ ਅਨੁਸਾਰ) ਹੁਕਮ ਨੇ ਹੀ ਲੇਖ ਲਿਖੇ ਹਨ[2]। ਹੁਕਮ ਦੁਆਰਾ ਹੀ ਸਦਾ ਜਨਮ ਮਰਨ (ਦੇ ਗੇੜ ਵਿਚ) ਭਵਾਈਦਾ ਹੈ ਤੇ ਹੁਕਮ ਦੁਆਰਾ ਹੀ ਬਖਸ਼ਿਸ਼ ਦਾ ਦਰ ਪ੍ਰਾਪਤ ਹੁੰਦਾ ਹੈ। ਹੁਕਮ ਇਤਨਾ ਬਲਵਾਨ ਹੈ ਕਿ ਸਾਰੇ ਉਸ ਹੁਕਮ ਦੇ ਹੇਠਾਂ ਹਨ, ਕੋਈ ਉਸ ਤੋਂ ਬਾਹਰ ਨਹੀਂ, ਜੈਸਾ ਕਿ ਧਰਤੀ, ਚੰਦ, ਸੂਰ, ਸਿਆਰੇ, ਸਤਾਰੇ ਸਭ ਰਚਨਾ ਹੁਕਮ ਵਿਚ ਟੁਰ ਰਹੀ ਹੈ। ਕੋਈ ਹੁਕਮ ਵਿਰੁਧ ਨਹੀਂ ਟੁਰ ਸਕਦਾ[3]। ਫਿਰ ਦੱਸਦੇ ਹਨ ਕਿ ਜੇ ਕੋਈ ਮਨੁਖ ਹੁਕਮ ਨੂੰ ਬੁੱਝ ਲਵੇ ਤਾਂ ਫਿਰ ਓਹ ਹਉਮੈ ਨਹੀਂ ਕਹੇਗਾ; ਭਾਵ ਉਸ ਦੀ ਹਉਮੈ ਦੂਰ ਹੋ ਜਾਵੇਗੀ। ਹੁਕਮ ਬੁੱਝਣ ਨਾਲ ਹਉਂ ਟੁੱਟਦੀ ਹੈ, ਹਉਂ ਹੀ ਕੂੜ ਦੀ ਪਾਲਿ ਹੈ। ਸੋ ਹੁਕਮ ਦਾ ਪਛਾਣੂ ਪਾਲਿ ਟੁੱਟਣ ਤੇ ਬਿਸਮਾਦ ਵਿਚ ਅੱਪੜਦਾ ਹੈ:-

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ[4]॥ (ਸਿਧ ਗੋਸਟਿ-੨੩)

ਗੁਰਬਾਣੀ ਵਿਚ ਇਕ ਪਾਸੇ 'ਹੁਕਮ' ਦਾ ਜ਼ਿਕਰ ਹੈ ਦੂਜੇ ਪਾਸੇ 'ਕਰਮ' ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੋਹਾਂ ਦਾ ਸਮਾਧਾਨ ਗੁਰਬਾਣੀ ਤੋਂ ਐਉਂ ਕੁਛ ਖੁੱਲ੍ਹਦਾ ਹੈ:-

ਜੀਵ ਮਿਤ ਵਿਚ ਹਨ, ਹੁਕਮੀ ਅਮਿਤ ਹੈ। ਜੀਵ ਦੇਸ਼ ਕਾਲ ਵਸਤੂ ਨਾਲ ਬੱਝੇ ਹੋਏ ਹਨ, ਇਨ੍ਹਾਂ ਦਾ ਹੁਕਮ ਦੇਸ਼ ਕਾਲ ਵਾਲਾ ਹੈ। 'ਸਤਜ ਸਰੂਪ' ਦੇਸ਼ ਕਾਲ ਆਦਿ ਤੋਂ ਪਰੇ ਹੈ, ਉਸ ਦਾ ਹੁਕਮ ਬੀ ਪਰੇ ਹੈ। ਹੁਕਮ ਸਤਜ ਸਰੂਪ ਨਾਲ ਸਤਜ ਸਰੂਪ ਹੈ। ਯਥਾ:-

ਸਚੇ ਤੇਰੇ ਕਰਣੇ ਸਰਬ ਬੀਚਾਰ।....
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਵਾਰ ਆਸਾ ਮ: ੧-੨)

---

[1] ਜੈਸੇ ਕਿ ਤੀਸਰੀ ਪਾਤਸ਼ਾਹੀ ਨੇ ਫੁਰਮਾਇਆ ਹੈ:-
ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥ (ਵਾਰ ਰਾਮ: ਮ: ੩-੯)
[2] ਨਾਨਕ ਹੁਕਮੀ ਲਿਖੀਐ ਲੇਖੁ॥ (ਵਾਰ ਆਸਾ ਮ: ੧-੭)
ਪੁਨਾ:- ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥ (ਮਲਾਰ ਵਾਰ ਮ: ੧-੪)
ਪੁਨਾ:- ਹੁਕਮਿ ਚਲਾਏ ਅਪਣੈ ਕਰਮੀ ਵਹੈ ਕਲਾਮ॥ (ਸਾਰੰਗ ਵਾਰ ਮ: ੧-੯)
[3] ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥ (ਸਾਰੰਗ ਵਾਰ ਮ:੨-੧੬)
[4] ਜੀਅ=ਜੀਵ। ਸਚੁ=ਸਤਜ ਸਰੂਪ ਵਾਹਿਗੁਰੂ। ਜੁਗਤਿ=ਮਿਲਣੇ ਦੀ ਜਾਚ। ਤੁਕ ਦੇ ਅਰਥ ਪਿਛੇ ਆ ਚੁਕੇ ਹਨ; ਦੇਖੋ ਪੰਨਾ ੪੪।

ਪੁਨਾ:- **ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥** (ਵਾਰ ਮਾਝ ਮ: ੧-੧੩)

ਭਾਵੇਹ ਕਿ ਆਪ ਸਤਜ ਹੈ, ਹੁਕਮ ਬੀ ਸਤਜ ਹੈ। ਆਪ ਅਕੱਥ ਹੈ, ਹੁਕਮ ਬੀ ਅਕੱਥ ਹੈ। ਸੋ ਸਤਜ ਸਰੂਪ ਆਪ ਅਕੱਥ ਹੈ, ਇਸ ਕਰਕੇ ਉਸ ਦਾ ਹੁਕਮ ਬੀ ਕਹਿਆ ਨਹੀਂ ਜਾ ਸਕਦਾ। ਯਥਾ:-

ਹੁਕਮੁ ਨ ਜਾਪੀ ਕੇਤੜਾ.....॥ (ਸਾਰੰਗ: ਵਾਰ ਮ: ੧-੧੧)

ਪੁਨਾ:- **ਹੁਕਮੁ ਨ ਕਹਿਆ ਜਾਈ॥** (ਜਪੁਜੀ-੨)

ਜੀਵ ਸ਼੍ਰੇਣੀ ਦੇ ਹੁਕਮ ਨੂੰ ਸਤਜ ਸਰੂਪ ਦੇ ਹੁਕਮ ਦੀ ਤੁੱਲਤਾ ਦੇਕੇ ਇਹ ਆਖ ਦੇਣਾ ਕਿ ''ਪਰਮਾਤਮ ਦੇਵ ਵਿਚ ਜੇ 'ਹੁਕਮ' ਮੰਨੀਏ ਤਾਂ ਉਹ ਪਰਿਣਾਮੀ[1] ਹੋ ਜਾਏਗਾ'', ਠੀਕ ਨਹੀਂ। ਕਿਉਂਕਿ ਉਸ ਦਾ ਸਰੂਪ, ਉਸ ਦੀ ਚੇਤਨਾ, ਉਸਦਾ ਹੁਕਮ ਤੇ ਵੀਚਾਰ, ਜੋ ਕੁਛ ਭੀ ਕਹੋ, ਦੇਸ਼ ਕਾਲ ਤੋਂ ਪਰੇ ਹੈ, ਤੇ ਇਨਸਾਨੀ ਸਮਝ ਤੋਂ ਅਗੰਮ ਹੈ, ਤਾਂ ਤੇ 'ਇਨਸਾਨ ਦਾ ਹੁਕਮ' 'ਅਨੰਤ ਦੇ ਹੁਕਮ' ਦੀ ਸਦਰਸ਼ਤਾ ਨਹੀਂ ਰਖਦਾ, ਇਹ ਹੁਕਮ ਅੰਤ ਵਾਲਾ ਹੈ, ਉਹ ਹੁਕਮ ਅਨੰਤ ਹੈ। ਕਿਉਂਕਿ ਹੁਕਮ ਅਨੰਤ ਦੀ ਅਪਣੀ ਚੇਤਨਾ ਹੈ ਕੋਈ ਵੱਖਰੀ ਵਸਤੂ ਨਹੀਂ, ਤਾਂ ਤੇ ਉਹ ਅਪਣੇ ਹੁਕਮ ਨਾਲ ਪਰਿਣਾਮੀ ਨਹੀਂ ਹੁੰਦਾ।

ਹੁਕਮ ਨੂੰ ਇਸ ਤਰ੍ਹਾਂ ਅਕੱਥ ਦੱਸਕੇ ਇਸ ਪਉੜੀ ਵਿਚ ਫਿਰ ਉਸ ਹੁਕਮ ਦੇ ਕਰਤਵਜ ਦੱਸੇ ਹਨ, ਫੇਰ ਹੁਕਮ ਸਭ ਤੇ ਹਾਵੀ ਦੱਸਿਆ ਹੈ। ਗੁਰਬਾਣੀ ਵਿਚ ਜਗ੍ਹਾ ਜਗ੍ਹਾ 'ਹੁਕਮ' ਦਾ ਜ਼ਿਕਰ ਆਉਂਦਾ ਹੈ, ਪਰ ਨਾਲ ਹੀ 'ਕਰਮ' ਦਾ ਜ਼ਿਕਰ ਬੀ ਆਉਂਦਾ ਹੈ। ਉਂਵ ਸਰਸਰੀ ਨਜ਼ਰੇ ਜਾਪਦਾ ਹੈ ਜੇ 'ਹੁਕਮ' ਹੈ ਤਾਂ 'ਕਰਮ' ਨਹੀਂ, ਜੇ 'ਕਰਮ' ਹੈ ਤਾਂ 'ਹੁਕਮ' ਦਾ ਕਿਹੜਾ ਥਾਉਂ? ਪਰ ਗੁਰਬਾਣੀ ਦੇ ਪਰ ਅਪਰ ਬੀਚਾਰਕੇ ਤੱਕੀਏ ਤਾਂ ਗੁਰੂ ਜੀ ਨੇ 'ਹੁਕਮੀ' ਤੇ 'ਹੁਕਮ' ਦਾ ਧ੍ਰਵਾ ਬੰਨ੍ਹਕੇ ਫੇਰ 'ਕਰਮਾਂ' ਨੂੰ ਬੀ ਲਿਆ ਹੈ, ਯਥਾ:-

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਗਉ: ਮ: ੧-੧੮)

ਪੁਨਾ:- **ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥** (ਆਸਾ ਮ: ੧ ਪਟੀ-੨੧)

ਪਰ ਗੁਰੂ ਜੀ ਨੇ ਕਰਮ ਨੂੰ ਅਟੁੱਟ[2] ਨਹੀਂ ਮੰਨਿਆ। ਜੈਸਾ ਕਿ ਪੰਜਵੇਂ ਸਤਿਗੁਰਾਂ ਨੇ ਫੁਰਮਾਇਆ ਹੈ:

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ[3]॥ (ਸੂਹੀ ਮ: ੫-੫੩)

ਕਬੀਰ ਜੀ ਨੇ ਕਿਹਾ ਹੈ:-

ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ॥[4] (ਗੋਂਡ ਕਬੀਰ ਜੀ-੩)

ਅਰਥਾਤ ਕਰਮ ਜੀਵ ਦੇਹ ਧਾਰਕੇ ਕਰਦਾ ਹੈ। ਸੋ ਕਰਮਾਂ ਦਾ ਆਦਿ ਹੋ ਗਿਆ, ਜਿਸ ਦਾ ਆਦਿ ਹੈ, ਉਸ ਦਾ ਅੰਤ ਬੀ ਹੁੰਦਾ ਹੈ। ਇਉਂ ਕਰਮ ਮੰਨਿਆ, ਪਰ ਉਸਨੂੰ ਅਟੁੱਟ ਨਾ ਮੰਨਿਆ।

ਗੁਰੂ ਜੀ ਦੇ ਸਮੇਂ ਤੋਂ ਪਹਿਲੋਂ ਹਿੰਦ ਦੇ ਪੁਰਾਤਨ ਮੁੱਖ ਧਰਮਾਂ ਵਿਚ- ''ਕਰਮ ਅਟੁੱਟ ਹੈ, ਕਰਮ ਸਬਲ ਹੈ, ਕੀਤੇ ਦਾ ਫਲ ਕਰਮ ਦੀ ਲਪੇਟ ਆਪੇ ਦੇਂਦੀ ਹੈ, ਕਿਸੇ ਹੋਰ ਦੀ ਲੋੜ ਨਹੀਂ ਜੋ

---

[1] ਬਦਲਣ ਵਾਲਾ॥ ਇਕ ਰਸ ਨਾ ਰਹਿਣ ਵਾਲਾ, ਅੰਤ ਹੋ ਜਾਣ ਵਾਲਾ।

[2] Absolute.

[3] (ਦੱਸੋ ਭਾਈ) ਜਦੋਂ (ਸਰੀਰ ਕਿ ਸੰਸਾਰ) ਕੁਛ ਬੀ ਨਹੀਂ ਸੀ ਤਦੋਂ (ਜੀਵ) ਕੀਹ ਕਰਮ ਕਰਦਾ ਸੀ (ਭਾਵ ਕੁਛ ਨਹੀਂ ਸੀ ਕਰਦਾ ਫਿਰ) ਕਿਹੜੇ ਕਰਮਾਂ ਕਰਕੇ (ਸਰੀਰ) ਵਿਚ ਆਇਆ ਹੈ?

[4] ਤੁਸੀਂ ਜੀਵ ਨੂੰ ਕਰਮਾਂ ਨਾਲ ਬੱਧਾ ਦੱਸਦੇ ਹੋ, ਦੱਸੋ ਕਰਮਾਂ ਨੂੰ ਜਿੰਦ ਕਿਸ ਨੇ ਦਿੱਤੀ ਹੈ? ਭਾਵ ਕਰਮ ਵਿਚ ਸਤਜਾ ਜੀਵ ਨੂੰ ਬੰਨ੍ਹ ਲੈਣ ਦੀ ਤਦੋਂ ਆਈ ਜਦੋਂ ਇਸ ਨੇ ਕਰਮ ਕੀਤੇ, ਕਰਮ ਦੇਹ ਧਾਰਕੇ ਕੀਤੇ, ਤਾਂਤੇ ਕਰਮ ਦਾ ਮੁੱਢ ਬੱਝ ਗਿਆ। ਇਸ ਤੋਂ ਪਹਿਲੋਂ ਤਾਂ ਦੇਹ ਵਿਚ ਸਾਈਂ ਹੁਕਮ ਨਾਲ ਆਇਆ ਹੈ, ਕਰਮ ਨਾਲ ਨਹੀਂ ਆਇਆ।

ਐਉਂ ਬੀ ਅਰਥ ਕਰਦੇ ਹਨ:- ਕਰਮਾਂ ਦੇ ਸਪੁਰਦ ਜੀਵ ਨੂੰ ਕਿਸ ਨੇ ਕੀਤਾ? ਭਾਵ ਈਸ਼੍ਵਰ ਨੇ ਜੀਵ ਰਚਕੇ ਕਰਮਾਂ ਦੇ ਵੱਸ ਪਾਇਆ। ਭਾਵ ਇਕੋ ਹੋਇਆ ਕਿ ਕਰਮ ਦੇਹ ਧਾਰਕੇ ਸ਼ੁਰੂ ਹੋਏ।

ਕਰਮ ਨੂੰ ਜਾਚੇ ਤੋਲੇ ਤੇ ਫਲ ਦੇਵੇ, ਯਾ ਕਰਮ ਦੀ ਸਬਲਤਾ ਵਧਾਵੇ ਘਟਾਵੇ, ਕਿਨ੍ਹਾਂ ਹਾਲਤਾਂ ਵਿਚ ਕਰਮ ਹੋਏ ਹਨ ਇਨ੍ਹਾਂ ਦੀ ਵੀਚਾਰ ਕਰੇ। ਨੀਯਤ ਤੇ ਕਰਮ ਦਾ ਕਿੰਨਾ ਕੁ ਪਰਸਪਰ ਅਸਰ ਹੈ। ਕੋਈ ਥਾਂ ਬਖਸ਼ਿਸ਼ ਦੀ ਬੀ ਹੈ ਕਿ ਨਹੀਂ?'' ਇਹ ਸਾਰਾ ਇਨਸਾਫ ਨੂੰ ਇਨਸਾਫ ਰਖਣ ਵਾਲਾ ਪਹਿਲੂ ਤੇ ਨਾਲ ਹੀ ਬਖਸ਼ਿਸ਼ ਦਾ ਪਹਿਲੂ ਕਰਮ ਦੇ ਫਿਲਸਫੇ ਵਿਚੋਂ ਲਗ ਪਗ ਉਡ ਚੁਕੇ ਸਨ। ਕਰਮ ਅਟੁੱਟ ਮੰਨਿਆ ਜਾਂਦਾ ਸੀ।

ਗੁਰੂ ਜੀ ਨੇ 'ਹੁਕਮ' ਤੇ 'ਹੁਕਮੀ' ਦਾ ਪਹਿਲੂ ਨਿਰੂਪਣ ਕਰਕੇ ਦੱਸਿਆ ਕਿ 'ਕਰਮ' ਫਲ ਦੇਂਦਾ ਹੈ, ਪਰ ਸਿਰ ਤੇ ਫਲ ਪ੍ਰਦਾਤਾ ਹੈ, ਜੋ ਆਪਣੀ ਅੰਤਰਯਾਮਤਾ ਵਿਚ ਕਰਮ ਨੂੰ ਤੋਲਦਾ, ਜਾਚਦਾ, ਪੜਤਾਲਦਾ, ਛਾਣਦਾ ਪੁਣਦਾ ਹੈ? ਤੇ ਆਪਣੇ ਹੁਕਮ ਨਾਲ ਫਲ ਦੇਂਦਾ ਹੈ:-

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਸਾਰੰਗ: ਵਾਰ: ਮ: ੧-੯)

ਕਰਮਾਂ ਅਨੁਸਾਰ ਕਲਮ ਵਹਿੰਦੀ, ਹੈ, ਪਰ ਹੁਕਮ ਉਸ ਨੂੰ ਟੋਰਦਾ ਹੈ। ਇਸ ਲਈ ਆਪ ਨੇ ਫੁਰਮਾਇਆ ਕਿ ਕਰਮ ਅਟੁੱਟ ਤੇ ਅਮਿੱਟ ਨਹੀਂ, ਪਰ ਕੀਤੇ ਕਰਮਾਂ ਅਨੁਸਾਰ ਹੁਕਮੀ ਦੇ ਲਿਖੇ ਲੇਖ ਅਮਿਟ ਹਨ। ਯਥਾ:- **ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** (ਰਾਮ: ਮ: ੧, ਦਖ: ਓਅੰ:-੫੨)

ਜੀਵ ਦੇ ਆਪਣੇ ਕਰਮਾਂ ਵਿਚ ਨਿਰਾ ਹੁਕਮ ਹੀ ਚਲ ਰਿਹਾ ਮੰਨਿਆ ਜਾਏ ਤਾਂ ਜੀਵ ਦੀ ਇਖ਼ਲਾਕੀ ਜ਼ਿਮੇਂਵਾਰੀ ਕੋਈ ਨਹੀਂ ਰਹਿੰਦੀ। ਪਰ ਹਰ ਜੀਵ ਦੇ ਅੰਦਰ ਇਖ਼ਲਾਕੀ ਨੁਕਤਾ ਮੌਜੂਦ ਹੈ ਜੋ ਦਲੀਲ ਹੈ ਇਨਸਾਨ ਦੀ ਇਖ਼ਲਾਕੀ ਜ਼ਿੰਮੇਵਾਰੀ ਦੀ। ਫਿਰ ਜੀਵ ਵਿਚ ਬੁੱਧੀ ਹੈ, ਚੋਣ ਦੀ ਸੁਤੰਤ੍ਰਤਾ ਹੈ। ਚੋਣ ਦੀ ਸੁਤੰਤ੍ਰਤਾ ਬੀ ਜ਼ਿਮੇਵਾਰੀ ਦੀ ਦਲੀਲ ਹੈ। ਜੇ ਨਿਰਾ ਕਰਮ ਮੰਨੀਏ ਤੇ ਉਸ ਨੂੰ ਸੁਤੰਤ੍ਰ ਫਲ ਪ੍ਰਦਾਤਾ ਮੰਨੀਏ ਤਾਂ ਕਰਤਾਪੁਰਖ ਦੀ ਹੋਂਦ ਤੋਂ ਮਨ ਉਟਕ ਜਾਂਦਾ ਹੈ ਤੇ ਫਲ ਹੁੰਦਾ ਹੈ ਨਿਰਾਸਤਾ। ਫਿਰ ਕਰਮ ਦੇਹ ਧਾਰਕੇ ਕੀਤੇ, ਓਹ ਅਟੁੱਟ ਹੋ ਨਹੀਂ ਸਕਦੇ। ਨਿਰੇ ਕਰਮ ਦੀ ਮਸਲਾਬਾਜ਼ੀ ਨਿਰਾਸਤਾ ਵਿਚ ਲੈ ਗਈ, ਤੇ ਨਿਤਾਣਿਆਂ ਕਰ ਗਈ। ਇਨਸਾਨ ਦੀ ਤਬੀਅਤ ਭੁੱਲਣਹਾਰ ਹੈ, ਕਰਮ ਸਾਰੇ ਸ਼ੁੱਧ ਨਹੀਂ ਹੋ ਸਕਦੇ। ਇਕ ਵਾਰੀ ਜੋ ਟਿੰਡਾਂ ਦਾ ਗੇੜ ਚਲਿਆ ਅਮੁੱਕ ਹੋ ਗਿਆ। ਇਉਂ ਬੇਵਸੀ ਲਖਕੇ ਦਿਲ ਵਿਚ ਨਿਰਾਸਤਾ ਆਈ ਤੇ ਨਿਰਾਸਤਾ ਤੋਂ ਨਿਤਾਣਪੁਣਾ।

ਜਦ ਗੁਰੂ ਜੀ ਨੇ ਹੁਕਮੀ ਦੀ ਪੂਜਾ ਸਿਖਾਈ ਤੇ 'ਕਰਮ' ਦੇ ਸਿਰ 'ਹੁਕਮੀ' ਦੀ ਵੀਚਾਰ ਦੀ ਕਸਵਟੀ ਤੇ ਉਸ ਦੀ ਸਬਲਤਾ ਦਾ ਜ਼ੋਰ ਕਰਮ ਨੂੰ ਕੱਟ ਸਕਣ ਦਾ ਦੱਸਿਆ ਤਾਂ ਮਨ ਨਿਰਾਸਾ ਵਿਚੋਂ ਨਿਕਲ ਗਏ ਤੇ ਚੜ੍ਹਦੀਆਂ ਕਲਾਂ ਵਿਚ ਚਲੇ ਗਏ। ਯਥਾ:-

ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥ (ਗੂਜਰੀ ਵਾਰ ਮ: ੫-੧੮)

ਨਿਰਾਸਾ ਭਰੀ ਕਰਮ ਦੀ ਟੇਕ ਤੋਂ ਉਠਕੇ ਆਸਾ ਭਰੀ ਟੇਕ ਹੁਕਮੀ ਤੇ ਚਲੀ ਗਈ, ਆਸਾ ਬੱਝਣ ਨਾਲ ਮਨ ਤੇ ਸਰੀਰ ਵਿਚ ਬਲ ਭਰ ਗਿਆ, ਪ੍ਰਤੱਖ ਫਲ ਗੁਰੂ ਕੇ ਸਿਖਾਂ ਦੇ ਉੱਦਮੀ ਜੀਵਨਾਂ ਵਿਚ ਤੇ ਅਮਲੀ ਕਾਰਨਾਮਿਆਂ ਵਿਚ ਜਗਤ ਨੇ ਦੇਖ ਲਿਆ।

ਇਹ ਵੀਚਾਰ ਠੀਕ ਨਹੀਂ ਕਿ 'ਜੇ ਰੱਬ ਨਿਆਇਕਾਰੀ ਹੈ ਤਾਂ ਰਹਿਮ ਨਹੀਂ ਕਰ ਸਕਦਾ'। ਇਹ ਕਹਿਣ ਵੇਲੇ ਅਸੀਂ ਆਪਣੇ ਪਰਿਣਾਮੀ ਰਹਿਮ ਤੇ ਅਦਲ ਦੀ ਸੋਚਦੇ ਹਾਂ, ਅਮਿੱਤ ਤੇ ਸਬਲ ਦੇ ਰਹਿਮ ਤੇ ਨਿਆਂ ਨੂੰ ਤੇ ਉਸ ਦੀ ਅਨੰਤ ਵੀਚਾਰ ਧਾਰਾ ਨੂੰ ਅਸੀਂ ਆਪਣੀ ਸੋਚ ਵਿਚ ਨਹੀਂ ਲਿਆਉਂਦੇ। ਅਨੰਤ ਤੇ ਅਸੀਮਾ ਤੇ ਸਰਬ ਸ਼ਕਤੀਮਾਨ ਨੂੰ ਆਪਣੇ ਕਿਆਸਾਂ ਨਾਲ ਅੰਤ ਤੇ ਸੀਮਾਂ ਵਿਚ ਲਿਆਕੇ ਉਸ ਦੀ ਸ਼ਕਤੀ ਨੂੰ ਬੰਨ੍ਹ ਦੇਂਦੇ ਹਾਂ। ਫਿਰ ਅਸੀਂ ਆਪਣੇ ਅਦਲ ਤੇ ਇਨਸਾਫ ਨੂੰ ਬੀ ਭੁੱਲ ਜਾਂਦੇ ਹਾਂ। ਵਡੀ ਤੋਂ ਵਡੀ ਅਦਾਲਤ ਦੇ ਸਿਰ ਤੇ ਰਾਜ ਦੇ ਪ੍ਰਧਾਨ ਪੁਰਖ (ਰਾਜਾ ਆਦਿ) ਨੂੰ ਰਹਿਮ ਕਰਨ ਦਾ ਵਸੀਕਾਰ ਹੈ, ਜੋ ਹਾਈਕੋਰਟਾਂ ਦੇ ਦੰਡਿਆਂ ਨੂੰ ਬੀ ਬਖਸ਼ ਸਕਦਾ ਹੈ। ਸਰਬ ਸ਼ਕਤੀਮਾਨ ਦੀ ਸਰਬ ਸ਼ਕਤੀਮਾਨਤਾ ਕੀ ਹੋਈ ਜੇ ਉਹ ਅਪਣੇ ਅਨੰਤ ਰਹਿਮ ਵਿਚ ਬਖਸ਼ਿਸ਼

ਨਹੀਂ ਕਰ ਸਕਦਾ? ਫੇਰ ਓਸ ਉੱਤੇ, ਅਸੀਂ ਹਦਬੰਦੀ ਵਾਲੇ, ਹੱਦ ਲਾਉਂਦੇ ਹਾਂ ਕਿ ਓਹ ਨਹੀਂ ਜੇ ਬਖਸ਼ ਸਕਦਾ। ਗੁਰੂ ਜੀ ਨੇ ਫੁਰਮਾਇਆ ਹੈ:-

ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥

(ਆਸਾ ਮ: ੧-੩੨)

ਪੁਨਾ:- **ਅਸੰਖ ਖਤੇ ਖਿਨ ਬਖਸਨਹਾਰਾ॥ ਨਾਨਕ ਸਾਹਿਬ ਸਦਾ ਦਇਆਰਾ॥**

(ਗਉ: ਬਾ: ਅਖ: ਮ: ੫-੪੯)

ਸਰਬ ਗਿਆਤਾ ਹੋਣ ਕਰਕੇ ਉਸ ਦਾ 'ਨਿਆਂ' ਉਸ ਦੀ ਅਨੰਤ ਵੀਚਾਰ ਧਾਰਾ ਦੇ ਤੱਕੜ ਤੇ ਤੁਲਕੇ ਤਾਰੇਗਾ। ਸਰਬ ਸ਼ਕਤੀਮਾਨ ਹੋਣ ਕਰਕੇ ਉਸ ਦਾ ਬਖਸ਼ਿੰਦ ਪਹਿਲੂ ਬੀ ਅਪਣਾ ਕੰਮ ਕਰਦਾ ਰਹੇਗਾ। ਦੋਹਾਂ ਨਾਲ ਨਿਰਾਸਾ ਦਿਲ ਨੂੰ ਨੱਪੇਗੀ ਨਹੀਂ। ਆਸਾ ਕਾਇਮ ਰਹੇਗੀ, ਤੇ ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰੱਖੇਗੀ। ਸ਼ੁਭ ਕਰਮਾਂ ਦਾ ਉੱਦਮ ਭੀ ਭਰੇਗੀ। 'ਸਿਫਤ ਸਲਾਹ' ਦੀ ਟੇਕ ਅੰਦਰ ਬੱਝੇਗੀ। ਨਾਮ ਦੀ ਵਿਖੇਪ ਦੂਰ ਕਰਨੇ ਵਾਲੀ ਤਾਸੀਰ ਤੇ ਪਿਆਰ ਤਾਸੀਰ ਹੁਕਮੀ ਵਿਚ ਟਿਕਾ ਦੇਵੇਗੀ। ਹੁਕਮ ਬੁੱਝਣ ਦਾ ਵਸੀਲਾ ਬੀ ਨਾਮ ਸੀ, ਕਰਮ ਤੋਂ ਉੱਚਾ ਉੱਠਣ ਦਾ ਵਸੀਲਾ ਬੀ ਨਾਮ ਹੈ। ਜੋ ਆਪ ਨੇ ਸਾਫ ਦੱਸ ਦਿੱਤਾ ਹੈ ਕਿ:-

ਕਰਮ ਧਰਮ ਪ੍ਰਭਿ ਮੇਰੈ ਕੀਏ॥ ਨਾਮੁ ਵਡਾਈ ਸਿਰਿ ਕਰਮਾਂ ਕੀਏ॥ (ਪ੍ਰਭਾਤੀ ਮ: ੧ ਅਸਟ:-੭)

ਨਾਮ ਨੇ ਕਰਮਾਂ ਉੱਪਰ ਹੋਕੇ ਕਰਮ ਨੂੰ ਕੱਟਣ ਦੀ ਜਾਚ ਦੱਸ ਦਿਤੀ। ਫਿਰ ਨਾਮ ਵਾਲਾ ਨਾਮੀ ਤੇ ਟੇਕ ਧਾਰਦਾ ਬਖਸ਼ਿਸ਼ ਦਾ ਉਮੈਦਵਾਰ ਹੋ ਜਾਂਦਾ ਹੈ:-

ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ॥ (ਮਾਰੂ ਮ: ੧ ਅਸਟ:-੪)

ਐਉਂ ਬਖਸ਼ਿਸ਼ ਦੇ ਤਕੀਏ ਲਗਕੇ ਚੜ੍ਹਦੀਆਂ ਕਲਾਂ ਆਉਂਦੀਆਂ ਹਨ। ਇਸ ਤਰ੍ਹਾਂ ਹੁਕਮ ਸਮਝਣ ਨਾਲ ਜੀਵਨ ਸੁਖੀ ਹੋ ਜਾਂਦਾ ਹੈ ਤੇ ਪ੍ਰਲੋਕ ਬੀ ਸੰਵਰ ਜਾਂਦਾ ਹੈ:

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ॥ (ਗੂਜਰੀ ਵਾਰ ਮ: ੫-੧੦)

ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥ (ਗੂਜਰੀ ਵਾਰ ਮ: ੫-੨੦)

ਨਿਰੁਕ੍ਤ- ਹੁਕਮ=(ਅਰਬੀ, ਹੁਕਮ) ਆਗਜਾ। ੨. ਆਪਣੀ ਮਰਜ਼ੀ ਜੋ ਦੂਸਰੇ ਨੂੰ ਮਨਾਈ ਜਾਵੇ। ੩. ਉਹ ਮਰਜ਼ੀ ਜੋ ਅਕਾਲ ਪੁਰਖ ਵਿਚ ਨਿਵਾਸ ਰਖਦੀ ਹੈ, ਜੋ ਉਸ ਦੇ ਦੇਸ਼ ਕਾਲ ਰਹਿਤ ਸਰੂਪ ਵਾਂਙੂ ਦੇਸ਼ ਕਾਲ ਰਹਿਤ ਹੈ। ਸਾਡੀ ਮਰਜ਼ੀ, ਜੋ ਦੇਸ਼ ਕਾਲ ਵਾਲੇ ਹਾਂ, ਦੇਸ਼ ਕਾਲ ਵਾਲੀ ਹੈ, ਪਰ ਉਸ ਦੀ ਦੇਸ਼ ਕਾਲ ਰਹਿਤ ਦੀ ਅਦੇਸ਼ ਅਕਾਲਕ ਚੇਤਨ ਸਤਜਾ ਵਿਚ, ਜੋ ਓਥੋਂ ਦੀ ਆਪਣੀ ਇਛਾ ਹੈ, ਉਸ ਨੂੰ 'ਹੁਕਮ' ਕਿਹਾ ਹੈ। ਇਹ ਹੁਕਮ ਉਸ ਦੇ ਸਰੂਪ ਵਾਂਙੂ ਅਕਹਿ ਆਖਿਆ ਹੈ, ਯਥਾ:-'ਹੁਕਮੁ ਨ ਕਹਿਆ ਜਾਈ'। ਇਹ ਹੁਕਮ ਪਾਰਬ੍ਰਹਮ ਦੀ ਚੇਤਨ ਸੱਤਾ ਦਾ ਉਹ ਰੰਗ ਹੈ ਜਿਸ ਤੋਂ ਜਗਤ ਦੀ ਉਤਪਤੀ, ਪਾਲਣਾ ਆਦਿ ਹੁੰਦੀ ਹੈ:- 'ਹੁਕਮੀ ਹੋਵਨਿ ਆਕਾਰ'। ਇਹ ਹੁਕਮ ਉਸ ਦੀ ਇਛਾ, ਕਾਨੂੰਨ, ਸ਼ਬਦ-ਕਈ ਪਦਾਂ ਨਾਲ ਟੀਕਾ ਹੋ ਸਕਦਾ ਹੈ; ਪਰ ਇਹ ਜੋ ਕੁਛ ਹੈ ਸਾਡੇ ਦੇਸ਼ ਕਾਲ ਵਾਲੀ ਇਛਾ, ਕਾਨੂੰਨ, ਸ਼ਬਦ, ਹੁਕਮ ਨਾਲ ਸਦਰਸ਼ਤਾ ਨਹੀਂ ਰਖਦਾ। ਇਸ ਲਈ ਇਹ ਵਿਕਾਰ ਨਹੀਂ।

ਆਕਾਰ=(ਸੰਸ:, ਆਕਾਰ) ਪਸ਼ੂ ਅਰ ਮਨੁੱਖ ਤੇ ਪਦਾਰਥਾਂ ਆਦਿ ਦੀਆਂ ਦੇਹਾਂ, ਸੂਰਤਾਂ। ਸਰੂਪ। ਵਜੂਦ।

ਜੀਅ=(ਸੰਸ: ਜੀਵ। ਪੰ:, ਜੀਅ, ਜੀ) ਜਾਨਦਾਰ, ਜਾਨ ਵਾਲਾ, ਜੀਵ।

ਬਖਸੀਸ=(ਫ਼ਾ, ਬਖ਼ਸ਼ਿਸ਼। ਪੰ:, ਬਖਸੀਸ) ਦਾਤ।

ਹਉਮੈ=ਮੈਂਪਨੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ। 'ਮੈਂ' ਜਦ 'ਮੈਂ ਨਹੀਂ' ਵੱਲ

ਜਾਂਦੀ ਹੈ ਤਾਂ ਆਪਾ ਨਿਵਾਰਦੀ ਹੈ। 'ਮੈਂ' ਜਦ 'ਹਉਂ' ਵੱਲ ਝੁਕਦੀ 'ਹਉ' ਵਿਚ ਦ੍ਰਿੜ ਹੋ ਜਾਂਦੀ ਹੈ ਤਦ ਆਪਾ ਦ੍ਰਿੜ ਕਰਦੀ ਹੈ, ਇਸ ਭਾਵ ਤੋਂ ਮੋਹ ਮਾਇਆ ਵਿਚ ਫਸਦੀ ਹੈ, ਇਹ 'ਹਉਮੈ' ਹੈ, ਅਹੰਕਾਰ, ਅਭਿਮਾਨ, ਜੋ ਸਤਿਗੁਰਾਂ ਨੇ ਦੀਰਘ ਰੋਗ ਗਿਣਿਆ ਹੈ। ਯਥਾ:-**ਹਉਮੈ ਦੀਰਘ ਰੋਗੁ ਹੈ**।

(ਵਾਰ ਆਸਾ ਮ: ੨-੭)

(ਪਉੜੀ ੩)

ਪ੍ਰਾਕ੍ਥਨ- 'ਜਿਸ ਦੇ ਹੁਕਮ ਦਾ ਵਰਣਨ ਕਰ ਰਹੇ ਹੋ, ਉਸ ਹੁਕਮ ਦੇ ਹੁਕਮੀ ਦਾ ਪਤਾ ਦਿਓ'? ਇਹ ਪ੍ਰਸ਼ਨ ਹੁੰਦਾ ਹੈ। ਉਤਰ ਦੇਂਦੇ ਹਨ ਕਿ ਉਸ ਨੂੰ ਸਾਰਾ ਵਰਣਨ ਕਰ ਸਕਣਾ ਕਠਨ ਹੈ ਤੇ ਕਿਸੇ ਤੋਂ ਹੋ ਨਹੀਂ ਸਕਿਆ, ਪਰ ਜਿਵੇਂ ਜਿਵੇਂ ਆਪਣੇ ਆਪਣੇ ਧ੍ਰਵੇ ਤੋਂ ਵਰਣਨ ਕੀਤਾ ਜਾਂਦਾ ਹੈ ਸੰਖੇਪ ਵਿਚ ਐਉਂ ਹੈ:

ਮੂਲ	ਅਰਥ
ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ। ਗਾਵੈ ਕੋ ਦਾਤਿ ਜਾਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥ ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥	ਕੋਈ ਜਿਸ ਨੂੰ ਕਿ (ਜਨਮ ਤੋਂ ਯਾ ਇਥੇ ਅਭ੍ਯਾਸ ਸਤਿਸੰਗ ਤੋਂ ਕੋਈ ਸ਼ੁਭ) ਬਲ (ਕਥਨ ਕਰਨੇ ਦਾ) ਹੋ ਆਇਆ ਹੈ (ਉਹ) ਕੋਈ (ਉਸ ਦੇ) ਬਲ ਨੂੰ ਗਾਉਂਦਾ ਹੈ। ਕੋਈ (ਉਸ ਦੀ) ਦਾਤ ਨੂੰ ਗਾਉਂ ਰਿਹਾ (ਤੇ ਇਸ ਨੂੰ ਉਸ ਦੀ) ਨਿਸ਼ਾਨੀ ਸਮਝ ਰਿਹਾ ਹੈ[1]। ਕੋਈ (ਓਸ ਦੇ) ਗੁਣਾਂ ਤੇ ਵਡਿਆਈਆਂ ਦੀਆਂ ਸੁੰਦਰਤਾਈਆਂ ਨੂੰ ਗਾਉਂ ਰਿਹਾ ਹੈ। (ਇਸ ਤਰ੍ਹਾਂ) ਕੋਈ (ਉਸ ਨੂੰ ਸਮ ਵੀਚਾਰ ਨਾਲ ਤੇ ਕੋਈ ਉਸ ਨੂੰ ਉਸ) ਵਿਦ੍ਯਾ ਦੁਆਰਾ ਗਾਉਂ ਰਿਹਾ ਹੈ (ਜਿਸ ਦਾ) ਵੀਚਾਰ ਵਿਖਮ ਹੈ। ਕੋਈ (ਉਸ ਨੂੰ) ਸਰੀਰ ਸਾਜਕੇ ਖੇਹ ਕਰ ਦੇਣ ਵਾਲਾ (ਦੱਸਕੇ) ਗਾਉਂ ਰਿਹਾ ਹੈ। ਕੋਈ (ਉਸ ਨੂੰ) ਜੀਵ ਲੈਕੇ ਫੇਰ (ਦੇਹ ਵਿਚ) ਦੇਣ ਵਾਲਾ (=ਕਰਤਾਰ ਮੰਨਕੇ) ਗਾਉਂ ਰਿਹਾ ਹੈ।
ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥	ਕੋਈ (ਉਸ ਨੂੰ ਇਉਂ ਦੱਸਕੇ) ਗਾਉਂ ਰਿਹਾ ਹੈ (ਕਿ ਓਹ) ਜਾਪਦਾ ਹੈ (=ਜਾਣਿਆਂ ਜਾਂਦਾ ਹੈ, ਪਰ ਪ੍ਰਾਪਤੀ ਉਸ ਦੀ) ਦੂਰ ਦਿੱਸਦੀ ਹੈ (ਅਰਥਾਤ ਕੁਦਰਤ ਵਿਚ ਵਿਉਂਤ ਹਿਸਾਬ ਤੇ ਤਰਤੀਬ ਆਦਿ ਤੋਂ ਜਾਪ ਤਾਂ ਜਾਂਦਾ ਹੈ, ਪਰ ਯੋਗ ਆਦਿ ਕਠਨ ਸਾਧਨਾਂ ਨਾਲ ਦਿੱਸਦਾ ਅਰਥਾਤ ਪ੍ਰਾਪਤ ਹੁੰਦਾ ਹੈ) ਕੋਈ (ਉਸ ਨੂੰ) ਹਾਜ਼ਰਾ ਹਜ਼ੂਰ ਵੇਖਕੇ ਗਾਉਂ ਰਿਹਾ ਹੈ। (ਭਾਵ ਪਰਾ ਭਗਤੀ ਯਾ ਭਗਤੀ ਗ੍ਯਾਨ ਨਾਲ ਅਨੁਭਵ ਕਰਕੇ ਅਪ੍ਰੋਖ੍ਯ ਦੇਖ ਰਿਹਾ ਹੈ। ਇਸ ਪ੍ਰਕਾਰ ਦੇ)
ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥	ਕਥੇ ਗਏ ਕਥਨਾਂ ਦਾ ਅੰਤ ਨਹੀਂ ਪਾਇਆ ਜਾਂਦਾ (ਭਾਵੇਂ) ਕ੍ਰੋੜਾਂ (ਕਥਨਹਾਰਿਆਂ) ਨੇ ਕ੍ਰੋੜਾਂ ਕਥਨੀਆਂ ਕ੍ਰੋੜਾਂ ਵਾਰ ਕਹੀਆਂ। (ਪਰ) ਦੇਣਦਾਰ ਦੇਂਦਾ ਹੀ ਦੇਂਦਾ ਹੈ, ਲੈਣਹਾਰੇ ਥੱਕ ਜਾਂਦੇ ਹਨ (ਭਾਵ ਲੈਂਦੇ ਲੈਂਦੇ ਉਨ੍ਹਾਂ ਦੇ ਸਰੀਰ ਅੰਤ ਹੋ ਜਾਂਦੇ ਹਨ, ਪਰ ਦਾਤ ਫੇਰ ਨਹੀਂ ਮੁੱਕਦੀ, ਮੁੜ ਜਨਮ ਧਾਰਕੇ ਓਹ ਲੈਣਹਾਰੇ ਫੇਰ ਲੈਂਦੇ ਹਨ ਇਉਂ) ਜੁਗਾਂ ਜੁਗਾਂਤਰਾਂ ਤੋਂ ਭੋਗਦੇ ਚਲੇ ਆ ਰਹੇ ਹਨ। (ਇਹ ਸਾਰੀ) ਮ੍ਰਿਯਾਦਾ ਹੁਕਮੀ ਦਾ ਹੁਕਮ ਚਲਾ ਰਿਹਾ ਹੈ, (ਪਰ ਇਸ ਹੁਕਮ ਦੇ ਸੰਚਾਲਨ

[1]ਭਾਵ ਦਾਤਾਰਗੀ ਤੋਂ ਸੁਖੀ ਹੋਕੇ ਉਸ ਦੇ ਗੁਣ ਗਾ ਰਿਹਾ ਹੈ।

ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥	ਨਾਲ ਓਹ ਹੁਕਮੀ ਕਿਸੇ ਲਿਪਾਇਮਾਨਤਾ, ਯਾ ਕਿਸੇ ਸੋਚ ਫਿਕਰ ਵਿਚ ਗ੍ਰਸਿਆ ਨਹੀਂ ਜਾਂਦਾ, ਉਹ ਸਦਾ (ਵੇਪਰਵਾਹ=) ਨਿਰਲੇਪ ਤੇ ਅਨੰਦ ਰਹਿੰਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੩॥

ਵਯਾਖਯਾ- ਦੂਜੀ ਪਉੜੀ ਵਿਚ ਜੋ ਹੁਕਮ ਦਾ ਜ਼ਿਕਰ ਆਇਆ ਹੈ ਉਸ ਤੋਂ ਖਿਆਲ ਹੋ ਸਕਦਾ ਹੈ ਕਿ ਹੁਕਮ ਕੋਈ ਬਿਜਲੀ ਯਾ ਗਰਮੀ ਵਾਂਙੂ ਸ਼ਕਤੀ ਮਾਤ੍ਰ ਹੈ, ਯਾ ਕਰਮ ਵਾਂਙੂ ਕੋਈ ਸਬਲਤਾ ਹੈ, ਯਾ ਆਪੇ ਟੁਰ ਰਿਹਾ ਕੋਈ ਕਾਨੂੰਨੇ ਕੁਦਰਤ ਹੈ, ਜੋ ਆਪੇ ਸੁਤੰਤਰ ਆਪਣਾ ਕਾਰਜ ਕਰ ਰਿਹਾ ਹੈ। ਇਹ ਸੰਸਾ ਨਾ ਪਵੇ, ਇਸ ਲਈ ਗੁਰੂ ਜੀ ਇਸ ਤੀਸਰੀ ਪਉੜੀ ਦੇ ਅੰਤ ਵਿਚ ਹੁਕਮ ਦੇ ਸੁਆਮੀ ਦਾ, ਜਿਸ ਤੋਂ ਹੁਕਮ ਟੁਰਦਾ ਹੈ, ਪਤਾ ਦੇਂਦੇ ਤੇ ਉਸ ਨੂੰ 'ਹੁਕਮੀ' ਦੱਸਦੇ ਹਨ। ਚਾਹੋ ਪਹਿਲੀ ਪਉੜੀ ਵਿਚ ਉਸ ਨੂੰ 'ਰਜਾਈ' ਕਹਿ ਆਏ ਹਨ, ਪਰ ਹੁਣ 'ਹੁਕਮੀ' ਕਹਿਕੇ ਮੂਲੋਂ ਨਿਰਸੰਸੇ ਕਰਦੇ ਹਨ। 'ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥' ਵਿਚ ਦੱਸਦੇ ਹਨ ਕਿ ਹੁਕਮੀ ਜਗਤ ਪ੍ਰਬੰਧ ਦੀ ਸਾਰੀ ਮਿਰਯਾਦਾ ਆਪ ਚਲਾ ਰਿਹਾ ਹੈ। ਜਿਸ ਅਪਣੇ ਵੀਚਾਰ ਦੁਆਰਾ ਇਹ ਕੰਮ ਕਰ ਰਿਹਾ ਹੈ ਉਸ ਦਾ ਨਾਉ 'ਹੁਕਮ' ਹੈ, ਪਰ ਇਸ ਹੁਕਮ ਨਾਲ ਉਹ ਹੁਕਮੀ ਕਿਸੇ ਪ੍ਰਵਾਹ ਅਰਥਾਤ ਲਿਪਾਇਮਾਨਤਾ ਵਿਚ ਨਹੀਂ ਆਉਂਦਾ, ਨਾ ਹੀ ਉਸ ਦਾ 'ਆਨੰਦ ਸਰੂਪ' ਕਿਸੇ ਵਟਾਉ ਵਿਚ ਜਾਂਦਾ ਹੈ, ਉਹ ਅਲੇਪ ਤੇ 'ਆਨੰਦ' ਹੀ ਵਰਤਦਾ ਹੈ। ਭਾਵ ਇਹ ਕਿ ਹੁਕਮ ਉਸ ਦੀ ਕੋਈ ਐਸੀ ਖੇਲ ਹੈ ਜੋ ਜਗਤ ਮਿਰਯਾਦਾ ਟੋਰ ਰਿਹਾ ਹੈ ਤੇ ਜਿਸ ਨਾਲ ਉਹ ਆਪ ਪਰਿਣਾਮੀ ਨਹੀਂ ਹੁੰਦਾ।

ਦੂਸਰੀ ਪਉੜੀ ਵਿਚ ਹੀ ਆਪ ਨੇ ਫੁਰਮਾਇਆ ਸੀ 'ਹੁਕਮੁ ਨ ਕਹਿਆ ਜਾਈ॥' ਇਸ ਪਉੜੀ ਵਿਚ ਜਦ ਕਿਹਾ ਹੁਕਮ ਦਾ ਹੁਕਮੀ ਹੈ ਤੇ ਓਹ ਹੁਕਮ ਨਾਲ ਕਾਰ ਚਲਾ ਰਿਹਾ ਹੈ ਤਾਂ ਸੁਤੇ ਪ੍ਰਸ਼ਨ ਹੁੰਦਾ ਹੈ ਕਿ ਆਪ ਨੇ 'ਹੁਕਮ ਕਿਹਾ ਨਹੀਂ ਜਾਂਦਾ' ਆਖਿਆ ਸੀ, ਇਸ ਤੋਂ ਸਪਸ਼ਟ ਹੈ ਕਿ ਹੁਕਮੀ ਬੀ ਨਹੀਂ ਕਿਹਾ ਜਾ ਸਕਦਾ, ਪਰ ਅਸੀਂ ਦੇਖਦੇ ਹਾਂ ਕਿ 'ਹੁਕਮੀ' ਦਾ ਯਸ਼ ਗਾਇਨ, ਕਥਨ ਜਗਤ ਵਿਚ ਹੋ ਰਿਹਾ ਹੈ ਫਿਰ ਹੁਕਮ ਦਾ ਕਥਨ ਕਿਉਂ ਨਹੀਂ ਹੋ ਸਕਦਾ? ਇਸ ਲਈ ਆਪ ਫੁਰਮਾਉਂਦੇ ਹਨ: ਕਿ ਠੀਕ ਹੈ ਕਿ ਹੁਕਮੀ ਦਾ ਗੁਣ ਗਾਇਨ ਤੇ ਕਥਨ ਹੋ ਰਿਹਾ ਹੈ, ਪਰ ਓਹ ਕਿਸੇ ਕਿਸੇ ਗੁਣ ਨੂੰ ਲੈਕੇ ਕਥਨਹਾਰਿਆਂ ਦੀ ਮਿਤ ਵਿਚ ਹੋ ਰਿਹਾ ਹੈ। ਗੁਣਾਂ ਦਾ ਸਮੱਗ੍ਰ 'ਗਾਇਨ' ਕਿ 'ਸਰੂਪ ਦਾ ਵਰਣਨ' ਸਾਰਾ ਨਹੀਂ ਹੋ ਰਿਹਾ ਤੇ ਨਾਂ ਹੀ ਹੋ ਸਕਦਾ ਹੈ, ਨਾ ਮਿਤ ਵਾਲੇ ਅਮਿਤ ਦੇ ਸਾਰੇ ਗੁਣਾਂ ਨੂੰ ਜਾਣਦੇ ਹੀ ਹਨ, ਕਿਤਨਾ ਕੋਈ ਪਏ ਕਹਿਣ, ਫੇਰ ਹੋਰ ਅਜੇ ਬਾਕੀ ਹੋਰ ਕਹਿਣੇ ਜੋਗ ਹੁੰਦਾ ਹੈ, ਇਉਂ ਹੁਕਮੀ ਬਾਬਤ ਕਥਨ ਮੁੱਕਦਾ ਨਹੀਂ। ਇਸ ਕਰਕੇ ਹੁਕਮੀ ਵਾਂਙੂ ਹੁਕਮ ਅਕੱਥ ਹੀ ਰਿਹਾ। ਹਾਂ, ਹੁਕਮ ਦੀ ਅਟੱਲਤਾ, ਹੁਕਮ ਦੀ ਹੁਕਮੀ ਨਾਲ ਅਭੇਦਤਾ, ਹੁਕਮ ਤੋਂ ਹੋ ਰਹੇ ਕਾਰਜ, ਹੁਕਮ ਦੀ ਸਫਲਤਾ ਪਉੜੀ ੨ ਵਿਚ ਪਿਛੇ ਵਰਣਨ ਹੋ ਚੁਕੀ ਹੈ।

ਇਸ ਪਉੜੀ ਵਿਚ ਆਏ ਕੋਈ ਕੋਈ ਗਾਉਣਹਾਰੇ ਕਿਸੇ ਕਿਸੇ ਗੁਣ ਨੂੰ ਲੈਕੇ ਗਾਉਂ ਰਹੇ ਦੱਸੇ ਹਨ। ਖਿਆਲ ਹੁੰਦਾ ਹੈ ਕਿ ਕਿਉਂ ਕਥਨਹਾਰੇ ਕਥ ਤੇ ਗਾਉਂ ਰਹੇ ਹਨ? ਰਬ ਜੀ ਦਾ ਅੰਤ ਲੈਣਾ ਤਾਂ ਪ੍ਰਯੋਜਨ ਹੋ ਨਹੀਂ ਸਕਦਾ, ਕਿਉਂਕਿ ਬੇਅੰਤ ਦਾ ਅੰਤ ਕਿਸ ਲੈ ਸਕਣਾ ਹੈ। ਫਿਰ ਨਿਸ਼ਕਾਮਤਾ ਲਈ ਜੋ ਗਾ ਰਹੇ ਹਨ, ਕਿ ਕਲਜਾਣ ਹੋਵੇ, ਓਹ ਕਲਜਾਣ ਪਾ ਗਏ। ਬਹੁਤੇ ਸਕਾਮਤਾ ਲਈ ਗਾ ਰਹੇ ਹਨ ਕਿ ਜੋ ਲੋੜਾਂ ਪੂਰਨ ਕਰਨ ਲਈ ਦਾਤਾਂ ਮੰਗਦੇ ਹਨ। ਇਹ ਲੁਪਤੀ ਵਿਚ ਰਖਕੇ ਗੁਰੂ ਜੀ ਦੋ ਤੁਕਾਂ ਵਿਚ ਉੱਤਰ ਦੇਂਦੇ ਹਨ: ''ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥''

ਕਿ ਓਹ ਅਮਿੱਤ ਹੈ, ਦਾਤਾਂ ਬੀ ਅਮਿੱਤ ਹਨ, ਓਹ ਦੇਂਦਾ ਥੱਕਦਾ ਨਹੀਂ? ਉਸ ਦਾ ਦਿਤਾ ਮੁੱਕਦਾ ਨਹੀਂ, ਪਰ ਲੈਣ ਵਾਲੇ ਮਿਤ ਵਿਚ ਹਨ, ਸੋ ਲੈਂਦੇ ਲੈਂਦੇ ਉਹਨਾਂ ਦੇ ਸਰੀਰ ਰਹਿ ਜਾਂਦੇ ਹਨ,

ਭਾਵ ਮਰ ਜਾਂਦੇ ਹਨ, ਪਰ ਦਾਤ ਦੀ ਅਮੁੱਕਤਾ ਇਤਨੀ ਹੈ ਕਿ ਜੁਗਾਂ ਜੁਗੰਤਰਾਂ ਤਕ ਨਹੀਂ ਮੁੱਕਦੀ। ਓਹ ਸਕਾਮ ਯਾਚਕ ਹੋਣ ਕਰਕੇ ਮੁੜ ਮੁੜ ਜੰਮਦੇ ਹਨ, ਜੁਗੋ ਜੁਗ ਦਾਤ ਮਿਲਦੀ ਰਹਿੰਦੀ ਹੈ। ਇਹ ਸਾਰੀ ਮਿਰਯਾਦਾ ਹੁਕਮੀ ਦਾ ਹੁਕਮ ਚਲਾ ਰਿਹਾ ਹੈ, ਆਪ ਅਨੰਦ ਸਰੂਪ ਨਿਰਲੇਪ ਹੈ।

ਨਿਰੁਕ–'ਕੋ' ਪਦ ਗੁਰਬਾਣੀ ਵਿਖੇ ਕਈ ਅਰਥਾਂ ਵਿਚ ਆਇਆ ਹੈ, ਯਥਾ:-

ਕੋ= ਨੂੰ- **ਸਭੁ ਕੋ ਮੀਤੁ ਹਮ ਆਪਨ ਕੀਨਾ......॥** (ਧਨਾਸਰੀ: ਮ: ੫-੩)
ਕੋ= ਦਾ- **ਰਾਮੁ ਕੋ ਬਲੁ ਪੂਰਨ ਭਾਈ॥** (ਗਉੜੀ: ਮ: ੫-੧੧੫)
ਕੋ= ਕੌਣ- **ਕੋ ਕੋ ਨ ਬਿਗੂਤੋ ਮੈ ਕੋ ਆਹਿ॥੧॥** (ਬਸੰਤ: ਕਬੀਰ ਜੀ-੫)
ਕੋ= ਕੋਈ- **ਕਬੀਰਾ ਹਮਰਾ ਕੋ ਨਹੀਂ...............॥** (ਸਲੋਕ: ਕਬੀਰ ੨੧੪)

ਇਥੇ 'ਕੋ' ਦਾ ਸੰਪ੍ਰਦਾਈ ਅਰਥ 'ਕੋਈ' ਲੈਕੇ ਟੀਕਾ ਕੀਤੀ ਗਈ ਹੈ। ਗਜਾਨੀ ਚੰਦਾ ਸਿੰਘ ਜੀ 'ਕੌਣ' ਅਰਥ ਲੈਕੇ ਬੀ ਟੀਕਾ ਕਰਿਆ ਕਰਦੇ ਸਨ। ਸ੍ਰੀ ਨਰੋਤਮ ਪੰਡਤ ਤਾਰਾ ਸਿੰਘ ਜੀ ਅੱਧੀ ਤੁਕ ਵਿਚ 'ਕੌਣ'ਅਰਥ ਪ੍ਰਸ਼ਨ ਵਾਚੀ ਕਰਕੇ ਅਗਲੀ ਅੱਧੀ ਤੁਕ ਵਿਚੋਂ ਉਤਰ ਦਾ ਭਾਵ ਦਰਸਾਇਆ ਕਰਦੇ ਸਨ; ਯਥਾ: ਕੌਣ ਉਸ ਦਾ ਬਲ ਗਾ ਸਕਦਾ ਹੈ? ਉਤਰ:- ਜਿਸ ਵਿਚ ਬਲ ਹੋਵੇ। ਪਰ ਭਾਵ ਤ੍ਰੈਹਾਂ ਤ੍ਰੀਕਿਆਂ ਦਾ ਸੰਪੂਰਨ ਗਾਉਂ ਸਕਣ ਦੀ ਅਸਮ੍ਰੱਥਤਾ ਤੇ ਆ ਟਿਕਦਾ ਹੈ।

ਤਾਣੁ–ਬਲ, ਪ੍ਰਾਕ੍ਰਮ। ਭਾਵ ਉਸ ਨੂੰ ਸਰਬ ਸ਼ਕਤੀਮਾਨ ਵਰਣਨ ਕਰਨਾ।

(ਅ) ਤਾਣ=ਤ੍ਰਾਣ=ਰਖਯਾ। ਤੁਕ ਦਾ ਅਰਥ:- ਜਿਸ ਕਿਸੇ ਨੂੰ ਰਖਯਾ ਪ੍ਰਾਪਤ ਹੋਈ ਹੈ, ਜੈਸੇ ਪ੍ਰਹਲਾਦ ਨੂੰ, ਉਹ ਗਾਉਂਦਾ ਹੈ। ਰਖਯਾ ਅਰਥਾਂ ਵਿਚ ਤਾਣ ਪਦ 'ਪਗ ਉਪੇਤਾਣਾ' ਵਿਚ ਆਇਆ ਹੈ।

ਵੀਚਾਰੁ–ਵੀਚਾਰ ਦੋ ਪ੍ਰਕਾਰ ਦੀ ਹੈ:- ਸਮ ਵੀਚਾਰ=ਆਮ ਵੀਚਾਰ ਜੋ ਬਹੁਤ ਕਠਨ ਨਾ ਹੋਵੇ। ਅਤੇ ਵਿਖਮ ਵੀਚਾਰ=ਕਠਨਤਾ ਨਾਲ ਪ੍ਰਾਪਤ ਹੋਣ ਵਾਲੀ ਵਾਕਫੀ ਜੈਸੇ ਨਯਾਯ, ਵੇਦਾਂਤ ਆਦਿ ਦੁਆਰਾ।

ਦਿਸੈ ਦੂਰਿ –(ਪ੍ਰਾਪਤੀ) ਦੂਰ ਦਿੱਸਦੀ ਹੈ।

(ਅ) ਮੋਹ ਮਾਇਆ ਵਿਚ ਫਸਿਆਂ ਨੂੰ ਦੂਰ ਦਿੱਸਦਾ ਹੈ, ਵਿਵੇਕੀਆਂ ਨੂੰ (ਨੇੜੇ) ਜਾਪਦਾ (ਦਿੱਸਦਾ) ਹੈ।

ਥਕਿ ਪਾਹਿ–ਦਾਤਾਂ ਖਾਂਦੇ ਖਾਂਦੇ ਥਕ ਪੈਣ ਦਾ ਭਾਵ ਹੈ, ਸਰੀਰ ਦਾ ਭੋਗਣੋਂ ਭੁੰਚਣੋਂ ਰਹਿ ਜਾਣਾ, ਮਰ ਜਾਣਾਂ।

ਜੁਗਾ ਜੁਗੰਤਰਿ ਖਾਹੀ ਖਾਹਿ–ਜੁਗਾਂ ਜੁਗਾਂਤਰਾਂ ਵਿਚ ਖਾਣ ਤੋਂ ਮੁਰਾਦ ਹੈ, ਜਨਮ ਦਰ ਜਨਮ। ਜੁਗ ਬੀ ਪਲਟ ਜਾਣ ਤਾਂ ਬੀ ਦਾਤ ਮਿਲਦੀ ਰਹਿੰਦੀ ਹੈ।

ਵਿਗਸੈ–(ਸੰਸ: ਵਿਕਾਸ਼-ਵਿ+ਕਾਸ਼=ਚਮਕਣਾ। ਪ੍ਰਕਾਸ਼। ਖੇੜਾ, ਖੇੜੇ ਵਿਚ। ਆਨੰਦ ਵਿਚ।) ਆਨੰਦ ਵਿਚ ਰਹਿੰਦਾ ਹੈ। ਖੁਸ਼ ਹੁੰਦਾ ਹੈ ਯਾ ਰਹਿੰਦਾ ਹੈ। ਵਿਗਾਸ, ਵਿਗਸੈ, ਪਦ ਗੁਰਬਾਣੀ ਵਿਚ ਆਨੰਦ, ਖੁਸ਼ੀ, ਖੇੜੇ, ਅਰਥਾਂ ਵਿਚ ਕਈ ਵੇਰ ਆਇਆ ਹੈ।

ਵੇ ਪਰਵਾਹੁ –(ਫ਼ਾਰਸੀ, ਬੇ=ਬਿਨਾ। ਪਰਵਾਹ=ਫਿਕਰ, ਚਿੰਤਾ, ਇੱਛਾ, ਲੋੜ; ਮੋਹ, ਡਰ ਆਦਿ) ਬਿਨਾ ਚਿੰਤਾ ਦੇ, ਬਿਨਾ ਪਕੜ ਦੇ, ਸੁਤੰਤਰ, ਅਲੇਪ।

(ਪਉੜੀ ੪)

ਪ੍ਰਾਕ੍ਥਨ- ਪਉੜੀ ੪ ਵਿਚ ਸਕਾਮ ਤੇ ਨਿਸ਼ਕਾਮ ਮੰਗਾਂ ਦੱਸਕੇ 'ਹੁਕਮੀ' ਦੀ ਪ੍ਰਾਪਤੀ ਦਾ ਰਾਹ ਦੱਸਦੇ ਹਨ। ਪਿਛਲੀ ਪਉੜੀ ੩ ਵਿਚ ਕਹੇ 'ਵਿਗਸੈ ਵੇ ਪਰਵਾਹੁ' 'ਹੁਕਮੀ' ਨੂੰ ਪਉੜੀ ੪ ਵਿਚ 'ਸਾਚਾ ਸਾਹਿਬੁ' ਕਹਿਕੇ ਪਿਛਲੀ ਪਉੜੀ ੩ ਦੇ ਖਿਆਲ ''ਸਾਈਂ ਦੇ 'ਦਾਤਾ' ਤੇ ਜਗਤ ਦੇ 'ਜਾਚਕ' ਹੋਣ'' ਨੂੰ ਫੇਰ ਦੁਹਰਾਇਆ ਹੈ ਕਿ ਲੋਕ ਮੰਗਦੇ ਹਨ ਤੇ ਓਹ ਦਾਤਾਰ ਦੇਂਦਾ ਹੈ। ਇਸ ਗਲ ਨੂੰ ਗੂਜਰੀ ਮ: ੧ ਵਿਚ ਗੁਰੂ ਜੀ ਨੇ ਵੇਰਵੇ ਨਾਲ ਦੱਸਿਆ ਹੈ:-

ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ॥....(ਗੂਜ: ਮ: ੧-ਅਸ੍ਟ-੨)

ਪੁਨਾ:-**ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰੁ॥**.... (ਗੂਜ: ਮ: ੧-ਅਸ੍ਟ-੨)

ਪੁਨਾ:-**ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥** (ਗੂਜ: ਮ: ੧-ਅਸ੍ਟ-੨)

ਇਉਂ ਸਾਰੇ ਮੰਗਣਹਾਰਿਆਂ ਦੀਆਂ ਸਕਾਮ ਮੰਗਾਂ ਦਾ ਤੇ ਉਸ ਦੇ ਦੇਣ ਦਾ ਜ਼ਿਕਰ ਕਰਕੇ ਅੰਤ ਆਪਣੀ ਮੰਗ ਐਉਂ ਦੱਸਦੇ ਹਨ:-

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ॥ (ਗੂਜਰੀ ਮ: ੧-ਅਸਟ-੨)

ਇਸ ਸ਼ਬਦ ਵਿਚ ਦੱਸੇ ਭਾਵ ਅਨੁਸਾਰ ਜਪੁਜੀ ਦੀ ਇਸ ਪਉੜੀ ੪ ਵਿਚ ਬੀ ਗੁਰੂ ਜੀ ਨੇ '.......ਦਾਤਿ ਕਰੇ ਦਾਤਾਰੁ॥' ਤੱਕ ਦੂਸਰਿਆਂ ਦੀਆਂ ਮੰਗਾਂ ਦੱਸੀਆਂ ਹਨ ਪਰ 'ਫੇਰਿ ਕਿ ਅਗੈ ਰਖੀਐ' ਤੋਂ ਅਪਣੀ ਮੰਗ ਦੱਸੀ ਤੇ ਇਸ ਗਲ ਦੇ ਨਿਰਣੈ ਲਈ 'ਆਖਹਿ ਮੰਗਹਿ' ਅੰਨਜ ਪੁਰਖ ਵਾਚੀ ਕ੍ਰਿਯਾਂ ਵਰਤੀਆਂ ਕਿ ਓਹ ਮੰਗਦੇ ਹਨ ਯਾ ਓਹ ਆਖਦੇ ਹਨ, ਪਰ ਜਦ ਆਪਣੀ ਮੰਗ ਉਹਨਾਂ ਤੋਂ ਵਿਤ੍ਰੇਕਵੀਂ ਮੰਗਣੀ ਸ਼ੁਰੂ ਕੀਤੀ ਤਾਂ ਕ੍ਰਿਯਾ ਉੱਤਮ ਪੁਰਖ ਦੀ ਵਰਤੀ: 'ਰਖੀਐ', ਅਰਥਾਤ ਅਸੀਂ ਕੀ ਰਖੀਏ? ਸੋ ਭਾਵ ਇਹ ਨਿਕਲਿਆ ਕਿ ਆਪ ਦੂਸਰਿਆਂ ਦੀ ਸਕਾਮ ਮੰਗ ਛੋੜਕੇ ਨਿਸ਼ਕਾਮ ਮੰਗ 'ਨਾਮ' ਦੀ ਕਰਦੇ ਹਨ ਤੇ ਉੱਤਮ ਪੁਰਖ ਦੁਆਰਾ ਸਾਨੂੰ ਜਾਚ ਸਿਖਾਲਦੇ ਹਨ ਕਿ ਤੁਸੀਂ ਬੀ ਨਿਸ਼ਕਾਮ, ਮੰਗ ਮੰਗੋ। ਇਸੇ ਕਰਕੇ 'ਕਰਮੀ ਆਵੈ ਕਪੜਾ' ਤੇ 'ਨਦਰੀ ਮੋਖੁ ਦੁਆਰੁ' ਵਿਚ ਬੀ ਸਕਾਮ ਕਰਮਾਂ ਤੋਂ ਸਰੀਰ ਦੀ ਪ੍ਰਾਪਤੀ ਤੇ ਨਿਸ਼ਕਾਮ ਮੰਗ ਤੋਂ 'ਮਿਹਰ' ਹੋਣ ਦ੍ਵਾਰਾ 'ਵਾਹਿਗੁਰੂ ਪ੍ਰਾਪਤੀ' ਦਾ ਨਿਖੇੜਵਾਂ ਵੇਰਵਾ ਦੱਸਦੇ ਹਨ।

ਮੂਲ	ਅਰਥ
ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥	(ਵੇਪ੍ਰਵਾਹ ਤੇ ਵਿਗਸੰਦਾ ਹੁਕਮੀ ਆਪਣੀ ਰਚੀ ਹੋਈ ਦਾ) ਸਾਹਿਬ ਹੈ (ਇਸ ਰਚੀ ਹੋਈ ਦੇ ਬਦਲਣਹਾਰ ਰੂਪ ਵਿਚ ਓਹ ਆਪ) ਸਤਿ (ਸਰੂਪ) ਹੈ ਤੇ ਸਤਿ ਨਾਮ ਹੈ, (ਅਨੇਕ) ਭਾਵ (ਵਾਲੇ ਜੀਵਾਂ ਤੋਂ ਉਹ) ਅਪਾਰ (=ਅਨੇਕ ਨਾਮਾਂ ਵਾਲਾ) ਪੁਕਾਰਿਆ ਗਿਆ ਹੈ।
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥	(ਆਪਣੇ ਆਪਣੇ ਭਾਵ ਅਨੁਸਾਰ ਓਹ ਉਸ ਦਾ ਨਾਮ) ਆਖਦੇ ਹਨ (ਤੇ ਆਪਣੀ ਮੰਗ ਅਨੁਸਾਰ ਉਸ ਤੋਂ ਦਾਤਾਂ) ਮੰਗਦੇ, ਹਨ ਤੇ 'ਦੇਹ ਦੇਹ' ਕਰਦੇ ਹਨ, (ਉਹ) ਦਾਤਾਰ (ਉਹ) ਦਾਤ ਦੇਂਦਾ ਹੈ। (ਪਰ ਇਹ ਮੰਗਾਂ ਸਕਾਮ ਹਨ ਤੇ ਸਾਡੀ ਮੰਗ 'ਨਿਸ਼ਕਾਮ' ਕੇਵਲ ਸਚੇ ਸਾਹਿਬ ਤੇ ਉਸ ਦੇ ਨਾਮ ਦੀ ਹੈ। ਫਿਰ
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥	ਸਾਡੇ ਪਾਸ ਜੋ ਕੁਛ ਹੈ ਉਸੇ ਦਾਤੇ ਦੀ ਦਾਤ ਹੈ, ਸੋ ਪ੍ਰਸ਼ਨ ਉਪਜਦਾ ਹੈ ਕਿ) ਫੇਰ (ਅਸੀਂ) ਕੀਹ (ਉਸ ਦਾਤੇ ਦੇ) ਅੱਗੇ ਧਰੀਏ (ਭਾਵ ਕੀ ਨਜ਼ਰ ਪੇਸ਼ ਕਰੀਏ) ਜਿਸ ਕਰਕੇ (ਕਿ ਸਾਨੂੰ ਉਸ ਦਾ) ਦਰਬਾਰ ਦਿੱਸ ਪਵੇ (ਤੇ ਦਰਬਾਰ ਦਿੱਸੇ ਤੇ) ਮੂੰਹੋਂ ਕੀਹ ਵਾਕ ਬੋਲੀਏ ਕਿ ਜਿਸ ਨੂੰ ਸੁਣਕੇ (ਓਹ ਸਾਡੇ ਨਾਲ) ਪਯਾਰ ਕਰੇ? (ਉੱਤਰ: ਉਸ ਦੀਆਂ ਦਾਤਾਂ ਵਿਚੋਂ ਅੱਠ ਪਹਿਰ ਦਾ

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥

ਸਮਾਂ ਇਕ ਅਮੋਲਕ ਦਾਤ ਹੈ, ਇਸ ਵਿਚੋਂ ਪਿਛਲੀ ਰਾਤ ਦਾ ਪਹਿਰ ਅਰਥਾਤ) ਅੰਮ੍ਰਿਤ ਵੇਲਾ (ਉਸ ਦੀ ਨਜ਼ਰ ਵਜੋਂ ਭੇਟ ਧਰੀਏ ਇੰਜ ਕਿ ਉਸ ਵੇਲੇ ਉਸ ਦਾ) ਸੱਚਾ ਨਾਮ (ਸਿਮਰੀਏ ਤੇ ਉਸ ਦੀਆਂ) ਵਡਿਆਈਆਂ ਦਾ ਵੀਚਾਰ ਕਰੀਏ, (ਇਸ ਨਾਲ ਉਸ ਦੀ ਮਿਹਰ ਸਾਡੇ ਉਤੇ ਹੋਵੇਗੀ। ਜੇ ਅਸੀਂ ਨਿਰੇ ਕਰਮਾਂ ਤੇ ਟੇਕ ਰਖੀ ਤਾਂ) ਕਰਮਾਂ ਨਾਲ ਤਾਂ ਸਰੀਰ ਮਿਲਦਾ ਹੈ (ਮੁਕਤਿ ਨਹੀਂ ਮਿਲਦੀ, ਪਰ) ਮੁਕਤਿ ਦੁਆਰਾ (ਸਾਈਂ ਦੀ) ਮਿਹਰ ਦ੍ਰਿਸ਼ਟੀ ਨਾਲ (ਹੀ ਖੁੱਲ੍ਹਦਾ ਹੈ, ਸੋ ਮਿਹਰ ਲਈ ਗੁਣਾਨੁਵਾਦ ਤੇ ਨਾਮ ਆਰਾਧਨਾ ਚਾਹੀਏ। ਜਦੋਂ ਮੁਕਤਿ ਦੁਆਰਾ ਖੁੱਲ੍ਹ ਜਾਂਦਾ ਹੈ ਤਾਂ) ਹੇ ਨਾਨਕ!

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥

ਐਉਂ ਜਾਣ ਲਈਦਾ ਹੈ (ਭਾਵ ਇਹ ਗਜਾਨ ਹੋ ਜਾਂਦਾ ਹੈ ਕਿ ਉਹ ਸਚਿਆਰ=)ਸਤਜ ਸਰੂਪ ਵਾਹਿਗੁਰੂ ਸਭ ਕੁਛ ਆਪ ਹੀ ਆਪ ਹੈ॥੪॥

ਵਜਾਖਜਾ– ਇਹ ਪਉੜੀ ਲਗ ਪਗ ਸਾਰੀ ਹੀ ਸਾਧਨ ਪੱਖ ਦੀ ਹੈ। ਇਸ ਵਿਚ ਪਹਿਲੋਂ 'ਹੁਕਮੀ' ਨੂੰ 'ਸਚਾ ਸਾਹਿਬੁ' ਆਖਕੇ ਫੇਰ 'ਦਾਤਾ' ਕਿਹਾ ਹੈ। ਜਿਵੇਂ ਕਿ ਪਉੜੀ ੩ ਵਿਚ ਕਿਹਾ ਸੀ; ਸੋ ਓਹ ਦਾਤਾ ਹੋਇਆ ਤੇ ਜੀਵ ਯਾਚਕ ਹੋਏ। ਜਿਸ ਜਾਚਕ ਦਾ ਜੀ ਕਰੇ ਕਿ ਦਾਤ ਦੀ ਥਾਵੇਂ ਮੈਨੂੰ ਦਾਤਾਰ ਆਪ ਪ੍ਰਾਪਤ ਹੋਵੇ ਤਾਂ ਉਹ ਕੀਹ ਕਰੇ? ਇਹ ਗੱਲ ਪ੍ਰਸ਼ਨ ਰੂਪ ਵਿਚ ਆਪ ਹੀ ਲਿਖਕੇ ਪੁੱਛਦੇ ਹਨ ਕਿ ਸਾਡੇ ਕੋਲ ਜੋ ਕੁਛ ਹੈ ਦਾਤ ਹੈ, ਦਿੱਤੇ ਵਿਚੋਂ ਦਾਤੇ ਨੂੰ ਹੀ ਦੇਕੇ ਖੁਸ਼ ਕਰ ਸਕਣਾ ਕਠਨ ਗੱਲ ਹੈ, ਤਾਂ ਫੇਰ ਅਸੀਂ ਪ੍ਰਸੰਨਤਾ ਤੇ ਪਿਆਰ ਲੈਣ ਲਈ ਕੀ ਭੇਟਾ ਧਰੀਏ, ਕੀ ਸ੍ਵਸਤੀ ਵਾਚਕ[1] ਵਾਕ ਕਹੀਏ ਕਿ ਜਿਸ ਨੂੰ ਸੁਣਕੇ ਓਹ ਸਾਡੇ ਜਿਹੇ ਤੁੱਛ ਜੀਵਾਂ ਦੇ ਨਾਲ ਪਿਆਰ ਵਿਚ ਆ ਜਾਵੇ? ਫਿਰ ਆਪ ਹੀ ਪ੍ਰਸ਼ਨ ਦਾ ਉੱਤਰ ਦਿੰਦੇ ਹਨ ਕਿ ਅੰਮ੍ਰਿਤ ਵੇਲੇ ਜਾਗਕੇ ਉਸ ਦੇ ਗੁਣਾਂ ਦਾ ਵੀਚਾਰ ਕਰੀਏ ਤੇ ਉਸ ਦਾ ਨਾਮ ਸਿਮਰਨ ਕਰੀਏ। ਇਹ ਭੇਟਾ ਕੋਈ ਸਥੂਲ ਪਦਾਰਥ ਨਹੀਂ, ਕੋਈ ਕਰਮ ਮਾਤ੍ਰ ਨਹੀਂ, ਇਹ ਦਿਲ ਦਾ ਭਾਵ (ਪ੍ਰੇਮ) ਹੈ। ਇਸ ਭਾਵ ਪਰ 'ਪ੍ਰੇਮ ਸਰੂਪ' ਵਾਹਿਗੁਰੂ ਰੀਝੇਗਾ, ਉਸ ਦੀ ਮਿਹਰ ਦੀ ਨਦਰ ਪਏਗੀ, ਜਿਸ ਨਾਲ ਮੁਕਤੀ ਤੇ ਸਚਿਆਰਤਾ ਪ੍ਰਾਪਤ ਹੋ ਜਾਏਗੀ। ਪਿਆਰ ਵਿਚ ਇਹ ਸ਼ਕਤੀ ਹੈ ਕਿ ਪਿਆਰ ਪਿਆਰ ਨੂੰ ਖਿੱਚ ਪਾਉਂਦਾ ਹੈ, ਚਾਹੋ ਕਿੰਨਾ ਥੋੜਾ ਪਿਆਰ ਖਿੱਚ ਪਾਉਣ ਵਾਲਾ ਹੋਵੇ, ਜਿਵੇਂ ਸੁਰ ਹੋਈ ਤਰਬ ਨੂੰ ਜਦ ਛੇੜੋ ਤਾਂ ਬਾਜ਼ ਦੀ ਉਹੋ ਸੁਰ ਬੋਲ ਪਵੇਗੀ ਚਾਹੋ ਕਿਤਨੀ ਘੱਟ ਥਰਰਾਟ ਦੇਵੇ, ਪਰ ਦੇਵੇਗੀ ਜ਼ਰੂਰ।

ਜੇ ਅਸੀਂ ਇਹ ਪਜਾਰ-ਮਾਰਗ ਛੋੜਕੇ ਨਿਰੇ ਕਰਮਾਂ ਵਿਚ ਰਹਾਂਗੇ ਤਾਂ ਫੇਰ ਫੇਰ ਜਨਮ ਧਾਰਾਂਗੇ, ਇਤਨੀ ਗੱਲ ਹੋ ਜਾਏਗੀ ਕਿ ਸ਼ੁਭ ਕਰਮਾਂ ਅਨੁਸਾਰ ਦੇਹ ਚੰਗੀ ਮਿਲ ਜਾਏਗੀ, ਪਰ ਮੁਕਤਿ ਨਹੀਂ ਮਿਲੇਗੀ। ਮੋਖ-ਦੁਆਰਾ ਤਾਂ ਮਿਹਰ ਦੀ ਨਦਰ ਨਾਲ ਮਿਲੇਗਾ, ਫੇਰ ਮੋਖ-ਦੁਆਰ ਤੇ ਅੱਪੜਕੇ ਸਾਡੀ ਦ੍ਰਿਸ਼ਟੀ ਇਹ ਹੋ ਜਾਏਗੀ ਕਿ ਵਾਹਿਗੁਰੂ ਸਤਜ ਸਰੂਪ ਸਭ ਕੁਛ ਆਪ ਹੀ ਹੈ, ਭਾਵ ਅਸੀਂ ਸਚਿਆਰ ਵਾਹਿਗੁਰੂ ਦਾ ਅਨੁਭਵ ਪ੍ਰਾਪਤ ਕਰ ਲਵਾਂਗੇ। ਜੋ ਪਉੜੀ ੧ ਵਿਚ ਪਿਛੇ ਸਚਿਆਰ ਹੋਣ ਦੀ ਜਾਚ ਪੁੱਛੀ ਸੀ ਤੇ ਉੱਤਰ 'ਹੁਕਮ ਵਿਚ ਚੱਲਣਾਂ' ਦੱਸਿਆ ਸੀ, ਏਥੇ ਆਪ ਗੁਰੂ ਜੀ ਨੇ ਖੋਹਲ ਦਿਤਾ ਹੈ ਕਿ ਨਾਮ ਤੇ ਸਿਫਤ ਸਲਾਹ ਨਾਲ ਸਚਿਆਰ ਨੂੰ ਪ੍ਰਾਪਤ ਹੋਕੇ ਸਚਿਆਰ ਹੋ ਜਾਓਗੇ। ਗੋਇਆ 'ਨਾਮ ਤੇ ਸਿਫਤ ਸਲਾਹ' ਵਾਲਾ ਜੀਵਨ ਹੁਕਮ ਵਿਚ ਟੁਰਨੇ ਵਾਲਾ ਜੀਵਨ ਹੈ, ਜੋ ਸਚਿਆਰਤਾ ਦਾ ਮਾਰਗ ਹੈ।

---

[1] ਮੰਗਲ ਸੂਚਕ ਵਾਕ। ਅਸ਼ੀਰਵਾਦ ਸੂਚਕ ਬਚਨ। ਜੈਸੇ: ਕਲਜਾਣ ਹੋ, ਮੰਗਲ ਹੋ, ਭਲਾ ਹੋ ਆਦਿ ਲਫਜ਼ ਕਹਿਣੇ।

'ਸਚਾ ਸਾਹਿਬ ਸਾਨੂੰ ਪਿਆਰ ਕਿਵੇਂ ਕਰੇ?' ਇਹ ਮੰਗ ਅਨੂਠੀ ਹੈ। ਦੁਨੀਆਂ ਦੇ ਇਤਰ ਮਤ: ਸੂਫੀ ਆਦਿ ਦੇ ਜਗਜਾਸੂ ਆਪਣੇ ਆਪ ਨੂੰ ਰਬ ਜੀ ਦਾ ਪ੍ਰੇਮੀ (ਆਸ਼ਿਕ) ਬਿਆਨ ਕਰਦੇ ਕਵਿਤਾਵਾਂ ਰਚਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਉਹ ਜਾਚ ਦੱਸੋ ਜਿਸ ਨਾਲ ਓਹ ਦਾਤਾ ਸਾਨੂੰ ਪਿਆਰ ਕਰੇ। ਇਸ ਵਿਚ ਉਸ ਬੇਅਦਬੀ ਦਾ ਬਚਾਉ ਹੈ ਜੋ ਨਿਜ ਨੂੰ ਆਸ਼ਿਕ ਮੰਨਣ ਵਾਲੇ ਕਦੇ ਕਦੇ ਲਿਖ ਬੈਠਦੇ ਹਨ। ਗੁਰੂ ਜੀ ਦੱਸਦੇ ਹਨ ਕਿ ਅਸੀਂ ਗੁਣ ਧਾਰਨ ਕਰੀਏ ਐਸੇ ਕਿ ਜੋ ਸਾਈਂ ਨੂੰ ਪ੍ਰਿਯ ਹੋਣ ਤੇ ਓਹ ਸਾਨੂੰ ਪਿਆਰ ਕਰੇ, ਗੋਇਆ ਕਿ ਅਸੀਂ ਸਦਾ ਉਸ ਦੇ ਪ੍ਰਸੰਨ ਕਰਨ ਦੇ ਯਤਨ ਕਰਨ ਵਿਚ, ਉਸਦੇ ਪ੍ਰੇਮ ਦੇ ਅਧਿਕਾਰੀ ਬਣਨ ਵਿਚ ਲਗੇ ਰਹਾਂਗੇ. ਇਉਂ ਸਾਥੋਂ ਭੁੱਲਾਂ ਦੀ ਸੰਭਾਵਨਾਂ ਘਟੇਗੀ, ਅਦਬ ਵਿਚ ਰਹਾਂਗੇ ਤੇ ਸਦਾ 'ਈਸ਼੍ਵਰ ਪ੍ਰਿਯ' ਗੁਣਾਂ ਦੇ ਸੰਗ੍ਰਹ ਵਿਚ ਲਗੇ ਰਹਾਂਗੇ। ਭਾਈ ਨੰਦ ਲਾਲ ਜੀ ਨੇ ਲਿਖਿਆ ਹੈ:-

ਦਰ ਰਹੇ ਹੱਕ ਜੁਜ਼ ਅਦਬ ਤਾਲੀਮ ਨੇਸਤ,
ਤਾਲਬੇ ਓ ਰਾ ਬਜੁਜ਼ ਤਸਲੀਮ ਨੇਸਤ।
ਗਰਚਿਹ ਅਜ਼ ਸਰ ਤਾ ਬਪਾ ਮੌਲਾ ਬਵੱਦ,
ਜ਼ਿੰਦਗੀ ਦਰ ਬੰਦਗੀ ਔਲਾ ਬਵੱਦ[1]। (ਜ਼ਿੰਦਗੀ ਨਾਮਹ।)

ਇਹ ਗੋਇਆ ਇਕ ਸੂਖਮ ਤਰੀਕਾ ਹੈ ਸੂਖਮ ਤੋਂ ਸੂਖਮ ਹਉਂ ਤੋਂ ਬਚੇ ਰਹਿਣ ਦਾ। ਇਹ ਹੈ ਬਾ-ਅਦਬ ਤਰੀਕਾ ਪ੍ਰੇਮ ਮਾਰਗ ਦਾ।

ਇਸ ਪਉੜੀ ਦੀ ਪਹਿਲੀ ਤੁਕ ਵਿਚ 'ਸਾਚੁ ਨਾਇ' ਕਿਹਾ ਹੈ। ਇਸੇ ਨੂੰ ਪੰਜਵੀਂ ਤੁਕ ਵਿਚ 'ਸਚੁ ਨਾਉ' ਕਿਹਾ ਹੈ, ਪਰ ਨਾਲ 'ਜਪੋ' ਆਦਿ ਕ੍ਰਿਯਾਵਾਚੀ ਪਦ ਕੋਈ ਨਹੀਂ ਦਿੱਤਾ; ਪਰ ਹੋਰਥੇ ਗੁਰੂ ਜੀ ਨੇ ਇਹੋ ਤੁਕ ਫੁਰਮਾਕੇ ਨਾਲ ਕ੍ਰਿਯਾ ਪਦ ਬੀ ਵਰਤਿਆ ਹੈ, ਯਥਾ:-

ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥ (ਆਸਾ ਮ: ੧-੨)

ਏਥੇ 'ਸਾਚੁ ਨਾਇ' ਨੂੰ ਨਾ ਵਿਸਾਰਨਾ ਅਰਥਾਤ ਸਿਮਰਨਾ ਸਾਫ ਦੱਸਿਆ ਹੈ।

ਵਡਿਆਈ ਵੀਚਾਰ ਤੋਂ ਭਾਵ ਵਾਹਿਗੁਰੂ ਜੀ ਦੇ ਗੁਣ ਸਿਮਰਣ ਤੋਂ ਹੈ। ਗੁਣ ਸਭ ਤੋਂ ਸੁਹਣੀ ਤਰ੍ਹਾਂ ਬਾਣੀ ਵਿਚ ਵਰਣਿਤ ਹਨ ਤੇ ਬਾਣੀ ਗੁਰੂ ਕੀ ਪੱਕੀ ਬਾਣੀ ਹੈ, ਸੋ ਇਸ ਦਾ ਤਾਤਪਰਜ ਇਹ ਹੈ ਕਿ ਗੁਰਬਾਣੀ ਦੁਆਰਾ ਸਾਈਂ ਦੇ ਗੁਣ ਕਥਨ ਕਰਨੇ ਚਾਹੀਏ। ਬਾਣੀ ਦਾ ਪਾਠ ਬਾਣੀ ਵਿਚ ਧਿਆਨ ਦੇ ਕੇ ਪਜਾਰ ਨਾਲ ਕਰਨਾ ਚਾਹੀਏ, ਜੈਸਾ ਕਿ ਹੁਕਮ ਹੈ:-

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਰਾਮ: ਮ:੧ : ਦਖ: ਓਅ:-੪੦)

ਬਾਣੀ ਪਰਮੇਸ਼ੁਰ, ਗੁਰੂ, ਸੰਤ, ਸਤਿਸੰਗ ਤੇ ਨਾਮ ਦੀ ਮਹਿੰਮਾ ਦੱਸਦੀ ਹੈ, ਪ੍ਰੇਮ ਵਧਾਉਂਦੀ ਹੈ। ਬਾਣੀ ਪੜ੍ਹਨੇ ਵਾਲੇ ਵਿਚ ਦੈਵੀ ਗੁਣ ਪ੍ਰਵੇਸ਼ ਕਰਾਉਂਦੀ ਹੈ, ਅਰ ਉਸ ਨੂੰ ਪਰਮੇਸ਼ੁਰ ਦੀ ਨਜ਼ਰ ਵਿਚ ਪ੍ਰਵਾਨ ਅਰ ਯੋਗ ਕਰਦੀ ਹੈ। ਬਾਣੀ ਦੇ ਭਜਨੀਕ ਸਿੰਘ, ਅਰ ਪੁਰਾਤਨ ਮਹਾਤਮਾ ਤੋਂ ਪਤਾ ਲਗਦਾ ਹੈ ਕਿ ਬਾਣੀ ਦਾ ਅਭਯਾਸ ਵਿਚਾਰ ਸੰਯੁਕਤ ਦ੍ਰਿੜ ਹੋਣੇ ਤੇ ਨਾਮ ਦ੍ਰਿੜ ਕਰੀਦਾ ਹੈ। ਬਾਣੀ ਬਿਨ ਹਿਰਦਾ ਸਫਾ ਨਹੀਂ ਹੁੰਦਾ, ਨਾਮ ਮੈਲੇ ਹਿਰਦੇ ਵਿਚ ਟਿਕ ਨਹੀਂ ਸਕਦਾ, ਇਸ ਲਈ ਪਹਿਲਾਂ ਬਾਣੀ ਦਾ ਅਭਯਾਸ ਹੋਵੇ। ਜਦ ਇਸ ਅਭਯਾਸ ਮਗਰੋਂ ਹਿਰਦੇ ਵਿਚ ਨਾਮ ਆ ਟਿਕੇ ਤਦ ਬਾਣੀ ਉਸ ਵਿਚ ਪ੍ਰੇਮ ਅਧਿਕ ਕਰਦੀ ਹੈ। ਇਸ ਕਰਕੇ ਦੁਹਾਂ ਦਾ ਪਰਸਪਰ ਸੰਜੋਗ ਹੈ, ਇਕ ਬਤੇ ਸਿੰਘ ਮਹਾਤਮਾਂ ਦਾ ਖਤ ਪੜ੍ਹਨੇ ਵਿਚ ਆਇਆ ਹੈ। ਉਸ ਵਿਚ ਉਹ ਇਕ ਪ੍ਰੇਮੀ ਨੂੰ ਇਸ ਪ੍ਰਕਾਰ ਦੀ

---

[1]ਇਸਦਾ ਅਰਥ ਇਹ ਹੈ: ਰੱਬ ਦੇ ਰਸਤੇ ਵਿਚ ਅਦਬ ਵਿਚ ਰਹਿਣ ਤੋਂ ਸਿਵਾ ਹੋਰ ਕੋਈ (ਵਡੀ) ਸਿਖਯਾ ਨਹੀਂ ਹੈ। ਰਬ ਦੇ ਜਗਜਾਸੂ ਲਈ ਉਸ ਦੇ ਭਾਣੇ ਮੰਨਣ ਤੋਂ ਸਿਵਾ (ਹੋਰ ਕੋਈ) ਵਡੀ ਗਲ ਨਹੀਂ। ਚਾਹੋ (ਕੋਈ) ਸਿਰ ਤੋਂ ਪੈਰਾਂ ਤਕ ਮੌਲਾ ਹੀ ਹੋ ਜਾਵੇ, ਪਰ ਜੀਵਨ ਫਿਰ ਬੀ ਬੰਦਗੀ ਵਿਚ ਹੀ ਬਸਰ ਕਰਨਾ ਬਿਹਤਰ ਹੈ।

ਤਾਕੀਦ ਕਰਦੇ ਸਨ ਕਿ ''ਦੇਖੀਂ ਕਦਾਚਿਤ ਬਾਣੀ ਵਿਸਾਰੇਂ। ਬਾਣੀ ਗੋਦ ਮਾਤਾ ਦੀ ਹੈ। ਨਾਮ ਤੋਂ ਜ਼ਰਾ ਸ਼ੌਕ ਘਟੇ ਝਟ ਬਾਣੀ ਸਹਾਰਾ ਦੇਵੇਗੀ, ਜੇ ਬਾਣੀ ਛਡ ਬੈਠੇ ਤਦ ਉਲਟ ਚਕ੍ਰ ਵੇਲੇ ਕਿਸ ਨੂੰ ਹੱਥ ਪਾਓਗੇ। ਬਾਣੀ ਦੀ ਗੋਦ ਵਿਚ ਨਾਮ ਨੂੰ ਖਿਡਾਓ। ਜਦ ਕਦੀ ਫਰੌਟੀ ਲੱਗੂ, ਜੋ ਜਗਜਾਸੂ ਨੂੰ ਅਨੇਕਾਂ ਵੇਰਾਂ ਲਗਦੀਆਂ ਹਨ, ਤਦ ਬਾਣੀ ਬਚਾ ਲਏਗੀ, ਨਹੀਂ ਤਾਂ ਉਸ ਵੇਲੇ ਕੋਈ ਠਾਹਰ ਨਹੀਂ।''

ਗੁਰੂ ਮਹਾਰਾਜ ਜੀ ਨੇ ਦੋ ਭੇਟਾਂ ਵਾਹਿਗੁਰੂ ਜੀ ਅਗੇ ਰਖਣੀਆਂ ਦੱਸੀਆਂ ਹਨ: 'ਨਾਮ' ਤੇ 'ਹਰੀ ਕੀਰਤਨ'। ਕਿਆ ਸ਼ੁਭ ਕਰਮਾਂ ਨੂੰ ਬੀ ਕੋਈ ਥਾਂ ਹੈ? ਇਸ ਹਿਤ ਗੁਰੂ ਜੀ ਨੇ ਅਗਲੀ ਤੁਕ ਕਹੀ ਹੈ। 'ਕਰਮੀ ਆਵੈ ਕਪੜਾ' ਕਰਮਾਂ ਕਰਕੇ ਕਪੜਾ ਮਿਲਦਾ ਹੈ, ਕਪੜੇ ਦਾ ਭਾਵ ਹੈ ਸਰੀਰ; ਸਰੀਰ ਦੀ ਲੋੜ ਦੇ ਪਦਾਰਥ ਤੇ ਸਰੀਰ ਦੇ ਸੁਖ ਲਈ ਮਨ ਦੇ ਆਧਾਰ। ਸੋ ਕਰਮਾਂ ਦਾ ਫਲ ਇਹ ਤਿੰਨੇ ਚੀਜ਼ਾਂ ਹਨ। ਮੁਕਤੀ ਕਰਮਾਂ ਦਾ ਫਲ ਨਹੀਂ ਹੋ ਸਕਦੀ, ਇਸ ਵਿਚ ਦੋ ਹੇਤੂ ਹਨ:-

(੧) ਕਰਮ ਸਾਂਗੋ ਪਾਂਗ ਸਾਰੇ ਨੇਕ ਹੋ ਨਹੀਂ ਸਕਦੇ, ਕੋਈ ਨ ਕੋਈ ਭੁੱਲ ਹੋ ਹੀ ਜਾਂਦੀ ਹੈ, ਕਿਉਂਕਿ ਮਨੁਖ ਪੂਰਨ ਨਹੀਂ, ਸਰਬੱਗ ਨਹੀਂ, ਇਸ ਕਰਕੇ ਭੁੱਲ ਹੋਣੀ ਅਵੱਸ਼ ਹੈ, ਤੇ ਕਰਮ ਮਾਰਗ ਦਾ ਇਹ ਨਿਯਮ ਹੈ ਕਿ ਸਾਂਗੋ ਪਾਂਗ ਪੂਰਨ ਕਰਮ ਹੋਣ, ਵਾਲ ਜਿੰਨੀ ਕਸਰ ਨਾ ਪਵੇ ਤਦ ਸਿੱਧੀ ਹੈ ਨਹੀਂ ਤਾਂ ਅਸਿੱਧੀ!

(੨) ਭਲਾ ਜੇ ਕੋਈ ਕਰਮ ਪੂਰਨ ਕਰ ਬੀ ਲਵੇ ਤਦ ਬੀ ਵਾਸ਼ਨਾ ਨਾਲ ਰਹਿੰਦੀ ਹੈ, ਵਾਸ਼ਨਾਜੰਨ ਕੀਤੇ ਕੰਮ ਸੁਖਾਂ ਦੇ ਭੋਗ ਦੇਂਦੇ ਹਨ, ਮੁਕਤੀ ਵਾਸ਼ਨਾ ਤੋਂ ਨਿਰਵਾਸ਼ ਹੋਏ ਹੁੰਦੀ ਹੈ।

(੩) ਮੁਕਤੀ ਨਾਮ ਹੈ ਸੰਸਾਰ ਤੋਂ ਛੁੱਟਣੇ ਦਾ, ਤੇ ਕਰਮ ਤਾਣਾ ਪੇਟਾ ਖਿਲਾਰਦੇ ਹਨ; ਛੁੱਟੇ ਕਿੱਕੁਰ? ਇਕ ਵਪਾਰੀ ਬਿਦੇਸ਼ ਵਿਚ ਹੱਟੀ ਕੱਢੀ ਬੈਠਾ ਹੈ, ਉਹ ਚਾਹੁੰਦਾ ਹੈ ਮੈਂ ਘਰ ਜਾਵਾਂ ਤਦ ਲੇਖੇ ਚੋਖੇ ਸਮੇਟਦਾ ਹੈ, ਸਭ ਵਿਹਾਰ ਸੰਕੋਚਦਾ ਹੈ, ਤਦ ਘਰ ਜਾਂਦਾ ਹੈ, ਤੇ ਜੇ ਕਰਜ਼ੇ ਦਈ ਜਾਵੇ ਤੇ ਖਲੇਰੇ ਖਲੇਰੀ ਜਾਵੇ ਤਦ ਕਿੱਕੁਰ ਛੁਟਕਾਰਾ ਪਾ ਸਕਦਾ ਹੈ? ਇਕੁਰ ਹੀ ਜਗਜਾਸੂ ਦੇ ਕਰਮ ਸਮਝੋ।

(੪) ਵਾਕ: **ਕਰਮ ਕਰਤ ਬਧੇ ਅਹੰਮੇਵ॥** (ਗਉੜੀ: ਕਬੀਰ ਜੀ-੬)

ਮੁਕਤ ਹਉਂ ਹਟਣੇ ਤੇ ਹੈ। ਪਰ ਕਰਮ ਕਰੀਦੇ ਹੀ ਹਉਮੈ ਨਾਲ ਹਨ। ਸੋ ਕਰਮਾਂ ਅਨੁਸਾਰ ਮੁੜ ਮੁੜ ਦੇਹ ਮਿਲਦੀ ਹੈ-ਕਰਮਾਂ ਅਨੁਸਾਰ:ਸ਼ੁਭ ਯਾ ਅਸ਼ੁਭ। ਇਸ ਲਈ ਕਰਮ ਸਰਬ ਸਹਾਇਕ ਨਹੀਂ। ਇਸ ਦਾ ਇਹ ਭਾਵ ਨਹੀਂ ਕਿ ਸ਼ੁਭ ਕਰਮ ਕਰਨੇ ਨਹੀਂ, ਕਦੀ ਨਹੀਂ। ਮੰਦੇ ਤਿਆਗ ਕੇ ਚੰਗੇ ਜ਼ਰੂਰ ਕਰਨੇ ਹਨ, ਇਹੋ ਤਾਂ ਪਰਮਾਰਥ ਹੈ; ਪਰ ਮਹਾਰਾਜ ਦਾ ਤਾਤਪਰਜ ਇਹ ਹੈ ਕਿ ਕਰਮਾਂ ਪਰ ਮੁਕਤੀ ਦਾ ਆਸਰਾ ਨਾ ਰਖੋ। ਕਰਮ ਭਲੇ ਕਰੋ ਪਰ ਨਿਸ਼ਕਾਮ[1] ਹੋਕੇ ਕਰੋ, ਤਾਂ ਜੋ ਹਿਰਦਾ ਸ਼ੁਧ ਹੋਵੇ, ਨਾਮ ਦਾ ਸਿੰਘਾਸਨ ਬਣੇ। ਪਰ ਨਿਰੇ ਕਰਮਾਂ ਨਾਲ ਪਰਮੇਸ਼ੁਰ ਪ੍ਰਾਪਤੀ ਨਾ ਜਾਣੋ। ਸ਼ੁਭ ਕਰਮ ਨੀਂਹ ਭਰੋ, ਮਹਲ ਨਾਮ ਦਾ ਉਸਾਰੋ।

ਨਿਰੇ ਕਰਮਾਂ ਦਾ ਭਰੋਸਾ ਛਡੀਏ, ਸ਼ੁਭ ਕਰਮ ਕਰੀਏ, ਪਰ ਭਰੋਸਾ ਉਹਨਾਂ ਪੁਰ ਨ ਕਰੀਏ, ਤੇ ਮਾਣ ਤਾਣ ਤਿਆਗਕੇ ਸ਼ਰਨ ਪੈ ਜਾਈਏ, ਨਦਰ ਪਰ ਭਰੋਸਾ ਕਰੀਏ ਤੇ ਨਾਮ ਤੇ ਸਿਫਤ ਸਲਾਹ ਨਾਲ 'ਕਰਤਾ ਪੁਰਖੁ' ਨੂੰ ਪਿਆਰ ਕਰੀਏ। ਪਿਆਰ ਪਰ ਨਦਰ ਹੋ ਜਾਣੀ ਸੌਖੀ ਗਲ ਹੈ, ਸੋ ਉਪਰ ਲਿਖੇ ਤੁਹਫੇ 'ਨਾਮ' ਤੇ 'ਬਾਣੀ' ਉਸ ਦੇ ਅਗੇ ਧਰ ਦੇਈਏ ਤੇ ਪਕੜ ਨੂੰ ਛਡਕੇ ਨਿਰਮਾਣ ਹੋ ਜਾਈਏ, ਇਕੁਰ ਉਸ ਦੀ ਮਿਹਰ ਹੁੰਦੀ ਹੈ:-

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ॥ (ਸੂਹੀ ਮ: ੫ ਅਸਟ:-੪)

'ਨਦਰੀ ਮੋਖੁ ਦੁਆਰੁ' ਦਾ ਭਾਵ ਇਹ ਨਹੀਂ ਕਿ ਨਾਮ ਤੇ ਸਿਫਤ ਸਲਾਹ ਛੱਡਕੇ ਆਲਸ ਧਾਰਨ ਕਰੇ ਕਿ ਆਪੇ ਹੋ ਰਹੂ ਨਦਰ। ਨਦਰ ਲਈ ਸਿਫਤ ਸਲਾਹ ਤੇ ਨਾਮ ਦਾ ਜਤਨ ਦੱਸਿਆ ਹੈ।

---

[1]ਕਰਮ ਕਰਤ ਹੋਵੈ ਨਿਹਕਰਮ॥ (ਗਉੜੀ ਮਹਲਾ ੫, ਸੁਖਮਨੀ ੯-੨)

ਨਾਮ ਬਾਣੀ ਨੇ ਹਉਂ ਕੱਟਣੀ ਹੈ, ਹਉਂ ਕਟੀਜਿਆਂ ਮਿਹਰ ਹੁੰਦੀ ਹੈ। ਜਿੰਨਾਂ ਚਿਰ ਮੈਂ ਵਿਚ ਮੈਂ ਦੀ ਕਾਈ ਹੈ, ਮੇਲ ਕਠਨ। ਕਾਈ ਦੂਰ ਹੋਈ, ਕਰਤਾਰ ਕ੍ਰਿਪਾਲ ਹੋਇਆ। ਇਸ ਨਿਰਮਾਣਤਾ, ਨਿਰਹੰਕਾਰਤਾ ਦੇ ਪੈਦਾ ਕਰਨੇ ਹਿਤ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ੁਰ ਦੀ ਦਇਆ ਦ੍ਰਿਸ਼ਟੀ ਹੀ ਮੁਕਤੀ ਦਾ ਸਾਧਨ ਹੈ, ਜੀਵ ਦਾ ਕੋਈ ਕਰਤੱਤ ਨਹੀਂ। ਇਹ ਜੀਵ ਕੇਵਲ ਅਨਹੋਈ ਹਉਮੈ ਨੂੰ ਦੂਰ ਕਰੇ, ਕਿ ਜਦ 'ਮੈਂ' ਮੁਕਤੀ ਦਾ ਕਰਤੱਤ ਕਰ ਹੀ ਨਹੀਂ ਸਕਦਾ, ਤਦ ਇਸ 'ਮੈਂ' ਨੂੰ ਦੂਰ ਕਰਾਂ, ਇਹ ਝੂਠਾ ਹਥਿਆਰ ਹੈ। ਇਸ ਨੂੰ ਦੂਰ ਕਰਨਾ ਫਰਜ਼ ਹੈ, ਐਥੋਂ ਤਾਈਂ ਕਿ ਦੂਰ ਕੀਤੇ ਦਾ ਹੰਕਾਰ ਬੀ ਨਾ ਹੋਵੇ। ਇਸ ਦੇ ਕਰਨੇ ਲਈ ਨਾਮ ਬਾਣੀ ਹੀ ਉਪਰਾਲਾ ਹੈ। ਅੰਮ੍ਰਿਤ ਵੇਲਾ ਤੇ ਸ਼ੁਭ ਕਰਮ ਉਪਯੋਗੀ ਹਨ।

ਜੋ ਕੰਮ ਕਰੀਦਾ ਹੈ ਕੋਈ ਕਾਮਨਾਂ ਯਾ ਵਾਸ਼ਨਾਂ ਰੱਖਕੇ ਕਰੀਦਾ ਹੈ, ਭਜਨ ਬੀ ਲੋਕੀ ਕਾਮਨਾ ਰਖਕੇ ਕਰਦੇ ਹੈਨ, ਕੋਈ ਤਾਂ ਸੰਸਾਰਕ ਪਦਾਰਥ, ਪੁਤ੍ਰ, ਸੰਪਦਾ, ਇਸਤ੍ਰੀ ਆਦਿ, ਕੋਈ ਸੁਰਗ ਦੀ, ਕੋਈ ਮੁਕਤੀ ਆਦਿ ਦੀ। ਗੁਰੂ ਮਹਰਾਜ ਜੀ ਦਾ ਭਾਵ ਇਹ ਹੈ ਕਿ ਕਾਮਨਾ ਛੋੜਕੇ ਪ੍ਰੇਮ ਕਰੋ, ਕਾਮਨਾ ਇਕ ਕੁੰਗੀ ਹੈ ਜੋ ਪ੍ਰੇਮਾ ਭਗਤੀ ਦੀ ਕੀਮਤ ਘਟਾ ਦੇਂਦੀ ਹੈ। ਸੋ ਇਸ ਤੁਕ ਵਿਚ ਆਪ ਨੇ ਇਹੋ ਸਿਖਯਾ ਦਿੱਤੀ ਹੈ ਕਿ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥' ਦੇ ਵਾਸਤੇ ਨਿਸ਼ਕਾਮ ਹੋਣਾ ਜ਼ਰੂਰੀ ਹੈ। ਵੀਚਾਰ ਕਰੋ ਕਿ ਸਰੀਰ ਦਾ ਜੋ ਭੋਗ ਹੈ ਅਵੱਸ਼ ਕਰਮਾਂ ਦੇ ਅਨੁਸਾਰ ਮਿਲੇਗਾ, ਉਸ ਲਈ ਪ੍ਰੇਮਾ ਭਗਤੀ ਨੂੰ ਕੁੰਗੀ ਲਗਾਉਣੇ ਦੀ ਲੋੜ ਨਹੀਂ। ਦਾਤਾ ਦੇ ਰਿਹਾ ਹੈ, ਯਥਾ:-

ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥...
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥ (ਤਿਲੰਗ ਮ: ੫-੩

ਪੁਨਾ:- **ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥** (ਰਾਮ: ਵਾਰ ਮ: ੨-੧੯) ਆਦਿ।

ਸੰਸਾਰਕ ਕਾਮਨਾ ਨਿਸ਼ਫਲ ਹੋਈ ਹੁਣ ਪਰਮਾਰਥਿਕ ਕਾਮਨਾ ਛੱਡੇ, ਕਿਉਂਕਿ ਮੁਕਤੀ ਕਰਮਾਂ ਕਰਕੇ ਪ੍ਰਾਪਤ ਹੀ ਨਹੀਂ ਹੋ ਸਕਦੀ, ਇਹ ਅਮਿਤ ਫਲ, ਮਿਤ ਦੇ ਜੀਵ ਦੇ ਕੀਤੇ ਹੋਏ ਮਿਤ ਵਾਲੇ ਕਰਮਾਂ ਦੇ ਵੱਟੇ ਵਿਚ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ, ਉਪਰ ਇਸ ਦਾ ਕਥਨ ਹੋ ਚੁਕਾ ਹੈ। ਮੁਕਤੀ ਤਾਂ ਅਕਾਲ ਪੁਰਖ ਦੀ ਦਇਆ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੁੰਦੀ ਹੈ, ਉਹ ਉਸ ਦੇ ਵੱਸ ਹੈ, ਸੋ ਟੇਕ ਉਸ ਤੇ ਧਾਰੋ:-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥ (ਸਲੋਕ ਕਬੀਰ ਜੀ-੧੨੮।

ਪੁਨਾ:- **ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥**
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ (ਗਉੜੀ ਕਬੀਰ-੬੩।

ਪੁਨਾ:- **ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥** (ਮਾਰੂ ਮ: ੫, ਸੋਹਲੇ-੨-੮)

ਤਾਂ ਇਸ ਦੀ ਕਾਮਨਾ ਬੀ ਛੁੱਟੀ। ਦੋਨੋਂ ਕਾਮਨਾ ਤਿਆਗ ਕੇ ਅੰਮ੍ਰਿਤ ਵੇਲੇ ਬਾਣੀ ਤੇ ਨਾਮ ਦੀ ਭੇਟਾ ਲੈ ਕੇ ਕਰਤਾਰ ਦੇ ਹਜ਼ੂਰ ਦਿਲ ਨਾਲ ਹਾਜ਼ਰ ਹੋਣਾ ਚਾਹੀਏ।

ਹੁਣ ਕੋਈ ਪੁੱਛੇ ਕਿ ਕਾਮਨਾਂ ਤਾਂ ਰਹੀ ਨਾਂ, ਕੋਈ ਕਿਸ ਪਿੱਛੇ ਉੱਦਮ ਕਰੇ? ਉਤਰ 'ਜਿਤੁ ਸੁਣਿ ਧਰੇ ਪਿਆਰੁ॥' ਉਸ ਦੇ ਪਜਾਰ ਨੂੰ ਪ੍ਰਾਪਤ ਕਰਨ ਖ਼ਾਤਰ। ਜੋ ਅਸਲ ਕਾਮਨਾ ਕਰਨੇ ਯੋਗ ਵਸਤੂ ਹੈ। ਇਸ ਪ੍ਰੇਮ ਦੀ ਤੁਫੈਲ ਹੋਰ ਕਾਮਨਾ ਨਾਸ਼ ਹੁੰਦੀ ਹੈ, ਅਰ ਇਹ ਪਰਮੇਸ਼ੁਰ ਨਾਲ ਸਦੈਵੀ ਸੰਯੋਗ ਕਰਾਉਂਦੀ ਹੈ। ਹੋਰ ਕਾਮਨਾਂ ਪਰਮੇਸ਼ੁਰ ਦੇ ਕੀਤੇ ਪਦਾਰਥਾਂ ਨਾਲ ਜੋੜਦੀਆਂ ਹਨ। ਇਹ ਕਾਮਨਾ ਕਰਤਾ ਨਾਲ ਜੋੜਦੀ ਹੈ, ਜੋ ਜੀਵ ਦਾ ਪਰਮਾਰਥ ਹੈ, ਤਦੇ ਕਹਿੰਦੇ ਹਨ:-

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ॥ (ਦੇਵ: ਮ: ੫-੨੯।

ਜੋ ਕ੍ਰਿਤ ਨਾਲ ਹਿਤ ਕਰਦੇ ਹਨ ਓਹ ਮੁੜ ਮੁੜ ਫਸਦੇ ਹਨ[1]।

ਅਸਲ ਪ੍ਰੇਮੀ ਤੇ ਮਹਾਤਮਾ ਸਭ ਪਾਪਾਂ ਤੋਂ ਸੁਥਰੇ ਓਹ ਹਨ ਜੋ ਪਰਮੇਸ਼ੁਰ ਕਰਤਾ ਪੁਰਖ ਨਾਲ ਪ੍ਰੇਮ ਕਰਦੇ ਹਨ[2]।

ਛੇਕੜਲੀ ਤੁਕ '**ਸਭੁ ਆਪੇ ਸਚਿਆਰੁ॥**' ਵਿਚ ਉਸ ਨਿਰਮਾਣ ਪੁਰਖ ਦੀ ਅਵਸਥਾ ਦੱਸੀ ਨੇ ਕਿ ਜਿਸ ਪੁਰ 'ਨਦਰ' ਹੋ ਗਈ ਹੈ, ਉਹ ਆਪਣੀ ਮੈਂ, ਅਰਥਾਤ ਅਨਹੋਈ ਹਉਮੈ ਖੋਕੇ ਦਇਆ ਦੇ ਅੰਦਰ ਪਹੁੰਚਾ ਹੈ। ਹੁਣ ਉਸ ਦੀ ਦ੍ਰਿਸ਼ਟੀ ਹੈ ਕਿ ਪਰਮੇਸ਼ੁਰ ਹੀ ਕੇਵਲ ਸਤਜ ਸਰੂਪ ਹੈ:-

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ (ਬਿਲਾ: ਮ: ੫-੧੧੨)

ਜੋ ਕੁਛ ਹੈ ਉਹ ਆਪ ਸਤਜ ਸਰੂਪ ਹੀ ਹੈ।

ਸੋ ਬਾਣੀ ਦੁਆਰਾ ਗੁਣ ਗਾਵਣ ਨਾਲ ਮਨ ਦੀ ਮੈਲ ਉਤਰਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਗਉ: ਮ: ੫, ਸੁਖਮਨੀ ੧੯-੭)

ਪੁਨਾ:- **ਗੁਣ ਗਾਵਤ ਹੋਵਤ ਪਰਗਾਸੁ॥** (ਰਾਮ: ਮ: ੫-੫੭)

ਨਾਮ ਨਾਲ ਚਿਤ ਏਕਾਗ੍ਰ ਹੁੰਦਾ ਹੈ:- **ਨਾਮੋ ਹੀ ਚਿਤਿ ਕੀਨੀ ਓਟ॥** (ਗੋਂਡ ਮ: ੫-੪)

ਪੁਨਾ:- **ਨਾਮੁ ਜਪਤ ਹੋਆ ਪਰਗਾਸੁ॥** (ਪ੍ਰਭਾਤੀ ਮ: ੫-੧੧)

ਤੇ ਨਾਮ ਨਾਲ ਹੀ ਜੀਵ ਵਾਹਿਗੁਰੂ ਜੀ ਦੇ ਸ਼ਰਧਾ ਪਿਆਰ ਵਿਚ ਜੁੜਦਾ ਹੈ:-

ਨਾਮੁ ਜਪਤ ਹਰਿ ਚਰਣ ਨਿਵਾਸੁ॥ (ਭੈਰਉ ਮ: ੫-੪੯)

ਪੁਨਾ:- **ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥** (ਗਉ: ਮ: ੫-੧੧੧)

ਉਪਰੋਂ ਵਾਹਿਗੁਰੂ ਜੀ ਦੀ ਪਿਆਰ ਦੀ ਨਦਰ ਹੁੰਦੀ ਹੈ, ਇਸ ਨਾਲ ਸਚਿਆਰ (ਸਤਜ ਸਰੂਪ) ਨੂੰ ਪ੍ਰਾਪਤ ਹੋਕੇ ਸਚਿਆਰ ਹੋ ਜਾਈਦਾ ਹੈ। ਯਥਾ:-

ਸਹਜਿ ਅਨੰਦਿ ਕਿਰਪਾ ਧਾਰਿ॥ ਨਾਮਿ ਰਤੇ ਸਦਾ ਸਚਿ ਪਿਆਰਿ॥ (ਆਸਾ ਮ: ੩ ਅਸਟ:-੨੫)

ਵਾਹਿਗੁਰੂ ਦੀ ਕ੍ਰਿਪਾ ਕਰਨ ਨਾਲ (ਜਗਜਾਸੂ) ਸਹਿਜ ਅਨੰਦ ਵਿਚ ਹੋ ਜਾਂਦਾ ਹੈ।

ਨਾਮ ਵਿਚ ਰੱਤੇ ਹੋਏ ਸਦੀਵ 'ਸਚ' (ਵਾਹਿਗੁਰੂ) ਵਿਚ (ਤੇ ਉਸ ਦੇ) ਪਿਆਰ ਵਿਚ ਵਸਦੇ ਹਨ।

ਨਿਰੁਕ੍ਤ–'ਨਾਇ' ਦਾ ਅਕਸਰ ਅਰਥ 'ਨਾਮ ਕਰਕੇ' 'ਨਾਮ ਨਾਲ' ਹੁੰਦਾ ਹੈ, ਪਰ ਗੁਰਬਾਣੀ ਵਿਚ 'ਨਾਇ' ਤੇ 'ਨਾਉ' ਇਕੋ ਤਰ੍ਹਾਂ ਬੀ ਵਰਤੇ ਹਨ, ਯਥਾ:-

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥ (ਵਾਰ ਸਾਰੰਗ ਮ: ੪-੧੧)

ਪੁਨਾ:- **ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥** (ਵਾਰ ਸਾਰੰਗ ਮ: ੪-੧੨)

(ਅ) ਐਉਂ ਬੀ ਇਸ ਤੁਕ ਦਾ ਅਰਥ ਲਾਉਂਦੇ ਹਨ, ਸਾਹਿਬ (ਆਪ) ਸਚਾ ਹੈ ਤੇ ਸਚੇ ਨਾਮ ਵਾਲਾ ਹੈ। (ਸੰਪ੍ਰ:)।

ਭਾਖਿਆ– (ਸੰਸ:, ਭਾਸ਼ਾ=ਬੋਲੀ। ਹਿੰਦੀ, ਭਾਖਣਾ=ਕਹਿਣਾ) ਆਖਿਆ ਗਿਆ। ਪੁਕਾਰਿਆ ਗਿਆ। ਉਪਨਿਸ਼ਧ ਵਾਕ ਬੀ ਹੈ:- ਏਕੰ ਸਦ੍ਰ ਵਿਪ੍ਰਾ ਬਹੁਧਾ ਵਦੰਤਿ।

ਸਚ ਇਕੋ ਹੈ, ਪੰਡਤ ਉਸ ਨੂੰ ਅਨੇਕ ਤਰ੍ਹਾਂ ਵਰਣਨ ਕਰਦੇ ਹਨ। (ਅ) ਭਾਖਿਆ ਦਾ ਅਰਥ ਬੋਲੀ ਬੀ ਕਰ ਲੈਂਦੇ ਹਨ।

---

[1] ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥ (ਧਨਾ: ਮ: ੧-੫)

[2] ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥ (ਗਉੜੀ ਸੁਖਮਨੀ ੩-੫)

(ੲ) ਐਉਂ ਬੀ ਅਰਥ ਲਾਉਂਦੇ ਹਨ:- ਅਪਾਰ ਪ੍ਰੇਮ ਨਾਲ ਕਹਿੰਦੇ ਹਨ ਉਸ ਦੇ ਨਾਮ ਨੂੰ।

ਭਾਉ-(ਸੰਸ:, ਭਾਵ) ਮੁਰਾਦ, ਮਨੋਰਥ। ਮਤਲਬ।

ਅੰਮ੍ਰਿਤ ਵੇਲਾ-ਉਹ ਸਮਾਂ ਜੋ ਅੰਮ੍ਰਿਤ ਤੁੱਲ ਰਸਦਾਇਕ ਦੇ ਅਮਰ ਪਦਵੀ ਵੱਲ ਲੈ ਜਾਣ ਲਈ ਉਪਯੋਗੀ ਹੈ। ਗੁਰ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ।

ਵਡਿਆਈ ਵੀਚਾਰੁ- ਹਰਿ ਜਸ ਕਰਨਾ। ਮੁਰਾਦ ਹੈ ਗੁਰੂ ਕੀ ਬਾਣੀ ਦਾ ਪਾਠ, ਵੀਚਾਰ, ਜਿਸ ਵਿਚ ਪਰਮੇਸ਼ਰ ਦੀ ਵਡਿਆਈ ਦਾ ਅਮਿਤ ਵਰਣਨ ਹੈ। ਤੇ ਜਿਸ ਬਾਣੀ ਨੂੰ ਪੱਕੀ ਬਾਣੀ ਕਿਹਾ ਹੈ।

ਕਰਮੀ-ਕਰਮਾਂ ਦੁਆਰਾ।

ਕਪੜਾ-ਜੀਵਾਤਮਾ ਜਿਸ ਨੂੰ ਕਪੜੇ ਵਾਂਙੂ ਪਹਿਨੇ ਹੋਏ ਹੈ, ਦੇਹ ਰੂਪੀ ਕਪੜਾ।

(ਅ) ਐਉਂ ਬੀ ਲਾਉਣ ਦਾ ਜਤਨ ਹੁੰਦਾ ਹੈ:- ਵਾਹਿਗੁਰੂ ਦੀ ਮਿਹਰ ਨਾਲ ਸਿਫਤ ਸਲਾਹ ਦਾ ਕਪੜਾ ਮਿਲਦਾ ਹੈ, ਨਦਰ ਨਾਲ ਮੋਖ ਦੁਆਰ ਮਿਲਦਾ ਹੈ। (ਸੰਪ੍ਰ:)।

ਸਚਿਆਰੁ-ਸਤਜ ਸਰੂਪ ਵਾਹਿਗੁਰੂ। ਹੋਰ ਦੇਖੋ ਪਹਿਲੀ ਪਉੜੀ ਦੀ ਨਿਰੁਕ੍ਤ, ਪਦ ਸਚਿਆਰ, ਅੰਕ ੧। (ਪੰਨਾ-੪੬)

(ਪਉੜੀ ੫)

ਪ੍ਰਾਕ੍ਥਨ- ਹੁਣ ਤੱਕ ਚਾਰ ਪਉੜੀਆਂ ਵਿਚ ਏਹ ਵਿਸ਼ਯ ਆ ਚੁਕੇ ਹਨ:

੧. ਅਦੁਤੀ ਅਕਾਲ ਪੁਰਖ ਦਾ ਸਰੂਪ।

੨. ਉਸ ਦੀ ਪ੍ਰਾਪਤੀ ਦਾ ਪ੍ਰਤਿਬੰਧਕ-ਕੂੜ ਦੀ ਪਾਲ।

੩. ਕੂੜ ਦੀ ਪਾਲ-ਹਉਂ-ਟੁੱਟਣ ਦਾ ਉਪਰਾਲਾ ਹੁਕਮ ਵਿਚ ਚੱਲਣਾ ਹੈ।

੪. ਹੁਕਮ ਦੀ ਬੂਝ।

੫. ਹੁਕਮ ਦੇ ਮਾਲਕ 'ਹੁਕਮੀ' ਦੀ ਸੋਝੀ।

੬. ਹੁਕਮੀ ਅਕੱਥ ਹੈ, ਹੁਕਮੀ ਦਾਤਾਰ ਹੈ।

੭. ਹੁਕਮ ਨਾਲ ਮਰਯਾਦਾ ਟੋਰਦਾ ਹੁਕਮੀ ਅਲੇਪ ਤੇ ਸਦਾਨੰਦ ਹੈ।

੮. ਹੁਕਮੀ ਆਪ ਸਚਾ ਸਾਹਿਬ ਹੈ ਤੇ ਉਸ ਦਾ ਨਾਮ ਬੀ ਸਚਾ ਹੈ।

੯. 'ਸਚਾ ਨਾਮ' ਤੇ ਉਸ ਦੀ 'ਸਿਫਤ ਸਲਾਹ' ਦੋ ਸਾਧਨ ਹਨ ਸੱਚੇ ਸਾਹਿਬ ਦੇ ਪਿਆਰ ਨੂੰ ਅਪਣੇ ਵੱਲ ਮੋੜ ਲੈਣ ਦੇ।

੧੦. ਉਸ ਦਾ ਪਿਆਰ, ਉਸ ਦੀ ਮਿਹਰ ਦ੍ਰਿਸ਼ਟੀ ਪੁਆਉਂਦਾ ਹੈ ਜਿਸ ਕਰਕੇ ਮੋਖ ਦੁਆਰ ਤੇ ਪਹੁੰਚਕੇ ਦਰਬਾਰ ਅੱਪੜੀਦਾ ਹੈ। ਤੇ

੧੧. ਸਚਿਆਰ ਹੋ ਜਾਈਦਾ ਹੈ।

ਹੁਣ ਪੰਜਵੀਂ ਪਉੜੀ ਵਿਚ ਇਕ ਹੋਰ ਰੁਕਨ ਦਰਸਾਉਂਦੇ ਹਨ, ਜਿਸ ਦੀ ਸੈਨਤ ਮੂਲ ਮੰਤ੍ਰ ਵਿਚ 'ਗੁਰਪ੍ਰਸਾਦਿ' ਕਹਿਕੇ ਦੇ ਆਏ ਸਨ; ਉਹ ਹੈ 'ਗੁਰੂ'। ਗੁਰੂ ਦੇ ਨਾਲ ਹੀ ਇਕ 'ਪ੍ਰੇਮ' ਦਾ ਇਕ ਹੋਰ ਰੁਕਨ ਬੀ ਦਰਸਾਇਆ ਹੈ ਕਿ ਗੁਰੂ ਦੇ ਦੱਸੇ ਨਾਮ ਤੇ ਗੁਣ ਗਾਇਨ ਵਿਚ ਪ੍ਰੇਮ ਲੋੜੀਏ।

ਹੁਕਮੀ ਨੂੰ ਇਸ ਪਉੜੀ ਵਿਚ 'ਨਿਰੰਜਨ' ਆਖਕੇ ਮਾਇਆ ਤੋਂ ਅਤੀਤ ਤੇ ਸੁਤੇ ਪ੍ਰਕਾਸ਼ ਦੱਸਿਆ ਹੈ।

ਮੂਲ

ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥ ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥

ਅਰਥ

(ਉਹ ਸਚਿਆਰ ਸਤਤ ਸਰੂਪ ਜੋ ਸਭ ਕਿਛ ਆਪੇ ਆਪ ਹੈ) ਥਾਪਿਆ ਨਹੀਂ ਜਾ ਸਕਦਾ, ਨਾ ਰਚਿਆ ਜਾ ਸਕਦਾ ਹੈ, ਉਹ ਆਪਣੇ (ਆਪ ਤੇ ਆਪੇ) ਆਪ ਹੈ, ਉਹ ਮਾਇਆ (ਆਦਿ ਕਿਸੇ ਆਸਰੇ ਉਪਾਧੀ) ਤੋਂ ਅਲੇਪ ਹੈ। ਜਿਸ ਨੇ (ਉਸ ਸੁਤੇ ਕਾਯਮ ਤੇ ਸੁਤੇ ਪ੍ਰਕਾਸ਼ ਤੇ ਨਿਰਲੇਪ ਦੀ) ਸੇਵਾ ਕੀਤੀ ਹੈ ਉਸ ਨੇ (ਉਸ ਦੀ ਹੋਂਦ ਦਾ) ਸਬੂਤ ਪਾ ਲਿਆ ਹੈ। (ਪ੍ਰਸ਼ਨ-ਹੇ ਗੁਰੂ) ਨਾਨਕ(ਦੇਵ ਜੀ ਉਸ ਨਿਰ+ਅੰਜਨ=ਨਿਰ ਆਕਾਰ ਦੀ ਸੇਵਾ ਕੀਕੂੰ ਕਰੀਦੀ ਹੈ? ਉਤਰ-ਉਸ) ਗੁਣ ਸਾਗਰ ਦੇ ਗੁਣ ਗਾਵੀਏ, ਹਾਂ, ਗਾਵੀਏ (ਤੇ ਗੁਣ ਕਥਨ ਨੂੰ) ਸੁਣੀਏ (ਬੀ, ਗਾ ਸੁਣਕੇ) ਮਨ ਵਿਚ (ਉਸ ਨਾਲ) ਪ੍ਰੇਮ ਰਖੀਏ, (ਤਾਂ ਜੋ ਇਹ ਮਨ) ਦੁਖ ਨੂੰ ਦੂਰ ਕਰ ਲਵੇ ਤੇ ਸੁਖ ਨੂੰ (ਆਪਣੇ) ਸਰੂਪ ਵਿਚ ਵਸਾ ਲਵੇ। (ਪ੍ਰਸ਼ਨ ਕਿਆ ਤੁਸੀਂ ਨਿਰੰਜਨ ਤੋਂ ਹੇਠਾਂ ਈਸ਼ਰ, ਸ਼ਿਵ, ਵਿਸ਼ਨੂੰ, ਬ੍ਰਹਮਾ ਆਦਿ ਸ਼ਕਤੇ ਤੇ ਪਾਰਬਤੀ, ਲਛਮੀ, ਸਰਸ੍ਵਤੀ ਆਦਿ ਸ਼ਕਤੀਆਂ ਨੂੰ ਨਹੀਂ ਮੰਨਦੇ ਹੋ, ਜਿਨ੍ਹਾਂ ਦਾ ਸਰਗੁਣ ਸਰੂਪ ਹੋਣ ਕਰਕੇ ਧਯਾਨ ਧਰਿਆ ਜਾ ਸਕਦਾ ਹੈ? ਉੱਤਰ:) ਗੁਰੂ ਹੀ ਮੇਰਾ ਸ਼ਿਵ ਹੈ, ਗੁਰੂ ਹੀ ਮੇਰਾ ਵਿਸ਼ਨੂੰ ਹੈ, ਗੁਰੂ ਹੀ ਮੇਰਾ ਬ੍ਰਹਮਾ, ਗੁਰੂ ਹੀ ਮੇਰੀ ਪਾਰਬਤੀ, ਲਛਮੀ ਤੇ ਸਰਸ੍ਵਤੀ ਹੈ। (ਪ੍ਰਸ਼ਨ:ਬਿਨਾਂ ਉਨ੍ਹਾਂ ਦੇ ਮੰਨੇ ਦੇ ਨਾਦ ਤੇ ਵੇਦ ਸ਼ਬਦ ਤੇ ਗਯਾਨ-ਦਾ ਅਧਿਸ਼ਠਾਤਾ ਕੌਣ ਬਣੇਗਾ? ਉੱਤਰ:)[੧] ਗੁਰੂ (ਦਾ ਉਚਾਰਿਆ) ਵਾਕ (ਮੇਰੇ ਲਈ) ਨਾਦ ਹੈ, ਗੁਰੂ ਦਾ ਵਾਕ (ਹੀ) ਵੇਦ ਹੈ, (ਕਿਉਂਕਿ) ਗੁਰੂ ਵਾਕ ਵਿਚ (ਨਿਰੰਜਨ) ਸਮਾ ਰਿਹਾ ਹੈ[੨]। (ਉਸ ਗੁਰੂ ਦੀ ਮਹਿੰਮਾ ਪੂਰੀ ਪੂਰੀ ਨਹੀਂ ਜਾਣ ਸਕੀਦੀ),[੩] ਜੇ ਮੈਂ ਜਾਣ ਬੀ ਲਵਾਂ ਤਾਂ ਵਰਣਨ ਨਹੀਂ ਕਰ ਸਕਦਾ (ਕਿਉਂਕਿ) ਉਸ ਦਾ ਕਥਨ ਕਿਹਾ ਹੀ ਨਹੀਂ ਜਾ ਸਕਦਾ[੪] (ਇਸ ਲਈ ਮੇਰੀ ਤਾਂ ਉਸ ਗੁਰੂ ਅਗੇ ਹੀ ਅਰਦਾਸ ਹੈ ਕਿ ਹੇ) ਗੁਰੋ (ਮੈਨੂੰ) ਇਕ (ਗੱਲ) ਬੁਝਾ ਦਿਓ ਕਿ ਸਭਨਾਂ ਜੀਆਂ ਦਾ (ਜੋ) ਇਕੋ ਦਾਤਾ ਹੈ ਓਹ ਮੈਨੂੰ ਕਦੇ ਵਿਸਰੇ ਨਾ[੫]॥੫॥

ਵ੍ਯਾਖ੍ਯਾ–'ਸੋਇ' ਉਹ ਜਿਸ ਨੂੰ ਪਿਛੇ ਹੁਕਮੀ, ਦਾਤਾ, ਸੱਚਾ ਸਾਹਿਬ ਤੇ ਆਪੇ ਸਚਿਆਰ ਦੱਸ ਆਏ ਹਨ, ਹੁਣ 'ਨਿਰੰਜਨ' ਨਾਮ ਨਾਲ ਯਾਦ ਕਰਦੇ ਹਨ ਕਿ ਉਹ ਮਾਇਆ ਅਤੀਤ ਹੈ। ਇਹ ਨਾ ਸਮਝੋ ਕਿ ਨਿਰੰਜਨ ਨਾਮ ਹੋਣ ਕਰਕੇ ਉਹ ਹੈ ਹੀ ਨਹੀਂ ਤੇ ਐਵੇਂ ਦਾਨਿਆਂ ਨੇ ਉਸ ਦੀ ਹਸਤੀ ਮਿਥ ਲਈ ਹੈ। ਤੇ ਨਾ ਹੀ ਓਹ ਕੋਈ ਬਨਾਵਟ ਹੈ, ਜਿਵੇਂ ਮੂਰਤ ਪੂਜਕ ਮੂਰਤੀ ਬਣਾ ਲੈਂਦੇ ਹਨ। ਉਹ ਹੈ ਪਰ ਕਲਪਨਾ ਤੇ ਕ੍ਰਿਤ ਦੋਹਾਂ ਤੋਂ ਪਰੇ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜੋ ਕਲਪਨਾ ਕ੍ਰਿਤ

[੧]'ਗੁਰੁ ਈਸਰੁ.........' ਦਾ ਅਰਥ ਪਹਿਲੇ ਆਇਆ ਹੈ ਤੇ 'ਗਰਮੁਖਿ ਨਾਦੰ.....' ਦਾ ਅਰਥ ਹੁਣ ਤੁਰਿਆ ਹੈ।

[੨]ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (ਮਲਾਰ ਵਾਰ ਮ: ੧-੨)
ਪੁਨਾ:- ਗੁਰ ਮਹਿ ਆਪੁ ਰਖਿਆ ਕਰਤਾਰੇ॥ (ਮਾਰੂ ਸੋ: ਮ: ੧-੪)

[੩]'ਜੇ ਹਉ ਜਾਣਾ....' ਦਾ ਅਰਥ ਤੁਰਿਆ।

[੪]ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ॥ (ਸਿਰੀ ਰਾਗ ਮ: ੫-੯੯)

[੫]'ਗੁਰਾਂ ਨੈ ਇਕ ਗੱਲ ਸਮਝਾ ਦਿੱਤੀ ਹੈ।' ਐਉਂ ਬੀ ਲਾਉਂਦੇ ਹਨ, ਪਰ 'ਦੇਹਿ' ਪਦ ਲੋਟ ਲਕਾਰ ਵਿਚ ਪਿਆ ਹੈ।

ਤੋਂ ਪਰੇ ਹੈ ਤੇ ਜੋ ਮਾਇਆ ਤੋਂ ਬੀ ਅਤੀਤ ਹੈ ਤਾਂ ਕਿਵੇਂ? ਆਪ ਦੱਸਦੇ ਹਨ ਕਿ ਓਹ 'ਆਪਣੇ ਆਪ ਹੈ' ਭਾਵ ਸੁਤੇ ਪ੍ਰਕਾਸ਼ ਹੈ। ਉਸ ਦੀ ਹਸਤੀ ਅਜ਼ਲੀ ਹਸਤੀ ਹੈ, ਉਹ ਕਿਸੇ ਕਾਰਣ ਕਾਰਜ ਦੀ ਮੁਥਾਜ ਨਹੀਂ। ਫਿਰ ਪ੍ਰਸ਼ਨ ਹੁੰਦਾ ਹੈ ਕਿ ਸਬੂਤ ਕੀਹ? ਤਾਂ ਉੱਤਰ ਦੇਂਦੇ ਹਨ ਕਿ ਗੱਲਾਂ ਨਾਲ ਨਹੀਂ, ਜਿਸ ਨੇ ਉਸ ਨੂੰ ਸੇਵਿਆ ਹੈ ਉਸ ਨੇ ਉਸ ਦੀ ਹੋਂਦ ਦਾ ਪ੍ਰਮਾਣ (ਸਬੂਤ)[1] ਪਾ ਲੀਤਾ ਹੈ। ਫਿਰ ਸਵਾਲ ਹੁੰਦਾ ਹੈ ਕਿ ਸੇਵੀਦਾ ਕੀਕੂੰ ਹੈ ਕਿ ਜੋ ਮਾਯਾਵੀ ਰੂਪ ਵਾਲਾ ਨਹੀਂ, ਜੋ ਮੂਰਤੀ ਬੀ ਨਹੀਂ, ਜੋ ਮਾਨਸਿਕ ਵਹਿਮ ਵਿਚ ਮਿਥਿਆ ਹੋਇਆ ਕਲਪਨਾ ਰੂਪ ਬੀ ਨਹੀਂ? ਉਤਰ ਦੇਂਦੇ ਹਨ ਕਿ ਉਸ ਦੇ ਗੁਣਾਨੁਵਾਦ ਕਰੀਦੇ ਹਨ, ਗੁਣ ਸੁਣੀਂਦੇ ਹਨ, ਪਰ ਮਨ ਵਿਚ ਪ੍ਰੇਮ ਧਾਰਕੇ। ਇਹ ਪ੍ਰੇਮ ਦਾ ਗੁਣ ਕਥਨ, ਜਿਸ ਵਿਚ ਉਸ ਦਾ ਨਾਮ ਧਜ਼ਾਨ ਬੀ ਆ ਜਾਂਦੇ ਹਨ, ਇਹ ਹੈ ਉਸ ਦੀ ਸੇਵਾ, ਇਹ ਦਾਤ ਗੁਰੂ ਤੋਂ ਮਿਲਦੀ ਹੈ। ਇਸ ਲਈ ਗੁਰੂ ਸ਼ਿਵ, ਵਿਸ਼ਨੂੰ, ਬ੍ਰਹਮਾਂ ਸਭ ਵਡੇ ਮੰਨੇ ਦੇਵਤਿਆਂ ਨਾਲੋਂ ਸ੍ਰੇਸ਼ਟ ਹੈ ਤੇ ਉਸ ਦਾ ਵਾਕ ਨਾਦ ਤੇ ਵੇਦ ਸਭ ਤੋਂ ਵਡੇਰਾ ਹੈ[2]। ਕਿਉਂਕਿ ਉਸ ਦੇ ਵਾਕ 'ਨਾਮ' ਵਿਚ ਸਾਈਂ ਸਮਾਇਆ ਹੁੰਦਾ ਹੈ, ਭਾਵ ਨਾਮ ਵਿਚ ਨਾਮੀ ਦਾ ਨਿਵਾਸ ਹੁੰਦਾ ਹੈ ਤੇ ਗੁਰੂ ਕੇ ਵਾਕ ਨਾਲ ਮਨ ਵਾਹਿਗੁਰੂ ਵਿਚ ਲੱਗ ਜਾਂਦਾ ਹੈ:-

ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥ (ਰਾਮ: ਮ: ੧-੧੦)

ਇਸ ਲਈ ਗੁਰੂ ਅਗੇ ਹੀ ਪ੍ਰਾਰਥਨਾ ਕਰਨ ਦੀ ਜਾਚ ਦੱਸਦੇ ਹਨ ਕਿ ਸਭਨਾਂ ਜੀਆਂ ਦਾ ਜੋ ਦਾਤਾ ਹੈ, ਜੋ ਅਦੁਤੀ ਹੈ, ਓਹ ਮੈਨੂੰ ਕਦੇ ਨਾ ਭੁੱਲੇ।

ਵਿਸ਼ਨੂੰ ਬ੍ਰਹਮਾ ਤੇ ਸ਼ਿਵ ਤੋਂ ਗੁਰਮੁਖ ਕਿਉਂ ਉਚਾ ਹੈ, ਭਾਈ ਗੁਰਦਾਸ ਜੀ ਦੱਸਦੇ ਹਨ[3]:

ਬਿਸਨੈ ਦਸ ਅਵਤਾਰ ਨਾਵ ਗਣਾਇਆ॥
ਕਰਿ ਕਰਿ ਅਸੁਰ ਸੰਘਾਰ ਵਾਦੁ ਵਧਾਇਆ॥
ਬ੍ਰਹਮੈ ਵੇਦ ਵੀਚਾਰਿ ਆਖਿ ਸੁਣਾਇਆ॥
ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ॥
ਮਹਾਦੇਉ ਲਾਇ ਤਾਰ ਤਾਮਸ ਤਾਇਆ॥
ਗੁਰਮੁਖਿ ਮੋਖ ਦੁਆਰੁ ਆਪੁ ਗਵਾਇਆ ॥੪॥ (ਵਾਰ -੧੪)

ਗੁਰਮੁਖ ਕਿੰਞ ਤਾਰਦਾ ਹੈ?

ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥ (ਸਿਧ ਗੋਸਟਿ-੨੨)

ਗੁਰਮੁਖਿ ਵਾਹਿਗੁਰੂ ਦਾ ਭਉ ਜਗਜਾਸੂ ਮਨਾਂ ਤੇ ਪਾਉਂਦਾ ਹੈ, ਗੁਰਮੁਖ ਅਪਣੀ ਬਾਣੀ

---

[1]ਸੰਸਕ੍ਰਿਤ-ਮਾਨ=ਅੰਦਾਜ਼ਾ, ਸਿਆਣ, ਗਿਆਨ, ਧਾਤੂ ਹੈ ਮਨ੍=ਗਜ਼ਾਨ ਪ੍ਰਾਪਤ ਕਰਨੇ ਦੀ ਇਛਾ ਕਰਨੀ, ਸਿਆਣਨਾ, ਪਛਾਣਨਾ। ਸਬੂਤ।

[2]ਤਿੰਨਾਂ ਦਾ ਨਾਮ ਇਸ ਕਰਕੇ ਆਇਆ ਜਾਪਦਾ ਹੈ ਕਿ ਸ਼ਿਵ ਨਾਦ ਦਾ ਪ੍ਰੇਮੀ ਹੈ, ਵਿਸ਼ਨੂੰ ਵੇਦ ਦਾ ਰਖਜ਼ਕ ਹੈ ਤੇ ਬ੍ਰਹਮਾ ਵੇਦ ਵੀਚਾਰ ਦਾ ਨੇਮੀ ਹੈ।

[3]ਇਕ ਲੇਖਕ ਨੇ ਇਨ੍ਹਾਂ ਤੁਕਾਂ ਵਿਚੋਂ ਖਿੱਚ ਮਾਰਕੇ ਸ਼ਿਵ, ਵਿਸ਼ਨੂੰ, ਬ੍ਰਹਮਾ, ਪਾਰਬਤੀ, ਲਛਮੀ, ਸੁਰੱਸ੍ਵਤੀ ਛੇ ਗੁਰੂ ਦੱਸੇ ਹਨ ਕਿ ਏਹਨਾਂ ਨੂੰ ਗੁਰੂ ਜੀ ਆਪਣਾ ਗੁਰੂ ਦੱਸ ਰਹੇ ਹਨ। ਪਰ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗਰਬ ਗੰਜਨੀ ਟੀਕੇ ਵਿਚ ਇਸ ਦਾ ਖੰਡਨ ਕੀਤਾ ਹੈ। ਇਨ੍ਹਾਂ ਬਾਬਤ ਗੁਰਬਾਣੀ ਐਉਂ ਦੱਸਦੀ ਹੈ:

'ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥' (ਮਲਾਰ ਮ: ੩-੧)
ਪੁਨਾ:-ਸਿਵ ਬਿਰੰਚਿ ਅਸੁਰ ਸੁਰ ਜਤੇ ਕਾਲ ਅਗਨਿ ਮਹਿ ਜਰਤੇ॥ (ਮਲਾਰ ਮ: ੫-੪)
ਤਥਾ:- ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ (ਗੋਂਡ ਨਾਮ: ੬)
ਤਥਾ:- ਦੇਵੀਆ ਨਹੀ ਜਾਨੈ ਮਰਮ॥ (ਰਾਮ: ਮਹਲਾ ੫-੩੬)
ਪੁਨਾ:-ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ (ਭੈਰਉ ਮ: ੧ ਅਸਟ:-੧)
ਭਾਈ ਗੁਰਦਾਸ--ਗੁਰਮੁਖਿ ਭੂਪਤਿ ਵੇਸਿ ਨ ਵਿਆਪੈ ਮਾਇਆ॥
ਬ੍ਰਹਮੇ ਬਿਸਨ ਮਹੇਸ਼ ਨ ਦਰਸਨੁ ਪਾਇਆ॥ (ਵਾਰ : ੧੪-੩)

ਅਰਥਾਤ ਵਾਕ (ਨਾਮ) ਨਾਲ ਅਨਘੜੇ (ਅਨਸਿਖਜਤ ਜਗਜਾਸੂ) ਨੂੰ ਸੁਸਿਖਜਤ ਕਰ ਦੇਂਦਾ ਹੈ। ਜੋ ਗੁਰਮੁਖ ਨਾਲ ਪਰਚਾ ਪਾ ਲੈਂਦੇ ਹਨ ਓਹ ਸ਼ਬਦ ਦੇ ਗਜਾਨੀ ਹੋ ਜਾਂਦੇ ਹਨ ਤੇ ਵੇਦ ਵੀਚਾਰ ਦੇ ਜਾਣੂ ਹੋ ਜਾਂਦੇ ਹਨ; ਨਹੀਂ ਨਹੀਂ ਓਹ ਅਪਣੇ ਅੰਦਰ ਦੀ ਸਾਰੀ ਗਲ ਸਮਝ ਜਾਂਦੇ ਹਨ। ਯਥਾ:-

ਗੁਰਮੁਖਿ ਪਰਚੈ ਬੇਦ ਬੀਚਾਰੀ॥ ਗੁਰਮੁਖਿ ਪਰਚੈ ਤਰੀਐ ਤਾਰੀ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥
ਗੁਰਮੁਖਿ ਪਾਈਐ ਅਲਖ ਅਪਾਰੁ॥ ਨਾਨਕ ਗੁਰਮੁਖਿ ਮੁਕਤਿ ਦੁਆਰੁ॥੨੮॥ (ਸਿਧ ਗੋਸਟਿ)

ਤੀਸਰੇ ਸਤਿਗੁਰਾਂ ਦਾ ਵਾਕ ਹੈ:- **ਗੁਰਮੁਖਿ ਨਾਦ ਬੇਦ ਬੀਚਾਰੁ॥** (ਮਾਰੂ ਮ: ੩-੧੪)

ਗੁਰਮੁਖ ਦੀ ਵੀਚਾਰ ਹੀ ਨਾਦ ਤੇ ਵੇਦ ਹੈ। ਫਿਰ ਪੰਜਵੇਂ ਸਤਿਗੁਰਾਂ ਬੀ ਫੁਰਮਾਇਆ:

ਗੁਰਮੁਖਿ ਨਾਦ ਬੇਦ ਬੀਚਾਰੁ॥ (ਰਾਗੁ ਮਲਾਰ ਮ: ੫-੧੯)

ਫਿਰ ਗੁਰ ਵਾਕ ਹੈ:- **ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥** (ਸਿਧ ਗੋਸਟਿ-੨੮)

ਗੁਰਮੁਖਿ ਪਾਈਐ ਸਬਦਿ ਅਚਾਰਿ॥ ਸਬਦਿ ਭੇਦਿ ਜਾਣੈ ਜਾਣਾਈ॥
ਨਾਨਕ ਹਉਮੈ ਜਾਲਿ ਸਮਾਈ॥੨੯॥ (ਸਿਧ ਗੋਸਟਿ)

ਇਹ ਗਲ ਗੁਰੂ ਤੋਂ ਕਿਉਂ ਖਾਸ ਕਰਕੇ ਮੰਗੀ ਹੈ ਕਿ ਮੈਨੂੰ ਦਾਤਾ ਨਾ ਵਿਸਰੇ? ਇਸ ਦਾ ਉਤਰ ਗੁਰਬਾਣੀ ਵਿਚ ਇਹ ਹੈ ਕਿ ਦਾਤਾ ਨੂੰ ਨਾਂ ਵਿਸਾਰਨਾ ਸਤਜ ਸਰੂਪ ਵਿਚ ਲੈ ਜਾਂਦਾ ਹੈ:-

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ: ੫-੧੦੮)

ਨਿਰੁਕ੍ਤ- ਥਾਪਨਾ-ਸਥਾਪਨ ਕਰਨਾ, ਕਿਸੇ ਥਾਂ ਯਾ ਪਦਵੀ ਉਤੇ ਕਾਇਮ ਕਰਨਾ। ਮਿਥ ਲੈਣਾ। ਫਰਜ਼ ਕਰ ਲੈਣਾ।

'ਥਾਪਿਆ ਨ ਜਾਇ.....'-ਵਾਹਿਗੁਰੂ ਐਸੀ ਜ਼ਾਤ ਨਹੀਂ ਕਿ ਜੋ ਹੈ ਤਾਂ ਨਹੀਂ, ਪਰ ਮਿਥ ਲਈ ਗਈ ਹੈ। ਨਾ ਉਹ ਮੂਰਤੀਆਂ ਦੀ ਤਰ੍ਹਾਂ (ਕੀਤੀ ਹੋਈ=) ਰਚੀ ਹੋਈ ਵਸਤੂ ਹੋ ਸਕਦਾ ਹੈ, ਉਹ ਆਪੇ ਆਪ ਹੈ=ਕਾਇਮ ਬਿਲਜ਼ਾਤ ਹੈ। ਵਧੇਰੇ ਨਿਰਸੰਸੇ ਕਰਨ ਲਈ ਉਸ ਨੂੰ ਨਿਰੰਜਨ=ਮਾਯਾ ਆਦਿ ਤੋਂ ਬੀ ਨਿਰਲੇਪ ਦੱਸਿਆ ਹੈ। ਨਿਰੰਜਨ, ਨਿਰ+ਅੰਜਨ=ਮਾਇਆ ਆਦਿ ਕਿਸੇ ਰਲੇ ਉਪਾਧੀ ਵਜਾਪਤੀ ਤੋਂ ਬਿਨਾਂ। ਸ਼ੁੱਧ ਸਰੂਪ।

ਮਾਨੁ-ਪ੍ਰਮਾਣ=ਉਹ ਸਬੂਤ ਜਿਸ ਨਾਲ ਨਿਹਚਾ ਆ ਜਾਵੇ। ਲਫਜ਼ 'ਪ੍ਰਮਾਣ' ਦਾ ਧਾਤੂ ਹੈ ਮਾ=ਮਿਣਤੀ ਕਰਨਾ। (ਅ) ਸੰਪ੍ਰਦਾਈ ਅਰਥ ਐਉਂ ਬੀ ਹੈ:ਜਿਸ ਨੇ ਉਸ ਨੂੰ ਸੇਵਿਆ ਉਸ ਨੈ (ਦਰਗਾਹ ਦਾ ਮਾਨ=) ਸਨਮਾਨ ਪ੍ਰਾਪਤ ਕੀਤਾ।

ਗੁਰਮੁਖਿ ਨਾਦੰ-ਕੋਸ਼ਾਂ ਵਿਚ 'ਮੁਖ' ਦਾ ਅਰਥ ਉਚਾਰਣ[1] ਬੀ ਦਿੱਤਾ ਹੈ। ਸੋ ਗੁਰ+ਮੁਖਿ=ਗੁਰੂ ਦੇ ਵਾਕ ਵਿਚ। ਲਛਣਾਂ ਦੁਆਰਾ ਬੀ ਗੁਰੂ ਦਾ ਮੁਖ 'ਗੁਰੂ ਦਾ ਵਾਕ' ਹੈ:

ਸਭਿ ਨਾਦ ਬੇਦ ਗੁਰਬਾਣੀ॥ (ਰਾਮਕਲੀ ਮਹਲਾ ੧-੧੦)

ਇਸ ਤੁਕ ਦੇ ਅਰਥ ਹੋਰ ਤਰ੍ਹਾਂ ਬੀ ਲਾਉਂਦੇ ਹਨ ਪਰ ਕੋਈ ਨ ਕੋਈ ਤ੍ਰੁਟੀ ਰਹਿ ਜਾਂਦੀ ਹੈ।

੧. ਗੁਰੂ ਹੀ ਨਾਦ ਹੈ, ਗੁਰੂ ਹੀ ਵੇਦ ਹੈ, ਗੁਰੂ ਹੀ ਸਮਾ ਰਿਹਾ ਹੈ। ਏਥੇ ਗੁਰਮੁਖ ਦਾ ਅਰਥ ਗੁਰੂ ਕਰਨਾ ਪਿਆ। ਜਿਵੇਂ ਗੁਰੂ ਜੀ ਨੇ ਅਗਲੀ ਤੁਕ ਵਿਚ ਗੁਰੂ ਪਦ ਵਰਤਿਆ ਹੈ ਏਥੇ ਬੀ ਵਰਤ ਸਕਦੇ ਸਨ, ਏਥੇ 'ਗੁਰਮੁਖ' ਰਖਿਆ ਤਾਂ ਜ਼ਰੂਰ ਕੋਈ ਅਰਥ ਵਿਚ ਵਿਲੱਖਣਤਾ ਰਖੀ ਹੈ ਜੋ ਇਸ ਅਰਥ ਵਿਚ ਨਹੀਂ ਦਿੱਸਦੀ।

---

[1]ਸ਼ਬਦ ਕੋਸਤਭ ਕੋਸ਼ ਵਿਚ 'ਮੁਖ' ਪਦ ਦੇ ੧੬ ਅਰਥ ਹਨ, ਇਕ ਅਰਥ ਹੈ ਮੂੰਹ ਦਾ ਉਚਾਰਿਆ ਵਾਕ। Utterance.

੨. ਗੁਰੂ ਦੁਆਰਾ ਨਾਦ ਪ੍ਰਾਪਤ ਹੁੰਦਾ ਹੈ ਤੇ ਵੇਦ ਪ੍ਰਾਪਤ ਹੁੰਦਾ ਹੈ ਤੇ ਗੁਰੂ ਦੁਆਰਾ ਸਾਰੇ ਸਮਾ ਰਿਹਾ (ਜਾਣੀਦਾ ਹੈ), ਪਰ ਅਗਲੀ ਤੁਕ ਦੱਸਦੀ ਹੈ ਕਿ ਸ਼ਿਵ, ਵਿਸ਼ਨੂੰ, ਬ੍ਰਹਮਾਂ ਦੀ ਥਾਂ ਗੁਰੂ ਨੂੰ ਦੱਸ ਰਹੇ ਹਨ।

੩. ਇਸੇ ਤਰ੍ਹਾਂ ਦਾ ਅਰਥ ਇਕ ਹੋਰ ਹੈ, ਗੁਰੂ ਮੁਖ=ਗੁਰੂ ਜੋ ਮੁੱਖ ਹੈ, ਅਰਥਾਤ ਸ੍ਰੇਸ਼ਟ ਗੁਰੂ ਦਾ ਨਾਦ (ਸ਼ਬਦ) (ਜਦ ਗੁਰਮੁਖ=) ਜਗਜਾਸੂ (ਨੇ ਸੁਣਕੇ ਵੇਦੰ=) ਜਾਣਿਆਂ, ਤਦ (ਗੁਰਮੁਖ=) ਗੁਰੂ ਜੋ ਮੁੱਖ ਹੈ ਅਰਥਾਤ ਪਰਮਾਤਮਾ ਉਸ ਵਿਚ ਸਮਾਂ ਅਰਥਾਤ ਅਭਿੰਨ ਹੋ ਜਾਂਦਾ ਹੈ।

(ਪਉੜੀ ੬)

ਪ੍ਰਾਕ੍ਰਥਨ– ਪਉੜੀ ਪੰਜ ਵਿਚ 'ਪ੍ਰੇਮ ਸਰੂਪ' ਦੇ ਪ੍ਰੇਮ ਦਾ ਅਧਿਕਾਰੀ ਹੋਣ ਲਈ 'ਨਾਮ ਮਾਰਗ' ਦੱਸਿਆ ਸੀ। ਨਾਮ ਜੋ ਪ੍ਰੇਮ ਰੂਪ ਹੈ 'ਪ੍ਰੇਮ ਸਰੂਪ' ਪ੍ਰਭੂ ਨੂੰ ਪ੍ਰਸੰਨ ਕਰਦਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਕਿਆ 'ਕਰਮ'; ਜੈਸੇ ਕਿ ਤੀਰਥ ਇਸ਼ਨਾਨ ਹੈ, ਦਾਤੇ ਨੂੰ ਪ੍ਰਸੰਨ ਨਹੀਂ ਕਰਦਾ? ਉੱਤਰ ਦੇਂਦੇ ਹਨ ਕਿ ਤੀਰਥ ਆਦਿ ਕਰਮ ਪ੍ਰਭੂ ਦੀ ਪ੍ਰਸੰਨਤਾ ਲੈਣ ਦੇ ਸਰਮਥ ਨਹੀਂ। 'ਨਾਮ' ਹੀ ਠੀਕ ਮਾਰਗ ਹੈ ਜਿਸ ਨਾਲ ਬੁੱਧੀ ਉੱਜਲ ਹੋ 'ਆਤਮ ਦਾਤਾਂ' ਦੀ ਲਖਣਹਾਰੀ ਹੋ ਜਾਂਦੀ ਹੈ ਤੇ ਈਸ਼੍ਵਰ ਦੀ ਪ੍ਰਸੰਨਤਾ ਲੈਣ ਦੇ ਗੁਣ ਧਾਰਨ ਕਰਦੀ ਹੈ।

ਮਨ ਵਿਚ ਪ੍ਰੇਮ ਉਪਜਦਾ ਹੈ ਜੋ ਪਰਮਾਤਮ ਦੇਵ ਦੇ ਪ੍ਰੇਮ ਨੂੰ ਖਿੱਚ ਪਾਉਂਦਾ ਹੈ। ਨਾਮ ਨੂੰ ਇਸ ਪਉੜੀ ਵਿਚ 'ਸੋ ਮੈ ਵਿਸਰਿ ਨ ਜਾਈ' ਦੀ ਅਰਦਾਸ ਵਿਚ ਖੁਹਲਿਆ ਹੈ।

ਮੂਲ	ਅਰਥ
ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥	(ਮੈਂ) ਤੀਰਥ ਵਿਚ ਨ੍ਹਾਵਾਂ ਜੇ (ਨ੍ਹਾਉਣ ਨਾਲ) ਉਸ ਨੂੰ ਭਾ ਜਾਵਾਂ, ਬਿਨਾਂ (ਉਸ ਨੂੰ) ਭਾਏ (ਜਾਣ ਦੇ ਮੈਂ) ਨ੍ਹਾਕੇ ਕੀਹ ਕਰਾਂ, (ਭਾਵ ਤੀਰਥ ਸ਼ਨਾਨ ਉਸ ਦੀ ਪ੍ਰਸੰਨਤਾ ਦਾ ਕਾਰਨ ਨਹੀਂ, ਸੋ ਉਸ ਦੀ ਪ੍ਰਸੰਨਤਾ ਲੈਣ ਲਈ ਨਿਰੇ ਤੀਰਥ ਆਦਿ ਕਰਮਾਂ ਦੇ ਕਰਨੇ ਦਾ ਲਾਭ ਨਹੀਂ)। ਜਿਤਨੀ (ਕਰਤਾ ਪੁਰਖ ਦੀ) ਉਪਜਾਈ ਰਚਨਾ (ਮੈਂ) ਵੇਖਦਾ ਹਾਂ (ਉਸ ਵਿਚ) ਕਿਸੇ ਨੂੰ ਕਰਮਾਂ (ਭਾਗਾਂ) ਬਾਝੋਂ ਕੀਹ ਮਿਲਦਾ ਹੈ? (ਭਾਵ ਕੁਛ ਨਹੀਂ, ਜੇ ਮਿਲਦਾ ਹੈ ਤਾਂ ਕੋਈ) ਲੈ ਲਵੇ (ਅਰਥਾਤ ਲੈਕੇ ਦਿਖਾਵੇ, ਭਾਵ ਹੈ ਆਪਣੇ ਲੈਣ ਦੇ ਜ਼ੋਰ ਨਾਲ ਕੁਝ ਨਹੀਂ ਲੱਭਦਾ)।
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥	(ਇਸੀ ਤਰ੍ਹਾਂ ਜੀਵ ਦੀ) ਬੁੱਧੀ ਵਿਚ ਰਤਨ ਜਵਾਹਰ ਤੇ ਮਾਣਕ ਹੈਨ, (ਪਰ ਆਪਣੇ ਜ਼ੋਰ ਨਾਲ ਨਹੀਂ ਮਿਲਦੇ। ਪ੍ਰਸ਼ਨ-ਫਿਰ ਕੀਕੂੰ ਲਏ ਜਾਵਣ? ਉੱਤਰ:) ਜੇ ਗੁਰਾਂ ਦੀ ਇਕ ਸਿਖ੍ਯਾ ਸੁਣ ਲਵੇ ਤਾਂ (ਉਹ ਮਿਲਦੇ ਹੈਨ, ਸੋ ਉਸ ਸਿਖ੍ਯਾ ਲਈ ਅਰਦਾਸ ਕਰ ਕਿ) ਹੇ ਗੁਰੂ ਜੀ (ਮੈਨੂੰ) ਇਕ ਗੱਲ ਬੁਝਾ ਦਿਓ (ਅਰਥਾਤ ਸਮਝਾਕੇ ਮੇਰੇ ਅੰਦਰ ਵਾੜ ਦਿਓ ਕਿ) ਸਭਨਾਂ ਜੀਆਂ ਦਾ (ਜੋ) ਇੱਕੋ ਦਾਤਾ ਹੈ ਓਹ ਮੈਨੂੰ (ਕਿਵੇਂ ਵੀ ਤੇ ਕਦੇ ਵੀ) ਵਿਸਰ ਨਾ ਜਾਵੇ॥੬॥

ਵ੍ਯਾਖ੍ਯਾ–ਪਹਿਲੀ ਪਉੜੀ ਵਿਚ ਦੱਸਿਆ ਸੀ ਕਿ ਸ਼ੌਚ, ਚੁਪ, ਬ੍ਰਤ, ਆਦਿ ਕਰਮਾਂ ਤੇ ਹਉਂ-ਲਿਪਤ ਸਿਆਣਪਾਂ ਨਾਲ ਸਚਿਆਰ ਨਹੀਂ ਬਣ ਸਕੀਦਾ। ਫੇਰ ਦੱਸਿਆ ਸੀ ਕਿ ਹੁਕਮ ਵਿਚ ਚੱਲਣੇ ਨਾਲ ਬਣ ਸਕੀਦਾ ਹੈ। ਉਥੋਂ ਲੈਕੇ ਪੰਜਵੀਂ ਪਉੜੀ ਦੇ ਅਖ਼ੀਰ ਤਕ ਸਾਰਾ ਵੇਰਵਾ 'ਹੁਕਮ

ਤੱਕ ਅੱਪੜਨੇ ਦਾ ਦੱਸਿਆ ਸੀ। ਹੁਣ 'ਤੀਰਥ ਨਾਵਾ' ਵਾਲੀ ਤੁਕ ਵਿਚ ਉਹੋ 'ਸ਼ੌਚ' ਵਾਲੀ ਗੱਲ 'ਤੀਰਥ ਨਾਵਾ' ਕਹਿਕੇ ਦੱਸਦੇ ਹਨ ਕਿ ਇਹ ਕਰਮ ਪਰਮੇਸ਼ੁਰ ਦੀ ਪ੍ਰਸੰਨਤਾ ਨੂੰ ਆਕਰਖਣ ਨਹੀਂ ਕਰਦੇ। ਸੋ ਘਰ ਬੈਠਕੇ ਸ਼ੌਚ ਕਰਨੀ ਕਿ ਤੀਰਥਾਟਨ ਕਰਕੇ ਪੁਰਬਾਂ ਦੇ ਇਸ਼ਨਾਨਾਂ ਨਾਲ ਸ਼ੌਚ ਤੇ ਐਸੀਆਂ ਹੋਰ ਗੱਲਾਂ ਦੇ ਕਰਨੇ ਦੀ ਲੋੜ ਨਹੀਂ। ਇਹ ਭਾਵ ਇਥੇ ਬੱਸ ਨਹੀਂ, ਇਸ ਪਉੜੀ ਵਿਚ 'ਅੰਤਰ ਗਤਿ ਤੀਰਥਿ' ਦਾ ਮੁੱਢ ਬੱਝਦਾ ਹੈ, ਜਿਸ ਦਾ ਵੇਰਵਾ ਪਉੜੀ ੨੧ ਵਿਚ ਹੈ। ਏਥੇ ਤੀਰਥ ਇਸ਼ਨਾਨ ਦਾ ਜ਼ਿਕਰ ਹੈ, ਓਥੇ 'ਤੀਰਥੁ ਤਪੁ ਦਇਆ ਦਤੁ ਦਾਨੁ' ਆਦਿ ਵਧੇਰੇ ਕਰਮ ਗਿਣੇ ਹਨ, ਸੋ ਏਥੇ ਬੀ ਤੀਰਥ ਉਪਲਖਤ ਸਾਰੇ ਕਰਮਾਂ ਤੋਂ ਮੁਰਾਦ ਹੈ। ਕਰਮ ਮਾਰਗ ਵਿਚ ਤੇ ਜੋਗੀਆਂ ਵਿਚ ਤੀਰਥ ਇਸ਼ਨਾਨ ਇਕ ਵੱਡਾ ਕਰਮ ਮੰਨਿਆਂ ਗਿਆ ਹੈ। ਜਿਵੇਂ ਲੋਹਾਰੀਪਾ ਨੇ ਗੁਰੂ ਜੀ ਨੂੰ ਕਿਹਾ ਸੀ:-

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥ (ਸਿਧ ਗੋਸਟਿ-੭)

ਗੁਰੂ ਜੀ ਦਾ ਮਾਰਗ 'ਕਰਮ-ਮਾਰਗ' ਨਹੀਂ, ਨਾ ਹਠਯੋਗ ਹੈ, ਪਰ 'ਪ੍ਰੇਮ-ਮਾਰਗ' ਹੈ[੧]। ਜਿਸ ਦਾ ਹੁਣ ਤਾਈਂ ਉਪਦੇਸ਼ ਕਰਦੇ ਆਏ ਹਨ, ਕਿ ਅਸੀਂ ਕੀਹ ਨਜ਼ਰ ਭੇਟ ਕਰੀਏ, ਕੀਹ ਬੋਲ ਬੋਲੀਏ ਕਿ ਦਾਤਾ ਸਾਨੂੰ ਪਿਆਰ ਕਰੇ। ਪਿਆਰ ਪ੍ਰਸੰਨਤਾ ਲੈਣ ਨਾਲ ਹੁੰਦਾ ਹੈ, ਪ੍ਰਸੰਨਤਾ ਲੈਣ ਲਈ ਹੁਕਮ ਮੰਨਣਾ ਦੱਸਿਆ ਹੈ ਤੇ ਹੁਕਮ ਪਰ ਆਉਣ ਲਈ 'ਗੁਣ ਗਾਇਨ' ਤੇ 'ਨਾਮ ਸਿਮਰਨ' ਉਪਾਉ ਦੱਸੇ। 'ਗੁਣ ਗਾਇਨ ਤੇ ਨਾਮ' ਆਪਣੇ ਆਪ ਵਿਚ ਪ੍ਰੇਮ ਦਾ ਹੀ ਇਕ ਰੂਪ ਹਨ, ਜਿਨ੍ਹਾਂ ਨਾਲ ਸਾਈਂ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ[੨]। ਪ੍ਰਸੰਨ ਹੋਕੇ ਦਾਤਾ ਪਜਾਰ ਦੀ ਨਦਰ ਕਰਦਾ ਤੇ ਮੋਖ ਦੁਆਰ ਬਖਸ਼ਦਾ ਹੈ। ਇਸ ਪਉੜੀ ਵਿਚ ਫੇਰ ਫੁਰਮਾਉਂਦੇ ਹਨ ਕਿ ਤੀਰਥਾਦਿ ਕਰਮ ਉਸ ਦੀ ਪ੍ਰਸੰਨਤਾ ਲੈਣ ਦੇ ਉਪਾਇ ਨਹੀਂ ਹਨ। ਪ੍ਰਸੰਨਤਾ ਲੈਣ ਦਾ ਉਪਾਉ ਦਾਤੇ ਨੂੰ (ਵਿਸਰ ਨਾ ਜਾਣਾ=) ਸਿਮਰਨ ਕਰਨਾ ਹੀ ਹੈ।

'ਤੀਰਥ ਨਾਵਾ' ਤੋਂ ਭਾਵ 'ਤੀਰਥ ਇਸ਼ਨਾਨ ਆਦਿ ਕਰਮ' ਹੈਨ:-

ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮੁ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥ (ਮਾਰੂ ਮ:੧, ਸੋਲ: ੨੨-੧੩)

ਪੁਨਾ:-**ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥** (ਗਉ: ਮ: ੫-੧੬੪)

ਪਰ ਦੂਸਰੀ ਤੁਕ ਵਿਚ ਪਦ 'ਵਿਣੁ ਕਰਮਾ' ਵਿਚ ਕਰਮਾਂ ਦਾ ਅਰਥ ਹੈ ਭਾਗਾਂ ਤੋਂ ਬਿਨਾ,

ਯਥਾ:- **ਆਪਣ ਲੀਆ ਜੇ ਮਿਲੈ ਤਾਂ ਸਭੁ ਕੋ ਭਾਗਠੁ ਹੋਇ॥**
ਕਰਮਾ[੩] ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਗਉ: ਬੈਰਾ:ਮ: ੧-੧੯)

ਪਿਛਲੇ ਜਨਮ ਦੇ ਕੀਤੇ ਕਰਮਾਂ ਦੇ ਫਲ ਵਿਚ ਪਰਾਰਬਧ ਰੂਪੀ ਭਾਗ ਬਣੇ ਹੋਏ ਹਨ, ਜਿਨ੍ਹਾਂ ਦਾ ਕਰਨਾ ਤਾਂ ਜੀਵ ਦਾ ਹੈ ਤੇ ਉਹਨਾਂ ਦੇ ਭੋਗਣ ਦਾ ਹੁਕਮ ਕਰਤਾ ਪੁਰਖ ਦਾ ਹੈ:-

ਹੁਕਮ[੩] ਚਲਾਏ ਆਪਣੈ ਕਰਮੀ ਵਹੈ ਕਲਾਮ॥ (ਸਾਰੰਗ ਵਾਰ: ਮ: ੧-੯)

ਐਉਂ ਕਰਮਾਂ ਦਾ ਅਰਥ ਏਥੇ 'ਕਰਮ ਫਲ' ਹੈ ਜੋ ਅਪਣੇ ਆਪ ਨਹੀਂ, ਪਰ ਵਾਹਿਗੁਰੂ ਦੇ ਹੁਕਮ ਨਾਲ ਮਿਲਦਾ ਹੈ।

ਸੋ ਇਸ ਕਹਿਣ ਵਿਚ ਬੀ ਧੁਨੀ ਈਸ਼੍ਵਰ ਵਲ ਗਈ ਕਿ ਜਿਸ ਦੇ 'ਭਾਗਾਂ' ਵਿਚ ਈਸ਼੍ਵਰ ਨੇ ਜੋ

---

[੧]ਜਿਸ ਦੇ ਅੰਤਰ ਗਤਿ 'ਵਿਸਮਾਦ' ਹੈ।

[੨]ਨਾਮ ਦਾ ਅਰਥ ਇਸ ਪਉੜੀ ਵਿਚ 'ਸੋ ਮੈ ਵਿਸਰਿ ਨ ਜਾਈ' ਕੀਤਾ ਹੈ। ਵਿਸਰ ਨਾ ਜਾਣਾ ਪ੍ਰੇਮ ਪੈਦਾ ਕਰਦਾ ਹੈ, ਪ੍ਰੇਮ ਵਿਸਰ ਨਾ ਜਾਣਾ ਪੈਦਾ ਕਰਦਾ ਹੈ। ਸੋ ਵਿਸਰ ਨਾ ਜਾਣਾ 'ਸਿਮਰਣ' ਹੈ। ਸਿਮਰਣ ਪਦ ਦਾ ਧਾਤੂ ਹੈ ਸਮ੍ਰਿ। ਇਸ ਧਾਤੂ ਦੇ ਅਰਥ ਹੈਨ ਯਾਦ ਕਰਨਾ, ਪ੍ਰਸੰਨ ਕਰਨਾ, ਪਜਾਰ ਕਰਨਾ ਆਦਿ।

[੩]ਭਾਗਾਂ ਅਨੁਸਾਰ।

ਪਾ ਦਿਤਾ ਹੈ ਸੋ ਮਿਲਦਾ ਹੈ। ਜੇ 'ਵਿਣੁ ਕਰਮਾ' ਵਿਚ ਕਰਮ ਦਾ ਅਰਥ 'ਕਰਮ' ਅਰਥਾਤ 'ਕਰਮ ਕਾਂਡ ਦੇ ਅਨੁਸਾਰ ਕੀਤੇ ਕਰਮ' ਕਰੀਏ ਤਾਂ ਪਹਿਲੀ ਤੁਕ ਨਾਲ ਵਿਰੋਧ ਹੋ ਜਾਂਦਾ ਹੈ, ਜਿਸ ਵਿਚ 'ਤੀਰਥਿ ਨਾਵਾ' ਕਹਿਕੇ ਐਸੇ ਕਰਮਾਂ ਦੀ ਨਿਖੇਧੀ ਕੀਤੀ ਹੈ। ਇਸੇ ਮੁਸ਼ਕਲ ਕਰਕੇ ਕਈ ਦਾਨੇ ਏਥੇ 'ਕਰਮ' ਪਦ ਦਾ ਅਰਥ-ਦਇਆ ਯਾ ਮੇਹਰ ਬੀ ਕਰ ਲੈਂਦੇ ਹਨ[1]।

ਜੇ ਕਹੋ 'ਵਿਣੁ ਕਰਮਾ' ਤੋਂ ਮੁਰਾਦ 'ਸ਼ੁਭ ਕਰਮਾਂ ਤੋਂ ਬਿਨਾਂ' ਹੈ, ਤਾਂ ਸਭ ਕੁਛ ਦੀ ਪ੍ਰਾਪਤੀ ਸ਼ੁਭ ਕਰਮਾਂ ਨਾਲ ਹੋ ਗਈ, ਮੁਕਤਿ ਬੀ ਵਿਚੇ ਆ ਗਈ। ਪਰ ਪਉੜੀ ੪ ਵਿਚ ਦੱਸ ਆਏ ਹਨ ਕਿ ਕਰਮਾਂ ਨਾਲ ਨਿਰਾ ਕਪੜਾ (ਸਰੀਰ) ਮਿਲਦਾ ਹੈ, ਮੋਖ ਦੁਆਰ ਨਹੀਂ ਮਿਲਦਾ।

ਫਿਰ ਦੇਖੋ ਕਿ ਇਸ ਪਉੜੀ ਦੀਆਂ ਅਗਲੀਆਂ ਤ੍ਰੈ ਤੁਕਾਂ ਵਿਚ ਯਾਚਨਾ ਨਾਮ ਦੀ ਹੈ, ਜੋ ਮੋਖ ਪ੍ਰਾਪਤੀ ਦਾ ਮਾਰਗ ਹੈ। ਤਾਂਤੇ ਇਥੇ ਗੁਰੂ ਜੀ ਇਨਸਾਨ ਦੀ ਦ੍ਰਿਸ਼ਟੀ ਨੂੰ 'ਕਰਮਾਂ' ਤੋਂ ਚੁੱਕ ਕੇ ਈਸ਼੍ਵਰ ਉਤੇ ਲਿਜਾ ਰਹੇ ਹਨ ਤੇ ਉਸ ਦੀ ਪ੍ਰਾਪਤੀ ਲਈ ਨਾਮ ਲਈ ਯਾਚਨਾ ਕਰਨੀ ਸਿਖਾ ਰਹੇ ਹਨ।

ਈਸ਼੍ਵਰ ਨੂੰ ਆਪਣੇ ਲਈ ਪ੍ਰਸੰਨਤਾ ਮਈ ਬਨਾਉਣ ਦਾ ਉਪਾਉ ਅਗਲੀ ਅਰਥਾਤ ਤੀਸਰੀ ਤੁਕ ਵਿਚ ਦੱਸਿਆ ਹੈ ਕਿ ਗੁਰੂ ਦੀ ਸਿਖਯਾ ਸੁਣ, ਉਸ ਅਨੁਸਾਰ ਨਾਮ ਸਿਮਰ, ਤਦੋਂ ਬੁੱਧਿ ਵਿਚ ਰਤਨ ਜਵਾਹਰ ਮਾਣਕ ਪ੍ਰਾਪਤ ਹੋਣਗੇ, ਇਹ ਇਸ਼ਨਾਨ ਹੋਵੇਗਾ ਅੰਤਰ ਗਤਿ[2]। ਜਿਸ ਬੁੱਧੀ ਰੂਪੀ ਤੀਰਥ ਵਿਚ ਨ੍ਹਾ ਕੇ ਨਾ ਕੇਵਲ ਇਸ਼ਨਾਨ ਹੋਵੇਗਾ ਸਗੋਂ ਬੁੱਧੀ ਦੇ ਉਜਲ ਹੋ ਜਾਣ ਨਾਲ ਰਤਨ ਲੱਭਣਗੇ, ਜਿਵੇਂ ਕੋਈ ਉਜਲ ਦ੍ਰਿਸ਼ਟੀ ਵਾਲਾ ਸਮੁੰਦਰ ਦੇ ਕਿਸੇ ਤੀਰਥ ਵਿਚ ਨ੍ਹਾਉਂਦਾ ਮੋਤੀ ਪ੍ਰਾਪਤ ਕਰ ਲਿਆਵੇ।

ਸੋ ਨਾਮ ਦੇ ਦੋ ਪਹਿਲੂ ਦਿਖਾਏ ਹਨ:-

੧. ਨਾਮ ਪਰਮੇਸ਼ੁਰ ਦੀ 'ਪਜਾਰ' ਰੂਪੀ ਆਤਮ ਦਾਤ ਨੂੰ ਆਕਰਖਣ ਕਰਦਾ ਹੈ।

੨. ਨਾਮ ਹੀ ਬੁਧਿ ਨੂੰ ਉੱਜਲ ਕਰਕੇ ਆਤਮ ਦਾਤ ਦੇ ਗ੍ਰਹਣ ਕਰਨ ਯੋਗ ਬਣਾ ਦਿੰਦਾ ਹੈ। ਇਸ ਕਰਕੇ ਫੁਰਮਾਇਆ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨ ਹੈ॥ (ਧਨਾਸਰੀ ਮ: ੧ ਛੰਤ ੧

ਇਸ਼ਨਾਨ ਆਦਿ ਕਰਮ ਗੁਰੂ ਜੀ ਨੇ ਮਨ੍ਹਾਂ ਨਹੀਂ ਕੀਤੇ ਹਨ, 'ਗੁਰਮੁਖਿ ਨਾਮੁ ਦਾਨੁ ਇਸਨਾਨੁ' ਆਪ ਆਖਿਆ ਹੈ। ਕੇਵਲ ਸਰੀਰਕ ਇਸ਼ਨਾਨ ਮਾਤ੍ਰ ਈਸ਼੍ਵਰ ਪ੍ਰੇਮ ਨੂੰ ਖਿੱਚ ਲੈਂਦਾ ਹੈ, ਇਹ ਭਰਮ ਕੱਟਿਆ ਹੈ, ਪਰ ਪਵਿਤ੍ਰ ਅਸਥਾਨਾਂ ਤੇ ਜਾਣਾ, ਨ੍ਹਾਉਣਾ, ਏਕਾਂਤ ਦਾ ਸੁਖ ਪਾ ਕੇ ਭਜਨ ਕਰਨਾ ਆਦਿ ਮਨ੍ਹੇ ਨਹੀਂ ਕੀਤੇ। ਨੇਕੀ ਕਰਨੀ, ਪਾਪ ਕਰਮ ਨਾ ਕਰਨੇ, ਦਾਨ ਦੇਣਾ, ਸਦਾਚਾਰੀ ਜੀਵਨ ਬਸਰ ਕਰਨਾ, ਨਾਮ ਮਾਰਗ ਦੇ ਸਹਾਇਕ ਹਨ; ਇਨ੍ਹਾਂ ਦਾ ਤਿਆਗ ਨਹੀਂ ਦੱਸ ਰਹੇ। ਨਾਮ ਦੀ, ਵਾਹਿਗੁਰੂ ਸਿਮਰਣ ਦੀ ਵਿਸ਼ੇਸ਼ਤਾ ਦੱਸ ਰਹੇ ਹਨ। ਸਦਾਚਾਰ ਸ਼ੁਭ ਕਰਮ ਪਥ ਪ੍ਰਹੇਜ਼ ਹਨ, ਦਾਰੂ 'ਨਾਮ' ਹੈ। ਦੱਸ ਇਹ ਰਹੇ ਹਨ ਕਿ:-

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ (ਧਨਾ: ਮ: ੧ ਛੰਤ ੧

ਨਿਰੁਕ੍ਤ- ਤੀਰਥਿ-(ਸੰਸ:, ਤੀਰ੍ਥ, ਧਾਤੂ-ਤ੍ਰੀ=ਤਰ ਜਾਣਾ) ਦਰਯਾਵਾਂ ਯਾ ਹੋਰ ਪਾਣੀਆਂ ਦੇ ਕਿਨਾਰੇ ਮੰਨੇ ਪਵਿਤ੍ਰ ਥਾਉਂ ਜਿੱਥੇ ਨ੍ਹਾਉਣ ਮਾਤ੍ਰ ਨਾਲ ਪਾਪ ਮਿਟਦੇ ਖਿਆਲ ਕੀਤੇ ਜਾਂਦੇ ਹਨ। ਤਰ ਜਾਣ ਤੋਂ ਮੁਰਾਦ ਸੰਸਾਰ ਤਰ ਜਾਣਾ ਬੀ ਹੈ। ਇਸ ਤੋਂ ਛੁਟ ਇਸ ਪਦ ਦੇ ਹੋਰ ੧੯ ਅਰਥ ਹਨ।

[1] ਅਰਬੀ ਵਿਚ 'ਕਰਮ' ਦਾ ਅਰਥ ਹੈ ਮੇਹਰ। [2] ਦੇਖੋ ਪਉੜੀ ੨੧

ਭਾਵਾ-ਭਾ ਜਾਵਾਂ, ਪਿਆਰਾ ਲਗ ਜਾਵਾਂ।

ਵਿਣੁ ਭਾਣੇ-ਵਾਹਿਗੁਰੂ ਨੂੰ ਭਾਏ ਬਿਨਾ-ਭਾਵ ਹੈ (ਉਸ ਪ੍ਰਭੂ ਨੂੰ) ਭਾਏ ਜਾਣ ਤੋਂ ਬਿਨਾ।

ਰਤਨ-(ਸੰਸ:, ਰਤ੍ਨ) ਬਹੁਮੁੱਲੇ ਕਈ ਰੰਗ ਦੇ ਪੱਥਰ ਤੋਂ ਉਚੇਰੇ ਕੀਮਤੀ ਪਦਾਰਥ। ਜੋ ਵਿਸ਼ੇਸ਼ ਕਰਕੇ ਨੌਂ ਗਿਣੇ ਜਾਂਦੇ ਹਨ[1]। ਕਈ ਵੇਰ ਗੇਣਤੀ ਚਾਰ ਤੇ ੧੪ ਬੀ ਦੱਸੀ ਜਾਂਦੀ ਹੈ।

੨. ਰਤਨ ਤੋਂ ਮੁਰਾਦ ਕਿਸੇ ਬੀ ਵਿਸ਼ੇਸ਼ ਉੱਤਮ ਵਸਤੂ ਦੀ ਲਈ ਜਾਂਦੀ ਹੈ। ਜਿਵੇਂ ਸਮੁੰਦਰ ਵਿਚੋਂ ਨਿਕਲੇ ੧੪ ਰਤਨ।

੩. ਕਿਸੇ ਸਾਰ ਵਸਤੂ ਨੂੰ ਬੀ ਕਹਿ ਲੈਂਦੇ ਹਨ ਜਿਵੇਂ ਮੱਖਣ ਨੂੰ ਰਤਨ ਕਹਿ ਲੈਂਦੇ ਹਨ।

ਜਵਾਹਰ-(ਅਰਬੀ, ਜੌਹਰ ਦਾ ਬਹੁਵਚਨ ਜਵਾਹਿਰ, ਪਰ ਜੋ ਅਕਸਰ ਵਰਤੀਂਦਾ ਇਕ ਵਚਨ ਵਾਂਗ ਹੈ, ਤੇ ਇਸ ਦਾ ਬਹੁਵਚਨ ਜਵਾਹਰਾਤ ਬਣਾਉਂਦੇ ਹਨ) ਕੀਮਤੀ ਪੱਥਰ।

ਖਿਆਲ ਹੈ ਕਿ ਹਿੰਦ ਦੇ ਜੌਹਰੀ, ਜਵਾਹਰਾਤ ਵਿਚ ਨੌਂ ਰਤਨ ਤੇ ੮੪ ਸੰਗ ਸ਼ਾਮਲ ਸਮਝਦੇ ਹਨ। ਕਵੀ ਸੰਤੋਖ ਸਿੰਘ ਜੀ ਦੱਸਦੇ ਹਨ ਕਿ ਇਨ੍ਹਾਂ ਤਿੰਨਾਂ ਤੋਂ ਮੁਰਾਦ ਏਥੇ ਸਤਿ, ਚਿਤ, ਆਨੰਦ ਪਰਮਾਤਮ ਦੇਵ ਦੀ ਹੈ। 'ਬੁੱਧੀ' ਨਿਸਚੇ ਕਰਨ ਵਾਲਾ ਅੰਤਹਕਰਣ ਹੈ। ਤਿਸ ਬੁੱਧੀ ਵਿਚ ਸਤਿ ਚਿਤ ਆਨੰਦ ਬ੍ਰਹਮ ਦਾ ਪ੍ਰਤਿਬਿੰਬ ਪਿਆ ਜੋ ਜੀਵਾਤਮਾ ਹੈ। ਬੁੱਧੀ ਜੇ ਗੁਰੂ ਦੀ ਸਿਖ੍ਯਾ ਸੁਣੇ ਤੇ ਨਾਮ ਅਭਿਆਸ ਕਰੇ ਤਾਂ ਜੀਵਾਤਮਾ ਨੂੰ ਪਰਮਾਤਮਾ ਨਾਲ ਅਭੇਦ ਲਖ ਲਵੇ ਜੋ ਸਤਿ ਚਿਤ ਆਨੰਦ ਸਰੂਪ ਹੈ।

ਮਾਣਿਕ-(ਸੰਸ:, ਮਾਣਿਕ੍ਯ) ਲਾਲ ਰੰਗ ਦਾ ਪੱਥਰ ਵਿਸ਼ੇਸ਼ ਜਿਸ ਨੂੰ ਲਾਲ ਯਾ ਲਾਅਲ ਆਖਦੇ ਹਨ। ਐਉਂ ਬੀ ਅਰਥ ਲਾਉਣ ਦਾ ਜਤਨ ਹੁੰਦਾ ਹੈ:-

ਰਤਨ-ਰਤ+ਨ=ਪ੍ਰੀਤ ਨਹੀਂ ਭਾਵ ਵੈਰਾਗ।

ਜਵਾਹਰ-ਜਵਾ=ਜਨਮ ਮਰਨ। +ਹਰ=ਜੋ ਹਰੇ। ਜੋ ਜਨਮ ਮਰਨ ਦੂਰ ਕਰੇ ਸੋ ਵਿਵੇਕ।

ਮਾਣਿਕ-ਮਾਨ+ਕ= ਜੋ ਮਾਨ ਦੂਰ ਕਰੇ, ਨੰਮ੍ਰਤਾ।

'ਰਤਨ ਜਵਾਹਰ ਮਾਣਿਕ' ਤੋਂ ਕੀਹ ਮੁਰਾਦ ਹੈ?

ਉੱਤਰ:- ਨਾਮ-**ਰਤਨੁ ਜਵੇਹਰੁ ਲਾਲੁ ਹਰਿਨਾਮਾ ਗੁਰ ਕਾਢਿ ਤਲੀ ਦਿਖਲਾਇਆ॥**

(ਰਾਮਕਲੀ ਮਹਲਾ ੪-੧)

ਹਰੀ ਕੀਰਤਨ-**ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥**

(ਮਾਰੂ ਮਹਲਾ: ੧ ਸੋਲ: ੮)

ਹੋ ਸਕਦਾ ਹੈ ਕਿ ਸਤਿਗੁਰੂ ਜੀ ਦੀ ਸੈਨਤ ਪਿੱਛੇ ਆ ਚੁਕੇ ਕੀਮਤੀ ਉਪਦੇਸ਼ਾਂ ਵਲ ਹੋਵੇ, ਜੈਸੇ ਕਿ 'ਹੁਕਮ, ਨਾਮ, ਗੁਣ ਗਾਯਨ' ਆਏ ਹਨ; ਤੇ ਅਗੇ ਆਉਣ ਵਾਲੇ ਰਤਨਾਂ ਵਲ ਬੀ ਹੋਵੇ; ਜੈਸੇ: 'ਸੁਣੀਐ, ਮੰਨੀਐ, ਸਹਜ ਧਿਆਨੁ'। 'ਜੋ ਤੁਧੁ ਭਾਵੈ ਸਾਈ ਭਲੀ ਕਾਰ'॥ 'ਅੰਤਰਗਤਿ ਤੀਰਥਿ ਮਲਿ ਨਾਉ'॥ ਆਦਿ।

(ਅ) ਦੂਜੀ ਤੁਕ ਦੇ ਗੁਣੀ ਜਨਾਂ ਨੇ ਹੋਰ ਜ਼ੋਰ ਬੀ ਅਰਥ ਕਰਨ ਤੇ ਲਾਏ ਹਨ:-

੧. ਜੇਤੀ ਸਿਰਠਿ ਉਪਾਈ ਹੋਈ ਦਿੱਸ ਰਹੀ ਹੈ, ਉਸ ਵਿਚ (ਜੋ ਦਾਤ ਦਾਤੇ ਦੀ) ਮਿਲ ਰਹੀ ਤੇ ਅਸੀਂ ਲੈ ਰਹੇ ਹਾਂ, ਉਹ ਬਿਨਾਂ ਕਰਮਾਂ ਦੇ ਹੀ ਮਿਲ ਰਹੀ ਹੈ ਤੇ ਅਸੀਂ ਲੈ ਰਹੇ ਹਾਂ; ਜੈਸੇ ਸੂਰ, ਚੰਦ, ਤਾਰੇ, ਵਾਯੂ, ਜਲ, ਧਰਤੀ ਆਦਿ ਦਾਤਾਂ ਹਨ।

---

[1]ਨੌਂ ਰਤਨ ਇਹ ਹਨ: ੧. ਹੀਰਾ (Diamond), ੨. ਪੰਨਾ (Emerald), ੩. ਮਾਣਿਕ (Ruby), ੪. ਨੀਲਮ (Saphire), ੫. ਮੋਤੀ (Pearl), ੬. ਮੋਂਗਾ (ਯਾ ਗੁੱਲੀਆ) (Coral), ੭. ਲਹਸੁਨਿਯਾ (Cat's Eye), ੮. ਗੋਮੇਦ (Cinnamon), ੯. ਪੁਖਰਾਜ (Topaz)

੨. ਸ਼ੁਭ ਕਰਮਾਂ ਬਿਨਾਂ ਕੁਛ ਨਹੀਂ ਮਿਲਦਾ, ਜਦ ਸ਼ੁਭ ਕਰਮ ਕਰਦੇ ਕਰਦੇ ਨਿਸ਼ਕਾਮ ਕਰਮ ਤੇ ਅੱਪੜੋਗੇ ਤਾਂ ਗੁਰੂ ਮਿਲੇਗਾ, ਉਸ ਦੀ ਸਿਖਜਾ 'ਨਾਮ' ਨਾਲ ਮਤ ਵਿਚ ਰਤਨ ਪਦਾਰਥ ਦਿੱਸ ਪੈਣਗੇ। ਪਰ ਇਹ ਭਾਵ ਮੂਲ ਤੁਕ ਵਿਚ ਨਹੀਂ, ਖਿੱਚ ਲਾਕੇ ਲਾਉਣਾ ਪੈਂਦਾ ਹੈ।

੩. ਐਉਂ ਬੀ ਕਰਦੇ ਹਨ ਕਿ ਜੀਵਾਂ ਨੂੰ ਕੁਛ ਨਹੀਂ ਲੱਭਦਾ ਜਦ ਤਕ ਕਿ ਕ੍ਰਿਯਾ ਨਾ ਕਰਨ; ਅਰਥਾਤ ਕਰਮ ਦਾ ਅਰਥ ਪ੍ਰਯਤਨ, ਮਿਹਨਤ, ਹੀਲਾ, ਹਿੰਮਤ ਕਰ ਲੈਂਦੇ ਹਨ।

(ਪਉੜੀ ੭)

ਪ੍ਰਾਕ੍ਥਨ- ਕਰਮ ਮਾਰਗ ਤੇ ਹਠ ਯੋਗ ਦੇ ਤੀਰਥ ਇਸ਼ਨਾਨ ਆਦਿ ਕਰਮਾਂ ਦੀ, ਨਿਰੰਕਾਰ ਦੀ ਪ੍ਰਸੰਨਤਾ ਨੂੰ ਆਪਣੇ ਵੱਲ ਪ੍ਰੇਰਤ ਕਰ ਲੈਣ ਦੀ, ਅਸਮਰੱਥਾ ਦੱਸਕੇ ਅਤੇ ਨਾਮ ਸਿਰਮਣ ਦੀ ਸਫਲਤਾ ਤੇ ਪ੍ਰਾਪਤੀ ਦੀ ਯਾਚਨਾ ਵਰਣਨ ਕਰਕੇ ਹੁਣ ਯੋਗੀਆਂ ਦੇ ਹਠ ਸਾਧਨਾ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਦੱਸੀਦੀਆਂ ਹਨ, ਉਨ੍ਹਾਂ ਦੀ ਵਾਹਿਗੁਰੂ ਪ੍ਰਸੰਨਤਾ ਨੂੰ ਆਕਰਖਣ ਕਰ ਲੈਣ ਦੀ ਅਸਮਰੱਥਾ ਦਰਸਾਉਂਦੇ ਹਨ:-

ਮੂਲ	ਅਰਥ
ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥	(ਹਠ ਯੋਗ ਆਦਿ ਸਾਧਨ ਕਰਕੇ) ਜੇ (ਜੀਵ ਦੀ) ਉਮਰਾ (ਇੰਨੀ ਲੰਮੀ ਹੋ ਜਾਵੇ ਜਿੰਨੇ ਕਿ) ਚਾਰ ਯੁਗ (ਹੁੰਦੇ ਹਨ, ਇਸ ਤੋਂ ਬੀ) ਦਸ ਗੁਣੀ ਹੋਰ ਹੋ ਜਾਵੇ (ਫੇਰ ਉਹ) ਸਾਰੇ ਸੰਸਾਰ[1] ਵਿਚ ਪ੍ਰਸਿੱਧ ਹੋ ਜਾਵੇ (ਤੇ ਇੰਨਾਂ ਸਤਿਕਾਰਿਆ ਜਾਵੇ ਕਿ) ਸਭ ਕੋਈ (ਆਦਰ ਲਈ ਉਸ ਦੇ) ਨਾਲ ਹੋ ਟੁਰੇ। ਜਗਤ ਵਿਚ ਜਸ ਤੇ ਕੀਰਤੀ (ਸ਼ੋਭਾ ਐਤਨੀ) ਲਵੇ (ਕਿ ਸਭ ਕੋਈ ਉਸ ਨੂੰ) ਚੰਗਾ ਚੰਗਾ ਆਖੇ। (ਪਰ) ਜੇ (ਉਹ) ਉਸ (ਗੁਣੀ ਨਿਧਾਨ ਦੀ ਕ੍ਰਿਪਾ) ਦ੍ਰਿਸ਼ਟੀ ਹੇਠ ਨਹੀਂ ਆਇਆ ਤਾਂ (ਉਸ ਦੀ) ਸਾਰ ਕਿਸੇ ਨਹੀਂ ਲੈਣੀ। (ਸਗੋਂ ਉਸ ਦੇ ਕੀਤੇ) ਦੋਸ਼ (ਉਸ ਦੇ) ਜ਼ਿੰਮੇ ਲਾਕੇ (ਉਹ) ਦੋਸ਼ੀ (ਠਹਿਰਾਇਆ ਜਾਏਗਾ) ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਏਗਾ (ਭਾਵ ਨੀਚ ਅਵਸਥਾ ਨੂੰ ਪ੍ਰਾਪਤ ਹੋਵੇਗਾ, ਪਰੰਤੂ ਐਸੇ) ਗੁਣਾਂ ਤੋਂ ਵਿਹੂਣੇ (ਹੋ ਚੁਕੇ) ਵਿਚ (ਬੀ ਜੇ ਓਹ ਗੁਣੀ ਨਿਧਾਨ ਚਾਹੇ ਤਾਂ) ਗੁਣ ਭਰ ਦੇਂਦਾ ਹੈ, (ਉਹ ਚਾਹੇ ਤਾਂ) ਗੁਣਵੰਤਿਆਂ (ਵਿਚ ਹੋਰ) ਗੁਣ ਪਾ ਦੇਂਦਾ ਹੈ। ਉਸ (ਗੁਣੀ ਨਿਧਾਨ) ਜੈਸਾ (ਹੋਰ) ਕੋਈ ਨਹੀਂ (ਮੈਨੂੰ) ਦਿੱਸਦਾ ਜੋ ਉਸ ਨੂੰ ਕੋਈ ਗੁਣ ਲਾ ਸਕੇ, ਹੇ ਨਾਨਕ!॥੭॥

ਵ੍ਯਾਖ੍ਯਾ- ਪਿਛਲੀ ਪਉੜੀ ਵਿਚ ਤੀਰਥ ਇਸ਼ਨਾਨ ਆਦਿ 'ਕਰਮਾਂ' ਤੋਂ 'ਨਾਮ' ਦੀ ਵਿਸ਼ੇਸ਼ਤਾ ਦੱਸੀ ਸੀ ਕਿ: **ਨਾਮ ਤੁਲਿ ਕਛੁ ਅਵਰੁ ਨ ਹੋਇ॥** (ਸੁਖਮਨੀ ੨-੮)

ਹੁਣ ਇਸ ਪਉੜੀ ਵਿਚ ਹਠ ਯੋਗ ਸਾਧਨਾ ਦਵਾਰਾ ਪ੍ਰਾਪਤ ਹੋਏ ਐਸ਼੍ਵਰਯ ਦੀ ਈਸ਼੍ਵਰ ਪ੍ਰਾਪਤੀ ਲਈ ਨਿਸ਼ਫਲਤਾ ਨੂੰ ਲੈਂਦੇ ਹਨ ਕਿ ਹਠ ਯੋਗ ਨਾਲ ਉਮਰਾ ਤਾਂ ਵਡੀ ਹੋ ਜਾਂਦੀ ਹੈ ਪਰ ਜੇ ਵਾਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਤਾਂ ਕਲਯਾਣ ਕਿੱਥੇ? ਇਹ ਉਮਰਾ ਜੇ ਚਾਰ ਜੁਗਾਂ ਤੋਂ ਬੀ ਵਧੀਕ

---

[1] ਪ੍ਰਿਥਵੀ ਦੇ ਨੌਂ (ਖੰਡ=) ਹਿੱਸੇ ਮੰਨੇ ਹੋਏ ਹਨ, ਸੋ ਨੌਂ ਖੰਡ ਸਾਰਾ ਸੰਸਾਰ ਹੈ।

ਚਾਲੀ ਜੁਗਾਂ ਦੀ ਹੋ ਜਾਏ ਫੇਰ ਨਾਲ ਹੋਰ ਵਿਭੂਤੀਆਂ[੧] ਬੀ ਮਿਲ ਜਾਣ, ਐਥੋਂ ਤਾਈਂ ਕਿ ਸਾਰੇ ਜਗਤ ਵਿਚ ਪ੍ਰਤਿਸ਼ਟਤ ਹੋ ਜਾਏ, ਭਾਵ ਇਹ ਕਿ ਨਿਰਾ ਉਮਰਾ ਹੀ ਨਾ ਵਧੇ ਸਗੋਂ ਉਸ ਵਿਚ ਭੋਗਾਂ ਲਈ ਪੂਰਨ ਐਸ਼੍ਵਰਜ ਬੀ ਪ੍ਰਾਪਤ ਹੋਵੇ, ਪਰ ਜੇ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੋਈ, ਅਰਥਾਤ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਉਸ ਉਪਰ ਨਹੀਂ ਪਈ ਤਾਂ ਕੀਹ ਲਾਭ? ਕਿਉਂਕਿ ਉਹ ਉਮਰਾ ਆਖ਼ਰ ਮੁੱਕੇਗੀ, ਓਹ ਭੋਗ ਦੇਣ ਵਾਲੇ ਐਸ਼੍ਵਰਜ ਨਾਲ ਹੀ ਮੁੱਕ ਜਾਣਗੇ। ਫੇਰ ਵੇਲਾ ਆਵੇਗਾ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ, ਉਸ ਵੇਲੇ ਨੀਵੀਂ ਦਸ਼ਾ ਪ੍ਰਾਪਤ ਹੋਵੇ ਗੀ। ਕਿਉਂਕਿ ਜੋ ਕਰਮ-ਅਭਯਾਸ ਕੀਤੇ ਸਨ ਓਹ ਹਉਂ ਦੇ ਆਸਰੇ ਕੀਤੇ ਸਨ, ਸਰੀਰ ਦੀ ਅਰੋਗਤਾ, ਵਡੀ ਉਮਰਾ ਤੇ ਐਸ਼੍ਵਰਜ ਲਈ ਕੀਤੇ ਸਨ, ਕਲਯਾਣ ਲਈ ਕੋਈ ਸਾਧਨ ਨਹੀਂ ਕੀਤੇ ਸਨ। ਓਹ ਹਉਮੈ ਦੇ ਕਰਮ ਸਨ, ਉਹਨਾਂ ਨਾਲ ਹਉਂ ਵਧੀ ਸੀ:- **ਕਰਮ ਕਰਤ ਬਧੇ ਅਹੰਮੇਵ॥** (ਗਉੜੀ ਕਬੀਰ ਜੀ-੬)

ਲਿਖਿਆ ਹੈ, ਅਹੰਮੇਵ ਬੰਧਨ ਦਾ ਕਾਰਨ ਹੈ:-

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥ (ਜੈਤਸਰੀ ਮ:੯-੧)

ਓਹ ਬੰਧਨ ਦਾ ਕਾਰਨ ਬਣੇ, ਹੁਣ ਕਰਮ ਮਾਰਗ ਅਨੁਸਾਰ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ ਸਮਾਂ ਆਇਆ ਤਾਂ ਦੋਸ਼ੀਆਂ ਮਹਾਂ ਦੋਸ਼ੀਆਂ, ਵਿਚ ਥਾਂ ਮਿਲੀ। ਸ਼ੁਭ ਕਰਮਾਂ ਦਾ ਫਲ ਪਾ ਚੁਕਾ ਹੈ, ਹਠ ਯੋਗ ਸਾਧਨਾਂ ਦੇ ਫਲ ਐਸ਼੍ਵਰਜ ਭੋਗ ਚੁਕਾ ਹੈ, ਉਸ ਨੂੰ ਮਾੜੇ ਕਰਮਾਂ ਦੇ ਫਲ ਭੋਗਣ ਵੇਲੇ ਦੁਖ ਵਧੇਰੇ ਚੁਭਦਾ ਹੈ। ਉਸ ਵੇਲੇ ਵਡੀ ਉਮਰਾ ਭੋਗੀ ਦੀ ਤੇ ਐਸ਼੍ਵਰਜ ਮਾਣੇ ਦੀ ਨਿਸ਼ਫਲਤਾ ਦਿੱਸ ਪੈਂਦੀ ਹੈ। ਜੇ ਕਦੇ ਪਹਿਲੋਂ ਦਿੱਸ ਪੈਂਦੀ ਤਾਂ ਗੁਰ ਵਾਕ ਹੈ:-

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ (ਆਸਾ ਮ: ੧ ਅਸਟ:੧)

ਜੇ ਉਹਨਾਂ ਕਰਮਾਂ ਤੇ ਸਾਧਨਾਂ ਦੀ ਥਾਵੇਂ ਪ੍ਰੇਮਾਭਗਤੀ ਵਿਚ ਆਉਂਦਾ: ਨਾਮ ਜਪਦਾ, ਵਾਹਿਗੁਰੂ ਨਾਲ ਪ੍ਰੀਤਿ ਪਾਉਂਦਾ, ਤਾਂ ਉਸ ਨੂੰ ਵਾਹਿਗੁਰੂ ਜੀ ਦਾ ਪ੍ਰਸ਼ਾਦ ਮਿਲਦਾ, ਕਰਮ ਦਗਧ ਹੋ ਜਾਂਦੇ, ਮੋਖ ਦੁਆਰ ਅੱਪੜਦਾ, ਸਚਿਆਰ ਹੋ ਕੇ ਸਚਿਆਰ (ਵਾਹਿਗੁਰੂ) ਨੂੰ ਮਿਲ ਜਾਂਦਾ ਤਾਂ ਹੁਣ ਗਿੜਾਉ ਨਾ ਮਿਲਦਾ, ਯਥਾ:-

ਜੋ ਜੋ ਜਪੈ ਤਿਸ ਕੀ ਗਤਿ ਹੋਇ॥ (ਸੁਖਮਨੀ ੯-੫)

ਹੁਣ ਇਕ ਹੋਰ ਪ੍ਰਸ਼ਨ ਹੁੰਦਾ ਹੈ ਕਿ ਜਦ 'ਨਾਲਿ ਚਲੈ ਸਭੁ ਕੋਇ' ਹੋ ਗਿਆ ਤਾਂ ਬਾਕੀ ਕੌਣ ਹੈ ਜਿਸ ਬਾਬਤ ਕਿਹਾ ਹੈ ਕਿ 'ਵਾਤ ਨ ਪੁਛੈ ਕੇ'? ਵੀਚਾਰ ਕੀਤਿਆਂ ਸਿੱਟਾ ਇਹ ਨਿਕਲਦਾ ਹੈ ਕਿ ਇਹ 'ਵਾਤ ਨ ਪੁਛੈ ਕੇ' ਦਾ ਇਸ਼ਾਰਾ ਪ੍ਰਲੋਕ ਵੱਲ ਹੈ ਕਿ ਓਥੇ ਗਿਆਂ ਅਵਗੁਣੀਆਂ ਦੀ ਕੋਈ ਵਾਤ ਨਹੀਂ ਪੁੱਛੇਗਾ; ਕਿਉਂਕਿ ਲਿਖਿਆ ਹੈ:-

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥ (ਸੋਰਠਿ ਮ: ੧-੧)

ਪੁਨਾ:- **ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ॥** (ਮਾਰੂ ਮ: ੩ ਅਸਟ:੧)

ਓਥੇ ਤਾਂ **ਗੁਣੀਆ ਗੁਣ ਲੇ ਪ੍ਰਭ ਮਿਲੇ..........॥** (ਦਖ: ਓਅੰ:੪੪)

ਓਥੇ ਗੁਣ ਕੀ ਹਨ ਤੇ ਕੀਕੂੰ ਪ੍ਰਾਪਤ ਹੁੰਦੇ ਹਨ? ਫੁਰਮਾਨ ਹੈ:-

ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥ (ਦਖ: ਓਅੰ:੪੪)

ਅਰਥਾਤ ਨਾਮ ਦੀ ਕਮਾਈ ਨੇ ਗੁਣਵੰਤ ਬਨਾਉਣਾ ਹੈ ਤੇ ਜਾਚ ਗੁਰੂ ਨੇ ਦੱਸਣੀ ਹੈ, ਮੌਕਿਆ ਹੁਣੇ ਹੀ ਹੈ ਤੇ ਏਥੇ ਹੀ ਹੈ। ਯਥਾ:-

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ (ਗਉ: ਪੂਰ: ਮ: ੫)

---

[੧]ਵਿਭੂਤੀ=ਐਸ਼੍ਵਰਜ, ਪ੍ਰਤਾਪ, ਰਿਧੀਆਂ ਸਿਧੀਆਂ ਆਦਿ।

ਪੁਨਾ:- **ਹੁਣਿ ਵਤੈ ਹਰਿਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥** (ਆਸਾ ਮ: ੪ ਛੰਤ-੧੧)

ਨਾਮ ਤੋਂ ਬਿਨਾ ਜੀਉਣਾ ਤੇ ਚਿਰ ਜੀਉਣਾ ਕੀ ਹੈ?

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥ (ਟੋਡੀ ਮ: ੫-੨)

ਨਵਖੰਡਾਂ ਦਾ ਐਸ਼੍ਵਰਜ ਕੀ ਫਲ ਦੇਵੇਗਾ?

ਨਵਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ (ਟੋਡੀ ਮ: ੫-੨)

ਤਾਂਤੇ- **ਹਰਿ ਬਿਸਰਤ ਸਦਾ ਖੁਆਰੀ॥** (ਟੋਡੀ ਮ: ੫-੨)

ਚਾਹੋ ਕਿਤਨਾ ਚਿਰ ਜੀਵੋ, ਹਾਂ ਕਿਤਨੇ ਹਠ ਯੋਗ ਕਰੋ, ਜੇ ਮਨੋਰਥ ਈਸ਼੍ਵਰ ਪ੍ਰਾਪਤੀ ਨਹੀਂ ਤਾਂ ਸਿਧੀ ਅਰਥਾਤ ਪਰਮਪਦ ਦੀ ਪ੍ਰਾਪਤੀ ਨਹੀਂ ਹੁੰਦੀ[੧]:-

ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ (ਆਸਾ ਮ: ੧, ਚਉਪਦਾ-੧)

ਹੁਣ ਇਕ ਹੋਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਦੋਸ਼ੀਆਂ ਅਤੇ ਨਿਰਗੁਣੀਆਰਿਆਂ ਦੀ ਬੀ ਕਲਜਾਣ ਹੋ ਸਕਦੀ ਹੈ ਕਿ ਓਹ ਸਦਾ ਲਈ ਦੋਸ਼ੀ ਕਰਾਰ ਦੇਕੇ ਮਾਰੇ ਗਏ? ਐਸਾ ਹੋਣਾ ਨਹੀਂ ਚਾਹੀਏ, ਕਿਉਂਕਿ ਜੀਵ ਜਨਮ ਧਾਰਕੇ ਕਰਮ ਕਰਦਾ ਹੈ, ਜੀਵਨ ਗੇਣਤੀ ਦੇ ਸਾਲਾਂ ਦਾ ਹੈ, ਚਾਹੋ ਸਾਰੇ ਹੀ ਕਰਮ ਦੋਸ਼ਾਂ ਵਾਲੇ ਹੋਣ, ਓਹ ਗੇਣਤੀ ਵਿਚ ਹੋਣਗੇ। ਗੇਣਤੀ ਦੇ ਕਰਮਾਂ ਬਦਲੇ ਸਦਾ ਦੀ ਮਾਰ ਨਿਆਇ ਨਹੀਂ ਹੈ। ਇਸ ਸੰਸੇ ਦੀ ਨਵਿਰਤੀ ਲਈ ਛੇਵੀਂ ਤੁਕ ਇਸ ਪਉੜੀ ਵਿਚ ਉਚਾਰੀ ਹੈ '**ਨਾਨਕ ਨਿਰਗੁਣਿ ਗੁਣੁ ਕਰੇ......**' ਅਰਥਾਤ ਪ੍ਰਭੂ ਨਿਰਗੁਣੀ ਪੁਰਖ ਵਿਚ ਬੀ ਨਾਮ ਦਾ ਗੁਣ ਲਾ ਦੇਂਦਾ ਹੈ। ਯਥਾ:-

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥ (ਤੁਖਾਰੀ ਛੰਤ ਮ: ੫-੧੧)

ਪੁਨਾ:- **ਸਤਿਗੁਰ ਬਚਨ ਤੁਮ੍ਾਰੇ॥ ਨਿਰਗੁਣ ਨਿਸਤਾਰੇ॥** (ਆਸਾ ਮ: ੫-੧੪੧)

ਕਿਉਂਕਿ ਅਵਗੁਣਾਂ ਨੂੰ ਬਖਸ਼ ਦੇਣਾ ਉਸ ਦਾ ਬਿਰਦ ਹੈ:-

ਅਵਗੁਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ॥ (ਗਉ: ਮ: ੩ ਛੰਤ ੩)

ਓਹ ਗੁਣਹੀਨਾਂ ਨੂੰ ਕੀਕੂੰ ਬਖਸ਼ਦਾ ਹੈ? ਉਤਰ:- ਨਿਰਗੁਣ ਜਦ ਆਪ ਨੂੰ ਸਚਮੁਚ ਨਿਰਗੁਣ ਲਖ ਲੈਂਦਾ ਹੈ ਤਾਂ ਉਹ ਸਤਿਸੰਗ ਦੀ ਟੋਲ ਕਰਦਾ ਹੈ:-

ਨਿਰਗੁਣ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ॥ (ਸੋਰਠਿ ਮ: ੫-੭)

ਸਤਿਸੰਗ ਵਿਚ ਫਿਰ ਉਹ ਨਾਮ ਦੀ ਮੰਗ ਕਰਦਾ ਹੈ:-

ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ॥ (ਗਉ: ਮ: ੫-੧੩੫)

ਨਾਮ ਅਰਾਧਨਾ ਕਰਨਹਾਰ ਦੇ ਅਵਗੁਣ ਆਪ ਮੇਟਦਾ ਤੇ ਗੁਣ ਭਰਪੂਰ ਕਰ ਦੇਂਦਾ ਹੈ, ਇਹ ਉਸ ਕਰਤਾ ਪੁਰਖ ਦਾ ਬਿਰਦ ਹੈ: **ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥** (ਸੂਹੀ ਛੰਤ ਮ: ੧-੩)

ਪੂਰਨ ਪੁਰਖ ਰਚਨਹਾਰ ਅਵਗੁਣਾਂ ਨੂੰ ਮੇਟਕੇ ਹਿਰਦੇ ਨੂੰ ਗੁਣ ਭਰਪੂਰ ਕਰ ਦੇਂਦਾ ਹੈ। ਉਹ ਸ੍ਵੈਛੰਦ ਦਾਤਾ ਕਈ ਵਾਰ ਆਪਣੇ ਆਪ ਰੰਗ ਲਾ ਦੇਂਦਾ ਹੈ:-

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

ਇਕ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ (ਸਿਰੀ ਰਾਗ ਵਾਰ ਮ:੧-੨)

ਨਿਰਗੁਣੀ ਦੀ ਨਿਰਾਸਤਾ ਦੂਰ ਕਰਕੇ ਹੁਣ ਗੁਣਵੰਤ ਦੀ ਪਰਮ ਦਸ਼ਾ ਦੀ ਮੰਗਲਮਈ ਸੁਧ ਦੇਂਦੇ ਹਨ:-

.......ਗੁਣਵੰਤਿਆ ਗੁਣੁ ਦੇ॥

---

[੧] ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ (ਸੋਰਠ ਮ: ੫, ਅਸਟ:੩)

ਅਰਥਾਤ ਜਿਨ੍ਹਾਂ ਪਾਸ ਨਾਮ ਦਾ ਗੁਣ ਅੱਗੇ ਹੈ ਤੇ ਓਹ ਗੁਣਵੰਤ ਬਣ ਗਏ ਹਨ ਉਹਨਾਂ ਨੂੰ ਦਾਤਾ ਹੋਰ ਇਕ[1] ਗੁਣੁ ਦਾਨ ਕਰਦਾ ਹੈ, ਉਹ ਗੁਣ ਦਾਨ ਇਉਂ ਹੈ:-

ਆਪੇ ਮੇਲਿ ਲਏ ਗੁਣ ਦਾਤਾ ਹਉਮੈ ਤ੍ਰਿਸਨਾ ਮਾਰੀ॥੧੫॥
ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥੧੬॥ (ਰਾਮ: ਅਸਟ: ਮ:੧-੯)

ਅਰਥਾਤ 'ਨਾਮ ਗੁਣ ਦਾਤਾ ਪ੍ਰਭੂ' ਹਉਮੈਂ ਤੇ ਤ੍ਰਿਸ਼ਨਾ 'ਨਾਮੀ ਪੁਰਖਾਂ' ਦੀ ਮਾਰਕੇ ਇਕ ਨਿਰਾਰੀ ਭਗਤੀ ਦਾਨ ਕਰਦਾ ਹੈ, ਉਹ ਹੈ ਤ੍ਰੈ ਗੁਣਾਂ ਦਾ ਮਿਟ ਜਾਣਾ ਤੇ ਗੁਣਾਤੀਤ ਹੋਕੇ ਚਉਥੇ ਪਦ-ਤੁਰੀਆ-ਵਿਚ ਜਾ ਵਰਤਣਾ। ਹਾਂ, ਤ੍ਰਿਗੁਣਾਤੀਤ ਹੋਕੇ ਤ੍ਰਿਗੁਣਾਤੀਤ ਪ੍ਰਭੂ ਵਿਚ-ਬ੍ਰਹਮ ਵਿਚਜਾ ਮਿਲਣਾ:-

ਤ੍ਰੈਗੁਣ ਮੇਟੇ ਨਿਰਮਲੁ ਹੋਈ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ॥ (ਗਉ: ਮ: ੩:ਅਸਟ:੭)

ਪੁਨਾ:- **ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥**
(ਗਉੜੀ ਮਹਲਾ ੩ ਅਸਟਪਦੀ:-੪)

ਜੇ ਕਦੇ ਕਰਮ ਮਾਰਗ ਵਾਲੇ ਯਾ ਹਠ ਯੋਗ ਵਾਲੇ ਭਗਤੀ ਮਾਰਗ ਵਿਚ ਆ ਜਾਣ, ਹਉਂ ਦਾ ਆਸਰਾ ਛੱਡਕੇ ਪੁਰਮੇਸ਼ੁਰ ਦੇ ਪ੍ਰੇਮ ਆਸ਼੍ਰਿਤ ਹੋਕੇ ਨਾਮ ਜਪਣ ਲਗ ਜਾਣ ਤਾਂ ਉਹ ਬੀ ਕਲਜਾਣ ਦੇ ਭਾਗੀ ਹੋ ਜਾਣਗੇ, ਕਿਉਂਕਿ ਕਲਜਾਣ ਤਾਂ ਪਰਮਾਤਮ ਦੇਵ ਵਿਚ ਪਹੁੰਚ ਪੈਣ ਦਾ ਨਾਮ ਹੈ, ਜਿਸ ਦਾ ਸਿੱਧਾ ਤੇ ਸੁਗਮ ਮਾਰਗ ਭਗਤੀ ਹੈ। ਯੋਗੀ ਜੇ ਯੋਗ ਸਾਧਦਾ ਹੋਇਆ ਈਸ਼੍ਵਰ ਭਗਤੀ ਵਿਚ ਆ ਜਾਵੇ ਤਾਂ ਉਸ ਨੂੰ ਕੇਵਲ ਪ੍ਰਾਪਤੀ ਸੁਗਮ ਹੋ ਜਾਂਦੀ ਹੈ।

ਛੇਕੜਲੀ ਤੁਕ ਦੇ ਭਾਵ ਦੋ ਤਰ੍ਹਾਂ ਲਏ ਜਾਂਦੇ ਹਨ:-

੧. ਐਸਾ ਕੋਈ ਨਜ਼ਰ ਨਹੀਂ ਆਉਂਦਾ ਜੋ (ਤਿਸ=) ਉਸਨੂੰ ਕੋਈ ਗੁਣ ਲਾ ਸਕੇ। 'ਤਿਸੁ' ਦਾ ਭਾਵ ਪਰਮਾਤਮ ਦੇਵ ਲਿਆ ਜਾਂਦਾ ਹੈ। ਤੀਸਰੀ ਸਤਰ ਵਿਚ ਪਿਆ ਪਦ 'ਤਿਸੁ' ਹੈ ਤੇ ਇਸ ਵਿਚ ਬੀ ਪਦ 'ਤਿਸੁ' ਹੈ।

੨. ਦੂਸਰਾ ਭਾਵ ਇਹ ਸਹੀ ਹੁੰਦਾ ਹੈ ਕਿ ਇਹ 'ਤਿਸੁ' ਪਦ 'ਨਿਰਗੁਣੁ' ਦਾ ਸਰਵ ਨਾਮ ਹੈ। ਕਿਉਂਕਿ ਨਿਰਗੁਣ ਬੀ ਇਕ ਵਚਨ ਵਿਚ ਹੈ ਤੇ 'ਤਿਸੁ' ਬੀ ਇਕ ਵਚਨ ਵਿਚ ਹੈ ਤੇ 'ਗੁਣੁ ਕਰੇ' ਕ੍ਰਿਯਾ ਪਦ ਦੀ ਸਮੀਪਤਾ 'ਨਿਰਗੁਣੁ' ਨਾਲ ਵਧੇਰੇ ਹੈ।

ਨਿਰੁਕ੍ਤ- **ਜੁਗ**-(ਸੰਸ:, ਯੁਗ) ਕਾਲ ਦਾ ਇਕ ਲੰਮਾ ਹਿੱਸਾ। ਯੁਗ ਚਾਰ ਮੰਨੇ ਹਨ, ਸਤਿ, ਤ੍ਰੇਤਾ, ਦੁਆਪਰ, ਕਲਿ। ਸਤਿਯੁਗ ਸਤਾਰਾਂ ਲਖ ਅਠਾਈ ਹਜ਼ਾਰ ਵਰ੍ਹੇ ਦਾ, ਤ੍ਰੇਤਾ ਬਾਰਾਂ ਲਖ ਛਜਾਨਵੇਂ ਹਜ਼ਾਰ ਦਾ, ਦੁਆਪਰ ਅਠ ਲਖ ਚੌਂਠ ਹਜ਼ਾਰ ਦਾ ਤੇ ਕਲਿ ਚਾਰ ਲਖ ਬੱਤੀ ਹਜ਼ਾਰ ਵਰ੍ਹੇ ਦਾ ਮੰਨਦੇ ਹਨ।

ਆਰਜਾ-(ਸੰਸ:, ਆਯੁਸ੍, ਸਿੰਧੀ-ਆਰਜਾ)=ਉਮਰਾ।

ਦਸੂਣੀ-ਪੰਜਾਬੀ: ਦਸ ਗੁਣੀ ਦਾ ਸੰਖੇਪ।

ਨਵਾ ਖੰਡਾ-(ਸੰਸ:,) ਨੌ ਖੰਡ। ਪ੍ਰਿਥਵੀ ਦੇ ਨੌ ਖੰਡ ਮੰਨੇ ਹਨ, ਤਾਂਤੇ ਸਾਰੀ ਧਰਤੀ ਅਰਥ ਹੈ।

ਜਸੁ-(ਸੰਸ:, ਯਸ਼ਸ੍) ਪ੍ਰਸਿੱਧੀ। ਯਸ਼।

ਕੀਰਤਿ-(ਸੰਸ:, ਕੀਰ੍ਤ) ਮਹਿਮਾ, ਨਾਮਵਰੀ।

ਯਸ਼ ਸ਼ੁਭ ਗੁਣਾਂ ਕਰਕੇ ਬੀ ਹੁੰਦਾ ਹੈ ਤੇ ਭਾਟ ਆਦਿ ਮਾਯਾ ਗ੍ਰਹਣ ਕਰਨ ਵਾਲੇ ਦਾ ਬੀ ਕਰਦੇ ਹਨ। ਕੀਰਤੀ ਸ਼ੁਭ ਗੁਣਾਂ ਕਰਕੇ ਹੁੰਦੀ ਹੈ ਤੇ ਖ਼ੁਦ ਬਖ਼ੁਦ ਫੈਲਦੀ ਹੈ ਖ਼ੁਸ਼ਬੋਈ ਵਾਂਙੂ। ਪਰ ਏਥੇ ਦੋ ਪਦ ਜ਼ੋਰ ਦੇਣ ਲਈ ਵਰਤੇ ਹਨ।

---

[1]'ਗੁਣੁ ਦੇ' ਵਿਚ ਪਦ 'ਗੁਣੁ' ਇਕ ਵਚਨ ਹੈ, ਭਾਵ ਇਕ ਗੁਣ ਹੋਰ ਦਾਨ ਕਰਦਾ ਹੈ।

ਕੀਟੁ-(ਸੰਸ:, ਕੀਟ) ਕੀੜਾ, ਤੁੱਛ। 'ਕਰਿ' ਪਦ ਦੇਹੁਲੀ ਦੀਪਕ ਹੈ: 'ਕੀਟੁ ਕਰਿ', 'ਕਰਿ ਦੇਸੀ'।

(ਪਉੜੀ ੮, ੯, ੧੦ ਤੇ ੧੧)

ਪ੍ਰਾਕ੍ਥਨ--ਚਉਥੀ ਤੇ ਪੰਜਵੀਂ ਪਉੜੀ ਵਿਚ ਗੁਰੂ ਤੋਂ ਨਾਮ ਦੀ ਯਾਚਨਾ ਕੀਤੀ ਸੀ। ਹੁਣ ਉਹੋ ਵਿਸ਼ਯ ਫੇਰ ਸ਼ੁਰੂ ਹੁੰਦਾ ਹੈ। ੬ ਤੇ ੭ ਵਿਚ ਜੋ ਤੀਰਥ ਤੇ ਹਠ ਯੋਗ ਦਾ ਜ਼ਿਕਰ ਆਇਆ ਹੈ ਉਹ ਇਕ ਪ੍ਰਸ਼ਨ ਦਾ ਉੱਤਰ ਸਹੀ ਹੁੰਦਾ ਹੈ, ਜੋ ਹੋ ਪੈਣਾ ਉਸ ਟਿਕਾਣੇ ਤੇ ਉਸ ਸਮੇਂ ਦੇ ਵਰਤਾਉ ਮੁਜਬ ਸੁਭਾਵਕ ਸੀ। ਉਹ ਇਹ ਸੀ ਕਿ ਕੀਹ ਤੀਰਥ ਯਾਤ੍ਰਾ ਆਦਿ ਕਰਮ ਤੇ ਹਠ ਯੋਗ ਆਦਿ ਸਾਧਨ ਕਾਫੀ ਨਹੀਂ ਕਿ ਪਰਮਾਤਮ ਦੇਵ ਰੀਝਕੇ ਪਿਆਰ ਕਰਨ ਲੱਗ ਪਵੇ? ਇਸ ਦਾ ਸਮਾਧਾਨ ਪਉੜੀ ੬ ਤੇ ੭ ਵਿਚ ਕਰਕੇ ਹੁਣ ਫੇਰ ਪਉੜੀ ਪੰਜ ਵਾਲੀ ਲੜੀ ਫੜਦੇ ਹਨ। ਜਦੋਂ ਗੁਰੂ ਤੋਂ ਨਾਮ ਦੀ ਸੋਝੀ ਮੰਗੀ ਤਾਂ ਉਹ ਨਾਮ ਦਾਨ ਕਰੇਗਾ, ਨਾਲ ਹੀ ਨਾਮ ਦੀ ਮਹਿੰਮਾ, ਤੇ ਫਲ ਦੱਸੇਗਾ। ਨਾਮ ਨਿਰਵਿਘਨ ਸਿਰੇ ਚੜ੍ਹੇ ਇਸ ਕਰਕੇ ਦੈਵੀ ਗੁਣਾਂ ਦੀ ਸੋਝੀ ਤੇ ਧਾਰਨਾ ਦੱਸੇਗਾ। ਇਹ ਸਾਰਾ ਕੁਛ ਉਹ ਕਹੇਗਾ ਤੇ ਜਗਜਾਸੂ ਸੁਣੇਗਾ। ਸੁਣਕੇ ਮਨ ਵਿਚ ਧਾਰਨ ਕਰੇਗਾ, ਉਸ ਪਰ ਅਮਲ ਕਰੇਗਾ। ਇਸ ਨੂੰ ਗੁਰੂ ਜੀ 'ਸੁਣਿਐ' ਕਰਕੇ ਲਿਖਦੇ ਹਨ।

ਸੋ ਸੁਣਨੇ ਤੋਂ ਮੁਰਾਦ ਕੰਨੀਂ ਪੈਕੇ ਨਿਕਲ ਜਾਣ ਮਾਤ੍ਰ ਤੋਂ ਨਹੀਂ, ਪਰ ਐਸਾ ਸੁਣਨਾ ਜੋ ਸਮਝ ਵਿਚ ਪੈ ਕੇ ਬੂਝ ਬਣ ਜਾਵੇ। ਪਿਛੇ ਯਾਚਨਾ 'ਬੁਝਾਈ' ਦੀ ਸੀ, ਬੁਝਾਈ ਦਾ ਭਾਵ ਹੈ ਮਨ ਵਿਚ ਪ੍ਰਵੇਸ਼ ਕਰ ਜਾਣ ਤੋਂ ਸੁਣਨ ਤੇ ਬੁੱਝਣ ਪਰਥਾਇ ਚੌਥੇ ਗੁਰੂ ਜੀ ਦਾ ਇਹ ਹੁਕਮ ਹੈ, ਯਥਾ:-

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ॥ (ਸਾਰੰਗ ਵਾਰ ਮ: ੪-੫)

ਇਸ ਸੁਣਿਐ ਦੇ ਫਲ ਕੀਹ ਹਨ? ਇਹ ਗੱਲ ਹੁਣ ਪਉੜੀ ੮,੯,੧੦ ਤੇ ੧੧ ਵਿਚ ਦੱਸਣਗੇ:

ਮੂਲ	ਅਰਥ
ਸੁਣਿਐ ਸਿਧ ਪੀਰ ਸੁਰਿ ਨਾਥ॥ **ਸੁਣਿਐ ਧਰਤਿ ਧਵਲ ਆਕਾਸ॥** **ਸੁਣਿਐ ਦੀਪ ਲੋਅ ਪਾਤਾਲ॥** **ਸੁਣਿਐ ਪੋਹਿ ਨ ਸਕੈ ਕਾਲੁ॥** **ਨਾਨਕ ਭਗਤਾ ਸਦਾ ਵਿਗਾਸੁ॥** **ਸੁਣਿਐ ਦੂਖ ਪਾਪ ਕਾ ਨਾਸੁ॥੮॥**	ਸੁਣਨੇ ਨਾਲ (ਬਣੇ ਹਨ) ਸਿੱਧ, ਪੀਰ, ਸੁਰਿ ਤੇ ਨਾਥ (ਆਦਿ ਵਡਕੇ)। ਸੁਣਨੇ ਨਾਲ (ਬਣੇ ਹਨ) ਇਸ ਧਰਤੀ ਦੇ ਹੇਠਲੇ ਤੋਂ (ਉਪਰ) ਅਕਾਸ਼ਾਂ (ਵਿਚ ਰਹਿਣ ਵਾਲੇ ਵਡਕੇ)। ਸੁਣਨੇ ਨਾਲ (ਬਣੇ ਹਨ) ਦੀਪਾਂ, ਲੋਕਾਂ ਤੇ ਪਾਤਾਲਾਂ[1] ਦੇ ਵਾਸੀ (ਵਡਕੇ)। ਸੁਣਨੇ ਨਾਲ ਬਣੇ ਹਨ (ਓਹ ਲੋਕ ਜਿਨ੍ਹਾਂ ਪਰ) ਕਾਲ ਆਪਣਾ ਅਸਰ ਨਹੀਂ ਪਾ ਸਕਦਾ (ਭਾਵ ਚਿਰਜੀਵੀ ਯਾ ਕਾਲ ਬਿਜਈ ਜੋਗੀਆਂ ਤੋਂ ਹੈ) (ਪਰੰਤੂ) ਭਗਤਾਂ ਨੂੰ ਸੁਣਨੇ ਨਾਲ ਪਾਪਾਂ ਦਾ ਨਾਸ਼, ਦੁਖਾਂ ਦਾ ਵਿਨਾਸ ਤੇ ਸਦਾ ਦਾ ਅਨੰਦ ਪ੍ਰਾਪਤ ਹੁੰਦਾ ਹੈ, ਹੇ ਨਾਨਕ[2]॥੮॥

---

[1]ਉਪਾਦਾਨ ਲੱਛਣਾਂ ਦੁਆਰਾ ਧਰਤੀ, ਧਉਲ, ਅਕਾਸ਼, ਦੀਪ, ਲੋਕ, ਪਾਤਾਲ ਦਾ ਭਾਵ ਹੈ-ਇਨ੍ਹਾਂ ਟਿਕਾਣਿਆਂ ਦੇ ਵੱਸਣ ਵਾਲੇ ਵਡਕੇ: ਸਿੱਧ, ਪੀਰ, ਸੁਰ ਤੇ ਨਾਥਾਂ ਵਰਗੇ, ਜਿਵੇਂ ਕਹੀਦਾ ਹੈ-ਸਾਰਾ ਸ਼ਹਿਰ ਅੱਜ ਗੁਡੀਆਂ, ਪਤੰਗਾਂ ਵੇਖਣ ਕੋਠਿਆਂ ਤੇ ਚੜ੍ਹ ਗਿਆ। ਸ਼ਹਿਰ ਤਾਂ ਨਹੀਂ ਕੋਠੇ ਚੜ੍ਹ ਗਿਆ, ਪਰ ਸ਼ਹਿਰ ਦੇ ਵਾਸੀ ਚੜ੍ਹ ਗਏ। ਇਹ ਭਾਵ ਹੈ। ਇਹ ਹੈ ਉਪਾਦਾਨ ਲੱਛਣਾ।

[2]ਪਾਪਾਂ ਦਾ ਫਲ ਦੁਖ ਹੈ। ਦੁਖ ਵਿਚ ਚਿੰਤਾ ਤੇ ਉਦਾਸੀ ਹੁੰਦੀ ਹੈ। ਨਾਮ ਵਾਲੇ ਭਗਤ ਦੇ ਪਾਪ ਨਸ਼ਟ ਹੋ ਜਾਂਦੇ ਹਨ-ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ)। ਪਾਪ ਨਸ਼ਟ ਹੋਇਆਂ ਦੁਖ ਦੂਰ ਹੁੰਦੇ ਹਨ। ਅਦੁਖੀ ਮਨ ਜੋ ਨਾਮ ਦੁਆਰਾ ਵਾਹਿਗੁਰੂ ਪ੍ਰੇਮ ਵਿਚ ਆ ਜਾਂਦਾ ਹੈ, ਸਦਾ ਖਿੜਿਆ ਤੇ ਆਨੰਦ ਰਹਿੰਦਾ ਹੈ। ਯਥਾ:-

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥ ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥........
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰ ਗਵਾਵੈ॥............
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥........ (ਸਾਰੰਗ ਵਾਰ ਮ: ੪-੬ ਤੇ ੮)

ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੯॥

(ਨਾਮ) ਸੁਣਨੇ ਨਾਲ ਸ਼ਿਵ, ਬ੍ਰਹਮਾਂ ਤੇ ਇੰਦ੍ਰ (ਬਣੇ ਹਨ)। (ਨਾਮ) ਸੁਣਨੇ ਨਾਲ ਮੰਦਾ (ਪੁਰਖ ਬੀ) ਸਿਫ਼ਤ ਸਲਾਹਾਂ (ਕਰਦਾ ਕਰਦਾ) ਮੁਖੀ (=ਸ੍ਰੇਸ਼ਟ[1] ਹੋ ਜਾਂਦਾ ਹੈ। ਨਾਮ) ਸੁਣਨ ਨਾਲ ਜੋਗ ਦੀਆਂ ਜੁਗਤੀਆਂ ਤੇ ਤਨੁ ਅੰਦਰਲੀਆਂ (ਨਾੜੀਆਂ ਆਦਿਕਾਂ ਦੀਆਂ) ਗੁੱਝੀਆਂ ਗੱਲਾਂ (ਦਾ ਪਤਾ ਲੱਗ ਜਾਂਦਾ ਹੈ)। (ਨਾਮ) ਸੁਣਨੇ ਨਾਲ ਸ਼ਾਸਤ੍ਰ ਸਿੰਮ੍ਰਤੀਆਂ ਤੇ ਵੇਦਾਂ (ਵਾਲੀ ਸੋਝੀ ਪੈ ਜਾਂਦੀ ਹੈ)। (ਅੰਤ ਦੀਆਂ ਦੋ ਤੁਕਾਂ ਦਾ ਅਰਥ ਪਿਛੇ ਆ ਚੁਕਾ ਹੈ)॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੦॥

(ਨਾਮ) ਸੁਣਨੇ ਨਾਲ ਸਤਿ, ਸੰਤੋਖ ਤੇ ਗਯਾਨ (ਪ੍ਰਾਪਤ ਹੋ ਜਾਂਦਾ) ਹੈ। (ਨਾਮ) ਸੁਣਨੇ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ (ਪ੍ਰਾਪਤ ਹੋ ਜਾਂਦਾ ਹੈ, ਭਾਵ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਜੋ ਮੰਨਿਆ ਗਿਆ ਹੈ ਸੋ ਪ੍ਰਾਪਤ ਹੋ ਜਾਂਦਾ ਹੈ)। ਸੁਣਨੇ ਨਾਲ (ਵਿਦਯਾ) ਪੜ੍ਹ ਪੜ੍ਹਕੇ (ਪ੍ਰਾਪਤ ਹੋਣੇ ਵਾਲਾ) ਮਾਨ (ਬੀ) ਪ੍ਰਾਪਤ ਹੋ ਜਾਂਦਾ ਹੈ, (ਨਿਸ਼ਕਾਮ ਸੁਣਨੇ ਵਾਲੇ ਦਾ) ਸੁਣਨੇ ਨਾਲ ਸਹਜ ਧਿਆਨ ਲਗ ਜਾਂਦਾ ਹੈ (ਭਾਵ ਬ੍ਰਿਤੀ ਦਾ ਟਿਕਾਉ ਵਾਹਿਗੁਰੂ ਸਰੂਪ ਵਿਚ ਨਿਰਯਤਨ ਟਿਕਿਆ ਰਹਿੰਦਾ ਹੈ। ਬਾਕੀ ਦਾ ਅਰਥ ਪਿੱਛੇ ਆ ਚੁਕਾ ਹੈ)॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਸੁਣਨੇ ਨਾਲ ਗੁਣਾਂ ਦੇ ਸਰਾਂ ਦੇ ਜਾਣਨਹਾਰ ਹੋ ਜਾਈਦਾ ਹੈ। ਸੁਣਨੇ ਨਾਲ ਸ਼ੇਖ, ਪੀਰ ਤੇ ਪਾਤਸ਼ਾਹ (ਭਾਵ ਦੀਨ ਦੁਨੀ ਦੇ ਵੱਡੇ) ਬਣ ਜਾਈਦਾ ਹੈ। ਸੁਣਨੇ ਨਾਲ ਅੰਨ੍ਹੇ (=ਗਯਾਨਹੀਨ ਲੋਕ ਗਯਾਨ ਦਾ) ਮਾਰਗ ਪਾ ਲੈਂਦੇ ਹਨ। ਸੁਣਨੇ ਨਾਲ (ਸੁਣਨ ਵਾਲੇ ਨੂੰ) ਅਥਾਹ (ਭਵ ਸਾਗਰ) ਹਥਾਲੜਾ ਹੋ ਜਾਂਦਾ ਹੈ। (ਅੰਤਲੀਆਂ ਦੋਹਾਂ ਤੁਕਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੧॥

ਵਜਾਖਜਾ–(ਪਉ: ੮ ਤੋਂ ੧੧) ਇਨ੍ਹਾਂ ਚਾਰ ਪਉੜੀਆਂ ਵਿਚ 'ਸੋ ਮੈ ਵਿਸਰਿ ਨ ਜਾਈ॥' ਅਰਥਾਤ ਨਾਮ ਸੁਣਨ ਦੀ ਸਿਖਯਾ ਗੁਰੂ ਤੋਂ ਸੁਣ ਬੁੱਝ ਲੈਣ ਦਾ ਲਾਭ ਦੱਸਦੇ ਹਨ ਕਿ ਜਿਨ੍ਹਾਂ ਨੇ ਸੁਣੀ, ਉਹਨਾਂ ਨੂੰ ਕੀ ਪ੍ਰਾਪਤੀ ਹੋਈ? ਐਸੇ ਪੁਰਖਾਂ ਨੂੰ ਆਪ ਜੀ ਨੇ ਭਗਤ ਲਿਖਿਆ ਹੈ:-

ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥

ਕਿ ਉਹਨਾਂ ਨੂੰ ਜਾਚ ਆ ਗਈ ਆਪਣੇ ਪਾਪ ਨਸ਼ਟ ਕਰ ਲੈਣ ਦੀ, ਦੁਖ ਦੂਰ ਕਰ ਲੈਣ ਦੀ ਤੇ ਸਦਾ ਵਿਗਾਸ ਪ੍ਰਾਪਤ ਕਰ ਲੈਣ ਦੀ। ਇਹ ਗਲ ਚੌਹਾਂ ਪਉੜੀਆਂ ਵਿਚ ਫੇਰ ਫੇਰ ਆਖੀ ਹੈ। ਜਿਸ ਤੋਂ ਭਾਵ ਇਹ ਹੈ ਕਿ ਇਹ ਗੱਲ ਆਪ ਜੀ ਮੁੱਖ ਦੱਸ ਰਹੇ ਹਨ। ਪਰ ਨਾਲ ਹੀ ਚੌਹਾਂ ਪਉੜੀਆਂ ਵਿਚ ਹੋਰ ਹੋਰ ਲਾਭ ਬੀ ਦੱਸੇ ਹਨ। ਏਹ ਲਾਭ ਯਥਾ ਭਾਵਨੀ ਪ੍ਰਾਪਤ ਹੋਏ ਦੱਸੇ ਹਨ। ਜਿਨ੍ਹਾਂ ਨੇ ਭਗਤੀ ਭਾਵ ਨਾਲ ਸੁਣਿਆਂ ਉਹ ਤਾਂ ਚਾਰ ਵੇਰ ਕਥਕੇ ਵਿਸ਼ੇਸ਼ ਨਿਰੂਪਣ ਕੀਤੇ। ਦੂਜੇ ਭਾਵਨੀ ਵਾਲਿਆਂ ਦੇ

[1]ਐਉਂ ਬੀ ਕਰ ਲੈਂਦੇ ਹਨ-ਸੁਣਨੇ ਵਾਲਾ ਮੰਦਾ ਪੁਰਖ ਬੀ ਵਾਹਿਗੁਰੂ ਨੂੰ ਮੂੰਹੋਂ ਸਲਾਹੁਣ ਲਗ ਪੈਂਦਾ ਹੈ।

ਫਲ ਯਥਾ ਭਾਵਨੀ ਦਰਸਾਏ। ਜਿਨ੍ਹਾਂ ਸਿਧ ਪੀਰ ਬਣਨੇ ਲਈ ਸ੍ਰਵਣ ਕੀਤਾ ਓਹ ਸਿਧ ਪੀਰ ਹੋਏ, ਜਿਨ੍ਹਾਂ ਪਾਤਸ਼ਾਹੀ ਲਈ ਸੁਣਿਆਂ ਓਹ ਪਾਤਸ਼ਾਹ ਬਣੇ, ਆਦਿ।

ਚੌਹਾਂ ਪਉੜੀਆਂ ਵਿਚ ਗੇਣਤੀ ਇਸ ਪ੍ਰਕਾਰ ਹੈ-ਸਿਧ, ਸੁਰ, ਨਾਥ, ਈਸ਼ਰ, ਬ੍ਰਹਮਾ, ਇੰਦ, ਪਾਤਸ਼ਾਹ, ਸ਼ੇਖ, ਪੀਰ। ਏਹੋ ਗੇਣਤੀ ਲਗ ਪਗ ਫੇਰ ਪਉੜੀ ੩੫ ਵਿਚ ਹੈ, ਯਥਾ-ਸਿਧ, ਦੇਵ, ਨਾਥ, ਮਹੇਸ਼, ਬਰਮੇ, ਇੰਦ, ਨਰਿੰਦ ਆਦਿ'ਅੰਤੁ ਨ ਅੰਤੁ'। ਪਉੜੀ ੮ ਵਿਚ ਇਨ੍ਹਾਂ ਨੂੰ ਸਿਖਜਾ ਸੁਣਕੇ ਯਥਾ ਭਾਵਨੀ ਲਾਭ ਲੈਣ ਵਾਲੇ ਦਰਸਾਇਆ ਹੈ ਤੇ ਪਉੜੀ ੩੫ ਵਿਚ ਇਨ੍ਹਾਂ ਨੂੰ ਗਿਆਨ ਖੰਡ ਵਿਚ ਦਰਸਾਇਆ ਹੈ। ਪਰ ਪਉੜੀ ੩੭ ਵਿਚ ਭਗਤ ਦਾ ਨਿਵਾਸ ਕਰਮ ਖੰਡ ਵਿਚ ਤੇ ਉਹਨਾਂ ਨੂੰ 'ਅਨੰਦ' ਵਿਚ ਤੇ 'ਸਚਾ ਮਨਿ' ਵਸਿਆ 'ਸੋਇ' ਦਰਸਇਆ ਹੈ, ਯਥਾ:-

ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥

ਧਰਮ ਖੰਡ ਤੋਂ ਅਗੇ ਗਿਆਨ ਖੰਡ ਹੈ, ਇਸ ਤੋਂ ਅਗੇ ਸ਼ਰਮ ਖੰਡ ਹੈ ਤੇ ਸ਼ਰਮ ਖੰਡ ਤੋਂ ਅਗੇ ਕਰਮ ਖੰਡ ਹੈ। ਕਰਮ ਖੰਡ ਦੀ ਇਸ ਵਿਵੇਚਨਾ ਤੋਂ ਬੀ ਇਹੀ ਸਹੀ ਹੋਇਆ ਕਿ ਇਨ੍ਹਾਂ ਚਾਰ ਪਉੜੀਆਂ ਵਿਚ ਏਕਾਂਕੀ ਪ੍ਰੀਤ ਵਾਲੇ ਭਗਤ ਦੀ ਵਿਸ਼ੇਸ਼ਤਾ ਦਰਸਾਉਣ ਲਈ ਉਸ ਦੀ ਪ੍ਰਾਪਤੀ ਚਾਰ ਵੇਰ ਦੁਹਰਾਈ ਹੈ।

ਨਿਰੁਕ੍ਤ-(ਪਉ: ੮ ਤੋਂ ੧੧)**ਸੁਣਿਐ**-(ਸ੍ਰਵਣ ਇੰਦ੍ਰੇ (ਕੰਨਾਂ) ਦ੍ਵਾਰਾ ਜੋ ਗਜਾਨ ਹੁੰਦਾ ਹੈ ਉਸ ਦਾ ਨਾਮ ਸ੍ਰਵਣ ਹੈ।) ਸ਼ਾਸਤ੍ਰਿਕ ਬੋਲੀ ਵਿਚ-ਸ਼ਾਸਤ੍ਰ ਵਾਕ ਸੁਣਕੇ ਉਸ ਅਨੁਸਾਰ ਕਾਰਜ ਕਰਨੇ ਦਾ ਨਾਮ ਸ੍ਰਵਣ ਹੈ।

ਪੰਜਾਬੀ ਵਿਚ ਸ੍ਰਵਣ ਦਾ ਰੂਪ 'ਸੁਣਨਾ' ਹੈ। ਸੁਣਿਐ ਦਾ ਅਰਥ ਹੈ ਸੁਣਨੇ ਨਾਲ, ਸੁਣਨੇ ਕਰਕੇ।

ਗੁਰਬਾਣੀ ਵਿਚ ਸੁਣਨਾ ਪਦ 'ਕੰਨਾਂ ਨਾਲ ਜੋ ਗਜਾਨ ਹੁੰਦਾ ਹੈ' ਉਸ ਦੇ ਅਰਥਾਂ ਵਿਚ ਬੀ ਆਇਆ ਹੈ, ਯਥਾ:- **ਸੁਣਿ ਸੁਆਮੀ ਅਰਦਾਸਿ ਹਮਾਰੀ.....॥** (ਸਿਧ ਗੋਸਟਿ-੬)

ਤੇ ਸ਼ਾਸਤ੍ਰੀ ਅਰਥ ਜੋ ਸ੍ਰਵਣ ਦੇ ਹਨ ਉਹਨਾਂ ਅਰਥਾਂ ਵਿਚ ਬੀ ਆਇਆ ਹੈ; ਅਰਥਾਤ ਭਲਿਆਈ ਦੇ ਉਪਦੇਸ਼ ਦਾ ਸ੍ਰਵਣ ਕਰਨਾ। ਯਥਾ:-

ਸੁਣਿ ਸੁਣਿ ਸਿਖ ਹਮਾਰੀ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ....॥ (ਗਉ: ਮ: ੧-੧੩)

ਪਰ ਗੁਰਬਾਣੀ ਵਿਚ ਇਸ ਦਾ ਵਿਸ਼ੇਸ਼ ਅਰਥ ਹੈ,'ਵਾਹਿਗੁਰੂ ਜੀ ਦੇ ਨਾਮ ਦਾ ਸੁਣਨਾ' ਜੈਸਾ ਕਿ ਹੇਠ ਲਿਖੇ ਪ੍ਰਮਾਣਾਂ ਤੋਂ ਸਿਧ ਹੋ ਜਾਂਦਾ ਹੈ:

ਸੁਣਿਐ ਸਿਧ ਪੀਰ ਸੁਰਿ ਨਾਥ॥	**ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ**। (ਸਾਰੰ:ਵਾ:ਮ: ੪-੭)
ਸੁਣਿਐ ਧਰਤਿ ਧਵਲ ਆਕਾਸ॥	
ਸੁਣਿਐ ਦੀਪ ਲੋਅ ਪਾਤਾਲ॥	
ਸੁਣਿਐ ਪੋਹਿ ਨ ਸਕੈ ਕਾਲੁ॥	**ਨਾਮੁ ਸੁਣਤ ਜਮੁ ਦੂਰਹੁ ਭਾਗੈ॥** (ਭੈਰਉ ਮ: ੫-੪੯)
	ਪੁਨਾ:-**ਬਿਨੁ ਨਾਵੈ ਦੁਖੁ ਕਾਲੁ ਸੰਤਾਪੈ**[1]**॥** (ਸਿਧ ਗੋਸਟਿ-੫੦)
ਨਾਨਕ ਭਗਤਾ ਸਦਾ ਵਿਗਾਸੁ॥	**ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ**। (ਸਾਰੰ:ਵਾ:ਮ: ੪-੫)
ਸੁਣਿਐ ਦੂਖ ਪਾਪ ਕਾ ਨਾਸੁ॥੮॥	ਪੁਨਾ:-**ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥**
	ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥ (ਸਾ:ਵਾ:ਮ: ੪-੬)

[1]ਭਗਤਾ ਨੋ ਜਮੁ ਜੋਹ ਨ ਸਾਕੈ ਕਾਲੁ ਨ ਨੇੜੈ ਜਾਈ॥ (ਸੋਰਠਿ ਮ: ੩ ਅਸਟ:-੧)

	ਪੁਨਾ:-ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥ (ਸਾਰੰਗ ਵਾਰ ਮਹਲਾ: ੪-੮)
ਸੁਣਿਐ ਈਸਰੁ ਬਰਮਾ ਇੰਦੁ॥	
ਸੁਣਿਐ ਮੁਖਿ ਸਾਲਾਹਣ ਮੰਦੁ॥	ਨਾਨਕ ਨਾਇ ਸੁਣਿਐ ਮੁਖ ਉਜਲੇ......॥ (ਸਾਰੰ: ਵਾਰ ਮ: ੪-੮)
ਸੁਣਿਐ ਜੋਗ ਜੁਗਤਿ ਤਨਿ ਭੇਦ॥	ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ॥ (ਸਾ:ਵਾ:ਮ: ੪-੬)
ਸੁਣਿਐ ਸਾਸਤ ਸਿਮ੍ਰਿਤਿ ਵੇਦ॥...	
ਸੁਣਿਐ ਸਤੁ ਸੰਤੋਖੁ ਗਿਆਨੁ॥	ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥ (ਸਾ:ਵਾ:ਮ: ੪-੭)
ਸੁਣਿਐ ਅਠਸਠਿ ਕਾ ਇਸਨਾਨੁ॥	ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥ (ਸਾ:ਵਾ:ਮ: ੪-੮)
ਸੁਣਿਐ ਪੜਿਪੜਿ ਪਾਵਹਿ ਮਾਨੁ॥	ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ[1]॥ (ਸਾ:ਵਾ:ਮ: ੪-੬)
	ਨਾਇ ਸੁਣਿਐ ਸਹਜ ਊਪਜੈ ਸਹਜੇ ਸੁਖੁ ਪਾਵੈ॥ (ਸਾ:ਵਾ:ਮ: ੪-੭)
ਸੁਣਿਐ ਲਾਗੈ ਸਹਜਿ ਧਿਆਨੁ॥...	ਪੁਨਾ:-ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ (ਬਿਲਾਵਲ ਵਾਰ ਮ: ੩-੧)
ਸੁਣਿਐ ਸਰਾ ਗੁਣਾ ਕੇ ਗਾਹ॥	ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥ (ਸਾ:ਵਾ:ਮ: ੪-੮)
ਸੁਣਿਐ ਸੇਖ ਪੀਰ ਪਾਤਿਸਾਹ॥	ਨਾਮੇ ਹੀ ਸਭਿ ਜਾਤਿ ਪਤਿ ਨਾਮੇ ਗਤਿ ਪਾਈ॥ (ਸਾਰੰ:ਵਾ:ਮ: ੪-੬)
ਸੁਣਿਐ ਅੰਧੇ ਪਾਵਹਿ ਰਾਹੁ॥	ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥ (ਸਾ:ਵਾ:ਮ: ੪-੮)
ਸੁਣਿਐ ਹਾਥ ਹੋਵੈ ਅਸਗਾਹੁ॥...	

ਸਿਧ-(ਸੰਸ: ਸਿਦ੍ਧ)੧. ਜੋ ਸਿੱਧੀ ਨੂੰ ਪ੍ਰਾਪਤ ਹੋ ਗਿਆ ਹੈ। ੨. ਜੋਗੀਆਂ ਦੇ ਵਡਕੇ। ੩. ਜੈਨੀਆਂ ਦੇ ਵਡਕੇ। ੪. ਪਰ ਏਥੇ ਉਸ ਪੁਰਖ ਤੋਂ ਮੁਰਾਦ ਹੈ ਜਿਸ ਨੂੰ ਸਿੱਧੀਆਂ ਪ੍ਰਾਪਤ ਹੋਣ।

ਪੀਰ-(ਫਾ:) ਵਡਾ। ਮੁਸਲਮਾਨਾਂ ਵਿਚ ਕਰਾਮਾਤੀ ਤੇ ਸਿਧੀਆਂ ਵਾਲਾ ਆਦਮੀ।

ਸੁਰਿ-(ਸੰਸ: ਸੁਰ) ਦੇਵਤਾ। ੨. ਵਿਦ੍ਵਾਨ ਪੁਰਖ।

ਨਾਥ-(ਸੰਸ:) ਜੋਗੀਆਂ ਦਾ ਵਡਕਾ।

ਧਰਤਿ-ਪ੍ਰਿਥਵੀ। ਧਵਲ=ਬੈਲ, ਚਿੱਟਾ। ਮੁਰਾਦ ਹੈ ਧਰਤੀ ਦਾ ਹੇਠਲਾ ਪਾਸਾ[2]।

ਅਕਾਸ=ਅਸਮਾਨ, ਮੁਰਾਦ ਹੈ ਧਰਤੀ ਦਾ ਉਪਰਲਾ ਪਾਸਾ।

ਦੀਪ=ਟਾਪੂ। ਲੋਅ=ਲੋਕ।

ਪਾਤਾਲ=ਧਰਤੀ ਤੋਂ ਹੇਠਲੇ ਤੇ ਅਗੋਂ ਹੋਰ ਹੇਠਲੇ ਟਿਕਾਣੇ।

ਇਨ੍ਹਾਂ ਤੁਕਾਂ ਦੇ ਕਈ ਭਾਵ ਅਰਥ ਲੀਤੇ ਜਾਂਦੇ ਹਨ:-

੧. ਸੁਣਨੇ ਕਰਕੇ ਕਾਇਮ ਹਨ ਧਰਤੀ, ਹੇਠਲਾ ਤੇ ਉਪਰਲਾ (ਭਾਵ ਚੁਫੇਰੇ ਦਾ) ਆਕਾਸ਼, ਹਾਂ ਧਰਤੀ ਦੇ ਦੀਪ, ਲੋਅ (ਉਪਰਲੇ ਲੋਕ) ਤੇ ਪਾਤਾਲ (=ਹੇਠਲੇ ਲੋਕ)। ਯੁਕਤੀ ਇਹ ਹੈ ਕਿ ਜਿਵੇਂ ਸੋਦਰੁ ਵਿਚ ਖੰਡ, ਮੰਡਲ, ਸੁਰਗ, ਪਾਤਾਲ ਆਦਿ ਜਸ ਗਾਇਨ ਕਰਦੇ ਦੱਸੇ ਹਨ, ਆਸਾ ਦੀ ਵਾਰ ਵਿਚ ਧਰਤੀ ਸੂਰਜ ਚੰਦ ਈਸ਼ੁਰ ਦਾ ਭੈ ਮੰਨਦੇ ਦੱਸੇ ਹਨ। ਜਿਵੇਂ ਬਿਹਾਗੜਾ ਮ: ੪ ਵਿਚ ਧਰਤਿ ਪਤਾਲੁ ਅਕਾਸੁ ਹਰਿਨਾਮ ਧਿਆਉਂਦੇ ਦੱਸੇ ਹਨ, ਤਿਵੇਂ ਏਥੇ ਧਰਤੀ ਅਕਾਸ ਪਤਾਲ ਆਦਿ ਹਰਿਨਾਮ ਸੁਣਦੇ ਦੱਸੇ ਹਨ, ਜੋ ਨਾਮ ਸੁਣਕੇ ਕਾਇਮ ਹੋਏ ਤੇ ਚਲ ਰਹੇ ਹਨ। ਚਾਹੋ ਇਨ੍ਹਾਂ ਦਾ

[1]ਧੀਰਜੁ ਜਸੁ ਸੋਭਾ ਤਿਹ ਬਨਿਆ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥ (ਬਾਵਨ ਅਖਰੀ-੩੫)

[2]ਬੈਲ ਮੁਰਾਦ ਨਹੀਂ ਕਿਉਂਕਿ ਧਰਤੀ ਹੇਠ ਬੈਲ ਨਹੀਂ ਹੈ, ਇਹ ਗਲ ਜਪੁਜੀ ਵਿਚ ਹੀ ਦੱਸੀ ਹੈ। ਦੇਖੋ ਪਉੜੀ ੧੬ਵੀਂ ਜਪੁ ਸਾਹਿਬ ਦੀ।

ਗਾਇਨ, ਧਿਆਉਣ ਤੇ ਸੁਣਨ ਦਾ ਢੰਗ ਵੱਖਰੇ ਪ੍ਰਕਾਰ ਦਾ ਹੈ। ਜਦੋਂ ਸਾਈਂ ਨੇ 'ਕੀਤਾ ਪਸਾਉ ਏਕੋ ਕਵਾਉ॥' ਤਦੋਂ ਜੋ 'ਕਵਾਉ' ਕੀਤਾ ਉਸ ਨਾਲ ਸ਼੍ਰਵਣ ਦੇ ਪ੍ਰਤਾਪ ਗਾ, ਧਿਆ ਤੇ ਕਾਇਮ ਚਲੇ ਆ ਰਹੇ ਹਨ। ਚਾਹੇ ਉਹਨਾਂ ਦੇ ਗਾਇਨ ਆਦਿ ਦਾ ਢੰਗ ਵੱਖਰਾ ਹੈ।

੨. ਕਈ ਦਾਨੇ 'ਗੁਣ' ਲੈਕੇ 'ਗੁਣਾਨੁਵਾਦ ਦੁਆਰਾ' ਅਰਥ ਕਰਦੇ ਹਨ। ਐਉਂ:-

ਈਸ਼੍ਵਰ ਦਾ ਨਾਮ ਸੁਣਨੇ ਕਰਕੇ ਜੀਵ ਧਰਤੀ ਵਾਂਙੂ ਧੀਰਜਵਾਨ ਹੋ ਜਾਂਦਾ ਹੈ, ਧਉਲ ਵਾਂਙੂ ਉੱਜਲ, ਯਾ ਅਡੋਲ ਹੋ ਜਾਂਦਾ ਹੈ ਤੇ ਅਕਾਸ਼ ਵਾਂਙੂ ਅਸੰਗ, ਅਥਵਾ ਦੈਵੀ ਗੁਣਾਂ ਦਾ ਅਸਥਾਨ ਯਾ ਆਪ ਨੂੰ ਵਜਾਪਕ ਵੇਖਣ ਵਾਲਾ ਹੋ ਜਾਂਦਾ ਹੈ। ਇਸੀ ਤਰ੍ਹਾਂ ਦੀਪ ਦਾ ਗੁਣ ਪ੍ਰਕਾਸ਼, ਪਾਤਾਲ ਦਾ ਨੰਮ੍ਰਤਾ ਹੈ। ਏਹ ਗੁਣ ਸੁਣਨੇ ਨਾਲ ਆ ਜਾਂਦੇ ਹਨ।

੩. ਦੀਪ, ਲੋਅ, ਪਾਤਾਲ ਆਦਿ ਦੇ ਅਧਿਸ਼ਟਾਤਾ ਦੇਵਤੇ ਸੁਣਨ ਨਾਲ ਇਸ ਪਦ ਨੂੰ ਪਹੁੰਚੇ ਹਨ।

੪. ਸੁਣਨੇ ਨਾਲ ਜਾਣ ਲਈਦਾ ਹੈ ਸਿਧਾਂ, ਪੀਰਾਂ, ਸੁਰਾਂ, ਨਾਥਾਂ, ਧਰਤੀਆਂ, ਧਉਲਾਂ, ਆਕਾਸਾਂ, ਦੀਪਾਂ, ਲੋਆਂ ਤੇ ਪਾਤਾਲਾਂ ਦੇ ਭੇਤਾਂ ਨੂੰ।

੫. ਸੁਣਨ ਨਾਲ ਜਾਚ ਆ ਜਾਂਦੀ ਹੈ ਸਿਧ ਪੀਰ ਆਦਿ ਬਣਨੇ ਦੀ ਤੇ ਧਰਤੀ ਅਕਾਸ ਦੀਪ ਲੋਆਂ ਵਿਚ ਗਤੀ ਪ੍ਰਾਪਤ ਹੋ ਜਾਣੇ ਦੀ।

੬. ਅਥਵਾ, ਇਨ੍ਹਾਂ ਸਾਰਿਆਂ ਨੂੰ ਸਮਝ ਲੈਣੇ ਦੀ ਜਾਚ ਆ ਜਾਂਦੀ ਹੈ।

(ਪਉੜੀ ੧੨, ੧੩, ੧੪ ਤੇ ੧੫)

ਪ੍ਰਾਕ੍ਥਨ- 'ਸੋ ਮੈ ਵਿਸਰਿ ਨ ਜਾਈ', 'ਅੰਮ੍ਰਿਤ ਵੇਲਾ ਸਚੁ ਨਾਉ', 'ਸਾਚਾ ਸਾਹਿਬੁ ਸਾਚੁ ਨਾਇ', ਅਰਥਾਤ 'ਨਾਮ' ਦਾ ਉਪਦੇਸ਼ ਦੇਕੇ, ਗੁਰੂ ਤੋਂ ਇਸ ਦੀ ਪ੍ਰਾਪਤੀ ਲਈ ਯਾਚਨਾ ਕਰਕੇ, ਉਸਤੋਂ ਸੁਣਕੇ, ਪਿਛਲੀਆਂ ੪ ਪਉੜੀਆਂ ਵਿਚ ਸੁਣਨ ਦੇ ਲਾਭ ਦੱਸੇ ਸਨ। ਹੁਣ ਅਗਲੀਆਂ ਚਾਰ ਪਉੜੀਆਂ ਵਿਚ ਦੱਸਦੇ ਹਨ ਕਿ ਸਿਖ ਜੋ ਉਸ ਨਾਮ ਦਾ ਮੰਨਣ ਕਰੇਗਾ ਤਾਂ ਉਹ ਨਾਮੀ ਨੂੰ ਪ੍ਰਾਪਤ ਹੋਵੇਗਾ। ਚਾਹੇ ਐਸੇ 'ਮੰਨ ਲੈਣ ਵਾਲੇ' ਦੀ ਗਤੀ ਤਾਂ ਅਕੱਥ ਹੈ, ਪਰ ਉਸ ਦੀ ਪ੍ਰਾਪਤੀ ਬਾਬਤ ਕੁਛ ਨਾ ਕੁਛ ਕਿਹਾਂ ਤੇ ਹੀ ਪਤਾ ਲਗੇਗਾ ਤੇ ਮਨਨਸ਼ੀਲ ਹੋਣ ਦੀ ਰੁਚੀ ਉਪਜੇਗੀ। ਇਸ ਲਈ ਕੁਛ ਲਾਭ ਦੱਸਦੇ ਹਨ:-

ਮੂਲ	ਅਰਥ
ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇਕੋ ਮੰਨਿ ਜਾਣੈ ਮਨਿ ਕੋਇ॥੧੨॥	(ਸਭਨਾਂ ਜੀਆਂ ਦੇ ਇਕ ਦਾਤੇ ਨੂੰ ਨਾ ਵਿਸਾਰਨ ਵਾਲੇ ਅਰਥਾਤ ਸਚੇ ਨਾਮ ਨੂੰ) ਮੰਨ ਲੈਣ ਵਾਲੇ ਦੀ[1] ਅਵਸਥਾ (ਯਾ ਪ੍ਰਾਪਤੀ) ਕਹੀ ਨਹੀਂ ਜਾ ਸਕਦੀ, ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾ ਹੈ (ਕਿ ਮੈਂ ਥੋੜੀ ਕਹੀ ਹੈ। ਭਲਾ ਜੇ ਕੋਈ ਦਾਨੇ) ਮੰਨ ਲੈਣ ਵਾਲੇ ਦਾ ਬੈਠਕੇ ਵੀਚਾਰ ਕਰਨ (ਤੇ ਕਈ ਲਿਖਾਰੀ ਲਿਖੀ ਜਾਣ ਤਾਂ ਵਰਣਨ ਹੋ ਸਕੇ? ਉਤਰ: ਨਹੀਂ, ਕਿਉਂਕਿ ਸੰਪੂਰਨ ਲਿਖ ਲੈਣ ਵਾਲਾ) ਲਿਖਾਰੀ ਨਹੀਂ, ਨਾ (ਅਮੁੱਕ ਲਿਖਣੇਹਾਰ) ਕਲਮ ਹੈ ਤੇ ਨਾ (ਅਮਿਤ) ਕਾਗਤ ਹੈ (ਜਿਸ ਪਰ ਲਿਖਿਆ ਜਾ ਸਕੇ)। (ਪਰਮੇਸ਼ੁਰ ਦਾ) ਨਾਮ ਐਸਾ ਮਾਇਆ ਤੋਂ ਨਿਰਲਿਪਤ (=ਪਾਵਨ

[1]ਮੰਨੇ ਕੀ=ਮੰਨ ਲੈਣ ਵਾਲੇ ਦੀ, ਜਿਸ ਨੇ ਮੰਨਨ ਕਰ ਲਿਆ ਹੈ, ਉਸ ਦੀ।

ਪਦਾਰਥ) ਹੈ, (ਪਰ ਇਸ ਗੱਲ ਨੂੰ) ਕੋਈ ਤਾਂ ਹੀ ਜਾਣ ਸਕਦਾ ਹੈ ਜੇ ਕੋਈ ਮਨ ਵਿਚ (ਨਾਮ ਨੂੰ) ਮਨਨ ਕਰ ਲਵੇ॥੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੩॥

(ਨਾਮ ਨੂੰ) ਮੰਨ ਲੈਣ ਨਾਲ (ਜਗਤਾਸੂ ਦੀ) ਸੁਰਤਿ, ਮਨੀਖਾ, (ਤੇ) ਬੁਧਿ (ਨਾਮੀ ਨੂੰ ਵਿਸ਼ਯ ਕਰਨ ਵਾਲੀ) ਹੋ ਜਾਂਦੀ ਹੈ। (ਨਾਮ ਨੂੰ) ਮੰਨ ਲੈਣ ਨਾਲ (ਉਹ ਸੁਧਿ ਪ੍ਰਾਪਤ ਹੁੰਦੀ ਹੈ ਜੋ) ਸਾਰੇ ਭਵਨਾਂ ਦੀ ਸੋਝੀ (ਕਹੀਦੀ ਹੈ, ਭਾਵ ਸੁਤੇ ਗਯਾਨ ਪ੍ਰਾਪਤੀ ਵਾਲੀ ਬੁੱਧੀ, ਜੋ ਦੇਵਤਿਆਂ ਤੇ ਸਿਧਾਂ ਪੁਰਖਾਂ ਨੂੰ ਪ੍ਰਾਪਤ ਹੁੰਦੀ ਹੈ)। (ਐਸੀ ਅਨੁਭਵੀ ਸੁਤੇ ਬੁੱਧੀ ਜਿਸ ਨੂੰ ਪ੍ਰਾਪਤ ਹੋ ਜਾਏ ਉਹ ਮਨਨਸ਼ੀਲ ਪਰਮੇਸ਼ੁਰ ਦਾ ਨਾਮ) ਮੰਨ ਲੈਣ ਨਾਲ (ਭ੍ਰਮ ਭਾਂਤੀ ਦੀਆਂ) ਸੱਟਾਂ ਮੂੰਹ ਤੇ (ਫੇਰ) ਨਹੀਂ ਖਾਂਦਾ[1]। (ਤੇ ਐਸਾ ਮਨਨਸ਼ੀਲ ਪੁਰਖ) ਮੰਨ ਲੈਣ ਕਰਕੇ ਜਮ ਦੇ ਨਾਲ ਨਹੀਂ ਜਾਂਦਾ (ਭਾਵ ਜਨਮ ਮਰਨ ਰਹਿਤ ਹੋ ਜਾਂਦਾ ਹੈ)। (ਬਾਕੀ ਅੰਤਲੀਆਂ ਦੋ ਸਤਰਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੩॥

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੪॥

ਮੰਨ ਲੈਣ ਨਾਲ (ਮੰਨ ਲੈਣ ਵਾਲਾ ਫੇਰ ਵਾਹਿਗੁਰੂ ਦੇ) ਰਸਤੇ ਵਿਚ (ਕੋਈ) ਰੋਕ ਨਹੀਂ ਪਾਉਂਦਾ। ਮੰਨ ਲੈਣ ਨਾਲ (ਮੰਨ ਲੈਣ ਵਾਲਾ) ਪਤ ਅਬਰੋ ਨਾਲ ਪ੍ਰਗਟ ਜਾਂਦਾ ਹੈ। ਮੰਨ ਲੈਣ ਨਾਲ (ਮੰਨ ਲੈਣ ਵਾਲਾ, ਧਰਮਰਾਜ ਦੇ ਦਰ ਤੋਂ ਜੀਵਾਂ ਨੂੰ ਨਰਕ ਤੇ ਸੁਰਗ ਵਿਚ ਲੈ ਜਾਣ ਵਾਲੇ) ਰਸਤੇ ਉਤੇ ਨਹੀਂ ਚਲਦਾ, (ਕਿਉਂਕਿ) ਮਨਨ ਕਰਕੇ ਧਰਮ ਨਾਲ (ਤਾਂ ਉਸ ਦਾ ਮੈਤ੍ਰੀ) ਸਨਬੰਧ ਹੋ ਗਿਆ ਹੈ। (ਬਾਕੀ ਦਾ ਅਰਥ ਪਿੱਛੇ ੧੨ ਪਉੜੀ ਦੇ ਅੰਤ ਆ ਚੁਕਾ ਹੈ)॥੧੪॥

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੇ ਮਨਿ ਕੋਇ॥੧੫॥

ਮੰਨ ਲੈਣ ਨਾਲ (ਮੰਨ ਲੈਣ ਵਾਲਾ) ਮੁਕਤਿ ਦਾ ਦੁਆਰ ਪਾ ਲੈਂਦਾ ਹੈ (ਜਦੋਂ ਉਹ ਇਸ ਤਰ੍ਹਾਂ ਜੀਉਂਦਾ ਮੁਕਤ ਪਦ ਤੇ ਅੱਪੜ ਪੈਂਦਾ ਹੈ ਤਾਂ ਅਲੱਗ ਨਹੀਂ ਹੋ ਬੈਠਦਾ, ਉਹ) ਪਰਵਾਰ ਨੂੰ ਆਧਾਰ ਸਹਿਤ ਕਰਦਾ ਹੈ, (ਸਾਧਾਰਦਾ ਹੈ ਭਾਵ ਉਨ੍ਹਾਂ ਨੂੰ ਨਾਮ ਦਾ ਆਸਰਾ ਦੇਂਦਾ ਹੈ। ਪਰਵਾਰ ਹੀ ਨਹੀਂ ਸਗੋਂ) ਮੰਨ ਲੈਣ ਨਾਲ ਤਾਰਦਾ ਹੈ ਸਿਖਾਂ ਨੂੰ ਤੇ ਤਰਦਾ ਹੈ ਗੁਰੂ (ਆਪ)। ਮੰਨ ਲੈਣ ਵਾਲਾ ਭਿੱਖਿਆ ਨਹੀਂ ਮੰਗਦਾ ਫਿਰਦਾ। (ਅੰਤਲੀਆਂ ਤੁਕਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੫॥

ਵਯਾਖਯਾ-(ਪਉ: ੧੨ ਤੋਂ ੧੫) ਇਨ੍ਹਾਂ ਚਾਰ ਪਉੜੀਆਂ ਦੇ ਅਰਥ ਤਾਂ ਆ ਚੁਕੇ ਪਰ ਇਨ੍ਹਾਂ ਦਾ ਭਾਵ ਸਮਝਣੇ ਲਈ ਕੁਛ ਹੋਰ ਗਲਾਂ ਦੀ ਵਿਵੇਚਨਾ ਕਰਨੇ ਦੀ ਲੋੜ ਹੈ, ਜੋ ਇਸ ਪ੍ਰਕਾਰ ਹੈ:-

---

[1]ਇਕ ਚੋਟਾਂ ਜਮ ਦਰ ਬੀ ਖਾਣੀਆਂ ਪੈਂਦੀਆਂ ਹਨ, ਉਧਰ ਬੀ ਸੈਨਤ ਹੈ। ਯਥਾ:-
ਜਮਦਰਿ ਬਧਾ ਚੋਟਾ ਖਾਏ॥ (ਮਾਝ ਮਹਲਾ ੧ ਅਸਟ:-੧)

੧. ਵੇਦਾਂਤ ਵਿਚ ਮੰਨਣ ਦਾ ਅਰਥ ਹੈ ਸੁਣੇ ਹੋਏ ਸ਼ਾਸਤ੍ਰ ਵਾਕਾਂ ਦਾ ਵਾਰ ਵਾਰ ਵਿਚਾਰ ਕਰਨਾ ਯਾ ਪ੍ਰਸ਼ਨੋਤਰ ਕਿ ਸ਼ੰਕਾ ਸਮਾਧਾਨ ਦੁਆਰਾ ਨਿਸ਼ਚਯ ਕਰਨਾ। ਪਰ ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਭਾਵ 'ਈਸ਼੍ਵਰ ਦੇ ਨਾਮ ਦਾ ਮਨਨ' ਹੈ। ਇਹ ਗਲ ਇਨ੍ਹਾਂ ਪਉੜੀਆਂ ਦੇ ਆਰੰਭ ਵਿਚ ਹੀ ਸਪਸ਼ਟ ਹੋ ਜਾਂਦੀ ਹੈ. ਯਥਾ-'**ਐਸਾ ਨਾਮੁ ਨਿਰੰਜਨੁ ਹੋਇ॥ ਜੇਕੋ ਮੰਨਿ ਜਾਣੈ ਮਨਿ ਕੋਇ॥** '[1]

੨. 'ਮੰਨੈ' ਪਦ ਦਾ ਮੂਲ ਹੈ ਮੰਨਣਾ॥ ਮੰਨਣਾ ਪਦ ਦੇ ਦੋ ਮੂਲ ਹਨ:-

(ੳ) ਸੰਸਕ੍ਰਿਤ, ਮਾਨਨੰ। ਹਿੰਦੀ, ਮਾਨਨਾ। ਪੰਜਾਬੀ, ਮੰਨਣਾ=ਸਤਿਕਾਰ ਕਰਨਾ, ਸਵੀਕਾਰ ਕਰਨਾ। ਯਥਾ:- **ਮੰਨੀਐ ਸਤਿਗੁਰ ਪਰਮ ਬੀਚਾਰੀ॥** (ਵਾਰਾਂ ਤੋ ਵ: ਸਲੋਕ ਮ:੪-੨੦)

(ਅ) ਦੂਸਰੇ ਦਾ ਮੂਲ ਹੈ: ਸੰਸਕ੍ਰਿਤ, ਮਨਨੰ। ਹਿੰਦੀ, ਮਨਨ। ਪੰਜਾਬੀ, ਮੰਨਣਾ। ਜਿਸ ਦਾ ਅਰਥ ਹੈ ਵੀਚਾਰ ਕਰਨਾ, ਮਨ ਵਿਚ ਧਾਰਨ ਕਰਨਾ। ਇਨ੍ਹਾਂ ਚਾਰ ਪਉੜੀਆਂ ਵਿਚ ਦੂਸਰਾ ਅਰਥ ਲਗਦਾ ਹੈ। ਇਹ ਅਰਥ ਚੌਥੇ ਗੁਰੂ ਜੀ ਨੇ ਆਪ ਹੀ ਦੱਸਿਆ ਹੈ:-

ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥ (ਸਾਰੰਗ ਵਾਰ ਮ: ੪-੧੦)

੩. ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਅਰਥ ਇਹ ਹੈ, ਜੋ ਉਪਰ ਅੰਕ ੨ ਵਿਚ ਦੱਸਿਆ ਹੈ[2]। ਹੁਣ ਵੀਚਾਰ ਇਹ ਰਹੀ ਕਿ ਕੀਹ ਇਹ ਸ਼ਾਸਤ੍ਰ ਵਿਚ ਕਥੇ 'ਮਨਨ' ਮਾਤ੍ਰ ਦਾ ਲਖਾਇਕ ਹੈ ਯਾ ਕੁਛ ਵਿਸ਼ੇਸ਼ ਦਾ?

ਇਨ੍ਹਾਂ ਪਉੜੀਆਂ ਦੀ ਘੋਖਨਾ ਦੱਸ ਦੇਂਦੀ ਹੈ ਕਿ ਪਿਛੇ ਨਾਮ ਸੁਣਨ ਵਿਚ ਨਾਮ ਧਾਰਨ ਆ ਗਿਆ ਹੈ ਤੇ ਉਸ ਦਾ ਫਲ (ਵਿਗਾਸ=) ਨਾਮ ਰਸ ਆ ਗਿਆ ਹੈ। ਹੁਣ ਮਨੈ ਵਿਚ ਨਾਮ ਸੁਣਕੇ, ਸਵੀਕਾਰ ਕਰਕੇ, ਵਾਰੰਵਾਰ ਅਭ੍ਯਾਸ ਕਰਕੇ ਧਾਰਨ ਕਰਨਾ ਹੈ। ਇਸ ਮਨਨ ਨੇ '**ਮੰਨੈ ਪਾਵਹਿ ਮੋਖ ਦੁਆਰ**' ਤਕ ਲੈ ਜਾਣਾ ਹੈ। ਭਾਵ ਇਹ ਹੋਇਆ ਕਿ 'ਮੰਨੈ' ਪਦ ਵਿਚ ਸ਼ਾਸਤ੍ਰੀ ਬੋਲੀ ਦਾ ਕੇਵਲ 'ਮਨਨ' ਮਾਤ੍ਰ ਨਹੀਂ ਪਰ 'ਨਿਧ੍ਯਾਸਨ' ਬੀ ਸ਼ਾਮਲ ਹੈ। ਕਿਉਂਕਿ ਮੋਖ ਦੁਆਰ ਦੀ ਪ੍ਰਾਪਤੀ ਸਾਖ੍ਯਾਤਕਾਰ ਹੈ; ਸਾਖ੍ਯਾਤਕਾਰ ਨਿਧ੍ਯਾਸਨ ਦੇ ਮਗਰੋਂ ਹੁੰਦਾ ਹੈ। ਤੀਸਰੇ ਗੁਰਾਂ ਦਾ ਵਾਕ ਹੈ:-

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥ (ਸਿਰੀ: ਮਹਲਾ ੩-੩੨)

ਫਿਰ ਚਉਥੇ ਸਤਿਗੁਰਾਂ ਫੁਰਮਾਇਆ ਹੈ:-

ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥ (ਸਾਰੰਗ ਵਾਰ ਮ: ੪-੯)

ਅਰਥਾਤ- ਨਾਮ ਦਾ ਨਾਮੀ 'ਹਰਿ' ਹਿਰਦੈ ਵਿਚ ਦਿੱਸ ਪੈਂਦਾ ਹੈ।

ਪਾਤਸ਼ਾਹੀ ਚੌਥੀ ਦਾ ਹੋਰ ਵਾਕ ਹੈ:-

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥ (ਸੋਰਠਿ ਵਾਰ ਮ: ੪-੮)

੪. ਨਾਮ ਦੇ ਮਨਨ ਨੇ ਕੀਕੂੰ ਸਾਖ੍ਯਾਤਕਾਰ ਤਕ ਲੈ ਜਾਣਾ ਹੈ? ਇਸ ਦੀ ਵਿਵੇਚਨਾ ਇਸ ਪ੍ਰਕਾਰ ਹੈ:-

ਨਾਮ ਦਾ ਜਦ ਜਪ ਕਰੀਦਾ ਹੈ ਤਾਂ ਮਨ ਜਾਣਦਾ ਹੈ ਕਿ ਮੈਂ ਈਸ਼੍ਵਰ ਦੇ ਨਾਮ ਦਾ ਉਚਾਰਨ ਕਰ ਰਿਹਾ ਹਾਂ। ਅਰਥਾਤ ਨਾਮ ਜਿਸ ਦਾ ਹੈ ਉਸ ਦਾ ਸਾਧਾਰਨ ਗ੍ਯਾਨ ਲੈਕੇ ਨਾਮ ਜਪੀਦਾ ਹੈ।

---

[1]ਵਿਸ਼ੇਸ਼ ਤਸੱਲੀ ਅਗੇ ਆਉਣ ਵਾਲੇ ਸਫੇ ੮੧ ਤੇ ਦਿਤੇ ਟਾਕਰੇ ਤੋਂ ਹੋ ਜਾਂਦੀ ਹੈ, ਜੋ ਬਹੁਤ ਕਰਕੇ ਚੌਥੀ ਪਾਤਸ਼ਾਹੀ ਜੀ ਦੀਆਂ ਤੁਕਾਂ ਸਾਹਮਣੇ ਰੱਖ ਕੇ ਕੀਤੀ ਗਈ ਹੈ।

[2]ਇਥੈ 'ਮੰਨੈ' ਪਦ ਦੇ ਦੂਸਰੇ ਅਰਥ ਵਿਚ ਪਹਿਲੇ ਅਰਥ ਦਾ ਭਾਵ ਸੁਤੇ ਹੀ ਸ਼ਾਮਲ ਹੈ, ਕਿਉਂਕਿ ਪਹਿਲਾਂ ਜਗ੍ਯਾਸੂ ਇਹ ਗਲ ਮੰਨ ਲਏਗਾ, ਅਰਥਾਤ ਤਸਲੀਮ ਕਰ ਲਏਗਾ ਕਿ 'ਨਾਮ' ਹੀ ਮਾਰਗ ਹੈ ਤਾਂ ਨਾਮ ਨੂੰ ਧਾਰਨ ਕਰਕੇ ਉਸ ਦਾ ਮਨਨ ਕਰੇਗਾ।

ਇਸ ਕਰਕੇ ਇਹ ਨਾਮ, ਅਭ੍ਯਾਸ ਨਾਲ, ਮਨ ਵਿਚ ਸਿਮਰਨ ਬਣ ਜਾਂਦਾ ਹੈ। ਈਸ਼੍ਵਰ ਦਾ ਗੁਣ ਗ੍ਯਾਨ ਤੇ ਸਰੂਪ-ਗ੍ਯਾਨ ਮਨ ਵਿਚ ਦੇ ਸਿਮਰਨ ਦਾ ਵਿਸ਼ਯ ਹੁੰਦਾ ਹੈ। ਮਾਨੋ ਸਿਮਰਨ ਕਰਨ ਵਾਲਾ ਤੇ ਸਿਮਰਨ ਤੇ ਜਿਸ ਨੂੰ ਸਿਮਰਦਾ ਹੈ ਤ੍ਰੈਹਾਂ ਦਾ ਭਾਵ ਅੰਦਰ ਚਲਦਾ ਹੈ। ਇਹ ਸਿਮਰਨ ਮਨ ਦੇ ਪਹਿਲੇ ਹਿੱਸੇ ਦਾ ਕਰਤਵ੍ਯ ਹੈ। ਫਿਰ ਸੂਖਮ ਹੁੰਦਾ ਨਾਮ ਮਨ ਦੇ ਹੇਠ ਉਤਰਦਾ ਹੈ ਤੇ ਉਸ ਦੇ ਮੱਧ ਭਾਗ ਵਿਚ ਜਾਂਦਾ ਹੈ ਤਾਂ ਲਿਵ ਦੀ ਸ਼ਕਲ ਬਣਦੀ ਹੈ, ਭਾਵ ਪ੍ਰਵਾਹ ਸੁਤੇ ਚਲਦਾ ਹੈ, ਆਪਾ ਲੀਨ ਹੋ ਹੋ ਜਾਂਦਾ ਹੈ। ਇਸ ਤੋਂ ਅਗੇ ਨਾਮ ਜਦ ਮਨ ਦੇ ਅੰਤ ਉਸ ਦੀ ਸੀਮਾ ਤੇ ਜਾ ਅੱਪੜਦਾ ਹੈ ਤਾਂ ਮਨ ਅਮਨ (ਅ+ਮਨ) ਹੋ ਜਾਂਦਾ ਹੈ; '**ਮੈ ਨਾਹੀ ਪ੍ਰਭ ਸਭ ਕਿਛੁ ਤੂ ਹੈ**' ਵਾਲੀ ਅਵਸਥਾ ਘਟਦੀ ਹੈ। ਇਥੋਂ ਸਾਈਂ ਦੀ ਮਿਹਰ ਸਾਈਂ ਵਿਚ ਖਿੱਚ ਲਿਜਾਂਦੀ ਹੈ। ਇਹ ਮੋਖ਼ ਦੁਆਰ ਦੀ ਅੱਪੜ ਹੈ। ਇਹ ਅਵਸਥਾ ਬਹੁਤ ਦੁਰਲਭ ਹੈ, ਕੋਈ ਵਿਰਲਾ ਇਥੇ ਅੱਪੜਦਾ ਹੈ, ਇਸ ਕਰਕੇ ਸ਼ੁਰੂ ਵਿਚ ਹੀ ਕਿਹਾ ਹੈ '**ਜੇਕੋ ਮੰਨਿ ਜਾਣੈ ਮਨਿ ਕੋਇ॥**' ਜੇ ਕੋਈ ਮਨ ਵਿਚ ਵਸਾ ਕੇ ਨਾਮ ਦਾ ਮਨਨ ਕਰਨਾ ਜਾਣੇ ਤਾਂ ਉਸ ਨੂੰ ਪਤਾ ਲਗੇ ਕਿ 'ਨਾਮ' ਆਪ ਹੀ ਨਿਰੰਜਨ ਹੈ।

੫. ਜਦ ਨਾਮ ਨਿਰੰਜਨ ਹੈ ਤਾਂ ਉਹ ਅਵਸਥਾ ਤਾਂ ਨਿਰੰਜਨ ਪ੍ਰਾਪਤੀ ਦੀ ਹੋਈ, ਕਿਉਂਕਿ ਦੋ ਅੱਡ ਅੱਡ ਨਿਰੰਜਨ ਨਹੀਂ ਹੋ ਸਕਦੇ, ਨਾਮ ਨਾਮੀ ਦੀ ਅਭੇਦਤਾ ਹੋਣ ਕਰਕੇ ਨਾਮ ਨਾਮੀ ਦੁਇ ਨਿਰੰਜਨ ਹਨ, ਇਸੇ ਕਰਕੇ ਪਉੜੀ ਦੇ ਸ਼ੁਰੂ ਵਿਚ ਫੁਰਮਾਇਆ ਹੈ ਕਿ ਜਿਸ ਨੂੰ ਅਸੀਂ 'ਮੰਨੈ' ਕਰਕੇ ਕਹਿ ਰਹੇ ਹਾਂ ਉਹ ਬਹੁਤ ਵਡੀ ਵਸਤੂ ਹੈ। ਜਿਸ ਨੂੰ ਇਹ ਮੰਨਨ ਪ੍ਰਾਪਤ ਹੁੰਦਾ ਹੈ ਉਸ ਦੀ ਗਤੀ ਅਥਵਾ ਪਹੁੰਚ ਵਰਣਨ ਨਹੀਂ ਹੋ ਸਕਦੀ। ਕਿਉਂ ਨਹੀਂ ਹੋ ਸਕਦੀ? ਕਿ ਉਹ ਗਤੀ ਨਿਰੰਜਨ ਵਿਚ ਲੈ ਜਾਂਦੀ ਹੈ ਤੇ ਨਿਰੰਜਨ ਅਕੱਥ ਹੈ; ਸੋ 'ਮੰਨੇ' ਦੀ ਗਤੀ ਅਕੱਥ ਹੈ। ਜੇ ਕੋਈ ਕਹੇਗਾ ਤਾਂ ਪਛੁਤਾਏਗਾ ਕਿਉਂਕਿ ਕਹਿਕੇ ਪਤਾ ਲਗੇਗਾ ਕਿ ਅਜੇ ਹੋਰ ਕਹਿਣਾ ਬਾਕੀ ਸੀ, ਕਿਉਂਕਿ ਉਹ ਗ਼ਤੀ ਨਿਰੰਜਨ ਦੀ ਸੀ ਜੋ ਅਨੰਤ ਦੀ ਸੀ। ਕਾਗਤ, ਕਲਮ, ਲਿਖਣਹਾਰ ਤੇ ਵੀਚਾਰ ਕਰਨਹਾਰ ਸਾਰੇ ਅੰਤ ਵਿਚ ਹਨ, ਓਹ ਅਨੰਤ ਦਾ ਵਰਣਨ ਨਹੀਂ ਕਰ ਸਕਦੇ।

੬. ਪਰ ਇਹ ਆਖਕੇ ਗੁਰੂ ਜੀ ਫੇਰ ਆਪ 'ਮੰਨੇ' ਦੀ ਬਾਬਤ ਤ੍ਰੈ ਪਉੜੀਆਂ ਉਚਾਰਦੇ ਹਨ। ਵੀਚਾਰਕੇ ਪੜ੍ਹਿਆਂ ਪਤਾ ਲਗਦਾ ਹੈ ਕਿ ਗੁਰੂ ਜੀ ਮੰਨੇ ਦੀ ਸੰਪੂਰਣ ਗਤੀ ਦਾ ਵਰਣਨ ਨਹੀਂ ਕਰਦੇ, ਉਸ ਦੀਆਂ 'ਪ੍ਰਾਪਤੀਆਂ' ਦਾ ਵਰਣਨ ਕਰਦੇ ਹਨ। ਇਸ ਲਈ ਕਿ ਜੇ ਜਗ੍ਯਾਸੂਆਂ ਨੂੰ ਇਹ ਬੀ ਪਤਾ ਨਾ ਲਗੇ ਕਿ ਮਨਨ ਦੇ ਲਾਭ ਕੀ ਹਨ ਤਾਂ ਉਹਨਾਂ ਨੂੰ ਲਗਣੇ ਦੀ ਰੁਚੀ ਕੀਕੂੰ ਹੋਵੇ? ਉਹ ਲਾਭ ਭੀ ਫਿਰ ਸਾਰੇ ਨਹੀਂ ਦਰਸਾਏ, ਪਰ ਮੋਟੇ ਮੋਟੇ ਓਹ ਦਰਸਾਏ ਹਨ, ਜਿਨ੍ਹਾਂ ਨੂੰ ਲੈਕੇ ਜਗ੍ਯਾਸੂ ਸੰਸਾਰ ਤੋਂ ਚਿੱਤ ਬ੍ਰਿਤੀ ਮੋੜਕੇ ਪਰਮਾਰਥ ਵਿਚ ਲਗਾ ਹੈ ਤੇ ਜਿਨ੍ਹਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਜਿਹਾ ਕੁ ਸੁਰਤ ਮਨ ਤੇ ਬੁੱਧੀ ਦਾ ਉੱਜਲ ਹੋਕੇ ਆਤਮ ਵਿਸ਼ੈਣੀ ਹੋ ਜਾਣਾ, ਜਨਮ ਮਰਨ ਕਟ ਜਾਣਾ, ਮੋਖ ਪ੍ਰਾਪਤ ਹੋ ਜਾਣਾ। ਸਿਖ ਪਾਕੇ ਫੇਰ ਗੁਰਮੁਖ ਪਦ-'ਪਰਵਾਰ ਤੇ ਜਗਤ ਉਧਾਰ' ਦੀ ਸ਼ਕਤੀ ਮਿਲ ਜਾਣੀ ਤੇ ਇਤਨਾ ਕੁਛ ਪਾਕੇ 'ਭਵਹਿ ਨ ਭਿਖ' ਅਰਥਾਤ ਬਿਰਤੀ ਨੇ ਨਿਰਚਾਹ ਰਹਿਣਾ, ਕਿਸੇ ਮੰਗ ਵਿਚ ਨਾ ਜਾਣਾ, ਨਿਰਲੇਪ ਰਹਿਣਾ।

ਨਿਰੁਕ੍ਤ-(ਪਉ: ੧੨ ਤੋਂ ੧੫) ਮੰਨੇ[1]-ਉਹ ਪੁਰਖ ਜਿਸ ਨੇ ਮਨਨ ਕੀਤਾ ਹੈ।

ਮੰਨੈ-ਮਨਨ ਕਰਨੇ ਨਾਲ। 'ਮੰਨੇ' ਤੋਂ ਭਾਵ ਨਾਮ ਦਾ ਮੰਨਨ ਹੈ, ਜੋ ੧੨ਵੀਂ ਪਉੜੀ ਤੋਂ ਹੀ ਪਤਾ ਲਗ ਜਾਂਦਾ ਹੈ: 'ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥' ਇਸ ਅਰਥ ਦੀ ਵਿਸ਼ੇਸ਼ ਪ੍ਰੌੜਤਾ ਅੱਗੇ ਲਿਖੀਆਂ ਟਾਕਰੇ ਤੇ ਦਿਤੀਆਂ ਤੁਕਾਂ ਤੋਂ ਹੋ ਜਾਂਦੀ ਹੈ:-

[1]ਮੰਨਣਾ ਦੀ ਵਿਤਪਤੀ ਪਿਛੇ ਵ੍ਯਾਖ੍ਯਾ ਵਿਚ ਆ ਚੁਕੀ ਹੈ।

ਮੰਨੈ ਸੁਰਤਿ ਹੋਵੈ ਮਨਿ ਬੁਧਿ॥ **ਮੰਨੈ ਸਗਲ ਭਵਣ ਕੀ ਸੁਧਿ॥** **ਮੰਨੈ ਮੁਹਿ ਚੋਟਾ ਨਾ ਖਾਇ॥**	ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥ (ਵਾਰ ਸਾਰੰਗ-੧੨-੧ ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥ (ਵਾਰਸਾਰੰਗ-੧੨-੩ ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ[1]॥ (ਵਾਰ ਸਾਰੰਗ ਮ: ੪,੯-੩
ਮੰਨੈ ਜਮ ਕੈ ਸਾਥਿ ਨ ਜਾਇ॥	ਮੰਨੇ ਨਾਉ ਸੋਈ ਜਿਣਿ ਜਾਇ॥[2]　(ਰਾਮ: ਵਾਰ ਸਲੋ: ਮ: ੧-੧੪ ਹਰਿ ਗੁਣ ਰਮਤ ਨਾਹੀ ਜਮ ਪੰਥ॥　(ਗੋਂਡ ਮ: ੫-੧੦
ਐਸਾ ਨਾਮੁ ਨਿਰੰਜਨੁ ਹੋਇ॥ **ਜੇਕੋ ਮੰਨਿਜਾਣੈ ਮਨਿਕੋਇ॥੧੩॥**	
ਮੰਨੈ ਮਾਰਗਿ ਠਾਕ ਨ ਪਾਇ॥	ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥ (ਵਾਰ ਸਾਰੰਗ-੯-੩
ਮੰਨੈ ਪਤਿਸਿਉ ਪਰਗਟੁ ਜਾਇ॥	ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥ (ਵਾਰ ਸਾਰੰਗ-੯-੨) ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ॥ (ਵਾਰ ਸਾਰੰਗ-੪-੨) ਨਾਨਕ ਨਾਮਿ ਰਤੇ ਪਤਿ ਹੋਇ॥　(ਦਖਣੀ ਓਅੰਕਾਰ-੯) ਪੁਨਾ:- ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥ (ਵਾਰ ਸਾਰੰਗ ੯-੪
ਮੰਨੈ ਮਗੁ ਨ ਚਲੈ ਪੰਥੁ॥	
ਮੰਨੈ ਧਰਮ ਸੇਤੀ ਸਨਬੰਧੁ॥	ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥　(ਵਾਰ ਸਾਰੰਗ ੧੨-੪)
ਐਸਾ ਨਾਮੁ ਨਿਰੰਜਨੁ ਹੋਇ॥ **ਜੇਕੋ ਮੰਨਿਜਾਣੈ ਮਨਿਕੋਇ॥੧੪॥**	
ਮੰਨੈ ਪਾਵਹਿ ਮੋਖੁ ਦੁਆਰੁ॥	ਗੁਰਮਤਿ ਮਾਨਿਆ ਮੋਖ ਦੁਆਰੁ[3]॥　(ਬਿਲਾ: ਮ: ੩, ਅਸਟ:-੩ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ॥ (ਵਾਰ ਸਾਰੰਗ-੧੧-੪
ਮੰਨੈ ਪਰਵਾਰੈ ਸਾਧਾਰੁ॥	ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥ (ਵਾਰ ਸਾਰੰਗ-੧੦-੧
ਮੰਨੈ ਤਰੈ ਤਾਰੇ ਗੁਰੁ ਸਿਖ॥	ਨਾਇ ਮੰਨਿਐ ਸੰਗਤਿ ਉਧਰੈ ਜਿਨ੍ਹ ਰਿਦੈ ਵਸਾਇਆ॥ (ਵਾ:ਸਾ: ੧੨-੨) ਨਾਇ ਮੰਨਿਐ ਸੁਣਿ ਉਧਰੇ ਜਿਨ੍ਹ ਰਸਨ ਰਸਾਇਆ॥ (ਵਾਰ ਸਾਰੰਗ-੧੦-੩)
ਮੰਨੈ ਨਾਨਕ ਭਵਹਿ ਨ ਭਿਖ॥	ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥ (ਵਾਰ ਸਾਰੰਗ-੧੦-੪

ਗਤਿ-ਹਾਲਤ, ਪਹੁੰਚ, ਪ੍ਰਾਪਤੀ, ਫਲ, ਚਾਲ, ਅਵਸਥਾ, ਰਸਤਾ ਆਦਿ।

ਕਾਗਦਿ ਕਲਮ-(ਫ਼ਾਰਸੀ, ਕਾਗਜ਼। ਅ: ਕ਼ਲਮ) ਕਾਗਦਿ = ਕਾਗਤ, ਕਾਗਜ਼। ਕਲਮ = ਲਿਖਣ।

ਨਿਰੰਜਨੁ-ਨਿਰ+ਅੰਜਨ = ਮਾਯਾ ਤੋਂ ਨਿਰਲਿਪਤ। ਸ਼ੁੱਧ, ਪਵਿਤ੍ਰ। ਵਾਚਕ ਤੇ ਵਾਚ੍ਯ ਅਭੇਦ ਰੂਪ ਹੁੰਦੇ ਹਨ ਯਾ 'ਨਾਮ ਨਾਮੀ ਦੀ ਅਭੇਦਤਾ' ਦੇ ਨਿਯਮ ਅਨੁਸਾਰ ਨਾਮ ਬੀ ਨਿਰੰਜਨ ਹੈ।

---

[1]ਨਾਵਹੁ ਭੁਲੀ ਚੋਟਾ ਖਾਏ॥　(ਮਾਰੂ ਮ: ੧, ਸੋਲਹੇ ੫)
ਪੁਨਾ:-ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ॥　(ਆਸਾ ਮ: ੧, ਛੰਤ ੫)
[2] ਬਿਨੁ ਨਾਵੈ ਕੋ ਸੰਗਿ ਨ ਸਾਥੀ॥　(ਮਾਝ ਮ: ੧, ਅਸਟ: ੧)
[3]ਜਮ ਦੁਆਰਿ ਨ ਹੋਹੁ ਖੜੀਆ॥　(ਵਡ: ਮ: ੧, ਛੰਤ-੨)

ਜੈਸੇ ਵਾਕ ਹੈ:- **ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥** (ਮਾਝ ਮ: ੩, ਅਸਟ:-੬)

ਪੁਨਾ:-**ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥** (ਵਡ: ਮ: ੩ ਛੰਤ-੪)

(ਅ) ਸੰਪ੍ਰ: ਅਰਥ ਇਹ ਬੀ ਹੈ: ਨਾਮ ਐਸਾ ਨਿਰੰਜਨ ਰੂਪ ਹੈ ਕਿ ਜੋ ਉਸ ਦਾ ਮਨਨ ਕਰੇ ਓਹੀ ਉਸ ਦੇ ਰਸ ਨੂੰ ਜਾਣਦਾ ਹੈ।

ਮੰਨਿ ਜਾਣੈ-ਮਨਨ ਕਰਨਾ ਜਾਣੇ। (ਅ) ਮਨਿ = ਮਨ ਵਿਚ।

ਸੁਰਤਿ-'ਸੁਰਤਿ' ਪਦ ਦਾ ਮੂਲ ਕੋਸ਼ਕਾਰਾਂ ਨੇ ਸਿਮ੍ਰਿਤਿ ਮੰਨਿਆ ਹੈ ਤੇ ਇਸਦੇ ਅਰਥ ਕੀਤੇ ਹਨ:-ਸਮਰਣ, ਚੇਤਨਾ, ਸੁਧਿ, ਧਯਾਨ। ਗੁਰਬਾਣੀ ਵਿਚ ਇਹ ਪਦ ਗਯਾਤ, ਬ੍ਰਿਤੀ, ਚੇਤਨਾ, ਧਯਾਨ, ਵਿਸ਼ੇਸ਼ ਪ੍ਰੀਤ, ਸੁਧ, ਖ਼ਬਰ, ਸਿਮ੍ਰਿਤਿ, ਸ੍ਰੁਤੀ, ਅਨੇਕਾਂ ਅਰਥਾਂ ਵਿਚ ਆਇਆ ਹੈ। ਚੌਥੇ ਸਤਿਗੁਰਾਂ ਨੇ ਬੀ ਫੁਰਮਾਯਾ ਹੈ:- **ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥** (ਸਾਰੰਗ ਵਾਰ ਮ: ੪-੧੨)

ਫਿਰ ਜਪੁਜੀ (ਪਉੜੀ ੩੬) ਵਿਚ ਲਿਖਿਆ ਹੈ:-

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥

ਇਥੇ 'ਮਨਿ' ਪਦ ਵਿਚ ਸਿਆਰੀ ਇਸਤ੍ਰੀ ਲਿੰਗ ਦਾ ਚਿੰਨ੍ਹ ਹੈ ਤੇ ਦੱਸਦਾ ਹੈ ਕਿ 'ਮਨਿ' ਤੋਂ 'ਮਨੀਖਾ' ਮੁਰਾਦ ਹੈ। ਸੁਰਤਿ = Consciousness, ਮਨਿ = ਮਨੀਖਾ = Intelligence, ਬੁਧਿ = Reason ਏਹ ਸੁਰਤਿ ਮਨਿ ਬੁਧਿ ਆਦਿ ਸਾਡੀ ਗਯਾਤ ਸ਼ਕਤੀ ਦੇ ਅੰਗ ਯਾ ਦਰਜੇ ਹਨ, ਜਿਨਾਂ ਦਾ ਕੰਮ ਹੈ ਗਯਾਨ ਪ੍ਰਾਪਤੀ। ਕਾਰਜ-ਕਾਰਜ ਕਾਰਣ ਆਦਿ ਵੀਚਾਰ ਨਾਲ, ਯਾ ਤਰਕ ਵਿਤ੍ਰੇਕ ਅਨੁਮਾਨ ਆਦਿ ਨਾਲ ਸਿਧਾਂਤ ਤੇ ਅੱਪੜਨਾ ਸਾਡੀ ਇਸ ਗਯਾਤ ਦਾ ਕੰਮ ਕਰਨੇ ਦਾ ਤ੍ਰੀਕਾ ਹੈ। ਪ੍ਰੰਤੂ ਨਾਮ ਦੇ ਮਨ ਵਿਚ ਮਨਨ ਕਰਨ ਨਾਲ ਗਯਾਤ ਦੇ ਸਾਰੇ ਅੰਗ ਆਤਮਾਂ ਨੂੰ ਨਿਸਚਿਤ ਕਰਨ ਵਾਲੇ ਹੋ ਜਾਂਦੇ ਹਨ, ਜੈਸੇ ਵਾਕ ਹੈ:-

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ (ਸਾਰੰਗ ਵਾਰ ਮ: ੪-੧੧)

ਇਹ ਉਤਮ ਮਤਿ ਫੇਰ 'ਸੁਧਿ' ਬਣ ਜਾਂਦੀ ਹੈ। 'ਸੁਧਿ' ਉਹ ਗਯਾਤ ਹੈ ਜੋ ਸਿੱਧੀ ਤੇ ਸੁਤੇ ਹੀ ਸਤਜ ਗਯਾਨ ਤੇ ਅੱਪੜਦੀ ਹੈ। ਇਸ ਵਿਚ ਭ੍ਰਮ ਭ੍ਰਾਂਤੀ ਦੀ ਅੰਸ਼ ਹੀ ਨਹੀਂ ਹੁੰਦੀ। ਇਹ ਸ੍ਵਯੰ 'ਸਤਜ' ਨੂੰ ਲਖ ਲੈਂਦੀ ਹੈ। ਇਸ ਕਰਕੇ ਇਸ ਦੀ ਤਾਰੀਫ ਇਹ ਕੀਤੀ ਹੈ ਕਿ ਇਹ ਦੇਵਤਿਆਂ ਵਿਚ ਯਾ ਪੂਰਨ ਪੁਰਖਾਂ ਵਿਚ ਹੁੰਦੀ ਹੈ। 'ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ[1]॥' ਯੋਗ ਦਰਸ਼ਨ ਵਿਚ ਸ਼ਾਯਦ 'ਰਿਤੰਭਰਾ ਤਤ੍ਰ ਪ੍ਰਗਯਾ' ਇਸੇ ਨੂੰ ਕਿਹਾ ਹੈ।

(ਅ) ੧੯੫੨, ੧੯੬੯ ਬਿ: ਵਿਚ ਟੀਕਾਕਾਰਾਂ ਵਲੋਂ ਏਹ ਅਰਥ ਬੀ ਕੀਤੇ ਗਏ ਸਨ: ਮਨ ਵਿਚ ਤੇ ਬੁਧਿ ਵਿਚ (ਸ੍ਰੇਸ਼ਟ) ਸੁਰਤਿ ਹੋ ਆਉਂਦੀ ਹੈ।

ਚੋਟਾ-(ਪੰਜਾਬੀ) ਸੱਟਾਂ। ਭ੍ਰਮ ਰੂਪੀ ਸੱਟਾਂ। ਯਥਾ:-

ਭਾਗਹੀਨ ਭ੍ਰਮਿ ਚੋਟਾ ਖਾਵਹਿ॥ (ਮਾਝ ਮ: ੪-੪)

ਪੁਨਾ:- **ਜਮ ਦਰਿ ਬਧਾ ਚੋਟਾ ਖਾਏ॥** (ਮਾਝ ਮ: ੧-੧)

ਪਰ ਨਾਮ ਮੰਨ ਲੈਣ ਨਾਲ ਜਮ ਦੀਆਂ ਯਾ ਕਾਲ ਦੀਆਂ ਚੋਟਾਂ ਨਹੀਂ ਖਾਂਦਾ।

ਠਾਕਿ-(ਪੰਜਾਬੀ) ਰੋਕ। ਭਾਵ, ਉਸ ਨੂੰ ਕੋਈ ਰੋਕ ਨਹੀਂ ਅਗੋਂ ਮਿਲਦੀ। ਯਥਾ:

ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ॥ (ਬਾਵਨ ਅਖਰੀ : ਮ: ੫-੨੮)

ਪਰਗਟੁ-(ਸੰਸ:, ਪ੍ਰਗਟ) ਜ਼ਾਹਰ, ਪ੍ਰਤੱਖ। ਲੁਕਾ ਛਿਪਾ ਬਿਨਾ।

ਮਗੁ-(ਸੰਸ:, ਮਾਰਗ। ਪ੍ਰਾ: ਮਗ) ਰਸਤਾ।

---

[1]ਕਬੀਰ ਜੀ ਨੇ ਬੀ ਇਸ ਨੂੰ ਬੁਧੀ ਤੋਂ ਅਗਲੀ ਸ਼ੈ ਕਰਕੇ ਦੱਸਿਆ ਹੈ ਤੇ ਇਸ ਦਾ ਰੂਪ ਦਿਤਾ ਹੈ '**ਸਿਧਿ**' ਯਥਾ: -
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥ (ਗਉ: ਕਬੀਰ ਜੀ ੨੨)

ਪੰਥੁ-(ਸੰਸ:, ਪੰਥ) ਰਸਤਾ, ਮਗ।

ਇਕ ਅਰਥ ਦੇ ਦੋ ਪਦ 'ਪੰਥ' ਤੇ 'ਮਗੁ' ਕੱਠੇ ਵਰਤਣੇ ਗੁਰਬਾਣੀ ਦਾ ਮੁਹਾਵਰਾ ਹੈ ਤੇ ਦੋ ਪਦ ਵਰਤ ਕੇ ਕ੍ਰਿਆ ਇਕ ਵਚਨ ਵਰਤੀ ਦੀ ਹੈ, ਯਥਾ:-

ਮਾਰਗੁ ਪੰਥੁ ਨ ਜਾਣਉ ਵਿਖੜਾ........॥ (ਤੁਖਾਰੀ: ਮਹਲਾ: ੧-੪)

ਤਥਾ- **ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ॥** (ਵਡ: ਮਹਲਾ: ੧-੪)

ਜਿਵੇਂ ਮੁਹਾਵਰੇ ਵਿਚ ਬੀ ਕਹੀਦਾ ਹੈ: ਕੁਛ ਜਲ ਪਾਣੀ ਛਕ ਲਓ। ਇਸੇ ਤਰ੍ਹਾਂ ਮਗ ਤੇ ਪੰਥ ਇਕੋ ਅਰਥ ਵਾਚੀ ਹਨ।

ਧਰਮ-(ਸੰਸ:, ਧਰ੍ਮ)।

੧. ਜੋ ਧਾਰਨ ਕੀਤਾ ਜਾਏ, ਫਰਜ਼। ਕਰਨੇ ਯੋਗ ਸ਼ੁਭ ਕਰਮ, ਮਜ਼੍ਹਬ।

੨. ਦੇਖੋ ਧਰਮ, ਪਉੜੀ ੧੬ ਦੇ ਨਿਰੁਕ੍ਤ ਵਿਚ। (ਪੰਨਾ-੯੧)

੩. ਧਰਮਰਾਜ, ਇਸ ਅਰਥ ਵਿਚ ਬੀ ਪਦ ਧਰਮ ਗੁਰਬਾਣੀ ਵਿਚ ਆਇਆ ਹੈ। ਯਥਾ:-

ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ (ਵਾਰਾਂ ਤੇ ਵ: ਸਲੋ: ਮ: ੫-੧੦)

ਯਮ ਦੇ ਰਸਤੇ ਧਰਮਰਾਜ ਨਹੀਂ ਜਾਣ ਦੇਂਦਾ ਹੋਰਥੇ ਬੀ ਫੁਰਮਾਇਅ ਹੈ:-

ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ॥ (ਮਾਰੂ ਵਾ: ਮਹਲਾ: ੩-੧੪)

ਇਸ ਲਈ ਵਾਕ ਹੈ:-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰਿ ਕੇ ਪਰਸਾਦਿ॥ (ਸਲੋਕ ਕਬੀਰ-੧੨੦)

ਸਾਧਾਰੁ-ਸ+ਅਧਾਰ=ਸਹਿਤ ਆਧਾਰ ਦੇ। 'ਨਾਮ ਦੇ ਆਧਾਰ ਸਹਿਤ' ਕਰ ਦੇਂਦਾ ਹੈ ਪਰਵਾਰ ਨੂੰ। (ਅ) ਸੁਧਾਰਦਾ ਹੈ ਬੀ ਅਰਥ ਲਾਉਂਦੇ ਹਨ।

ਭਿਖ-(ਸੰਸ:, ਭਿਕ੍ਸ਼ਾ) ਭੀਖ, ਮੰਗ। ਅਥਵਾ-ਇਹ 'ਪਰਵਾਰ ਉਧਾਰ' ਤੇ 'ਸਿਖ ਉਧਾਰ' ਦਾ ਕੰਮ ਕਰਦਿਆਂ ਉਹ ਦਾਤਾ ਪਦ ਵਿਚ ਰਹਿੰਦਾ ਹੈ। ਉਸ ਦੀ ਬ੍ਰਿਤੀ ਕਦੇ ਮੰਗਤ ਭਾਵ ਵਿਚ ਨਹੀਂ ਜਾਂਦੀ, ਅਤੇ ਏਹ ਉਪਕਾਰ ਕਰਦਿਆਂ ਉਹ 'ਜਨਮ ਮਰਨ ਥੀਂ ਮੁਕਤ ਪਦ' ਤੇ ਟਿਕਿਆ ਰਹਿੰਦਾ ਹੈ।

(ਅ) ਉਹ ਜੂਨਾਂ ਵਿਚ ਨਹੀਂ ਪਿੰਨਦਾ ਫਿਰਦਾ।

(ਪਉੜੀ ੧੬)

ਪ੍ਰਾਕ੍ਥਨ- ਪਿਛੇ ਕਿਹਾ ਸੀ ਕਿ ਮਨਨਸ਼ੀਲ ਪੁਰਖ ਮੋਖ ਪਾਉਂਦੇ, ਆਪ ਤਰਦੇ ਤੇ ਹੋਰਨਾਂ ਨੂੰ ਤਾਰਦੇ ਹਨ। ਹੁਣ ਪਉੜੀ ੧੬ ਵਿਚ ਫੁਰਮਾਉਂਦੇ ਹਨ ਕਿ ਉਹਨਾਂ ਦਾ ਗੁਰੂ 'ਇਕ ਧਿਆਨ' ਹੋ ਜਾਂਦਾ ਹੈ। ਅਰਥਾਤ ਸੁਣਕੇ, ਮੰਨਕੇ ਉਨ੍ਹਾਂ ਦਾ ਧ੍ਯਾਨ ਇਕ ਈਸ਼੍ਵਰ ਵਿਚ ਟਿਕ ਜਾਂਦਾ ਹੈ। ਧ੍ਯਾਨ ਹੀ ਪਰਮ ਟਿਕਾਉ ਵਿਚ ਜਾ ਕੇ ਸਮਾਧੀ ਕਹਿਲਾਉਂਦਾ ਹੈ। ਇਹ ਧ੍ਯਾਨ 'ਅਭ੍ਯਾਸ ਦਾ ਮੁਥਾਜ ਧ੍ਯਾਨ' 'ਪ੍ਰਯਤਨ ਮਈ ਨਿੱਧ੍ਯਾਸਨ' ਨਹੀਂ, ਪਰ 'ਪ੍ਰਪੱਕ ਧ੍ਯਾਨ' ਹੈ ਜੋ 'ਸਹਜ ਸਮਾਧੀ' ਦੇ ਰੂਪ ਵਿਚ ਨਿਰਯਤਨ ਲਗਾ ਰਹਿੰਦਾ ਹੈ। ਯਥਾ: **ਗੁਰਮੁਖਿ ਲਾਗੈ ਸਹਜਿ ਧਿਆਨੁ॥** (ਸਿਧ ਗੋਸਟਿ ੩੬) ਇਸ ਪਉੜੀ ਵਿਚ ਇਨ੍ਹਾਂ ਸਹਜ ਧ੍ਯਾਨੀਆਂ ਨੂੰ ਪੰਚ' ਪਦ ਨਾਲ ਯਾਦ ਕੀਤਾ ਹੈ। ਇਸਤੋਂ ਮੁਹਰੇ ਪਹਿਲੀਆਂ ਪਉੜੀਆਂ ਵਿਚ ਜੋ ਉਪਾਉ ਆਦਿ ਆਏ ਹਨ, ਉਨਾਂ ਦੇ ਕਰਨ ਵਾਲੇ ਸਚਿਆਰਾਂ ਤੋਂ ਮੁਰਾਦ ਹੈ, ਯਥਾ:-੧. ਸੁਣਨੇ ਵਾਲੇ, ੨. ਮੰਨਣ ਵਾਲੇ, ੩. ਗਾਉਣ ਵਾਲੇ, ੪. ਹੁਕਮ ਰਜ਼ਾਈ ਟੁਰਨ ਵਾਲੇ, ੫. 'ਮਨਿ ਰਖਿਐ ਭਾਉ॥' ਅਰਥਾਤ ਮਨ ਨਾਲ ਪ੍ਰੇਮ ਕਰਨ ਵਾਲੇ ਜੋ ਪੰਜੇ ਉਪਾਉ ਕਰਕੇ ਸਚਿਆਰ ਹੋ ਗਏ ਹਨ, ਉਨ੍ਹਾਂ ਨੂੰ ਏਥੇ ਪੰਚ ਕਿਹਾ ਹੈ।

ਮੂਲ	ਅਰਥ
ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥	੪. (ਇਨ੍ਹਾਂ) ਪੰਚਾਂ (ਸੰਤਾਂ) ਦਾ ਗੁਰੂ ਇਕ ਧਯਾਨ (ਹੋ ਜਾਂਦਾ) ਹੈ (ਭਾਵ ਇਹ ਕਿ ਉਹ ਨਾਮ ਜਪਦੇ ਜਪਦੇ ਈਸ਼੍ਵਰ ਦੇ ਧਯਾਨ ਵਿਚ ਪਰਪੱਕ ਹੋ ਜਾਂਦੇ ਹਨ)। ੧. (ਐਸਾ ਹੋ ਜਾਣੇ ਨਾਲ ਏਹ) ਪੰਚ (ਜੀਉਂਦੇ ਜੀ ਹੀ ਈਸ਼੍ਵਰ ਦੀ ਦ੍ਰਿਸ਼ਟੀ ਵਿਚ) ਮਨਜ਼ੂਰ ਹੋ ਜਾਂਦੇ ਹਨ (ਇਧਰ ਸਾਧ ਸੰਗਤ ਵਿਚ ਬੀ ਓਹ) ਪੰਚ ਮੁਖੀਏ (ਮੰਨੇ ਜਾਂਦੇ) ਹਨ। ੨. (ਜਦੋਂ ਸਰੀਰ ਛੋੜਦੇ ਹਨ ਤਾਂ ਸਾਈਂ ਦੀ) ਦਰਗਾਹ ਵਿਚ ਬੀ (ਏਹ) ਪੰਚ ਮਾਨ ਪਾਉਂਦੇ ਹਨ। ੩. (ਐਸਾ ਕਿ ਉਸ ਸ਼ਹਿਨਸ਼ਾਹ ਦੇ ਦਰਿ =) ਦਰਬਾਰ ਵਿਚ (ਏਹ) ਪੰਚ ਰਾਜਿਆਂ ਦੀ ਨਿਆਈਂ ਸੁਭਾਇਮਾਨ ਹੁੰਦੇ ਹਨ।

ਵਯਾਖਯਾ–ਇਸ ਪਉੜੀ ਦੀਆਂ ਉਪਰਲੀਆਂ ਚਾਰ ਤੁਕਾਂ ਵਿਚ ਸੁਣਨ ਮੰਨਨ, ਗਯਾਨ ਆਦਿ ਵਾਲੇ ਮੋਖ ਦੁਆਰ ਨੂੰ ਪ੍ਰਾਪਤ ਗੁਰ ਸਿਖ ਨੂੰ 'ਪੰਚ' ਪਦ ਨਾਲ ਯਾਦ ਕੀਤਾ ਹੈ। ਵੇਦਾਂਤ ਪਰਿਭਾਖਾ ਵਿਚ ਕਹਿਣਗੇ ਕਿ ਇਹ ਪੰਚ ਸ਼੍ਰਵਣ, ਮਨਨ, ਨਿੱਧਯਾਸਨ[1] ਕਰਕੇ ਸਾਖਯਾਤਕਾਰ ਨੂੰ ਪ੍ਰਾਪਤ ਪੁਰਖ ਹੈਨ। ਪਰ ਗੁਰੂ ਜੀ ਦੇ ਸ਼੍ਰਵਣ, ਮਨਨ ਤੇ ਸ਼ਾਸਤ੍ਰਿਕ ਸ਼੍ਰਵਣ ਮਨਨ ਆਦਿ ਵਿਚ ਫਰਕ ਹੈ। ਸ਼ਾਸਤ੍ਰੀ ਸ਼੍ਰਵਣ ਮਨਨ ਵੀਚਾਰ ਦਾ ਪ੍ਰਯਤਨ ਹੈ। ਗੁਰੂ ਜੀ ਦਾ ਸ਼੍ਰਵਣ ਮਨਨ, ਜੋ ਏਥੇ ਆਇਆ ਹੈ, ਸੋ ਨਾਮ ਦਾ ਸ਼੍ਰਵਣ ਮਨਨ ਤੇ ਨਿਧਯਾਸਨ ਹੈ, ਨਾਮ ਵਿਹੂਣੀ ਵੀਚਾਰ ਮਾਤ੍ਰ ਦਾ ਨਹੀਂ, ਕਿਉਂਕਿ ਗੁਰੂ ਜੀ ਨਾਮ ਤੋਂ ਬਿਨਾ ਸਾਖਯਾਤਕਾਰ ਨਹੀਂ ਮੰਨਦੇ। ਯਥਾ:-

ਨਾਮ ਬਿਨਾ ਨਾਹੀ ਦਰਿ ਢੋਈ.........॥ (ਮਾਰੂ ਮਹਲਾ: ੧-੧੦)
ਨਾਮ ਬਿਹੂਨਾ ਮੁਕਤਿ ਨ ਹੋਈ॥ (ਪ੍ਰਭਾਤੀ ਮ: ੧ ਅਸਟ:-੫)
ਪੁਨਾ:- **ਨਾਮਿ ਰਤੇ ਪਾਵਹਿ ਮੋਖ ਦੁਆਰੁ॥** (ਸਿਧ ਗੋਸਟਿ-੩੨)

ਵੀਚਾਰ ਨੇ ਤਾਂ ਨਾਮ ਅਭਿਆਸ ਦੇ ਨਾਲ ਆਪੇ ਟੁਰੇ ਰਹਿਣਾ ਹੈ, ਕਿਉਂਕਿ ਅਭਿਆਸੀ ਕੋਈ ਨਿਰਜਿੰਦ ਯੰਤ੍ਰ ਨਹੀਂ ਹੈ, ਉਹ ਤਾਂ ਸਜੀਵ ਹੈ, ਸਬੁਧਿ ਹੈ, ਤੇ ਮਨੀਖਾ ਵਾਲਾ ਮਨੁੱਖ ਹੈ। ਵੀਚਾਰ ਨੇ ਹੀ ਤਾਂ ਉਸਨੂੰ ਗੁਰੂ ਕੀ ਸ਼ਰਣ ਆਂਦਾ ਸੀ ਤੇ ਨਾਮ ਲਈ ਅਰਦਾਸ ਕਰਵਾਈ ਸੀ ਤੇ ਨਾਮ ਦੇ ਸ਼੍ਰਵਣ ਮਨਨ ਦੇ ਰਸਤੇ ਪਾਇਆ ਸੀ। ਮੁਖਤਾ ਨਾਮ ਅਭਿਆਸ ਦੀ ਹੈ, ਵੀਚਾਰ ਨੇ ਨਾਲ ਸਹਾਈ ਰਹਿਣਾ ਹੀ ਹੈ। ਪੰਚਮ ਗੁਰੂ ਜੀ ਨੇ ਜਦੋਂ ਮੁੰਦਾਵਣੀ ਵਿਚ ਤ੍ਰੈ ਪਦਾਰਥ ਗਿਣੇ–ਨਾਮ, ਸਤਿ, ਸੰਤੋਖ ਤਾਂ ਵੀਚਾਰ ਸੁਤੇ ਹੀ ਨਾਲ ਹੋਣ ਕਰਕੇ ਕਥਨ ਵਿਚ ਆ ਗਈ'ਸਤੁ ਸੰਤੋਖੁ ਵੀਚਾਰੋ'॥ ਮੁੱਖ ਨਾਮ ਹੈ ਜਿਸ ਦੇ ਅਭਿਆਸ ਨੇ ਵੀਚਾਰ ਨੂੰ ਸਫਲਤਾ ਤੇ ਅਪੜਾਉਣਾ ਹੈ। ਅਸਫਲ ਵੀਚਾਰ ਤਾਂ ਵਾਚ-ਗਿਆਨੀਆਂ ਤੇ ਕੋਰੜ ਪੰਡਿਤਾਂ ਪਾਸ ਲੋੜ ਤੋਂ ਬੀ ਵਧੀਕ ਹੁੰਦੀ ਹੈ। ਗੁਰੂ ਜੀ ਦਾ ਮਨੋਰਥ ਵਾਚ-ਗਿਆਨੀ ਬਨਾਉਣੇ ਦਾ ਨਹੀਂ, ਪਰ ਗੁਰਮੁਖਿ ਬਨਾਉਣੇ ਦਾ ਹੈ, ਜਿਸ ਦਾ ਵੇਰਵਾ ਸਿਧ ਗੋਸਟਿ ਵਿਚ ਕੀਤਾ ਹੈ, ਉਸੇ ਨੂੰ ਏਥੇ 'ਪੰਚ' ਕਿਹਾ ਹੈ। ਨਿਰੀ ਵੀਚਾਰ ਹਉਮੈ ਦੀ ਮੈਲ ਨੂੰ ਨਹੀਂ ਕੱਟਦੀ, ਨਾ ਹੀ ਮਨ ਦਾ ਵਿਖਜੇਪ ਦੂਰ ਹੋਕੇ ਬ੍ਰਿਤੀਆਂ ਟਿਕਾਉ ਪਾਉਂਦੀਆਂ ਹਨ।

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥ (ਭੈਰਉ ਮ: ੧-੨)
ਪੁਨਾ:- **ਨਾਮੇ ਰਾਤੇ ਹਉਮੈ ਜਾਇ॥** (ਸਿਧ ਗੋਸਟਿ-੩੨)

[1]ਕਿਸੇ ਗਲ ਨੂੰ ਬਾਰ ਬਾਰ ਧਯਾਨ ਵਿਚ ਲਿਆਉਣਾ ਨਿੱਧਯਾਸਨ ਹੈ।

ਨਾਮ ਬਿਨਾ ਹਉਂ ਨਿਖਰਕੇ, ਆਪਾ ਧਯਾਨ ਵਿਚ ਜੁੜਕੇ, ਸਾਈਂ ਵਿਚ ਸਮਾਈ ਪ੍ਰਾਪਤ ਨਹੀਂ ਕਰਦਾ। ਇਸੇ ਕਰਕੇ ਗੁਰੂ ਜੀ ਨੇ ਨਾਮ ਦੀ ਮੁੱਖਤਾ ਸ੍ਰਵਣ ਮਨਨ ਵਿਚ ਬੀ ਰੱਖੀ ਹੈ ਤੇ ਨਾਮ ਦੁਆਰਾ ਅੱਪੜੇ ਨੂੰ ਪੰਚ ਆਖਕੇ ਉਸ ਨੂੰ ਸਦਾ ਸਹਜ ਧਿਆਨੀ ਆਖਿਆ ਹੈ।

ਨਿਰੁਕ੍ਤ- **ਪੰਚ**-ਦੇਖੋ ਇਸੇ ਨਿਰੁਕ੍ਤ ਦੇ ਅੰਤ ਤੇ।

ਪਰਵਾਣ-(ਸੰਸ:, ਪ੍ਰਮਾਣ) ੧. ਸਬੂਤ ਹੋਈ ਹੋਈ ਬਾਤ। ਸਬੂਤ। ੨. ਪ੍ਰਮਾਣੀਕ। ਮਨਜ਼ੂਰ ਹੋਏ।

ਪਰਧਾਨੁ-(ਸੰਸ:, ਪ੍ਰਧਾਨ) ਸ੍ਰੇਸ਼ਟ, ਮੁਖੀਆ। ੨. ਮੰਤ੍ਰੀ[੧]।

ਦਰਗਹਿ-(ਫਾ: ਦਰਗਾਹ) ਦਰਗਾਹ ਵਿਚ।

ਰਾਜਾਨੁ-(ਰਾਜਾ+ਅਨੁ। ਰਾਜਾ = ਰਾਜ ਕਰਨੇ ਵਾਲਾ। ਅਨੁ = ਵਾਙੂ, ਨਜ਼ਾਟੀਂ)। ਰਾਜਾ ਵਰਗੇ। ਰਾਜਿਆਂ ਦੀ ਨਿਆਈਂ।

ਭਗਤ ਰਾਜੇ ਹੁੰਦੇ ਹਨ:-

ਨਾਨਕ ਹੋਰਿ ਪਾਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ॥ (ਵਾਰਾ ਤੇ ਵਧੀਕ ਸ: ਮ: ੩-੧੧)

ਪੁਨਾ:-**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥** (ਸੁਖਮਨੀ ੧-੫)

ਤਥਾ:-**ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥**

(ਵਾਰ ਵਡ ਮਹਲਾ: ੩-੧੧)

ਦਰਗਾਹੇ ਮਾਨ ਪਾਉਂਦੇ ਹਨ, ਯਥਾ:-

ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ॥ (ਗੂਜਰੀ ਮ: ੪-੪)

(ਅ) 'ਦਰਿ ਰਾਜਾਨੁ' ਦਾ ਐਉਂ ਅਰਥ ਬੀ ਲਾਉਂਦੇ ਹਨ:ਰਾਜਿਆਂ ਦੇ ਦਰਬਾਰ ਵਿਚ ਮਾਨ ਪਾਉਂਦੇ ਹਨ। ਪਰ ਪਉੜੀ ੩੪ ਪੜ੍ਹਕੇ ਸ਼ੱਕ ਨਹੀਂ ਰਹਿੰਦਾ ਕਿ 'ਦਰਿ' ਦਾ ਭਾਵ 'ਪਰਮੇਸ਼ੁਰ ਦਾ ਦਰ ਹੈ ਜਿਥੇ ਪਰਵਾਰ ਹੋਏ ਪੰਚ ਸੋਭਦੇ ਹਨ। ਯਥਾ:-

ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ (ਜਪੁਜੀ)

ਧਿਆਨੁ-(ਸੰਸ: ਧਯਾਨ) ਇਕ ਪ੍ਰਕਾਰ ਦੀ ਬ੍ਰਿਤਿ ਦਾ ਲਗਾਤਾਰ ਇਕ ਪਾਸੇ ਲਗੇ ਚਲੇ ਜਾਣਾ। ਬ੍ਰਿਤੀ ਦੀ ਏਕਾਗ੍ਰਤਾ। ਸੁਰਤ ਦਾ ਵਾਹਿਗੁਰੂ ਜੀ ਵਿਚ ਲਗਾਤਾਰੀ ਲਗਾਉ।

ਪੰਚ-(ਸੰਸ:, ਪਞ੍ਚ, ਪੰਚ। ਧਾਤੂ ਹੈ ਪਚਿ = ਫੈਲਾਉਣਾ)।

ਹੱਥ ਜਦ ਫੈਲਾਈਏ ਤਾਂ ਪੰਜ ਉਂਗਲਾਂ ਦਿੱਸਦੀਆਂ ਹਨ। ਏਥੋਂ ਪੰਚ ਪਦ ਪੰਜ ਦਾ ਲਖਾਇਕ ਹੋ ਗਿਆ ਤੇ ਫੇਰ ਇਸ ਦਾ ਅਰਥ ਹੀ ਪੰਜ ਹੋ ਗਿਆ। ਪਹਿਲੀ ਜਾਂਗਲੀ ਦਸ਼ਾ ਵਿਚ ਗੇਣਤੀ ਪੰਜ ਦੀ ਪੰਜ ਉਂਗਲਾਂ ਤੋਂ ਹੀ ਗਿਣਦੇ ਹੋਣਗੇ। ਇਸ ਤਰ੍ਹਾਂ ਪੰਜ ਦਾ ਅੰਗ ਅੰਗਾਂ ਵਿਚ ਪ੍ਰਧਾਨ ਹੋ ਗਿਆ। ਜਦ ਬਿਰਾਦਰੀਆਂ ਵਿਚ ਫੈਸਲੇ ਕਰਨ ਲਈ ਮੁਖੀਏ ਥਾਪਦੇ ਸਨ ਤਾਂ ਪੰਜ। ਐਉਂ ਪੰਚ ਪਦ ਵਿਚ ਸ੍ਰੇਸ਼ਟਟਾ ਦਾ ਭਾਵ ਆ ਗਿਆ[੨]।

ਪੰਜਾਬ ਵਿਚ ਪਿੰਡ ਦੇ ਚੌਧਰੀ ਨੂੰ ਹੁਣ ਤੋੜੀ ਪੈਂਚ ਤੇ ਪੰਚ ਆਖਦੇ ਹਨ। ਇਸ ਤਰ੍ਹਾਂ ਇਸ ਦੇ ਅਰਥ ਸ੍ਰੇਸ਼ਟ ਮੁਖੀਆਂ ਤੇ ਅੰਤ 'ਸੰਤ' ਹੋ ਗਏ।

---

[੧]ਇਹ ਪਦ ਪ੍ਰਧਾਨ ਅਜ ਕਲ ਜਥੇਦਾਰ ਲਈ ਬੀ ਵਰਤਦੇ ਹਨ। ਲੋਕ ਰਾਜ ਦੇ ਚੁਣੇ ਵਡਕੇ ਨੂੰ ਬੀ ਪ੍ਰਧਾਨ ਕਹਿੰਦੇ ਹਨ।

[੨] ਜੋ ਪੰਜ ਮੁਕਰਰ ਹੁੰਦੇ ਸਨ ਇਨਸਾਫ ਕਰਨ ਲਈ ਹੁੰਦੇ ਸਨ। ਓਹ ਜੋ ਕੁਛ ਕਹਿੰਦੇ ਸਨ ਸੋ ਬਿਨਾ ਰੋ ਰਿਆਇਤ ਤੁਲਵਾਂ ਤੇ ਠੀਕ ਮੰਨ ਲਿਆ ਜਾਂਦਾ ਸੀ। ਸੋ ਯਥਾਰਥ ਗਲ ਕਹਿਣ ਤੇ ਕਥਨਹਾਰ ਹੋਣ ਕਰਕੇ ਉਹਨਾਂ ਦਾ ਮਤਿਕਾਰ ਬਣ ਗਿਆ ਤੇ ਪੰਚ ਪਦ ਦੇ ਅਰਥਾਂ ਵਿਚ ਬੀ ਇਹ ਸ੍ਰੇਸ਼ਟਤਾ ਦਾ ਭਾਵ ਭਰ ਗਿਆ।

ਗੁਰਬਾਣੀ ਵਿਚ ਆਇਆ ਹੈ:

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥ (ਥਿਤੀ ਗਉੜੀ: ਮ: ੫-੫)

ਜਿਨ੍ਹਾਂ ਨੇ ਪਰਪੰਚ ਨੂੰ ਸਮਝ ਲਿਆ ਹੈ (ਕਿ ਇਹ ਸਦਾ ਇਕ ਰਸ ਨਹੀਂ) ਉਹ ਪ੍ਰਧਾਨ ਹਨ, ਉਹ ਪੰਚ ('ਸੰਤ' ਕਹੀਦੇ ਹਨ, ਇਹ ਉਪਦੇਸ਼) ਪੰਜਵੀਂ (ਥਿਤ ਦਾ ਹੈ)। ਪੰਚ ਪਦ ਦਾ ਏਥੇ ਅਰਥ ਸੰਤ ਯਾ ਗੁਰਮੁਖ ਹੈ; ਇਹ ਜਪੁਜੀ ਦੀ ਪਉੜੀ ੩੪ ਤੋਂ ਬੀ ਸਹੀ ਹੋ ਜਾਂਦਾ ਹੈ, ਜਿੱਥੇ ਫੁਰਮਾਇਆ ਹੈ:-

ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥

ਜੇ ਇਹ ਭਾਵ ਲਈਏ ਕਿ ਪੰਚ ਦਾ ਅਰਥ ਏਥੇ ਪੰਜ ਦੀ ਗੇਣਤੀ ਹੀ ਹੈ ਤੇ ਓਹ ਪੰਜ ਇਸ ਪਉੜੀ ਤੋਂ ਪਹਿਲੋਂ ਆ ਚੁਕੇ ਹਨ ਤਦ ਬੀ ਭਾਵ ਗੁਰਮੁਖਾਂ ਦਾ ਹੀ ਰਹੇਗਾ। ਓਹ ਇਨ੍ਹਾਂ ਪੰਜ ਗੁਣਾਂ ਦੇ, ਜਿਨ੍ਹਾਂ ਦਾ ਪਿਛੇ ਜ਼ਿਕਰ ਆ ਚੁਕਾ ਹੈ, ਧਾਰਨੀ ਹੋਣਗੇ:-

੧. ਨਾਮ ਸ਼੍ਰਵਣ ਕਰਨ ਦੇ (ਪਉ: ੮-੧੧)।

੨. ਨਾਮ ਮਨਨ ਕਰਨ ਦੇ (ਪਉ: ੧੨-੧੫) ਜੋ ਪਉੜੀ ੪-੫ ਵਿਚ 'ਸਚਾ ਨਾਉ' ਤੇ 'ਸੋ ਮੈ ਵਿਸਰਿ ਨ ਜਾਈ' ਵਿਚ ਦੱਸਿਆ ਹੈ ਅਰਥਾਤ ਨਾਮ ਦਾ ਸਿਮਰਣ ਤੇ ਦ੍ਰਿੜਾਉਣ।

੩. ਸਿਫਤ ਸਲਾਹ ਯਾ ਗੁਣ ਗਾਇਨ ਜੋ ਪਉੜੀ ੪ ਵਿਚ 'ਵਡਿਆਈ ਵੀਚਾਰੁ' ਤੇ ਪਉੜੀ ੫ ਵਿਚ 'ਗਾਵੀਐ' ਕਰਕੇ ਦੱਸਿਆ ਹੈ।

੪. ਹੁਕਮ ਰਜਾਈ ਚਲਣਾ ਜੋ ਪਉੜੀ ੧ ਵਿਚ ਦਰਸਾਇਆ ਹੈ।

੫. ਪੰਜਵਾਂ ਗੁਣ ਹੈ ਪ੍ਰੇਮ, ਜੋ 'ਨਾਮ ਦੇ' ਤੇ 'ਵਡਿਆਈ ਦੇ' ਗਾਵਨ ਤੇ ਸੁਣਨ ਨਾਲ ਮਨ ਵਿਚ ਧਾਰੀ ਰਖਣਾ ਹੈ। **ਗਾਵੀਐ ਸੁਣੀਐ ਮਨਿ ਰਖੀਐ ਭਾਉ** ਪਉੜੀ ੫ ਵਿਚ ਦਰਸਾਇਆ ਹੈ। ਜੋ ਇਨ੍ਹਾਂ ਪੰਜਾਂ ਗੁਣਾਂ ਨੂੰ ਧਾਰੇਗਾ ਉਹ ਸੰਤ ਯਾ ਗੁਰਮੁਖ ਹੀ ਹੋਵੇਗਾ; ਤਾਂ ਤੇ 'ਪੰਚ' ਦਾ ਅਰਥ ਉਹੋ 'ਸੰਤ' ਹੀ ਸਹੀ ਰਿਹਾ।

ਪੰਚ ਸ਼ਬਦ ਅਨੇਕਾਂ ਵਸਤੂਆਂ ਦਾ ਸੰਖਯਾ ਵਾਚਕ ਵਿਸ਼ੇਸ਼ਨ ਹੈ, ਜੈਸੇ ਪੰਚ ਤੱਤ, ਪੰਚ ਇੰਦ੍ਰੇ, ਪੰਚ ਗਯਾਨ ਇੰਦ੍ਰੇ, ਪੰਚ ਸ਼ਬਦ, ਪੰਚ ਬਿਕਾਰ। ਇਸ ਕਰਕੇ ਕਈ ਵਿਦਵਾਨਾਂ ਦੀ ਵਿਦਵਤਾ ਪੰਚ ਪਦ ਦੀਆਂ ਇਸ ਤਰ੍ਹਾਂ ਦੀਆਂ ਕਈ ਗੇਣਤੀਆਂ ਨੂੰ ਇਨਾਂ ਅਰਥਾਂ ਵਿਚ ਢੁਕਾਉਣ ਵਲ ਗਈ ਹੈ। ਨਮੂਨੇ ਮਾਤ੍ਰ ਇਹ ਹਨ:-

(੧) ਸਭ ਤੋਂ ਪੁਰਾਤਣ ਮਿਲੇ ਟੀਕੇ[1] ਵਿਚ 'ਪੰਜ ਤਤ' ਅਰਥ ਕੀਤਾ ਹੈ, ਯਥਾ:- ''ਪੰਚ ਜਿ ਹੈਂ ਸੇ ਕਵਨ ਹਹਿਂ? ਪ੍ਰਿਥੀ, ਅਪ, ਤੇਜ, ਬਾਇ, ਅਕਾਸੁ। ਏਈ ਪੰਚ ਤਤ ਹਹਿਂ, ਸੁ ਏਈ ਪੰਚ ਪਰਵਾਨੁ ਹਹਿਂ। ਏਈ ਪੰਚ ਪਾਵਹਿਂ ਦਰਗਹਿ ਮਾਨੁ। ਏਈ ਪੰਚੇ ਸੋਹਹਿਂ ਦਰਿ ਰਾਜਾਨੁ। ਰਾਜੇ ਰਾਮ ਕੇ ਦਰਗਾਹ ਮਹ ਏਈ ਸੋਭਾ ਪਾਵਤ ਹੈਂ। ਪੰਚਾ ਕਾ ਗੁਰੁ ਏਕੁ ਧਿਆਨੁ॥ ਜਬ ਏਈ ਏਕ ਮਨਿ ਰਾਜੇ ਨਿਰੰਕਾਰ ਕਾ ਧਿਆਨ ਕਰਹਿਂ ਤਬ ਏਈ ਪਰਵਾਨ ਹੋਹਿਂ।''

ਪੰਜ ਤਤ ਕਿਵੇ ਪਰਵਾਨ ਪ੍ਰਧਾਨ ਆਦਿਕ ਹਨ ਇਸ ਨੇ ਵੇਰਵਾ ਨਹੀਂ ਦਿੱਤਾ।

(੨) ਇਕ ਹੋਰ ਵਿਦ੍ਵਾਨ ਨੇ ਐਉਂ ਵੇਰਵਾਂ ਸਿਰੇ ਚਾੜ੍ਹਿਆ ਹੈ:-

ਪੰਚ ਪਰਵਾਣ-ਪੰਚ ਤਤ (ਜਲ, ਤੇਜ, ਵਾਇ, ਪ੍ਰਿਥਵੀ, ਆਕਾਸ਼) ਹੀ ਪਰਵਾਣ ਹੈਂ, ਜਿਨ੍ਹਾਂ ਦੇ ਪੰਚੀਕ੍ਰਿਤ[2] ਹੋਣ ਨਾਲ ਦੇਹਾਂ ਦੀ ਰਚਨਾ ਹੋਈ ਹੈ।

---

[1]ਇਸ ਟੀਕੇ ਵਿਚ ਟੀਕਾ ਕਾਰ ਨੇ ਅਪਣਾ ਨਾਮ ਨਹੀਂ ਦਿਤਾ, ਪਰ ੧੭੫੮ ਬਿ: ਤੋਂ ਇਹ ਪਹਿਲੋਂ ਦਾ ਹੈ।

[2]ਪੰਚੀ ਕਰਣ ਦਾ ਵਿਸਥਾਰ ਲੰਮਾ ਹੈ; ਭਾਵ ਇਸ ਤਰ੍ਹਾਂ ਦਾ ਹੈ:-

ਪੰਚੀਕਰਣ-ਵੇਦਾਂਤ ਮਤ ਅਨੁਸਾਰ ਪੰਜ ਤੱਤਾਂ ਦੀ ਵੰਡ। ਪੁਰਾਣੇ ਗ੍ਰੰਥਾਂ ਵਿਚ ਪੰਚੀਕਰਣ ਕਈ ਪ੍ਰਕਾਰ ਲਿਖਿਆ ਹੈ, ਪਰ ਬਹੁਤਿਆਂ ਦਾ ਮਤ ਹੈ ਕਿ ਆਰੰਭ ਵਿਚ ਇਕ ਇਕ ਤੱਤ ਦੇ ਦੋ ਦੋ ਹਿੱਸੇ ਕੀਤੇ ਗਏ, ਇਕ ਹਿੱਸਾ ਸਾਬਤ ਰਿਹਾ ਅਰ ਦੂਜੇ ਭਾਗ ਦੇ ਚਾਰ ਚਾਰ ਟੁਕੜੇ ਕੀਤੇ ਗਏ, ਇਸ ਤਰ੍ਹਾਂ ਪੰਜ ਭਾਗ ਹੋਏ। ਫੇਰ ਇਨ੍ਹਾਂ ਭਾਗਾਂ ਨੂੰ ਦੂਜੇ ਤੱਤਾਂ ਦੇ ਭਾਗਾਂ ਨਾਲ ਮਿਲਾ ਦਿੱਤਾ, ਤਾਂਕਿ ਆਪੋ ਵਿੱਚੀ ਸਾਰੇ ਤੱਤ ਮਿਲਕੇ ਰਚਨਾ ਕਰਨ ਵਿਚ ਸਹਾਇਕ ਹੋਣ।

ਪੰਚ ਪਰਧਾਨ–ਪੰਜ ਹੀ ਮਾਯਕ ਰੂਪ ਹਨ। (ਪ੍ਰਧਾਨ = ਪ੍ਰਕ੍ਰਿਤੀ) ਜੋ ਇੰਦ੍ਰਿਆਂ ਕਰਕੇ ਵਿਖਯ ਹੁੰਦੇ ਹਨ:-

ਸ਼ਬਦ, ਸਪਰਸ਼, ਰੂਪ, ਰਸ, ਗੰਧਿ।

ਪੰਚੇ ਪਾਵਹਿ ਦਰਗਹਿ ਮਾਨੁ॥ – ਪੰਜੇ (ਪ੍ਰਧਾਨ ਜੋ ਉਪਰ ਕਹੇ ਹਨ) ਮਨ ਵਿਚ ਹੀ ਗ੍ਰਹਣ ਹੁੰਦੇ ਹਨ।

ਆਤਮਾ ਦੀ ਦਰਗਾਹ ਮਨ ਹੈ, ਮਨ ਵਿਚ ਮਾਨ ਪਾਉਣ ਦਾ ਅਰਥ ਹੈ ਮਨ ਵਿਚ ਗ੍ਰਹਣ ਹੋਣਾ। ਜੈਸੇ ਵਾਕ ਹੈ:- **ਤਨ ਮਹਿ ਮਨੂਆ ਮਨ ਮਹਿ ਸਾਚਾ॥** (ਧਨਾ: ਮ: ੧ ਅਸਟ: ੨)

ਪੰਚੇ ਸੋਹਹਿ ਦਰਿ ਰਾਜਾਨੁ॥ –ਰਾਜੇ ਦੇ ਦਰਬਾਰ ਪੰਜੇ ਸੋਭਦੇ ਹਨ। ਰਾਜਾ ਆਤਮ ਦੇਵ ਹੈ, ਦ੍ਵਾਰ ਉਸ ਦੇ ਪੰਜ ਹਨ:- ਤ੍ਵਚਾ, ਰਸਨਾਂ, ਅੱਖਾਂ, ਨੱਕ, ਕੰਨ ਆਦਿ। ਯਾ ਰਾਜਾਨ = ਈਸ਼੍ਵਰ ਰੂਪੀ ਰਾਜਾ ਦੇ ਦ੍ਵਾਰੇ ਹੋਕੇ ਪੰਜੇ ਇੰਦ੍ਰੇ ਸ਼ੋਭ ਰਹੇ ਹਨ।

ਪੰਚਾ ਕਾ ਗੁਰੁ ਏਕੁ ਧਿਆਨੁ॥ – ਪੰਚਾਂ ਇੰਦ੍ਰਿਆਂ ਦਾ ਗੁਰੂ (= ਗਯਾਨ ਕਰਾਉਣ ਵਾਲਾ ਆਤਮ ਦੇਵ ਹੈ।) ਉਹ ਆਪਣੇ ਧਿਆਨ ਵਿਚ ਸਦਾ ਸਥਿਤ ਹੈ। ਯਥਾ:-

ਦੇਹੀ ਨਗਰੀ ਊਤਮ ਥਾਨਾ॥ ਪੰਚ ਲੋਕ ਵਸਹਿ ਪਰਧਾਨਾ॥
ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ[1]॥੩॥ (ਮਾਰੂ ਮ: ੧ ਸੋਲਹੇ-੧੯)

ਭਾਵੇਹ ਕਿ ਆਤਮਾ ਨੂੰ ਆਪਣੇ ਵਿਚ ਇਸਥਿਤ ਤੇ ਬਾਕੀ ਖੇਲ ਪੰਜਾਂ ਤਤਾਂ ਦਾ ਸਮਝਣਾ ਇਸ ਪ੍ਰਯੋਜਨ ਲਈ ਇਹ ਪਉੜੀ ਹੈ।

(੩) ਇਕ ਹੋਰ ਸਜਣ ਜੀ ਕੁਛ ਇਸ ਪ੍ਰਕਾਰ ਅਰਥ ਕਰਦੇ ਹਨ:-

ਪੰਚ ਤਤਾਂ ਕਰਕੇ ਤਨ ਪ੍ਰਵਾਨ ਹੈ, ਪੰਚ ਗਯਾਨ ਇੰਦ੍ਰੇ ਸਰੀਰ ਵਿਚ ਪਰਧਾਨ (ਮੁੱਖ) ਹਨ, ਪੰਚ ਸਤਿ ਸੰਤੋਖ ਆਦਿ ਗੁਣ ਦਰਗਾਹ ਵਿਚ ਮਾਨ ਪਾਉਂਦੇ ਹਨ। ਭਾਵ ਇਨ੍ਹਾਂ ਦੇ ਧਾਰਨੀ ਮਾਨ ਪਾਉਂਦੇ ਹਨ। ਪੰਚ ਸਬਦ ਰਾਜਾਨ (ਸਭ ਦੇ ਰਾਜਾ) ਪਰਮੇਸ਼ੁਰ ਦੇ ਦਸਮ ਦੁਆਰ ਪਰ ਸ਼ੋਭਦੇ ਹਨ। ਪੰਜਾਂ ਦੀ ਪ੍ਰਾਪਤੀ ਦਾ ਗੁਰੂ ਧਿਆਨ ਹੈ।

(੪) ਇਕ ਵ੍ਯਾਖ੍ਯਾ ਇਸ ਪ੍ਰਕਾਰ ਹੈ:- ਪ੍ਰਪੰਚ ਨੂੰ ਜੋ ਰਚੇ ਸੋ 'ਪੰਚ' = ਬ੍ਰਹਮ। ਸੋ ਪੰਚ ਦਾ ਬ੍ਰਹਮ ਅਰਥ ਕਰਕੇ ਐਉਂ ਘਟਾਇਆ ਹੈ:-

(ਪੰਚ =) ਬ੍ਰਹਮ ਪਰਵਾਣ (ਪਰਮਾਣ = ਪਰਮ+ਅਣੂ) ਪਰਮ ਅਣੂ ਹੈ ਭਾਵ ਅਤਿ ਸੂਖਮ ਹੈ (ਜਿਸ ਤੋਂ ਵੱਧ ਸੂਖਮ ਕੋਈ ਨਹੀਂ) ਬ੍ਰਹਮ ਹੀ ਸਭ ਤੋਂ ਪ੍ਰਧਾਨ ਵਡਾ ਹੈ। ਯਥਾ:-'**ਸੂਖਮ ਤੇ ਸੂਖਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ॥**' ਪੰਚ (=ਬ੍ਰਹਮ)ਇੰਦ੍ਰੀਆਂ ਦੇ ਦਰ ਤੇ ਹੋਕੇ (ਗੇਯ ਦਾ) ਗਯਾਨ ਪਾਉਂਦਾ ਹੈ। (ਦਰ=ਰਸਤੇ। ਗਹ=ਗੇਯ। ਮਾਨ=ਗਯਾਨ)। (ਪੰਚ=) ਬ੍ਰਹਮ (ਇੰਦ੍ਰੀਆਂ ਦੇ) ਦਰ ਰਾਜਾ ਹੋਕੇ ਸ਼ੋਭ ਰਿਹਾ ਹੈ। ਭਾਵ ਸਭ ਨੂੰ ਚੇਤਨ ਸੱਤਾ ਦਾਨ ਕਰ ਰਿਹਾ ਹੈ।

(੫) ਪੰਚ ਪਦ ਦੇ ਇਕ ਅਰਥ 'ਸੰਤ' ਲਾਕੇ ਦੂਜੇ ਪੰਚ ਦਾ ਅਰਥ ਗੇਣਤੀ ਵਿਚੋਂ ਲਾਉਂਦੇ ਹਨ:-

ਪੰਚ ਅਰਥਾਤ ਸੰਤਾਂ ਨੇ ਪਰਵਾਣ ਕੀਤੇ ਹਨ ਪੰਜ:-ਸਤਿ, ਸੰਤੋਖ, ਦਇਆ, ਧਰਮ, ਧੀਰਜ।

ਪੰਚ ਅਰਥਾਤ ਸੰਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਮਾਰਨ ਵਿਚ ਪ੍ਰਧਾਨ ਹਨ।

ਪੰਚ ਅਰਥਾਤ ਸੰਤਾਂ ਨੇ ਸ਼ਬਦ, ਸਪਰਸ਼, ਰੂਪ, ਰਸ, ਗੰਧਿ ਪੰਜਾਂ ਨੂੰ ਕੀਲਿਆ ਹੈ, ਓਹ ਦਰਗਾਹੇ ਮਾਨ ਪਾਉਂਦੇ ਹਨ। ਪੰਜਾਂ ਤੱਤਾਂ ਦੇ ਜੋ ਗੁਣ ਹਨ ਧੀਰਜ ਆਦਿ, ਜਿਨ੍ਹਾਂ ਨੇ ਏਹ ਧਾਰੇ ਹਨ ਓਹ ਰਾਜਾ (ਵਾਹਿਗੁਰੂ) ਦੇ ਦਰ ਸ਼ੋਭਦੇ ਹਨ। ਪੰਚ = ਸੰਤਾਂ ਦਾ ਧਿਆਨ ਇਕ ਗੁਰ = ਪਰਮੇਸ਼ੁਰ ਵਿਚ ਜੁੜ ਰਿਹਾ ਹੈ। ਇਸ ਪ੍ਰਕਾਰ ਹੋਰ ਬੀ ਅਰਥ ਢੁਕਾਉਣ ਦਾ ਜਤਨ ਹੁੰਦਾ ਰਿਹਾ ਹੈ।

---

[1]ਕੁਛ ਇਸ ਪ੍ਰਕਾਰ ਦੀ ਵ੍ਯਾਖ੍ਯਾ ਹੈ, ਦਾਨੇ ਲੇਖਕਾਂ ਦੀ, ਯਥਾ:-
ਸੇਵਾ ਦਾਸ (੧੮੪੩ ਬੀ:), ਕਵਿ ਸੰਤੋਖ ਸਿੰਘ (੧੮੮੯ ਬਿ:), ਸਦਾ ਨੰਦ ਜੀ (੧੮੮੯ ਬਿ:)।

(ਪਉੜੀ ੧੬-ਜਾਰੀ)

ਪ੍ਰਾਕ੍ਰਥਨ- 'ਕਿਵ ਸਚਿਆਰਾ ਹੋਈਐ' ਦੇ ਪ੍ਰਸ਼ਨ ਤੋਂ ਬਾਦ 'ਹੁਕਮ ਰਜਾਈ ਚਲਣਾ' ਦਾ ਉਤਰ ਦੇਕੇ, ਕਿਵੇਂ ਇਹ ਸਚਜਾਰਤਾ ਦੀ ਪ੍ਰਾਪਤੀ ਹੋਵੇ ਤੇ ਹੁਕਮ ਕੀਕੂੰ ਮਨੀਵੇ, ਇਸ ਦੇ ਸਾਧਨ ਤੇ ਫਲ, ਇਨ੍ਹਾਂ ਚਾਰ ਸਤਰਾਂ ਦੇ ਅਖੀਰ ਤੱਕ ਮੁੱਕੇ ਹਨ। ਹੁਣ ਇਹ ਵਿਸ਼ਯ ਮੁਕਾਕੇ ਉਸ ਦੇ ਦੂਜੇ ਪੱਖ ਨੂੰ ਆਰੰਭ ਕਰਦੇ ਹਨ। ਹੁਣ ਤਕ ਦਾ ਪੱਖ ਇਹ ਸੀ ਕਿ ਅੰਤਰ ਆਤਮੇ ਲਿਵ ਕਿਸ ਤਰ੍ਹਾਂ ਲੱਗੇ। ਵਡਿਆਈ ਵੀਚਾਰ, ਗੁਣ ਗਾਇਨ, ਨਾਮ ਸ੍ਰਵਣ, ਨਾਮ ਧਾਰਨ ਤੇ ਪ੍ਰੇਮ ਨਾਲ ਸਾਰੀ ਕਮਾਈ ਕਰਨ ਵਿਚ ਦਰਸਾਏ ਸਨ, ਜੋ ਅੰਤ੍ਰੀਵ ਸਾਧਨ ਸਨ। ਹੁਣ ਤਕ ਦੇ ਦੱਸੇ ਸਾਧਨ ਨੂੰ 'ਪਰਮਾਤਮ ਯੋਗ' ਦੇ 'ਦ੍ਰਿਸ਼ਟਾ'[1] ਪੱਖ ਦੇ ਸਾਧਨ ਕਹਿ ਲਓ। ਹੁਣ 'ਦ੍ਰਿਸ਼ਟਮਾਨੀ' ਤ੍ਰੀਕੇ ਨਾਲ[2] ਬੀ ਇਹ ਲਿਵ ਕੀਕੂੰ ਲਗੀ ਰਹੇ, ਸਿਫਤ ਸਲਾਹ ਦਾ ਭਾਵ ਕੀਕੂੰ ਬਾਹਰੋਂ ਬੀ ਜਾਗੇ, ਦੱਸਣ ਲਗੇ ਹਨ। ਬਾਹਰ ਦਾ ਦ੍ਰਿਸ਼ਜ ਜਿਸ ਨੂੰ ਗੁਰੂ ਜੀ ਨੇ ਦ੍ਰਿਸ਼ਟਮਾਨ ਲਿਖਿਆ ਹੈ, ਇਹ ਅਪਣੇ ਵਿਚ ਰਾਗ ਪੈਦਾ ਕਰਕੇ ਬ੍ਰਿਤੀਆਂ ਨੂੰ ਆਪਣੇ ਵੱਲ ਖਿਚਦਾ ਹੈ ਯਾ ਦ੍ਵੈਖ ਉਤਪਤ ਕਰਕੇ ਅੰਦਰੋਂ ਉਖੇੜਕੇ ਬਾਹਰ ਰੁਖ਼ੀ ਕਰ ਦੇਂਦਾ ਹੈ। ਕੀਕੂੰ ਦ੍ਰਿਸ਼ਟਮਾਨ ਅਰਥਾਤ ਕੁਦਰਤ ਦੇ ਸਾਮਾਨ ਬੀ ਅੰਤਰ ਮੁਖ ਦਾ ਹੀ ਅਸਰ ਪਾਉਣ ਤੇ ਖਿੰਡਾਉ ਯਾ ਵਿਖਜੇਪ ਨਾ ਪਵੇ ਤੇ ਵਾਹਿਗੁਰੂ ਦਾ 'ਨਾਮਯੋਗ' ਅਪਣੇ ਰੰਗ ਅੰਤਰਮੁਖ ਟਿਕਿਆ ਰਹੇ ਤੇ ਹੁਕਮ ਰਜਾਈ ਟੁਰਨੇ ਦੀ ਸੰਥਾ ਹੀ ਪੜ੍ਹੀਂਦੀ ਰਹੇ[3]। ਰਾਗ ਦ੍ਵੈਖ ਦਾ ਅਸਰ ਨਾ ਲੈਣਾ, ਕੁਦਰਤ ਤੋਂ ਸਿਫਤ ਸਲਾਹ ਦਾ ਅਸਰ ਲੈਣਾ, ਇਹ ਵਿਸਮਾਦ ਹੈ[4]। ਇਹ ਵਿਸ਼ਯ ਹੁਣ ਦੱਸਣ ਲੱਗੇ ਹਨ:-

ਮੂਲ	ਅਰਥ
ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੇ ਕਰਣੈ ਨਾਹੀ ਸੁਮਾਰੁ॥	(ਇਹ ਤਾਂ ਰਿਹਾ ਕਰਤਾ ਕਾਦਰ ਦੀ ਪ੍ਰਾਪਤੀ ਦਾ ਵਿਸ਼ਯ, ਹੁਣ) ਜੇ ਕੋਈ (ਕਰਤੇ ਦੇ ਕਰਨਿਆਂ ਅਰਥਾਤ ਕੁਦਰਤ ਦਾ ਹਿਸਾਬ ਪੁਛੇ ਯਾ) ਕਹੇ ਤਾਂ (ਉਹ ਆਪ ਯਾ ਸੁਣਨ ਵਾਲਾ) ਵੀਚਾਰ ਕਰੇ (ਕਿ) ਕਰਤੇ ਦੇ ਕਰਣਿਆਂ ਦਾ ਤਾਂ ਹਿਸਾਬ[5] ਹੋ ਹੀ ਨਹੀਂ ਸਕਦਾ। (ਜਿਵੇਂ 'ਕੁਦਰਤ' ਦਾ ਯਾ 'ਕਰਨਿਆਂ' ਦਾ ਹਿਸਾਬ ਦੱਸਣ ਵਾਲੇ ਕਹਿੰਦੇ ਹਨ ਕਿ ਇਹ ਧਰਤੀ ਹੈ, ਇਸ ਦੇ ਹੇਠਾਂ ਬੌਲਦ
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇਕੋ ਬੁਝੈ	ਹੈ, ਕਈ ਸ਼ੇਸ਼ਨਾਗ, ਕੱਛੂ ਤੇ ਸੂਰ ਆਦਿਕ ਹੇਠਾਂ ਦੱਸਦੇ ਹਨ, ਪਰ ਗੁਰੂ ਜੀ ਦੱਸਦੇ ਹਨ ਕਿ ਹੇਠਾਂ ਹਡ ਚੰਮ ਯਾ ਮਿੱਟੀ ਪੱਥਰ ਦਾ ਬੌਲਦ ਨਹੀਂ, ਰਚਨਾਂ ਨੂੰ ਕਾਯਮ ਰੱਖਣ ਵਾਲਾ) ਬੌਲਦ ਧਰਮ (=ਕਰਤਾਰ ਦਾ ਬੱਧਾ ਕਾਨੂੰਨ ਯਾ ਨੇਮ) ਹੈ, (ਜੋ ਉਸ ਦੀ) ਦਇਆ ਤੋਂ ਉਪਜਿਆ ਹੈ; ਜਿਸ (ਧਰਮ) ਨੇ (ਕਿ ਹਰ ਪਦਾਰਥ ਨੂੰ ਨਿਯਮਾਂ ਵਿਚ ਬੱਝੇ ਰਹਿਣ ਦਾ) ਸੰਤੋਖ (ਦੇ ਕੇ ਜਗਤ ਦਾ) ਪ੍ਰਬੰਧ ਸਥਾਪਨ ਕਰ ਰਖਿਆ ਹੈ। ਜੇ ਕੋਈ (ਐਉਂ) ਬੁੱਝ ਲਵੇਂ ਤਾਂ ਉਹ

[1] Subjective Yoga [2] Objective Yoga.

[3] ਕਰਤੇ ਕੁਦਰਤੀ ਮੁਸਤਾਕੁ॥ (ਤਿਲੰਗ ਮ: ੫-੪) ਕੁਦਰਤ ਦੇਖਕੇ ਕਰਤੇ ਦੇ ਪ੍ਰੇਮੀ ਹੋ ਜਾਓ। ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥ (ਬਸੰਤ ਮ: ੧-੧) ਐਉਂ ਕੁਦਰਤ ਤੱਕ ਤੱਕਕੇ ਪ੍ਰੇਮੀ ਹੋਵੇ, ਬਾਣੀ ਸੁਣਕੇ ਸੁਖੀ ਹੋਵੇ, ਮੂੰਹ ਤੋਂ ਨਾਮ ਸਿਮਰਣ ਕਰੇ। ਅੰਤਰਮੁਖ ਤੇ ਬਾਹਰ ਮੁਖ ਦੁਇ ਸਾਧਨ ਆ ਗਏ।

[4] ਵੇਖਿ ਵਿਡਾਣੁ ਰਹਿਆ ਵਿਸਮਾਦੁ॥ (ਵਾਰ ਆਸਾ ਮ: ੧-੩)

[5] 'ਨਾਹੀ ਸੁਮਾਰੁ' ਦਾ ਅਰਥ ਭਾਵ ਹੈ-ਹਿਸਾਬ ਨਹੀਂ ਹੋ ਸਕਦਾ। ਇਸ ਦਾ ਭਾਵ 'ਅਨੰਤ' ਨਹੀਂ। ਦੋ ਅਨੰਤ ਨਹੀਂ ਹੋ ਸਕਦੇ। ਕਰਤਾ ਪੁਰਖ ਆਪ ਅਨੰਤ ਹੈ ਤੇ ਉਸ ਦੇ ਕਰਨਿਆਂ ਦਾ ਵਿਸਥਾਰ ਇਤਨਾ ਹੈ ਕਿ ਇਨਸਾਨ ਲਈ ਗੇਣਤੀ ਕਰ ਸਕਣੀ ਮਹਾਨ ਕਠਨ ਹੈ। ਬੇਸ਼ੁਮਾਰ ਦਾ ਭਾਵ ਏਥੇ ਬਹੁਤਾਤ ਲੈਣਾ ਹੈ, 'ਅਨੰਤ' ਨਹੀਂ। 'ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥' (ਗਉ: ਮ: ੧)। ਇਥੇ 'ਕਵਣੁ ਸੁਮਾਰੁ' ਦਾ ਭਾਵ 'ਅਨੰਤ' ਹੈ। (ਫ਼ਾ:, ਸ਼ੁਮਾਰ = ਗੇਣਤੀ)।

ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸਤੇ ਭਾਰੁ ਤਲੈ ਕਵਣੁ ਜੋਰੁ॥

ਸਚਿਆਰ[1] ਹੋ ਜਾਂਦਾ ਹੈ। (ਪਰ ਜੇ ਕੋਈ ਇਸ ਤਰ੍ਹਾਂ ਵੀਚਾਰ ਨਾ ਕਰੇ ਤਾਂ ਦੱਸੋ ਕਿ ਸਰੀਰ ਵਾਲੇ) ਬਲਦ ਉੱਤੇ ਕਿੰਨਾ ਕੁ ਭਾਰ ਹੈ? (ਭਾਵ ਕੋਈ ਬਲਦ ਧਰਤੀ ਦਾ ਭਾਰ ਨਹੀਂ ਸਹਿ ਸਕਦਾ, ਕਿਉਂਕਿ) ਧਰਤੀ ਹੋਰ ਹੈ (ਉਸ ਤੋਂ) ਪਰੇ ਹੋਰ (ਫੇਰ) ਹੋਰ (ਧਰਤੀ) ਹੈ। ਉਸ ਦੇ ਭਾਰ ਹੇਠਾਂ ਕਿਹੜਾ ਜ਼ੋਰ ਹੈ? (ਭਾਵ ਹੋਰ ਕੌਣ ਬਲ ਵਾਲਾ ਸਰੀਰ ਧਾਰੀ ਆਸਰਾ ਹੈ?))। (ਜਿਸ ਨੇ ਕਿਹਾ ਇਕ ਧਰਤੀ ਹੈ ਤੇ ਹੇਠਾਂ ਬੌਲਦ ਹੈ, ਉਸ ਨੇ ਆਪਣੀ ਵਲੋਂ ਸ਼ੁਮਾਰ ਕਹਿ ਦਿੱਤਾ, ਜਿਸ ਦੀ ਭੁੱਲ ਉਪਰ ਦੱਸੀ ਗਈ ਹੈ, ਹੁਣ ਆਪ ਪ੍ਰਸ਼ਨ ਕਰਕੇ ਦੱਸਦੇ ਹਨ ਕਿ ਧਰਤੀ ਹੇਠ ਦਾ ਤਾਂ ਬੌਲਦ[2] ਕਹਿਕੇ ਸ਼ੁਮਾਰ ਕਹਿ ਲਿਆ, ਧਰਤੀ ਦੇ ਉੱਤੇ ਜੋ ਅਣਗਿਣਤ ਜੀਵ ਰਹਿੰਦੇ ਹਨ ਉਨ੍ਹਾਂ ਦਾ ਸਮਾਚਾਰ ਬੀ ਬੇਸ਼ੁਮਾਰ ਹੈ। ਆਪ ਦੱਸਦੇ ਹਨ ਕਿ

ਜੀਅ ਜਾਤਿ ਰੰਗਾ ਕੇ ਨਾਵ॥
ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥
ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥

ਧਰਤੀ ਉਤੇ) ਜੀਵ (ਕਈ ਤਰ੍ਹਾਂ ਦੀਆਂ) ਜਾਤਾਂ, ਰੰਗਾਂ ਤੇ ਨਾਵਾਂ ਦੇ ਹਨ (ਇਨ੍ਹਾਂ) ਸਭਨਾਂ ਨੂੰ (ਇਕ ਸਦਾ) ਚਲ ਰਹੀ ਕਲਮ ਨੇ ਹੀ ਲਿਖਿਆ ਹੈ (ਭਾਵ ਇਨਾਂ ਦਾ ਲੇਖਾ ਕਰਤਾਰ ਆਪ ਹੀ ਜਾਣਦਾ ਹੈ, ਹੋਰ) ਕੌਣ ਇਹ ਲੇਖਾ ਲਿਖਣਾ ਜਾਣਦਾ ਹੈ। (ਜੇ ਮਾਨੁੱਖ ਤੋਂ) ਲੇਖਾ ਲਿਖਿਆ ਬੀ ਜਾਵੇ (ਤਾਂ ਉਹ) ਕਿੰਨਾ ਕੁ ਹੋ ਜਾਏਗਾ? (ਭਾਵ ਅਧੂਰਾ ਹੀ ਰਹੇਗਾ)। ਕਿਤਨਾ ਬਲ ਹੈ, ਕਿਤਨਾ ਸੁਹਣਾ ਰੂਪ ਹੈ, ਕਿੰਨੀ ਦਾਤ ਹੈ, ਕੌਣ (ਇਸ ਬੇਅੰਤਤਾਈ ਦੀ) ਗੇਣਤੀ ਮੇਣਤੀ ਕਰ ਸਕਦਾ ਹੈ। (ਹਾਂ ਉਹ ਸਰਬ ਸਮਰਥ ਆਪ ਹੀ ਜਾਣਦਾ ਹੈ ਜਿਸਨੇ) ਇਕ ਵਾਕ ਨਾਲ ਸਾਰਾ (ਜਗਤ) ਪਸਾਰਾ ਪਸਾਰ ਦਿੱਤਾ ਹੈ।

ਤਿਸਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਉਸ ਤੋਂ (ਫੇਰ ਜਗਤ ਪ੍ਰਬੰਧ ਦੇ) ਲੱਖਾਂ ਪ੍ਰਵਾਹ ਟੁਰ ਪਏ[3]। (ਮੇਰੇ ਵਿਚ ਐਤਨਾ) ਬਲ ਕਿੱਥੇ ਕਿ ਮੈਂ ਉਨ੍ਹਾਂ ਦਾ ਵਰਣਨ ਕਰ ਸਕਾਂ, (ਜਦ ਵਰਣਨ ਹੋ ਹੀ ਨਹੀਂ ਸਕਦਾ ਤਾਂ) ਕਿਉਂ ਨਾ ਮੈਂ ਇਕੋ ਵੇਰੀ (ਰਚਨਹਾਰ ਤੋਂ) ਸਦਕੇ ਹੋ ਜਾਵਾਂ? (ਭਾਵ ਸੋਚਾਂ ਵਿਚਾਰਾਂ ਵਿਚ ਪੈਣ ਨਾਲੋਂ ਕੁਦਰਤ ਵੇਖਕੇ ਸਿਫਤ ਸਲਾਹ ਵਿਚ ਜਾ ਕੇ ਵਾਹ ਵਾਹ ਵਾਹ ਕਿ

---

[1] 'ਜੋ ਕੋ ਬੁਝੈ ਹੋਵੈ ਸਚਿਆਰੁ' ਦਾ ਸੰਪ੍ਰਦਾਈ ਅਰਥ ਐਉਂ ਬੀ ਹੈ:-ਜੇ ਕੋਈ ਇਹ ਗੱਲ ਬੁੱਝਕੇ ਸਚਿਆਰ ਹੋਣਾ ਚਾਹੇ ਕਿ ਧਰਤੀ ਹੇਠਾਂ ਬੌਲਦ ਠੀਕ ਹੈ ਤਾਂ ਉਸ ਤੋਂ ਪੁੱਛਿਆ ਚਾਹੀਏ ਕਿ 'ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸਤੇ ਭਾਰੁ ਤਲੈ ਕਵਣੁ ਜੋਰੁ॥'

[2] ਜੇ ਧਰਤੀ ਹੇਠਾਂ ਬੌਲਦ ਤੇ ਉਸ ਹੇਠਾਂ ਕੁਛ ਹੋਰ ਦੀ ਲੜੀ ਤੋਰੀਏ, ਅੰਤ ਨਿਰਾਧਾਰ ਮੰਨਣਾ ਪਊ। ਫੇਰ ਇਕ ਧਰਤੀ ਨਹੀਂ ਹੋਰ ਹੋਰ, ਉਸ ਤੋਂ ਪਰੇ ਹੋਰ, ਭਾਵ ਅਨੇਕਾਂ ਹਨ, ਸਾਰਿਆਂ ਲਈ ਬੌਲਦ ਮੰਨਕੇ ਕਿਥੇ ਢੋਈ? ਅੰਤ ਸਾਈਂ ਦੇ ਬੱਧੇ ਨਿਯਮ ਤੇ ਹੀ ਟਿਕਾਉ ਹੋਵੇਗਾ।

[3] ਇਸ ਵਿਚ ਇਕ ਸੈਨਤ ਹੈ ਕਿ ਦ੍ਰਿਸ਼ਟਮਾਨੀ ਸਾਮਾਨ ਇਕ ਵਾਕ ਨਾਲ ਪੈਦਾ ਹੋ ਗਿਆ, ਉਸ ਤੋਂ ਮਗਰੋਂ ਫੇਰ ਨਾਨਾ ਪ੍ਰਕਾਰ ਦੀਆਂ ਖਾਣੀਆਂ ਬਾਣੀਆਂ, ਹੋਰ ਸਾਮਾਨ, ਜੀਆ ਜੰਤ ਉਪਜ ਪਏ।

ਬਲਿਹਾਰ ਬਲਿਹਾਰ ਕਹਿਣ ਲਗ ਪਵਾਂ ਤੇ ਉਸ ਰੰਗ ਵਿਚ ਆਖਾਂ):ਹੇ ਨਿਰੰਕਾਰ! ਤੂੰ ਸਦਾ ਸਲਾਮਤ ਹੈਂ, ਜੋ ਤੈਨੂੰ ਭਾਉਂਦਾ ਹੈ ਓਹੋ ਭਲਾ ਕੰਮ ਹੈ॥੧੬॥

ਵਜਾਖਜਾ– ਐਉਂ ਜਾਪਦਾ ਹੈ, 'ਪੰਚਾ ਕਾ ਗੁਰੁ ਏਕੁ ਧਿਆਨੁ' ਸੁਣਕੇ ਕਿਸੇ ਨੇ ਕਿਹਾ ਹੈ ਕਿ ਇਹ ਆਪ ਨੇ ਇਥੋਂ ਤਾਈਂ ਸਿਖ ਨੂੰ 'ਕਰਤਾ ਕਾਦਰ' ਦੀ ਪ੍ਰਾਪਤੀ ਦੀ ਜੁਗਤ ਦੱਸ ਦਿਤੀ ਹੈ, ਪਰ ਅਸੀਂ ਕੁਦਰਤ ਵਿਚ ਹਾਂ, ਮਾਨੋ ਕੁਦਰਤ ਦਾ ਹਿੱਸਾ ਹਾਂ, ਇਸ ਪਰ ਹੀ ਜੀਵਨ ਦਾ ਆਸਰਾ ਹੈ, ਇਹੋ ਦ੍ਰਿਸ਼ਟਮਾਨੀ ਕੁਦਰਤ ਹੀ ਆਪਣੇ ਵੱਲ ਖਿੱਚਦੀ ਤੇ ਸਾਨੂੰ ਕਰਤਾ ਕਾਦਰ ਵਿਚ ਨਹੀਂ ਲੱਗਣ ਦੇਂਦੀ, ਕੁਛ ਵੀਚਾਰ ਕੁਦਰਤ ਦੀ ਬੀ ਦੱਸੋ? ਤਾਂ ਉੱਤਰ ਦੇਂਦੇ ਹਨ: 'ਕੁਦਰਤਿ ਕਵਣ ਕਹਾ ਵੀਚਾਰੁ॥' ਮੇਰੇ ਵਿਚ ਤਾਕਤ ਕਿੱਥੇ ਕਿ ਮੈਂ ਕੁਦਰਤ ਦਾ ਵੀਚਾਰ ਕਹਾਂ ਤੇ ਕਿਤਨਾ ਕੁ ਕਹਾਂ ਉਹ ਤਾਂ ਬੇਸ਼ੁਮਾਰ ਹੈ ਤੇ ਜੇ ਕੋਈ ਹੋਰ ਕਹੇ ਤਾਂ ਉਹ ਬੀ ਕਰੇ ਵੀਚਾਰ, ਵੀਚਾਰ ਕੇ ਦੇਖ ਲਵੇਗਾ ਕਿ ਕਰਤੇ ਦੇ ਕਰਣਿਆਂ ਦਾ ਸ਼ੁਮਾਰ ਹੋ ਹੀ ਨਹੀਂ ਸਕਦਾ। ਨਮੂਨੇ ਲਈ ਤੁਸੀਂ ਇਕ ਗੱਲ ਲੈ ਲਓ ਕਿ ਪੰਡਤ ਲੋਕ ਦੱਸਦੇ ਹਨ ਧਰਤੀ ਹੇਠਾਂ ਬੌਲਦ ਹੈ ਜੋ ਇਸ ਨੂੰ ਚੁੱਕੀ ਖੜਾ ਹੈ, ਪਰ ਸੋਚ ਕੇ ਤੱਕੋ ਧਰਤੀ ਇਡੀ ਭਾਰੀ ਹੈ, ਕਿਸ ਬਲਦ ਦੀ ਪਾਂਇਆਂ ਹੈ ਕਿ ਇਸ ਦਾ ਭਾਰ ਝੱਲ ਸਕੇ। ਧਰਤੀ ਪਰੇ ਤੋਂ ਪਰੇ ਹੈ, ਭਾਵ ਇਸ ਦਾ ਵਿਸਥਾਰ ਬਹੁਤ ਵੱਡਾ ਹੈ। ਜੇ ਮੰਨੋ ਕਿ ਹੇਠਾਂ ਬੌਲਦ ਐਡਾ ਵੱਡਾ ਹੈ ਜੇਡੀ ਧਰਤੀ, ਤਾਂ ਉਹ ਕਿਸ ਪਰ ਖੜਾ ਹੈ? ਜੇ ਅਗੋਂ ਹੋਰ ਆਸਰਾ ਮੰਨੋਂ ਤਾਂ ਅਖ਼ੀਰਲੇ ਨੂੰ ਨਿਰਆਸਰਾ ਮੰਨਣਾ ਪਊ, ਤਾਂ ਪਹਿਲੇ ਹੀ ਕਿਉਂ ਨਾਂ ਇਹ ਗੱਲ ਮੰਨੋਂ ਕਿ ਉਸੇ ਕਰਤਾ ਪੁਰਖ ਦਾ ਬੱਧਾ ਧਰਮ (ਇਕ ਨੇਮ ਯਾ ਕਾਨੂੰਨ) ਹੈ, ਉਹ ਧਰਤੀ ਨੂੰ ਸੰਭਾਲ ਰਿਹਾ ਹੈ। ਉਹ ਨਿਯਮ ਰੂਪੀ ਧਰਮ ਈਸ਼੍ਵਰ ਇੱਛਾ (ਹੁਕਮ) ਤੋਂ ਉਪਜਿਆ ਹੈ, ਉਸ ਨੇ ਰਚਨਾ ਦੇ ਪ੍ਰਬੰਧ ਵਿਚ ਵਿਰੋਧੀ ਸਾਮਾਨਾਂ ਨੂੰ ਅਵਿਰੋਧੀ ਰੰਗ ਵਿਚ ਰਖਿਆ ਹੈ, ਇਹ ਉਨ੍ਹਾਂ ਵਿਚ 'ਸੰਤੋਖ' ਹੈ। ਤ੍ਰੈਏ ਪਦ ਧਰਮ, ਦਇਆ ਤੇ ਸੰਤੋਖ ਏਥੇ ਦੋ ਭਾਵਾਂ ਵਿਚ ਘਟਦੇ ਹੈਨ:-

੧. ਪਹਿਲੇ 'ਜਗਤ ਪ੍ਰਬੰਧ' ਤੇ ਘਟਦੇ ਹਨ, ਐਉਂ ਕਿ ਈਸ਼੍ਵਰੀਯ ਨਿਯਮ ਜਗਤ ਪ੍ਰਬੰਧ ਟੋਰ ਰਿਹਾ ਹੈ। ਬੌਲਦ ਆਦਿ ਆਸ਼੍ਰੇ ਨਹੀਂ। ਇਸ ਚਲਾਏ ਗਏ ਨਿਯਮ ਵਿਚ ਦਇਆ 'ਈਸ਼੍ਵਰੇਛਾ' ਵਿਚ ਹੈ। ਪ੍ਰਮਾਣੂਆਂ ਯਾ ਵੱਡੇ ਆਕਾਰ ਵਾਲਿਆਂ ਵਿਚ (ਦੋਹਾਂ ਵਿਚ) ਜੋ ਨਿਯਮ ਬੱਧੇ ਹਨ, ਉਨ੍ਹਾਂ ਵਿਚ ਪਰਸਪਰ ਮਿਲਨੇ ਦਾ ਬੀ ਇਕ ਨਿਯਮ ਹੈ। ਸੰਤੋਖ ਦਾ ਅਰਥ ਹੈ ਜਿਤਨੀ ਪ੍ਰਾਪਤੀ ਹੈ ਉਸ ਤੇ ਸੁਖੀ ਰਹਿਣਾ। ਰਚਨਾਂ ਦੇ ਪਦਾਰਥਾਂ ਵਿਚ ਆਪਣੇ ਆਪ ਵਿਚ ਟਿਕੇ ਰਹਿਣ ਦਾ ਸੁਭਾਵ ਸੰਤੋਖ ਹੈ। ਦੇਖੋ ਵਿਰੋਧੀ ਤੱਤ ਮਿਰਯਾਦਾ ਬੱਧੇ ਅਵਿਰੋਧੀ ਬੀ ਹੋ ਰਹੇ ਹਨ।

੨. ਦੂਸਰਾ ਭਾਵ-ਕਿਉਂਕਿ ਅੱਗੇ ਚੱਲਕੇ ਇਸ ਧਰਤੀ ਪਰ ਵੱਸ ਰਹੇ ਜੀਵਾਂ ਦਾ ਜ਼ਿਕਰ ਹੈ 'ਜੀਅ ਜਾਤਿ ਰੰਗਾ ਕੇ ਨਾਵ॥' ਸੋ ਪ੍ਰਸ਼ਨ ਹੁੰਦਾ ਹੈ ਕਿ ਜਿਵੇਂ ਜਗਤ ਪ੍ਰਬੰਧ ਵਿਚ ਧਰਮ ਦਇਆ ਤੇ ਸੰਤੋਖ ਦੀ ਥਾਂ ਹੈ ਤਿਵੇਂ ਇਨ੍ਹਾਂ ਤਿੰਨਾਂ ਦਾ 'ਜੀਵ ਸ੍ਰਿਸ਼ਟੀ ਦੇ ਪ੍ਰਬੰਧ' ਵਿਚ ਕੀ ਟਿਕਾਣਾ ਹੈ?

ਉੱਤਰ-ਜੀਵ ਸ੍ਰਿਸ਼ਟੀ ਵਿਚ ਜੀਵਾਂ ਦਾ ਵਰਤਾਉ ਪਰਸਪਰ ਧਰਮ (ਨਿਆਂ) ਦਇਆ ਦੇ ਆਸ਼੍ਰਿਤ ਹੋਵੇ ਤੇ ਯਥਾ ਲਾਭ ਸੰਤੋਖ ਹੋਵੇ ਹਰ ਜੀਵ ਦੇ ਅੰਦਰ, ਤਾਂ ਜੀਵ ਸ਼੍ਰੇਣੀ ਦਾ ਪ੍ਰਬੰਧ ਬੀ ਸੂਤ ਟੁਰਦਾ ਹੈ, ਕੁਸੂਤਤਾਈ ਨਹੀਂ ਰਹਿੰਦੀ। ਭਾਵ ਮਨੁੱਖ ਸ਼੍ਰੇਣੀ ਦੀ ਭਾਈਚਾਰਕ ਤੇ ਨੈਤਕ ਅਵਸਥਾ ਸੁਖ ਵਾਲੀ ਹੋ ਜਾਂਦੀ ਹੈ।

ਇਸ ਧਰਤੀ ਦਾ ਆਕਾਰ ਤੇ ਭਾਰ ਤੱਕ ਕੇ, ਇਸ ਉਤੇ ਦਿੱਸ ਰਹੀ ਇਸ ਦੀ ਉਪਜਾਊ

ਸ਼ਕਤੀ ਤੇ ਦਾਤ ਸ਼ਕਤੀ, ਇਸ ਪਰ ਇਸ ਦੀ ਸੁੰਦਰਤਾ ਆਦਿ ਤੱਕ ਕੇ ਇਸ ਨੂੰ ਬੇਸ਼ੁਮਾਰ ਪਾਓਗੇ ਤਾਂ ਤੇ ਕਰਤਾ ਪੁਰਖ ਵਲ ਹੀ ਆ ਜਾਓ ਕਿ ਜਿਸ ਦੇ ਸੰਕਲਪ ਮਾਤ੍ਰ ਕਰਨੇ ਕਰਕੇ ਤੇ ਇਕ ਵਾਕ ਕਹਿਣੇ ਤੇ ਇਹ ਦ੍ਰਿਸ਼ਟਮਾਨੀ ਰਚਨਾ ਹੋ ਗਈ ਤੇ ਇਸ ਤੋਂ ਅਗੇ ਫੇਰ ਲੱਖਾਂ ਪ੍ਰਵਾਹ ਟੁਰ ਪਏ ਤੇ ਧਰਤੀਆਂ ਚੰਦਾਂ ਸੂਰਾਂ ਦੇ ਤੇ ਉਪਰ ਦੇ ਸਾਮਾਨ ਉਪਜ ਪਏ, ਉਸ ਦੀ ਇਸ ਸਾਰੀ ਕੁਦਰਤ ਦਾ ਵੀਚਾਰ ਵਰਣਨ ਕਰਨ ਦੀ ਕੁਦਰਤ (ਤਾਕਤ) ਕਿਸ ਵਿਚ ਹੈ, ਜੋ ਵੀਚਾਰ ਕਹਿ ਸਕੇ। ਮੈਂ ਤਾਂ ਇਹ ਪੱਖ ਨਹੀਂ ਲੈਂਦਾ, ਮੇਰਾ ਪੱਖ ਤਾਂ ਇਹ ਹੈ; ਹੇ ਕਰਤਾ ਪੁਰਖ ! ਤੇਰੇ ਬੇਸ਼ੁਮਾਰ ਕਰਨਿਆਂ, ਦਾਤਾਂ, ਸ਼ਕਤੀਆਂ, ਸੁੰਦਰਤਾਈਆਂ ਤੇ ਰੂਪ ਰੰਗ ਵੇਖਕੇ ਮੈਂ ਤੈਥੋਂ ਬਲਿਹਾਰ ਪਿਆ ਹੋਵਾਂ, ਭਾਵ ਤੇਰੀ ਸਿਫਤ ਸਲਾਹ ਵਿਚ ਚਲਾ ਜਾਵਾਂ ਤੇ ਉਸ ਰੰਗ ਰੰਗਿਆ ਪਿਆ ਉਚਾਰਾਂ: 'ਹੇ ਨਿਰੰਕਾਰ ! ਇਹ ਤੇਰੀ ਕੁਦਰਤ ਆਪਣੇ ਰੰਗ ਪਲਟ ਪਲਟ ਕੇ ਬਦਲਣਹਾਰ ਰੂਪ ਦਿਖਾ ਰਹੀ ਹੈ ਪਰ ਤੂੰ ਹੈਂ ਜੋ ਸਦਾ ਸਲਾਮਤ ਇਕ ਰੰਗ ਇਕ ਰਸ ਹੈਂ। ਹੇ ਦਾਤਾ! ਮੈਨੂੰ ਬਖਸ਼ ਕਿ ਮੈਂ ਇਸ ਰੰਗ ਵਿਚ ਸਦਾ ਰਹਾਂ; ਜੋ ਤੈਨੂੰ ਭਾਉਂਦਾ ਹੈ ਉਹੀ ਭਲੀ ਗਲ ਹੈ'। ਅਰਥਾਤ ਮੈਂ ਤੇਰੀ ਰਜ਼ਾ ਵਿਚ ਸਦਾ ਰਾਜ਼ੀ ਰਹਾਂ। ਦੇਖੋ ਪਉੜੀ ਦੇ ਅਖੀਰ ਤੇ ਆਕੇ ਦ੍ਰਿਸ਼ਟਮਾਨੀ ਵਰਣਨ ਕਰਕੇ ਵਾਰਨੇ ਜਾਣ ਦਾ ਭਾਵ ਦਰਸਾਕੇ ਕੀਕੂੰ ਸਿਫਤ ਸਲਾਹ ਵਿਚ ਲੈ ਗਏ ਹਨ ਕਿ ਲਿਵ ਦੀ ਤਾਰ ਬਹਿਰੰਗ ਦਰਸ਼ਨਾਂ ਨਾਲ ਬੀ ਟੁਰੀ ਰਹੇ ਤੇ ਫੇਰ ਓਹੋ 'ਆਦਿ ਸਚੁ' ਵਾਲੀ ਸਿਫਤ ਉਚਾਰੀ-ਤੂੰ ਸਦਾ, ਹੇ ਨਿਰੰਕਾਰ! ਸਲਾਮਤ ਹੈਂ, ਇਸ ਵਿਚ 'ਹੁਕਮਿ ਰਜਾਈ ਚਲਣਾ' ਵਾਲਾ ਸਿਧਾਂਤ ਹੀ ਦ੍ਰਿੜ ਕਰਾਇਆ ਹੈ ਜੋ ਪਹਿਲਾਂ ਅੰਤਰਮੁਖ ਸਾਧਨਾਂ ਨਾਲ ਦ੍ਰਿੜ ਕਰਾਇਆ ਸੀ।

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ (ਸੁਖਮਨੀ ੨੩-੪)

ਕਿਉਂਕਿ- **ਅੰਤਰਗਤਿ ਜਿਸੁ ਆਪ ਜਨਾਏ॥**

ਉਸ ਨੂੰ ਬਾਹਰੋਂ ਦ੍ਰਿਸ਼ਟਮਾਨ ਤੋਂ ਬੀ **'ਨਾਨਕ ਤਿਸੁ ਜਨ ਆਪਿ ਬੁਝਾਏ॥** (ਸੁਖਮਨੀ ੨੩-੫)

ਕੀ ਬੁਝਾਏ? ਕਿ-

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥ (ਸੁਖਮਨੀ ੨੩-੬)

ਹਾਂ ਜੀ, ਓਹੋ-**ਸਰਬ ਕਲਾ ਕਰਿ ਖੇਲੈ ਖੇਲ॥** (ਸੁਖਮਨੀ ੨੩-੩)

ਪਰ- **ਆਪਿ ਅਡੋਲੁ ਨ ਕਬਹੂ ਡੋਲੈ॥** (ਸੁਖਮਨੀ ੨੩-੩)

ਓਹੋ ਗਲ ਆਖੀ ਹੈ ਪੰਚਮ ਗੁਰੂ ਜੀ ਨੇ-'ਤੂ ਸਦਾ ਸਲਾਮਤਿ ਨਿਰੰਕਾਰ' -ਵਾਲੀ, ਜੋ ਕਹੀ ਹੈ ਏਥੇ ਗੁਰੂ ਬਾਬੇ ਨੇ।

ਇਸ ਪਉੜੀ ਵਿਚ ਇਹ ਉਪਦੇਸ਼ ਬੀ ਹੈ ਕਿ ਜਦ ਕੁਦਰਤ ਦੀ ਫੋਲਾ ਫਾਲੀ ਪ੍ਰਾਕ੍ਰਿਤਕ ਵਿਗਯਾਨ ਨਾਲ ਕਰੋ ਤਦ ਕਰਤਾ ਪੁਰਖ ਤੋਂ ਬੇਮੁਖ ਨਾ ਹੋ ਜਾਓ, ਉਸ ਦੀ ਸਿਫਤ ਸਲਾਹ ਵਿਚ ਵਧੇਰੇ ਆਓ। ''ਅੰਤਰਿ ਬਸੇ'' ਨੂੰ 'ਬਾਹਰਿ ਭੀ ਓਹੀ' ਕਰਕੇ ਵੇਖੋ ਤੇ ਵਿਸਮਯ ਹੋਵੋ।

ਨਿਰੁਕ੍ਤ- ਧਰਮੁ-(ਸੰਸ, ਧਰ੍ਮ=ਆਈਨ, ਕਾਨੂੰਨ, ਨੇਮ) ਕਿਸੇ ਵਸਤੂ ਦੀ ਯਾ ਵ੍ਯਕਤੀ ਦੀ ਓਹ ਬ੍ਰਿਤੀ ਜੋ ਉਸ ਵਿਚ ਸਦਾ ਰਹੇ ਤੇ ਉਸ ਤੋਂ ਵੱਖ ਨਾ ਹੋਵੇ। ਕਰਤੱਵ੍ਯ, ਨੇਕੀ, ਫਰਜ਼ ਆਦਿ। (ਸੰ: ਸ਼: ਕੋਂ:) ਨਿਯਮ। ਹੋਰ ਦੇਖੋ ਪਿਛੇ ਪੰਨਾ ੮੩ ਪਉੜੀ ੧੨-੧੫ ਦੇ ਨਿਰੁਕ੍ਤ ਵਿਚ)।

ਦਇਆ ਕਾ ਪੂਤੁ-ਦਇਆ ਦਾ ਪੁਤ੍ਰ, ਭਾਵ ਹੈ ਈਸ਼੍ਵਰ ਦੀ ਦਇਆ ਤੋਂ ਉਪਜਿਆ ਹੈ।

ਸੰਤੋਖੁ-ਯਥਾ ਲਾਭ ਖੁਸ਼ ਰਹਿਣਾ, ਹੋਰ ਨਾ ਮੰਗਣਾ। ਇਥੇ ਇਹ ਬੀ ਭਾਵ ਹੈ:ਆਪਣੇ ਨਿਯਮਾਂ ਵਿਚ ਸੁਖ ਸ਼ਾਂਤੀ ਪੂਰਬਕ ਟੁਰੇ ਰਹਿਣਾ ਤੇ ਉਨ੍ਹਾਂ ਦੀ ਉਲੰਘਣਾ ਨਾ ਕਰਨਾ।

ਸੂਤਿ-ਧਾਗਾ, ਧਾਗੇ ਵਿਚ ਪਰੋਤਿਆਂ ਜਿਵੇਂ ਮਣਕੇ ਪ੍ਰਬੰਧ ਵਿਚ ਹੋ ਜਾਂਦੇ ਹਨ। ਸੂਤ ਥਾਪਣਾ=ਪ੍ਰਬੰਧ ਬੰਨ੍ਹਣਾ।

ਵੂੜੀ ਕਲਾਮ-(ਵੂੜਨਾ=ਵਹਿਣਾ, ਚਲਣਾ) ਚਲ ਰਹੀ ਕਲਮ।

(ਅ) ਸੰਪ੍ਰ: ਵਿਚ, 'ਹੁਕਮ ਰੂਪ ਕਲਮ' ਬੀ ਭਾਵ ਕਰਦੇ ਹਨ।

(ੲ) 'ਮੱਥੇ ਉਤੇ ਵਹਿ ਚੁਕੀ ਕਲਮ' ਬੀ ਕਰਦੇ ਹਨ।

ਪ੍ਰਮਾਣ-**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥** (ਸਿਰੀ: ਮ: ੧, ਪਹਰੇ ੧)

ਤਾਣੁ-ਬਲ। (ਅ) ਵਿਸਥਾਰ।

ਸੁਆਲਿਹੁ-(ਪੰਜਾ; ਸੁਆਲਿਓ, ਪ੍ਰਾ: ਸੁਅਲੰਕਿਯ। ਸੰਸ:, ਸ੍ਵਲੰਕ੍ਰਿਤ) ਸਜਿਆ ਫਬਿਆ ਸੁਹਣਾ।

ਕੂਤੁ-(ਅ:, ਕੂਤ=ਖ਼ੁਰਾਕ। ਪੰਜਾਬੀ, ਕੂਤ=ਅੰਦਾਜ਼ਾ) ਖੜੇ ਫਸਲਾਂ ਨੂੰ ਦੇਖ ਮਿਣਕੇ ਦਾਣੇ ਦਾ ਤੋਲ ਤੇ ਮੁੱਲ ਜਾਚ ਲੈਣਾ।

ਦਰੀਆਉ-ਫਾ:, ਦਰਜਾ ਨਦ, ਸਮੁੰਦਰ, ਭਾਵ ਹੈ ਜਗਤ ਪ੍ਰਬੰਧ ਦੇ ਪ੍ਰਵਾਹ। ਲੋਕ, ਸੂਰਜ, ਚੰਦ, ਤਾਰੇ, ਰਾਸ਼ੀਆਂ, ਨਛੱਤਰ, ਉਹਨਾਂ ਵਿਚ ਦੇ ਸਾਮਾਨ।

'ਕੁਦਰਤਿ ਕਵਣੁ ਕਹਾ ਵੀਚਾਰੁ' ਪ੍ਰਸ਼ਨ ਵਾਚੀ ਵਾਕ੍ਯ ਹੈ। ਇਸ ਤਰ੍ਹਾਂ ਹੀ 'ਵਾਰਿਆ ਨ ਜਾਵਾ ਏਕ ਵਾਰ' ਪ੍ਰਸ਼ਨ ਵਾਚੀ ਹੈ 'ਕਿਉਂ ਨਾ ਵਾਰਿਆ ਜਾਵਾਂ?' ਭਾਵ ਇਹ ਹੈ ਕਿ ਮੈਂ ਵੀਚਾਰ ਕਰਨੋਂ ਅਸਮਰੱਥ ਹਾਂ; ਤਾਂਤੇ ਮੈਂ ਸਿਫਤ ਸਲਾਹ ਵਿਚ ਜਾਂਦਾ ਹਾਂ ਤੇ ਬਲਿਹਾਰ ਬਲਿਹਾਰ ਪਿਆ ਹੁੰਦਾ ਹਾਂ।

(ਅ) ਵਾਰ ਦਾ ਅਰਥ ਦਾਨੇ ਲੋਕ ਵਾਲ ਤੇ ਦਿਹਾੜੀ ਬੀ ਲਾਉਂਦੇ ਹਨ। ਤੇਰੇ ਸਾਜੇ 'ਇਕ ਵਾਲ' ਦੀ ਬਨਾਵਟ ਵਿਚ ਜੋ ਤੇਰੀ ਕਾਰੀਗਰੀ ਦਿੱਸਦੀ ਹੈ ਉਸਤੋਂ ਮੈਂ ਸਦਕੇ ਨਹੀਂ ਹੋ ਸਕਦਾ (ਸਾਰੀ ਦਾਤ ਦਾ ਤਾਂ ਕਿਆ ਹੀ ਕਹਿਣਾ ਹੈ।)

(ੲ) ਇਕ ਦਿਹਾੜੀ ਨਹੀਂ ਮੈਂ ਹਰ ਦਿਉਹਾੜੀ ਤੈਥੋਂ ਵਾਰਨੇ ਹਾਂ।

(ਸ) ਮੈਂ ਤੈਥੋਂ ਇਕ ਵਾਰੀ ਬੀ ਵਾਰਨੇ ਹੋਣ ਲਾਇਕ ਨਹੀਂ, ਇਉਂ ੭ ਅਰਥ ਲਾਉਂਦੇ ਹਨ।

(ਪਉੜੀ ੧੭-੧੮)

ਪ੍ਰਾਕ੍ਰਥਨ- ਪਉੜੀ ੧੬ ਵਿਚ ਕਰਤੇ ਦੇ ਕਰਣਿਆਂ ਵਲ ਨਜ਼ਰ ਪੁਆਕੇ ਇਸ ਧਰਤੀ ਦੇ ਹੇਠਾਂ, ਫੇਰ ਉਪਰ ਨਜ਼ਰ ਭੁਆਕੇ, ਸੁੰਦਰਤਾ, ਦਾਤ ਤੇ ਵਰਤ ਰਹੀ ਸ਼ਕਤੀ ਦਾ ਦਰਸ਼ਨ ਦਿਖਾਕੇ ਕਰਤਾ ਪੁਰਖ ਵਲ ਧਿਆਨ ਨੂੰ ਲੈ ਗਏ ਸਨ। ਹੁਣ ਧਰਤੀ ਉਤੇ ਵੱਸ ਰਹੇ ਮਨੁੱਖਾਂ ਨੂੰ ਲੈਂਦੇ ਹਨ। ਉਨ੍ਹਾਂ ਵਿਚੋਂ ਪਉੜੀ ੧੭ ਵਿਚ ਨੇਕੀ ਵਲ ਲਗੇ ਬੰਦਿਆਂ ਦਾ ਜ਼ਿਕਰ ਕਰਕੇ ਫੇਰ ਕਰਣਿਆਂ ਦੇ ਕਰਤਾ ਜੀ ਵਲ ਹੀ ਧਿਆਨ ਨੂੰ ਖਿੱਚ ਖੜਦੇ ਹਨ। ਇਸੇ ਤਰ੍ਹਾਂ ਪਉੜੀ ੧੮ ਵਿਚ ਬਦੀ ਵਿਚ ਖਚਿਤ ਮਾਨੁੱਖਾਂ ਦਾ ਜ਼ਿਕਰ ਕਰਕੇ ਫੇਰ ਕਰਤਾ ਪੁਰਖ ਦੀ ਸਿਫਤ ਸਲਾਹ ਵਿਚ ਲੈ ਚੜ੍ਹਦੇ ਹਨ।

ਮੂਲ	ਅਰਥ
ਅਸੰਖ ਜਪ ਅਸੰਖ ਭਾਉ॥ **ਅਸੰਖ ਪੂਜਾ ਅਸੰਖ ਤਪਤਾਉ॥** **ਅਸੰਖ ਗਰੰਥ ਮੁਖਿ ਵੇਦ ਪਾਠ॥**	(੧. ਨੇਕੀ ਵਲ ਲੱਗਿਆਂ ਦੇ ਦਰਸ਼ਨ-) (ਹੇ ਨਿਰੰਕਾਰ!) ਅਣਗਿਣਤ (ਤੇਰਾ) ਜਪ ਕਰ ਰਹੇ ਹਨ, ਅਣਗਿਣਤ ਪ੍ਰੇਮ ਕਰ ਰਹੇ ਹਨ। ਅਣਗਿਣਤ ਪੂਜਾ ਕਰ ਰਹੇ ਹਨ, ਅਨੇਕ ਤਪ

ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥ ਅਸੰਖ ਸੂਰ ਮੁਹ ਭਖਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੭॥

ਤਾਪ ਰਹੇ ਹਨ। ਅਣਗਿਣਤ ਪਾਠ ਵੇਦਾਂ (ਤੇ ਹੋਰ ਧਰਮ) ਗ੍ਰੰਥਾਂ ਦੇ ਮੂੰਹ ਨਾਲ ਕਰ ਰਹੇ ਹਨ। ਅਣਗਿਣਤ ਜੋਗੀ ਹਨ ਜੋ ਮਨ ਵਿਚ (ਸੰਸਾਰ ਤੋਂ) ਉਦਾਸ ਰਹਿੰਦੇ ਹਨ। ਅਣਗਿਣਤ ਭਗਤ ਹਨ, (ਜੋ ਤੇਰੇ) ਗੁਣਾਂ (ਨੂੰ ਗਾਉਂਦੇ ਤੇ ਤੇਰੇ) ਗਿਆਨ ਦੇ ਵੀਚਾਰ ਵਿਚ ਰਹਿੰਦੇ ਹਨ। ਅਣਗਿਣਤ ਸਤੀ ਹਨ, ਅਣਗਿਣਤ ਦਾਤੇ ਹਨ। ਅਣਗਿਣਤ ਸੂਰਮੇ ਹਨ ਜੋ ਮੂੰਹਾਂ ਤੇ ਲੋਹਾ ਚੱਖਦੇ ਹਨ (ਭਾਵ ਸਨਮੁਖ ਹੋਕੇ ਜੂਝਦੇ ਤੇ ਸ਼ਸਤ੍ਰਾਂ ਦਾ ਵਾਰ ਸਹਿੰਦੇ ਹਨ)। ਅਣਗਿਣਤ ਮੁਨੀ ਹਨ ਜੋ ਲਿਵ ਦੀ ਤਾਰ ਲਾਈ ਰਖਦੇ ਹਨ (ਭਾਵ ਬ੍ਰਿਤੀ ਦੇ ਪ੍ਰਵਾਹ ਨੂੰ ਰੋਕੀ ਰੱਖਣ ਦਾ ਜਤਨ ਕਰਦੇ ਹਨ)। (ਬਾਕੀ ਤੁਕਾਂ ਦਾ ਅਰਥ ਪਿਛੇ ਸੋਲ੍ਹਵੀਂ ਪਉੜੀ ਵਿਚ ਆ ਚੁਕਾ ਹੈ)॥ ੧੭॥

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮ ਖੋਰ॥

(੨. ਬਦੀ ਵਲ ਲੱਗਿਆਂ ਦੇ ਦਰਸ਼ਨ) ਅਣਗਿਣਤ ਮੂਰਖ ਤੇ ਅੰਨ੍ਹੇ (ਮੂਰਖ) ਤੇ ਘੋਰ (ਮੂਰਖ) ਹਨ (ਭਾਵ, ਅਗਜਾਨੀ ਹਨ)। ਅਣਗਿਣਤ ਚੋਰ ਹਨ (ਅਤੇ ਕਈ ਹੋਰ ਧਰਮ ਵਿਰੁੱਧ ਤ੍ਰੀਕਿਆਂ ਨਾਲ ਪੈਸਾ ਪ੍ਰਾਪਤ ਕਰਕੇ) ਹਰਾਮ ਖਾਣ ਵਾਲੇ ਹਨ।

ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥

ਅਣਗਿਣਤ ਜੋਰ (ਜ਼ੁਲਮ ਕਰਨ ਵਾਲੇ ਹਨ ਜੋ ਜਬਰੀ) ਹਕੂਮਤਾਂ ਕਰ ਕਰਕੇ (ਅੰਤ ਮਰ) ਜਾਂਦੇ ਹਨ। ਅਣਗਿਣਤ ਗਲੇ ਕੱਟਣ ਵਾਲੇ (ਹਤਯਾਰੇ ਹਨ ਜੋ) ਹੱਤਯਾ ਹੀ ਕਰਦੇ ਰਹਿੰਦੇ ਹਨ[1]। ਅਣਗਿਣਤ (ਹੋਰ ਅਨੇਕ ਤਰ੍ਹਾਂ ਦੇ) ਪਾਪੀ ਹਨ ਜੋ ਪਾਪ (ਗੁਨਾਹ) ਕਰਦੇ ਹੀ ਮਰ ਜਾਂਦੇ ਹਨ। ਅਣਗਿਣਤ (ਝੂਠ ਵਿਚ ਰਚੇ ਹੋਏ) ਝੂਠੇ ਲੋਕ ਹਨ ਜੋ ਝੂਠ (ਦੇ ਫੇਰਾਂ) ਵਿਚ ਹੀ ਪਏ ਘੁਮਜਾਟੇ ਖਾਂਦੇ ਹਨ।

ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਅਣਗਿਣਤ ਮਲੇਛ ਹਨ ਜੋ ਗੰਦ ਬਕਦੇ (ਤੇ ਗੰਦ) ਖਾਂਦੇ ਹਨ। ਅਣਗਿਣਤ ਨਿੰਦਿਆ ਕਰਨ ਵਾਲੇ ਹਨ (ਜੋ ਨਿੰਦਿਆ ਦਾ) ਭਾਰ (ਅਪਣੇ) ਸਿਰ ਤੇ ਚੁਕਦੇ ਹਨ।

(ਇਹ ਨੀਚ ਕਰਮਾਂ ਵਾਲਿਆਂ ਦੀ) ਵੀਚਾਰ ਨੀਵਾਂ ਨਾਨਕ ਕਹਿ ਰਿਹਾ ਹੈ[2]।

(ਬਾਕੀ ਤੁਕਾਂ ਦਾ ਅਰਥ ਪਿਛੇ ਆ ਚੁੱਕਾ ਹੈ)॥੧੮॥

---

[1]ਜੋ ਗਲਾ ਕੱਪਣ ਨੂੰ ਸੁਭਾਵ ਬਣਾ ਲੈਂਦੇ ਹਨ।

[2] ਇਨ੍ਹਾਂ ਚਾਰ ਪਉੜੀਆਂ (ਪਉੜੀ ੧੬,੧੭,੧੮,੧੯) ਵਿਚ ਚਾਰ ਤੁਕਾਂ ਜੋ ਅਖ਼ੀਰ ਤੇ ਆਉਂਦੀਆਂ ਹਨ ਉਨ੍ਹਾਂ ਵਿਚੋਂ ਤਿੰਨਾਂ ਵਿਚ ਤਾਂ ਇਕੋ ਪਾਠ ਹੈ 'ਕੁਦਰਤਿ ਕਵਣ ਕਹਾ ਵੀਚਾਰੁ॥' ਪਰ ਤੀਜੀ ਪਉੜੀ (ਅਠਾਰਵੀਂ) ਵਿਚ ਇਸ ਦੀ ਥਾਵੇਂ ਪਾਠ ਹੈ 'ਨਾਨਕੁ ਨੀਚੁ ਕਹੈ ਵੀਚਾਰੁ॥' ਕਾਰਣ ਇਹ ਸਹੀ ਹੁੰਦਾ ਹੈ ਕਿ ਆਪ ਜੀ ਇਸ ਵਿਚ ਨੀਚਾਂ ਦਾ ਵੀਚਾਰ ਕਰ ਰਹੇ ਹਨ। ਇਸ ਵੀਚਾਰ ਵਿਚ ਮਤੋਂ ਆਪਣੀ ਉੱਤਮਤਾ ਦਾ ਕੋਈ ਆਭਾਸ਼ ਮਾਤ੍ਰ ਨਾ ਪੈ ਜਾਵੇ, ਉਸ ਨੂੰ ਦੂਰ ਰੱਖਣੇ ਲਈ ਆਪ ਨੂੰ 'ਨੀਚ' ਪਦ ਨਾਲ ਯਾਦ ਕਰਦੇ ਹਨ ਜੋ ਹਉਂ ਦੀ ਪੂਰਨ ਅਭਾਵਤਾ ਰਹੇ। ਐਸਾ ਕਰਨੇ ਵਿਚ ਆਪ ਜੀ ਦੀ ਭਗਤੀ ਪੱਖ ਵਿਚ ਹਉਂ ਨਵਿਰਤੀ ਦਿੱਸ ਪੈਂਦੀ ਹੈ ਤੇ ਕਾਵ੍ਯ ਰਸੱਗਜ੍ਯਤਾ ਦਾ ਬੀ ਕਮਾਲ ਨਜ਼ਰੇ ਪੈ ਜਾਂਦਾ ਹੈ। ਐਸਾ ਕਹਿਣਾ ਆਪ ਜੀ ਦੀ ਕਮਾਲ ਬਜ਼ੁਰਗੀ ਦਾ ਸੂਚਕ ਹੈ।

ਆਪਣੀ ਸਲਾਹੁਤ ਵਿਚ ਸੁਖੀ ਤੇ ਖੁਸ਼ੀ ਹੋਣਾ ਬੀ ਆਪ ਨੇ ਨੀਵੇਂ ਕਰਮਾਂ ਵਿਚ ਗਿਣਿਆ ਹੈ,

ਯਥਾ- ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥ (ਸਿਰੀ: ਮ: ੧-੪)

ਵਜਾਧਜਾ-(ਪਉ: ੧੭-੧੮) ਕਿਤਨੀ ਬ੍ਰੀਕ ਆਲੋਚਨਾ ਹੈ, ਜਿਸ ਵਿਚ ਇਨਸਾਨ ਦੀ ਇਕ ਬੁਝਾਰਤੀ ਦਸ਼ਾ ਨੂੰ ਟਾਕਰੇ ਵਿਚ ਰੱਖ ਕੇ ਦਿਖਲਾਇਆ ਹੈ। ਦੇਖੋ ਇਕ ਪਾਸੇ ਤਾਂ ਇਨਸਾਨ ਜਪ, ਤਪ, ਪੂਜਾ, ਯੋਗ, ਭਗਤੀ, ਦਾਨ, ਬੀਰਤਾ ਅਰਥਾਤ ਆਪਾ-ਤਜਾਗ ਵਿਚ ਲਗ ਰਿਹਾ ਹੈ ਤੇ ਦੂਸਰਿਆਂ ਦਾ ਭਲਾ ਕਰ ਰਿਹਾ ਹੈ। ਦੂਜੇ ਪਾਸੇ ਉਹੋ ਇਨਸਾਨ ਇੰਨਾ ਖ਼ੁਦਗ਼ਰਜ਼ ਹੋ ਗਿਆ ਹੈ ਕਿ ਨਿਰਦਈ, ਜਰਵਾਣਾ, ਹਤਜਾਰਾ ਤੇ ਪਾਪੀ ਹੋ ਰਿਹਾ ਹੈ। ਇਹ ਦੋ ਵਿਰੋਧੀ ਅਤਿ ਦੇ ਸਿਰਿਆਂ ਦਾ ਦਰਸ਼ਨ ਅਤਿ ਹੈਰਾਨ ਕਰਨੇ ਵਾਲਾ ਹੈ। ਇਕੋ ਹੀ ਹੈ ਨ ਜ਼ਾਤ-ਇਨਸਾਨ, ਪਰ ਦੇਖੋ ਕਿਤੇ ਤਾਂ ਦੇਵਤਾ ਨੂੰ ਮਾਤ ਕਰ ਰਿਹਾ ਹੈ ਤੇ ਕਿਤੇ ਦੈਂਤ ਬੀ ਇਸ ਦੀ ਬਦੀ ਨੂੰ ਦੇਖਕੇ ਮੂੰਹ ਵਿਚ ਉਂਗਲਾਂ ਪਾ ਰਹੇ ਹਨ। ਇਸ ਤਰ੍ਹਾਂ ਬੁਝਾਰਤੀ ਤੇ ਸਮਝੇ ਨਾ ਪੈਣ ਵਾਲੇ ਦ੍ਰਿਸ਼ਜ ਸਿਆਣਿਆਂ ਨੂੰ ਅਤਿ ਹਰਿਆਨੀ ਵਿਚ ਸੱਟਦੇ ਹਨ ਤੇ ਕਾਹਲੀ ਨਾਲ ਵੀਚਾਰ ਕੀਤਿਆਂ ਏਹ ਕਈ ਵੇਰ ਬੇਮੁਖਤਾ ਵਲ ਰੁਖ਼ ਫੇਰ ਦੇਂਦੇ ਹਨ। ਪਰ ਸਤਿਗੁਰੂ ਜੀ ਇਹ 'ਗੁਣ ਦੋਖ ਨਿਰੂਪਣ' ਦ੍ਰਿਸ਼ਟੀ ਦਿਖਾਕੇ ਸਿੱਖ ਨੂੰ ਕਰਤਾ ਪੁਰਖ ਵੱਲ ਹੀ ਲੈ ਚਲਦੇ ਹਨ ਤੇ 'ਤੂ ਸਦਾ ਸਲਾਮਤਿ' ਦੇ ਗੁਣ ਗਾਯਨ ਵਿਚ ਪਾਕੇ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਦੇ ਅੰਤ੍ਰੀਵ ਯੋਗ ਵਿਚੋਂ ਹਿੱਲਣ ਨਹੀਂ ਦੇਂਦੇ। ਜਗਤ ਵਿਚ ਬਦੀ ਤੇ ਬਦਕਾਰਾਂ ਦੇ ਕਰਤੱਵ ਦੇਖਕੇ ਘਬਰਾ ਜਾਈਦਾ ਹੈ। ਬੰਦਗੀ ਵਾਲੇ ਬੀ ਸੋਚ ਵਿਚ ਆ ਜਾਂਦੇ ਹਨ ਕਿ ਕਿਉਂ ਜਗਤ ਵਿਚ ਬਦੀ ਹੈ ਤੇ ਸਾਈਂ ਇਕ-ਦਮ ਦੂਰ ਕਿਉਂ ਨਹੀਂ ਕਰਦਾ। ਗੁਰੂ ਜੀ ਨੇ ਇਸ ਇਨਸਾਨੀ ਦਿਲ ਦੇ ਘਬਰਾ ਨੂੰ ਦੂਰ ਕਰਨ ਲਈ ਇਹ ਪਉੜੀਆਂ ਲਿਖੀਆਂ ਹੋਣ ਤਾਂ ਅਚਰਜ ਨਹੀਂ: ਕਿ ਭਾਈ! ਸਾਰਾ ਕੁਛ ਜੋ ਵਰਤ ਰਿਹਾ ਹੈ ਦੇਖ, ਤੇ ਘਬਰਾ ਨਾ ਤੇ ਇਸ ਨਿਸਚੇ ਵਿਚ ਰਹੁ ਕਿ ਹੇ ਮੇਰੇ ਮਾਲਕ! ਤੂੰ ਸਦਾ ਸਲਾਮਤ ਹੈਂ ਤੇ ਜੋ ਤੈਨੂੰ ਭਾਉਂਦਾ ਹੈ ਉਸ ਉਤੇ ਮੈਨੂੰ ਕਿੰਤੂ ਨਾ ਫੁਰੇ, ਮੈਂ ਅਡੋਲ ਤੇਰੇ ਪ੍ਰੇਮ ਵਿਚ ਲਗਾ ਰਹਾਂ। ਜੇ ਨਾ ਸਮਝੇ ਆਵੇ ਤਾਂ ਸਾਰੇ ਕੁਛ ਹੋ ਰਹੇ ਨੂੰ ਇਕ ਲੀਲਾ, ਇਕ ਖੇਲ ਸਮਝਾਂ।

'**ਹਉ ਗੋਸਾਈ ਦਾ ਪਹਿਲਵਾਨੜਾ**[1]' ਸ਼ਬਦ ਵਿਚ ਸਤਿਗੁਰੂ ਜੀ ਨੇ ਇਕ ਘੋਲ ਤੇ ਫਤਹਯਾਬੀ ਦਾ ਪ੍ਰਯੋਜਨ ਦੱਸਿਆ ਹੈ। ਅਰਥਾਤ ਜੀਵ ਨੇ 'ਪ੍ਰਕ੍ਰਿਤੀ[2]' ਕਹੋ ਯਾ 'ਮਾਇਆ', ਇਸ ਉਤੇ ਫਤਹ ਪਾਉਣੀ ਹੈ।

ਨਿਰੁਕ੍ਰ-(ਪਉ: ੧੭-੧੮) **ਅਸੰਖ**-(ਸੰਸ:, ਅ+ਸ਼ੰਖ) ਸੰਖਜਾ ਰਹਿਤ, ਅਣਗਿਣਤ ਭਾਵ ਬਹੁਤੇ। ਵਾਹਿਗੁਰੂ ਅਸੰਖ ਹੈ, ਉਸ ਦੀ ਗੇਣਤੀ ਹੈ ਹੀ ਨਹੀਂ; ਕੁਦਰਤ ਬੀ ਇੰਨੀ ਬਹੁਤ ਹੈ ਕਿ ਇਨਸਾਨ ਉਸ ਦੀ ਬੀ ਗੇਣਤੀ ਨਹੀਂ ਕਰ ਸਕਦਾ, ਪਰ ਕੁਦਰਤ ਕਾਦਰ ਵਾਙੂ ਗੇਣਤੀ ਗਣਨਾ ਤੋਂ ਉਪਰ ਯਾ ਪਰੇ ਨਹੀਂ ਹੈ।

ਜਪੁ, ਤਪ-ਚਉਥੀ ਪੰਜਵੀਂ ਤੁਕ ਵਿਚ 'ਅਸੰਖ ਜੋਗ' ਤੇ ਅਸੰਖ ਭਗਤ' ਤੋਂ ਪਤਾ ਲਗਦਾ ਹੈ ਕਿ 'ਜਪ, ਤਪ, ਪੂਜਾ' ਆਦਿ ਤੋਂ ਬੀ ਓਹੋ ਭਾਵ ਹੈ=ਜਪ ਕਰਨ ਵਾਲੇ, ਤਪ ਕਰਨ ਵਾਲੇ, ਪੂਜਾ ਕਰਨ ਵਾਲੇ। ਸੰਪ੍ਰਦਾ ਵਿਚ ਬਾਜ਼ੇ ਵੇਲੇ 'ਜਪ' ਤੇ 'ਜਪ ਕਰਨ ਵਾਲੇ' ਦੁਇ ਭਾਵ ਲੈਕੇ ਅਰਥ ਕਰਦੇ ਹਨ।

ਸਤੀ-(ਸੰਸ:,) ਸਚ ਵਿਚ ਪ੍ਰਵਿਰਤ। (੨) ਦਾਨੀ।

ਮੋਨਿ-ਮੋਨਿ ਦਾ ਪ੍ਰਸਿਧ ਅਰਥ ਚੁਪ ਸਾਧਣ ਵਾਲੇ ਹੈ, ਪਰ ਇਸ ਦਾ ਅਰਥ 'ਮੁਨੀ' ਬੀ ਹੈ। (੧੭੫੮-੧੮੨੫ ਬਿਕ:) (ਸੰਸ:, ਮੌਨ=ਚੁਪ। ਮੌਨਿਨ੍=ਮੁਨੀ, ਸਾਧੂ)।

---

[1]ਸਿਰੀ ਰਾਗੁ ਮਹਲਾ ੧ ਘਰੁ ੩। [2] Matter।

ਜੋਗ-(ਸੰਸ:, ਯੋਗੀ)। ਜੋਗੀ ਦਾ ਏਥੇ ਬਹੁਵਚਨ ਹੈ 'ਜੋਗ'।

ਮੁਹ ਭਖ ਸਾਰ-ਮੂੰਹਾਂ ਉਤੇ ਭਖਦੇ ਹਨ ਲੋਹਾ। ਭਾਵ ਸ਼ਸਤ੍ਰਾਂ ਦੇ ਵਾਰ ਸਹਿੰਦੇ ਹਨ।

ਮੂਰਖ ਅੰਧ ਘੋਰ-ਸੰਪ੍ਰਦਾ ਵਿਚ ਐਉਂ ਫਰਕ ਕਰਦੇ ਹਨ:

ਮੂਰਖ-ਬੇਸਮਝ ਪਰ ਜੋ ਸਮਝਾਇਆਂ ਕੁਛ ਸਮਝ ਜਾਏ।

ਅੰਧ ਮੂਰਖ-ਜੋ ਸਮਝਾਇਆਂ ਮੂਲੋਂ ਨਾ ਸਮਝੇ।

ਘੋਰ ਮੂਰਖ-ਜੋ ਸਮਝਾਇਆਂ ਉਲਟਾ ਸਿਰ ਨੂੰ ਆਵੇ।

ਅਮਰ-(ਅ਼ਰਬੀ) ਹੁਕਮ। ਹਕੂਮਤ।

ਹਤਿਆ-(ਸੰਸ:, ਹਤ੍ਯਾ) ਕਤਲ ਕਰਨ ਦੀ ਕ੍ਰਿਯਾ ਯਾ ਕਰਮ। ਬੇਦੋਸਿਆਂ ਨੂੰ ਮਾਰ ਦੇਣਾ। ਜਾਨੋਂ ਮਾਰ ਦੇਣਾ।

ਕੂੜੇ ਫਿਰਾਹਿ - ਕੂੜੇ ਵਿਹਾਰਾਂ ਯਾ ਕੰਮਾਂ ਵਿਚ ਲਗੇ ਰਹਿੰਦੇ ਹਨ।

(ਅ) ਯਾ ਬੇਫ਼ਾਇਦਾ ਜੰਮਦੇ ਮਰਦੇ ਰਹਿੰਦੇ ਹਨ।

ਮਲੇਛ-(ਪੁਰਾਤਨ ਸਮੇਂ ਯਵਨੀ ਆਦਿ ਬਦੇਸ਼ੀਆਂ ਨੂੰ ਮਲੇਛ ਕਹਿੰਦੇ ਸਨ। ਹਿੰਦ ਸਭ੍ਯਤਾ ਯਾ ਧਰਮ ਤੋਂ ਬਾਹਰਲੇ ਲੋਕ-ਅਨਾਰਯ 'ਮਲੇਛ' ਕਹੇ ਜਾਂਦੇ ਸਨ। ਸਦਾ ਪਾਪ ਕਰਨ ਵਾਲੇ ਨੂੰ ਬੀ ਕਹਿੰਦੇ ਸਨ। ਬੋਧਾਯਨ ਨੇ ਇਸ ਪਦ ਦੇ ਏਹ ਅਰਥ ਕੀਤੇ ਹਨ-ਮਾਸ ਭੱਖੀ, ਸਰਬ ਆਚਾਰ ਤੋਂ ਵਿਹੀਨ, ਵਿਰੁੱਧ ਬਕਣ ਵਾਲਾ।

(ਸੰਸ:, ਧਾਤੁ ਹੈ ਮ੍ਲੇਚ੍ਛ=ਅਸਪਸ਼ਟ ਬੋਲਣਾ) ਏਥੇ ਮੁਰਾਦ ਉਹਨਾਂ ਭੈੜੇ ਲੋਕਾਂ ਤੋਂ ਹੈ ਜਿਨ੍ਹਾਂ ਦੇ ਅਹਾਰ ਵਿਹਾਰ, ਬੋਲ ਚਾਲ ਧਰਮ ਭਾਵ ਦੇ ਵਿਰੁੱਧ ਹੁੰਦੇ ਹਨ। (੨) ਮੁਸਲਮਾਨ ਜਦ ਆਏ ਤਾਂ ਉਹਨਾਂ ਦੇ ਬਦੇਸ਼ੀ ਹੋਣ ਕਰਕੇ ਤੇ ਅਤ੍ਯਾਚਾਰਾਂ ਕਰਕੇ ਉਹਨਾਂ ਨੂੰ ਬੀ ਮਲੇਛ ਸੱਦਣ ਲਗ ਪਏ। ਗੁਰਬਾਣੀ ਵਿਚ 'ਮੁਸਲਮਾਨ' ਅਰਥ ਪਰਥਾਇ ਬੀ ਇਹ ਪਦ ਹੈ:-

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ (ਵਾਰ ਆਸਾ ਮ:੧-੧੬)

ਭਖਿ-ਬੋਲਦੇ ਹਨ (ਸੰਸ:, ਧਾਤੂ, ਭਾਖ੍,=ਬੋਲਣਾ। ਭਖ੍,=ਭੌਂਕਣਾ, ਬਕਣਾ)।

ਖਾਹਿ-ਖਾਂਦੇ ਹਨ। ਮਲ ਭਖਿ=ਗੰਦ ਬਕਦੇ ਹਨ। ਮਲ ਖਾਹਿ=ਗੰਦ ਖਾਂਦੇ ਹਨ[1]। ਭਾਵ ਜਿਨ੍ਹਾਂ ਦੇ ਅਹਾਰ ਵਿਹਾਰ ਤੇ ਬੋਲ ਚਾਲ ਗੰਦੇ ਹਨ। ਚਾਹੋ ਭਾਵ ਹੈ-ਜੁਆਰੀਏ, ਵੱਢੀ ਖੋਰ ਆਦਿ, ਚਾਹੋ ਅਘੋਰੀ ਆਦਿ।

'ਭਖਿ'=ਖਾਣਾ। 'ਖਾਹਿ'=ਖਾਣਾ। ਇਉਂ ਦੋਹਾਂ ਨੂੰ ਇਕ ਅਰਥੀ ਸਮਝਕੇ ਖਾਂਦੇ ਹਨ, ਯਾ ਖਾਂਦੇ ਹੀ ਖਾਂਦੇ ਹਨ, ਅਰਥ ਬੀ ਲਾਉਂਦੇ ਹਨ।

ਸਿਰਿ ਕਰਹਿ ਭਾਰੁ-ਅਪਣੇ ਸਿਰ ਉਤੇ ਭਾਰ ਚੁਕਦੇ ਹਨ। ਭਾਵ ਨਿੰਦਾ ਕਰਕੇ ਨਿੰਦੇ ਗਏ ਦੇ ਪਾਪਾਂ ਦੀ ਮੈਲ ਦਾ ਭਾਰ ਅਪਣੇ ਤੇ ਲੈਂਦੇ ਹਨ, ਯਥਾ:-

ਨਿੰਦਾ ਕਰਹਿ ਸਿਰਿ ਭਾਰੁ ਉਠਾਏ॥ (ਆਸਾ ਮ: ੫-੮)

ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥ (ਗਉ: ਕਬੀਰ ਜੀ ੭੧)

ਇਸ ਦੇ ਹੋਰ ਕਈ ਅਰਥ ਇਸ ਪ੍ਰਕਾਰ ਹਨ:-

(੧) ਸਿਰ ਤੇ ਨਾ ਚੁੱਕੇ ਜਾ ਸਕਣ ਜੋਗ ਗ੍ਰੰਥਾਂ ਦੇ ਭਾਰ ਰਹਿੰਦੇ ਹਨ। (੧੭੫੮ ਬਿ:)

(੨) ਸਿਰ ਨਿਵਾਕੇ (ਨਿੰਮ੍ਰਤਾ ਨਾਲ) ਕਹਿੰਦੇ ਹਨ। (੧੯੨੫ ਬਿ:)

---

[1]'ਮਲੁ ਭਖਿ ਖਾਹਿ' ਨੂੰ ਐਉਂ ਅੰਨਵਯ ਕਰਨਾ ਹੈ:-ਮਲੁ ਭਖਿ ਮਲੁ ਖਾਹਿ=ਮਲ (=ਗੰਦ) ਬਕਦੇ ਹਨ ਤੇ ਮਲ (=ਗੰਦ) ਖਾਂਦੇ ਹਨ।

(੩) ਨਾਸਤਕ ਕਹਿੰਦੇ ਹਨ: ਨਹੀਂ ਹੈ, ਇਸ ਕਰਕੇ ਨਾਮ ਨਹੀਂ ਲੈਂਦੇ, ਆਸਤਕ ਮੰਨਦੇ ਹਨ ਪਰ ਨਾਮ ਨਹੀਂ ਲੈਂਦੇ, ਦੁਹਾਂ ਦੇ ਸਿਰ ਪਾਪ ਹੁੰਦਾ ਹੈ। (੧੯੫੨ ਬਿ:)

(੪) ਕਪਾਲੀ ਆਸਨ ਕਰਕੇ ਕਹਿੰਦੇ ਹਨ। (੧੯੭੭ ਬਿ:)

(੫) ਅਸੰਖ, ਭਾਣੇ ਮੈਂ ਤਰਕ ਕਰਤੇ ਹੈਂ ਸੋ ਔਗੁਨ ਕੋ ਭਾਰ ਸਿਰ ਲੇਤੇ ਹੈਂ। (੧੯੮੬ ਬਿ:)

(੬) ਪ੍ਰਸ਼ਨ:-ਤੁਸੀਂ ਅਸੰਖ ਕਹਿੰਦੇ ਹੋ ਸ਼ਾਸਤ੍ਰ ੧੪ ਕਹਿੰਦੇ ਹਨ, ਸ਼ਾਸਤ੍ਰ ਵਿਰੁੱਧ ਜਾਣੇ ਤੇ ਸਿਰ ਤੇ ਭਾਰ ਹੁੰਦਾ ਹੈ, ਅਗੇ ਇਸ ਦਾ ਉਤਰ ਹੈ..........। (੧੯੯੮ ਬਿ:)

(੭) 'ਅਸੰਖ' ਕਹਿਣ ਨਾਲ ਭੀ ਸਿਰ ਤੇ ਭਾਰ ਚੜ੍ਹਦਾ ਹੈ। (੧੯੪੧ ਬਿ:)

(ਪਉੜੀ ੧੯)

ਪ੍ਰਾਕ੍ਥਨ-ਹੁਣ ਧਰਤੀ ਦੇ ਉੱਪਰ ਵਰਤ ਰਹੀ ਸ਼ਕਤੀ (ਤਾਣੁ), ਪਸਰ ਰਹੀ ਸੁੰਦਰਤਾ (=ਸੁਆਲਿਹੁ ਰੂਪੁ) ਤੇ ਮਿਲ ਰਹੀ ਦਾਤ (=ਦਾਤਿ) ਜੋ ਪਉੜੀ ੧੬ ਵਿਚ ਦਰਸਾਈ ਸੀ ਉਸ ਤੋਂ ਨਜ਼ਰ ਚੁੱਕਕੇ, ਫੇਰ ਧਰਤੀ ਤੇ ਵੱਸ ਰਹੇ ਮਹਾਨ ਪੁੰਨੀਆਂ ਤੇ ਮਹਾਨ ਪਾਪੀਆਂ (ਪਉੜੀ ੧੭-੧੮) ਤੋਂ ਬੀ ਦ੍ਰਿਸ਼ਟੀ ਉਠਾਕੇ ਧਰਤੀ ਤੋਂ ਦੂਰ ਸੂਰਜਾਂ, ਚੰਦਾਂ, ਗ੍ਰੈਹਾਂ ਤੇ ਅਦ੍ਰਿਸ਼ਜ ਵਲ ਧਿਆਨ ਨੂੰ ਲੈ ਚੱਲੇ ਹਨ। ਇਸ ੧੯ਵੀਂ ਪਉੜੀ ਵਿਚ ਦੱਸਦੇ ਹਨ ਕਿ ਸਾਡੀ ਪਹੁੰਚ ਤੋਂ ਬੀ ਪਰੇ ਅਨੇਕਾਂ ਲੋਕ ਹਨ। ਉਹਨਾਂ ਦੇ ਟਿਕਾਣੇ, ਜਿਥੇ ਕੁ ਓਹ ਹੈਨ ਤੇ ਉਹਨਾਂ ਦੇ ਨਾਉਂ, ਸਾਡੀ ਗਜਾਤ ਵਿਚ ਨਹੀਂ ਹਨ। ਗੋਯਾ ਧਰਤੀ ਦੀ ਵਿਸ਼ਾਲਤਾ ਦੱਸਕੇ ਹੁਣ ਬ੍ਰਹਮਾਂਡ ਦੀ ਵਿਸ਼ਾਲਤਾ ਵਿਚ ਚਲਦੀ ਨਜ਼ਰ ਪੁਆਉਂਦੇ ਹਨ।

ਮੂਲ	ਅਰਥ
ਅਸੰਖ ਨਾਵ ਅਸੰਖ ਥਾਵ॥ **ਅਗੰਮ ਅਗੰਮ ਅਸੰਖ ਲੋਅ॥** **ਅਸੰਖ ਕਹਹਿ ਸਿਰਿ ਭਾਰੁ ਹੋਇ॥**	(੨) ਅਣਗਿਣਤ ਹਨ ਲੋਕ (ਜੋ ਸਾਡੀ) ਪਹੁੰਚ ਤੋਂ (ਬੀ) ਪਰੇ ਹਨ (ਤੇ ਅਸੰਖ ਹਨ ਲੋਕ ਜੋ ਸਾਡੀ) ਗਜਾਤ ਤੋਂ ਬੀ ਪਰੇ ਹਨ। (੧) ਅਣਗਿਣਤ ਹਨ (ਉਨ੍ਹਾ ਦੇ) ਨਾਮ ਤੇ ਅਣਗਿਣਤ ਹਨ ਥਾਉਂ (ਕਿ ਜਿਥੇ ਕੁ ਵਾਰ ਓਹ ਹੈਨ)। ਅਣਗਿਣਤ ਹਨ (ਜੀਵ ਜੋ ਕਹਿੰਦੇ ਹਨ ਅਰਥਾਤ) ਵਰਣਨ ਕਰਦੇ ਹਨ (ਕਹਿਣ ਨਾਲ ਉਨ੍ਹਾਂ ਦੇ) ਸਿਰ ਤੇ ਭਾਰ (ਹੀ) ਚੜ੍ਹਦਾ ਹੈ[1]।

ਵ੍ਯਾਖ੍ਯਾ-ਭਾਵ ਇਹ ਹੈ ਕਿ ਕੁਦਰਤ ਦੇ ਰੰਗ ਦੇਖ ਕੇ ਵਿਸਮਾਦ ਵਿਚ ਗਿਆਂ ਸਰੂਰ ਆਉਂਦਾ, ਰਸ ਭਰਦਾ ਤੇ ਲਿਵ ਲਗਦੀ ਹੈ, ਪਰ ਕੁਦਰਤ ਨੇ ਨਿਰੇ ਵੇਰਵੇ ਗਿਣਦੇ ਗਿਣਦੇ ਸਿਰ ਥੱਕ ਜਾਂਦਾ ਹੈ। ਗਿਣਨਾ ਤੇ ਦੱਸਣਾ ਹਉਂ ਦਾ ਕੰਮ ਹੈ। ਫੇਰ ਗਿਣਨ ਨਾਲ ਹਉਂ ਵਧਦੀ ਹੈ ਕਿ ਮੈਂ ਬੜਾ ਜਾਣਕਾਰ ਹਾਂ, ਇਉਂ ਹਉਂ ਦਾ ਭਾਰ ਬੀ ਸਿਰ ਤੇ ਚੜ੍ਹਦਾ ਵਧਦਾ ਹੈ। ਕੀਹ ਇਸ ਦਾ ਇਹ ਤਾਤਪਰਜ ਹੈ ਕਿ ਕੁਦਰਤ ਦਾ ਜ਼ਿਕਰ ਹੀ ਮਨ੍ਹੇ ਹੈ? ਨਹੀਂ[2]।

---

[1]ਅਸੰਖ ਕਹਿੰਦੇ ਹਨ, ਭਾਵ ਅਣਗਿਣਤ ਨੂੰ ਵਰਣਨ ਕਰਦੇ ਹਨ, ਅਣਗਿਣਤ ਨੂੰ ਗੁਣਨਾ ਵਿਚ ਲੈ ਆਉਣ ਕਰਕੇ ਉਨ੍ਹਾਂ ਦੇ ਸਿਰ ਤੇ ਭਾਰ ਹੀ ਚੜ੍ਹਦਾ ਹੈ। ਅਸੰਖ ਸੰਖ੍ਯਾ ਵਿਚ ਨਹੀਂ ਆ ਸਕਦਾ।

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥ (ਜਪੁਜੀ)

'ਸਿਰਿ ਭਾਰੁ' ਦੀ ਵ੍ਯਾਖ੍ਯਾ ਉਪਰ ਆ ਚੁਕੀ ਹੈ।

[2]ਵਿਗ੍ਯਾਨਕ ਤ੍ਰੀਕੇ ਤੇ ਜਾਣਨਾ ਬੀ ਮਨ੍ਹਾ ਨਹੀਂ ਜੋ ਜਾਣਨ ਦੀ ਖ਼ਾਤਰ ਹੁੰਦਾ ਹੈ, ਪਰ ਜਾਣਕੇ ਹੰਕਾਰੀ ਹੋ ਜਾਣਾ ਯਾ ਨਮੁੱਕਰੁ ਹੋ ਜਾਣਾ ਮਾੜਾ ਹੈ।

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥ (ਵਡਹੰਸ ਮ: ੫-੮)

ਅਚਰਜ ਰੂਪ ਕਰਤਾਰ ਦੀ ਕੁਦਰਤ ਲਾਉਣ ਵਾਲੀ ਹੈ,

ਕਰਤੇ ਕੁਦਰਤੀ ਮੁਸਤਾਕੁ॥ (ਤਿਲੰਗ ਮ: ੫-੪)

ਸੋ ਕੁਦਰਤ ਤੋਂ ਬਿਸਮਾਦੀ ਛੁਹ ਲੈਣੀ ਹੈ। ਕਰਤੇ ਦੇ ਪ੍ਰੇਮੀ ਬਣਨਾ ਹੈ। ਉਹ ਸਿਫਤ ਸਲਾਹ ਨਾਲ ਮਿਲਦੀ ਹੈ, ਸਿਫਤ ਸਲਾਹ ਬੀ ਅਕਸਰ ਕਹਿਕੇ ਕਰੀਦੀ ਹੈ। ਸੋ ਐਸੇ ਕਹਿਣੇ ਨਾਲ ਸਿਰ ਭਾਰ ਨਹੀਂ ਚੜ੍ਹਦਾ। ਫੇਰ ਤਾਂ -

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਸੁਖਮਨੀ ੧੯-੭)

ਵਾਲਾ ਫਲ ਪ੍ਰਾਪਤ ਹੁੰਦਾ ਹੈ। ਤਦੋ ਐਸੇ ਵਾਕ ਕਹਿਣੇ-

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ॥ (ਆਸਾ ਮ: ੩, ਛੰਤ-੭)

ਸਤੁਤੀ ਰੂਪ ਹਨ । ਸਤੁਤੀ ਵਾਕ 'ਅੰਤ ਲੈਣ ਦੇ ਅਹੰਕਾਰ' ਯਾ 'ਨਾ ਲੈ ਸਕਣ ਦੀ ਨਿਰਾਸਤਾ' ਵਾਸਤੇ ਨਹੀਂ ਹੁੰਦੇ, ਓਹ ਤਾਂ ਕਰਤਾ ਪੁਰਖ ਦੀ ਚਰਣ ਸ਼ਰਣ ਪ੍ਰਾਪਤ ਹੋਣ ਵਾਸਤੇ ਹੁੰਦੇ ਹੈਨ। ਸੋ ਪ੍ਰਸ਼ਨ ਹੁੰਦਾ ਹੈ: ਕਿ ਕੋਈ ਕਹਿਣਾ ਸਿਰ ਭਾਰ ਨਹੀਂ ਤੇ ਕੋਈ ਪੁੰਨ ਰੂਪ ਬੀ ਹੈ? ਸੋ ਅਗਲੀਆਂ ਤੁਕਾਂ ਵਿਚ ਦੱਸਣਗੇ ਕਿ ਨਾਮ, ਸਿਫਤ ਸਲਾਹ, ਗਯਾਨ ਕਥਨ, ਗੁਣ ਗਾਯਨ ਕਹਿਣਾ ਹੈ, ਕਹਿਣਾ ਲਿਖੇ ਯਾ ਬੋਲੇ ਜਾਣ ਵਾਲੇ ਅੱਖਰਾਂ[1] ਦੁਆਰੇ ਹੁੰਦਾ ਹੈ, ਇਸਦਾ ਕੁਛ ਵੇਰਵਾ ਦੱਸਕੇ ਪਉੜੀ ਦੇ ਅਖ਼ੀਰ ਵਿਚ ਫੇਰ 'ਤੂ ਸਦਾ ਸਲਾਮਤਿ ਨਿਰੰਕਾਰ' ਦੀ ਸਿਫਤ ਸਲਾਹ ਵਿਚ ਲੈ ਜਾਣਗੇ-

ਮੂਲ	ਅਰਥ
ਅਖਰੀ ਨਾਮੁ ਅਖਰੀ ਸਾਲਾਹ॥	ਅੱਖਰਾਂ ਦੁਆਰੇ (ਅਰਥਾਤ ਆਖਕੇ ਹੀ, ਪਰਮੇਸ਼ੁਰ ਦਾ) ਨਾਮ ਲੀਤਾ ਜਾਂਦਾ ਹੈ, ਅੱਖਰਾਂ ਦੁਆਰੇ (ਹੀ ਉਸ ਦੀ) ਸਿਫਤ ਸਲਾਹ ਕੀਤੀ ਜਾਂਦੀ ਹੈ।
ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥	ਅੱਖਰਾਂ ਦੁਆਰੇ ਹੀ ਗਯਾਨ (ਕਥਨ ਕਰੀਦਾ ਹੈ, ਅੱਖਰਾਂ ਦੁਆਰੇ ਹੀ ਪਰਮਾਤਮ ਦੇਵ ਦੇ) ਗੁਣਾਂ ਦੇ ਜਾਣਨਹਾਰ ਹੋ ਜਾਈਦਾ ਹੈ। (ਅੱਖਰਾਂ ਦੁਆਰੇ ਹੀ ਉਸਦੇ ਗੁਣਾਂ ਨੂੰ ਦੱਸਣ ਵਾਲੇ) ਗੀਤਾਂ ਦਾ (ਗਾਯਨ ਕਰੀਦਾ) ਹੈ। (ਗਲ ਕੀਹ ਹਰ ਪ੍ਰਕਾਰ ਦੀ) ਬੋਲੀ ਦਾ ਬੋਲਣਾ ਤੇ ਲਿਖਣਾ ਅੱਖਰਾਂ ਦੁਆਰੇ ਹੀ ਹੁੰਦਾ ਹੈ। (ਇਥੋਂ ਤਾਈ ਕਿ) ਸੰਜੋਗ (ਵਿਜੋਗ) ਜੋ ਸਿਰ ਤੇ (ਲਿਖਿਆ ਹੋਇਆ ਹੈ) ਅੱਖਰਾਂ ਦੁਆਰੇ ਹੀ (ਵਰਣਨ ਕੀਤਾ ਜਾਂਦਾ) ਹੈ। (ਪਰ) ਜਿਸ (ਵਾਹਿਗੁਰੂ) ਨੇ (ਜੀਵਾਂ ਦੇ ਸਿਰ ਤੇ) ਏਹ (ਲੇਖ) ਲਿਖੇ ਹਨ ਉਸਦੇ (ਅਪਣੇ) ਸਿਰ ਤੇ ਕੋਈ (ਅੱਖਰ) ਨਹੀਂ, (ਲਿਖੇ) ਹੋਏ। (ਭਾਵ- ਉਹ ਕਿਸੇ ਕਲਮ, ਕਿਸੇ ਅੱਖਰ, ਕਿਸੇ ਕਹਿਣੇ ਹੇਠ ਨਹੀਂ, ਉਸ ਉਪਰ ਕਿਸੇ ਦਾ ਫੁਰਮਾਨ ਨਹੀਂ, ਉਸ ਦਾ ਫੁਰਮਾਨ ਸਭ ਪਰ ਹੈ) ਜਿਵੇਂ ਉਹ ਫੁਰਮਾਉਂਦਾ ਹੈ ਤਿਵੇਂ ਤਿਵੇਂ ਹੀ (ਜੀਵ) ਪ੍ਰਾਪਤ ਕਰਦੇ ਹਨ। (ਗਲ ਕੀਹ) ਜਿਤਨਾ ਕੁਛ ਉਸ ਦਾ ਰਚਿਆ ਹੋਇਆ ਹੈ ਉਤਨਾ ਨਾਮ (ਆਸ਼੍ਰਿਤ) ਹੈ। ਨਾਮ ਤੋਂ ਬਿਨਾ ਕੋਈ ਥਾਉਂ ਨਹੀਂ ਹੈ।
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੯॥	(ਅੰਤਲੀਆਂ ਚਾਰ ਤੁਕਾਂ ਦਾ ਅਰਥ ਪਿਛੇ ਆ ਚੁਕਾ ਹੈ)॥੧੯॥

[1] 'ਕਹਿਣ' ਦੀ ਥਾਂ 'ਅਖਰੀ' ਪਦ ਇਸ ਲਈ ਵਰਤਿਆ ਕਿ ਇਸ ਵਿਚ ਲਿਖਕੇ ਕਹਿਣਾ ਤੇ ਬੋਲਕੇ ਕਹਿਣਾ ਦੁਏ ਆ ਗਏ, ਜੈਸਾ ਕਿ ਅਗੇ ਚੱਲਕੇ ਆਪ ਹੀ ਦੱਸਦੇ ਹਨ, ''ਅਖਰੀ ਲਿਖਣੁ ਬੋਲਣੁ ਬਾਣਿ॥''

ਵਜਾਖਜਾ-ਇਸ ਪਉੜੀ ਦੀਆਂ ਪਹਿਲੀਆਂ ਤ੍ਰੈ ਤੁਕਾਂ ਵਿਚ ਧਰਤੀ ਤੋਂ ਪਰੇ ਅਰਥਾਤ ਬ੍ਰਹਮਾਂਡੀ ਵਿਸ਼ਾਲਤਾ ਪਰ ਇਕ ਸਰਸਰੀ ਨਜ਼ਰ ਪੁਆਈ ਹੈ, ਜਿਸ ਦੇ ਕੁਛ ਵੇਰਵੇ ਅੱਗੇ ਚੱਲਕੇ ਫੇਰ ਖੋਹਲਣਗੇ।

ਚੌਥੀ ਤੁਕ (ਅਖਰੀ ਨਾਮੁ) ਤੋਂ ਵਿਸ਼ਯ ਕੁਛ ਬਦਲਦਾ ਭਾਸਦਾ ਹੈ, ਪਰ ਉਹ ਹੈ ਪਹਿਲੇ ਕਥੇ ਦੀ ਵਜਾਖਜਾ। 'ਕਹਹਿ' ਪਦ ਦੀ ਮਾਨੋ ਵਜਾਖਜਾ ਕਰਦੇ ਹਨ। 'ਕਹਿਣਾ' ਜੁ ਹੈ ਸੋ ਅੱਖਰਾਂ ਦੁਆਰਾ ਹੁੰਦਾ ਹੈ: 'ਅਖਰੀ ਲਿਖਣੁ ਬੋਲਣੁ ਬਾਣਿ॥' ਅਰਥਾਤ ਲਿਖਣ ਤੇ ਬੋਲਣ ਵਿਚ ਜੋ ਆਉਂਦਾ ਹੈ ਉਹ ਅਖਰ ਹੀ ਹੈ ਤੇ ਬਾਣੀ ਅੱਖਰਾਂ ਦੁਆਰੇ ਹੀ ਲਿਖੀ ਬੋਲੀ ਜਾਂਦੀ ਹੈ। ਇਨ੍ਹਾਂ ਅੱਖਰਾਂ ਦੁਆਰਾ ਪਰਮੇਸ਼ੁਰ ਦਾ ਨਾਮ ਉਚਾਰੀ ਤੇ ਸਿਮਰੀਦਾ ਹੈ। ਇਨ੍ਹਾਂ ਅੱਖਰਾਂ ਦੁਆਰਾ ਹੀ ਸਾਈਂ ਦੀ ਸਿਫਤ ਸਲਾਹ ਲਿਖਕੇ ਯਾ ਬੋਲਕੇ ਕਰੀਦੀ ਹੈ। ਕੀਰਤਨ ਦਾ ਗਾਯਾਨ, ਗਿਆਨ ਦਾ ਕਥਨ ਤੇ ਗੁਣਾਂ ਦੀ ਵਜਾਖਜਾ ਅੱਖਰਾਂ ਦੁਆਰਾ ਹੀ ਹੁੰਦੀ ਹੈ। ਭਾਵ ਇਹ ਹੋਇਆ ਕਿ ਸਾਰਾ ਕਾਰਜ ਅੱਖਰਾਂ ਦੁਆਰੇ ਯਾ ਇਉਂ ਕਹੋ ਕਿ ਕਹਿਣ ਕਹਾਉਣ ਦੁਆਰਾ ਹੋ ਰਿਹਾ ਹੈ ਤੇ 'ਨਾਮ, ਸਿਫਤ ਸਲਾਹ' ਸਭ ਪਰਮਾਰਥ ਬੀ ਇਸੇ ਰਾਹੇ ਹੋ ਰਿਹਾ ਹੈ। ਇਥੋਂ ਤਾਈਂ ਕਿ ਜੀਵਾਂ ਦੇ ਸਿਰ ਜੋ ਪਰਾਰਬਧ ਰੂਪੀ ਲੇਖ ਲਿਖੇ ਹਨ, ਉਨ੍ਹਾਂ ਦਾ ਵਖਾਣ ਅਰਥਾਤ ਵਰਣਨ ਬੀ ਅੱਖਰਾਂ ਦੁਆਰੇ ਹੀ ਹੁੰਦਾ ਹੈ, ਪਰ ਇਹ ਸੰਜੋਗ ਜਿਸ ਨੇ ਲਿਖੇ ਹਨ ਉਸ ਦੇ ਸਿਰ ਤੇ ਕੋਈ ਲੇਖ ਨਹੀਂ; ਉਹ ਸੁਤੰਤਰ, ਸੁਛੰਦ ਤੇ ਅਲੇਪ ਹੈ:

ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥

(ਗਉੜੀ ਮਹਲਾ ੫ ਬਾਵਨ ਅਖਰੀ-੫੪)

ਪਰ ਨਿਰਲੇਪ ਹੋਣ ਕਰਕੇ ਉਹ ਉਦਾਸ ਹੋਕੇ ਪਰੇ ਨਹੀਂ ਬੈਠਾ ਹੋਇਆ, ਉਹ ਹੁਕਮ ਦਾ ਹੁਕਮੀ ਹੈ ਤੇ ਜਿਵੇਂ ਉਹ ਹੁਕਮ ਕਰਦਾ ਹੈ ਜੀਵਾਂ ਨੂੰ ਪ੍ਰਾਪਤ ਹੁੰਦਾ ਹੈ, ਪਰ ਜੋ ਕੁਛ ਉਸ ਦਾ 'ਕੀਤਾ', ਅਰਥਾਤ ਰਚਿਆ ਹੋਇਆ ਹੈ, ਉਹ ਸੁਤੰਤਰ ਯਾ ਅਪਣੇ ਆਸਰੇ ਨਹੀਂ ਹੈ, ਉਹ ਉਸਦੇ 'ਨਾਮ ਆਸ਼੍ਰਿਤ' ਹੈ, ਨਾਮ ਤੋਂ ਬਿਨਾ ਕਿਸੇ ਸ਼ੈ ਦਾ ਕੋਈ ਠਿਕਾਣਾ ਨਹੀਂ ਹੈ, ਉਹ ਕੀਤੀ ਹੋਈ ਦਾ 'ਆਸਰਾ ਰੂਪ ਨਾਮ' 'ਅੱਖਰਾਂ ਵਾਲੇ' ਨਾਮ ਦੁਆਰਾ ਪ੍ਰਾਪਤ ਹੁੰਦਾ ਹੈ, ਜਿਸ ਦਾ ਪਤਾ ਉਪਰ ਦੱਸ ਆਏ ਹਨ:-

ਅਖਰੀ ਨਾਮੁ ਅਖਰੀ ਸਾਲਾਹ॥

ਉਸ ਆਸਰਾ ਰੂਪ ਨਾਮ ਦਾ, ਜਿਸ ਨੂੰ ਵਿਆਪਕ ਨਾਮ ਦੱਸਿਅ ਨੇ, 'ਵਿਣੁ ਨਾਵੈ ਨਾਹੀ ਕੋ ਥਾਉ' ਆਖਕੇ ਪਤਾ ਦਿੱਤਾ ਨੇ, ਫਿਰ ਇਸ ਦਾ ਪਤਾ ਆਸਾ ਦੀ ਵਾਰ ਵਿਚ ਐਉਂ ਦਿੱਤਾ ਹੈ:-

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਆਸਾ : ਵਾ:ਮ:੧)

ਅਰਥਾਤ-ਆਪੀ(ਨਿਰੰਕਾਰ) ਨੇ ਆਪਣੇ ਆਪ ਨੂੰ ਸਾਜਿਆ ਤੇ ਆਪੀ ਨੇ ਹੀ ਨਾਮ ਰਚਿਆ। ਇਥੋਂ ਤਾਈਂ ਤਾਂ ਏਕੇ ਦੀ ਗਿਣਤੀ ਹੈ, ਅਗੇ ਜੋ ਰਚਿਆ ਉਹ ਦੁਯੀ ਦੀ ਗੇਣਤੀ ਵਿਚ ਆਇਆ। ਇਹ 'ਦੁਯੀ', ਜਿਸ ਨੂੰ 'ਕੁਦਰਤਿ' ਕਿਹਾ ਹੈ ਤੇ ਏਥੇ 'ਜੇਤਾ ਕੀਤਾ' ਕਿਹਾ ਹੈ, ਕਿਸ ਦੇ ਆਸਰੇ ਤੇ ਹੈ? ਉਤਰ: ਉਸ ਨਾਮ ਦੇ ਆਸਰੇ ਹੈ ਜੋ ਆਪੀ ਨੇ ਰਚਿਆ ਹੈ। ਸ੍ਰੀ ਪੰਚਮ ਪਾਤਸ਼ਾਹ ਜੀ ਨੇ ਇਹੋ ਗੱਲ ਖੋਹਲਕੇ ਲਿਖੀ ਹੈ:-

ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ (ਸੁਖਮਨੀ-੧੬-੫)
ਆਪੇ ਪਿੰਡੁ ਸਵਾਰਿਓਨੁ ਵਿਚਿ ਨਵਨਿਧਿ ਨਾਮੁ॥ (ਮਾਰੂ ਵਾਰ ਮ: ੩-੧੩)
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥ (ਸੁਖਮਨੀ ੨੩-੧)

ਇਸ ਨਾਮ ਦੀ ਸੋਝੀ ਕਿੰਵ ਪੈਂਦੀ ਹੈ? ਉਤਰ: ਇਸ ੧੯ਵੀਂ ਪਉੜੀ ਵਿਚ ਜੋ ਕਿਹਾ ਹੈ

'ਅਖਰੀ ਨਾਮੁ ਅਖਰੀ ਸਾਲਾਹ', ਇਸ ਅਖਰਾਂ ਵਾਲੇ ਨਾਮ ਦਾ ਅਭਜਾਸ ਕਰੀਦਾ ਹੈ ਤਾਂ ਉਸ ਨਾਮ ਨੂੰ ਅੱਪੜੀਦਾ ਹੈ, ਯਥਾ:- 'ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥' ਇਸ ਅਭਜਾਸ ਨਾਲ:- 'ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥' ਉਹ ਚਉਥੇ ਪਦ ਵਿਚ ਅੱਪੜਦਾ ਹੈ, ਫਿਰ ਉਸ ਨੂੰ ਇਸ ਆਸ਼੍ਰਾ ਰੂਪ ਵਜਾਪਕ ਨਾਮ ਦੀ ਸੋਝੀ ਪੈਂਦੀ ਹੈ ਤੇ ਉਹ ਨਾਮ ਦੇ ਨਾਮੀ ਅਰਥਾਤ 'ਆਪੀ' ਵਿਚ ਜਾ ਪ੍ਰਾਪਤ ਹੁੰਦਾ ਹੈ। ਓਹ ਫੇਰ ਕੀਹ ਦੇਖਦਾ ਹੈ:-

ਸਭ ਘਟ ਤਿਸਕੇ ਸਭ ਤਿਸਕੇ ਠਾਉ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ॥ (ਸੁਖਮਨੀ-੧੬-੪)

੨. **ਜੇਤਾ ਕੀਤਾ ਤੇਤਾ ਨਾਉ॥**............. ਤੁਕਾਂ ਦੇ ਐਉਂ ਬੀ ਅਰਥ ਲਾਉਂਦੇ ਹਨ:- ਜੋ ਕੁਛ ਰਚਿਆ ਹੋਇਆ ਹੈ ਸਭ ਨਾਮ ਰੂਪ ਹੈ, ਕੋਈ ਟਿਕਾਣਾ ਨਾਮ ਰੂਪ ਤੋਂ ਬਿਨਾਂ ਨਹੀਂ। ਭਾਵ ਜਗਤ ਮਿਥਜਾ ਹੈ। ਇਸ ਦੀ ਸ਼ਕਲ ਕੇਵਲ 'ਨਾਮ' ਤੇ 'ਰੂਪ' ਹੈ ਜੋ ਨਾਸ਼ਮਾਨ ਹੈ। ਵਾਸਤਵ ਵਿਚ ਸਦਾ ਥਿਰ ਇਕ ਬ੍ਰਹਮ ਹੈ। ਜਿਵੇਂ 'ਕੜਾ' ਵੇਖੋ। ਇਕ ਤਾਂ ਨਾਮ ਹੈ 'ਕੜਾ', ਦੂਸਰੇ ਉਸ ਦਾ ਰੂਪ ਹੈ ਗੋਲ ਗੋਲ, ਪਰ ਵਾਸਤਵ ਵਿਚ ਤਾਂ ਉਹ ਸੋਨਾ ਹੈ। ਨਾਮ ਤੇ ਰੂਪ ਤਾਂ ਕਲਪਿਤ ਹਨ, ਜਿਸ ਵੇਲੇ ਚਾਹੋ ਬਦਲ ਦਿਓ, ਪਰ ਨਾਮ ਰੂਪ ਦੀ ਬਦਲੀ ਨਾਲ ਸੋਨੇ ਨੇ ਸੋਨਾ ਹੀ ਰਹਿਣਾ ਹੈ। ਇਸੀ ਤਰ੍ਹਾਂ ਸਾਰੀ ਰਚਨਾ ਕੇਵਲ ਨਾਮ ਰੂਪ ਮਾਤ੍ਰ ਹੈ, ਅਸਲੀਅਤ ਤਾਂ ਸਦਾ ਥਿਰ ਬ੍ਰਹਮ ਹੈ। ਹੋਰ ਤਰ੍ਹਾਂ ਬੀ ਦਾਨੇ ਭਾਵ ਲੈਂਦੇ ਹਨ:-

੩. ਜਗਤ ਨਾਮ ਜਪਣ ਵਾਸਤੇ ਰਚਿਆ ਹੈ; ਨਾਮ ਵਿਹੂਣਿਆਂ ਲਈ ਕੋਈ ਟਿਕਾਣਾ ਨਹੀਂ।

੪. ਜਿਤਨਾ ਕੀਤਾ ਹੈ ਸੋ 'ੴ' ਉਚਾਰਕੇ ਇਸ ਅਪਣੇ 'ੴ' ਨਾਮ ਤੋਂ ਰਚਿਆ ਹੈ, ਇਸ 'ੴ' ਤੋਂ ਬਿਨਾਂ ਕੋਈ ਥਾਂ ਨਹੀਂ, ਏਹ 'ੴ' ਸਾਰੇ ਵਜਾਪਕ ਹੈ।

੫. ਜੋ ਕੁਛ ਰਚਿਆ ਹੈ ਉਸ ਸਭ ਨੂੰ ਕੋਈ ਨਾ ਕੋਈ ਨਾਮ ਦਿੱਤਾ ਹੈ। ਕੋਈ ਥਾਂ ਨਹੀਂ, ਜਿਸ ਦਾ ਨਾਮ ਨਹੀਂ। ਰਚਨਾ ਬੇਅੰਤ ਹੈ, ਇਸ ਕਰਕੇ ਥਾਂ ਤੇ ਨਾਂ ਬੇਸ਼ੁਮਾਰ ਹਨ।

ਨਿਰੁਕ੍ਤ-ਨਾਵ-ਨਾਮ। ਨਾਵ, ਨਾਉ, ਨਾਇ। ਸਭ 'ਨਾਮ' ਦੇ ਰੂਪ ਹਨ।

ਥਾਵ-ਟਿਕਾਣੇ, ਕਿ ਅਸਮਾਨੀ ਖ਼ਲਾ[1] ਵਿਚ ਕਿੱਥੇ ਕਿੱਥੇ ਓਹ ਹੈਨ। ਉਨ੍ਹਾਂ ਦੇ ਥਹੁ ਟਿਕਾਣੇ।

ਅੰਗਮ-ਗੰਮਤਾ ਤੋਂ ਪਰੇ। ੧. ਇੰਨੇ ਦੂਰ ਹਨ ਓਹ ਲੋਕ ਕਿ ਸਾਡੀ ਪਹੁੰਚ ਤੋਂ ਪਰੇ ਹਨ।

੨. ਉਹਨਾਂ ਦੇ ਨਾਉਂ ਤੇ ਟਿਕਾਣੇ (ਅਗੰਮ=) ਸਾਡੀ ਗਜਾਤ ਤੋਂ ਪਰੇ ਹਨ। ਅਗੰਮ ਦੇ ਅਰਥ ਹਨ:- ਗਤੀ, ਗਜਾਨ, ਪ੍ਰਾਪਤੀ ਤੋਂ ਪਰੇ।

ਸਿਰਿ ਭਾਰੁ-੧. ਸਿਰ ਤੇ ਭਾਰ। ਸਿਰ ਤੇ ਭਾਰ ਚੜ੍ਹਦਾ ਹੈ। ੨. ਸਿਰ ਵਿਚ ਭਾਰ। ਭਾਵ-ਕਹਿਣਾ ਕਠਨ ਹੈ, ਸਿਰ ਮਾਨੋਂ ਦੁਖਣ ਲਗ ਜਾਂਦਾ ਹੈ। ਵਿਸ਼ੇਸ਼ ਲਈ ਦੇਖੋ ਪਿਛੇ, ਪਿਛਲੀ ਪਉੜੀ ਦੀ ਨਿਰੁਕ੍ਤ ਵਿਚ ਪੰਨਾ ੯੫ ਪਰ।

ਗਾਹ-ਗਾਹ ਲੈਣ ਵਾਲਾ, ਜਾਣਨਹਾਰ।

ਬਾਣਿ-('ਬਾਣੀ' ਪਦ ਦਾ ਸੰਖੇਪ ਹੈ, ਤੁਕਾਂਤ ਮੇਲਨ ਲਈ।) ਬਾਣੀ।

ਸੰਜੋਗੁ-(ਸੰਸ:, ਸੰਯੋਗ=ਭਲੀ ਪ੍ਰਕਾਰ ਜੁੜਨਾ) ੧. ਮੇਲ। ਮਿਲਾਪ। ੨. ਗ੍ਰਹਿ, ਰਾਸ਼ਿ ਤੇ ਯੋਗ ਆਦਿ ਦਾ ਮੇਲ ਤੇ ਉਸ ਤੋਂ ਵੀਚਾਰੇ ਸਿਧਾਂਤ। ੩. ਕਰਮਾਂ ਦੇ ਕੀਤੇ ਦੇ ਫਲ। ਪਰਾਰਬਧ।

ਅਖਰ-੧. ਜੀਭ, ਤਾਲੂ, ਦੰਦ, ਬੁੱਲ੍ਹ ਆਦਿ ਸਰਿ ਦੇ ਅੰਗਾਂ ਦੇ ਸੰਜੋਗ ਕਰਕੇ ਅੱਖਰ ਬਣਦੇ ਹਨ। ੨. ਅਖਰ=ਨਾ ਖਰਨੇ ਵਾਲਾ ਜੋ ਅਕਾਲ ਪੁਰਖ ਹੈ ਅਰ ਸਿਰਿ=ਸ਼ਿਰੋਮਣੀ ਹੈ, ਉਸ ਨੂੰ (ਅਖਰਾਂ

[1]ਖ਼ਲਾ=ਪੁਲਾੜ।

ਦੁਆਰੇ) ਵਰਣਨ ਕਰੀਏ (ਤਾਂ ਉਸਦਾ) ਸੰਜੋਗ (ਪ੍ਰਾਪਤ ਹੁੰਦਾ ਹੈ)। ੩.ਅਖਰਾਂ ਦੇ ਸ਼ਿਰੋਮਣੀ-'ੴ' ਅਖਰ ਦਾ ਸੰਜੋਗ (ਆਪਣੇ ਲਕਸ਼-ਪਰਮਾਤਮਾ) ਨਾਲ ਅਖਰਾਂ ਦੁਆਰੇ ਹੀ ਵਰਣਨ ਕਰੀਦਾ ਹੈ।

ਸੂਚਨਾ-ਇਥੇ ਤਾਈਂ ਜਪੁਜੀ ਦਾ ਅੱਧ ਮੁੱਕ ਜਾਂਦਾ ਹੈ। ਇਸ ਵਿਚ ਕਰਤਾ ਪੁਰਖ ਤੇ ਉਸ ਦੀ ਪ੍ਰਾਪਤੀ ਦਾ ਗੁਰਮਤਿ ਅਨੁਸਾਰ ਵਰਣਨ ਆ ਗਿਆ ਹੈ।

(ਪਉੜੀ ੨੦)

ਪ੍ਰਾਕ੍ਰਥਨ-ਹੁਣ ਤਾਈਂ ਨਿਰੰਕਾਰ, ਉਸ ਦਾ ਰੂਪ, ਪ੍ਰਾਪਤੀ ਦਾ ਅੰਤ੍ਰੀਵ ਸਾਧਨ, ਭਗਤੀ ਗੁਣ ਗਾਯਨ, ਨਾਮ ਸ੍ਰਵਣ ਤੇ ਮਨਨ (ਸਿਮਰਣ), ਗਯਾਨ ਪ੍ਰਾਪਤੀ, ਪੂਰਨ ਪਦ ਆਦਿ ਵਰਣਨ ਹੋ ਚੁਕੇ ਤੇ ਸਦਾ ਸਾਈਂ ਦੇ ਧਯਾਨ ਨਿਮਗਨ ਰਹਿਣੇ ਦੀ (ਸਹਿਜ ਸਮਾਧੀ ਦੀ) ਜਾਚ (ਅੰਤ੍ਰੰਗ ਤ੍ਰੀਕੇ ਦੀ) ਦੱਸੀ ਜਾ ਚੁਕੀ ਹੈ। ਫਿਰ ਸੰਸਾਰ ਰਚਨਾ ਦੀ ਵਿਸ਼ਾਲਤਾ, ਇਸ ਵਿਚ ਚਲ ਰਹੀ ਅਨੇਕਤਾ ਵਿਚ 'ਸਦਾ ਸਲਾਮਤਿ ਨਿਰੰਕਾਰ' ਨੂੰ ਅਨੁਭਵ ਕਰਦੇ ਰਹਿਣਾ, ਇਸ ਦੇ ਵਟਾਉ ਸਟਾਉ, ਭਲੇ ਬੁਰੇ ਨਜ਼ਾਰੇ ਸਭ ਕੁਛ ਤੱਕਕੇ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਦੇ ਚਾਉ ਵਿਚ ਰਹਿਕੇ ਬਹਿਰੰਗ ਤ੍ਰੀਕੇ ਨਾਲ ਭੀ ਸਾਈਂ ਦੇ ਧਯਾਨ ਵਿਚ ਸਹਿਜੇ ਲਗੇ ਰਹਿਕੇ ਵਾਹਿਗੁਰੂ ਦੀ ਨਦਰ ਹੋਣ ਨਾਲ ਪੰਚ ਬਣੇ ਰਹਿਣ ਦਾ ਉਪਦੇਸ਼ ਆ ਚੁਕਾ ਹੈ, ਇਹ ਸਾਰਾ ਉਪਦੇਸ਼ ਇਕ ਉਤਮ ਜਗਯਾਸੂ ਪ੍ਰਤੀ ਹੈ। ਇਥੇ ਆਕੇ ਪ੍ਰਸ਼ਨ ਉਪਜਦਾ ਹੈ ਕਿ ਜੇ ਕੋਈ ਪਾਪੀ ਹੋਵੇ, ਜਿਸ ਦੀ ਮਤਿ ਹੀ ਪਾਪਾਂ ਵਿਚ ਖਚਤ ਹੋਵੇ, ਜੈਸਾ ਕਿ 'ਅਸੰਖ ਚੋਰ ਹਰਾਮ ਖੋਰ' ਵਾਲੀ ਪਉੜੀ ਵਿਚ ਆਪ ਨੇ ਦੱਸਿਆ ਹੈ, ਕਿਆ ਜੇ ਉਹ ਚਾਹੇ ਕਿ ਮੈਂ ਬੀ ਸਚਿਆਰ ਬਣਾਂ ਤਾਂ ਕੋਈ ਰਾਹ ਹੈ? ਯਾ ਕਿ ਓਹ ਸਤਿ ਮਾਰਗ ਤੋਂ ਖੁੰਝਿਆ ਸਦਾ ਲਈ ਗਿਆ ਗੁਜ਼ਰਿਆ ਹੋ ਗਿਆ? ਉਸ ਦੀ ਕਲਯਾਣ ਨਮਿਤ ਸਾਹਿਬ ਜੀ ਅਗਲੀ ਪਉੜੀ ਉਚਾਰਦੇ ਹਨ:-

ਮੂਲ	ਅਰਥ
ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥	ਜਿਵੇਂ ਸਰੀਰ (ਯਾ) ਸਰੀਰ ਦੇ (ਅੰਗ) ਹੱਥ ਤੇ ਪੈਰ (ਆਦਿ ਜੇ ਮਿੱਟੀ ਨਾਲ) ਭਰ ਜਾਣ ਤਾਂ ਪਾਣੀ ਨਾਲ ਧੋਤਿਆਂ (ਉਹ) ਮਿੱਟੀ ਉਤਰ ਜਾਂਦੀ ਹੈ।
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥੨੦॥	(ਹਾਂ ਜਿਵੇਂ ਕੋਈ) ਕਪੜਾ ਮੂਤ੍ਰ ਦੀ ਪਲੀਤੀ ਵਾਲਾ[1] ਹੋ ਜਾਵੇ (ਤਾਂ) ਓਹ ਸਾਬੂਣ (ਦੀ ਚਸ) ਦੇਕੇ ਧੋ ਲਈਦਾ ਹੈ। (ਤਿਵੇਂ ਜੋ) ਬੁੱਧੀ ਪਾਪਾਂ ਨਾਲ ਭਰ ਜਾਏ (ਤਾਂ) ਉਹ ਨਾਮ ਦੇ ਰੰਗ (ਪ੍ਰੇਮ) ਨਾਲ ਧੋਤੀ ਜਾਂਦੀ ਹੈ। (ਹੇ ਜੀਵ!) ਪੁੰਨੀ ਜਾਂ ਪਾਪੀ (ਨਿਰਾ) ਕਹਿਣ ਮਾਤ੍ਰ ਹੀ ਨਹੀਂ ਹੈ (ਇਹ ਸਚਮੁਚ ਨਿਰਮਲਤਾ ਯਾ ਮੈਲ ਹੈ, ਇਉਂ ਕਿ) ਕਰਮ ਕਰ ਕਰਕੇ (ਤੂੰ ਆਪਣੇ ਨਾਲ ਇਨ੍ਹਾਂ ਦੇ ਸੰਸਕਾਰਾਂ ਨੂੰ ਮਾਨੋ) ਲਿਖਕੇ ਲੈ ਜਾਏਂਗਾ, (ਭਾਵ ਆਪਣੇ ਕੀਤੇ ਕਰਮ ਸੰਸਕਾਰ ਹੋ ਕੇ ਜੀਵ ਦੇ ਅੰਦਰ ਚਿੱਤ੍ਰਤ ਹੋ ਜਾਂਦੇ ਹਨ)। (ਤੇਰੇ ਕਰਮ ਕਰਨੇ ਨਾਲ ਤੂੰ) ਆਪੇ ਬੀਜ ਬੀਜਦਾ ਹੈਂ (ਉਸ ਦਾ ਫਲ ਬੀ ਤੂੰ) ਆਪ ਹੀ ਖਾਏਂਗਾ[2]। (ਪਰ ਗੁਰੂ) ਨਾਨਕ (ਦੇਵ ਜੀ

[1]ਭਾਵ ਪੇਸ਼ਾਬ ਆਦਿ ਨਾਲ ਅਪਵਿਤ੍ਰ ਹੋ ਜਾਵੇ। (ਫਾ:, ਪਲੀਦ = ਅਪਵਿਤ੍ਰ)

[2] ਇਨ੍ਹਾਂ ਤੁਕਾਂ ਵਿਚ ਕਰਮ ਕਰਨੇ ਵਾਲਾ ਆਪਣੇ ਕੀਤੇ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਤੇ ਆਚਰਣ ਨੂੰ ਬਹੁਤ ਉੱਚਾ ਥਾਂ ਦਿੱਤਾ ਗਿਆ ਹੈ।

ਫੁਰਮਾਉਂਦੇ ਹਨ ਇਉਂ) ਹੁਕਮ ਮੂਜਬ (ਤੂੰ) ਆਉਂਦਾ ਜਾਂਦਾ ਰਹੇਂਗਾ। (ਭਾਵ-ਆਵਾਗਵਨ ਵਿਚ ਰਹੇਂਗਾ, ਮੁਕਤ ਹੋ ਕੇ ਟਿਕੇਂਗਾ ਨਹੀਂ। ਕਰਮ ਤੇਰੇ ਹਨ, ਫਲ ਪ੍ਰਦਾਤਾ 'ਹੁਕਮੁ' ਹੈ[1]-ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥੨੦॥ (ਸਾਰੰਗ ਵਾਰ ਮ: ੧-੯)

ਵਯਾਖਯਾ-ਸਤਿਗੁਰੂ ਜੀ ਨੇ ਏਥੇ ਪਾਪਾਂ ਨਾਲ ਭਰੀ ਬੁੱਧੀ ਯਾ ਮਤਿ ਦੇ ਮੁੜ ਨਿਰਮਲ ਕਰ ਲੈਣ ਦਾ ਉਪਾਉ ਪਰਮੇਸ਼ੁਰ ਦੇ ਨਾਮ ਦੀ ਪ੍ਰੀਤ ਦੱਸੀ ਹੈ। (ਰੰਗ=ਪ੍ਰੀਤਿ।) ਦ੍ਰਿਸ਼ਟਾਂਤ ਸਰੀਰ ਤੇ ਕਪੜੇ ਦੇ ਮੈਲੇ ਹੋਣ ਦਾ ਦੇ ਕੇ ਇਹ ਲਖਾਇਆ ਹੈ ਕਿ ਸਰੀਰ ਨਾਲ ਕੀਤੇ ਮਨ ਨੂੰ ਚੰਬੜੇ ਤੇ ਮਤ ਵਿਚ ਸੰਸਕਾਰ ਹੋਕੇ ਬਹਿ ਗਏ ਪਾਪਾਂ ਦੀਆਂ ਰੁਚੀਆਂ ਭਾਵੇਂ ਦ੍ਰਿੜ ਹੋ ਗਈਆਂ ਹਨ, ਪਰ ਅਹਿੱਲ ਨਹੀਂ ਹੋ ਗਈਆਂ ਤੇ ਨਾ ਆਤਮਾ ਨਾਲ ਤਦਰੂਪਤਾ ਲੈ ਗਈਆਂ, ਓਹ ਸੰਸਕਾਰ ਓਥੋਂ ਕੱਢੇ ਬੀ ਜਾ ਸਕਦੇ ਹਨ, ਜਿਵੇਂ ਕਪੜੇ ਵਿਚੋਂ ਉਸ ਦੀ ਤਾਰ ਤਾਰ ਨੂੰ ਚੰਬੜੀ ਮੈਲ ਸਾਬਣ ਨਾਲ ਕੱਢੀ ਜਾ ਸਕਦੀ ਹੈ। ਸਿੱਟਾ ਇਹ ਕਿ ਪਾਪੀਆਂ ਲਈ ਸਦਾ ਦੀ ਨਿਰਾਸਤਾ ਦੀ ਲੋੜ ਨਹੀਂ। ਉੱਦਮ ਕਰਨ ਤੇ ਨਾਮ ਨੂੰ ਲਗ ਪੈਣ ਤੇ ਪ੍ਰੇਮ ਨਾਲ ਲਗ ਪੈਣ ਨਾਲ ਅੰਤਹਕਰਣ ਪਾਪ ਮਲ ਤੋਂ ਸ੍ਵੱਛ ਹੋ ਜਾਏਗਾ। ਪਾਪਮਈ ਅੰਤਹਕਰਣਾਂ ਨੂੰ ਸ਼ੁੱਧ ਕਰਣੇ ਦਾ ਉਪਾਉ ਬੀ ਓਹੋ ਦੱਸਿਆ ਜੋ ਜਗਜਾਸਾ ਭਰੇ ਉਤਮ ਅੰਤਹਕਰਣ ਵਾਲੇ ਨੂੰ ਹਉਮੈਂ ਦੂਰ ਕਰਨੇ ਲਈ ਦੱਸਿਆ ਸੀ। ਪੰਚਮ ਗੁਰੂ ਜੀ ਨੇ ਬੀ ਦੱਸਿਆ ਸੀ ਕਿ ਨਾਮ ਮੈਲੇ ਮਨ ਦੀ ਪਹਿਲਾਂ ਮੈਲ ਕੱਟਦਾ ਹੈ, ਫੇਰ ਓਹੋ ਨਾਮ ਰਸ ਰੂਪ ਹੋ ਜਾਂਦਾ ਹੈ:-

੧. ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
੨. ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਗਉੜੀ ਸੁਖਮਨੀ ੧-੪)

ਵਾਹਿਗੁਰੂ ਪਰਮ ਪਵਿਤ੍ਰ ਹੈ, ਉਸ ਦਾ ਨਾਮ ਸਿਮਰਣ ਮਨ ਨੂੰ ਉਸ ਦੇ ਧਯਾਨ ਵਿਚ ਲੈ ਜਾਂਦਾ ਹੈ। ਅੰਤਹਕਰਣ ਇਸ ਤਰ੍ਹਾਂ ਨਾਮ ਦੁਆਰਾ ਨਾਮੀ ਦੀ ਛੁਹ ਵਿਚ ਜਾਕੇ ਉਸ ਦੀ ਪਵਿਤ੍ਰਤਾ ਨਾਲ ਸ਼ੁਧ ਹੋ ਜਾਂਦਾ ਹੈ। ਹਾਂ, ਨਾਮ-ਸਿਮਰਣ ਹੋਰ ਰੁਚੀਆਂ ਤੋਂ ਉਖੇੜਦਾ ਹੈ ਤੇ ਐਉਂ ਹੁਕਮ ਤੇ ਹੁਕਮੀ ਦੇ ਨੇੜੇ ਲਈ ਆਉਂਦਾ ਹੈ, ਇਉਂ ਸਹਿਜੇ ਸਹਿਜੇ ਹਉਮੈ ਨੂੰ ਕੱਟਦਾ ਹੈ:-

ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥ (ਆਸਾ ਨਾਮਦੇਉ ਜੀ-੩)

ਫੇਰ **ਹਉਮੈ ਬੂਝੈ ਤਾ ਦਰੁ ਸੂਝੈ॥** (ਵਾਰ ਆਸਾ ਮ: ੧-੨)

ਸੋ ਮਾਰਗ ਓਹੋ ਰਿਹਾ ਜਿਸ ਦਾ ਵੇਰਵਾ ਪਿਛੇ ੧੯ ਪਉੜੀਆਂ ਵਿਚ ਆ ਚੁਕਾ ਹੈ। ਇਹੋ ਗੱਲ ਜੋ ੧੯ ਪਉੜੀਆਂ ਵਿਚ ਦੱਸੀ ਹੈ, ੨੧ਵੀਂ ਪਉੜੀ ਵਿਚ ਫੇਰ ਦੁਹਰਾਈ ਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (ਜਪੁਜੀ)

ਪਰ ਏਥੇ ਹੁਣ ਇਕ ਹੋਰ ਖ਼ਬਰਦਾਰੀ ਦੱਸਦੇ ਹਨ ਕਿ ਹੇ ਜੀਵ! ਪਾਪ ਤੇ ਪੁੰਨ ਯਾ ਪਾਪੀ ਤੇ ਪੁੰਨੀ ਏਹ ਪਦ ਕਥਨੀ ਮਾਤ੍ਰ ਨਹੀਂ ਹਨ, ਏਹ ਤਾਂ ਤੇਰੇ ਅਪਣੇ ਕਰਨੇ ਹਨ ਜੋ ਤੂੰ ਕੀਤੇ ਹਨ, ਕਰ ਰਿਹਾ ਹੈਂ ਤੇ ਜਦ ਤਕ ਹਉਮੈ ਹੈ ਕਰਦੇ ਰਹਿਣੇ ਹਨ। ਚਾਹੋ ਪੁੰਨ, ਚਾਹੋ ਪਾਪ ਕਰ। ਫਿਰ ਇਨ੍ਹਾਂ ਨੇ ਕੀਤੇ ਜਾਣ ਹੀ ਤੇ ਮੁੱਕ ਨਹੀਂ ਜਾਣਾ, ਤੇਰੇ ਮਨ ਵਿਚ ਇਨ੍ਹਾਂ ਆਪਣੇ ਕੀਤਿਆਂ ਨੇ ਲਿਖੇ ਜਾਣਾ ਹੈ। ਹਾਂ, ਲਿਖੇ ਜਾਣਾ ਹੈ ਸੰਸਕਾਰ ਰੂਪ ਹੋਕੇ। ਜਿਸ ਸ਼ੈ ਦਾ ਅਭਯਾਸ ਕਰੋਗੇ ਉਹ ਸੰਸਕਾਰ ਹੋਕੇ ਅੰਦਰ

---

[1]ਇਥੇ ਕਰਮ ਸੁਤੰਤਰ ਫਲ ਪ੍ਰਦਾਤਾ ਨਹੀਂ ਮੰਨਿਆ, ਕਰਮ ਦਾ ਫਲ ਜੀਵ ਨੇ ਭੋਗਣਾ ਹੈ, ਪਰ ਫਲ ਦੇਣ ਵਾਲਾ ਹੁਕਮੀ ਦਾ ਹੁਕਮ ਹੈ। ਇਸ ਅਸੂਲ ਨੇ ਜੀਵ ਦੀ ਨਿਰਾਸਤਾ ਦੂਰ ਕੀਤੀ, ਕਿਉਂਕਿ ਹੁਕਮੀ ਕਰਮ ਬੀ ਤੋਲਦਾ ਹੈ ਪਰ ਮਿਹਰਾਂ ਦਾ ਸਾਈਂ ਬੀ ਹੈ।

ਵੜ ਜਾਏਗੀ ਤੇ ਬਾਰ ਬਾਰ ਕਰਨੇ ਤੇ ਓਥੇ ਬੈਠਕੇ ਸੁਭਾਵ ਬਣਾਏਗੀ। ਜਿਸ ਦੀ ਮਤਿ ਇਸ ਤਰ੍ਹਾਂ ਪਾਪ ਨਾਲ ਭਰ ਜਾਏਗੀ, ਉਸ ਦਾ ਸੁਭਾਵ ਹੀ ਪਾਪ ਕਰਨੇ ਦਾ ਹੋ ਜਾਏਗਾ। ਮਾਨੋ ਅੰਤਹਕਰਨ ਇਕ ਭੂਮੀ ਹੈ ਜਿਸ ਵਿਚ ਕਰਮਾਂ ਦੇ ਸੰਸਕਾਰ ਬੀਜ ਰੂਪ ਹੋ ਕੇ ਪੈਂਦੇ ਤੇ ਫੇਰ ਬ੍ਰਿਛ ਵਾਂਗੂ ਉੱਗਕੇ ਭੈੜਾ ਸੁਭਾਵ, ਮੰਦ ਵਾਸ਼ਨਾ ਤੇ ਦੁਖ ਸੁਖ ਰੂਪੀ ਫਲ ਲੈ ਆਉਂਦੇ ਹਨ। ਫਿਰ ਫੁਰਮਾਉਂਦੇ ਹਨ ਕਿ ਏਹ ਨਿਸ਼ਾਨ ਦੇਹ ਵਿਚ ਹੀ ਨਹੀਂ ਪਏ ਜੋ ਦੇਹ ਦੇ ਮਿਟਣ ਨਾਲ ਮਿਟ ਜਾਣਗੇ, ਇਹ ਅੰਤਹਕਰਣ ਵਿਚ ਗਏ ਹਨ, ਸੋ ਜਿਥੇ ਜਿਥੇ ਤੂੰ ਜਾਏਂਗਾ 'ਲੈ ਜਾਹੁ' ਨਾਲ ਲੈ ਜਾਏਂਗਾ, ਪਰਲੋਕ ਵਿਚ ਬੀ ਤੇ ਮੁੜ ਲੋਕ ਵਿਚ ਬੀ। ਫਿਰ ਇਹ ਬੀ ਸਮਝ ਲੈ ਕਿ ਤੇਰੇ ਕੀਤੇ ਕਰਮ ਦੀ ਜ਼ਿੰਮੇਵਾਰੀ ਤੇਰੀ ਆਪਣੀ ਹੈ। ਏਹ ਕ੍ਰਿਸਾਨ ਵਾਂਙ ਤੂੰ ਆਪੇ ਬੀਜਣੇ ਤੇ ਆਪੇ ਫਲ ਭੋਗਣੇ ਹਨ। ਭਾਵ ਕਿਸੇ ਦੇ ਕੀਤੇ ਦਾ ਫਲ ਕਿਸੇ ਹੋਰ ਨੇ ਨਹੀਂ ਭੋਗਣਾ। ਸੋ ਆਪ ਪਾਪ ਕਰਮ ਕਰਕੇ ਆਸ ਨਾ ਰੱਖ ਕਿ ਕਿਸੇ ਦੇ ਕੀਤੇ ਪੁੰਨ ਕਰਮਾਂ ਨਾਲ ਤੂੰ ਸ੍ਵੱਛ ਹੋ ਜਾਏਂਗਾ।

ਹੁਣ ਇਕ ਹੋਰ ਪ੍ਰਸ਼ਨ ਹੁੰਦਾ ਹੈ ਕਿ ਕੀ ਕਰਮ ਆਪੇ ਫਲ ਪ੍ਰਦਾਤਾ ਹੈ? ਗੁਰੂ ਜੀ ਦਾ ਮਤਿ ਇਹ ਨਹੀਂ ਹੈ, ਇਸ ਕਰਕੇ ਦੱਸਦੇ ਹਨ ਕਿ ਭਾਵੇਂ ਬੀਜੇ ਤੇਰੇ ਹਨ, ਫਲ ਲੱਗੇ ਤੇਰੇ ਹਨ, ਪਰ ਮਿਲਨੇ ਹਨ ਹੁਕਮੀ ਦੇ ਹੁਕਮ ਨਾਲ। ਇਨ੍ਹਾਂ ਦਾ ਫਲ ਜੋ ਜਨਮ ਮਰਨ ਸੁਖ ਦੁਖ ਆਦਿ ਹੈ ਤੈਨੂੰ ਮਿਲਨਾ ਹੈ, ਪਰ ਹੁਕਮ ਨਾਲ ਮਿਲਨਾ ਹੈ। ਇਸ ਕਹਿਣੇ ਵਿਚ ਇਕ ਕਟਾਖਸ਼ ਇਹ ਰਖਿਆ ਹੈ ਕਿ ਤੂੰ ਨਿਰਾਸ ਨਾ ਹੋ ਕਿ ਕਰਮ ਆਪੇ ਤੈਨੂੰ ਮਾਰੀ ਜਾਣਗੇ, ਇਨ੍ਹਾ ਦਾ ਫਲ ਪ੍ਰਦਾਤਾ ਹੈ, ਤੂੰ ਉਸ ਵਲ ਹੁਣ ਧਿਆਨ ਕਰ, ਹਾਂ ਤੂੰ ਕਰਮ ਦੇ ਫਲ ਪ੍ਰਦਾਤਾ ਨੂੰ ਪਿਆਰ ਕਰ, ਉਸ ਦੇ ਨਾਮ ਦੀ ਪ੍ਰੀਤ ਅੰਦਰ ਪਾ। ਉਸ ਪਵਿਤ੍ਰਤਾ ਦੇ ਪੁੰਜ ਪਰਮਾਤਮਾਂ ਦੇ 'ਨਾਮ ਦੇ ਸੰਸਕਾਰ' ਜਿਉਂ ਜਿਉਂ ਹੋਰ ਅੰਦਰ ਜਾਣਗੇ ਪਾਪਾਂ ਦੇ ਸੰਸਕਾਰ ਅੰਦਰੋਂ ਦਗਧ ਹੁੰਦੇ ਜਾਣਗੇ, ਅੰਤ ਪਾਪ ਸੰਸਕਾਰ ਮੁੱਕ ਜਾਣਗੇ, ਅੰਹਕਰਣ ਸ਼ੁਧ ਹੋਕੇ ਨਾਮ ਦੇ ਰੰਗ ਨਾਲ ਰੱਤਾ ਨਾਮੀ ਵਿਚ ਪਹੁੰਚ ਪਵੇਂਗਾ। ਇਉਂ ਸੱਚੇ ਨੂੰ ਪ੍ਰਾਪਤ ਹੋਇਆ ਸਚਿਆਰ ਹੋ ਜਾਏਂਗਾ[੧]। ਹੁਕਮੀ ਕਰਮਾਂ ਦਾ ਫਲ ਪ੍ਰਦਾਤਾ ਬੀ ਹੈ, ਉਹ ਮਿਹਰਾਂ ਦਾ ਸਾਈਂ ਬੀ ਹੈ, ਮਾਤਾ ਪਿਤਾ ਹੈ। ਇਹ ਨਿਰਾਸ ਦਿਲਾਂ ਵਿਚ ਆਸ ਦੀ ਰੌਸ਼ਨੀ ਪਾ ਦੇਂਦਾ ਹੈ, ਕਰਮ ਹੈ ਪਰ ਅਟੁੱਟ ਨਹੀਂ, ਕਰਮ ਹੈ ਪਰ ਸੁਤੰਤਰ ਫਲ ਪ੍ਰਦਾਤਾ ਨਹੀਂ। ਹੁਕਮੀ ਦਾ ਹੁਕਮ ਕਰਮ ਦਾ ਤੋਲਣਹਾਰ ਬੀ ਤੇ ਮੇਟਣਹਾਰ ਬੀ ਹੈ।

ਨਿਰੁਕ੍ਤ- ਤਨੁ-(ਫਾ:, ਤਨ=ਸਰੀਰ। ਸੰਸ:, ਦੇਹ=ਸਰੀਰ, ਭਾਵ ਅੰਗ)।

ਪਦ 'ਤਨੁ' ਪੁਲਿੰਗ ਹੈ ਤੇ 'ਦੇਹ' ਇਸਤ੍ਰੀ ਲਿੰਗ, ਦੁਇ ਵਰਤਣ ਤੋਂ ਕਿਨਾਇਆ ਪੁਰਖ ਤੇ ਇਸਤ੍ਰੀ ਦੋਹਾਂ ਦੇ ਸਰੀਰਾਂ ਵਲ ਜਾਪਦਾ ਹੈ। (੨) ਉਂਞ ਦੋ ਪਦ ਵਰਤਣੇ ਮੁਹਾਵਰਾ ਬੀ ਹੈ। (੩) 'ਤਨੁ' ਦਾ ਅਰਥ ਤਨੁਕ=ਰਤਾਕੁ ਬੀ ਕਰਦੇ ਹਨ। (੪) ਤਨੁ=ਨਾਲ। (੫) ਤਨੁ=ਸਾਰੀ ਦੇਹ। ਦੇਹ='ਧੜ' ਬੀ ਕਰ ਲੈਂਦੇ ਹਨ।

ਪਲੀਤੀ-(ਫਾ:, ਪਲੀਦ=ਅਪਵਿਤ੍ਰ) ਅਪਵਿਤ੍ਰਤਾਈ। ਅਪਵਿਤ੍ਰਤਾ ਵਾਲਾ। ਅਪਵਿਤ੍ਰਤਾ ਨਾਲ।

ਨਾਵੈ ਕੈ-ਨਾਮ ਦੇ।

ਆਖਣੁ ਨਾਹਿ-ਕਹਿਣ ਮਾਤ੍ਰ ਨਹੀਂ।

---

[੧]ਐਉਂ ਬੀ ਕਰਦੇ ਹਨ ਕਿ ਨਾਮ ਦੇ ਰੰਗ ਨਾਲ ਜੋ ਸ੍ਵੱਛ ਹੋ ਗਏ ਹਨ, ਉਹਨਾਂ ਨੂੰ ਪੁੰਨੀ ਪਾਪੀ ਨਹੀਂ ਕਹੀਦਾ, ਪਰ ਜੋ ਕਰਮ ਕਰ ਕਰਕੇ ਸੰਸਕਾਰ ਲੈ ਲੈ ਪਰਲੋਕ ਨੂੰ ਜਾਂਦੇ ਹਨ ਸੋ ਆਪਣੇ ਕੀਤੇ ਦੇ ਫਲ ਨੂੰ ਭੋਗਦੇ ਹਨ।

(ਪਉੜੀ ੨੧)

ਪ੍ਰਾਕ੍ਰਥਨ-ਸ਼ਾਸਤ੍ਰਾਂ ਤੇ ਆਮ ਲੋਕਾਂ ਵਿਚ ਤੀਰਥ ਇਸ਼ਨਾਨ, ਤਪ, ਦਾਨ, ਆਦਿ ਪੁੰਨ ਕਰਮ ਅਰ ਕਰਮ ਕਾਂਡੀ ਕਰਮ ਪਾਪ ਨਵਿਰਤੀ ਦੇ ਸਾਧਨ ਮੰਨੇ ਗਏ ਹਨ। ਇਸ ਲਈ ਜਾਪਦਾ ਹੈ ਕਿ ਆਪ ਜੀ ਉਤੇ ਪ੍ਰਸ਼ਨ ਹੋਇਆ ਹੈ ਕਿ ਕੀ ਇਹ ਕਰਮ ਪਾਪ ਨੂੰ ਅੰਦਰੋਂ ਧੋ ਨਹੀਂ ਕੱਢਦੇ? ਇਸ ਦਾ ਉੱਤਰ ਅਗਲੀ ਪਉੜੀ ਵਿਚ ਦੇਂਦੇ ਹਨ-

ਮੂਲ	ਅਰਥ
ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥	ਤੀਰਥ (ਯਾਤ੍ਰਾ), ਤਪ (ਸਾਧਣੇ), ਦਇਆ (ਧਾਰਨੀ), ਦਾਨ ਦੇਣਾ, ਜੇ ਕਿਸੇ ਨੂੰ (ਇਹ ਕੁਛ) ਪ੍ਰਾਪਤ ਹੋ ਜਾਵੇ (ਤਾਂ ਉਸਦਾ ਫਲ ਉਸਨੂੰ) ਥੋੜੇ (ਸਮੇਂ ਦਾ) ਮਾਨ ਪ੍ਰਾਪਤ ਹੁੰਦਾ ਹੈ। (ਪਰ ਜਿਸ ਨੇ ਪਰਮੇਸ਼ੁਰ ਦਾ ਨਾਮ) ਸੁਣਿਆ, ਮੰਨਿਆ ਤੇ ਮਨ ਵਿਚ (ਦਾਤੇ ਨਾਲ) ਪ੍ਰੇਮ ਕੀਤਾ, (ਉਸਨੇ ਅਪਣੇ) 'ਅੰਦਰ ਪ੍ਰਾਪਤ ਤੀਰਥ' ਉਤੇ ਚੰਗੀ ਤਰ੍ਹਾਂ ਇਸ਼ਨਾਨ (ਕਰ ਲਿਆ ਹੈ) (ਭਾਵ-ਉਸ ਨੂੰ ਭਗਤੀ ਪ੍ਰਾਪਤ ਹੋਈ ਹੈ[1]। ਪਰੰਤੂ ਐਸੇ ਗੁਣਾਂ ਦੀ ਦਾਤ ਕਰਤੇ ਦੇ ਹੱਥ ਹੈ। ਇਸ ਲਈ ਪ੍ਰਾਰਥਨਾ ਕਰਦੇ ਹਨ ਕਿ ਹੇ ਨਿਰੰਕਾਰ! ਸੁਣਨ, ਮੰਨਣ, ਪ੍ਰੇਮ
ਸਭਿ ਗੁਣ ਤੇਰੇ ਮੈ ਨਾਹੀ ਕੋਇ॥	ਕਰਨ ਤੇ ਅੰਤ੍ਰੀਵ ਸੁੱਧਤਾ ਦੀ ਲੱਖਤਾ ਦੇ) ਸਾਰੇ ਗੁਣ ਤੇਰੇ (ਦਿੱਤੇ ਮਿਲਦੇ) ਹਨ, (ਪਰ) ਮੇਰੇ ਵਿਚ (ਆਪ੍ਰੂੰ) ਕੋਈ (ਗੁਣ) ਨਹੀਂ ਹੈ,
ਵਿਣੁ ਗੁਣ ਕੀਤੇ ਭਗਤਿ ਨ ਹੋਇ॥	(ਇਹ ਬੀ ਮੈਂ ਜਾਣਦਾ ਹਾਂ ਕਿ ਇਨ੍ਹਾਂ) ਗੁਣਾਂ ਨੂੰ (ਧਾਰਨ) ਕੀਤੇ ਬਿਨਾ (ਤੇਰੀ) ਭਗਤੀ ਹੋ ਨਹੀਂ ਸਕਦੀ (ਤਾਂ ਤੇ ਹੇ ਕਰਤਾ! ਮਿਹਰ
ਸੁਅਸਤਿ ਆਥਿ ਬਾਣੀ ਬਰਮਾਉ॥	ਕਰ ਤੇ ਆਪਣੇ ਗੁਣ ਮੈਨੂੰ ਦਾਨ ਵਿਚ ਦੇਹ[2] ਤੇ ਮੈਂ) ਯਾਚਕ ਬ੍ਰਹਮਣ ਦੀ ਸੁਅਸਤੀ ਵਾਚਕ ਬਾਣੀ (ਅੰਗੀਕਾਰ ਕਰ, ਜੋ ਇਹ ਹੈ):-
ਸਤਿ ਸੁਹਾਣੁ ਸਦਾ ਮਨਿ ਚਾਉ॥	ਤੂ ਸਤਿ ਹੈਂ, ਤੂੰ ਸੌਂਦਰਯ ਹੈਂ (ਤੂੰ ਚੇਤਨ ਹੈਂ, ਤੇ ਅਪਣੀ ਚੇਤਨਤਾ ਵਿਚ ਸਦਾ ਅਨੰਦ ਹੈਂ।

ਵ੍ਯਾਖ੍ਯਾ- ਜਪੁਜੀ ਦੀ ਪਉੜੀ ੧ ਵਿਚ ਦੱਸਿਆ ਸੀ ਕਿ ਸ਼ੌਚ ਆਦਿ ਕਰਮਾਂ ਨਾਲ ਸਚਿਆਰ ਨਹੀਂ ਬਣ ਸਕੀਦਾ। ਪਉੜੀ ੬ ਵਿਚ ਦੱਸਿਆ ਸੀ ਕਿ ਤੀਰਥ ਨ੍ਹਾ ਕੇ ਵਾਹਿਗੁਰੂ ਨੂੰ ਪਿਆਰੇ ਨਹੀਂ ਲਗ ਸਕੀਦਾ। ਉਸ ਨੂੰ ਪਜਾਰੇ ਲੱਗ ਸਕੀਦਾ ਹੈ ਉਸ ਨੂੰ ਕਦੇ ਨਾ ਵਿਸਾਰਣ ਨਾਲ। ਇਸ ਪਉੜੀ ਵਿਚ ਦੱਸਦੇ ਹਨ ਕਕਿ ਤੀਰਥ ਇਸ਼ਨਾਨ ਆਦਿ ਕਰਮਾਂ ਨਾਲ ਥੋੜਾ ਜੇਹਾ ਮਾਨ ਪ੍ਰਾਪਤ ਹੁੰਦਾ ਹੈ, ਪਰ ਮਨ ਦੀ ਮੈਲ ਨਹੀਂ ਕਟੀਂਦੀ। ਪਰ ਨਾਮ 'ਸੁਣਕੇ' 'ਮੰਨਨ ਕਰਕੇ' 'ਪ੍ਰੇਮ ਨਾਲ ਸਿਮਰਕੇ' ਮਨ ਦੀ ਮੈਲ ਤੇ ਬੁੱਧੀ ਦੀ ਅਪਵਿੱਤ੍ਰਤਾਈ ਕੱਟੀ ਜਾਂਦੀ ਹੈ:-

ਗੁਰਮੁਖਿ ਨਾਮੁ ਦਾਨੁ ਇਸਨਾਨੁ॥ (ਸਿਧ ਗੋਸਟਿ-੩੬)

ਇਹ ਤੁਕ ਫੁਰਮਾ ਕੇ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਦਾਨ ਤੇ ਇਸ਼ਨਾਨ ਕਰਨੇ

[1] ਇਸ ਤੋਂ ਅਗਲੀ ਤੁਕ ਪਤਾ ਦੇਂਦੀ ਹੈ ਕਿ ਐਸੀ ਪ੍ਰਾਪਤੀ ਭਗਤੀ ਵਿਚ ਲੈ ਜਾਂਦੀ ਹੈ।

[2] ਹਭਿ ਗੁਣ ਤੈਡੇ ਨਾਨਕ ਜੀਉ ਮੈਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥ (ਵਾ: ਰਾ: ਮ: ੫. ੧੦

ਜੋਗ ਤੇ ਚੰਗੇ ਕੰਮ ਹਨ ਪਰ, ਜੇ ਨਾਲ ਨਾਮ ਹੋਵੇ ਤਾਂ ਨਾਮ ਦੇ ਸਹਾਈ ਹੋਕੇ ਓਹ ਸੁਖਦਾਈ ਹਨ। ਪਰ ਜੇ ਨਾਮ ਤੋਂ ਬਿਨਾਂ ਕੀਤੇ ਜਾਣ ਤਾ ਉਹ 'ਹਉਂ ਨਿਵਰਤੀ' ਤੇ 'ਆਤਮ ਸੁਖ' ਪੈਦਾ ਨਹੀਂ ਕਰਦੇ। ਯਥਾ:-

ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥

(ਮਾਰੂ ਸੋ: ਮ: ੧, ਸੋ:-੨੨)

ਨਾਮੀ ਪੁਰਖ ਨੂੰ ਇਸ਼ਨਾਨ ਸੁਖਦਾਈ ਹੈ ਕਿ ਸਰੀਰ ਸ੍ਵਸਥ ਹੋਕੇ ਨਾਮ ਵਿਚ ਜੁੜਦਾ ਚੰਗਾ ਹੈ। ਦਾਨ ਨਾਮੀ ਪੁਰਖ ਨੂੰ ਸੁਖਦਾਈ ਹੈ ਕਿ ਦਾਨ ਨਾਲ ਉਸ ਨੂੰ 'ਦਾਤ' ਨਾਲੋਂ 'ਦਾਤਾ' ਵਧੀਕ ਪਿਆਰਾ ਲੱਗਣ ਲਗ ਜਾਂਦਾ ਹੈ, ਕਿਉਂਕਿ ਉਹ ਦਾਨ ਨੂੰ ਉਸ ਦੀ ਆਗਿਆ ਸਮਝ ਕੇ 'ਦੇਕੇ' ਖੁਸ਼ ਹੁੰਦਾ ਹੈ:-

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ॥ (ਭਾ:ਗੁ: ਵਾਰ ੬-੧੨)

ਨਾਮੀ ਪੁਰਖ ਦਾਨ ਦੇਕੇ ਅਪਣੇ ਅੰਦਰ ਇਕ ਅਮਲੀ ਰੌ ਪੈਦਾ ਕਰਦਾ ਹੈ ਕਿ ਹਉਮੈ ਦਾ ਤਿਆਗ ਵਰਤੋਂ ਵਿਚ ਕੀਕੂੰ ਆਉਂਦਾ ਹੈ। ਦਾਨ ਨਾਲ ਸ੍ਵਾਰਥਪਰਤਾ (ਖ਼ੁਦਗ਼ਰਜ਼ੀ) ਘਟਦੀ ਹੈ ਜੋ ਹਉਮੈਂ ਦੀ ਅਮਲੀ ਸੂਰਤ ਹੈ। ਜੇ ਨਾਮ ਅਭਿਆਸ ਟੁਰ ਰਿਹਾ ਹੈ ਤੇ 'ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥' (ਆਸਾ ਨਾਮਦੇਵ ਜੀ-੩) ਵਾਲਾ ਕਾਰਜ ਹੋ ਰਿਹਾ ਹੈ ਤਾਂ ਦਾਨ ਤੇ ਇਸ਼ਨਾਨ ਨਾਮ ਦਾਰੂ ਦੇ ਨਾਲ ਅਨੁਪਾਨ ਹਨ। ਪਰ ਜੇ ਨਾਲ ਨਾਮ ਹਉਂ ਨੂੰ ਕੱਟਣ ਦੀ ਕੈਂਚੀ ਨਹੀਂ ਟੁਰ ਰਹੀ ਤਾਂ ਗੁਰੂ ਜੀ ਦੱਸ ਰਹੇ ਹਨ ਕਿ ਨਾਮ ਵਿਹੂਨ ਦਾਨ ਤੇ ਤੀਰਥ ਇਸ਼ਨਾਨ ਆਦਿ ਕਰਮ ਹਉਮੈ ਦਾ ਕਾਰਜ ਹਨ ਤੇ ਫਲ ਥੋੜਾ ਜਿਹਾ ਮਾਨ ਹੈ। ਯਥਾ:-

ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ। (ਰਾਮ: ਮ: ੫-੨੪)

ਹਉਮੈ ਰੂਪੀ ਜਮ ਦੀ ਫਾਸੀ ਨਾਮ ਅਰਾਧਣ ਨਾਲ ਕਟੀਂਦੀ ਹੈ। ਫੇਰ:-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ (ਧਨਾ: ਮ: ੧ ਛੰਤ-੧)

ਇੱਥੇ ਕੁ ਆਕੇ ਆਪ ਜੀ ਆਪਣੀ ਸੁਤੇ ਹਉ ਅਭਾਵਤਾ ਤੇ ਨਿੰਮ੍ਰਤਾ ਦੇ ਸੁਭਾਵ ਦੀ ਰੌ ਵਿਚ ਅਰਦਾਸ ਵਿਚ ਚਲੇ ਜਾਂਦੇ ਤੇ ਉਚਾਰਦੇ ਹਨ ਕਿ ਹੇ ਕਰਤਾ ਪੁਰਖ! ਆਪ ਸਰਬ ਗੁਣਾਂ ਦੇ ਮਾਲਕ ਹੋ, ਮੇਰੇ ਵਿਚ ਕੋਈ ਗੁਣ ਨਹੀਂ ਹੈ, ਤੇ ਗੁਣ ਧਾਰਨ ਕੀਤੇ ਬਿਨਾਂ ਭਗਤੀ ਹੋ ਨਹੀਂ ਸਕਦੀ। ਆਪਣੇ ਨਾਂਮ ਦੇ 'ਸ਼੍ਰਵਣ ਮਨਨ ਤੇ ਪ੍ਰੇਮ' ਆਦਿ ਗੁਣ ਮੈਨੂੰ ਆਪ ਦਾਨ ਕਰੋ ਜੋ ਮੈਂ ਯਾਚਕ ਦਾਨ ਲੈ ਕੇ ਸ੍ਵਸਤਿ ਵਾਚਕ ਵਾਕ ਆਖਾਂ। ਯਾਚਕ ਕੋਲ ਸਿਵਾ ਅਸ਼ੀਰਵਾਦ ਤੇ ਸ੍ਵਸਤੀ ਦੇ ਵਾਕਾਂ ਦੇ ਹੋਰ ਕੀਹ ਹੁੰਦਾ ਹੈ, ਮੈਂ ਤੇਰੇ ਦਰ ਅੱਗੇ ਇਕ ਯਾਚਕ ਬਰਮਾਉ=ਬ੍ਰਾਹਮਣ ਵਾਂਙੂ ਖੜਾ ਦਾਨ ਮੰਗਦਾ ਹਾਂ, ਦਾਨ ਦੇਹਿ ਤੇ ਮੇਰੇ-ਯਾਚਕ ਬ੍ਰਾਹਮਣ ਦੇ ਸ੍ਵਸਤੀ ਵਾਚਕ ਦੇ ਵਾਕ ਲੈ-ਜੋ ਏਹ ਹਨ:- ਤੂੰ ਸੱਤ੍ਯ ਸਰੂਪ ਹੈਂ, ਤੂੰ ਸੌਂਦਰਯ ਸਰੂਪ ਹੈਂ, ਤੂੰ ਸਦਾ ਹੈਂ, ਤੂੰ ਚੇਤਨ ਹੈਂ ਤੇ ਆਪਣੀ ਚੇਤਨਤਾ ਵਿਚ ਆਨੰਦ ਹੈਂ। ਸਤਿਗੁਰੂ ਜੀ ਨੇ ਪ੍ਰਭਾਤੀ ਰਾਗ ਵਿਚ ਬੀ ਆਪ ਨੂੰ ਕਰਤਾਰ ਦਾ ਪ੍ਰੋਹਿਤ (ਬ੍ਰਾਹਮਣ) ਮੰਨਕੇ ਅਰਦਾਸ ਕੀਤੀ ਹੈ:- **ਕਰਤਾ ਤੂ ਮੇਰਾ ਜਜਮਾਨੁ॥**

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ (ਪ੍ਰਭਾਤੀ ਮ: ੧-੭)

ਭਾਵ ਇਹ ਹੈ ਕਿ ਮੇਰੇ ਵਿਚ ਗੁਣ ਪੈਦਾ ਕਰਨੇ ਦੀ ਤਾਕਤ ਨਹੀਂ ਹੈ, ਤੂੰ ਗੁਣਾਂ ਦਾ ਮਾਲਕ ਹੈਂ, ਆਪਣੇ ਭੰਡਾਰਿਓਂ ਗੁਣ ਦਾਨ ਕਰ ਤੇ ਮੈਂ ਪ੍ਰੋਹਿਤ ਦੀ ਤਰ੍ਹਾਂ ਸ੍ਵਸਤਿ ਵਾਕ ਕਹਾਂ। ਮੈਂ ਕਲਜਾਣਾਂ ਆਖਦਾ ਤੇ ਗੁਣ ਗਾਉਂਦਾ ਰਹਾਂ ਤੇ ਤੂੰ ਦਾਤਾਂ ਦੇਂਦਾ ਰਹੇਂ।

ਆਸਾ ਦੀ ਵਾਰ ਵਿਚ ਬੀ ਗੁਰੂ ਜੀ ਨੇ ਵਾਹਿਗੁਰੂ ਜੀ ਪ੍ਰਤਿ 'ਸੁਅਸਤਿ' ਵਾਕ ਆਖਿਆ ਹੈ, ਯਥਾ:-

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥ (ਵਾਰ ਆਸਾ ਮ: ੧-੮)

ਨਿਰੁਕ੍ਰ-ਤੀਰਥੁ-ਦੇਖੋ ਪਿਛੇ ਪੰਨਾ੯੭ ਪਉੜੀ ੬ ਦੀ ਨਿਰੁਕ੍ਰ।

ਦਤੁ-(ਸੰਸ:, ਦਤ੍ਰ=ਦਿਤਾ ਗਿਆ, ਧਾਤੂ, ਦਾ=ਦੇਣਾ) ਦਿੱਤਾ ਗਿਆ। ਦੇਣ। ਦੇਣਾ।

ਦਾਨੁ-(ਸੰਸ:, ਧਾਤੂ, ਦਾ=ਦੇਣਾ) ਦੇਣਾ। ਪੁੰਨ ਅਰਥੀ ਦੇਣਾ।

ਦਤੁ ਦਾਨੁ-ਦਾਤ(ਦਾ ਦੇਣ ਤੇ) ਦਾਨ (ਕਰਨਾ)। ਦਾਨ ਦੇਣਾ।

ਤਿਲ-(ਸੰਸ:, ਇਕ ਛੋਟਾ ਬੀਜ। ਤਿਲ। ਤਿਲ ਜਿੰਨਾ ਭਾਵ ਬਹੁਤ ਥੁਹੜਾ।

ਭਾਉ-(ਸੰਸ:, ਭਾਵ=ਪ੍ਰੇਮ) ਪ੍ਰੇਮ।

ਅੰਤਰ ਗਤਿ-(ਸੰਸ:,) ਜੋ ਅੰਦਰ ਪ੍ਰਾਪਤ ਹੈ। ਜੋ ਅੰਤਹਕਰਣ ਵਿਚ ਹੈ।

ਸੁਅਸਤਿ-(ਸੰਸ:,ਸ੍ਵਸ੍ਤਿ)ਇਹ ਇਕ ਅਸ਼ੀਰਵਾਦੀ ਪਦ ਹੈ, ਅਰਥ ਹੈ: ਕਲਜਾਨ ਹੋ, ਖੇਮ ਕੁਸ਼ਲ ਰਹੇ, ਜੈ ਹੋ, ਆਦਿ। ਬ੍ਰਹਮਣ ਦਾਨ ਲੈਕੇ ਯਜਮਾਨ ਪ੍ਰਤਿ ਸ੍ਵਸ੍ਤਿ ਆਖਦੇ ਹਨ।

ਆਥਿ-(ਪ੍ਰਾ: ਅਤ੍ਥਿ, ਸੰਸ:, ਅਰ੍ਥਿਨ,) ਲੋੜਵੰਦ। ਯਾਚਕ, ਮੰਗਣ ਵਾਲਾ।

ਬਾਣੀ ਬਰਮਾਉ-ਬ੍ਰਹਮਣ ਵਾਲੀ ਬਾਣੀ। ਓਹ ਵਾਕ ਜੋ ਬ੍ਰਹਮਣ (ਦਾਨ ਲੈ ਕੇ) ਆਖਦਾ ਹੈ।

ਸੁਹਾਣੁ-(ਸੰਸ:, ਸੁਭਗ। ਪ੍ਰਾ: ਸੁਹਯ, ਪੰਜਾਬੀ, ਸੁਹਜ, ਸੁਹਾਣ। ਅਰਬੀ, ਸੁਬਹਾਨ=ਸ਼ਲਾਘਾ ਯੋਗ। ਧੰਨਜਤਾ ਯੋਗ। ਜਲਾਲ ਵਾਲਾ) ਸੌਂਦਰਯ। ਸੁੰਦਰਤਾ। ੧੯੯੯ ਵਿਚ ਬਹੁਤ ਭਾਲ ਤੇ ਵੀਚਾਰ ਕਰ ਕਰਕੇ ਐਉਂ ਅਰਥ ਲਾਏ ਗਏ ਸਨ:-

''ਤੂ ਕਲਜਾਣ ਸਰੂਪ ਹੈਂ, ਤੂੰ (ਆਥਿ=) ਮਾਇਆ ਸਰੂਪ ਹੈਂ, ਤੂੰ ਬਾਣੀ ਸਰੂਪ ਹੈਂ, ਤੂੰ ਬ੍ਰਹਮ ਹੈਂ, ਤੂੰ ਸਤਿ ਹੈਂ, ਤੂੰ ਸੁਭਾਇਮਾਨ ਹੈਂ, ਤੂੰ ਸਦੀਵ ਆਨੰਦ ਮਨ ਹੈਂ। (ਟੀ: ਪੰਜ ਪਉ:)'' ਪਰੰਤੂ ਖੋਜ ਜਾਰੀ ਰਹੀ ਤੇ ਅੰਤ ਓਹ ਅਰਥ, ਜੋ ਉਪਰ ਕੀਤੇ ਹਨ, ਸਹੀ ਮਾਲੂਮ ਹੋਏ ਹਨ, ਜੋ ਪਿੱਛੇ ਟੁਰੇ ਆਏ ਪ੍ਰਸੰਗ ਨਾਲ ਪ੍ਰਸੰਗਕ ਤੇ ਢੁੱਕਵੇਂ ਹੈਨ। ਸਭ ਤੋਂ ਸਨਾਤਨ ਅਰਥ ਬੀ ਇਹੀ ਮਿਲੇ ਹੈਨ। ਸੰਪ੍ਰਦਾਈ ਦਾਨੇ ਐਉਂ ਅਰਥ ਲਾਉਂਦੇ ਹਨ-ਸਤਿ ਚੇਤਨ ਆਨੰਦ ਤੇ ਸੁਅਸਤਿ (ਕਲਜਾਣ ਰੂਪ) ਤੋਂ (ਆਥਿ=) ਮਾਇਆ ਹੋਈ, ਤਿਸ ਤੇ ਬਾਣੀ, ਤਿਸ ਤੇ ਬ੍ਰਹਮਾਦਿਕ ਹੋਏ।

ਪੰਡਿਤ ਟੀਕਾਕਾਰ ਕੁਛ ਐਉਂ ਦਾ ਅਰਥ ਲਾਉਂਦੇ ਹਨ:-

੧. ਸਿਖ ਕਹਿੰਦਾ ਹੈ, ਹੇ ਗੁਰੋ! ਸੁਅਸਤਿ ਆਥਿ=ਮੇਰੀ ਕਲਜਾਣ ਅਰਥ (ਬਾਣੀ ਬਰਮਾਉ=) ਬ੍ਰਹਮ ਦੀ ਬਾਣੀ ਅਰਥਾਤ ਵੇਦ ਬਾਣੀ ਦਾ ਮੈਨੂੰ ਉਪਦੇਸ਼ ਕਰੋ।

੨. ਗੁਣ ਕੌਣ ਹਨ ਜੋ ਧਾਰਨੇ ਹਨ, ਉਤਰ:-ਸ੍ਵਸਤਿ ਵਾਚਨ, ਬਾਣੀ ਦਾ ਪੜ੍ਹਨਾ, ਸਦਾ ਸਤਿ ਸੁਹਾਉਣੇ ਈਸ਼੍ਵਰ ਦੇ ਦਰਸ਼ਨ ਦਾ ਮਨ ਵਿਚ ਚਾਉ ਰਖਣਾ।

੩. ਸ੍ਵਸ੍ਤਿ=ਟਿਕੇ ਚਿਤ ਰਹਿਣ ਨੂੰ ਅਪਣਾ (ਆਥਿ=) ਧਨ ਬਨਾਉਣਾ, ਬਾਣੀ ਬ੍ਰਹਮ ਸਨਬੰਧੀ ਬੋਲਣਾ, ਸਤਿ (ਪਰਮਾਤਮਾ) ਦੇ ਗੁਣਾਨੁਵਾਦ ਸੁਹਣੇ ਲਗਣ ਤੇ ਮਨ ਵਿਚ ਚਾਉ ਰਹੇ।

੪. ਹੇ ਈਸ਼੍ਵਰ (ਵੇਦ ਰੂਪ) ਬਾਣੀ ਨੂੰ (ਬਿਰਮਾਇ=) ਰੋਕ ਕੇ ਤੁਸੀਂ (ਸ੍ਵਸ੍ਤਿ ਆਥਿ) ਕਲਜਾਣ ਰੂਪ ਸੋ। ਪਰ ਏਹ ਸਾਰੇ ਅਰਥ ਪ੍ਰਸੰਗ ਨਾਲ ਢੁਕਦੇ ਘੱਟ ਹਨ।

(ਪਉੜੀ ੨੧-ਜਾਰੀ)

ਪ੍ਰਾਕ੍ਕਥਨ- ਗੁਰੂ ਨਾਨਕ-ਮਨ ਅਨੁਭਵ ਦਾ ਮਾਲਕ ਹੈ, ਦਾਰਸ਼ਨਿਕ ਬੀ ਹੈ। ਉਹ ਕਵਿ ਮਨ ਬੀ ਹੈ ਤੇ ਪਰਮ ਸ੍ਵੱਛ ਤੇ ਉੱਚਾ ਕਵਿ-ਮਨ ਹੈ। ਉਹ ਰਸੀਆ ਮਨ

ਹੈ, ਰਹੱਸਜਮਈ ਬੀ ਹੈ। ਇਸ ਕਰਕੇ ਆਪ ਜੀ ਦਾ ਮਨ ਪਰਮਾਤਮ ਦੇਵ ਨੂੰ 'ਸੌਂਦਰਯ' ਬੀ ਦੇਖਦਾ ਹੈ। ਉੱਚਾ ਕਵਿ-ਮਨ ਸਾਈਂ ਨਾਲ ਇਕ ਸੁਰ ਹੋਇਆ ਦਿੱਸ ਰਹੇ 'ਸੌਂਦਰਯ' ਨੂੰ ਰੱਬ ਜੀ ਦੇ ਅਦ੍ਰਿਸ਼ਜ ਸੌਂਦਰਯ ਦਾ ਪ੍ਰਕਾਸ਼ ਅਨੁਭਵ ਕਰਦਾ ਹੈ। ਸੌਂਦਰਯ ਵਲ ਪ੍ਰੇਮ ਨੂੰ ਸੁਤੇ ਹੀ ਖਿੱਚ ਹੈ। ਸੌਂਦਰਯ ਆਨੰਦ ਦਾਤਾ ਹੈ-ਸਰਮ ਖੰਡ ਕੀ ਬਾਣੀ ਰੂਪੁ-ਸਿਫਤ ਸਲਾਹ ਸੌਂਦਰਯ ਦਾ ਹੀ ਸੰਗੀਤ ਹੈ। ਸੌਂਦਰਯ ਵਿਸਮਾਦ ਵਿਚ ਲੈ ਜਾਂਦਾ ਹੈ। ਵਿਸਮਾਦ 'ਅਸਚਰਜ ਰੂਪੰ' ਵਿਚ ਲੀਨ ਕਰ ਦੇਂਦਾ ਹੈ।

ਸੋ ਜਾਪਦਾ ਹੈ ਕਿ ਪਰਮੇਸ਼੍ਵਰ ਦੇ ਸਰੂਪ ਨੂੰ ਸੁਸ੍ਰਿ ਬਾਣੀ ਵਿਚ ਉਚਾਰਦਿਆਂ ਉਚਾਰੇਦਿਆਂ ਆਪ ਦਾ ਕੋਮਲ ਪ੍ਰੇਮੀ ਤੇ ਵਿਸਮਾਦ ਰੰਗੀ ਮਨ ਸਾਈਂ ਸੁੰਦਰਤਾ ਨੂੰ ਅਨੁਭਵ ਕਰਦਾ ਰਸ ਮਾਣਦਾ ਚਰਨ ਸ਼ਰਨ ਲੀਨ ਹੋ ਗਿਆ ਹੈ। ਜਦ ਉਸ ਪਾਰਬ੍ਰਹਮੀ ਲੀਨਤਾ ਵਿਚੋਂ ਉੱਠਕੇ ਅਸਚਰਜਤਾ ਦੇ ਮੰਡਲ ਵਿਚੋਂ ਆਕਾਰ ਵਾਲੇ ਬ੍ਰਹਮੰਡ ਉਤੇ ਨਜ਼ਰ ਪਈ ਤਾਂ ਉਤੇ ਪ੍ਰਸ਼ਨ ਉਪਜਿਆ ਕਿ ਇਹ ਸੁਹਣਾ ਸਾਮਾਨ ਕਦੋਂ ਬਣਿਆ? ਇਹ ਗੱਲ ਕੌਣ ਜਾਣੇ? ਹੋਰ ਕੋਈ ਨਹੀਂ, ਪਰ ਉਹੈ ਸੁੰਦਰਾਂ ਦਾ ਸੁੰਦਰ ਰਚਣਹਾਰ-ਕੇਵਲ ਉਹੋ-ਜਾਣਦਾ ਹੈ। ਇਹ ਭਾਵ ਅਗਲੀਆਂ ਸਤਰਾਂ ਵਿਚ ਅੰਕਿਤ ਹੈ, ਜਿਨ੍ਹਾਂ ਵਿਚ ਵਾਹਿਗੁਰੂ ਦੀ ਸਰਵੱਗਤਾ, ਸਾਡੀ ਅਪਹੁੰਚਤਾ ਤੇ ਅੰਤ ਵਿਚ ਹਉਮੈ ਰਹਿਤ ਹੋ ਸੁੰਦਰ ਸਾਈਂ ਨਾਲ, ਸਿਫਤ ਸਲਾਹ ਦੁਆਰਾ, ਵਿਸਮਾਦ ਦੇ ਰਸਤੇ, ਪ੍ਰੇਮੀ ਹੋਏ ਰਹਿਣ ਦੀ ਸੈਨਤ ਹੈ।

ਮੂਲ

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁਕੁਰਾਣੁ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥

ਅਰਥ

ਉਹ ਕਿਹੜਾ ਵੇਲਾ ਸੀ, ਕਿਹੜਾ ਸੀ ਵਕਤ, ਕਿਹੜੀ ਥਿਤਿ ਸੀ ਤੇ ਕਿਹੜਾ ਵਾਰ ਸੀ; ਉਹ ਰੁਤ ਕਿਹੜੀ, ਮਹੀਨਾ ਕਿਹੜਾ ਸੀ ਜਿਸ ਵੇਲੇ (ਨਿਰੰਕਾਰ ਤੋਂ ਏਹ) ਆਕਾਰ ਰਚਿਆ ਗਿਆ ਸੀ। ਵੇਲਾ ਨਹੀਂ ਲੱਭਾ ਪੰਡਿਤਾਂ ਨੇ ਜੋ (ਕੋਈ) ਪੁਰਾਣ (ਸਰੀਖਾ ਮੁਸਤਨਿਦ) ਲੇਖ (ਇਸ ਗਲ ਦਾ) ਹੋਵੇ (ਤਾਂ ਲੱਭ ਲੈਣ)। ਵਕਤ ਨਹੀਂ ਲੱਭਾ ਕਾਜ਼ੀਆਂ ਨੇ ਜੇ (ਲੱਭਾ ਨੇ ਤਾਂ ਕੋਈ) ਕੁਰਾਣ (ਸਰੀਖਾ ਮੁਸਤਨਿਦ) ਲੇਖ ਲਿਖਣ (ਭਾਵ ਲਿਖ ਦਿਖਾਲਣ)। (ਉਹ) ਥਿਤ ਵਾਰ (ਯੋਗ ਧਯਾਨ ਜੋੜ ਜੋੜ ਕੇ) ਜੋਗੀ ਬੀ ਨਹੀਂ ਜਾਣਦਾ, (ਉਹ) ਰੁਤ ਤੇ ਮਹੀਨਾ (ਹੋਰ) ਕੋਈ (ਬੀ) ਨਹੀਂ (ਲੱਭ ਸਕਿਆ।) ਜਦੋਂ ਕਰਤਾਰ ਸ੍ਰਿਸ਼ਟੀ ਨੂੰ ਸਾਜਦਾ ਹੈ (ਉਸ ਨੂੰ) ਉਹ ਆਪ ਹੀ ਜਾਣਦਾ ਹੈ (ਹੋਰ ਕੋਈ ਨਹੀਂ ਜਾਣਦਾ। ਜਦ ਆਪੇ ਨੂੰ ਤੇ ਆਪਣੇ ਕਰਨਿਆਂ ਨੂੰ ਕਰਤਾ ਆਪ ਹੀ ਜਾਣਦਾ ਹੈ ਤਾਂ) ਮੈਂ (ਉਸਦੇ ਕਰਨਿਆਂ ਨੂੰ) ਕੀਕੂੰ ਕਹਿ ਸਕਾਂ, (ਉਸ ਕਰਤੇ ਦੀ) ਸਿਫਤ ਸਲਾਹ ਕੀਕੂੰ ਕਰਾਂ, (ਹਾਂ ਉਸ ਦਾ ਸਾਰਾ) ਵਰਣਨ ਕੀਕੂੰ ਕਰਾਂ (ਤੇ ਇਹ ਸਾਰਾ ਕੁਛ ਕਹਿਣੇ ਲਈ ਉਸ ਨੂੰ) ਕੀਕੂੰ ਜਾਣ ਸਕਾਂ? (ਉਂਵ) ਕਹਿਣੇ ਨੂੰ ਤਾਂ, ਹੇ ਨਾਨਕ! ਸਭ ਕੋਈ ਪਿਆ ਕਹਿੰਦਾ ਹੈ ਤੇ ਇਕ ਤੋਂ ਇਕ ਸਿਆਣਾ (ਬਣ ਬਣ ਬਹਿੰਦਾ) ਹੈ; (ਪਰੰਤੂ ਉਹ) ਸਾਹਿਬ ਜਿਸ ਦਾ ਕੀਤਾ ਪਿਆ ਹੁੰਦਾ ਹੈ (ਸਭ ਤੋਂ) ਵਡਾ ਹੈ, (ਉਸ ਦੇ ਵਡੇ ਹੋਣ ਕਰਕੇ) ਉਸ ਦੀ ਵਡਿਆਈ (ਬੀ) ਵੱਡੀ ਹੈ। ਜੇ ਕੋਈ ਆਪਣੇ ਆਪ ਨੂੰ (ਵੱਡਾ ਯਾ ਜਾਣਨਹਾਰ) ਸਮਝਦਾ ਹੈ ਉਹ

ਅਗੇ ਜਾਕੇ ਸ਼ੋਭਾ ਨਹੀਂ ਪਾਏਗਾ (ਕਿਉਂਕਿ ਉਹ ਹਉਂ ਵਿਚ ਚਲਾ ਗਿਆ ਹੈ, ਇਸ ਲਈ) ਹੇ ਨਾਨਕ! (ਤੂੰ ਸਿਫਤ ਸਲਾਹ ਵਿਚ ਰਹੁ ਵਡਾ ਸਾਹਿਬ ਹੈ, ਵਡੀ ਵਡਿਆਈ ਹੈ, ਕੀਤਾ ਉਸ ਦਾ ਹੁੰਦਾ ਹੈ)॥੨੧॥

ਵਯਾਖਯਾ- ਪਉੜੀ ੧੬ ਤੋਂ ੧੭, ੧੮, ੧੯ ਵਿਚ ਕਰਤੇ ਦੇ ਕਰਨਿਆਂ ਦੀ ਅਰਥਾਤ ਕੁਦਰਤ ਦੀ ਵਿਸ਼ਾਲਤਾ ਦਰਸਾਈ ਸੀ। ਉਨ੍ਹਾਂ ਵਿਚ 'ਅਸੰਖ ਚੋਰ ਹਰਾਮਖੋਰ' ਵਾਲੀ ਗੇਣਤੀ ਤੇ ਸੁਤੇ ਪ੍ਰਸ਼ਨ ਹੋ ਗਿਆ ਕਿ ਇਨ੍ਹਾਂ ਪਾਪੀਆਂ ਦੇ ਉੱਧਾਰ ਦਾ ਬੀ ਕੋਈ ਉਪਰਾਲਾ ਹੈ? ਉਸ ਦਾ ਉਤਰ ੨੦-੨੧ ਪਉੜੀ ਵਿਚ ਦੇਕੇ ਇਥੋਂ ਹੀ ਹੁਣ ਫੇਰ ਉਹੋ ਲੜੀ ਫੜ ਲੈਂਦੇ ਹਨ ਤੇ ਪਹਿਲੋਂ ਕਰਤਾ ਪੁਰਖ ਦੀ ਸਰਵੱਗਤਾ ਤੇ ਜੀਵ ਦੀ ਅਲਪੱਗਤਾ ਦਰਸਾਉਂਦੇ ਹਨ, ਇਹ ਆਖਕੇ ਕਿ ਕਰਤੇ ਦੇ ਕਰਨਿਆਂ ਦਾ ਸ਼ੁਮਾਰ ਤਾਂ ਕਿਤੇ ਰਿਹਾ ਉਸ ਦੇ ਰਚਨਾ ਰਚਣ ਦੇ ਸਮੇਂ ਥਿਤ ਵਾਰ ਦਾ ਥਹੁ ਬੀ ਕੋਈ ਨਹੀਂ ਜਾਣਦਾ। ਕਿਉਂ ਨਹੀਂ ਜਾਣਦਾ? ਮੋਟੀ ਵੀਚਾਰ ਕਰੋ। ਸ੍ਰਿਸ਼ਟੀ ਰਚਨਾਂ ਤੋਂ ਪਹਿਲੋਂ ਕੇਵਲ ਕਰਤਾ ਪੁਰਖ ਆਪ ਹੀ ਸੀ, ਦੂਸਰਾ ਕੋਈ ਸੀ ਹੀ ਨਹੀਂ। ਸੋ ਉਸ ਬਿਨਾ ਹੋਰ ਕੌਣ ਹੋ ਸਕਦਾ ਹੈ ਜੋ ਜਾਣ ਸਕਦਾ। ਭਲਾ ਜੀ, ਪੰਡਿਤ ਕਾਜ਼ੀ ਤੇ ਯੋਗੀ ਆਦਿ ਕਈ, ਕੁਛ ਨ ਕੁਛ ਦੱਸਦੇ ਹਨ, ਉਹ ਠੀਕ ਨਹੀਂ? ਉੱਤਰ: ਪੌਰਾਣਕ ਠੀਕ ਠੀਕ ਨਹੀਂ ਦੱਸ ਸਕਦੇ, ਕਿਉਂਕਿ ਸ੍ਰਿਸ਼ਟੀ ਰਚਨਾ ਤੋਂ ਪਹਿਲੋਂ ਓਹ ਸਨ ਹੀ ਨਹੀਂ, ਨਾ ਹੀ ਪੌਰਾਣ ਲਿਖਣੇ ਵਾਲਾ ਕੋਈ ਮੌਜੂਦ ਸੀ, ਨਾ ਕਾਜ਼ੀ ਕੋਈ ਪਹਿਲੋਂ ਸੀ, ਨਾ ਰਚਨਾ ਕਾਲ ਤੋਂ ਪਹਿਲੋਂ ਕੁਰਾਨ ਹੀ ਸੀ। ਨਾ ਉਸ ਵਿਚ ਕੋਈ ਐਸਾ ਲੇਖ ਹੀ ਮੌਜੂਦ ਹੈ, ਨਾ ਕਿਸੇ ਯੋਗੀ ਨੇ ਅਪਣੇ ਯੋਗ ਬਲ ਨਾਲ ਗਯਾਤ ਪੈਦਾ ਕੀਤੀ ਹੈ ਕਿ ਫਲਾਣੇ ਵੇਲੇ ਰਚਨਾ ਹੋਈ। ਪਰ ਫੇਰ ਜੋ ਲੋਕੀ ਦੇਖੀਦੇ ਹਨ ਜੋ ਦੱਸਦੇ ਤੇ ਦਾਅਵੇ ਬੰਨ੍ਹਦੇ ਹਨ ਸੋ ਕੋਈ ਸ਼ਾਸਤ੍ਰੀ ਪੰਡਿਤ ਕਿ ਕਾਜ਼ੀ ਕਿ ਜੋਗੀ ਕਿ ਕੋਈ ਹੋਰ ਕੁਛ ਕਹੇਗਾ ਤਾਂ ਅਟੇ ਸਟੇ ਤੇ ਟੋਹਾਂ ਲਾਏਗਾ ਪਰ ਨਿਸਚਿਤ ਠੀਕ ਠੀਕ ਆਪ ਡਿੱਠੇ ਵਾਂਙੂ ਨਹੀਂ ਦੱਸ ਸਕੇਗਾ। ਹਾਂ ਕੇਵਲ ਕਰਤਾ ਪੁਰਖ ਹੈ ਜੋ ਠੀਕ ਠੀਕ ਜਾਣਦਾ ਹੈ। ਕਿਉਂਕਿ ਉਸ ਵੇਲੇ ਓਹੋ, ਕੇਵਲ ਉਹੋ, ਮੌਜੂਦ ਸੀ। ਕਰਤਾ ਬੀ ਉਹੋ ਸੀ, ਦ੍ਰਿਸ਼ਟਾ ਬੀ ਓਹੋ ਸੀ ਤੇ ਸਰਬੱਗਜ ਬੀ ਉਹੋ ਸੀ ਤੇ ਹੈ। ਫਿਰ ਜੀ ਜੋ ਜਾਣਨਹਾਰਤਾ ਦੇ ਦਾਅਵੇ ਬੰਨ੍ਹਦੇ ਤੇ ਦੱਸਦੇ ਹਨ, ਉਹਨਾਂ ਦਾ ਕੀ ਹਾਲ? ਆਪ ਫੁਰਮਾਉਂਦੇ ਹਨ ਕਿ ਸਿਆਣੇ ਬਣ ਬਣ ਬੈਠਣ ਵਾਲੇ ਏਥੇ ਤਾਂ ਅਪਣਿਆਂ ਤੋਂ ਘੱਟ ਜਾਣਨਹਾਰਾਂ ਵਿਚ ਸ਼ੋਭਾ ਪਾ ਜਾਣਗੇ ਪਰ ਅੱਗੇ ਜਾਕੇ ਜਿੱਥੇ ਕਿ 'ਯਥਾਰਥ' ਪ੍ਰਧਾਨ ਹੈ[1], ਉਹ ਸੁਹਣੇ ਨਹੀ ਲਗਣਗੇ। ਕਿਉਂਕਿ ਜਾਣਨ ਦੇ ਯਤਨ ਤੇ ਵਰਣਨ ਕਰਨ ਦੇ ਅਭਿਮਾਨ ਵਿਚ ਉਹਨਾਂ ਨੇ ਹਉਮੈ ਨਵਿਰਤੀ ਦੀ ਜਾਚ ਨਹੀਂ ਸਿੱਖੀ, ਜਿਸ ਨਾਲ ਕਿ ਹਉਂ ਅਤੀਤਤਾ ਦੀ ਰੂਹਾਨੀ ਸੁੰਦਰਤਾ ਨੇ ਨਿਖਰ ਆਉਣਾ ਸੀ। ਓਹ ਅਭਿਮਾਨੀ ਤਾਂ ਹਉਂ ਦੇ ਚੱਕ੍ਰਾਂ ਫੇਰਾਂ ਵਿਚ ਹੀ ਰਹੇ।

ਪੰਡਿਤ ਕਾਜ਼ੀ ਤੇ ਯੋਗੀ ਅਸਲ ਵਿਚ ਪਰਮਾਰਥ ਦੇ ਆਗੂ ਹਨ। ਇਨ੍ਹਾਂ ਦਾ ਕੰਮ ਸੀ ਕਲਜਾਣ ਦਾ ਰਾਹ ਦੱਸਣਾ, ਇਹ ਜਦ ਰਚੀ ਹੋਈ ਦੇ ਜਾਣਨਹਾਰ ਹੋਣ ਦਾ ਦਾਅਵਾ ਬੰਨ੍ਹਦੇ ਹਨ ਤਾਂ ਆਪਣੇ ਰਾਹ ਤੋਂ ਘੁੱਸਦੇ ਹਨ, ਕਿਉਂਕਿ ਦਾਅਵੇ ਬੰਨ੍ਹਣੇ ਕੰਮ ਹੈ ਹਉਂ ਆਸ਼੍ਰਿਤ ਹੋਣ ਵਾਲਾ। ਕਲਜਾਣ ਮਾਰਗ ਹੈ ਹਉਂ ਨਵਿਰਤੀ ਦਾ ਇਸ ਲਈ ਗੁਰੂ ਜੀ ਆਪ ਦੱਸਦੇ ਹਨ ਕਿ ਆਪਣੇ ਆਪ ਨੂੰ ਵੱਡਾ ਜਾਣਨ ਵਾਲੇ ਮਾਨ ਹੰਕਾਰ ਛੱਡਕੇ ਕਰਤਾ ਪੁਰਖ ਨੂੰ ਵੱਡਾ ਜਾਣਨ ਦਾ ਰਾਹ ਫੜਨ, ਜੋ ਉਸ ਦੀ ਵਡਿਆਈ ਕਰਨ ਵਿਚ ਹਉਂ ਧੋਪ ਹੋ ਜਾਵੇ ਤੇ ਕਰਤਾ ਪੁਰਖ ਪ੍ਰਾਪਤ ਹੋ ਜਾਵੇ।

ਨਿਰੁਕ੍ਤ- ਵੇਲ-ਵੇਲਾ, ਸਮਾਂ।

---

[1]ਯਾ ਸਤਿਸੰਗ ਵਿਚ ਜਿਥੇ ਸਤਯ ਦੀ ਕਸਵਟੀ ਹੈ।

ਵਖਤੁ–ਵਕ਼ਤ=ਸਮਾਂ। ਵੇਲ ਪਦ ਸੰਸਕ੍ਰਿਤ ਹੈ, ਵਕ਼ਤ ਪਦ ਅ਼ਰਬੀ ਹੈ। ਵੇਲ ਪਦ ਪੰਡਿਤਾਂ ਲਈ ਤੇ ਵਕਤ ਕਾਜ਼ੀਆਂ ਲਈ ਵਰਤਿਆ ਹੈ,ਦੋਹਾਂ ਪਰ ਪ੍ਰਸ਼ਨ ਸਾਂਝਾ ਹੈ।

ਥਿਤਿ–(ਸੰਸ:, ਤਿਥਿ) ਚੰਦਰਮਾਂ ਦੀ ਚਾਲ ਦੇ ਹਿਸਾਬ ਨਾਲ ਬੱਧੀ ਤ੍ਰੀਕ।

ਵਾਰੁ–ਦਿਨ। **ਰੁਤੀ**–(ਸੰਸ:, ਰਿਤੁ) ਮੌਸਮ। ਰੁਤਾਂ ਛੇ ਹਨ।

ਮਾਹੁ–(ਸੰਸ:, ਮਾਸ। ਫਾ:, ਮਾਹ) ਮਹੀਨਾ।

ਪੁਰਾਣੁ–ਹਿੰਦੂਆਂ ਦੇ ਧਰਮ ਪੁਸਤਕਾਂ, ਵੇਦਾਂ ਤੋਂ ਹੇਠਾਂ।

ਕੁਰਾਣੁ–(ਅ਼ਰਬੀ, ਕੁਰਾਨ) ਮੁਸਲਮਾਨਾਂ ਦਾ ਧਰਮ ਪੁਸਤਕ।

ਇਨ੍ਹਾਂ ਦੋ ਤੁਕਾਂ ਦੇ ਅਰਥ ਹੋਰ ਤਰ੍ਹਾਂ ਬੀ ਕੀਤੇ ਜਾਂਦੇ ਹਨ:-

੧. ਪੰਡਿਤਾਂ ਨੂੰ ਵੇਲਾ ਨਹੀਂ ਲੱਭਾ, ਤਾਂ ਲਭਦਾ ਜੇ ਪੁਰਾਣ ਵਿਚ ਕੋਈ ਲੇਖ ਹੁੰਦਾ, ਵਕਤ ਨਹੀਂ ਲੱਭਾ ਕਾਜ਼ੀਆਂ ਨੂੰ, ਤਾਂ ਲੱਭਦਾ ਜੇ ਵਕਤ ਦੇ ਲਿਖਣ ਵਾਲੇ ਕੋਈ ਲੇਖ (ਕੁਰਾਨ ਵਿਚ) ਲਿਖ ਜਾਂਦੇ। ੨. ਪੁਰਾਣਾਂ ਦੇ ਲੇਖਕ ਪੰਡਿਤਾਂ ਨੇ ਬੀ ਲੇਖਾ ਨਹੀਂ ਪਾਇਆ, ਨਾ ਹੀ ਕੁਰਾਨ ਦੇ ਲੇਖਕ ਕਾਜ਼ੀਆਂ ਨੇ ਉਹ ਵਕਤ ਪਾਇਆ ਹੈ।

(ਪਉੜੀ ੨੨)

ਪ੍ਰਾਕ੍ਥਨ– ਪਉੜੀ ੧੯ ਵਿਚ 'ਅਗੰਮ ਅਗੰਮ ਅਸੰਖ ਲੋਅ' ਆਇਆ ਸੀ। ਫਿਰ ਇਕ ਸੁਤੇ ਉਪਜ ਪਏ ਪ੍ਰਸ਼ਨ ਦਾ ਉੱਤਰ ਵੀਹਵੀਂ ਪਉੜੀ ਵਿਚ ਦੇਕੇ, ਕਿ ਪਾਪੀਆਂ ਦਾ ਉਧਾਰ ਐਉਂ ਹੋ ਸਕਦਾ ਹੈ, ਓਹੋ ਫੇਰ ਬੇਸ਼ੁਮਾਰਤਾ ਵਾਲੀ ਲੜੀ ਫੜ ਲਈ ਸੀ ਤੇ ਜੀਵ ਦੀ ਅਲਪੱਗਤਾ ਤੇ ਕਰਤਾ ਪੁਰਖ ਦੀ ਸਰਬੱਗਤਾ ਦਰਸਾ ਕੇ ਉਸ ਦੀ ਵਡਿਆਈ (ਸਿਫਤ ਸਲਾਹ) ਦੀ ਪ੍ਰੇਰਨਾ ਕੀਤੀ ਸੀ। ਹੁਣ ੨੨ਵੀਂ ਪਉੜੀ ਵਿਚ ਧਰਤੀ ਦੇ ਹੇਠ ਉਪਰ ਦੂਰ ਅਕਾਸ਼ਾਂ ਵਿਚ ਦੀ ਵਿਸ਼ਾਲਤਾ 'ਅਗੰਮ ਅਗੰਮ ਅਸੰਖ ਲੋਅ' ਵਾਲੀ ਨੂੰ ਫੇਰ ਫੜ ਲੈਂਦੇ ਹਨ:-

ਮੂਲ	ਅਰਥ
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥	(ਹੇਠਾਂ) ਪਤਾਲਾਂ (ਤੋਂ ਪਰੇ ਹੋਰ) ਪਾਤਾਲ ਹਨ, (ਉਪਰ) ਅਕਾਸ਼ਾਂ (ਤੋ ਪਰੇ ਹੋਰ) ਆਕਾਸ਼ ਹਨ (ਤੇ ਏਹ ਆਕਾਸ਼ ਪਤਾਲ) ਲੱਖਾਂ ਹਨ। (ਇਨ੍ਹਾਂ ਦੇ ਓੜਕ ਅਰਥਾਤ) ਅੰਤ ਦੀ ਭਾਲ ਕਰਦੇ ਕਰਦੇ ਓੜਕ ਨੂੰ ਥਕ ਗਏ (ਭਾਲ ਕਰਨ ਵਾਲੇ) (ਤਾਂ) ਵੇਦਾਂ ਨੇ ਇਕ ਗਲ ਆਖੀ (ਜੋ ਚੌਥੀ ਸਤਰ ਵਿਚ ਦੱਸੀ ਹੈ)।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥	ਹਜ਼ਾਰਾਂ (ਰਿਖੀ, ਮੁਨੀ, ਉਲਮਾਵ), ਅਠਾਰਾਂ (ਪੁਰਾਣ, ਤੇ ਚਾਰ) ਕਿਤਾਬਾਂ (ਬੀ) ਇਕੋ ਮੂਲਕ ਗਲ ਕਹਿੰਦੀਆਂ ਹਨ-(ਕਿ ਜੇ) ਲੇਖਾ ਹੋ ਸਕੇ ਤਾਂ (ਲੇਖਾ) ਲਿਖ ਦੇਈਏ, ਲੇਖੇ ਕਰਦਿਆਂ (ਤਾਂ) ਨਾਸ਼ ਹੋ ਜਾਂਦਾ ਹੈ[1]।

[1]ਲੇਖਾ ਆਪ ਮੁੱਕ ਜਾਂਦਾ ਹੈ, ਕਿਉਂਕਿ ਲੇਖਾ ਹੱਦ ਬੰਨੇ ਵਿਚ ਹੈ, ਜਿਸਦਾ ਲੇਖਾ ਕਰਨਾ ਹੈ ਓਹ ਲੇਖਿਓਂ ਪਰੇ ਹੈ।
(ਅ) ਲੇਖਾ ਕਰਨੇ ਨਾਲ ਲੇਖਾ ਕਰਨ ਵਾਲੇ ਕਰਦੇ ਕਰਦੇ ਆਪ ਮੁਕ ਜਾਂਦੇ ਹਨ, ਲੇਖਾ ਨਹੀਂ ਮੁੱਕਦਾ।

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥	(ਗੁਰੂ) ਨਾਨਕ (ਦੇਵ ਜੀ ਦਾ ਸਿੱਧਾਂਤ ਇਹ ਹੈ ਕਿ ਕਰਨਹਾਰ ਕੀਤੀ ਹੋਈ ਤੋਂ ਵੱਡਾ ਹੈ ਓਹ) ਆਪ ਨੂੰ (ਤੇ ਆਪਣੀ ਕੀਤੀ ਹੋਈ ਨੂੰ) ਆਪ ਹੀ ਜਾਣਦਾ ਹੈ, (ਤਾਂਤੇ ਉਸ ਨੂੰ) ਵੱਡਾ ਕਹੋ (ਜੋ ਤੁਸੀਂ ਕੀਤੀ ਹੋਈ ਤੋਂ ਉੱਚੇ ਹੋਕੇ ਕਰਤਾ ਨੂੰ ਪ੍ਰਾਪਤ ਹੋ ਸਕੋ)॥੨੨॥

ਵਯਾਖਯਾ—ਪਿਛਲੀ ਪਉੜੀ ਵਿਚ ਸ੍ਰਿਸ਼ਟੀ ਦੇ 'ਕਾਲ' (Time) ਨੂੰ ਲਿਆ ਸੀ ਕਿ ਇਸ ਰਚੀ ਹੋਈ ਦੇ ਰਚੇ ਜਾਣ ਦੇ 'ਆਦਿ ਕਾਲ ਦਾ' ਕਿਸੇ ਨੂੰ ਪਤਾ ਨਹੀਂ। ਜਿਸ ਦੇ ਆਦਿ ਦਾ ਪਤਾ ਨਹੀਂ, ਜੀਵਾਂ ਨੂੰ ਉਸ ਦੇ ਅੰਤ ਦਾ ਪਤਾ ਕੀਕੂੰ ਲਗ ਸਕਦਾ ਹੈ। 'ਮਧ ਕਾਲ' ਵਿਚ ਜੀਵ ਉਸੇ ਕਾਲ ਦੇ ਤਮਾਸ਼ੇ ਵਾਂਙ ਖੇਲ ਰਹੇ ਹਨ[1]। ਰਚੀ ਹੋਈ 'ਦੇਸ਼, ਕਾਲ' ਵਿਚ ਹੈ। ਇਸ ਲਈ ਆਪ ਹੁਣ ਦੇਸ਼ (Space) ਦਾ ਵਿਸ਼ਯ ਲੈਕੇ ਦੱਸਦੇ ਹਨ ਕਿ ਦੇਸ਼ ਵਿਚ ਫੈਲੀ ਹੋਈ ਰਚਨਾ ਇਤਨੇ ਵਿਸਥਾਰ ਵਾਲੀ ਹੈ ਕਿ ਇਸ ਦਾ ਸਾਰਾ ਅੰਤ ਲੈ ਸਕਣਾ ਬੀ ਅਨਹੋਏ ਤੁੱਲ ਹੈ। ਚਾਹੋ:-

ਨਾਲਿ ਕੁਟੰਬੁ ਸਾਥਿ ਵਰ ਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥[2] (ਆਸਾ ਮ: ੧-੭)

ਪਰ ਭਾਲ ਭਾਲ ਕੇ ਕੀ ਹੋਇਆ?

ਆਗੈ ਅੰਤੁ ਨ[3] **ਪਾਇਓ ਤਾਕਾ ਕੰਸੁ ਛੇਦਿ ਕਿਆ ਵਡਾ ਭਇਆ॥** (ਆਸਾ ਮ: ੧-੭)

ਇਸੀ ਤਰ੍ਹਾਂ ਹਿੰਦ ਤੇ ਅਰਬ ਦੇ ਦਾਨਿਆਂ ਨੇ ਅੰਤ ਲੈਣ ਦਾ ਜਤਨ ਕੀਤਾ ਤਾਂ ਇਕੋ ਟਿਕਾਣੇ ਅੱਪੜੇ ਕਿ ਲੇਖਾ ਹੋ ਨਹੀਂ ਸਕਦਾ। ਲੇਖਾ ਕਰਦਿਆਂ ਆਪ ਮੁੱਕ ਜਾਈਦਾ ਹੈ ਯਾ ਲੇਖਾ ਅਟਕ ਖੜੋ ਜਾਂਦਾ ਹੈ[4]। ਇਸ ਅੰਤ ਲੈਣ ਦੇ ਪੱਖ ਵਿਚ ਪਿਆ ਰਹਿ ਕੇ ਜੀਵਨ ਦਾ ਪ੍ਰਯੋਜਨ-ਰਚਣਹਾਰ ਦੀ ਪ੍ਰਾਪਤੀ-ਲਾਂਭੇ ਰਹਿ ਜਾਂਦਾ ਹੈ। ਇਸ ਤਰ੍ਹਾਂ ਲੇਖੇ ਹੀ ਕਰਦਿਆ ਰਹਿਣ ਵਿਚ ਜੀਵਨ ਦਾ ਪ੍ਰਯੋਜਨ ਹੀ ਹਾਸਲ ਨਹੀਂ ਹੁੰਦਾ, ਐਉਂ ਬੀ ਲੇਖਾ ਵਿਣਾਸ ਹੋ ਜਾਂਦਾ ਹੈ। ਅੰਤ ਵਿਚ ਗੁਰੂ ਜੀ ਸਲਾਹ ਦੇਂਦੇ ਹਨ ਕਿ ਕਰਤਾ ਪੁਰਖ ਆਪ ਨੂੰ ਜਾਣਦਾ ਹੈ, ਅਪਣੀ ਰਚੀ ਹੋਈ ਦਾ ਵਿਸਥਾਰ ਤੇ ਉਸ ਦਾ ਓੜਕ ਜਾਣਦਾ ਹੈ। ਓਹ ਰਚੀ ਹੋਈ ਤੋਂ ਆਪੇ ਵੱਡਾ ਹੋਇਆ, ਉਸ ਨੂੰ ਆਖੋ 'ਤੂੰ ਵਡਾ ਹੈਂ, ਹੇ ਕਰਨਹਾਰ ਕਰਤਾਰ!' ਇਉਂ ਉਸ ਨੂੰ ਵਡਾ ਮੰਨਣ ਤੇ ਆਖਣ ਨਾਲ ਸੁਰਤ ਰਚਨਾਂ ਦੇ ਹਿਸਾਬਾਂ ਵਿਚੋਂ ਉਠਕੇ ਕਰਣਹਾਰ ਵਿਚ ਜਾ ਲੱਗੇਗੀ। ਰਚਨਾ ਦੇ ਹਿਸਾਬਾਂ ਵਿਚ ਖਿੰਡਾਉ ਹੈ, ਸੁਰਤ ਰਚਨਹਾਰ ਦੇ ਗੁਣਾਨੁਵਾਦ ਵਿਚ ਏਕਾਗਰਤਾ ਵਿਚ ਜਾਏਗੀ, ਕਰਤਾ ਪੁਰਖ ਵਿਚ ਟਿਕੇਗੀ। ਕੁਦਰਤ ਦੇਖੋ, ਦੇਖਕੇ ਆਖੋ; ਕਰਤਾਰ ਤੂੰ ਸਮਰਥ ਤੇ ਵੱਡਾ ਹੈਂ। ਉਸ ਦੀ ਸਲਾਹੁਤ ਕਰੋ, ਉਸ ਨਾਲ ਪ੍ਰੇਮ ਕਰੋ। 'ਕਰਤੇ ਕੁਦਰਤੀ ਮੁਸਤਾਕੁ॥' (ਤਿਲੰਗ ਮ: ੫-੪) ਕੁਦਰਤ ਤੋਂ ਕਰਤਾ ਦੇ ਪ੍ਰੇਮੀ ਬਣ ਜਾਓ।

ਸੋ ਐਉਂ ਗੁਰੂ ਜੀ 'ਦੇਸ਼' ਵਿਚ 'ਰਚੀ ਹੋਈ' ਦੀ ਵਿਸ਼ਾਲਤਾ ਦਿਖਾਕੇ ਫੇਰ ਰਚਣਹਾਰ ਦੇ ਪ੍ਰੇਮ ਤੇ ਸਿਫਤ ਸਲਾਹ ਵਿਚ ਲੈ ਆਏ ਹਨ।

ਨਿਰੁਕ੍ਤ— ਪਾਤਾਲ-(ਸੰਸ:, ਪਤ੍=ਉਤਰਨਾ) ਧਰਤੀ ਤੋਂ ਹੇਠਲਾ ਪਾਸਾ।

---

[1]ਸਕਲ ਕਾਲ ਕਾ ਕੀਆ ਤਮਾਸਾ॥

[2]ਪੁਰਾਣ ਦੱਸਦੇ ਹਨ ਕਿ ਬ੍ਰਹਮਾ ਕਮਲ ਦੀ ਨਾਲ ਵਿਚੋਂ ਪੈਦਾ ਹੋਇਆ, ਓਹ ਸ੍ਰਿਸ਼ਟੀ ਦਾ ਅੰਤ ਲੈਣ ਲਈ ਕਮਲ ਨਾਲੀ ਵਿਚ ਗਿਆ ਪਰ ਅੰਤ ਨਾ ਪਾ ਸਕਿਆ।

[3] ਵਿਪਸਚਿਤ ਤੇ ਬੱਧਿਕ ਆਦਿਕਾਂ ਦੀ ਕਥਾ ਯੋਗ ਵਸ਼ਿਸ਼ਟ ਵਿਚ ਹੈ ਕਿ ਅੰਤ ਲੈਣ ਗਏ ਅੰਤ ਨਾ ਲੈ ਸਕੇ। ਇਸੀ ਤਰ੍ਹਾਂ ਬਗਦਾਦ ਦੇ ਪੀਰ ਦੀ ਕਥਾ ਹੈ ਕਿ ਉਸ ਦੇ ਪੁਤ੍ਰ ਦੇ ਸਿਰ ਗੁਰੂ ਨਾਨਕ ਦੇਵ ਜੀ ਦੇ ਹਥ ਰਖਣ ਨਾਲ ਉਹ ਸ੍ਰਿਸ਼ਟੀ ਦੇ ਵਿਸਥਾਰ ਵਿਚ ਗਿਆ, ਪਰ ਬਿਨਾ ਅੰਤ ਪਾਏ ਵਾਪਸ ਆਇਆ।

[4]ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥ (ਗਉੜੀ ਬੈਰਾ: ਮ: ੧-੧੮)

ਆਗਾਸ-(ਸੰਸ:, ਆਕਾਸ਼=ਅਸਮਾਨ) ਧਰਤੀ ਤੋਂ ਉਪਰਲਾ ਪਾਸਾ।

ਧਰਤੀ ਤੋਂ ਹੇਠ ਸਤ ਪਤਾਲ ਮੰਨੇ ਹੋਏ ਹਨ ਤੇ ਉਪਰ ਨੂੰ ਸਤ ਆਕਾਸ਼। ਕਿਸੇ ਨੇ ਚੌਦਾਂ ਤਬਕ ਮੰਨੇ ਹਨ। ਮੁਰਾਦ ਖਗੋਲ ਵਿਦਯਾ ਵਿਚ ਇਹ ਹੈ ਕਿ ਇਕ ਖਾਸ ਵਿੱਤ ਦੇ ਸਿਤਾਰੇ ਇਕ ਖਾਸ ਅਕਾਸ਼ੀ ਮੰਡਲਾਂ ਵਿਚ ਨੇੜੇ ਤੇੜੇ ਕਿਆਸ ਕਰਕੇ ਉਹਨਾਂ ਨੂੰ ਇਕ ਖਾਸ ਆਕਾਸ਼ ਯਾ ਤਬਕ੍ਹ ਆਖੀਦਾ ਹੈ। ਜੋ ਸ਼ੈ ਹੁਣ ਅਕਾਸ਼ ਹੈ ਉਪਰ ਨੂੰ ਹੈ। ਜਦ ਧਰਤੀ ਆਪਣੀ ਚਾਲ ਵਿਚ ਘੁੰਮੇਗੀ ਤਾਂ ਉਹੋ ਪਾਸਾ ਹੇਠਾਂ ਨੂੰ ਸਾਡੇ ਪੈਰਾਂ ਤਲੇ ਵਾਲੇ ਪਾਸੇ ਹੋ ਭਾਸੇਗਾ। ਸੋ ਆਕਾਸ਼ ਪਾਤਾਲ ਦਾ ਫਰਕ ਕੋਈ ਨਹੀਂ। ਸਿਤਾਰਿਆਂ ਤੇ ਤਬਕ੍ਹਾਂ ਦਾ ਨਾਮ ਹੈ, ਓਹ ਗੁਰੂ ਜੀ ਦੱਸਦੇ ਹਨ ਕਿ ਲੱਖਾਂ ਹੀ ਹਨ। ਭਾਵ ਬੇਸ਼ੁਮਾਰ ਹਨ, ਅਸੰਖ ਹਨ।

(੨) ਲਖ-ਇਸ ਦਾ ਅਰਥ 'ਲਖ ਲੈ'='ਜਾਣ ਲੈ' ਕਰਕੇ ਕਈ ਦਾਨੇ ਤੁਕ ਦਾ ਅਰਥ ਐਉਂ ਲਾਉਂਦੇ ਹਨ:- ਪਾਤਾਲਾਂ ਦਾ ਪਾਤਾਲ=ਅਖੀਰਲਾ ਆਸਰਾ-ਪ੍ਰਮਾਤਮਾ ਹੈ-ਉਸ ਨੂੰ ਲਖ ਲੈ=ਜਾਣ ਲੈ। ਆਕਾਸ਼ਾਂ ਦਾ (ਆਕਾਸ਼=) ਪ੍ਰਕਾਸ਼ਿਕ ਓਹੋ ਪਰਮਾਤਮਾ ਹੈ, ਉਸ ਨੂੰ ਜਾਣ ਲੈ। ਇਸ ਤੋਂ ਪਰੇ ਭਾਲ ਕਰਕੇ ਥੱਕ ਕੇ ਵੇਦ ਨੇ ਕਿਹਾ-ਨੇਤਿ ਨੇਤਿ।

ਇਕ ਵਾਤ- ਇਕ ਗਲ, ਇਕ ਬਾਤ।

ਅਸੁਲੂ-(ਅ਼ਰਬੀ, ਅਸ੍ਹਲਨ=ਬਿਲਕੁਲ) ਬਿਲਕੁਲ। ਮੂਲੋਂ। ਪੰਜਾਬ ਵਿਚ ਕਈ ਥਾਂ 'ਅਸਲੋਂ' ਤੇ ਕਈ ਥਾਂ 'ਅਸਲੂ' ਪਦ 'ਮੂਲੋਂ' ਯਾ ਬਿਲਕੁਲ ਦੇ ਅਰਥਾਂ ਵਿਚ ਬੋਲਦੇ ਹਨ।

ਧਾਤੁ-(ਸੰਸ:, ਧਾ=ਧਾਰਨਾ। ਧਾਤੁ=ਕੋਈ ਮੁੱਢਲੀ ਵਸਤੂ। ਸ਼ਬਦਾਂ ਦਾ ਮੂਲ) ਮੂਲਕ ਵਸਤੂ। ਮੂਲਕ ਗਲ।

(ਅ) ਸਹਸ ਅਠਾਰਹ... ਤੁਕ ਦਾ ਅਰਥ ਐਉਂ ਬੀ ਕਰਦੇ ਹਨ: ਕਿਤਾਬਾਂ ਕਹਿੰਦੀਆਂ ਹਨ ੧੮ ਹਜ਼ਾਰ ਆਲਮ ਹੈ, ਐਸਾ ਕਹਿਣਾ ਬੀ ਅਸਲ ਵਿਚ ਇਕ ਧਾਤੁ (ਮੂਲਕ ਗੱਲ) ਕਹਿਣੀ ਹੈ। ਮੁਸਲਮਾਨਾਂ ਵਿਚ ਇਹ ਗੱਲ ਪ੍ਰਸਿੱਧ ਕਹੀ ਜਾਂਦੀ ਹੈ ਤੇ ਕਿਤੇ ਕਿਤੇ ਲਿਖਿਆ ਬੀ ਮਿਲਦਾ ਹੈ। ਜੈਸੇ-ਕੀਏ ਕੁਨ ਸੇ ਆਲਮ ਅਠਾਰਾਂ ਹਜ਼ਾਰ। (ਮੁਨਾਜਾਤ, ਸਫਾ ੧) ਪਰ ਚਾਰ ਕਿਤਾਬਾਂ ਵਿਚ ਲਿਖੀ ਹੋਈ ਇਹ ਗੱਲ ਨਹੀਂ ਮਿਲਦੀ। ਇਹ ਆਮ ਪ੍ਰਸਿੱਧ ਇਸਲਾਮੀ ਗੱਲ ਭਾਈ ਨੰਦ ਲਾਲ ਜੀ ਨੇ ਬੀ ਲਿਖੀ ਹੈ:-

ਹਯਦਹ ਹਜ਼ਾਰ ਸਜਦਾ ਬਸੂਏ ਤੋ ਮੇ ਕੁਨੰਦ।

ਪਰ ਇਹ ਅਰਥ ਠੀਕ ਨਹੀਂ ਹਨ, ਕਿਉਂਕਿ ੧੮ ਹਜ਼ਾਰ ਕਹਿਣਾ ਤਾਂ ਅੰਤ ਦੱਸ ਦੇਣਾ ਹੈ।

(ੲ) 'ਅਸੁ' ਨੂੰ ਔਂਕੁੜ ਹੋਣ ਕਰਕੇ ਅਸੁ+ਲੂ=ਘੋੜੇ ਦਾ ਇਕ ਵਾਲ ਕਰਕੇ ਬੀ ਅਰਥ ਲਾਉਂਦੇ ਹਨ:- ਕਿਤਾਬਾਂ ੧੮ ਹਜ਼ਾਰ ਕਹਿੰਦੀਆਂ (ਮਾਨੋਂ) ਘੋੜੇ (ਦੇ ਵਾਲਾਂ ਵਿਚੋਂ) ਇਕ ਵਾਲ ਕਹਿੰਦੀਆਂ ਹਨ। ਭਾਵ ਬਹੁਤ ਥੋੜਾ ਕਹਿੰਦੀਆਂ ਹਨ।

(ਪਉੜੀ ੨੩)

ਪ੍ਰਾਕ੍ਰਥਨ-ਪਿਛਲੀ ਪਉੜੀ ਵਿਚ ਦੱਸਿਆ ਸੀ ਕਿ ਕੀਤੀ ਹੋਈ ਰਚਨਾਂ ਦੀ ਵਿਸ਼ਾਲਤਾ ਅਣਗਿਣਤ ਹੈ। ਇਉਂ ਇਹ ਬਹੁਤ ਵੱਡੀ ਹੋਈ। ਹੁਣ ਵੀਚਾਰ ਕਰੋ ਕਿ ਜਿਸ ਨੇ ਇਹ ਰਚੀ ਹੈ ਅਸਲ ਵੱਡਾ ਤਾਂ ਉਹ ਹੋਇਆ ਕਿ ਜਿਸ ਨੇ ਇਹ ਸਾਜੀ ਹੈ, ਜੋ ਇਸ ਨੂੰ ਜਾਣਦਾ ਹੈ ਤੇ ਸੰਭਾਲਦਾ ਹੈ, ਤਾਂਤੇ ਸਭ ਤੋਂ ਵੱਡਾ ਉਸ ਨੂੰ ਆਖੋ। ਐਸਾ ਕਹਿਣੇ ਤੇ ਸੁਰਤ ਦ੍ਰਿਸ਼ਟਮਾਨ ਤੋਂ ਉਠਕੇ ਦ੍ਰਿਸ਼ਟਾ ਵਿਚ ਚਲੀ ਜਾਏਗੀ, ਜਿਸ ਦਾ ਅਭਿਆਸ ਸਾਈਂ-ਲੀਨਤਾ ਵਿਚ ਲੈ ਜਾਏਗਾ। ਜਿਵੇਂ ਨਦੀਆਂ ਨੂੰ ਸਮੁੰਦਰ ਵਲ ਰੁਖ਼ ਰੱਖ ਕੇ ਟੁਰਦਿਆਂ ਸਮੁੰਦਰ-ਲੀਨਤਾ ਪ੍ਰਾਪਤ ਹੁੰਦੀ ਹੈ। ਇਹ ਗਲ ਇਸ ਪਉੜੀ ਵਿਚ ਵਰਣਿਤ ਹੈ।

ਮੂਲ	ਅਰਥ
ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥	ਸਲਾਹੁਣ ਵਾਲਿਆਂ (ਉਸਦੇ ਪ੍ਰੇਮੀਆਂ) ਨੇ (ਉਸ ਪਰਮ ਪੁਰਖ ਨੂੰ ਸਲਾਹਿਆ ਹੀ) ਸਲਾਹਿਆ ਹੈ (ਪਰ ਉਨ੍ਹਾਂ ਨੇ) 'ਏਤੀ ਦੀ ਗਜਾਤ'[੧] ਨਹੀਂ ਪਾਈ।
ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥	(ਜਿਵੇਂ) ਨਦੀਆਂ ਅਤੇ ਵਾਹਿੜੇ ਸਮੁੰਦਰ ਵਿਚ ਜਾ ਪੈਂਦੇ ਹਨ (ਫੇਰ ਓਹ ਵੱਖਰੇ) ਨਹੀਂ ਜਾਣੇ ਜਾਂਦੇ (ਭਾਵ ਸਮੁੰਦਰ ਰੂਪ ਹੋ ਜਾਂਦੇ ਹਨ, ਤਿਵੇਂ ਸਲਾਹੁਤ ਕਰਨ ਵਾਲੇ ਸਲਾਹੁਤ ਕਰਦੇ ਕਰਦੇ ਉਸ ਨੂੰ ਪ੍ਰਾਪਤ ਹੋਕੇ ਉਸ ਦਾ ਰੂਪ ਹੋ ਜਾਂਦੇ ਹਨ, ਹੁਣ ਨਾ ਓਹ ਵੱਖਰੇ ਸਿਆਣੇ ਜਾਂਦੇ ਹਨ ਨਾ ਓਹ ਆਪ ਨੂੰ ਵੱਖਰੇ ਸਿਆਣਦੇ ਹਨ)। ਹੇ
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥	ਸ਼ਾਹ, ਹੇ ਸ਼ਹਿਨਸ਼ਾਹ! (ਵਾਹਿਗੁਰੂ! ਮੈਂ ਤੈਨੂੰ ਸਮੁੰਦਰ ਨਾਲ ਉਪਮਾ ਦਿਤੀ ਹੈ ਪਰ ਸਾਰੇ) ਸਮੁੰਦਰ (ਜਿਨ੍ਹਾਂ ਵਿਚ ਕਿ) ਪਹਾੜਾਂ ਸਰੀਖੇ ਮਾਲ ਧਨ (ਪਏ ਹਨ ਉਸ) ਕੀੜੀ ਦੀ ਬਰਾਬਰੀ ਨਹੀਂ ਕਰ ਸਕਦੇ ਜਿਸ ਦੇ ਮਨ ਵਿਚੋਂ ਕਿ ਤੂੰ ਨਾ ਵਿਸਰੇਂ॥੨੩॥

ਵਯਾਖਯਾ—ਪਉੜੀ ੨੨ ਦੇ ਅੰਤ ਵਿਚ ਫੁਰਮਾਇਆ ਸੀ 'ਨਾਨਕ ਵਡਾ ਆਖੀਐ' ਉਸ ਭਾਵ ਨੂੰ ਖੋਹਲਕੇ ਹੁਣ ੨੩ ਵਿਚ ਦੱਸਦੇ ਹਨ ਕਿ 'ਵਡਾ ਆਖੀਐ' ਦਾ ਭਾਵ ਸਿਫਤ ਸਲਾਹ ਕਰਨੀ ਹੈ। ਪ੍ਰਸ਼ਨ ਹੋ ਸਕਦਾ ਹੈ ਕਿ ਕਿਆ ਸਿਫਤ ਸਲਾਹ ਨਾਲ ਸਾਰੀ ਰਚਨਾ ਦੀ ਵਿਸ਼ਾਲਤਾ ਗਿਆਨ ਵਿਚ ਆ ਜਾਵੇਗੀ? ਉੱਤਰ: ਇਕ ਦ੍ਰਿਸ਼ਟਾਂਤ ਦੁਆਰ ਦੇਂਦੇ ਹਨ ਕਿ ਜਿਵੇਂ ਨਦੀਆਂ ਸਮੁੰਦਰ ਵੱਲ ਰੁਖ ਲਾ ਕੇ ਟੁਰਦੀਆਂ ਰਹਿੰਦੀਆਂ ਅੰਤ ਸਮੁੰਦਰ ਨੂੰ ਪ੍ਰਾਪਤ ਹੋ ਜਾਂਦੀਆਂ ਹਨ ਤਦ ਉਨ੍ਹਾਂ ਨੂੰ 'ਏਤੀ ਸੁਰਤਿ ਨ ਪਾਈਆ॥' ਸਮੁੰਦਰ ਦੇ ਪਾਰਾਵਾਰ ਦਾ ਗਜਾਨ ਪ੍ਰਾਪਤ ਨਹੀਂ ਹੁੰਦਾ, ਜਿਵੇਂ ਕਿ ਕਿਸੇ ਵੱਖ ਖੜੇ ਦੇਖਣਹਾਰ ਨੂੰ 'ਦਿਸ ਰਹੀ ਸ਼ੈ' ਦਾ ਗਿਆਨ ਹੁੰਦਾ ਹੈ। ਓਹ ਤਾਂ ਪਰਵੇਸ਼ ਕਰਦਿਆਂ ਨਦੀ ਨਾਲੇ ਨਹੀਂ ਰਹਿੰਦੇ ਸਮੁੰਦਰ ਹੋ ਜਾਂਦੇ ਹਨ। ਨਾ ਹੀ ਓਹ ਨਦੀ ਨਾਲੇ ਜਾਣੇ ਜਾਂਦੇ ਹਨ ਜੋ ਓਹ ਵਖਰੇ ਰਹਿਕੇ 'ਗਜਾਤਾ' ਹੋ ਕੇ 'ਗੇਯ' ਦਾ ਗਜਾਨ ਪ੍ਰਾਪਤ ਕਰ ਸਕਣ ਵਾਲੀ ਹਾਲਤ ਵਿਚ ਹੋਣ। ਓਹ ਤਾਂ ਸ਼ਰਨ ਆਏ, ਸ਼ਰਨ ਸਮਾਏ ਤਦਰੂਪ ਹੋ ਗਏ ਹਨ, ਹਾਂ, ਉਹ ਤਾਂ 'ਗੁਣ ਕਹਿ ਗੁਣੀ ਸਮਾਵਣਿਆ' (ਮਾਝ ਮ: ੩ ਅਸਟ:੩-੧) ਹੋ ਗਏ ਹਨ। 'ਸੁਰਤਿ ਨ ਪਾਈਆ' ਤੋਂ ਮਤਲਬ ਉਸ ਸੁਰਤਿ ਯਾ ਗਜਾਨ ਤੋਂ ਹੈ ਜੋ ਤ੍ਰਿਪੁਟੀ-ਗਿਆਤਾ, ਗਿਆਨ, ਗੇਯ- ਵਿਚ ਹੁੰਦਾ ਹੈ। 'ਗੇਯ' ਦੀ ਆਪਣੀ ਗਿਆਨ ਸਰੂਪਤਾ ਸੁਤੇ-ਪ੍ਰਕਾਸ਼ ਹੈ, ਉਸ ਵਿਚ ਜੋ ਲੀਨ ਹੋ ਗਏ, ਉਸ ਸਰਵੱਗਤਾ ਵਿਚ ਤਦਰੂਪ ਹੋ ਗਏ। ਇਹ ਨਹੀਂ ਸਮਝਣਾ ਚਾਹੀਏ ਕਿ ਓਹ ਅਗਜਾਨ ਵਿਚ ਚਲੇ ਗਏ। 'ਸੁਰਤਿ ਨ ਪਾਈਆ' ਦਾ ਭਾਵ ਅਗਜਾਨ ਨਹੀਂ ਹੈ, ਪਰ ਚੇਤਨ ਸਰੂਪ ਦੀ ਚੇਤਨਤਾ ਵਿਚ ਅਭੇਦ ਹੋ ਜਾਣਾ ਹੈ।

ਇਕ ਵਿਚਾਰ ਹੋਰ ਹੈ-ਪਹਿਲੀਆਂ ਦੋ ਤੁਕਾਂ ਵਿਚ ਵਾਹਿਗੁਰੂ ਨੂੰ ਸਮੁੰਦਰ ਨਾਲ ਉਪਮਾ ਦਿੱਤੀ ਹੈ,ਫੇਰ ਇਸ ਨੂੰ ਪੂਰੀ ਢੁੱਕਵੀਂ ਉਪਮਾ ਨਾ ਸਮਝਿਆ ਤੇ ਸਮੁੰਦਰ ਨੂੰ ਉਸ ਕਿਣਕੇ ਤੋਂ ਬੀ ਛੋਟਾ ਦੱਸਿਆ ਹੈ ਜੋ 'ਕਿਣਕਾ' ਕਿ ਇਕ ਨਿੱਕੀ ਕੀੜੀ ਦੇ ਛੋਟੇ ਜਿਹੇ ਮਨ ਵਿਚ ਵੱਸ ਸਕਦਾ ਹੈ। ਕਿਣਕੇ ਤੋਂ ਮਤਲਬ ਏਥੇ ਪਰਮੇਸ਼ੁਰ ਦੀ ਉਤਨੀ ਅੰਸ਼ ਮਾਤ੍ਰ ਤੋਂ ਹੈ ਜੋ ਕੀੜੀ ਦਾ ਮਨ ਧਾਰਨ ਕਰ ਸਕਦਾ

[੧] ਏਤੀ ਦਾ ਵੇਰਵਾ ਅਗਲੀ ਪਉੜੀ ਵਿਚ ਹੈ।

ਹੈ। ਕੀੜੀ ਕਿੰਨੀ ਨਿੱਕੀ ਹੈ, ਉਸ ਦਾ ਮਨ ਫੇਰ ਕੇਡਾ ਕੁ ਹੋਇਆ? ਉਸ ਮਨ ਵਿਚ ਵਾਹਿਗੁਰੂ ਕਿੰਨਾ ਕੁ ਵੱਸੇਗਾ? ਸੋ ਉਸ ਵਾਹਿਗੁਰੂ ਦੀ ਨਿੱਕੀ ਜੇਹੀ ਅੰਸ਼, ਜੋ ਕੀੜੀ ਦੇ ਨਿੱਕੇ ਜਿਹੇ ਮਨ ਵਿਚ ਵੱਸਦੀ ਹੈ, ਇੰਨੀ ਮਹੱਤਤਾ ਰਖਦੀ ਹੈ ਕਿ ਸਾਰੇ ਸਮੁੰਦਰ ਅਪਣੇ ਮਾਲ ਧਨ ਸਮੇਤ ਉਸ ਅਗੇ ਤੁੱਛ ਹਨ, ਯਥਾ:-

ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ॥ (ਸੁਖ: ੧-੧)

ਇਸ ਪਉੜੀ ਵਿਚ ਪ੍ਰਤੀਪ ਅਲੰਕਾਰ ਦਾ ਪੰਜਵਾਂ ਰੂਪ ਹੈ-ਜਿਥੇ ਉਪਮਾਨ ਨੂੰ ਉਪਮੇਯ ਦੇ ਟਾਕਰੇ ਤੇ ਤੁੱਛ ਮੰਨ ਕੇ ਉਸ ਦੀ ਸਮਤਾ ਦੇਣੀ ਅਯੋਗ ਠਹਿਰਾਈ ਗਈ ਹੈ। ਪ੍ਰਤੀਪ ਅਲੰਕਾਰ ਦਾ ਫਾਰਸੀ ਨਾਮ ਹੈ-'ਤਸ਼ਬੀਅ ਮਅ਼ਕੂਸ।'

ਪੰਜਵੀਂ ਪਉੜੀ ਵਿਚ ਜੋ 'ਸੋ ਮੈਂ ਵਿਸਰਿ ਨ ਜਾਈ' ਮੰਗਿਆ ਸੀ, ਉਸ ਦੀ ਮਹਿਮਾ 'ਜੇ ਤਿਸੁ ਮਨਹੁ ਨ ਵੀਸਰਹਿ' ਆਖਕੇ ਏਥੇ ਦਰਸਾਈ ਹੈ।

ਜਿਵੇਂ ਪਿਛਲੀਆਂ ਪਉੜੀਆਂ ਵਿਚ 'ਦੇਸ਼ ਕਾਲ' ਵਿਚ ਦਿੱਸ ਰਹੀ ਰਚਨਾ ਦੀ ਬਾਹੁੱਲਤਾ ਦਿਖਾਕੇ ਉਸ ਤੋਂ ਉਪਰ 'ਰਚਣਹਾਰ' ਦੀ ਅਪਾਰਤਾ ਤੇ ਅਪਾਰਤਾ ਵਾਲੀ ਉੱਚਤਾ ਦਰਸਾਕੇ ਆਗਿਆ ਕੀਤੀ ਸੀ 'ਨਾਨਕ ਵਡਾ ਆਖੀਐ' ਉਸੀ ਤਰ੍ਹਾਂ ਹੁਣ ਇਸ ਪਉੜੀ ਵਿਚ ਦੱਸਦੇ ਹਨ ਕਿ ਅਸੀਂ ਕਹਿ ਚੁਕੇ ਹਾਂ ਕਿ ਅਪਾਰ ਵਡਾ ਤਾਂ 'ਕਰਤਾਰ' ਹੈ, ਤੇ 'ਕੀਤੀ ਹੋਈ' 'ਦੇਸ਼ ਕਾਲ' ਵਿਚ ਵਿਸ਼ਾਲ ਹੈ, ਪਰ ਇਸ 'ਕੀਤੀ ਹੋਈ' ਤੇ ਕਰਤਾਰ ਦੇ ਵਿਚਾਲੇ ਇਕ ਹੋਰ 'ਵੱਡਾ' ਹੈ, ਜਿਸ ਦੀ ਬਰੱਬਰੀ ਇਸ ਕੀਤੀ ਹੋਈ ਵਿਚੋਂ ਕੋਈ ਨਹੀਂ ਕਰ ਸਕਦਾ। ਉਹ 'ਕੀਤੀ ਹੋਈ' ਦਾ 'ਹਿਸਾਬੀਆ' ਨਹੀਂ ਹੈ, ਪਰ ਕਰਤਾ ਨੂੰ ਸਲਾਹੁਣ ਵਾਲਾ 'ਮਨੋਂ ਕਦੀ ਨਾ ਵਿਸਾਰਨ ਵਾਲਾ' ਪ੍ਰੇਮੀ ਹੈ, ਚਾਹੇ ਉਹ ਜਗਤ ਵਿਚ ਕੀੜੀ ਵਾਂਙੂ ਇਕ ਨੀਵੀਂ ਤੋਂ ਨੀਵੀਂ ਹੈਸੀਅਤ ਵਾਲਾ ਹੋਵੇ, ਪਰ ਉਹ ਜਗਤ ਦੇ ਮਾਲ ਧਨ ਵਾਲਿਆਂ ਦੇ ਵੱਡੇ ਤੋਂ ਬੀ ਵੱਡਾ ਹੈ। 'ਅਪਾਰ' ਵੱਡੇ ਤੇ 'ਮਨੋ ਨ ਵੀਸਰਹਿ' ਦੀ ਵਡਿੱਤ ਵਾਲੇ ਬਾਬਤ ਗੁਰਬਾਣੀ ਐਉਂ ਆਖਦੀ ਹੈ:-

ਅਪਾਰ ਵੱਡਾ-**ਸਭ ਸਾਹਾ ਸਿਰਿ ਸਾਚਾ ਸਾਹੁ॥ ਵੇਮੁਹਤਾਜੁ ਪੂਰਾ ਪਾਤਿਸਾਹੁ॥** (ਰਾਮ: ਮ:੫-੩੨)

ਨਾਮ ਵਾਲਾ ਵੱਡਾ-**ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥** (ਜਪੁਜੀ-੨੫)

ਇਹ 'ਮਨਹੁ ਨ ਵੀਸਰਹਿ' ਵਾਲਾ ਕਿਉਂ ਜਗਤ ਦੇ ਸਭ ਧਨੀਆਂ ਤੋਂ ਵੱਡਾ ਹੈ? ਇਸ ਲਈ ਕਿ ਜਗਤ ਦੇ ਧਨ ਅਮੁੱਲ ਤੇ ਅਤੁੱਟ ਨਹੀਂ, ਪਰ ਇਸ ਪਾਸ ਜੋ ਨਾਮ ਧਨ ਹੈ ਉਹ ਅਮੁੱਲ ਧਨ ਹੈ, ਉਹ ਅਤੁੱਟ ਧਨ ਹੈ। ਜਿਵੇਂ ਗੁਰਬਾਣੀ ਦੱਸਦੀ ਹੈ:-

ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ॥ (ਮਾਰੂ ਮ: ੧ ਸੋਲਹੇ-੯)

ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿਨਾਮਾ ਹਰਿ ਧਨੁ ਮਾਲੁ॥ (ਕਾਨ: ਵਾਰ ਮ:੪-੫)

ਸੰਸਾਰ ਦੇ ਰਤਨ ਜ੍ਵਾਹਰ ਮਾਲ ਖ਼ਜ਼ਾਨੇ ਸਭ ਏਥੇ ਰਹਿ ਜਾਂਦੇ ਹਨ, ਨਾਲ ਨਹੀਂ ਜਾਂਦੇ, ਤਾਂਤੇ ਅਤੁਟ ਨਹੀਂ ਹਨ, ਪਰ ਹਰਿਨਾਮ ਨਾਲ ਜਾਂਦਾ ਹੈ, ਜੋ ਸਰੀਰ ਤੁੱਟ ਜਾਣ ਤੇ ਬੀ ਆਪਣਾ ਸਾਥ ਨਹੀਂ ਤੋੜਦਾ:-

ਜਿਹ ਮਾਰਗ ਇਹੁ ਜਾਤ ਇਕੇਲਾ॥ ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥ (ਸੁਖਮਨੀ ੨-੨)

ਨਿਰੁਕ੍ਤ- ਸਾਲਾਹੀ-(ਅ਼ਰਬੀ ਸੁ਼ਲਾਹ=ਨੇਕੀ, ਦਯਾਨਤਦਾਰੀ, ਪੁੰਨ ਧਰਮ ਆਦਿ)।

ਪੰਜਾਬੀ ਵਿਚ ਸਲਾਹੁਣਾ ਤੇ ਸਲਾਹੁਤ ਕਰਨੀ ਦੇ ਅਰਥ ਹਨ, ਕਿਸੇ ਦੀ ਯੋਗ ਉਪਮਾ ਕਰਨੀ। ਇਸ ਤੋਂ ਬਣਦਾ ਹੈ ਪਦ ਸਾਲਾਹੀ=ਮਹਿੰਮਾ ਕਰਨੇ ਵਾਲਾ। ਏਸੇ ਤੁਕ ਵਿਚ 'ਸਾਲਾਹੀ' ਪਦ ਬਹੁਵਚਨ ਵਿਚ ਹੈ, ਤੇ 'ਸਾਲਾਹਿ' ਪਦ ਕ੍ਰਿਯਾ ਵਿਚ ਹੈ=ਸਲਾਹਿਆ ਹੈ।

ਸਾਲਾਹੀ ਦਾ ਭਾਵ ਹੈ ਹਰੀ ਦੀ ਕੀਰਤੀ ਕਰਨੇ ਵਾਲੇ ਭਗਤ, ਸੰਤ, ਗੁਰਮੁਖ।

(੨) ਸਾਲਾਹੀ ਸਾਲਾਹਿ ਦਾ ਅਰਥ ਐਉਂ ਬੀ ਕਰਦੇ ਹਨ-ਸਲਾਹੁਤ ਦੀ ਸਲਾਹੁਤ ਕਰ।

(੩) ਸਾਲਾਹੇ ਜਾਣ ਵਾਲੇ (ਰਬ) ਦੀ ਸਲਾਹੁਤ ਕਰ। ਯਾ ਕਰਕੇ।

(੪) ਸਲਾਹੁਣੇ ਯੋਗਾਂ ਤੋਂ ਸਲਾਹੇ ਜਾਣ ਵਾਲਾ।

(੫) ਸਲਾਹੁਤ ਕਰਨ ਵਾਲੇ ਭਾਵ ਸੰਤ, ਉਨ੍ਹਾਂ ਸੰਤਾਂ ਦੀ ਸਲਾਹੁਤ ਕਰ।

(੬) ਇਤਨਾ ਚਿਰ ਸਲਾਹੁਤ ਕਰ ਜਿੰਨਾਂ ਚਿਰ ਤੇਰੀ ਸੋਝੀ ਬ੍ਰਹਮ ਰੂਪ ਨਾ ਹੋ ਜਾਏ।

ਏਤੀ-(ਹਿੰਦੀ, ਇਤਨੀ ਤੇ ਏਤੀ) ਐਤਨੀ, ਏਨੀ। ਏਤੀ ਦਾ ਭਾਵ ਏਤਨੀ ਦੀ।

ਸੁਰਤਿ ਨ ਪਾਈਆ-ਗਜਾਤ ਨਹੀਂ ਪਾਈ।

ਨਦੀਆ-(ਸੰਸ:, ਨਦੀ) ਦਰਯਾ। ਪਾਣੀ ਦਾ ਵੱਡਾ ਪ੍ਰਵਾਹ।

ਵਾਹ-(ਸੰਸ:, ਵਹਾ) ਛੋਟੀ ਨਦੀ। ਨਾਲਾ।

ਸਮੁੰਦਿ-(ਸੰਸ:, ਸਮੁਦ੍ਰ) ਸਾਗਰ।

ਨ ਜਾਣੀਅਹਿ-ਨਹੀਂ ਜਾਣੇ ਜਾਂਦੇ, ਨਹੀਂ ਪ੍ਰਤੀਤ ਦੇਂਦੇ।

(੨) ਐਉਂ ਬੀ ਲਾ ਲੈਂਦੇ ਹਨ-ਨਦੀਆਂ ਤੇ ਵਾਹੇ ਸਮੁੰਦਰ ਵਿਚ ਪੈ ਕੇ ਉਸ ਨੂੰ ਜਾਣ ਨਹੀਂ ਸਕਦੇ। ਪਰ ਜਾਣੀਅਹਿ ਦਾ ਅਰਥ ਹੈ-ਜਾਣੇ ਜਾਂਦੇ।

ਸਾਹ-(ਫ਼ਾ:, ਸ਼ਾਹ) ਰਾਜਾ।

ਸੁਲਤਾਨ-(ਅ:, ਸੁਲਤਾਨ) ਮਹਾਰਾਜਾ। ਮਹਾਰਾਜਾ ਅਧਿਰਾਜ।

(੨) ਐਉਂ ਬੀ ਅਰਥ ਲਾਉਂਦੇ ਹਨ-ਸ਼ਾਹ ਤੇ ਸ਼ਹਿਨਸ਼ਾਹ ਜਿਨ੍ਹਾਂ ਪਾਸ ਮਾਲ ਧਨ ਦੇ ਪਹਾੜ ਹਨ।

(੩) ਸਮੁੰਦਰਾਂ ਦੇ ਸ਼ਾਹ ਤੇ ਸੁਲਤਾਨ ਜਿਨ੍ਹਾਂ ਪਾਸ ਧਨ ਦੇ ਪਹਾੜ ਹਨ। ਪਰ ਚਲ ਰਹੇ ਪ੍ਰਸੰਗ ਨਾਲ ਏਹ ਦੋਏ ਘੱਟ ਢੁੱਕਦੇ ਹਨ।

ਗਿਰਹਾ-(ਸੰਸ:, ਗਿਰ=ਪਹਾੜ।) ਪਹਾੜਾਂ, ਗਿਰ ਦਾ ਬਹੁ ਵਚਨ। ੨. ਇੰਦਰ ਬੀ ਕਰਦੇ ਹਨ ਗਿਰ= ਪਹਾੜ+ਹਾ=ਤੋੜਨ ਵਾਲਾ।

ਸੇਤੀ-(ਪੰਜਾਬੀ) ਪਾਸ, ਜੋਗਾ। ੨. ਜਿੰਨਾ, ਜਿਤਨਾ।

ਕੀੜੀ-(ਸੰਸ:, ਕੀਟ) ਨਿੱਕਾ ਜਿਹਾ ਜੰਤੂ, ਜੋ ਤੁੱਛਤਾ ਦੇ ਪ੍ਰਮਾਣ ਲਈ ਵਰਤਿਆ ਜਾਂਦਾ ਹੈ।

੨. ਕੀੜੀ ਇਕ ਖਾਸ ਕੀੜਾ ਹੈ ਜੋ ਮਕੌੜੇ ਤੋਂ ਛੋਟਾ ਹੁੰਦਾ ਹੈ ਤੇ ਮਿੱਠੇ ਆਦਿਕਾਂ ਨੂੰ ਚੱਟਮ ਕਰਦਾ ਹੈ।

੩. ਨਿੰਮ੍ਰਤਾ ਜਨਾਉਣ ਲਈ ਬੀ ਵਰਤਦੇ ਹਨ। ਪੰਚਮ ਸਤਿਗੁਰੂ ਜੀ ਨੇ ਨਿੰਮ੍ਰੀ ਭੂਤ ਭਗਤ ਦੇ ਅਰਥਾਂ ਵਿਚ ਵਰਤਿਆ ਹੈ:-

ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥
ਨਾਨਕ ਅਨਿਕ ਬਾਰ ਨਮੋ ਨਮਹ ॥ (ਸਲੋਕ ਸਹਸ: ਮ: ੫-੬੩)

ਇਨ੍ਹਾਂ ਹੀ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਪਦ ਏਥੇ ਵਰਤਿਆ ਹੈ।

ਕਬੀਰ ਜੀ ਨੇ ਬੀ ਲਿਖਿਆ ਹੈ:-

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ॥੨੩੮॥ (ਸਲੋਕ ਕਬੀਰ ਜੀ)

(ਪਉੜੀ ੨੪)

ਪ੍ਰਾਕ੍ਰਥਨ-ਪ੍ਰਸ਼ਨ ਹੁੰਦਾ ਹੈ ਕਿ ਕਰਤਾ ਪੁਰਖ ਦੀ ਜ਼ਾਤ ਯਾ ਸਿਫਤਾਂ, ਯਾ ਕਰਨਿਆਂ, ਯਾ ਦਾਤਾਂ ਬਾਬਤ ਏਤੀ ਦੀ ਸੁਰਤ ਕਿਉਂ ਨਹੀਂ ਪੈਂਦੀ? ਉੱਤਰ: ਉਹ ਬੇਅੰਤ ਹੈ, ਉਸ ਦਾ ਤੇ ਉਸ ਸੰਬੰਧੀ ਸਾਰੇ ਕੁਛ ਦਾ ਅੰਤ ਮਿਤ ਵਾਲੇ ਜੀਵ ਤੋਂ ਨਹੀਂ ਲਿਆ ਜਾ ਸਕਦਾ। ਇਹ ਗੱਲ ਅਗਲੀ ਪਉੜੀ ਵਿਚ ਦੱਸੀ ਹੈ।

ਮੂਲ	ਅਰਥ
ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥	(ਕਰਤਾਰ ਦੀਆਂ) ਸਿਫ਼ਤਾਂ ਦਾ ਅੰਤ ਨਹੀਂ, ਨਾਂ ਹੀ (ਉਨ੍ਹਾਂ ਸਿਫ਼ਤਾਂ ਦੇ) ਕਹਿਣੇ ਦਾ ਅੰਤ ਹੈ। (ਕਰਤਾਰ ਦੇ) ਕਰਣਿਆਂ ਦਾ ਅੰਤ ਨਹੀਂ, ਨਾ ਹੀ (ਉਸ ਦੀਆਂ ਦਾਤਾਂ) ਦੇਣੇ ਦਾ (ਕੋਈ) ਅੰਤ ਹੈ। (ਕਰਤਾਰ ਦਾ) ਦੇਖਣਾ ਅਨੰਤ ਹੈ (ਉਸਦਾ) ਸੁਣਨਾ ਅਨੰਤ ਹੈ। (ਕਰਤਾਰ ਦੇ) ਮਨ ਵਿਚ ਕੀ ਸਲਾਹ ਹੈ? (ਇਸ ਦਾ ਬੀ) ਅੰਤ ਨਹੀਂ ਲਿਆ ਜਾ ਸਕਦਾ। ਅੰਤ ਨਹੀਂ ਪਤਾ ਲਗਦਾ (ਕਦੋਂ) ਕੀਤਾ ਸੀ ਆਕਾਰ (ਕਰਤਾਰ ਨੇ ਇਸ ਰਚੀ ਹੋਈ ਰਚਨਾਂ ਦਾ, ਤੇ) ਨਾਂ ਹੀ (ਇਸ ਦੇ) ਪਾਰ ਉਰਾਰ ਦਾ ਪਤਾ ਲਗਦਾ ਹੈ। ਅੰਤ (ਨੂੰ ਪਾਉਣ) ਲਈ ਕਈ ਤਰਲੇ ਪਏ ਲੈਂਦੇ ਹਨ, (ਪਰ) ਉਸ ਦੇ ਅੰਤ ਪਤਾ ਨਹੀਂ ਲਗਦੇ। ਇਸ ਅੰਤ ਨੂੰ ਕੋਈ ਨਹੀਂ ਜਾਣਦਾ। (ਜਿੰਨਾ) ਬਹੁਤਾ ਕਹੀਦਾ ਹੈ (ਉੱਨਾ ਹੀ) ਬਹੁਤਾ (ਕਹਿਣੇ ਜੋਗ ਅਜੇ ਹੋਰ) ਹੁੰਦਾ ਹੈ (ਅਮਿਤ ਹੋਣ ਕਰਕੇ)।
ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥	ਉਹ ਮਾਲਕ (ਹੈ, ਸਭ ਤੋਂ) ਵੱਡਾ ਹੈ (ਉਸ ਦਾ) ਸਥਾਨ (ਸਭ ਤੋਂ) ਉੱਚਾ ਹੈ; (ਉਸ) ਉੱਚੇ (ਸਥਾਨ) ਪੁਰ (ਪਹੁੰਚਣੇ ਲਈ)ਉੱਚਾ (ਉਸ ਦਾ) ਨਾਉਂ ਹੈ। ਏਡਾ ਵੱਡਾ ਉੱਚਾ (ਜੇ) ਕੋਈ ਹੋ (ਜੇਡਾ ਉੱਚਾ ਕਿ ਉਹ ਹੈ ਤਾਂ) ਉਸ ਉੱਚੇ ਨੂੰ ਉਹ ਜਾਣ ਸਕੇ। (ਪਰ) ਜਿੱਡਾ ਵੱਡਾ ਉਹ ਆਪ ਹੈ (ਉਹ) ਆਪ ਹੀ (ਅਪਣੇ) ਆਪ ਜਾਣਦਾ ਹੈ (ਹਾਂ) ਆਪ ਹੀ ਆਪ (ਭਾਵ ਨਿਰਾ ਆਪ ਹੀ) ਜਾਣਦਾ ਹੈ।
ਨਾਨਕ ਨਦਰੀ ਕਰਮੀ ਦਾਤਿ ॥ ੨੪॥	(ਪਰ) ਹੇ ਨਾਨਕ! (ਇਹ ਗੱਲ ਨਿਸਚਿਤ ਹੈ, ਕਿ ਜੋ ਕੁਛ ਮਿਲਦਾ ਹੈ ਉਸਦੀ ਦਾਤ ਹੈ ਤੇ) ਦਾਤ (ਉਸ ਦੀ) ਕ੍ਰਿਪਾ ਦ੍ਰਿਸ਼ਟੀ ਤੇ ਬਖਸ਼ਿਸ਼ ਨਾਲ (ਹੀ ਪ੍ਰਾਪਤ ਹੁੰਦੀ) ਹੈ॥੨੪॥

ਵਜਾਖਜਾ- 'ਤਾਕੇ ਅੰਤ ਨ ਪਾਏ ਜਾਹਿ॥' 'ਅੰਤ' ਪਦ ਬਹੁ-ਵਚਨ ਹੈ-ਉਸਦੇ ਅੰਤ। ਅੰਤ ਤੋਂ ਮੁਰਾਦ ਹੈ ਉਸਦੀ ਜ਼ਾਤ ਦਾ ਅੰਤ, ਉਸ ਦੀਆਂ ਸਿਫ਼ਤਾਂ, ਕਰਣੇ, ਵੀਚਾਰ ਆਦਿ ਦੇ ਅੰਤ। ਉਹ ਸੱਚਾ ਹੈ ਤੇ ਉਸਦੇ ਕਰਣੇ ਵੀਚਾਰ ਉਸਦੇ ਹੋਣ ਕਰਕੇ ਸੱਚੇ ਹਨ,

ਸਚੇ ਤੇਰੇ ਕਰਣੇ ਸਰਬ ਬੀਚਾਰ॥ (ਵਾਰ ਆਸਾ ਮ: ੧-੨)

ਜਿਵੇਂ ਉਸਦੇ ਕਰਣੇ ਉਸ ਵਾਂਙ ਸੱਚੇ ਹਨ ਤਿਵੇਂ ਉਸ ਵਾਂਙ ਅਨੰਤ ਹਨ। ਏਥੇ ਕਾਰਣ ਇਉਂ ਦੱਸਦੇ

ਹਨ: ਕਿ 'ਵਡਾ ਸਾਹਿਬੁ ਊਚਾ ਥਾਉ' ਹੈ। ਅਰਥਾਤ ਨਾ ਉਸ ਜੇਡਾ ਕੋਈ ਵਡਾ ਹੈ ਨਾ ਕੋਈ ਉੱਚਾ ਹੈ, ਇਸ ਕਰਕੇ ਅੰਤ ਕੋਈ ਨਹੀਂ ਪਾ ਸਕਦਾ। ਜਿਸ ਦੀ ਜ਼ਾਤ ਅਨੰਤ ਹੈ ਸਫਾਤ ਬੀ ਅਨੰਤ ਹੋਣਗੀਆਂ:-

ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥ (ਆਸਾ ਮ: ੧)

ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ॥ (ਦੇਵ: ਮ:੫-੧)

ਉਸ ਦੇ ਕਰਨੇ ਤੇ ਵੀਚਾਰ ਬੀ ਅਨੰਤ ਹਨ, ਕਿਉਂਕਿ ਉਸ ਵਰਗੇ ਜੋ ਹੋਏ

ਸਚੇ ਤੇਰੇ ਕਰਣੇ ਸਰਬ ਬੀਚਾਰ॥ (ਵਾਰ ਆਸਾ ਮਹਲਾ: ੧-੨)

ਜਿਵੇਂ ਕਰਣੇ ਤੇ ਬੀਚਾਰ ਸਚੇ ਦੇ ਹੋਣ ਕਰਕੇ ਸਚੇ ਹਨ ਤਿਵੇਂ ਅਨੰਤ ਦੇ ਕਰਣੇ ਤੇ ਬੀਚਾਰ ਅਨੰਤ ਦੇ ਹੋਣ ਕਰਕੇ ਅਨੰਤ ਹੋਏ। ਤਿਵੇਂ ਉਸ ਦੀ ਦਾਤ ਬੇਅੰਤ ਹੈ, ਐਨੀ ਕਿ ਲੈਣ ਵਾਲੇ ਲੈਂਦੇ ਲੈਂਦੇ ਥੱਕ ਪੈਂਦੇ ਹਨ ਤੇ ਦੇਂਦਾ ਦੇਂਦਾ ਦੇਣਹਾਰ ਨਹੀਂ ਥੱਕਦਾ। ਇਸੇ ਕਰਕੇ ਫੁਰਮਾਣਾ ਹੈ:-

ਜੇਵਡੁ ਆਪਿ ਤੇਵਡ ਤੇਰੀ ਦਾਤਿ॥ (ਆਸਾ ਮ: ੧)

ਜਿਵੇਂ ਕਰਣੇ ਤੇ ਬੀਚਾਰ ਅਨੰਤ ਹਨ ਤਿਵੇਂ ਵੇਖਣ ਤੇ ਸੁਣਨ ਦਾ ਅੰਤ ਨਹੀਂ, ਬੇਅੰਤ ਦੇ ਜੁ ਹੋਏ। ਉਹ ਰਚਨਾ ਰਚਕੇ ਰਚੀ ਹੋਈ ਵਿਚ ਬਹਿਕੇ ਵੇਖਦਾ ਹੈ, ਸੰਭਾਲਦਾ ਹੈ, ਖੁਸ਼ ਹੁੰਦਾ ਹੈ-

ਕਰਿ ਆਸਣੁ ਡਿਠੋ ਚਾਉ॥ (ਵਾਰ ਆਸਾ ਮ: ੧-੧)

ਪ੍ਰਸ਼ਨ- ਉਹ ਅਰੂਪ, ਅਰੇਖ, ਅਰੰਗ ਕੀਕੂੰ ਦੇਖਦਾ ਹੈ?

ਉੱਤਰ- **ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ......॥** (ਧਨਾ: ਮ: ੧)

ਕੀਕੂੰ ਉਹ- **ਸਰਬ ਨੈਨ ਆਪਿ ਪੇਖਨਹਾਰਾ॥** (ਸੁਖਮਨੀ ੨੩-੬) ਹੋ ਜਾਂਦਾ ਹੈ?

ਉੱਤਰ- **ਸਭ ਮਹਿ ਜੋਤਿ ਜੋਤਿ ਹੈ ਸੋਇ॥** (ਧਨਾ: ਮ: ੧)

ਓਹ ਅਨੰਤ ਵੇਖਣ ਵਾਲੀ ਨਜ਼ਰ ਵੇਖ ਵੇਖਕੇ ਕੀ ਕਰਦੀ ਰਹਿੰਦੀ ਹੈ?

ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ (ਜਪੁਜੀ-੩੭)

ਜੀਕੂੰ ਵੇਖਦਾ ਹੈ ਤੀਕੂੰ ਸੁਣਦਾ ਬੀ ਹੈ। ਪੰਚਮ ਗੁਰੂ ਜੀ ਦੱਸਦੇ ਹਨ:-

ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ॥ (ਸੋਰਠਿ ਮ: ੫-੯੩)

ਕੀਕੂੰ ਸੁਣਦਾ ਹੈ? ਉਤਰ: ਸਭ ਦੇ ਅੰਤਰ ਬੈਠਾ ਹੈ- ਅੰਤਰਯਾਮੀ। ਅੰਦਰ ਫੁਰਨੇ ਫੁਰਦਿਆਂ, ਅਰਜ਼ ਕਰਦਿਆਂ, ਹਰ ਤਰ੍ਹਾਂ ਹਰ ਵੇਲੇ ਜਾਣ ਜਾਂਦਾ ਹੈ, ਇਉਂ ਸੁਣਦਾ ਹੈ ਤੇ ਉਸ ਦੇ ਸੁਣਨੇ ਅਨੰਤ ਤਰ੍ਹਾਂ ਦੇ ਹਨ।

ਫਿਰ- '**ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥**' (ਗੋਂਡ ਮ: ੫-੫)

ਇਸ ਕਰਕੇ ਉਸ ਦੇ ਮਨ ਦੇ ਮੰਤ ਨੂੰ ਕੌਣ ਜਾਣ ਸਕਦਾ ਹੈ? ਫਿਰ ਉਹ ਅਨੰਤ ਹੈ, ਉਹ ਮੰਤ ਕੀਕੂੰ ਅੰਤ ਵਾਲੇ ਤੋਂ ਜਾਣੇ ਜਾ ਸਕਦੇ ਹਨ।

ਇਥੋਂ ਤਾਈਂ ਕਰਤਾ ਪੁਰਖ ਦੀ ਜ਼ਾਤ ਤੇ ਜ਼ਾਤ ਸੰਬੰਧੀ ਸਿਫਾਤ ਤੇ ਹੋਰ ਗੱਲਾਂ ਦਾ ਜ਼ਿਕਰ ਕੀਤਾ ਹੈ। ਗੋਯਾ ਐਥੋਂ ਤਾਈਂ 'ਕਰਤਾ' ਪੱਖ ਦਾ ਜ਼ਿਕਰ ਸੀ, ਹੁਣ ਦੂਸਰਾ ਪੱਖ ਉਸ ਦੀ 'ਕੀਤੀ ਹੋਈ' ਦਾ ਲੈਂਦੇ ਹਨ। ਇਸ ਜ਼ਿਕਰ ਵਿਚ ਤ੍ਰੈ ਵੰਡਾਂ ਬੇਮਲੂਮੇ ਪਈਆਂ ਹੋਈਆਂ ਹਨ -ਕਾਲ, ਵਸਤੂ ਤੇ ਦੇਸ਼। ਤੇ ਫੇਰ ਸਾਰੀ ਗੱਲ ਦੋ ਸਤਰਾਂ ਵਿਚ ਮੁਕਾ ਦਿੱਤੀ ਹੈ। ਪਉੜੀ ੨੧ ਵਿਚ ਜ਼ਿਕਰ ਕਰ ਆਏ ਹਨ ਕਿ ਪੰਡਿਤ, ਕਾਜ਼ੀ, ਜੋਗੀ, ਪੁਰਾਣ, ਕੁਰਾਣ, ਥਹੁ ਨਾ ਦੱਸ ਸਕੇ ਕਿ ਕਾਲ ਕਦੋਂ ਬਣਿਆ ਯਾ ਕਾਲ ਵਿਚ ਰਚਨਾਂ ਕਦੋਂ ਬਣੀ ਸੀ। ਫੇਰ ਪਉੜੀ ੨੨ ਵਿਚ ਦੱਸਿਆ ਸੀ ਕਿ ਵੇਦ, ਕਤੇਬ, ਪੁਰਾਣ, ਰਿਖੀ, ਮੁਨੀ, ਉਲਮਾਵ ਆਦਿ ਨਾ ਦੱਸ ਸਕੇ ਕਿ ਲੱਖਾਂ ਅਕਾਸ਼ਾਂ, ਪਾਤਾਲਾਂ ਅਰਥਾਤ ਦੇਸ਼ ਦਾ ਤੇ ਦੇਸ਼ (Space) ਵਿਚ ਰਚੀ ਰਚਨਾ ਦਾ ਲੇਖਾ ਕਿਤਨਾ ਕੁ ਹੈ ਤੇ ਦੱਸੋ ਕਿ ਕੇਤਾ ਕੁ ਵਿਸਥਾਰ ਹੈ ਇਸ ਦਾ। ਇਸ ਵਿਚ ਦੇਸ਼ ਤੇ ਵਸਤੂ ਦੱਸੇ ਸਨ। ਸੋ ਇਹ ਗੱਲਾਂ ਹੁਣ ਅਨੰਤਤਾ ਦੇ ਪੱਖ ਵਿਚ ਦੋ ਤੁਕਾਂ

ਵਿਚ ਕਹਿ ਜਾਂਦੇ ਹਨ-'ਅੰਤੁ ਨਾ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥' 'ਕੀਤਾ' ਪਦ ਕਾਲ ਵੱਲ ਇਸ਼ਾਰਾ ਕਰਦਾ ਹੈ-ਕਦੋਂ ਕੀਤਾ? 'ਪਾਰਾਵਾਰੁ' ਪਦ ਦੱਸਦਾ ਹੈ ਕਿ 'ਦੇਸ਼' ਵੱਲ ਸੈਨਤ ਸੱਟ ਰਹੇ ਹਨ। ਆਰ ਪਾਰ ਅਰਥਾਤ ਵਿਸਥਾਰ 'ਦੇਸ਼' ਦਾ ਲਖਾਯਕ ਹੁੰਦਾ ਹੈ। 'ਆਕਾਰੁ' ਪਦ ਵਸਤੂ ਵੱਲ ਸੈਨਤ ਸੱਟਦਾ ਹੈ ਕਿ ਵਿਸਤ੍ਰਿਤ ਦੇਸ਼ (Space) ਵਿਚ ਜੋ ਆਕਾਰ (ਸੂਰਤਾਂ ਵਾਲੇ) ਸਾਮਾਨ ਹਨ-ਲੋਕ, ਖੰਡ, ਬ੍ਰਹਮੰਡ, ਸੂਰਜ, ਤਾਰੇ, ਚੰਦ, ਪੁਰੀਆਂ ਆਦਿ।

ਹੋਰ ਅਨੰਤਤਾਈ ਦਾ ਜ਼ਿਕਰ 'ਕੇਤੇ' ਵਿਚ ਕਰ ਦਿਤਾ ਨੇ- 'ਅੰਤ ਕਾਰਣਿ ਕੇਤੇ ਬਿਲਲਾਹਿ॥' ਇਸ ਕਥਨ ਦੀ ਹੋਰਥੇ ਤਸਵੀਰ ਖਿੱਚ ਦਿੱਤੀ ਨੇ, ਯਥਾ:-

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥੧੪॥ (ਮਾਰੂ ਮ: ੧, ਸੋਲਹੇ-੨)

ਹੁਣ ਪ੍ਰਸ਼ਨ ਹੁੰਦਾ ਹੈ ਕਿ ਅੰਤ ਕਿਉਂ ਨਹੀਂ ਪੈਂਦਾ? ਤਾਂ ਫੁਰਮਾਉਂਦੇ ਹਨ'ਵਡਾ ਸਾਹਿਬੁ ਊਚਾ ਥਾਉ॥' ਸਾਹਿਬ ਸਭ ਤੋਂ ਵਡਾ ਹੈ, ਉਸ ਜੇਡਾ ਯਾ ਉਸ ਤੋਂ ਵਡੇਰਾ ਕੋਈ ਨਹੀਂ। ਉਸ ਤੋਂ ਛੋਟੇ ਉਸ ਵਡੇ ਦਾ ਅੰਤ ਪਾ ਨਹੀਂ ਸਕਦੇ। ਫਿਰ ਪ੍ਰਸ਼ਨ ਹੁੰਦਾ ਹੈ ਉਸ ਤਕ ਪਹੁੰਚ ਕਿਵੇਂ ਹੋਵੇ? ਤਾਂ ਦੱਸਦੇ ਹਨ ਕਿ ਉਸ ਦਾ ਟਿਕਾਣਾ ਉੱਚਾ ਹੈ-ਮਨ ਬਾਣੀ ਦੀ ਪਹੁੰਚ ਤੋਂ ਉੱਚਾ ਹੈ। ਹਾਂ, ਓਹ ਆਪੇ ਨੂੰ ਜਾਣਦਾ ਹੈ। ਪਰ ਉਸ ਦਾ ਜਾਣਨਾ ਸਾਡੇਆਪੇਕਜ਼ਕ ਜਾਣਨ ਵਰਗਾ ਨਹੀਂ, ਉਸ ਦਾ 'ਜਾਣਨਾ' ਆਪਣੇ ਆਪ ਹੀ ਹੈ। **'ਜੇਵਡੁ ਆਪਿ ਜਾਣੈ ਆਪਿ ਆਪਿ॥'** ਜੇਡਾ ਵਡਾ ਆਪ ਹੈ ਆਪਣੇ ਆਪ ਹੀ ਜਾਣਦਾ ਹੈ। ਆਪਣੇ ਆਪ ਜਾਣਨਾ 'ਸੁਤੇ ਗਜਾਨ ਦਾ ਲਖਾਯਕ ਹੈ। ਉਸ ਦਾ ਗਜਾਨ ਸੁਤੇ ਗਜਾਨ, ਸੁਤੇ ਪ੍ਰਕਾਸ਼ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਅਗੰਮ ਅਪਹੁੰਚ ਤਕ ਪਹੁੰਚ ਤਾਂ ਨਾ ਹੋਈ? ਉਤਰ ਦੇਂਦੇ ਹਨ ਤੇ ਦੋ ਗੱਲਾਂ ਦੱਸਦੇ ਹਨ ਪਹੁੰਚ ਸੰਬੰਧੀ:-

੧. ਨਾਮ। ੨. ਬਖਸ਼ਿਸ਼।

੧. ਨਾਮ-'**ਊਚੇ ਉਪਰਿ ਊਚਾ ਨਾਉ॥**'

੨. ਬਖਸ਼ਿਸ਼-'**ਨਾਨਕ ਨਦਰੀ ਕਰਮੀ ਦਾਤਿ॥**'

੧. ਉਸ ਦੀ ਉਚਾਈ ਤਕ ਪਹੁੰਚ ਉਸੇ ਦੇ ਨਾਮ ਦੀ ਹੈ, ਜੋ ਮਾਨੋ ਪਉੜੀ ਹੈ ਉਸ ਉਚਾਈ ਉਪਰ ਲੈ ਜਾਣ ਦੀ। ਇਕ ਥਾਂ ਹੋਰ ਸਤਿਗੁਰ ਜੀ ਨੇ ਫੁਰਮਾਇਆ ਹੈ:-

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ॥੧॥ ਰਹਾਉ॥ (ਸਿਰੀ: ਮ: ੧ ਅਸਟ:-੧੬)

ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:-**ਸਭ ਤੇ ਊਚਾ ਜਾਕਾ ਨਾਉ॥** (ਭੈਰਉ ਮ: ੫-੪੩)

ਤੀਸਰੇ ਸਤਿਗੁਰਾਂ ਨੇ ਫੁਰਮਾਯਾ ਹੈ ਕਿ ਨਾਮ ਉੱਚਾ ਹੈ, ਇਸ ਉੱਚੇ ਨਾਮ ਨਾਲ, ਸਿਮਰਣ ਵਾਲਾ ਉੱਚਾ ਹੋ ਜਾਂਦਾ ਹੈ:-

ਊਚੀ ਬਾਣੀ ਊਚਾ ਹੋਇ॥ ਗੁਰਮੁਖਿ ਸਬਦਿ ਵਖਾਣੈ ਕੋਇ॥ (ਆਸਾ ਮ: ੩-੪੨)

ਪੰਜਵੇਂ ਗੁਰਾਂ ਨੇ ਫੁਰਮਾਇਆ ਹੈ:-

ਊਚੇ ਤੇ ਊਚਾ ਪ੍ਰਭ ਥਾਨੁ॥ ਹਰਿ ਜਨ ਲਾਵਹਿ ਸਹਜਿ ਧਿਆਨੁ॥ (ਪ੍ਰਭਾਤੀ ਮ: ੫ ਅਸਟ:-੧੨)

ਭਾਵ ਨਾਮ ਸਹਿਜ ਵਿਚ ਲੈ ਜਾਂਦਾ ਹੈ, ਸਹਿਜ ਧਯਾਨ ਦੁਆਰਾ ਤੁਰੀਆ ਪਦ ਵਿਚ ਸਿਖ ਅੱਪੜ ਜਾਂਦਾ ਹੈ ਤੇ ਤੁਰੀਆ ਪਦ ਸਭ ਅਵਸਥਾ ਤੋਂ ਉਚਾ ਹੈ। ਉਥੇ ਪਹੁੰਚਕੇ ਅਨੰਤ ਪ੍ਰਭੂ ਉਸ ਨੂੰ

ਅਪਣੇ ਵਿਚ ਸਮਾ ਲੈਂਦਾ ਹੈ।

੨. ਬਖਸ਼ਿਸ਼-ਜਿਵੇਂ ਨਦੀਆਂ ਨਾਲੇ ਪਹਾੜ, ਖੱਡਾਂ, ਰੇਤੇ, ਰੜੇ ਸਭ ਥਾਵਾ ਝਾਗਦੇ ਅੰਤ ਸਮੁੰਦਰ ਲਾਗ ਜਾ ਅੱਪੜਦੇ ਹਨ, ਤਿਵੇਂ ਨਾਮ ਅਭਿਆਸੀ ਮੁਸ਼ੱਕਤਾਂ ਘਾਲਦੇ ਕਰਤਾ ਪੁਰਖ ਦੇ ਨੇੜੇ ਜਾ ਅੱਪੜਦੇ ਹਨ। ਸਰੂਪ ਵਿਚ ਤਦਰੂਪ ਹੋਣੇ ਲਈ ਫੇਰ ਇਕ ਬਖਸ਼ਿਸ਼ ਦੀ ਲੋੜ ਹੁੰਦੀ ਹੈ। ਮਿਹਰਾਂ ਦੇ ਸਾਈਂ ਨਦਰੀ ਨਦਰ ਨਿਹਾਲ ਕਰਨ ਵਾਲੇ ਕਰਤਾ ਪੁਰਖ ਜੀ 'ਨਾਨਕ ਨਦਰੀ ਕਰਮੀ ਦਾਤਿ' ਕਰਕੇ ਦੂਰੋਂ ਚੱਲਕੇ ਆਏ ਪ੍ਰੇਮੀ ਨੂੰ ਆਪ ਖਿੱਚਕੇ ਨਾਲ ਲੈਕੇ ਅਪਣੇ ਵਿਚ ਸਮਾਈ ਬਖਸ਼ਦੇ ਹਨ। ਜਿਵੇਂ ਲਾਗੇ ਆ ਪਹੁੰਚੀਆਂ ਨਦੀਆਂ ਨੂੰ ਸਮੁੰਦਰ ਅਗੋਂ ਆਪ ਆ ਕੇ ਮਿਲਦਾ ਹੈ ਤੇ ਆਪ ਆਪਣੇ ਨਾਲ ਲਿਜਾਕੇ ਅਪਣੇ ਵਿਚ ਸਮੁੰਦਰ ਰੂਪ ਕਰ ਲੈਂਦਾ ਹੈ-ਨਿਰਮਲ ਤੇ ਅਸਗਾਹ। ਇਹ ਹੈ ਭਾਵ 'ਨਾਨਕ ਨਦਰੀ ਕਰਮੀ ਦਾਤਿ' ਦਾ।

ਅਸਲ ਵਿਚ 'ਊਚਾ ਨਾਉ' ਛੇ 'ਕਰਮੀ ਦਾਤਿ' ਦੁਇ ਬਖਸ਼ਿਸ਼ਾਂ ਹਨ। 'ਊਚਾ ਨਾਉ' 'ਲਗਨ ਲੱਗਣੀ' ਹੈ ਤੇ ਪ੍ਰਾਪਤੀ ਤੱਕ ਦੀ ਅਵਸਥਾ ਹੈ, 'ਕਰਮੀ ਦਾਤਿ' ਪ੍ਰਾਪਤੀ ਹੈ। 'ਲਗਨ' ਦੀ ਮਿਹਰ ਇਸ ਤੁਕ ਵਿਚ ਦੱਸੀ ਹੈ:- ਜਿਨ ਕਉ ਨਦਰਿ ਕਰਮੁ ਤਿਨ ਕਾਰ[1]॥ ਜਦ ਪੁੱਗਣ ਦਾ ਸਮਾਂ ਆਉਂਦਾ ਹੈ ਤਾਂ ਮਿਹਰਾਂ ਦਾ ਸਾਈਂ 'ਬਾਂਹ ਪਕੜਿ ਠਾਕੁਰਿ ਹਉ ਘਿਧੀ' (ਜੈਤ: ਮ: ੫, ਛੰਤ੧) ਦੇ ਵਾਕ ਅਨੁਸਾਰ ਅਪਣੇ ਸਰੂਪ ਵਿਚ ਸਮਾ ਲੈਂਦਾ ਹੈ, ਇਹ ਹੈ 'ਪ੍ਰਾਪਤੀ' ਦੀ ਮਿਹਰ-'ਨਾਨਕ ਨਦਰੀ ਕਰਮੀ ਦਾਤਿ'। ਦੋਹਾਂ ਵਿਚ 'ਨਾਨਕ ਨਦਰੀ' ਦੀ 'ਨਦਰਿ ਨਿਹਾਲ' ਕਰਦੀ ਹੈ। ਹਾਂ ਮੇਹਰਾਂ ਦੇ ਸਾਈਂ ਦੀ ਮੇਹਰ ਨਿਹਾਲ ਕਰਦੀ ਹੈ। **ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ'**[2]॥

(ਮਾਰੂ ਮ: ੧ ਸੋਲਹੇ-੨)

ਦੋ ਵਸੀਲੇ ਜੋ ਦੱਸੇ ਹਨ 'ਨਾਮ' ਤੇ 'ਨਦਰਿ', ਦੋਹਾਂ ਵਿਚ ਦਾਰਸ਼ਨਿਕ ਕਟਾਖਜ ਹੈ, ਉਹ ਇਹ ਹੈ ਕਿ 'ਜਾਣਨ' ਨਾਲ ਤਾਂ ਜਾਣ ਨਹੀਂ ਸਕੀਦਾ, ਕਿਉਂਕਿ ਅੰਤ ਵਾਲਾ ਅਨੰਤ ਨੂੰ ਅਪਣੇ ਅੰਤ ਵਾਲੇ ਗਿਆਨ ਵਿਚ ਲਿਆ ਨਹੀਂ ਸਕਦਾ, ਇਹ ਸਿੱਧੀ ਗਲ ਹੈ। ਪਰ ਅਨੰਤ ਅੰਤ ਵਾਲੇ ਨੂੰ ਆਪਾ ਲਖਾ ਸਕਦਾ ਹੈ। ਅਰਥਾਤ ਉਸ ਦੇ ਤਜਰਬੇ ਵਿਚ ਆਪ ਨੂੰ ਲਿਆ ਸਕਦਾ ਹੈ। ਉਸ ਦਾ ਤ੍ਰੀਕਾ ਹੈ ਨਾਮ ਸਿਮਰਣ। ਇਸ ਨਾਲ ਸਿਮਰਣ ਕਰਨ ਵਾਲਾ ਅੰਤ ਦੇ ਅੰਤ ਤੇ ਅੱਪੜ ਜਾਂਦਾ ਹੈ, ਓਥੇ ਜਾ ਕੇ ਅਨੰਤ ਦੀ ਮਿਹਰ ਨਦਰ ਨਾਲ ਅਨੰਤ ਦੀ ਛੁਹ ਪ੍ਰਾਪਤ ਕਰਦਾ ਹੈ। ਇਹ ਛੁਹ ਮਾਨੋ ਉਸਦੇ ਤਜਰਬੇ ਵਿਚ, ਉਸ ਦੀ ਲੱਖਤਾ ਵਿਚ, ਉਸ ਦੇ ਅਨੁਭਵ ਵਿਚ ਆ ਜਾਂਦੀ ਹੈ ਤੇ ਉਸਦੇ ਆਤਮਾ ਵਿਚ ਆਨੰਦ ਸਰੂਪਤਾ ਦੀ ਰਸਮਯ ਪ੍ਰਤੀਤੀ (Feeling) ਛੋੜ ਜਾਂਦੀ ਹੈ। ਚਾਹੇ ਉਸ ਛਿਨ ਵਿਚ ਮਨ ਬਾਣੀ ਆਦਿ ਨਾਲ ਨਹੀਂ ਜਾਂਦੇ ਪਰ ਆਤਮਾ ਪਰਮਾਤਮਾਂ ਦੀ ਛੁਹ ਲੈ ਲੈਂਦੀ ਹੈ।

ਸੋ 'ਨਾਮ' ਕਹਿਣ ਵਿਚ ਅੰਤ ਦੇ ਅੰਤ ਤਕ ਅੱਪੜਨ ਦੀ ਜਾਚ ਦੱਸੀ।

'ਨਦਰੀ' ਕਹਿਣ ਵਿਚ ਅਨੰਤ ਦੇ ਬਿਰਦ ਦਾ ਪਤਾ ਦਿੱਤਾ ਜੋ ਅੰਤ ਦੇ ਅੰਤ ਤੇ ਅੱਪੜਿਆਂ ਨੂੰ 'ਬਾਂਹ ਪਕੜਿ ਠਾਕੁਰਿ ਹਉ ਘਿਧੀ' ਦੇ ਵਾਕ ਅਨੁਸਾਰ ਆਪਣੀ ਅਨੰਤਤਾਈ ਵਿਚ ਲੈ ਲੈਂਦਾ ਹੈ।

---

[1] ਜਿਨ੍ਹਾਂ ਤੇ ਮਿਹਰ ਹੁੰਦੀ ਹੈ ਨਾਮ ਸਿਮਰਣ ਦੀ ਕਾਰ ਓਹ ਕਰਦੇ ਹਨ।

[2] ਮੰਡੂਕ ਉਪਨਿਖਦ (੩-੨-੩) ਵਿਚ ਬੀ ਇਸੇ ਪ੍ਰਕਾਰ ਦਾ ਵਾਕ ਹੈ-ਨਾਯੰ ਆਤਮਾ ਪ੍ਰਵਚਨੇਨ ਲਭਯੋ ਨ ਮੇਧਯਾ ਨ ਬਹੁਨਾ ਸ਼੍ਰੁਤੇਨ। ਯਮੇਵ ਏਸ਼ ਵ੍ਰਿਣੁਤੇ ਤੇਨ ਲਭਜ:, ਤਸਯੈਸ਼ ਆਤਮਾ ਵਿਵ੍ਰਣੁਤੇ ਤਨੁੰ ਸ੍ਵਾਮ੍। ਨਾ ਇਹ ਆਤਮਾ (ਭਾਵ ਪਰਮਾਤਮ ਦੇਵ) ਪੜ੍ਹਨੇ ਨਾਲ ਲਭਦਾ ਹੈ, ਨਾ ਬੁੱਧੀ ਦੀਆਂ (ਬਾਰੀਕ ਬੀਨੀਆਂ) ਨਾਲ, ਨਾ ਬਹੁਤ ਸੁਣਨੇ ਨਾਲ ਪ੍ਰਾਪਤ ਹੁੰਦਾ ਹੈ। ਜਿਸ ਨੂੰ ਇਹ ਆਪ ਨਿਸ਼ਚੇ ਚੁਣ ਲੈਂਦਾ ਹੈ ਉਸ ਨੂੰ ਲੱਭ ਪੈਂਦਾ ਹੈ, ਉਸ ਦੇ ਵਾਸਤੇ ਇਹ ਆਤਮਾ ਅਪਣੇ ਸਰੂਪ ਨੂੰ ਖੁਹਲ ਦੇਂਦਾ ਹੈ।

'ਨਦਰੀ' ਕਹਿਕੇ ਫੇਰ 'ਕਰਮੀ' ਤੇ 'ਦਾਤਿ' ਕਿਹਾ। ਇਸ ਦੁਹਰਾਉਣ ਦਾ ਤਾਤਪਰਜ ਇਹ ਜਾਪਦਾ ਹੈ ਕਿ ਨਾਮ ਵਿਚ ਲਗ ਪੈਣਾ ਤੇ ਅੰਤ ਦੇ ਅੰਤ ਤਕ ਸਿਮਰਣ ਦੁਆਰਾ ਅੱਪੜ ਪੈਣਾ ਇਹ ਬੀ ਇਕ ਤਰ੍ਹਾਂ ਦੀ ਦਾਤ ਹੈ। ਹਾਂ ਦਾਤੇ ਦਾ ਕਰਮ (ਬਖਸ਼ਿਸ਼) ਹੈ। ਅਗਲੀ ਪਉੜੀ ਵਿਚ ਆਪ ਹੀ ਫੁਰਮਾਉਣਗੇ ਕਿ 'ਸਿਫਤ ਸਲਾਹ' ਬੀ ਦਾਤ ਹੈ ਤੇ ਦਾਤਾ ਬਖਸ਼ਦਾ ਹੈ। ਸਿਫਤ ਸਲਾਹ ਤੇ ਨਾਮ ਓਤਪੋਤ ਰਲਵੇਂ 'ਹਜ਼ੂਰੀ' ਵਿਚ ਰੱਖਣ ਦੇ ਉਪਾਉ ਹਨ।

ਇਸ ਪਉੜੀ ਦੀ ਤੁਕ ਵਾਰ ਵਿਵੇਚਨਾ ਇਹ ਹੈ:-

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥	'ਕਰਤਾ' ਦੇ ਪੱਖ ਦੀ ਅਨੰਤਤਾ	ਸਾਹਿਬ ਅਨੰਤ ਹੈ ਤੇ ਉਸ ਦੀ ਕਿਸੇ ਗੱਲ ਦਾ ਅੰਤ ਨਹੀਂ ਹੈ, ਇਸ ਕਰਕੇ ਮਿਤ ਵਾਲਾ ਉਸ ਦਾ ਅੰਤ ਨਹੀਂ ਲੈ ਸਕਦਾ ਯਾ ਜਾਣ ਨਹੀਂ ਸਕਦਾ।
ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥	ਕੀਤੀ ਹੋਈ ਦੇ ਪੱਖ ਦੀ ਬੇਸ਼ੁਮਾਰਤਾ	
ਅੰਤ ਕਾਰਣਿ ਕੇਤੇ ਬਿਲਲਾਹਿ॥ ਤਾਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥	ਉਸ ਦੇ ਆਪਣੇ ਤੇ ਉਸਦੇ ਸੰਬੰਧਤ ਪੱਖਾਂ ਦੀ ਅਨੰਤਤਾ ਜਾਣੀ ਨਹੀਂ ਜਾ ਸਕਦੀ।	
ਵਡਾ ਸਾਹਿਬੁ ਊਚਾ ਥਾਉ ॥	ਨਾ ਜਾਣ ਸਕਣੇ ਦਾ ਕਾਰਣ	ਪਰ ਉਸਦੀ 'ਪ੍ਰਾਪਤੀ' ਹੋ ਸਕਦੀ ਹੈ ਉਸ ਦੇ ਸਾਧਨ ਹੈਨ:
ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥	'ਨਾਮ' ਇਕ ਉਪਾਉ ਹੈ ਉਸ ਤੱਕ ਅੱਪੜਨ ਦਾ।	੧. 'ਨਾਮ'; ਜੋ ਪ੍ਰੇਮੀ ਨੇ ਕਰਨਾ ਹੈ।
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ॥੨੪॥	ਦੂਜਾ ਉਪਾਉ ਹੈ 'ਨਦਰ' ਜੋ ਓਹ ਆਪ ਕਰਦਾ ਹੈ।	੨. 'ਨਦਰ'; ਜੋ ਆਪ ਅਨੰਤ ਨੇ ਕਰਨੀ ਹੈ।

ਨਿਰੁਕ੍ਤ- ਅੰਤੁ-(ਸੰਸ:, ਅੰਤ) ਹੱਦ, ਹੱਦਬੰਦੀ, ਓੜਕ।

ਅੰਤੁ ਨ- ਭਾਵ ਜੋ ਸ਼ੈ ਬੇਹਦ ਹੋਵੇ ਓਹ 'ਬੇਅੰਤ', 'ਅਨੰਤ' ਯਾ 'ਅੰਤੁ ਨ' ਆਖੀਦਾ ਹੈ।

ਕਹਣਿ-(ਪੰਜਾ:, ਕਹਿਣ ਤੋਂ) ਕਹਿਣੇ ਦਾ। (੨) ਕਹਿਣੇ ਨਾਲ। (੩) 'ਕਹਿਣ' ਪਦ ਵਿਚ ਕਹਿਣ ਵਾਲਿਆਂ ਦੀ ਮੁਰਾਦ ਆਪੇ ਆ ਜਾਂਦੀ ਹੈ।

ਕਰਣੈ-(ਪੰਜਾਬੀ, ਕਰਨਾ ਤੋਂ) ਜੋ ਕੁਛ ਕੀਤਾ ਜਾਏ। ਕੰਮ। ਪਰ ਓਹ ਕੰਮ ਜੋ ਕੀਤੇ ਗਏ, ਕੀਤੇ ਜਾ ਰਹੇ ਤੇ ਕੀਤੇ ਜਾ ਸਕਦੇ ਹਨ।

ਦੇਣਿ-(ਪੰਜਾਬੀ, ਦੇਣਾ ਤੋਂ) ਜੋ ਦਿੱਤਾ ਜਾਏ ਯਾ ਦੇਣਾ ਹੋਵੇ। ਦਾਤ।

ਮੰਤੁ-(ਸੰਸ:, ਮੰਤ੍ਰ।) ਸਲਾਹ, ਮਸ਼ਵਰਾ।

ਨਦਰ-(ਅ਼ਰ; ਨਜ਼ੁਰ) ਦ੍ਰਿਸ਼ਟੀ ੨. ਮਿਹਰਾਂ ਦੀ ਦ੍ਰਿਸ਼ਟੀ।

ਨਦਰੀ-ਮੇਹਰ ਦੀ ਨਜ਼ਰ ਪਾਉਣ ਵਾਲਾ। ਦਿਆਲੂ, ਕ੍ਰਿਪਾਲੂ।

ਕਰਮੀ-(ਅ਼ਰਬੀ, ਕਰਮ) ਕਰਮ=ਮੇਹਰ। ਕਰਮੀ, ਮੇਹਰ ਦੁਆਰਾ।

(ਅ) ਏਥੇ ਕਰਮੀ ਦਾ ਅਰਥ 'ਕਰਮਾਂ' ਅਰਥਾਤ 'ਫੇਅ਼ਲਾਂ ਦੁਆਰਾ' ਕਰਨਾ ਅਪ੍ਰਸੰਗਕ ਹੈ ਕਿਉਂਕਿ ਅਗਲੀ ਪਉੜੀ ਵਿਚ ਇਹੋ ਪ੍ਰਸੰਗ ਮੇਹਰ ਦਾ ਚਲ ਰਿਹਾ ਹੈ।

(ਪਉੜੀ ੨੫)

ਪ੍ਰਾਕ੍ਥਨ- ਪਉੜੀ ੨੪ ਵਿਚ 'ਊਚੈ' ਤਕ ਅੱਪੜਨ ਲਈ 'ਊਚਾ ਨਾਉ' ਤੇ 'ਕਰਮੀ ਦਾਤਿ' ਦੋ ਗਲਾਂ ਦੱਸੀਆਂ ਸਨ। ਇਥੇ ਪ੍ਰਸ਼ਨ ਹੋ ਸਕਦਾ ਹੈ ਕਿ ਨਾਮ ਤਾਂ ਹੋਇਆ ਜੀਵ ਦਾ ਕੰਮ, ਚਾਹੋ ਉਹ ਬੀ ਦਾਤ ਹੀ ਹੈ, ਪਰ ਉਹ ਜਪਣਾ, ਸਿਮਰਨਾ ਆਦਿ ਜੀਵ ਦੇ ਕਰਤੱਵ ਹਨ। 'ਦਾਤਿ' ਪ੍ਰਭੂ ਦਾ ਕਰਮ ਹੈ ਜੋ ਜੀਵ ਦੇ ਵੱਸ ਦੀ ਗੱਲ ਨਾ ਹੋਈ, ਸੋ ਕੀਹ ਇਹ ਨਿਰਾਸਤਾ ਦੀ ਗੱਲ ਨਹੀਂ? ਖ਼ਬਰੇ ਨਦਰ ਹੋਵੇ ਕਿ ਨਾ? ਇਸ ਲਈ ਅਗਲੀ ਪਉੜੀ ਉਚਾਰਕੇ ਆਸ ਬਨ੍ਹਾਉਂਦੇ ਹਨ ਕਿ ਉਸ ਦੀ ਬਖਸ਼ਿਸ਼ ਬਹੁਤੀ ਹੈ, ਉਹ ਵੱਡਾ ਦਾਤਾ ਹੈ, ਸੋ ਵੱਡੇ ਦਾਤੇ ਤੋਂ, ਜੋ ਬਹੁਤ ਬਖਸ਼ਿਸ਼ ਦਾ ਮਾਲਕ ਹੈ, ਨਿਰਾਸ ਨਹੀਂ ਹੋਈਦਾ। ਉਸ ਦਾ ਤਾਂ ਬਿਰਦ ਹੀ ਬਖਸ਼ਿਸ਼ ਹੈ। ਨਿਰਾਸ ਉਸ ਤੋਂ ਹੋਈਦਾ ਹੈ ਜੋ ਨਿਸ਼ਪ੍ਰੇਹ ਨਹੀਂ, ਭਾਵ ਜਿਸ ਨੂੰ ਜੀਵਾਂ ਤੋਂ ਕੁਛ ਲੈਣੇ ਦੀ ਲਾਲਸਾ ਨਹੀਂ. ਉਸ ਦਾਤੇ ਤੇ ਵਡੇ ਦਾਤੇ ਤੋਂ ਕਿਉਂ ਨਿਰਾਸਤਾ? ਮੁਰਾਦ ਇਹ ਹੈ ਕਿ ਜਦ ਨਾਮ ਪ੍ਰੇਮੀ ਦਾ ਨਾਮ ਪੁੱਗ ਖੜੋਂਦਾ ਹੈ ਉਹ ਅਪਣੇ ਆਪ ਵਿਚ ਸ਼ੁੱਧ ਹੋਇਆ ਨਿਜ ਸਰੂਪ ਵਿਚ ਇਸਥਿਤ ਪਰਮਾਤਮ ਦੇਵ ਵੱਲ ਨਜ਼ਰ ਟਿਕਾਏ ਖੜਾ ਹੁੰਦਾ ਹੈ, ਤਾਂ ਅਨੰਤ ਦਾਤੇ ਦਾ ਬਿਰਦ ਉਸ ਨੂੰ ਅਨੰਤਤਾਈ ਵਿਚ ਖਿੱਚ ਲੈਂਦਾ ਹੈ। ਹੋਰ ਬੀ ਤਸੱਲੀ ਵਾਲੀ ਗਲ ਇਹ ਹੈ ਕਿ ਇਹ ਨਾਮ ਮਾਰਗ ਈਸ਼੍ਵਰ ਪ੍ਰੇਮ ਦਾ ਮਾਰਗ ਹੈ। ਜਿਸ ਨੂੰ ਪਿਆਰ ਕਰੋ ਉਸ ਨੂੰ ਬੀ ਪਿਆਰ ਦੀ ਖਿੱਚ ਪੈਂਦੀ ਹੈ। ਪ੍ਰੇਮ ਸਰੂਪ ਪ੍ਰਭੂ ਅਪਣੇ ਪ੍ਰੇਮੀ, ਨਾਮ ਅਭ੍ਯਾਸੀ ਨੂੰ ਪਿਆਰ ਕਰਦਾ ਹੈ, ਇਸ ਲਈ ਨਿਜ ਸਰੂਪ ਵਿਚ ਆਏ ਅਨੰਤ ਵਲ ਤੱਕ ਰਹੇ ਪਿਆਰੇ ਨੂੰ ਅਪਣੇ ਸਰੂਪ ਵਿਚ ਸਮਾਈ ਬਖ਼ਸ਼ਦਾ ਹੈ।

ਨਾਮ ਬਾਬਤ ਪਿਛੇ ਚੋਖੇ ਜ਼ਿਕਰ ਆ ਚੁਕੇ ਹਨ। ਹੁਣ 'ਕਰਮੀ ਦਾਤਿ' ਬਾਬਤ ਇਸ ਪਉੜੀ ਵਿਚ ਕੁਛ ਫ਼ੁਰਮਾਉਣ ਲਗੇ ਹਨ। ਕਰਮ ਬਹੁਤਾ ਹੈ, ਲਿਖਣ ਤੋਂ ਪਰੇ ਹੈ, ਭਾਵ ਅਮਿਤ ਹੈ, ਕਿਉਂਕਿ ਅਮਿਤ ਕਰਤੇ ਦਾ ਕਰਮ (ਫਜ਼ਲ) ਜੁ ਹੋਇਆ। ਪਰ ਦਾਤਾ ਆਪ ਲਾਲਸਾ ਤੋਂ ਮੂਲੋਂ ਖਾਲੀ ਹੈ। ਹੋਇਆ ਜੁ 'ਪ੍ਰੇਮ' ਸਰੂਪ। ਪ੍ਰੇਮ ਦਾ ਸੁਤੇ ਸੁਭਾਵ 'ਦੇਣ' ਹੈ 'ਲੈਣ' ਨਹੀਂ। 'ਤਿਲੁ ਨ ਤਮਾਇ' ਦੱਸਕੇ ਤੇ ਮੰਗਣਹਾਰਾਂ ਦੀ ਕੁਛ ਗੇਣਤੀ ਦੱਸਕੇ ਧੁਨੀ ਵਿਚ ਦੱਸਦੇ ਹਨ ਕਿ ਦਾਤਾ ਦੇਖ ਲਓ ਮੰਗਣਹਾਰਾਂ ਦੇ ਸ਼ੁਕਰੀਏ ਕਿ ਨਾਸ਼ੁਕਰੀ ਤੋਂ ਬੇ ਪਰਵਾਹ. ਉਹਨਾਂ ਦੇ ਵਰਤਾਉ ਤੋਂ ਬੇਅਸਰ, ਰਹਿਕੇ ਦਾਤਾਂ ਦੇ ਰਿਹਾ ਹੈ, ਇਸ ਕਰਕੇ ਵਡਾ ਦਾਤਾ ਹੈ। ਬਹੁਤੇ ਕਰਮ ਦਾ ਦਾਤਾ ਹੋਣ ਕਰਕੇ ਬੀ ਵੱਡਾ ਹੈ। ਉਸ ਵਡੇ ਦਾਤੇ ਪਾਸ ਇਕ ਦਾਤ 'ਮੁਕਤੀ' ਹੈ, ਪਰ ਉਹ ਭਾਣੇ ਨਾਲ ਮਿਲਦੀ ਹੈ ਤੇ ਭਾਣੇ ਤੇ ਅੱਪੜਨ ਲਈ ਸਿਫਤ ਸਲਾਹ ਦੀ ਲੋੜ ਹੈ। ਸਿਫਤ ਸਾਲਾਹ ਆਤਮ ਪਾਤਸ਼ਾਹੀ ਹੈ, ਪਾਤਸ਼ਾਹੀ ਦਾਤਾਰਗੀ ਹੈ ਅਰਥਾਤ ਪਾਤਸ਼ਾਹ ਦਾਤਾ ਹੁੰਦਾ ਹੈ। ਪਰ ਪਾਤਸ਼ਾਹੀ ਬੀ ਉਸ ਦੀ ਦਾਤਿ ਹੈ। ਇਹ ਵਿਸ਼ਯ ਇਸ ੨੫ਵੀਂ ਪਉੜੀ ਵਿਚ ਹੈ:-

ਮੂਲ	ਅਰਥ
ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥	(ਨਦਰੀ ਦਾ ਕਰਮ ਅਰਥਾਤ) ਬਖਸ਼ਿਸ਼ (ਇੰਨੀ) ਬਹੁਤੀ ਹੈ ਕਿ ਲਿਖੀ ਨਹੀਂ ਜਾ ਸਕਦੀ। (ਇਸ ਕਰਕੇ ਉਹ) ਦਾਤਾ (ਸਭ ਤੋਂ) ਵਡਾ ਹੈ (ਹਾਂ ਇਸ ਕਰਕੇ ਬੀ ਵੱਡਾ ਦਾਤਾ ਹੈ ਕਿ ਉਸ ਨੂੰ ਆਪ ਦਾਤਾਂ ਦੇ ਕੇ) ਤਿਲ ਜਿੰਨੀ ਬੀ ਲਾਲਸਾ (ਲੈਣ ਮਾਤ੍ਰ ਦੀ) ਨਹੀਂ[1],
ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥	(ਉਸ ਤੋਂ ਮੰਗਣ ਵਾਲੇ) ਕਈ (ਲੋਕ) ਹਨ; (ਪ੍ਰਤੱਖ ਦੇਖੋ ਕਿ) ਅਣਗਿਣਤ ਜੋਧੇ (ਉਸ ਤੋਂ ਦਾਤਾਂ) ਮੰਗਦੇ ਹਨ। ਕਿੰਨੇ (ਹੀ ਹੋਰ ਭਾਂਤਾਂ ਦੇ ਮੰਗਣਹਾਰੇ ਹਨ ਜਿੰਨ੍ਹਾਂ ਦੀ) ਗੇਣਤੀ ਦਾ ਵੀਚਾਰ (ਬੀ) ਨਹੀਂ ਹੋ ਸਕਦਾ, (ਪਰ ਓਹ ਕਿਸੇ ਤੋਂ ਕੋਈ ਲੋੜ ਨਹੀਂ ਰਖਦਾ)।
ਕੇਤੇ ਖਪਿ ਤੁਟਹਿ ਵੇਕਾਰ॥ ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥	ਕਿਤਨੇ (ਹੀ ਮੰਗਣ ਵਾਲੇ ਦਾਤਾਂ ਲੈ ਕੇ ਉਹਨਾਂ ਨਾਲ) ਵਿਕਾਰਾਂ (ਵਿਚ ਪੈ ਜਾਂਦੇ ਤੇ ਉਹਨਾਂ) ਨਾਲ ਖਪਕੇ (ਅੰਤ ਹੁੱਟ) ਹਾਰ ਜਾਂਦੇ ਹਨ। ਕਿੰਨੇ (ਦਾਤਾਂ) ਲੈ ਲੈ ਕੇ (ਸ਼ੁਕਰ ਨਹੀਂ ਕਰਦੇ ਸਗੋਂ ਦਾਤੇ ਤੋਂ ਹੀ) ਮੁਨਕਿਰ[2] ਹੋ ਜਾਂਦੇ ਹਨ। ਕਿੰਨੇ ਮੂਰਖ ਹਨ ਜੋ (ਇਹ ਗਲ ਸਮਝੇ ਬਿਨਾਂ ਕਿ ਕੋਈ ਦੇਣਹਾਰ ਦਾਤਾ ਹੈ) ਖਾਈ ਹੀ ਖਾਈ ਜਾਂਦੇ ਹਨ। (ਪਰ ਉਹ ਕਿਸੇ ਨਾਲ ਉਦਾਸ ਖ਼ਫ਼ਾ ਨਹੀਂ ਹੁੰਦਾ)
ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥ ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥	ਕਿੰਨਿਆਂ ਨੂੰ ਸਦਾ ਦੁੱਖ (ਤੇ) ਭੁੱਖ ਦੀ ਮਾਰ ਹੀ ਵਗੀ ਰਹਿੰਦੀ ਹੈ[3], ਹੇ ਦਾਤਾਰ! (ਇਹ ਦੁੱਖ ਭੁੱਖ ਦੀ ਮਾਰ ਤੇਰੇ ਹੱਥ ਸੰਕੋਚਣੇ ਨਹੀਂ) ਇਹ ਬੀ, ਤੇਰੀ (ਇਕ) ਦਾਤ ਹੈ[4]। ਬੰਦ ਤੋਂ ਖਲਾਸੀ (ਤੇਰੇ) ਭਾਣੇ ਦੁਆਰਾ ਹੁੰਦੀ ਹੈ। ਕੋਈ ਨਹੀਂ ਕਹਿ ਸਕਦਾ (ਕਿ ਕਿਸੇ) ਹੋਰ ਤਰ੍ਹਾਂ (ਬੀ ਹੋ ਸਕਦੀ) ਹੈ। ਜੇ ਕੋਈ ਮੂਰਖ (ਹੋਰ ਕਿਸੇ ਤਰ੍ਹਾਂ ਪ੍ਰਾਪਤ ਹੁੰਦੀ) ਦੱਸਣ ਦੀ ਦਲੇਰੀ ਕਰੇ ਤਾਂ ਉਸ ਨੂੰ ਪਤਾ ਲਗ ਜਾਏਗਾ ਕਿ ਓਹ ਕਿਤਨੀਆਂ ਕੁ ਮੂੰਹ ਉਤੇ ਖਾਂਦਾ ਹੈ, (ਯਾ ਮੂੰਹ ਦੀਆਂ ਖਾਂਦਾ ਹੈ)। (ਕਰਤਾ ਪੁਰਖ) ਆਪੇ (ਸਭ ਕੁਛ) ਜਾਣਦਾ ਹੈ (ਤੇ) ਆਪ ਹੀ (ਇਹ ਦਾਤ) ਦੇਂਦਾ ਹੈ। (ਇਹ ਗਲ) ਕਹਿਣੇ ਵਾਲੇ ਹੈਨ (ਤਾਂ ਸਹੀ ਪਰ) ਓਹ ਬੀ ਵਿਰਲੇ ਹੈਨ। (ਭਾਵ-ਭਾਣੇ ਵਾਲੇ ਵਿਰਲੇ ਹਨ)।
ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥	(ਭਾਣੇ ਤੇ ਆਉਣ ਲਈ ਦਾਤਾ) ਜਿਸ ਨੂੰ (ਆਪਣੀ) ਸਿਫਤ ਸਲਾਹ (ਦੀ ਦਾਤ) ਬਖਸ਼ਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ (ਭਾਵ ਉਹ ਆਪ ਜਗਤ ਦਾ ਦਾਤਾ ਹੋ ਜਾਂਦਾ ਹੈ, ਯਾਚਕ ਨਹੀਂ ਰਹਿੰਦਾ।)॥੨੫॥

[1] ਉਹ 'ਨਿਖ੍ਪ੍ਰੇਹ' (=ਸੰਪੂਰਨ ਤੌਰ ਤੇ ਇਛਾ ਰਹਿਤ) ਹੈ।

[2] ਉਸ ਦਾ ਇਨਕਾਰ ਕਰਨ ਲਗ ਜਾਂਦੇ ਹਨ। [3] ਭਾਵ ਦੁਖੀ ਤੇ ਸਦਾ ਥੁੜ ਵਿਚ ਰਹਿੰਦੇ ਹਨ।

[4] ਕਿਉਂਕਿ ਇਸ ਦਾਤ ਨਾਲ ਅਨੇਕਾਂ ਲੋਕ ਭੈ ਵਿਚ ਆ ਕੇ ਪਾਪ ਛੱਡਕੇ ਉੱਚ ਜੀਵਨ ਵਿਚ ਆ ਜਾਂਦੇ ਹਨ, ਇਹ ਬੀ ਉਨ੍ਹਾਂ ਨਾਲ ਉਦਾਸੀ ਰੰਜ ਨਹੀਂ, ਪਰ ਇਹ ਉਨ੍ਹਾਂ ਨੂੰ 'ਸੁਧਾਰ' ਦਾਨ ਹੋ ਰਿਹਾ ਹੈ।

"ਦੁਖੁ ਦਾਰੂ ਸੁਖੁ ਰੋਗੁ ਭਇਆ॥" (ਵਾਰ ਆਸਾ ਮ: ੧-੧੨)

ਵਜਾਖਜਾ–ਉਪਰ ਪ੍ਰਾਕ੍ਕਥਨ ਵਿਚ ਦੱਸਿਆ ਗਿਆ ਹੈ ਕਿ ਇਸ ਪਉੜੀ ਦੀ ਧੂਨੀ ਇਹ ਹੈ ਕਿ ਨਾਮ ਵਿਚ ਲਗ ਪਓ, ਇਹ ਤੁਹਾਡਾ ਕਰਤੱਵਜ ਹੈ। ਦਾਤਾ ਵਡਾ ਦਾਤਾ ਹੈ ਤੇ ਲੈਣ ਹਾਰਿਆਂ ਤੋਂ ਕੁਛ ਬੀ ਲੈਣ ਤੋਂ ਅਚਾਹ ਹੈ, ਓਹ ਦੇਂਦਾ ਹੀ ਦੇਂਦਾ ਹੈ। ਮਾੜਿਆਂ ਨੂੰ ਬੀ ਦੇਂਦਾ ਹੈ। ਓਹ ਦਾਤਾ ਨਾਮ ਵਿਚ ਪੁੱਗੇ ਨੂੰ ਮੁਕਤੀ ਦਾਨ ਯਾ ਅਪਣੇ ਸਰੂਪ ਵਿਚ ਸਮਾਈ ਅਪਣੇ 'ਦਾਤਾ-ਬਿਰਦ' ਕਰਕੇ ਅਪਣੇ ਆਪ ਦੇਵੇਗਾ।

ਬਾਕੀ ਪਉੜੀ ਦਾ ਵੀਚਾਰ ਇਸ ਪ੍ਰਕਾਰ ਹੈ:-

ਪਉੜੀ ੨੪ ਵਿਚ- 'ਨਾਨਕ ਨਦਰੀ ਕਰਮੀ ਦਾਤਿ' ਕਹਿਕੇ ਪਤਾ ਦਿਤਾ ਸੀ ਕਿ ਦਾਤ 'ਕਰਤਾ ਪੁਰਖ' ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ, ਹੁਣ ਦੱਸਦੇ ਹਨ ਕਿ ਬਖਸ਼ਿਸ਼ ਅਮਿਤ ਹੈ। ਅਮਿਤ ਬਖਸ਼ਿਸ਼ ਦਾ ਦਾਤਾ ਆਪੇ ਸਭ ਤੋਂ ਵਡਾ ਹੋਇਆ। ਯਾ ਵਡਾ ਹੋਣ ਕਰਕੇ ਦਾਤੇ ਦੀ ਬਖਸ਼ਿਸ਼ ਵਡੀ (ਅਮਿਤ) ਹੋਈ। ਇਕ ਹੋਰ ਕਾਰਣ ਵਡੇ ਹੋਣ ਦਾ ਇਹ ਦੱਸਦੇ ਹਨ ਕਿ ਉਸ ਦਾਤੇ ਨੂੰ ਦੇਣ ਤਾਂ ਆਉਂਦਾ ਹੈ, ਪਰ ਓਹ ਲੈਣ ਦੀ ਲਾਲਸਾ ਤਿਲ ਜਿੰਨੀ ਵੀ ਨਹੀਂ ਰਖਦਾ। ਇਹ ਨਿਰ-ਇੱਛਤਾ ਉਸ ਦੀ ਸੁਤੇ ਹੈ ਕਿਉਂਕਿ ਉਹ ਕਾਮਨਾ ਰਹਿਤ ਬੀ ਸੁਤੇ ਸਿੱਧ ਹੈ। ਐਉਂ ਕਿ ਉਹ ਸੁਹਣਾ ਕਰਤਾ ਪੁਰਖ ਸਦਾ ਸਤਜ ਹੈ, ਚੇਤਨਤਾ ਹੈ ਤੇ ਓਹ ਪ੍ਰਿਜ ਸਰੂਪ ਹੈ, ਅਰਥਾਤ ਆਪ 'ਪ੍ਰੇਮ' ਹੈ:-

ਆਪੇ ਪ੍ਰੀਤ ਪ੍ਰੇਮ ਪਰਮੇਸੁਰੁ......॥ (ਪ੍ਰਭਾਤੀ ਮ: ੧-੧੧)

'ਪ੍ਰੇਮ' ਦਾ ਸੁਤੇ ਸੁਭਾਵ ਹੈ 'ਦੇਣ'। ਪ੍ਰੇਮ ਸਰੂਪ ਹੋਣ ਕਰਕੇ ਪਰਮਾਤਮਾ ਸਦਾ 'ਦੇਣ' ਵਿਚ ਹੈ। ਦਾਨੇ ਇਸ ਪ੍ਰਕਾਰ ਬੀ ਕਹਿੰਦੇ ਹਨ ਕਿ ਆਤਮਾ ਦਾ ਸੁਭਾਵ ਯਾ ਇਕ ਲੱਛਣ ਹੈ 'ਦੇਣ', ਮਾਇਆ ਦਾ ਸੁਭਾਵ ਹੈ 'ਲੈਣ'। ਪਰਮ ਆਤਮਾ ਅਪਣੇ 'ਦੇਣ' ਸੁਭਾਵ ਵਿਚ ਮਾਨੋ ਅਪਣੀ ਅੰਸ਼ 'ਦਾਨ' ਕਰਦਾ ਹੈ, ਜਿਸ ਨੂੰ ਕਬੀਰ ਜੀ ਨੇ ਕਿਹਾ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੋਂਡ ਕਬੀਰ ਜੀ-੫)

ਹੁਣ ਦੇਖੋ ਇਸ ਇਨਸਾਨ ਵਿਚ ਪਰਮ ਆਤਮ ਅੰਸ਼ ਬੀ ਹੈ ਤੇ ਮਾਯਾ ਬੀ ਹੈ ਸੋ ਇਨਸਾਨ ਦੇ ਸੁਭਾਵ ਵਿਚ ਦੇਣ ਤੇ ਲੈਣ ਦੁਇ ਲੱਛਣ ਹੈਨ। ਜੋ ਜੋ ਜੀਵ ਪਰਮ ਆਤਮਾ ਦੇ ਨੇੜੇ ਹੁੰਦੇ ਜਾਂਦੇ ਹਨ ਉਹਨਾਂ ਵਿਚ 'ਦੇਣ' ਦਾ ਲੱਛਣ ਵਧਦਾ ਜਾਂਦਾ ਹੈ; ਜੋ ਜੋ ਵਧੀਕ ਦੂਰ ਹੁੰਦੇ ਜਾਂਦੇ ਹਨ ਉਹਨਾਂ ਵਿਚ 'ਲੈਣ' ਦਾ ਲੱਛਣ ਵਧਦਾ ਜਾਂਦਾ ਹੈ। ਪਰਮਾਤਮਾ ਸ਼ੁਧ ਹੈ, ਪੂਰਨ ਹੈ, ਉਸ ਵਿਚ ਲੈਣ ਦੀ ਸੰਭਾਵਨਾ ਮੂਲੋਂ ਨਹੀਂ ਹੈ। ਇਸ ਕਰਕੇ ਸਤਿਗੁਰ ਜੀ ਨੇ ਫੁਰਮਾਜਾ ਹੈ:-'ਤਿਲੁ ਨ ਤਮਾਇ॥'

'ਤਿਲੁ ਨ ਤਮਾਇ' ਆਖਕੇ ਗੁਰੂ ਜੀ ਕੁਛ ਯਾਚਕਾਂ ਦੀ ਗੇਣਤੀ ਦੱਸਦੇ ਹਨ। ਪਰ ਇਸ ਗੇਣਤੀ ਵਿਚ ਇਕ ਧੁਨਜਾਤਮਕ ਅਰਥ ਭਾਵ ਰਖਦੇ ਹਨ। ਜੋ ਇਸ ਪ੍ਰਕਾਰ ਦਾ ਹੈ ਕਿ ਤੁਸੀਂ ਪ੍ਰਤੱਖ ਦੇਖ ਲਓ ਕਿ 'ਤਿਲੁ ਨ ਤਮਾਇ' ਵਾਲਾ ਦਾਤਾ ਦੇ ਰਿਹਾ ਹੈ, ਦੀਨ ਦੁਨੀ ਦੇ ਜੋਧੇ ਤੇ ਨਾਨਾਂ ਭਾਂਤ ਦੇ ਹੋਰ ਯਾਚਕ ਲੈ ਰਹੇ ਹਨ, ਉਹ ਦੇ ਰਿਹਾ ਹੈ ਪਰ ਕਿਸੇ ਤੋਂ ਕਿਸੇ ਗਲ ਦਾ ਲੋੜਕੂ ਨਹੀਂ।

ਫਿਰ ਦੇਖੋ ਕਈ ਲੈ ਕੇ ਵਿਕਾਰਾਂ ਵਿਚ ਲਗ ਪੈਂਦੇ ਹਨ ਤੇ:-

ਭੋਗੀ ਕਉ ਦੁਖੁ ਰੋਗ ਵਿਆਪੈ॥ (ਬਸੰਤੁ ਮ: ੧ ਅਸਟ:-੪)

ਭੋਗਹੁ ਰੋਗ ਸੁ ਅੰਤਿ ਵਿਗੋਵੈ॥ (ਮਾਰੂ ਮ: ੧, ਸੋਲਹੇ-੧੪)

ਦੇ ਅਸੂਲ ਮੂਜਬ ਖਪ ਖਪ ਕੇ ਭੋਗਾਂ ਨਾਲ ਹੀ ਥੱਕ ਕੇ ਤਬਾਹ ਹੋ ਜਾਂਦੇ ਹਨ, ਪਰ ਦਾਤਾ ਦਾਤ ਨਹੀਂ ਹਟਾਉਂਦਾ। ਸੋ ਪਤਾ ਲੱਗਾ ਕਿ ਉਨ੍ਹਾਂ ਦੇ ਨਾਸ਼ੁਕਰੇ ਤੇ ਦੂਰ ਹੋ ਜਾਣ ਤੇ ਓਹ ਰਿੰਜ ਨਹੀਂ। ਇਸੀ ਤਰ੍ਹਾਂ ਮੂਰਖ ਲੈਂਦੇ ਤੇ ਦਾਤਾਰ ਨੂੰ ਦਾਤਾ ਸਮਝਦੇ ਹੀ ਨਹੀਂ। ਕਈ ਦਾਤਾ ਤੋਂ ਹੀ ਮੁਨਕਿਰ ਹਨ। ਪਰ ਦੇਖੋ ਕਿਸੇ ਦੀ ਬੀ ਰੋਜ਼ੀ ਬੰਦ ਨਾ ਕਰਨਾ ਉਸ ਦੀ ਬੇਪਰਵਾਹੀ ਤੇ ਨਿਰਇੱਛਤਾ

ਦੀ ਦਲੀਲ ਹੈ[੧]।

ਏਥੇ ਕੁ ਪਹੁੰਚਕੇ ਇਕ ਘਟਨਾ ਦੇਖਕੇ ਕਿ ਜਗਤ ਵਿਚ ਲੋਕ ਦੁਖੀ ਹਨ, ਭੁੱਖੇ ਹਨ, ਦਰਦ ਰਵਾਣੇ ਹਨ, ਇਕ ਪ੍ਰਸ਼ਨ ਉਪਜਦਾ ਹੈ ਕਿ ਕੀ ਇਹ ਕਰਤਾ ਪੁਰਖ ਦੀ ਰਿੰਜਗੀ ਨਹੀਂ? ਕੀ ਇਹ ਇਸ ਗੱਲ ਦੀ ਦਲੀਲ ਨਹੀਂ ਕਿ ਕਰਤਾ ਉਹਨਾਂ ਤੋਂ ਕੋਈ ਆਸ ਰਖਦਾ ਸੀ ਜੋ ਉਨ੍ਹਾਂ ਨੇ ਪੂਰੀ ਨਹੀਂ ਕੀਤੀ ਤਾਂ ਦੰਡੇ ਗਏ ਹਨ? ਇਸ ਦਾ ਉੱਤਰ ਦੇਂਦੇ ਹਨ: ਕਿ ਨਹੀਂ, ਇਹ ਉਸ ਦੀ ਮਿਹਰਬਾਨੀ ਹੈ, ਉਹ ਬੀ ਦਾਤ ਹੈ ਜੋ ਉਸ ਨੇ ਬਖ਼ਸ਼ੀ ਹੈ। ਗੁਰੂ ਨਾਨਕ ਦੇਵ ਜੀ ਨੇ ਵਾਰ ਆਸਾ ਵਿਚ ਫੁਰਮਾਇਆ ਹੈ:-

ਦੁਖੁ ਦਾਰੂ ਸੁਖੁ ਰੋਗੁ ਭਇਆ.....॥ (ਆਸਾ:ਮ:੧-੧੨)

ਇਹ ਦਾਤ ਹੈ ਕਿ ਦੁੱਖ ਭੁੱਖ ਨੇ ਕਦੇ ਉਨ੍ਹਾਂ ਨੂੰ ਭਲੇ ਪਾਸੇ ਵਲ ਪ੍ਰੇਰ ਲੈਣਾ ਹੈ। ਇਹ 'ਸੁਧਾਰ' ਰੂਪੀ ਦਾਤ ਹੈ। ਕਰਤਾ ਪੁਰਖ ਦੇ ਅਪਣੇ ਮਨ ਵਿਚ ਉਹਨਾਂ ਨਾਲ ਕੋਈ ਰੰਜ ਯਾ ਉਹਨਾਂ ਤੋਂ ਕੋਈ ਰਖੀ ਹੋਈ ਆਸ ਦੇ ਟੁੱਟਣ ਦਾ ਦੰਡ ਦੇਣ ਦਾ ਫੁਰਨਾ ਨਹੀਂ ਹੈ।

'ਦਾਤਾਂ', 'ਦਾਤਾ' ਤੇ 'ਯਾਚਕਾਂ' ਦਾ ਇਉਂ ਕੁਛ ਹਾਲ ਕਹਿਕੇ ਅਗੋਂ ਹੁਣ ਸਭ ਤੋਂ ਉੱਚੀ ਦਾਤ 'ਮੁਕਤੀ' ਦਾ ਕੁਛ ਵਰਣਨ ਕਰਦੇ ਹਨ:-'ਬੰਦਿ ਖਲਾਸੀ ਭਾਣੈ ਹੋਇ' ਬੰਦਿ ਦਾ ਅਰਥ ਹੈ ਬੰਦੀ, ਬੰਦਸ਼, ਰੋਕਾਂ, ਕੈਦ। ਹਉਮੈ ਦੀ ਰੋਕ, ਜਨਮ ਮਰਨ ਦੀ ਕੈਦ, ਮੋਹ ਮਾਯਾ ਦੀ ਬੰਦਸ਼, ਪੂਰਨ 'ਆਤਮ-ਸੁਤੰਤ੍ਰਤਾ' ਤੋਂ ਰੋਕ।

'ਖਲਾਸੀ' ਦਾ ਅਰਥ ਹੈ ਛੁਟਕਾਰਾ, ਮੁਕਤੀ। 'ਭਾਣਾ' ਦਾ ਅਰਥ ਹੈ-ਜੋ ਭਾ ਜਾਏ। ਜੋ ਗੱਲ ਕਰਤਾ ਪੁਰਖ ਨੂੰ ਭਾ ਰਹੀ ਹੈ, ਚੰਗੀ ਲਗ ਰਹੀ ਹੈ, ਉਹ ਹੈ ਭਾਣਾ। ਸੋ ਆਪ ਮੁਕਤੀ ਰੂਪੀ ਦਾਤ ਦੇ ਲਈ ਫੁਰਮਾਉਂਦੇ ਹਨ:'ਬੰਦਿ ਖਲਾਸੀ ਭਾਣੈ ਹੋਇ'। ਹਾਂ, ਇਹ ਹੁਕਮ ਰਜਾਈ ਚੱਲਣਾ ਹੈ। ਕੋਈ ਨਹੀਂ ਦੱਸ ਸਕਦਾ ਕਿ ਕਿਸੇ ਹੋਰ ਤਰ੍ਹਾਂ ਬੀ ਇਹ ਦਾਤ ਪ੍ਰਾਪਤ ਹੋ ਸਕਦੀ ਹੈ। ਜੇ ਕੋਈ ਆਖੇ ਕਿ ਹੋਰ ਤ੍ਰੀਕਾ ਬੀ ਹੈ ਤਾਂ ਤਜਰਬਾ ਉਸ ਨੂੰ ਮੂੰਹ ਦੀਆਂ ਖਾ ਖਾ ਕੇ ਮੂੰਹ ਪਰਨੇ ਡੇਗੇਗਾ ਤੇ ਪਛੁਤਾ ਪਛੁਤਾ ਕੇ ਉਸ ਨੂੰ ਸਮਝ ਆਏਗੀ ਕਿ ਮੈਂ ਮੂਰਖ ਸਾਂ। ਕਿਉਂਕਿ ਹੋਰ ਤ੍ਰੀਕਿਆਂ ਵਿਚ ਜੀਵ ਦਾਤਾਂ ਤਾਂ ਲੈਂਦਾ ਤੇ ਭੋਗਦਾ ਰਹਿੰਦਾ ਹੈ, ਪਰ ਉਸ ਦੀ ਚਿਤ ਬ੍ਰਿਤੀ ਦਾਤਾਂ ਨਾਲ ਹੀ ਲੱਗੀ ਰਹਿੰਦੀ ਹੈ। ਦੇਣਹਾਰ ਦਾਤਾਰ ਨਾਲ ਚਿਤ ਬ੍ਰਿਤੀ ਪਕੜ ਨਹੀਂ ਖਾਂਦੀ:-

ਦਾਤਿ ਪਿਆਰੀ ਵਿਸਰਿਆ ਦਾਤਾਰਾ॥ (ਧਨਾ: ਮ: ੫-੨੨)

ਜਦੋਂ ਚਿਤ-ਬ੍ਰਿਤੀ ਦਾਤਾਂ ਦੇ ਪਿਆਰ ਤੋਂ ਉਠਕੇ 'ਦਾਤਾ' ਦੇ ਵਿਚ ਚਲੀ ਜਾਂਦੀ ਹੈ ਤਾਂ ਦਾਤਾ ਦਾ ਭਾਣਾ ਚੰਗਾ ਲਗਦਾ ਹੈ। ਸਾਡੇ ਅਗੇ ਤੇ ਦਾਤਾ ਦੀ ਪ੍ਰਾਪਤੀ ਦੇ ਵਿਚਕਾਹੇ ਕੂੜੇ ਦੀ ਪਾਲ ਹੈ- ਹਉਮੈਂ ਦੀ ਰੋਕ-ਜੋ ਦਾਤਾਂ ਵਿਚ ਫਸਾਈ ਰਖਦੀ ਰਹੀ ਹੈ। ਜਦੋਂ ਦਾਤਾਂ ਤੋਂ ਉੱਠੀ, ਅਪਣੇ ਭਾਣੇ ਤੋਂ ਉੱਠੀ। ਜਦੋਂ ਦਾਤਾ ਦੇ ਭਾਣੇ ਤੇ ਗਈ ਤਾਂ ਭਾਣਾ ਮਿੱਠਾ ਲੱਗਾ, ਤਦ ਕੂੜੇ ਦੀ ਪਾਲ ਗਈ-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਜਪੁਜੀ)

ਫੁਰਮਾਨ ਹੈ: **ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥**

ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥ (ਮਾਰੂ ਮ: ੩ ਸੋਲਹੇ-੨੦)

ਕਈ ਵਿਰਲੇ ਹੈਨ ਜੋ ਇਹ ਗੱਲ ਆਖਦੇ ਹੈਨ ਕਿ ਕਰਤਾ ਪੁਰਖ ਆਪ ਸਭ ਕੁਛ ਜਾਣਦਾ ਹੈ ਤੇ ਆਪੇ ਹੀ ਦੇਂਦਾ ਹੈ। ਇਹ ਆਖਣਾ ਭਾਣੇ ਪਰ ਚੱਲਣੇ ਦਾ ਯਤਨ ਹੈ। ਆਖਣ ਵਾਲੇ ਦੀ ਨਜ਼ਰ ਦਾਤ ਤੋਂ ਉਠਕੇ ਦਾਤੇ ਵੱਲ ਗਈ ਹੈ ਤੇ ਉਚਾਰ ਹੋਇਆ ਹੈ, 'ਆਪੇ ਦੇਇ'। ਸੋ ਬੰਦਿ ਤੋਂ ਖਲਾਸੀ ਬੀ ਦਾਤ ਹੈ, ਭਾਣੇ ਨਾਲ ਇਹ ਦਾਤ ਪ੍ਰਾਪਤ ਹੁੰਦੀ ਹੈ। ਹਾਂ, ਉਹ ਆਪੇ ਦੇਂਦਾ ਹੈ, ਪਰ ਭਾਣੇ

[੧]ਜੈਸਾ ਕਿ ਪਿਛੇ (ਪੜੀ: ੩ ਵਿਚ) ਕਹਿ ਆਏ ਹਨ:- ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥

ਤੇ ਸਾਂਗੋਪਾਂਗ ਅੱਪੜਨ ਲਈ ਉਹ ਇਕ ਹੋਰ ਦਾਤ ਦੇਂਦਾ ਹੈ, ਉਹ ਹੈ 'ਸਿਫਤਿ ਸਾਲਾਹ' ਉਹ ਬੰਦੇ ਨੂੰ ਭਗਤ ਬਣਾ ਦੇਂਦੀ ਹੈ ਯਥਾ-

ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ॥ (ਰਾਮ: ਵਾਰ ਮ: ੫-੪)

ਇਸ ਨਾਲ ਭਗਤ ਦੀ ਸਚੇ ਦਰਬਾਰ ਵਿਚ ਗੰਢ ਬੱਝ ਜਾਂਦੀ ਹੈ:-

ਸਿਫਤੀ ਗੰਢੁ ਪਵੈ ਦਰਬਾਰਿ॥ (ਮਾਝ ਵਾਰ ਮ: ੧-੧੨)

ਜਿਸ ਨੂੰ 'ਸਿਫਤਿ ਸਾਲਾਹ' ਬਖਸ਼ੀਸ਼ ਕਰਦਾ ਹੈ, ਉਹ ਕੋਈ ਨਿਕਾਰਾ, ਨਿਕੰਮਾ, ਉਦਾਸੀ ਵਿਚ ਢੱਠਾ ਇਨਸਾਨ ਨਹੀਂ ਬਣ ਜਾਂਦਾ, ਉਹ ਕੋਈ ਲਾਲਚੀ ਭਾਟ ਨਹੀਂ ਹੁੰਦਾ, ਉਹ ਤਾਂ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ; ਜਿਸ ਨੂੰ ਸੋਝੀ ਹੋ ਆਈ ਹੈ ਕਿ ਕਰਤਾ ਪੁਰਖ ਜਾਣੀ ਜਾਣ ਹੈ, ਆਪ ਹੀ ਬੰਦਿ ਤੋਂ ਖਲਾਸੀ ਬਖਸ਼ੇਗਾ। ਉਹ ਕਰਤਾ ਪੁਰਖ ਦੀ ਸਿਫਤਿ ਸਲਾਹ ਉਸਤੇ ਬਖਸ਼ਿਸ਼ ਹੋਵੇਗੀ, ਓਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਏਗਾ। ਪਾਤਸ਼ਾਹ ਦਾ ਵਿਸ਼ੇਸ਼ ਗੁਣ 'ਦਾਤਾ' ਹੋਣ ਦਾ ਹੁੰਦਾ ਹੈ। ਸੋ ਓਹ ਯਾਚਕ ਦੀ ਥਾਂ ਆਪ ਦਾਤਾ ਹੋ ਜਾਏਗਾ। ਉਸ ਨੇ ਸਿਫ਼ਤ ਦੁਆਰਾ ਗੁਰੂ ਕਰਤਾ ਪੁਰਖ ਨੂੰ ਪਾ ਲਿਆ ਤੇ ਪਛਾਣ ਲਿਆ ਹੈ।

ਸਿਫਤਿ ਸਹਜ ਘਰਿ ਗੁਰੁ ਕਰਤਾਰੁ[1]॥ (ਆਸਾ ਮ: ੧ ਅਸਟ: ੫)

ਸੋ, **ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥** (ਸੁਖਮਨੀ ੧੭-੮)

ਉਹ ਦਾਤਾ ਹੁਣ ਜਗਤ ਦਾ ਦੁਖ ਕਟਣਹਾਰ ਹੈ:

'ਓਇ ਦਾਤੇ ਦੁਖ ਕਾਟਨਹਾਰ॥ ਜਾਕੈ ਸੰਗਿ ਤਰੈ ਸੰਸਾਰ॥ (ਸੁਖਮਨੀ ੧੬-੮)

ਇਸ ਪਉੜੀ ਵਿਚ 'ਸਿਫਤਿ ਸਾਲਾਹ' ਕਹੀ ਹੈ, ਇਹ ਨਾਮ ਦਾ ਹੀ ਇਕ ਰੂਪ ਹੈ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਇਹ ''ਨਾਮ ਪ੍ਰਯਤਨ'' ਹੈ। ਉਸ ਨੂੰ ਹਾਜ਼ਰਾ ਹਜ਼ੂਰ ਸਮਝਕੇ ਉਸ ਦੇ ਗੁਣਾਨੁਵਾਦ ਕਰਨੇ, ਕੀਰਤੀ ਵਿਚ ਰਹਿਣਾ, ਇਹ 'ਸਿਫਤ ਸਲਾਹੀ ਪ੍ਰਯਤਨ' ਹੈ। ਪਿਛਲੀ ਪਉੜੀ ਵਿਚ ਜੋ 'ਊਚੇ ਉਪਰਿ ਊਚਾ ਨਾਉ' ਫੁਰਮਾਇਆ ਸੀ, ਇਸ ਪਉੜੀ ਵਿਚ 'ਸਿਫਤਿ ਸਾਲਾਹ' ਨੂੰ ਉਸ ਨਾਲ ਜੋੜਿਆ ਹੈ। ਨਾਮ ਸਿਮਰਨ ਤੇ ਸਿਫਤ ਸਲਾਹ ਕਰਨਾ ਦੁਇ ਜੀਵ ਦੇ ਕਰਤੱਵਯ ਹਨ।

ਨਿਰੁਕ੍ਤ- ਕਰਮੁ(ਅ਼ਰਬੀ, ਕਰਮ) ਬਖਸ਼ਿਸ਼, ਮੇਹਰ, ਕ੍ਰਿਪਾਲਤਾ। ਏਥੇ ਕਰਮ ਦਾ ਅਰਥ ਸੰਸਕ੍ਰਿਤ, ਕਰ੍ਮ=ਕ੍ਰਿਯਾ, ਕੰਮ, ਕਰਨਾ ਅਪ੍ਰਸੰਗਕ ਹੈ। ਪਿਛਲੀ ਪਉੜੀ ਤੋਂ ਪ੍ਰਸੰਗ ਕਰਮ 'ਮੇਹਰ' ਦਾ ਚਲ ਰਿਹਾ ਹੈ।

ਤਮਾਇ- (ਅ਼:, ਤ਼ਮਅ਼-ਲੋਭ) ਲੈਣ ਦੀ ਇੱਛਾ। ਇੱਛਾ। ਅਸਲ ਵਿਚ ਪਦ 'ਨ ਤਮਾਇ' ਦਾ ਉਹੀ ਭਾਵ ਹੈ ਜੋ ਸੰਸਕ੍ਰਿਤ ਵਿਚ ਪਦ 'ਨਿਃਸ੍ਪ੍ਰਿਹ' (ਨਿਸ਼ਪ੍ਰੇਹ) ਦਾ ਹੈ=ਸੰਪੂਰਨ ਤੌਰ ਤੇ ਇਛਾ ਰਹਿਤ।

ਜੋਧ- (ਸੰਸ:, ਯੋਧਾ) ਜੁੱਧ ਕਰਨ ਵਾਲਾ। ਸੂਰਮਾ। ਬਹਾਦਰ।

ਅਪਾਰ- (ਸੰਸ:, ਅਪਾਰ) ਜਿਸ ਦਾ ਪਾਰ ਨਹੀਂ। ਅਣਗਿਣਤ। ਕੇਤੇ+ਅਪਾਰ=ਬਹੁਤੇ, ਅਣਗਿਣਤ। ਅਪਾਰ ਤੇ ਕੇਤੇ ਪ੍ਰਯਾਯ ਵਾਚੀ ਹਨ, ਇਸ ਕਰਕੇ ਐਉਂ ਬੀ ਅਰਥ ਲਾ ਲੈਂਦੇ ਹਨ, (ੳ) ਅਪਰਮਿਤ (ਬਲ ਵਾਲੇ) ਜੋਧੇ। (ਅ) ਅਪਾਰ ਪਦਾਰਥ ਮੰਗਦੇ ਹਨ। (ੲ) ਅਪਾਰ ਪੁਰਖ ਜੁਧ ਮੰਗਦੇ ਹਨ। (ਸ) 'ਜੋਧ' ਦਾ ਅਰਥ ਤਪ ਲਾਕੇ, ਤਪੀ। ਐਉਂ ਕਰਦੇ ਹਨ: ਕਿਤਨੇ ਤਪੀ ਲੋਕ (ਤਪ ਦਾ ਫਲ) ਮੰਗਦੇ ਹਨ।

ਵੀਚਾਰੁ- (ਸੰਸ:, ਵਿਚਾਰ) ਸੋਚ। ਵਿਚਾਰ।

[1] ਸਿਫਤ ਸਲਾਹ ਦੁਆਰਾ ਉਸਨੇ ਸਹਜ ਘਰ ਵਿਚ ਗੁਰੂ ਕਰਤਾਰ ਨੂੰ ਪਛਾਣ ਲਿਆ ਹੈ।

(ਅ) ਕਈ ਜਿਨ੍ਹਾਂ ਦੀ ਗਿਣਤੀ ਨਹੀਂ 'ਵੀਚਾਰ' ਮੰਗਦੇ ਹਨ।

ਵੇਕਾਰ-(ਸੰਸ:, ਵਿਕਾਰ=ਖੋਟੇ ਕਰਮ। ਪਾਪ ਕਰਮ।) ਵਿਸ਼ੇ ਭੋਗਾਂ ਵਿਚ। (ਅ) 'ਵਿਕਾਰੀ' ਬੀ ਅਰਥ ਲਾ ਲੈਂਦੇ ਹਨ।

ਮੁਕਰ-(ਅ:, ਮੁਨਕਿਰ=ਇਨਕਾਰ ਕਰਨ ਵਾਲਾ) ਮੁਨਕਿਰ ਤੋਂ ਪੰਜਾਬੀ ਕ੍ਰਿਯਾ-ਮੁੱਕਰਨਾ ਤੇ ਮੁੱਕਰ ਪੈਣਾ ਬਣੀ ਹੈ। ਭਾਵ ਹੈ ਵਾਹਿਗੁਰੂ ਦੀ ਹੋਂਦ ਤੋਂ ਇਨਕਾਰ। ਚਾਰ ਵਾਕੀਆਂ ਆਦਿ ਵੱਲ ਇਸ਼ਾਰਾ ਸਹੀ ਹੁੰਦਾ ਹੈ।

ਮੂਰਖ-(ਸੰਸ:, ਮੂਰ੍ਖ) ਬੇਵਕੂਫ। ਅਜਾਣ। ਸਾਈਂ ਰਸਤੇ ਵਲੋਂ ਬੇਪਰਵਾਹ ਤੇ ਐਸ਼ਾਂ ਵਿਚ ਰੱਤੇ ਹੋਏ।

ਬੰਦਿ-(ਫ਼ਾ:, ਬੰਦ=ਰੋਕ) ਕੈਦ। ਹਉਂ ਦੀ ਰੋਕ। ਜਨਮ ਮਰਨ ਦੀ ਫਾਹੀ। ਮੋਹ ਮਾਯਾ ਦੀ ਕੈਦ। ਆਤਮ ਸੁਤੰਤਰਤਾ ਦੀ ਰੋਕ। ਪੰਜਾਬੀ ਵਿਚ 'ਬੰਦ' ਪਦ ਪੁਲਿੰਗ ਤੇ ਇਸਤ੍ਰੀ ਲਿੰਗ ਦੁਇ ਤਰ੍ਹਾਂ ਵਰਤੀਂਦਾ ਹੈ। ਪਾਣੀ ਦਾ ਬੰਦ ਟੁਟ ਗਿਆ, ਬਾਗ਼ ਵਿਚ ਆਵਾਜਾਈ ਦੀ ਬੰਦ ਖੁਲ੍ਹ ਗਈ ਹੈ। ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ, 'ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚ ਆਏ ਸੈਦ ਪੁਰ ਕੀ'। ਇਸ ਕਰਕੇ ਸੰਪ੍ਰਦਾਈ 'ਬੰਦ ਅਤੇ ਖਲਾਸੀ' ਅਰਥ ਬੀ ਲਾ ਲੈਂਦੇ ਹਨ।

ਭਾਣੈ-ਭਾਣੇ ਦੁਆਰਾ। ਵਾਹਿਗੁਰੂ ਦੀ ਰਜ਼ਾ ਨਾਲ। (ਅ) ਭਾਣੈ ਦਾ ਅਰਥ-ਈਸ਼੍ਵਰ ਦੇ ਭਾਨ=ਅਨੁਭਵ ਹੋਣ ਤੋਂ ਬੀ ਕਰਦੇ ਹਨ। ਪਰ ਵਿਸ਼ਯ ਈਸ਼੍ਵਰ ਦੀ ਦਾਤ ਦਾ ਚਲ ਰਿਹਾ ਹੈ, ਜੋ ਉਸ ਦੀ ਰਜ਼ਾ ਨਾਲ ਹੁੰਦੀ ਹੈ।

ਖਾਇਕੁ-(ਸੰਸ:, ਖਾਦੁਕ=ਸ਼ਰਾਰਤੀ) ਮੂਰਖ। ਹੁੱਜਤੀ। ਜੇ ਇਹ ਪਦ ਸੰਸ: ਪਦ 'ਆਖਜਾਯਕ' ਤੋਂ ਬਣਿਆ ਹੋਵੇ ਤਾਂ ਅਰਥ 'ਗੱਪੀ' ਹੋਵੇਗਾ। (ਅ) ਐਉਂ ਬੀ ਲਾਉਂਦੇ ਹਨ-'**ਜੇ ਕੋ ਖਾਇ ਕੁ ਆਖਣਿ ਪਾਇ॥**' ਜੇ ਕੋਈ ਖਾਕੇ ਕੁਵਾਕ ਆਖੇ। ਪਰ ਗੁਰਬਾਣੀ ਵਿਚ 'ਖਾਇਕ' ਪਦ ਹੋਰਥੇ ਬੀ ਆਇਆ ਹੈ:-

ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ॥ (ਵਾਰ ਸਿਰੀ: ਮ: ੧-੨)

ਸਿ ਭਿ-ਸੇ ਭੀ ਦਾ ਸੰਖੇਪ ਰੂਪ ਹੈ। ਸੇ ਭੀ=ਓਹ ਭੀ।

(ਪਉੜੀ ੨੬)

ਪ੍ਰਾਕ੍ਥਨ- ਪਾਤਸ਼ਾਹ ਜਗਤ ਦੇ ਹਿਸਾਬ ਕੀਮਤੀ ਹਸਤੀ ਹੈ ਅਰ ਜਗਤ ਵਿਚ ਸਭ ਜੀਆਂ ਤੋਂ ਵਧੀਕ ਉਸ ਦੀ ਕੀਮਤ ਤੇ ਕਦਰ ਪੈਂਦੀ ਹੈ, ਅਤੇ ਪਾਤਸ਼ਾਹਾਂ ਦਾ ਪਾਤਸ਼ਾਹ ਤਾਂ ਪਾਤਸ਼ਾਹਾਂ ਤੋਂ ਬੀ ਉਪਰ ਹੋਇਆ, ਪਰ ਅਕਾਲ ਪੁਰਖ ਸਭ ਕੀਮਤਾਂ ਕੂਤਾਂ ਤੋਂ ਬੀ ਉਪਰ ਹੈ, ਇਸ ਲਈ ਉਸਨੂੰ ਅਗਲੀ ਪਉੜੀ ਵਿਚ 'ਅਮੁਲੋ ਅਮੁਲੁ' ਆਖਿਆ ਹੈ। ਤੀਸਰੇ ਸਾਹਿਬਾਂ ਦਾ ਫੁਰਮਾਣ ਹੈ:-

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥ (ਅਨੰਦੁ-੩੦)

ਫੇਰ ਫੁਰਮਾਯਾ-**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ॥** (ਅਨੰਦੁ-੩੦)

'ਅਮੁਲ' ਦਾ ਅਰਥ 'ਮੁੱਲ ਰਹਿਤ' ਨਹੀਂ, ਨਾ ਨਿਰਾ 'ਬੇਸ਼ ਕੀਮਤ' ਅਰਥ ਹੈ, ਪਰ 'ਮੁੱਲ ਥੀਂ ਉੱਪਰ'। ਜੋ ਆਮ ਮੁੱਲ ਵਾਲੀਆਂ ਪਦਵੀਆਂ ਥੀਂ ਉਪਰ ਹੈ, ਉਸ ਦੇ ਗੁਣ ਬੀ ਮੁੱਲ ਥੀਂ ਉਪਰ ਹੈਨ, ਕਿਉਂਕਿ ਉਸ ਦੇ ਗੁਣ ਧਾਰਨ ਕੀਤੇ ਹੋਏ ਨਹੀਂ, ਸਗੋਂ ਉਸ ਦਾ ਸਰੂਪ ਹਨ, ਯਥਾ:-

ਮੋਲਿ ਨ ਪਾਈਐ ਗੁਣਹ ਅਮੋਲ॥ (ਸੁਖਮਨੀ ੨੩-੩)

ਸਾਰੇ ਗੁਣ ਉਸ ਥੀਂ ਚੱਲਦੇ ਹਨ। ਯਥਾ:- **ਸਭਿ ਗੁਣ ਤੇਰੇ ਮੈ ਨਾਹੀ ਕੋਇ॥** (ਜਪੁਜੀ)

ਪਿਛਲੀ ਪਉੜੀ ਦੇ ਅੰਤ ਵਿਚ ਫੁਰਮਾਯਾ ਸੀ ਕਿ ਜਿਸ ਨੂੰ ਆਪਣੇ ਗੁਣਾਨੁਵਾਦ (ਸਿਫਤ ਸਲਾਹ) ਦੀ ਦਾਤ ਬਖਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ; ਅਰਥਾਤ ਗੁਣਾਂ ਦੇ ਮਾਲਕ ਵਾਂਙੂ ਆਪ ਅਮੁੱਲ ਹੈ, ਜੈਸੇ ਫੁਰਮਾਯਾ ਹੈ: - **ਜੈਸਾ ਸੇਵੈ ਤੈਸੋ ਹੋਇ॥** (ਗਉੜੀ ਮ: ੧-੨)

ਪੁਨਾ: **ਜਿਨਿ ਜਾਤਾ ਸੋ ਤਿਸਹੀ ਜੇਹਾ॥** (ਦਖ: ਓਅੰ:-੧੦)

ਤਥਾ: **ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**[1] (ਆਸਾ ਮ: ੫-੧੦੮)

ਕਿਉਂਕਿ ਓਹ 'ਗੁਣ ਕਹਿ ਗੁਣੀ ਸਮਾਵਣਿਆ' (ਮਾਝ ਮ: ੩ ਅਸਟ:੧) ਹੋ ਜਾਂਦੇ ਹਨ।

ਇਸ ਅਮੁੱਲ ਦਾਤ ਦਾ ਲੈਣ ਦੇਣ ਬੀ ਅਮੁੱਲ ਹੈ। ਇਹ ਸਾਰ ਸਿਧਾਂਤ ਇਸ ਪਉੜੀ ਵਿਚ ਹੈ।

ਮੂਲ	ਅਰਥ
ਅਮੁਲ ਗੁਣ ਅਮੁਲ ਵਾਪਾਰ॥	(ਓਹ ਪਾਤਸ਼ਾਹ ਜ਼ੋਰ ਜ਼ਰ ਦੇ ਪਾਤਸ਼ਾਹ ਨਹੀਂ ਹੋ ਜਾਂਦੇ, ਓਹ ਵਪਾਰੀ ਹੋ ਜਾਂਦੇ ਹਨ। ਓਹ ਵਪਾਰੀ ਮਾਲ ਮਿਲਖ ਦੇ ਨਹੀਂ, ਪਰ ਗੁਣਾਂ ਦੇ ਵਪਾਰੀ ਹੋ ਜਾਂਦੇ ਹਨ। ਓਹ ਮਾਯਕ ਗੁਣਾਂ ਤੇ ਸੰਸਾਰਿਕ ਖ਼ੂਬੀਆਂ ਦੇ ਵਪਾਰੀ ਨਹੀਂ ਹੋ ਜਾਂਦੇ ਪਰ ਓਹ) ਅਮੁਲ (ਪਦ ਦੇ) ਗੁਣਾਂ ਦੇ (ਵਪਾਰੀ ਹੋ ਜਾਂਦੇ ਹਨ ਜਿੱਥੇ '**ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥**' (ਸਿਰੀ: ਮ:੧ ਅਸਟ:- ੯) ਵਾਲੀ ਅਮੁੱਲਤਾ ਹੈ, ਓਹ ਫੇਰ ਇਨ੍ਹਾਂ) ਅਮੁਲ (ਗੁਣਾਂ ਦਾ) ਵਪਾਰ ਕਰਦੇ ਹਨ।
ਅਮੁਲ ਵਾਪਾਰੀਏ ਅਮੁਲ ਭੰਡਾਰ॥	ਅਮੁਲ ਦੇ ਭੰਡਾਰ (ਉਨ੍ਹਾਂ ਪਾਸ ਭਰੇ ਰਹਿੰਦੇ ਹਨ, ਉਨ੍ਹਾਂ ਦੇ ਓਹ ਫੇਰ) ਅਮੁਲ ਵਪਾਰੀ (ਸਦੀਂਦੇ ਹਨ)।
ਅਮੁਲ ਆਵਹਿ ਅਮੁਲ ਲੈ ਜਾਹਿ॥	(ਫੇਰ ਮਾਨ ਦਾਅਵੇ ਦਾ ਤਿਆਗ ਕਰਕੇ ਮੈਂ ਮੇਰੀ ਤੋਂ ਸੱਖਣੇ ਹੋਏ) ਮੁੱਲ ਰਹਿਤ[2] (ਵਣਜਾਰੇ ਉਨ੍ਹਾਂ ਪਾਸ ਵਣਜ ਲਈ) ਆਉਂਦੇ ਹਨ (ਤੇ) ਅਮੁਲ (ਪਦ ਦਾ ਵੱਖਰ-ਸੌਦਾ-ਖ਼ਰੀਦ ਕੇ) ਲੈ ਜਾਂਦੇ ਹਨ[3]।
ਅਮੁਲ ਭਾਇ ਅਮੁਲਾ ਸਮਾਹਿ॥	(ਇਉਂ ਉਹੋ) ਅਮੁਲ ਭਾਵਾਂ ਵਾਲੇ (ਹੋ ਕੇ) ਅਮੁਲਾ (ਅਮੁਲ ਵਾਲੇ ਸ਼ਾਹ ਭਾਵ ਪਰਮਾਤਮਾ) ਵਿਚ ਸਮਾ ਜਾਂਦੇ ਹਨ[4]।
ਅਮੁਲੁ ਧਰਮੁ ਅਮੁਲੁ ਦੀਬਾਣੁ॥	(ਅਮੁਲ ਦਾ ਮਾਰਗ ਧਰਮਰਾਜ ਦੇ ਮਾਰਗ ਤੋਂ ਵੱਖਰਾ ਹੈ, ਇਸ ਤੇ ਟੁਰਨ ਵਾਲਿਆਂ ਦਾ ਲੇਖਾ ਧਰਮਰਾਜ ਨਹੀਂ ਕਰਦਾ ਸੋ ਅਮੁਲ ਲੋਕ ਦਾ) ਅਮੁਲ ਧਰਮ ਰਾਜ (ਜਿਸ ਦਾ) ਦੀਵਾਨ (ਹੀ) ਅਮੁਲ ਦਾ ਹੈ (ਆਪ ਉਨ੍ਹਾਂ
ਅਮੁਲੁ ਤੁਲੁ ਅਮੁਲੁ ਪਰਵਾਣੁ॥	ਨੂੰ ਤੋਲਦਾ, ਪਰਖਦਾ ਹੈ, ਭਾਵ ਇਹ ਕਿ ਧਰਮਰਾਜ ਉਨ੍ਹਾਂ ਨੂੰ ਕਰਮਾਂ ਤੋਂ ਨਹੀਂ ਤੋਲਦਾ, ਸਗੋਂ) ਅਮੁਲ ਦੀ ਤਕੜੀ ਤੇ ਅਮੁਲ ਦੇ ਵੱਟੇ ਨਾਲ

[1] ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ: ੫-੧੦੮)

[2] ਇਥੇ ਅਰਥ 'ਮੁਲ ਰਹਿਤ' ਫਬਦਾ ਹੈ ਕਿ ਓਹ ਆਪ ਨੂੰ ਨਿੰਮ੍ਰਤਾ ਵਿਚ ਤੇ ਹਉਂ ਨਿਵਾਰੀ ਹਾਲਤ ਵਿਚ ਮੁੱਲ ਰਹਿਤ ਸਮਝਕੇ ਦਾਤ ਲੈਣ ਆਉਂਦੇ ਹਨ।

[3] ਮਾਨੋਂ ਆਪਣੀ ਹਉਂ ਰਹਤਤਾ ਯਾ ਨਿੰਮ੍ਰਤਾ ਇਕ ਮੁਲ ਹੈ, ਜਿਸ ਦੇ ਬਦਲੇ ਅਮੁੱਲ ਪਦਵੀ ਪ੍ਰਾਪਤ ਕਰ ਲਿਜਾਂਦੇ ਹਨ।

[4] ਅਮੁਲ (ਪ੍ਰਭੂ) ਨੂੰ ਪਯਾਰ ਕਰਦੇ ਉਸ ਅਮੁਲ ਵਿਚ ਸਮਾ ਜਾਂਦੇ ਹਨ, (ਐਉਂ ਓਹ) ਅਮੁਲ (ਗੁਣਾਂ ਨੂੰ ਲੈ ਜਾਕੇ ਉਨ੍ਹਾਂ ਨੂੰ) ਪਿਆਰ ਕਰਦੇ, ਅਮੁਲਾ (=ਪਰਮਾਤਮਾ) ਵਿਚ ਸਮਾ ਜਾਂਦੇ ਹਨ।

	(ਉਨ੍ਹਾਂ ਦੀ ਪਰਖ ਹੁੰਦੀ ਹੈ[1])।
ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ ਆਖਿਆ ਨ ਜਾਇ॥	(ਗਲ ਕੀਹ ਇਨ੍ਹਾਂ ਵਿਚ) ਅਮੁੱਲਤਾ (ਦਾ) ਨਿਸ਼ਾਨ (ਹੀ ਦੇਖ ਲਿਆ ਜਾਂਦਾ ਹੈ) ਤੇ ਅਮੁੱਲ ਦੀ ਹੀ ਬਖਸ਼ਿਸ਼ (ਹੋ ਜਾਂਦੀ ਹੈ)। (ਫਿਰ ਇਨ੍ਹਾਂ ਅਮੁਲ ਬਖਸ਼ਿਸ਼ ਵਿਚ ਪਹੁੰਚੇ ਹੋਇਆਂ ਦੀ) ਬਖਸ਼ਿਸ਼ (ਬੀ) ਅਮੁਲ ਹੋ ਜਾਂਦੀ ਹੈ (ਤੇ ਇਨ੍ਹਾਂ ਦਾ) ਹੁਕਮ (ਬੀ) ਅਮੁਲ ਹੋ ਜਾਂਦਾ ਹੈ। (ਅਥਵਾ-ਇਸ ਅਮੁਲ ਦੀਵਾਨ ਦੀ ਬਖਸ਼ਿਸ਼ ਬੀ ਅਮੁਲ ਹੈ ਤੇ ਇਸਦਾ ਹੁਕਮ ਬੀ ਅਮੁਲ ਹੈ)। (ਇਸ ਅਮੁਲ ਦੇਸ ਦਾ ਸ਼ਹਿਨਸ਼ਾਹ) ਅਮੁਲ ਹੀ ਅਮੁਲ (ਸਦਾਉਂਦਾ ਹੈ ਪਰ ਉਸ ਦਾ ਸੰਪੂਰਨ) ਵਰਣਨ (ਕਿਸੇ ਤੋਂ) ਨਹੀਂ ਹੋ ਸਕਦਾ।
ਆਖਿ ਆਖਿ ਰਹੇ ਲਿਵਲਾਇ॥	(ਹਾਂ ਅਮੁਲ ਦੇ ਵਪਾਰੀ ਉਸ ਨੂੰ ਆਖਦੇ ਹਨ ਪਰ) ਆਖਦੇ ਆਖਦੇ (ਉਸ ਦਾ ਅੰਤ ਨਹੀਂ ਲੈਂਦੇ, ਹਾਂ ਆਖਦੇ ਉਸ ਵਿਚ) ਲਿਵਧਾਰੀ ਹੋ ਜਾਂਦੇ ਹਨ। ਯਥਾ- **ਕੀਮਤਿ ਪਾਇ ਨ ਕਹਿਆ ਜਾਇ॥** **ਕਹਣੈ ਵਾਲੇ ਤੇਰੇ ਰਹੇ ਸਮਾਇ॥** (ਆਸਾ ਮ: ੧) ਪੁਨਾ: **ਧਿਆਇ ਧਿਆਇ ਭਗਤਹ ਸੁਖੁ ਪਾਇਆ॥** **ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥** (ਸੁਖਮਨੀ ੧੬-੨)

ਵਯਾਖਯਾ- ਪਹਾੜ ਵਿਚ ਪੱਥਰ ਦੇ ਗੀਟਿਆਂ ਦਾ ਕੋਈ ਮੁੱਲ ਨਹੀਂ ਪੈਂਦਾ, ਓਥੇ ਓਹ ਬੇਮੁੱਲੇ ਪ੍ਰਾਪਤ ਹਨ, ਸੋ ਇਕ ਅਰਥ ਅਮੁੱਲ ਦਾ ਹੋਇਆ-ਬੇਕੀਮਤ ਹੋਣਾ।

ਇਕ ਹੀਰਾ ਹੈ, ਉਸ ਦਾ ਸੋਨੇ ਚਾਂਦੀ ਹਰ ਸ਼ੈ ਤੋਂ ਵਧੀਕ ਮੁੱਲ ਪੈਂਦਾ ਹੈ, ਉਸ ਨੂੰ ਬੀ ਆਖਦੇ ਹਨ ਇਹ ਅਮੁੱਲ ਹੈ। ਅਰਥਾਤ ਬਹੁਤ ਬੇਸ਼-ਕੀਮਤ ਹੈ, ਸੋ ਅਮੁੱਲ ਦਾ ਦੂਜਾ ਅਰਥ ਹੈ-ਬਹੁਮੁੱਲਾ ਹੋਣਾ।

ਲਗ ਪਗ ਇਸ ਪਉੜੀ ਵਿਚ ਇਹ ਦੋਏ ਅਰਥ 'ਅਮੁਲ' ਪਦ ਦੇ ਨਹੀਂ ਹਨ। ਪਰ ਦੋਹਾਂ ਤੋਂ ਆਮ ਤੌਰ ਤੇ ਵੱਖਰਾ ਤੇ ਸੰਮਿਲਵਾਂ ਕੋਈ ਵਿਸ਼ੇਸ਼ ਭਾਵ ਹੈ।

ਆਮ ਤੌਰ ਤੇ ਹਰ ਸ਼ੈ ਦੀ ਕੀਮਤ ਮੁੱਲ ਲੈਣ ਵਾਲੇ ਦੀ ਲੋੜ ਤੋਂ ਪੈਂਦੀ ਹੈ। ਜੰਗਲ ਵਿਚ ਗੁਲਾਬ ਖਿੜਦਾ ਹੈ, ਮੁਸ਼ਕਦਾ ਹੈ, ਕਿਰ ਕਿਰ ਕੇ ਸੁੱਕ ਜਾਂਦਾ ਹੈ। ਇਉਂ ਕੋਈ ਕੀਮਤ ਨਾ ਪਈ। ਪਰ ਲੋੜ ਵਾਲੇ ਅਪਣੀ ਲੋੜ ਤੋਂ ਉਸ ਦਾ ਮੁੱਲ ਪਾਉਂਦੇ ਹਨ, ਜਿਵੇਂ ਉਹੋ ਗੁਲਾਬ ਮਾਲੀ ਲਾਉਂਦਾ ਹੈ, ਉਸ ਨੂੰ ਲੋੜ ਹੈ ਅੰਨ ਬਸਤ੍ਰ ਦੀ, ਉਹ ਅੱਤਾਰ ਪਾਸ ਵੇਚ ਦੇਂਦਾ ਹੈ, ਸੋ ਮਾਲੀ ਦੀ ਲੋੜ ਮੂਜਬ ਗੁਲਾਬ ਦਾ ਮੁੱਲ ਪੈ ਗਿਆ। ਅੱਤਾਰ ਉਸ ਦਾ ਅਤਰ ਕੱਢਦਾ ਹੈ ਤੇ ਫੇਰ ਵੇਚ ਲੈਂਦਾ ਹੈ। ਮੁੜ ਮੁੱਲ ਪੈ ਗਿਆ ਗੁਲਾਬ ਦਾ, ਇਹ ਮੁੱਲ ਬੀ ਖ਼ਰੀਦਾਰ ਤੇ ਵੇਚਣ ਵਾਲੇ ਦੀ ਲੋੜ ਤੇ ਇੱਛਾ ਤੋਂ ਪਿਆ।

ਇਕ ਦਿਨ ਇਕ ਆਦਮੀ ਜੰਗਲ ਦੀ ਸੈਰ ਕਰਦਾ ਖਿੜੇ ਤੇ ਮੁਸ਼ਕਾਂ ਮਾਰਦੇ ਗੁਲਾਬ ਨੂੰ ਦੇਖਦਾ ਹੈ, ਉਸਦੀ ਮਿੱਠੀ ਸੁਗੰਧਿ ਸਿਰ ਨੂੰ ਚੜ੍ਹਦੀ ਹੈ। ਉਸ ਤੇ ਵਿਸਮਯ ਭਾਵ ਛਾ ਜਾਂਦਾ ਹੈ। ਉਹ ਜਦ ਵਿਸਮਯ ਭਾਵ ਤੋਂ ਉਥਾਨ ਹੁੰਦਾ ਹੈ ਤਾਂ 'ਵਾਹ ਵਾਹ' ਕਹਿ ਉਠਦਾ ਹੈ। ਗੁਲਾਬ ਦਾ ਜੋ ਮੁੱਲ ਅਸਲੀ ਸੀ ਉਹ ਹੁਣ ਪੈ ਗਿਆ। ਨਾ ਪੈਸਿਆਂ ਰੁਪਿਆਂ ਵਿਚ, ਨਾ ਕਿਸੇ ਵਟਾਂਦਰੇ ਵਿਚ,

[1] ਭਾਵ ਉਨ੍ਹਾਂ ਦੀ ਨਿੰਮ੍ਰਤਾ ਤੇ ਹਉਂ ਰਹਿਤਤਾ ਕਰਕੇ ਉਨ੍ਹਾਂ ਵਿਚ ਅਮੁੱਲ ਗੁਣ ਦੇ ਪਰਵੇਸ਼ ਨਾਲ ਜੋ ਅਮੁੱਲ ਪਦ ਪ੍ਰਾਪਤ ਹੁੰਦਾ ਹੈ ਉਸ ਨੂੰ ਪਰਖੀਦਾ ਹੈ। ਓਹ ਕਰਮ ਧਰਮ ਅਨੁਸਾਰ ਨਹੀਂ ਤੋਲੇ ਜਾਂਦੇ, ਉਨ੍ਹਾਂ ਪਰ ਅਮੁੱਲਤਾ ਦਾ ਨਿਸ਼ਾਨ ਦੇਖਦੇ ਹੀ ਅਮੁੱਲ ਬਖਸ਼ਿਸ਼ ਹੋ ਜਾਂਦੀ ਹੈ।

ਪਰ ਇਕ ਭਾਵ ਵਿਚ ਜਿਸ ਵਿਚ, ਕਿ ਸੁਗੰਧੀ ਤੇ ਸੁੰਦਰਤਾ ਉਸ ਨੂੰ ਵਿਸਮਯ ਲੀਨ ਕਰ ਗਈ। ਕੁਛ ਇਸ ਪ੍ਰਕਾਰ ਦਾ 'ਅਮੁਲ' ਦਾ ਅਰਥ ਹੈ ਇਸ ਪਉੜੀ ਵਿਚ। ਗੁਲਾਬ ਦੀ ਅਸਲੀਅਤ ਉਸਦੀ ਮਾਨੋ ਰੂਹ ਇਨਸਾਨ ਦੀ ਰੂਹ ਨੂੰ ਉਸਦੇ ਅਸਲੇ ਵਿਚ ਲੀਨਤਾ ਦਾ ਰੰਗ ਦੇ ਗਈ। ਇਸ ਦੀ ਕੀਮਤ ਕੁਛ ਪੈਸਿਆਂ ਰੁਪਿਆਂ ਵਿਚ ਨਹੀਂ ਪਾਈ ਜਾ ਸਕਦੀ। ਇਹ ਮੁੱਲ ਤਾਂ ਹੈ ਪਰ ਇਹ 'ਅਮੁੱਲ' ਮੁੱਲ ਹੈ।

ਜਨਮ ਸਾਖੀ ਵਿਚ ਕਥਾ ਹੈ ਕਿ ਮਰਦਾਨੇ ਨੂੰ ਇਕ ਵੇਰ ਇਕ ਸ਼ਹਿਰ ਵਿਚ ਗੁਰੂ ਜੀ ਨੇ ਇਕ ਲਾਲ ਵੇਚਣ ਲਈ ਦਿੱਤਾ। ਜਦ ਮਰਦਾਨਾ ਵੇਚਣ ਗਿਆ ਤਾਂ ਕਿਸੇ ਅਨਜਾਣ ਨੇ ਮੁੱਲ ਦੋ ਤ੍ਰੈ ਪੈਸੇ ਪਾਇਆ, ਕਿਸੇ ਹੋਰ ਨੇ ਕੁਛ ਹੋਰ ਵਧੇਰੇ ਮੁੱਲ ਪਾਇਆ, ਪਰ ਜਦ ਇਕ ਲਾਲਾਂ ਦੇ ਜੌਹਰੀ ਸਾਲਸ ਰਾਇ ਪਾਸ ਲੈ ਗਿਆ ਤਾਂ ਉਸ ਨੂੰ ਦੇਖਦੇ ਸਾਰ ਸੁੰਦਰਤਾ ਦੀ ਐਸੀ ਝਲਕ ਵੱਜੀ ਕਿ ਜੌਹਰੀ ਦੀ ਪਰਖ-ਸ਼ਕਤੀ ਖੜੋ ਗਈ ਤੇ ਉਸ ਉਤੇ ਵਿਸਮਾਦ ਦਾ ਭਾਵ ਛਾ ਗਿਆ। ਜਦ ਉਸ ਦੀ ਹੋਸ਼ ਪਰਤੀ ਤਾਂ ਉਸ ਨੇ ਮਰਦਾਨੇ ਵੱਲ ਤੱਕਿਆ, ਫੇਰ ਸੌ ਰੁਪਿਆ ਅੱਗੇ ਰੱਖਿਆ ਤੇ ਕਿਹਾ: ਭਾਈ, ਇਸ ਲਾਲ ਦੀ ਕੀਮਤ ਰੁਪੱਯਾਂ ਵਿਚ ਨਹੀਂ ਪੈ ਸਕਦੀ, ਇਹ ਅਮੁੱਲ ਹੈ। ਇਸ ਦੀ ਦਰਸ਼ਨ ਭੇਟ ਵਜੋਂ ਮੈਂ ੧੦੦) ਮੱਥਾ ਟੇਕਦਾ ਹਾਂ। ਮਰਦਾਨਾ ਜਦ ੧੦੦) ਲੈ ਕੇ ਗੁਰੂ ਜੀ ਪਾਸ ਗਿਆ ਤਾਂ ਗੁਰੂ ਜੀ ਨੇ ਇਹ ਦਰਸ਼ਨ ਭੇਟਾ ਲੈਣੋਂ ਨਾਂਹ ਕੀਤੀ। ਮਰਦਾਨਾ ਦੋ ਇਕ ਵਾਰ ਮੋੜ ਘੇੜ ਵਿਚ ਗਿਆ। ਇੰਨੇ ਵਿਚ ਜੌਹਰੀ ਗੁਰੂ ਚਰਨਾਂ ਵਿਚ ਆ ਹਾਜ਼ਰ ਹੋਇਆ ਤਾਂ ਉਸ ਨੇ ਕਿਹਾ: ਜੀਓ, ਇਹ ਲਾਲ ਇਤਨਾ ਬੇਸ਼ਕੀਮਤ ਹੈ ਕਿ ਕੀਮਤ ਕੂਤ ਦੀ ਹੱਦ ਤੋਂ ਪਰੇ ਹੋ ਗਿਆ ਹੈ। ਇਹ ਵਿਸਮਾਦ ਹੈ, ਵਿਸਮਾਦ ਦਾ ਦਾਤਾ ਹੈ। ਹਾਂ, ਇਹ ਤੁਹਾਡਾ ਲਾਲ ਵਿਸਮਾਦ ਹੈ, ਜੀਓ ਜੀ! ਵਿਸਮਾਦ ਹੈ! ਵਿਸਮਾਦ ਹੈ! ਤੁਸੀਂ ਆਪ ਵਿਸਮਾਦ ਹੋ, ਅਮੁੱਲ ਹੋ, ਅਮੁੱਲ ਹੋ, ਸਭ ਕੀਮਤਾਂ ਤੋਂ ਪਰੇ ਹੋ। ਇਹ ਜੋ ਜੌਹਰੀ ਨੂੰ ਦਰਸ਼ਨ ਮਾਤ੍ਰ ਤੋਂ ਵਿਸਮਾਦ ਹੋ ਗਿਆ, ਲਾਲ ਦੀ ਸੁੰਦਰਤਾ ਨੇ ਉਸ ਨੂੰ ਆਪਣੇ ਨਿਜ ਸਰੂਪ ਦੀ ਸੁੰਦਰਤਾ ਦੀ ਚੱਸ ਲਾ ਦਿਤੀ, ਇਹ ਮੁੱਲ ਹੈ ਜਿਸ ਦਾ ਮੁੱਲ ਪੈ ਨਹੀਂ ਸਕਦਾ, ਇਸ ਪ੍ਰਕਾਰ ਦਾ ਭਾਵ ਇਸ 'ਅਮੁੱਲ' ਵਾਲੀ ਪਉੜੀ ਦਾ ਹੈ।

ਪਾਣੀ ਨੂੰ ਨਿਰਮਲ ਕਰੀ ਚਲੋ, ਜਦ ਮੂਲੋਂ ਨਿਰਮਲ ਹੋ ਜਾਏਗਾ ਤਾਂ ਪੂਰਨ ਨਿਰਮਲ ਜਲ ਦੇ ਸਰੋਵਰ ਵਿਚ ਪਾਇਆਂ ਵਿਖਮਤਾ ਨਹੀਂ ਦਰਸਾਏਗਾ, ਤਦਰੂਪ ਹੋ ਜਾਏਗਾ। ਸੋ ਨਿਰਮਲ ਹੋਏ ਜਲ ਦਾ ਮੁੱਲ ਨਿਰਮਲ ਜਲ ਹੈ, ਇਹ ਅਮੁੱਲਤਾ ਹੈ।

ਇਸੀ ਤਰ੍ਹਾਂ ਜੀਵ ਤੱਤ ਜਦ ਨਾਮ, ਬਾਣੀ, ਸਿਫਤ ਸਲਾਹ, ਕੀਰਤਨ ਨਾਲ ਆਪਣੇ ਆਪ ਵਿਚ ਮੂਲੋਂ ਨਿਰਮਲ ਹੋ ਚਮਕੇਗਾ ਤਾਂ ਨਿਰੋਲ 'ਸੱਚ' ਹੋ ਜਾਏਗਾ ਤਾਂ ਉਸ ਦਾ ਮੁੱਲ ਪਵੇਗਾ 'ਸੱਚ', ਅਰਥਾਤ ਉਹੋ 'ਸਤਜ ਸਰੂਪ' ਪਰਮਾਤਮ ਦੇਵ ਉਸ ਨੂੰ ਆਪਣੇ ਵਿਚ ਤਦਰੂਪ ਕਰ ਲਏਗਾ। ਨਿਰੋਲ 'ਸੱਚ' ਹੋ ਗਏ ਦਾ ਮੁੱਲ 'ਸੱਚ' ਪੈ ਗਿਆ। 'ਸੱਚ ਦਾ ਮੁੱਲ ਸੱਚ'- ਜੋ ਸੱਚ ਸੱਚ ਵਿਚ ਲੀਨ ਹੋ ਗਿਆ। ਯਥਾ:- 'ਨਾਨਕ ਸਚੁ ਧਿਆਇਨਿ ਸਚੁ॥' (ਵਾਰ ਆਸਾ ਮ: ੧-੨) ਇਹ ਹੈ ਮੁੱਲ ਜੋ ਅਮੁੱਲ ਹੈ।

ਕਿਉਂਕਿ ਉਹ ਤ੍ਰੈਕਾਲ ਅਬਾਧ 'ਸੱਚ' (=ਪਰਮਾਤਮ ਦੇਵ) ਆਪ ਅਮੁੱਲ ਹੈ। ਯਥਾ:-

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥ (ਅਨੰਦੁ-੩੦)

ਉਸ ਅਮੁੱਲ ਦੇ ਗੁਣ ਬੀ ਅਮੁੱਲ ਹਨ। ਯਥਾ:-

ਮੋਲਿ ਨ ਪਾਈਐ ਗੁਣਹ ਅਮੋਲ॥ (ਸੁਖਮਨੀ ੨੩-੩)

ਪੁਨਾ:- **ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ॥** (ਮਾਰੂ ਵਾਰ ਮ: ੧-੧)

ਕੀਕੂ ਮਿਲਦਾ ਹੈ?- **ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ॥** (ਮਾਰੂ ਵਾਰ ਮ: ੧-੧)

ਸੋ ਗੁਣ ਅਮੁੱਲ ਹੈਨ, ਇਸਦਾ ਵਪਾਰ ਆਪੇ ਅਮੁੱਲ ਹੋ ਗਿਆ। ਇਸਦੇ ਵਪਾਰੀ ਬੀ ਅਮੁੱਲ

ਹੋਏ ਤੇ ਗੁਣ ਭੰਡਾਰ ਬੀ ਅਮੁੱਲ ਹੀ ਹੋਏ।

ਹੁਣ ਇਸ ਅਮੁੱਲ ਦੇ ਖ਼ਰੀਦਾਰ ਹੋ ਕੇ ਜੋ ਆਉਂਦੇ ਹਨ, ਉਹ ਬੀ ਅਮੁੱਲ ਹੋ ਕੇ ਆਉਣ। ਉਹ ਅਮੁੱਲ ਕੀਕੂੰ ਹੋਣ? ਉੱਤਰ: ਸ਼ਰਧਾ, ਭਗਤੀ ਤੇ ਨਿੰਮ੍ਰਤਾ ਵਿਚ ਆਪੇ ਨੂੰ ਨਿਵਾਰ ਨਿਵਾਰ ਕੇ ਆਉਣ-ਮਾਨ ਅਭਿਮਾਨ ਦੀਆਂ ਆਪਣੀਆਂ ਕੀਮਤਾਂ ਛੱਡ ਕੇ ਆਉਣ। ਤਪ ਕਿ ਸੇਵਾ, ਭੇਟਾ ਕਿ ਪੂਜਾ, ਕਿਸੇ ਸ਼ੈ ਦੇ ਭਾਵ ਨੂੰ ਮੁੱਲ ਸਮਝਕੇ ਅਰਪਣ ਨਾ ਕਰਨ। ਨਾਮ, ਬਾਣੀ, ਭਜਨ, ਕੀਰਤਨ, ਸਭ ਇਕ ਝੋਲੀ ਅੱਡਣ ਵਾਂਙੂੰ 'ਅਮੁਲੋ ਅਮੁਲੁ' ਦੇ ਅੱਗੇ ਪੇਸ਼ ਕਰਣ। ਕਿਸੇ ਗੱਲ ਦਾ ਮਾਨ ਨਾ ਧਾਰਨ ਕਰਨ। ਇਹ ਅਮੁੱਲ ਆਉਣਾ ਹੈ।

ਪ੍ਰਸ਼ਨ ਹੁੰਦਾ ਹੈ ਕਿ ਉਹ ਅਮੁੱਲ ਆਏ ਲੈ ਕੀਹ ਜਾਂਦੇ ਹਨ? ਓਹ ਗੁਰੂ ਪਾਸੋਂ ਅਮੁੱਲ ਗੁਣ ਜੋ 'ਸਚ' ਹੈ ਲੈ ਜਾਂਦੇ ਹਨ:-

ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ॥ (ਮਾਰੂ ਵਾਰ ਮ: ੧-੧)

ਸਤਿਗੁਰ ਤੋਂ ਸੱਚ ਪ੍ਰਾਪਤ ਹੋ ਗਿਆ, ਅਰਥਾਤ ਆਪਾ ਨਿਰਮਲ ਤੇ ਸੁੱਧ ਹੋ ਕੇ ਸਤਜ ਸਰੂਪ ਹੋ ਲਿਸ਼ਕਿਆ, ਤਦ 'ਅਮੁੱਲ' ਅਰਥਾਤ ਸਤਜ ਸਰੂਪ ਪਰਮਾਤਮ ਦੇਵ ਨੂੰ ਭਾ ਗਿਆ, ਤੇ ਉਸ ਅਮੁੱਲ ਸਾਂਈਂ ਨੇ ਅਮੁੱਲ ਆਏ ਨੂੰ ਆਪੇ ਵਿਚ ਸਮਾ ਲਿਆ। ਇਸੇ ਕਰਕੇ ਫੁਰਮਾਇਆ ਹੈ: '**ਅਮੁਲ ਭਾਇ ਅਮੁਲਾ ਸਮਾਹਿ॥**' ਇਹ ਅਮੁੱਲ ਕੀ ਹੋਇਆ? ਤਾਂ ਦੱਸਦੇ ਹਨ ਕਿ-

ਅਮੁਲੋ ਅਮੁਲੁ ਆਖਿਆ ਨ ਜਾਇ॥ ਅਰਥਾਤ ਇਹ ਅਮੁੱਲੋ ਅਮੁੱਲ ਹੀ ਹੈ, ਇਹ ਵਰਣਨ ਨਹੀਂ ਹੋ ਸਕਦਾ। ਇਸਦੀ ਦੁਕਾਨ ਅਮੁੱਲ ਹੈ, ਇਸ ਦੇ ਤੱਕੜੀ ਵੱਟੇ ਅਮੁੱਲ ਹਨ। ਨਹੀਂ, ਇਹ ਦੁਕਾਨ ਨਹੀਂ ਇਹ ਇਕ ਅਮੁੱਲ ਬਖਸ਼ਿਸ਼ ਦਾ ਦਰਬਾਰ ਹੈ, ਜਿਥੋਂ ਦਾ ਰਾਜਾ ਧਰਮ ਹੈ, ਉਸ ਦਾ ਦਰਬਾਰ ਬਖਸ਼ਿਸ਼ ਦਾ ਹੈ, ਉਥੋਂ ਦੀ ਬਖਸ਼ਿਸ਼ ਅਮੁੱਲ ਹੈ, ਤੇ ਉਸ ਬਖਸ਼ਿਸ਼ ਲਈ ਨਿਸ਼ਾਨ ਬੀ ਅਮੁੱਲ ਹੀ ਪੈਂਦਾ ਹੈ।

ਇਹ 'ਅਮੁੱਲ ਦਾ ਅਮੁੱਲ ਸਾਂਈਂ' ਆਪ ਅਕਥਨੀਯ ਹੈ, ਪਰ ਉਸ ਦਾ ਨਾਮ ਸਿਮਰਨ ਤੇ ਯਸ਼ ਕਥਨ ਹੀ ਮਾਰਗ ਹੈ, ਜਿਸ ਨਾਲ ਉਸ ਵਿਚ ਲਿਵ ਲਗਦੀ ਹੈ, ਕੂੜੇ ਦੀ ਪਾਲ ਟੁੱਟਦੀ ਹੈ ਤੇ 'ਸੱਚ' ਨਿਤਰਕੇ 'ਸੱਚ' ਵਿਚ ਪ੍ਰਾਪਤ ਹੁੰਦਾ ਹੈ।

'**ਆਖਿਆ ਨ ਜਾਇ**' ਕਹਿਕੇ ਫੇਰ ਫੁਰਮਾਉਂਦੇ ਹਨ '**ਆਖਿ ਆਖਿ ਰਹੇ ਲਿਵ ਲਾਇ**' ਮਾਨੋ ਉਸ ਦਾ ਵੇਰਵਾ ਖੋਲ੍ਹਦੇ ਹਨ, ਜਿਸ ਦਾ ਤਾਤਪਰਜ ਇਹ ਹੈ ਕਿ ਆਖਣ ਵਾਲੇ ਤਾਂ ਕਈ ਹਨ, ਪਰ ਉਹ ਸੰਪੂਰਨ ਰੂਪ ਤੋ ਨਹੀਂ ਆਖ ਸਕਦੇ, ਆਖ ਆਖ ਕੇ ਉਸ ਦੀ ਕੀਮਤ ਕੂਤ ਨਹੀਂ ਪਾ ਸਕਦੇ; ਯਥਾ:-

ਆਖਿ ਥਕੇ ਕੀਮਤਿ ਨਹੀ ਪਾਈ॥ (ਆਸਾ ਮ: ੧)

ਜੇ ਕੋਈ ਐਸਾ ਦਾਅਵਾ ਕਰੇ ਤਾਂ ਉਹ ਗਵਾਰ ਗਿਣਿਆ ਜਾਏਗਾ, ਕਿਉਂਕਿ ਉਹ ਸਾਂਈਂ ਅਮਿਤ ਹੈ, ਆਖਣ ਵਾਲੇ ਦੀ ਬੁੱਧੀ ਮਿਤ ਵਿਚ ਹੈ। ਯਥਾ:-

ਬਾਬਾ ਅਲਹੁ ਅਗਮ ਅਪਾਰੁ॥ (ਸਿਰੀ: ਮ: ੧ ਅਸਟ: ੧)

ਤਥਾ- **ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥** (ਆਸਾ ਮ: ੧)

ਸੋ ਜੋ ਆਖਣ ਵਾਲੇ ਹਨ ਅੰਤ ਨਹੀਂ ਪਾ ਸਕਦੇ, ਪਰ ਜੋ ਸ਼ਰਧਾ ਪ੍ਰੇਮ ਨਾਲ ਆਖਦੇ ਹਨ, ਭਾਵ ਪ੍ਰੇਮ ਵਿਚ ਸਿਫਤ ਸਲਾਹ ਕਰਦੇ ਹਨ, ਓਹ ਆਖਦੇ ਆਖਦੇ ਲਿਵਧਾਰੀ ਹੋ ਜਾਂਦੇ ਹਨ।

'ਅਮੁੱਲ ਗੁਣ.....ਤੋਂ.....ਲਿਵ ਲਾਇ' ਤੱਕ ਦੇ ਅਰਥ ਐਉਂ ਬੀ ਲਾਏ ਜਾਂਦੇ ਹਨ।

ਇਸ ਪਉੜੀ ਦੀ ਮੁੱਖ ਸਤਰ ੯ ਹੈ, ਜਿਸ ਵਿਚ ਦੱਸਿਆ ਹੈ (ਉਹ ਦਾਤਾ ਆਪ) ਅਮੁੱਲ ਹੀ ਅਮੁੱਲ ਹੈ, (ਸੋ ਉਸ ਅਮੁੱਲ ਦੇ) ਗੁਣ (ਬੀ) ਅਮੁੱਲ (ਹੈਨ, ਉਨ੍ਹਾਂ ਗੁਣਾਂ ਦੇ) ਵਾਪਾਰ ਬੀ ਅਮੁੱਲ ਹੀ ਹਨ। (ਜੋ ਲੋਕ ਉਨ੍ਹਾਂ ਗੁਣਾਂ ਦਾ ਵਪਾਰ ਕਰਦੇ ਹਨ ਭਾਵ ਪਰਮੇਸ਼ੁਰ ਦਾ ਗੁਣਾਨੁਵਾਦ, ਸਿਫਤ

ਸਲਾਹ, ਲਿਖ ਬੋਲ, ਪੜ੍ਹ ਗਾਉਂ, ਸਮਝ ਸਮਝਾ ਆਦਿ ਤ੍ਰੀਕਿਆਂ ਨਾਲ ਗੁਣ ਵੱਖਰ ਦਾ ਲੈਣ ਦੇਣ ਕਰਦੇ ਹਨ। ਓਹ ਵਪਾਰੀ ਬੀ ਅਮੁੱਲ ਹਨ, (ਜਿਸ ਵੱਖਰ, ਅਰਥਾਤ ਸਾਹਿਬ ਦੀ ਸਿਫਤ ਸਲਾਹ, ਦਾ ਓਹ ਵਪਾਰ ਕਰਦੇ ਹਨ ਉਸ ਦੇ) ਭੰਡਾਰ ਬੀ ਅਮੁੱਲ ਹੈਨ। (ਜੋ ਉਹਨਾਂ ਪਾਸੋਂ ਇਹ ਵੱਖਰ ਲੈਣ) ਆਉਂਦੇ ਹਨ ਤੇ ਲੈ ਜਾਂਦੇ ਹਨ ਓਹ ਬੀ ਅਮੁੱਲ (ਹੋ ਜਾਂਦੇ) ਹੈਨ। (ਉਹਨਾਂ ਨੇ ਇਸ ਵੱਖਰ ਨਾਲ ਸ਼ਰਧਾ ਭਾਵਨਾ ਆਦਿ) ਪਜਾਰ ਕੀਤੇ ਹਨ ਤੇ (ਇਨ੍ਹਾਂ ਗੁਣਾਂ ਦੀ ਅਪਣੇ ਵਿਚ) ਸਮਾਈ ਕੀਤੀ ਹੈ (ਸੋ) ਅਮੁੱਲ (ਹੋ ਗਏ) ਹਨ। (ਇਸ ਵਪਾਰ ਦੀ ਹੱਟੀ ਨਹੀਂ ਕਿਉਂਕਿ ਇਹ ਵਪਾਰ ਕਿਸੇ ਮੁੱਲ ਕੀਮਤ ਦੇ ਬਦਲੇ ਵੱਖਰ ਲੈਣ ਦੇਣ ਦੀ ਖ਼੍ਰੀਦ ਫ਼ਰੋਖ਼ਤ ਨਹੀਂ, ਇਸ ਦਾ ਤਾਂ) ਦਰਬਾਰ (=ਸਤਿਸੰਗ ਦਾ ਦੀਵਾਨ) ਹੁੰਦਾ ਹੈ ਤੇ ਅਮੁੱਲ (ਦੇਣ ਲੈਣ ਕਰਨਾ ਇਹ ਉਸ ਦੀਵਾਨ ਦਾ) ਧਰਮ (ਹੁੰਦਾ ਹੈ ਸੋ ਅਮੁੱਲ ਵਪਾਰ ਹੋਣ ਕਰਕੇ ਇਸ ਦਾ ਦੀਵਾਨ ਤੇ ਧਰਮ ਬੀ) ਅਮੁੱਲ ਹੈ। (ਓਥੇ ਤੁਲ=) ਤੱਕੜੀ (ਤੇ ਪ੍ਰਮਾਣ=) ਵੱਟੇ (ਬੀ ਓਹ ਹਨ ਜੋ) ਮੁੱਲ ਥੀਂ ਉੱਪਰ ਹੈਨ (ਕਿਉਂਕਿ ਅਮੁੱਲ ਵੱਖਰ ਦਾ ਤੋਲ ਮਾਪ ਮੁੱਲ ਵਾਲੇ ਤੱਕੜੀ ਵੱਟੇ ਕਰ ਹੀ ਨਹੀਂ ਸਕਦੇ)। (ਅਮੁੱਲ ਦਾ ਵਪਾਰ, ਅਸਲ ਵਿਚ ਵਪਾਰ ਨਹੀਂ ਕਿਉਂਕਿ ਵਪਾਰ ਵਿਚ ਤਾਂ ਮੁੱਲ ਮੁੱਖ ਵਸਤੂ ਹੈ, ਇਥੇ ਮੁੱਲ ਹੈ ਹੀ ਨਹੀਂ, ਸੋ ਇਸ ਨੂੰ ਤਾਂ ਬਖਸ਼ਿਸ਼ ਕਹਿਣਾ ਚਾਹੀਏ ਸੋ ਇਸ ਵਪਾਰ ਦੀ) ਬਖਸ਼ਿਸ਼ ਬੀ ਅਮੁੱਲ ਹੈ (ਤੇ ਇਸ ਬਖਸ਼ਿਸ਼ ਦਾ ਜੋ) ਨਿਸ਼ਾਨ (ਪੈਂਦਾ ਹੈ ਉਹ ਬੀ) ਅਮੁੱਲ ਹੁੰਦਾ ਹੈ, (ਬਖਸ਼ਿਸ਼ ਤਾਂ ਸ਼ੈ ਹੀ ਮੁੱਲ ਤੋਂ ਪਰੇ ਦੀ ਹੋਈ ਤੇ ਇਹ ਬਖਸ਼ਿਸ਼ ਹੀ ਨਿਸ਼ਾਨ ਪੈਂਦਾ ਹੈ ਸੋ ਨਿਸ਼ਾਨ ਆਪੇ ਅਮੁੱਲ ਹੋ ਗਿਆ)। (ਜਿਸ ਦੇ ਹੁਕਮ ਨਾਲ ਬਖਸ਼ਿਸ਼ ਹੁੰਦੀ ਹੈ ਉਹ ਆਪ ਅਮੁੱਲ ਹੈ ਸੋ ਉਸ ਦਾ) ਫੁਰਮਾਣ ਬੀ ਅਮੁੱਲ ਹੈ ਤੇ ਜੋ ਬਖਸ਼ਿਸ਼ ਹੁੰਦੀ ਹੈ ਉਹ ਬੀ ਅਮੁੱਲ ਹੋਈ। ੯. (ਉਹ ਦਾਤਾ ਸੱਚਾ ਸਾਹਿਬ ਆਪ) ਅਮੁੱਲ ਹੀ ਅਮੁੱਲ ਹੈ (ਸਭਨਾਂ ਕੀਮਤਾਂ ਕੂਤਾਂ ਤੋਂ ਉਪਰ ਹੈ) ਵਰਣਨ ਨਹੀਂ ਕੀਤਾ ਜਾ ਸਕਦਾ। (ਜਿਨ੍ਹਾਂ ਭਗਤਾਂ ਨੇ ਆਖਿਆ ਹੈ ਓਹ) ਆਖਦੇ ਆਖਦੇ (ਆਪ ਉਸ ਵਿਚ) ਲਿਵ ਧਾਰੀ ਹੋ ਗਏ ਹਨ।

ਨਿਰੁਕ੍ਤ– ਅਮੁਲ–(੧) ਮੁੱਲ ਤੋਂ ਰਹਿਤ, ਬੇਮੁੱਲੀ ਸ਼ੈ। (੨) ਬਹੁਮੁੱਲੀ ਸ਼ੈ ਜਿਸ ਦੀ ਕੀਮਤ ਆਮ ਕੀਮਤਾਂ ਤੋਂ ਵਡੀ ਹੋਵੇ। (੩) ਜੋ ਅਰਥ ਇਸ ਪਉੜੀ ਵਿਚ ਹੈ ਸੋ ਉਪਰ ਵਜਾਖਜਾ ਵਿਚ ਆ ਚੁਕਾ ਹੈ।

ਅਮੁਲੁ–ਜੋ ਮੁਲ ਤੋਂ ਉਪਰ ਹੈ, ਪਰਮਾਤਮ ਦੇਵ, ਵਾਹਿਗੁਰੂ।

ਅਮੁਲਾ ਸਮਾਹਿ–ਅਮੁਲ ਉਸ ਨੂੰ ਆਪਣੇ ਵਿਚ ਸਮਾ ਲੈਂਦਾ ਹੈ।

ਤੁਲੁ–ਤੱਕੜੀ। **ਪਰਵਾਣੁ**–ਵੱਟਾ।

ਕਰਮੁ–(ਅ਼ਰਬੀ,) ਬਖਸ਼ਿਸ਼।

ਅਮੁਲੋ ਅਮੁਲੁ–ਅਮੁੱਲ ਹੀ ਅਮੁੱਲ–ਭਾਵ ਪਰਮਾਤਮ ਦੇਵ ਜੋ ਅਮੁੱਲ ਹੀ ਅਮੁੱਲ ਹੈ।

(ਪਉੜੀ ੨੬-ਜਾਰੀ)

ਪ੍ਰਾਕ੍ਥਨ–ਇਥੋਂ ਤਾਈਂ ਗੁਰੂ ਜੀ ਨੇ ਆਪਣੇ 'ਅਮੁੱਲ ਆਦਰਸ਼' ਨੂੰ ਦਿਖਾਕੇ ਪਰਮਾਤਮ ਦੇਵ ਨੂੰ 'ਅਮੁਲੋ ਅਮੁਲੁ' ਦੱਸਿਆ ਤੇ ਅੰਤ ਵਿਚ ਉਸ ਨੂੰ 'ਆਖਿਆ ਨ ਜਾਇ' ਭਾਵ ਅਕੱਥ ਦੱਸਿਆ। ਇਸ ਪਰ ਪ੍ਰਸ਼ਨ ਹੁੰਦਾ ਹੈ ਕਿ ਅਮੁਲ ਮਾਰਗ ਦੇ ਭਗਤਾਂ ਦਾ ਤਾਂ ਆਸਰਾ ਹੀ ਗੁਣ ਕਥਨ ਤੇ ਨਾਮ ਉਚਾਰਣ ਹੈ, ਉਨ੍ਹਾਂ ਦਾ ਕਥਨ ਫਿਰ ਕੀਹ ਹੋਇਆ? ਇਸ ਦਾ ਉੱਤਰ ਅਗਲੀ ਤੁਕ ਵਿਚ ਦਿੱਤਾ ਹੈ'ਆਖਿ ਆਖਿ ਰਹੇ ਲਿਵਲਾਇ', ਅਰਥਾਤ 'ਅਮੁਲੋ ਅਮੁਲੁ' ਦੇ ਭਗਤ ਜਨ

ਲਿਵ ਲਾਉਣ ਵਾਸਤੇ ਆਖਦੇ ਹਨ, ਅੰਤ ਲੈਣ ਵਾਸਤੇ ਨਹੀਂ ਆਖਦੇ, ਯਥਾ:-

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵਲਾਇ॥ (ਸਿਰੀ ਮ: ੧ ਅਸਟ:-੧)

ਜੋ ਕੀਮਤ ਕੂਤ ਲੈਣ ਵਾਸਤੇ ਆਖਦੇ ਹਨ ਓਹ ਕੀਮਤਿ ਕੂਤ ਨਹੀਂ ਪਾ ਸਕਦੇ। ਯਥਾ:

ਆਖਿ ਥਕੇ ਕੀਮਤਿ ਨਹੀ ਪਾਈ॥ (ਆਸਾ ਮ: ੧)

ਪੁਨਾ:- **ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ॥** (ਸਿਰੀ: ਮ: ੧ ਅਸਟ:-੧)

ਅਗਲੀਆਂ ਤੁਕਾਂ ਵਿਚ ਇਹ ਵਿਸ਼ਯ ਚਲਦਾ ਹੈ।

ਮੂਲ	ਅਰਥ
ਆਖਹਿ ਵੇਦ ਪਾਠ ਪੁਰਾਣ॥ **ਆਖਹਿ ਪੜੇ ਕਰਹਿ ਵਖਿਆਣ॥**	ਆਖ ਰਹੇ ਹਨ ਵੇਦ ਪੁਰਾਣ (ਜੇ ਤੁਸੀਂ ਆਪ ਪੜ੍ਹਨਾ ਚਾਹੋ ਤਾਂ), (ਆਖ ਰਹੇ ਹਨ ਵੇਦਾਂ ਪੁਰਾਣਾਂ ਦੇ) ਪਾਠ ਕਰਨੇ ਹਾਰੇ (ਜੇ ਤੁਸੀਂ ਸੁਣਨਾ ਚਾਹੋ ਤਾਂ)। ਆਖ ਰਹੇ ਹਨ (ਪੜ੍ਹੇ=) ਵਿਦਵਾਨ ਲੋਕ (ਜੋ ਮੂਲ ਪਾਠਾਂ ਦੀ) ਵਯਾਖਯਾ ਕਰ ਰਹੇ ਹਨ, (ਜੇ ਤੁਸੀਂ ਅਰਥ ਭਾਵ ਸੁਣਨੇ ਚਾਹੋ ਤਾਂ)।
ਆਖਹਿ ਬਰਮੇ ਆਖਹਿ ਇੰਦ॥	ਆਖ ਰਹੇ ਹਨ (ਵੇਦ ਉਚਾਰਨ ਵਾਲੇ) ਬ੍ਰਹਮੇ, ਆਖ ਰਹੇ ਹਨ ਇੰਦ੍ਰ (ਆਦਿ ਦੇਵਤੇ ਜੋ ਮਾਨੁਖ ਸ਼੍ਰੇਣੀ ਤੋਂ ਉੱਚੇ ਹਨ)।
ਆਖਹਿ ਗੋਪੀ ਤੈ ਗੋਵਿੰਦ॥ **ਆਖਹਿ ਈਸਰ ਆਖਹਿ ਸਿਧ॥** **ਆਖਹਿ ਕੇਤੇ ਕੀਤੇ ਬੁਧ॥**	ਆਖ ਰਹੇ ਹਨ ਕ੍ਰਿਸ਼ਨ (ਜੀ ਵਰਗੇ ਅਵਤਾਰ ਤੇ ਉਨ੍ਹਾਂ ਦੇ ਪ੍ਰੇਮੀ) ਗੋਪੀਆਂ (ਗੋਪ ਆਦਿਕ)। ਆਖਦੇ ਹਨ ਈਸ਼ਰ (ਭਾਵ ਸ਼ਿਵਜੀ ਤੇ) ਆਖਦੇ ਹਨ (ਉਨ੍ਹਾਂ ਦੇ ਅਨੁਯਾਈ ਨਾਥ ਤੇ) ਸਿਧ (ਆਦਿਕ)। ਆਖਦੇ ਹਨ ਕਈ (ਲੋਕ ਜੋ ਪਰਮਾਤਮਾ ਨੇ) ਬੁਧੀਮਾਨ (ਗਯਾਨਵਾਨ) ਰਚੇ ਹਨ।
ਆਖਹਿ ਦਾਨਵ ਆਖਹਿ ਦੇਵ॥ **ਆਖਹਿ ਸੁਰਿ ਨਰ ਮੁਨਿ ਜਨ ਸੇਵ॥**	ਆਖਦੇ ਹਨ ਦਾਨਵ (ਅਸੁਰ) ਆਖਦੇ ਹਨ ਦੇਵ। ਆਖਦੇ ਹਨ ਸੁਰਿ ਨਰ ਮੁਨਿ ਜਨ ਸੇਵ।
ਕੇਤੇ ਆਖਹਿ ਆਖਣਿ ਪਾਹਿ॥ **ਕੇਤੇ ਕਹਿ ਕਹਿ ਉਠਿ ਉਠਿ ਜਾਹਿ॥**	ਆਖਦੇ ਹਨ (ਹੋਰ ਕਈ, ਤੇ) ਕਈ ਆਖਣ ਨੂੰ ਪੈਂਦੇ ਹਨ (ਭਾਵ ਜਤਨ ਕਰਦੇ ਹਨ)। ਕਈ ਕਹਿੰਦੇ ਕਹਿੰਦੇ ਉਠਦੇ ਤੁਰੇ ਚਲੇ ਜਾਂਦੇ ਹਨ (ਭਾਵ ਮਰਦੇ ਜਾਂਦੇ ਹਨ)।
ਏਤੇ ਕੀਤੇ ਹੋਰਿ ਕਰੇਹਿ॥ **ਤਾ ਆਖਿ ਨ ਸਕਹਿ ਕੇਈ ਕੇਇ॥**	ਜੇ (ਸਾਈਂ) ਇਤਨੇ (ਜਿਤਨੇ ਕਿ ਉਸਦੇ) ਕੀਤੇ (ਉਪਰ ਕਥੇ ਹਨ) ਹੋਰ ਰਚ ਦੇਵੇ (ਤੇ ਓਹ ਸਾਰੇ ਬੀ ਆਖਣ) ਤਾਂ (ਓਹ) ਕੋਈ ਬੀ ਨਹੀਂ ਕਹਿ ਸਕਣਗੇ ਕਿ (ਕੇਇ=) ਉਹ ਕੇਡਾ ਵੱਡਾ ਹੈ।
ਜੇਵਡੁ ਭਾਵੈ ਤੇਵਡੁ ਹੋਇ॥ **ਨਾਨਕ ਜਾਣੈ ਸਾਚਾ ਸੋਇ॥**	(ਕਿਉਂਕਿ ਅਮੁਲ ਤੇ ਅਮਿਤ ਸਾਹਿਬ) ਜਿੰਨਾਂ ਵੱਡਾ ਚਾਹੇ ਉੱਨਾਂ ਵੱਡਾ ਹੋ ਸਕਦਾ ਹੈ। ਹੇ ਨਾਨਕ! (ਸੰਪੂਰਣ ਰੂਪ ਵਿਚ ਅਪਣੇ ਆਪ ਨੂੰ) ਉਹ ਸੱਚਾ (ਸਾਹਿਬ ਆਪ ਹੀ) ਜਾਣਦਾ ਹੈ।
ਜੇ ਕੋ ਆਖੈ ਬੋਲੁ ਵਿਗਾੜੁ॥ **ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥**	ਜੇ ਕੋਈ ਬੋਲ ਵਿਗਾੜੂ ਆਖੇ (ਕਿ ਮੈਂ ਸੰਪੂਰਨ ਰੂਪ ਵਿਚ ਕਹਿ ਸਕਦਾ ਹਾਂ) ਤਾਂ (ਉਸ ਨੂੰ) ਮੂਰਖਾਂ ਦੇ ਸਿਰ ਮੂਰਖ ਲਿਖਿਆ ਚਾਹੀਏ। (ਭਾਵ ਉਹ ਵੱਡਾ ਮੂਰਖ ਸਮਝਿਆ ਜਾਏਗਾ)॥੨੬॥

ਵਜਾਖਜਾ- ਪਉੜੀ ਦੇ ਇਸ ਹਿੱਸੇ ਵਿਚ ਦੇਵਤੇ, ਅੰਵਤਾਰ, ਸਿੱਧ, ਮਾਨੁਖ, ਧਰਮ ਗ੍ਰੰਥ, ਦਾਨਵ, ਮੁਨੀ ਆਦਿ ਓਹ ਸਾਰੇ ਗਿਣੇ ਹਨ ਜੋ ਪਰਮਾਤਮਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਤਿਪਾਦਨ ਕਰਦੇ ਹਨ ਤੇ ਕਾਦਰ ਤੇ ਕੁਦਰਤ ਦੇ ਵੇਰਵੇ ਦੱਸਦੇ ਹਨ, ਯਾ ਕਰਤੇ ਦੀਆਂ ਗੁਣ ਖ਼ੂਬੀਆਂ ਖੋਹਲਦੇ ਹਨ। ਇਨ੍ਹਾਂ ਦੀਆਂ ਕਥਨੀਆਂ ਨੂੰ ਗੁਰੂ ਜੀ ਏਥੇ ਮਾੜਾ ਨਹੀਂ ਕਹਿ ਰਹੇ, ਪਰ ਇਨ੍ਹਾਂ ਕਥਨੀਆਂ ਦੀ ਅਪੂਰਣਤਾ ਦਰਸਾ ਰਹੇ ਹਨ ਕਿ ਓਹ ਸੰਪੂਰਨ ਰੂਪ ਕਰਕੇ ਕਥਿਆ ਨਹੀਂ ਜਾ ਸਕਦਾ, ਉਹ ਅਤਿ ਵਡਾ ਅਰਥਾਤ ਅਮਿਤ ਹੈ, ਇਸ ਲਈ ਪੂਰਨ ਰੂਪ ਵਿਚ ਓਹੀ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ, ਹੋਰ ਕੋਈ ਨਹੀਂ, ਯਥਾ:-

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ (ਆਸਾ ਮ: ੧)

ਉਪਰਲੇ ਆਖਣ ਵਾਲੇ ਲਗ ਪਗ ਵੇਦ ਆਸ਼੍ਰਿਤ ਹਨ ਤੇ ਵੇਦ ਆਪ ਵਰਣਨ ਕਰਦਾ ਅਖ਼ੀਰ ਆਖਦਾ ਹੈ-ਨੇਤਿ ਨੇਤਿ। ਨ+ਇਤਿ ਅਰਥਾਤ ਅੰਤ ਨਹੀਂ ਹੈ! ਇਉਂ ਬੀ ਕਿਹਾ ਹੈ:'ਸਤਜਂ ਗਜਾਨ ਮਨੰਤਂ ਬ੍ਰਹਮ।' ਅਰਥਾਤ-ਸਤਜ ਹੈ, ਗਜਾਨ ਹੈ, ਬ੍ਰਹਮ ਅਨੰਤ ਹੈ। ਪਉੜੀ ਦੇ ਸਿਧਾਂਤ ਦੀ ਬਾਤ ਪੰਜਵੇਂ ਸਤਿਗੁਰਾਂ ਨੇ ਫੁਰਮਾਈ ਹੈ: **ਧਿਆਇ ਧਿਆਇ ਭਗਤਹ ਸੁਖੁ ਪਾਇਆ॥**

ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ (ਸੁਖਮਨੀ ੧੬-੨)

ਨਿਰੁਕ੍ਤ-ਪਾਠ-ਜੋ ਪੜ੍ਹਿਆ ਜਾਏ। (ਅ) ਪਾਠ ਕਰਨੇ ਵਾਲੇ। ਪਾਠੀ।

ਵੇਦ, ਪੁਰਾਣ-ਵੇਦ ਤੇ ਪੁਰਾਣ ਦੁਇ ਪਦ ਬਹੁ ਵਚਨ ਵਿਚ ਹਨ।

ਕਰਹਿ ਵਖਿਆਣ-ਵਜਾਖਜਾ ਕਰ ਰਹੇ ਹਨ। ਭਾਵ ਖੋਹਲਕੇ ਦੱਸ ਰਹੇ ਹਨ।

ਬਰਮੇ-(ਸੰਸ:, ਬ੍ਰਹ੍ਮਾ, ਦੁਨੀਆਂ ਰਚਣ ਵਾਲਾ ਦੇਵਤਾ) ਬ੍ਰਹਮਾ। 'ਬਰਮੇ' ਬਹੁ ਵਚਨ ਹੈ। ਭਾਵ ਹੈ ਕਲਪ ਕਲਪ ਦੇ ਬ੍ਰਹਮੇ ਯਾ ਬ੍ਰਹਮੰਡ ਬ੍ਰਹਮੰਡ ਦੇ ਬ੍ਰਹਮੇ। ਇਸੀ ਤਰ੍ਹਾਂ 'ਇੰਦ' ਆਦਿ ਪਦ ਬਹੁ ਵਚਨ ਵਿਚ ਹੈਨ।

ਗੋਪੀ-ਬ੍ਰਿਜ ਦੇ (ਗੁਆਲ ਤੇ) ਗੁਆਲਣਾਂ। ਕ੍ਰਿਸ਼ਨ ਜੀ ਦੀਆਂ ਗੋਪੀਆਂ। (ਅ) ਐਉਂ ਬੀ ਭਾਵ ਕਢਦੇ ਹਨ, ਗੋਵਿੰਦ ਗੋਪੀਆਂ (ਤੈ=) ਨੂੰ ਆਖਦੇ ਹਨ, ਅਰਥਾਤ ਕ੍ਰਿਸ਼ਨ ਜੀ ਗੋਪੀਆਂ ਨੂੰ ਉਪਦੇਸ਼ ਕਰਦੇ ਹਨ।

ਗੋਵਿੰਦ-ਕ੍ਰਿਸ਼ਨ ਜੀ। ਗੋਵਿੰਦ ਬੀ ਬਹੁ ਵਚਨ ਹੈ। ਕ੍ਰਿਸ਼ਨ ਜੀ ਦੇ ਅਵਤਾਰ ਕਈ ਹਨ।

ਈਸਰ-ਸ਼ਿਵਜੀ।

ਸਿਧ-ਸਿਧੀ ਨੂੰ ਪ੍ਰਾਪਤ ਹੋਏ ਮਹਾਨ ਲੋਕ। (ਅ) ਯੋਗ ਮਤ ਦੇ ਵਡਕੇ।

ਬੁਧ-ਬੁਧੀਮਾਨ ਲੋਕ। (ਅ) ਬੁਧ ਤੋਂ ਭਾਵ 'ਬੁਧ' ਜੀ ਬੀ ਹੋ ਸਕਦਾ ਹੈ। ਪਰ ਓਹ ਹਰੀ ਦੇ ਗੁਣ ਕਥਨ ਨਹੀਂ ਕਰਦੇ। ਨਿਰਵਾਨ ਅਵਸਥਾ ਪ੍ਰਤਿਪਾਦਨ ਕਰਦੇ ਹਨ।

ਦਾਨਵ-ਰਾਖਸ਼ਸ। ਪ੍ਰਹਲਾਦ ਆਦਿਕ। ਕਸ਼ਜਪ ਦੀ ਵੰਸ਼ ਜੋ 'ਦਨੁ' ਨਾਮੀ ਇਸਤ੍ਰੀ ਤੋਂ ਹੋਈ।

ਦੇਵ-ਦੇਵਤਾ। ਅਮਰ ਲੋਕ ਜੋ ਸੁਰਗ ਵਿਚ ਰਹਿੰਦੇ ਹਨ। ਭਾਵ ਸਾਰੇ ਦੇਵਤਿਆਂ ਤੋਂ ਹੈ।

ਸੁਰਿ ਨਰ-ਸੁਰ=ਦੇਵਤਾ। ਨਰ=ਮਾਨੁਖ। (ਅ) ਸੁਰਿ ਨਰ ਦਾ ਅਰਥ ਕਿੰਨਰ ਬੀ ਹੈ ਜੋ ਕੁਛ ਨਰ ਤੇ ਕੁਛ ਦੇਵਤਾ ਹੁੰਦਾ ਹੈ। (ੲ) ਸੁਰਿ ਦਾ ਅਰਥ ਵਿਦਵਾਨ ਬੀ ਹੈ। ਸੁਰਿ ਨਰ=ਵਿਦਵਾਨ ਪੁਰਖ।

ਮੁਨਿ-ਰਿਖੀ। ਮਨਨ ਸ਼ੀਲ ਪੁਰਖ। ਈਸ਼੍ਵਰ ਤੇ ਸਤਜ ਅਸਤਜ ਦਾ ਵੀਚਾਰ ਕਰਨ ਵਾਲਾ। ਅੰਗਰਾ, ਪੁਲਸਤ ਆਦਿ।

ਜਨ-ਦਾਸੁ, ਭਗਤ ਲੋਕ।

ਸੇਵ-ਸੇਵਕ। ਐਉਂ ਬੀ ਅਰਥ ਬਣਦਾ ਹੈ;ਸੇਵਜਨ=ਸੇਵਕ ਲੋਕ। ਭਾਵ ਭਗਤ। (ਅ) ਸੇਵ ਤੋਂ ਭਾਵ ਸ੍ਵੇਤਾਂਬਰੀ ਜੈਨੀ ਬੀ ਹੋ ਸਕਦਾ ਹੈ। ਸ੍ਵੇਵੜੇ ਤੋਂ ਸੇਵ ਰਹਿ ਗਿਆ ਹੋਵੇ। ਪਰ ਓਹ ਲੋਕ ਆਤਮਾ ਨੂੰ ਮੰਨਦੇ ਹਨ, ਪਰਮਾਤਮਾ ਨੂੰ ਨਹੀਂ ਮੰਨਦੇ। ਇਸ ਕਰਕੇ ਪਰਮਾਤਮਾ ਦੇ ਗੁਣ ਕਹਿੰਦੇ ਓਹ ਨਹੀਂ ਕਹੇ ਜਾ ਸਕਦੇ। ਪਰ ਜੋ ਗੁਣ ਅਪਣੇ ਸਿਧ ਹੋ ਗਏ 'ਜਿਨਾ' ਆਦਿਕਾਂ ਦੇ ਓਹ ਦੱਸਦੇ ਹਨ ਓਹ ਈਸ਼੍ਵਰ ਕੋਟੀ ਦੇ ਹੀ ਗੁਣ ਹੁੰਦੇ ਹਨ।

ਜੇਵਡੁ-ਜਿੰਨਾ ਵਡਾ। ਇਸ ਤੁਕ ਦਾ ਇਹ ਅਰਥ ਨਹੀਂ ਕਿ ਅਜ ਪਰਮਾਤਮਾ ੧ ਤੋਲਾ ਹੈ ਤੇ ਕੱਲ ਦੋ ਤੋਲੇ ਹੋ ਜਾਂਦਾ ਹੈ। ਭਾਵ ਇਹ ਹੈ ਕਿ ਉਸ ਦੀ ਵਡਿੱਤ ਛੁਟਿੱਤ ਮਿਣਤੀ ਗਿਣਤੀ ਦੀ ਸ਼ੈ ਨਹੀਂ। ਮਿਣਤੀ ਗਿਣਤੀ ਦੇਸ਼ ਕਾਲ ਵਸਤੂ ਦੀ ਹੈ। ਉਹ ਦੇਸ਼ ਕਾਲ ਵਸਤੂ ਤੋਂ ਪਰੇ ਹੈ। ਇਸ ਕਰਕੇ ਜਿਸ ਮਿਣਤੀ ਤਕ ਦੇਸ਼ ਕਾਲ ਵਾਲਾ ਪਹੁੰਚੇਗਾ ਉਹ ਕੀਹ ਦੇਖੇਗਾ ਕਿ ਪਰਮਾਤਮਾ ਉਸ ਤੋਂ ਹੋਰ ਵਡਾ ਹੈ, ਉਹ ਐਉਂ ਪ੍ਰਤੀਤ ਕਰੇਗਾ ਕਿ ਮਾਨੋਂ ਹੋਰ ਵਡਾ ਹੋ ਗਿਆ ਹੈ, ਅਪਣੀ ਬੁਧੀ ਦੀ ਹਦਬੰਦੀ ਦੀ ਥਾਂ ਉਹ ਉਸ ਦੀ ਵਡਿੱਤ ਨੂੰ ਵਧਦਾ ਜਾਂਦਾ ਤੱਕੇਗਾ, ਜਿਵੇਂ ਚਲਦੀ ਬੇੜੀ ਵਿਚ ਕਿਨਾਰੇ ਚਲਦੇ ਭਾਨ ਹੁੰਦੇ ਹਨ: ਉਹ ਅਪਰਮਿਤ ਦੇਸ਼ ਕਾਲ ਤੋਂ ਉਪਰ ਹਸਤੀ ਵਡੀ ਤੋਂ ਵਡੀ ਹੈ ਤੇ ਉਸ ਵਡੀ ਦੀ ਗਤਿ ਮਿਤ ਉਹੋ ਜਾਣਦਾ ਹੈ।

(ਅ) ਪਰ ਨਿਰੇ ਵੇਦਾਂਤ ਪੱਖ ਵਾਲੇ ਇਥੇ ਅਰਥ ਨੂੰ ਵਾਹਿਗੁਰੂ ਵਲੋਂ ਭੁਆਕੇ ਜਗਯਾਸੂ ਵਲ ਲਾ ਲੈਂਦੇ ਹਨ ਕਿ ਜਗਯਾਸੂ ਆਪਣੇ ਆਤਮ ਧਯਾਨ ਵਿਚ ਜਿੰਨਾ ਆਪ ਨੂੰ ਵਡਾ (ਅਰਥਾਤ ਪਰਮਾਤਮ ਸਰੂਪ) ਲਖੇਗਾ ਉਨਾਂ ਵਡਾ ਹੋ ਜਾਏਗਾ। ਉਹੀ ਫਿਰ ਆਪ ਨੂੰ ਸੱਚਾ ਸਾਹਿਬ ਜਾਣ ਲਏਗਾ, ਭਾਵ ਅਭੇਦ ਹੋ ਜਾਏਗਾ। ਪਰ ਇਹ ਅਰਥ ਭਾਵ ਪ੍ਰਸੰਗ ਨਾਲ ਢੁੱਕਦਾ ਘੱਟ ਹੈ।

ਬੋਲੁ ਵਿਗਾੜੁ-ਗੱਲ ਨੂੰ ਵਿਗਾੜਨ ਵਾਲਾ। ਬਾਕ ਬਿਗਾੜ ਵਾਰੋ (ਕਵਿ ਸੰਤੋਖ ਸਿੰਘ) ਬੋਲ ਵਿਗਾੜ=Foul mouthed, one who spoils (business) by unseemly speaking. (ਅੰਗ੍ਰੇਜ਼ੀ ਪੰਜਾਬੀ ਕੋਸ਼ ੧੮੫੪ ਈ:)। ਭੈੜੀ ਗਲ ਕਰਨ ਵਾਲਾ। (ਪੰਜਾਬੀ ਕੋਸ਼ ੧੯੨੨ ਈ:)।

ਸ੍ਰੀ ਪੰਡਿਤ ਦਾਨੇ[੧] ਇਸ ਅੰਕ ਵਿਚ ਦੱਸੇ ਆਖਣ ਵਾਲਿਆਂ ਦਾ 'ਆਖਣਾ' ਤੇ ਜਿਨ੍ਹਾਂ ਪ੍ਰਤੀ ਆਖਦੇ ਹਨ, ਐਉਂ ਗਿਣਕੇ ਵੇਰਵਾ ਬੀ ਦੱਸਦੇ ਹਨ:-

ਵੇਦ ਪੁਰਾਣ ਤੇ ਵੇਦ ਪੁਰਾਣ ਪਾਠੀ-ਅਪਣੇ ਪਾਠਕਾਂ ਤੇ ਸ਼੍ਰੋਤਿਆਂ ਪ੍ਰਤੀ ਆਖਦੇ ਹਨ।

ਬਰਮੇ-ਨੇ ਇੰਦਰ ਤੇ ਵਿਰੋਚਨ ਨੂੰ ਉਪਦੇਸ਼ ਦਿਤਾ। ਸੁਰਸਤੀ ਰਚੀ ਜੋ ਸਦਾ ਆਖਦੀ ਰਹਿੰਦੀ ਹੈ।

ਇੰਦ-ਇੰਦਰ ਨੇ ਪ੍ਰਤਰਦਨ ਨੂੰ ਉਪਦੇਸ਼ ਦਿਤਾ।

ਗੋਪੀ-ਗੋਪੀਆ ਨੂੰ ਕ੍ਰਿਸ਼ਨ ਜੀ ਨੇ ਉਪਦੇਸ਼ ਦਿਤਾ ਸੀ।

ਗੋਵਿੰਦ-ਸ੍ਰੀ ਕ੍ਰਿਸ਼ਨ ਜੀ ਨੇ ਅਰਜਨ, ਉਧਵ, ਅਕਰੂਰ ਨੂੰ ਉਪਦੇਸ਼ ਦਿਤਾ।

ਈਸਰ-ਸ਼ਿਵ ਜੀ ਨੇ ਪਾਰਬਤੀ ਨੂੰ ਉਪਦੇਸ਼ ਦਿਤਾ। ਅਪਣੇ ਸੇਵਕਾਂ ਨੂੰ ਬੀ।

ਸਿਧ-ਸ਼ਿਵ ਜੀ ਮਤ ਦੇ ਵੱਡਕੇ ਸਿਧ ਗੋਰਖ ਮਛੰਦਰ ਆਦਿ ਜਗਤ ਨੂੰ ਉਪਦੇਸ਼ ਦੇਂਦੇ ਰਹੇ ਹਨ।

ਬੁਧ=ਗਯਾਨੀ। ਸਰਬ ਕਾਲਾਂ ਦੇ ਉਪਦੇਸ਼ ਦਾਤਾ ਜਗਯਾਸੂਆਂ ਪ੍ਰਤਿ ਉਪਦੇਸ਼ ਦੇਂਦੇ ਹਨ।

ਦਾਨਵ-ਪ੍ਰਹਿਲਾਦ, ਬਲਿ ਆਦਿਕ ਗੁਣ ਕਥਨ ਕਰਦੇ ਹਨ।

---

[੧] ਸ੍ਰੀ ਨਰੋਤਮ ਤਾਰਾ ਸਿੰਘ ਜੀ, ਸ੍ਵਾਮੀ ਸੰਕ੍ਰਾਨੰਦ ਭਾਰਤੀ, ਪੰਡਿਤ ਸਾਧੂ ਸਿੰਘ ਜੀ ਆਦਿ।

ਦੇਵ-ਸੂਰਜ ਚੰਦ ਆਦਿ। **ਸੁਰਿ ਨਰ**-ਕਿੰਨਰ, ਗੰਧ੍ਰਵ ਆਦਿ।

ਮੁਨਿ-ਅੰਗਰੈ, ਪੁਲਸਤ ਆਦਿ। **ਜਨ**-ਹਨੂਮਾਨ ਆਦਿ।

ਸੇਵ-ਧ੍ਰੂ ਆਦਿ। (ਅ) ਸੇਵ ਦਾ ਅਰਥ ਸੇਵਨੇ ਯੋਗ ਕਰਕੇ ਇਸ ਗਿਣਤੀ ਵਿਚ ਸ਼ੇਸ਼ਨਾਗ ਆਦਿਕਾਂ ਨੂੰ ਬੀ ਲੈ ਲੈਂਦੇ ਹਨ।

(ਪਉੜੀ ੨੭)

ਪ੍ਰਾਕ੍ਥਨ-ਪਉੜੀ ੨੪ ਵਿਚ ਕਿਹਾ ਸੀ 'ਵਡਾ ਸਾਹਿਬੁ ਊਚਾ ਥਾਉ', ਪਉੜੀ ੨੫ ਵਿਚ ਉਸ ਦੀ ਵਡ ਦਾਤਾਰਗੀ ਦੱਸਕੇ ਉਸ ਦੀ ਵਡਿੱਤ ਤੇ ਵਡਿਆਈ ਦਿਖਾਈ ਸੀ। ਸਭ ਤੋਂ ਵੱਡੀ ਦਾਤਾਰਗੀ ਪਾਤਸ਼ਾਹੀ ਪਾਤਸ਼ਾਹ ਬਣਾ ਦੇਣ ਵਾਲੀ ਦੱਸੀ ਸੀ। ਪਉੜੀ ੨੬ ਵਿਚ ਦਾਤਾਰਗੀ ਨੂੰ ਅਮੁੱਲ ਪਦ ਦੀ ਦਾਤਾਰਗੀ ਦੱਸਿਆ ਤੇ ਇਸ ਅਮੁੱਲ ਦਾਤਾਰਗੀ ਦਾ ਅਮੁੱਲ ਦਰਬਾਰ ਦੱਸਦੇ ਹੋਏ ਇਸ ਨੂੰ ਫੇਰ 'ਅਮੁਲ ਵਾਪਾਰ' ਦੱਸਿਆ। ਅਮੁੱਲ ਆਖਕੇ ਅਪਣਾ ਸਿਧਾਂਤ ਦੱਸਿਆ ਕਿ ਕਿਵੇਂ ਕੀਮਤ ਜਾਚਣੇ ਦਾ ਇਕ ਨਵਾਂ ਉੱਚਾ ਤ੍ਰੀਕਾ ਸਾਰੇ ਧ੍ਰਵਿਆਂ-ਕਰਮ, ਯੋਗ, ਗਜਾਨ ਆਦਿ ਤੋਂ ਵਖਰਾ, ਸਭਨਾਂ ਤੋਂ ਸੁਤੰਤ੍ਰ ਤੇ ਸਭਨਾਂ ਨੂੰ ਵਲ੍ਹੇਟ ਲੈਣ ਵਾਲਾ ਮੁੱਲ ਦਾ ਮਾਰਗ 'ਅਮੁਲੋ ਅਮੁਲੁ' (=ਅਕਾਲ ਪੁਰਖ) ਤੇ ਲੈ ਜਾਂਦਾ ਹੈ। ਇਥੋਂ ਤਾਂਈਂ 'ਵਡਾ ਸਾਹਿਬੁ' ਦੱਸਕੇ ਹੁਣ 'ਊਚਾ ਥਾਉ' ਦਾ ਪਤਾ ਦੇਣ ਲੱਗੇ ਹਨ। ਇਹ ਪਤਾ ਬੀ ਵਿਸਮਾਦੀ ਰੰਗ ਵਿਚ ਦੇਣ ਲੱਗੇ ਹਨ। ਉਸ ਦੇ ਗੁਣਾਨੁਵਾਦ ਦੇ ਕੀਰਤਨ ਉਸ ਊਚੇ ਥਾਉਂ ਨੂੰ ਜਣਾਉਂਦੇ ਹਨ ਤੇ ਪੜ੍ਹਨ ਵਾਲੇ ਨੂੰ ਸਿਫ਼ਤ ਸਲਾਹ ਦੀ ਸੈਨਤ ਦੇਂਦੇ ਹਨ। ਇਉਂ ਥਾਉਂ ਦਾ ਪਤਾ ਦੇਕੇ ਉਸ ਸੱਚੇ ਸਾਹਿਬ ਦਾ ਉਸ ਥਾਂਵੇ ਬੈਠਕੇ ਅਪਣੀ ਰਚੀ ਨੂੰ ਵੇਖਣ, ਸੰਭਾਲਣ ਦਾ ਕਥਨ ਕਰਨਗੇ। ਅੰਤ ਵਿਚ ਦੱਸਣਗੇ ਕਿ ਓਥੇ ਪਹੁੰਚਣ ਲਈ ਰਜ਼ਾ ਤੇ ਆ ਜਾਓ। ਰਜ਼ਾ ਤੇ ਆਉਣ ਲਈ 'ਨਾਮ, ਬਾਣੀ, ਸਿਫਤ ਸਲਾਹ, ਕੀਰਤਨ', ਪਿਛੇ ਦੱਸਦੇ ਹੀ ਆਏ ਹਨ, ਤੇ ਅੱਗੇ ਹੋਰ ਬੀ ਦੱਸਣਗੇ।

ਮੂਲ	ਅਰਥ
ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥	(ਹੇ ਸਚੇ ਸਾਹਿਬ!) ਉਹ ਦਰ[1] ਕੇਹੋ ਜਿਹਾ ਹੈ (ਤੇ) ਉਹ ਘਰ ਕੇਹੋ ਜਿਹਾ ਹੈ ਜਿਥੇ ਬੈਠਕੇ (ਕਿ ਤੂੰ) ਸਭਸ ਦੀ ਸੰਭਾਲ ਕਰਦਾ ਹੈਂ?[2] (ਹਾਂ, ਮੈਂ ਕੀ ਦੇਖਦਾ ਹਾਂ ਕਿ ਤੇਰੇ ਉਸ ਸੁਹਾਵਣੇ ਦਰ ਉਤੇ) ਅਨੇਕ ਵਾਜੇ ਅਤੇ ਅਸੰਖਾਂ ਨਾਦ (ਹੋ ਰਹੇ ਹਨ ਤੇ) ਕਿਤਨੇ ਹੀ (ਉਨ੍ਹਾਂ ਵਾਜਿਆਂ ਨੂੰ) ਵਜਾਉਣ (ਵਾਲੇ ਹਨ)। ਕਿਤਨੇ ਰਾਗ ਰਾਗਣੀਆਂ (ਓਥੇ) ਕਹਿ ਰਹੇ ਹਨ (ਭਾਵ ਆਪ ਗਾਉਂ ਰਹੇ ਹਨ), ਕਿਤਨੇ ਹੋਰ ਉਨ੍ਹਾਂ ਰਾਗ ਰਾਗਣੀਆਂ ਨੂੰ) ਗਾਉਣ ਵਾਲੇ ਹਨ।

[1] ਦਰ=ਦਰਵਾਜਾ। ਬੂਹਾ। ਦੁਆਰ

[2] ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥ (ਸੋਰਠਿ ਮ: ੧-੪)

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥

(ਹੇ ਸਚੇ ਸਾਹਿਬਾ! ਓਥੇ) ਪਉਣ ਪਾਣੀ ਅਗਨੀ (ਆਦਿ ਦੇਵਤੇ) ਤੈਨੂੰ ਗਾਉਂ ਰਹੇ ਹਨ, (ਹਾਂ ਤੇਰੇ) ਦੁਆਰੇ ਉਤੇ ਧਰਮ ਰਾਜ (ਤੈਨੂੰ) ਗਾਉਂ ਰਿਹਾ ਹੈ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥

(ਓਥੇ) ਗਾਉਂ ਰਹੇ ਹਨ ਚਿਤ੍ਰ ਗੁਪਤ (ਜੋ ਕਰਮਾਂ ਨੂੰ ਗੁਪਤ ਚਿੱਤਰਾਂ ਵਿਚ) ਲਿਖ ਜਾਣਦੇ ਹਨ (ਤੇ ਜਿਨ੍ਹਾਂ ਦੀ) ਲਿਖੀ ਲਿਖਤਿ ਪਰ ਧਰਮਰਾਜ ਵੀਚਾਰ ਕਰਦਾ ਹੈ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥

(ਓਥੇ ਤੈਨੂੰ) ਗਾਉਂ ਰਹੇ ਹਨ ਸ਼ਿਵ, ਬ੍ਰਹਮਾ, (ਤੇ ਇਨ੍ਹਾਂ ਦੀਆਂ ਸ਼ਕਤੀ ਰੂਪ) ਦੇਵੀਆਂ (ਜੋ ਤੇਰੇ) ਸਦਾ ਦੇ ਸਵਾਰੇ ਹੋਏ (ਤੇਰੇ ਦਰ ਉਪਰ) ਸ਼ੋਭ ਰਹੇ ਹਨ।

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥

(ਤੇਰੇ) ਦਰ ਉਤੇ ਇੰਦਰ (ਪਦਵੀ)ਦੇ ਆਸਣਾਂ ਤੇ ਬੈਠੇ ਇੰਦਰ ਸਣੇ (ਅਪਣੇ) ਦੇਵਤਿਆਂ ਦੇ ਤੈਨੂੰ ਗਾਉਂ ਰਹੇ ਹਨ। ਸਿਧ ਸਮਾਧੀਆਂ ਵਿਚ (ਬੈਠੇ ਤੈਨੂੰ) ਗਾਉਂ ਰਹੇ ਹਨ, (ਤੇ) ਸਾਧੂ ਵੀਚਾਰਾਂ ਵਿਚ ਲਗੇ ਹੋਏ (ਤੈਨੂੰ) ਗਾਉਂ ਰਹੇ ਹਨ। ਗਾਂਵਦੇ ਹਨ (ਤੈਨੂੰ) ਜਤ ਤੇ ਸਤ ਧਾਰਨ ਵਾਲੇ ਤੇ ਸੰਤੋਖ ਵਿਚ ਰਹਿਣ ਵਾਲੇ (ਅਤੇ) ਗਾਉਂਦੇ ਹਨ ਤਕੜੇ ਸੂਰਮੇ।

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ॥

(ਵੇਦਾਂ ਨੂੰ) ਪੜ੍ਹਨ ਵਾਲੇ ਪੰਡਿਤ (ਅਤੇ ਵਯਾਸ ਆਦਿ) ਵੱਡੇ ਰਿਖੀ ਵੇਦਾਂ ਸਣੇ (ਤੈਨੂੰ) ਜੁਗੋ ਜੁਗ ਗਾਉਂ ਰਹੇ ਹਨ[1]। ਮਨ ਨੂੰ ਮੋਹਿਤ ਕਰ ਲੈਣ ਵਾਲੀਆਂ ਸੁਰਗ, ਮਾਤ ਤੇ ਪਾਤਾਲ (ਤਿੰਨਾਂ ਲੋਕਾਂ) ਦੀਆਂ ਇਸਤ੍ਰੀਆਂ ਤੈਨੂੰ ਗਾਉਂ ਰਹੀਆਂ ਹਨ[2]। ਅਠਾਹਠ ਤੀਰਥਾਂ ਸਮੇਤ (ਸਾਰੇ) ਤੇਰੇ ਪੈਦਾ ਕੀਤੇ ਰਤਨ ਤੈਨੂੰ ਗਾਉਂ ਰਹੇ ਹਨ। ਗਾਉਂਦੇ ਹਨ (ਤੈਨੂੰ) ਮਹਾਂ ਬਲਵਾਨ ਸੂਰਮੇ, (ਸਗੋਂ) ਚਾਰੇ ਖਾਣੀਆਂ ਹੀ (ਤੈਨੂੰ) ਗਾਉਂ ਰਹੀਆਂ ਹਨ।

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥

(ਗਲ ਕੀਹ, ਹੇ ਸਚੇ ਸਾਹਿਬ!) ਗਾਉਂ ਰਹੇ ਹਨ (ਸਾਰੇ) ਬ੍ਰਹਮੰਡ ਮੰਡਲ ਤੇ (ਮੰਡਲਾਂ ਦੇ) ਖੰਡ (ਜੋ ਤੈਂ ਹੀ) ਰਚੇ ਸਨ (ਤੇ) ਰਚਕੇ (ਤੈਂ ਹੀ ਆਪਣੇ ਆਸਰੇ) ਕਾਯਮ ਰਖੇ ਹੋਏ ਹਨ।

(ਪਰਮ ਪ੍ਰਿਯ ਗਾਇਨ ਜੋ ਵਿਸ਼ੇਸ਼ ਗਾਇਨ ਹੈ, ਹੁਣ ਦੱਸਦੇ ਹਨ)

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥

(ਪਰ) ਉਹੋ ਤੈਨੂੰ (ਵਿਸ਼ੇਸ਼ ਕਰਕੇ) ਗਾਂਉਂ ਰਹੇ ਹਨ ਜੋ (ਤੇਰੀ ਭਗਤੀ ਵਿਚ) ਰਚੇ ਹੋਏ ਤੇਰੇ ਰਸੀਏ ਭਗਤ ਹਨ, ਜੋ ਤੈਨੂੰ ਪਿਆਰੇ ਲੱਗ ਰਹੇ ਹਨ। (ਭਾਵ ਤੁਸਾਂ ਤੇ ਰਸੀਏ ਭਗਤਾਂ ਵਿਚ

---

[1] (ਅ) ਐਉਂ ਬੀ ਲਾਉਂਦੇ ਹਨ:ਗਾਉਂਦੇ ਹਨ ਪੰਡਤ, ਪੜ੍ਹਦੇ ਹਨ ਵਡੇ ਰਿਖੀ, (ਮਾਨੋ) ਹਰ ਜੁਗ (ਆਪਣੇ ਆਪਣੇ) ਵੇਦ ਨਾਲ (ਤੈਨੂੰ ਗਾਉਂ ਰਿਹਾ ਹੈ)। ਦੇਖੋ ਵਾਰ ਆਸਾ ਸਲੋਕ੧੩। (ੲ) ਪੜਨਿ=ਵਿਦਯਾਰਥੀ।

[2] ਐਉਂ ਬੀ ਲਾਉਂਦੇ ਹਨ: ਮਨ ਮੋਹਣ ਮੋਹਣੀਆਂ ਗਾਉਂ ਰਹੀਆਂ ਹਨ, ਅਤੇ ਸੁਰਗ, ਮਾਤ ਤੇ ਪਾਤਾਲ ਆਪਣੇ ਨਿਵਾਸੀਆਂ ਸਣੇ ਗਾਉਂ ਰਹੇ ਹਨ।

	ਪ੍ਰੀਤਮ ਤੇ ਪ੍ਰੇਮੀ ਦਾ ਜੋ ਭਾਵ ਹੈ ਤੇ ਰਸਮਈ ਸੰਬੰਧ ਹੈ ਉਹ ਉਹਨਾਂ ਨੂੰ ਆਪ ਦਾ ਪ੍ਰੀਤਮ ਬਣਾ ਰਿਹਾ ਹੈ, ਤੇ ਓਹ 'ਗੁਣ ਕਹਿ ਗੁਣੀ ਸਮਾਵਣਿਆਂ' ਹੋ ਰਹੇ ਹਨ।)
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥	(ਇਨ੍ਹਾਂ ਤੋਂ ਛੁਟ) ਹੋਰ ਕਈ (ਸੁਤੇ ਸਿੱਧ) ਗਾਇਨ ਕਰਨੇ ਵਾਲੇ ਹਨ ਜੋ ਮੈਨੂੰ ਯਾਦ ਨਹੀਂ ਆਉਂਦੇ (ਉਹਨਾਂ ਦਾ) ਨਾਨਕ ਕੀ ਵੀਚਾਰ ਕਰੇ।

('ਊਚਾ ਥਾਉ' ਵਰਣਨ ਕਰਕੇ ਹੁਣ ਫੇਰ 'ਵਡਾ ਸਾਹਿਬੁ' ਵਰਣਨ ਹੁੰਦਾ ਹੈ)

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥	(ਜਿਸ ਦੇ ਦਰ ਉਤੇ ਏਹ ਗਾਇਨ ਹੋ ਰਹੇ ਹਨ) ਉਹ ਉਹੋ ਸਦਾ ਸੱਚ ਸਰੂਪ (ਸੱਚਾ) ਸਾਹਿਬ ਹੈ ਜੋ (ਆਪ) ਸੱਚਾ ਹੈ ਤੇ ਉਸ ਦੀ ਵਡਿਅਈ ਬੀ ਸੱਚੀ ਹੈ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥	(ਉਹ) ਹੈ, (ਉਹ) ਹੋਵੇਗਾ ਬੀ, ਨਾ ਉਹ ਨਾਸ਼ ਹੋ ਸਕਦਾ ਹੈ, ਨਾ ਨਾਸ਼ ਹੋਵੇਗਾ, ਜਿਸ ਨੇ (ਸਾਰੀ) ਰਚਨਾ ਰਚੀ ਹੈ[੧]।
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥	(ਹਾਂ, ਜਿਨਿ ਕਰਿ ਮਾਇਆ=) ਜਿਸ ਨੇ ਮਾਇਆ ਰਚਕੇ (ਫੇਰ) ਰੰਗ ਰੰਗ ਦੀ, ਭਾਂਤਿ ਭਾਂਤਿ ਦੀ, ਜਿਨਸ ਜਿਨਸ ਦੀ (ਵੰਡ ਵਿਚ) ਕਰਕੇ ਸ੍ਰਿਸ਼ਟੀ ਪੈਦਾ ਕੀਤੀ ਹੈ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥	ਇਸ ਤਰ੍ਹਾਂ (ਕਰਿ=) ਰਚਕੇ (ਕਰਿ) ਪਾਲਕੇ ਆਪਣੇ ਰਚੇ ਹੋਏ ਨੂੰ (ਆਪ) ਵੇਖਦਾ, (ਜਾਣਦਾ ਤੇ ਸੰਭਾਲਦਾ ਹੈ) ਜਿਵੇਂ ਜਿਵੇਂ ਉਸ ਦੀ ਵਡਿਆਈ ਨੂੰ ਸ਼ੋਭਦਾ ਹੈ। (ਪਰ ਇਹ ਸਭ ਕੁਛ ਉਹ) ਐਉਂ ਹੀ ਕਰਦਾ ਹੈ ਜਿਵੇਂ ਕਿ ਉਸ ਨੂੰ ਚੰਗਾ ਲਗਦਾ ਹੈ, (ਉਸ ਉਤੇ) ਹੁਕਮ ਨਹੀਂ ਕੀਤਾ ਜਾ ਸਕਦਾ (ਕਿ ਸਾਡੀ ਮਰਜ਼ੀ ਅਨੁਸਾਰ ਕਰੇ)।
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ॥੨੭॥	ਉਹ ਪਾਤਸ਼ਾਹ ਹੈ, ਸ਼ਾਹਾਂ ਦਾ ਬੀ ਪਾਤਸ਼ਾਹ ਹੈ (ਸਾਨੂੰ ਤਾਂ ਹੇ) ਨਾਨਕ! ਉਸ ਦੀ ਰਜ਼ਾ ਵਿਚ ਰਹਿਣਾ ਬਣਦਾ ਹੈ (ਜਿਸ ਕਰਕੇ ਕਿ ਉਸ ਨਾਲ ਮਿਲਾਪ ਹੁੰਦਾ ਹੈ, ਜਿਵੇਂ ਕਿ ਮਹਾਨ ਸ੍ਵਰ ਵਿਚ ਅਲਪ ਸ੍ਵਰ ਇਕ ਸ੍ਵਰ ਕਰ ਦੇਣ ਨਾਲ ਤਦਰੂਪ ਹੋ ਜਾਂਦੀ ਹੈ ਤਿਵੇਂ ਉਸ ਦੀ 'ਰਜ਼ਾ' ਵਿਚ ਆਪਣੀ ਮਰਜ਼ੀ ਇਕ ਸ੍ਵਰ ਕਰ ਦੇਣ ਨਾਲ ਤਦਰੂਪ ਹੋ ਜਾਈਦਾ ਹੈ)॥੨੭॥

ਵ੍ਯਾਖ੍ਯਾ–ਰਹੱਸਜਕ ਪਹਿਲੂ:-

ਇਸ ਪਉੜੀ ਵਿਚ ਗਾਵਣਹਾਰਿਆਂ ਦੀਆਂ ਤ੍ਰੈ ਵੰਡਾਂ ਝਲਕਦੀਆਂ ਹਨ:-

੧. ਇਕ ਤਾਂ ਹਨ ਦੇਵਤਾ ਪ੍ਰਕਾਰ ਦੇ ਗਾਵਣਹਾਰੇ, ਭਾਵ 'ਅਦ੍ਰਿਸ਼ਜ ਆਤਮ ਮੰਡਲਾਂ' ਦੇ

---

[੧] (ਅ) ਐਉਂ ਬੀ ਲਾਉਂਦੇ ਹਨ-ਜਿਸ ਨੇ ਰਚਨਾ ਰਚੀ ਹੈ ਉਹ ਹੈ, ਹੁਣ ਹੈ, ਭੀ=ਪਿਛੇ ਸੀ, ਹੋਸੀ=ਅਗੋਂ ਹੋਸੀ, ਜਾਇ ਨਾ=ਕਦੇ ਭੀ ਨਾ ਜਾਏਗਾ, ਸਦਾ ਰਹੇਗਾ, ਪਰ ਜਾਸੀ=ਰਚਨਾ ਆਸੀ ਜਾਸੀ।

ਯਥਾ:-ਸਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥ (ਸਿਰੀ: ਮ: ੧-੩)

ਅਤੇ:-ਸਭ ਦੁਨੀਆ ਆਵਣ ਜਾਣੀਆ॥ (ਸਿਰੀ ਮ: ੧-੩੩)

ਆਦ੍ਰਿਸ਼ਜ ਲੋਕ। ਯਥਾ:-ਪਉਣ ਦੇਵਤਾ, ਪਾਣੀ ਦੇਵਤਾ, ਅਗਨੀ ਦੇਵਤਾ[1], ਧਰਮਰਾਜ, ਚਿਤ੍ਰ ਗੁਪਤ, ਸ਼ਿਵ, ਬ੍ਰਹਮਾ, ਦੇਵੀਆਂ, ਇੰਦ੍ਰ, ਇੰਦ੍ਰ ਵਰਗੇ ਦਿੱਬ ਸਰੂਪ ਰਾਗ ਰਾਗਣੀਆਂ ਆਦਿ। ਇਹ ਦਿੱਬ ਰਾਗ ਦੁਆਰਾ ਗਾ ਰਹੇ ਹਨ।

੨. (ੳ) ਉਹ ਲੋਕ ਜੋ ਧਰਤੀ ਉਤੇ ਪਰਮਾਰਥੀ ਪੱਖ ਵਾਲੇ ਹਨ, ਜੈਸੇ-ਸਿਧ, ਯੋਗੀ, ਸਾਧੂ, ਰਿਖੀ। ਏਹ ਆਪਣੇ ਧਿਆਨ ਦੁਆਰਾ ਮਾਨੋਂ ਗਾ ਰਹੇ ਹਨ। ਜਤੀ, ਸਤੀ ਸੰਤੋਖੀ, ਪੰਡਿਤ ਏਹ ਅਪਣੇ ਸ਼ੁਭ ਗੁਣਾਂ ਦੁਆਰਾ ਦੱਸ ਰਹੇ ਹਨ ਕਿ ਕਰਤਾ ਪੁਰਖ ਵਿਚ ਵਿਸ਼ਵਾਸ਼ ਨੇ ਉਹਨਾਂ ਵਿਚ ਸ਼ੁਭ ਗੁਣ ਪੈਦਾ ਕੀਤੇ ਹਨ ਜੋ ਉਸ ਦਾ ਕੀਰਤਨ ਹੋ ਰਿਹਾ ਹੈ।

(ਅ) ਧਰਤੀ ਉਤੇ ਤਾਂ ਹਨ ਪਰ ਹੋਰ ਤਰ੍ਹਾਂ ਦੇ ਗੁਣਾਂ ਵਾਲੇ, ਜੈਸੇ ਮਹਾਂ ਬਲੀ ਜੋਧੇ, ਸੂਰਮੇ, ਸਮੁੰਦਰ ਵਿਚੋਂ ਨਿਕਲੇ ਰਤਨ ਧਨੰਤਰ ਆਦਿ, ਤੀਰਥਾਂ ਦੇ ਅਧਜਕਜ਼।

(ੲ) ਧਰਤੀ ਦੀ ਸਾਰੀ ਰਚਨਾ ਜੋ ਚਾਰ ਖਾਣੀਆਂ ਤੋਂ ਉਪਜੀ ਹੈ। ਇਨ੍ਹਾਂ ਲੋਕਾਂ ਵਿਚੋਂ ਪ੍ਰਗਟ ਹੋ ਰਹੇ ਗੁਣ ਦੱਸ ਰਹੇ ਹਨ ਕਿ ਕਰਤਾ ਪੁਰਖ ਹੈ ਤੇ ਅਸਚਰਜ ਹੈ ਜੋ ਐਸੇ ਅਸਚਰਜ ਸਾਮਾਨ ਉਤਪਤ ਕਰਦਾ ਹੈ। ਇਹ ਕਰਤੇ ਪੁਰਖ ਦਾ ਹੀ ਗੁਣ ਗਾਇਨ ਹੈ।

੩. ਧਰਤੀ ਤੋਂ ਪਰੇ ਦੇ ਲੋਕ, ਬ੍ਰਹਮੰਡ ਦੇ ਹੋਰ ਮੰਡਲਾਂ ਖੰਡਾਂ ਦੇ ਲੋਕ। ਮਾਨੋ ਇਨ੍ਹਾਂ ਦਾ ਸੰਗੀਤ ਨਾਦ ਹੋ ਰਿਹਾ ਹੈ, ਯਾ ਖੰਡ ਮੰਡਲ ਬ੍ਰਹਮੰਡ ਦੀ ਵਿਸ਼ਾਲ ਰਚਨਾ ਜੋ ਰਾਤ ਨੂੰ ਅਕਾਸ਼ਾਂ ਵਿਚ ਤਾਰਾ ਮੰਡਲ ਹੋ ਦਿੱਸਦੀ ਹੈ ਅਤੇ ਦੇਖਣ ਵੇਲੇ ਸੰਗੀਤਕ ਭਾਵ ਪ੍ਰਭੂ ਗੁਣ ਗਾਇਨ ਦਾ ਪੈਦਾ ਕਰਦੀ ਹੈ ਅਤੇ ਰਚਣਹਾਰ ਦੀ ਸਿਫਤ ਸਲਾਹ ਵਿਚ ਲੈ ਜਾਂਦੀ ਹੈ। ਸੋ ਉਸ 'ਦਰੁ' 'ਘਰ' ਅਗੇ, ਜਿਸ ਨੂੰ ਪਉੜੀ ੨੪ ਵਿਚ 'ਊਚਾ ਥਾਉ' ਕਿਹਾ ਹੈ ਤੇ ਏਥੇ 'ਸੋ ਦਰੁ' ਕਿਹਾ ਹੈ ਤ੍ਰੈ ਟਿਕਾਣਿਆਂ ਦੇ ਵਾਸੀ ਗਾਉਂ ਰਹੇ ਹਨ:-

੧. ਆਤਮ ਮੰਡਲ ਦੇ, ੨. ਪ੍ਰਿਥਵੀ ਮੰਡਲ ਦੇ ਤੇ ੩. ਬ੍ਰਹਮੰਡ ਦੇ ਮੰਡਲਾਂ ਦੇ।

ਗੁਰੂ ਕੀ ਬਾਣੀ ਵਿਚ ਹੋਰਥੇ ਬੀ ਤ੍ਰੈ ਟਿਕਾਣੇ ਕਰਤਾ ਪੁਰਖ ਦੇ ਵਸੇਬੇ ਦੇ ਦੱਸੇ ਹਨ:-

੧. **ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥** (ਜਪੁਜੀ)

ਪੁਨਾ:- **ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ**[2]**॥** (ਸਿਰੀ: ਮ: ੧-੧੨)

ਗੁਰੂ ਨਾਨਕ ਦੇਵ ਜੀ ਨੇ ਇਸ ਟਿਕਾਣੇ ਅਪਣੇ ਜਾਣੇ ਦਾ ਬੀ ਜ਼ਿਕਰ ਕੀਤਾ ਹੈ:-

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥ (ਵਾਰ ਮਾਝ ਮ: ੧-੨੭)

ਇਸ ਦਰ ਅਗੇ 'ਸੋ ਦਰੁ' ਵਿਚ ਪਹਿਲੇ ਦੱਸੇ ਦੇਵਤੇ ਸਿਫਤ ਸਲਾਹ ਗਾਇਨ ਕਰ ਰਹੇ ਹਨ।

੨. ਦੂਜਾ ਥਾਉਂ ਥਾਨ ਥਨੰਤਰੀ ਤੇ ਘਟਿ ਘਟਿ ਵਿਚ ਦੱਸਿਆ ਹੈ।

ਭਾਵ ਜੀਵ ਜੀਵ ਦੇ ਅੰਦਰ ਤੇ ਥਾਵਾਂ ਥਾਵਾਂ ਦੇ ਵਿਚਾਲੇ:-

(ੳ) **ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ॥** (ਦਖਣੀ ਓਅੰਕਾਰੁ ਮ: ੧-੩੪)

(ਅ) **ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ॥** (ਭੈਰਉ ਮ: ੧-੬)

ਸੋ ਧਜਾਨੀ ਪੁਰਖ ਤੇ ਕਰਤਾਰ ਵਿਚ ਨਿਸਚਾ ਧਾਰਕੇ ਦੈਵੀ ਗੁਣਾਂ ਦੇ ਧਾਰਨੀ ਲੋਕ ਘਟ ਵਿਚ

---

[1] ਪਉਣ, ਪਾਣੀ, ਅਗਨੀ, ਇਕ ਤਾਂ ਧਰਤੀ ਦੇ ਪੰਜ ਤੱਤਾਂ ਵਿਚੋਂ ਹਨ, ਦੂਜੇ ਇਨ੍ਹਾਂ ਦੇ ਦੇਵਤਾ ਹਨ। ਰਿਗਵੇਦ ਅਨੁਸਾਰ ਅਗਨੀ, ਵਾਯੂ, ਵਰੁਣ (ਪਾਣੀ) ਦੇਵਤਿਆਂ ਦੀ ਗੇਣਤੀ ਵਿਚ ਹਨ। ਆਸਾ ਦੀ ਵਾਰ ਵਿਚ ਬੀ 'ਪਾਣੀ, ਬੈਸੰਤਰ ਆਦਿ' ਦੇਵਤਾ ਫੁਰਮਾਏ ਹਨ।

[2] ਸਭ ਤੇ ਊਚ ਜਾਕਾ ਦਰਬਾਰੁ॥ ਸਦਾ ਸਦਾ ਤਾਕਉ ਜੋਹਾਰੁ॥ ਊਚੇ ਤੇ ਊਚਾ ਜਾਕਾ ਥਾਨ॥ (ਭੈਰਉ ਮ: ੫-੩੨)
ਪੁੜ ਧਰਤੀ ਪੁੜ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥ (ਸੋਰਠਿ ਮ: ੧-੪)

ਤੇ ਥਾਨ ਥਨੰਤਰਾਂ ਵਿਚ ਬੈਠੇ ਗਾਉਂ ਰਹੇ ਹਨ .

੩. ਤੀਜਾ ਥਾਉਂ ਦੱਸਿਆ ਹੈ:- ਕੁਦਰਤ, ਅਰਥਾਤ ਸਾਰੀ ਰਚਨਾਂ ਵਿਚ, ਖੰਡਾਂ ਬ੍ਰਹਮੰਡਾਂ ਵਿਚ:

ਦੁਯੀ ਕੁਦਰਤ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਵਾਰ ਆਸਾ ਮ: ੧-੧)

ਬਲਿਹਾਰੀ ਕੁਦਰਤਿ ਵਸਿਆ[੧]॥ (ਵਾਰ ਆਸਾ ਮ: ੧-੧੨)

ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ॥ (ਮਾਰੂ ਮ: ੧, ਸੋਹਲੇ ੩-੧੦)

ਸੋ 'ਗਾਵਹਿ ਖੰਡ ਮੰਡਲ ਵਰਭੰਡਾ' ਵਿਚ ਦੱਸਿਆ ਹੈ ਕਿ ਲੋਕ ਲੋਕ ਵਿਚ, ਬ੍ਰਹਮੰਡ ਬ੍ਰਹਮੰਡ ਵਿਚ ਕੀਰਤਨ ਹੋ ਰਿਹਾ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਕੀ ਉਹ ਇਕ ਦੇਸ਼ੀ ਹੈ ਜੋ ਉਸ ਦਾ 'ਥਾਉਂ' ਯਾ 'ਘਰੁ' ਤੇ 'ਦਰੁ' ਵਰਣਨ ਕਰਦੇ ਹਨ? ਯਾ ਤ੍ਰੈ ਦੇਸ਼ੀ ਹੈ ਕਿ ਇਕ ਟਿਕਾਣਾ ਆਤਮ ਮੰਡਲਾਂ ਵਿਚ ਹੈ, ਦੂਜਾ ਘਟਿ ਘਟਿ ਤੇ ਥਾਨ ਥਨੰਤਰਾਂ ਵਿਚ ਹੈ[੨] ਤੇ ਤੀਜਾ ਬ੍ਰਹਮੰਡ ਵਿਚ ਹੈ। ਇਸ ਤਰ੍ਹਾਂ ਕੀ ਉਹ ਇਕ ਦੇਸ਼ੀ, ਤ੍ਰੈ ਦੇਸ਼ੀ ਯਾ ਬਹੁ ਦੇਸ਼ੀ ਹੈ? ਗੁਰਬਾਣੀ ਤੋਂ ਪਤਾ ਚਲਦਾ ਹੈ ਕਿ ਤ੍ਰੈਏ ਰੰਗ ਹਨ ਪਰ ਏਹ ਤ੍ਰੈਏ ਜੁਦਾ ਜੁਦਾ ਯਾ ਤ੍ਰੈ ਸਾਡੀ ਗੇਣਤੀ ਵਾਂਙੂੰ ਨਹੀਂ ਹਨ, ਜਿਵੇਂ ਕਿ ਸਾਡੀ ਪ੍ਰਿਥਵੀ ਮੰਡਲ ਦੀ ਗੇਣਤੀ ਵਿਚ ਹੁੰਦਾ ਹੈ। ਏਹ ਤ੍ਰੈਏ ਇਕ ਦੂਜੇ ਦੇ ਅੰਤਰਗਤਿ ਹਨ ਆਤਮ ਰੰਗਾਂ ਵਿਚ। ਯਥਾ:-

ਸੂਖਮ ਮਹਿ ਜਾਨੈ ਅਸਥੂਲੁ॥ (ਸੁਖਮਨੀ ੯-੪)

ਸੋ ਇਹ ਟਿਕਾਣਾ ਇਕੋ ਹੀ ਹੈ, ਦੋ ਤ੍ਰੈ ਨਹੀਂ ਹਨ। ਜਿਵੇਂ ਧਰਮ ਖੰਡ, ਸਰਮ ਖੰਡ, ਕਰਮ ਖੰਡ ਕਹਿਕੇ ਸਭ ਤੋਂ ਉਪਰ ਸਚਖੰਡ ਦੱਸਿਆ ਕਿ ਨਿਰੰਕਾਰ ਓਥੇ ਵਸਦਾ ਹੈ, ਪਰ ਨਾਲ ਹੀ ਦੱਸਿਆ ਹੈ-'ਤਿਥੈ ਖੰਡ ਮੰਡਲ ਵਰਭੰਡ॥' ਅਰਥਾਤ ਸਚਖੰਡ ਵਿਚ ਹੀ ਖੰਡ ਮੰਡਲ ਬ੍ਰਹਮੰਡ ਹਨ। ਤੇ ਫੇਰ ਆਖਿਆ:-

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥ (ਮਾਰੂ ਮ: ੧, ਸੋਹਲੇ ੨੦-੧੪)

ਪੁਨਾ: **ਜੋ ਬ੍ਰਹਮੰਡੇ ਸੋਈ ਪਿੰਡੇ॥** (ਧਨਾਸਰੀ ਪੀਪਾ)

ਇਉਂ ਸਚਖੰਡ ਵਿਚ ਖੰਡ ਮੰਡਲ ਬ੍ਰਹਮੰਡ ਹਨ ਤੇ ਬ੍ਰਹਮੰਡ ਵਾਲਾ ਸਾਰਾ ਕੁਛ (ਪਿੰਡ) ਸਰੀਰ ਵਿਚ ਹੈ ਤੇ ਇਹ ਸਾਰਾ ਕੁਛ ਸੂਖਮਤਾ ਵਿਚ ਹੈ।

ਸੋ ਓਹ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ' ਸਭ ਤੋਂ ਨਿਆਰਾ, ਨਿਰਾਲਮ ਬੀ ਹੈ ਫੇਰ ਆਪਣਾ ਉੱਚਾ ਥਾਨ ਸਚਖੰਡ ਵਿਚ ਬੀ ਰਖਦਾ ਹੈ, ਅਰਥਾਤ ਆਤਮ ਖੰਡਾਂ ਤੋਂ ਸ਼ਿਰੋਮਣੀ ਖੰਡ ਸਚਖੰਡ ਵਿਚ ਤੇ ਹਰ ਜ਼ੱਰਰੇ (ਕਿਣਕੇ) ਵਿਚ, ਹਰ ਘਟ ਵਿਚ, ਹਰ ਲੋਕ, ਹਰ ਬ੍ਰਹਮੰਡ ਵਿਚ ਬੀ ਰਖਦਾ ਹੈ ਤੇ ਸਾਰੇ ਸਾਮਾਨ ਇਕ ਦੂਜੇ ਦੇ ਅੰਤਰਗਤਿ ਹਨ ਤੇ ਇਉਂ ਉਹ ਟਿਕਾਣਾਂ ਤ੍ਰੈ-ਰੂਪ ਦੱਸਦਾ ਇੱਕੋ ਦਾ ਇੱਕੋ ਹੈ। ਅਸੀਂ ਦੇਸ਼ (Space) ਦੀਆਂ ਤ੍ਰੈ ਲਾਂਭਾਂ ਦੇ ਜਾਣੂ ਹਾਂ (=ਅਰਥਾਤ ਉਚਾਈ, ਚੁੜਾਈ ਤੇ ਲੰਮਾਈ), ਚੌਥੀ ਯਾ ਉਸ ਤੋਂ ਅਗਲੀ ਲਾਂਭ ਦੇ ਅਸੀਂ ਜਾਣੂ ਨਹੀਂ। ਫੇਰ ਇਸ ਤੋਂ ਅੱਗੇ ਅਦੇਸ਼ ਅਕਾਲ ਦੇ ਅਸੀਂ ਜਾਣੂ ਨਹੀਂ, ਸੋ ਕਾਇਨਾਤ ਦੀਆਂ, ਸਾਥੋਂ ਪਰੇ ਦੀਆਂ ਲਾਂਭਾਂ ਵਿਚ ਤੇ ਦੇਸ਼ ਕਾਲ ਤੋਂ ਬੀ ਪਰੇ ਦੇ ਰੰਗਾਂ ਵਿਚ ਇਹ ਖੇਲ ਹੋਣ ਕਰਕੇ ਸਾਡੀ ਬੁੱਧੀ, ਜੋ ਦੇਸ਼ ਕਾਲ ਵਿਚ ਹੈ ਤੇ ਦੇਸ਼ ਦੀ

---

[੧] ਕੁਦਰਤਿ ਕਰਿਕੈ ਵਸਿਆ ਸੋਇ॥ (ਵਾਰ ਸਿਰੀ ਰਾਗੁ ਮ: ੧-੪)

[੨] ਯਥਾ:ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥ (ਬਿਲਾ: ਮ: ੩-੩)

ਦਰਿ ਘਰਿ ਮਹਲੀ ਹਰਿ ਪਤਿ ਰਾਖੈ। (ਆਸਾ ਮ: ੧ ਅਸਟ:- ੮)

ਤ੍ਰੈ ਲਾਂਭ ਤੋਂ ਅੱਗੇ ਨਹੀਂ ਉਠਦੀ, ਸਾਰੇ ਨੂੰ ਅਨੁਭਵ ਨਹੀਂ ਕਰ ਸਕਦੀ[1]। ਅਸੀਂ ਜੋ ਕੁਛ ਖਿਆਲ ਕਰਦੇ ਹਾਂ ਦੇਸ਼ ਕਾਲ ਦੇ ਕਪੜੇ ਪੁਆ ਕੇ ਕਰਦੇ ਹਾਂ ਤੇ ਦੇਸ਼ ਦੀ ਤ੍ਰੈ ਲਾਂਭੀ ਸ਼ਕਲ ਵਿਚ ਕਰਦੇ ਹਾਂ। ਫਿਰ ਪ੍ਰਕ੍ਰਿਤੀ ਦੀ ਸਥੂਲਤਾ ਦੇ ਅਸੀਂ ਕੁਛ ਜਾਣੂ ਹਾਂ, ਪਰ ਇਸ ਦੀ ਸੂਖਮਤਾ ਤੇ ਅਤਿ ਸੂਖਮਤਾ ਦੇ ਅਜੇ ਪੂਰੇ ਜਾਣੂ ਨਹੀਂ ਹਾਂ। ਗੁਰੂ ਜੀ ਨੇ ਇਸੇ ਕਰਕੇ 'ਸੋਦਰੁ' ਵਿਚ ਉਸ ਦਰੁ ਘਰੁ ਨੂੰ 'ਇਕੋ' ਕਰਕੇ ਪੁਛਿਆ ਹੈ। 'ਸੋ ਦਰੁ ਕੇਹਾ ਸੋ ਘਰੁ ਕੇਹਾ'? ਤੇ ਉਤਰ[2] ਵਿਚ ਤ੍ਰੈਏ ਵੰਡਾਂ ਦੱਸਦੇ ਹੋਏ ਬੀ ਦਰ ਘਰ ਇੱਕੋ ਦੀ ਸੈਨਤ ਹੀ ਰਖੀ ਗਏ ਹਨ। ਇਸੀ ਤਰ੍ਹਾਂ ਸਿਰੀ ਰਾਗ ਵਿਚ ਆਪ ਫੁਰਮਾਉਂਦੇ ਹਨ:

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ॥ (ਸਿਰੀ ਮ:੧, ਅਸਟ:੧੧)

ਸਤਿਗੁਰੂ ਅਰਜਨ ਦੇਵ ਜੀ ਨੇ ਉਹ 'ਊਚਾ ਥਾਉਂ' ਐਉਂ ਵਰਣਨ ਕੀਤਾ ਹੈ:-

ਸਹਜ ਸਿਫਤਿ ਭਗਤਿ ਤਤੁ ਗਿਆਨਾ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣੁ ਕਰੈ ਤਾਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥

(ਗਉੜੀ ਮ: ੫, ਅਸਟ:੪)

ਸੂਹੀ ਮਹਲਾ ੫॥

ਸੁਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥[3]

ਸਾਧਨ ਪੱਖ-ਜੋ ਪ੍ਰੇਮੀ ਕਰਤਾ ਪੁਰਖ ਦੇ ਗੁਣ ਕਥਨ ਤੇ ਗੁਣ ਗਾਇਨ ਕਰਦੇ ਹਨ, ਇਉਂ ਜਿੰਨਾਂ ਜਿੰਨਾਂ ਪਿਆਰ ਕਰਦੇ ਹਨ ਉੱਨਾ ਮਨ ਵਧੀਕ ਸਫਾ ਹੁੰਦਾ ਹੈ ਤੇ ਟਿਕਦਾ ਹੈ। ਜਿਸ ਦਾ

---

[1] ਕਿਉਂਕਿ ਇਹ ਸਾਮਾਨ ਮਨ ਬੁੱਧੀ ਤੋਂ ਪਰੇ ਦਾ ਹੈ ਇਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਅਗਮ ਤੇ ਅਗਾਧ ਕਿਹਾ ਹੈ, ਯਥਾ:-

ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥ (ਸਾਰੰਗ ਮ: ੫, ਅਸਟ:੨)

ਫਿਰ ਉਸਨੂੰ ਦੱਸਿਆ- ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥ (ਸਾ: ਮ: ੫, ਅਸਟ:੨)

ਫਿਰ ਉਸ ਸਭਾ ਨੂੰ ਉਸ ਬੋਲੀ ਤੇ ਉਨ੍ਹਾਂ ਖਿਅਲਾਂ ਵਿਚ ਵਰਣਨ ਬੀ ਕੀਤਾ ਹੈ ਕਿ ਜਿਸ ਤੋਂ ਇਨਸਾਨ ਆਪਣੀ ਸਮਝ ਮੂਜਬ ਕੁਛ ਖਯਾਲ ਮਾਤ੍ਰ ਬਣਾ ਸਕੇ।

[2] ਅਰਥਾਤ ਪ੍ਰਸ਼ਨ ਵਿਚ ਬੀ ਇਕ ਬਚਨ ਹੀ ਵਰਤਿਆ ਹੈ'ਸੋ ਦਰੁ ਕੇਹਾ' ਇਕ ਬਚਨ ਹੈ।

[3] ਪੁਰਾਤਨ ਲੇਖਕਾਂ ਨੇ ਇਸ ਸਥੂਲ ਸ਼ਰੀਰ ਦੇ ਅੰਦਰ ਦੋ ਸਰੀਰ ਹੋਰ ਮੰਨੇ ਹਨ: ਲਿੰਗ ਸ਼ਰੀਰ ਤੇ ਕਾਰਣ ਸ਼ਰੀਰ, ਲਿੰਗ ਸ਼ਰੀਰ ੧੭ ਤੱਤਾਂ ਦਾ ਹੈ, ਇਸ ਸਥੂਲ ਸ਼ਰੀਰ ਤੋਂ ਸੂਖਮ ਹੈ ਤੇ ਸੂਖਮੀ ਗਤੀ ਰਖਦਾ ਹੈ, ਪਰ ਹੈ ਸ਼ਰੀਰ ਉਹ ਬੀ ਪੰਚ ਭੌਤਕ। ਇਸੀ ਤਰ੍ਹਾਂ ਕਾਰਣ ਸ਼ਰੀਰ ਹੋਰ ਸੂਖਮ ਹੈ। ਤ੍ਰੈਏ ਸ਼ਰੀਰ ਸਮਾਪਤ ਹੋਣ ਤਾਂ ਸ਼ੁਧ ਆਤਮਾ ਨਿਕਲਦਾ ਹੈ। ਜਿਵੇਂ ਸੰਤਰੇ ਦੇ ਰਸ ਦੇ ਉਦਾਲੇ ਪਹਿਲੇ ਤੁਰੀਆਂ ਦਾ ਸਰੀਰ ਹੈ। ਤੁਰੀਆਂ ਦੇ ਸਰੀਰਾਂ ਦੇ ਉਦਾਲੇ ਫਾੜੀ ਦਾ ਸਰੀਰ ਹੈ। ਫਾੜੀਆਂ ਦੇ ਸਰੀਰਾਂ ਦੇ ਉਦਾਲੇ ਪੀਲੇ ਛਿੱਲੜ ਦਾ ਸਰੀਰ ਹੈ।

ਗੁਣ ਕੀਰਤਨ ਕਰੀਦਾ ਹੈ ਉਸਦੀ ਸਮੀਪਤਾ ਪ੍ਰਾਪਤ ਹੁੰਦੀ ਹੈ ਤੇ ਅੰਤ ਦਰ ਘਰ ਅਗੇ ਜਾ ਕੀਰਤਨ ਹੁੰਦਾ ਹੈ। ਕਰਤਾ ਪੁਰਖ '**ਬੈਠਾ ਵੇਖੈ ਵਖਿ ਇਕੇਲਾ**' (ਤਿਲੰਗ ਮ: ੧-੫) ਕਿ '**ਸਚਖੰਡਿ ਵਸੈ ਨਿਰੰਕਾਰੁ॥**' ਕਿ '**ਘਟਿ ਘਟਿ ਬਿਆਪਿ ਰਹਿਆ ਭਗਵੰਤ॥**' ਕਿ '**ਧਰਨਿ ਮਾਹਿ ਆਕਾਸ ਪਇਆਲ**[1]**॥**' (ਸੁਖਮਨੀ ੨੩-੨)

ਫੇਰ ਇਕੋ ਇਕ ਸਭ ਜਾਈ ਸੁਣਦਾ ਹੈ ਤੇ ਪ੍ਰਸੰਨ ਹੋ ਕੇ ਅਗੋਂ ਪਿਆਰ ਕਰਦਾ ਹੈ। ਇਸੇ ਕਰਕੇ ਫੁਰਮਾਇਆ ਹੈ: 'ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥' ਅਰਥਾਤ ਕੇਵਲ ਪੜ੍ਹ ਸੁਣ ਲੈਣਾ ਕਾਫੀ ਨਹੀਂ, ਗੁਣ ਗਾਇਨ ਕਰਨਾ ਤੇ ਐਤਨਾ ਪ੍ਰੇਮ ਨਾਲ ਕਰਨਾ ਕਿ ਕਰਤਾ ਪੁਰਖ ਦਾ ਪ੍ਰਿਯ ਸਰੂਪ ਪ੍ਰੇਮੀ ਨੂੰ ਪਿਆਰਨ ਲਗ ਜਾਵੇ[2]; ਇਹ ਸਾਧਨ ਹੈ ਪ੍ਰਾਪਤੀ ਦਾ, ਇਹ ਸਾਧਨ ਪ੍ਰੇਮ ਹੈ; ਹਾਂ ਪ੍ਰਿਯ ਸਰੂਪ ਨੂੰ ਮਿਲਣੇ ਦਾ ਸਾਧਨ ਪ੍ਰੇਮ ਹੈ।

ਕਾਵਜ ਪਹਿਲੂ- ਪਉੜੀ ੨੪ ਵਿਚ 'ਵਡਾ ਸਾਹਿਬੁ ਊਚਾ ਥਾਉਂ' ਕਿਹਾ ਸੀ, ਫੇਰ ਪਉੜੀ ੨੫ ਵਿਚ ਉਸ ਵਡੇ ਸਾਹਿਬ ਦੀ ਦਾਤਾਰਗੀ 'ਬਹੁਤ ਕਰਮੁ ਲਿਖਿਆ ਨਾ ਜਾਇ' ਆਖਕੇ ਦਾਤ ਲੈਣ ਹਾਰਿਆਂ ਦੀ ਬਹੁੱਲਤਾ ਦਰਸਾਈ ਸੀ ਤੇ 'ਵਡਾ ਸਾਹਿਬੁ' ਦਾ ਕੁਛ ਵਰਣਨ ਕੀਤਾ ਸੀ। ਫਿਰ ਸਭ ਤੋਂ ਵੱਡੀ ਦਾਤ ਸਿਫਤ ਸਲਾਹ ਦੱਸੀ ਸੀ, ਜਿਸ ਨਾਲ (ਪਉੜੀ ੨੬) ਲੈਣਹਾਰ 'ਗੁਣ ਕਹਿ ਗੁਣੀ ਸਮਾਵਣਿਆ' ਦੇ ਵਾਕ ਅਨੁਸਾਰ ਗੁਣੀ ਵਿਚ ਸਮਾਕੇ ਗੁਣੀ ਵਾਂਙੂ ਅਮੁੱਲ ਪਦਵੀ ਤੇ ਪੁੱਜ ਜਾਂਦਾ ਹੈ। ਓਥੇ ਸਿਫਤ ਸਲਾਹ ਕੀਤਾ ਗਿਆ, ਸਿਫਤ ਸਲਾਹ ਕਰਨੇ ਵਾਲਾ, ਉਸਦਾ ਦੇਣ ਲੈਣ-ਸਿਫਤ ਸਲਾਹ ਦਾ ਵਪਾਰ ਆਦਿ-ਸਾਰਾ ਕੁਝ ਅਮੁੱਲ ਪਦ ਦਾ ਵਪਾਰ ਦੱਸਿਆ ਸੀ। ਹੁਣ ਸੁਤੇ ਹੀ ਜੀ ਕਰਦਾ ਹੈ, ਕਿ ਉਸ ਅਮੁੱਲ ਹੀ ਅਮੁੱਲ ਦਾਤੇ ਤੇ ਉਸ ਦੀ 'ਅਮੁੱਲ ਦਾਤ' ਦੇ 'ਲੈਣਹਾਰ' ਦਾ ਅਮੁੱਲ ਤੇ ਅਪੜਾਉ ਦਾ ਕੁਛ ਵਰਣਨ ਹੋ ਸਕੇ। ਪਰ ਆਪ ਨੇ ਇਸੇ ਪਉੜੀ ਵਿਚ ਦੱਸਿਆ ਹੈ ਕਿ ਓਹ ਕਥਨ ਤੋਂ ਪਰੇ ਹੈ। ਇਹ ਇਸ ਲਈ ਹੈ ਕਿ ਮਿਤ ਵਾਲਾ ਅਮਿਤ ਨੂੰ ਆਪਣੇ ਗਜਾਨ ਦਾ ਵਿਖਯ ਸੰਪੂਰਣ ਤੌਰ ਤੇ ਬਣਾ ਨਹੀਂ ਸਕਦਾ, ਇਸੇ ਕਰਕੇ ਵਰਣਨ ਨਹੀਂ ਕਰ ਸਕੀਦਾ। ਪਰ ਨਾਲ ਹੀ ਇਹ ਬੀ ਦੱਸਿਆ ਹੈ ਕਿ ਭਗਤ ਜਨ ਆਖਦੇ ਹਨ, ਪਰ ਓਹ ਅੰਤ ਲੈਣ ਲਈ ਨਹੀਂ ਆਖਦੇ, ਓਹ ਤਾਂ ਆਖਦੇ ਆਖਦੇ ਉਸ ਵਿਚ ਸਮਾ ਜਾਂਦੇ ਹਨ। ਉਨ੍ਹਾਂ ਦਾ ਆਖਣਾ ਸਿਫਤ ਸਲਾਹ ਹੈ। ਸੋ ਸਿਫਤ ਸਲਾਹ ਦੀ ਭਾਵਨਾ ਨਾਲ ਆਖਣਾ, ਉਸ ਵਿਚ ਲਿਵ ਲਾਉਣ ਦਾ (ਸਮਾਈ ਦਾ) ਵਸੀਲਾ ਹੈ ਤੇ ਉਸ ਦੇ ਪਰਮ ਸੁਖ ਨੂੰ ਅਨੁਭਵ ਕਰਨ ਦਾ ਮਾਰਗ ਹੈ। ਯਥਾ:-

ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਦਾ ਕਿਨੈ ਅੰਤੁ ਨ ਪਾਇਆ॥ (ਸੁਖਮਨੀ ੧੬-੨)

ਇਸ ਪਉੜੀ ਵਿਚ ਉਸੇ ਸਿਫਤ ਸਲਾਹ ਦਾ ਇਕ ਹੋਰ ਦਰਸ਼ਨ ਦਰਸਾਉਂਦੇ ਹਨ, ਜਿਸ ਵਿਚ ਆਪਣੀ ਲਿਖੀ 'ਬ੍ਰਹਮੰਡੀ ਆਰਤੀ' ਦੀ ਤਰ੍ਹਾ 'ਬ੍ਰਹਮੰਡੀ ਕੀਰਤਨ' ਦੀ ਤਸਵੀਰ ਖਿਚ ਦੇਂਦੇ ਹਨ ਕਿ 'ਭਗਤ-ਮਨ' ਜਗਤ ਵਿਚ ਵਾਹਿਗੁਰੂ ਕੀਰਤੀ ਹੋ ਰਹੀ ਅਨੁਭਵ ਕਰੇ। ਸੋ ਪਉੜੀ ੨੭ ਵਿਚ ਗੁਰੂ ਨਾਨਕ ਦੇਵ ਜੀ ਦਾ ਸੁੰਦਰਤਾ ਦਾ ਪਰਮ ਅਨੁਭਵੀ ਮਨ ਉਸ ਸਚੇ ਸਾਹਿਬ ਨੂੰ 'ਸੋ ਪਾਤਿਸਾਹੁ ਸਾਹਾ

---

[1] ਮੋਟੀ ਗੱਲ ਦੇਖੋ ਇਕ ਆਕਾਸ਼ (Space) ਸਾਰੇ ਵਿਸਤ੍ਰਿਤ ਹੈ, ਇਕ ਆਕਾਸ਼ ਕੋਠੇ ਵਿਚ ਹੈ, ਇਕ ਆਕਾਸ਼ ਕੋਠੇ ਵਿਚ ਪਏ ਘੜੇ ਵਿਚ ਹੈ: ਐਉਂ ਤ੍ਰੈ ਆਕਾਸ਼ ਹੋ ਗਏ। ਪਰ ਏਹ ਤ੍ਰੈ ਨਹੀਂ ਤਿੰਨਾਂ ਦਾ ਆਕਾਸ਼ ਇਕੋ ਹੈ ਤੇ ਨਿਰੰਤਰ ਯਾ ਅਵਿਛਿੰਨ ਹੈ। ਤਿਵੇਂ ਪਰਮਾਤਮ ਦੇਵ ਅੰਤਰ, ਬਾਹਰ, ਥਨੰਤਰ, ਤੇ ਅਪਰੰਪਰ ਇਕੋ ਦਾ ਇਕੋ ਪਾਰਬ੍ਰਹਮ ਪਰਮੇਸ਼ੁਰ ਹੈ।

[2] ਗੁਨ ਗਾਵਤ ਤੂਟੈ ਜਮ ਜਾਲੁ॥ (ਬਿਲਾਵਲ ਮਹਲਾ ੫-੨੪)

ਪੁਨਾ: 'ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥ (ਵਾਰ ਆਸਾ ਮ: ੧-੧੨)

ਪਾਤਿ ਸਾਹਿਬ' ਦੱਸਕੇ ਉਸ ਦੇ ਮਹਿਲ ਦੇ ਦਰ ਤੇ ਹੋ ਰਹੇ 'ਗੁਣ ਗਾਇਨ' ਤੇ ਮਹਿਲ ਦੇ ਅੰਦਰ 'ਸਰੂਪ ਸਥਿਤੀ' ਦੀ ਨਿਤਜ 'ਇਕਰਸਤਾ[1]' ਨੂੰ 'ਰਾਜ ਦੁਆਰ' ਤੇ 'ਰਾਜ ਘਰ' ਦੇ ਅੰਤ੍ਰੀਵ ਸਥਿਤ ਪਾਤਸ਼ਾਹ ਦੇ ਦਰ ਦੇ ਸੰਗੀਤਕ ਰਸ ਦੇ ਰੂਪਕ ਵਿਚ ਬੰਨ੍ਹ ਵਿਖਾਲਦੇ ਹਨ। ਜਿਸ ਤੋਂ ਉਸ ਦੇ ਸਰਗੁਣ ਸਰੂਪ ਤੇ ਖੇਲ ਦਾ ਰਾਜ ਦੁਆਰੀ ਨਕਸ਼ਾ ਅੱਖਾਂ ਅਗੇ ਕ੍ਰਿਯਾਮਾਨ ਦਿੱਸ ਪੈਂਦਾ ਹੈ। ਕਿਸ ਵਿਸ਼ਾਲਤਾ ਨਾਲ ਕੁਦਰਤੀ ਸਮਾਨਾਂ ਨੂੰ ਕੱਠਿਆਂ ਕਰਦੇ ਹਨ ਕਿ ਸਾਰੇ ਅੱਖਾਂ ਦੇ ਸਾਹਮਣੇ ਗੁਣ ਗਾਇਨ ਕਰਨ ਲਗ ਪੈਂਦੇ ਹਨ ਤੇ ਈਸ਼ਰ, ਬ੍ਰਹਮਾ, ਦੇਵੀ, ਇੰਦਰ ਆਦਿ ਜਸ ਦੇ ਨਾਦ, ਪਉਣ, ਪਾਣੀ ਅਗਨੀ ਦੇਵਤਾ ਤੇ ਫੇਰ ਧਰਤੀ ਤੋਂ ਉਠਕੇ ਸਿਧ, ਨਾਥ, ਬੁਧ, ਮੁਨੀ, ਜੋਧੇ ਆਦਿ ਖੜੇ ਕੀਰਤਨ ਕਰ ਰਹੇ ਦਿੱਸਦੇ ਹਨ ਤੇ ਇਹ ਕੀਰਤਨ ਬ੍ਰਹਮੰਡ, ਆਤਮ ਖੰਡ ਤੇ ਮੰਡਲ ਕੀਰਤਨ ਵਿਚ ਜਾ ਸ਼ਾਮਲ ਹੁੰਦੇ ਹਨ। ਸਾਰੇ ਜਸ ਗਾਇਨ ਕਰਦੇ ਮਨੋਹਰ ਸੁਰਾ ਕਰਦੇ ਸੁਣਾਈ ਦੇਣ ਲਗ ਪੈਂਦੇ ਹਨ। ਭਾਵ ਸਿਫਤ ਸਲਾਹ ਵਿਚ ਲੈ ਜਾਕੇ ਵਿਸਮਾਦ ਵਲ ਰਹਿਨੁਮਾਈ ਕਰਨ ਦਾ ਹੈ। ਇਹ ਕਵਿਤਾ ਦੇ ਪੱਖ ਦਾ ਕਮਾਲ ਹੈ। 'ਗਗਨ ਮੈ ਥਾਲ···' ਕੁਦਰਤੀ ਆਰਤੀ ਹੈ; 'ਸੋ ਦਰੁ ਕੇਹਾ··' ਕੁਦਰਤ ਦਾ ਸੰਗੀਤ ਹੈ।

ਦਾਰਸ਼ਨਿਕ ਪਹਿਲੂ– ਇਸ ਵਿਚ ਇਹ ਹੈ ਕਿ '····ਸਦਾ ਸਚੁ ਸਾਹਿਬੁ ਸਾਚਾ·······ਹੈ ਭੀ ਹੋਸੀ ਜਾਇ ਨ ਜਾਸੀ' ਕਹਿਕੇ ਉਸ ਦੇ ਨਿਰਗੁਣ ਸਰੂਪ ਨੂੰ ਵਰਣਨ ਕਰਦੇ ਹਨ, ਘਰ ਤੇ ਦਰ ਦੇ ਬਾਹਰ ਸਾਰੇ ਬ੍ਰਹਮੰਡ ਦੇ ਅਜੀਵ, ਜੀਵ ਧਾਰੀ ਤੇ ਰੂਹਾਨੀ ਰੂਪਾਂ ਵਾਲੇ ਕੀਰਤਨ ਕਰ ਰਹੇ ਦੱਸਕੇ ਉਸ ਦਾ ਆਪੋ ਆਪਣੀ ਸਾਜੀ 'ਸਰਗੁਣ ਅਵਸਥਾ' ਦਾ ਜਲਵਾ ਦਿਖਾਉਂਦੇ ਹਨ ਤੇ 'ਸੋਈ ਸੋਈ····· ਰਚਨਾ ਜਿਨਿ ਰਚਾਈ' ਕਹਿਕੇ ਦੱਸ ਦੇਂਦੇ ਹਨ ਕਿ ਉਹੋ ਨਿਰਗੁਣ ਹੈ ਉਹੋ ਸਰਗੁਣ ਹੈ ਤਾਂਕਿ ਦੋ ਭਿੰਨ ਵਜੂਦ ਨਾ ਸਮਝੇ ਜਾਣ:-

ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ (ਆਸਾ ਮ: ੫-੬੮)

ਪੁਨਾ:- **ਨਿਰਗੁਨੁ ਆਪਿ ਸਰਗੁਨੁ ਭੀ ਓਹੀ॥**
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਸੁਖਮਨੀ ੧੮-੮)

ਤਥਾ:- **ਈਘੇ ਨਿਰਗੁਨ ਊਘੇ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥** (ਬਿਲਾ ਮ: ੫-੧੧੭)

'ਸੋਈ ਸੋਈ' ਇਹ ਪਦ ਦੁਹਰਾ ਕੇ ਅਪਣੇ ਕਥਨ ਵਿਚ ਕਿਤਨੀ ਜਾਨ ਪਾਈ ਹੈ ਕਿ ਕੋਈ ਲੰਮੀ ਇਬਾਰਤ ਨਾਂ ਵਰਣਨ ਕਰ ਸਕੇ। ਫੇਰ ਦੇਖੋ ਆਪ ਦਾ ਪ੍ਰੇਮ ਉਮਾਹੂ ਹਿਰਦਾ ਇਸ ਸਾਰੀ ਤਸਵੀਰ ਨੂੰ ਸਰਗੁਣ ਰੰਗਾਂ ਵਿਚ ਖਿਚਦਿਆਂ, ਨਿਰਗੁਣਤਾ ਦਾ ਪ੍ਰਭਾਵ ਦਰਸਾਉਂਦਿਆਂ ਆਪਣੇ 'ਪ੍ਰੇਮ' ਦੇ ਖ਼ਤ[2] ਐਸੀ ਨਜ਼ਾਕਤ ਨਾਲ ਵਾਹ ਗਿਆ ਹੈ ਕਿ ਸਾਰੇ ਰੂਪਕ ਵਿਚ ਉਹ ਮਾਨੋ ਤਸਵੀਰ ਉਤੇ ਚਾਨਣਾ ਪਾਉਣ ਵਾਲਾ ਸੂਰਜ ਹੈ।

'ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ', ਇਥੇ 'ਸੇਈ' ਇਕ ਪਦ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਾਰੀ 'ਕੁਦਰਤੀ ਗੁਣ ਗਾਇਕ ਸਭਾ' ਵਿਚ 'ਰਸਾਲ ਭਗਤੀ ਵਿਚ ਰਤੇ' ਹੋਏ ਜੋ ਗਾ ਰਹੇ ਹਨ, ਏਹ ਓਹ ਹਨ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ। ਮਾਨੋ ਇਹ ਜਣਾ ਰਹੇ ਹਨ ਕਿ ਹੋਰ ਤਾਂ 'ਦਰ' ਉਤੇ ਖੜੇ ਗਾਉਂ ਰਹੇ ਹਨ ਪਰ ਇਹ 'ਘਰ' ਵਿਚ ਪਹੁੰਚੇ ਹੋਏ ਹਨ ਜੋ ਅਤਿ ਪ੍ਰੇਮ ਵਿਚ ਭਿੱਜੇ ਪ੍ਰੇਮ ਰੂਪ ਹੋਏ ਹਰੀ ਦਾ ਰੂਪ ਹੋ ਰਹੇ ਹਨ[3]।

---

[1] ਇਕ ਰਸ ਸਥਿਤੀ

[2] ਉਹ ਨਾਜ਼ਕ ਲਕੀਰਾਂ ਜੋ ਮੁਸੱਵਰ ਤਸਵੀਰ ਬਣਾਉਂਦਿਆਂ ਤਸਵੀਰ ਵਿਚ ਵਾਹੁੰਦਾ ਹੈ, ਜਿਨ੍ਹਾਂ ਨਾਲ ਤਸਵੀਰ ਵਿਚ ਭਾਵ ਮੂਰਤੀਮਾਨ ਹੋ ਜਾਂਦੇ ਹਨ।

[3] ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ॥ ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ॥
(ਸਿਰੀ ਰਾਗੁ ਛੰਤ ਮ: ੫-੩)

ਪੁਰਾਤਨ ਸਮੇਂ ਪਾਤਸ਼ਾਹੀ ਮਹਲ ਦਾ 'ਦਰ' ਯਾ 'ਦਰਵਾਜ਼ਾ' ਹੁੰਦਾ ਸੀ ਜਿਥੇ ਨਕੀਬ ਗਾਇਆ ਵਜਾਇਆ ਕਰਦੇ ਸਨ, ਦਰ ਦੇ ਨਾਲ ਹੀ ਦਰਬਾਰਿ ਆਮ ਹੁੰਦਾ ਸੀ, ਜਿਥੇ ਕੰਮ ਹੁੰਦਾ ਸੀ, ਅਗੇ ਦਰਬਾਰੇ ਖਾਸ ਹੁੰਦਾ ਸੀ।

ਅੰਤ ਦੀ ਅੱਧੀ ਤੁਕ ਵਿਚ ਓਥੇ ਅੱਪੜਨ ਦਾ ਸਾਧਨ ਰੂਪ ਵਿਚ ਆਪਣਾ ਸਿਧਾਂਤ 'ਰਜ਼ਾ ਪੁਰ ਟੁਰਨੇ ਦਾ' ਦਰਸਾ ਦਿੱਤਾ ਹੈ। ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਦੀ ਰਜ਼ਾ ਵਿਚ ਰਹੋ। ਮਾਨੋ ਉਹ 'ਮਹਾਨ ਸੰਗੀਤ ਸੁਰ' ਹੈ, ਬਾਜ਼ ਦੀ ਤਾਰ ਹੈ, ਉਸ ਵਿਚ ਅਪਣੀ ਨਿੱਕੀ ਮਰਜ਼ੀ ਦੀ ਸੁਰ (ਤਰਬ) ਨੂੰ ਇਕ ਸੁਰ ਕਰ ਲਓ, ਇਕ ਰਸ ਕਰ ਲਓ, ਇਹੋ ਮਾਰਗ ਉਸ ਨੂੰ ਮਿਲਨੇ ਦਾ ਹੈ। ਇਹੋ ਗਲ ਜਪੁਜੀ ਦੇ ਆਦਿ ਵਿਚ ਫੁਰਮਾਈ ਸੀ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਨਿਰੁਕ੍ਰ-ਦਰੁ-(ਫਾ:, ਦਰ) ਦਰਵਾਜ਼ਾ। (ਸੰਸ:, ਦ੍ਵਾਰ) ਬੂਹਾ।

ਸਮਾਲੇ-ਸੰਭਾਲਦਾ ਹੈ, ਭਾਵ ਦੇਖਦਾ ਹੈ ਤੇ ਹਰ ਤਰ੍ਹਾਂ ਖ਼ਬਰਗੀਰੀ ਕਰਦਾ ਹੈ।

ਵਾਜੇ-(ਸੰਸ:, ਵਾਦਨੰ)ਵਜਾਉਣਾ, ਪੰਜਾਬੀ ਵਜਾਉਣਾ, ਵਾਉਣਾ, ਸਾਜ਼ ਜਿਨ੍ਹਾਂ ਤੋਂ ਰਾਗ ਵਜਾਇਆ ਜਾਵੇ। ਸੁਰ ਤੇ ਤਾਰ ਦੋਹਾਂ ਤੇ ਸਾਜ਼ਾਂ ਨੂੰ ਵਾਜਾ ਕਹਿ ਲੈਂਦੇ ਹਨ।

ਨਾਦ-(ਸੰਸ:) ਸ਼ਬਦ, ਰਾਗ।

ਵਾਵਣਹਾਰੇ-ਵਜਾਉਣ ਵਾਲੇ।

ਪਰੀ-(ਫਾ:, ਪਰੀ) ਇਕ ਦਿੱਬ ਰੂਪ ਵਾਲੀ ਜਾਤੀ ਸਮਝੀ ਜਾਂਦੀ ਹੈ, ਪਰ ਏਥੇ ਭਾਵ ਰਾਗਾਂ ਦੀਆਂ ਰਾਗਣੀਆਂ ਤੋਂ ਹੈ। ਰਾਗ ਰਾਗਣੀਆਂ 'ਹਰੀ ਕੇ ਦੁਅਰਾ' ਯਾ 'ਗੁਰ ਕੇ ਦੁਆਰ' ਆਪ ਗਾਉਣ ਆਉਂਦੀਆਂ ਹਨ, ਇਹ ਭਾਵ ਗੁਰਬਾਣੀ ਵਿਚ ਕਈ ਥਾਈਂ ਆਇਆ ਹੈ, ਯਥਾ-

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ (ਅਨੰਦ-੧)

ਪੁਨਾ:-**ਰਾਗ ਰਾਗਨੀ ਮੰਗਲੁ ਗਾਇਆ॥** (ਭਾ: ਗੁ: ਵਾਰ ੧-੩੭)

ਤਥਾ- **ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥**(ਆਸਾ ਮ: ੧-ਚਉਪਦਾ-੯)

ਰਾਜਾ ਧਰਮੁ- ਧਰਮ ਰਾਜਾ

ਚਿਤੁ ਗੁਪਤੁ-ਗੁਪਤ ਚਿੱਤਰਾਂ ਦੇ ਲਿਖਾਰੀ ਦੇਵਤਾ। ਕੀਤੇ ਕਰਮਾਂ ਦੇ ਗੁਪਤ ਚਿੱਤਰ-ਲੇਖਕ ਦੇਵਤਾ। (ਅ) ਚਿੱਤਰ ਜੋ ਗੁਪਤ ਹਨ।

ਈਸਰ-(ਸੰਸ:, ਈਸ਼੍ਵਰ, ਐਸ਼੍ਵਰਜ ਵਾਲਾ। ਸ਼ਿਵ) ਇਥੇ ਭਾਵ ਸ਼ਿਵ ਤੋਂ ਹੈ।

ਇਦਾਸਣਿ-(ਸੰਸ:, ਇੰਦ੍ਰ+ਆਸਣ) ਇੰਦ੍ਰ ਦੇ ਆਸਣ ਉਤੇ।

ਸਿਧ-(ਸੰਸ:, ਸਿਦ੍ਧ))(੧) ਜੋਗੀਆਂ ਦੇ ਵੱਡੇ। (੨) ਜੈਨੀਆਂ ਦੇ ਵੱਡੇ। (੩) ਸਿਧੀ ਨੂੰ ਪ੍ਰਾਪਤ ਪੁਰਖ। ਕਾਮਯਾਬ ਪੁਰਖ।

ਜਤੀ-(ਸੰਸ:) ਇਸਤ੍ਰੀ ਭੋਗ ਤੋਂ ਰਹਿਤ। ਜੋ ਕਾਮ ਚੇਸ਼ਟਾ ਤੋਂ ਆਪ ਨੂੰ ਬਚਾਈ ਰਖੇ।

ਸਤੀ-ਦਾਨੀ। ਸੱਚੇ।

ਵੀਰ ਕਰਾਰੇ-ਕਰਾਰੇ ਵੀਰ। ਤਕੜੇ ਸੂਰਮੇ।

ਰਖੀਸਰ-(ਸੰਸ;,ਰਿਖੀਸ਼੍ਵਰ) ਵੱਡੇ ਰਿਖੀ।

ਮੋਹਣੀਆ-(ਸੰਸ;, ਮੋਹਨਿ) ਮੋਹ ਲੈਣ ਵਾਲੀਆਂ ਇਸਤ੍ਰੀਆਂ। ਸੁੰਦਰ ਤ੍ਰੀਮਤਾਂ।

ਮਛ-(ਸੰਸ:, ਮਰ੍ਤਜ) ਮਾਤ ਲੋਕ। ਧਰਤੀ।

ਪਇਆਲ-(ਸੰਸ:, ਪਾਤਾਲ)ਪਾਤਾਲ।

ਰਤਨ-(ਸੰਸ:, ਰਤ੍ਨ) ੧. ਜ੍ਵਾਹਰਾਤ ਜੋ ਨੌਂ ਗਿਣਦੇ ਹਨ: ਹੀਰਾ, ਪੰਨਾ, ਪੁਖਰਾਜ,

ਨੀਲਮ, ਮਾਣਕ, ਲਹਸੁਨਿਯਾ, ਗੋਮੇਦ, ਗੁੱਲੀਆ, ਮੋਤੀ। (ਦੇਖੋ ਪਿਛੇ ਪੰਨਾ ੬੮ ਦਾ ਫੁਟ ਨੋਟ)। ੨. ਅਮੋਲਕ ਤੇ ਕੀਮਤੀ ਵਸਤਾਂ। ੩. ਸਮੁੰਦਰ ਵਿਚੋਂ ਨਿਕਲੇ ਚੌਦਾਂ ਅਮੋਲਕ ਸਾਮਾਨ ਤੇ ਵਜਕਤੀਆਂ: ੧. ਧਨੰਤਰ ਵੈਦ, ੨. ਸੁਧਾ (ਅੰਮ੍ਰਿਤ), ੩. ਉਚੈਸ਼੍ਰੇਵਾ ਘੋੜਾ, ੪. ਐਰਾਵਤ ਹਾਥੀ, ੫. ਕਾਮਧੇਨ ਗਊ, ੬. ਕਲਪ ਬ੍ਰਿਛ (ਦ੍ਰਮ), ੭. ਰੰਭਾ ਅਪਸਰਾ, ੮. ਲੱਛਮੀ, ੯. ਕਾਲਕੂਟ (ਵਿੱਖ), ੧੦. ਸੁਰਾ (ਸ਼ਰਾਬ), ੧੧. ਦਿਜਰਾਜ (ਚੰਦ੍ਰਮਾ), ੧੨. ਸ਼ੰਖ, ੧੩. ਕੌਸਤਭ ਮਣੀ, ੧੪. ਯੱਗ ਵਿਚ ਹੋਮ ਕਰਣ ਦੀ ਸਮਗਰੀ ਘਿਉ ਆਦਿ।

ਜੋਧ-ਜੋਧਾ, ਰਥੀ। **ਮਹਾਬਲ**-ਮਹਾਂ ਬਲੀ=ਮਹਾ ਰਥੀ। **ਸੂਰਾ**-ਅਤਿਰਥੀ।[1]

ਗਜਾਨੀ ਸੱਜਣ ਐਉਂ ਬੀ ਦੱਸਦੇ ਹਨ:-ਹਜ਼ਾਰ ਨਾਲ ਲੜੇ ਸੋ ਸੂਰਮਾ, ਜੋ ੧੦ ਹਜ਼ਾਰ ਨਾਲ ਲੜੇ ਸੋ ਜੋਧਾ, ਜੋ ਬਿਅੰਤਾਂ ਨਾਲ ਲੜੇ ਸੋ ਮਹਾਂ ਰਥਿ॥

ਆਤਮ ਪੱਖ ਵਿਚ ਐਉਂ ਬੀ ਭਾਵ ਕੱਢੀਦਾ ਹੈ:-ਜੋਧ=ਜਿਨ੍ਹਾ ਨੇ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕ ਲਿਆ ਹੈ। ਮਹਾਂ ਬਲੀ=ਜਿਨ੍ਹਾਂ ਨੇ ਮਨ ਨੂੰ ਭੋਗ ਵਿਲਾਸਾਂ ਵੱਲ ਰੁਚੀ ਕਰਨ ਤੋਂ ਰੋਕ ਲਿਆ ਹੈ। ਸੂਰਾ=ਜਿਸ ਨੇ ਹਉਮੈ ਤੇ ਫਤਹ ਪਾਈ ਹੈ।

ਕ੍ਰਮ ਅਨੁਸਾਰ ਸਰੀਰ ਇੰਦ੍ਰੇ ਤੇ ਮਨ ਬੀ ਅਰਥ ਲੈਂਦੇ ਹਨ।

ਖਾਣੀ ਚਾਰੇ-ਚਾਰ ਖਾਣੀਆਂ ਤੋਂ ਉਪਜੇ ਜੀਵ: ੧. ਅੰਡਿਆਂ ਤੋਂ ਉਪਜੇ ਜੈਸੇ ਪੰਛੀ, ੨. ਜੇਰ ਤੋਂ ਉਪਜੇ ਜੈਸੇ ਮਾਨੁੱਖ ਆਦਿ, ੩. ਪਸੀਨੇ ਵਿਚ ਨਿੰਮਣ ਵਾਲੇ ਜੈਸੇ ਜੂੰ। ਇਕ ਦਾਨੇ ਸੱਜਣ ਜੀ ਨੇ ਦੱਸਿਆ ਹੈ ਕਿ 'ਸੇ ਤਜ' ਦਾ ਅਰਥ ਹੈ ਜੋ ਆਪਣੇ ਸਰੀਰ ਦੇ ਹਿੱਸਿਆਂ ਦੇ ਜੁਦਾ ਹੋਣ ਤੋਂ ਹੀ ਬਣੇ। ਸੇ=ਸ੍ਵੈ+ਤਜ=ਛੱਡ ਛੱਡਕੇ, ਅਪਣੇ ਹੀ ਹਿੱਸੇ ਕਰ ਕਰਕੇ ਜੋ ਬਣੇ। ਜਿਤਨੇ ਜਰਮਜ਼ (germs) ਆਦਿ ਦੱਸੀਦੇ ਹਨ ਸਾਰੇ ਐਉਂ ਹੀ ਬਣਦੇ ਹਨ। ਐਸੇ ਜੀਵ ਹਨ ਜੋ Self-division ਨਾਲ propagate ਹੁੰਦੇ ਹਨ, ਜਿਵੇਂ ਕਿ Amoeba.

ਵਰਭੰਡ-(ਸੰਸ:, ਬ੍ਰਹਮੰਡ) ਬ੍ਰਹਮੰਡ।

ਮੰਡਲ-(ਸੰਸ:,) ੧. ਕੋਈ ਹਿੱਸਾ ਪ੍ਰਿਥਵੀ ਦਾ, ੪੦ ਜੋਜਨ ਲੰਮਾ ੨੦ ਜੋਜਨ ਚੌੜਾ। ੨. ਮੰਡਲ ਤੋਂ ਲੋਕ ਦਾ ਬੀ ਅਰਥ ਲੈਂਦੇ ਹਨ, Sphere, ੩. ਮੰਡਲ=ਸਮੁਦਾਇ, ਯਥਾ-ਤਾਰਕਾ ਮੰਡਲ।

ਖੰਡ-(ਸੰਸ:) ਹਿੱਸਾ। ਸਾਰੀ ਪ੍ਰਿਥਵੀ ਦੇ ਨੌਂ ਖੰਡ ਹਨ, ੨. ਅਦ੍ਰਿਸ਼ਜ ਲੋਕ ਜੈਸੇ ਸਚਖੰਡ।

ਰੰਗੀ ਰੰਗੀ ਭਾਤੀ-ਰੰਗ ਰੰਗ ਦੀ, ਭਾਂਤ ਭਾਂਤ ਦੀ, ਜਿਨਸ ਜਿਨਸ ਦੀ। ਭਾਵ ਕਿਸਮ ਉਸ ਤੋਂ ਅਗੋਂ ਇਕ ਇਕ ਦੀ ਕਿਸਮ, ਉਸ ਤੋਂ ਅਗੋਂ ਫਿਰ ਇਕ ਇਕ ਦੀ ਕਿਸਮ।

ਪਾਤਿਸਾਹੁ-(ਫਾ:, ਪਾਦ=ਤਖਤ। ਸ਼ਾਹ=ਸਾਹਿਬ, ਮਾਲਕ) ਪਾਤਸ਼ਾਹ।

(ਪਉੜੀ ੨੮-੨੯)

ਪ੍ਰਾਕ੍ਥਨ- ਪਹਿਲੀ ਪਉੜੀ ਵਿਚ ਫੁਰਮਾਇਆ ਸੀ: 'ਹੁਕਮਿ ਰਜਾਈ ਚਲਣਾ' ਫੇਰ ਹੁਕਮ ਤੇ ਚਲਣ ਦੀ ਵਿਧੀ, ਸਾਧਨ, ਉਪਰਾਲੇ ਤਰ੍ਹਾਂ ਤਰ੍ਹਾਂ ਦੀ ਵਜਾਖਜਾ ਨਾਲ ਵਰਣਨ ਹੁੰਦੇ ਰਹੇ। ਓਹ ਸਾਰੇ 'ਅੰਤਰ ਮੁਖ-ਇਸਥਿਤੀ' ਯਾ 'ਧਜਾਨ-ਪ੍ਰਪੱਕਤਾ' ਦੀ ਵਿਉਂਤ ਦੇ ਤਰੀਕੇ ਸਨ-'**ਪੰਚਾ ਕਾ ਗੁਰੁ ਏਕੁ ਧਿਆਨੁ**' (ਪਉੜੀ ੧੬) ਇਸ ਤੋਂ ਮਗਰੋਂ 'ਬਾਹਰਲੇ ਦ੍ਰਿਸ਼ਜ' ਤੋਂ 'ਅੰਤਰਮੁਖ ਵਿਸਮਾਦੀ ਰੰਗ ਅੱਪੜਨ' ਦੀ ਵਜਾਖਜਾ ਟੁਰੀ ਸੀ ਕਿ ਦ੍ਰਿਸ਼ਟਮਾਨ ਵਿਚ ਜਦ ਕਰਤਾ ਪੁਰਖ ਦੇ ਕਰਣਿਆਂ ਵਿਚ

[1] ਇਸਦਾ ਐਉਂ ਬੀ ਭਾਵ ਲੈਂਦੇ ਹਨ:-ਸ਼੍ਰਵਣ ਕਰਨ ਵਾਲੇ 'ਰਥੀ' ਹਨ, ਮੰਨਣ ਕਰਨ ਵਾਲੇ ਅਤਿ ਰਥੀ, ਨਿਧਿਆਸਣ ਕਰਨ ਵਾਲੇ ਮਹਾਂ ਬਲਿ (ਰਥੀ) ਹਨ।

ਜਾਓਗੇ ਤਾਂ ਵਿਸ਼ਾਲਤਾ ਦਿੱਸੇਗੀ, ਜੇ ਵਿਸ਼ਾਲਤਾ ਵਿਚ ਇਸ ਦਾ ਅੰਤ ਲੈਣ ਲਈ ਜਾਓਗੇ ਤਾਂ ਵਾਕਫੀ ਕੁਛ ਵਧੇਗੀ ਪਰ ਥੱਕ ਹਾਰ ਜਾਓਗੇ। ਪਰ ਜੇ ਰਚਨਾ ਦੀ ਬਹੁੱਲਤਾ, ਸੁੰਦਰਤਾ, ਅਗੰਮਤਾ ਦੇਖ ਦੇਖ ਕੇ ਇਸ ਦੇ ਕਰਤਾ ਪੁਰਖ ਦੀ ਸਿਫਤ ਸਲਾਹ ਵਿਚ ਜਾਓਗੇ ਯਾ ਸਿਧੇ ਸੌਂਦਰਯ ਦੇ ਝਲਕੇ ਨਾਲ ਵਿਸਮਿਤ ਹੁੰਦੇ ਵਿਸਮਾਦ ਵਿਚ ਜਾਓਗੇ ਤਾਂ ਟਿਕ ਜਾਓਗੇ, ਲਿਵ ਲਗੇਗੀ ਤੇ ਪੰਚ ਬਣੋਗੇ। ਇਹ ਤਰੀਕਾ ਸੀ ਬਾਹਰ ਮੁਖੀ ਦਰਸ਼ਨਾਂ ਨਾਲ ਬਾਹਰ ਮੁਖੀ ਨਾ ਹੋਣਾ, ਸਗੋਂ ਕੁਦਰਤ ਦੇ ਦਿਦਾਰਿਆਂ ਨਾਲ ਬੀ ਅੰਤ੍ਰੀਵ ਇਸਥਿਤੀ ਦੀ ਹੀ ਪ੍ਰਪੱਕਤਾ ਕਰ ਲੈਣੀ। ਇਸੇ ਲਈ ਪਿਛਲੀ 'ਸੋ ਦਰੁ' ਦੀ ਪਉੜੀ ਵਿਚ ਰਚਣਹਾਰ ਦੀ ਰਚਨਾ ਵਿਚੋਂ ਉਸ ਦੀ ਦਰਗਾਹ ਦੇ ਕੀਰਤਨ ਸਮਾਜ ਦਾ ਦਰਸ਼ਨ ਦਿਖਾਇਆ ਸੀ ਤੇ ਉਸ ਦੀ ਸਿਫਤ ਸਲਾਹ ਦਾ ਰੰਗ ਲਾ ਕੇ ਉਸੇ ਦੇ ਕਰਤਾ ਕਾਦਰੀ ਦਰਸ਼ਨਾਂ ਵਿਚ ਲੈ ਗਏ ਸਨ- ਤੇ ਫੇਰ ਰਜ਼ਾ ਵਿਚ ਟੁਰਨਾ ਸਿਖਾਇਆ ਸੀ ਇਹ ਕਹਿਕੇ:-

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥ (ਜਪੁਜੀ)

'ਅੰਤ੍ਰੀਵ ਧਯਾਨ' ਦੁਆਰਾ ਤੇ 'ਬਾਹਰਲੇ ਵਿਸਮਾਦੀ' ਦਰਸ਼ਨ; ਦੁਹਾਂ ਤਰੀਕਿਆਂ ਨਾਲ 'ਉਸ ਦੀ ਰਜ਼ਾ ਵਿਚ ਇਕ ਸ੍ਵਰ ਹੋ ਜਾਣਾ' ਇਹ ਮਾਰਗ ਆਪਣੀ ਪੇਮਾ-ਭਗਤੀ ਦਾ ਸਿਖਾ ਦਿਤਾ ਹੈ ਇਹ ਆਖਕੇ :'**ਨਾਨਕ ਰਹਣੁ ਰਜਾਈ**'; ਪਰ ਏਥੇ ਆ ਕੇ ਮਾਨੋਂ ਪ੍ਰਸ਼ਨ ਹੋਇਆ ਹੈ ਕਿ ਹੇ ਗੁਰੂ ਜੀ! ਇਕ ਤਰੀਕਾ ਗੋਰਖ ਮਤ ਵਾਲੇ ਜੋਗੀਆਂ ਦਾ ਹੈ ਜੋ ਬੜਾ ਪ੍ਰਵਿਰਤ ਹੈ, ਅਤੇ ਇਕ ਹੋਰ ਤਰੀਕਾ 'ਅਹੰ ਬ੍ਰਹਮਾਸਿਮ' ਕਹਿਕੇ ਇਕ ਈਸ਼੍ਵਰ ਰੂਪ ਹੋ ਜਾਣੇ (ਗਯਾਨ) ਦਾ ਹੈ; ਤੇ ਹੋਰ ਬੀ ਕਈ ਤਰੀਕੇ ਹਨ, ਇਨ੍ਹਾਂ ਬਾਬਤ ਆਪ ਦੀ ਕੀਹ ਆਗਿਆ ਹੈ?

ਗੁਰੂ ਜੀ ਹੁਣ ਅਗਲੀਆਂ ਚਾਰ ਪਉੜੀਆਂ (੨੮ ਤੋਂ ੩੧) ਵਿਚ ਉਸ ਵੇਲੇ ਦੇ ਫੈਲੇ ਹੋਏ ਜੋਗ ਮਤ ਨੂੰ ਲੈਂਦੇ ਹਨ ਤੇ ਉਹਨਾਂ ਦੇ ਪਰਮ ਜ਼ਰੂਰੀ ਸਮਝੇ ਗਏ ਅੰਗਾਂ ਵਿਚੋਂ ਇਕ ਇਕ ਨੂੰ ਲੈਕੇ ਉਹਨਾਂ ਦੀ ਥਾਵੇਂ ਅਪਣੇ ਸਦਾਚਾਰੀ, ਰਹੱਸਜਕ ਤੇ ਭਗਤੀ ਵਾਲੀਆਂ ਸ਼ੁਭ ਕਰਨੀਆਂ ਤੇ ਅੰਤ੍ਰੀਵ ਭਾਵਾਂ ਨੂੰ ਦਰਸਾਕੇ ਈਸ਼੍ਵਰ ਪਰਾਇਣਤਾ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ। ਫੇਰ ੩੨ਵੀਂ ਪਉੜੀ ਵਿਚ ਦੱਸਦੇ ਹਨ ਕਿ ਲੱਖਤਾ ਵਿਹੂਣੀਆਂ 'ਅਹੰਬ੍ਰਹਮਾਸਿਮ' ਦੀਆਂ ਠੀਸਾਂ (ਗੱਪਾਂ) ਮਾਰਨ ਨਾਲ ਕੂੜ ਪੱਲੇ ਪੈਂਦਾ ਹੈ। ਈਸ਼੍ਵਰ ਮਿਲਾਪ ਦਾ ਠੀਕ ਰਸਤਾ ਹੈ 'ਨਾਮ ਸਿਮਰਣ'। ਫਿਰ ੩੩ਵੀਂ ਪਉੜੀ ਵਿਚ ਦੱਸਦੇ ਹਨ ਕਿ 'ਈਸ਼੍ਵਰ ਪਰਾਇਣਤਾ' ਤੋਂ ਬਿਨਾਂ 'ਜ਼ੋਰ' ਸਹਿਜ ਪ੍ਰਾਪਤੀ ਵਿਚ ਅਸਫਲ ਰਹਿੰਦਾ ਹੈ। ਪਹਿਲੇ ਹੁਣ ਜੋਗ ਨੂੰ ਲੈਂਦੇ ਹਨ:

ਮੂਲ	ਅਰਥ
ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥	(ਅਸੀਂ) ਸੰਤੋਖ ਦੀਆਂ ਮੁੰਦਰਾਂ (ਪਹਿਨਦੇ ਹਾਂ) ਖੱਪਰ ਤੇ ਝੋਲੀ ਦੀ ਥਾਵੇਂ ਲੱਜਜਾ (ਧਾਰਨ ਕਰਦੇ ਹਾਂ ਤੇ) ਧਿਆਨ ਦੀ ਸੁਆਹ ਬਣਾਉਂਦੇ ਹਾਂ। ਮੌਤ (ਦੀ ਯਾਦ ਸਾਡੀ) ਖਿੰਥਾ ਹੈ ਸਰੀਰ ਨੂੰ (ਕੁਆਰੀ=) ਪ੍ਰਵਿੱਤ੍ਰ ਰੱਖਣਾ (ਸਾਡੀ ਜੋਗ ਦੀ) ਜੁਗਤੀ ਹੈ (ਪਰਮੇਸ਼ੁਰ ਤੇ) ਸਿਦਕ (ਰਖਣਾ ਸਾਡਾ) ਡੰਡਾ ਹੈ। (ਸਾਡਾ) ਆਈ ਪੰਥੀ ਹੋਣਾ ਸਾਰਿਆਂ ਨਾਲ (ਇਕ) ਜਮਾਤੀ (ਹੋਣਾ ਹੈ)। ਮਨ ਨੂੰ ਜਿੱਤ ਲਿਆਂ (ਅਸੀਂ ਸਮਝਦੇ ਹਾਂ ਕਿ)

ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥

ਜਗਤ ਤੇ ਜਿੱਤ ਪ੍ਰਾਪਤ ਹੋ ਗਈ ਹੈ। ਆਦੇਸ (ਸਾਡੀ) ਉਸੇ (ਇਕ ਨੂੰ) ਆਦੇਸ ਹੈ, (ਜੋ ਸਭ ਦਾ) ਆਦਿ (ਮੁੱਢ) ਹੈ, ਜੋ ਅਨੀਲ ਹੈ, (ਜਿਸ ਦਾ ਆਪਣਾ) ਆਦਿ ਨਹੀਂ ਹੈ (ਜਿਸ ਦਾ ਕਦੇ) ਵਿਨਾਸ਼ ਨਹੀਂ (ਹੁੰਦਾ), (ਜੋ) ਜੁਗੋ ਜੁਗੋ ਇਕੋ ਸਰੂਪ (ਹੈ)॥੨੮॥

ਭੁਗਤਿ ਗਿਆਨੁ ਦਇਆ ਭੰਡਾਰਣਿ

(ਸ਼ਿਵ ਅਰਾਧਨਾ ਨਾਲ ਜੋ ਭੋਜਨ ਮਿਲਦਾ ਹੈ ਉਹ ਤਾਂ ਸਭ ਕਿਸੇ ਨੂੰ ਮਿਲ ਰਿਹਾ ਹੈ ਪਰ ਆਦਿ ਅਨੀਲ ਦੀ ਅਰਾਧਨਾ ਨਾਲ ਸਾਨੂੰ) ਗਿਆਨ (ਰੂਪੀ) ਭੋਜਨ ਮਿਲਦਾ ਹੈ[੧]। (ਜੋ ਤ੍ਰਿਸ਼ਨਾ ਰੂਪੀ ਭੁੱਖ ਨੂੰ ਨਿਵਾਰ ਦੇਂਦਾ ਹੈ), (ਸ਼ਿਵ ਜੀ ਦੀ ਭੰਡਾਰਣ ਅੰਨ ਪੂਰਣਾ[੨] ਹੈ ਪਰ ਗਿਆਨ ਰੂਪੀ ਭੋਜਨ ਦੀ) ਭੰਡਾਰਨ ਦਇਆ ਹੈ, (ਦਿਆਲੂ ਹੋ ਕੇ ਗੁਰੂ ਗਜਾਨ ਦੇਂਦਾ ਤੇ ਅਗੋਂ ਦਇਆ ਬ੍ਰਿਤੀ ਨਾਲ ਵੰਡੀਦਾ ਹੈ)।

ਘਟਿ ਘਟਿ ਵਾਜਹਿ ਨਾਦ॥ ਆਪਿ ਨਾਥੁ ਨਾਥੀ ਸਭ ਜਾਕੀ

(ਤੁਸਾਂ ਪਾਸ ਨਾਦੀ ਹੈ ਤੇ ਭੋਜਨ ਸਮੇਂ ਵਜਾਉਂਦੇ ਹੋ) ਹਿਰਦੇ ਹਿਰਦੇ ਵਿਚ (ਜੋ ਨਾਦ ਵੱਜ ਰਿਹਾ ਹੈ) ਇਹ ਸਾਡਾ ਨਾਦ ਹੈ। (ਤੁਸਾਡੇ ਮਨੁੱਖ-ਨਾਥਾਂ ਦੀ ਥਾਵੇਂ ਸਾਡਾ) ਨਾਥ ਆਪ (ਪ੍ਰਭੂ) ਹੈ, ਜਿਸ ਦੀ ਨੱਥੀ ਹੋਈ ਸਾਰੀ (ਸ੍ਰਿਸ਼ਟੀ) ਹੈ[੩]।

ਰਿਧਿ ਸਿਧਿ ਅਵਰਾ ਸਾਦ॥

(ਤੁਸੀਂ) ਰਿੱਧੀ ਸਿੱਧੀ (ਦੀਆਂ ਚੇਟਕਾਂ ਵਿਚ ਹੋ ਅਸੀਂ ਇਨ੍ਹਾਂ ਨੂੰ) ਹੋਰਨਾਂ ਦਾ (ਅਰਥਾਤ ਪਰਮਾਰਥ ਤੋਂ ਓਪਰਿਆਂ ਦਾ) ਸੁਆਦ (ਸਮਝਦੇ ਹਾਂ)।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥

(ਤੁਹਾਡੀ ਕਾਰ ਕਾਰਬਾਰੀ ਚਲਾਉਂਦੇ ਹਨ ਪਰ ਅਸਲ ਵਿਚ ਵਿਸ਼੍ਵ ਦੀ ਤੇ ਸਾਡੀ) ਕਾਰ ਸੰਜੋਗ ਵਿਜੋਗ ਦੋਵੇਂ ਚਲਾਉਂਦੇ ਹਨ, (ਪਿਛਲੇ ਕਰਮਾਂ ਦੇ) ਲੇਖੇ ਅਨੁਸਾਰ ਆਪੋ ਆਪਣੇ ਛਾਂਦੇ ਚਲੇ ਆਉਂਦੇ ਹਨ।

(ਬਾਕੀ ਅਰਥ ਪਿਛੇ ਆ ਚੁੱਕਾ ਹੈ।)॥੨੯॥

(ਪਉੜੀ ੩੦)

ਪ੍ਰਾਕ੍ਥਨ- ਜੋਗੀ ਸ਼ਿਵ ਉਪਾਸਕ ਸੰਪ੍ਰਦਾਯ ਸਨ। ਸੰਪ੍ਰਦਾਯਕ ਜੋਸ਼ ਵਿਚ ਸੰਪ੍ਰਦਾਵਾਂ ਦੀ ਅਕਸਰ ਦੂਸਰੇ ਦੇ ਮਤਿ ਤੇ ਇਸ਼ਟ ਨੂੰ ਨੀਵਾਂ ਕਹਿਣ ਤੇ ਬੇਦਅਬੀ ਤੱਕ ਪਹੁੰਚ ਪੈਣ ਦੀ ਨੌਬਤ ਆ ਜਾਂਦੀ ਹੁੰਦੀ ਸੀ। ਇਸ ਤੀਸਰੀ ਪਉੜੀ ਵਿਚ ਗੁਰੂ ਜੀ ਜੋਗੀਆਂ ਨੂੰ ਬੜੇ ਸੁਹਣੇ ਤਰੀਕੇ ਤੇ ਇਸ ਅਵਗੁਣ ਤੋਂ ਵਰਜਦੇ ਹੋਏ ਅਕਾਲ ਪੁਰਖ ਦੀ ਪੂਜਾ ਵਿਚ ਲੈ ਜਾਂਦੇ ਹਨ। ਹਿੰਦੂ ਸ਼ਾਸਤ੍ਰਾਂ ਅਨੁਸਾਰ

---

[੧] ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ॥ (ਸੁਖਮਨੀ: ੮-੩)

[੨] ਸ਼ਿਵ ਜੀ ਨੂੰ ਕਦੇ ਭਿੱਖਿਆ ਨਾ ਮਿਲਨੇ ਤੇ ਮਹਾਂ ਮਾਇਆ ਨੇ ਅੰਨ ਪੂਰਣਾ ਦੇਵੀ ਦਾ ਰੂਪ ਧਾਰ ਕੇ ਕਾਂਸ਼ੀ ਵਿਚ ਅੰਨ ਦਿੱਤਾ ਸੀ। (ਵ.ਕ.)

[੩] 'ਏਕ ਨਾਥ ਸਭ ਜਗਤ ਮੈ ਵਿਆਪ ਰਹਯੋ ਸਭਿ ਦੇਸੁ॥'(ਪਾਤਸ਼ਾਹੀ ੧੦)
'ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ॥' (ਸਾਰੰਗ ਵਾਰ ਮ: ੪-੩੬)

ਹੀ ਆਪ ਦੱਸਦੇ ਹਨ ਕਿ ਸ਼ਿਵ ਵਿਸ਼ਨੂੰ ਬ੍ਰਹਮਾ ਇਕੋ ਅਕਾਲ ਪੁਰਖ ਦੇ ਮਾਯਾ ਦੁਆਰਾ ਪੈਦਾ ਕੀਤੇ ਹੋਏ ਹਨ। ਮੂਲ ਬੀ ਇਕੋ ਹੋਇਆ, ਫੇਰ ਕਾਰਜ ਸਪੁਰਦਗੀ ਵਿਚ ਤਿੰਨਾਂ ਨੂੰ ਆਪੋ ਆਪਣੇ ਕੰਮ ਸਪੁਰਦ ਹਨ। ਇਉਂ ਇਹ ਤਿੰਨੇ ਸ਼ਾਸਤ੍ਰਾਂ ਵਿਚ (ਪਰਵਾਣ=) ਮੰਨੇ ਪ੍ਰਮੰਨੇ ਦੇਵਤਾ ਹਨ। ਕਿਸੇ ਨੂੰ ਨਿੰਦਣਾ ਤੇ ਕਿਸੇ ਨੂੰ ਸਲਾਹੁਣਾ ਅਪਣੇ ਹੀ ਸ਼ਾਸਤ੍ਰਾਂ ਦੀ ਪ੍ਰਤਿਕੂਲਤਾ ਹੈ। ਇਹ ਵਿਖਮਤਾ ਦੂਰ ਕਰਨ ਦਾ ਖਿਆਲ ਦੇਕੇ ਉਹਨਾਂ ਦੀ ਦ੍ਰਿਸ਼ਟੀ ਨੂੰ ਹੋਰ ਉੱਚਾ ਚੁੱਕਦੇ ਹਨ, ਇਹ ਦੱਸਕੇ ਕਿ ਓਹ ਕਰਤਾ ਪੁਰਖ ਦੇ ਕੀਤੇ (ਰਚੇ) ਹੋਏ ਹਨ[1]। ਉਹਨਾਂ ਦੀ ਬਨਾਵਟ ਵਿਚ ਮਾਯਾਵੀ ਹਿੱਸਾ ਬੀ ਹੈ[2], ਓਹ ਕ੍ਰਿਤ ਹੋਣ ਕਰਕੇ ਕਰਤਾ ਨੂੰ ਨਹੀਂ ਦੇਖ ਸਕਦੇ, ਕਰਤਾ ਉਹਨਾਂ ਨੂੰ ਦੇਖਦਾ ਹੈ; ਓਹ ਆਪੂੰ ਕੁਛ ਨਹੀਂ ਕਰ ਸਕਦੇ। ਜਿਵੇਂ ਕਰਤਾ ਪੁਰਖ ਨੂੰ ਭਾਉਂਦਾ ਹੈ ਉਨ੍ਹਾਂ ਨੂੰ ਟੋਰਦਾ ਹੈ। ਓਹ ਜੋ ਕੁਛ ਕਰਦੇ ਹਨ ਉਸ ਦੇ ਫੁਰਮਾਨ ਨੂੰ ਬਜਾ ਲਿਆਉਂਦੇ ਹਨ। ਇਸ ਕਰਕੇ ਉਸ ਕਰਤਾ ਪੁਰਖ ਨੂੰ, ਜੋ ਸਭ ਦੀ 'ਆਦਿ' ਹੈ, ਜਿਸ ਵਿਚ ਮਾਇਆ ਦੀ ਕੋਈ ਛੁਹ ਮਾਤ੍ਰ ਨਹੀਂ; ਜੋ ਆਪ ਆਦਿ ਤੋਂ ਰਹਿਤ ਹੈ ਤੇ ਕਦੇ ਵਿਨਾਸ਼ ਨਹੀਂ ਹੁੰਦਾ, ਇਨ੍ਹਾਂ ਗਲਾਂ ਕਰਕੇ, ਜੋ ਸਦਾ ਇਕ ਰਸ ਰਹਿੰਦਾ ਹੈ-ਆਦੇਸ਼ ਕਰਨੇ ਯੋਗ ਹੈ ਤੇ ਉਸ ਨੂੰ ਪੂਜਣੇ ਦਾ ਉਪਦੇਸ਼ ਦੇਂਦੇ ਹਨ:-

ਮੂਲ	ਅਰਥ
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ **ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥** **ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥** **ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥** **ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥**	(ਏਕਾ=) ਬ੍ਰਹਮ (ਤੇ ਮਾਈ=) ਮਾਇਆ ਦੇ (ਜੁਗਤਿ=) ਸੰਜੋਗ ਹੋਣ ਨਾਲ (ਮਾਯਾ) ਪ੍ਰਸੂਤ ਹੋਈ[3], (ਉਸ ਤੋਂ) ਤਿੰਨ ਚੇਲੇ ਹੋਏ (ਜੋ) ਪ੍ਰਮਾਣੀਕ (ਦੇਵਤੇ ਮੰਨੇ ਜਾਂਦੇ ਹਨ। ਉਹਨਾਂ ਦੇ ਸਪੁਰਦ ਸ੍ਰਿਸ਼ਟੀ ਰਚਨਾ ਦੇ ਤ੍ਰੈ ਕੰਮ ਦਿਤੇ ਗਏ, ਸੰਸਾਰੀ ਹੋਣਾ, ਭੰਡਾਰੀ ਹੋਣਾ ਤੇ ਲਾਏ ਦੀਬਾਣੁ ਹੋਣਾ ਅਰਥਾਤ) ਇਕ ਬ੍ਰਹਮਾ, ਇਕ ਵਿਸ਼ਨੂੰ ਤੇ ਇਕ ਸ਼ਿਵ ਜੀ (ਪਰ ਓਹ ਸੁਤੰਤਰ ਕਾਰਕ ਨਹੀਂ ਹਨ) ਜਿਕੁਰ ਉਸ (ਏਕੈ=ਅਕਾਲ ਪੁਰਖ) ਨੂੰ ਭਾਉਂਦਾ ਹੈ, ਤਿੱਕੁਰ (ਉਹਨਾਂ ਚੇਲਿਆਂ) ਨੂੰ ਚਲਾਉਂਦਾ ਹੈ, (ਤੇ ਓਹ ਚਲਦੇ ਹਨ) ਜਿੱਕੁਰ (ਉਸ ਏਕੇ ਦਾ) ਹੁਕਮ ਹੁੰਦਾ ਹੈ। (ਫਿਰ) ਵੱਡਾ ਅਚਰਜ ਇਹ ਹੈ ਕਿ ਉਹ ਤਾਂ ਵੇਖਦਾ ਹੈ (ਉਹਨਾਂ ਤਿੰਨਾਂ ਨੂੰ, ਪਰ ਆਪ। ਉਹਨਾਂ ਨੂੰ ਨਹੀਂ ਦਿੱਸਦਾ। (ਤਾਂਤੇ ਇਨ੍ਹਾਂ ਤਿੰਨਾਂ ਤੋਂ ਉੱਚੇ ਉੱਠੋ ਤੇ ਉਸ ਕਰਤਾ ਪੁਰਖ ਨੂੰ ਆਖੋ) ਨਮਸਕਾਰ ਹੈ, ਨਮਸਕਾਰ ਹੈ... (ਬਾਕੀ ਅਰਥ ਪਿੱਛੇ ਆ ਚੁੱਕਾ ਹੈ)। ॥੩੦॥

(ਪਉੜੀ ੩੧)

ਪ੍ਰਾਕ੍ਥਨ-ਤੀਸਰੀ ਪਉੜੀ ਵਿਚ ਪਰਮਾਤਮ ਦੇਵ ਵੱਲ ਉੱਚ ਦ੍ਰਿਸ਼ਟੀ ਦੇ ਕੇ ਫੇਰ ਹੁਣ

[1]ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥ (ਮਾਰੂ ਸੋ: ਮ: ੧, ੨-੧੪)

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥ (ਮਲਾ: ਵਾਰ ਮ: ੧-੩)

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ॥ ਅੰਤੁ ਨ ਪਾਵਹਿ ਅਲਖ ਅਭੇਵਾ॥ (ਮਾਰੂ ਮ: ੩ ਸੋਲਹੇ-੧੦)

[2]ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈਗੁਣ ਬਧਕ ਮੁਕਤਿ ਨਿਰਾਰੀ॥ (ਮਾਰੂ ਮ: ੧ ਸੋਲਹੇ-੬)

[3]ਗੀਤਾ ਦੁਆਰਾ ਬੋਲ ਰਿਹਾ ਪ੍ਰਭੂ ਆਖਦਾ ਹੈ-(ਮਹਤ੍ਰ ਬ੍ਰਹਮ) ਅਰਥਾਤ ਪ੍ਰਕ੍ਰਿਤੀ ਗਰਭ ਹੈ ਉਸ ਵਿਚ ਮੈਂ ਬੀਜ ਪਾਉਣ ਵਾਲਾ ਪਿਤਾ ਹਾਂ। ਸਭ ਪ੍ਰਾਣੀਆਂ ਦੀ ਉਤਪਤੀ ਉਸ ਤੋਂ ਹੈ। (੧੪; ੩-੪)

ਚੋਥੀ ਵਿਚ ਆਪਣੀ ਲੜੀ ਨੂੰ ਪਕੜਦੇ ਹਨ। ਜੋਗੀ ਸ਼ਿਵ ਦਾ ਆਸਣ ਸ਼ਿਵ ਲੋਕ ਵਿਚ ਮੰਨਦੇ ਹਨ, ਜਿੱਥੇ ਸਰਬ ਪ੍ਰਕਾਰ ਦੇ ਭੋਗ ਪੂਰਣ ਰਹਿੰਦੇ ਹਨ, ਜੋ ਉਥੇ ਪੁੱਜਣ ਵਾਲੇ ਜੋਗੀਆਂ ਨੂੰ ਖੁੱਲ੍ਹੇ ਮਿਲਦੇ ਦੱਸੀਦੇ ਹਨ। ਗੁਰੂ ਜੀ ਦੱਸਦੇ ਹਨ ਕਿ ਸ਼ਿਵ ਆਦਿ ਦੇ ਰਚਣਹਾਰ ਪ੍ਰਭੂ ਦਾ ਲੋਕ ਲੋਕ ਵਿਚ ਆਸਣ ਤੇ ਭੰਡਾਰ ਹੈ। ਯਥਾ:-

ਮੂਲ	ਅਰਥ
ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥	(ਉਸ ਏਕੇ ਦਾ) ਆਸਣੁ ਤੇ ਭੰਡਾਰੇ (ਨਿਰੇ ਸ਼ਿਵ ਲੋਕ ਯਾ ਤਿੰਨਾਂ ਲੋਕਾਂ ਵਿਚ ਨਹੀਂ ਸਗੋਂ) ਲੋਕ ਲੋਕ ਵਿਚ ਹੈਨ, (ਉਹਨਾਂ ਭੰਡਾਰਿਆਂ ਵਿਚ) ਜੋ ਕੁਛ (ਉਸ ਨੇ) ਪਾਇਆ ਹੈ ਸੋ ਇਕੋ ਵਾਰ ਪਾ ਦਿੱਤਾ ਹੈ
ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥	(ਪਰ ਉਹ) ਰਚਣਹਾਰ (ਰਚੀ ਹੋਈ ਨੂੰ) ਰਚਕੇ (ਤੇ ਅਮੁੱਕ ਭੰਡਾਰੇ ਭਰਕੇ ਕਿਤੇ ਚਲਾ ਨਹੀਂ ਗਿਆ, ਵਿਚੇ ਬੈਠਾ ਹੈ) ਕੀਤੀ ਹੋਈ ਨੂੰ ਵੇਖਦਾ (ਭਾਵ ਸੰਭਾਲਦਾ ਹੈ)। (ਹਾਂ) ਉਹ ਆਪ ਸੱਚਾ ਹੈ (ਇਸ ਕਰਕੇ ਉਸ) ਸੱਚੇ ਦੀ ਕਾਰ ਬੀ ਸੱਚੀ ਹੈ, ਹੇ ਨਾਨਕ! (ਬਾਕੀ ਅਰਥ ਪਿੱਛੇ ਆ ਚੁੱਕਾ ਹੈ।)॥੩੧॥

ਵਜਾਖਜਾ-(ਪਉ:੨੮ ਤੋਂ ੩੧) ਉਪਰਲੀਆਂ ਚਾਰ ਪਉੜੀਆਂ ਵਿਚ ਉਹੋ ਜੋਗ ਦੇ ਅੰਗ ਵਰਣਨ ਹੋਏ ਹਨ, ਜਿਨ੍ਹਾਂ ਨੂੰ ਗੋਰਖ ਮਤਾਵਲੰਬੀ ਜੋਗੀ ਪ੍ਰਧਾਨ ਅੰਗ ਮੰਨਦੇ ਸਨ; ਓਹ ਏਹ ਹਨ:- ਮੁੰਦ੍ਰਾਂ, ਪੱਤ (ਖੱਪਰ), ਝੋਲੀ, ਵਿਭੂਤ, ਖਿੰਥਾ (ਗੋਦੜੀ), ਜੋਗ ਦੀ ਜੁਗਤੀ, ਡੰਡਾ, ਭੁਗਤੀ, ਭੰਡਾਰਣ, ਭੰਡਾਰ, ਨਾਦੀ[1], ਨਾਥ, ਰਿੱਧੀ ਸਿੱਧੀ, ਮਾਈ, ਸ਼ਿਵ, ਕਾਰ ਚਲਾਉ। ਏਹ ਅੰਗ ਇਨ੍ਹਾਂ ਦੇ ਹਨ, ਪਾਤੰਜਲ ਆਦਿ ਯੋਗ ਸ਼ਾਸਤ੍ਰਾਂ ਦੇ ਨਹੀਂ ਹਨ।

ਇਨ੍ਹਾਂ ਦੀ ਥਾਵੇਂ ਗੁਰੂ ਜੀ ਨੇ ਆਪਣੇ ਆਸ਼ਯ ਦੇ ਓਹ ਅੰਗ, ਜਿਨ੍ਹਾਂ ਨਾਲ ਕਲਯਾਣ ਪ੍ਰਾਪਤ ਹੁੰਦੀ ਹੈ ਦੱਸੇ ਹਨ। ਓਹ 'ਸਹਜ ਯੋਗ' ਦੇ ਸਾਧਨ ਹਨ, ਪਾਤੰਜਲ ਆਦਿ ਦਾ ਯੋਗ ਬੀ ਵਿੱਚੇ ਆ ਜਾਂਦਾ ਹੈ, ਜੈਸੇ ਧਯਾਨ। ਇਨ੍ਹਾਂ ਵਿਚ ਆਪਣਾ ਵਿਸਮਾਦੀ ਰੰਗ ਬੀ ਸ਼ਾਮਲ ਹੈ (ਵਿਡਾਣੁ), ਤੇ ਭਗਤੀ ਬੀ ਸ਼ਾਮਲ ਹੈ (ਆਦੇਸੁ), ਗਿਆਨ ਬੀ ਹੈ (ਭੁਗਤਿ ਗਿਆਨੁ)। ਇਸ ਤਰ੍ਹਾਂ ਭਗਤੀ, ਗਯਾਨ, ਯੋਗ, ਵਿਸਮਾਦ ਆਦਿ ਦੇ ਚਿੰਨ੍ਹ ਜੋ ਆਪ ਨੇ ਕਥੇ ਹਨ, ਐਉਂ ਹਨ- ਸੰਤੋਖ, ਲੱਜਯਾ, ਧਯਾਨ, ਮੌਤ ਦੀ ਯਾਦ, ਸਰੀਰਕ ਪਵਿੱਤ੍ਰਤਾ, ਸਿਦਕ, ਮੈਤ੍ਰੀ (ਸਭ ਨਾਲ ਭਰਾਤਰੀ ਭਾਵ) ਮਨ ਤੇ ਫਤੇ, 'ਆਦਿ, ਅਨੀਲੁ, ਅਨਾਦਿ, ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਲੱਛਣਾਂ ਵਾਲੇ ਪਰਮਾਤਮਾ ਦੀ ਸਿਫਤ ਸਾਲਾਹ ਪੂਜਾ (ਆਦੇਸੁ)। ਗਯਾਨ, ਦਇਆ, ਨਾਮ (ਘਟਿ ਘਟਿ ਵਿਚ), ਰਿੱਧੀ ਸਿੱਧੀ ਤੋਂ ਉਪਰਾਮਤਾ ਅਰਥਾਤ ਪਰ-ਵੈਰਾਗ, ਕਰਤਾ ਪੁਰਖ ਦ੍ਰਸ਼ਟਾ ਹੈ, ਸ਼ਿਵ, ਬ੍ਰਹਮਾ, ਵਿਸ਼ਨੂੰ ਦ੍ਰਸ਼ਟਾ ਨਹੀਂ ਓਹ ਕ੍ਰਿਤ ਹਨ। ਕਰਤਾਰ ਦਾਤਾ ਹੈ, ਦਾਤ ਅਮੁੱਕ ਹੈ ਤੇ ਲੋਕ ਲੋਕ ਵਿਚ ਹੈ।

ਇਨ੍ਹਾਂ ਗੁਰੂ ਜੀ ਦੇ ਦੱਸੇ ਗੁਣਾਂ, ਅੰਗਾਂ, ਸਾਧਨਾਂ ਤੇ ਵਯਕਤੀਆਂ ਤੋਂ ਗੁਰੂ ਜੀ ਦਾ ਦੱਸਿਆ ਧਰਮ ਕੀ ਬਣਦਾ ਹੈ? ਇਨ੍ਹਾਂ ਨੂੰ ਇਕ ਤਰਤੀਬ (ਕ੍ਰਮ) ਵਿਚ ਰਖਿਆਂ ਸਾਫ ਸਮਝ ਪੈ ਜਾਂਦਾ ਹੈ

(੧) ਪੂਜਾ ਯੋਗ ਅਕਾਲ ਪੁਰਖ ਹੈ, ਜਿਸਦੇ ਲੱਛਣ ਇਹ ਹਨ: ਉਹ ਸਭ ਦੀ ਆਦਿ ਹੈ, ਉਹ ਮਾਇਆ ਅਤੀਤ ਹੈ, ਉਸ ਦੀ ਆਦਿ ਕੋਈ ਨਹੀਂ, ਉਹ ਅਵਿਨਾਸ਼ੀ ਹੈ, ਭਾਵ ਉਸਦਾ ਅੰਤ ਨਹੀਂ ਹੈ,

[1] ਇਕ ਨਿੱਕੀ ਜੇਹੀ ਸੀਟੀ ਵਰਗੀ ਸ਼ੈ ਜੋ ਜੋਗੀ ਦੇ ਗਲੇ ਵਿਚ ਲਟਕਦੀ ਹੁੰਦੀ ਹੈ, ਜਿਸ ਵਿਚੋਂ ਫੂਕ ਨਾਲ ਆਵਾਜ਼ ਕੱਢਦੇ ਹਨ, ਇਸ ਨੂੰ ਨਾਦੀ ਆਖਦੇ ਹਨ।

ਹਰ ਜੁਗ ਵਿਚ ਉਹ ਇਕ ਰਸ ਰਹਿੰਦਾ ਹੈ। ਭਾਵ ਇਹ ਕਿ ਸ਼ਿਵ ਕਿ ਮਾਈ ਏਹ ਅਕਾਲ ਪੁਰਖ ਨਹੀਂ ਹਨ। ਸ਼ਿਵ ਬ੍ਰਹਮਾ ਵਿਸ਼ਨੂੰ ਦੇਵਤੇ ਹਨ, ਏਹਨਾਂ ਨੂੰ ਕਰਤਾਰ ਨੇ ਪੈਦਾ ਕੀਤਾ ਹੈ, ਏਹਨਾਂ ਨੂੰ ਪ੍ਰਮਾਤਮਾਂ ਦੇਖਦਾ ਹੈ, ਹੁਕਮ ਵਿਚ ਟੋਰਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥ (ਰਾਮ ਵਾਰ ਮ: ੩-੪)

ਏਹ ਉਸ ਨੂੰ ਨਹੀਂ ਦੇਖ ਸਕਦੇ। ਤਾਂਤੇ ਪੂਜਾ ਯੋਗ ਇਨ੍ਹਾਂ ਦਾ 'ਕਰਤਾ' ਤੇ 'ਸੰਚਾਲਕ' -ਅਕਾਲ ਪੁਰਖ ਹੈ[1]।

੨. ਉਸ ਆਦਿ ਅਨੀਲ ਵਿਚ 'ਪ੍ਰਤੀਤਿ' ਧਾਰਨ ਕਰਨੀ ਇਹ ਸਾਡਾ ਮੁੱਖ ਅੰਗ ਹੈ ਜੋ ਆਤਮ ਸਾਧਨਾਂ ਵਿਚ ਡੰਡੇ ਵਾਂਙੂ ਸਾਡੀ ਰੱਖਿਆ ਕਰਦਾ ਹੈ।

੩. ਆਦਿ ਅਨੀਲ ਪਰਮਾਤਮਾਂ ਨੂੰ ਅਸੀਂ ਵਾਰੰਵਾਰ ਆਦੇਸ ਆਖਦੇ ਹਾਂ। ਭਾਵ ਯਾਦ ਰਖਦੇ ਤੇ ਪੂਜਦੇ ਹਾਂ ਇਸ ਸਿਦਕ ਤੇ ਸਾਧਨ ਨਾਲ।

੪. ਉਸ ਆਦਿ ਅਨੀਲ ਵਿਚ 'ਧਿਆਨ' ਪ੍ਰਾਪਤ ਹੁੰਦਾ ਹੈ।

੫. ਧਯਾਨ ਦੀ ਪ੍ਰਪੱਕਤਾ ਸਮਾਧੀ ਵਿਚ ਯਾ ਗਯਾਨ ਵਿਚ, ਗੱਲ ਕੀ 'ਪਰਮ ਪਦ' ਤੇ ਲੈ ਜਾਂਦੀ ਹੈ। ਧਯਾਨ ਨੂੰ ਗੁਰੂ ਜੀ ਨੇ ਵਿਭੂਤ ਦੀ ਥਾਵੇਂ ਲਿਆ ਹੈ। ਜੋਗੀ ਸੁਆਹ ਮਲਦੇ ਹਨ ਕਿ ਕੋਝੇ ਲੱਗੀਏ, ਸਾਡੀ ਸੁੰਦਰਤਾ ਤੇ ਨਾ ਕੋਈ ਰੀਝੇ ਨਾ ਅਸੀਂ ਡਿੱਗੀਏ। ਗੁਰੂ ਜੀ ਕਹਿੰਦੇ ਹਨ, ਅੰਦਰਲੇ ਨੂੰ ਕਰਤਾ ਪੁਰਖ ਦੇ ਧਯਾਨ ਵਿਚ ਲਗਾ ਦਿਓ, ਉਸ ਆਨੰਦ ਦੇ ਆਯਾਂ ਤੁਸੀਂ ਬਾਹਰਲੇ ਰਸਾਂ ਵਿਚ ਮੋਹੇ ਨਹੀਂ ਜਾਓਗੇ। ਇਹ ਧਯਾਨ ਦੀ ਤਾਕਤ ਤੁਹਾਨੂੰ ਆਚਰਣ ਦੀ ਪਕਿਆਈ ਤੇ ਸੁਤੰਤ੍ਰਤਾ ਦੇਵੇਗੀ। 'ਦੂਸਰਿਆਂ ਦੀ ਨਫਰਤ ਤੁਹਾਡੇ ਆਚਰਣ ਦੀ ਰੱਖਯਾ ਕਰੇ' ਇਹ ਪ੍ਰਾਧੀਨਤਾ ਹੈ।

ਜਦ ਪਰਮਾਤਮ ਦੇਵ ਦਾ ਧਯਾਨ ਗਯਾਨ ਅਰੂੜ ਕਰ ਦੇਂਦਾ ਹੈ ਤਾਂ ਕੋਈ ਲੋੜ ਬਾਕੀ ਨਹੀਂ ਰਹਿੰਦੀ, ਪਰ ਜਦ ਤਕ ਦੇਹਿ ਹੈ ਤਦ ਤਕ ਮੇਲ ਜੋਲ ਸੁਤੇ ਹਨ। ਗਯਾਨਵਾਨ ਫੇਰ ਭੰਡਾਰੇ ਦੇ ਭੋਜਨਾਂ ਵਾਂਙੂੰ ਗਯਾਨ ਨੂੰ ਭੋਜਨ ਬਣਾ ਲੈਂਦਾ ਹੈ। ਅਰਥਾਤ ਗਯਾਨਵਾਨਾਂ ਦੇ ਸੰਗ ਵਿਚ ਮਿਲਨਾ, ਉਨ੍ਹਾਂ ਨਾਲ ਗਯਾਨ ਦੀ ਵਾਰਤਾਲਾਪ ਕਰਨੀ, ਗਯਾਨ ਪ੍ਰਪੱਕਤਾ ਦੀ ਭਿਖਯਾ ਮੰਗਣੀ, ਗਯਾਨ ਵਿਚ ਜੀਉਣਾ, ਟਿਕਣਾ, ਲੀਨ ਹੋਣਾ, ਗਯਾਨ ਵਿਚ ਬੋਲਣਾ, ਚਲਣਾ, ਸਤਿਸੰਗ ਕਰਨਾ। ਗਯਾਨ ਦਾ ਵਚਨ ਵਿਲਾਸ ਲੈਣਾ, (ਸੁਣਨਾ) ਗਯਾਨਵਾਨਾਂ ਤੋਂ, ਤੇ ਗਯਾਨ ਦਾਨ ਕਰਨਾ ਅਧਿਕਾਰੀਆਂ ਪ੍ਰਤਿ। ਸੋ ਦਇਆ ਸਾਡੀ ਹੈ ਅਰਥਾਤ ਦਇਆ ਵਿਚ ਆ ਕੇ ਗਯਾਨ ਦਾਨ ਕਰਦੇ ਹਾਂ।

ਪਰਮਾਰਥ ਦੇ ਆਰੰਭ ਤੋਂ ਧਯਾਨ ਪਰਪੱਕਤਾ ਤੇ ਗਯਾਨੁ ਪ੍ਰਾਪਤੀ ਤਕ ਪੱਥ-ਪ੍ਰਹੇਜ਼ਾਂ ਦੀ ਲੋੜ ਹੈ ਕਿ ਨਰਦ ਪੁੱਗ ਜਾਵੇ ਕਿਤੇ ਕੱਚੀ ਨਾ ਥੀਵੇ। ਫਿਰ ਗਯਾਨ ਪਾ ਕੇ ਲੋੜ ਹੈ ਕਿ ਗਯਾਨ 'ਸਫਲ ਗਿਆਨ' ਹੋਵੇ ਤੇ ਪਰਪੱਕ ਹੋਵੇ ਤੇ ਸਿਥਲ ਨਾ ਹੋਵੇ।

ਇਸ ਲਈ ਲੋੜ ਹੈ ਪੱਥ ਪ੍ਰਹੇਜ਼ਾਂ ਦੀ, ਜਿਨ੍ਹਾਂ ਨਾਲ ਉਪਰਲੇ ਸਾਧਨ ਨਿਰਵਿਘਨ ਟੁਰਦੇ ਹਨ ਤੇ ਗਯਾਨ ਪ੍ਰਾਪਤ ਹੋ ਕੇ ਗਯਾਨ ਸਿਥਲਤਾ ਨਹੀਂ ਹੁੰਦੀ। ਓਹ ਹਨ:-

੬. ਸਰੀਰ ਨੂੰ ਪਾਪਾਂ ਤੋਂ ਪਵਿੱਤ੍ਰ ਰਖੀਦਾ ਹੈ ਜੋ ਮਨ ਪਵਿੱਤ੍ਰ ਰਹੇ ਤੇ ਸ਼ਰੀਰ ਅਰੋਗ ਰਹੇ। ਫਿਰ ਮੌਤ ਯਾਦ ਰੱਖੀ ਦੀ ਹੈ ਜਿਸ ਕਰਕੇ ਪਾਪ ਕਰਮ ਨਹੀਂ ਹੁੰਦੇ। ਪਾਪ ਕਰਮ ਕਰਨੋਂ ਮਨ ਹਟ ਗਿਆ ਤਾਂ ਇਸ ਉੱਤੇ ਆਪ ਹੀ ਵਸੀਕਾਰ ਹੋ ਗਿਆ। ਜਦ ਮਨ ਵੱਸ ਹੋ ਗਿਆ ਤਾ ਜਗਤ ਵੱਸ ਕਰਨ ਦੀ ਲੋੜ ਹੀ ਨਾ ਰਹੀ। ਕਿਉਂਕਿ ਮਨ ਨੂੰ ਤ੍ਰਿਸ਼ਨਾ ਹੀ ਚੁੱਕ ਗਈ ਤਾਂ ਜਗਤ ਨੂੰ ਵੱਸ ਕਾਸ ਲਈ ਕਰੇਗਾ?

---

[1] ਸਦਾ ਸ਼ਿਵ ਨੇ ਵਸ਼ਿਸ਼ਟ ਮੁਨਿ ਪ੍ਰਤਿ ਜਹਾਂ ਅਕ੍ਰਿਤਮ ਸਰਵਾਤਮ ਦੇਵ ਕੇ ਸਰੂਪ ਕਾ ਨਿਰਣੈ ਕੀਆ ਤਹਾਂ ਕਹਾ ਹੈ ਕਿ ਹੇ ਮੁਨੀਸ਼ਵਰ ਹਮ ਸਾਰਖੇ ਤਿਸ ਪਦ ਕੇ ਟਹਿਲੂਏ ਹੈਂ। (ਸਦਾ ਨੰਦ, ਸਫ਼ਾ ੩੦)

੭. ਫਿਰ ਹੈ ਲੱਜਜਾ ਯਾ ਸ਼ਰਮ ਜੋ ਮੰਗਣ ਤੋਂ ਧਾਰਨ ਕਰੀਦੀ ਹੈ, ਭਾਵ ਇਹ ਕਿ ਅਸੀਂ ਲੈਣ ਦੀ ਇੱਛਾ ਨਹੀਂ ਰੱਖਦੇ, ਫੇਰ ਮੰਗਣਾ ਕਾਸਨੂੰ? ਇਉਂ ਅਸੀਂ 'ਸੰਤੋਖ' ਧਾਰਨ ਕਰਦੇ ਹਾਂ। ਇਥੋਂ ਤਾਈਂ ਕਿ ਧਯਾਨ ਸਿੱਧੀ ਹੋ ਕੇ ਜਦ ਰਿੱਧੀਆਂ ਸਿੱਧੀਆਂ ਆਉਣ ਤਾਂ ਅਸੀਂ ਉਨ੍ਹਾਂ ਦਾ ਬੀ ਤਯਾਗ ਕਰਦੇ ਹਾਂ। ਜਦ ਸੰਤੋਖ ਹੈ, ਤਾਂ ਰਿੱਧੀ ਸਿੱਧੀ ਨੂੰ ਕੀਹ ਕਰਨਾ ਹੈ, ਕਿਉਂਕਿ ਓਹ ਬੀ ਤਾਂ ਤ੍ਰਿਸ਼ਨਾ ਪੂਰਕ ਤਾਕਤਾਂ ਹੀ ਹੈਨ। ਗੋਯਾ ਕਿ ਮੰਗਣੋਂ ਹਟਕੇ, ਸੰਤੋਖ ਧਾਰਨ ਕਰਕੇ[1] ਅਸੀਂ ਸੁਤੇ ਵੈਰਾਗ ਵਿਚ ਰਹਿੰਦੇ ਹਾਂ ਤੇ ਰਿੱਧੀ ਸਿੱਧੀ ਦਾ ਵੈਰਾਗ ਕਰਕੇ ਅਸੀਂ ਪਰਵੈਰਾਗ ਵਿਚ ਵੱਸਦੇ ਹਾਂ।

੮. ਇਕ ਆਦਿ ਅਨੀਲ ਨੂੰ ਜਦ ਅਸੀਂ ਨਾਥ ਮੰਨਦੇ ਹਾਂ, ਤਾਂ ਉਸ ਦੇ ਰਚੇ ਸਾਰੇ ਜੀਵਾਂ ਤੇ ਜੀਵਾਂ ਦੀਆਂ ਸੰਪ੍ਰਦਾਵਾਂ ਜਮਾਤਾਂ ਵਿਚ ਸਾਡਾ ਭਰਾਤਰੀ ਭਾਵ ਹੋ ਜਾਂਦਾ ਹੈ, ਸਭ ਨੂੰ ਆਪਣਾ ਜਮਾਤੀ ਯਾ ਭਿਰਾ ਸਮਝਦੇ ਹਾਂ। ਗੋਯਾ ਕਿ ਕਰਤਾਰ ਪਿਤਾ ਤੇ ਜੀਵ ਸਾਡੇ ਭਿਰਾ ਹਨ, ਇਸ ਭਾਵਨਾਂ ਨਾਲ ਅਸੀਂ ਇਕ ਤਾਂ ਰਾਗ ਦ੍ਵੈਖ ਤੋਂ ਬਚਦੇ ਹਾਂ, ਦੂਸਰੇ ਸਾਡਾ ਵਰਤਾਉ ਮੈਤ੍ਰੀ ਦਾ ਹੋਣ ਕਰਕੇ ਸਭ ਨੂੰ ਸੁਖਦਾਈ ਹੋ ਜਾਂਦੇ ਹਾਂ। ਲੋੜਵੰਦਾਂ ਤੇ ਸਾਡੇ ਵਿਚ ਦਇਆ ਵਰਤਦੀ ਹੈ।

੯. ਅਸੀਂ ਜਗਤ ਵਿਚ ਅਪਣੇ ਵੱਸ ਤੋਂ ਬਾਹਰੇ ਵਰਤਣ ਵਾਲੇ ਮਾਮਲਿਆਂ ਵਿਚ ਸੰਜੋਗ ਵਿਜੋਗ ਨੂੰ ਲੈਂਦੇ ਹਾਂ, ਜੋ ਕਾਰ ਚਲਾ ਰਹੇ ਹਨ। ਏਹ ਦੋਏ ਸਾਡੇ ਕੀਤੇ ਕਰਮਾਂ ਤੋਂ ਹੁਕਮ ਨਾਲ ਬਣਦੇ ਹਨ। ਸੋ ਇਸ ਕਰਮ ਜਾਲ ਤੋਂ ਛੁਟਕਾਰੇ ਲਈ ਅਸੀਂ ਧਯਾਨ, ਗਯਾਨ, ਸਾਈਂ ਦੀ ਉਪਾਸ਼ਨਾ ਦਾ ਸਾਧਨ ਕਰਦੇ ਹਾਂ।[2]

੧੦. ਸਾਡਾ 'ਆਦਿ ਅਨੀਲ' ਵਯਾਪਕ ਹਸਤੀ ਹੈ, ਉਸ ਦਾ ਆਸਣ ਹਰ ਲੋਕ ਵਿਚ ਹੈ, ਉਸ ਦੇ ਭੰਡਾਰੇ ਲੋਕ ਲੋਕ ਵਿਚ ਹੈਨ, ਤੇ ਓਸ ਨੇ ਇਕੋ ਵਾਰ ਪਾਏ ਹਨ, ਭਾਵ ਓਹ ਮੁੱਕਦੇ ਨਹੀਂ, ਸਾਨੂੰ ਫਿਕਰ ਦੀ ਲੋੜ ਨਹੀਂ। ਤੇ ਓਹ ਦਾਤਾ ਦੇਖਦਾ ਹੈ ਕ੍ਰਿਪਾ ਦੀ ਨਜ਼ਰ, ਭਾਵ ਮੇਹਰ ਕਰਦਾ ਹੈ ਤੇ ਉਸ ਨਦਰ ਨਾਲ ਨਿਹਾਲ ਕਰਦਾ ਹੈ। ਇਸ ਕਰਕੇ ਅਸੀਂ ਉਸੇ ਨੂੰ ਬਾਰੰਬਾਰ ਆਦੇਸ਼ ਕਰਦੇ ਹਾਂ[2]। ਇਉਂ ਉਸ ਨਾਲ ਜੁੜੇ ਉਸ ਦੀ ਮੇਹਰ ਨਾਲ ਉਸ ਵਿਚ ਪ੍ਰਾਪਤ ਹੋ ਜਾਂਦੇ ਹਾਂ।

ਨਿਰੁਕ-(ਪਓ:੨੮ ਤੋਂ ੩੧) **ਮੁੰਦਾ**-(ਸੰਸ:, ਮੁਦ੍ਰਾ। ਪੰਜਾਬੀ ਮੁੰਦ੍ਰਾ, ਮੁੰਦਾ) ਕੱਚ ਆਦਿ ਦਾ ਗੋਲ ਛੱਲਾ, ਜਿਹਾ ਕੁ ਜੋਗੀ ਕੰਨਾਂ ਵਿਚ ਪਾਉਂਦੇ ਹਨ। ਮੁੰਦ੍ਰਾ ਦੋ ਹੁੰਦੀਆਂ ਹਨ, ਸੰਤੋਖ ਦੇ ਬੀ ਦੋ ਪੱਖ ਹਨ ੧. ਪ੍ਰਾਪਤ ਵਿਚ ਪ੍ਰਸੰਨ ਰਹਿਣਾ। ੨. ਅਪ੍ਰਾਪਤ ਦੀ ਇੱਛਾ ਨ ਕਰਨੀ।

ਸਰਮੁ-(ਫ਼ਾ:, ਸ਼ਰਮ) ਲੱਜਜਾ, ਸੰਕੋਚ। ਸੰਪ੍ਰਦਾ ਵਿਚ ਭਾਵ 'ਸ਼ਰਮ' ਤੋਂ ਵੈਰਾਗ ਲੈਂਦੇ ਹਨ।

ਪਤੁ-(ਸੰਸ:, ਪਾਤ੍ਰ। ਪ੍ਰਾਕ੍ਰਿ: ਪਤ੍ਰ। ਪੁ: ਪੰ:, ਪੱਤ) ਭਾਂਡਾ, ਭਾਵ ਪੱਖਰ। ਜੋਗੀ ਹੱਥ ਵਿਚ ਖੱਪਰ ਫੜਕੇ ਤੇ ਅੱਗੇ ਕਰਕੇ ਆਟਾ ਮੰਗਦੇ ਹਨ, ਜਦ ਖੱਪਰ ਭਰ ਜਾਵੇ ਤਾਂ ਝੋਲੀ ਵਿਚ ਪਲਟ ਲੈਂਦੇ ਹਨ। ਦੁਇ ਮੰਗਣ ਦੇ ਪਾਤ੍ਰ ਹਨ-ਖੱਪਰ ਬੀ ਤੇ ਝੋਲੀ ਬੀ। ਦੋਹਾਂ ਦੀ ਥਾਂ ਸ਼ਰਮ ਧਾਰਨ ਦਾ ਭਾਵ ਹੈ, ਮੰਗਣ ਤੋਂ ਸੰਕੋਚ ਕਰਨਾ। ਈਸ਼ਾਵਾਸ ਉਪਨਿਸ਼ਧ ਵਿਚ ਬੀ ਕਿਹਾ ਹੈ, ਕਿਸੇ ਤੋਂ ਧਨ ਨਾ ਲੈ[1]। 'ਪਤ ਝੋਲੀ' ਗੁਰਬਾਣੀ ਵਿਚ ਹੋਰਥੇ ਬੀ ਇਕੱਠੇ ਵਰਤੇ ਹਨ, ਯਥਾ:-

ਪਤੁ ਝੋਲੀ ਮੰਗਣ ਕੈ ਤਾਈ.......॥ (ਰਾਮ: ਮ: ੧-੪)

ਕਰਹਿ-(ਪੰ:, ਕਰਨਾ ਤੋਂ) ਕਰਦੇ ਹਾਂ। ਉੱਤਮ ਪੁਰਖ ਦੁਆਰਾ ਉਪਦੇਸ਼ ਹੋ ਰਿਹਾ ਹੈ।

---

[1] ਈਸ਼ਾਵਾਸ ਉਪਨਿਸ਼ਦ ਵਿਚ ਲਿਖਿਆ ਹੈ:-

ਮਾ ਗ੍ਰਿਧ: ਕਸਯਸ੍ਵਿਦ੍ਧਨਮ੍=ਕਿਸੇ ਤੋਂ ਧਨ ਨਾ ਲੈ, ਯਾ ਲੈਣ ਦਾ ਲਾਲਚ ਨਾ ਕਰ। ਧਨ ਕਿਸਦਾ ਹੈ? ਭਾਵ ਵੈਰਾਗ ਕਰ, ਧਨ ਸਥਾਈ ਵਸਤੂ ਨਹੀਂ ਹੈ।

[2] ਜੈਸਾ ਕਿ ਪੰਚਮ ਗੁਰੂ ਜੀ ਦਾ ਫੁਰਮਾਣ ਹੈ: ਨਿਮਖ ਨਿਮਖ ਠਾਕੁਰ ਨਮਸਕਾਰੈ॥ (ਸੁਖਮਨੀ ੯-ਸਲੋਕ)

ਖਿੰਥਾ-(ਸੰਸ:, ਕੰਥਾ। ਪ੍ਰ: ਪੰ: ਖੰਥਾ।) ਲੀਰਾਂ ਦੀ ਬਣੀ ਗੋਦੜੀ। ਗੋਦੜੀ ਪਾਲਾ ਦੂਰ ਕਰਦੀ ਹੈ। ਕਾਲ ਨੂੰ ਯਾਦ ਰੱਖਣਾ ਵਿਕਾਰਾਂ ਦੇ ਪਾਲਾ ਲਗਣ ਤੋਂ ਰੱਖਯਾ ਕਰਦਾ ਹੈ।

ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥-ਸਰੀਰ ਨੂੰ ਕੁਆਰਿਆਂ ਭਾਵ ਪਵਿਤ੍ਰ ਰੱਖਣਾ। ੧੭੫੮ ਬਿ: ਤੋਂ ੧੯੨੫ ਬਿ: ਤਕ ਇਹੋ ਅਰਥ ਲਿਖੇ ਮਿਲਦੇ ਹਨ। ਠੀਕ ਬੀ ਇਹੋ ਜਾਪਦੇ ਹਨ। (ਅ) ਗਯਾਨੀ ਸਜਣ ਐਉਂ ਬੀ ਲਾਉਂਦੇ ਹਨ- ਕਾਇਆ ਕੁਆਰੀ ਰਹੇ, ਕਾਲ ਇਸ ਨੂੰ ਨਾ ਵਿਆਹੇ। ਇਹ ਸਾਡੀ ਖਿੰਥਾ ਹੈ। ਭਾਵ ਅਪਣੇ ਆਪ ਨੂੰ ਆਤਮ ਸਰੂਪ ਅਨੁਭਵ ਕਰਨਾ ਸਾਡੀ ਖਿੰਥਾ ਹੈ। ਜੁਗਤਿ (=ਜੁੜੇ ਰਹਿਣਾ ਭਾਵ) ਸਾਈਂ ਨਾਲ ਜੁੜੇ ਰਹਿਣਾ, ਇਹ ਸਾਡਾ (ਡੰਡਾ=ਪ੍ਰਤੀਤ) ਨਿਸਚੇ ਡੰਡਾ ਹੈ। ਅਥਵਾ ਪ੍ਰਤੀਤ ਡੰਡਾ ਹੈ ਜੋ ਅਨਿਸਚੇ ਉਦਾਸੀ ਤੋਂ ਰਖਯਾ ਕਰਦਾ ਹੈ।

(ੲ) ਜਦ ਤਕ ਕਾਇਆਂ ਕੁਆਰੀ ਹੈ ਕਾਲ ਇਸ ਨੂੰ ਨਹੀਂ ਗ੍ਰਸਦਾ (ਉਸ ਤੋਂ ਪਹਿਲੇ ਪਰਮਾਤਮ ਦੇਵ ਵਿਚ) ਜੁੜੇ ਰਹਿਣਾ ਇਹ ਸਾਡੀ ਖਿੰਥਾ ਹੈ। (ਸ) ਕਾਇਆਂ (ਕੁਆਰੀ=) ਇਕ ਬੁਰਕੀ ਹੈ ਜਿਸ ਨੂੰ ਕਾਲ ਖਾ ਜਾਂਦਾ ਹੈ, ਇਹ ਸਮਝ ਲੈਣਾ ਖਿੰਥਾ ਧਾਰਨੀ ਹੈ। (ਹ) ਸਰੀਰ ਨੂੰ ਕਾਲ ਤੋਂ (ਕੁਆਰੇ ਭਾਵ) ਬਚਾਈ ਰਖਣਾ ਇਹ ਖਿੰਥਾ ਹੈ। ਯੋਗ ਅਗਨੀ ਅਥਵਾ ਗਯਾਨ ਦ੍ਰਿਸ਼ਟੀ ਨਾਲ ਕਾਲ ਦਗਧ ਹੁੰਦਾ ਹੈ। (ਕ) ਕਾਲ ਖਿੰਥਾ ਹੈ ਤੇ 'ਕਾਇਆਂ' ਉਸ ਦੀ ਇਸਤ੍ਰੀ ਹੈ। (ਕੁਆਰੀ=ਕੁਆਰਿ=ਇਸਤ੍ਰੀ, ਵਹੁਟੀ) ਇਸ ਇਸਤ੍ਰੀ ਨੂੰ ਭੋਗਣੇ ਵਾਲਾ ਅਰਥਾਤ ਖਾ ਜਾਣ ਵਾਲਾ ਕਾਲ ਹੈ, ਸੋ ਅਸੀਂ ਖਿੰਥਾ ਬਨਾ ਲਿਆ ਹੈ, ਕਿਸ ਤਰ੍ਹਾਂ ਕਿ ਕਾਲ ਦੀ ਇਕ ਖਿਣ, ਇਕ ਚਸਾ ਬੀ ਪਰਮੇਸ਼ੁਰ ਦੇ ਨਾਮ ਬਿਨਾ ਨਹੀਂ ਗੁਵਾਈਦਾ। (ਖ) ਕਾਲ ਦੀ ਕੁਆਰੀ ਭਾਵ ਪੁਤ੍ਰੀ ਕਾਇਆਂ ਹੈ, ਇਹ ਕਾਇਆਂ ਹੀ ਗੋਦੜੀ ਹੈ।

ਪਰੰਤੂ 'ਕ ਤੇ ਖ' ਅਰਥਾਂ ਵਿਚ 'ਕਾਲੁ ਕੁਆਰੀ' ਦਾ ਅਰਥ 'ਕਾਲ ਦੀ ਇਸਤ੍ਰੀ' ਯਾ 'ਪੁਤ੍ਰੀ' ਨਹੀਂ ਲਗ ਸਕਦੇ ਕਿਉਂਕਿ 'ਕਾਲੁ' ਨੂੰ ਔਂਕੁੜ ਲਗਾ ਹੈ ਜੋ 'ਦੀ' ਅਰਥ ਨੂੰ ਵਰਜਿਤ ਕਰਦਾ ਹੈ। ਜੇ 'ਕਾਲ ਕੁਆਰੀ' ਪਾਠ ਹੁੰਦਾ ਤਾਂ ਸਮਾਸ ਹੁੰਦਾ ਤੇ ਅਰਥ ਕਾਲ ਦੀ ਕੁਆਰੀ ਠੀਕ ਬੈਠਦਾ।

ਆਈ-(ਸਿੰਧੀ-ਮਾਤਾ[1]) ਜੋਗੀਆਂ ਦੇ ੧੨ ਫਿਰਕਿਆਂ ਵਿਚੋਂ ਇਕ, ਜੋ ਦੂਸਰਿਆਂ ੧੧ ਪੰਥਾਂ ਨਾਲ ਹਿਤ ਨਾਲ ਵਰਤਦਾ ਹੈ[2]। **ਆਈ ਪੰਥੀ**-ਆਈ ਪੰਥੀ ਹੋਣਾ।

ਸਗਲ ਜਮਾਤੀ-ਸਭ ਨਾਲ ਇਕ ਜਮਾਤੀ ਹੋਣਾ। 'ਜਮਾਅਤ' ਅਰਬੀ ਪਦ ਹੈ। ਸਗਲ ਜਮਾਤੀ ਯਾ ਇਕ ਜਮਾਤੀ ਦਾ ਭਾਵ ਹੈ ਬਰਾਬਰ ਦਾ ਹੋਣਾ ਯਾ ਸਮਝਣਾ।

ਗੁਰੂ ਜੀ ਦਾ ਭਾਵ ਹੈ ਕਿ ਆਈ ਪੰਥੀ ਵਾਲੇ ਤਾਂ ਬਾਕੀ ਦੇ 'ਜੋਗੀ ਪੰਥਾਂ' ਨਾਲ ਚੰਗਾ ਵਰਤਦੇ ਹਨ, ਮੇਰਾ ਵਰਤਾਉ ਜਗਤ ਦੇ ਸਾਰੇ 'ਮਤਾਂ, ਪੰਥਾਂ ਤੇ ਮਜ਼ਹਬਾਂ' ਨਾਲ ਆਦਰ ਦਾ ਵਰਤਾਉ ਕਰਨਾ ਹੈ।

ਆਦੇਸੁ-(ਸੰਸ:, ਆਦੇਸ਼=ਆਗਿਆ) ਜੋਗੀ 'ਨਮਸਕਾਰ' ਅਰਥਾਂ ਵਿਚ ਇਹ ਪਦ ਵਰਤਦੇ ਹਨ। ਜੋਗੀ ਸ਼ਿਵ ਭਗਵਤੀ ਯਾ ਸਿੱਧਾਂ ਆਦਿਕਾਂ ਨੂੰ ਆਦੇਸ਼ ਕਹਿੰਦੇ ਹਨ, ਗੁਰੂ ਜੀ ਅਕਾਲ ਪੁਰਖ ਨੂੰ ਆਦੇਸ਼ ਕਹਿੰਦੇ ਹਨ। ਦੋ ਵੇਰ ਕਹਿਣ ਤੋਂ ਭਾਵ ਬਾਰੰਬਾਰ ਯਾ ਸਦੈਵ ਦਾ ਹੈ। ਮੁਰਾਦ ਈਸ਼੍ਵਰ ਦੀ ਪੂਜਾ ਤੋਂ ਹੈ ਜੋ ਨਾਮ ਸਿਮਰਣ ਆਦਿ ਹੈ[3]।

ਅਨੀਲੁ-(ਸੰਸ:, ਅ+ਨੀਲ) ਜਿਸ ਵਿਚ ਨੀਲ ਆਦਿ ਰੰਗ ਨਾ ਹੋਵੇ। ਅਰੰਗ।

---

[1] ਕੰਨ-ਪਾਟੇ ਜੋਗੀਆਂ ਦਾ ਇਕ ਫਿਰਕਾ ਜੋ ਪਾਰਬਤੀ ਨੂੰ ਆਈ (ਯਾ ਮਾਤਾ) ਕਹਿੰਦੇ ਹਨ। ਉਹਨਾਂ ਦੇ ਪੰਥ ਨੂੰ ਆਈ ਪੰਥੀ ਕਹਿੰਦੇ ਹਨ।

[2] ਇਕ ਸ਼ਾਕਤਕਾਂ ਦਾ ਫਿਰਕਾ ਬੀ ਹੈ ਜੋ ਉਪਰਲੇ ਤੋਂ ਮੂਲੋਂ ਭਿੰਨ ਹੈ।

[3] ਪੰਚਮ ਗੁਰ ਜੀ ਦਾ ਵਾਕ ਹੈ:ਨਿਮਖ ਨਿਮਖ ਠਾਕੁਰ ਨਮਸਕਾਰੈ॥ (ਸੁਖਮਨੀ, ੯-ਸਲੋਕ)

ਸੁਖਮਨੀ ਵਿਚ ਗੁਰੂ ਪੰਚਮ ਜੀ ਨੇ ਪਰਮਾਤਮ ਦੇਵ ਨੂੰ ਅਰੰਗ ਦੱਸਿਆ ਹੈ। ਰੂਪੁ ਨ ਰੇਖ ਨ ਰੰਗੁ ਕਿਛੁ·······॥ (ਸੁਖਮਨੀ, ੧੬-ਸਲੋਕ) ਅਨੀਲ ਕਹਿਣ ਵਿਚ ਇਕ ਕਟਾਖਯ ਬੀ ਹੈ, ਜੋਗੀ ਸ਼ਿਵ ਉਪਾਸ਼ਕ ਹੈਨ, ਸ਼ਿਵਜੀ ਦਾ ਇਕ ਨਾਮ 'ਨੀਲ ਕੰਠ' ਹੈ, ਗੁਰੂ ਜੀ ਸ਼ਿਵ ਦੇ ਕਰਤਾ ਨੂੰ 'ਅਨੀਲ' ਦੱਸ ਰਹੇ ਹਨ। ਅਨੀਲ ਦਾ ਭਾਵ ਮਾਯਾ ਛਾਯਾ ਤੋਂ ਰਹਿਤ ਹੈ। ਪਵਿਤ੍ਰ ਅਰਥ ਬੀ ਹੈ।

ਭੁਗਤਿ-(ਸੰਸ: ਭੁਕ੍ਤਿ-ਭੋਜਨ) ਭੋਜਨ। ਜੋਗੀ ਇਹ ਪਦ ਆਪਣੇ ਟਿਕਾਣਿਆਂ ਦੇ ਭੋਜਨ ਲਈ ਵਰਤਦੇ ਹਨ। ਸਿੰਧ ਵਿਚ ਗੁਰੂ ਟਿਕਾਣਿਆਂ ਵਿਚ ਬੀ ਇਹ ਪਦ ਵਰਤਦੇ ਹਨ ਭੋਜਨ ਅਰਥਾਂ ਵਿਚ। (੨) ਮਧੁਕਰੀ।

ਨਾਦ-(ਸੰਸ:, ਨਾਦ-ਸ਼ਬਦ) ਸ਼ਬਦ, ਆਵਾਜ਼। ਜੋਗੀ ਇਕ ਨਿੱਕੀ ਟੂਟੀ ਜੇਹੀ ਗਲੇ ਵਿਚ ਲਟਕਾਈ ਰਖਦੇ ਹਨ, ਭੰਡਾਰਾ ਖਾਣ ਵੇਲੇ ਵਜਾਉਂਦੇ ਹਨ, ਉਸ ਨੂੰ ਨਾਦੀ ਕਹਿੰਦੇ ਹਨ।

੨. ਦਾਨੇ ਐਉਂ ਬੀ ਕਰਦੇ ਹਨ-ਸ਼ਿਵ ਜੀ ਪਾਸ ਤਾਂ ਸਿੰਙੀ ਤੇ ਡੌਰੂ ਦਾ ਨਾਦ ਹੈ ਪਰ ਸਾਡੇ ਅਨੀਲ ਵਾਹਿਗੁਰੂ ਦਾ ਨਾਦ ਘਟ ਘਟ ਵਿਚ ਵੱਜ ਰਿਹਾ ਹੈ ਜੋ ਬਿਨਾ ਵਜਾਏ ਵੱਜਦਾ ਹੈ:-

ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ (ਸੂਹੀ ਮ: ੧-੮)

ਰਿਧਿ ਸਿਧਿ-(ਸੰਸ:, ਰਿਦ੍ਧਿ। ਸਿਦ੍ਧਿ। ਰਿਧੀਆਂ ਤੇ ਸਿਧੀਆਂ। ਰਿਧਿ ਦਾ ਧਾਤੂ ਰਿਧ=ਵਧਣਾ, ਪ੍ਰਫੁੱਲਤ ਹੋਣਾ।) ੧. ਵਾਧਾ, ਬਹੁੱਲਤਾ, ਪ੍ਰਫੁੱਲਤਾਈ। ੨. ਕਰਾਮਾਤੀ ਸ਼ਕਤੀ।

੩. ਇਕ ਦਵਾਈ। ਯਾ ਦਵਾਵਾਂ ਨਾਲ ਪ੍ਰਾਪਤ ਹੋਣ ਵਾਲੀ ਕੁਸ਼ਲਤਾ।

ਸਿੱਧੀਆਂ ਅੱਠ ਤੇ ਅਠਾਰਾਂ ਬੀ[1] ਗਿਣਦੇ ਹਨ। ਰਿਧਿ ਸਿਧਿ ਦੋਹਾਂ ਦਾ ਭਾਵ ਐਸ਼੍ਵਰਜ, ਵਾਧਾ ਪ੍ਰਫੁੱਲਤਾ ਤੇ ਕਰਾਮਾਤੀ ਸ਼ਕਤੀਆਂ ਤੋਂ ਹੁੰਦਾ ਹੈ। ਅਠ ਸਿੱਧੀਆਂ[1]। ਯਥਾ:-

ਅਸਟ ਸਿਧਿ ਨਵ ਨਿਧਿ ਏਹ॥ (ਬਸੰਤ ਮ: ੫-੧੩)

੧੮ ਸਿਧੀਆਂ ਯਥਾ-**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰਤਲ ਧਰਿਆ॥** (ਗੂਜਰੀ ਮ:੫-੧੦)

ਅਵਰਾ-(ਹਿੰਦੀ, ਔਰ, ਅਵਰ) ਹੋਰਨਾਂ ਦਾ। ਔਰ ਦਾ ਬਹੁ ਵਚਨ ਔਰਾਂ ਤੇ ਅਵਰਾ। ਭਾਵ ਹੈ ਵਾਹਿਗੁਰੂ ਦੇ ਰਾਹ ਤੋਂ ਹੋਰਵੇਂ ਟੁਰਨ ਵਾਲਿਆਂ ਦਾ।

ਐਉਂ ਬੀ ਲਾਉਂਦੇ ਹਨ:- ਆਵਰਣ ਵਾਲਿਆਂ ਦਾ । ਜੋ ਮਾਯਾ ਨੇ ਅਵਰੇ ਹੋਏ ਹਨ, ਭਾਵ ਜੋ ਅਗ੍ਯਾਨ ਵਿਚ ਹਨ। ਮੁਰਾਦ ਇਹ ਲੈਂਦੇ ਹਨ ਕਿ ਨਾਮ ਦੇ ਪ੍ਰੇਮੀ ਰਿਧਿ ਸਿਧਿ ਤੋਂ ਵੈਰਾਗ ਧਾਰਦੇ ਹਨ। ਯਥਾ:-

ਧ੍ਰਿਗੁ ਸਿਧੀ ਧ੍ਰਿਗੁ ਕਰਮਾਤਿ॥ (ਸੋਰਠਿ ਵਾ: ਮ: ੩-੩੦)

---

[1]ਸਿਧੀਆਂ ਦੀ ਗੇਣਤੀ ਵਿਚ ਅਸਟ ਸਿਧਿ ਯਾ ਅਠ ਸਿੱਧੀਆਂ ਏਹ ਹਨ:-

੧. ਅਣਿਮਾ-ਬਹੁਤ ਛੋਟਾ ਹੋ ਜਾਣਾ। ੨. ਮਹਿਮਾ-ਵੱਡਾ ਹੋ ਜਾਣਾ। ੩. ਗਰਿਮਾ-ਭਾਰੀ ਹੋ ਜਾਣਾ। ੪. ਲਘਿਮਾ-ਹੌਲਾ ਹੋ ਜਾਣਾ। ੫. ਪ੍ਰਾਪਤਿ-ਮਨ ਵਾਂਛਿਤ ਵਸਤੂ ਹਾਸਿਲ ਕਰ ਲੈਣੀ। ੬. ਪ੍ਰਾਕਾਮ੍ਯ-ਸਭ ਦੇ ਮਨ ਦੀ ਜਾਣ ਲੈਣੀ। ੭. ਈਸ਼ਿਤਾ-ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ। ੮. ਵਸ਼ਿਤਾ-ਸਭ ਨੂੰ ਕਾਬੂ ਕਰ ਲੈਣਾ। ਇਨ੍ਹਾਂ ਅੱਠਾਂ ਤੋਂ ਛੁਟ ੧੦ ਹੋਰ ਪੈਕੇ ਅਠਾਰਾਂ ਹੋ ਜਾਂਦੀਆਂ ਹਨ, ਸੋ ਓਹ ਦਸ ਏਹ ਹਨ:-

੯. ਅਨੂਰਮਿ-ਭੁਖ ਤ੍ਰੇਹ ਦਾ ਨਾ ਵ੍ਯਾਪਣਾ। ੧੦. ਦੂਰ ਸ਼੍ਰਵਣ-ਦੂਰੋਂ ਸਭ ਗੱਲ ਸੁਣ ਲੈਣੀ।
੧੧. ਦੂਰ ਦਰਸ਼ਨ-ਦੂਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਵੇਖਣੇ। ੧੨. ਮਨੋ ਵੇਗ-ਮਨ ਦੀ ਚਾਲ ਤੁੱਲ ਛੇਤੀ ਜਾਣਾ।
੧੩. ਕਾਮਰੂਪ-ਜੇਹਾ ਮਨ ਚਾਹੇ ਤੇਹਾ ਰੂਪ ਧਾਰ ਲੈਣਾ। ੧੪. ਪਰਕਾਯ ਪ੍ਰਵੇਸ਼-ਦੂਸਰੇ ਦੀ ਦੇਹ ਵਿਚ ਪ੍ਰਵੇਸ਼ ਕਰ ਜਾਣਾ।
੧੫. ਸ੍ਵਛੰਦ ਮ੍ਰਿਤ੍ਯੂ-ਆਪਣੀ ਇਛਾ ਅਨੁਸਾਰ ਮਰ ਜਾਣਾ।੧੬. ਸੁਰ ਕ੍ਰੀੜਾ-ਦੇਵਤਿਆਂ ਨਾਲ ਮਿਲ ਕੇ ਖੇਲਨਾ।
੧੭. ਸੰਕਲਪ ਸਿੱਧਿ-ਜੋ ਚਿਤਵਣਾ ਸੋ ਪੂਰਾ ਹੋ ਜਾਣਾ। ੧੮. ਅਪ੍ਰਤਿਹਤ ਗਤਿ-ਕਿਸੇ ਥਾਂ ਜਾਣ ਵਿਚ ਕੋਈ ਰੁਕਾਵਟ ਨਾ ਪਵੇ।
ਬ੍ਰਹਮ ਵੈਵਰਤ ਪੁਰਾਣ ਵਿਚ ੧੮ ਸਿੱਧੀਆਂ ਦੱਸੀਆਂ ਹਨ।

ਸੰਜੋਗੁ ਵਿਜੋਗੁ-(ਸੰਸ:, ਸੰਯੋਗ-ਭਲੀ ਪ੍ਰਕਾਰ ਮੇਲ। ਵਿਜੋਗ-ਵਿਛੋੜਾ) ਮੇਲ ਤੇ ਵਿਛੁੜਨਾ ਮੁਰਾਦ ਹੈ ਵਾਂਛਿਤ ਦਾ ਮਿਲਨਾ ਤੇ ਵਿਛੜ ਜਾਣਾ। ਅਵਾਂਛਿਤ ਦਾ ਆ ਟੱਕਰਨਾ ਤੇ ਦੂਰ ਹੋ ਜਾਣਾ। ਇਹ ਕਰਮਾਂ ਅਨੁਸਾਰ ਹੈ। ਜੈਸੇ- **ਮਾਣਸ ਜਨਮੁ ਪੁੰਨਿ ਕਰਿ ਪਾਇਆ·······॥** (ਗੂਜਰੀ ਮ: ੪-੪)

ਪਦਾਰਥਾਂ ਤੇ ਪੁਰਸ਼ਾਂ ਦਾ ਮੇਲ-**ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥** (ਸਿਰੀ ਮ: ੧-੧੧)

ਸਾਧੂ ਦਾ ਮੇਲ- **ਸੰਜੋਗਿ ਮਿਲਾਏ ਸਾਧ ਸੰਗਾਏ॥** (ਕਾਨੜਾ ਮ: ੫-੪੬

ਪਰਮਾਤਮਾ ਦਾ ਮੇਲ- **ਸੰਜੋਗੀ ਮੇਲਾ ਥਾਨਿ ਸੁਹੇਲਾ·······॥** (ਸੂਹੀ ਮ: ੧ ਛੰਤੁ ੧)

ਤੁਕ ਵਿਚ ਭਾਵ ਹੈ ਕਿ 'ਯੋਗੀਆਂ ਦੇ ਕਾਰਬਾਰੀ' ਦੀ ਥਾਂ ਸਾਡੇ 'ਸੰਜੋਗ ਵਿਜੋਗ' ਕੰਮ ਕਰ ਰਹੇ ਹਨ। ਕਿਉਂਕਿ ਧੁਰੋਂ ਠਟੇ ਹਨ, ਯਥਾ ·······ਲਿਖਿਆ ਧੁਰਿ ਸੰਜੋਗ॥ (ਬਾਰਹ ਮਾਹ ਮਾਝ ਮ: ੫-੯)
ਆਮ ਤੌਰ ਤੇ ਜਜੋਤਸ਼ੀ ਗ੍ਰਹਿ ਰਾਸ਼ੀਆਂ ਆਦਿ ਦੀ ਚਾਲ ਮੇਲ ਤੋਂ ਜੋ ਸ਼ੁਭਾਸ਼ੁਭ ਦੀਆਂ ਟੋਹਾਂ ਲਾਉਂਦੇ ਹਨ, ਉਹਨਾਂ ਨੂੰ ਬੀ 'ਸੰਜੋਗ' ਆਦਿ ਦੇ ਪਦ ਨਾਲ ਯਾਦ ਕਰ ਲੈਂਦੇ ਹਨ। ਆਮ ਬੋਲ ਚਾਲ ਵਿਚ 'ਸੰਜੋਗਾਂ ਨਾਲ' ਦਾ ਅਰਥ 'ਭਾਗਾਂ ਨਾਲ', ਤੇ 'ਇਤਫਾਕ ਨਾਲ' ਬੀ ਕਰ ਲੈਂਦੇ ਹਨ।

ਭਾਗ-(ਸੰਸ:) ਹਿੱਸਾ। ਛਾਂਦਾ। (੨) ਕਿਸਮਤ।

ਏਕਾ-(ਸੰਸ:, ਏਕ) ਜੋ ਦੁਤਿਯ ਨਹੀਂ, ਇਕੋ ਹੀ ਹੈ। 'ਇਕ' ਇਹ ਪਦ ਇਥੇ ਸੰਗਯਾ (ਨਾਮ) ਹੈ, ਵਿਸ਼ੇਸ਼ਣ ਨਹੀਂ ਹੈ। ਤੀਸਰੀ ਤੁਕ ਵਿਚ ਪਦ 'ਤਿਸੁ' ਤੇ ਚੌਥੀ ਵਿਚ 'ਉਹ' ਦੁਇ ਸਰਵਨਾਮ ਹਨ ਤੇ ਇਕ ਵਚਨ ਹਨ। ਏਹ ਦੁਏ ਦੱਸਦੇ ਹਨ ਕਿ ਪਹਿਲੋਂ ਆਇਆ ਪਦ 'ਏਕਾ' ਸੰਗਯਾ ਹੈ, ਵਿਸ਼ੇਸ਼ਣ ਨਹੀਂ। ਏਹ ਉਸੇ 'ਏਕ' ਦੇ ਸਰਵਨਾਮ ਹਨ, ਤੇ 'ਏਕਾ' ਦਾ ਅਰਥ ਬ੍ਰਹਮ ਹੈ, ਜੋ ਇਕੋ ਹੈ ਤੇ ਜਿਸਦਾ ਦੂਸਰਾ ਨਹੀਂ ਹੈ। ਇਹ ਵਰਤਾਉ ਗੁਰਬਾਣੀ ਵਿਚ ਹੋਰਥੇ ਬੀ ਆਇਆ ਹੈ। ਯਥਾ:-

ਏਕਾ ਖੋਜੈ ਏਕ ਪ੍ਰੀਤਿ॥ (ਬਸੰਤ ਮ: ੫-੩)

ਪੁਨਾ:- **ਏਕੇ ਕਉ ਸਚੁ ਏਕਾ ਜਾਣੈ·······॥** (ਸਿੱਧ ਗੋਸਟਿ -੨੪)

ਪੁਨਾ:- **ਏਕੋ ਰਵਿ ਰਹਿਆ ਸਭ ਠਾਈ॥** (ਪ੍ਰਭਾਤੀ ਮ: ੧, ਅਸਟ:-੬)

ਸੰਪ੍ਰਦਾ ਵਿਚ ਇਸ ਵਾਕ ਦੇ ਐਉਂ ਬੀ ਅਰਥ ਲਾਉਂਦੇ ਹਨ-ਮਾ=ਮਾਇਆ, ਈ=ਈਸ਼੍ਵਰ, ਅਰਥਾਤ ਇਕੋ ਮਾਇਆ ਈਸ਼੍ਵਰ ਨਾਲ (ਜੁਗਤਿ=) ਯੁਕਤਿ ਹੋਕੇ ਪ੍ਰਸੂਤ ਹੋਈ....। ਇਕ ਪੁਰਾਣੇ ਟੀਕਾਕਾਰ ਨੇ ਸੰਪ੍ਰਦਾਈ ਅਰਥ ਬੀ ਦਿੱਤੇ ਹਨ ਤੇ ਇਉਂ ਬੀ ਕੀਤਾ ਹੈ="ਇਕ ਮਾਇਆ ਨੇ (ਜੁਗਤਿ=) ਕਿਸੇ ਤਰਕੀਬ ਨਾਲ ਤਿੰਨ ਪਰਵਾਣ ਚੇਲਿਆਂ ਨੂੰ ਜਨਮ ਦਿਤਾ।" ਜੇ ਟੀਕਾਕਾਰ ਦਾ ਭਾਵ ਹੈ ਕਿ ਛੜੀ ਮਾਇਆ ਨੇ ਰਚਨਾ ਰਚ ਲਈ ਤਾਂ ਪਿੱਛੇ ਦੱਸੇ ਗੀਤਾ ਦੇ (੧੪;੩-੪) ਪ੍ਰਮਾਣ ਦੇ ਅਨੁਕੂਲ ਨਹੀਂ ਤੇ ਨਾ ਹੀ ਗੁਰੂ ਆਸ਼ੇ ਦੇ ਅਨੁਕੂਲ ਹੈ। ਗੁਰੂ ਜੀ ਕਰਤਾ ਅਕਾਲ ਪੁਰਖ ਨੂੰ ਮੰਨਦੇ ਹਨ। ਮਾਇਆ ਉਸ ਬਿਨਾ ਰਚਨਾ ਨਹੀਂ ਰਚ ਸਕਦੀ। ਯਥਾ:-

ਨਿਰੰਕਾਰਿ ਅਕਾਰੁ ਉਪਾਇਆ॥ ਮਾਇਆ ਮੋਹੁ ਹੁਕਮਿ ਬਣਾਇਆ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥ (ਮਾਰੂ ਸੋਲਹੇ ਮ: ੩-੨੨)

ਪੁਨਾ:- **ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥** (ਮਾਰੂ ਸੋਲਹੇ ਮ: ੩-੨੨)

ਅਰਥਾਤ ਮਾਇਆ ਹੁਕਮ ਨਾਲ ਬਣੀ ਅਤੇ ਕਰਤੇ ਨੇ ਮਾਇਆ ਪ੍ਰਸੂਤ ਕਰਕੇ ਤ੍ਰੈ ਗੁਣ ਪੈਦਾ ਕੀਤੇ। ਐਉਂ ਕਿ ਕਰਤਾ ਪੁਰਖ ਦੇ ਹੁਕਮ ਨੇ ਮਾਇਆ ਨੂੰ ਤ੍ਰੈ ਰੰਗ ਧਾਰਨੇ ਦਾ ਹੁਕਮ ਦਿਤਾ: ਲਾਲ, ਕਾਲਾ ਤੇ ਚਿੱਟਾ. ਇਨ੍ਹਾਂ ਤਿੰਨਾ ਰੰਗਾਂ ਤੋਂ ਹੁਕਮ ਦਿੱਤਾ ਤ੍ਰੈ ਰੂਪ ਬਣ ਜਾਣ ਸੋ ਬਣੇ ਲਾਲ ਤੋਂ ਬ੍ਰਹਮਾ, ਕਾਲੇ ਤੋਂ ਸ਼ਿਵ ਤੇ ਚਿੱਟੇ ਤੋਂ ਵਿਸ਼ਨੂੰ। ਤਿੰਨਾਂ ਨੂੰ (ਫੁਰਮਾਣ=) ਹੁਕਮ ਹੋਇਆ ਹੁਕਮ ਬਜਾ ਆਵਰੀ ਦਾ। ਬ੍ਰਹਮਾ ਨੂੰ ਰਚਨਾ ਦਾ, ਸ਼ਿਵ ਨੂੰ ਸੰਘਾਰ ਦਾ, ਵਿਸ਼ਨੂੰ ਨੂੰ ਪਾਲਣ ਦਾ। ਉਹ ਕਰਤਾ ਦੇਖਣਹਾਰ ਹੈ ਅਪਣੀ ਰਚੀ ਮਾਇਆ ਦਾ, ਉਸ ਦੇ ਤ੍ਰਿਧਾ

ਰੰਗਾਂ ਦਾ ਤੇ ਤ੍ਰਿਧਾ ਰੂਪਾਂ ਦਾ। ਪਰ ਉਹ ਸਾਰੇ ਕ੍ਰਿਤ ਹਨ ਤੇ ਉਸ ਨੂੰ ਨਹੀਂ ਦੇਖ ਸਕਦੇ। ਨਾ ਦੇਖ ਸਕਣ ਦਾ ਭਾਵ ਇਹ ਹੈ ਕਿ ਓਹ ਉਹਨਾਂ ਤ੍ਰਿੰਨਾਂ ਦੇ ਅੱਗੇ ਦ੍ਰਿਸ਼ਟਮਾਨ ਨਹੀਂ ਹੁੰਦਾ, ਕਿਉਂਕਿ

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਮਾਰੂ ਸੋਲਹੇ ਮ: ੫-੧੧)

ਇਸ ਦਾ ਇਹ ਭਾਵ ਨਹੀਂ ਕਿ ਰਚਣਾਹਾਰ ਮਾਯਾ ਰਚਨ ਦੇ ਫੁਰਨੇ ਨਾਲ ਕੁਛ ਹੋਰ ਦਾ ਹੋਰ ਹੋ ਜਾਂਦਾ ਹੈ ਕਿ ਲਿਪਾਯਮਾਨ ਯਾ ਵਿਕਾਰੀ ਹੋ ਜਾਂਦਾ ਹੈ! ਉਹ ਸ਼ੁੱਧ ਸਦਾ ਥਿਰ ਅਪਰੰਪਰ ਤੇ 'ਪਾਕੀ ਨਾਈ ਪਾਕੁ' ਹੈ। ਜਿਸ ਅਪਣੇ ਹੁਕਮ ਦੁਆਰਾ ਖੇਲ ਕਰਦਾ ਹੈ, ਉਹ 'ਹੁਕਮ ਨ ਕਹਿਆ ਜਾਈ' ਹੈ।

ਤ੍ਰੈ ਗੁਣ ਤੇ ਤ੍ਰੈ ਦੇਵਤੇ, ਤ੍ਰੈ ਰੰਗ ਐਉਂ ਬੀ ਕਹੀਦੇ ਹਨ:-

ਬ੍ਰਹਮਾ-ਕਰਤ੍ਰੀ ਸ਼ਕਤੀ ਵਾਲਾ ਹੋਣ ਕਰਕੇ-ਰਜੋ ਗੁਣ-ਲਾਲ।

ਵਿਸ਼ਨੂੰ-ਸ਼੍ਰੇਯ ਦਾ ਦਾਤਾ, ਪੂਜਜ, ਧਯਾਨ ਦਾ ਆਸਰਾ ਹੋਣ ਕਰਕੇ-ਸਤੋ ਗੁਣ-ਚਿੱਟਾ।

ਸ਼ਿਵ-ਸੰਹਾਰ ਯਾ ਮਾਰਨ ਦੀ ਸ਼ਕਤੀ ਵਾਲਾ ਹੋਣ ਕਰਕੇ-ਤਮੋ ਗੁਣ-ਕਾਲਾ।

ਜੁਗਤਿ-(ਸੰਸ:,) ਯੁਕ੍ਤਿ=ਜੋੜ,) ਸੰਜੋਗ, ਜੁੜਨ।

ਵਿਆਈ-(ਪੰਜਾਬੀ, ਵਿਅੰਮ=ਪ੍ਰਸੂਤ ਪੀੜਾ) ਪ੍ਰਸੂਤ ਹੋਈ। ਭਾਵ ਹੈ ਕਿ ਸਾਈਂ ਨੇ ਮਾਇਆ ਰਚੀ। ਆਪ ਚੇਤਨ ਹੈ ਮਾਇਆ ਅਚੇਤਨ ਰਚੀ। ਸੋ ਚੇਤਨ ਨਿਰੰਕਾਰ ਨੇ ਅਚੇਤਨ ਮਾਇਆ ਨੂੰ ਚੇਤਨ ਸਤਯਾ ਨਾਲ ਸਤਯਾਵਾਨ ਕਰ ਦਿਤਾ, ਜਿਸ ਤੋਂ ਸ੍ਰਿਸ਼ਟੀ ਹੋਈ।

'ਸੰਸਾਰੀ, ਭੰਡਾਰੀ, ਲਾਏ ਦੀਬਾਣੁ' ਦੇ ਅਰਥ ਬ੍ਰਹਮਾ, ਵਿਸ਼ਨੂੰ, ਸ਼ਿਵ ਹੀ ਲਗਦੇ ਚਲੇ ਆਏ ਹਨ ਪਰ ਵਿਤਪਤੀਆਂ ਵਿਚ ਫਰਕ ਕਰਦੇ ਰਹੇ ਹਨ:-

(ੳ) ਸੰਸਾਰੀ=ਬ੍ਰਹਮਾ, ਸੰਸਾਰ ਰਚਨਾ ਕਰਨ ਵਾਲਾ ਹੋਣ ਕਰਕੇ। ਭੰਡਾਰੀ=ਸ਼ਿਵ ਜੋ ਭੰਡਾਰ ਭਰਨੇ ਵਿਚ ਪ੍ਰਸਿੱਧ ਹੈ। ਆਮ ਗੀਤਾਂ ਵਿਚ ਬੋਲਦੇ ਹਨ 'ਸ਼ਿਵ ਜੀ ਭਰੇਗਾ ਭੰਡਾਰ'। ਲਾਏ ਦੀਬਾਣੁ= ਜੋ ਦੀਵਾਨ ਲਾਉਂਦਾ ਹੈ ਸੋ ਵਿਸ਼ਨੂੰ।(੧੯੫੮ ਬਿ:) (ਅ) ਸੰਸਾਰੀ=ਬ੍ਰਹਮਾ। ਭੰਡਾਰੀ=ਪਾਲਣਹਾਰ ਵਿਸ਼ਨੂੰ। ਲਾਏ ਦੀਵਾਣੁ=ਦੀਬਾਨ ਲਗਾਉਣੇ ਵਾਲਾ ਤੇ ਅੰਤ ਵਿਚ ਮੁਹਾਸਬਾ ਲੈਣ ਵਾਲਾ ਭਾਵ ਮਹਾਂ ਦੇਵ ਯਾ ਸ਼ਿਵ (੧੯੫੨ ਬਿ:) (ੲ) ਕਵੀ ਸੰਤੋਖ ਸਿੰਘ ਜੀ ਮੁਹਾਸਬਾ ਲੈਣ ਵਾਲਾ ਅਰਥ ਗ਼ਲਤ ਦੱਸਦੇ ਹਨ ਕਿ ਸ਼ਿਵ ਜੀ ਕਿਸੇ ਸ਼ਾਸਤ੍ਰ ਵਿਚ ਮੁਹਾਸਬਾ ਲੈਣ ਵਾਲਾ ਨਹੀਂ ਦੱਸਿਆ ਗਿਆ ਤੇ ਆਪਣਾ ਅਰਥ ਐਉਂ ਕਰਦੇ ਹਨ-ਲਾਏ ਦੀ ਬਾਣੁ=ਲੈ ਕਰਨੇ ਦੀ ਬਾਣ (=ਸੁਭਾਵ) ਹੈ ਜਿਸ ਨੂੰ, ਨਾਸ਼ ਕਰਨੇ ਵਾਲਾ ਅਰਥਾਤ ਸ਼ਿਵ। (੧੯੯੬ ਬਿ:)। (ਸ) ਲਾਏ ਦੀਬਾਣੁ=ਸੰਹਾਰ ਕਰਤਾ। (ਭਾਈ ਮਨੀ ਸਿੰਘ ਦਾ ਟੀਕਾ)।

ਫੁਰਮਾਣੁ-(ਫ਼ਾ:, ਫ਼ਰਮਾਨ) ਹੁਕਮ।

ਆਸਣੁ-(ਸੰਸ:,) ਬੈਠਣੇ ਦਾ ਥਾਉਂ (ਅ) ਨਿਵਾਸ ਦਾ ਥਾਉਂ[੧]।

ਲੋਇ ਲੋਇ-(ਸੰਸ:, ਲੋਕ) ਪ੍ਰਾਕ੍ਰਿਤ, ਲੋਅ=ਜਗਤ।) ਲੋਕ। ਲੋਇ ਲੋਇ=ਲੋਕ ਲੋਕ ਵਿਚ

(ਅ) ਲੋਇ ਨੂੰ ਲੋਯ ਪੜ੍ਹਕੇ ਇਸ ਦਾ ਅਰਥ 'ਪ੍ਰਕਾਸ਼ ਸਰੂਪ ਪ੍ਰਮਾਤਮਾ' ਕਰਕੇ, ਇਕ ਲੋਇ ਦਾ ਅਰਥ 'ਅੰਤਹਕਰਣ' ਕਰਕੇ ਦਾਨੇ ਐਉਂ ਕੱਢਣੇ ਦਾ ਪ੍ਰਯਤਨ ਬੀ ਕਰਦੇ ਹਨ-ਕਿ ਪ੍ਰਕਾਸ਼ ਰੂਪੀ ਆਤਮਾ ਸਥਿਤੀ ਦਾ ਹੇਤੂ ਹੈ ਤੇ ਗਯਾਨ ਰੂਪ ਭੋਜਨ ਦਾ ਭੰਡਾਰਾ ਅੰਤਹਕਰਣ ਹੈ। ਇਹ ਗਯਾਨ ਰੂਪ ਭੋਜਨ ਇਕੋ ਵਾਰ ਪਾਇਆ ਹੈ ਭਾਵ ਗਯਾਨ ਦੀ ਪ੍ਰਾਪਤੀ ਵਾਰ ਵਾਰ ਨਹੀਂ ਹੁੰਦੀ। ਕਿਉਂਕਿ ਦਾਰਸ਼ਨਿਕਾਂ ਨੇ ਗਯਾਨ ਨੂੰ 'ਪ੍ਰਮਾ' ਮੰਨਿਆ ਹੈ। 'ਪ੍ਰਮਾ' ਨਾਮ ਯਥਾਰਥ ਗਯਾਨ ਦਾ ਹੈ, ਸੋ ਯਥਾਰਥ ਗਯਾਨ ਜੇ ਦੂਜੀ ਤੀਜੀ ਵਾਰ ਹੋਵੇ ਤਾਂ ਪਹਿਲਾ ਗਯਾਨ 'ਪ੍ਰਮਾ' ਨਹੀਂ ਰਹੇਗਾ।

---

[੧]ਉਂਞ ਆਸਣ ਦਾ ਅਰਥ-ਬੈਠਣ ਦੀ ਡੌਲ ਤੇ ਜੋ ਕੁਛ ਬੈਠਣ ਲਈ ਹੇਠ ਵਿਛਾਇਆ ਜਾਵੇ-ਬੀ ਹੈ।

ਇਥੋਂ ਫੇਰ 'ਪਾਇਆ' ਦਾ ਕਰਤਾ ਕਾਰਕ 'ਸਿਰਜਣਹਾਰੁ' ਨੂੰ ਛੱਡਕੇ ਅਰਥ ਐਉਂ ਲਾਉਂਦੇ ਹਨ-ਜੋ ਕੁਛ ਗਯਾਨ ਰੂਪ ਭੰਡਾਰੇ ਤੋਂ ਅਸਾਂ ਨੇ ਪਾਇਆ ਹੈ, ਇਕੋ ਵਾਰ ਪਾ ਲਿਆ ਹੈ।

ਕਰਿ ਕਰਿ-(ੳ) ਕਰਿ=ਕੀਤੇ ਹੋਏ ਨੂੰ, ਕਰਿ ਵੇਖੈ=ਵੇਖਣਾ ਕਰਦਾ ਹੈ। ਕੀਤੀ ਹੋਈ ਨੂੰ ਵੇਖਦਾ ਹੈ। (ਅ) ਕਰਿ ਕਰਿ=ਰਚ ਰਚ ਕੇ ਵੇਖਦਾ ਹੈ। (ੲ) ਕਰਿ=ਰਚਦਾ ਹੈ, ਕਰਿ=ਪਾਲਦਾ ਹੈ, ਵੇਖੈ=ਸੰਭਾਲਦਾ ਹੈ। (ਸ) ਕਰਿ=ਰਚਦਾ ਹੈ। ਕਰਿ=ਪਾਲਦਾ ਹੈ, ਵੇਖੈ-ਜੀਵਾਂ ਦੇ ਸ਼ੁਭ ਅਸ਼ੁਭ ਕਰਮਾਂ ਨੂੰ ਵੀਚਾਰਦਾ ਹੈ।

ਪਰੰਤੂ-'ਏਕਾਵਾਰ' 'ਪਾਇਆ' ਕਹਿਕੇ ਸੰਭਾਵਨਾ ਹੋ ਜਾਂਦੀ ਹੈ ਕਿ 'ਹੁਣ ਆਪ ਅਟੰਕ ਹੋ ਗਿਆ ਹੈ।' 'ਕਰਿ ਕਰਿ ਵੇਖੈ' ਕਹਿਣ ਤੋਂ ਮੁਰਾਦ ਇਹ ਹੈ ਕਿ ਉਸ ਦਾ ਰਚਣ ਪਾਲਣ ਸੰਭਾਲਣ ਸੰਘਾਰਨ ਸਾਰੇ ਕੰਮ ਜਾਰੀ ਬੀ ਰਹਿੰਦੇ ਹਨ। ਉਹ ਕਰਤਾ ਪੁਰਖ ਨਿਰਲੇਪ ਬੀ ਹੈ, ਪਰ ਕੁਦਰਤ ਵਸਿਆ ਬੀ ਹੈ ਕਿ 'ਕਰਿ ਆਸਣੁ ਡਿਠੋ ਚਾਉ' ਬੀ ਹੈ ਤੇ ਕਰਨ ਕਰਾਵਨ ਬੀ ਹੈ। ਪੰਜਵੇਂ ਗੁਰਾਂ ਦਾ ਵਾਕ ਹੈ:-

ਆਪਹਿ ਕਉਤਕ ਕਰੈ ਅਨਦ ਚੋਜ॥
ਆਪਹਿ ਰਸ ਭੋਗਨ ਨਿਰਜੋਗ॥ (ਸੁਖਮਨੀ, ੨੧-੮)

(ਪਉੜੀ ੩੨)

ਪ੍ਰਾਕ੍ਥਨ-ਉਸ ਸਮੇਂ ਦੇ ਪ੍ਰਵਿਰਤ ਗੋਰਖ ਮਤਾਵਲੰਬੀ ਜੋਗ ਪੰਥੀਆਂ ਦਾ ਸੁਧਾਰ ਕਹਿਕੇ ਹੁਣ ਉਸ ਸਮੇਂ ਦੇ ਵਾਚ ਗਯਾਨੀਆਂ ਦੇ ਸੁਧਾਰ ਦਾ ਕਥਨ ਕਰਦੇ ਹਨ। ਅਜ ਕਲ ਦੇ ਵਾਚ ਗਯਾਨੀਆਂ ਵਾਂਙੂ ਤਦੋਂ ਬੀ ਨਿਰਾ 'ਅਹੰਬ੍ਰਹ੍ਮਾਸਿਮ' ਕਹਿਕੇ ਬਿਨਾ ਕਿਸੇ ਲੱਖਤਾ ਪ੍ਰਾਪਤ ਹੋਈ ਦੇ ਆਪੂੰ ਈਸ਼੍ਵਰ ਬਣਨ ਵਾਲੇ ਗਯਾਨੀ ਹੈਸਨ[1]।

ਅਸਮਾਨਾਂ ਵਿਚ ਗਤੀ ਰੱਖਣ ਵਾਲੇ ਪੰਛੀ ਤੇ ਧਰਤੀ ਤੇ ਰੀਂਗਣ ਵਾਲੇ ਕੀਟ ਦੇ ਰੂਪਕ ਵਿਚ, ਸਚ ਮੁਚ ਦੇ ਤੇ ਵਾਚ ਗਯਾਨੀਆਂ ਦਾ, ਦੋਹਾਂ ਦਾ ਫਰਕ ਦਰਸਾਉਂਦੇ ਹਨ। ਜਗਦੀਸ਼ ਦੇ ਨਾਮ ਵਿਚ ਪ੍ਰੇਮ ਦੁਆਰਾ ਅਤਿਸ਼ੈ ਕਰਕੇ ਲੱਗੇ ਹੋਏ ਜਗਯਾਸੂ 'ਪਤਿਬ੍ਰਤ ਇਸਤ੍ਰੀ' ਵਾਙੂ ਈਸ਼੍ਵਰ ਰੂਪ ਪਤੀ ਦੇ ਦੁਆਰੇ ਅੱਪੜਦੇ ਹਨ, ਪਰ ਉਹਨਾਂ ਨੂੰ ਪਤੀ ਦੀ ਪ੍ਰਾਪਤੀ ਉਸ ਦੀ ਨਦਰ ਨਾਲ ਹੁੰਦੀ ਹੈ, 'ਨਾਮ' ਤੇ 'ਨਦਰ' ਦੋ ਨੁਕਤੇ ਹਨ ਜੋ ਇਸ ਪਉੜੀ ਵਿਚ ਦਰਸਾਏ ਗਏ ਹਨ[2]।

ਏਹ ਜਗਯਾਸੂ ਨੂੰ ਦਰੁਸਤ ਅਰਥਾਂ ਵਿਚ ਉਸ ਅਵਸਥਾ ਵਿਚ ਲੈ ਜਾਂਦੇ ਹਨ, ਜਿਸ ਨੂੰ ਜਗਤ ਦੇ ਈਸ਼੍ਵਰ ਨਾਲ 'ਇਕ' ਹੋ ਜਾਣਾ ਕਹੀਦਾ ਹੈ। 'ਇਕਦੂ' .....ਤੋਂ ਲੈਕੇ ......'ਇਕੀਸ' ਤਕ ਤਾਂ ਨਾਮ ਦਾ ਵਰਣਨ ਹੈ-ਇਹ ਹੈ ਜਗਯਾਸੂ ਦਾ ਪਤੀ ਪਰਮੇਸ਼ੁਰ ਨਾਲ ਪ੍ਰੇਮ ਕਰਨਾ। ਫਿਰ ਹੈ 'ਨਦਰ'-'ਨਾਨਕ ਨਦਰੀ ਪਾਈਐ...' ਇਹ ਹੈ 'ਪਰਮੇਸ਼ੁਰ ਦਾ ਜਗਯਾਸੂ ਨਾਲ ਪ੍ਰੇਮ' ਸਾਡੇ ਪ੍ਰੇਮ ਦੀ ਸਫਲਤਾ ਤਦੋਂ ਹੀ ਹੈ ਜਦੋਂ ਸਾਨੂੰ ਪਰਮੇਸ਼ੁਰ ਪਿਆਰ ਕਰੇ[3]। ਯਥਾ:-

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ (ਜਪੁਜੀ ੪)

ਨਾਮ ਦਾ ਸਿਮਰਣ ਜਗਯਾਸੂ ਨੂੰ 'ਅੰਤ' ਦੇ ਅੰਤ ਉਤੇ ਲੈ ਜਾਂਦਾ ਹੈ। ਅਗੋਂ 'ਅਨੰਤ' ਹੈ। ਅਨੰਤ ਵਿਚ ਆਪੂੰ ਛਾਲ ਨਹੀਂ ਵਜਦੀ। ਓਥੋਂ ਤਾਂ 'ਅਨੰਤ' ਆਪ ਅਪਣੇ ਕਿਸੇ ਕ੍ਰਿਪਾ ਕਟਾਖ੍ਯ ਨਾਲ ਖਿੱਚ ਖੜਦਾ ਹੈ, ਯਥਾ:-

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ (ਮਾਰੂ ਮ:੧-੧)

---

[1] ਏਹ ਲੋਕ ਸਨਯਾਸੀਆਂ ਵਿਚੋਂ ਸਨ ਤੇ ਦੱਤ ਪੰਥੀ ਕਹਾਉਂਦੇ ਸਨ।

[2] ਪਿਛੇ ਬੀ 'ਨਾਮ' ਤੇ 'ਨਦਰ' ਦੋਹਾਂ ਬਾਬਤ ਜਪੁਜੀ ਵਿਚ ਇਕ ਤੋਂ ਵਧੀਕ ਵਾਰ ਵੇਰਵਾ ਆ ਚੁਕਾ ਹੈ।

[3] ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥ (ਆਸਾ ਮ: ੪ ਸੋ ਪੁਰਖੁ)

ਪੁਨਾ:- **ਬਾਂਹ ਪਕੜਿ ਠਾਕੁਰਿ ਹਉ ਘਿਧੀ...॥** (ਜੈਤ: ਮ: ੫ ਛੰਤ-੧)

ਹਾਂ ਇਹ ਮਿਹਰਾਂ ਵਾਲੇ ਦੀ ਮਿਹਰ ਦਾ ਕ੍ਰਿਸ਼ਮਾ[1] ਹੈ, ਇਹ ਨਦਰ ਹੈ-'ਨਾਨਕ ਨਦਰੀ ਨਦਰਿ ਨਿਹਾਲ'। ਅਗਲੀ ਪਉੜੀ ਵਿਚ ਇਹ ਵਿਸ਼ਯ ਪ੍ਰਤਿਪਾਦਨ ਕੀਤਾ ਹੈ।

ਮੂਲ	ਅਰਥ
ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥	ਇਕ ਜੀਭ ਤੋਂ (ਸਾਡੀਆਂ) ਲਖ (ਜੀਭਾਂ) ਹੋ ਜਾਣ (ਤੇ) ਲਖ (ਜੀਭਾਂ) ਹੋ ਜਾਣ ਵੀਹ ਲਖ, (ਉਨ੍ਹਾਂ ਨਾਲ ਫਿਰ ਅਸੀਂ) ਲਖ ਲਖ ਵੇਰ ਜਗਤ ਦੇ ਮਾਲਕ (ਪਰਮੇਸ਼ੁਰ) ਦਾ ਇਕ ਨਾਮ ਲੈਂਦੇ ਰਹੀਏ। ਇਹ ਹੈ ਰਾਹ (ਜਿਸ) ਵਿਚ ਪਤੀ (ਦੇ ਮਹਲ) ਦੀਆਂ ਪਉੜੀਆਂ ਹਨ (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼੍ਵਰ ਨਾਲ ਇਕ ਹੋਈਦਾ ਹੈ।
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥	(ਪ੍ਰੰਤੂ ਗੁਰਮੁਖਾਂ ਦੇ ਵਾਹਿਗੁਰੂ ਦਰ ਅੱਪੜ ਪੈਣ ਵਾਲੀਆਂ) ਅਰਸ਼ੀ ਗੱਲਾਂ ਸੁਣਕੇ (ਨਾਮ ਅਭ੍ਯਾਸ ਦੇ ਬਲ ਤੋਂ ਸੱਖਣੇ ਕਥਨੀ ਮਾਤ੍ਰ ਦੇ ਖੰਭਾਂ ਵਾਲੇ) ਕੀੜਿਆਂ ਨੂੰ ਰੀਸ ਆ ਜਾਂਦੀ ਹੈ (ਕਿ ਅਸੀਂ ਬੀ ਕੀਟ ਪੰਖਾਂ ਨਾਲ ਅਕਾਸ਼ ਦੇ ਧੁਰ ਪੁੱਜ ਜਾਵਾਂਗੇ ਪਰ) ਹੇ ਨਾਨਕ! (ਬ੍ਰਿਤੀ ਜਿਨ੍ਹਾਂ ਦੀ ਕੂੜੇ ਪਦਾਰਥਾਂ ਵਿਚ ਲੱਗ ਰਹੀ ਹੈ ਐਸੇ) ਕੂੜੇ (ਪੁਰਖਾਂ) ਦੀਆਂ ਗੱਪਾਂ ਕੂੜ ਹੀ ਹੁੰਦੀਆਂ ਹਨ, (ਜਗਤ ਦੇ ਈਸ਼ ਨੂੰ ਤਾਂ ਉਸ ਦੀ) ਨਦਰ (=ਮਿਹਰ ਦ੍ਰਿਸ਼ਟੀ) ਨਾਲ ਪਾਈਦਾ ਹੈ। ॥੩੨॥

ਵਯਾਖਯਾ- ਕਹਿ ਦੇਣ ਮਾਤ੍ਰ ਨਾਲ ਕੋਈ ਬ੍ਰਹਮ ਨਾਲ ਅਭੇਦ ਨਹੀਂ ਹੋ ਸਕਦਾ। ਦੇਹਿ ਅਭਿਮਾਨ ਦੂਰ ਹੋਣ ਨਾਲ ਤੇ 'ਤਨ ਹੰਤਾ' ਤੋਂ ਉੱਚੇ ਉਠਣ ਨਾਲ ਹੀ ਈਸ਼੍ਵਰ-ਲੀਨਤਾ ਹੋ ਸਕਦੀ ਹੈ। ਇਸ ਪ੍ਰਾਪਤੀ ਲਈ ਗੁਰੂ ਜੀ ਨੇ ਜੋ ਉਪਾਉ ਦੱਸਿਆ, ਉਹ ਹੈ ਪ੍ਰੇਮ। ਫੁਰਮਾਇਆ ਹੈ:-

ਜੈ ਸਿਉ ਰਾਤਾ ਤੈਸੋ ਹੋਵੈ॥ (ਆਸਾ ਮ: ੧ ਅਸਟ:-੧)

ਭਾਵ ਈਸ਼ਰ ਨਾਲ ਰੱਤਿਆਂ ਗਿਆਂ ਹੀ ਉਸ ਦਾ ਰੂਪ ਹੋ ਸਕੀਦਾ ਹੈ। ਫੇਰ ਫੁਰਮਾਇਆ ਹੈ:-

ਪ੍ਰੇਮ ਪਰਾਇਣ ਪ੍ਰੀਤਮ ਰਾਉ॥ ਨਦਰਿ ਕਰੇ ਤਾ ਬੂਝੈ ਨਾਉ॥ (ਗਉ: ਮ: ੧ ਅਸਟ:-੪)

ਕਿ ਮੇਰਾ ਪ੍ਰੀਤਮ ਰਾਉ (ਪਰਮੇਸ਼ੁਰ) ਪ੍ਰੇਮ ਦੇ ਆਸਰੇ ਹੋ ਗਿਆਂ ਮਿਲਦਾ ਹੈ।

ਤੀਸਰੇ ਸਤਿਗੁਰਾਂ ਦਾ ਵਾਕ ਹੈ:-

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ॥ (ਸਾਰੰਗ ਮ: ੩ ਅਸਟ:-੨)

ਪ੍ਰਸ਼ਨ ਹੁੰਦਾ ਹੈ 'ਕਿ ਅਣਦਿਸਦੇ ਨਾਲ ਪ੍ਰੇਮ ਕੀਕੂੰ ਹੋਵੇ' ?

ਉਸ ਦਾ ਉਪਾਉ ਗੁਰੂ ਜੀ ਨੇ 'ਸਿਫਤ ਸਲਾਹ' ਤੇ 'ਨਾਮ' ਦੱਸਿਆ:-

(੧) ਸਿਫਤ ਸਾਲਾਹ:-

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ (ਰਾਮ: ਮ: ੩ ਅਨੰਦੁ-੩)

(ੳ) ਕਿਉਂਕਿ 'ਸਿਫਤ ਸਲਾਹ' ਅਰਥਾਤ ਗੁਣ ਗਾਇਨ ਨਾਲ ਪਹਿਲੋਂ ਮਨ ਦੀ ਮੈਲ ਉਤਰਦੀ ਹੈ:

ਗੁਣ ਗਾਵਤ ਤੇਰੀ ਉਤਰਸਿ ਮੈਲੁ॥ (ਸੁਖਮਨੀ ੧੯-੭)

ਫਿਰ ਇਸੇ ਨਾਲ ਪ੍ਰੇਮ ਉਪਜਦਾ ਹੈ:-

[1] ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ (ਵਾਰ ਆਸਾ ਮ: ੨-੨੩)

ਸਿਫਤਿ ਸਲਾਹਣੁ ਸਹਜ ਅਨੰਦ॥ ਸਖਾ ਸੈਨੁ ਪ੍ਰੇਮੁ ਗੋਬਿੰਦ॥ (ਆਸਾ ਮ: ੧-੧੧)

ਅਰਥਾਤ ਸਿਫਤ ਸਲਾਹ ਨਾਲ ਗੋਬਿੰਦ ਦਾ ਪ੍ਰੇਮ ਉਪਜਦਾ ਹੈ। ਜੋ ਪ੍ਰੇਮੀ ਦਾ ਮਿਤ੍ਰ ਤੇ ਸਨਬੰਧੀ ਹੋ ਜਾਂਦਾ ਹੈ, ਜਿਸ ਕਰਕੇ ਪ੍ਰੇਮੀ ਨੂੰ ਸਹਿਜ ਅਨੰਦ ਪ੍ਰਾਪਤ ਹੁੰਦਾ ਹੈ:-

ਪੁਨਾ:-**ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥** (ਵਾਰ ਆਸਾ ਮ:੧-੧੨)

(੨) ਨਾਮ:-ਨਾਮ ਸਿਮਰਣ ਨਾਲ ਬੀ ਪਹਿਲੋਂ ਮਨ ਦੀ ਮੈਲ ਉਤਰਦੀ ਹੈ:-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ (ਸੁਖਮਨੀ ੧-੪)

ਫੇਰ ਬੁਧੀ ਦੀ ਮੈਲ ਬੀ ਨਾਮ ਨਾਲ ਉਤਰਦੀ ਹੈ:-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ-੨੦)

ਹਾਂ ਮਨ ਬੁੱਧੀ ਦੀ ਸਾਰੀ (ਸੂਖਮ ਅਸਥੂਲ) ਮੈਲ ਨਾਮ ਨਾਲ ਉਤਰ ਜਾਂਦੀ ਹੈ, ਯਥਾ:-

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥ (ਸੋਰਠਿ ਮ: ੫)

ਫਿਰ ਨਾਮ ਨਾਲ ਮਾਇਆ ਦਾ ਸਾਰਾ ਮੋਹ ਤ੍ਰੁਟ ਜਾਂਦਾ ਹੈ, ਤਦੋਂ 'ਨਾਮ ਹੀ ਪ੍ਰੇਮ ਹੈ' ਇਹ ਗਲ ਸਾਫ ਖੁੱਲ੍ਹ ਪੈਂਦੀ ਹੈ:-

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥ (ਸੋਰਠਿ ਮ: ੫ ਅਸਟ:-੧)

ਫਿਰ ਤਦ ਜੀਵ ਤੱਤ ਪ੍ਰਗਟ ਹੋਕੇ ਸੋਝੀ ਦੇਂਦਾ ਹੈ ਕਿ ਮੈਂ ਸਰੀਰ ਮਨ ਆਦਿ ਤੋਂ ਭਿੰਨ ਹਾਂ:-

ਨਾਮੇ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥ (ਸਿਧ ਗੋਸਟਿ-੭੨)

ਫਿਰ ਨਾਮ ਦੁਆਰਾ ਹੀ ਜੀਵ ਤੱਤ ਬ੍ਰਹਮ ਤੱਤ ਦੀ ਅਭੇਦਤਾ ਵਿਚ ਜਾਂਦਾ ਹੈ:-

'ਨਾਮ ਤਤੁ ਸਭ ਹੀ ਸਿਰਿ ਜਾਪੈ। ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥
ਤਤੋ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੈ॥ (ਸਿਧ ਗੋਸਟਿ-੫੦)

ਅਰਥਾਤ-ਸਭ ਤੋਂ ਉੱਚਾ ਤੱਤ ਇਹ 'ਨਾਮ ਤੱਤ' ਹੈ। ਇਸ ਨਾਲ ਤਤੁ (=ਜੀਵ ਤੱਤ) ਤਤੋ (=ਬ੍ਰਹਮ ਤੱਤ) ਨੂੰ ਮਿਲ ਪੈਂਦਾ ਹੈ, ਤਦ ਮਨ ਪਤੀਜਦਾ ਹੈ ਕਿ ਹੁਣ ਦੁਐਤ ਬਿਲਾ ਗਈ ਹੈ ਤੇ ਏਕਤਾ ਵਿਚ ਆ ਗਿਆ ਹਾਂ।

(੩) ਜੇ 'ਯੋਗ' ਦੇ ਤਰੀਕੇ ਨਾਲ ਈਸ਼੍ਵਰ ਪ੍ਰਾਪਤੀ ਕਰਨੀ ਹੈ ਤਾਂ ਉਹ ਬੀ ਮਾਰਗ ਹੈ, ਪਰ ਗੁਰੂ ਜੀ ਦੱਸਦੇ ਹਨ ਕਿ ਜੋਗ ਦੀ ਸਫਲਤਾ ਬੀ ਨਾਮ ਨਾਲ ਹੈ:-

ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ (ਸਿਧ ਗੋਸਟਿ-੩੨)

ਪੁਨਾ:- **ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ॥** (ਸਿਧ ਗੋਸਟਿ-੬੮)

(੪) ਜੇ ਕਰਮ ਮਾਰਗ ਤੇ ਟੁਰੋ ਤਾਂ ਬੀ ਨਾਮ ਬਿਨ ਸਫਲਤਾ ਨਹੀਂ:-

ਨਾਮਿ ਰਤੇ ਸਚੁ ਕਰਣੀ ਸਾਰੁ॥ (ਸਿਧ ਗੋਸਟਿ-੩੩)

(੫) ਜੇ ਗਯਾਨ ਮਾਰਗ ਦਵਾਰਾ ਚਾਹੋ ਤਾਂ ਬੀ ਨਾਮ ਨੇ ਹੀ ਸ਼ੁੱਧ ਗਯਾਨ ਦੇਣਾ ਹੈ:-

ਨਾਮਿ ਰਤੇ ਗੁਣ ਗਿਆਨ ਬੀਚਰੁ॥ (ਸਿਧ ਗੋਸਿਟ-੩੩)

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਸੁਖਮਨੀ ੧੪-੩)

ਪਰ ਨਾਮ ਦਾ ਇਹ ਪ੍ਰਤਾਪ ਕਿ ਪ੍ਰੇਮ ਦੁਆਰਾ ਤੁਰੋ ਤਾਂ ਨਾਮ, ਜੇ ਕਰਮ ਨਾਲ ਤੁਰੋ ਤਾਂ ਨਾਮ, ਜੇ ਯੋਗ ਨਾਲ ਤੁਰੋ ਤਾਂ ਨਾਮ, ਜੇ ਗਯਾਨ ਨਾਲ ਤੁਰੋ ਤਾਂ ਨਾਮ, ਸਭ ਤਰ੍ਹਾਂ ਨਾਮ ਹੀ ਪ੍ਰਧਾਨ ਹੈ; ਇਸ ਕਰਕੇ ਫੁਰਮਾਇਆ ਹੈ:- **ਨਾਮ ਤਤੁ ਸਭ ਹੀ ਸਿਰਿ ਜਾਪੈ॥** (ਸਿਧ ਗੋਸਟਿ-੫੦)

ਪਰੰਤੂ ਇਹ 'ਇਕ ਈਸ਼ਤਾ' ਦੀ ਅਵਸਥਾ ਜੋ ਪਰਮ ਸੁਖਮਈ ਹੈ ਕਿਵੇਂ ਨਾਮ ਅਰਾਧਣ ਤੋਂ ਉਪਜਦੀ ਹੈ? ਫੁਰਮਾਉਂਦੇ ਹਨ:-

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥ (ਸਿਧ ਗੋਸਟਿ-੭੨)

ਅਰਥਾਤ ਦਿਨ ਰਾਤ ਨਾਮ ਵਿਚ ਰਚ ਗਿਆਂ ਇਹ ਸੁਖ ਹੁੰਦਾ ਹੈ। ਭਾਵ ਨਾਮ ਦੀ ਪ੍ਰਬਲ ਅਵਸਥਾ ਤੋਂ ਹੈ। ਇਸ ਪ੍ਰਬਲ ਅਵਸਥਾ ਨੂੰ ਪੰਚਮ ਗੁਰੂ ਜੀ ਨੇ ਐਉਂ ਵਰਣਨ ਕੀਤਾ ਹੈ:-

ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥ ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ॥ ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ॥੧॥ ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥ ਪ੍ਰਭ ਚਰਨ ਕਮਲ **ਰਸਾਲ ਨਾਨਕ ਗਾਠਿ ਬਾਧਿ ਧਰੀ[1]॥੨॥੧॥੯॥** (ਕੇਦਾਰਾ ਮ:੫ ਘਰ ੫)

ਨਾਮ ਅਰਾਧਣ ਅਵਸਥਾ ਰਸ-ਮਈ ਹੈ, ਜੋ ਜਿੰਨੀ ਪ੍ਰਬਲ ਹੋਵੇ ਉੱਨੀ ਵਧੀਕ ਰਸਮਈ ਹੈ। ਰਸ-ਮਈ ਹੋਣ ਕਰਕੇ ਹੀ ਰਸੀਆ ਵਧੇਰੇ ਵਧੇਰੇ ਰਸ ਲੋਚਦਾ ਹੈ। ਜਿਸ ਦੇ ਅੰਤ 'ਰਸ ਰੂਪ' ਵਿਚ 'ਤਦ ਰੂਪ' ਹੋ ਜਾਂਦਾ ਹੈ:- **ਜੈ ਸਿਉ ਰਾਤਾ ਤੈਸੋ ਹੋਵੈ॥** (ਆਸਾ ਮ: ੧, ਅਸਟ:-੧)

ਇਸੇ ਉਪਰ ਦੱਸੇ ਭਾਵ ਪਰਥਾਇ ਇਹ ਤੁਕਾਂ ਹਨ:-

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ (ਜਪੁਜੀ-੩੨)

ਕਿ ਜੋ ਰਸਮਈ ਅਵਸਥਾ ਇਕ ਰਸਨਾਂ ਦੇ ਉਚਾਰ ਨਾਲ ਆਈ ਹੈ, ਇਹ ਲੱਖਾਂ ਰਸਨਾਂ ਦੇ 'ਉਚਾਰਨ ਰਸ' ਜਿੰਨੀ ਪ੍ਰਬਲ ਰਸਮਈ ਹੋ ਜਾਏ[2]।

ਪ੍ਰਬਲ ਰਸ-ਮਈ ਅਵਸਥਾ ਪਰਥਾਇ ਗੁਰੂ ਜੀ ਨੇ ਫੁਰਮਾਇਆ ਹੈ:-

ਪ੍ਰੇਮਿ ਬੁਲਾਈ ਰਲੀ ਸਿਉ ਮਨ ਸਬਦੁ ਅਨੰਦੁ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥ (ਰਾਮ: ਦਖਣੀ ਓਅੰਕਾਰ-੧੨)

ਅਰਥਾਤ-(ਹੁਣ ਉਹ) ਪਜਾਰੇ ਵਿਚ ਰੱਤੀ ਜਾਕੇ ਪਜਾਰੇ ਜੈਸੀ ਹੋ ਗਈ ਹੈ, (ਹਾਂ ਹੁਣ ਉਹ ਮੁੜ ਵਿਛੋੜੇ ਦੇ ਭੈ ਤੋਂ) ਨਿਸਚਿੰਤ ਹੋ ਗਈ ਹੈ (ਤੇ ਹੋਰਨਾਂ ਨੂੰ ਪਜਾਰੇ ਦੇ ਦੇਸ਼ ਲੈ ਜਾਣ ਲਈ) ਗੁਰਮੁਖ ਹੋ ਗਈ ਹੈ।

ਏਤੁ ਰਾਹਿ ਪਤਿ ਪਵੜੀਆ-ਇਹ ਹੈ ਰਸਤਾ-ਅਰਥਾਤ ਪ੍ਰੇਮ ਦਾ ਰਸਤਾ, ਜਿਸ ਵਿਚ ਪਤੀ (ਪਰਮੇਸ਼ੁਰ) ਦੇ ਮਹਲ ਦੀਆਂ ਪਉੜੀਆਂ ਹਨ, ਜਿਨ੍ਹਾਂ ਤੇ ਚੜ੍ਹਕੇ ਇਕ ਈਸ਼ ਨੂੰ ਪ੍ਰਾਪਤ ਹੋਈਦਾ ਹੈ, ਅਰਥਾਤ ਨਾਮ ਦਾ ਅਭਜਾਸ ਰਸ-ਲੱਖਤਾ ਦੀਆਂ ਪਉੜੀਆਂ ਦੁਆਰਾ ਸਰੂਪ ਦੇ ਮਹਲ ਨੂੰ ਲੈ ਜਾਂਦਾ ਹੈ। ਇਸ ਦੀ ਵੀਚਾਰ ਨਾਮ ਜਪ ਦੇ ਰਸੀਏ ਗੁਰਮੁਖ ਇੰਵ ਕਰਦੇ ਹਨ:-

੧. ਪਹਿਲਾਂ ਨਾਮ ਅਭਜਾਸੀ ਰਸਨਾਂ ਨਾਲ ਨਾਮ ਦਾ ਜਪ ਕਰਦਾ ਹੈ, ਇਹ ਭਾਵ ਉਸ ਦੇ ਮਨ ਵਿਚ ਚਾਹੀਏ ਕਿ ਇਹ ਨਾਮ ਜਗਤ ਦੇ ਮਾਲਕ ਦਾ ਨਾਮ ਹੈ, ਜੋ ਸਾਡਾ ਪ੍ਰੀਤਮ ਹੈ ਤੇ ਸਾਨੂੰ ਪ੍ਰੇਮ ਕਰਦਾ ਹੈ ਤੇ ਇਹ ਭਾਵਨਾ ਚਾਹੀਏ ਕਿ ਇਸ ਨਾਮ ਦੇ ਅਭਜਾਸ ਨੇ ਧਿਆਨ ਨੂੰ ਉਸ ਵਿਚ ਲੈ ਜਾਣਾ ਹੈ। ਗੁਰੂ ਸਾਹਿਬ ਦੀ ਆਗਿਆ ਹੈ: -**ਰਸਨਾ ਜਪੀਐ ਏਕੁ ਨਾਮੁ॥** (ਗਉੜੀ ਮ: ੫-੧੪੬)

ਫਿਰ ਫਲ ਦੱਸਦੇ ਹਨ:-**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ[3]॥** (ਸੂਹੀ ਮ:੧-੧)

੨. ਇਸ ਤਰ੍ਹਾਂ ਦੇ ਭਾਵ ਤੇ ਭਾਵਨਾਂ ਨਾਲ ਕੀਤਾ ਜਪ ਕੁਛ ਸਮੇਂ ਵਿਚ ਸਿਮਰਨ ਬਣ ਜਾਂਦਾ

---

[1]ਇਸ ਸ਼ਬਦ ਵਿਚ ਨਾਮ ਨੂੰ ਹੀ ਪ੍ਰੀਤਿ ਕਰਕੇ ਦੱਸਿਆ ਹੈ। ਪ੍ਰੀਤਿ ਕਰਕੇ ਦੱਸਿਅ ਕਿ 'ਨਾ ਬਿਸਰਨਾ' 'ਪ੍ਰੀਤਿ' ਹੈ। 'ਬਿਸਰਤਿ ਨਾਹਿ ਮਨ ਤੇ ਹਰੀ'=ਨਾਮ। 'ਗੁਨ ਗੋਪਾਲ ਉਚਾਰੁ'=ਸਿਫਤ ਸਲਾਹ।

[2] ਪਰ ਨਾਮ ਦੀ ਪ੍ਰਬਲ ਅਵਸਥਾ ਸਨੇ ਸਨੇ ਪ੍ਰਾਪਤ ਕਰੀਦੀ ਹੈ, ਜ਼ੋਰ ਲਾਇਆਂ ਤੇ ਕਾਹਲੀ ਕੀਤਿਆਂ ਕਈ ਵੇਰ ਔਖ ਪੈਦਾ ਹੁੰਦੇ ਹਨ। ਇਹ ਸਹਜ ਦਾ ਮਾਰਗ ਹੈ, ਜਥਾ -

ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ (ਆਸਾ ਮ: ੩,ਅਸਟ:-੩੫)

[3] ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ (ਫੁਨਹੇ ਮ: ੫-੧੪)

ਹੈ, ਅਰਥਾਤ ਹਿਰਦੇ ਵਿਚ ਨਾਮ ਜਾ ਟਿਕਦਾ ਹੈ। ਆਗਿਆ ਹੈ:-

ਹਿਰਦੈ ਨਾਮੁ ਵਸਾਇਹੁ॥ (ਸੋਰਠਿ ਮ: ੫-੫੨)

ਫਿਰ ਫਲ ਦੱਸਦੇ ਹਨ:-

ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ॥ (ਆਸਾ ਮ: ੩ ਅਸਟ:-੩੬)

ਹਿਰਦੈ ਨਾਮੁ ਸਦਾ ਕਿਰਤਾਰਥੁ॥ (ਬਿਲਾ: ਮ: ੧ ਅਸਟ:-੨)

ਹਿਰਦੈ ਨਾਮੁ ਸਦਾ ਧੁਨਿ ਨਿਹਚਲ........[1]॥ (ਸਾਰਗ ਮ: ੧,ਅਸਟ:-੧)

੩. ਜਦੋਂ ਮਨ ਤਨ ਇਸ ਸਿਮਰਣ ਵਿਚ ਰਚ ਜਾਂਦੇ ਹਨ, ਮੈਲ ਦੂਰ ਹੋ ਜਾਂਦੀ ਹੈ, ਤਦ ਨਾਮ ਰਸ ਰੂਪ ਹੋ ਜਾਂਦਾ[2] ਹੈ। ਰੋਮ ਰੋਮ ਵਿਚ ਇਕ ਪ੍ਰਤੀਤੀ ਯਾ ਅਹਿਸਾਸ ਹੋ ਆਉਂਦਾ ਹੈ ਕਿ ਮਾਨੋ ਹਰ ਰੋਮ ਵਿਚ ਨਾਮ ਰਸ ਹੈ, ਇਸ ਨੂੰ ਰੋਮ ਰੋਮ ਧਿਆਉਣਾ ਕਹੀਦਾ ਹੈ[3]।

(ੳ) **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** (ਸਿਧ ਗੋਸਟਿ-੨੭)

(ਅ) **ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ॥** (ਵਾਰ ਸਾਰੰਗ ਮ: ੪-੨੫)

(ੲ) **ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ॥** (ਆਸਾ ਮ: ੪ ਛੰਤ ੯-੩)

ਇਹ ਜੋ ਰੋਮ ਰੋਮ ਵਿਚ ਨਾਮ ਦੀ ਰਸ ਰੂਪਤਾ ਹੈ ਏਹੋ ਲੱਖ ਵੀਹ ਲੱਖ ਹੋਣਾ ਹੈ। ਇਕ ਵੇਰ ਨਾਮ ਕਹਿਣ ਨਾਲ ਫੇਰ ਇਹ ਸਾਰਾ ਗੇੜ ਮਾਨੋ ਜੀਭ ਨਾਲ ਕਿਹਾ ਵੀਹ ਲਖ ਤੁੱਲ ਹੋ ਜਾਂਦਾ ਹੈ। ਲੱਖਾਂ ਕਰੋੜਾਂ ਦੀ ਗੇਣਤੀ ਨਹੀਂ ਗਿਣ ਸਕੀਦੀ, ਭਾਵ ਹੈ ਕਿ ਲਗਾਤਾਰ ਹੋ ਜਾਂਦਾ ਹੈ। ਲੱਖਾਂ ਕ੍ਰੋੜਾਂ ਕਹਿਣ ਤੋਂ ਭਾਵ ਅਤਿ ਬਾਹੁੱਲਤਾ ਦਾ ਹੋਯਾ ਕਰਦਾ ਹੈ।

੪. ਇਹ ਨਾਮ ਦੀ 'ਨਾਮ ਰਸ ਰੂਪ ਪ੍ਰਤੀਤੀ' ਫਿਰ ਸਰੀਰ ਵਿਚ ਹੀ ਨਹੀਂ ਅਟਕਦੀ। ਕਈ ਵੇਰ ਚਾਰ ਚੁਫੇਰੇ ਪ੍ਰਤੀਤ ਦੇਂਦਾ ਹੈ ਕਿ ਇਹ ਨਾਮ ਰਸ ਸਾਰੇ ਭਰਪੂਰ ਹੈ। ਜਿੱਧਰ ਨਜ਼ਰ ਜਾਂਦੀ ਹੈ ਸੁੰਦਰਤਾ ਤੇ ਰਸ ਦਾ ਪ੍ਰਭਾਵ ਛਾ ਰਿਹਾ ਸਹੀ ਹੁੰਦਾ ਹੈ। ਵਣ ਤ੍ਰਿਣ ਨਾਮ ਹੀ ਨਾਮ ਹੋ ਰਿਹਾ ਦਿੱਸਦਾ ਹੈ:-

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥

(ਬਿਹਾ: ਮ: ੪ ਛੰਤ-੪)

੫. ਇਸ ਤੋਂ ਅਗੇ ਫੇਰ ਜਗਦੀਸ਼ੁਰ ਜੀ ਅਪਣੀ ਮਿਹਰ ਨਾਲ ਤਦਰੂਪਤਾ ਵਿਚ ਲੈ ਜਾਂਦੇ ਹਨ, ਯਥਾ:-

ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੂਠਾ॥ (ਆਸਾ ਮ: ੪ ਛੰਤ-੧੨)

ਬਾਂਹ ਪਕੜਿ ਠਾਕੁਰਿ ਹਉ ਘਿਧੀ......॥ (ਜੈਤ: ਮ: ੫ ਛੰਤ-੧)

ਨਾਨਕ ਨਦਰੀ ਨਦਰਿ ਨਿਹਾਲ॥ (ਜਪੁਜੀ- ੩੮)

ਸੁਣਿ ਗਲਾ ਆਕਾਸ ਕੀ-'ਜਿਵੇਂ ਆਕਾਸ਼ਾਂ ਦੀਆਂ ਗੱਲਾਂ' ਹੰਸ ਆਦਿ ਉੱਚੇ ਉੱਡਣ ਵਾਲੇ ਪੰਛੀਆਂ ਤੋਂ ਸੁਣਕੇ ਮੱਛਰ ਆਦਿ ਕੀੜੇ ਇਹ ਰੀਸ ਕਰਨ ਕਿ ਓਹ ਉੱਡਕੇ ਉੱਚ ਗਗਨਾਂ ਦੇ ਸੈਲੇ ਕਰ ਸਕਦੇ ਹਨ, ਤਾਂ ਹੋ ਨਹੀਂ ਸਕਦਾ। 'ਕੀਟ-ਉਡਾਰੀ' 'ਹੰਸ-ਉਡਾਰੀ' ਨਹੀਂ ਹੈ, ਰੀਸ ਕਰਨੀ ਬ੍ਰਿਥਾ ਹੈ। ਅਰਥਾਤ ਲੱਖਤਾ ਵਾਲਿਆਂ ਦੀ ਪਹੁੰਚ ਪ੍ਰਾਪਤੀ ਦੀ ਰੀਸ ਕਰਕੇ ਨਿਰੀ ਕਥਨੀ ਮਾਤ੍ਰ ਨਾਲ

---

[1] ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥ (ਮਲਾਰ ਮ: ੧-੬)

[2] ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਸੁਖਮਨੀ ੧-੪)

[3] 'ਲੂੰ ਜੀਭ'। ਆਮ ਮੁਹਾਵਰੇ ਵਿਚ ਕਹੀਦਾ ਹੈ:ਮੇਰਾ ਲੂੰ ਲੂੰ ਤੇਰਾ ਸ਼ੁਕਰ ਗੁਜ਼ਾਰ ਹੈ, ਮੇਰਾ ਲੂੰ ਲੂੰ ਤੈਨੂੰ ਅਸੀਸਾਂ ਦੇਂਦਾ ਹੈ। ਗੋਇਆ ਸ਼ੁਕਰ ਗੁਜ਼ਾਰੀ ਦੀ ਬਹੁੱਲਤਾ ਦਾ ਅਹਿਸਾਸ ਸਾਰੇ ਸਰੀਰ ਵਿਚ ਰਸ ਰੂਪ ਹੋ ਕੇ ਭਰ ਰਿਹਾ ਹੈ ਤੇ ਲੂੰਆਂ ਤਕ ਪਸਰ ਰਿਹਾ ਹੈ।

'ਯਥਾਰਥ' ਪ੍ਰਾਪਤੀ ਨਹੀਂ ਹੋ ਜਾਂਦੀ। ਇਸ ਦਾ ਕਾਰਣ ਤੇ ਇਲਾਜ ਗੁਰੂ ਜੀ ਐਉਂ ਦੱਸਦੇ ਹਨ:-

ਕਾਰਣ-**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥**
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥

ਕਰਨੀ ਵਾਲਿਆਂ ਦੀ ਰੀਸ ਨਹੀਂ:-

ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥

ਪਰ ਉਹਨਾਂ ਦੀ ਸੰਗਤਿ ਇਲਾਜ ਹੈ:-

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥ (ਵਾਰ ਸਿਰੀ ਰਾਗ ਮ: ੧-੭)

ਨਾਨਕ ਨਦਰੀ ਪਾਈਐ:-ਇਕ ਈਸ਼ ਦੀ ਯਥਾਰਥ ਪ੍ਰਾਪਤੀ ਵਾਹਿਗੁਰੂ ਦੀ ਨਦਰ ਨਾਲ ਹੁੰਦੀ ਹੈ। ਈਸ਼ਰ ਦੀ ਅਨੁਗ੍ਰਹ ਦੋ ਹੀ ਟਿਕਾਣਿਆਂ ਤੇ ਹੈ। ਪਹਿਲੇ ਨਾਮ ਪ੍ਰਾਪਤੀ ਤੇ ਅਭਯਾਸ ਲਈ:-

ਤੂੰ ਚਿਤਿ ਆਵਹਿ ਤੇਰੀ ਮਇਆ॥ (ਆਸਾ ਮ: ੫-੭੭)
ਜਿਨ ਕਉ ਨਦਰਿ ਕਰਮੁ ਤਿਨ ਕਾਰ॥ (ਜਪੁਜੀ-੩੮)

ਅਰਥਾਤ-ਇਹ ਸ਼ਬਦ ਘੜਨ ਦੀ ਕਾਰ ਨਦਰ ਨਾਲ ਹੁੰਦੀ ਹੈ। ਦੂਜੇ 'ਜਤੁ ਪਾਹਾਰਾ ਧੀਰਜੁ ਸੁਨਿਆਰੁ' ਵਾਲੀ ਪਉੜੀ ਵਿਚ ਦੱਸੀ ਘਾਲ ਕਰਨ ਤੋਂ ਉਪ੍ਰੰਤ ਜਦ ਸੱਚੀ ਟਕਸਾਲ ਵਿਚ ਸ਼ਬਦ ਘੜ ਚੁਕੀਦਾ ਹੈ, ਜਦੋਂ ਨਾਮ ਧਿਆਇਨ ਦੀ ਮੁਸ਼ੱਕਤ ਘਾਲੀ ਜਾ ਚੁਕੀ ਦੀ ਹੈ, ਤਦੋਂ 'ਨਾਨਕ ਨਦਰੀ ਨਦਰਿ ਨਿਹਾਲ' ਹੋਈਦਾ ਹੈ।

ਤਾਕੀਦ-ਇਹ ਲੱਖਾਂ ਜੀਭਾਂ ਨਾਲ ਜਪਣੇ ਦਾ ਉਪਦੇਸ਼ ਨਾਮ ਜਪ ਦੀ ਨਿਖੇਧੀ ਪੱਖ ਦਾ ਨਹੀਂ, ਵਿਧੀ ਪੱਖ ਦਾ ਹੈ। ਚਉਥੇ ਗੁਰੂ ਸਾਹਿਬ ਜੀ ਨੇ ਇਸ ਭਾਵ ਨੂੰ ਖੋਲ੍ਹਕੇ ਦੱਸ ਦਿਤਾ ਹੈ:-

ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਲਖ ਬੀਸ॥
ਜਪਿ ਹਰਿ ਹਰਿ ਸਬਦਿ ਜਪੀਸ॥ ਹਰਿ ਹੋ ਹੋ ਕਿਰਪੀਸ॥੧॥ ਰਹਾਉ॥
ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ
ਹਰਿ ਜਪਿ ਜਪੇ ਜਪੁ ਜਾਪਉ ਜਗਦੀਸ॥ (ਕਾਨ: ਮ: ੪-੮)

ਪੁਨਾ:- **ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥** (ਸੂਹੀ ਮ: ੫ ਛੰਤ-੬)
ਉਚਰਹੁ ਰਾਮ ਨਾਮੁ ਲਖ ਬਾਰੀ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ॥ (ਗਉੜੀ ਮ: ੫-੧੪੪)

ਲਖ ਵਾਰੀ ਨਾਮ ਉਚਾਰੋ, ਇਹ ਲਖ ਵਾਰੀ ਉਚਾਰਣ ਕਰਨਾ ਕਿਸੇ ਤਰ੍ਹਾਂ ਕਸ਼ਟ ਰੂਪ ਨਹੀਂ, (ਹੇ ਰਸਨਾ! ਇਸ ਨਾਲ ਤੂੰ) ਅੰਮ੍ਰਿਤ ਰਸ ਪੀਵੇਂਗੀ ਤੇ ਪ੍ਰਭੂ ਦੀ ਪਿਆਰੀ ਹੋ ਜਾਏਂਗੀ।

ਇਹ ਤਾਂ ਹੈ ਗੁਰਮਤਿ ਵਿਚ ਨਾਮ ਜਪ-ਦੁਆਰਾ ਪਉੜੀਆਂ ਜੋ ਇਕ ਈਸ਼ਤਾ ਵਿਚ ਲੈ ਜਾਂਦੀਆਂ ਹਨ।

ਵੇਦਾਂਤ ਪ੍ਰੇਮੀ ਪੰਡਿਤ ਯੋਗ ਵਸ਼ਿਸ਼ਟ ਵਿਚ ਦੀਆਂ ਸਤ ਭੂਮਿਕਾਂ ਨੂੰ ਪਤਿ ਪਉੜੀਆਂ ਦੇ ਅਰਥਾਂ ਵਿਚ ਲਾਉਣ ਦਾ ਜਤਨ ਕਰਦੇ ਹਨ। ਓਹ ਸੱਤ ਭੂਮਿਕਾ ਏਹ ਹਨ:-

ਜਾਗ੍ਰਤ ਦੀਆਂ:- ੧. ਮੋਖ ਦੀ ਇਛਾ ਭਾਵ ਮੁਕਤੀ ਦੀ ਚਾਹ ਉਪਜਣੀ।
੨. ਗੁਰੂ ਦੀ ਸ਼ਰਣ ਜਾ ਕੇ ਵੇਦ ਵਾਕਾਂ ਦਾ ਸ਼੍ਰਵਣ ਮਨਨ ਕਰਨਾ।
੩. ਨਿਧਿਆਸਣ।

ਸੁਪਨ ਤੁੱਲ ਅਵਸਥਾ:- ੪.ਤਤ੍ਵ ਸਾਖਯਾਤਕਾਰ, ਸਤ੍ਵਾਪਤੀ। ਇਸ ਵਿਚ ਪਦਾਰਥਾਂ ਦੀ ਪ੍ਰਤੀਤੀ ਸੁਪਨ ਵਤ ਹੁੰਦੀ ਹੈ। ਐਸੇ ਨੂੰ 'ਬ੍ਰਹਮ-ਵਿਤ' ਕਹਿੰਦੇ ਹਨ।

ਸੁਖੋਪਤੀ:- ੫. ਅਸੰਸਕਤੀ, ਨਿਰਵਿਕਲਪ ਸਮਾਧੀ। ਐਸੇ ਨੂੰ 'ਬ੍ਰਹਮ ਵਿਦ ਵਰ' ਕਹਿੰਦੇ ਹਨ ਇਹ ਆਪੇ ਖੁਲ੍ਹਦੀ ਹੈ।

ਗੂੜ ਸੁਖੋਪਤੀ- ੬. ਪਦਾਰਥ ਅਭਾਵਨੀ। ਉਸ ਸਮਾਧੀ ਵਾਲੇ ਦਾ ਨਾਮ 'ਬ੍ਰਹਮ ਵਿਦ ਵਰੀਆਤਮ' ਹੈ ਇਹ ਦੂਸਰਾ ਖੋਲ੍ਹਦਾ ਹੈ।

੭. ਬ੍ਰਹਮ ਵਿਦ ਵਿਰਿਸਟ। ਏਹ ਦੂਸਰੇ ਤੋਂ ਬੀ ਨਹੀਂ ਖੁੱਲ੍ਹਦੀ[1]। (ਦੇਖੋ ਪੰਨਾ-੨੫੫)

ਨਿਰੁਕ੍ਤ- **ਜੀਭੌ**-ਜੀਭ ਤੋਂ। ਰਸਨਾ ਨਾਲ।

ਲਖ ਵੀਸ-ਬੀਸ ਲੱਖ। ਵੀਹ ਲੱਖ। ਭਾਵ ਬਹੁਤ। ਜੈਸੇ ਫੁਰਮਾਇਆ ਹੈ: ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਉਥੇ ਗੇਣਤੀ ਦਾ ਇਕ ਲੱਖ ਮਤਲਬ ਨਹੀਂ, ਅਣਗਿਣਤ ਯਾ ਬਹੁਤ ਤੋਂ ਭਾਵ ਹੈ।

ਜਗਦੀਸ-(ਸੰਸ:, ਜਗਤ੍+ਈਸ਼=ਜਗਦੀਸ਼) ਜਗਤ ਦਾ ਮਾਲਕ। ਜਗਤ ਪਤੀ।

ਪਤਿ-(ਸੰਸ:,) ਮਾਲਕ, ਸੁਆਮੀ ਭਾਵ ਵਾਹਿਗੁਰੂ। (੨) ਸਤਿਕਾਰ।

ਪਵੜੀਆ-ਪਉੜੀਆਂ। ਭਾਵ ਕ੍ਰਮਵਾਰ ਚੜ੍ਹਾਈ ਤੋਂ ਹੈ।

ਪਤਿ ਪਵੜੀਆ-ਪਤੀ ਦੇ ਸਰੂਪ ਰੂਪ ਮਹਲ ਤਕ ਅੱਪੜਨ ਦੀਆਂ ਪਉੜੀਆਂ।

(ਅ) ਪਤਿ ਪਉੜੀਆਂ ਦਾ ਅਰਥ ਸਤਿਕਾਰ ਪ੍ਰਾਪਤੀ ਦੀਆਂ ਪਉੜੀਆਂ ਬੀ ਕਰਦੇ ਹਨ।

(ੲ) ਗਜਾਨ ਮਾਰਗ ਵਾਲੇ ਇਨ੍ਹਾਂ ਤੋਂ ਮੁਰਾਦ ਗਜਾਨ ਦੀਆਂ ਸੱਤ ਭੂਮਕਾ ਲੈਂਦੇ ਹਨ।

(ਸ) ਭਾਈ ਗੁਰਦਾਸ ਜੀ ਨੇ ਲਿਖਿਆ ਹੈ:- 'ਚੜ੍ਹਿ ਇਕੀਹ ਪਤਿ ਪਉੜੀਆਂ...' (ਵਾਰ ੧੧-੫)

ਇਸੇ ਤੋਂ ਗਜਾਨੀ 'ਵੀਹ ਵਿਸਵੇ' ਤੋਂ ਅਗੇ 'ਇਕੀਹ' ਦਾ ਭਾਵ ਬੇਸ਼ੁਮਾਰ ਯਾ ਅਨੰਤ ਲੈਂਦੇ ਹਨ।

ਇਕੀਸ-(ਇਕ+ਈਸ)=ਇਕ ਈਸ਼ਰ। ਭਾਵ ਈਸ਼ਰ ਨਾਲ ਇਕ ਹੋਈਦਾ ਹੈ।

(ਅ) ਵੀਹ ਲੰਘ ਕੇ ਇੱਕੀ ਹੋਈ ਦਾ ਹੈ=ਗੇਣਤੀ ਤੋਂ ਪਰੇ ਹੋ ਜਾਈਦਾ ਹੈ। ਤੁਰੀਆ ਤੋਂ ਭਾਵ ਲੈਂਦੇ ਹਨ।

ਆਕਾਸ-ਤੋਂ ਭਾਵ ਬ੍ਰਹਮ ਹੈ।

ਕੀਟਾ-ਕੀੜਿਆਂ ਨੂੰ -(ਸੰਸ:, ਕੀਟ) ਮੱਛਰ ਆਦਿ ਤੁਛ ਪਰ ਖੰਭਾਂ ਵਾਲੇ ਕੀੜੇ, ਭਾਵ ਕਰਨੀ ਹੀਨ ਕਥਨੀ ਵਾਲੇ ਜਦ ਗੱਪਾਂ ਮਾਰਦੇ ਹਨ ਤਦ ਮਾਨੋ ਕੀਟ ਖੰਭਾਂ ਨਾਲ ਉਡਦੇ ਹਨ।

ਠੀਸ-ਗੱਪ। (ਠਿਸਕ ਮਾਰਨੀ) =ਗੱਪ ਮਾਰਨੀ (ਅੰ: ਪੰਜਾਬੀ ਕੋਸ਼।)

(ਪਉੜੀ ੩੩)

ਪ੍ਰਾਕ੍ਥਨ-ਪਿਛਲੀ ਪਉੜੀ ਵਿਚ 'ਨਾਮ ਤੇ ਨਦਰ' ਦਾ ਵਰਣਨ ਕੀਤਾ ਸੀ, ਇਸ ਪਉੜੀ ਵਿਚ ਦੱਸਦੇ ਹਨ ਕਿ 'ਨਾਮ ਤੇ ਨਦਰ' ਦਾ ਮਾਰਗ 'ਜ਼ੋਰ' ਦਾ ਮਾਰਗ ਨਹੀ[2], ਜਿਸ ਤੋਂ ਇਹ ਵਿਦਤ ਹੁੰਦਾ ਹੈ ਕਿ ਇਹ ਸਹਜ ਦਾ ਮਾਰਗ ਹੈ। ਜ਼ੋਰ ਨਾਲ ਜੋ ਪ੍ਰਾਪਤੀ ਲੋੜੀਦੀ ਹੈ, ਉਹ ਆਪਣੇ ਹੀ ਮਨੋਰਥ ਦੇ ਉਲਟ ਜਾਂਦੀ ਹੈ, ਕੁਛ ਐਸ ਤਰ੍ਹਾਂ ਕਿ ਜਿਸ ਤਰ੍ਹਾਂ ਜ਼ੋਰ ਲਾ ਲਾ ਕੇ ਸੌਣਾ ਚਾਹੀਏ ਤਾਂ ਸਗੋਂ ਨੀਂਦ ਨਹੀਂ ਆਉਂਦੀ, ਨੀਂਦ ਤਾਂ ਕਿਸੇ ਸਹਜ ਭਾਵ ਵਿਚ ਗਿਆਂ ਆਉਂਦੀ ਹੈ।

---

[1]ਇਕ ਹੋਰ ਵੇਰਵਾ ਦੇਖੋ ਇਸੇ ਪੋਥੀ ਦੇ ਪੰਨਾ ੨੫੫ ਹੇਠ ਦੀ ਟੂਕ ਵਿਚ

[2] ਇਕ ਜ਼ੋਰ 'ਹਉ' ਦੇ ਆਸਰੇ ਹੁੰਦਾ ਹੈ। ਇਸ ਪਉੜੀ ਵਿਚ ਉਸਦੀ ਨਿਸਫਲਤਾ ਦੱਸੀ ਹੈ। ਇਕ ਜ਼ੋਰ 'ਆਤਮ ਬਲ' ਦਾ ਨਾਮ ਹੈ। ਯਥਾ-ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)

ਪੁਨਾ:- ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥

ਪੁਨਾ:- ਤਿਥੈ ਜੋਧ ਮਹਾਬਲ ਸੂਰ॥ (ਜਪੁਜੀ ੩੭)। ਇਹ ਜੋਰ ਇਸ ਪਉੜੀ ਦਾ ਵਿਸ਼ਯ ਨਹੀਂ ਹੈ।

ਇਸ ਤਰ੍ਹਾਂ ਸੁਰਤ ਦੇ ਕੰਮ: ਸਿਮਰਨ, ਗਿਆਨ ਤੇ ਵੀਚਾਰ ਆਦਿ ਸਭੇ ਸਹਜ ਦੇ ਭਾਵ ਨਾਲ ਸਫਲ ਹੁੰਦੇ ਹਨ, ਯਥਾ:- **ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥** (ਆਸਾ ਮ: ੩-੩੫)

ਪੁਨਾ:- **ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥** (ਸਿਰੀ ਮ; ੩, ਅਸਟ:-੨੩)

ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥ (ਸਿਰੀ: ਮ: ੧, ਅਸਟ:-੩)

ਪੁਨਾ:- **ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥** (ਸਿਰੀ ਮ: ੩, ਅਸਟ:-੨੩)

ਸੋ ਜੋਰ ਨਾ ਕਹਿਣ ਤੋਂ ਮੁਰਾਦ 'ਸਹਜ ਮਾਰਗ' ਦੀ ਹੈ, ਇਸ ਲਈ ਆਪ ਫੁਰਮਾਉਂਦੇ ਹਨ:-

ਮੂਲ	ਅਰਥ
	ਅਰਥ ਤੀਸਰੀ ਤੁਕ ਤੋਂ ਤੁਰੇਗਾ:-
ਆਖਣਿ ਜੋਰੁ ਚੁਪੈ ਨਹ ਜੋਰੁ॥ **ਜੋਰੁ ਨ ਮੰਗਣਿ ਦੇਣਿ ਨ ਜੋਰੁ॥** **ਜੋਰੁ ਨ ਜੀਵਣਿ ਮਰਣਿ ਨਹ ਜੋਰੁ॥** **ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**	੩. (ਪ੍ਰਤੱਖ ਦੇਖੋ ਭਾਈ! ਇਨਸਾਨ ਦੇ) ਜੀਉਣ ਵਿਚ (ਉਸ ਦਾ) ਜ਼ੋਰ (ਸਫਲ) ਨਹੀਂ, ਮਰਨੇ ਵਿਚ ਜ਼ੋਰ (ਸਫਲ) ਨਹੀਂ[1]। ੧. (ਇਸੀ ਤਰ੍ਹਾਂ ਇਸ ਜੀਉਣ ਸੰਬੰਧੀ ਜੋ ਜ਼ੋਰ ਦੀ ਖੇਡ ਨਹੀਂ ਹੈ-ਹੋਰ ਗੱਲਾਂ ਬੀ ਜ਼ੋਰ ਦੇ ਵੱਸ ਨਹੀਂ ਹਨ, ਜਿਵੇਂ) ਆਖਣ ਵਿਚ ਕਿ ਚੁਪ ਧਾਰਨ ਵਿਚ (ਦੋਹਾਂ ਵਿਚ) ਜ਼ੋਰ (ਸਫਲ) ਨਹੀਂ[2]। ੨. ਮੰਗਣੇ ਵਿਚ ਜ਼ੋਰ (ਸਫਲ) ਨਹੀਂ, ਦੇਣ ਵਿਚ ਜ਼ੋਰ (ਸਫਲ) ਨਹੀਂ[3]। ੪. ਐਸ਼੍ਵਰਜ ਤੇ ਮਾਲ ਧਨ ਦੀ (ਪ੍ਰਾਪਤੀ) ਵਿਚ ਜ਼ੋਰ (ਸਫਲ) ਨਹੀਂ (ਜਿਸ ਲਈ ਕਿ) ਮਨ ਵਿਚ ਸ਼ਬਤ (ਲੱਗਾ ਰਹਿੰਦਾ) ਹੈ[4]।
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥	੫. (ਤਿਵੇਂ ਹੀ ਸਮਝ ਲਓ ਕਿ ਨਾਮ ਸਿਮਰਣ ਆਦਿ) ਸੁਰਤ ਦੇ (ਕੰਮਾਂ ਵਿਚ) ਗਿਆਨ ਤੇ ਵੀਚਾਰ ਆਦਿ ਵਿਚ ਬੀ ਜ਼ੋਰ (ਸਫਲ) ਨਹੀਂ[5]।
ਜੋਰੁ ਨ ਜੁਗਤੀ ਛੁਟੈ ਸੰਸਾਰੁ॥	੬. (ਅਤੇ ਜਿਸ) ਜੁਗਤਿ ਨਾਲ ਸੰਸਾਰ (ਸਾਥੋਂ) ਛੁਟ ਸਕੇ

[1]ਸਹਜੇ ਆਵੈ ਸਹਜੇ ਜਾਇ॥ (ਗਉੜੀ ਮ: ੧-੬)

ਪੁਨਾ:-ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (ਵਾਰ ਮਾਝ ਮ: ੧-੧੫)

[2] ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਚੁਪ ਸਹਜੇ ਹੀ ਜਪਨਾ॥ (ਗਉੜੀ ਮ: ੫, ਅਸਟ:-੩)

ਪੁਨਾ:- ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾਤੀ ਮ: ੫, ਅਸਟ:-੨)

ਪੁਨਾ:- ਆਖਣੁ ਵੇਖਣੁ ਸਭ ਸਾਹਿਬ ਤੇ ਹੋਇ॥ (ਬਸੰਤ: ਮ: ੩-੧੪)

[3] ਮਨੁ ਤਨੁ ਦੇ ਲੈ ਸਹਜਿ ਸੁਭਾਇ॥ ਨਾਨਕ ਤਿਨ ਕੈ ਲਾਗਉ ਪਾਇ॥ (ਗਉੜੀ ਮ: ੧-੬)

[4] ਰਾਜ ਮੱਲ ਅਪਣੇ ਵੱਸ ਨਹੀਂ:-

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ॥ (ਵਾਰ ਮਾਝ ਮ: ੧-੧੫)

ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉੜੀ ਮ: ੫, ਅਸਟ: ੩)

ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥ (ਬਿਲਾ: ਮ: ੫-੧੨੨)

[5] ਸਹਜੇ ਅੰਮ੍ਰਿਤੁ ਪੀਓ ਨਾਮੁ॥ (ਗਉੜੀ ਮ: ੫, ਅਸਟ: ੩)

ਪੁਨਾ:- ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥ (ਤਿਲੰਗ ਮ: ੧, ਅਸਟ: ੧)

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥੩੩॥	(ਉਸ ਵਿਚ ਬੀ) ਜ਼ੋਰ (ਸਫਲ) ਨਹੀਂ[1]। ੭. ਜਿਸ ਦੇ (ਖਿਆਲ ਵਿਚ ਉਸਦੇ ਆਪਣੇ) ਹੱਥ ਵਿਚ (ਐਸਾ) ਜ਼ੋਰ[2] ਹੈ ਉਹ (ਜ਼ੋਰ) ਕਰਕੇ ਵੇਖ ਲਵੇ[3]। ੮. ਹੇ ਨਾਨਕ! (ਸਚ ਤਾਂ ਇਹੋ ਹੈ ਕਿ ਜ਼ੋਰ ਨਾਲ) ਉੱਤਮ ਕਿ ਨੀਚ ਕੋਈ ਨਹੀਂ (ਕੁਛ ਬਣ ਸਕਦਾ[4])॥੩੩॥

ਵਜਾਖਜਾ- ਇਸ ਪਉੜੀ ਵਿਚ ਗੁਰੂ ਜੀ ਨੇ 'ਜੋਰੁ ਨ ਜੀਵਣਿ ਮਰਣਿ ਨਹ ਜੋਰੁ' ਆਖਕੇ ਇਕ ਪ੍ਰਤੱਖ ਵਰਤ ਰਹੀ ਸਚਿਆਈ ਦੱਸੀ ਹੈ। ਇਸ ਤੋਂ ਸਮਝ ਪਈ ਕਿ ਜਦ ਜੰਮਣ ਤੇ ਮਰਨ ਵਿਚ ਜ਼ੋਰ ਨਹੀਂ ਤਾਂ ਇਸ ਦੇ ਜੀਵਨ ਸੰਬੰਧੀ ਕਰਤੱਵਜ ਆਦਿ ਹੋਰ ਗੱਲਾਂ ਵਿਚ, ਜੋ ਜੰਮਣ ਤੇ ਮਰਨ ਦੇ ਵਿਚਕਾਰ ਹਨ, ਬੀ ਜ਼ੋਰ ਸਫਲ ਨਹੀਂ। ਇਹ ਅਰਥਾਂਤਰ ਨਜਾਸ ਅਲੰਕਾਰ[5] ਦਾ ਤ੍ਰੀਕਾ ਵਰਤਿਆ ਹੈ। ਇਥੇ 'ਜੀਵਣ ਮਰਣ ਜ਼ੋਰ ਦੇ ਵੱਸ ਨਹੀਂ' ਸਾਮਾਨਜ ਅਰਥ ਸੁਤੇ ਸਿੱਧ ਹੈ, ਇਸ ਤੋਂ ਵਿਸ਼ੇਸ਼ ਅਰਥ ਇਹ ਸਮਰਥਨ ਕੀਤਾ ਗਿਆ ਹੈ ਕਿ ਜੀਵਣ ਦੇ ਹੋਰ ਕਾਰਯ: ਆਖਣ, ਚੁਪ, ਮੰਗਣ, ਦੇਣ, ਧਨ ਪ੍ਰਾਪਤੀ, ਊਚ ਨੀਚ ਹੋਣਾ ਆਦਿ ਬੀ ਜ਼ੋਰ ਦੇ ਵੱਸ ਨਹੀਂ ਹਨ। ਤਾਂ ਤੇ ਸੁਰਤ ਦੇ ਕਾਰਯ ਗਿਆਨ ਆਦਿ ਬੀ ਜ਼ੋਰ ਨਾਲ ਸਫਲਦੇ ਨਹੀਂ, ਏਹ ਸਹਿਜ ਵਿਚ ਸਫਲਦੇ ਹਨ। ਦੇਖੋ ਜੇ ਕੋਈ ਹਠ ਨਾਲ ਚੁਪ ਧਾਰੇ ਤਾਂ ਅੰਦਰ ਕਲਪਨਾ ਟੁਰੀ ਰਹਿੰਦੀ ਹੈ, ਚੁੱਪ ਨਹੀਂ ਵਰਤਦੀ। ਪਰ ਜੇ ਨਾਮ ਦੇ ਰਸਤੇ ਸਹਿਜ ਵਿਚ ਆ ਜਾਵੇ ਤਾਂ ਅੰਦਰ ਟਿਕਾਉ ਹੋ ਜਾਂਦਾ ਹੈ, ਬਾਹਰ ਬੋਲ ਚਾਲ ਵਿਚ ਸੰਜਮ ਆ ਜਾਂਦਾ ਹੈ। ਤਿਵੇਂ ਜ਼ੋਰ ਨਾਲ ਕੋਈ ਬੋਲੇ ਤਾਂ ਰਸ ਨਹੀਂ ਪੈਂਦਾ। ਜੇ ਜ਼ੋਰ ਨਾਲ ਕਥਾ ਵਖਜਾਨ ਕਰੇ, ਕਿ ਕਵਿਤਾ ਕਹੇ ਤਾਂ ਰਸਹੀਨਤਾ ਫਲ ਹੁੰਦਾ ਹੈ। ਜ਼ੋਰ ਨਾਲ ਨਾਮ ਜਪੇ ਤਾਂ ਰਸ ਨਹੀਂ ਪੈਂਦਾ- **ਸਹਜੇ ਗਾਵਿਆ ਥਾਇ ਪਵੈ....॥** ਵਾਕ ਹੈ। (ਸਿਰੀ: ਮ: ੩ ਅਸਟ:-੨੩)

ਜ਼ੋਰ ਨਾਲ ਮੰਗਣਾਂ-ਅਰਥਾਤ ਭਿੱਖੂ ਬਣਨੇ ਲਈ ਬੀ ਅੰਦਰ ਸਹਜ ਦੀ ਧਾਰਨਾਂ ਦੀ ਲੋੜ ਹੈ, ਹਠ ਬ੍ਰਿਤੀ ਨਾਲ ਬਣੇ ਹੋਏ ਭਿੱਖੂ ਦੇ ਅੰਦਰ ਸੰਤੋਖ ਨਹੀਂ ਉਪਜਦਾ। ਦਾਨ ਕਰਨ ਵਿਚ ਸਹਿਜ ਦੀ ਲੋੜ ਹੈ, ਹਠ ਨਾਲ ਕੀਤਾ ਦਾਨ ਮਨ ਨੂੰ ਨਿਰਮਲ ਨਹੀਂ ਕਰਦਾ। ਜੰਮਣਾ, ਜੀਉਣਾ, ਮਰਣਾ ਕਿਸੇ ਦੇ ਅਪਣੇ ਵੱਸ ਨਹੀਂ, ਇਹ ਸੁਤੇ ਹੀ ਸਹਜ ਸੁਭਾ ਹੁੰਦਾ ਤੇ ਮੁੱਕਦਾ ਹੈ। ਕਾਮਯਾਬ ਰਾਜਾ ਯਾ ਧਨੀ ਬਣਨੇ ਲਈ ਬੀ ਅੰਦਰ ਇਕ ਸਹਜ ਭਾਵ ਦੇ ਆ ਜਾਣ ਦੀ ਲੋੜ ਹੈ। ਜ਼ੋਰ ਧੱਕੇ ਵਾਲੇ ਰਾਜੇ ਤੇ ਧਨੀ ਜਿਸ ਪ੍ਰਯੋਜਨ ਲਈ ਰਾਜ ਤੇ ਧਨ ਕੱਠਾ ਕਰਦੇ ਹਨ, ਉਹ ਪ੍ਰਯੋਜਨ ਅਸਫਲ ਹੋ ਜਾਂਦਾ ਹੈ। ਰਾਜ ਤੇ ਧਨ ਸੁਖ ਭੋਗਣ ਲਈ ਲੱਭੀਦਾ ਹੈ, ਪਰ ਜ਼ੋਰ ਹਠ ਵਾਲੇ ਰਾਜੇ ਤੇ ਧਨੀ ਦਾ ਅੰਦਰ ਖੌਲਰ ਵਿਚ ਰਹਿੰਦਾ ਹੈ। ਖੌਲਰ ਵਾਲਾ ਮਨ ਸੁਖੀ ਨਹੀਂ ਹੋ ਸਕਦਾ। ਪ੍ਰਜਾ ਨੂੰ ਯਾ ਗ਼ਰੀਬਾਂ ਨੂੰ ਸੁਖ ਦੇਣ ਦਾ ਮਨੋਰਥ ਬੀ ਰਾਜੇ ਤੇ ਧਨੀ ਦਾ ਸਹਜ ਵਿਚ ਸਫਲ ਹੁੰਦਾ ਹੈ, ਜ਼ੋਰ ਹਉਂ ਵਿਚ ਸਫਲ ਨਹੀਂ ਹੁੰਦਾ।

---

[1]ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ॥ (ਧਨਾਸਰੀ ਮ: ੫, ਛੰਤ-੧)
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉੜੀ ਮ: ੫, ਅਸਟ: -੩)

[2]ਐਉਂ ਬੀ ਅਰਥ ਲਾਉਂਦੇ ਹਨ:ਜਿਸ ਪਰਮੇਸ਼ੁਰ ਦੇ ਹੱਥ ਵਿਚ ਜ਼ੋਰ ਹੈ ਉਹ ਜ਼ੋਰ ਕਰਦਾ ਪਿਆ ਵੇਖਦਾ ਹੈ। (ਸੰਭਾਲਦਾ ਹੈ)। (ਸੰਪ੍ਰ:) [3]ਇਸ ਕਾ ਬਲੁ ਨਾਹੀ ਇਸੁ ਹਾਥ॥ (ਸੁਖਮਨੀ ੧੧-੫)
ਪੁਨਾ:- ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)

[4] ਨੀਚਹੁ ਊਚ ਕਰੈ ਮੇਰਾ ਗੋਬਿੰਦੁ॥ (ਮਾਰੂ ਰਵਿ:) ਹੁਕਮੀ ਉਤਮੁ ਨੀਚੁ॥ (ਜਪੁਜੀ ੨)
ਊਚੇ ਤੇ ਨੀਚਾ ਕਰੇ ਨੀਚ ਖਿਨ ਮਹਿ ਥਾਪੈ॥ (ਬਿਲਾ: ਮ: ੫-੫੦)

[5] ਜਿਸ ਕਥਨ ਵਿਚ ਵਿਸ਼ੇਸ਼ ਕਥਨ ਨੂੰ ਸਾਮਾਨ ਕਥਨ ਨਾਲ ਤੇ ਸਾਮਾਨ ਕਥਨ ਨੂੰ ਵਿਸ਼ੇਸ਼ ਕਥਨ ਨਾਲ ਪੱਕਿਆਂ ਕੀਤਾ ਜਾਏ ਉਹ ਅਰਥਾਂਤਰ ਨਜਾਸ ਅਲੰਕਾਰ ਕਹੀਦਾ ਹੈ।

ਸੁਰਤ ਦੇ ਗਜਾਨ ਵੀਚਾਰ, ਅਰਥਾਤ ਪਰਮਾਰਥ ਦੀ ਸਫਲ ਪ੍ਰਾਪਤੀ ਤਾਂ ਹੈ ਹੀ ਸਹਜ। ਹਠ ਆਸਰੇ ਕੀਤੇ ਆਤਮਿਕ ਸਾਧਨ ਹਉਂ ਵਿਚ ਹੀ ਰਖਦੇ ਹਨ। ਜਦੋਂ ਅੰਦਰਲਾ ਟਿਕਾਉ ਸੁਭਾਵ- ਭੂਤ ਹੋਕੇ ਆਤਮ ਰੰਗ ਵਿਚ ਨਿਰਯਤਨ ਰਖਦਾ ਹੈ, ਤਦੋਂ ਸਹਜ ਦੀ ਅਵਸਥਾ ਹੁੰਦੀ ਹੈ ਤੇ ਉਹ ਸੁਖ ਰੂਪ ਹੁੰਦੀ ਹੈ। ਜਿਵੇਂ ਤਾਰੂ ਦੀ ਮੁਰਦਾ ਤਾਰੀ ਉਸ ਨੂੰ ਨਿਰਯਤਨ ਤਾਰੀ ਵਿਚ ਲਈ ਜਾਂਦੀ ਹੈ। ਹਠ ਬ੍ਰਿਤੀ ਨਾਲ ਸੰਸਾਰ ਛੱਡਕੇ ਜੋ ਤੀਰਥਾਂ ਯਾ ਬਨਾ ਵਿਚ ਚਲੇ ਜਾਂਦੇ ਹਨ, ਸੰਸਾਰ ਤੋਂ ਛੁਟਦੇ ਨਹੀਂ, ਬ੍ਰਿਤੀ ਸੰਸਾਰਾਕਾਰ ਰਹਿੰਦੀ ਹੈ। ਸੰਸਾਰਾਕਾਰ ਸੰਕਲਪ ਵਿਕਲਪ ਦਾ ਪ੍ਰਵਾਹ ਜਗਤ ਨਾਲ ਬੰਨ੍ਹੀ ਰੱਖਦਾ ਹੈ।

ਇਸੀ ਤਰ੍ਹਾਂ ਹਠ ਨਾਲ ਉਤਮ ਬਣਿਆਂ ਅੰਤਰਲਾ ਉੱਤਮਤਾ ਵਿਚ ਵਟੀਜ ਨਹੀਂ ਜਾਂਦਾ, ਨੀਚਤਾ ਅੰਦਰ ਵਸਦੀ ਰਹਿੰਦੀ ਤੇ ਦਾਉ ਪਾ ਪਾ ਕੇ ਨਿਕਲਦੀ ਰਹਿੰਦੀ ਹੈ। ਜੇ ਕੋਈ ਉੱਤਮ ਹੋਵੇ ਤੇ ਜ਼ੋਰ ਲਾਵੇ ਨੀਚ (ਨਿਰਮਾਣ ਸੇਵਕ) ਹੋਣ ਦਾ, ਤਾਂ ਭੀ ਸੰਭਵ ਨਹੀਂ, ਲੋਕ ਉਸਦੀ ਉੱਤਮਤਾ ਨੂੰ ਪਛਾਣ ਜਾਂਦੇ ਹਨ। ਸੋ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਅਵਸਥਾ ਅਸੀਂ ਚਾਹੁੰਦੇ ਹਾਂ ਸਿੱਖ ਦੇ ਅੰਦਰ ਪੈਦਾ ਹੋਵੇ ਉਹੀ ਸਹਜ ਦੀ ਹੈ। 'ਨਾਮ ਤੇ ਨਦਰ' ਸਹਜ ਮਾਰਗ ਦੀਆਂ ਵਸਤਾਂ ਹਨ।

ਕਵਿ ਸੰਤੋਖ ਸਿੰਘ ਜੀ ਇਸ ਪਉੜੀ ਵਿਚ ਜੀਵ ਦੀ ਪਵਿੱਤ੍ਰਤਾ ਦਾ ਭਾਵ ਲੈਂਦੇ ਹਨ। ਅਤੇ ਪੰਡਿਤ ਲੇਖਕ[1] ਇਸ ਪਉੜੀ ਨੂੰ ਇਉਂ ਲੈਂਦੇ ਹਨ ਕਿ 'ਆਖਣ, ਚੁਪ, ਮੰਗਣ, ਦੇਣ, ਜੀਵਨ, ਮਰਨ, ਰਾਜ, ਮਾਲ, ਗਜਾਨ, ਵੀਚਾਰ ਤੇ ਜੁਗਤੀ ਨਾਲ, ਗਜਾਨ ਰੂਪੀ ਬਲ ਪ੍ਰਾਪਤ ਨਹੀਂ ਹੁੰਦਾ। ਵਿਚ'-ਜਿਸੁ ਹਥਿ ਜੋਰੁ' ਵਿਚ 'ਵਿਦਜਾ ਰੂਪੀ' ਪਦ ਦਾ ਅਧਜਾਹਾਰ ਕਰਕੇ ਐਉਂ ਅਰਥ ਲਾਉਂਦੇ ਹਨ:- ਜਿਸ ਦੇ ਹੱਥ ਵਿਚ ਵਿਦਜਾ ਰੂਪੀ ਬਲ ਹੈ ਉਹ (ਆਪਣੇ ਸਰੂਪ ਨੂੰ ਕਰਿ=) ਹੱਥ ਤੇ ਪਈ ਵਸਤੂ ਵਾਂਙੂੰ ਦੇਖਦਾ ਹੈ। (ਉਸ ਗਜਾਨ ਦ੍ਰਿਸ਼ਟੀ ਦੀ ਪ੍ਰਾਪਤੀ ਕਰਕੇ ਉਸ ਪੁਰਖ ਦੀ ਦ੍ਰਿਸ਼ਟੀ ਵਿਚ) ਉੱਤਮ (ਯਾ) ਨੀਚ ਕੋਈ ਨਹੀਂ ਰਹਿੰਦਾ, ਉਸ ਨੂੰ ਸਰਬ ਬ੍ਰਹਮ ਦ੍ਰਿਸ਼ਟੀ ਪੈਂਦਾ ਹੈ।

ਨਿਰੁਕ੍ਤ- **ਆਖਣਿ**-ਆਖਣ ਵਿਚ।

ਜੋਰੁ-(ਫਾ:, ਜ਼ੋਰ) ਬਲ, ਤਾਕਤ।

ਮਨਿ ਸੋਰੁ-ਜਿਸ ਲਈ ਮਨ ਵਿਚ ਖ਼ਬਤ ਲਗਾ ਰਹਿੰਦਾ ਹੈ। (ਫਾ:, ਸ਼ੋਰ=ਰੌਲਾ) ਖ਼ਬਤ।

ਸੁਰਤੀ-ਸੁਰਤ (ਦੇ ਕੰਮਾਂ) ਵਿਚ।

(ਪਉੜੀ ੩੪-ਧਰਮ ਖੰਡ)

ਪ੍ਰਾਕ੍ਕਥਨ-੩੩ ਪਉੜੀਆਂ ਵਿਚ ਅਕਾਲ ਪੁਰਖ ਦਾ ਸਰੂਪ, ਉਸ ਦੀ ਪ੍ਰਾਪਤੀ ਦੇ 'ਅੰਤ੍ਰੰਗ ਸਾਧਨ' (ਨਾਮ, ਸਿਮਰਨ, ਗੁਣ ਗਾਯਨ ਆਦਿ,) ਫਿਰ ਦ੍ਰਿਸ਼ਟਮਾਨੀ ਵਿਸ਼ਾਲਤਾ ਤੇ ਸੁੰਦਰਤਾ ਆਦਿ ਤੋਂ ਸਿਫਤ ਸਲਾਹੀ ਰੰਗ ਲੈਕੇ ਕਰਤੇ ਵਿਚ ਸਮਾਏ ਰਹਿਣ ਦੇ 'ਬਹਿਰੰਗ ਸਾਧਨ' ਵਰਣਨ ਹੋ ਚੁਕੇ ਹਨ। ਇਸ ਆਤਮਕ ਇਮਾਰਤ ਨੂੰ ਉੱਚੇ ਸੁੱਚੇ ਆਚਰਨ ਦੀਆਂ ਨੀਹਾਂ ਤੇ ਉਸਾਰਨ ਦੀ ਸਿਖਜਾ ਬੀ ਆ ਚੁਕੀ ਹੈ। ਫਿਰ ਸਮੇਂ ਦੇ ਪਰਵਿਰਤ ਸਾਧਨ, ਜੋ ਅਸਲੀਅਤ ਤੋਂ ਵਿਗੜ ਚੁਕੇ ਸੇ, ਯਾ ਅਲਪ ਗੁਣ ਵਾਲੇ ਸੇ, ਯਾ ਗ਼ਲਤ ਨੀਹਾਂ ਤੇ ਬਣੇ ਹੋਏ ਸੇ, ਸੋ ਜਗ੍ਹਾ ਜਗ੍ਹਾ ਦਿਖਲਾਏ ਜਾ ਚੁਕੇ ਹਨ ਤੇ ਇਨ੍ਹਾਂ ਤੋਂ ਚੁੱਕ ਕੇ 'ਈਸ਼੍ਵਰ ਪਰਾਇਣਤਾ' ਵਿਚ ਵਾਹਿਗੁਰੂ ਦੀ ਨਦਰ ਦੀ ਸੇਧ ਹੇਠ ਟਿਕੇ

---

[1]ਸ੍ਰੀ ਨਰੋਤਮ ਜੀ, ਪੰਡਿਤ ਸਾਧੂ ਸਿੰਘ ਜੀ, ਆਦਿ।

ਰਹਿਣਾ ਬੀ ਵਰਣਨ ਹੋ ਚੁਕਾ ਹੈ। ਹੁਣ ਨਵਾਂ ਵਿਸ਼ਯ ਚਲਦਾ ਹੈ, ਜੋ ੩੪, ੩੫, ੩੬ ਤੇ ੩੭ ਪਉੜੀਆਂ ਵਿਚ ਵਰਣਿਤ ਹੈ। ਇਹ ਹੈ ਕਰਤਾਰ ਦੀ ਕਾਇਨਾਤ ਯਾ ਵਿਸ੍ਵ ਵਿਚ ਦ੍ਰਿਸ਼ਜ ਤੇ ਅਦ੍ਰਿਸ਼ਜ, ਸਥੂਲ ਤੇ ਸੂਖਮ ਰਚਨਾਂ ਦਾ ਵਰਣਨ। ਇਸ ਨੂੰ ਪੰਚ ਖੰਡਾਂ ਵਿਚ ਵੰਡਿਆ ਹੈ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ। ਪਉੜੀ ੩੪ ਵਿਚ ਧਰਮ ਖੰਡ ਦਾ ਵਰਣਨ ਹੈ। ਪਉੜੀ ੩੫ ਵਿਚ ਗਿਆਨ ਖੰਡ ਤੇ ੩੬ ਵਿਚ ਸਰਮ ਖੰਡ ਅਤੇ ੩੭ ਪਉੜੀ ਵਿਚ ਕਰਮ ਖੰਡ ਤੇ ਸਚ ਖੰਡ ਦਾ ਵਰਣਨ ਹੈ।

ਮੂਲ	ਅਰਥ
ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥	(ਉਪਰ ਆਕਾਸ਼ ਹਨ, ਦੁਆਲੇ) ਪਉਣ (ਹੇਠਾਂ) ਪਾਤਾਲ ਹਨ, (ਸਤਹ ਪੁਰ ਤੇ ਵਿਚ) ਅਗਨੀ ਤੇ ਪਾਣੀ, (ਐਸੇ ਦੇਸ਼[1] ਵਿਚ) ਰਾਤਾਂ, ਰੁਤਾਂ ਥਿਤਾਂ ਤੇ ਵਾਰਾਂ (ਅਰਥਾਤ ਇਸ ਤਰ੍ਹਾਂ ਦੀ ਕਾਲਗਤੀ[1] ਰਚਕੇ) ਉਸ (ਪ੍ਰਬੰਧ) ਵਿਚ (ਸਾਈਂ ਨੇ ਇਹ) ਧਰਤੀ ਧਰਮ (ਕਮਾਉਣ ਦਾ) ਸਥਾਨ (ਬਣਾਕੇ) ਸਥਾਪਨ ਕਰ ਰਖੀ ਹੈ।
ਤਿਸੁ ਵਿਚਿ ਜੀਅਜੁਗਤਿ ਕੇ ਰੰਗ॥ ਤਿਨਕੇ ਨਾਮ ਅਨੇਕ ਅਨੰਤ॥	ਉਸ (ਧਰਤੀ) ਵਿਚ ਰੰਗ ਰੰਗ (ਭਾਂਤਿ ਭਾਂਤਿ) ਦੇ ਜੀਵ (ਤੇ ਉਨ੍ਹਾਂ ਦੇ ਜੀਵਨ ਵਾਸਤੇ ਤਰ੍ਹਾਂ ਤਰ੍ਹਾਂ ਦੀਆਂ) ਜੁਗਤਾਂ (ਰਚੀਆਂ) ਹਨ। (ਓਹ ਜੀਵ ਗੇਣਤੀ ਵਿਚ ਅਨੰਤ=) ਬੇਸ਼ੁਮਾਰ ਹਨ ਤੇ ਉਨ੍ਹਾਂ ਦੇ ਨਾਮ ਅਨੇਕ ਹਨ।
ਕਰਮੀ ਕਰਮੀ ਹੋਇ ਵੀਚਾਰੁ॥	ਹਰੇਕ (ਜੀਵ ਦੇ ਆਪੋ ਆਪਣੇ ਕੀਤੇ ਸ਼ੁਭ ਅਸ਼ੁਭ) ਕਰਮਾਂ ਦੁਆਰੇ ਵੀਚਾਰ ਬੀ ਹੁੰਦੀ ਹੈ[2]।
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ ॥੩੪॥	(ਪ੍ਰਸ਼ਨ: ਕਿੱਥੇ ? ਉੱਤਰ-ਰਚਣਹਾਰ ਵਾਹਿਗੁਰੂ) ਆਪ ਸੱਚਾ ਹੈ ਤੇ ਸੱਚਾ ਹੀ ਹੈ (ਉਸ ਦਾ) ਦਰਬਾਰ, ਓਥੇ (ਭਾਵ ਉਸ ਦੇ ਦਰਬਾਰ ਵਿਚ) ਪਰਵਾਣ ਹੋਏ ਸੰਤ ਸ਼ੋਭਾ ਪਾਉਂਦੇ ਹਨ। (ਓਥੇ) ਮਿਹਰ ਕਰਨ ਵਾਲੇ (ਸਚੇ ਪਰਮੇਸ਼ੁਰ ਦੀ) ਬਖਸ਼ਿਸ਼ ਦੁਆਰਾ ਨਿਸ਼ਾਨ ਪੈਂਦਾ ਹੈ। ਓਥੇ (ਜੀਵ ਦੀ) ਕਚਿਆਈ ਪਕਿਆਈ ਦਾ ਪਤਾ ਲੱਗਦਾ ਹੈ। (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਓਸ ਸੱਚੇ ਦਰਬਾਰ ਵਿਚ) ਗਿਆਂ ਹੀ ਪਤਾ ਲੱਗੇਗਾ (ਕਿ ਕਚਿਆਈ ਕਿਸ ਵਿਚ ਤੇ ਪਕਿਆਈ ਕਿਸ ਵਿਚ ਹੈ)[3]॥੩੪॥

---

[1]ਦੇਸ਼ ਤੇ ਕਾਲ ਵਿਚ ਧਰਤੀ ਰਖੀ ਗਈ। (ਗਿਆਨ ਅਰਕ ਟੀਕਾ ਜਪੁਜੀ, ੧੯੯੦ ਬਿ:) ਦੇਸ਼=Space, ਕਾਲ=Time।

[2] (ਅ) ਜੀਵ ਦਾ ਵੀਚਾਰ ਕਰਮਾਂ ਅਨੁਸਾਰ ਹੁੰਦਾ ਹੈ। ਕਰਮੀ=ਕਰਮ ਕਰਨ ਵਾਲਾ, ਭਾਵ ਜੀਵ। ਕਰਮੀ=ਕਰਮਾਂ ਦੁਆਰੇ। (ਸੰਪ੍ਰਦਾ)।

[3] ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (ਵਾਰ ਸੂਹੀ ਮ: ੧-੧੨)

(ਪਉੜੀ ੩੫-ਗਿਆਨ ਖੰਡ)

ਮੂਲ	ਅਰਥ
ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥	ਧਰਮ ਖੰਡ ਦਾ ਤਾਂ ਇਹੋ ਧਰਮ ਹੈ (ਕਿ ਇਥੇ ਧਰਮ ਕਮਾਵੇ[1])। (ਹੁਣ) ਗਿਆਨ ਖੰਡ ਦਾ ਵਿਸ਼ਜ ਆਖਹੁ! (ਉੱਤਰ-ਉਸ ਵਿਚ) ਕਿੰਨੇ[2] ਪੌਣ, ਪਾਣੀ, ਅਗਨੀਆਂ, ਕਿੰਨੇ ਕ੍ਰਿਸ਼ਨ ਤੇ ਸ਼ਿਵ (ਹੈਨ ਤੇ) ਕਿੰਨੇ ਘਾੜਤੀ ਬ੍ਰਹਮੇ (ਹਨ ਜਿਨ੍ਹਾਂ ਤੋਂ) ਘੜੇ ਜਾਂਦੇ ਹਨ (ਕਈ ਪ੍ਰਕਾਰ ਦੇ) ਰੂਪ ਰੰਗ ਤੇ ਵੇਸ। ਕਿੰਨੀਆਂ ਕਰਮਾਂ ਦੀਆਂ ਭੂਮੀਆਂ,ਕਿੰਨੇ ਸੁਮੇਰ, ਕਿੰਨੇ ਧ੍ਰੂਅ, (ਕਿੰਨੇ) ਉਪਦੇਸ਼ (ਦੇਣ ਵਾਲੇ ਧ੍ਰੂਅ ਵਰਗਿਆਂ ਦੇ; ਭਾਵ ਨਾਰਦ ਆਦਿ ਹਨ।)
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥	ਕਿੰਨੇ ਇੰਦ੍ਰ, ਚੰਦ੍ਰ, ਕਿੰਨੇ ਸੂਰਜ, ਕਿੰਨੇ ਮੰਡਲ (ਤੇ ਕਿੰਨੇ) ਦੇਸ਼ (ਹਨ)। ਕਿੰਨੇ ਸਿੱਧ, ਬੁਧ, ਕਿੰਨੇ ਨਾਥ, ਕਿੰਨੇ (ਹਨ) ਦੇਵੀ ਦੇ ਸਰੂਪ। ਕਿੰਨੇ ਦੇਵਤੇ, ਦਾਨਵ, ਕਿੰਨੇ ਮੁਨੀ (ਰਿਸ਼ੀ ਆਦਿ) ਕਿੰਨੇ ਰਤਨ ਤੇ ਸਮੁੰਦ੍ਰ (ਹਨ)। ਕਿੰਨੀਆਂ (ਜੀਵਾਂ ਦੀਆਂ) ਖਾਣੀਆਂ, ਕਿੰਨੀਆਂ ਬਾਣੀਆਂ (ਹਨ), (ਕਿੰਨੇ) ਪ੍ਰਭੂ ਤੇ ਪਾਤਸ਼ਾਹ ਹਨ[3], ਕਿੰਨੀਆਂ ਸੁਰਤੀਆਂ (ਤੇ) ਕਿੰਨੇ ਸੇਵਕ ਹਨ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਉਨ੍ਹਾਂ ਦਾ) ਅੰਤ ਹੀ ਕੋਈ ਨਹੀਂ॥੩੫॥

(ਪਉੜੀ ੩੬-ਸਰਮ ਖੰਡ)

ਮੂਲ	ਅਰਥ
ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥	ਗਿਆਨ ਦੇ ਖੰਡ ਵਿਖੇ ਗਿਆਨ ਮਹਾਨ ਤੇਜਵਾਨ ਹੈ, ਉਥੇ ਕਰੋੜਾਂ ਨਾਦਾਂ ਤੇ ਬਿਨੋਦਾਂ ਦਾ ਅਨੰਦ ਹੈ। (ਹੁਣ ਸਰਮ ਖੰਡ ਟੁਰਿਆ)
ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥	(ਸਰਮ ਖੰਡ) ਅਨੰਦ ਦੇ ਖੰਡ ਦੀ ਲੱਛਣਾ ਸੁੰਦਰਤਾ ਹੈ। ਓਥੇ (ਉਪਮਾਂ ਤੋਂ ਪਰੇ ਭਾਵ) ਪਰਮ ਸੁੰਦਰ ਘਾੜਤ ਘੜੀ ਜਾਂਦੀ ਹੈ, ਉਸ (ਸਰਮ ਖੰਡ) ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ। ਜੇ ਕੋਈ (ਓਹ ਗਲਾਂ) ਆਖੇ ਤਾਂ ਪਿਛੋਂ ਪਛਤਾਉਂਦਾ ਹੈ (ਕਿਉਂਕਿ ਸਾਂਗੋ ਪਾਂਗ ਵਰਣਨ ਮਾਨੁੱਖੀ ਬੋਲੀ ਵਿਚ ਹੋ ਨਹੀਂ ਸਕਦਾ, ਨਮੂਨੇ ਲਈ ਦੇਖੋ) ਓਥੇ

[1]ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ॥ (ਗਉੜੀ ਮ: ੧-੧੩)
ਕਰਮ ਭੂਮਿ ਮਹਿ ਬੋਅਹੁ ਨਾਮੁ॥ (ਗਉੜੀ ਮ: ੫-੭੩)

[2] ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ॥ (ਸਾਰਗ ਮ: ੫, ਅਸਟ:੨) ਦੇਖੋ ਸਾਰਾ ਸ਼ਬਦ ਅੱਗੇ ਪੰਨਾ ੧੬੮- ੧੬੯ ਪਰ)

[3](ਅ) ਸੰਪ੍ਰ: ਅਰਥ ਇਹ ਬੀ ਹੈ-ਪਾਤਸ਼ਾਹਾਂ ਦੀਆਂ ਸ਼੍ਰੇਣੀਆਂ। ਪਾਤ=ਪੰਕਤੀ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥	ਸੁਰਤਿ ਮਤਿ ਮਨਿ ਤੇ ਬੁਧਿ ਘੜੀਆਂ ਜਾਂਦੀਆਂ ਹਨ। ਓਥੇ ਘੜੀਦੀ ਹੈ ਸੁਧ (ਦਿਵਜ ਬੁੱਧੀ ਜੋ) ਦੇਵਤਿਆਂ ਤੇ ਸਿੱਧਾਂ (ਪੁਰਖਾਂ) ਦੀ (ਵਸਤੂ) ਹੈ। (ਹੁਣ ਸੋਚੋ, ਬਿਨ ਦੇਖੇ ਇਹ ਗੱਲਾਂ ਕਥਨੀ ਮਾਤ੍ਰ ਨਾਲ ਕੀਕੂੰ ਸਮਝ ਵਿਚ ਪੈ ਸਕਦੀਆਂ ਹਨ)॥੩੬॥

(ਪਉੜੀ ੩੭-ਕਰਮ ਖੰਡ ਤੇ ਸਚ ਖੰਡ)

ਮੂਲ	ਅਰਥ
ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥ ਤਿਥੈ ਜੋਧ ਮਹਾ ਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨਕੈ ਰਾਮੁ ਵਸੈ ਮਨ ਮਾਹਿ॥	(ਕਰਮ ਖੰਡ)-ਫਜ਼ਲ ਦੇ ਖੰਡ ਦੀ ਰਚਨਾ ਜ਼ੋਰ[੧] ਹੈ। ਓਥੇ ਦੂਸਰਾ ਹੋਰ ਕੋਈ ਨਹੀਂ ਹੈ (ਬਿਨਾਂ ਬਖਸ਼ੇ ਹੋਇਆਂ ਦੇ)। ਓਥੇ ਹਨ ਜੋਧੇ, ਮਹਾਂਬਲੀ ਤੇ ਸੂਰਮੇ। ਉਨ੍ਹਾਂ ਵਿਚ (ਵਿਆਪਕ) ਰਾਮ ਭਰਪੂਰ ਹੋ ਰਿਹਾ ਹੈ। ਓਥੇ ਹਨ (ਭਰਪੂਰ ਤੇ ਵਯਾਪਕ ਰਾਮ ਦੀ) ਮਹਿਮਾਂ ਵਿਚ (ਮਗਨ ਹੋ ਰਹੇ ਅਨੇਕਾਂ) ਰਾਮ ਤੇ ਸੀਤਾ। ਉਨ੍ਹਾਂ ਦੇ ਰੂਪ ਕਹੇ ਨਹੀਂ ਜਾ ਸਕਦੇ[੨]। ਓਹ ਮਰਦੇ (ਬੀ) ਨਹੀਂ ਤੇ ਨਾਂ ਹੀ ਠੱਗੇ ਜਾਂਦੇ ਹਨ[੩]। ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸਦਾ ਹੈ।
ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥	ਉਥੇ ਕਈ ਲੋਕਾਂ ਦੇ ਭਗਤ ਵਸਦੇ ਹਨ[੪], ਜੋ ਅਨੰਦ ਮਾਣਦੇ ਹਨ (ਕਿਉਂਕਿ)ਉਹ ਸਚਾ (ਪਰਮੇਸ਼ੁਰ ਉਹਨਾਂ ਦੇ)ਮਨ ਵਿਚ ਵਸਦਾ ਹੈ[੫]।
ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥	(ਸਚ ਖੰਡ)-ਸਚ ਖੰਡ ਵਿਚ ਆਕਾਰ ਤੋਂ ਰਹਿਤ (ਅਕਾਲ ਪੁਰਖ ਆਪ) ਵੱਸਦਾ ਹੈ (ਜੋ) ਰਚੀ ਹੋਈ ਨੂੰ ਵੇਖਦਾ ਸੰਭਾਲਦਾ ਹੈ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ (ਕਰਦਾ ਹੈ)।

---

[੧](ਫ਼ਾ: ਜ਼ੋਰ=) ਬਲ, ਉਹ ਰੂਹਾਨੀ ਬਲ ਜੋ ਭਗਤਾਂ ਦੇ ਅੰਦਰ ਰੱਬ ਦੇ ਨਿਵਾਸ ਤੋਂ ਉਪਜਦਾ ਹੈ। ਉਹ ਬਲ ਜਿਸ ਨਾਲ ਵਿਕਾਰ ਜਿੱਤੀਦੇ ਹਨ। ਯਥਾ:-

'ਸੁਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥' (ਵਡਹੰਸ ਮ: ੧ ਅਲਾਹ:-੨)

ਪੁਨਾ:- ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਵਾਰ ਸਿਰੀ ਮ: ੩-੧੧)

ਤਥਾ:- ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥ (ਮਾਰੂ ਵਾਰ ਮ: ੩-੮)

ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥ (ਧਨਾ: ਮ: ੫-੩੬)

ਜੋਰਿ ਤੁਮਾਰੇ ਸੁਖਿ ਵਸਾ..... (ਗਉੜੀ ਮ: ੫-੧੬੯) [੨]ਭਾਵ ਓਹ ਬੜੇ ਸੁੰਦਰ ਹਨ।

[੩]ਭਾਵ ਓਹ ਹੁਣ ਅਮਰ ਹੋ ਗਏ ਹਨ ਤੇ ਮਾਯਾ ਕਿ ਪ੍ਰਕਿਰਤੀ ਉਨ੍ਹਾ ਨੂੰ ਹੁਣ ਅਪਣੇ ਵਿਚ ਭਰਮਾ ਨਹੀਂ ਸਕਦੀ।

[੪]ਇਕ ਲੋਕ ਦੇ ਨਹੀਂ ਪਰ ਅਨੇਕਾਂ ਲੋਕਾਂ ਦੇ ਭਗਤ ਓਥੇ ਵਸਦੇ ਹਨ। ਯਥਾ:-

ਸਭ ਤੇ ਊਚ ਭਗਤ ਜਾ ਕੈ ਸੰਗਿ॥ (ਸਾਰੰਗ ਮ: ੫, ਅਸਟ:-੨)

[੫] ਉਹ ਵਾਹਿਗੁਰੂ 'ਆਨੰਦ' ਸਰੂਪ ਹੈ, ਇਸ ਕਰਕੇ ਜਿਨ੍ਹਾਂ ਦੇ ਮਨ ਵਿਚ ਉਹ ਵੱਸਦਾ ਹੈ ਓਹ ਅਨੰਦ ਵਿਚ ਵਸਦੇ ਹਨ।

ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥੩੭॥

ਉਥੇ ਖੰਡ ਮੰਡਲ ਤੇ ਬ੍ਰਹਮੰਡ ਹਨ[1]। ਜੇ ਕੋਈ (ਉਹਨਾਂ ਦਾ) ਕਥਨ ਕਰੇ ਤਾਂ ਅੰਤ ਨਹੀਂ ਪੈਂਦਾ। ਉਥੇ ਲੋਕਾਂ ਪਰ ਲੋਕ (ਤੇ ਆਕਾਰਾਂ ਪੁਰ) ਆਕਾਰ ਹਨ, ਜਿਸ ਜਿਸ ਪ੍ਰਕਾਰ (ਨਿਰੰਕਾਰ ਦਾ) ਹੁਕਮ (ਹੁੰਦਾ ਹੈ) ਓਵੇਂ ਓਵੇਂ (ਓਥੇ) ਕਾਰ ਹੋ ਰਹੀ ਹੈ। (ਉਹ ਨਿਰੰਕਾਰੁ ਉਹਨਾਂ ਨੂੰ) ਵੇਖਦਾ ਹੈ (ਤੇ) ਵੀਚਾਰ ਕਰਕੇ ਖਿੜਦਾ[2] (=ਖੁਸ਼ ਹੁੰਦਾ) ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ, ਇਸ ਖੰਡ ਦਾ ਹੋਰ) ਵਰਣਨ ਕਰਨਾ ਲੋਹੇ (ਵਾਂਙੂ) ਕਰੜਾ ਹੈ (ਭਾਵ ਬਾਣੀ ਨਹੀਂ ਵਰਣਨ ਕਰ ਸਕਦੀ)॥੩੭॥

ਵਜਾਖਜਾ–(ਪਉ: ੩੪ ਤੋਂ ੩੭) ਪਿਛਲੀਆਂ ਚਾਰ ਪਉੜੀਆਂ ਵਿਚ ਜੋ ਖੰਡ ਆਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-ਪਹਿਲਾ ਹੈ ਧਰਮ ਖੰਡ। ਇਸ ਵਿਚ ਧਰਤੀ ਨੂੰ ਜੀਵਾਂ ਦੇ ਰਹਿਣ ਦਾ ਥਾਂ ਤੇ ਇਥੇ ਵਸਦੇ ਜੀਵਾਂ ਨੂੰ 'ਕਰਮ ਕਰਨਹਾਰ' ਦੱਸਿਆ ਹੈ। ਇਸ ਧਰਤੀ ਨੂੰ 'ਧਰਮ ਖੰਡ' ਆਖਿਆ ਹੈ। ਧਰਮ ਨਾਮ ਹੈ ਐਸੀਆਂ ਕਰਨੀਆਂ ਦਾ ਜੋ ਸੰਸਾਰ ਵਿਚ ਸ਼ੁਭ ਹੋਣ ਤੇ ਪ੍ਰਲੋਕ ਵਿਚ ਸਦਗਤੀ ਦੇਣ। ਇਸ ਅੱਧੀ ਪਉੜੀ ਵਿਚ ਦੱਸਿਆ ਹੈ ਕਿ ਜੀਵਾਂ ਦੀ ਵੀਚਾਰ, ਭਾਵ ਉਹਨਾਂ ਦੇ ਕਰਮਾਂ ਦੀ ਜਾਂਚ ਪੜਤਾਲ, ਉਹਨਾਂ ਦੇ ਆਪੋ ਆਪਣੇ ਕਰਮਾਂ ਦੇ ਅਨੁਸਾਰ ਹੁੰਦੀ ਹੈ, ਕਿਥੇ? ਤਾਂ ਅਗਲੀ ਅੱਧੀ ਪਉੜੀ ਵਿਚ ਫੁਰਮਾਉਂਦੇ ਹਨ ਕਿ ਸਰੀਰ ਤਜਾਗ ਜਾਣ ਦੇ ਬਾਦ-'**ਨਾਨਕ ਗਇਆ ਜਾਪੈ ਜਾਇ**'; ਜਿਥੇ ਸਚਾ (ਵਾਹਿਗੁਰੂ) ਆਪ ਹੈ ਤੇ ਉਸ ਦਾ ਦਰਬਾਰ ਹੈ-'ਸਚਾ ਆਪਿ ਸਚਾ ਦਰਬਾਰੁ' ਓਥੇ ਜੀਵਾਂ ਦੇ ਕੀਤੇ ਕਰਮਾਂ ਤੇ ਕਮਾਏ ਧਰਮਾਂ ਦੀ ਕਚਿਆਈ ਪਕਿਆਈ ਦੀ ਜਾਂਚ ਪੜਤਾਲ ਹੁੰਦੀ ਹੈ। ਓਥੇ ਸੁਭਾਇਮਾਨ ਕੌਣ ਹੁੰਦੇ ਹਨ? ਉਤਰ ਹੈ -'ਪੰਚ ਪਰਵਾਣ' ਜਿਨ੍ਹਾਂ ਤੇ ਮਿਹਰ ਦ੍ਰਿਸ਼ਟੀ ਵਾਲੇ ਦੀ ਬਖਸ਼ਿਸ਼ ਨਾਲ ਉਹਨਾਂ ਤੇ ਨਿਸ਼ਾਨ ਪੈਂਦਾ ਹੈ ਕਿ ਏਹ ਬਖਸ਼ੇ ਗਏ ਹਨ। ਹੁਣ ਕਾਲ ਚੱਕ੍ਰ ਇਨ੍ਹਾਂ ਤੇ ਨਹੀਂ ਪੈ ਸਕਦਾ:-

ਬਖਸਿ ਲੀਏ ਨਾਹੀ ਜਮ ਕਾਣੇ[3]॥ (ਬਸੰਤ ਮ; ੧ ਅਸਟ:-੬)

ਇਸ ਵਰਣਨ ਤੋਂ ਬਾਦ ਢਾਈ ਪਉੜੀਆ ਲੰਘਕੇ ੩੭ਵੀਂ ਦੇ ਅੱਧ ਵਿਚ ਫਿਰ ਉਸ ਟਿਕਾਣੇ ਦਾ ਵਰਣਨ ਆਉਂਦਾ ਹੈ। ਪਉੜੀ ੩੪ ਵਿਚ 'ਸਚਾ ਦਰਬਾਰ' ਕਿਹਾ ਹੈ, ਉਸ ਨੂੰ ਪਉੜੀ ੩੭ ਵਿਚ 'ਸਚ ਖੰਡਿ' ਆਖਿਆ ਹੈ। ਸਚ ਖੰਡ ਦਾ ਵਰਣਨ ਜੋ ਪਉੜੀ ੩੭ ਵਿਚ ਹੈ ਓਹ ਨਿਰੰਕਾਰ (ਨਿਰਗੁਣ) ਪਰਮਾਤਮ ਦੇਵ ਦਾ ਵੱਸਣ ਥਾਉਂ[4] ਦੱਸਿਆ ਹੈ। ਗਲ ਕੀਹ ਪਉੜੀ ੩੪ (ਦੇ ਪਹਿਲੇ ਅੱਧ) ਵਿਚ ਆਕਾਰ ਵਾਲੀ ਧਰਤੀ ਤੇ ਆਕਾਰ ਵਾਲੇ ਜੀਵਾਂ ਦਾ ਵਰਣਨ ਹੈ ਤੇ ਪਉੜੀ ੩੭ (ਦੇ ਮਗਰਲੇ ਅੱਧ) ਵਿਚ ਨਿਰਾਕਾਰ ਦੇ ਅਸਥਾਨ ਤੇ ਸਰੂਪ ਦਾ ਕਥਨ ਹੈ, ਇਨ੍ਹਾਂ ਦੋਹਾਂ-'ਸਾਕਾਰ' ਤੇ 'ਨਿਰਾਕਾਰ' ਦੇ ਵਿਚਾਲੇ ਤ੍ਰੈ ਹੋਰ ਲੋਕਾਂ ਦਾ ਜ਼ਿਕਰ ਹੈ- ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਜੋ ਪਉੜੀ ੩੫, ੩੬, ੩੭ ਵਿਚ

---

[1]ਨਿਰੰਕਾਰ ਸਾਰੇ ਹੈ, ਨਿਰੰਕਾਰ ਅਨੰਤ ਹੈ। ਅਨੰਤ ਹਰ ਥਾਂ ਹੈ। ਸੋ ਉਸ ਦਾ ਸਚਖੰਡ ਵੱਖਰੇ ਦੇਸ਼ ਵਿਚ ਨਹੀਂ, ਉਸਦੇ ਸਚਖੰਡ ਵਿਚ ਹੈਨ ਸਾਰੇ ਖੰਡ, ਮੰਡਲ, ਬ੍ਰਹਮੰਡ, ਲੋਕ ਤੇ ਆਕਾਰ। ਗਣਿਤ ਵਿਦਜਾ ਵਾਲੇ ਬੀ ਅਨੰਤ ਦਾ ਕੇਂਦਰ ਹਰ ਥਾਂ ਮੰਨਦੇ ਹਨ।

[2] ਇਥੇ 'ਨਿਰੰਕਾਰ' ਦਾ ਵੇਖਣ ਵਿਗਸਣ ਤੇ ਵੀਚਾਰ ਕਥਨ ਹੋ ਰਿਹਾ ਹੈ, ਜਿਸ ਦਾ ਵਰਣਨ ਕਠਨ ਹੈ।

[3]'ਪੰਚ ਪਰਵਾਣੁ' ਦਾ ਜ਼ਿਕਰ ਪਿਛੇ ਪਉੜੀ ੧੬ ਵਿਚ ਆ ਚੁਕਾ ਹੈ। 'ਪੰਚੇ ਪਾਵਹਿ ਦਰਗਹਿ ਮਾਨੁ' ਤੁਕ ਉਸੇ ਪਉੜੀ ਵਿਚ ਹੈ।

[4] ਰੂਪੁ ਸਤਿ ਜਾਕਾ ਸਤਿ ਅਸਥਾਨੁ॥ (ਸੁਖਮਨੀ ੧੬-੬)

ਆਇਆ ਹੈ। ਅਪਣੀ ਅਗਾਧ ਗਤੀ ਨੂੰ ਸ੍ਰੀ ਗੁਰੂ ਜੀ ਆਪ ਜਾਣਨ, ਪਰ ਐਸਾ ਪ੍ਰਤੀਤ ਦੇਂਦਾ ਹੈ ਕਿ ਗਿਆਨ ਖੰਡ ਵਿਚ 'ਗਿਆਨ' ਦਾ, ਸਰਮ ਖੰਡ ਵਿਚ 'ਵਿਸਮਾਦ ਤੇ ਖੁਸ਼ੀ' ਦਾ ਤੇ ਕਰਮ ਖੰਡ ਵਿਚ 'ਭਗਤੀ' ਤੇ 'ਆਤਮਕ ਬਲ' ਦਾ ਵਰਣਨ ਹੈ। ਏਹ ਤ੍ਰੈਏ ਧਰਤੀ ਵਾਂਙੂ ਸਾਕਾਰ ਤੇ ਸਚ ਖੰਡ ਵਾਂਙੂ ਨਿਰਾਕਾਰ ਵਰਣਨ ਨਹੀਂ ਹੋਏ[1] ਪਰੰਤੂ ਇਹ ਗੱਲ ਸਪਸ਼ਟ ਦੱਸੀ ਹੈ ਕਿ ਗਿਆਨ ਖੰਡ ਵਿਚ ਗਿਆਨ ਦਾ ਪ੍ਰਕਾਸ਼ ਹੈ ਤੇ ਕ੍ਰੋੜਾਂ ਆਨੰਦਾਂ ਦਾ ਨਿਵਾਸ ਹੈ। ਸਰਮ ਖੰਡ ਵਿਚ (ਰੂਪ=) ਸੌਂਦਰਯ ਦੀ ਪ੍ਰਧਾਨਤਾ ਹੈ ਤੇ ਗਜਾਤ ਦੇ ਸਾਰੇ ਰੂਪ ਬੀ ਓਥੇ ਘੜੀਦੇ ਹਨ-ਸੁਰਤ, ਮਤਿ, ਮਨੀਖਾ, ਬੁਧੀ ਤੇ ਸੁਧਿ ਜੋ 'ਸੁਤੇ ਤੇ ਸਿਧੀ' ਗਜਾਨ ਰੂਪਾ ਗਜਾਤ ਹੈ। ਓਥੇ ਸੌਭਾਗਜਤਾ ਤੇ ਸੁਖ ਹੀ ਸੁਖ ਹੈ। ਨਾਮ ਇਸ ਨੂੰ 'ਸਰਮ ਖੰਡ' ਦਿੱਤਾ ਹੈ, ਸਰਮ ਹੈ ਸੰਸਕ੍ਰਿਤ ਪਦ 'ਸ਼ਰ੍ਮ-ਮਨ੍' ਜਿਸ ਦਾ ਅਰਥ ਹੈ ਹਰਖ, ਆਨੰਦ। ਇਸ ਵਾਸਤੇ ਕਿ ਏਥੇ ਓਹ ਆਨੰਦ ਹੈ ਜੋ ਰਬੀ ਸੌਂਦਰਯ ਦੁਆਰਾ ਪ੍ਰਾਪਤ ਹੁੰਦਾ ਹੈ। ਸੁੰਦਰਤਾ ਸੁਤੇ ਹੀ ਅਨੰਦ ਦਾਇਕ ਵਸਤੂ ਹੈ। ਇਸ ਕਰਕੇ ਰੂਪ ਯਾ ਸੁੰਦਰਤਾ ਪ੍ਰਧਾਨੀ ਥਾਂਉਂ ਨੂੰ, ਜਿਥੇ ਹਰਖ ਹੀ ਹਰਖ ਹੈ, ਸਰਮ ਖੰਡ ਆਖਿਆ ਹੈ। ਇਤਨਾ ਦੱਸਕੇ ਇਸ ਖੰਡ ਦਾ ਹੋਰ ਵਰਣਨ ਖੋਹਲ ਸਕਣਾ ਕਠਨ ਦੱਸਿਆ ਹੈ।

ਫਿਰ ਕਰਮ ਖੰਡ ਹੈ[2] ਜਿਥੇ ਕਈ ਲੋਕਾਂ ਦੇ ਭਗਤਾਂ ਦਾ ਨਿਵਾਸ ਹੈ, ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ ਤੇ ਓਹ ਅਨੰਦ ਮਗਨ ਰਹਿੰਦੇ ਹਨ। ਇਥੇ 'ਜੋਰੁ' ਦਾ ਨਿਵਾਸ ਦੱਸਿਆ ਹੈ, ਪਰ ਇਹ ਜ਼ੋਰ 'ਹਉਂ ਦਾ ਜ਼ੋਰ' ਨਹੀਂ- ਇਹ ਪਰਮਾਤਮ-ਬਲ ਹੈ, ਜਿਸ ਨਾਲ ਹਉਂ ਦੂਰ ਹੁੰਦੀ ਹੈ[3] ਤੇ ਅੰਦਰ ਰਾਮ ਭਰਪੂਰ ਹੋ ਜਾਂਦਾ ਹੈ। ਫਿਰ ਓਥੇ ਮਹਿਮਾ ਤੇ ਮਹਿਮਾ- ਵਾਨ ਦੱਸੇ ਹਨ ਜਿਨ੍ਹਾਂ ਦੀ ਸੁੰਦਰਤਾ ਅਕੱਥਨੀਯ ਹੈ। ਵਡੀ ਗੱਲ ਇਥੋਂ ਦੀ ਇਹ ਹੈ ਕਿ ਇਥੋਂ ਫੇਰ ਗਿਰਾਉ ਨਹੀਂ। ਨਾ 'ਕਾਲ ਚਕ੍ਰ' ਵਿਚ ਭ੍ਰਮਣ ਇਥੋਂ ਹੋ ਸਕਦਾ ਹੈ ਤੇ ਨਾ ਮਾਇਆ ਕਿ ਪ੍ਰਕ੍ਰਿਤੀ ਕੋਈ ਮੋਹਣੀ ਮੋਹ ਕੇ ਠੱਗ ਸਕਦੀ ਹੈ। ਕਰਮ ਦਾ ਅਰਥ ਹੈ ਬਖਸ਼ਿਸ਼-ਫਜ਼ਲ। ਕਰਮ ਦਾ ਨਿਸ਼ਾਨ ਜਿਨ੍ਹਾਂ ਨੂੰ ਪਿਆ ਇਹ ਉਨ੍ਹਾਂ ਦਾ ਖੰਡ ਹੈ। ਜਿਨ੍ਹਾਂ ਨੂੰ ਨਿਸ਼ਾਨ ਪਿਆ ਹੈ ਉਹ ਕਾਲ ਚਕਰੋਂ ਉਪਰ ਹੋ ਗਏ:-

ਬਖਸਿ ਲੀਏ ਨਾਹੀ ਜਮ ਕਾਣੇ॥ (ਬਸੰਤ ਮ: ੧ ਅਸਟ:-੬)

ਸਚ ਖੰਡ ਵਿਚ ਵਸਦਾ ਵਾਹਿਗੁਰੂ ਜਗਤ ਪ੍ਰਬੰਧ ਨੂੰ ਵੇਖਦਾ, ਤੋਰਦਾ, ਵੀਚਾਰਦਾ ਤੇ ਮਿਹਰਾਂ ਕਰਦਾ ਅਪਣੇ ਹੁਕਮ ਦੁਆਰਾ ਸੰਚਾਲਨ ਕਰਦਾ ਲਿਖਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਦੱਸੇ ਸਚਖੰਡ ਨੂੰ 'ਸਚਾ ਮਹਲ' ਕਰਕੇ ਬੀ ਲਿਖਿਆ ਹੈ। ਅਤੇ ਅਪਣਾ ਓਥੇ ਜਾਣਾ ਤੇ ਅਕਾਲ ਪੁਰਖ ਤੋਂ ਨਿਵਾਜੇ ਜਾਣ ਦਾ ਸੰਖੇਪ ਇਸ਼ਾਰਾ ਦਿੱਤਾ ਹੈ। ਯਥਾ:-

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥

(ਵਾਰ ਮਾਝ ਮ: ੧)

---

[1]ਕੁਛ ਦੁਹਾਂ ਨਾਲ ਭਿੰਨ ਅਭਿੰਨ ਹੈਨ। ਹੁਣ ਜੇਕਰ ਧਰਮ ਖੰਡ ਨੂੰ ਸਾਕਾਰ, 'ਗਿਆਨ', 'ਸਰਮ' ਤੇ 'ਕਰਮ' ਨੂੰ ਸਰਗੁਣ ਤੇ ਸਚ ਖੰਡ ਨੂੰ ਨਿਰਗੁਣ ਸਮਝ ਲਈਏ ਤਾਂ ਅਸਲੀਅਤ ਦੇ ਬਹੁਤ ਨੇੜੇ ਢੁੱਕ ਪਵਾਂਗੇ। ਇਥੇ ਨਿਰਗੁਣ ਤੋਂ ਭਾਵ ਸਾਕਾਰਤਾ ਤੋਂ ਪਹਿਲੀ ਅਵਸਥਾ ਹੈ।

[2] ਅ:, ਕਰਮ=ਬਖਸ਼ਿਸ਼। ਫਜ਼ਲ।

[3]ਪਰਮਾਤਮ ਬਲ- ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)

ਆਤਮ ਬਲ- ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥ (ਮਾਰੂ ਵਾਰ ਮ: ੩-੮)

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਵਾਰ ਸਿਰੀ: ਮ: ੩-੧੧)

ਜਨਮ ਸਾਖੀ ਨੇ ਸਚੇ ਮਹਲ ਪਿਆਨੇ ਦਾ ਵਿਸਥਾਰ ਨਾਲ ਹਾਲ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ 'ਸਚੇ ਮਹਲ' ਨੂੰ ਸੂਖ ਮਹਲ ਕਰਕੇ ਵਰਣਨ ਕੀਤਾ ਹੈ। ਯਥਾ:-

ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ॥੪॥੬॥੧੨॥

(ਸੂਹੀ ਮ: ੫)

ਇਥੇ ਸੰਸਾ ਕੀਤਾ ਜਾ ਸਕਦਾ ਹੈ ਕਿ ਇਉਂ ਤਾਂ ਉਸ ਨਿਰਾਕਾਰ ਦਾ ਕਿਸੇ ਦੇਸ਼ ਵਿਚ ਟਿਕਾਣਾ ਹੋ ਗਿਆ। ਫਿਰ ਉਹ ਇਕ ਦੇਸ਼ੀ ਤੇ ਇਕ ਦੇਸ਼ੀ ਹੋਣ ਕਰਕੇ ਪ੍ਰਣਾਮੀ ਹੋ ਗਿਆ, ਤਦ ਆਪ ਓਥੇ ਪਉੜੀ ੩੭ ਵਿਚ 'ਖੰਡ, ਮੰਡਲ, ਬ੍ਰਹਮੰਡ, ਲੋਅ ਲੋਅ' ਦੱਸਕੇ ਉਸ 'ਦੇ 'ਸਰਬ ਵਿਆਪੀ' ਹੋਣ ਦਾ ਭਾਵ ਦਰਸਾਉਂਦੇ ਹਨ। 'ਉਸ ਦੇ ਨਿਰਾਕਾਰ ਹੋਕੇ ਫਿਰ ਵੇਖਣ, ਵਿਗਸਣ, ਹੁਕਮ ਟੋਰਨ' ਦਾ ਜੇ ਸੰਸਾ ਉਪਜੇ ਤਾਂ ਉਸ ਦਾ ਉੱਤਰ ਦੇਂਦੇ ਹਨ ਕਿ ਇਹ ਗੱਲ ਕਥਨ ਤੋਂ ਪਰੇ ਦੀ ਹੈ, ਵਰਣਨ ਨਹੀਂ ਹੋ ਸਕਦੀ, ਸੋ ਸਮਝੀ ਬੀ ਨਹੀਂ ਜਾ ਸਕਦੀ:-ਨਾਨਕ ਕਥਨਾ ਕਰੜਾ ਸਾਰੁ[1]॥

ਇਹੋ ਗਲ ਦੂਜੀ ਪਉੜੀ ਵਿਚ ਦੱਸ ਆਏ ਹਨ:-

ਹੁਕਮੀ ਹੋਵਨਿ ਆਕਾਰ 'ਹੁਕਮੁ ਨ ਕਹਿਆ ਜਾਈ॥'

ਸਦਾ ਸਤਜ ਸਰੂਪ ਦਾ ਹੁਕਮ ਸਦਾ ਸਤਜ ਸਰੂਪ ਹੈ। ਜਿਵੇਂ ਆਪ ਅਕੱਥ ਹੈ ਤਿਵੇਂ ਹੁਕਮ ਅਕੱਥ ਹੈ। ਪੰਜਵੇਂ ਸਤਿਗੁਰੂ ਜੀ ਨੇ ਇਹ ਵਾਹਿਗੁਰੂ ਦੇ ਦੇਸ਼ ਦੀ ਕਥਾ ਅਗਮ ਅਗਾਧ ਦੱਸਕੇ ਐਉਂ ਵਰਣਨ ਕੀਤੀ ਹੈ:-

ਸਾਰਗ ਮਹਲਾ ੫ ਅਸਟਪਦੀ ਘਰੁ ੬
ੴ ਸਤਿਗੁਰ ਪ੍ਰਸਾਦਿ॥

ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥੧॥ਰਹਾਉ॥
ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥
ਮਨ ਭੀਤਰਿ ਹੋਵੈ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥੧॥
ਮਿਤਿ ਨਾਹੀ ਜਾਕਾ ਬਿਸਥਾਰੁ॥ ਸੋਭਾ ਤਾਕੀ ਅਪਰ ਅਪਾਰ॥
ਅਨਿਕ ਰੰਗ ਜਾਕੇ ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥੨॥
ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ॥
ਅਨਿਕ ਪੁਰਖ ਅੰਸਾ ਅਵਤਾਰ॥ ਅਨਿਕ ਇੰਦ੍ਰ ਊਭੇ ਦਰਬਾਰ॥੩॥
ਅਨਿਕ ਪਵਨ ਪਾਵਕ ਅਰੁ ਨੀਰ॥ ਅਨਿਕ ਰਤਨ ਸਾਗਰ ਦਧਿ ਖੀਰ॥
ਅਨਿਕ ਸੂਰ ਸਸੀਅਰ ਨਖਿਆਤਿ॥ ਅਨਿਕ ਦੇਵੀ ਦੇਵਾ ਬਹੁ ਭਾਂਤਿ॥੪॥
ਅਨਿਕ ਬਸੁਧਾ ਅਨਿਕ ਕਾਮਧੇਨ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ।
ਅਨਿਕ ਅਕਾਸ ਅਨਿਕ ਪਾਤਾਲ॥ ਅਨਿਕ ਮੁਖੀ ਜਪੀਐ ਗੋਪਾਲ॥੫॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥
ਅਨਿਕ ਸਰੋਤੇ ਸੁਨਹਿ ਨਿਧਾਨ॥ ਸਰਬ ਜੀਅ ਪੂਰਨ ਭਗਵਾਨ॥੬॥
ਅਨਿਕ ਧਰਮ ਅਨਿਕ ਕੁਮੇਰ॥ ਅਨਿਕ ਬਰਨ ਅਨਿਕ ਕਨਿਕ ਸੁਮੇਰ॥

---

[1]ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ (ਸਲੋਕ ਕਬੀਰ-੧੨੧)

ਅਨਿਕ ਸੇਖ ਨਵਤਨ ਨਾਮੁ ਲੇਹਿ॥ ਪਾਰਬ੍ਰਹਮ ਕਾ ਅੰਤੁ ਨ ਤੇਹਿ॥੭॥
ਅਨਿਕ ਪੁਰੀਆ ਅਨਿਕ ਤਹ ਖੰਡ॥ ਅਨਿਕ ਰੂਪ ਰੰਗ ਬ੍ਰਹਮੰਡ॥
ਅਨਿਕ ਬਨਾ ਅਨਿਕ ਫਲ ਮੂਲ॥ ਆਪਹਿ ਸੂਖਮ ਆਪਹਿ ਅਸਥੂਲ॥੮॥
ਅਨਿਕ ਜੁਗਾਦਿ ਦਿਨਸੁ ਅਰੁ ਰਾਤਿ॥ ਅਨਿਕ ਪਰਲਉ ਅਨਿਕ ਉਪਾਤਿ॥
ਅਨਿਕ ਜੀਅ ਜਾ ਕੇ ਗ੍ਰਿਹ ਮਾਹਿ॥ ਰਮਤ ਰਾਮ ਪੂਰਨ ਸ੍ਰਬ ਠਾਂਇ॥੯॥
ਅਨਿਕ ਮਾਇਆ ਜਾਕੀ ਲਖੀ ਨ ਜਾਇ॥ ਅਨਿਕ ਕਲਾ ਖੇਲੈ ਹਰਿ ਰਾਇ॥
ਅਨਿਕ ਧੁਨਿਤ ਲਲਿਤ ਸੰਗੀਤ॥ ਅਲਿਕ ਗੁਪਤ ਪ੍ਰਗਟੇ ਤਹ ਚੀਤ॥੧੦॥
ਸਭ ਤੇ ਊਚ ਭਗਤ ਜਾਕੈ ਸੰਗਿ॥ ਆਠ ਪਹਰ ਗੁਨ ਗਾਵਹਿ ਰੰਗਿ॥
ਅਨਿਕ ਅਨਾਹਦ ਆਨੰਦ ਝੁਨਕਾਰ॥ ਉਆ ਰਸ ਕਾ ਕਛੁ ਅੰਤੁ ਨ ਪਾਰ॥੧੧॥
ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥
ਆਪੁਨਾ ਕੀਆ ਜਾਨਹਿ ਆਪਿ॥ ਆਪੇ ਘਟਿ ਘਟਿ ਰਹਿਓ ਬਿਆਪਿ॥
ਕ੍ਰਿਪਾ ਨਿਧਾਨ ਨਾਨਕ ਦਇਆਲ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ॥
॥੧੨॥੧॥੨॥੨॥੩॥੭॥

ਜਿਵੇਂ ਕਿ ਸਚ ਮੁਚ ਹੈ ਸਾਡੇ ਮਨ ਸਮਝ ਨਹੀਂ ਸਕਦੇ, ਜਿਵੇਂ ਕਿ ਸਾਡੇ ਮਨ ਕੁਛ ਖਯਾਲ ਬਣਾ ਸਕਣ ਤਿਵੇਂ ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ, ਫੇਰ 'ਕਥਨਾ ਕਰੜਾ ਸਾਰੁ' ਆਖਦੇ, ਆਪ ਓਥੇ ਪਹੁੰਚ ਕੇ ਦੇਖਣ ਦੀ ਸੈਨਤ ਦੇਂਦੇ ਹਨ '**ਵਿਰਲੈ ਕਾਹੂ ਨੇਤ੍ਰਹੁ ਡੀਠੀ**' ਕਹਿੰਦੇ ਹੋਏ '**ਗੁਹਜ ਕਥਾ ਇਹ ਗੁਰ ਤੇ ਜਾਣੀ**' (ਸੂਹੀ ਮ: ੫-੧੨) ਦੱਸਦੇ ਹਨ।

ਇਸ ਸਾਰੰਗ ਰਾਗ ਵਾਲੇ ਸ਼ਬਦ ਵਿਚ ਸਾਡੀ ਸਮਝ ਗੋਚਰਾ ਕੁਛ ਕਰਕੇ ਅੰਤ ਫੁਰਮਾਯਾ ਹੈ ਕਿ ਉਹ ਸਤਿ ਪੁਰਖ ਹੈ, ਉਸ ਦਾ ਅਸਥਾਨ ਸਤਿ ਹੈ, ਉਹ ਸਭ ਤੋਂ ਉੱਚਾ ਤੇ ਨਿਰਬਾਨ ਹੈ। ਉਹ ਸੱਤਜ ਅਸਥਾਨ ਦਾ ਵਾਲੀ ਘਟਿ ਘਟਿ ਵਿਚ ਹੈ, ਸਾਰੇ ਵਜਾਪਕ ਹੈ ਤੇ ਅਗਮ ਅਗਾਧ ਹੈ।

ਸੋ ਐਉਂ ਹੀ ਸਾਨੂੰ ਸਮਝਕੇ ਸਿਮਰਨ ਕੀਰਤਨ ਆਦਿ ਦੇ ਦੱਸੇ ਰਸਤੇ ਤੁਰਕੇ ਆਪ ਅਨੁਭਵ ਕਰਨਾ ਚਾਹੀਏ।

ਇਸੇ ਇਕਦੇਸ਼ੀਪਨੇ ਦੇ ਸੰਸੇ ਕਰਕੇ ਦਾਰਸ਼ਨਿਕ ਦਾਨੇ ਵਿਦਵਾਨ ਪੰਜ ਖੰਡਾਂ ਨੂੰ ਸ਼ਾਸਤ੍ਰਾਂ ਦੇ ਦੱਸੇ ਤ੍ਰੈ ਕਾਂਡਾਂ ਵਿਚ ਵੰਡਕੇ ਅਰਥ ਲਾਉਂਦੇ ਹਨ, ਤੇ ਕੁਛ ਐਉਂ ਵਰਣਨ ਕਰਦੇ ਹਨ:-

੧. ਧਰਮ ਖੰਡ=ਕਰਮ ਕਾਂਡ। ੨. ਗਿਆਨ ਖੰਡ=ਗਜ਼ਾਨ ਕਾਂਡ। ੩. ਸਰਮ ਖੰਡ=ਉਪਾਸ਼ਨਾਂ ਕਾਂਡ। ਬਾਕੀ ਰਹੇ ਕਰਮ ਖੰਡ ਤੇ ਸਚ ਖੰਡ। ਸੋ ਕਰਮ ਖੰਡ ਨੂੰ ਕਈ ਦਾਨੇ ਸਰਮ ਖੰਡ ਦੇ ਨਾਲ ਉਪਾਸ਼ਨਾ ਕਾਂਡ ਵਿਚ ਸਮਿਲਤ ਲੈਂਦੇ ਹਨ ਤੇ ਕਈ ਇਨ੍ਹਾਂ ਤਿੰਨਾਂ, ਜੁਗਤਾਂ ਸਾਧਨਾਂ ਨਾਲ ਪ੍ਰਾਪਜ, ਲੋਕਾਂ ਤੋਂ ਵਖਰਾ ਬਖਸ਼ਿਸ਼ ਦਾ ਕਾਂਡ ਵਰਣਨ ਕਰਦੇ ਹਨ। ਜੋ ਲੋਕ ਨਿਰਾਧਾਰ ਹੋਕੇ ਕੇਵਲ ਈਸ਼ਰ ਆਧਾਰ ਤੇ ਟਿਕੇ ਤੇ ਜਿਨ੍ਹਾਂ ਤੇ ਮਿਹਰ ਹੋ ਗਈ, ਉਹਨਾਂ ਦਾ ਖੰਡ 'ਕਰਮ' ਹੈ। ਅਗੇ ਸਚ ਖੰਡ 'ਨਿਰਾਕਾਰ ਦਾ ਟਿਕਾਣਾ' ਹੈ ਕਾਂਡ ਨਹੀਂ। ਕਵੀ ਸੰਤੋਖ ਸਿੰਘ ਜੀ ਨੇ ਪਹਿਲਾ ਕਰਮ ਕਾਂਡ ਮੰਨਿਆ ਹੈ ਜੋ 'ਰਾਤੀ ਰੁਤੀ ਥਿਤੀ ਵਾਰ' ਤੋਂ ਟੁਰਕੇ 'ਸਚਾ ਆਪਿ ਸਚਾ ਦਰਬਾਰੁ' ਤੇ ਮੁੱਕਾ ਤੇ ਫੇਰ 'ਤਿਥੈ ਸੋਹਨਿ ਪੰਚ ਪਰਵਾਣੁ' ਤੋਂ ਉਪਾਸ਼ਨਾ ਕਾਂਡ ਟੁਰਿਆ ਤੇ ਪਉੜੀ ੩੫ ਵਿਚ ਗਜ਼ਾਨ ਕਾਂਡ ਟੁਰਿਆ। ਫਿਰ ਪਉੜੀ ੩੬ ਵਿਚ ਸਰਮ ਖੰਡ ਨੂੰ ਕਵੀ ਜੀ ਨੇ ਮੁੜ ਕਰਮ ਕਾਂਡ ਲਿਆ ਹੈ। ਥੂਣੀ ਖੰਨਨ ਨਜਾਯ ਅਨੁਸਾਰ ਇਹ ਸਤਿਨਾਮੁ ਦੇ ਉਪਾਸ਼ਕਾਂ ਦਾ ਕਰਮ ਕਾਂਡ ਦੱਸਿਆ ਹੈ। ਫਿਰ ਕਰਮ ਖੰਡ ਨੂੰ ਆਪ ਜੀ ਨੇ ਉਪਾਸ਼ਨਾ ਕਾਂਡ ਦੱਸਿਆ ਹੈ।

ਕੋਈ ਕੋਈ ਦਾਨੇ 'ਕਰਮ' ਨੂੰ ਸੰਸਕ੍ਰਿਤ ਪਦ ਮੰਨਕੇ 'ਕਰ੍ਮ (ਕ੍ਰਿਯਾ) ਦਾ ਖੰਡ' ਬੀ ਅਰਥ

ਲਾਉਂਦੇ ਹਨ। ਇਹ ਕਰਮ ਪੂਰਨ ਪਦ ਤੇ ਅੱਪੜੇ ਤੇ ਬੀਤਰਾਗ ਦਾ ਕਰਮ (ਕਰਤੱਵਜ) ਹੈ ਜੋ ਉਹ ਪਰਮ ਪਦ ਤੇ ਪਹੁੰਚਕੇ ਜਗਤ ਦੀ ਨਿਸ਼ਕਾਮ ਸੇਵਾ ਤਤਪਰ ਹੋਕੇ ਕਰਦਾ ਹੈ, ਜੈਸਾ ਕਿ ਗੁਰੂ ਜੀ ਨੇ ਫੁਰਮਾਯਾ ਹੈ:-ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥ (ਜਪੁਜੀ) ਇਉਂ ਬੀ ਕਰਮ ਖੰਡ 'ਨਾ ਓਹਿ ਮਰਹਿ ਨ ਠਾਗੇ ਜਾਹਿ' ਵਾਲਾ ਇਕ ਪਰਮ ਪਦ ਹੀ ਬਣਦਾ ਹੈ।

ਪਉੜੀ ੩੪, ੩੫, ੩੬ ਤੇ ੩੭ ਵਿਚ ਆਏ ਖੰਡਾਂ ਦੀ ਵਿਆਖਿਆ ਕਿ ਏਹ 'ਪੰਜ ਖੰਡ' ਹਨ '੩ ਕਾਂਡ' ਨਹੀਂ, ਸੰਨ ੧੮੯੯ ਦੇ ਲਗ ਪਗ ਅਨੁਭਵ ਹੋਈ ਸੀ, ਜੋ ੧੯੦੪ ਦੇ ਲਗ ਪਗ ਛਪੇ ਰਾਣਾ ਸੂਰਤ ਸਿੰਘ ਦੇ ਅੰਕ '੫-ਉਡਾਰੀ' ਵਿਚ ਛੰਦਾ ਬੰਦੀ ਵਿਚ ਛਾਪ ਦਿਤੀ ਸੀ। ਫਿਰ ਇਹ ਵਜਾਖਜਾ (੧੯੦੦ ਈ: ਵਿਚ) ਨਸਰ ਵਿਚ ਬੀ ਦਿਤੀ ਗਈ ਸੀ, ਜੋ ਚਮਤਕਾਰਾਂ ਵਿਚ ਆ ਚੁਕੀ ਹੈ; ਤਦ ਤੋਂ ਵਿਦਵਾਨਾ ਦੀ ਵੀਚਾਰ, ਇਸ ਪਹਿਲੂ ਵਿਚ ਇਨ੍ਹਾਂ ਪਉੜੀਆਂ ਦੇ ਅਰਥ ਵੀਚਾਰ ਵੇਲੇ ਵਧੇਰੇ ਦਿਲਚਸਪੀ ਲੈਂਦੀ ਹੈ।

੧੯੨੬ ਵਿਚ ਇਕ ਵਿਦ੍ਵਾਨ ਨੇ, ਜਿਨ੍ਹਾਂ ਦਾ ਨਾਮ ਹੁਕਮ ਚੰਦ ਕੁਮਾਰ, ਬੀ. ਏ. ਹੈ, ਜਪੁਜੀ ਦੇ ਇਨ੍ਹਾਂ ਪੰਜਾਂ ਖੰਡਾਂ ਬਾਬਤ ਇਕ ਸਵਿਸਥਾਰ ਵਿਆਖਿਆ ਅੰਗ੍ਰੇਜ਼ੀ ਵਿਚ ਲਿਖੀ ਸੀ। ਉਹਨਾਂ ਨੇ ਬੀ ਏਹ ਪੰਜ ਖੰਡ ਤਸਲੀਮ ਕੀਤੇ ਹਨ। ਉਹਨਾਂ ਦੇ ਲਿਖੇ ਦਾ ਸੰਖੇਪ ਏਥੇ ਦੇਂਦਾ ਹਾਂ:-

ਓਹ ਲਿਖਦੇ ਹਨ ਕਿ ਏਹ ਪੰਜੇ ਖੰਡ ਪੰਜ ਲੋਕ ਹਨ, ਏਹ ਇਕ ਦੂਜੇ ਦੇ ਉਪਰ ਅਲਮਾਰੀ ਦੇ ਤਖਤਿਆਂ ਵਾਙੂ ਨਹੀਂ ਪਰ ਇਕ ਦੂਜੇ ਦੇ ਵਿਚ ਹਨ ਜਿਵੇਂ ਇਕ ਬਰਤਨ ਵਿਚ ਰੇਤ ਹੋਵੇ, ਰੇਤ ਦੇ ਕਿਣਕਿਆਂ ਦੇ ਵਿਚਾਲੇ ਵਿਚਾਲੇ ਹਵਾ ਹੁੰਦੀ ਹੈ, ਪਾਣੀ ਪਾਓ ਤਾਂ ਵਿਚੇ ਸਮਾ ਜਾਂਦਾ ਹੈ। ਇਹ ਮਿਸਾਲ ਸਥੂਲ ਪ੍ਰਕ੍ਰਿਤੀ ਦੀ ਹੈ, ਜੋ ਇਸ ਪ੍ਰਿਥਵੀ ਪਰ ਹੈ। ਅਗੋਂ ਪ੍ਰਕ੍ਰਿਤੀ ਸੂਖਮ ਤੇ ਹੋਰ ਸੂਖਮ ਹੈ। ਸੋ ਸੂਖਮ ਪ੍ਰਕ੍ਰਿਤੀ ਸਥੂਲ ਦੇ ਅੰਤਰਗਤਿ ਹੈ ਫੇਰ ਉਸ ਤੋਂ ਉਪਰ ਬੀ ਹੈ। ਇਸ ਪ੍ਰਿਥਵੀ ਤੋਂ ਅਗਲੇ ਲੋਕਾਂ ਗਿਆਨ ਖੰਡ ਆਦਿ ਵਿਚ ਸੂਖਮਤਾ ਵਧਦੀ ਚਲੀ ਜਾਂਦੀ ਹੈ। ਪਰ ਪੰਜੇ ਅਡ ਅਡ ਹਨ ਤੇ ਸੰਮਿਲਤ ਬੀ ਹਨ। ਅੰਤਰਗਤਿ ਬੀ ਹਨ ਤੇ ਫਿਰ ਸੂਖਮ ਸਥੂਲ ਤੋਂ ਅਗੇਰੇ ਬੀ ਹਨ। ਨੀਵੇਂ ਲੋਕ ਅਗਲੇ ਲੋਕ ਦੇ ਹਾਲਾਤ ਨਹੀਂ ਜਾਣਦੇ, ਕਿਉਂਕਿ ਉਹਨਾਂ ਦੇ ਹਵਾਸ ਸੂਖਮ ਦੇਸ਼ਾਂ ਦੇ ਸੂਖਮ ਤੱਤਾਂ ਦੇ ਲਹਿਰਾਉ ਨਾਲ ਮੁਤਾਸਰ ਨਹੀਂ ਹੁੰਦੇ। ਜਿਕੂੰ ਸਾਡੀਆਂ ਅਖਾਂ 'ਅਲਟਰਾ ਵਾਇਲਟ ਚਾਨਣ' ਵਿਚ ਨਹੀਂ ਦੇਖ ਸਕਦੀਆਂ, ਚਾਹੋ ਉਹਨਾਂ ਦੀ ਹਸਤੀ ਯਕੀਨੀ ਹੈ।

੨. ਧਰਮ ਖੰਡ ਤੇ ਗਿਆਨ ਖੰਡ-ਓਹ ਲਿਖਦੇ ਹਨ ਕਿ ਇਸ ਹਿਸਾਬ ਪਹਿਲਾ ਧਰਮ ਖੰਡ ਹੈ। ਉਹ ਇਹ ਸਾਡੀ ਸਥੂਲ ਸਾਮਾਨਾਂ ਵਾਲੀ ਧਰਤੀ ਹੈ। ਜਿਥੇ ਸਥੂਲ ਪਉਣ ਪਾਣੀ ਆਦਿ ਤੱਤ ਹਨ। ਜੀਵ ਹਨ ਏਥੇ ਪਰ ਕਈ ਭਾਂਤਾਂ ਦੇ। 'ਧਰਮ ਕਰਨਾ' ਇਥੋਂ ਦਾ ਸ਼ੁਭ ਕਰਤੱਵਜ ਹੈ। ਪਰ ਆਮ ਤੌਰ ਤੇ ਪਤਾ ਨਹੀਂ ਲਗਦਾ: ਕਉਣ ਭਲਾ ਹੈ, ਕਉਣ ਬੁਰਾ। ਪਰ ਅੱਗੇ ਚੱਲਕੇ ਉਹਨਾਂ ਦੇ ਕਰਮਾਂ ਦੀ ਵੀਚਾਰ ਹੋਵੇਗੀ, ਜਿਥੇ ਸੱਚਾ ਆਪ ਹੈ ਤੇ ਸਚਾ ਦਰਬਾਰ ਹੈ, ਓਥੇ ਸ਼ੋਭਾ ਪਾਉਣਗੇ ਜੋ ਇਥੋਂ ਪੰਚ (ਗੁਰਮੁਖ) ਹੋਕੇ ਗਏ। ਕੱਚਾ ਪਨ ਤੇ ਪੱਕਾ ਪਨ ਦਾ ਨਿਰਣਾ ਓਥੇ ਹੋਵੇਗਾ। ਮਿਹਰਾਂ ਵਾਲੇ ਦੀ ਬਖਸ਼ਿਸ਼ ਦਾ ਨਿਸ਼ਾਨ ਓਥੇ ਪਵੇਗਾ। ਸੋ ਓਥੋਂ ਦੀ ਤਿਆਰੀ, ਆਪ ਜੀ ਨੇ ਦੱਸਿਆ ਹੈ ਕਿ, ਇਸ ਧਰਤੀ ਉਤੇ ਗੁਰਮਤਿ ਅਨੁਸਾਰ 'ਸੁਣਿਆ, ਮੰਨਿਆ, ਮਨਿ ਕੀਤਾ ਭਾਉ' ਹੈ। ਇਸੀ ਤਰ੍ਹਾਂ ਦੂਸਰਾ ਲੋਕ ਗਿਆਨ ਖੰਡ ਹੈ। ਇਹ ਨੂੰ ਆਪ ਨੇ ਸ੍ਵਪਨ ਅਵਸਥਾ ਵਾਲਾ ਦੇਸ਼ ਦੱਸਿਆ ਹੈ। ਫਿਰ ਆਪ ਨੇ ਇਸ ਨੂੰ ਸ਼ਾਸਤ੍ਰਾਂ ਦੇ ਭੁਵ ਤੇ ਸ੍ਵਰ[1] ਲੋਕਾਂ ਨਾਲ ਤੇ ਆਲਮੇ ਮਲਕੂਤ ਨਾਲ ਮੇਲਿਆ ਹੈ ਤੇ ਥੀਓਸਾਫੀ ਦੇ 'ਆਸਟ੍ਰਲ ਪਲੇਨ' ਨਾਲ।

[1]ਸ੍ਰੀ ਪੰਡਿਤ ਹਰ ਸਿੰਘ ਜੀ ਨਰੋਤਮ ਨੇ ਬੀ ਪੁਰਾਣਾਂ ਦੇ ਸਪਤ ਲੋਕ-'ਭੂ, ਭੁਵ, ਸ੍ਵਰ, ਮਹਰ, ਜਨ, ਤਪ, ਸਤਜ' ਨਾਲ ਇਨ੍ਹਾਂ ਖੰਡਾਂ ਨੂੰ ਮੇਲਵਾਂ ਦੱਸਿਆ ਹੈ।

ਇਸ ਲੋਕ ਵਿਚ ਗਜਾਨ ਦਾ ਪ੍ਰਕਾਸ਼ ਹੈ, ਸੰਗੀਤਕ ਲਹਿਰਾਵਾਂ ਦਾ ਤੇ ਅਨੰਤ ਸੁਖਾਂ ਦਾ ਦੇਸ਼ ਹੈ। ਫਿਰ ਇਹ ਬੇਅੰਤ ਸਾਮਾਨਾਂ ਦਾ ਦੇਸ਼ ਹੈ। ਕਈ ਤਰ੍ਹਾਂ ਦੇ ਸੂਖਮ ਤਰ੍ਹਾਂ ਦੇ ਪੌਣ ਪਾਣੀ ਆਦਿ ਸਾਰੇ ਸਾਮਾਨ ਹਨ ਏਥੇ। ਏਥੇ ਕੁ ਆਪ ਨੇ ਸਰ ਆਲੀਵਰ ਲਾਜ, ਵਡੇ ਸਾਇੰਸ ਵੇਤਾ, ਦੇ ਵਾਕ ਦਿੱਤੇ ਹਨ: 'ਅਸੀਂ ਹੁਣ ਜਾਣਦੇ ਹਾਂ ਕਿ ਆਕਾਸ਼ਾਂ ਵਿਚ ਹੋਰ ਦੁਨੀਆਂ ਬੀ ਹਨ, ਉਹਨਾਂ ਵਿਚ ਜੀਵ ਬੀ ਹੋ ਸਕਦੇ ਹਨ। ਇਹ ਬੀ ਠੀਕ ਨਹੀਂ ਕਿ ਸਾਰੇ ਜੀਵ ਸਾਡੇ ਵਰਗੇ ਹੀ ਹੋਣ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜੋ ਮਜ਼ਹਬ ਸਿਖਾਉਂਦਾ ਹੈ ਉਸ ਦਾ ਉਹ ਮੋਟਾ ਮੋਟਾ ਨਕਸ਼ਾ ਕਿ ਸੰਤ ਅਰ ਫਰਿਸ਼ਤੇ ਸਾਡੇ ਨਾਲ ਹਨ, ਮੈਂ ਨਿਸਚਾ ਰਖਦਾ ਹਾਂ ਕਿ ਅੱਖਰ ਅੱਖਰ ਠੀਕ ਹੈ।'

੩. ਸਰਮ ਖੰਡ-ਆਪ ਲਿਖਦੇ ਹਨ ਕਿ ਗੁਰੂ ਆਸ਼ਯ ਮੂਜਬ ਇਹ ਰੂਪ (ਸੁੰਦਰਤਾ) ਦਾ ਦੇਸ਼ ਹੈ। ਪਲਾਤੂਸ ਦੇ 'ਆਈਡੀਆਜ਼' ਦੇ ਸੂਖਮ ਅਵੈਵ ਏਥੇ ਹਨ। ਇਹ ਅਨੂਪਮ ਤੇ ਅਤਿ ਸੂਖਮ ਘਾੜਤਾਂ ਦਾ ਦੇਸ਼ ਹੈ। ਇਥੇ ਸੁਰਤ, ਮਤਿ, ਮਨਿ, ਬੁਧਿ ਤੇ ਸੁਧਿ ਘੜੀਦੇ ਹਨ। ਇਸ ਨੂੰ ਆਪ 'ਦੇਵ ਚਾਨਕ' ਲੋਕ ਨਾਲ ਮੇਲਦੇ ਹਨ। ਇਥੇ ਖਿਆਲ ਦੇ ਲਹਿਰਾਉ ਨਾਲ ਕਿਤਨਾ ਕੁਛ ਰਚਿਆ ਜਾਂਦਾ ਹੈ। ਜਿਸ ਦੀਆ 'ਗਲਾ ਕਥੀਆ ਨਾ ਜਾਹਿ' ਲਿਖਿਆ ਹੈ। ਕਿਉਂਕਿ ਸੁਰਤ, ਮਤਿ, ਮਨਿ, ਬੁਧਿ, ਸੁਧਿ ਸਾਰੇ ਏਥੇ ਘੜੀਦੇ ਹਨ ਜੋ ਹੋਰ ਉਚੇਰੀ ਅਵਸਥਾ ਹੈ।

੪. ਕਰਮ ਖੰਡ- ਇਹ ਸਰਮ ਖੰਡ ਤੋਂ ਬੀ ਸੂਖਮ ਹੈ, ਜਿਸ ਦਾ ਲੱਛਣ ਜ਼ੋਰ ਹੈ। ਉਪ੍ਰੋਕਤ ਲੇਖਕ ਜੀ ਇਸ ਨੂੰ ਬਖਸ਼ਿਸ਼ ਦਾ ਖੰਡ ਨਹੀਂ ਮੰਨਦੇ, ਪਰ ਉਹ ਥਾਉਂ ਜਿਥੋਂ ਰੂਹਾਨੀ ਤਾਕਤਾਂ ਹੇਠਲੇ ਲੋਕਾਂ ਨੂੰ ਜਾਂਦੀਆਂ ਹਨ ਤੇ ਸਹਾਇਤਾ ਦੇਂਦੀਆਂ ਹਨ। ਇਸ ਨੂੰ ਆਪ 'ਬੁਧਿਕ' ਯਾ 'ਨਿਰਵਾਣਿਕ ਲੋਕ' ਨਾਲ ਮੇਲਦੇ ਹਨ ਤੇ ਦੱਸਦੇ ਹਨ ਕਿ ਏਹ ਬਲ ਪ੍ਰਾਕ੍ਰਮ ਦਾ ਦੇਸ਼ ਹੈ। ਇਥੋਂ ਦੇ ਰਹਿਣ ਵਾਲੇ ਅਮਰ ਹਨ। ਇਹ ਇਨਸਾਨੀ ਪਹੁੰਚ ਦਾ ਸਭ ਤੋਂ ਉੱਚਾ ਲੋਕ ਹੈ। 'ਤਿਥੈ ਹੋਰੁ ਨ ਕੋਈ ਹੋਰੁ' ਦਾ ਆਪ ਅਰਥ ਕਰਦੇ ਹਨ ਕਿ ਇਥੇ 'ਹੋਰ ਪਨਾ' ਨਹੀਂ ਹੈ, ਹਰ ਕੋਈ ਦੂਜਿਆਂ ਨੂੰ ਅਭੇਦ ਪ੍ਰਤੀਤ ਕਰਦਾ ਹੈ ਤੇ ਵੱਖ ਤੇ ਵੱਖਤਾ ਨਹੀਂ ਹੈ। ਇਹ ਲੋਕ 'ਜਲਾਲ' ਦਾ ਹੈ।

੫. ਸਚ ਖੰਡਿ-ਇਹ ਨਿਰੰਕਾਰ ਦਾ ਲੋਕ ਹੈ, ਜੋ ਇਕ ਲੋਕ ਬੀ ਹੈ ਤੇ ਸਰਬ ਵਜਾਪਕ ਬੀ ਹੈ। ਜਿਥੇ ਕਰਤਾਰ ਅਪਣੀ ਰਚੀ ਨੂੰ ਸੰਭਾਲਦਾ ਪਿਆਰਦਾ ਹੈ। ਇਸ ਵਿਚ ਗੁਰੂ ਜੀ ਨੇ ਖੰਡ, ਮੰਡਲ, ਬ੍ਰਹਮੰਡ ਤੇ ਆਕਾਰ ਦੱਸੇ ਹਨ। ਜਿਸ ਤੋਂ ਸਰਬ ਵਜਾਪੀ ਸਰਬ ਦੇ ਅੰਤਰਗਤਿ ਤੇ ਸਰਬ ਨੂੰ ਵਿਚ ਲੈਕੇ ਫੇਰ ਨਿਰੰਕਾਰ ਦਾ ਟਿਕਾਣਾ ਹੈ। ਇਸ ਦਾ ਦਰਸ਼ਨ ਵੇਰਵਾ ਗੁਰੂ ਜੀ ਨੇ ਸੋਦਰੁ ਵਿਚ ਦਿੱਤਾ ਹੈ, ਜੋ ਅਰਸ਼ੀ ਸੰਗੀਤ ਦਾ ਅਚਰਜ ਲਹਿਰਾਉ ਹੈ, ਜਿਸ ਵਿਚ ਸਾਰੀ ਰਚਨਾ ਕੀਰਤਨ ਕਰ ਰਹੀ ਹੈ। ਗੁਰੂ ਜੀ ਨੂੰ ਏਹ ਦਰਸ਼ਨ ਸੁਤੇ ਪ੍ਰਾਪਤ ਸੀ, ਓਹ ਦਿਬ ਦ੍ਰਿਸ਼ਟੀ ਵਾਲੇ ਸਨ ਤੇ ਸਾਰੀ ਕੁਦਰਤ ਦੇ ਪਰਦੇ ਪਿੱਛੇ ਸਤਿ ਪੁਰਖ ਦੇ ਜਲਾਲ ਜਮਾਲ ਨੂੰ ਵੇਖਦੇ ਸਨ।

ਇਥੇ ਹੁਕਮ ਚੰਦ ਜੀ ਦਾ ਵੇਰਵਾ ਸਮਾਪਤ ਹੈ। ਸੋ ਇਨ੍ਹਾਂ ਪੰਜਾਂ ਖੰਡਾਂ ਦੇ ਅਰਥ ਭਾਵ ਜੋ ਗੁਰਬਾਣੀ ਤੋਂ ਸਹੀ ਹੁੰਦੇ ਹਨ, ਉਪਰ ਆ ਚੁਕੇ ਹਨ। ਜਿਨ੍ਹਾਂ ਦੇ ਨਾਲ ਸ੍ਰੀ ਹੁਕਮ ਚੰਦ ਦੀ ਵਜਾਖਜਾ ਬੀ ਕੁਝ ਮੇਲ ਖਾਂਦੀ ਹੈ, ਫਿਲਸਫੇ ਦੇ ਰੁਖ਼ ਵਾਲੇ ਦਾਨਿਆਂ ਦੇ ਤ੍ਰੈ ਕਾਂਡੀ ਅਰਥ ਭਾਵ ਬੀ ਦੱਸੇ ਜਾ ਚੁਕੇ ਹਨ। ਕਈ ਦਾਨਿਆਂ ਦੇ ਸ਼ਾਸਤ੍ਰੋਕਤ ਸਤਜ ਲੋਕਾਂ ਨਾਲ ਮੇਲਣ ਦੇ ਜਤਨ ਜ਼ਿਕਰ ਕੀਤੇ ਜਾ ਚੁਕੇ ਹਨ। ਇਨ੍ਹਾਂ ਸਾਰਿਆਂ ਤੋਂ ਛੁਟ ਕਈ ਸੋਚਵਾਨ ਇਨ੍ਹਾਂ ਵਿਚ ਇਨਸਾਨੀ 'ਕਰਮ' (ਕਰਤਵਜ ਯਾ) ਆਚਰਨ ਦੀ ਦਰਜੇ ਵਾਰ ਸਿਖਜਾ ਦੇ ਅਰਥਾਂ ਵਿਚ ਬੀ ਘਟਾਉਣ ਦਾ ਜਤਨ ਕਰਦੇ ਹਨ।

ਕਈ ਲੇਖਕ ਇਨ੍ਹਾਂ ਪੰਜਾਂ ਖੰਡਾਂ ਦੇ ਅਰਥ ਨਾ ਸਥੂਲ ਸੂਖਮ ਖੰਡ, ਨਾਂ ਦਾਰਸ਼ਨਿਕਾਂ ਦੇ ਤ੍ਰੈ ਕਾਂਡ, ਨਾ ਸ਼ਾਸਤ੍ਰਾਂ ਦੇ ਦੱਸੇ ਲੋਕ, ਨਾ ਆਤਮ ਉੱਨਤੀ ਦੇ ਦਰਜੇ ਪਰ ਨਿਰਾ ਆਚਰਣ (ਕਰਮ)

ਮਾਤ੍ਰ ਦੀ ਉੱਚਤਾ ਦੇ ਵੇਰਵਿਆਂ ਵਿਚ ਘਟਾਉਣ ਦਾ ਜਤਨ ਕਰਦੇ ਹਨ। ਜੋ ਖਿੱਚ ਮਾਤ੍ਰ ਪ੍ਰਤੀਤ ਦੇਂਦੀ ਹੈ।

ਨਿਰੁਕ੍ਤ-(ਪਉ: ੩੪ ਤੋਂ ੩੭)ਧਰਮਸਾਲ-ਧਰਮਸਾਲਾ। ਧਰਮ ਦਾ ਅਸਥਾਨ, ਧਰਮ ਕਮਾਉਣ ਦਾ ਥਾਉਂ।

ਕੇ ਰੰਗ-ਕਈ ਰੰਗ, ਭਾਵ ਭਾਂਤ ਭਾਂਤ ਤੇ ਤਰ੍ਹਾਂ ਤਰ੍ਹਾਂ।

ਕਰਮਿ-ਕਰਤੱਤ, ਕਰਤੱਵ੍ਯ, ਪ੍ਰਕਾਰ, ਵਿਸ਼ਯ। (ਅ) ਜਾਪਦਾ ਹੈ ਕਿ ਇਹ ਪਦ 'ਕ੍ਰਮ' ਹੈ, ਇਸਦਾ ਭਾਵ ਹੈ ਤਰਤੀਬ, ਪਦ ਯਾ ਦਰਜਾ। **ਆਖਹੁ**-ਤੁਸੀਂ ਦੱਸੋ। (ਸੰਪ੍ਰ:)

ਘਾੜਤਿ-ਘੜਨ ਵਾਲਾ, ਰਚਣ ਵਾਲਾ। ਘਾੜਤੀ ਪਦ ਦੀ ਮਾਤ੍ਰਾ ਘਟਾਕੇ 'ਘਾੜਤਿ' ਕੀਤਾ ਹੈ ਛੰਦ ਦੇ ਵਜ਼ਨ ਲਈ। **ਘੜੀਅਹਿ**-ਘੜੇ ਜਾਂਦੇ ਹਨ।

ਕਰਮ ਭੂਮੀ-ਓਹ ਲੋਕ ਜਿਨ੍ਹਾਂ ਵਿਚ ਕਰਮ ਪ੍ਰਧਾਨ ਹੈ। ਜੈਸੇ ਸਾਡੀ ਧਰਤੀ ਹੈ÷

ਕਰਮ ਭੂਮਿ ਮਹਿ ਬੋਅਹੁ ਨਾਮੁ॥ (ਗਉੜੀ ਮ: ੫-੨੩)

ਪਾਤ-(ਸੰਸ:, ਪਾਤਿ=ਸੁਆਮੀ, ਪ੍ਰਭੂ। (ਅ) ਹਿੰਦੀ, ਪਾਂਤਿ=ਪੰਕਤੀ। (ੲ) ਫ਼ਾ:, ਪਾਦ=ਤਖਤ) ਪ੍ਰਭੂ। (ਅ) ਰਾਜਿਆਂ ਦੀਆਂ ਪੰਕਤੀਆਂ ਅਰਥ ਬੀ ਕਰਦੇ ਹਨ।

ਸੁਰਤੀਆਂ-ਸੁਰਤਾਂ। ਅਥਵਾ-ਸੁਰਤ ਨਾਲ ਅਭ੍ਯਾਸ ਕਰਨ ਵਾਲੀਆਂ ਰੂਹਾਂ ਯਾ ਬੀਬੀਆਂ। (ਅ) ਵੇਦਾਂ ਦੀਆਂ ਸ੍ਰੁਤੀਆਂ ਭਾਵ ਵੇਦ (ਸੰਪ੍ਰ:)। (ੲ) ਸੁਰਤੀ ਸੇਵਕ=ਸੁਰਤੀਆਂ ਦੇ ਸੇਵਕ (ਰਿਖੀ ਆਦਿ) (ਸੰਪ੍ਰ:)। **ਅਨੰਦੁ**-ਅਹਿਲਾਦ। ਪ੍ਰਸੰਨਤਾ।

ਬਿਨੋਦ-ਹਰਖ। 'ਬਿਨੋਦ' ਦਾ ਅਰਥ ਆਮੋਦ ਪ੍ਰਮੋਦ ਬੀ ਲਿਖਿਆ ਹੈ। (ਸ਼: ਕੋ: ੭੭੪) ਆਮੋਦ=ਇਸ਼ਟ ਵਸਤੂ ਦੇ ਦਰਸ਼ਨ ਦਾ ਆਨੰਦ। ਪ੍ਰਮੋਦ=ਉਸ ਦੀ ਪ੍ਰਾਪਤੀ ਤੋਂ ਜੋ ਸੁਖ ਹੋਵੇ। ਦੁਇ ਪਦ ਗੁਰਬਾਣੀ ਵਿਚ ਇਕੱਠੇ ਬੀ ਆਉਂਦੇ ਹਨ। **ਕੋੜ**-ਕਰੋੜਾਂ।

ਸਰਮ-(ਸੰਸ:, ਸ਼ਰ੍ਮ-ਮਨ੍) ਸ਼ਰ੍ਮਨ੍=ਖੁਸ਼ੀ, ਆਨੰਦ)। ਕਈ ਦਾਨੇ ਸ਼੍ਰਮ=ਮਿਹਨਤ ਅਰਥ ਬੀ ਕਰਦੇ ਹਨ, ਪਰ ਤਦੋਂ ਇਸ ਦਾ ਰੂਪ ਅਕਸਰ ਸ਼੍ਰਮ ਹੁੰਦਾ ਹੈ: ਯਥਾ:-

'ਸ੍ਰਮੁ ਪਾਵੈ ਸਗਲੇ ਬਿਰਥਾਰੇ॥' (ਸੁਖਮਨੀ ੧੨-੩)

ਕਈ 'ਸ਼ਰਮ' (ਫ਼ਾ:)=ਲੱਜਯਾ ਅਰਥ ਕਰਦੇ ਹਨ ਤੇ ਭਾਵ ਲੈਂਦੇ ਹਨ ਵੈਰਾਗ। ਪਰੰਤੂ (ਰੂਪੁ=) ਸੁੰਦਰਤਾ ਤੇ ਆਨੰਦ ਦਾ ਪਰਸਪਰ ਮੇਲ ਹੈ। ਸੁੰਦਰਤਾ ਦੇ ਦਰਸ਼ਨ ਤੋਂ ਸੁਤੇ ਖੁਸ਼ੀ ਹੁੰਦੀ ਹੈ। ਇਥੇ ਇਹ ਖੁਸ਼ੀ ਤ੍ਰਿਸ਼ਨਾਂ ਦੀ ਪੂਰਣਤਾ ਮਾਤ੍ਰ ਵਾਲੀ ਖੁਸ਼ੀ ਨਹੀਂ, ਪਰ 'ਕੁਦਰਤਿ ਵਸਿਆ' ਵਾਹਿਗੁਰੂ ਦੇ ਦਰਸ਼ਨ ਯਾ ਅਨੁਭਵ ਦਾ ਆਨੰਦ ਹੈ।

ਬਾਣੀ-ਬਣਤਰ, ਲੱਛਣਾ, ਲਖਾ ਦੇਣਾ। (ਅ) ਬਾਣੀ=ਬੋਲੀ। (ੲ) ਪ੍ਰਤਿਪਾਦਨ੍ ਕਰਨਾ। ਸੰਪ੍ਰ: ਵਿਚ ਐਉਂ ਬੀ ਲਾਉਂਦੇ ਹਨ:- ਸਰਮ ਖੰਡ ਵਾਲਿਆਂ ਦੀ ਬਾਣੀ ਸੁੰਦਰ ਹੁੰਦੀ ਹੈ। ਅਥਵਾ ਸਰਮ ਖੰਡ ਦੀ ਬਣਾਵਟ ਸੁੰਦਰ ਹੈ।

ਸੁਰਤਿ ਮਤਿ ਮਨਿ ਬੁਧਿ-ਗ੍ਯਾਤ ਦੇ ਦਰਜੇ ਦੱਸੇ ਹਨ: ਸੁਰਤਿ, ਮਤਿ, ਮਨਿ, ਬੁਧਿ, ਸੁਧਿ। ਜਪੁਜੀ ਦੇ ਇਕ ਪੁਰਾਣੇ ਪੱਛਮੀ ਟੀਕਾਕਾਰ ਨੇ ਮਨਿ ਬੁਧਿ ਦਾ ਅਰਥ ਕੀਤਾ ਹੈ ਮਨ ਵਿਚ ਬੁਧਿ। ਪਰ ਇਥੇ ਮਨਿ ਇਸਤ੍ਰੀ ਲਿੰਗ ਹੈ, ਮੁਰਾਦ ਹੈ ਮਨੀਖਾ ਤੋਂ ਜੋ ਬੁਧੀ ਨਾਲੋਂ ਵਿਤ੍ਰੇਕ ਕਰਨੇ ਨਮਿੱਤ ਹੈ। ਮਨੀਖਾ-ਉਹ ਮਨ ਜਿਸ ਵਿਚ ਇੱਛਾ ਪ੍ਰਧਾਨ ਹੈ। ਮਨੀਖਾ ਇਸਤ੍ਰੀ ਲਿੰਗ ਹੈ।

ਬੁਧਿ-ਮਨ ਦੀ ਉਹ ਗ੍ਯਾਤ ਜੋ ਵਿਵੇਕ ਤੇ ਵਿਤ੍ਰੇਕ ਕਰਦੀ ਹੈ ਤੇ ਨਿਰਣੇ ਕਰਕੇ ਨਿਸਚੇ

ਵੱਲ ਲੈ ਜਾਂਦੀ ਹੈ। 'ਘਾੜਤਿ ਘੜੀਐ' ਦੀ ਸੈਨਤ ਬੀ ਉਸ ਸੁੰਦਰ ਸਰੂਪ ਦੀ ਲਖਾਯਕ ਜਾਪਦੀ ਹੈ ਜੋ **ਆਪੀਨੈ ਆਪੁ ਸਾਜਿਓ** ਅਨੁਸਾਰ 'ਅਪਨੀ' ਸਾਜਨਾ ਕਰਕੇ ਚਾਉ ਭਰਿਆ ਬੈਠਾ 'ਦੂਜੀ ਕੁਦਰਤਿ' ਦੀ ਸਾਜਨਾਂ ਲਈਂ ਕਈ ਪ੍ਰਕਾਰ ਦੀ 'ਚੇਤਨ ਸਾਜਨਾ' ਪਿਆ ਕਰਦਾ ਹੈ, ਜੋ ਕਿ 'ਅਚੇਤਨ ਸਾਜਨਾ' ਵਿਚ ਕੰਮ ਕਰਦੀ ਹੈ।

ਸੁਧਿ-ਸੁਧਿ ਯਾ ਸਿਧਿ ਉਹ ਬੁਧੀ ਹੈ ਜੋ 'ਕਾਰਣ ਕਾਰਜ' ਜਾਣਕੇ ਸਿਧਾਂਤ ਤੇ ਅੱਪੜਨ ਦੀ ਥਾਂ ਸਿੱਧਾ ਹੀ ਸਚ ਤੇ ਸਿਧਾਂਤ ਦੀ ਗਜਾਤਾਵਾਨ ਹੋ ਜਾਂਦੀ ਹੈ। ਇਸ ਦੀ ਪ੍ਰਾਪਤੀ 'ਪੂਰਣਤਾ ਨੂੰ ਅੱਪੜੇ ਸਿਧ ਪੁਰਖਾਂ' ਨੂੰ ਹੁੰਦੀ ਹੈ ਯਾ ਇਹ ਦੇਵਤਿਆਂ ਵਿਚ ਹੁੰਦੀ ਹੈ। ਸੁਤੇ ਗਿਆਨ ਵਾਲੀ ਬੁੱਧੀ। ਇਹ ਪੱਛਮੀ ਫਿਲਾਸਫਰਾਂ ਦੀ Intuition ਨਾਲ ਕੁਛ ਮਿਲਦੀ ਹੈ। ਅਥਵਾ ਯੋਗ ਦਰਸ਼ਨ ਦੀ 'ਰਿਤੰਭਰਾ' ਨਾਲ ਮਿਲਦੀ ਹੈ-ਸਤਜ ਨੂੰ ਧਾਰਨ ਵਾਲੀ ਬੁੱਧੀ, ਜਿਸ ਵਿਚ ਭ੍ਰਾਂਤੀ ਦਾ ਲੇਸ਼ ਨਹੀਂ ਹੁੰਦਾ।

ਕਰਮ-(ਅ:,) ਮਿਹਰ, ਫਜ਼ਲ, ਬਖਸ਼ਿਸ਼। 'ਕਰਮ' ਇਥੇ ਸੰਸਕ੍ਰਿਤ ਪਦ ਦਾ 'ਕਰ੍ਮ' ਨਹੀਂ, ਉਹ 'ਕਰਮੀ ਕਰਮੀ ਹੋਇ ਵੀਚਾਰੁ' ਪਿਛੇ ਧਰਮ ਖੰਡ ਵਿਚ ਆ ਚੁੱਕਾ ਹੈ।

ਹੋਰੁ-ਦੂਸਰਾ। **ਹੋਰੁ**-ਹੋਰ, ਅਤੇ। **ਰਾਮੁ**-ਭਾਵ ਵਜਾਪਕ ਰਾਮ, ਅਕਾਲ ਪੁਰਖ।

ਸੀਤੋ-ਰਾਮ ਚੰਦ੍ਰ। ਤ੍ਰੇਤੇ ਦੇ ਈਸ਼੍ਵਰ ਪਰਾਇਣ ਰਹਿਣੇ ਵਾਲੇ ਤੇ ਮੰਨੇ ਗਏ ਅਵਿਤਾਰ ਸ੍ਰੀ ਰਾਮ ਚੰਦ੍ਰ ਜੀ ਤੇ ਉਨ੍ਹਾਂ ਦੀ ਪਤਿਬ੍ਰਤ ਤੇ ਈਸ਼੍ਵਰ ਉਪਾਸ਼ਕ ਇਸਤ੍ਰੀ ਸੀਤਾ। ਜਿਵੇਂ ਆਮ ਬੋਲੀ ਦਾ 'ਮਾਧਵ' ਤੋਂ 'ਮਾਧੋ' ਬਣਾਇਆ ਹੈ, ਤਿਵੇਂ ਸੀਤਾ+ਧਵ ਤੇ 'ਸੀਤਾਧਵ', ਇਸ ਤੋਂ 'ਸੀਤਾਧੋ' ਤੇ ਫੇਰ 'ਸੀਤੋ' ਬਣਾਇਆ ਜਾਪਦਾ ਹੈ। ਸੀਤੋ ਦਾ ਅਰਥ ਬਣਿਆ 'ਰਾਮ ਚੰਦ੍ਰ'।

ਇਸ ਪਦ 'ਸੀਤੋ ਸੀਤਾ' ਦੇ ਸਿਆਣਿਆਂ ਨੇ ਹੋਰ ਤਰ੍ਹਾਂ ਬੀ ਅਰਥ ਲਾਉਣ ਦੇ ਜਤਨ ਕੀਤੇ ਹਨ: ੨. ਸੀਤੋ ਸੀਤਾ=ਸੁੰਦਰਤਾ ਉਪਰ ਸੁੰਦਰਤਾ ਤੇ ਮਹਿਮਾ ਵਿਚ ਮਹਿਮਾ। ਸੀਤਾ ਦੀ ਸੁੰਦਰਤਾ ਦੀ ਲੱਛਣਾਂ ਤੋਂ ਅਰਥ ਸੁੰਦਰਤਾ ਲਿਆ। ਤਿਵੇਂ ਉਸਦੇ ਪਤਿਬ੍ਰਤ ਲੱਛਣ ਤੋਂ ਭਗਤੀ ਅਰਥ ਬੀ ਲੈਂਦੇ ਹਨ। ੩. ਮਹਿਮਾ ਰੂਪੀ ਸੀਤਾ, (ਮਾਹਿ=) ਚੰਦ ਵਰਗੀ ਪ੍ਰਕਾਸ਼ ਰੂਪ ਤੇ (ਸੀਤੋ=) ਸੀਤਲ ਕਰਨੇ ਹਾਰੀ। ੪. ਓਥੇ ਸੀਤਾ ਹੈ ਮਹਿਮਾ ਵਿਚ ਸੀਤਲ (ਭਾਵ ਪ੍ਰਸੰਨ)। ੫. ਓਥੇ (ਮਨ) ਸੀਤਾ ਹੋਇਆ ਹੈ ਪਰਮੇਸ਼ੁਰ ਦੀ ਵਡਿਆਈ ਵਿਚ (ਭਗਤਾਂ ਦਾ)। ੬. ਓਥੇ ਸੀਤਾ ਹੈ (ਪਤਿਬ੍ਰਤਾ) ਜਿਸ ਨੇ ਸੀਤਾ (ਪਰੋਤਾ) ਹੈ ਮਨ ਮਹਿਮਾ ਵਿਖੇ। ੭. ਓਥੇ ਸੀਤਲ ਤੋਂ ਸੀਤਲ (ਪਰਮੇਸ਼ੁਰ ਦੇ ਨਾਮ ਦੀ) ਮਹਿਮਾਂ ਵਿਚ ਹੈਨ (ਭਗਤ)। ੮. (ਉਨ੍ਹਾਂ ਭਗਤਾਂ ਦੇ ਰਿਦੇ ਵਿਚ) ਸ਼ਾਂਤੀ ਹੀ ਸ਼ਾਂਤੀ (ਰਹਿੰਦੀ ਹੈ ਤੇ ਉਸ ਸ਼ਾਂਤੀ) ਵਿਚ ਮਹਿਮਾ।

(ਪਉੜੀ ੩੮)

ਪ੍ਰਾਕ੍ਥਨ-ਪਿੱਛੇ ਕਥੀ ਸਾਰੀ ਪ੍ਰਾਪਤੀ ਦਾ ਸਾਧਨ ਨਾਮ ਦੱਸਿਆ ਹੈ। ਨਾਮ ਦੇ ਅਭਯਾਸ ਵਿਚ ਜਿਨ੍ਹਾਂ 'ਸ਼ੁਭ ਗੁਣਾਂ' ਅਰਥਾਤ ਉੱਚ ਆਚਰਣ ਦੀ ਲੋੜ ਹੈ, ਤੇ ਨਾਮ ਦੇ ਸਿਰੇ ਚੜ੍ਹਨ ਲਈ ਜਿਸ ਗ਼ੈਬੀ ਸਹਾਯਤਾ (ਈਸ਼੍ਵਰ ਅਨੁਗ੍ਰਹ) ਦੀ ਲੋੜ ਹੈ, ਦੋਹਾਂ ਦਾ ਏਥੇ ਸੰਖੇਪ ਵਿਚ ਮੁੜਕੇ ਵਰਣਨ ਕਰਦੇ ਹਨ। ਜਿਨ੍ਹਾਂ ਸ਼ੁਭ ਗੁਣਾਂ ਦੀ ਲੋੜ ਹੈ, ਉਨ੍ਹਾਂ ਦਾ ਵਰਣਨ ਟਕਸਾਲ ਦੇ ਸੰਦ ਆਦਿ ਦੇ ਰੂਪਕ ਵਿਚ ਦਿੱਤਾ ਹੈ।

ਮੂਲ	ਅਰਥ
ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥੩੮॥	(ਸਚੀ ਟਕਸਾਲ)-ਜਤ ਦੀ ਭੱਠੀ, ਧੀਰਜ ਦਾ ਸੁਨਿਆਰਾ, ਬੁਧਿ ਦੀ ਅਹਿਰਣ, ਗਿਆਨ ਦਾ ਹਥੌੜਾ, ਭਉ ਦੀਆਂ ਖਲਾਂ, ਤਪ ਤਾਪਣ ਦੀ ਅੱਗ, ਪ੍ਰੇਮ ਦਾ ਭਾਂਡਾ (ਕੁਠਾਲੀ ਬਣਾ) ਉਸ ਵਿਚ ਨਾਮ ਰੂਪੀ ਸੋਨੇ ਨੂੰ ਢਾਲ (ਇਹ ਹੈ) ਸਚੀ ਟਕਸਾਲ (ਏਥੇ) ਸ਼ਬਦ ਘੜੀਦਾ ਹੈ। (ਪਰ ਇਹ) ਉਨ੍ਹਾਂ ਦੀ ਕਾਰ ਹੈ, ਜਿਨ੍ਹਾਂ ਪਰ (ਉਸ ਦੀ) ਕ੍ਰਿਪਾ ਦ੍ਰਿਸ਼ਟੀ ਤੇ ਮਿਹਰ ਹੈ। (ਜੋ ਇਹ ਨਾਮ ਜਪ ਦੀ ਕਾਰ ਕਰਦੇ ਹਨ) ਕ੍ਰਿਪਾ ਦ੍ਰਿਸ਼ਟੀ ਵਾਲਾ (ਅਕਾਲ ਪੁਰਖ ਆਪਣੀ) ਕ੍ਰਿਪਾ ਦ੍ਰਿਸ਼ਟੀ ਨਾਲ (ਉਨ੍ਹਾਂ ਨੂੰ) ਨਿਹਾਲ ਕਰ ਦੇਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੩੮॥

ਵਯਾਖਯਾ-ਸੁਨਿਆਰੇ ਅੱਗੇ ਭੱਠੀ ਹੁੰਦੀ ਹੈ, ਭੱਠੀ ਨੂੰ ਧੌਂਕਣੀ ਲਗੀ ਹੁੰਦੀ ਹੈ, ਹਵਾ ਦੇਣ ਲਈ, ਜਿਸ ਨਾਲ ਅੱਗ ਦਾ ਤਾਉ ਵਧ ਜਾਂਦਾ ਹੈ। ਤਦ ਕੁਠਾਲੀ ਵਿਚ ਸੋਨੇ ਨੂੰ ਪਾਕੇ ਢਾਲ ਲੈਂਦੇ ਹਨ, ਫਿਰ ਠੱਪੇ ਹਥੌੜੇ ਨਾਲ ਮੋਹਰਾਂ ਆਦਿ ਘੜਦੇ ਹੈਨ ਜੋ ਪਾਤਸ਼ਾਹੀ ਖਜ਼ਾਨੇ ਦਾਖ਼ਲ ਹੁੰਦੀਆਂ ਹੈਨ। ਇਹ ਤਸਵੀਰ ਹੈ ਜੋ ਇਥੇ ਸ਼ੁਭ ਗੁਣਾਂ ਦੀ ਖਿੱਚਕੇ ਉਸ ਵਿਚ ਨਾਮ-ਜਪ ਦੀ ਮਿਰਜਾਦਾ ਦੱਸੀ ਗਈ ਹੈ। ਅਰਥਾਤ-ਧੀਰਜ ਧਾਰਕੇ ਜਤ ਸਤ ਨੂੰ ਕਾਇਮ ਰਖਦਿਆਂ, ਗਯਾਨ ਨੂੰ ਅਥਵਾ ਸਤ ਸ਼ਾਸਤ੍ਰ ਦੇ ਉਪਦੇਸ਼ ਨੂੰ ਸੁਣ ਪੜ੍ਹਕੇ ਮਤਿ ਵਿਚ ਧਾਰਣ ਕਰਦਿਆਂ, ਪਰਮੇਸ਼ੁਰ ਦੇ ਭੈ ਵਿਚ ਤੇ ਤਪ ਵਿਚ ਰਹਿੰਦਿਆਂ ਪ੍ਰੇਮ ਭਾਵਨਾਂ ਨਾਲ ਨਾਮ ਜਪਣਾ, ਸਿਮਰਨਾ ਤੇ ਆਰਾਧਣਾ ਹੈ, ਇਸ ਨਾਲ ਆਪੇ ਨੇ ਬਾਰਾਂ ਵੰਨੀਆਂ ਦੇ ਸੋਨੇ ਵਾਂਙੂ ਸ਼ੁੱਧ ਹੋ ਜਾਣਾ ਹੈ। ਇਸ ਪਰ ਨਦਰੀ ਦੀ ਨਦਰ ਹੋਣੀ ਹੈ ਤੇ ਜੀਵ ਨੇ (ਨਿਹਾਲ=) ਅਨੰਦ ਸਰੂਪ ਹੋ ਜਾਣਾ ਹੈ। ਪਰ ਪਹਿਲੀ ਕਹੀ ਟਕਸਾਲ ਦੀ ਕਾਰ ਬੀ ਵਾਹਿਗੁਰੂ ਦੀ ਮਿਹਰ ਨਾਲ ਹੀ ਹੋਣੀ ਹੈ।

ਨਿਰੁਕ੍ਤ-ਜਤੁ-ਜਤੀ ਹੋਣ ਦਾ ਗੁਣ। ਇੰਦ੍ਰਿਆਂ ਤੇ ਵਸੀਕਾਰ। ਵਿਭਚਾਰ ਦੇ ਅਵਗੁਣ ਤੋਂ ਰਹਿਤ ਹੋਣਾ। ਪਹਾਰਾ-ਭੱਠੀ। ਸੁਨਿਆਰੇ ਇਸ ਨੂੰ ਦੁਕਾਨ ਬੀ ਕਹਿੰਦੇ ਹਨ।

ਵੇਦੁ-੧. ਵੇਦ। ੨. ਗਯਾਨ ਦਾਤਾ ਗ੍ਰੰਥ। ਸਤ ਸ਼ਾਸਤ੍ਰ। ੩. ਗਿਆਨ।

ਹਥਿਆਰੁ-ਹਥ ਵਿਚ ਫੜਨੇ ਦਾ ਸੰਦ, ਔਜ਼ਾਰ। ਕੋਈ ਹਥਿਆਰ, ਪਰ ਇਥੇ ਭਾਵ ਸੁਨਿਆਰੇ ਦੇ ਹਥੌੜੇ ਹਥੌੜੀਆਂ ਤੋਂ ਹੈ। ਕਿਉਂਕਿ ਇਸ ਦੇ ਪਹਿਲੋਂ 'ਅਹਰਣਿ' ਆਇਆ ਹੈ।

ਅਹਰਣਿ-ਉਹ ਲੋਹਾ ਜਿਸ ਪਰ ਘੜਨੇ ਜੋਗ ਧਾਤੂ ਰੱਖਕੇ ਹਥੌੜਾ ਮਾਰਦੇ ਹਨ।

ਖਲਾ-ਧੌਂਕਣੀ।

ਤਪ ਤਾਉ-ਤਪ ਤਾਉਣਾ। 'ਤਪ ਕਰਨਾ' ਅਗਨੀ ਦਾ ਤਾਉ ਦੇਣਾ ਦੀ ਥਾਂਵੇ ਹੋਵੇ। ਤਪ ਤੋਂ ਮੁਰਾਦ ਹੈ-ਵਿਰੋਧੀ ਸਾਮਾਨਾਂ ਦੇ ਹੁੰਦਿਆਂ ਭੀ ਅਭਿਆਸ ਵਿਚ ਜੁਟੇ ਰਹਿਣਾ, ਗਿਰਾਉ ਨਾ ਖਾਣਾ, ਤਯਾਗ ਵੈਰਾਗ ਬ੍ਰਿਤੀ ਵਿਚ ਰਹਿਣਾ।

ਅੰਮ੍ਰਿਤ-ਅੰਮ੍ਰਿਤ ਪਦ ਦੇ ੨੦ ਕੁ ਅਰਥਾਂ ਵਿਚੋਂ ਇਕ ਅਰਥ ਹੈ: ਸੋਨਾ। ਗੁਰਬਾਣੀ ਵਿਚ ਅੰਮ੍ਰਿਤ ਨਾਮ ਨੂੰ ਬੀ ਕਿਹਾ ਹੈ:- '**ਨਾਨਕ ਅੰਮ੍ਰਿਤ ਨਾਮੁ ਸਦਾ ਸੁਖ ਦਾਤਾ॥**' (ਮਾਝ ਮ: ੩ ਅਸਟ:-੧੬)

ਇਥੇ ਦੋਇ ਅਰਥ ਇਕੋ ਪਦ 'ਅੰਮ੍ਰਿਤ' ਵਿਚੋਂ ਲੈਣੇ ਹਨ[1] ਉਸ ਭਾਂਡੇ ਵਿਚ ਨਾਮ ਰੂਪੀ ਸੋਨੇ ਨੂੰ ਢਾਲ। ਇਸ ਵਿਚ ਤੀਸਰਾ ਕਟਾਖਯ ਇਹ ਹੈ ਕਿ ਉਹ ਢਲਕੇ ਤੈਨੂੰ ਅੰਮ੍ਰਿਤ='ਅਮਰ' ਕਰ ਦੇਵੇਗਾ।

(ਅੰਤਮ ਸਲੋਕੁ)

ਪ੍ਰਾਕ੍ਰਥਨ–ਇਹ ਪਉੜੀ ਨਹੀਂ ਅੰਤਮ ਸ਼ਲੋਕ ਹੈ, ਮਾਨੋ ਜਪੁਜੀ ਦਾ ਉਪਸੰਹਾਰ[2] ਹੈ। ਇਸ ਵਿਚ ਜਪੁਜੀ ਦਾ ਸਾਰ ਸਿਧਾਂਤ ਉਪਦੇਸ਼ ਹੈ ਕਿ ਕੁਦਰਤ ਦੇ ਜੋ ਸਾਮਾਨ ਤੇਰੇ ਉਦਾਲੇ ਹਨ, ਓਹ ਤੇਰੀ ਉਤਪਤੀ, ਪਾਲਣਾ, ਸਿਖ੍ਯਾ ਤੇ ਤੈਨੂੰ ਖੇੜੇ ਵਿਚ ਰੱਖਣ ਦੇ ਸਹਾਇਕ ਹਨ, ਇਹ ਗਲ ਸਮਝਕੇ ਤੂੰ ਅਪਣੇ ਅਮਲਾਂ ਨੂੰ ਸੁਛ ਰੱਖ। ਨੇਕੀ ਬਦੀ ਦੁਇ ਅਪਣਾ ਅਸਰ ਰਖਦੀਆਂ ਹਨ, ਇਕ 'ਸਾਈਂ' ਦੇ ਨੇੜੇ ਲੈ ਜਾਂਦੀ ਹੈ ਤੇ ਇਕ ਦੂਰ ਲੈ ਜਾਂਦੀ ਹੈ, ਸੋ ਨੇਕੀ ਕਰ ਜੋ ਨੇੜੇ ਲੈ ਜਾਂਦੀ ਹੈ, ਪਰ ਨੇਕੀ ਕਰਮ ਗੇੜ ਤੋਂ ਬਾਹਰ ਨਹੀਂ ਕੱਢਦੀ। ਇਸ ਲਈ ਨੇਕੀ ਕਰਦਿਆਂ ਕਰਮ ਗੇੜ ਤੋਂ ਕੱਢਣ ਵਾਲਾ ਨਾਮ ਧਿਆ, ਐਸਾ ਸਿਮਰਨ ਕਰ ਕਿ ਪਰਮਾਤਮ ਦੇਵ ਵਿਚ ਧਿਆਨ ਗੱਡਿਆ ਜਾਵੇ, ਇਸ ਦੇ ਨਾਲ ਉਸ ਦੇ ਦਰ ਤੇਰਾ ਮੁੱਖ ਉੱਜਲਾ ਹੋਵੇਗਾ। ਨਾ ਕੇਵਲ ਤੇਰਾ ਆਪਣਾ ਸਗੋਂ ਕਿਤਨੇ ਹੋਰ ਤੇਰੇ ਨਾਲ ਤੇਰੇ ਸੰਗੀ ਸਾਥੀ ਮੁਕਤ ਪ੍ਰਾਪਤ ਕਰਨਗੇ।

ਮੂਲ	ਅਰਥ
ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥	[3]ਪੌਣ ਗੁਰੂ ਹੈ, ਮਹਾਨ[4] ਪਾਣੀ ਪਿਤਾ ਹੈ, ਧਰਤੀ ਮਾਤਾ ਹੈ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥	ਦਿਨ ਰਾਤ ਦੋਵੇਂ ਦਾਈ ਤੇ ਦਾਇਆ ਹਨ[5] (ਜਿਨ੍ਹਾਂ ਦੀ ਗੋਦ ਵਿਚ) ਖੇਡਦਾ ਹੈ ਸਾਰਾ ਸੰਸਾਰ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥	ਚੰਗਿਆਈਆਂ ਬੁਰਿਆਈਆਂ ਵਾਚੇਗਾ ਧਰਮ (ਪਰਮੇਸ਼ੁਰ ਦੀ) ਹਜ਼ੂਰੀ ਵਿਚ[6]। (ਸੋ) ਆਪੋ ਆਪਣੀ ਕਰਨੀ ਅਨੁਸਾਰ ਕੋਈ (ਤਾਂ ਪਰਮੇਸ਼ੁਰ) ਦੇ ਨੇੜੇ (ਤੇ) ਕੋਈ ਦੂਰ (ਹੋ ਜਾਣਗੇ)। (ਪਰ) ਹੇ ਨਾਨਕ! ਜਿਨ੍ਹਾਂ ਨੇ ਨਾਮ ਧਿਆਇਆ ਹੈ (ਓਹ ਏਥੋਂ ਅਸਲੀ) ਮਿਹਨਤ ਘਾਲ ਕੇ ਗਏ ਹਨ, (ਪਰਮੇਸ਼ੁਰ ਦੇ ਹਜ਼ੂਰ) ਓਹ ਉੱਜਲੇ ਮੂੰਹ ਵਾਲੇ (ਹਨ ਅਰ ਹੋਰ) ਕਿਤਨੀ (ਸ੍ਰਿਸ਼ਟੀ ਉਨ੍ਹਾਂ ਦੇ) ਨਾਲ ਛੁਟ ਜਾਂਦੀ ਹੈ[7]॥੧॥

[1]ਅੰਮ੍ਰਿਤ ਪਦ ਇਥੇ ਸ਼ਲੇਖ ਹੈ ਅਰਥ ਦੋ ਹਨ: ੧. ਨਾਮ। ੨. ਸੋਨਾ। ਅਰਥਾਤ ਨਾਮ ਰੂਪੀ ਸੋਨੇ ਨੂੰ ਢਾਲ।

[2] ਸਾਰੀ ਪੁਸਤਕ ਦਾ ਸਾਰ ਸਿੱਧਾਂਤ।

[3] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸਲੋਕ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਮਾਰੂ ਸੋਲਹਿਆਂ ਵਿਚ ਸੋਲਹਾ ਦੀ ਧਾਰਨਾਂ ਵਿਚ ਵੀ ਦਿੱਤਾ ਹੈ, ਯਥਾ-ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੈ॥ (ਮਾਰੂ ਸੋ: ਮ: ੧, ੧-੧੦) ਇਹੋ ਸ਼ਲੋਕ ਮਾਝ ਦੀ ਵਾਰ (ਪਉੜੀ ੧੮) ਵਿਚ ਮ: ੨ ਦੇ ਸਿਰਨਾਮੇ ਹੇਠ ਬੀ ਆਇਆ ਹੈ, ਜਿਸ ਦੇ ਪਾਠ ਵਿਚ ਤ੍ਰੈ ਚਾਰ ਪਦਾਂ ਦਾ ਫਰਕ ਹੈ: ਪਵਣੁ=ਪਉਣੁ। ਦਿਵਸੁ=ਦਿਨਸੁ। ਵਾਚੈ=ਵਾਚੇ।
ਕੇਤੀ ਛੁਟੀ=ਹੋਰ ਕੇਤੀ ਛੁਟੀ।

[4]ਮਹਤ ਦਾ ਅਰਥ ਧਰਤੀ ਨਾਲ ਨਹੀਂ ਪਰ ਪਾਣੀ ਨਾਲ ਕਿਉਂ ਲਾਇਆ ਹੈ, ਇਸ ਦੇ ਲਈ ਦੇਖੋ ਇਸੇ ਸ਼ਲੋਕ ਦੀ ਨਿਰੁਕ੍ਤ।

[5] ਦਾਈ ਜੋ ਰਾਤ ਨੂੰ ਬੱਚੇ ਨੂੰ ਸੰਭਾਲਦੀ ਸੁਆਲਦੀ ਹੈ; ਦਾਇਆ=ਜੋ ਦਿਨੇ ਖਿਡਾਉਂਦਾ, ਸੈਰ ਕਰਾਉਂਦਾ ਤੇ ਪਰਚਾਉਂਦਾ ਹੈ।

[6] ਯਾ ਵਾਚਦਾ ਹੈ ਧਰਮਰਾਜ (ਰੱਬ ਦੀ) ਹਜ਼ੂਰੀ ਵਿਚ।

[7] ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ (ਗਉ: ਸੁਖਮਨੀ ੨੩-੮)

ਵਜਾਖਜਾ-ਪੌਣ, ਪਾਣੀ, ਧਰਤੀ, ਦਿਨ, ਰਾਤ ਵਿਚ ਜੋ ਜੀਵ ਕਰਮ ਕਰ ਰਹੇ ਹਨ ਚੰਗੇ ਮੰਦੇ, ਉਹਨਾਂ ਅਨੁਸਾਰ ਕਈ ਨੇੜੇ ਹੋ ਜਾਣਗੇ ਤੇ ਕਈ ਦੂਰ। ਪਰ ਜੋ ਨਾਮ ਜਪ ਦੀ ਘਾਲਣਾ ਘਾਲਕੇ ਜਾਣਗੇ, ਓਹ ਖਾਸ ਹਜ਼ੂਰੀ ਯਾ ਸਰੂਪ ਵਿਚ ਪਹੁੰਚਣਗੇ ਤੇ ਉਜਲੇ ਮੁੱਖ ਪਹੁੰਚਣਗੇ, ਅਰਥਾਤ ਪਰਮ ਪਦ ਨੂੰ ਪ੍ਰਾਪਤ ਹੋਣਗੇ; ਐਸੇ ਨਾਮ ਰਸੀਆਂ ਦੇ ਨਾਲ ਹੋਰ ਕਿਤਨੀ ਸ੍ਰਿਸ਼ਟੀ ਛੁਟ ਜਾਏਗੀ। ਯਥਾ:-

ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥ (ਸੁਖਮਨੀ ੧੬-੮)

ਇਸ ਪਲੋਕ ਵਿਚ ਸਾਰੇ ਸਰੀਰਾਂ ਦੇ ਸਮੁਦਾਇ-ਜਗਤ ਨੂੰ- 'ਦੇਸ਼ ਕਾਲ ਵਸਤੂ' ਤ੍ਰੈਹਾਂ ਵਿਚ ਜੰਮਦਾ, ਪਲਦਾ, ਖਿਲਾਇਆ ਤੇ ਸਿਖਾਇਆ ਜਾ ਰਿਹਾ ਦਰਸਾਇਆ ਹੈ। ਜੋ ਐਉਂ ਸਮਝੇ ਪੈਂਦਾ ਹੈ:-

ਪਵਣੁ, ਪਾਣੀ, ਧਰਤਿ	ਸੂਚਕ ਹਨ-	ਵਸਤੂ ਦੇ,
ਦਿਵਸੁ ਰਾਤਿ	ਸੂਚਕ ਹਨ-	ਕਾਲ ਦੇ,
ਖੇਲੈ	ਸੂਚਕ ਹੈ-	ਦੇਸ਼ ਦਾ।

ਦੇਸ਼ ਬਿਨਾ ਖੇਲ ਖੇਲੀ ਨਹੀਂ ਜਾ ਸਕਦੀ ਇਸ ਕਰਕੇ ਇਹ ਪਦ 'ਖੇਲ' ਦੇਸ਼ ਦਾ ਸੂਚਕ ਹੈ। ਫਿਰ ਵਸਤੂ ਤੋਂ ਵਸਤੂ ਦੀ ਵਿੱਥ 'ਦੇਸ਼' ਦੀ ਸੂਚਕ ਹੈ, ਜਿੱਥੇ ਵਸਤੂ ਹੋਵੇਗੀ ਦੇਸ਼ ਅਵੱਸ਼ਜ ਹੋਵੇਗਾ। ਇਨ੍ਹਾਂ ਤ੍ਰੈਹਾਂ ਵਿਚ ਜੀਵ ਖੇਲਾਏ ਜਾ ਰਹੇ ਹਨ।

ਖੇਲ ਕਰਮ ਹੈ। ਕਰਮ ਭਲੇ ਯਾ ਬੁਰੇ ਹੋਣੇ ਹੋਏ। 'ਦੇਸ਼ ਕਾਲ ਵਸਤੂ' ਦਾ 'ਰੰਗ-ਘਰ' ਬਣਾਕੇ 'ਖੇਲ ਦੇ ਰਚਾਵਨਹਾਰ' ਦੇ ਨੇੜੇ ਚੰਗੇ ਕਰਮ ਲੈ ਜਾਂਦੇ ਹਨ, ਬੁਰੇ ਕਰਮ ਉਸ ਤੋਂ ਦੂਰ ਲੈ ਜਾਂਦੇ ਹਨ, ਪਰ ਨਾਮ ਵਾਲੇ ਨੇੜੇ ਦੂਰ ਨਹੀਂ, ਓਹ ਖਾਸ ਜਾਤ ਵਿਚ ਪਹੁੰਚਦੇ ਹਨ। ਇਹੋ ਗਲ ਜਪੁਜੀ ਵਿਚ ਐਉਂ ਬੀ ਦੱਸੀ ਹੈ:-

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥੩੪॥

ਇਸ ਸਲੋਕ ਦਾ ਇਕ ਹੋਰ ਰੂਪ ਜੈਸਾ ਕਿ ਪਿਛੇ ਟੂਕ ਵਿਚ ਦੱਸਿਆ ਗਿਆ ਹੈ ਸ੍ਰੀ ਗੁਰੂ ਜੀ ਨੇ ਆਪ ਮਾਰੂ ਸੋਲਹੇ ਵਿਚ ਐਉਂ ਦੱਸਿਆ ਹੈ:-

ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥ (ਮਾਰੂ ਸੋਲਹੇ ਮ: ੧, ੧-੧੦)

ਇਸ ਸਲੋਕ ਨੂੰ ਗੁਰੂ ਦੇ ਲਛਣਾਂ ਦਾ ਪ੍ਰਤਿਪਾਦਕ ਖਿਆਲ ਕਰਕੇ ਕਈ ਵਿਚਾਰਵਾਨ ਐਉਂ ਬੀ ਅਰਥ ਲਾਉਂਦੇ ਹਨ:-

(ਪ੍ਰਸ਼ਨ-ਗੁਰੂ ਕੈਸਾ ਹੈ? ਉਤਰ:) ਗੁਰੂ ਪਉਣ (ਵਾਙੂ ਨਿਰਲੇਪ) ਹੈ, ਪਾਣੀ (ਵਾਙੂ ਨਿਰਮਲ ਹੈ, ਪਰ ਸਿਖ ਦੀ ਮੈਲ ਦੂਰ ਕਰਦਾ ਹੈ।) ਪਿਤਾ (ਵਾਙੂ ਰਖਜਕ ਹੈ), (ਗੁਰੂ) ਮਾਤਾ (ਵਾਙੂ ਸਿਖਾਂ ਦਾ ਪਾਲਣਹਾਰ) ਹੈ। (ਗੁਰੂ ਦਾ) ਮਹਤੁ (ਵਡਿਆਈ) ਹੈ ਧਰਤੀ (ਸਮਾਨ ਧੀਰਜੀ ਹੋਣਾ)। (ਗੁਰੂ) ਦਿਨਸ (ਗਜਾਨ ਰੂਪੀ ਸੂਰਜ) ਹੈ ਜੋ 'ਰਾਤ ਦੁਇ' ਅਰਥਾਤ ਦੁਐਤ ਰੂਪੀ ਰਾਤ ਦੂਰ ਕਰਦਾ ਹੈ। (ਗੁਰੂ) ਦਾਈ (ਵਾਙੂ ਸਰੂਪ ਵਿਚ ਸੁਆ ਦੇਂਦਾ ਹੈ) ਦਾਏ (ਵਾਂਙੂ) ਜਗਤ ਕ੍ਰਿਆ ਵਿਚ ਖੇਲਦੇ (ਰਖਕੇ

ਕਲਜਾਨ ਕਰਦਾ ਹੈ)। (ਇਸ ਤਰ੍ਹਾਂ ਸਾਰਾ ਜਗਤ ਗੁਰੂ ਕੀ ਲੀਲ੍ਹਾ ਹੈ) ਗੁਰੂ ਸਿਖਾਂ ਦੇ ਭਲੇ ਬੁਰੇ (ਕਰਮਾਂ ਦੀ ਵਿਵੇਚਨਾ ਅਪਣੀ) ਹਜ਼ੂਰੀ ਵਿਚ (ਬੁਲਾਕੇ) ਦੱਸ ਦੇਂਦਾ ਹੈ। ਤੇ ਕਰਮਾਂ ਅਨੁਸਾਰ ਨੇੜੇ ਦੂਰ ਰਖ ਲੈਂਦਾ ਹੈ (ਯਾ ਮੋਖ ਦੇ ਅਧਿਕਾਰੀ ਅਨਅਧਿਕਾਰੀ ਦਾ ਥਹੁ ਦੱਸ ਦੇਂਦਾ ਹੈ; ਪਰ) ਨਾਮ ਪ੍ਰੇਮੀਆਂ ਨੂੰ ਤੇ ਉਹਨਾਂ ਦੇ ਸਾਥੀਆਂ ਨੂ ਮੁਕਤੀ ਦੇਕੇ ਸਦਾ ਉੱਜਲ ਸਰੂਪ ਵਿਚ ਉੱਜਲ ਮੁਖ (ਸਮਾਈ) ਬਖ਼ਸ਼ਦਾ ਹੈ।

ਇਸ ਸਲੋਕ ਦੀ ਉੱਤਮ ਵਜਾਖਜਾ ਭਾਈ ਗੁਰਦਾਸ ਜੀ ਨੇ ਬੀ ਆਪਣੀ ਇਕ ਪਉੜੀ ਵਿਚ ਦਿਤੀ ਹੈ, ਜਿਸ ਦਾ ਪਾਠ ਇਹ ਹੈ:-

੧. ਪਉਣ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ।
੨. ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥ ਨਿਵਾਣ ਚਲਾਇਆ।
੩. ਧਰਤੀ ਮਾਤ ਮਹਤ ਕਰਿ ਓਤਿਪੋਤਿ ਸੰਜੋਗੁ ਬਣਾਇਆ।
੪. ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤੁ ਖਿਲਾਇਆ।
੫. ਗੁਰਮੁਖਿ ਜਨਮੁ ਸਕਾਰਥਾ ਸਾਧ ਸੰਗਤਿ ਵਸਿ ਆਪੁ ਗਵਾਇਆ।
੬. ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
੭. ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ।
੮. ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
੯. ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
੧੦.ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥੫॥ (ਵਾਰ ੬)

ਇਸ ਪਉੜੀ ਦਾ ਟੀਕਾ ਸ੍ਰੀ ਮਾਨ ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ ਨੇ ਇਉਂ ਕੀਤਾ ਹੈ:-

੧. (ਜਿਹੜਾ) 'ਵਾਹਿਗੁਰੂ' ਦਾ ਗੁਰਾਂ ਨੇ ਸ਼ਬਦ ਸੁਣਾਇਆ ਹੈ ਉਹ ਗੁਰ ਸ਼ਬਦ ਦਾ ਪੌਣ ਹੀ ਗੁਰੂ ਹੈ (ਇਸੇ ਕਰਕੇ ਗੁਰੂ ਨਾਨਕ ਜੀ ਨੇ ਪੌਣ ਨੂੰ ਗੁਰੂ ਪਦਵੀ ਦਿੱਤੀ ਹੈ)। ੨. (ਜਿਕੁਰ) ਪਾਣੀ (ਲੋਕਾਂ ਨੂੰ) ਪਵਿੱਤ੍ਰ ਕਰਦਾ ਹੈ (ਅਤੇ ਆਪ) ਨਿਵਾਣ ਨੂੰ ਜਾਂਦਾ ਹੈ (ਤਿਹਾ ਹੀ) ਗੁਰਮੁਖਾਂ ਨੇ ਆਪਣਾ ਪੰਥ (ਤੋਰਿਆ ਹੈ, ਇਸੇ ਕਰਕੇ ਕਿ) ਪਾਣੀ (ਸਭ ਦਾ) ਪਿਤਾ ਹੈ। ੩. ਧਰਤੀ ਅਤੇ ਮਾਤਾ ਦਾ ਵੱਡਾ ਕਰਕੇ ਤਾਣੇ ਪੇਟੇ ਦਾ ਸੰਜੋਗ ਬਣਾਇਆ ਹੈ (ਭਾਵ ਜਿੱਕੁਰ ਧਰਤੀ ਵਿਖੇ ਸਹਿਨਸ਼ੀਲਤਾ ਹੈ ਤਿੱਕੁਰ ਹੀ ਮਾਤਾ ਵਿਖੇ ਹੈ, ਇਸੇ ਕਰਕੇ ਗੁਰੂ ਜੀ ਨੇ ਧਰਤੀ ਮਾਤਾ ਲਿਖੀ ਹੈ)। ੪. ਰਾਤ ਦਾਈ ਹੈ ਤੇ ਦਿਨ ਦਾਇਆ ਹੈ, ਜਗਤ ਨੂੰ (ਜਿਸ ਦਾ) ਸੁਭਾਉ ਬਾਲਕਾਂ ਵਾਲਾ ਹੈ, ਖਿਲਾਉਂਦੇ ਹਨ। (ਰਾਤ ਸੁਆਂਦੀ) ਤੇ ਦਿਨ ਸੰਸਾਰਕ ਖੇਡਾਂ ਵਿਚ ਪਰਚਾਉਂਦਾ ਹੈ, (ਇਸੇ ਕਰਕੇ ਰਾਤ ਦਿਨ ਦਾਈ ਦਾਇਆ ਹਨ)। ੫. ਗੁਰਮੁਖਾਂ ਦਾ ਜਨਮ ਸਫਲ ਹੈ (ਕਿਉਂ ਜੋ) ਸਾਧ ਸੰਗਤ ਵਿਚ ਨਿਵਾਸ ਕਰਕੇ (ਉਹਨਾਂ ਨੇ) ਦੇਹਾਭਿਮਾਨ ਨੂੰ ਛੱਡ ਦਿੱਤਾ ਹੈ। ੬. ਤਦੇ ਹੀ ਜਨਮ ਮਰਨ ਤੋਂ ਰਹਿਤ ਹੋਕੇ ਜੀਵਨ ਮੁਕਤ ਦੀ ਜੁਗਤ ਵਿਚ ਵਰਤਦੇ ਹਨ। ੭. (ਗੁਰਮੁਖਾਂ ਦੀ) ਮਾਤਾ ਗੁਰੂ ਸਿਖਜਾ ਹੈ ਤੇ ਪਿਤਾ (ਉਨ੍ਹਾਂ ਦਾ) ਸੰਤੋਖ ਹੈ (ਜਿਸ ਤੋਂ) ਮੋਖ ਪਦਵੀ ਪਾਉਂਦੇ ਹਨ। ੮. ਧੀਰਜ ਅਤੇ ਧਰਮ ਦੋਵੇਂ ਭ੍ਰਾਤਾ ਹਨ, ਜਪ, ਤਪ, ਜਤ, ਸਤ (ਆਦੀ ਗੁਣ) ਪੁੱਤ੍ਰ ਦਸੇ ਹਨ। ੯. ਗੁਰੂ ਚੇਲਾ ਤੇ ਚੇਲਾ ਗੁਰੂ ਪੂਰਣ ਥੋਂ ਪੂਰਣ ਦਾ ਚਲਿਤ੍ਰ ਵਰਤਾਇਆ। ੧੦. ਗੁਰਮੁਖਾਂ ਨੇ ਅਲਖ ਸੁਖ ਫਲ ਲਖਕੇ ਹੋਰਨਾਂ ਨੂੰ ਲਖਾਇਆ ਹੈ।

ਭਾਵ ਸਪਸ਼ਟ ਹੀ ਹੈ, ਨਾਵੀਂ ਸਤਰ ਵਿਚ ਸਿਧਾਂਤ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਜੀ ਨੂੰ ਗੁਰੂ ਕਰਕੇ ਚਰਿਤ੍ਰ ਵਰਤਾਇਆ।

ਨਿਰੁਕ੍ਤ-ਮਹਤੁ-ਸੰਸਕ੍ਰਿਤ ਵਿਚ ਪਦ 'ਮਹਤ੍' ਤਿੰਨਾਂ ਲਿੰਗਾਂ ਵਿਚ ਵਰਤੀਂਦਾ ਹੈ। ਇਸ ਤਰ੍ਹਾਂ ਇਹ 'ਧਰਤਿ' ਦਾ ਵਿਸ਼ੇਸ਼ਣ ਲਾ ਲਿਆ ਜਾ ਸਕਦਾ ਹੈ, ਜੋ ਇਸਤ੍ਰੀ ਲਿੰਗ ਹੈ। ਪਰ ਜੇ ਇਥੇ

ਵਰਤੇ ਪਦ 'ਮਹਤੁ' ਦੇ ਔਂਕੜ ਵਲ ਖਿਆਲ ਕੀਤਾ ਜਾਏ ਤੇ ਗੁਰਬਾਣੀ ਵਿਚ ਵਰਤਾਉ ਤੱਕੀਏ ਤਾਂ ਇਹ ਪਦ ਪੁਲਿੰਗ ਕਰਕੇ ਵਰਤਿਆ ਹੈ, ਯਥਾ:-

ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥ (ਗਉੜੀ ਮ: ੫-੧੦੯)

ਇਸ ਕਰਕੇ ਉਪਰ ਅਰਥਾਂ ਵਿਚ ਪਦ 'ਮਹਤੁ' ਨੂੰ ਪਾਣੀ ਦਾ ਵਿਸ਼ੇਸ਼ਣ ਲਾਇਆ ਹੈ। ਸੰਸਕ੍ਰਿਤ ਪਦ 'ਮਹੱਤ੍ਵ' ਦਾ ਅਰਥ ਹੈ 'ਵਡਾ ਪਨ'। ਗੁਰਬਾਣੀ ਵਿਚ ਪਦ 'ਮਹਤੁ' ਸੰਸਕ੍ਰਿਤ ਪਦ 'ਮਹਤ੍ਵ' ਦੀ ਥਾਵੇਂ ਬੀ ਵਰਤਿਆ ਹੈ, ਯਥਾ:-

'ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ॥' (ਸਿਰੀ ਮ: ੧ ਅਸਟ:-੩)

ਦਿਵਸੁ-ਦਿਵਸ। ਦਿਨ।

ਦਾਈ-ਜੋ ਰਾਤ ਬੱਚੇ ਨੂੰ ਸੰਭਾਲਦੀ ਸੁਆਲਦੀ ਹੈ, ਕਈ ਵੇਰ ਆਪਣੇ ਦੁਧ ਤੇ ਪਾਲਦੀ ਹੈ।

ਦਾਇਆ-ਜੋ ਦਿਨੇ ਖਿਡਾਉਂਦਾ, ਸੈਰ ਕਰਾਉਂਦਾ, ਪਰਚਾਉਂਦਾ ਹੈ। (ਸੰਸ:, ਧਾਤ੍ਰੀ ਤੋਂ ਦਾਈ ਪਦ ਬਣਿਆ ਹੈ। ਦਾਈ ਤੋਂ ਦਾਇਆ)।

ਧਰਮੁ-ਧਰਮ ਨਿਆਂ ਕਰਨ ਵਾਲਾ ਦੇਵਤਾ। (ਅ) ਨੇਕੀ ਪੁੰਨ ਦਾ ਨਿਜ਼ਮ।

ਮਸਕਤਿ-(ਅ਼:,ਮੁਸ਼ੱਕਤ) ਮਿਹਨਤ। ਕਰੜੀ ਮਿਹਨਤ।

(ਪ੍ਰਸ਼ਨ: ਧਰਤੀ ਆਦਿ ਨੂੰ ਮਾਤਾ ਆਦਿ ਕਿਉਂ ਕਿਹਾ ਹੈ? ਉੱਤਰ:) ਧਰਤੀ ਨੂੰ ਮਾਤਾ ਤੁੱਲ ਕਿਹਾ ਹੈ ਕਿਉਂਕਿ ਇਸ ਤੋਂ ਸਭ ਕੁਛ ਉਪਜਦਾ ਹੈ, ਯਥਾ ਗੁਰ ਵਾਕ ਹੈ:-

ਉਦਰ ਸੰਜੋਗੀ ਧਰਤੀ ਮਾਤਾ॥ (ਮਾਰੂ ਸੋਲਹੇ ਮ: ੧, ੧-੧੦)

ਪਾਣੀ ਪਿਤਾ (ਤੁੱਲ) ਕਿਹਾ ਹੈ ਕਿਉਂਕਿ ਧਰਤੀ ਉਤੇ ਪਾਣੀ ਨਾ ਹੋਵੇ ਤਾਂ ਕੁਛ ਉਪਜ ਨਹੀਂ ਸਕਦਾ। ਫਿਰ ਪਾਣੀ ਪੀ ਕੇ ਜੀਵੀਦਾ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਵਾਰ ਆਸਾ ਮ: ੧-੧੮)

ਪਾਣੀ ਨੂੰ ਹੋਰਥੇ ਬੀ ਪਿਤਾ ਕਿਹਾ ਹੈ, ਯਥਾ:-

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ[1]॥ (ਵਾਰ ਸਾਰੰਗ ਮ: ੧-੭)

ਪਵਣ ਨੂੰ ਗੁਰੂ (ਤੁੱਲ) ਕਿਹਾ ਹੈ ਕਿ ਸ਼ਬਦ ਤੇ ਪੌਣ ਦਾ ਸੰਬੰਧ ਹੈ। ਚਾਹੋ ਸ਼ਬਦ ਧਰਮ ਅਕਾਸ਼ ਦਾ ਮੰਨਿਆ ਗਿਆ ਹੈ, ਪਰ ਸ਼ਬਦ ਦੀ ਕੰਨ ਤਕ ਪਹੁੰਚ ਪੌਣ ਦੇ ਅਵੈਵਾਂ ਦੇ ਹਿਲਾਉ ਦੁਆਰੇ ਹੁੰਦੀ ਹੈ। ਜਿਵੇਂ ਪੌਣ ਸਾਧਾਰਣ ਪੌਣ ਦੀ ਬਦਰੱਕਾ ਹੈ, ਤਿਵੇਂ ਗੁਰੂ 'ਨਾਮ' ਰੂਪੀ ਸ਼ਬਦ ਦਾ ਦੇਵਣਹਾਰ ਹੈ। ਫਿਰ 'ਪਵਨ' ਪਦ ਦਾ ਧਾਤੂ ਹੈ 'ਪੂ' ਜਿਸ ਦਾ ਅਰਥ ਹੈ ਪਵਿੱਤ੍ਰ ਕਰਨਾ। ਜਿਵੇਂ ਪਵਨ ਪਵਿੱਤ੍ਰ ਕਰਦੀ ਹੈ ਤਿਵੇਂ ਗੁਰੂ ਪਵਿੱਤ੍ਰ ਕਰਦਾ ਹੈ ਸਿਖ ਦੇ ਹਿਰਦੇ ਨੂੰ, ਫਿਰ ਪਵਨ ਦੇ ਆਸ਼੍ਰਿਤ ਹੈ ਸਰੀਰਕ ਜੀਵਨ, ਤਿਵੇਂ ਗੁਰੂ ਦੇ ਆਸ਼੍ਰਿਤ ਹੈ ਆਤਮਕ ਜੀਵਨ।

---

[1]ਅਸੀਂ ਪਾਣੀ ਪੀਤਾ ਕਹਿੰਦੇ ਹਾਂ ਪਰ ਬੰਗਾਲੀ ਵਿਚ ਪਾਣੀ ਨੂੰ ਬੀ ਖਾਣਾ ਕਹਿੰਦੇ ਹਨ। ਫਾਰਸੀ ਵਾਲੇ ਬੀ 'ਆਬ ਖ਼ੁਰਦਨ' ਕਹਿੰਦੇ ਹਨ।

ਰਹਰਾਸਿ

ਸੋਦਰੁ ਰਾਗੁ ਆਸਾ ਮਹਲਾ ੧

੧ੳ ਸਤਿਗੁਰ ਪ੍ਰਸਾਦਿ॥

ਸੂਚਨਾ– ਜਪੁਜੀ ਸਾਹਿਬ ਦੇ ਪਾਠ ਦੀ ਸਮਾਪਤੀ ਦੇ ਬਾਅਦ ਸੋਦਰੁ ਤੇ ਉਸ ਤੋਂ ਉਪ੍ਰੰਤ ਨੌਂ ਹੋਰ ਸ਼ਬਦ ਹਨ। ਇਨ੍ਹਾਂ ਸਾਰਿਆਂ ਦੇ ਸਮੁਚਯ ਨੂੰ 'ਰਹਿਰਾਸ' ਆਖਦੇ ਹਨ, ਪਰ ਪਦ 'ਰਹਿਰਾਸ' ਇਸ ਬਾਣੀ ਦੇ ਸਿਰੇ ਤੇ ਸਿਰਲੇਖ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆਯਾ, ਉਂਵ ਇਸੇ ਬਾਣੀ ਵਿਚ ਇਹ ਪਦ ਐਉਂ ਆਇਆ ਹੈ:-

ਹਰਿ ਕੀਰਤਿ ਹਮਰੀ ਰਹਰਾਸਿ॥ (ਗੂਜਰੀ ਮ: ੪)

ਇਹ ਬਾਣੀ ਸੋਦਰੁ ਤੋਂ ਸ਼ੁਰੂ ਹੁੰਦੀ ਹੈ। ਸੋਦਰੁ ਦਾ ਪਾਠ ਜਪੁਜੀ ਸਾਹਿਬ ਦੀ ੨੭ਵੀਂ ਪਉੜੀ ਵਿਚ ਆ ਚੁਕਾ ਹੈ। ਅਰਥ ਤੇ ਵਯਾਖਯਾ ਆਦਿ ਬੀ ਓਥੇ ਦਿਤੇ ਹੈਨ।

ਸੋਦਰੁ ਦੀ ਬਾਣੀ ਰਾਗੁ ਆਸਾ ਦੇ ਆਰੰਭ ਵਿਚ ਫੇਰ ਤੀਸਰੀ ਵੇਰ ਲਿਖੀ ਹੈ। ਜਪੁਜੀ ਤੇ ਰਹਿਰਾਸ ਵਿਚ ਤਾਂ ਇਹ ਨਿਤ ਨੇਮ ਦੇ ਪਾਠ ਦੀ ਬਾਣੀ ਹੈ; ਆਸਾ ਰਾਗ ਵਿਚ ਇਹ ਉਸ ਰਾਗ ਦਾ ਆਰੰਭਕ ਸ਼ਬਦ ਹੈ। ਤ੍ਰੈ ਹੀ ਥਾਈਂ ਪਾਠਾਂ ਵਿਚ ਪਦਾਂ, ਅਖਰਾਂ, ਲਗਾਂ ਮਾਤ੍ਰਾਂ ਦਾ ਥੋੜਾ ਥੋੜਾ ਫਰਕ ਹੈ, ਪਰ ਸਮੁੱਚੀ ਗੱਲ ਇਕੋ ਹੀ ਹੈ। ਇਸ ਰਹਿਰਾਸ ਵਾਲੇ ਪਾਠ ਵਿਚ 'ਤੁਧਨੋ' ਪਦ ਬਹੁਤ ਵੇਰ ਆਯਾ ਹੈ। ਰਹਿਰਾਸ ਵੇਲੇ[1] ਇਹ ਸ਼ਬਦ ਦੀਵਾਨਾਂ ਵਿਚ ਪਹਿਲੋਂ ਰਾਗੀ ਸਿੰਘ ਆਸਾ ਰਾਗ ਵਿਚ ਗਾਉਂਦੇ ਹਨ। ਉਸ ਗਾਇਨ ਵਿਚ 'ਤੁਧਨੋ' ਪਦ ਦਾ ਸਹਾਰਾ ਇਕ ਸੁਖਦਾਈ ਆਧਾਰ ਦੇਂਦਾ ਹੈ ਤੇ ਤਵੱਜੋ ਨੂੰ ਬਾਰ ਬਾਰ ਹਜ਼ੂਰੀ ਵਿਚ ਖਿੱਚਦਾ ਹੈ। ਆਸਾ ਰਾਗ ਵਾਲੇ ਪਾਠ ਵਿਚ ਬੀ ਤੁਧਨੋ ਪਦ ਦੁਹਰਾਇਆ ਗਿਆ ਹੈ, ਕਿਉਂਕਿ ਓਥੇ ਬੀ ਰਾਗ ਆਸਾ ਲਿਖਿਆ ਹੈ, ਜਿਸ ਦਾ ਭਾਵ ਆਸਾ ਰਾਗ ਵਿਚ ਗਾਇਨ ਤੋਂ ਹੈ। ਪਰ ਜਪੁਜੀ ਦੇ ਪਾਠ ਵਿਚ ਰਾਗ ਆਸਾ ਨਹੀਂ ਲਿਖਿਆ ਇਸ ਲਈ ਕਿ ਜੁਪਜੀ ਸਾਹਿਬ ਸਿਖਾਂ ਦਾ ਨਿਤਯ ਦਾ 'ਪਾਠ' ਹੈ; ਪਾਠ ਕਰਦਿਆਂ ਰਾਗ ਦੀ ਲੋੜ ਨਹੀਂ ਪੈਂਦੀ।

ਸੋਦਰੁ ਦਾ ਗਾਇਨ ਤੇ ਰਹਿਰਾਸ ਦਾ ਪਾਠ ਦੀਵਾਨਾਂ ਵਿਚ ਬੀ ਹੁੰਦਾ ਹੈ ਤੇ ਹਰੇਕ ਸਿਖ ਨਵੇਕਲੇ ਇਹ ਪਾਠ ਸੰਝਾਂ ਦਾ ਨਿਤਨੇਮ ਜਾਣਕੇ ਬੀ ਕਰਦਾ ਹੈ, ਸੋ ਇਸ ਪਾਠ ਦੀ ਮਿਰਯਾਦਾ 'ਸੰਗਤੀ' ਬੀ ਹੈ ਤੇ 'ਸ਼ਖਸੀ' ਬੀ; ਅਰਥਾਤ ਹਰ ਸਿਖ ਦਾ ਆਪਣਾ ਨਿੱਤਨੇਮ ਬੀ ਹੈ ਤੇ ਦੀਵਾਨਾਂ ਵਿਚ ਇਸ ਦਾ ਪਾਠ ਹੋਣਾ ਸਮੁੱਚੀ ਰਹੁਰੀਤਿ ਬੀ ਹੈ।

ਸ੍ਰੀ ਜਪੁਜੀ ਮੁੱਕ ਚੁਕੀ ਹੈ ਤੇ ਅਗੋਂ ਰਹਿਰਾਸ ਆਰੰਭ ਹੁੰਦੀ ਹੈ। ਜਪੁਜੀ ਵਿਚ 'ਮਹਲਾ' 'ਰਹਾਉ' ਤੇ 'ਘਰ' ਨਹੀਂ ਦਿਤੇ ਹੋਏ। ਪਰ ਅਗੇ ਇਨ੍ਹਾਂ ਪਦਾਂ ਨੇ ਜਗਾ ਜਗਾ

[1]ਆਗਿਆ ਬੀ ਹੈ-ਸੰਝੈ ਸੋਦਰੁ ਗਾਵਣਾ॥ (ਭਾ: ਗੁਰਦਾਸ ਵਾਰ ੬-੩)

ਆਉਣਾ ਹੈ। ਇਸ ਕਰਕੇ ਏਥੇ ਇਨ੍ਹਾਂ ਤਿੰਨਾਂ ਦੀ ਵਿਵੇਚਨਾ ਕਰ ਦਿੱਤੀ ਜਾਂਦੀ ਹੈ ਜੋ ਅਗੋਂ ਸਾਰੇ ਕੰਮ ਆਵੇ।

ਮਹਲੁ, ਮਹਲਾ-ਜਿਸ ਵਜੂਦ ਵਿਚ ਵਾਹਿਗੁਰੂ ਦੀ 'ਗੁਰ ਜਯੋਤਿ' ਉਤਰੀ, ਅਰਥਾਤ ਗੁਰੂ ਨਾਨਕ ਸਾਹਿਬ ਜੀ, ਉਹਨਾਂ ਤੋਂ ਫਿਰ ਜਿਨ੍ਹਾਂ ਵਿਚ ਉਤਰੀ ਅਰਥਾਤ ਅਗਲੇ ਗੁਰੂ ਸਾਹਿਬ। ਗੁਰਬਾਣੀ ਵਿਚ ਇਹ ਪਦ ਅਗੇ ਅੰਕ ਦੇ ਕੇ ਪਾਤਸ਼ਾਹੀ ਦਾ ਪਤਾ ਦੇਂਦਾ ਹੈ। ਯਥਾ-ਸਿਰੀ ਰਾਗੁ ਮਹਲਾ ੧ (ਦੇਖੋ ਸ਼ਬਦ ੨ ਦਾ ਸਿਰਲੇਖ)। ਸਿਰੀ ਰਾਗੁ ਮਹਲੁ ੧ (ਦੇਖੋ ਸ਼ਬਦ ੬)। ਇਥੇ ਮਤਲਬ ਹੈ ਸ੍ਰੀ ਗੁਰੂ ਨਾਨਕ ਦੇਵ ਜੀ। ਇਸੀ ਤਰ੍ਹਾਂ ਮਹਲਾ ੫=ਗੁਰੂ ਅਰਜਨ ਦੇਵ ਜੀ, ਮਹਲਾ ੯=ਗੁਰੂ ਤੇਗ ਬਹਾਦਰ ਜੀ। ਗੁਰੂ ਸਾਹਿਬਾਂ ਦੇ ਸਮੇਂ ਇਕ ਫ਼ਾਰਸੀ ਦਾ ਲੇਖਕ 'ਮਹਲ' ਦਾ ਇਹੋ ਅਰਥ ਲਿਖ ਗਿਆ ਦੱਸੀਦਾ ਹੈ-ਇਕ ਗੁਰੂ ਦੂਜੇ ਵਿਚ ਹਲੂਲ ਕਰਦਾ (=ਉਤਰਦਾ) ਹੈ। ਏਸ ਕਰਕੇ ਮਹੱਲ ਕਹਾਉਂਦਾ ਹੈ। 'ਮਹਲ', ਪਦ ਅ਼ਰਬੀ ਮੂਲਕ ਹੈ, ਪਰ ਸੰਸਕ੍ਰਿਤ ਵਿਚ ਬੀ ਹੈ (=ਮਹਿਲਾ), ਜਿਸ ਦਾ ਅਰਥ ਇਸਤ੍ਰੀ ਹੈ, ਗੁਰਬਾਣੀ ਵਿਚ ਬੀ ਇਹ ਪਦ ਇਸਤ੍ਰੀ ਅਰਥਾਂ ਵਿਚ ਆਇਆ ਹੈ:- **ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥** (ਮਾਰੂ ਵਾਰ ਮ: ੫-੧)

ਅਰਬੀ ਵਿਚ 'ਮਹੱਲ' ਨਾਮ ਉਤਰਨੇ ਦੀ ਜਗ੍ਹਾ ਦਾ ਹੈ-ਘਰ, ਮਕਾਨ, ਧੌਲਰ। ਇਸ ਪਦ ਦੇ ਹੋਰ ਅਰਥ ਇਉਂ ਲਿਖੇ ਹਨ-ਮਕਾਨ ਦਾ ਵੱਡਾ ਕਮਰਾ, ਜ਼ਨਾਨਾ ਕਮਰਾ, ਕਿਸੇ ਅਮੀਰ ਘਰ ਦਾ ਜ਼ਨਾਨੀਆਂ ਦਾ ਰਿਹਾਇਸ਼ੀ ਹਿੱਸਾ। ਇਲਾਕਾ, ਅਹੁਦਾ, ਦਰਜਾ। ਰਾਜੇ ਯਾ ਅਮੀਰ ਦੀ ਵਹੁਟੀ, ਰਾਣੀ, ਇਸਤ੍ਰੀ। ਵਕਤ, ਮੌਕਾ। ਇਸੀ ਤਰ੍ਹਾਂ 'ਮਹਲਾ' ਪਦ ਦਾ ਅਰਥ ਹੈ-ਉਤਰਨੇ ਦੇ ਬਹੁਤੇ ਥਾਉਂ ਅਤੇ ਫੌਜਾਂ ਦਾ ਅਭਿਆਸ ਨਮਿੱਤ ਹੱਲਾ ਕਰਨਾ। ਇਸ ਪਦ ਦਾ ਅ਼ਰਬੀ ਧਾਤੂ ਹਲ=ਉਤਰਨਾ; ਇਸ ਤੋਂ ਬਣੇ ਪਦ ਮਹੱਲ ਤੇ ਮਹੱਲਾ ਦਾ ਉਚਾਰਣ ਹੈ ਅਧਿਕ ਵਾਲਾ ਅਰਥਾਤ ਮਹੱਲ ਤੇ ਮਹੱਲਾ।

ਪਰ ਪੰਜਾਬੀ ਲਹਿਜੇ ਵਿਚ ਪਦ ਮਹੱਲ ਅਕਸਰ ਅਧਿਕ ਤੋਂ ਬਿਨਾਂ 'ਮਹਲ' ਉਚਾਰਣ ਹੁੰਦਾ ਹੈ, ਯਥਾ-ਰਾਜੇ ਦਾ ਮਹਲ; ਜੋ ਬਹੁ ਬਚਨ ਹੋਵੇ ਤਾਂ ਬੀ ਅਧਿਕ ਤੋਂ ਬਿਨਾ, ਯਥਾ ਰਾਜਾ ਮਹਲਾਂ ਵਿਚ ਹੈ। ਗੁਰਬਾਣੀ ਵਿਚ ਬੀ ਇਸੇ ਤਰ੍ਹਾਂ ਦਾ ਉਚਾਰਣ ਹੈ:-

(ਇਕ ਬਚਨ)- **ਖੋਲਿ ਕਿਵਾਰਾ ਮਹਲਿ ਬੁਲਾਇਆ॥** (ਰਾਮ: ਮ: ੫-੧੪)

(ਬਹੁ ਬਚਨ)- **ਮਹਲਾ ਮੰਝਿ ਨਿਵਾਸੁ......॥** (ਵਾਰ ਮਾਝ ਮ: ੧-੨੨)

ਮਹਿਲਾਂ ਵਿਚ ਨਿਵਾਸ ਹੈ। ਉਂਵ ਗੁਰਬਾਣੀ ਵਿਚ ਅਧਿਕ ਸਮੇਤ-ਮਹੱਲ-ਉਚਾਰਣ ਬੀ ਆਇਆ ਹੈ, ਯਥਾ:- ਤਾ ਸੁਖਿ ਲਹਹਿ ਮਹਲੁ॥ (ਸੋਰਠਿ ਮ: ੧-੨)

ਇੱਥੇ ਉਚਾਰਣ ਹੈ 'ਮਹੱਲ' ਅਧਿਕ ਵਾਲਾ। ਇਸੇ ਤਰ੍ਹਾਂ ਜਦ ਮਹੱਲਾ ਪਦ ਇਕ ਵਚਨ ਵਿਚ ਆਉਂਦਾ ਹੈ ਤਾਂ ਬੀ ਪੰਜਾਬੀ ਉਚਾਰਣ ਅਧਿਕ ਸਮੇਤ ਹੁੰਦਾ ਹੈ, ਜੈਸੇ-ਸਰੀਣਾਂ ਦਾ ਮਹੱਲਾ। ਅਜ ਸਿੰਘਾਂ ਦਾ ਮਹੱਲਾ ਚੜ੍ਹਿਆ ਹੈ।

ਅ਼ਰਬੀ ਵਿਚ ਪਦ ਮਹੱਲ ਪੁਲਿੰਗ ਹੈ ਤੇ 'ਮਹੱਲਾ' ਪਦ ਇਸਤ੍ਰੀ ਲਿੰਗ ਹੈ। ਪਰ ਗੁਰਬਾਣੀ ਵਿਚ ਇਹ ਪਦ ਜਦ ਸਿਰਲੇਖਾਂ ਵਿਚ ਆਯਾ ਹੈ ਤਾ ਪੁਲਿੰਗ ਹੈ। ਯਥਾ-ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧॥ 'ਪਹਿਲਾ' ਪਦ ਤੋਂ ਸਹੀ ਹੋ ਗਿਆ ਕਿ 'ਮਹਲਾ' ਪਦ ਪੁਲਿੰਗ ਹੈ[੧]। ਅ਼ਰਬੀ ਵਿਚ ਇਕ ਹੋਰ ਪਦ ਹੈ......... ਮਹੱਲਾ ਜਿਸ ਦਾ ਅਰਥ ਹੈ ਸਲਾਹਿਆ ਗਿਆ। ਭਾਵ (ਸਰ਼ਬ) ਉਪਮਾਂ ਜੋਗ। ਹੋ ਸਕਦਾ ਹੈ ਕਿ ਇਹ ਪਦ 'ਮਹਲਾ' ਦਾ ਮੂਲ ਹੋਵੇ: ਸਲਾਹਿਆ ਗਿਆ-ਗੁਰੂ।

---

[੧]ਇਸ ਤੋਂ ਇਹ ਬੀ ਸਪਸ਼ਟ ਹੋ ਗਿਆ ਕਿ 'ਮਹਲਾ ੧' ਨੂੰ 'ਮਹਲਾ ਇਕ' ਨਹੀਂ ਪੜ੍ਹਨਾ ਪਰ 'ਮਹਲਾ ਪਹਿਲਾ' ਪੜ੍ਹਨਾ ਹੈ।

ਰਹਾਉ- ਹਿੰਦੀ ਕੋਸ਼ ਕਾਰ ਲਿਖਦੇ ਹਨ ਕਿ ਗੀਤ ਵਿਚ ਦਾ ਪਹਿਲਾ ਪਦ, 'ਟੇਕ' ਯਾ 'ਸਥਾਈ' ਯਾ 'ਰਹਾਉ' ਕਹੀਦਾ ਹੈ, ਨਾਲ ਹੀ ਦੱਸਦੇ ਹਨ ਕਿ ਇਹ ਪਦ ਰਹਾਉ ਵਿਸ਼ੇਸ਼ ਕਰਕੇ ਪੰਜਾਬ ਵਿਚ ਵਰਤਿਆ ਜਾਂਦਾ ਹੈ। ਸੋ ਪੰਜਾਬੀ ਠੇਠ ਬੋਲੀ ਦਾ ਇਹ ਸੰਗੀਤਕ ਪਦ ਇਹੋ ਅਰਥ ਰਖਦਾ ਹੈ। ਗੀਤ ਦੇ ਗਾਇਨ ਵਿਚ ਅਕਸਰ ਚਾਰ ਹਿੱਸੇ ਹੁੰਦੇ ਹਨ: ਅਸਥਾਈ, ਸੰਚਾਰੀ, ਅੰਤਰਾ ਤੇ ਭੋਗ। ਪਰ ਆਮ ਵਰਤਾਰੇ ਵਿਚ ਦੋ ਹਨ: ਸਥਾਈ ਤੇ ਅੰਤਰਾ। ਅੰਤਰੇ ਦੀ ਹਰ ਤੁਕ ਦੇ ਮਗਰੋਂ ਸਥਾਈ ਦੀ ਤੁਕ ਰਹਿ ਰਹਿਕੇ ਯਾ ਮੁੜ ਮੁੜ ਗਾਵੀਂਦੀ ਹੈ ਇਸ ਕਰਕੇ ਉਸ ਨੂੰ ਰਹਾਉ ਕਹੀਦਾ ਹੈ। ਗੁਰਬਾਣੀ ਵਿਚ ਜਿੱਥੇ ਦੋ ਸਥਾਈਆਂ ਦੇ ਗਾਇਨ ਦਾ ਭਾਵ ਹੈ ਓਥੇ ਕਈ ਥਾਈਂ ਰਹਾਉ ਦੂਜਾ ਤੀਜਾ ਬੀ ਵਿਦਮਾਨ ਹੈ। ਗਾਉਣ ਵਾਲੇ ਦੀ ਮਰਜ਼ੀ ਹੈ, ਜਿਹੜਾ ਰਹਾਉ ਚਾਹੇ ਗਾਵੇ। ਸ਼ਬਦ ਤੋਂ ਛੁਟ ਕਿਤੇ ਸਾਰੀ ਬਾਣੀ ਵਿਚ ਬੀ ਇਕ ਰਹਾਉ ਆਇਆ ਹੈ ਜੈਸਾ ਕਿ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪਉੜੀ ਦੇ ਅੰਤ ਰਹਾਉ ਦੀ ਤੁਕ ਹੈ:-

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਰਹਾਉ॥ (ਵਾਰ ਰਾਮ: ਮ: ੩-੧)

ਇਸ ਦਾ ਇਹ ਭਾਵ ਹੈ ਕਿ ਹਰ ਪਉੜੀ ਦੇ ਮਗਰੋਂ ਇਹ ਤੁਕ ਲੈਣੀ ਹੈ। ਇਸੀ ਤਰ੍ਹਾਂ ਸਿੱਧ ਗੋਸਟਿ, ਦੱਖਣੀ ਓਅੰਕਾਰੁ ਤੇ ਸੁਖਮਨੀ ਵਿਚ ਇਕੋ ਇਕ ਰਹਾਉ ਦੋ ਤੁਕਾਂ ਦਾ ਹੈ:-

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ ਰਹਾਉ॥ (ਸਿਧ ਗੋਸਟਿ-੧)
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥ (ਦਖਣੀ ਓਅੰਕਾਰੁ-੧)

ਇਸੇ ਤਰ੍ਹਾ ਸੁਖਮਨੀ ਵਿਚ ਇਹ ਇਕੋ ਰਹਾਉ ਹੈ:-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮੁ॥ ਰਹਾਉ॥ (ਸੁਖਮਨੀ, ੧-੧)

ਸੰਗੀਤਕ ਗ੍ਰੰਥਾਂ ਵਿਚ ਰਹਾਉ ਦੇ ੪ ਭੇਦ ਤੇ ਅਗੋਂ ੯੬ ਪ੍ਰਭੇਦ ਹਨ।

ਸੰਗੀਤ ਵਿਦਯਾ ਵਾਲੇ ਜਿਸ ਨੂੰ 'ਟੇਕ', 'ਸਥਾਈ' ਯਾ 'ਰਹਾਉ' ਕਹਿੰਦੇ ਹਨ, ਉਸ ਨੂੰ ਬਾਰ ਬਾਰ ਅੰਤਰੇ ਮਗਰੋਂ ਗਾਉਂਦੇ ਹਨ, ਕਿਉਂਕਿ ਉਸ ਵਿਚ ਗੀਤ ਦਾ ਮੁੱਖ ਖਿਆਲ ਯਾ ਸਿੱਧਾਂਤ ਯਾ ਉਸ ਵਿਚ ਗੀਤ ਦਾ ਚਮਤਕਾਰੀ ਭਾਵ ਹੁੰਦਾ ਹੈ। ਸੋ ਗੁਰਬਾਣੀ ਵਿਚ 'ਅਰਥ ਪੱਖ' ਵਿਚ ਰਹਾਉ ਤੋਂ ਅਰਥ ਚੁਕਿਆਂ ਬਿਵਸਥਾ ਠੀਕ ਲਗਦੀ ਹੈ। ਯਾ ਇਉਂ ਸਮਝੋ ਕਿ ਮੁੱਖ ਖਿਆਲ ਯਾ ਸਾਰੇ ਭਾਵ ਦੀ ਧੁਰ ਯਾ ਚਮਤਕਾਰ ਰਹਾਉ ਵਿਚ ਹੁੰਦਾ ਹੈ।

ਇਹ ਕਹਿਣਾ ਠੀਕ ਨਹੀਂ ਕਿ ਰਹਾਉ ਸੰਗੀਤਕ ਪਦ ਨਹੀਂ ਤੇ ਇਹ ਕੇਵਲ ਅਰਥ ਪੱਖ ਦੀ ਸ਼ੈ ਹੈ, ਯਾ ਇਹ ਨਿਰਾ ਸੰਗੀਤਕ ਪਦ ਹੈ ਤੇ ਕੇਵਲ ਗਾਇਨ ਸੰਬੰਧੀ ਸੈਨਤ ਮਾਤ੍ਰ ਹੈ। ਇਹ ਸ਼ੁਧ ਸੰਗੀਤਕ ਪਦ ਹੈ ਤੇ ਸੰਗੀਤਕ ਰਾਹਨੁਮਾਈ ਇਸ ਵਿਚ ਹੈ, ਪਰੰਤੂ ਕਿਉਂ ਸੰਗੀਤ ਵਿੱਦਯਾ ਵਿਚ ਇਕ ਖਾਸ ਤੁਕ ਨੂੰ 'ਰਹਾਉ' ਕਹਿੰਦੇ ਹਨ ਤੇ ਬਾਕੀ ਦੀਆਂ ਨੂੰ ਨਹੀਂ? ਇਸ ਕਰਕੇ ਕਿ ਸਾਰੇ ਗੀਤ ਦੀ ਤਾਸੀਰ ਲਈ ਰਹਾਉ ਦੀ ਤੁਕ ਵਿਚ ਮੁੱਖ ਭਾਵ ਸਿੱਧਾਂਤ ਅਥਵਾ ਕਾਵ੍ਯ ਦੇ ਨੁਕਤੇ ਤੋਂ ਕੋਈ ਚਮਤਕਾਰੀ ਕਟਾਖ੍ਯ ਹੁੰਦਾ ਹੈ। ਅੰਤਰੇ ਦੀ ਹਰ ਤੁਕ ਦੇ ਬਾਅਦ ਉਸ ਦਾ ਗਾਇਨ ਅੰਤਰੇ ਦੀ ਤਰਜ਼ ਨਾਲੋਂ ਬਦਲ ਜਾਂਦਾ ਹੈ ਤੇ ਆਪਣੀ ਸੰਗੀਤਕ ਤਾਸੀਰ ਪਾਉਂਦਾ ਹੈ, ਨਾਲ ਹੀ ਅਰਥ ਭਾਵ ਵਿਚ ਮੁੱਖ ਭਾਵ ਨੂੰ ਦ੍ਰਿੜਾਉਂਦਾ ਹੈ।

ਘਰ– ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਬਾਣੀ ਦੀ ਵੰਡ ਦੇ ਚਉਪਦਿਆਂ, ਅਸਟਪਦੀਆਂ ਤੇ ਛੰਤਾਂ ਦੇ ਸਿਰੇ ਤੇ ਇਹ ਸਿਰਲੇਖ ਆਉਂਦਾ ਹੈ ਤੇ ਸੰਗੀਤ ਦੇ ਇਸ ਸੂਖਮ ਭੇਦ ਦੀ ਵੰਡ ੧੭ ਘਰਾਂ ਤਕ ਗਈ ਹੈ, ਜੈਸੇ ਕਿ ਆਸਾ ਰਾਗ ਵਿਚ। ਕਈ ਰਾਗਾਂ ਵਿਚ ਭਗਤ ਬਾਣੀ ਦੇ ਪਦਿਆਂ ਪਰ ਬੀ ਇਹ ਸਿਰਲੇਖ ਹੈ। ਪਰ ਕਈ ਰਾਗ ਐਸੇ ਬੀ ਹਨ ਜਿਨ੍ਹਾਂ ਵਿਚ ਘਰਾਂ ਦੀ ਵੰਡ ਦਾ ਇਹ ਸਿਰਲੇਖ ਨਹੀਂ ਹੈ ਜੈਸੇ ਕਿ ਗਉੜੀ, ਨਟ, ਮਾਲੀ ਗਉੜਾ, ਤੁਖਾਰੀ ਆਦਿ। ਲੰਮੀਆਂ ਬਾਣੀਆਂ ਜੈਸੇ ਕਿ ਸੁਖਮਨੀ, ਬਾਵਨ ਅਖਰੀ, ਸਿਧ ਗੋਸਟਿ, ਓਅੰਕਾਰ, ਆਨੰਦ, ਵਾਰਾਂ, ਮਾਰੂ ਸੋਲਹੇ ਆਦਿ ਪਰ ਬੀ ਘਰ ਦਾ ਸਿਰਲੇਖ ਨਹੀਂ ਹੈ।

ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਅਪਣੀ ਰਚਨਾ 'ਬਾਣੀ ਬਿਉਰਾ' ਵਿਚ 'ਘਰ' ਸਿਰਲੇਖ ਦੀ ਵ੍ਯਾਖ੍ਯਾ ਇਸ ਪ੍ਰਕਾਰ ਕੀਤੀ ਹੈ:-

ਇਹ ਸਿਰਲੇਖ ਜਗਾ ਜਗਾ ਲਿਖਿਆ ਹੈ, ਅਰਥ ਇਸ ਦਾ ਤਾਰ (ਤਾਲ) ਹੈ।

ਘਰ ਪਦ ਦੇ ਅਗੇ ਜੋ ਅੰਗ ਹੋਵੇ ਉਸ ਅਨੁਸਾਰ ਸਮਝ ਲਵੋ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਚਾਹੀਏ।

ਕਿਉਂਕਿ ਸੁਰ, ਤਾਲ, ਲਯ, ਅੰਗ, ਨ੍ਯਾਸ, ਗ੍ਰਹਿ, ਇਹੋ ਗਲਾਂ ਰਾਗ ਦਾ ਸਰੂਪ ਪ੍ਰਕਾਸ਼ਦੀਆਂ ਹਨ, ਇਸੇ ਲਈ ਜਿੰਨੇ ਜਿੰਨੇ ਤਾਲ ਵਿਚ ਜੋ ਜੋ ਰਾਗ ਦਾ ਸ਼ਬਦ ਵਾ ਬਾਣੀ ਉਚਰੀ ਸੋ ਸੋ ਗਾਉਣੇ ਲਈ ਉਸ ਦੇ ਤਾਲ ਦਾ ਪਤਾ ਨਾਲ ਲਿਖਿਆ ਹੈ।

ਨੋਟ-ਤਾਰ, ਤਾਲ, ਘਰ, ਇਕੋ ਹੀ ਗਲ ਹੈ। ਤਾਲ ਦੇ ਭੇਦ ਸੰਗੀਤ ਗ੍ਰੰਥਾਂ ਵਿਚ ਬਹੁਤ ਲਿਖੇ ਪਏ ਹਨ, ਖੋਜੀ ਲੋਕ ਉਹਨਾਂ ਗ੍ਰੰਥਾਂ ਵਿਚੋਂ ਦੇਖ ਸਕਦੇ ਹਨ, ਇਸੇ ਵਿਸ਼ੇਸ਼ ਪ੍ਰਕਰਣ ਇਸ ਲਈ ਨਹੀਂ ਲਿਖਿਆ ਕਿ ਇਹ ਪ੍ਰਕਰਣ ਬਹੁਤ ਭਾਰੀ ਹੈ, ਗ੍ਰੰਥ ਇਸੇ ਖੁਲਾਸੇ ਵਿਚ ਭਾਰੀ ਹੋ ਜਾਏਗਾ ਤੇ ਅਸਲ ਮਤਲਬ ਬੇਪਤਾ ਰਹਿ ਜਾਏਗਾ। ਦੇਖਣ ਲਈ ਗ੍ਰੰਥ 'ਸੁਰ ਤਾਲ ਸਮੂਹ', 'ਰਾਗ ਰਤਨਾਕਰ' ਦੇ ਪੰਜਵੇਂ ਧ੍ਯਾਯ ਅਤੇ 'ਸਰਮਾਇਆ ਇਸ਼ਰਤ' ਆਦਿਕ ਵਿਚ ਬਹੁਤ ਖੁਲਾਸਾ ਹਾਲ ਲਿਖਿਆ ਹੈ। (ਬਾਣੀ ਬਿਉਰਾ ਪੰਨਾ-੧੬)

ਕਈ ਦਾਨੇ 'ਘਰ' ਦੇ ਦੋ ਭਾਵ ਦੱਸਦੇ ਹਨ। ਇਕ ਤਾਲ ਤੇ ਦੂਜਾ ਸ੍ਵਰ ਤੇ ਮੂਰਛਨਾਂ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ।

ਅੰਮ੍ਰਿਤਸਰ ਦੇ ਪ੍ਰਸਿਧ ਹਜ਼ੂਰੀ ਰਾਗੀ ਭਾਈ ਸੰਤ ਸਿੰਘ ਜੀ ਘਰਾਂ ਸੰਬੰਧੀ ਅਪਣੀ ਖੋਜ ਤਾਲ ਦੀਆਂ ਮਾਤ੍ਰਾਂ[1] ਨੂੰ ਹੀ ਲੈਕੇ ਕੀਤਾ ਕਰਦੇ ਸਨ।

(ਸੋ ਦਰੁ ਰਾਗੁ ਆਸਾ ਮਹਲਾ ੧)

ਪ੍ਰਾਕ੍ਥਨ– ਸੋਦਰੁ ਦਾ ਸ਼ਬਦ ਸਿਫਤ ਸਲਾਹ ਕਰਨ ਵਾਲਿਆਂ ਦੀ ਮਾਨੋਂ ਆਰਤੀ ਵਾਂਙੂ ਇਕ 'ਹਜ਼ੂਰੀ ਗਾਇਨ' ਦੀ ਬਾਣੀ ਹੈ।

ਮੂਲ	ਅਰਥ
ਸੋਦਰੁ ਰਾਗੁ ਆਸਾ ਮਹਲਾ ੧ ੧ਓ ਸਤਿਗੁਰ ਪ੍ਰਸਾਦਿ॥	ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸੋਦਰੁ'।
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥	(ਹੇ ਵਾਹਿਗੁਰੂ!) ਉਹ ਦਰ ਤੇਰਾ ਕਿਹੋ ਜਿਹਾ ਹੈ (ਤੇ) ਉਹ ਘਰ ਕਿਹੋ ਜਿਹਾ ਹੈ ਜਿਥੇ ਬੈਠਕੇ (ਤੂੰ) ਸਭ ਦੀ ਸੰਭਾਲ ਕਰਦਾ

[1]ਸੰਗੀਤ ਵਿਚ ਗੀਤ ਤੇ ਤਾਲ ਦਾ ਸਮਾਂ ਨਿਰੂਪਣ ਕਰਨ ਲਈ ਉਤਨਾ ਕਾਲ ਜਿਤਨਾ ਇਕ ਸ੍ਵਰ ਦੇ ਉਚਾਰਣ ਵਿਚ ਲਗਦਾ ਹੈ।

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥	ਹੈਂ, (ਜਿਥੇ) ਤੇਰੇ ਅਨੇਕ ਵਾਜੇ, ਅਸੰਖਾਂ ਨਾਦ (ਤੇ) ਕਿਤਨੇ ਹੀ ਤੇਰੇ ਵਜਾਉਣ ਵਾਲੇ ਹਨ।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥	ਕਿੰਨੇ ਹੀ ਤੇਰੇ ਰਾਗ ਰਾਗਣੀਆਂ ਸਣੇ ਦੱਸੀਦੇ ਹਨ, (ਓਹ ਤੇ ਹੋਰ) ਕਿੰਨੇ ਹੀ ਤੈਨੂੰ ਗਾਉਣ ਵਾਲੇ ਹਨ (ਜੋ ਗਾਉਂ ਰਹੇ ਹਨ)।
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥	ਪੌਣ ਪਾਣੀ ਤੇ ਅੱਗ ਤੈਨੂੰ ਗਾਉਂਦੇ ਹਨ, ਧਰਮਰਾਜ (ਤੇਰੇ) ਦੁਆਰੇ ਤੇ ਗਾਉਂ ਰਿਹਾ ਹੈ। ਚਿਤ੍ਰ ਗੁਪਤ (ਜੋ ਜੀਵ ਦੇ ਕਰਮ) ਲਿਖ ਜਾਣਦੇ ਹਨ (ਅਰ ਜਿਨ੍ਹਾਂ ਦੀ) ਲਿਖਤ (ਪੁਰ) ਧਰਮ ਰਾਜ ਵੀਚਾਰ ਕਰਦਾ ਹੈ, ਤੈਨੂੰ ਗਾਉਂ ਰਹੇ ਹਨ।
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥	(ਹੇ ਸਾਈਂ) ਤੈਨੂੰ ਸ਼ਿਵ, ਬ੍ਰਹਮਾ (ਆਪਣੀਆਂ ਸ਼ਕਤੀ ਰੂਪ) ਦੇਵੀਆਂ (ਸਮੇਤ), (ਜੋ) ਤੇਰੇ ਸਦਾ ਦੇ ਸੁਵਾਰੇ ਹੋਏ ਸ਼ੋਭਦੇ ਹਨ, ਗਾਉਂ ਰਹੇ ਹਨ। ਇੰਦ੍ਰ ਇੰਦ੍ਰਾਸਣ (=ਆਪਣੀਆਂ ਰਾਜ ਗੱਦੀਆਂ) ਤੇ ਬੈਠੇ ਹੋਏ ਤੈਨੂੰ ਗਾਉਂ ਰਹੇ ਹਨ ਦਰ ਤੇ ਖੜੇ ਦੇਵਤਿਆਂ ਦੇ ਨਾਲ।
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥	ਸਿਧ ਸਮਾਧੀਆਂ ਵਿਚ (ਬੈਠੇ) ਤੈਨੂੰ ਗਾਉਂਦੇ ਹਨ, ਸਾਧ ਵੀਚਾਰ ਵਿਚ (ਲਗੇ ਹੋਏ) ਤੈਨੂੰ ਗਾਉਂ ਰਹੇ ਹਨ। ਜਤੀ ਸਤੀ ਸੰਤੋਖੀ ਤੈਨੂੰ ਗਾਉਂਦੇ ਹਨ, ਬਹਾਦਰ ਬੀਰ ਤੈਨੂੰ ਗਾਉਂ ਰਹੇ ਹਨ। ਪੰਡਤ ਤੇ ਵਡੇ ਰਿਖੀਸ਼ੁਰ ਜੁਗਾਂ ਜੁਗਾਂ ਵਿਚ (ਵੇਦਾਂ ਨੂੰ) ਪੜ੍ਹਦੇ ਹੋਏ ਵੇਦਾਂ ਸਮੇਤ ਤੈਨੂੰ ਗਾਉਂਦੇ ਹਨ।
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥	ਸੁਰਗ ਲੋਕ, ਮਾਤ ਲੋਕ ਤੇ ਪਾਤਾਲ ਲੋਕ ਦੀਆਂ (ਅਪੱਸਰਾਂ ਜੈਸੀਆਂ) ਮਨ ਨੂੰ ਮੋਹਣ ਵਾਲੀਆਂ ਇਸਤ੍ਰੀਆਂ ਤੈਨੂੰ ਗਾਉਂਦੀਆਂ ਹਨ। ਤੇਰੇ ਉਪਾਏ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਗਾਉਂ ਰਹੇ ਹਨ।
ਗਾਵਨਿ ਤੁਧਨੋ ਜੋਧ ਮਹਾ ਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥	ਜੋਧੇ, ਮਹਾਂਬਲੀ ਸੂਰਮੇ ਤੈਨੂੰ ਗਾਉਂਦੇ ਹਨ, ਚਾਰੇ ਖਾਣੀਆਂ ਤੈਨੂੰ ਗਾਉਂ ਰਹੀਆਂ ਹਨ।
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥ ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ	ਖੰਡ, ਮੰਡਲ, ਬ੍ਰਹਮੰਡ ਤੇਰੇ ਰਚ ਰਚਕੇ ਧਾਰੇ ਹੋਏ ਤੈਨੂੰ ਗਾਉਂ ਰਹੇ ਹਨ। (ਪਰ) ਉਹੋ ਤੈਨੂੰ (ਵਿਸ਼ੇਸ਼ ਕਰਕੇ) ਗਾਉਂਦੇ ਹਨ ਜੋ ਤੈਨੂੰ (ਬੀ) ਭਾਉਂਦੇ ਹਨ (ਤੇ) ਜੋ (ਆਪ ਬੀ ਤੇਰੇ ਵਿਚ) ਰੱਤੇ ਹੋਏ ਰਸਾਲ ਭਗਤ ਹਨ[1]। ਹੋਰ ਕਿੰਨੇ ਹੀ ਤੈਨੂੰ ਗਾਉਂਦੇ ਹਨ, ਓਹ ਮੈਨੂੰ ਚੇਤੇ ਨਹੀਂ ਆਉਂਦੇ, ਨਾਨਕ (ਕੀ ਯਾ) ਕਿੰਨੀ ਕੁ ਵੀਚਾਰ ਕਰੇ।

[1]ਏਸ ਤੁਕ ਦੇ ਵਿਸ਼ੇਸ਼ ਅਰਥ ਲਈ ਦੇਖੋ ਜਪੁਜੀ ਵਿਚ ਆਏ ਏਸੇ ਤੁਕ ਦੇ ਅਰਥ।

ਨਾਨਕੁ ਕਿਆ ਬੀਚਾਰੇ॥	
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥	ਉਹੋ (ਪਰਮੇਸ਼ੁਰ) ਸਦੀਵ ਸੱਚਾ (ਹੈ), ਉਹੋ (ਪਰਮੇਸ਼ੁਰ) ਸੱਚਾ ਮਾਲਕ ਹੈ, (ਅਤੇ ਉਸ ਦੀ) ਵਡਿਆਈ (ਵੀ) ਸੱਚੀ ਹੈ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ॥੧॥	ਜਿਸ ਨੇ ਸੰਸਾਰ ਦੀ ਰਚਨਾ ਰਚੀ ਹੈ, (ਉਹ ਆਪ) ਹੁਣ ਹੈ ਤੇਹੋਵੇਗਾ ਬੀ, (ਉਹ) ਨਾ ਹੀ ਜਾਂਦਾ ਹੈ ਤੇ ਨਾ ਹੀ ਜਾਏਗਾ (ਭਾਵ ਨਹੀਂ ਨਾਸ਼ ਹੁੰਦਾ ਤੇ ਅੱਗੇ ਨੂੰ ਬੀ ਨਹੀਂ ਨਾਸ਼ ਹੋਵੇਗਾ)। ਜਿਸ ਨੇ ਰੰਗ ਰੰਗ, ਭਾਂਤਿ ਭਾਂਤਿ, ਜਿਨਸ ਜਿਨਸ ਦੀ ਮਾਯਾ (ਰੂਪ ਰਚਨਾ) ਰਚੀ ਹੈ, (ਉਹ ਕਰਤਾ) ਰਚ ਰਚਕੇ ਆਪਣੇ ਕੀਤੇ (ਸੰਸਾਰ) ਨੂੰ ਦੇਖਦਾ ਹੈ, ਜਿਵੇਂ ਉਸਦੀ ਵਡਿਆਈ ਨੂੰ (ਸ਼ੋਭਦਾ ਹੈ)। ਜੋ ਕੁਛ ਉਸ ਨੂੰ ਭਾਵੇਗਾ ਸੋਈ (ਉਹ) ਕਰੇਗਾ, ਮੁੜ (ਉਸ ਪਰ) ਹੁਕਮ ਨਹੀਂ ਕੀਤਾ ਜਾ ਸਕਦਾ[1]। ਉਹ ਪਾਤਸ਼ਾਹ ਹੈ, ਸ਼ਾਹਾਂ ਦਾ ਬੀ ਪਾਤਸ਼ਾਹ ਹੈ, ਹੇ ਨਾਨਕ! (ਸਾਨੂੰ ਤਾਂ ਉਸਦੀ) ਰਜ਼ਾ ਵਿਚ ਰਹਿਣਾ (ਠੀਕ ਹੈ)॥੧॥

ਵਯਾਖਯਾ– ਜਪੁਜੀ ਵਿਚ ਆ ਚੁਕੀ ਹੈ।

ਨਿਰੁਕ੍ਤ– ਰਹਰਾਸਿ–(ਫ਼ਾ:, ਰਾਹੇ ਰਾਸਤ=) ਸਿੱਧਾ ਰਸਤਾ। (ਅ) ਰਾਹ ਰਵਸ਼, ਮ੍ਰਿਯਾਦਾ। ਸ਼੍ਰੇਸ਼ਟਾਚਾਰ। ਗੁਰਬਾਣੀ ਵਿਚ ਇਹ ਪਦ ਇਨ੍ਹਾਂ ਅਰਥਾਂ ਵਿਚ ਆਯਾ ਹੈ:- ਅਰਦਾਸ, ਬੇਨਤੀ। (ਅ) ਮਿਰਯਾਦਾ, (ੲ) ਨਮਸਕਾਰ।

ਆਸਾ–ਰਾਗ ਆਸਾ ਲਈ ਦੇਖੋ ਇਸ ਪੁਸਤਕ ਵਿਚ ਜਿਥੇ ਆਸਾ ਰਾਗ ਸ਼ੁਰੂ ਹੁੰਦਾ ਹੈ, (ਸੰਥਯਾ ਪੋਥੀ ਪੰਜਵੀਂ ਦਾ ਪੰਨਾ ੨੧੯੫)।

ਸੋਦਰੁ–ਉਹ ਦਰਵਾਜ਼ਾ, ਉਹ ਦਰਬਾਰ। ਇਹ ਇਕ ਗੁਰਬਾਣੀ ਦਾ ਸਿਰਲੇਖ ਹੈ। ਵਿਆਖਿਆ ਆਦਿ ਲਈ ਦੇਖੋ ਜਪੁਜੀ ਦਾ ਟੀਕਾ, ਪਉੜੀ ੨੭, ਪਿਛੇ ਪੰਨਾ ੧੩੩ ਤੋਂ ੧੪੨।

ਗਾਵਨਿ–ਗਾਵਨਾ, ਕੀਰਤਨ ਕਰਨਾ, ਕੀਰਤਨ ਵਿਚ ਵਡਿਆਈ ਕਰਨਾ। 'ਗਾਵਨਿ' ਤੋਂ ਭਾਵ ਹੈ ਤੇਰੀ ਸਿਫਤ ਸਲਾਹ ਕਰ ਰਹੇ ਹਨ।

ਸੁਰਗੁ ਮਛੁ ਪਇਆਲੇ–ਇਸ ਵਿਚ ਜੋ ਅਖੀਰਲੇ ਪਦ ਦੀ ਲਾਂ ਹੈ ਓਹ 'ਵਿਚ' ਯਾ 'ਤੇ' ਦੇ ਅਰਥ ਦੇਂਦੀ ਹੈ, ਜੋ ਸੁਰਗ, ਮਛ, ਪਇਆਲ ਤਿੰਨਾਂ ਦੇ ਅਰਥ ਨੂੰ ਜੋੜ ਲੈਂਦੀ ਹੈ। ਦੈਵੀ ਕਰਤਾ ਜੀ ਦਾ ਭਾਵ ਜਪੁਜੀ ਸਾਹਿਬ ਵਿਚ ਦਿਤੀ ਇਸੇ ਤੁਕ ਤੋਂ ਖੁੱਲ੍ਹ ਜਾਂਦਾ ਹੈ। ਜਿਥੇ ਪਾਠ ਹੈ '......ਸੁਰਗਾ ਮਛ ਪਇਆਲੇ॥' ਅਰਥਾਤ-ਸੁਰਗ ਦੀਆਂ, ਮਾਤ ਲੋਕ ਦੀਆਂ ਤੇ ਪਾਤਾਲ ਲੋਕ ਦੀਆ ਮਨ ਮੋਹਣੀਆਂ। ਫਿਰ ਜਦ ਅੱਗੇ ਚਲਕੇ ਕਿਹਾ ਹੈ 'ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ....' ਤਦ ਸੁਰਗ ਮਛ ਪਾਤਾਲ ਤਾ ਬ੍ਰਹਮੰਡ ਦੇ ਅੰਤਰਗਤਿ ਆਪੇ ਹੀ ਗਏ।

ਰਤਨ–ਜੌਹਰੀਆਂ ਦੇ ਰਤਨ ੯ ਹਨ: ਹੀਰਾ, ਪੰਨਾ, ਨੀਲਮ, ਪੁਖਰਾਜ, ਲਸਨੀਆਂ,

[1]ਅਥਵਾ ਉਸ ਦੇ ਹੁਕਮ ਨੂੰ 'ਫਿਰ ਨਹੀਂ ਕੀਤਾ' ਜਾ ਸਕਦਾ, ਭਾਵ ਫੇਰਿਆ ਨਹੀਂ ਜਾ ਸਕਦਾ।

ਗੋਮੇਦ, ਗੁਲੀ (ਮੌਂਗਾ), ਮੋਤੀ, ਮਾਣਿਕ। ਇਨਾਂ ਤੋਂ ਘਟੀਆ ੮੪ ਸੰਗ ਹੋਰ ਹਨ। ਵਿਸ਼ੇਸ਼ ਵੇਰਵਾ ਦੇਖੋ ਪਿਛੇ ਪੰਨਾ ੬੮ ਤੇ ੧੪੧-੧੪੨।

ਕਰਿ ਕਰਿ ਰਖੇ ਤੇਰੇ ਧਾਰੇ-ਭਾਵ ਜੋ ਤੈਂ ਸਾਜ ਸਾਜ ਕੇ (ਅਪਣੇ ਆਸਰੇ ਤੇ) ਧਾਰਨ ਕੀਤੇ=ਟੋਰੇ ਹੋਏ ਯਾ ਟਿਕਾਏ ਹੋਏ ਹਨ।

ਪਤਿ ਸਾਹਿਬੁ-ਜਪੁਜੀ ਵਿਚ ਪਾਠ 'ਪਾਤਿ ਸਾਹਿਬੁ' ਹੈ ਤੇ ਏਥੇ ਪਤਿ ਸਾਹਿਬੁ ਹੈ। ਭਾਵ ਇਕੋ ਜਾਪਦਾ ਹੈ। (ਫ਼ਾ:) ਪਾਦ=ਤਖ਼ਤ। ਸ਼ਾਹ, ਸਾਹਿਬ=ਪਾਤਸ਼ਾਹ, ਮਾਲਕ। ਜੇ ਪਤਿ ਸਾਹਿਬੁ ਦਾ ਵੱਖਰਾ ਅਰਥ ਕਰੀਏ ਤਾਂ ਬਣੇਗਾ=ਉਹ ਪਾਤਸ਼ਾਹ, ਸ਼ਾਹਾਂ ਦੀ ਪਤ ਦਾ ਬੀ ਮਾਲਕ ਹੈ।

(ਆਸਾ ਮਹਲਾ ੧)

ਪ੍ਰਾਕ੍ਰਥਨ- ਸਨਮੁਖ ਉਸਤੁਤੀ ਹੈ।

ਮੂਲ	ਅਰਥ
ਆਸਾ ਮਹਲਾ ੧॥	
ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥ ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥	ਸੁਣ ਕੇ ਵੱਡਾ ਸਭ ਕੋਈ ਕਹਿ ਦੇਂਦਾ ਹੈ, '(ਪਰ ਤੂੰ) ਕਿੱਡਾ ਕੁ ਵੱਡਾ ਹੈਂ' (ਇਸਦਾ ਪਤਾ) ਡਿੱਠਿਆਂ (ਹੀ) ਲੱਗਦਾ ਹੈ। ਨਾ(ਤੇਰੀ) ਕੀਮਤ ਪੈ ਸਕਦੀ ਹੈ, ਨਾ (ਤੂੰ) ਵਰਣਨ ਕੀਤਾ ਜਾ ਸਕਦਾ ਹੈਂ[1], (ਪਰ ਤੇਰੇ ਜਸ ਦੇ) ਕਹਿਣੇ ਵਾਲੇ (ਜਸ) ਕਹਿ ਕਹਿ ਕੇ ਤੇਰੇ (ਹੀ ਵਿਚ) ਸਮਾਏ ਰਹਿੰਦੇ ਹਨ (ਭਾਵ ਤੇਰਾ ਅੰਤ ਨਹੀਂ ਲੈ ਸਕਦੇ ਪਰ ਤੈਨੂੰ ਪ੍ਰਾਪਤ ਹੋ ਜਾਂਦੇ ਹਨ)।੧।
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥ ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥	(ਹੇ) ਮੇਰੇ ਵੱਡੇ ਸਾਹਿਬ, ਗਹਿਰ ਗੰਭੀਰ ਤੇ ਗੁਣਾਂ ਦੇ ਸਮੁੰਦਰ[2]! ਕੋਈ ਨਹੀਂ ਜਾਣਦਾ ਕਿ ਤੇਰਾ ਕਿੰਨਾ ਤੇ ਕਿੱਡਾ ਕੁ ਵੱਡਾ ਰਾਜ ਹੈ॥੧॥ਰਹਾਉ॥ਸਭ ਸੁਰਤ ਦੇ ਅਭਯਾਸੀਆਂ ਨੇ ਰਲਕੇ ਸੁਰਤ ਦੀ ਕਮਾਈ ਕੀਤੀ, ਸਭ ਕੀਮਤ ਪਾਉਣ ਵਾਲਿਆਂ ਨੇ ਰਲ ਕੇ ਮੁੱਲ ਪਾਇਆ। ਗਿਆਨੀਆਂ ਧਿਆਨੀਆਂ ਗੁਰੂਆਂ ਤੇ ਗੁਰਾਂ ਦੇ ਗੁਰਾਂ ਤੋਂ (ਬੀ) ਤੇਰੀ ਤਿਲ ਜਿੰਨੀ ਵਡਿਆਈ ਕਹੀ ਨਹੀਂ ਜਾ ਸਕਦੀ।੨।
ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥	ਸਾਰੇ ਸਤ, ਸਾਰੇ ਤਪ, ਸਾਰੀਆਂ ਚੰਗਿਆਈਆਂ (ਅਤੇ) ਸਿੱਧਾਂ ਪੁਰਖਾਂ ਦੀਆਂ ਵਡਿਆਈਆਂ (ਅਤੇ ਇਨ੍ਹਾਂ ਦੀ) ਸਿੱਧੀ ਤੈਥੋਂ ਬਾਝ[3] ਕਿਸੇ ਨੇ ਪ੍ਰਾਪਤ ਨਹੀਂ ਕੀਤੀ। (ਤੇਰੀ ਹੀ) ਕਿਰਪਾ ਕਰਕੇ ਮਿਲਦੀਆਂ ਹਨ, (ਤੇ ਫੇਰ ਕਿਸੇ ਦੀਆਂ) ਠਾਕੀਆਂ ਨਹੀਂ ਰੁਕ ਸਕਦੀਆਂ[4]॥੩॥

[1]ਜਾਂ ਕੀਮਤ ਪਾਉਣ ਵਾਲਿਆਂ ਤੋਂ ਨਹੀਂ ਕਿਹਾ ਜਾ ਸਕਦਾ।

[2] ਸ੍ਰੀ ਗੁਰੂ ਗ੍ਰੰਥ ਕੋਸ਼। [3]ਭਾਵ ਤੇਰੀ ਮਿਹਰ ਬਿਨਾ।

[4](ਅਥਵਾ ਤੇਰੇ) ਕਰਮ (ਕਿਰਪਾ) ਕਰਕੇ ਮਿਲਦੀਆਂ ਹਨ, ਨਹੀਂ ਤਾਂ ਠਾਕੀਆਂ ਰਹਿੰਦੀਆਂ ਹਨ।

ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣ ਹਾਰਾ॥੪॥੨॥	ਕਹਿਣ ਵਾਲਾ ਕੌਣ ਵਿਚਾਰਾ ਹੈ, ਤੇਰੇ ਤਾਂ ਸਿਫਤਾਂ ਨਾਲ ਭੰਡਾਰੇ ਭਰੇ (ਪਏ ਹਨ)। ਜਿਸਨੂੰ ਤੂੰ ਦੇਂਦਾ ਹੈਂ (ਕ੍ਰਿਪਾ ਕਰਕੇ ਦੇਂਦਾ ਹੈਂ) ਕੋਈ ਉਸ ਦੇ (ਆਪਣੇ) ਚਾਰੇ ਕਰਨੇ ਤੇ ਨਹੀਂ ਦੇਂਦਾ[1]। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) (ਤੂੰ) ਸਚ ਹੈਂ (ਤੇ ਸਭ ਦਾ) ਸਵਾਰਣੇ ਵਾਲਾ ਹੈਂ॥੪॥੨॥

ਵਜਾਖਜਾ- ਇਸ ਸ਼ਬਦ ਵਿਚ ਇਕ ਕੀਮਤੀ ਭੇਦ ਖੁਹਲਿਆ ਹੈ ਕਿ ਵਾਹਿਗੁਰੂ ਬੇਅੰਤ ਹੈ, ਉਸ ਦੀਆਂ ਸਿਫਤਾਂ ਬੀ ਬੇਅੰਤ ਹਨ। ਉਹਨਾਂ ਸਾਰੀਆ ਸਿਫਤਾਂ ਨੂੰ ਕੋਈ ਵਰਣਨ ਨਹੀਂ ਕਰ ਸਕਦਾ ਕਿਉਂਕਿ ਕਹਿਣ ਵਾਲੇ ਹਦਬੰਦੀ ਵਿਚ ਹਨ, ਮਿਤ ਵਾਲੇ ਹਨ। ਫੇਰ ਪ੍ਰਸ਼ਨ ਹੁੰਦਾ ਹੈ ਕਿ ਹੇ ਗੁਰੂ ਜੀ ਆਪ ਅਪਣਾ ਮਾਰਗ ਵਿਸਮਾਦ ਦਾ ਦੱਸਦੇ ਹੋ ਤੇ ਸਿਫਤ ਸਲਾਹ ਨਾਲ ਵਿਸਮਾਦ ਕਿਵੇਂ ਉਪਜਦਾ ਹੈ? ਤਾਂ ਜਵਾਬ ਦੇਂਦੇ ਹਨ ਕਿ ਅਸੀਂ ਜੋ ਸਿਫਤ ਸਲਾਹ ਕਰਨੀ ਕਹਿੰਦੇ ਹਾਂ ਬੇਅੰਤ ਦਾ ਅੰਤ ਪਾਉਣ ਵਾਸਤੇ ਨਹੀਂ, ਪਰ ਉਸ ਦੇ ਗੁਣ ਕਥਨ ਨਾਲ ਉਸ ਵਿਚ ਸਮਾਉਣ ਵਾਸਤੇ। ਸਮੁੰਦਰ ਤਕ ਉਸ ਦਾ ਅੰਤ ਲੈਣ ਲਈ ਨਹੀਂ ਪਰ ਉਸ ਵਿਚ ਇਸ਼ਨਾਨ ਦਾ ਸੁਖ ਲੈਣ ਲਈ।

ਅੰਕ ੧ ਜੋ ਲੋਕ ਵਡਾ ਵਡਾ ਆਖਦੇ ਹਨ ਸਾਈਂ ਨੂੰ, ਸੁਣ ਸੁਣ ਕੇ ਆਖਦੇ ਹਨ। ਜੇ ਕੋਈ ਦੇਖਕੇ ਕਹੇ ਤਾਂ ਠੀਕ ਕਹਿਣਾ ਬਣਦਾ ਹੈ। ਇਹ ਦੇਖਣਾ ਮਾਮੂਲੀ ਨੈਣਾਂ ਦਾ ਵਿਸ਼ਾ ਨਹੀਂ ਪਰ ਗਜਾਨ ਨੇਤ੍ਰਾਂ ਦਾ ਦੇਖਣਾ ਹੈ ਤੇ ਸਾਖਜਾਤਕਾਰਤਾ ਨਾਲ ਅਨੁਭਵ ਕਰਨਾ ਹੈ। ਕਹਿਣ ਨੂੰ ਮੁੱਲਾਂ ਮੁਨਾਰੇ ਚੜ੍ਹਿਆ ਰੋਜ਼ 'ਅੱਲਾਹੂ ਅਕਬਰ' ਆਖਦਾ ਹੈ, ਪਰ ਉਹ ਵੇਖ ਕੇ ਨਹੀਂ ਕਹਿ ਰਿਹਾ। ਉਸ ਦਾ ਕਹਿਣਾ ਨਿਜ ਤਜਰਬਾ ਨਹੀਂ। ਹਾਂ ਜੋ ਨਾਮ ਜਪਕੇ, ਸਿਫਤ ਸਲਾਹ ਕਰਕੇ ਕਿਸੇ ਵਿਸਮਾਦੀ ਝਲਕੇ ਨਾਲ ਕਦੇ ਅਨੁਭਵ ਵਿਚ ਜਾਂਦੇ ਹਨ, ਓਹ ਦੇਖਕੇ ਕਹਿੰਦੇ ਹਨ:-

ਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ॥ (ਗਉੜੀ ਕਬੀਰ-੪੭)

ਬਾਵਜੂਦ ਏਸ ਝਲਕਾ ਦੇਖਣ ਦੇ ਉਹ ਸਾਂਗੋ ਪਾਂਗ ਕਦੇ ਕਿਸੇ ਦੇ ਗਜਾਨ ਦਾ ਵਿਸ਼ਾ ਐਉਂ ਨਹੀਂ ਹੋਇਆ ਜਿਵੇਂ ਕਿ ਦ੍ਰਿਸ਼ਟਮਾਨ ਪਦਾਰਥ ਹੁੰਦੇ ਹਨ, ਕਿਉਂਕਿ ਓਹ ਦ੍ਰਿਸ਼ਟਾ ਹੈ, ਦ੍ਰਿਸ਼ਟਮਾਨ ਨਹੀਂ।

ਅੰਕ ੨ ਵਿਚ ਸੁਰਤੇ, ਕੀਮਤਾਂ ਪਾਣ ਵਾਲੇ, ਗਜਾਨੀ, ਧਿਆਨੀ ਸਾਰੇ ਗਿਣਕੇ ਦੱਸੇ ਹਨ ਕਿ ਤੇਰੀ ਵਡਿਆਈ ਦਾ ਅੰਤ ਤਾਂ ਕੀ, ਥੋੜੀ ਬੀ ਨਹੀਂ ਕਹਿ ਸਕਦੇ।

ਅੰਕ ੩-੪ ਵਿਚ ਦੱਸਦੇ ਹਨ ਕਿ ਸਭ ਪ੍ਰਾਪਤੀਆਂ ਤੇਰੀ ਮੇਹਰ ਨਾਲ ਹੁੰਦੀਆਂ ਹਨ। ਅਪਦੀ ਸਿਫਤ ਸਲਾਹ ਕਰਨੀ ਜੋ ਤੇਰੇ ਸ਼ਰਣ ਸਮਾਉਣ ਲਈ ਕਰੀਦੀ ਹੈ, ਉਹ ਬੀ ਤੇਰੀ ਦਾਤ ਹੈ।

ਨਿਰੁਕ੍ਤ- ਚੀਰਾ-ਹੱਦ (ਦੇਖੋ ਗੁਰੂ ਗ੍ਰੰਥ ਕੋਸ਼)। ਹੱਦ ਬੰਨਾ। (ਅ) ਫ਼ਾ:, ਚੀਰਾ=ਗ਼ਲਬਾ ਖਾਣਾ, ਭਾਵ ਬਲ, ਵਸੀਕਾਰ। (ੲ) ਸੰਸ:, ਚੀਰ=ਕਪੜਾ, ਲਿਖਣਾ ਭਾਵ ਦਫਤਰ।

ਰਹਾਉ-ਦੇਖੋ ਪਿਛੇ ਪੰਨਾ ੧੯੧ ਪਰ।

ਕੀਮਤਿ-(ਅ:=ਕ਼ੀਮਤ) ਮੁੱਲ। ਮੁੱਲ ਪਾਉਣ ਵਾਲਿਆਂ ਨੇ ਮੁੱਲ ਪਾਇਆ।

(ਅ) ਐਉਂ ਬੀ ਯਤਨ ਕਰਦੇ ਹਨ: ਸਭ ਸੁਤੀ ਵਾਲਿਆਂ ਨੇ ਉਸ ਤੇ ਅਮਲ ਕੀਤਾ।

(ੲ) ਸਭ ਸੁਰਤੀਆਂ ਨੇ ਮਿਲਕੇ ਸੁਰਤ ਦੀ ਕਮਾਈ ਕੀਤੀ, ਪਰ ਉਹਨਾਂ ਦੀ ਸੁਰਤ

[1](ਅਥਵਾ) ਜਿਸ ਨੂੰ ਤੂੰ ਦੇਂਦਾ ਹੈਂ ਉਸਦੇ ਨਾਲ ਹੋਰ ਕਿਸੇ ਦਾ ਕੀਹ ਚਾਰਾ ਚਲ ਸਕਦਾ ਹੈ।

ਕਮ+ਆਈ=ਨਜ਼ੂਨ ਨਿਕਲੀ। ਸਭ ਕੀਮਤੀਆਂ ਨੇ ਕੀਮਤ ਪਾਈ, ਪਰ ਉਹਨਾਂ ਦੇ ਐਸਾ ਕਰਨੇ ਨੇ ਕੀ+ਮਤ=ਕੀ ਬੁੱਧੀ ਪਾਈ? ਭਾਵ ਕੁਛ ਨਾ।

ਗੁਰ ਗੁਰ ਹਾਈ-ਗੁਰੂਆਂ ਦੇ ਗੁਰੂਆਂ ਤੋਂ। ਗੁਰ ਹਾਈ, ਤ੍ਰਿਤੀਆ ਬਹੁ ਵਚਨ ਹੈ ਪੁ: ਪੰਜਾਬੀ ਦਾ। (ਅ) ਦਾਨੇ ਗੁਰ ਹਾਈ ਦਾ 'ਗੁਰ ਭਾਈਆਂ' ਬੀ ਅਰਥ ਕਰਦੇ ਹਨ।

(ਆਸਾ ਮਹਲਾ ੧)

ਪ੍ਰਾਕ੍ਰਥਨ- ਪਿਛਲੇ ਸ਼ਬਦ ਵਿਚ ਸਿਫਤ ਸਲਾਹ ਕਰਦੇ ਹੋਏ ਕਰਨੇ ਦਾ ਉਪਦੇਸ਼ ਦੇ ਕੇ ਹੁਣ ਇਸ ਸ਼ਬਦ ਵਿਚ 'ਨਾਮ' ਦਾ ਉਪਦੇਸ਼ ਦੇਣ ਲਗੇ ਹਨ।

ਕਹਿੰਦੇ ਹਨ ਕਿ ਮਾਤਾ ਤ੍ਰਿਪਤਾ ਜੀ ਨੇ ਕਦੇ ਪੁੱਛਿਆ ਸੀ ਕਿ ਨਾਮ ਨੂੰ ਸਦਾ ਹੀ ਕਿਉਂ ਲਗੇ ਰਹਿੰਦੇ ਹੋ, ਤਦ ਗੁਰੂ ਜੀ ਨੇ ਉੱਤਰ ਦਿੱਤਾ ਸੀ ਸੋ ਏਸ ਸ਼ਬਦ ਵਿਚ ਹੈ।

ਮੂਲ	ਅਰਥ
ਆਸਾ ਮਹਲਾ ੧॥	
ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥ ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥੧॥	(ਪਰਮੇਸ਼ੁਰ ਦਾ ਨਾਮ) ਲੈਂਦਾ ਹਾਂ ਤਾਂ ਜੀਉਂਦਾ ਹਾਂ (ਜੇ ਨਾਮ) ਵਿੱਸਰੇ (ਤਦ) ਮਰ ਜਾਂਦਾ ਹਾਂ। (ਪਰੰਤੂ ਇਹ) ਸੱਚਾ ਨਾਮ ਲੈਣਾ ਔਖਾ ਹੈ (ਕਿਉਂਕਿ ਨਾਮ ਦੀ ਭੁੱਖ ਅਰਥਾਤ ਸ਼ੌਕ ਲਗੇ ਬਿਨ ਨਾਮ ਜਪਿਆ ਨਹੀਂ ਜਾਂਦਾ)। (ਜੇ) ਸੱਚੇ ਨਾਮ ਦੀ ਭੁੱਖ ਲੱਗ ਪਵੇ (ਤਦ) ਉਸ ਭੁੱਖ ਨਾਲ (ਨਾਮ ਜਪੀਦਾ ਹੈ ਜਿਸ ਨਾਲ ਸਾਰੇ ਹੋਰ) ਦੁੱਖਾਂ ਨੂੰ ਖਾ ਲਈਦਾ ਹੈ[1]।੧।
ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ॥	ਹੇ ਮੇਰੀ ਮਾਂ! ਉਹ ਕਿਉਂ ਵਿਸਰੇ ? (ਕਿਉਂਕਿ ਉਹ ਮੇਰਾ) ਮਾਲਕ (ਆਪ) ਸੱਚਾ ਹੈ, (ਤੇ) ਸੱਚੇ ਨਾਮ ਵਾਲਾ ਹੈ[2]॥੧॥ ਰਹਾਉ॥
ਸਾਚੇ ਨਾਮ ਕੀ ਤਿਲ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥ ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥੨॥	ਸੱਚੇ ਨਾਮ ਦੀ ਵਡਿਆਈ (ਕਈ ਲੋਕ) ਆਖ ਆਖ ਕੇ ਥੱਕ ਗਏ (ਪਰ) ਤਿਲ ਜਿੰਨੀ (ਦਾ ਬੀ) ਮੁੱਲ ਨਹੀਂ ਪਾ ਸਕੇ। ਜੇ ਸਾਰੇ ਰਲ ਕੇ (ਬੀ) ਆਖਣ (ਲੱਗ) ਪੈਣ, (ਤਦ ਬੀ ਓਹ) ਨਾ ਵੱਡਾ ਹੋਵੇਗਾ, ਨਾ ਘਟ ਜਾਏਗਾ। (ਭਾਵ ਵਡਿਆਈ ਅਪਣੀ ਕਲਯਾਣ ਨਮਿੱਤ ਕਰਨੀ ਹੈ ਨਾ ਕਿ ਅੰਤ ਲੈਣ ਲਈ, ਜੋ ਮਿਤ ਵਾਲਾ ਅਮਿਤ ਦਾ ਲੈ ਨਹੀਂ ਸਕਦਾ।)।੨।
ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ॥	ਨਾ ਤਾਂ ਉਹ (ਪਰਮੇਸ਼ੁਰ) ਮਰਦਾ ਹੈ, ਨਾ (ਉਸਦੇ ਉਪਾਸ਼ਕ ਨੂੰ ਉਸਦੇ ਮਰਨੇ ਦਾ) ਸੋਗ ਹੁੰਦਾ ਹੈ[3] (ਉਹ ਦਾਤਾਂ) ਦੇਂਦਾ

---

[1] ਭਾਵ ਉਸ ਭੁੱਖ ਦੇ ਲੱਗਿਆ ਨਾਮ ਰੂਪੀ ਭੋਜਨ ਖਾਈਦਾ ਹੈ, ਤਦ ਜੀਵ ਦੇ ਸਾਰੇ ਦੁੱਖ ਚਲੇ ਜਾਂਦੇ ਹਨ। (ਅ) ਖਾਇ+ਚ+ਲੀਅਹਿ+ਦੁਖ=ਪੁਨਾ ਖਾ ਲਈਦੇ ਹਨ ਦੁੱਖ ਭਾਵ ਦੁਖਾਂ ਦਾ ਨਾਸ਼ ਹੋ ਜਾਂਦਾ ਹੈ।

[2] ਅਥਵਾ, ਸੱਚਾ ਹੈ ਉਹ ਸਾਹਿਬ (ਤੇ ਮੈਂ ਉਸਦੇ) ਸੱਚੇ ਨਾਉਂ ਨੂੰ (ਲਗਾ ਰਹਿੰਦਾ ਹਾਂ)।

[3] ਐਉਂ ਬੀ ਕਰਦੇ ਹਨ, ਨਾ ਉਹ ਮਰਦਾ ਹੈ ਨਾ ਉਸ ਨੂੰ ਸੋਗ ਹੁੰਦਾ ਹੈ।

ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥	ਰਹਿੰਦਾ ਹੇ (ਅਰ ਉਸਦਾ ਬਖਸ਼ਿਆ) ਭੋਗ[1] ਮੁੱਕਦਾ ਨਹੀਂ। (ਉਸਦਾ ਖਾਸ) ਗੁਣ ਇਹ ਹੈ ਕਿ (ਇਨ੍ਹਾਂ ਗੁਣਾਂ ਵਾਲਾ) ਹੋਰ (ਉਸ ਵਰਗਾ) ਕੋਈ ਨਹੀਂ ਹੈ, ਨਾ ਕੋਈ ਹੋਇਆ ਹੈ ਤੇ ਨਾ ਕੋਈ ਹੋਵੇ ਗਾ॥੩॥
ਜੇਵਡ ਆਪਿ ਤੇਵਡ ਤੇਰੀ ਦਾਤਿ॥ ਜਿਨਿ ਦਿਨੁ ਕਰਿਕੈ ਕੀਤੀ ਰਾਤਿ॥ ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸੁਨਾਤਿ॥੪॥੩॥	ਜਿੱਡਾ ਵੱਡਾ (ਤੂੰ) ਆਪ ਹੈਂ, ਉਡੀ ਵੱਡੀ ਤੇਰੀ ਦਾਤ ਹੈ[2], (ਤੂੰ), ਜਿਸਨੇ ਦਿਨ ਬਣਾਕੇ (ਨਾਲ) ਰਾਤ[3] ਬਣਾਈ ਹੈ (ਉਸ) ਮਾਲਕ ਨੂੰ (ਜੋ) ਵਿਸਾਰਦੇ ਹਨ ਉਹ ਕਮਜਾਤ[4] ਹੈਨ। (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ) ਕਿ ਨਾਮ ਤੋਂ ਬਿਨਾਂ ਉਹ ਨੀਚ[5] ਹੈਨ॥੪॥੩॥

ਵਜਾਖਜਾ—ਇਸ ਸ਼ਬਦ ਵਿਚ ਨਾਮ ਦਾ ਉਪਦੇਸ਼ ਹੈ, ਇਸ ਤੋਂ ਪਹਿਲੇ ਵਿਚ ਸਿਫਤ ਸਲਾਹ ਦਾ ਉਪਦੇਸ਼ ਸੀ, ਵਿਸਮਾਦ ਮਾਰਗ ਦੇ ਰਾਹੀ ਇਨਾਂ ਦੋ ਖੰਭਾਂ ਨਾਲ ਹੀ ਬਿਹੰਗਮ ਮਾਰਗ ਵਿਚ ਉੱਡਦੇ ਹਨ।

ਅੰਕ ੧ ਦੀ ਪਹਿਲੀ ਤੁਕ ਵਿਚ ਪਹਿਲਾਂ ਨਾਮ ਨਾਲ ਅਪਣੇ ਪ੍ਰੇਮ ਦੀ ਅਵਿਛੜ ਹਾਲਤ ਦੱਸਦੇ ਹਨ ਕਿ ਨਾਮ ਸਿਮਰਨ ਮੇਰਾ ਜੀਵਨ ਹੋ ਗਿਆ ਹੈ, ਮੈਂ ਇਸ ਬਿਨਾ ਜੀ ਨਹੀਂ ਸਕਦਾ।

ਇਹ ਸੁਣਕੇ ਜਾਪਦਾ ਹੈ ਕਿ 'ਨਾਮ ਆਖਣਾ' ਬੜੀ ਸੌਖੀ ਗੱਲ ਹੈ। ਪਰ ਆਪ ਜੀ ਅਗਲੀ ਤੁਕ ਵਿਚ ਫ਼ੁਰਮਾਉਂਦੇ ਹਨ ਕਿ ਇਹ ਔਖੀ ਕਾਰ ਹੈ, ਜਿੰਨੀ ਸੌਖੀ ਦਿੱਸਦੀ ਹੈ ਉੱਨੀ ਸੌਖੀ ਨਹੀਂ। ਪ੍ਰਸ਼ਨ ਹੁੰਦਾ ਹੈ ਕਿ ਇਹ ਔਖੀ ਕਾਰ ਕਦੋਂ ਪਜਾਰੀ ਲੱਗਦੀ ਹੈ ਤਾਂ ਦੱਸਦੇ ਹਨ ਕਿ ਨਾਮ ਦੀ ਭੁੱਖ ਲਗੇ ਤਾ ਉਸ ਭੁੱਖ ਨਾਲ ਸਾਰੇ ਪ੍ਰਕਾਰ ਦੇ ਦੁਖ ਚਲੇ ਜਾਂਦੇ ਹਨ। ਇਸ ਵਿਚ ਇਕ ਲੁਪਤੀ ਹੈ, ਉਹ ਇਹ ਹੈ ਕਿ ਸੱਚੇ ਨਾਮ ਦੀ ਭੁੱਖ ਲੱਗੇ ਤਾਂ ਲੱਭੀਦਾ ਹੈ। ਜਦ ਲੱਭਦਾ ਹੈ ਤਾਂ ਜੀਕੂੰ ਭੁੱਖਾ ਪਜਾਰ ਨਾਲ ਰੋਟੀ ਖਾਂਦਾ ਹੈ ਤਿਵੇਂ ਇਹ ਨਾਮ ਸ਼ੌਕ ਨਾਲ ਜਪਣ ਸਿਮਰਣ ਲਗ ਜਾਈਦਾ ਹੈ, ਜਦ ਨਾਮ ਜੀਵਨ ਹੋ ਜਾਂਦਾ ਹੈ ਤਾਂ ਸਾਰੇ ਦੁੱਖ ਖਾਧੇ ਜਾਂਦੇ ਹਨ। ਭਾਵ ਮੁੱਕ ਜਾਂਦੇ ਹਨ ਯਾ ਮਿੱਠੇ ਕਰਕੇ ਝੱਲ ਹੋ ਜਾਂਦੇ ਹਨ। ਬ੍ਰਿਤੀ ਸੁਖ ਸਰੂਪ ਹੋ ਜਾਂਦੀ ਹੈ ਤੇ ਉਸ ਵਿਚੋਂ ਦੁਖ ਤੇ ਸੰਤਾਪ ਮਿਟ ਜਾਂਦੇ ਹਨ। ਜੈਸਾ ਕਿ ਪੰਚਮ ਗੁਰੂ ਜੀ ਦਾ ਵਾਕ ਹੈ: –

ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥ (ਸੁਖਮਨੀ, ੧-੨)

ਨਾਮ ਤੇ ਨਾਮੀ ਦੀ ਵਾਂਛਾ (ਲਗਨ ਯਾ ਸ਼ੌਕ) ਬਾਬਤ ਪੰਜਵੇਂ ਸਤਿਗੁਰ ਨਾਨਕ ਜੀ ਦਾ ਵਾਕ ਹੈ:-

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥' (ਸੁਖਮਨੀ, ੩-੫)

ਰਹਾਉ ਵਿਚ ਦੱਸਦੇ ਹਨ ਕਿ ਵਾਹਿਗੁਰੂ 'ਸਤਜ ਸਰੂਪ' ਹੈ। ਉਹ ਆਪ ਸਤਜ ਹੈ, ਸਤਜ ਦਾ ਨਾਮ ਬੀ ਸਤਜ ਹੈ, ਹੋਰ ਜਿਤਨੇ ਪਦਾਰਥ ਤੇ ਪਜਾਰੇ ਜਗਤ ਵਿਚ ਹਨ ਸਭ ਅਸਤਜ ਹਨ, ਨਾਸ਼ਮਾਨ

[1] ਭਾਵ ਉਸ ਦੇ ਨਾ ਮਰਨੇ ਕਰਕੇ, ਉਸਦੇ ਸਦਾ ਦਾਤਾ ਹੋਣ ਕਰਕੇ ਅਰ ਉਸ ਦੇ ਖਜ਼ਾਨੇ ਅਮੁੱਕ ਹੋਣ ਕਰਕੇ ਉਪਾਸਕ ਨੂੰ ਸੋਗ ਨਹੀਂ ਹੁੰਦਾ। ਭੋਗੁ=ਜੋ ਭੋਗਿਆ ਜਾਏ, ਖਾਧਾ ਜਾਏ, ਵਰਤਿਆ ਜਾਏ।

(ਅ) ਉਹ ਦੇਂਦਾ ਰਹਿੰਦਾ ਹੈ ਅਰ ਪਦਾਰਥ ਦੇਣੋਂ ਕਦੇ ਚੁੱਕਦਾ ਨਹੀਂ।

[2] ਦਾਤ ਤੋਂ ਮੁਰਾਦ ਪਰਮੇਸ਼ੁਰ ਦਾ ਨਾਮ ਹੈ, ਜਿੱਡਾ ਵੱਡਾ ਆਪ ਹੈ ਉਡੀ ਵੱਡੀ ਉਸਦੀ ਦਾਤ ਹੈ, ਕਿਉਂਕਿ ਨਾਮ ਨਾਮੀ ਦੀ ਅਭੇ ਦਤਾ ਹੈ। ਹੋਰ ਦਾਤਾਂ ਦਾਤੇ ਤੋਂ ਛੋਟੀਆਂ ਹਨ।

[3] ਜੇ ਰਾਤ ਨਾ ਹੁੰਦੀ ਤਾ ਦਿਨ ਦੇ ਥਕਾਨ ਕੀਕੂੰ ਉਤਰਦੇ।

[4] ਛੋਟੀ ਜਾਤ, ਕਮਜਾਤ ਪਦ ਮਿਹਣੇ ਲਈ ਵਰਤਦੇ ਹਨ। [5] ਸਾਂਹਸੀ ਆਦਿ ਨੀਚ ਕੌਮਾਂ ਨੂੰ 'ਸਨਾਤ' ਕਹਿੰਦੇ ਹਨ।

ਹਨ। ਸੋ ਜੋ ਸਦਾ ਸਤਜ ਹੈ, ਤ੍ਰੈਕਾਲ ਰਹਿਣੇ ਵਾਲਾ ਹੈ ਉਸ ਨੂੰ ਵਿਸਾਰਨਾ ਕਿੰਨੀ ਭੁੱਲ ਹੈ ?

ਅੰਕ ੨-੩- ਹੋਰ ਪਦਾਰਥ ਤੇ ਪਜਾਰੇ ਵਿਛੜਦੇ ਹਨ ਤੇ ਸੋਗ ਹੁੰਦਾ ਹੈ, 'ਨਾ ਓਹੁ ਮਰੈ ਨ ਹੋਵੈ ਸੋਗੁ'; ਵਾਹਿਗੁਰੂ ਨਾ ਮਰਦਾ ਹੈ, ਨਾ ਵਿਛੁੜਦਾ ਹੈ, ਨਾ ਕਦੇ ਸੋਗ ਹੁੰਦਾ ਹੈ। ਫੇਰ ਇਹ ਗੁਣ ਹੈ ਕਿ ਉਸ ਭਗਵੰਤ ਵਰਗਾ ਹੋਰ ਕੋਈ ਨਾ ਹੋਯਾ ਹੈ ਨਾ ਹੋਵੇਗਾ। ਸੋ ਉਸ ਦਾ ਨਾਮ ਬੀ ਅਦੁਤੀ ਸਾਧਨ ਹੋਇਆ ਜੋ ਉਸ ਨਾਲ ਮੇਲ ਦੇਂਦਾ ਹੈ। ਫੇਰ ਉਹ ਦਾਤਾ ਹੈ ਤੇ ਸਦੈਵੀ ਦਾਤਾ ਹੈ, ਦਾਤਾਂ ਦੇਂਦਾ ਹੀ ਦੇਂਦਾ ਹੈ, ਸੋ ਦਾਤਾਂ ਲੈਣ ਵਾਲੇ ਦਾ ਉਹਨਾਂ ਦਾਤਾਂ ਨੂੰ ਭੋਗਣਾ ਕਦੇ ਮੁੱਕਦਾ ਨਹੀਂ।

ਏਹ ਚੋਟੀ ਦੇ ਤ੍ਰੈ ਗੁਣ ਦੱਸਕੇ ਆਪ ਅੰਕ ੨ ਵਿਚ ਫੁਰਮਾਉਂਦੇ ਹਨ ਕਿ ਸੱਚੇ ਨਾਮ ਦੇ ਮੈਂ ਜੋ ਗੁਣ ਕਹੇ ਹਨ ਕੇਵਲ ਨਮੂਨੇ ਮਾਤ੍ਰ ਹਨ, ਸੱਚੇ ਨਾਮ ਦੀ ਤਿਲ ਜਿੰਨੀ ਵਡਿਆਈ ਕਹਿਣੀ ਕਠਨ ਹੈ। ਕਹਿਣੇ ਵਾਲੇ ਕਹਿ ਕਹਿ ਕੇ ਥੱਕ ਗਏ ਪਰ ਉਸ ਨਾਮ ਦੀ ਯਾ ਨਾਮੀ ਦੀ ਕੀਮਤ ਨਹੀਂ ਪਾ ਸਕੇ ਭਾਵ ਅੰਤ ਨਹੀਂ ਲੈ ਸਕੇ। ਜੇ ਸਾਰੇ ਬ੍ਰਹਮੰਡ ਦੇ ਕਥਨ ਕਰਨ ਵਾਲੇ ਰਲਕੇ ਮਹਿਮਾ ਕਰਨ ਲਗ ਪੈਣ ਤਾਂ ਉਹਨਾਂ ਦੀ ਮਹਿਮਾ ਨਾਲ ਉਸ ਨੇ ਵਧ ਨਹੀਂ ਜਾਣਾ, ਨਾ (ਜੇ ਓਹ ਨਾ ਕਹਿਣ ਤਾਂ ਉਸ ਨੇ) ਘਟ ਜਾਣਾ ਹੈ। ਸਿੱਟਾ ਇਹ ਹੈ ਕਿ ਉਸ ਦੇ ਗੁਣ ਗਾਯਨ ਅਸਾਂ ਅਪਣੀ ਕਲਜਾਨ ਵਾਸਤੇ ਕਰਨੇ ਹਨ, ਉਸ ਦਾ ਅੰਤ ਲੈਣ ਵਾਸਤੇ ਨਹੀਂ। ਨਾ ਉਸ ਨੂੰ ਕੋਈ ਗੁਣ ਗਾਵਾਉਣ ਦੀ ਲੋੜ ਹੈ। ਉਹ ਤਾਂ ਅਮਿਤ ਦਾਤਾ ਹੈ। ਅਮਿਤ ਦਾਤਾ ਨੂੰ ਲੋੜ ਕੋਈ ਨਹੀਂ ਹੁੰਦੀ।

ਅੰਕ ੪- ਉਸ ਦੀਆਂ ਦਾਤਾਂ ਅਮਿਤ ਹਨ, ਦਾਤ ਦਾਤੇ ਤੋਂ ਛੋਟੀ ਹੁੰਦੀ ਹੈ ਪਰ ਇਕ ਦਾਤ ਉਸ ਦੇ ਅਪਣੇ ਜੇਡੀ ਹੈ। ਉਹ ਦਾਤ ਉਸ ਦਾ ਨਾਮ ਹੈ। ਕਿਉਂਕਿ ਨਾਮ ਨਾਮੀ ਦੀ ਅਭੇਦਤਾ ਹੁੰਦੀ ਹੈ, ਇਸ ਕਰਕੇ ਇਹ ਦਾਤ ਦਾਤੇ ਜੇਡੀ ਹੀ ਵਡੀ ਹੈ[੧]।

ਦੇਖੋ ਉਸ ਦੀਆਂ ਦਾਤਾਂ, ਦਿਨ ਬਣਾਇਆ ਕੰਮਾਂ ਲਈ, ਰਾਤ ਬਣਾਈ ਆਰਾਮ ਲਈ। ਜੇ ਰਾਤ ਬਣਾਈ ਮਾਇਆ ਰੂਪੀ ਤਾਂ ਦਿਨ ਬਣਾਇਆ ਗਜਾਨ ਰੂਪੀ। ਐਸੇ ਮਾਲਕ ਨੂੰ ਭੁਲਾਉਣ ਵਾਲੇ ਛੋਟੀ ਜਾਤ ਦੇ ਹਨ। ਕਮਜਾਤ ਕਿਸੇ ਨੂੰ ਕਹਿਣਾ ਮਿਹਣਾ ਦੇਣਾ ਹੈ ਕਿ ਜੋ ਪ੍ਰਭੂ ਅੰਸ਼ ਦੇ ਹੋਕੇ ਉਸ ਨੂੰ ਭੁੱਲ ਗਏ ਹਨ, ਓਹ 'ਅਚੁਤ ਗੋਤ੍ਰੀ' ਨਹੀਂ ਰਹੇ, ਅਰਥਾਤ ਉਹਨਾਂ ਦੀ ਜਾਤਿ ਈਸ਼੍ਵਰੀਯ ਨਹੀਂ ਰਹੀ, ਓਹ ਨੀਵੀਂ ਜਾਤ ਦੇ ਹੋ ਗਏ ਹਨ, ਕਿਉਂਕਿ ਉਸ ਨਾਲੋਂ ਤ੍ਰਟ ਕੇ ਸਾਕਤ ਜੀਵਨ ਬਸਰ ਕਰ ਰਹੇ ਹਨ। ਅਖ਼ੀਰ ਵਿਚ ਫੁਰਮਾਉਂਦੇ ਹਨ ਕਿ ਜੋ ਨਾਮ ਤੋਂ ਵਿਹੂਣੇ ਹਨ ਓਹ ਨੀਚ ਜਾਤ ਹਨ।

ਨਿਰੁਕ੍ਤ- ਪਿਛੇ ਹੇਠਲੀਆਂ ਟੂਕਾਂ ਵਿਚ ਪਦਾਂ ਦੇ ਅਰਥ ਨਾਲੋਂ ਨਾਲ ਆ ਗਏ ਹਨ।

(ਰਾਗ ਗੂਜਰੀ ਮਹਲਾ ੪)

ਪ੍ਰਾਕ੍ਥਨ- ਹੁਣ ਚੌਥੇ ਸਤਿਗੁਰਾਂ ਦਾ ਸ਼ਬਦ ਚਲਦਾ ਹੈ, ਜਿਸ ਵਿਚ ਨਾਮ ਲਈ ਗੁਰੂ ਅਗੇ ਅਰਦਾਸ ਹੈ। ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੱਦੀ ਮਿਲਨੇ ਪੁਰ ਸ੍ਰੀ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ ਸੀ ਕਿ ਕੁਛ ਮੰਗੋ? ਤਦ ਸ੍ਰੀ ਗੁਰੂ ਰਾਮਦਾਸ ਜੀ ਨੇ ਉੱਤਰ ਵਿਚ ਇਹ ਸ਼ਬਦ ਕਿਹਾ।

---

[੧]ਜਿਵੇਂ ਫੁਰਮਾਇਆ ਹੈ ਪੰਚਮ ਗੁਰੂ ਜੀ ਨੇ:-

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥ ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥ ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ (ਸੁਖਮਨੀ, ੧੬-੫)

ਏਥੇ ਨਾਮ ਨੂੰ ਨਾਮੀ ਦੇ ਬਰੱਬਰ ਦੱਸਿਆ ਹੈ।

ਗਿਆਨੀ ਬਦਨ ਸਿੰਘ ਜੀ ਦੱਸਦੇ ਹਨ ਕਿ ਇਹ ਸ਼ਬਦ ਵਿਆਹ ਤੋਂ ਬਾਦ ਉਚਾਰਿਆ ਸੀ, ਜਦੋਂ ਸ੍ਰੀ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ ਸੀ ਕਿ ਕੁਛ ਮੰਗੋ।

ਸ਼ਬਦ ਦੇ ਭਾਵ ਵਿਚ ਰਸ ਰੰਗ ਭਰੀ ਨਾਮ ਦੀ ਮੰਗ ਹੈ ਤੇ ਅੰਤ ਵਿਚ ਨਾਮ ਪ੍ਰਾਪਤੀ ਤੇ ਸ਼ੁਕਰੀਆ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਇਹ ਸ਼ਬਦ ਗੱਦੀ ਤੇ ਬੈਠਕੇ ਉਚਾਰਿਆ ਹੈ ਚਾਹੋ ਕਿਸੇ ਸਮੇਂ ਦੇ ਮੁਤੱਲਕ ਉਚਾਰਿਆ ਹੋਵੇ।

ਮੂਲ	ਅਰਥ
ਰਾਗੁ ਗੂਜਰੀ ਮਹਲਾ ੪॥	
ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੧॥	ਹੇ ਹਰਿ ਦੇ ਜਨ, ਸਤਿਗੁਰ, ਸਤਿ ਪੁਰਖ (ਜੀ)! ਮੈਂ (ਆਪ) ਗੁਰਾਂ ਪਾਸ ਬੇਨਤੀ ਕਰਦਾ ਹਾਂ, (ਕਿ)ਅਸੀਂ ਨੀਵੇਂ ਨਿਮਾਣੇ (ਆਪ) ਸਤਿਗੁਰੂ ਦੀ ਸ਼ਰਣੀ ਆਏ ਹਾਂ, ਦਇਆ ਕਰਕੇ (ਸਾਡੇ ਤੇ) ਨਾਮ ਦਾ ਪ੍ਰਕਾਸ਼ ਕਰੋ॥੧॥
ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥	ਹੇ ਮੇਰੇ ਮਿਤ੍ਰ ਗੁਰਦੇਵ! ਮੈਨੂੰ ਰਾਮ ਨਾਮ ਦਾ ਪ੍ਰਕਾਸ਼ ਕਰ। ਗੁਰੂ ਸਿਖ੍ਯਾ ਅਨੁਸਾਰ (ਮਿਲਿਆ) ਨਾਮ ਮੇਰੇ ਪ੍ਰਾਣਾਂ ਦਾ (ਸਖਾ) ਮਿੱਤ੍ਰ ਹੋਵੇ, ਹਰੀ ਦਾ ਜਸ ਸਾਡੀ ਰਹੁਰੀਤ ਹੋਵੇ॥੧॥ ਰਹਾਉ॥
ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥੨॥	[1] ਹਰਿ ਜਨਾਂ ਦੇ ਵਡਿਆ ਤੋਂ ਵਡੇ ਭਾਗ ਹਨ, ਜਿਨਾਂ ਨੂੰ ਹਰਿ ਹਰਿ ਦੀ ਸ਼ਰਧਾ ਤੇ ਹਰੀ ਦੀ ਪਿਆਸ ਹੈ[2] (ਉਹਨਾਂ ਨੂੰ) ਪਰਮੇਸ਼ੁਰ ਦਾ ਨਾਮ ਮਿਲੇ (ਤਦ) ਤ੍ਰਿਪਤ ਹੁੰਦੇ ਹਨ (ਤੇ ਨਾਮ ਦੇ) ਗੁਣ ਸਤਿਸੰਗ ਨੂੰ ਮਿਲਿਆਂ ਪ੍ਰਕਾਸ਼ ਹੁੰਦੇ ਹਨ[3]॥੨॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥੩॥	ਜਿਨ੍ਹਾ ਨੇ ਹਰਿ ਹਰਿ ਨਾਮ ਤੇ ਹਰਿ (ਨਾਮ) ਦੇ ਰਸ ਨੂੰ ਨਹੀਂ ਪਾਇਆ ਉਹ ਭਾਗ ਹੀਣ ਜਮ ਦੀ ਫਾਹੀ ਵਿਚ (ਫਸਣਗੇ)[4]। ਜੋ ਸਤਿਗੁਰੂ ਦੀ ਸ਼ਰਣ ਤੇ ਸੰਗਤ ਵਿਚ ਨਹੀਂ ਆਏ, (ਓਹ) ਧ੍ਰਿਗ ਜੀਵੇ ਹਨ (ਅਰ ਉਹਨਾਂ ਦੀ) ਜੀਉਣ ਦੀ ਆਸਾ ਬੀ ਧ੍ਰਿਗ ਹੈ[5]॥੩॥
ਜਿਨ ਹਰਿਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥ ਧਨੁ ਧੰਨੁ ਸਤ ਸੰਗਤਿ ਜਿਤੁ ਹਰਿ ਰਸੁ ਪਾਇਆ ਮਿਲ ਜਨ ਨਾਨਕ ਨਾਮੁ ਪਰਗਾਸਿ॥੪॥੪॥	ਜਿਨ੍ਹਾਂ ਹਰੀ ਦੇ ਜਨਾਂ ਨੇ ਸਤਿਗੁਰ ਦੀ ਸੰਗਤ ਪਾਈ ਹੈ, ਉਹਨਾਂ ਦੇ ਮਸਤਕ ਉਤੇ ਧੁਰੋਂ ਲੇਖ ਲਿਖਿਆ ਹੋਇਆ ਸੀ। ਧੰਨ ਹੈ ਧੰਨ ਹੈ ਉਹ ਸਤਿ ਸੰਗਤਿ ਜਿਸ ਕਰਕੇ (ਅਸਾਂ) ਹਰੀ ਰਸ ਪਾਇਆ, (ਹਰਿ) ਜਨਾਂ ਨੂੰ ਮਿਲ ਕੇ ਨਾਮ ਦਾ ਪ੍ਰਕਾਸ਼ ਹੁੰਦਾ ਹੈ, (ਕਹਿੰਦੇ ਹਨ ਗੁਰੂ) ਨਾਨਕ॥੪॥੪॥

[1] ਇਥੋਂ ਤਕ ਤਾਂ ਮੰਗ ਆਪ ਗੁਰੂ ਰਾਮਦਾਸ ਜੀ ਨੇ ਮੰਗੀ ਦੱਸਦੇ ਹਨ, ਹੁਣ ਅਗੋਂ ਸਾਧ ਸੰਗਤਿ ਨੂੰ ਉਪਦੇਸ਼ ਕਰਦੇ ਹਨ।

[2] ਯਾ ਹਰੀ ਨਾਮ ਦੀ ਸ਼ਰਧਾ ਤੇ ਪ੍ਯਾਸ। ਅਥਵਾ, ਮਨ ਕਰਕੇ ਸ਼ਰਧਾ ਤੇ ਤਨ ਕਰਕੇ ਪ੍ਯਾਸ।

[3] ਅਥਵਾ-ਸਤਿਸੰਗਤ ਨੂੰ ਮਿਲਕੇ (ਵਾਹਿਗੁਰੂ) ਗੁਣ (ਉਹਨਾਂ ਤੋਂ) ਪ੍ਰਕਾਸ਼ ਹੁੰਦੇ ਹਨ, ਭਾਵ ਓਹ ਵਾਹਿਗੁਰੂ ਦੇ ਗੁਣਾਨੁਵਾਦ ਕਰਦੇ ਹਨ।

[4] ਯਾ ਫਾਹੀ ਵਿਚ ਹੈਨ

[5] ਹੁਣ ਤਕ ਜੋ ਜੀਵੇ ਹਨ ਉਸਨੂੰ ਫਿਟਕਾਰ ਹੈ (ਤੇ) ਅਗੋਂ ਨੂੰ ਜੋ ਜੀਉਣਗੇ ਉਸ ਨੂੰ ਬੀ ਧ੍ਰਿਗ ਹੈ।

ਵਯਾਖਯਾ-ਪਹਿਲੋਂ ਦੋ ਸ਼ਬਦਾਂ ਵਿਚ ਸਿਫਤ ਸਲਾਹ ਤੇ ਨਾਮ ਦੀ ਮਹਿਮਾ ਦੱਸ ਆਏ ਹਨ, ਇਸ ਵਿਚ ਹੁਣ ਤੀਸਰੀ ਸ਼ੈ 'ਗੁਰੂ' ਨੂੰ ਲੈਂਦੇ ਹਨ ਤੇ ਉਸ ਅੱਗੇ ਨਾਮ ਦਾਨ ਲਈ ਅਰਦਾਸ ਕਰਦੇ ਹਨ।

ਅੰਕ ੧ ਤੇ ਰਹਾਉ ਵਿਚ ਗੁਰੂ ਤੋਂ ਹਰੀ ਨਾਮ ਮੰਗਦੇ ਹਨ।

ਅੰਕ ੨ ਤੇ ੩ ਵਿਚ ਹਰੀ ਨਾਮ-ਪ੍ਰਾਪਤਾਂ ਦੀ ਉੱਤਮ ਦਸ਼ਾ ਤੇ ਹਰੀ ਨਾਮ ਤੋਂ ਵਿਰਵਿਆ ਤੇ ਸਤਿਸੰਗ ਤੋਂ ਸੱਖਣਿਆਂ ਦੀ ਮਾੜੀ ਦਸ਼ਾ ਦੱਸਦੇ ਹਨ।

ਅੰਕ ੪ ਵਿਚ ਗੁਰੂ ਦੇ ਸਤਿਸੰਗ ਦਾ ਜ਼ਿਕਰ ਕਰਦਿਆਂ ਸਤਿਸੰਗ ਦੀ ਮਹਿਮਾ ਦੱਸਦੇ ਹਨ, ਜਿਸ ਨੂੰ ਪ੍ਰਾਪਤ ਹੋਕੇ ਨਾਮ ਤੇ ਨਾਮ ਰਸ ਪ੍ਰਾਪਤ ਹੁੰਦਾ ਹੈ; ਤੇ ਧੰਨ ਧੰਨ ਕਹਿਕੇ ਸ਼ੁਕਰੀਆ ਕਰਦੇ ਹਨ।

ਨਿਰੁਕ੍ਤ-ਕੀਰੇ ਕਿਰਮ-ਕੀੜੇ ਤੇ ਉਹਨਾਂ ਤੋਂ ਬੀ ਛੋਟੇ ਕੀੜੇ ਭਾਵ ਨੀਵੇਂ ਨਿਮਾਣੇ।

ਰਹਰਾਸਿ- ਰਹੁ ਰੀਤੀ। ਉਹ ਤਰੀਕਾ ਜਿਸ ਤੇ ਤੁਰਿਆਂ ਆਤਮ ਲਾਭ ਹੋਵੇ। (ਅ) ਅਰਦਾਸ।

ਪ੍ਰਾਨ ਸਖਾਈ- (ਸੰਸ:, ਪ੍ਰਾਣ[1]=ਹਵਾ, ਪੌਣ, ਸੁਆਸ, ਜਿੰਦ। ਸਖਾ=ਮਿਤ੍ਰ, ਪਿਆਰਾ, ਸਹਾਇਤਾ ਕਰਨੇ ਵਾਲਾ।) ਪ੍ਰਾਣਾਂ (ਸੁਆਸਾਂ, ਜਿੰਦ) ਦਾ (ਸਖਾ) ਮਿਤ੍ਰ।

ਤ੍ਰਿਪਤਾਸਹਿ-(ਸੰਸ:, ਤ੍ਰਿਪ੍ਰਿ:=ਰੱਜ ਜਾਣਾ; ਸੰਤੁਸ਼ਟ ਹੋ ਜਾਣਾ।) ਤ੍ਰਿਪਤ ਹੁੰਦੇ ਹਨ ਰੱਜ ਜਾਂਦੇ ਹਨ।

ਪਰਗਾਸਿ-(ਸੰਸ:, ਪ੍ਰਕਾਸ਼[2]) ਗਯਾਨ ਰੂਪ ਉਜਾਲਾ।

ਧ੍ਰਿਗੁ-(ਸੰਸ:, ਧਿਕ੍[2]। ਸਹਸਕ੍ਰਿਤ, ਧ੍ਰਿਕ, ਧ੍ਰਿਗ। ਪੰਜਾਬੀ, ਧ੍ਰਿਗ। ਹਿੰਦੀ, ਧਿਕ) ਫਿਟਕਾਰ, ਲਾਨਤ। ਕਹਿੰਦੇ ਹਨ ਕਿ ਸੌ ਵੇਰੀ ਫਿਟਕਾਰ ਕਹਿਣਾ ਹੋਵੇ ਤਾਂ ਇਕ ਵੇਰ ਧ੍ਰਿਗ ਕਹੀਦਾ ਹੈ।

ਜੀਵਾਸਿ-(ਸੰਸ:, ਜੀਵ+ਆਸ਼ਯ) ਜੀਉਣ ਦੀ ਆਸ।

(ਰਾਗ ਗੂਜਰੀ ਮਹਲਾ ੫)

ਪ੍ਰਾਕ੍ਥਨ-ਰਿਜ਼ਕ ਲਈ ਸਿਦਕ ਤੇ ਨਾਮ ਲਈ ਉੱਦਮ ਦਾ ਉਪਦੇਸ਼ ਚਲਦਾ ਹੈ:-

---

[1]ਕੋਈ ਐਸਾ ਸੁਆਸਾਂ ਦਾ ਪ੍ਰਬੰਧ ਜਿਸ ਦੇ ਆਸਰੇ ਸਰੀਰ ਹੈ।

ਐਸਾ ਪ੍ਰਤੀਤ ਦੇਂਦਾ ਹੈ ਕਿ ਸੁਆਸਾਂ ਦੇ ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਆਉਣ ਜਾਣ ਦਾ ਜੋ ਇਕ ਸਿਲਸਿਲਾ ਜਾਰੀ ਹੈ ਤੇ ਜਦ ਤਕ ਇਹੀ ਜਾਰੀ ਹੈ ਮਨੁਖ ਜੀਉਂਦਾ ਹੈ-ਏਸ ਦਾ ਨਾਮ ਪ੍ਰਾਣ ਹੈ। ਏਸੇ ਤੋਂ ਪ੍ਰਾਣ-ਸੁਆਸਾਂ ਦੇ ਅਰਥ ਬੀ ਦੇਂਦਾ ਹੈ। ਯਥਾ:-'ਪ੍ਰਾਣ ਮਨ ਤਨ ਜੀਅ ਦਾਤਾ॥' (ਗਉੜੀ ਮਹਲਾ: ੫ ਛੰਤ-੩)

ਭਾਵ ਏਹ ਕਿ (ਸੁਆਸਾਂ, ਜਿੰਦ=) ਸਮੂਹ ਜੀਵਨ ਦਾ ਸਹਾਇਤਾ ਕਰਨੇ ਵਾਲਾ ਨਾਮ ਹੋਵੇ।

ਕਈ ਸਜਣ 'ਪ੍ਰਾਣ' ਤੋਂ ਭਾਵ ਸਨਾਯੂ (ਪੱਠੇ) ਦਾ ਲੈਂਦੇ ਹਨ, ਜਿਸ ਨੂੰ ਅੰਗ੍ਰੇਜ਼ੀ ਵਿਚ 'ਨਰਵ' ਤੇ ਫਾਰਸੀ ਅਰਬੀ ਵਿਚ 'ਅਸੁਬ' ਕਹਿੰਦੇ ਹਨ।

[2] ਜਿਵੇਂ ਸੰਸਕ੍ਰਿਤ 'ਪ੍ਰਕਟ', ਪੰਜਾਬੀ ਵਿਚ ਕਕੇ ਨੂੰ ਗਗੇ ਨਾਲ ਬਦਲਕੇ 'ਪ੍ਰਗਟ' ਬੋਲੀਦਾ ਹੈ, ਤਿਵੇਂ ਪ੍ਰਕਾਸ਼ ਦਾ ਕ-ਗਗੇ-ਨਾਲ ਬਦਲਿਆ ਹੈ। ਤੇ ਤਿਵੇਂ ਹੀ ਸੰਸਕ੍ਰਿਤ ਦਾ 'ਧਿਕ੍' ਦਾ ਕਕਾ-ਗ-ਨਾਲ ਬਦਲਕੇ ਪੰਜਾਬੀ ਦਾ 'ਧ੍ਰਿਗ' ਬਣਿਆ ਹੈ।

ਮੂਲ	ਅਰਥ
ਰਾਗੁ ਗੂਜਰੀ ਮਹਲਾ ੫॥	
ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ॥੧॥	ਹੇ ਮਨ! ਕਿਉਂ ਉੱਦਮ ਚਿਤਵਦਾ ਹੈਂ? ਜਦ ਹਰਿ ਜੀ (ਆਪ ਸਭ ਨੂੰ ਰਿਜ਼ਕ ਪਹੁੰਚਾਵਣ ਦੇ) ਆਹਰ ਵਿਚ ਪਇਆ ਹੋਇਆ ਹੈ। (ਦੇਖ) ਚਿਟਾਨਾਂ ਤੇ ਪੱਥਰਾਂ ਵਿਚ (ਜੋ) ਜੰਤੂ ਪੈਦਾ ਕੀਤੇ ਹਨ, ਉਹਨਾਂ ਦਾ ਰਿਜ਼ਕ (ਬੀ) ਅੱਗੇ ਹੀ (ਤਿਆਰ) ਕਰਕੇ ਰੱਖਿਆ ਹੋਇਆ ਹੈ[1]॥੧॥
ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ॥ ਗੁਰਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ ੧॥ ਰਹਾਉ॥	ਹੇ ਮੇਰੇ ਮਾਧੋ ਜੀ ਸਤਿਸੰਗਤ ਨੂੰ ਜੋ ਪ੍ਰਾਪਤ ਹੋਇਆ ਸੋਈਓ ਤਰ ਗਿਆ, (ਕਿਉਂਕਿ ਸਤਿ ਸੰਗਤ ਵਿਚੋਂ ਗੁਰੂ ਪ੍ਰਾਪਤ ਹੋਇਆ ਤੇ) ਗੁਰੂ ਦੀ ਕਿਰਪਾ ਦ੍ਵਾਰਾ ਪੂਰਨ ਪਦ ਪਾ ਲਿਆ (ਮਾਨੋ) ਸੁੱਕੇ ਕਾਠ ਹਰੇ ਹੋ ਗਏ, (ਭਾਵ ਕਠੋਰ ਅੰਤਹਕਰਣ ਆਤਮ ਜੀਵਨ ਨਾਲ ਪ੍ਰਫੁੱਲਤ ਹੋ ਗਏ)॥੧॥ ਰਹਾਉ॥
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥੨॥	ਮਾਤਾ, ਪਿਤਾ, (ਹੋਰ ਸਨਬੰਧ ਵਾਲੇ) ਲੋਕ, ਪੁੱਤ੍ਰ, ਵਹੁਟੀ ਕੋਈ ਕਿਸੇ ਦੀ ਧਿਰ ਨਹੀਂ ਹੈ, (ਆਪ) ਪਰਮੇਸ਼ੁਰ ਸਿਰ ਸੇਤੀ (ਭਾਵ ਹਰੇਕ ਨੂੰ) ਰਿਜ਼ਕ ਪਹੁੰਚਾਉਂਦਾ ਹੈ, ਹੇ ਮਨ! ਫਿਰ ਤੂੰ ਕਿਉਂ ਡਰਿਆ ਹੈ?॥੨॥
ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥	ਸੈ ਕੋਹਾਂ ਉੱਡ ਉੱਡ ਕੇ ਆਉਂਦੀ ਹੈ (ਕੂੰਜ) ਪਿੱਛੇ ਉਸਦੇ ਬੱਚੇ ਛੱਡੇ ਹੋਏ ਰਹਿ ਜਾਂਦੇ ਹਨ। ਉਨ੍ਹਾਂ ਨੂੰ ਕੌਣ ਖੁਆਲਦਾ ਹੈ ਤੇ ਕੌਣ (ਚੋਗਾ) ਚੁਗਾਉਂਦਾ ਹੈ? (ਉੱਤਰ:-) ਮਨ ਵਿਚ ਯਾਦ ਰਖਿਆ ਹੈ[2]॥੩॥
ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐਲੇ ਤੇਰਾ ਅੰਤੁ ਨ ਪਾਰਾ ਵਰਿਆ॥੪॥੫॥	ਸਭ ਨਿੱਧੀਆਂ (ਤੇ) ਅਠਾਰਾਂ ਸਿੱਧੀਆਂ ਠਾਕੁਰ ਦੀ ਹੱਥ ਦੀ ਤਲੀ ਪੁਰ ਧਰੀਆਂ ਹਨ। ਨਾਨਕ ਦਾਸ (ਕਹਿੰਦਾ ਹੈ), ਅਸੀਂ ਬਲਿਹਾਰ ਬਲਿਹਾਰ ਸੌ ਵੇਰ ਬਲਿਹਾਰ ਜਾਈਏ (ਤੇਰੇ ਉਤੋਂ, ਹੇ ਠਾਕੁਰ! ਤੇਰਾ ਨਾ ਅੰਤ ਹੈ ਨਾ ਪਾਰਾਵਾਰ ਹੈ॥੪॥੫॥

ਵਯਾਖਯਾ- ਕਈ ਵੇਰ ਲੋਕੀ ਪ੍ਰਸ਼ਨ ਕਰਦੇ ਹਨ ਕਿ ਗੁਰਬਾਣੀ ਵਿਚ ਨਾਲੇ ਉੱਦਮ ਦਾ ਉਪਦੇਸ਼ ਹੈ ਨਾਲੇ ਅਨਉਦਮ ਦਾ। ਪਰ ਇਸ ਸ਼ਬਦ ਵਿਚ ਨਿਰਵਾਰਨਾ ਕੀਤਾ ਹੈ।

ਅੰਕ ੧,੨,੩,੪ ਵਿਚ ਵਾਹਿਗੁਰੂ ਨੂੰ ਪਰਵਦਗਾਰ ਯਾ ਵਿਸ਼ੰਭਰ ਦੱਸਿਆ ਹੈ ਜੋ ਸਿਰ ਸਿਰ

[1] ਐਉਂ ਬੀ ਲਾਉਂਦੇ ਹਨ: ਉਨ੍ਹਾਂ ਦਾ ਰਿਜ਼ਕ ਉਨ੍ਹਾਂ ਦੇ ਅਗੇ ਰਖਿਆ ਜਾਂਦਾ ਹੈ।

[2] ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥ (ਰਾਉੜੀ ਬੈ: ਮ: ੪-੫੧)
(ਕਪਰੈ ਬਾਗੇ ਵਾਲੀ=ਕੂੰਜ ਤੋਂ ਮੁਰਾਦ ਹੈ।)

ਰਿਜ਼ਕ ਪਹੁੰਚਾ ਰਿਹਾ ਹੈ। ਮਿਸਾਲਾਂ ਦਿੱਤੀਆਂ ਹਨ ਕਿ ਪੱਥਰਾਂ ਚਿਟਾਨਾਂ ਤੇ ਪਹਾੜਾਂ ਵਿਚ ਜੀਵਾਂ ਲਈ ਰਿਜ਼ਕ ਪਹੁੰਚਦਾ ਹੈ, ਯਾ ਜਿਵੇਂ ਕੂੰਜਾਂ ਬੱਚੇ ਛਡਕੇ ਆ ਜਾਂਦੀਆਂ ਹਨ ਤਾਂ ਓਹਨਾਂ ਦੇ ਬੱਚੇ ਪਿੱਛੇ ਪਲ ਜਾਂਦੇ ਹਨ, ਉਹਨਾ ਨੂੰ ਮਾਵਾਂ ਦੀ ਯਾਦ ਪਾਲਦੀ ਹੈ। ਤਿਵੇਂ ਵਾਹਿਗੁਰੂ ਸਭ ਜੀਵਾਂ ਨੂੰ ਸੰਭਾਲਦਾ ਤੇ ਪਾਲਦਾ ਹੈ, ਉਸ ਉਤੇ ਸਿਦਕ ਧਾਰੋ। ਉਦਮ ਰਿਜ਼ਕ ਲਈ ਕਰਨੋਂ ਨਹੀਂ ਰੋਕਿਆ। 'ਕਾਹੇ ਰੇ ਮਨ ਚਿਤਵਹਿ ਉਦਮੁ' ਦਾ ਭਾਵ ਹੈ ਕਿ ਉਦਮ ਦਾ ਫਿਕਰ ਨਾ ਕਰੋ, ਫਿਕਰ ਦੀ ਥਾਂ ਸਿਦਕ ਵਿਚ ਰਹੋ।

'ਰਹਾਉ' ਵਿਚ ਦੱਸਿਆ ਹੈ ਕਿ ਸਤਿ ਸੰਗਤਿ ਨੂੰ ਮਿਲਣ ਵਾਲੇ ਤਰ ਜਾਂਦੇ ਹਨ ਤੇ ਗੁਰੂ ਪ੍ਰਸਾਦ ਨਾਲ ਤਰ ਜਾਈਦਾ ਹੈ। ਜਿਸ ਦਾ ਇਸ਼ਾਰਾ ਇਹ ਹੈ ਕਿ ਸਤਿਸੰਗ ਨੂੰ ਮਿਲੋ ਤੇ ਗੁਰੂ ਦੀ ਸ਼ਰਨ ਲਓ। ਇਸ ਸਤਿਸੰਗ ਦਾ ਤੇ ਨਾਮ ਦਾ ਉੱਦਮ ਸਿਖਲਾਇਆ। ਜੈਸਾ ਕਿ ਵਾਕ ਹੈ:-

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥ (ਆਸਾ ਮ: ੫ ਛੰਤ-੬)

ਪੁਨਾ:- **ਉਦਮੁ ਕਰੇਦਿਆ ਜੀਉ ਤੂੰ...............॥** (ਗੂਜਰੀ ਵਾਰ ਮ: ੫-੧੨)

ਤਥਾ:- **ਮਨ ਕਰਹਲਾ ਗੁਰ ਗੋਵਿੰਦੁ ਸਮਾਲਿ॥** (ਗਉੜੀ ਪੂਰ: ਮ: ੪, ਕਰਹਲੇ-੨)

ਸੋ ਨਾਮ ਲਈ ਉੱਦਮ ਦਾ ਉਪਦੇਸ਼ ਹੈ, ਰਿਜ਼ਕ ਲਈ ਫਿਕਰ ਚਿੰਤਾ ਦੀ ਥਾਂ ਸਿਦਕ ਦੱਸਿਆ ਹੈ।

ਨਿਰੁਕ੍ਤ-ਆਹਰਿ-(ਪੰਜਾਬੀ, ਆਹਰ=ਉੱਦਮ, ਕੰਮ) ਉੱਦਮ ਵਿਚ। ਹੋਰਥੇ ਬੀ ਗੁਰੂ ਜੀ ਦਾ ਵਾਕ ਹੈ:

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥ (ਰਾਮਕਲੀ ਵਾਰ ਮ: ੫-੧੮)

ਅਰਥਾਤ- (ਜੀਵ ਸਭਿ=) ਹੋਰ ਉੱਦਮ ਤਾਂ ਕਰਦਾ ਹੈ ਪਰ ਇਕ ਉੱਦਮ (ਈਸ਼੍ਵਰ ਪ੍ਰਾਪਤੀ ਦਾ) ਨਹੀਂ ਕਰਦਾ। ਇਸੇ ਸ਼ਲੋਕ ਦੀ ਅਗਲੀ ਤੁਕ ਵਿਚ ਦੱਸਦੇ ਹਨ:-

'ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥' ਸੋ ਉਹ (ਆਹਰ=) ਉਦਮ, ਜੋ ਕਰਨ ਯੋਗ ਹੈ, ਉਹ ਹੈ ਪਰਮੇਸ਼ੁਰ ਪ੍ਰਾਪਤੀ ਲਈ ਨਾਮ ਜਪਣ ਦਾ-ਯਥਾ:-

ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥ (ਸੁਖਮਨੀ, ੩-੮)

ਸੈਲ-(ਸੰਸ:, ਸ਼ੈਲ) ਪਹਾੜ, ਪਰਬਤ, ਚਿਟਾਨ। ਹੋਰਥੇ ਬੀ ਗੁਰਬਾਣੀ ਵਿਚ ਫੁਰਮਾਯਾ ਹੈ. ਯਥਾ:- **'ਓਅੰਕਾਰਿ ਸੈਲ ਜੁਗ ਭਏ॥'** (ਦਖਣੀ ਓਅੰਕਾਰੁ-੧)

ਮਾਧਉ-(ਸੰਸ:, ਮਾਧਵ)। ਪਰਮਾਤਮਾ, ਵਾਹਿਗੁਰੂ।

ਕਾਸਟ-(ਸੰਸ:, ਕਾਸ਼੍ਟ) ਲਕੜੀ। ਕਾਠ। ਯਥਾ:-**'ਕਾਸਟ ਮਹਿ ਜਿਉ ਹੈ ਬੈਸੰਤਰੁ॥'** (ਕਲਿਆਨ ਮ: ੩ ਅਸਟ:-੧)

ਸੂਕੇ ਕਾਸਟ-ਸੁੱਕੇ ਕਾਠ, ਭਾਵ ਕਠੋਰ ਅੰਤਹਰਣ।

ਹਰਿਆ-(ਸੰਸ:, ਹਰਿਤ=ਸਾਵਾ) ਸੱਜਰਾ, ਤਾਜ਼ਾ। ਭਾਵ ਪ੍ਰਫੁੱਲਤ ਹੋ ਗਏ।

ਜਨਨਿ-(ਸੰਸ:, ਜਨਨੀ) ਮਾਤਾ।

ਬਨਿਤਾ-(ਸੰਸ:, ਵਨਿਤਾ[1]) ਇਸਤ੍ਰੀ। ਵਹੁਟੀ।

ਧਰਿਆ-(ਸੰਸ:, ਧਰ=ਧਿਰ, ਆਸਰਾ, ਪਰਨਾ) ਧਿਰ ਹੈ, ਆਸਰਾ ਹੈ।

ਸੰਬਾਹੇ-ਪਹੁੰਚਾਉਂਦਾ ਹੈ। ਹੋਰਥੇ ਬੀ ਗੁਰੂ ਜੀ ਨੇ ਫੁਰਮਾਇਆ ਹੈ:

[1]ਮਾਲੂਮ ਹੁੰਦਾ ਹੈ ਕਿ ਅ਼ਰਬੀ ਦਾ ਪਦ 'ਬਿਨਤ' (=ਬੇਟੀ) ਇਸੇ ਸੰਸਕ੍ਰਿਤ ਪਦ 'ਵਨਿਤਾ' ਤੋਂ ਬਣਿਆ ਹੈ।

ਯਥਾ:-'ਦੇ ਜੀਆ ਰਿਜਕੁ ਸੰਬਾਹਿ' (ਵਾਰ ਆਸਾ ਮ: ੧-੨੪) ਅਰਥਾਤ ਜੀਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ।

ਊਡੇ-(ਹਿੰਦੀ ,ਊੜੀ, ਇਕ ਪਾਣੀ ਦੇ ਪੰਛੀ ਨੂੰ ਕਹਿੰਦੇ ਹਨ। ਪੰਜਾਬੀ, ਊਡਾ=ਕੂੰਜ। ਊਡੇ, ਬਹੁ ਵਚਨ=) ਕੂੰਜਾਂ।

ਊਡਿ-(ਸੰਸ:, ਉਡ੍ਡਯਨੰ। ਪੰਜਾਬੀ, ਉੱਡਣਾ) ਖੰਭਾਂ ਦੇ ਆਸਰੇ ਯਾ ਹੋਰ ਤਰਾਂ ਹਵਾ ਵਿਚ ਚੱਲਣਾ, ਉੱਡਣਾ।

ਬਚਰੇ-(ਸੰਸ:, ਵਤਜ਼)। ਪੰਜਾਬੀ, ਬੱਚਾ। ਰੇ ਨਿੰਮ੍ਰਵਾਚੀ ਪ੍ਰਤੇ। ਬੱਚੇ।

ਛਰਿਆ-(ਸੰਸ:, ਛੋਰਣੰ। ਪੁ: ਪੰਜਾਬੀ, ਛੋਡਣਾ, ਛਾਡਣਾ। ਨ: ਪੰਜਾਬੀ, ਛੱਡਣਾ। ਹਿੰਦੀ, ਛੋੜਨਾ) ਛੱਡੇ।

ਚੁਗਾਵੈ-(ਪੰਜਾਬੀ, ਚੁਗਾਉਣਾ, ਮੂੰਹ ਵਿਚ ਚੋਗਾ ਦੇਣਾ। ਨਾਲ ਲੈਕੇ ਦਾਣੇ ਚੁਗਾਉਣੇ।) ਚੁਗਾਉਂਦਾ ਹੈ।

ਦਸ ਅਸਟ-(ਸੰਸ:, ਦਸ਼ਨ੍। ਅਸ਼੍ਟ) ਦਸ ਤੇ ਅੱਠ। ਅਠਾਰਾਂ, ਭਾਵ ਅਠਾਰਾਂ ਸਿੱਧੀਆਂ।

ਸਿਧਾਨ-(ਸੰਸ:, ਸਿਦ੍ਧਿ=ਸਿਧੀ, ਉਹਦਾ ਬਹੁ ਵਚਨ=ਸਿਧਾਨ) ਸਿਧੀਆਂ-ਭਾਵ ਵਡੀਆਂ ਤੋਂ ਵਡੀਆਂ ਬਖਸ਼ਿਸਾਂ।

ਕਰ ਤਲ ਧਰਿਆ-'ਤਲੀ ਪਰ ਧਰੀਆ' ਦਾ ਭਾਵ ਹੈ ਉਹ ਦੇਂਦਿਆ ਚਿਰ ਨਹੀਂ ਲਾਉਂਦਾ।

(ਰਾਗੁ ਆਸਾ ਮਹਲਾ ੪ ਸੋ ਪੁਰਖੁ)

ਪ੍ਰਾਕ੍ਥਨ- ਹੁਣ ਅੱਗੇ ਵਾਹਿਗੁਰੂ ਜੀ ਦੀ ਮਹਿਮਾ ਤੇ ਚਰਨਾਂ ਵਿਚ ਅਰਦਾਸ ਦੇ ਰਲਵੇਂ ਭਾਵ ਚਲਦੇ ਹਨ।

ਮੂਲ	ਅਰਥ
ਰਾਗੁ ਆਸਾ ਮਹਲਾ ੪ ਸੋ ਪੁਰਖੁ॥	(ਸੋ ਪੁਰਖੁ=) ਉਹ ਪੁਰਖ (ਭਾਵ ਅਕਾਲ ਪੁਰਖ ਦਾ ਸਤੋਤ੍ਰ)
ੴ ਸਤਿਗੁਰ ਪ੍ਰਸਾਦਿ॥	
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥	ਉਹ (ਅਕਾਲ) ਪੁਰਖ ਮਾਇਆ ਤੋਂ ਰਹਿਤ (ਹੈ), (ਓਹ) ਹਰੀ ਮਾਇਆ ਤੋਂ ਅਤੀਤ ਪੁਰਖ ਹੈ, (ਉਹ) ਹਰੀ ਸਮਝ ਤੋਂ ਪਰੇ ਹੈ, ਪਹੁੰਚ ਤੋਂ ਪਰੇ ਹੈ (ਤੇ) ਅੰਤ ਤੋਂ ਰਹਿਤ ਹੈ। ਹੇ ਸੱਚੇ ਸਿਰਜਣਹਾਰ ਵਾਹਿਗੁਰੂ! ਸਭ ਤੈਨੂੰ ਧਿਆਉਂਦੇ ਹਨ ਸਭ (ਤੈਨੂੰ) ਧਿਆਉਂਦੇ ਹਨ। ਸਾਰੇ ਜੀਵ ਤੇਰੇ (ਆਪਣੇ) ਹਨ ਤੂੰ ਜੀਵਾਂ ਪਰ ਦਾਤ ਕਰਨੇ ਵਾਲਾ ਹੈ[1]।
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥ ਹਰਿ ਆਪੇ	ਹੇ ਸੰਤੋ ਜੀ! ਹਰਿ ਨੂੰ ਧਿਆਵੋ, (ਕਿਉਂਕਿ ਹਰੀ) ਸਾਰੇ ਦੁੱਖਾਂ ਦੇ ਦੂਰ ਕਰਨੇ ਵਾਲਾ ਹੈ। (ਸਚਮੁਚ) ਹਰਿ ਆਪ

[1] ਤੇਰੇ ਰਚੇ ਹੋਣ ਕਰਕੇ ਤੇਰੇ ਆਪਣੇ ਹਨ, ਤੇਰੇ ਆਸਰੇ ਹਨ। ਦਾਤਾਰਾ=ਤੂੰ ਹੀ ਇਨ੍ਹਾਂ ਨੂੰ ਭੋਗ ਅਰ ਮੋਖ ਦਾ ਦੇਣੇ ਵਾਲਾ ਹੈਂ। ਅਗਲੀ ਤੁਕ ਵਿਚ ਦੱਸਦੇ ਹਨ ਕਿ ਦੁਖ ਹਰਤਾ ਬੀ ਤੂੰਹੀ ਹੈਂ।

ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥੧॥

ਹੀ ਠਾਕੁਰ (ਸੁਆਮੀ) ਹੈ, ਹਰੀ ਆਪ ਹੀ ਸੇਵਕ ਹੈ ਜੀ ਵਿਚਾਰਾ ਜੀਵ ਕੀ (ਸ਼ੈ) ਹੈ (ਭਾਵ ਤੁੱਛ ਹੈ, ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)।੧।

ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥੨॥

ਤੂੰ ਸਰਬ ਘਟਾਂ ਦੇ ਅੰਦਰ ਹੈਂ, (ਹਾਂ ਤੂੰ) ਸਭ ਦੇ (ਅੰਦਰ) ਇਕ ਰਸ ਹੈਂ[੧]। (ਹੇ ਮਹਾਰਾਜ) ਜੀ! (ਤੂੰ) ਇਕੋ ਪੁਰਖ (ਸਾਰੇ) ਸਮਾ ਰਿਹਾ ਹੈਂ। ਇਕ ਦਾਤੇ (ਹਨ), ਇਕ ਮੰਗਤੇ ਹਨ, (ਏਹ) ਸਭ ਤੇਰੇ ਅਚਰਜ ਚੋਜ ਹਨ। ਤੂੰ ਆਪ ਹੀ ਦਾਤਾ ਹੈਂ, ਆਪ ਹੀ ਭੋਗਣੇ ਵਾਲਾ ਹੈਂ, ਹੇ (ਮਹਾਰਾਜ) ਜੀ! ਮੈਂ ਤੇਰੇ ਬਾਝ ਹੋਰ ਕਿਸੇ ਨੂੰ ਨਹੀਂ ਜਾਣਦਾ। ਤੂੰ ਪਾਰਬ੍ਰਹਮ ਹੈਂ[੨], ਬੇਅੰਤ ਹੈਂ, ਬੇਅੰਤ ਹੈਂ ਜੀਉ! ਤੇਰੇ ਗੁਣ (ਮੈਂ) ਕੀ ਕੀ ਕਹਿਕੇ ਵਰਣਨ ਕਰਾਂ। ਜੋ ਸੇਂਵਦੇ ਹਨ ਤੈਨੂੰ ਹੇ (ਮਹਾਰਾਜ) ਜੀ! ਨਾਨਕ ਦਾਸ ਉਨ੍ਹਾਂ ਤੋਂ ਕੁਰਬਾਨ ਹੈ।੨।

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥

(ਹੇ) ਹਰੀ ਜੀ! ਜੋ (ਤੈਨੂੰ) ਧਿਆਉਂਦੇ ਹਨ, (ਹਾਂ ਜੋ ਹੇ) ਹਰੀ! (ਤੈਨੂੰ) ਧਿਆਉਂਦੇ ਹਨ, ਓਹ ਜਨ (ਕਲਿ-) ਜੁਗ ਵਿਚ ਸੁਖਾਂ ਵਿਚ ਵੱਸਣ ਵਾਲੇ ਹਨ। ਓਹ ਮੁਕਤ (ਹੋ ਗਏ), ਓਹ ਮੁਕਤ ਹੋ ਗਏ ਜਿਨ੍ਹਾਂ ਨੇ ਵਾਹਿਗੁਰੂ ਨੂੰ ਧਿਆਇਆ ਹੈ (ਹਾਂ) ਜੀ, ਉਹਨਾਂ ਦੀ ਜਮ ਦੀ ਫਾਹੀ ਟੁੱਟ ਗਈ ਹੈ।

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨਕਾ ਭਉ ਸਭੁ ਗਵਾਸੀ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥੩॥

ਜਿਨ੍ਹਾਂ ਨੇ ਨਿਰਭਉ, (ਹਾਂ) ਜੀ ਜਿਨ੍ਹਾਂ ਨੇ ਹਰੀ ਨਿਰਭਉ ਨੂੰ ਧਿਆਇਆ ਹੈ[੩] ਉਹਨਾਂ ਦਾ (ਜਨਮ ਮਰਨ ਆਦਿ ਦਾ) ਭਉ (ਉਹ) ਸਾਰਾ ਹੀ ਗੁਵਾ ਦੇਵੇਗਾ। ਜਿਨ੍ਹਾਂ ਨੇ ਸੇਵਿਆ ਹੈ, ਜਿਨ੍ਹਾਂ ਨੇ ਸੇਵਿਆ ਹੈ ਮੇਰਾ ਹਰਿ ਜੀ, ਓਹ ਹਰੀ ਦੇ, (ਹਾਂ) ਹਰੀ ਦੇ ਰੂਪ ਵਿਚ ਸਮਾ ਜਾਣਗੇ। ਓਹ ਧੰਨ ਹਨ, ਓਹ ਧੰਨ ਹਨ ਜਿਨ੍ਹਾਂ ਨੇ ਹਰਿ ਜੀ ਨੂੰ ਧਿਆਇਆ ਹੈ, ਨਾਨਕ ਦਾਸ ਉਨ੍ਹਾਂ ਤੋਂ ਬਲਿਹਾਰਨੇ ਜਾਵੇਗਾ॥੩॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥

ਤੇਰੀ ਭਗਤ ਤੇਰੀ ਭਗਤ ਦੇ ਭੰਡਾਰ (ਹੇ ਮਹਾਰਾਜ) ਜੀ! ਬੇਅੰਤ (ਤੋਂ) ਬੇਅੰਤ ਭਰੇ ਪਏ ਹਨ। ਤੇਰੇ ਭਗਤ ਤੇਰੇ ਭਗਤ ਅਨੇਕ ਹੀ ਅਨੇਕ ਸਲਾਹੁੰਦੇ ਹਨ। ਤੈਨੂੰ ਹੇ ਅਨੰਤ ਹਰੀ! ਹੇ ਹਰੀ ਜੀ! ਅਨਿਕ ਹੀ ਅਨਿਕ ਤੇਰੀ

[੧] ਅੰਤਰੇ ਤੋਂ ਰਹਿਤ, ਲਗਾਤਾਰ ਇਕ ਰਸ। (ਅ) ਤੂੰ ਸਭ ਦੇ ਵਿਸ਼ੇਸ਼ ਕਰਕੇ ਅੰਦਰ ਹੈਂ।

[੨] ਪਾਰਬ੍ਰਹਮ=ਬ੍ਰਹਮ ਜੋ ਜਗਤ ਆਦਿ ਸਭ ਤੋਂ ਪਰੇ ਹੈ, ਜੋ ਨਿਰਗੁਣ ਹੈ, ਉਪਾਧੀ ਰਹਿਤ ਹੈ।

[੩] ਐਉਂ ਬੀ ਅਰਥ ਕਰਦੇ ਹਨ-ਜਿਨ੍ਹਾਂ ਨੇ ਸੰਸਾਰ ਵਲੋਂ ਨਿਰਭਉ ਹੋ ਕੇ ਨਿਰਭਉ ਹਰੀ ਨੂੰ ਧਿਆਇਆ ਹੈ।

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥

ਪੂਜਾ ਕਰਦੇ ਹਨ[1], (ਬੇਅੰਤ) ਤਪ ਤਪਦੇ ਹਨ (ਤੇ) ਬੇਅੰਤ (ਹੀ) ਜਪਦੇ ਹਨ (ਤੈਨੂੰ)। ਤੇਰੇ ਅਨੇਕ, ਤੇਰੇ ਅਨੇਕ (ਪੜ੍ਹਨ ਵਾਲੇ) ਪੜ੍ਹਦੇ ਹਨ ਬਹੁਤੇ ਸ਼ਾਸਤ੍ਰਾਂ ਤੇ ਸਿੰਮ੍ਰਿਤੀਆਂ ਨੂੰ, (ਓਹ) ਕਰਦੇ ਹਨ ਕ੍ਰਿਯਾਂ ਤੇ ਕਰਦੇ ਹਨ ਖਟ ਕਰਮ, (ਪਰ) ਨਾਨਕ ਦਾਸ (ਕਹਿੰਦਾ ਹੈ) ਓਹੀ ਭਗਤ, ਓਹੀ ਭਗਤ ਭਲੇ ਹਨ ਜੋ (ਤੈਨੂੰ ਹੇ) ਮੇਰੇ ਭਗਵੰਤ ਹਰੀ ਜੀ! ਭਾਉਂਦੇ ਹਨ[2]॥੪॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥ ਤੂੰ ਜੁਗੁਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥

ਤੂੰ ਆਦਿ ਪੁਰਖ[3] ਹੈਂ, ਪਰੇ ਤੋਂ ਪਰੇ ਹੈਂ, (ਤੂੰ ਹੀ) ਕਰਤਾਰ ਹੈਂ, (ਤੇ) ਤੇਰੇ ਜਿੱਡਾ ਹੋਰ ਕੋਈ ਨਹੀਂ ਜੀ ਤੂੰ ਜੁਗੋ ਜੁਗ ਇਕੋ ਹੈ, ਤੂੰ ਸਦਾ ਸਦਾ ਇਕੋ ਹੈਂ ਜੀ, ਤੂੰ ਅਟੱਲ ਹੈਂ, (ਤੂੰ) ਰਚਨਹਾਰ ਹੈਂ (ਫਿਰ ਤੂੰ ਸਦਾ) ਉਹੋ (ਦਾ ਉਹੋ) ਹੈਂ[4]। (ਜੋ) ਤੈਨੂੰ ਆਪੇ ਭਾਉਂਦਾ ਹੈ ਸੋਈਓ ਵਰਤਦਾ ਹੈ ਜੀ, ਜੋ ਤੂੰ ਆਪੇ ਕਰਦਾ ਹੈਂ ਸੋ ਹੁੰਦਾ ਹੈ। ਤੂੰ ਆਪੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਜੀ, ਤੂੰ ਆਪ (ਏਹ) ਰਚਕੇ ਸਾਰੀ ਨੂੰ (ਫੇਰ) ਲੈ ਕਰ ਲੈਂਦਾ ਹੈਂ। ਦਾਸ ਨਾਨਕ ਗੁਣ ਗਾਉਂਦਾ ਹੈ ਰਚਨਹਾਰ ਦੇ ਜੀ ਜੋ ਸਭ ਕਿਸੇ ਦਾ ਜਾਣਨੇ ਵਾਲਾ ਹੈ।੫।੧।

ਵਯਾਖਯਾ- ਸੁਗਮ ਹੈ।

ਨਿਰੁਕ੍ਤ- ਨਿਰੰਜਨੁ-(ਸੰਸ:, ਨਿਰ੍=ਨਹੀਂ+ਅੰਜਨੰ=ਸੁਰਮਾ, ਜਿਸ ਵਿਚ। ਸੁਰਮਾ ਕਾਲਾ ਹੋਣ ਕਰਕੇ ਅੰਧਕਾਰ ਤੇ ਮਾਇਆ ਅਰਥ ਬੀ ਦੇਂਦਾ ਹੈ) ਮਾਇਆ ਤੋਂ ਰਹਿਤ।

ਅਗਮ, ਅਗਮਾ-(ਸੰਸ:, ਅਗਮਯ=ਮਨ ਬਾਣੀ ਦੇ ਅਵਿਸ਼ਯ ਅਰਥਾਤ ਮਨ ਬਾਣੀ ਕਰਕੇ ਨਾ ਜਾਣਿਆ ਜਾ ਸਕਣ ਵਾਲਾ) ਪਹੁੰਚ ਤੋਂ ਪਰੇ, ਸਮਝ ਤੋਂ ਪਰੇ। ਅਗਮਾ ਪਦ ਗੁਰਬਾਣੀ ਵਿਚ ਹੋਰਥੇ ਬੀ ਆਯਾ ਹੈ। ਯਥਾ:- **ਪਿਤਾ ਮੇਰੋ ਬਡੋ ਧਨੀ ਅਗਮਾ॥** (ਗੂਜਰੀ ਮ: ੫ ਅਸਟ:-੮)

ਅਪਾਰਾ-(ਸੰਸ:, ਅਪਾਰ=) ਪਾਰ ਰਹਿਤ, ਅੰਤ ਤੋਂ ਰਹਿਤ, ਅਨੰਤ।

ਦਾਨੇ ਲੋਕ ਇਸ ਤੁਕ ਦਾ ਐਉਂ ਬੀ ਭਾਵ ਕੱਢਦੇ ਹਨ-ਜੋ ਆਪ ਅੰਗਮਜ ਹਨ (ਵਿਸ਼ਨੂੰ ਆਦਿ) ਉਨ੍ਹਾਂ (ਵਿਸ਼ਨੂੰ ਆਦਿ) ਦੀ ਗੰਮਤਾ ਤੋਂ ਬੀ ਹਰੀ ਪਰੇ ਹੈ ਤੇ ਮਨੁਖ (ਤਾਂ) ਉਸ ਦਾ ਪਾਰ ਪਾ ਹੀ ਨਹੀਂ ਸਕਦੇ। (ਅ) ਭੂਤ ਕਾਲ ਵਿਚ ਬੀ ਓਹ ਅੰਗਮ ਸੀ, ਹੁਣ ਬੀ ਅਗੰਮ ਹੈ ਤੇ ਅਗੋਂ ਨੂੰ

[1]ਦੋ ਦੋ ਵਾਰ ਕਹਿਣ ਤੋਂ 'ਤਾਕੀਦ' ਮੁਰਾਦ ਲੈਣ ਦੀ ਥਾਵੇਂ ਕਈ ਦਾਨੇ ਐਉਂ ਕਰਦੇ ਹਨ ਤੇਰੀ ਅਨੇਕ ਭਾਂਤ ਦੀ ਪੂਜਾ ਹੋ ਰਹੀ ਹੈ, ਅਨੇਕ ਹੀ ਕਰ ਰਹੇ ਹਨ, ਅਥਵਾ ਮਨ ਕਰਕੇ, ਸਰੀਰ ਕਰਕੇ ਕਰ ਰਹੇ ਹਨ। ਅਥਵਾ ਪਿੱਛੇ ਕਰਦੇ ਸਨ, ਹੁਣ ਕਰ ਰਹੇ ਹਨ (ਤੇ ਅਗੋਂ ਕਰਨਗੇ)।

[2] ਪਰਮੇਸ਼ੁਰ ਨੂੰ ਭਾ ਗਇਆਂ ਦਾ, ਅਰਥਾਤ ਪਰਵਾਣ ਭਗਤਾਂ ਦਾ ਦਰਜਾ ਉੱਚਾ ਹੈ।

[3] ਉਹ ਚੇਤਨ ਤੇ ਵਯਾਪਕ ਹਸਤੀ ਯਾ ਵਜੂਦ ਜਿਸਤੋਂ ਮੂਹਰੇ ਹੋਰ ਕਈ ਨਹੀਂ ਸੀ।

[4]ਭਾਵ, ਤੂੰ ਕਰਤਾਰ ਹੋਕੇ ਬੀ ਸਦਾ ਸਥਿਰ ਹੈਂ, ਕਦੇ ਨਹੀਂ ਬਦਲਦਾ।

ਪਾਰ ਪਾਏ ਜਾਣ ਤੋਂ ਪਰੇ ਰਹੇਗਾ।

ਘਟ ਘਟ ਅੰਤਰਿ-(ਸੰਸ:, ਪੰਜਾਬੀ, ਘਟ=੧. ਘੜਾ। ੨. ਭਾਵ ਸਰੀਰ। ੩. ਦਿਲ, ਮਨ, ਹਿਰਦਾ। ਅੰਤਰਿ=ਸੰਸ:, ਅੰਤਰ੍=ਅੰਦਰ) ੧. ਸਰੀਰ ਸਰੀਰ ਵਿਚ ਵੱਸਣ ਵਾਲਾ। ੨. ਹਰ ਹਿਰਦੇ ਵਿਚ (ਵੱਸਣ ਵਾਲਾ)।

ਨਿਰੰਤਰ-(ਸੰਸ:, ਨਿਰਨ੍ਤਰ) ਅੰਤਰੇ ਤੋਂ ਰਹਿਤ, ਲਗਾਤਾਰ, ਇਕ ਰਸ।

ਚੋਜ-(ਪੰਜਾਬੀ=ਚੋਜ)। ਕੌਤਕ। ਉਹ ਸੁਆਦਲੇ ਕੰਮ ਯਾ ਵਾਕ ਜੋ ਸੁਤੰਤ੍ਰ ਪੁਰਸ਼ ਆਪਣੇ ਮਨ ਦੇ ਵਧਵੇਂ ਅਨੰਦ ਵਿਚ ਕਰੇ। ਪਾਤਸ਼ਾਹ ਤੇ ਪੂਰਨ ਫਕੀਰ ਅਕਸਰ ਚੋਜ ਕਰਦੇ ਕਹੀਦੇ ਹਨ। ਵਾਹਿਗੁਰੂ ਜੀ ਲਈ ਵੀ ਗੁਰਬਾਣੀ ਵਿਚ ਹੋਰਥੇ ਬੀ ਇਹ ਪਦ ਵਰਤਿਆ ਹੈ, ਯਥਾ:-

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰੀ ਚੋਜੀ ਜੀਉ॥ (ਗਉੜੀ ਮਾਝ ਮ: ੪-੬੮)

ਵਿਡਾਣਾ-(ਪੰਜਾਬੀ, ਵੱਡਾ (ਸੰਸ:, ਵਡ੍ਰ। ਪ੍ਰਾਕ੍ਰਿਤ, ਵਡ੍ਡਨ)+ਪਨ=ਵਡਾਣ=ਮਹਾਨਤਾ, ਉੱਚਤਾ, ਅਸਚਰਜ ਕਰਨੇ ਵਾਲੀ ਮਹੱਤਤਾਈ॥। ਮਹਾਨ। ਅਸਚਰਜ ਕਰਨੇ ਵਾਲੇ। ਅਦਭੁਤ।

ਭੁਗਤਾ-(ਸੰਸ:, ਭੁਕ੍ਤ=ਜੋ ਖਾਧਾ ਜਾਏ=ਭੋਜਨ) ਭੋਜਨ ਖਾਣ ਵਾਲਾ।

ਪਾਰਬ੍ਰਹਮ-(ਸੰਸ:, ਪਰਬ੍ਰਹਮਨ੍) ਬ੍ਰਹਮ ਜੋ ਜਗਤ ਆਦਿ ਸਭ ਮਾਯਾ ਤੋਂ ਪਰੇ ਹੈ, ਜੋ ਨਿਰਗੁਣ ਹੈ, ਉਪਾਧੀ ਰਹਿਤ ਹੈ- ਸਰਬ ਅਵਸਥਾ ਤੋਂ ਪਰੇ।

ਮੁਕਤੁ-(ਸੰਸ:, ਮੁਕ੍ਤ) ਛੁਟਿਆ ਹੋਇਆ। ਆਜ਼ਾਦ। ਨਿਰਬੰਧੁ।

ਸਿਮ੍ਰਿਤਿ-(ਸੰਸ:, ਸਮ੍ਰਿਤਿ:) ਸਿੰਮ੍ਰਤੀਆਂ। ਹਿੰਦੂ ਮਤ ਦੇ ਧਰਮ ਗ੍ਰੰਥਾਂ ਦਾ ਨਾਮ ਹੈ। ਇਨ੍ਹਾਂ ਵਿਚ ਧਰਮ, ਦਰਸ਼ਨ, ਆਚਾਰ, ਵਿਹਾਰ, ਪ੍ਰਾਯਸਚਿਤ, ਨੀਤੀ, ਦੰਡ ਆਦਿ ਦੇ ਵਿਸ਼ਯ ਹੈਨ। ੨੭ ਦੀ ਗਿਣਤੀ ਇਹ ਹੈ:

੧. ਮਨੂ। ੨. ਯਾਗਯਵਲਕ। ੩. ਵਸ਼ਿਸ਼ਟ। ੪. ਪਰਾਸ਼ਰ। ੫. ਸ਼ੰਖ। ੬. ਸਿਖਤ। ੭. ਹਾਰੀਤ ੮. ਜਮ। ੯.ਦੱਖ। ੧੦. ਅਤ੍ਰਿ। ੧੧. ਨਾਰਦ। ੧੨. ਸੋਮ। ੧੩. ਜਮਦਗਨਿ। ੧੪. ਪ੍ਰਜਾਪਤਿ ੧੫. ਬਿਸ੍ਵਾਮਿਤ੍ਰ। ੧੬. ਮਰੀਚ। ੧੭. ਪਿਤਾਮਹ। ੧੮. ਬੋਧਾਯਨ। ੧੯. ਛਾਂਗਲੇਯ। ੨੦. ਜਾਵਾਲ ੨੧. ਚਯਵਨ। ੨੨. ਬਿਸ਼੍ਨੁ।੨੩. ਸ਼ੁਕ੍ਰ। ੨੪. ਗੌਤਮ। ੨੫. ਬ੍ਰਿਧ ਦੇਵਲ। ੨੬. ਕਾਤ੍ਯਾਯਨ ੨੭. ਦੇਵਲ।

ਦਾਨੇ ਸਿੰਮ੍ਰਤੀਆਂ ਦੀ ਗਿਣਤੀ ਬਹੁਤ ਕਹਿਕੇ ਮੁੱਖ ਗਿਣਤੀ ੩੧ ਦੀ ਦੱਸਦੇ ਹਨ ਤੇ ਉਪਰ ਦਿਤੀ ਗਿਣਤੀ ਚੋਂ ੧੧[੧] ਲੈਕੇ ੨੦ ਹੋਰ ਇਹ ਰਲਾਉਂਦੇ ਹਨ: ਲਘੁ ਅਤ੍ਰਿ, ਵ੍ਰਿਧ ਅਤ੍ਰਿ, ਲਘੁਹਾਰੀਤ, ਵ੍ਰਿੱਧ ਹਾਰੀਤ, ਔਸ਼ਨਸ, ਔਸ਼ਨਸ ਸੰਹਿਤਾ, ਆਂਗਿਰਸ, ਆਪਸ੍ਤੰਬ, ਸੰਵਰਤੋ, ਵ੍ਰਿਹਸਪਤਿ, ਵ੍ਰਿਹਤ, ਪਾਰਸ਼ਰੀ, ਲਘੁ ਵ੍ਯਾਸ, ਲਿਖਿਤ, ਗੌਤਮ, ਵ੍ਰਿੱਧ ਗੌਤਮ, ਸ਼ਾਤਾਤਪ, ਪੁਲਸ੍ਤ੍ਯ, ਬੁਧ ਤੇ ਕਸ਼ਯਪ।

ਸਾਸਤ-(ਸੰਸ:, ਸ਼ਾਸ੍ਤ੍ਰ) ਪ੍ਰਸਿਧ ਛੇ ਹਨ, ਜਿਨ੍ਹਾਂ ਵਿਚ ਦਰਸ਼ਨ ਵਿਦਯਾ ਯਾ ਫਿਲਾਸਫੀ ਹੈ (ਦੇਖੋ ਪੰਨਾ ੩੩੦) ਉਂਞ ਸੰਸਕ੍ਰਿਤ ਸਭਯਤਾ ਵੇਲੇ ਦੇ ੧੬ ਦੇ ਲਗ ਪਗ ਛੋਟੇ ਵੱਡੇ ਫਿਲਸਫੇ ਮਿਲਦੇ ਹਨ।

ਕਰਿ ਕਿਰਿਆ-ਕਰਦੇ ਹਨ ਕਰਮ, ਭਾਵ ਸ਼ੁਭ ਕਰਮ, ਕਰਮ ਕਾਂਡ ਦੇ ਦੱਸੇ ਹੋਏ ਕਰਮ।

ਖਟੁ ਕਰਮ-ਇਹ ਕਈ ਹਨ, ਮਨੂੰ ਨੇ ਬ੍ਰਾਹਮਣ ਦੇ ਖਟ ਕਰਮ ਇਹ ਦੱਸੇ ਹਨ, ਯਥਾ:

(੧) ਵਿਦਯਾ ਲੈਣੀ ਤੇ ਦੇਣੀ, ਯਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ।

(ਮਨੂੰ ਅ: ੧੦ ਸ: ੭੫।

---

[੧] ਨੰਬਰ ੧, ੨, ੩, ੪, ੫, ੮, ੯, ੧੦, ੧੧, ੨੨ ਤੇ ੨੬।

(੨) ਵੇਦ ਅਭਯਾਸ, ਤਪ, ਗਯਾਨ, ਇੰਦ੍ਰੇ ਜਿਤ, ਅਹਿੰਸਾ ਤੇ ਗੁਰੂ ਸੇਵਾ। (ਮਨੂੰ ਆ: ੧੨ ਸ: ੮੨)।

(੩) ਹੋਰ ਖਟ ਕਰਮ ਇਉਂ ਬੀ ਹਨ-ਜਪ, ਤਪ, ਤੀਰਥ, ਪੂਜਾ, ਮੰਤ੍ਰ ਸਾਧਨ, ਸਨਯਾਸ। (ਅਤ੍ਰੈ)

(੪) ਸੰਧਯਾ, ਸ਼ਨਾਨ, ਜਪ, ਹਮਨ, ਵੇਦ ਪਾਠ, ਦੇਵ ਪੂਜਨ। (ਪ੍ਰਾਸਰ)।

ਕਈ ਸਿਖਾ (ਬੋਦੀ), ਸੂਤ (ਜਨੇਊ), ਧੋਤੀ, ਮਾਲਾ, ਤਿਲਕ ਆਦਿ ਨੂੰ ਖਟ ਕਰਮ ਗਿਣ ਲੈਂਦੇ ਹਨ। ਇਨ੍ਹਾਂ ਤੋਂ ਛੁਟ ਉਪਜੀਵਕਾ ਲਈ ਬ੍ਰਹਮਣ ਦੇ ਛੇ ਕਰਮ, ਯੋਗ ਦੇ ਛੇ ਕਰਮ, ਤਾਂਤ੍ਰਿਕਾ ਦੇ ਛੇ ਕਰਮ ਹੋਰ ਹੋਰ ਹਨ।

ਆਦਿ ਪੁਰਖੁ-ਉਹ ਚੇਤਨ ਤੇ ਵਯਾਪਕ ਹਸਤੀ ਯਾ ਵਜੂਦ ਜਿਸ ਦੇ ਮੁਹਰੇ ਹੋਰ ਕੋਈ ਨਹੀਂ ਸੀ।

ਅਪਰੰਪਰ-ਇਨ੍ਹਾਂ ਲੋਕਾਂ ਥੋਂ (ਪਰ) ਪਰੇ, ਜੋ ਬ੍ਰਹਮਾਦਿਕ ਦੇਵਤਾ ਹਨ ਸੋ ਭੀ (ਅਪਰ) ਉਰੇ ਹਨ ਜਿਸ ਥੋਂ, ਐਸਾ ਪਰਮਾਤਮਾ। ੨. ਪਰੇ ਤੋਂ ਪਰੇ। ੩. ਸ੍ਰੇਸ਼ਟ ਤੋਂ ਸ੍ਰੇਸ਼ਟ।

ਨਿਹਚਲੁ-(ਸੰਸ:, ਨਿਸ਼੍ਚਲ) ਥਿਰ, ਕਾਇਮ, ਨਾ ਚੱਲਣ ਵਾਲਾ।

ਗੋਈ[੧]-(ਦੇਸ਼ ਭਾਸ਼ਾ, ਗੁੰਨ੍ਹਣਾ ਦਾ ਭੂਤਕਾਲ) ੧. ਗੁੰਨ੍ਹ ਦਿੱਤੀ, ਭਾਵ ਲੈ ਕਰ ਦਿੱਤੀ, ਮੁਕਾ ਦਿੱਤੀ। ੨. (ਸੰਸ:, ਗ=ਬਾਣੀ ਫ਼ਾਰਸੀ, ਗੋ=ਆਖ) ਆਖੀ, ਸੱਦੀ, ਸੱਦ ਲਈ।

ਜਾਣੋਈ-(ਪੰਜਾਬੀ, ਜਾਣਨਾ ਤੋਂ। ਜਾਣ[੨]'ਓਈ' ਪ੍ਰਤੇ) ਜਾਣਨੇ ਵਾਲਾ।

(ਆਸਾ ਮਹਲਾ ੪)

ਪ੍ਰਾਕ੍ਥਨ- ਇਹ ਬੀ ਚਉਥੇ ਪਾਤਸ਼ਾਹ ਦਾ ਸ਼ਬਦ ਹੈ। ਇਸ ਵਿਚ ਬੀ ਵਾਹਿਗੁਰੂ ਦੀ ਮਹਿਮਾ ਤੇ ਅਰਦਾਸ ਦੇ ਰਲਵੇਂ ਭਾਵ ਚਲਦੇ ਹਨ।

ਮੂਲ	ਅਰਥ
ਆਸਾ ਮਹਲਾ ੪॥	
ਤੂੰ ਕਰਤਾ ਸਚਿਆਰੁ ਮੈਡਾ ਸਾਂਈ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥੧॥ ਰਹਾਉ॥	ਤੂੰ ਕਰਤਾਰੁ (ਰਚਣਹਾਰ ਹੈਂ), ਸਚਿਆਰ ਹੈਂ (ਤੇ) ਮੇਰਾ ਮਾਲਕ ਹੈਂ, ਜੋ ਤੈਨੂੰ ਭਾਵੇਗਾ ਉਹੋ ਹੋਵੇਗਾ, ਜੋ ਤੂੰ ਦੇਵੇਂਗਾ ਸੋਈਓ ਮੈਨੂੰ ਪ੍ਰਾਪਤ ਹੋਵੇਗਾ॥੧॥ ਰਹਾਉ॥
ਸਭ ਤੇਰੀ ਤੂੰ ਸਭਨੀ ਧਿਆਇਆ। ਜਿਸਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥੧॥	(ਸ੍ਰਿਸ਼ਟੀ) ਸਭ ਤੇਰੀ (ਹੈ), ਤੂੰ ਸਭਨਾਂ (ਕਰਕੇ) ਧਿਆਇਆ ਗਿਆ ਹੈਂ। ਜਿਸ ਪਰ ਤੂੰ ਕ੍ਰਿਪਾ ਕਰਦਾ ਹੈਂ ਨਾਮ ਰੂਪੀ ਰਤਨ ਉਸੇ ਨੇ ਪਾਇਆ ਹੈ। ਗੁਰਮੁਖਾਂ ਨੇ (ਨਾਮ ਰਤਨ) ਲੱਭ ਲਿਆ ਹੈ ਤੇ ਮਨਮੁਖਾਂ ਨੇ ਗੁਆ ਲਿਆ ਹੈ। ਤੂੰ ਆਪ ਵਿਛੋੜ ਦਿੱਤਾ ਹੈ (ਮਨਮੁਖਾਂ ਨੂੰ ਤੇ) ਆਪ ਮਿਲਾ ਲੀਤਾ ਹੈ (ਗੁਰਮੁਖਾਂ ਨੂੰ)॥੧॥
ਤੂੰ ਦਰੀਆਉ ਸਭ ਤੁਝਹੀ ਮਾਹਿ॥ ਤੁਝ ਬਿਨੁ ਦੂਜਾ ਕੋਈ ਨਾਹਿ॥ ਜੀਅ ਜੰਤ ਸਭਿ ਤੇਰਾ ਖੇਲੁ॥ ਵਿਜੋਗਿ ਮਿਲਿ	ਤੂੰ ਸਮੁੰਦ੍ਰ (ਵਤ) ਹੈਂ, ਸਭ (ਜੀਅ ਜੰਤ) ਤੇਰੇ ਵਿਚ ਹੈਨ, ਤੇਰੇ ਬਿਨਾਂ ਹੋਰ ਦੂਸਰਾ ਕੋਈ ਨਹੀਂ। ਜੀਅ ਜੰਤ ਸਾਰੇ ਤੇਰਾ ਕੌਤਕ ਹਨ, (ਇਨ੍ਹਾਂ ਵਿਚੋਂ ਕੋਈ ਜੀਵ ਤਾਂ) ਵਿਜੋਗ ਕਰਕੇ ਮਿਲਨੋਂ (ਯਾ ਮਿਲਿਆ ਹੋਇਆ)

[੧]ਸੰਸ:, ਗੁਧ=ਕ੍ਰੀੜਾ। ਹਿੰਦੀ, ਗੁੰਧਨਾ। ਪੰਜਾਬੀ ਗੁੰਨ੍ਹਣਾ।

ਵਿਛੁੜਿਆ ਸੰਜੋਗੀ ਮੇਲੁ॥੨॥

ਵਿਛੁੜ ਗਿਆ ਤੇ (ਕੋਈ) ਸੰਜੋਗ ਕਰਕੇ (ਫੇਰ) ਮੇਲ (ਪਾ ਲਏਗਾ[1])।੨।

ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥ ਹਰਿ ਗੁਣ ਸਦ ਹੀ ਆਖਿ ਵਖਾਣੈ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥ ਸਹਜੇ ਹੀ ਹਰਿ ਨਾਮਿ ਸਮਾਇਆ॥੩॥

ਜਿਸ ਨੂੰ ਤੂੰ ਜਣਾਉਂਦਾ ਹੈਂ (ਅਪਣੀ ਸਿਫਤ ਸਲਾਹ ਦਾ ਰਸਤਾ) ਉਹੋ ਜਨ ਜਾਣਦਾ ਹੈ। (ਉਹ) ਹਰਿ ਦੇ ਗੁਣ ਸਦਾ ਹੀ ਕਹਿਕੇ ਉਚਾਰਦਾ ਹੈ। ਜਿਸ ਨੇ ਹਰਿ ਸੇਵਿਆ (ਹੈ) ਉਸ ਨੇ ਸੁਖ ਪਾਇਆ ਹੈ, (ਉਹ) ਸਹਜੇ ਹੀ ਹਰਿ ਦੇ ਨਾਮ ਵਿਚ ਸਮਾਇਆ (ਰਹਿੰਦਾ) ਹੈ॥੩॥

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ॥ ੪॥੨॥

ਤੂੰ ਆਪ ਕਰਨਹਾਰ ਹੈਂ, ਸਭ ਕੁਝ ਤੇਰਾ ਕੀਤਾ ਹੁੰਦਾ ਹੈ। ਤੈਥੋਂ ਬਾਝ ਦੂਜਾ (ਕਰਤਾਰ) ਹੋਰ ਕੋਈ ਨਹੀਂ, ਤੂੰ ਕਰ ਕਰਕੇ ਦੇਖਦਾ ਹੈਂ ਤੇ ਉਸ (ਕੀਤੀ ਹੋਈ ਸਾਰੀ) ਨੂੰ ਜਾਣਦਾ ਹੈਂ। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ਤੂੰ ਗੁਰੂ ਦੁਆਰੇ ਦਾਸਾਂ ਨੂੰ ਪ੍ਰਤੱਖ ਹੋ ਜਾਂਦਾ ਹੈਂ॥੪॥੨॥

ਵਯਾਖਯਾ–ਸੁਗਮ ਹੈ।

ਨਿਰੁਕ੍ਤ– ਮੈਡਾ–(ਲਹਿੰਦਾ ਪੰਜਾਬੀ) ਮੇਰਾ।

ਦਰੀਆਉ–(ਫ਼ਾਰਸੀ, ਦਰਯਾ=ਸਮੁੰਦਰ)। ਤੂੰ ਸਮੁੰਦਰ ਹੈਂ ਭਾਵ ਸਮੁੰਦਰਵਤ ਅਸਗਾਹ ਹੈਂ। ਹੋਰਥੇ ਬੀ ਗੁਰਬਾਣੀ ਵਿਚ 'ਦਰੀਆਉ' ਪਦ ਵਰਤਿਆ ਹੈ ਤੇ ਓਥੇ ਇਸ ਪਦ ਦਾ:- ਭਾਵ ਇਉਂ ਹੈ:-

੨. ਗੁਰੁ ਦਰੀਆਉ ਸਦਾ ਜਲੁ ਨਿਰਮਲੁ.....॥ (ਪ੍ਰਭਾਤੀ ਮ: ੧-੬) ਭਾਵ ਪਵਿਤ੍ਰ ਕਰਨੇ ਵਾਲਾ।

੩. ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥ (ਸਿਰੀ ਮ: ੧-੩੧)

ਇਥੇ ਇਸ਼ਾਰਾ ਮੱਛੀ ਵਲ ਦਾ ਹੈ ਕਿ ਜਿਕੂੰ ਦਰੀਆਉ ਉਸ ਦਾ ਸਭ ਕੁਛ ਹੈ, ਤਿਵੇਂ ਤੂੰ ਮੇਰਾ ਹੈਂ। ਭਾਵ ਆਸਰਾ, ਜੀਵਨ ਆਧਾਰ।

ਸੰਜੋਗ–ਦੇਖੋ ਪਿਛੇ ਪੰਨਾ ੧੫੧, ਜਪੁਜੀ ਪਉੜੀ ੨੯ ਦੀ ਨਿਰੁਕ੍ਤ।

(ਆਸਾ ਮਹਲਾ ੧)

ਪ੍ਰਾਕ੍ਥਨ– ਇਹ ਪਹਿਲੀ ਪਾਤਸ਼ਾਹੀ ਦਾ ਸ਼ਬਦ ਹੈ, ਮਨ ਨੂੰ ਸੰਬੋਧਨ ਕਰਕੇ ਨਾਮ ਸਿਮਰਨ ਵੱਲ ਉਤਸ਼ਾਹਤ ਤੇ ਵਾਹਿਗੁਰੂ ਨੂੰ ਨਾ ਵਿਸਾਰਨ ਦੀ ਤਾਕੀਦ ਕਰਨਾ ਇਸ ਦਾ ਸਪਸ਼ਟ ਭਾਵ ਹੈ।

---

[1]ਯਥਾ:-ਸੰਜੋਗੁ ਵਿਜੋਗੁ ਧੁਰਹੁ ਹੀ ਹੂਆ। (ਮਾਰੂ ਅੰਜੁਲੀ ਮ: ੫-੩੧)

(ਅ) ਕਈ ਦਾਨੇ ਐਉਂ ਬੀ ਭਾਵ ਦੱਸਦੇ ਹਨ:-ਵਿਜੋਗ ਹੈ ਜਿਨ੍ਹਾਂ ਦਾ ਸੰਤਾਂ ਨਾਲ ਯਾ ਸਤਿਸੰਗ ਨਾਲ ਸੋ ਕਰਤਾਰ ਨਾਲ ਮਿਲਨ ਤੋਂ ਵਿਛੁੜਿਆ ਹੈ, ਸੰਜੋਗ ਹੈ ਜਿਨ੍ਹਾਂ ਦਾ ਸੰਤਾਂ (ਯਾ ਸਤਿਸੰਗ ਨਾਲ) ਉਹਨਾਂ ਦਾ ਮੇਲ ਹੈ ਕਰਤਾਰ ਨਾਲ।

ਮੂਲ	ਅਰਥ
ਆਸਾ ਮਹਲਾ ੧॥	
ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ। ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥	(ਹੇ ਮਨ!) ਉਸ ਸਰੋਵਰ ਵਿਚ (ਤੇਰਾ) ਨਿਵਾਸ ਹੋਇਆ ਹੈ, (ਕਿ ਜਿਸਨੂੰ ਜਿਸ ਨੇ ਬਨਾਯਾ) ਉਸੇ ਨੇ (ਉਸ ਵਿਚ) ਪਾਣੀ (ਬੀ ਤੇ) ਅੱਗ (ਨੂੰ ਬੀ) ਬਣਾਇਆ ਹੈ। ਉਥੇ (ਮੋਹ ਰੂਪੀ) ਚਿਕੜ ਵਾਲਾ ਥਾਂ (ਦਲਦਲ ਬੀ ਹੈ, ਜਿਸ ਵਿਚ) ਪੈਰ ਨਹੀਂ ਚਲ ਸਕਦਾ (ਸਗੋਂ) ਅਸਾਂ ਨੇ (ਲੋਕਾਂ ਨੂੰ) ਓਥੇ ਡੁਬਦੇ ਦੇਖਿਆ ਹੈ॥੧॥
ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥	ਹੇ (ਮੇਰੇ) ਮਨ, (ਹੇ ਮੇਰੇ) ਮੂਰਖ ਮਨ! ਤੂੰ (ਇਹ ਨਜ਼ਾਰਾ ਸਾਹਮਣੇ ਦੇਖਕੇ ਬੀ) ਇੱਕ (ਪਰਮੇਸ਼ੁਰ) ਨੂੰ ਯਾਦ ਨਹੀਂ ਕਰਦਾ, ਹਰਿ ਦੇ ਵਿਸਰਿਆਂ (ਤਾਂ) ਤੇਰੇ ਗੁਣ ਗਲ ਜਾਣਗੇ[1] ॥੧॥ ਰਹਾਉ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥ ਪ੍ਰਣਵਤਿ ਨਾਨਕ ਤਿਨਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥੨॥੩॥	(ਬੇਨਤੀ) ਨਾ ਮੈਂ ਜਤੀ (ਹਾਂ ਨਾ ਮੈਂ) ਸਤੀ (ਹਾਂ), ਨਾਂ ਮੈਂ ਪੜ੍ਹਿਆ ਹੋਇਆ (ਹਾਂ, ਮੈਂ) ਮੂਰਖ ਦਾ ਜਨਮ ਅਨਜਾਣਪੁਣੇ ਵਾਲਾ ਹੀ ਰਿਹਾ[2]। ਬੇਨਤੀ ਕਰਦਾ ਹੈ ਨਾਨਕ (ਮੈਂ) ਉਹਨਾਂ ਦੀ ਸ਼ਰਨ (ਹਾਂ) ਜਿਨ੍ਹਾਂ ਨੂੰ ਤੂੰ (ਕਦੇ) ਵਿਸਰਿਆ ਨਹੀਂ॥੨॥੩॥

ਵਯਾਖਯਾ- ਸੁਗਮ ਹੈ।

ਨਿਰੁਕ੍- ਸਰਵਰੜੈ-(ਸੰਸ:, ਸਰੋਵਰ+ੜ ਪ੍ਰੇਮ ਵਾਚੀ ਪੰਜਾਬੀ ਪ੍ਰਤੇ) ਵੱਡਾ ਤਲਾਉ, ਝੀਲ, ਉਪਲਖਤ ਸਮੁੰਦਰ। ਭਾਵ ਸੰਸਾਰ ਰੂਪੀ ਸਮੁੰਦਰ।

ਪਾਣੀ-(ਸੰਸ:, ਪਾਨੀਯੰ। ਪੰਜਾਬੀ, ਪਾਣੀ।) ਜਲ। ਨੀਰ। ਭਾਵ ਪਦਾਰਥ ਰੂਪ ਪਾਣੀ ਯਾ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਪਾਣੀ।

ਪਾਵਕੁ-(ਸੰਸ:, ਪਾਵਕ) ਅੱਗ, ਅਗਨੀ। ਤ੍ਰਿਸ਼ਨਾ ਰੂਪੀ ਅੱਗ।

ਪੰਕਜੁ-ਚਿੱਕੜ ਵਾਲਾ, ਚਿੱਕੜ ਵਾਲਾ ਥਾਂ, ਦਲਦਲ। ਏਥੇ ਇਹ ਪਦ ਸੰਸਕ੍ਰਿਤ ਦਾ 'ਪੰਕਜ' ਪਦ ਨਹੀਂ ਹੈ, ਪਰ ਪ੍ਰਾਕ੍ਰਿਤ ਦੇ 'ਪੰਕਿਯ' ਤੋਂ ਬਣਿਆਂ ਜੋ ਦੇਸ਼ ਭਾਸ਼ਾ ਵਿਚ ਪੰਕਜ ਬੋਲੀਦਾ ਹੈ।

ਮੋਹ-(ਸੰਸ:, ਮੋਹ=ਮੂਰਛਾ, ਅਗਜਾਨ, ਮੂਰਖਤਾ, ਭੁੱਲ, ਆਤਮ ਅਗਜਾਨ। ਧਾਤੂ ਹੈ ਮੁਹ੍=ਮੂਰਖ ਹੋਣਾ)। ਜੀਵਾਂ ਦੀ ਉਹ ਬ੍ਰਿਤੀ ਜਿਸ ਦੁਆਰਾ ਉਹ ਸੰਸਾਰਕ ਪਦਾਰਥਾਂ ਅਤੇ ਭੋਗਾਂ ਨੂੰ ਸਤਜ ਮੰਨਕੇ ਉਨ੍ਹਾਂ ਵਿਚ ਲਗਦੇ ਹਨ ਤੇ ਵੀਚਾਰ, ਵੈਰਾਗ ਭਗਤੀ ਗਜਾਨ ਆਦਿ ਤੋਂ ਪਰੇ ਰਹਿੰਦੇ ਹਨ। (੨) ਸੰਸਾਰਕ ਪਦਾਰਥਾਂ ਤੇ ਭੋਗਾਂ ਦਾ ਪਿਆਰ।

ਪਗੁ-(ਸੰਸ:, ਪਦ, ਪਦਕ। ਪ੍ਰਾਕ੍ਰਿਤ, ਪਾਯ, ਪਕ। ਹਿੰਦੀ, ਪਗ) ਪੈਰ।

ਪੰਕਜੁ ਮੋਹ ਪਗੁ ਨਹੀ ਚਾਲੈ-ਭਾਵ ਇਹ ਕਿ ਜੋ ਲੋਕ ਮੋਹ ਚਿੱਕੜ ਵਿਚ ਫਸ ਗਏ ਉਹਨਾਂ ਦਾ ਬੁੱਧੀ ਰੂਪੀ ਪੈਰ ਨਹੀਂ ਨਿਕਲਦਾ, ਇਸ ਲਈ ਉਸੇ ਵਿਚ ਹੀ (ਹਮ ਦੇਖਾ ਤਹ ਡੂਬੀਅਲੇ=) ਸਾਰੇ ਡੁਬ ਜਾਂਦੇ ਹਨ, ਏਹ ਅਸਾਂ ਦੇਖਿਆ ਹੈ।

[1]ਅਥਵਾ, ਤੇਰੇ ਗਲ ਵਿਚ (ਗੁਣ=) ਫਾਹੀ ਪਵੇਗੀ। [2] ਅਥਵਾ, ਮੈਂ ਮੂਰਖ ਦਾ ਜਨਮ ਵਿਅਰਥ ਹੀ ਗਿਆ।

ਹਮ-(ਹਿੰਦੀ) ਅਸਾਂ। ਜਾਂ, (ਫ਼ਾ:,) ਹਮ = ਭੀ। ਜਾਂ, ਹਮ =(ਫ਼ਾ:, ਹਮਹ) ਸਾਰੇ।

ਮੂੜ-(ਸੰਸ:, ਮੂਢ) ਮੂਰਖ, ਬੇਅਕਲ।

ਗੁਣ ਗਲਿਆ-(ਸੰਸ:, ਗੁਣ = ਖ਼ੂਬੀ। ਗਲਿਆ-ਸੰਸ:, ਗਰਣ = ਭਿੱਜਣਾ। ਗਲਨ = ਪੰਘਰਨਾ। ਪੰਜਾਬੀ, ਗਲਨਾ ਕਿਸੇ ਸ਼ੈ ਦਾ ਭਿੱਜਿਆ ਪਏ ਰਹਿਕੇ ਸੜ ਜਾਣਾ ਗਲਨਾ ਹੈ-ਗਲ ਗਏ, ਨਸ਼ਟ ਹੋ ਗਏ) ਗੁਣ ਗਲ ਜਾਣਗੇ।

੨. ਸੰਸ:, 'ਗੁਣਾਂ' ਇਕ ਘਾਸ ਦਾ ਨਾਂ ਹੈ, ਜਿਸ ਦੀ ਛਿੱਲ ਤੋਂ ਕਮਾਨ ਦੀ ਰੱਸੀ ਬਣਦੀ ਸੀ। ਏਸ ਤੋਂ ਆਮ ਤੌਰ ਤੇ ਸੰਸਕ੍ਰਿਤ ਵਿਚ ਗੁਣ ਦਾ ਅਰਥ ਹੈ: ਰੱਸੀ, ਧਾਗਾ। ਜਿਸ ਤੋਂ ਗਜਾਨੀ ਜਨ ਇਸ ਤੁਕ ਵਿਚ 'ਗੁਣ' ਦਾ ਅਰਥ 'ਰੱਸੀ' ਬੀ ਕਰ ਲਿਆ ਕਰਦੇ ਹਨ, ਕਿ ਹਰੀ ਦੇ ਬਿਸਰਨ ਨਾਲ ਤੇਰੇ (ਗਲਿਆ=) ਗਲ ਵਿਚ (ਜਮਾਂ ਦੀ) ਰੱਸੀ (ਫਾਹੀ) ਪੈਂਦੀ ਹੈ।

ਇਉਂ ਬੀ ਮੂਲ ਭਾਵ ਦੀ ਧੁਨੀ ਓਹੀ ਰਹੀ- ਜੋ ਹਰੀ ਨਾ ਵਿਸਰੇ।

ਜਤੀ- (ਸੰਸ:, ਯਤਿ:) ਇੰਦ੍ਰੀਆਂ ਦੇ ਰੋਕਣ ਵਾਲਾ, ਜੋ ਇਸਤ੍ਰੀ ਸਪਰਸ਼ ਤੋਂ ਬਚੇ।

ਸਤੀ- (ਸੰਸ:, ਸਤਜ। 'ਈ' ਪ੍ਰਤੇ, ਪੰਜਾਬੀ) ਭਲਾ ; ਭਾਵ ਦਾਨੀ। ਸੱਚਾ।

ਪੜਿਆ- (ਸੰਸ:, ਪਠਨੰ। ਹਿੰਦੀ, ਪੜ੍ਹਨਾ) ਪੜ੍ਹਿਆ ਹੋਇਆ। ਵਿਦਜਾ ਪ੍ਰਾਪਤ ਕਰ ਚੁਕਾ ਹੋਇਆ।

ਮੁਗਧਾ- (ਸੰਸ:, ਮੁਗ੍ਧ। ਪਾਕ੍ਰਿਤ, ਮੁਦ੍ਧ। ਪੰਜਾਬੀ, ਮੁਗਧ, ਮੁੰਧ, ਮੁਘਧ। ਡੋਮ ਭਾਸ਼ਾ, ਮੁਗਨਾ, ਮੁਘਨਾ = ਮੂਰਖ) ਮੂਰਖਤਾ ਵਾਲਾ। ਅਣਜਾਣਪੁਣੇ ਵਾਲਾ।

ਮੂਰਖ ਮੁਗਧਾ ਜਨਮੁ ਭਇਆ-ਮੂਰਖ ਦਾ ਜਨਮ ਮੁਗਧਾ (= ਅਣਜਾਣਪੁਣੇ ਵਾਲਾ) ਹੀ ਰਿਹਾ।

੨. ਅਥਵਾ ਮੈਂ ਮੂਰਖ ਦਾ ਜਨਮ ਵਿਅਰਥ ਹੀ ਗਿਆ।

ਪ੍ਰਣਵਤ- (ਸੰਸ:, ਪ੍ਰਣਤਿ = ਮੱਥਾ ਟੇਕਣਾ। ਪ੍ਰਣਮਤੰ-ਨਮਸਕਾਰ ਕਰਨੀ) ਸੀਸ ਝੁਕਾ ਕੇ ਕਹਿਣਾ, ਮੁਰਾਦ ਹੈ ਕੋਈ ਗੱਲ ਸਤਿਕਾਰ ਯਾ ਨਿੰਮ੍ਰਤਾ ਨਾਲ ਕਹਿਣੀ। ਬਿਨੈ ਕਰਨੀ।

(ਆਸਾ ਮਹਲਾ ੫)

ਪ੍ਰਾਕ੍ਥਨ-ਮਨੁਖਾ ਜਨਮ ਨਾਮ ਜਪਕੇ ਸਫਲ ਕਰ ਤੇ ਹਰੀ ਦੀ ਸ਼ਰਨ ਲੈਕੇ ਨਾਮ ਜਪ।

ਮੂਲ	ਅਰਥ
ਆਸਾ ਮਹਲਾ ੫॥	
ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥	(ਹੇ ਮਾਨੁਖ! ਇਹ ਜੋ) ਮਨੁੱਖਾ ਦੇਹੀ (ਤੈਨੂੰ) ਪ੍ਰਾਪਤ ਹੋਈ ਹੈ, ਗੋਬਿੰਦ ਨੂੰ ਮਿਲਣ ਦੀ ਇਹ ਤੈਨੂੰ ਵਾਰੀ (ਮਿਲੀ) ਹੈ। ਹੋਰ ਕੰਮ (ਜਿਨ੍ਹਾਂ ਵਿਚ ਤੂੰ ਮਗਨ ਹੈਂ) ਤੇਰੇ ਕਿਸੇ ਕੰਮ ਨਹੀਂ ਆਉਣੇ, (ਕੰਮ ਆਉਣ ਵਾਲਾ ਕਾਜ ਇਹ ਹੈ ਕਿ) ਸਾਧ ਦੀ ਸੰਗਤ ਵਿਚ ਜਾਕੇ ਮਿਲ (ਤੇ ਉਥੋਂ) ਕੇਵਲ ਨਾਮ ਲੈ ਕੇ (ਉਸਦਾ) ਸਿਰਮਣ ਕਰ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ੧॥ ਰਹਾਉ॥	(ਐਸ ਤਰ੍ਹਾਂ) ਭਉਜਲ (ਰੂਪੀ ਸੰਸਾਰ) ਤੋਂ ਤਰਨ ਦੇ ਬੰਦੋਬਸਤ ਵਿਚ ਲਗ ਪਉ, (ਨਹੀਂ ਤਾਂ) ਤੇਰਾ ਜਨਮ ਮਾਇਆ ਦੇ ਪਿਆਰ ਵਿਚ ਬਿਰਥਾ ਜਾ ਰਿਹਾ ਹੈ। ॥੧॥ ਰਹਾਉ॥

	(ਸੁਣਨ ਵਾਲਾ ਆਖਦਾ ਹੈ : ਨਾ ਸਾਧੂ ਦੀ ਸੇਵਾ ਨਾ ਨਾਮ ਦਾ ਪਤਾ ਪਿਆ, ਨਾ ਪੈਂਦਾ ਹੈ, ਮੈਂ ਕੀਹ ਕਰਾਂ ? ਤਾਂ ਸੁਮਤਿ ਦੇਂਦੇ ਹਨ ਕਿ ਹਰਿ ਰਾਇ = ਪ੍ਰਭੂ ਅੱਗੇ ਅਰਦਾਸ ਕਰ,
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥	ਐਉਂ:) ਹੇ ਹਰੀ ਰਾਇ=(ਅਕਾਲ ਪੁਰਖ!) ਮੈਂ, ਜਪ ਤਪ ਸੰਜਮ ਧਰਮ ਕਿਸੇ (ਸਾਧਨ ਦੀ) ਕਮਾਈ ਨਹੀਂ ਕੀਤੀ, ਨਾ ਹੀ ਮੈਂ ਸਾਧੂ ਦੀ ਸੇਵਾ ਦਾ ਵੱਲ ਸਿਖ੍ਯਾ ਹੈ। ਅਸੀਂ ਨੀਚ
ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥	ਕਰਮ ਵਾਲੇ ਹਾਂ, ਸ਼ਰਣ ਆ ਪਏ ਦੀ (ਸਾਡੀ) ਲਾਜ ਰਖੋ, (ਭਾਵ ਇਸ ਪ੍ਰਕਾਰ ਦੀ ਨਿਰਮਾਣ ਮਨ ਨਾਲ ਅਰਦਾਸ ਕਰੋ ਤਾਂ ਸਾਂਈਂ ਸ਼ਰਣਪਾਲ ਸਾਰੇ ਢੋ ਢੁਕਾ ਦੇਵੇਗਾ। ਇਸ ਪ੍ਰਕਾਰ ਉਪਦੇਸ਼) ਕਹਿੰਦੇ ਹਨ (ਸ੍ਰੀ ਗੁਰੂ) ਨਾਨਕ(ਦੇਵ ਜੀ)[1] ॥੨॥੪॥

ਵ੍ਯਾਖ੍ਯਾ–ਸੁਗਮ ਹੈ।

ਨਿਰੁਕ੍ਤ– **ਦੇਹੁਰੀਆ**– (ਸੰਸ:, ਦੇਹਲਿ:। ਹਿੰਦੀ, ਦੇਹਰੀ) ਦੋ ਅਰਥ ਹਨ :-

੧. ਦਲ੍ਹੀਜ, ਡਿਉਢੀ। ੨. ਦੇਹ, ਸਰੀਰ। ਦੋਵੇਂ ਅਰਥ ਬੀ ਸ਼ਲੇਖ ਕਰਕੇ ਵਰਤ ਲੈਂਦੇ ਹਨ ਕਿ ਇਹ ਮਨੁਖਾ ਦੇਹੀ ਜੋ ਤੈਨੂੰ ਪ੍ਰਾਪਤ ਹੋਈ ਹੈ ਰੱਬ ਦੇ ਮਿਲਣ ਦੀ ਡੇਉਢੀ ਵਤ ਹੈ।

ਬਰੀਆ– (ਸੰਸ:, ਵਾਰ: = ਸਮਾਂ, ਵਾਰੀ) ਵਾਰੀ, ਵੇਲਾ।

ਜਪੁ– (ਸੰਸ:, ਜਪ। ਪੰਜਾਬੀ, ਜਪਣਾ ਇਸ ਤੋਂ ਜਪ, ਜਾਪ। ਪੁ: ਪੰਜਾਬੀ ਵਿਚ ਜੰਪਣਾ ਤੇ ਇਸ ਤੋਂ - ਜੰਪੈ - ਰੂਪ ਬੀ ਹਨ) ਜੋ ਪੜ੍ਹਿਆ ਜਾਵੇ ਸੋ ਜਪ। ਪਾਠ।

ਤਪ– (ਸੰਸ:, ਤਪ = ਸਰੀਰਕ ਯਾ ਮਾਨਸਕ ਦੁਖ ਸਹਿਣ ਦੀ ਕ੍ਰਿਯਾ, ਅੱਗਾਂ ਵਿਚ ਬੈਠਣਾ, ਪੁੱਠੇ ਲਟਕਣਾ, ਪਾਣੀ ਵਿਚ ਬੈਠਣਾ ਆਦਿ) ਆਪਾ ਨਿਵਾਰਣ ਦਾ ਕੋਈ ਸਾਧਨ, ਰਿਆਜ਼ਤ।

ਸੰਜਮੁ– (ਸੰਸ:, ਸੰਯਮ:) ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕ ਰਖਣਾ। ਇੰਦ੍ਰੇ ਦਮਨ।

੨. ਯੋਗ ਮਾਰਗ ਵਿਚ 'ਧਾਰਨਾ ਧ੍ਯਾਨ ਸਮਾਧੀ' ਦੀ ਏਕਤਾ ਦਾ ਨਾਮ ਬੀ ਸੰਜਮ ਹੈ।

੩. ਜੈਨ ਮਾਰਗ ਵਿਚ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕਣ ਨੂੰ ਸੰਜਮ ਕਹਿੰਦੇ ਹਨ।

ਪਰ ਸੰਯਮ ਦਾ ਆਮ ਅਰਥ ਹੈ- ਚੰਗੀ ਤਰ੍ਹਾਂ ਰੋਕਣਾ, ਮਾੜੇ ਕਰਮਾਂ ਤੋਂ ਆਪ ਨੂੰ ਰੋਕਣਾ। ਕਿਸੇ ਮਰਯਾਦਾ ਵਿਚ ਟੁਰਨਾ।

੪. ਠੇਠ ਪੰਜਾਬੀ ਵਿਚ ਜੁਗਤ ਯਾ ਕਫਾਇਤ ਸ਼ੁਆਰੀ ਨੂੰ ਸੰਜਮ ਕਹਿੰਦੇ ਹਨ।

੫. ਦੂਸਰੇ ਨੂੰ ਪੀੜ ਦੇਣ ਤੋਂ ਰੁਕੇ ਰਹਿਣ ਨੂੰ ਬੀ ਸੰਜਮ ਆਖਦੇ ਹਨ।

'ਨ'–ਪਦ ਦੇਹੁਰੀ ਦੀਪਕ ਹੈ: ਨਾ ਸੇਵਾ ਸਾਧ ਦੀ ਕੀਤੀ, ਨਾ ਹਰੀ ਨੂੰ ਜਾਣਿਆ, ਭਾਵ ਉਸ ਦਾ ਗ੍ਯਾਨ ਪ੍ਰਾਪਤ ਨਾ ਕੀਤਾ।

ਹਰਿ ਰਾਇਆ–(ਸੰਸ:, ਹਰਿ:। ਹਰੀ ਰੂਪ ਰਾਜਾ। ਵਾਹਿਗੁਰੂ)। 'ਹਰਿ ਰਾਇਆ' ਦਾ 'ਹੇ ਹਰੀ ਰਾਇ' = 'ਹੇ ਪਰਮੇਸ਼ੁਰ!' ਸੰਬੋਧਨ ਕਰਕੇ ਅਰਥ ਲਾਇਆ ਹੈ।

ਦੂਜੀ ਤਰ੍ਹਾਂ 'ਹਰਿ ਰਾਇ' ਨੂੰ ਕਰਮ ਕਾਰਕ ਕਰਕੇ ਬੀ ਲਾਈਦਾ ਹੈ।

ਯਥਾ- ਨਹੀਂ ਜਾਣਿਆ ਹੈ ਹਰੀ ਰਾਇ ਨੂੰ। **ਸਰਮਾ**– (ਫ਼ਾ: ਸ਼ਰਮ) ਲੱਜਾ, ਲਾਜ। -੦-

[1] ਦਸਮੇ ਪਾਤਸ਼ਾਹ ਜੀ ਦੇ ਸਮੇਂ ਰਹਿਰਾਸ ਦੇ ਇਨ੍ਹਾਂ ਸਬਦਾਂ ਨਾਲ ਚੌਪਈ ਆਦਿ ਉਨ੍ਹਾਂ ਦੀ ਬਾਣੀ ਤੇ ਅਨੰਦ ਆਦਿ ਬਾਣੀਆਂ ਰਲਾਈਆ ਗਈਆਂ, ਤਦ ਤੋਂ ਸਿਖ ਉਨ੍ਹਾਂ ਬਾਣੀਆਂ ਸਮੇਤ ਸੰਝਾਂ ਨੂੰ ਰਹਿਰਾਸ ਦਾ ਨਿਤਨੇਮ ਕਰਦੇ ਹਨ, ਦੀਵਾਨਾਂ ਵਿਚ ਵੀ ਇਹੋ ਰਹੁਰੀਤਿ ਹੈ।

ਕੀਰਤਨ ਸੋਹਿਲਾ

ਸੂਚਨਾ-ਇਸ ਬਾਣੀ ਦਾ ਨਾਮ ਗੁਰਬਾਣੀ ਵਿਚ 'ਸੋਹਿਲਾ' ਹੈ, ਅਰਥਾਤ 'ਮੰਗਲ ਦਾ ਗੀਤ'। ਇਸ ਨੂੰ ਆਮ ਬੋਲ ਚਾਲ ਵਿਚ 'ਕੀਰਤਨ ਸੋਹਿਲਾ' ਤੇ 'ਆਰਤੀ ਸੋਹਿਲਾ' ਬੀ ਕਹਿੰਦੇ ਹਨ। ਇਹ ਨਿਤਨੇਮ ਦੀ ਬਾਣੀ ਹੈ, ਰਾਤ ਨੂੰ ਸੌਣ ਤੋਂ ਪਹਿਲੇ ਇਸ ਦਾ ਪਾਠ ਕਰੀਦਾ ਹੈ। ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਜੀ ਦਾ ਅਸਵਾਰਾ ਕਰਨ ਵੇਲੇ ਬੀ ਇਸ ਦਾ ਪਾਠ ਹੁੰਦਾ ਹੈ। ਇਹ ਬੀ ਮ੍ਰਿਯਾਦਾ ਹੈ ਕਿ ਪ੍ਰਾਣੀ ਦਾ ਦਾਹ ਕਰਨ ਮਗਰੋਂ ਇਸ਼ਨਾਨ ਆਦਿ ਕਰਕੇ ਕਿਸੇ ਗੁਰਦੁਆਰੇ ਯਾ ਸ੍ਵੱਛ ਥਾਵੇਂ ਬੈਠਕੇ ਸੋਹਿਲੇ ਦਾ ਪਾਠ ਕਰਦੇ ਤੇ ਪ੍ਰਾਣੀ ਦੀ ਕਲਜਾਣ ਅਰਥ ਅਰਦਾਸਾ ਸੋਧਦੇ ਹਨ।

ਪ੍ਰਾਕ੍ਥਨ-ਜਾਪਦਾ ਹੈ ਕਿ ਕਿਸੇ ਪ੍ਰਤਿ ਸਤਿਗੁਰ ਜੀ ਦਾ ਉਪਦੇਸ਼ ਹੋਇਆ ਹੈ, ਤੇ ਉਸ ਨੇ ਬਿਨੈ ਕੀਤੀ ਹੈ ਕਿ ਸ੍ਰੀ ਜੀ ਨੇ ਨਾਮ ਤੇ ਗੁਣ ਗਾਯਨ ਦਾ ਉਪਦੇਸ਼ ਕੀਤਾ ਹੈ, ਇਹ ਇਕੰਤ ਬੈਠਕੇ ਕਰਨਾ ਹੈ ਕਿ ਕੋਈ ਵਿਸ਼ੇਸ਼ ਅਸਥਾਨ, ਬਨ, ਤੀਰਥ, ਮੰਦਰ ਹੈ ਜਿਥੇ ਕਿਤੇ ਇਹ ਵਿਸ਼ੇਸ਼ ਫਲੀਭੂਤ ਹੁੰਦਾ ਹੈ?ਤਾਂ ਸਤਿਗੁਰ ਜੀ ਨੇ ਜੋ ਉਪਦੇਸ਼ ਦਿੱਤਾ ਹੈ,ਉਹ ਏਸ ਸ਼ਬਦ ਵਿਚ ਗੁੰਥਿਤ ਹੈ :-

ਮੂਲ	ਅਰਥ
ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧॥	
੧ੴ ਸਤਿਗੁਰ ਪ੍ਰਸਾਦਿ॥	
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥	ਜਿਸ (ਸਤਿਸੰਗ ਰੂਪੀ) ਘਰ ਵਿਚ (ਕਰਤਾਰ ਦੀ) ਕੀਰਤੀ ਹੁੰਦੀ ਹੋਵੇ ਤੇ ਕਰਤਾਰ ਦਾ ਵਿਚਾਰ ਹੁੰਦਾ ਹੋਵੇ, ਉਸ (ਸਤਿਸੰਗ) ਘਰ ਵਿਚ (ਕਰਤਾਰ ਦਾ ਗੁਣਾਨੁਵਾਦ ਰੂਪੀ) ਮੰਗਲਮਯ ਗੀਤ ਗਾਵੇ (ਤੇ ਉਸ) ਸਿਰਜਣਹਾਰ ਦਾ ਸਿਮਰਣ ਕਰੋ ॥ ੧ ॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ ਰਹਾਉ॥	(ਪਰ ਹੇ ਸਜਣ) ਤੁਸੀਂ ਮੇਰੇ ਨਿਰਭਉ (ਸਿਰਜਣਹਾਰ) ਦਾ ਸੋਹਿਲਾ (ਜ਼ਰੂਰ) ਗਾਵੋ, ਮੈਂ ਸਦਕੇ, ਜਿਸ ਸੋਹਿਲੇ (ਦੇ ਗਾਇਨ ਕਰਨੇ) ਨਾਲ ਸਦੈਵੀ ਸੁਖ ਪ੍ਰਾਪਤ ਹੋ ਜਾਵੇ ਨੇ ॥ ੧ ॥ ਰਹਾਉ ॥
	(ਪ੍ਰਸ਼ਨ : ਦਾਤਾ ਜੀਓ! ਜੇ ਅਸੀਂ ਇਧਰ ਹੀ ਜੁੱਟ ਪਏ ਤਾਂ ਸਾਡੀ ਸਾਰ ਸੰਭਾਲ ਕੌਣ ਕਰਸੀ ?

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥

ਉੱਤਰ :-) (ਦੇਖ ਕਰਤਾਰ ਵਲੋਂ) ਨਿਤ ਨਿਤ ਜੀਵਾਂ ਦੀ ਸੰਭਾਲ ਹੋ ਰਹੀ ਹੈ, (ਤੈਨੂੰ ਬੀ ਉਹ) ਦੇਖੇਗਾ (ਅਰਥਾਤ ਤੇਰੀ ਸੰਭਾਲ ਬੀ ਉਹ ਕਰੇਗਾ, ਜਿਸ ਦਾ ਬਿਰਦ ਹੀ) ਦੇਵਣਹਾਰ ਹੈ। ਤੇਰੇ[1] (ਪਾਸੋਂ ਤਾਂ ਉਸ ਦੇ) ਦਾਨ ਦੀ ਕੀਮਤ ਨਹੀਂ ਪੈ ਸਕਦੀ, ਉਸ ਦਾਤੇ ਦਾ ਸ਼ੁਮਾਰ (ਲੇਖਾ) ਕੌਣ ਕਰ ਸਕਦਾ ਹੈ ॥ ੨ ॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥

(ਹੇ ਭਾਈ! ਤੈਨੂੰ ਇਸ ਲਈ ਸਮਝਾ ਰਹੇ ਹਾਂ ਕਿ ਸਦਾ ਏਥੇ ਨਹੀਂ ਰਹਿਣਾ, ਮੌਤ ਆਉਣੀ ਹੈ, ਜਿਵੇਂ ਵਿਆਹ ਤੋਂ ਪਹਿਲੋਂ ਵਿਆਹ ਦਾ ਸਾਹਾ ਸੰਮਤ ਲਿਖੀਦਾ ਹੈ ਤਿਵੇਂ) ਮੌਤ ਦਾ ਦਿਨ ਤੇ ਸੰਮਤ ਲਿਖਿਆ ਹੋਇਆ ਹੈ[2], ਹੁਣ ਸਜਣੋਂ! ਮਿਲ ਕੇ ਤੇਲ ਚੜ੍ਹਾਓ ਤੇ ਅਸੀਸਾਂ ਦਿਓ (ਮੌਤ ਰੂਪੀ ਵਿਵਾਹ ਕਰਕੇ ਅਪਣੇ) ਸੁਆਮੀ ਵਾਹਿਗੁਰੂ ਨਾਲ ਮੇਲ ਹੋ ਜਾਵੇ ॥ ੩ ॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥੧॥

(ਪ੍ਰਸ਼ਨ : ਇਹ ਕੀਕੂੰ ਪਤਾ ਲੱਗਾ ਸੀ ਕਿ ਸਾਹਾ ਲਿਖਿਆ ਗਿਆ ਹੈ ? ਉੱਤਰ : ਸੱਦਾ ਜੁ ਆ ਰਿਹਾ ਹੈ, ਪ੍ਰਸ਼ਨ : ਸੱਦਾ ਕਿਵੇਂ ਆ ਰਿਹਾ ਸਹੀ ਹੋਇਆ ? ਉੱਤਰ :) ਸੱਦੇ ਤਾਂ (ਨਿਤ) ਪੈ ਰਹੇ ਤੇ ਘਰ ਘਰ ਪੈ ਰਹੇ ਹਨ (ਅਰਥਾਤ ਜੀਵ ਮਰ ਰਹੇ ਹਨ) ਇਹ ਪਾਹੋਚਾ ਫਿਰ ਰਿਹਾ ਹੈ[3], (ਭਾਵ ਜੀਉਂਦਿਆਂ ਨੂੰ ਹੋਰਨਾਂ ਦੇ ਮਰਨ ਤੋਂ ਸੰਦੇਸਾ ਆ ਰਿਹਾ ਹੈ ਕਿ) ਉਹ (ਮਰਨੇ ਦਾ) ਦਿਨ ਆ ਰਿਹਾ ਹੈ। (ਇਸ ਲਈ ਹੇ ਭਾਈ ਹਰੇਕ ਨੂੰ ਤਜਾਰੀ ਕਰਨੀ ਚਾਹੀਦੀ ਹੈ ਕਿ ਤੁਹਾਨੂੰ ਬੀ ਇਸ ਵਿਵਾਹ ਹੋਣ ਪਰ ਪਤੀ ਪਰਮੇਸ਼ੁਰ ਪ੍ਰਾਪਤ ਹੋਵੇ। ਉਹ ਤਜਾਰੀ ਕੀ ਹੈ ? ਉੱਤਰ :) ਸੱਦਣਹਾਰੇ (ਵਾਹਿਗੁਰੂ) ਨੂੰ ਸਿਮਰੀਏ (ਤਾਂ ਤਜਾਰੀ ਪੂਰੀ ਹੋ ਜਾਂਦੀ ਹੈ, ਇਸੇ ਕਰਕੇ ਸ਼ਬਦ ਦੇ ਅਰੰਭ ਵਿਚ ਉਪਦੇਸ਼ ਦਿੱਤਾ ਹੈ ਕਿ '...ਗਾਵਹੁ ਸੋਹਿਲਾ' ਤੇ 'ਸਿਵਰਿਹੁ ਸਿਰਜਣਹਾਰੋ॥' ਸ੍ਰੀ ਗੁਰੂ) ਨਾਨਕ (ਦੇਵ ਜੀ ਦਾ ਉਪਦੇਸ਼ ਇਹ ਹੈ)॥੪॥੧॥

ਵਜਾਖਜਾ-ਮੌਤ ਦਾ ਦਿਨ ਨਿਯਤ ਹੈ। ਹੁਣ ਸੰਤਾਂ ਅਗੇ ਬੇਨਤੀ ਹੈ ਕਿ ਤੁਸੀਂ ਪ੍ਰੇਮ ਦਾ ਤੇਲ ਚਾੜ੍ਹੋ ਤੇ ਨਾਲ ਅਸੀਸਾਂ ਦੇਵੋ ਜੋ ਰਬ ਜੀ ਨਾਲ ਵਿਆਹ ਹੋ ਜਾਵੇ। ਮੁਰਾਦ ਇਹ ਹੈ ਕਿ ਮੌਤ ਵਿਛੋੜੇ ਦਾ ਰੂਪ ਲੈ ਕੇ ਨਾ ਆਵੇ, ਪਰ ਓਹ ਸਾਈਂ ਦੇ ਨਾਲ ਮੇਲ ਦਾ ਅਵਸਰ ਬਣੇ। ਭਾਵ ਇਹ ਕਿ ਨਿੱਤ ਦੇ ਸੱਦੇ ਜੋ ਪੈ ਰਹੇ ਹਨ, ਅਰਥਾਤ ਲੋਕੀਂ ਮਰ ਰਹੇ ਹਨ, ਇਹੋ ਪਹੋਚਾ ਹੈ ਕਿ ਸਾਹੇ ਦੇ ਦਿਨ ਪਰ ਤੁਸਾਂ ਬੀ ਪਹੁੰਚਣਾਂ ਹੋਵੇਗਾ। ਜਦ ਸੱਦਾ ਮਿਲ ਗਿਆ ਹੈ, ਤਦ ਤੁਸੀਂ ਤਜਾਰੀ ਕਰੋ। ਤਿਆਰੀ

---

[1] 'ਤੇਰੇ' ਪਦ ਨੂੰ ਈਸ਼੍ਵਰ ਦਾ ਸੰਬੋਧਨ ਬੀ ਲਾ ਕੇ ਅਰਥ ਕਰਦੇ ਹਨ।

[2] ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥ (ਗਉੜੀ ਬਾਵ: ਅ: ਮ: ੫-੨੧)

[3] ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥ (ਸਲੋਕ ਕਬੀਰ-੧੬੭)

ਇਹ ਹੈ ਕਿ, ਸੱਦਣਹਾਰੇ ਨੂੰ ਸਿਮਰੋ, ਇਸ ਤੋਂ ਪਹਿਲੇ ਕਿ ਉਹ ਸਾਹੇ ਦੇ ਦਿਨ ਆਉਣ, ਅਰਥਾਤ ਇਹ ਕਿ ਮੌਤ ਤੋਂ ਪਹਿਲੇ ਪਹਿਲੇ ਭਜਨ ਕਰ ਲਓ।

ਇਉਂ ਬੀ ਅਰਥ ਕਰਦੇ ਹਨ : ਕਿ ਦਿਨ ਰਾਤ ਦਾ ਬਦਲਣਾ ਦੋ ਸੱਦੇ ਪੈ ਰਹੇ ਹਨ, ਇਹੋ ਪਹੁੰਚਾ ਘਰ ਘਰ ਵਿਚ ਹੋ ਰਿਹਾ ਹੈ। ਅਥਵਾ ਘਰਿ ਘਰਿ = ਸ਼ਾਸਤ੍ਰ ਜਾਂ ਧਰਮ ਪੁਸਤਕਾਂ ਦੇ ਵਿਚ ਇਹੋ ਸੱਦੇ ਪੈ ਰਹੇ ਹਨ ਕਿ ਹੇ ਜੀਵ ਗਜਾਨ ਨੂੰ ਪਹੁੰਚੋ। 'ਪਹੋਚਾ' ਯਾ 'ਪਹੁੰਚਾ' ਇਕ ਰਸਮ ਸੀ ਕਿ ਲਾਗੀ ਮੌਲੀ ਦਾ ਅੱਟਾ ਦੇਕੇ ਲੋਕਾਂ ਨੂੰ ਸੱਦਾ ਦੇਂਦੇ ਸਨ ਕਿ ਫਲਾਣੇ ਦਿਨ ਵਿਵਾਹ ਤੇ ਪਹੁੰਚੋਂ। ਨਿਜ ਦੇ ਸੰਬੰਧੀਆਂ ਨੂੰ ਨਾਲ ਭਾਜੀ ਬੀ ਜਾਂਦੀ ਸੀ। ਇਹ ਮੌਲੀ ਯਾ ਰੰਗਿਆ ਧਾਗਾ ਸ਼ਗਨ ਵਜੋਂ ਮੇਲ ਵਿਚ ਬੰਨ੍ਹਕੇ ਆਉਂਦੇ ਸਨ। ਭਾਵ ਵਿਵਾਹ ਦੇ ਸੱਦੇ ਤੋਂ ਹੈ।

ਲਹਿੰਦੇ ਵਲ ਸਾਹੇ ਚਿੱਠੀ ਦੇ ਨਾਲ ਕੁਛ ਸ਼ੈ ਧੀ ਵਾਲੇ ਘਰ ਘੱਲਦੇ ਸਨ, ਉਸ ਨੂੰ 'ਭੋਚਾ' ਕਹਿੰਦੇ ਸਨ।

ਨਿਰੁਕ੍ਤ–ਜੈ– (ਪੰ:, ਜਿਹੜਾ ਦਾ ਸੰਖੇਪ) ਜਿਹ, ਜਿਸ।

ਘਰਿ– (ਸੰਸ:, ਗ੍ਰਿਹੰ। ਪ੍ਰਾਕ੍ਰਿਤ ਤੇ ਪੰਜਾਬੀ, ਘਰ = ਰਹਿਣ ਦੀ ਜਗਾ, ਮਕਾਨ) ਘਰ ਵਿਚ। ਸਤਿਸੰਗ ਰੂਪੀ ਘਰ ਵਿਚ।

ਅਗਲੇ ਸ਼ਬਦ ਵਿਚ ਘਰ ਦਾ ਪਦ ਸ਼ਾਸਤ੍ਰ ਵਾਸਤੇ ਵਰਤਿਆ ਹੈ[1], ਇਸ ਕਰਕੇ ਕਈ ਦਾਨੇ ਏਥੇ ਬੀ ਘਰ ਦਾ ਅਰਥ ਸ਼ਾਸਤ੍ਰ ਦਾ ਲਾਉਂਦੇ ਹਨ, ਕਿ ਜਿਸ ਸ਼ਾਸਤ੍ਰ ਵਿਚ ਨਾਮ ਤੇ ਕੀਰਤਨ ਦਾ ਪ੍ਰਤਿਪਾਦਨ ਹੋਵੇ ਉਸ ਦੇ ਮਗਰ ਲਗੋ ਤੇ ਕੀਰਤਨ ਤੇ ਸਿਮਰਣ ਕਰੋ।

ਘਰ ਪਦ ਦੇ ਗੁਰਬਾਣੀ ਵਿਚ ਅਨੇਕਾਂ ਅਰਥ ਹਨ। ਪਰ ਏਥੇ ਸਤਿਸੰਗ ਅਰਥ ਹੀ ਠੀਕ ਫਬਦਾ ਸਹੀ ਹੁੰਦਾ ਹੈ। ਘਰ ਪਦ ਦੇ ਹੋਰ ਅਰਥ ਹਨ :-

੧. ਘਰ = ਮਕਾਨ, ਰਹਿਣੇ ਦੀ ਥਾਂ, ਯਥਾ- '**ਘਰ ਛਡਣੇ ਰਹੈ ਨ ਕੋਈ॥**' (ਮਾਰੂ ਮ: ੧-੨)

੨. ਘਰ = ਸਰੀਰ।

੩. ਘਰ = ਦਸਮ ਦੁਆਰ:- '**ਘਰ ਮਹਿ ਘਰੁ ਦਿਖਾਇ ਦੇਇ॥**' (ਵਾਰ ਮਲਾਰ ਮ: ੧-੨੭)

੪. ਘਰ = ਅੰਤਹਕਰਣ, ਮਨ:- '**ਘਰ ਮਹਿ ਠਾਕੁਰੁ ਨਦਰਿ ਨ ਆਵੈ॥**' (ਸੂਹੀ ਮ: ੫-੯)

੫. ਘਰ = ਸ਼ਾਸਤ੍ਰ। ਯਥਾ:- '**ਛਿਅ ਘਰ ਛਿਅ ਗੁਰ ਛਿਅ ਉਪਦੇਸ॥**' (ਆਸਾ ਮਹਲਾ ੧)

੬. ਘਰ = ਇਸਤ੍ਰੀ। ਯਥਾ:- '**ਘਰ ਕਾ ਮਾਸੁ ਚੰਗੇਰਾ॥**' (ਮਲਾਰ ਵਾਰ ਮ: ੧-੨)

੭. ਘਰ = ਸਰੀਰ ਦੇ ਅਸਥਾਨ। ਕੰਗ੍ਰੋੜ ਦੇ ਮੁਹਰੇ। ਕੋਠੜੀਆਂ ਯਥਾ :-

'**ਬਹਤਰਿ ਘਰ ਇਕੁ ਪੁਰਖੁ ਸਮਾਇਆ॥**' (ਸੂਹੀ ਕਬੀਰ-੫)

੮. ਘਰ = ਸਰੂਪ, ਯਥਾ:- **ਸੋ ਘਰੁ ਗੁਰਿ ਨਾਨਕ ਕਉ ਦੀਆ॥** (ਗਉੜੀ ਮ: ੫-੧੦੪)

੯. ਘਰ = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਗਾਜਨ ਦੇ ਟਿਕਾਣੇ ਜੋ ਤਾਲ ਦੇ ਹਿੱਸਿਆਂ ਨਾਲ ਸੰਬੰਧ ਰਖਦੇ ਹਨ, ਕਈਆਂ ਦਾ ਖਿਆਲ ਹੈ ਕਿ ਕੁਛ ਸੁਰ ਨਾਲ ਬੀ। ਵਿਸ਼ੇਸ਼ ਦੇਖੋ, (ਪਿੱਛੇ ਪੰਨਾ ੧੯੨।

੧੦. ਘਰ ਕਾ = ਨਿਜ ਦਾ, ਯਥਾ:- **ਘਰ ਕਾ ਕਾਜੁ ਨ ਜਾਣੀ ਰੂੜਾ॥** (ਸੂਹੀ ਮ: ੫-੩੫)

੧੧. ਘਰ ਕੈ = ਨਿਜ ਦੇ, ਆਪਣੀ ਮੁਕਤੀ ਦੇ, ਸ੍ਵੈ ਸਰੂਪ ਦੇ-ਯਥਾ:-

'**ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ॥**' (ਗਉ: ਬੈ: ਮ: ੪-੪੯)

---

[1]ਛਿਅ ਘਰ ਛਿਅ ਗੁਰ ਛਿਅ ਉਪਦੇਸ॥ (ਆਸਾ ਮਹਲਾ ੧)

ਪੁਨਾ:- **ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ॥** (ਗਉ: ਬੈ: ਮ: ੪-੪੮)

੧੨. ਘਰ ਉਚਾ= ਉੱਚਾ ਘਰ, ਭਾਵ ਬੱਦਲ ਯਥਾ:-

ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ॥ (ਗੂਜਰੀ ਵਾਰ ਮ: ੩-੨੧)

ਅਰਥਾਤ (ਜਿਸ ਰਿਦੇ ਰੂਪ) ਖੇਤ ਦੀਆਂ (ਮਿਆਲਾਂ= ਸ਼ਰਧਾ ਰੂਪ) ਵੱਟਾਂ (ਉੱਚੀਆਂ=) ਦ੍ਰਿੜ (ਹਨ ਉਥੇ ਹੀ ਗੁਰੂ ਰੂਪ) ਬੱਦਲ ਦਾ (ਉਪਦੇਸ਼ ਰੂਪੀ ਜਲ ਨਿਰਣਉ=) ਟਿਕਦਾ ਹੈ।

ਕੀਰਤਿ- (ਸੰਸ:, ਕੀਰ੍ਤਿ:) ਕੀਰਤੀ, ਯੱਸ। ਕੀਰਤਿ ਆਖੀਐ = ਯੱਸ ਕਹੀਏ, ਗਾਵੀਏ, ਕੀਰਤਨ ਕਰੀਏ।

ਤਿਤੁ- (ਪੁ:, ਪੰਜਾਬੀ) ਤਿਸ।

ਸਿਵਰਿਹੁ- (ਸੰਸ:, ਸਮ੍ਰਿ = ਯਾਦ। ਪੰਜਾਬੀ, ਸਿਮਰ। ਦੂਸਰਾ ਰੂਪ-ਸਿਵਰ) ਸਿਮਰੋ। ਸਿਮਰਣ ਕਰੋ। ਯਾਦ ਕਰੋ।

ਸਿਰਜਣਹਾਰੋ- (ਸੰਸ:, ਸ਼੍ਰਿਜ = ਰਚਨਾ ਕਰਨੀ। ਪੰਜਾਬੀ, ਸਿਰਜਣ+ਹਾਰ = ਰਚਣ ਵਾਲਾ ਰਚਣ ਵਾਲੇ ਨੂੰ।

ਨਿਰਭਉ- ਭੈ ਰਹਿਤ। ਇਸ ਕਰਕੇ ਕਿਹਾ ਕਿ ਸਦਾ ਦਾ ਸੁਖ ਭੈ ਰਹਿਤ ਹੋਣ ਨਾਲ ਹੁੰਦਾ ਹੈ ਤੇ ਭੈ ਰਹਿਤ ਨੂੰ ਸਿਮਰਕੇ ਭੈ ਰਹਿਤ ਹੋਈਦਾ ਹੈ, ਯਥਾ:- '**ਨਿਰਭਉ ਜਪੈ ਸਗਲ ਭਉ ਮਿਟੈ॥**' (ਸੁਖਮਨੀ, ੨੨-੭)

ਸੋਹਿਲਾ- (ਸੰਸ:, ਸੁਖਕੇਲਿ: = ਖੁਸ਼ੀ। ਪ੍ਰਾਕ੍ਰਿਤ, ਸਹੇਲ੍ਲ = ਖੁਸ਼ੀ। ਪੁ:, ਪੰਜਾਬੀ, ਸੁਹੇਲ[1] = ਖੁਸ਼ੀ। ਸੋਹਿਲਾ = ਖੁਸ਼ੀ ਸੰਬੰਧੀ) ਖੁਸ਼ੀ ਵਾਲਾ, ਸੁਖ ਵਾਲਾ, ਮੰਗਲ ਵਾਲਾ। ਆਮ ਬੋਲੀ ਵਿਚ ਯੱਸ ਦੇ ਗੀਤ ਨੂੰ ਸੋਹਿਲਾ ਆਖਦੇ ਹਨ। ਏਥੇ ਅਰਥ ਹੈ - ਗੁਣਾਨੁਵਾਦ ਦਾ ਮੰਗਲਮਯ ਗੀਤ।

ਵਾਰੀ- (ਪੰਜਾਬੀ) ਸਦਕੇ। ਕੁਰਬਾਨ ਹੋਣਾ, ਸਦਕੇ ਹੋਣਾ, ਬਲਿਹਾਰ ਹੋਣਾ। ਸੰਸਕ੍ਰਿਤ 'ਵਾਰ੍ਣ' ਪਦ ਦਾ ਅਰਥ ਰਖ੍ਯਾ ਕਰਨੀ ਬੀ ਹੈ, ਰਖ੍ਯਾ ਵਾਸਤੇ ਹੀ ਵਾਰਾ ਫੇਰਾ ਕਰਦੇ ਹਨ। ਜੋ ਸ਼ੈ ਸਦਕੇ ਕਰਦੇ ਹਨ ਸਿਰ ਤੋਂ ਫੇਰਕੇ ਕਰਦੇ ਹਨ, ਉਸ ਤੋਂ 'ਵਾਰਨਾ' ਪਦ ਕੁਰਬਾਨ ਹੋਣ ਦੇ ਅਰਥਾਂ ਵਿਚ ਆਇਆ ਜਾਪਦਾ ਹੈ।

ਜੀਅੜੇ- (ਸੰਸ:, ਜੀਵ, ਜੀਅ ਦਾ ਬਹੁ ਬਚਨ ਜੀਵਾਂ ਨੂੰ+ੜਾ ਨਿੰਮ੍ਰਵਾਚੀ ਪ੍ਰਤੇ) ਜੀਵ, ਜੀਵਾਂ ਨੂੰ।

ਸਮਾਲੀਅਨਿ- (ਸੰਸ:, ਸਮਾਰ:। ਪੰਜਾਬੀ, ਸੰਭਾਲਨਾ, ਸਮ੍ਹਾਲਨਾ) ਸੰਭਾਲ ਹੁੰਦੀ ਹੈ। ਯਾਦ ਤੇ ਖ਼ਬਰਦਾਰੀ ਹੁੰਦੀ ਹੈ। ਖ਼ਬਰਦਾਰੀ ਕੀਤੀ ਜਾਂਦੀ ਹੈ।

ਦੇਖੇਗਾ-ਵੇਖੇਗਾ, ਖ਼ਬਰਗੀਰੀ ਕਰੇਗਾ, ਸੰਭਾਲੇਗਾ।

ਤੇਰੇ ਦਾਨੈ ਕੀਮਤਿ- ਹੇ ਜੀਵ! ਤੇਰੇ ਪਾਇਆਂ (ਉਸ ਦੇ) ਦਾਨ ਦੀ ਕੀਮਤ ਤੈਥੋਂ ਨਹੀਂ ਪੈ ਸਕਦੀ ਤਦ ਉਸ ਦਾਤੇ ਦਾ ਸ਼ੁਮਾਰ ਕੌਣ ਕਹਿ ਸਕਦਾ ਹੈ।

(ਅ) ਭਾਈ ਗੁਰਦਾਸ ਦੀ ਇਹ ਤੁਕ ਵਾਚਕੇ: 'ਦਾਨੈ ਕੀਮਤਿ ਨਾ ਪਵੈ ਦਾਤੈ ਕਉਣੁ ਸੁਮਾਰੁ ਵਖਾਣੈ।' (ਵਾਰ ੧੫-੧੫) ਸਿਆਣੇ ਐਉਂ ਬੀ ਅਰਥ ਲਾਉਂਦੇ ਹਨ: 'ਹੇ ਕਰਤਾਰ! ਤੇਰੇ ਦਾਨ ਦੀ ਕੀਮਤ ਨਹੀਂ ਪੈ ਸਕਦੀ। ਪਰ 'ਤੇਰੇ' ਤੇ ਫੇਰ 'ਤਿਸੁ' ਹੋਣ ਕਰਕੇ ਇਸ ਅਰਥ ਤੇ ਕਿੰਤੂ ਹੁੰਦਾ ਹੈ।

---

[1]ਜਿਵੇਂ 'ਸਹੁਰਾ' ਤੋਂ 'ਸਾਹੁਰਾ' (=ਸਹੁਰੇ ਸੰਬੰਧੀ) ਬਣਿਆ ਹੈ, ਤਿਵੇਂ 'ਸੁਹੇਲ' ਤੋਂ 'ਸੋਹਿਲਾ' (=ਖੁਸ਼ੀ ਸੰਬੰਧੀ) ਬਣਿਆ ਹੈ।

ਤਦ ਐਉਂ ਅਰਥ ਲਾਈਦੇ ਹਨ : ਤੇਰੇ ਦਾਨ ਦੀ ਹੇ ਈਸ਼੍ਵਰ ਕੀਮਤ ਨਹੀਂ ਪੈ ਸਕਦੀ ਜੀਵ ਤੋਂ, ਫੇਰ ਉਸ ਦਾਤੇ ਦਾ ਸ਼ੁਮਾਰ ਕੌਣ ਪਾ ਸਕਦਾ ਹੈ!

ਅਸਲ ਵਿਚ ਇਸ ਤਰ੍ਹਾਂ ਪ੍ਰੋਖਜ ਤੇ ਅਪ੍ਰੋਖਜ ਸਰਬ ਨਾਮ ਵਰਤਣੇ ਦੀ ਸਾਹਿਤ ਵਿਚ ਮਨਾਹੀ ਨਹੀਂ, ਸਗੋਂ ਇਕ ਖ਼ੂਬੀ ਸਮਝੀ ਜਾਂਦੀ ਹੈ। ਵਕਤਾ ਅੰਨਜ ਪੁਰਖ ਨਾਲ ਗੱਲ ਕਰਦਾ ਕਰਦਾ ਮੱਧਮ ਪੁਰਖ ਵਿਚ ਧਜਾਨ ਕਰਦਾ ਫੇਰ ਅੰਨਜ ਪੁਰਖ ਵਿਚ ਆ ਜਾਂਦਾ ਹੈ, ਉਸ ਦਾ ਨਿਸ਼ਾਨਾ ਪਦਾਂ ਦਾ 'ਪੁਰਖੁ' ਬਦਲ ਲਿਆਂ ਇੱਕੋ ਹੁੰਦਾ ਹੈ। ਜਿਵੇਂ ਇਥੇ ਨਿਸ਼ਾਨਾ ਅਕਾਲ ਪੁਰਖ ਹੈ ਤੇ ਪਦ 'ਤੇਰੇ' ਤੇ 'ਤਿਸੁ' ਉਸੇ ਨੂੰ ਲਗਾ ਰਹੇ ਹਨ।

ਸੁਮਾਰ- (ਫ਼ਾ:, ਸ਼ੁਮਾਰ) ਗਿਣਤੀ।

ਸੰਬਤਿ- (ਸੰਸ:, ਸੰਵਤ੍ = ਵਰਹਾ) ਸਾਲ। ਸੰਨ।

(ਅ) ਸੰਬਤਿ ਪਦ ਨੂੰ ਸੰਸਕ੍ਰਿਤ ਪਦ 'ਸੰ-ਮਤਿ' ਸਮਮਤਿ ਸਮਝਕੇ, ਜਿਸ ਦੇ ਅਰਥਾਂ ਵਿਚੋਂ ਇਕ ਅਰਥ ਹੈ 'ਆਤਮ ਗਿਆਨ' ; ਤੁਕਾਂ ਦੇ ਅਰਥ ਐਉਂ ਲਾਉਂਦੇ ਹਨ :-

ਸੰਬਤਿ = ਗਜਾਨ ਦੁਆਰਾ (ਸਾਹਾ =) ਪਰਮੇਸ਼ੁਰ ਨਾਲ ਮੇਲ (ਹੁੰਦਾ ਹੈ, ਇਹ ਅਸੂਲ) ਲਿਖਿਆ ਹੋਇਆ ਹੈ (ਸੋ ਸੰਤਾਂ ਨਾਲ) ਮਿਲਕੇ (ਪਾਵਹੁ ਤੇਲ) ਪ੍ਰੇਮ ਪ੍ਰਾਪਤ ਕਰੋ (ਤੇ ਬੇਨਤੀ ਕਰੋ ਕਿ ਹੇ ਸੰਤ) ਸਜਣੋਂ! ਅਸੀਸਾਂ ਦਿਓ, ਜਿਸ ਤਰ੍ਹਾਂ ਕਿ ਸਾਹਿਬ ਨਾਲ ਮੇਲ ਹੋ ਜਾਵੇ।

ਸਾਹਾ- (ਸੰਸ:, ਸੁ+ਆਹਨ ਤੋਂ ਸਾਹਾ। ਦੇਸ਼ ਭਾਸ਼ਾ) ਉਹ ਦਿਨ, ਤਾਰੀਖ ਤੇ ਲਗਨ ਦਾ ਵਕਤ, ਜਿਸ ਵੇਲੇ ਵਿਆਹ ਨਿਯਤ ਕੀਤਾ ਜਾਏ।

ਤੇਲ- (ਸੰਸ:, ਤੈਲੰ) ਇਕ ਥਿੰਧਾ ਪਦਾਰਥ ਜੋ ਤਿਲ, ਸਰਹੋਂ ਆਦਿ ਬੀਜਾਂ ਯਾ ਕਈ ਲਕੜੀਆਂ ਤੋਂ ਦਬਾਇਆਂ ਨਿਕਲਦਾ ਹੈ। ਤੇਲ ਦਾ ਚਾੜ੍ਹਨਾ ਇਕ ਰਸਮ ਹੁੰਦੀ ਸੀ ਤੇ ਅਜੇ ਬੀ ਕਈ ਥਾਂ ਹੈ। ਸਾਹਾ ਸੋਧੇ ਜਾਣ ਤੋਂ ਬਾਅਦ ਕਾਕੀ ਨੂੰ ਪੇਕੇ ਘਰ ਤੇਲ ਚਾੜ੍ਹਦੇ ਸਨ, ਇਸ ਤੋਂ ਮਗਰੋਂ ਹੋਰ ਰਸਮਾਂ ਤੇ ਫਿਰ ਬ੍ਰਹਮ ਭੋਜ ਤੇ ਫੇਰ ਵਿਵਾਹ।

ਏਥੇ ਤੇਲ ਦਾ ਇਸ਼ਾਰਾ ਉਸ ਰਸਮ ਵਲ ਹੈ। ਕਿਉਂਕਿ ਇਹ ਪ੍ਰਾਰਥਨਾ ਸੰਤਾਂ ਅੱਗੇ ਹੈ ਕਿ ਤੁਸੀਂ ਅਸੀਸ ਦਿਓ ਤੇ ਪ੍ਰੇਮ ਯਾ ਵੈਰਾਗ ਦਾਨ ਕਰੋ ਜੋ ਮੇਰੀ ਵਿਆਹ ਲਈ ਤਜਾਰੀ ਪੂਰਨ ਹੋਵੇ ਤੇ ਵਿਵਾਹ 'ਪਤੀ ਮੇਲ' ਵਿਚ ਅੰਤ ਹੋਵੇ।

'ਸਨੇਹ' ਦੇ ਦੋ ਅਰਥ ਹਨ- 'ਪ੍ਰੇਮ' ਤੇ 'ਤੇਲ', ਇਸੇ ਕਰਕੇ ਦਾਨੇ ਤੇਲ ਨੂੰ ਸਨੇਹ ਸਮਝਕੇ ਤੇਲ ਦਾ ਅਰਥ ਪ੍ਰੇਮ ਵੀ ਲਾ ਲੈਂਦੇ ਹਨ, ਭਾਵ ਕਿ ਮੈਨੂੰ ਪ੍ਰੇਮ ਦਾਨ ਕਰੋ। ਕਈ ਵੈਰਾਗ ਨੂੰ ਬੀ ਤੇਲ ਦਾ ਭਾਵ ਦੱਸਦੇ ਹਨ। ਉਂਞ ਤੇਲ ਚਾੜ੍ਹਨਾ ਇਕ ਰਸਮ ਹੈ ਜੋ ਵਿਆਹ ਤੋਂ ਪਹਿਲੇ ਕਰੀਦੀ ਹੈ।

ਘਰਿ ਘਰਿ-ਸਰੀਰ ਨੂੰ ਭਾਵ ਹਰ ਜੀਵ ਨੂੰ।

(ਅ) ਸਤਿਸੰਗ ਵਿਚ ਨਿਤ ਸੱਦੇ ਪੈ ਰਹੇ ਹਨ ਕਿ ਵਾਹਿਗੁਰੂ ਨਾਲ ਮਿਲਣਾ ਕਰੋ। ਸੋ ਸੱਦਣਹਾਰੇ ਵਾਹਿਗੁਰੂ ਨੂੰ ਸਿਮਰਣ ਕਰੀਏ ਤਾਂ ਕਿ ਓਹ ਦਿਹਾੜੇ (ਗਜਾਨ ਪ੍ਰਾਪਤੀ ਦੇ, ਜੋ ਉਨ੍ਹਾਂ ਨੂੰ ਪ੍ਰਾਪਤ ਹੋਏ ਹਨ, ਤੁਹਾਨੂੰ ਬੀ ਆਵਨਿ =) ਪ੍ਰਾਪਤ ਹੋ ਜਾਣ।

ਅਥਵਾ ਘਰਿ ਘਰਿ = ਸ਼ਾਸਤ੍ਰ ਜਾਂ ਧਰਮ ਪੁਸਤਕਾਂ ਵਿਚ ਇਹੋ ਸੱਦੇ ਪੈ ਰਹੇ ਹਨ ਕਿ ਹੇ ਜੀਵ ਗਜਾਨ ਨੂੰ ਪਹੁੰਚੋ।

ਪਾਹੁਚਾ- 'ਪਹੋਚਾ' ਯਾ 'ਪਹੁੰਚਾ' ਇਕ ਰਸਮ ਸੀ ਜੈਸੇ ਕਿ ਪਿਛੇ ਵਜਾਖਜਾ ਵਿਚ ਦੱਸਿਆ ਜਾ ਚੁਕਾ ਹੈ ਕਿ ਮੌਲੀ ਦਾ ਅੱਟਾ ਦੇ ਕੇ ਲੋਕਾਂ ਨੂੰ ਸੱਦਾ ਦੇਂਦੇ ਸਨ ਕਿ ਫਲਾਣੇ ਦਿਨ ਵਿਵਾਹ ਤੇ ਪਹੁੰਚੋ। ਨਿਜ ਦੇ ਸੰਬੰਧੀਆਂ ਨੂੰ ਨਾਲ ਭਾਜੀ ਬੀ ਜਾਂਦੀ ਸੀ। ਭਾਵ ਵਿਆਹ ਦੇ ਸੱਦੇ ਤੋਂ ਹੈ।

(ਆਸਾ ਮਹਲਾ ੧)

ਪ੍ਰਾਕ੍ਥਨ–ਉਹ ਮਤਿ ਜਿਸ ਵਿਚ ਹਰੀ ਕੀਰਤਨ ਮੁੱਖ ਹੈ ਸਾਰੇ ਮਤਾਂ ਤੋਂ ਸ੍ਰੇਸ਼ਟ ਹੈ।

ਮੂਲ	ਅਰਥ
ਰਾਗੁ ਆਸਾ ਮਹਲਾ ੧॥	
ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ॥੧॥	ਛੀ ਸ਼ਾਸਤ੍ਰ, ਛੀ (ਉਨ੍ਹਾਂ ਦੇ) ਰਚਨ ਹਾਰੇ, ਛੀ (ਉਨ੍ਹਾਂ ਦੇ) ਉਪਦੇਸ਼ ਹਨ, (ਪਰ) ਗੁਰੂ (ਅਕਾਲ ਪੁਰਖ) ਇਕੋ ਹੈ, (ਉਸ ਦੇ) ਵੇਸ ਅਨੇਕ ਹਨ।
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥	ਹੇ ਭਾਈ! ਜਿਸ ਘਰ (ਸ਼ਾਸਤ੍ਰ ਯਾ ਮਤ) ਵਿਚ (ਉਸ) ਕਰਤੇ (ਪੁਰਖ) ਦੀ ਕੀਰਤੀ ਹੋਵੇ, ਉਸ ਘਰ ਨੂੰ ਰੱਖ (ਧਾਰਨ ਕਰ, ਮੰਨ, ਕਿਉਂਕਿ ਇਸੇ ਵਿਚ) ਤੇਰੀ ਵਡਿਆਈ ਹੈ[1]॥੧॥ ਰਹਾਉ ॥
ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥ ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥੨॥੨॥	(ਜਿਕੁਰ) ਵਿਸਿਆਂ, ਚਸਿਆਂ, ਘੜੀਆਂ, ਪਹਿਰਾਂ, ਥਿਤਾਂ (ਤੇ) ਵਾਰਾਂ ਨਾਲ ਮਹੀਨਾ ਬਣਿਆ ਹੈ ; (ਫੇਰ) ਅਨੇਕ ਰੁੱਤਾਂ (ਬਣੀਆਂ ਹਨ, ਪਰ ਸਭਨਾਂ ਦਾ ਕਾਰਣ) ਇਕੋ ਸੂਰਜ ਹੈ ; (ਤਿਵੇਂ ਇਕ) ਕਰਤਾਰ ਦੇ ਅਨੇਕ ਵੇਸ ਹਨ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥੨॥੨॥

ਵਯਾਖਯਾ–ਸੁਗਮ ਹੈ।

ਨਿਰੁਕ੍ਤ–ਛਿਅ ਘਰ ਛੇ ਸ਼ਾਸਤ੍ਰ।

ਛਿਅ ਗੁਰ– ਛੇ ਸ਼ਾਸਤ੍ਰਾਂ ਦੇ ਰਚਣਹਾਰੇ, ਆਦਿ ਕਰਤਾ।

ਛਿਅ ਉਪਦੇਸ– ਛੇ ਉਨ੍ਹਾਂ ਦੀਆਂ ਸਿਖਯਾ ਹਨ। ਛੇ ਮਤਿ ਹਨ। ਛੇ ਸ਼ਾਸਤ੍ਰ ਤੇ ਉਨ੍ਹਾਂ ਦੇ ਕਰਤਾ ਏਹ ਹਨ :-

(੧) ਨਯਾਯ ਦਾ ਗੌਤਮ, (੨) ਵਿਸ਼ੇਸ਼ਕ ਦਾ ਕਣਾਦ, (੩) ਸਾਂਖ ਦਾ ਕਪਿਲ,
(੪) ਯੋਗ ਦਾ ਪਾਤੰਜਲ, (੫) ਵੇਦਾਂਤ ਦਾ ਵਯਾਸ, (੬) ਮੀਮਾਂਸਾ ਦਾ ਜੈਮਨੀ।

ਵਿਸੁਏ– (ਹਿੰਦੀ) ਵਿਸਿਆ। ਪੰਦਰਾਂ ਵਾਰ ਅੱਖ ਫਰਕਨਾ ਵਿਸਾ ਹੈ।

ਚਸਿਆ– ਚਸੇ। ਪੰਦਰਾਂ ਵਿਸੇ ਦਾ ਇਕ ਚਸਾ ਹੁੰਦਾ ਹੈ।

ਘੜੀਆ– ਘੜੀਆਂ। ੩੦ ਚਸੇ ਦਾ ਇਕ ਪਲ ਤੇ ੬੦ ਪਲਾਂ ਦੀ ਇਕ ਘੜੀ।

ਪਹਰਾ– (ਸੰਸ:, ਪ੍ਰਹਰ:। ਪੰਜਾਬੀ, ਪਹਿਰ) ਪਹਰ = ਦਿਨ ਰਾਤ ਦਾ ਅੱਠਵਾਂ ਹਿੱਸਾ। ਲਗ ਪਗ ਸਾਢੇ ਸਤ ਘੜੀਆਂ ਯਾ ਤਿੰਨ ਘੰਟੇ ਦਾ ਵਕਤ। ਚਾਰ ਪਹਿਰ ਦਾ ਵਾਰ ਯਾ ਥਿਤ। ਅੱਠ ਪਹਿਰ ਦਾ ਦਿਨ ਰਾਤ।

ਥਿਤੀ– (ਸੰਸ:, ਤਿਥਿ:। ਪੰਜਾਬੀ, ਥਿਤ) ਚੰਦ੍ਰਮਾਂ ਦੇ ਹਿਸਾਬ ਗਿਣੀਆਂ ਜਾਣ ਵਾਲੀਆਂ ਦੋਹਾਂ ਪੱਖਾਂ ਦੀਆਂ ਤ੍ਰੀਕਾਂ।

---

[1]ਗੁਰੂ ਜੀ ਆਪਣਾ ਸਿੱਧਾਂਤ ਦੱਸਦੇ ਹਨ ਕਿ ਸਾਂਈਂ ਦੀ ਸਿਫਤ ਸਲਾਹ (ਪ੍ਰੇਮ ਮਾਰਗ) ਸਭ ਤੋਂ ਸ੍ਰੇਸ਼ਟ ਹੈ।

ਵਾਰੀ- (ਸੰਸ:, ਵਾਰ: = ਕਾਲ, ਮੌਕਿਆ, ਅਵਸਰ, ਦਿਨ) ਮੰਗਲ ਬੁਧ ਆਦਿਕ ਵਾਰ।

ਮਾਹ- (ਫ਼ਾ:, ਮਾਹ) ਮਹੀਨਾ।

ਹੋਆ- ਹੋਇਆ ਹੈ, ਬਣਿਆ ਹੈ। (ਅ) ਨਾਮ ਬਰਸ ਦਾ ਹੈ। (ਸੰਸ:, ਹਾਯਨ = ਵਰਹਾ। ਪੁ: ਪੰਜਾਬੀ, ਹੋਆ)। ਬਰਸ, ਵਰਹਾ। ਭਾਵ ਇਕੋ ਸੂਰਜ ਤੋਂ ਬਰਸ, ਮਹੀਨੇ, ਥਿਤਾਂ, ਵਾਰ, ਪਹਿਰ, ਘੜੀਆਂ, ਚਸੇ, ਵਿਸੇ ਹਨ ਤੇ ਜਿਵੇਂ ਉਸ ਇਕੋ ਤੋਂ ਰੁਤ ਦੀ ਅਨੇਕਤਾਈ ਹੈ, ਤਿਵੇਂ ਕਰਤਾਰ ਦੇ ਅਨੇਕ ਵੇਸ ਹਨ।

(ਰਾਗ ਧਨਾਸਰੀ ਮਹਲਾ ੧)

ਪ੍ਰਾਕ੍ਥਨ-ਇਸ ਸ਼ਬਦ ਵਿਚ ਕੁਦਰਤ ਨੂੰ ਕਰਤਾ ਪੁਰਖ ਦੀ ਆਰਤੀ ਕਰਦੇ ਦੱਸਕੇ ਸਦੀਵ ਉਸ ਦੀ ਹਜ਼ੂਰੀ ਦੇ ਅਨੁਭਵ ਵਿਚ ਰਹਿਣੇ ਦੀ ਪ੍ਰੇਰਨਾ ਹੈ।

ਮੂਲ	ਅਰਥ
ਰਾਗੁ ਧਨਾਸਰੀ ਮਹਲਾ ੧॥	
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥	(ਕੁਦਰਤ ਦੀ ਆਰਤੀ) ਅਕਾਸ਼ ਰੂਪ ਥਾਲ ਹੈ, ਸੂਰਜ ਚੰਦ ਦੀਵੇ ਬਣੇ ਹਨ, ਤਾਰਿਆਂ ਦਾ ਮੰਡਲ ਮਾਨੋ ਮੋਤੀ ਹਨ। ਮਲਯ ਪਰਬਤ ਦੀ (ਸੁਗੰਧਿਤ) ਵਾਯੂ ਧੂਪ (ਹੈ ਮਾਨੋ), ਪੌਣ (ਮਾਨੋਂ) ਚੌਰ ਕਰਦੀ ਹੈ. ਸਾਰੀ ਬਨਸਪਤੀ ਹੇ ਜੋਤੀ (ਸਰੂਪ ਅਕਾਲ ਪੁਰਖ!) ਤੇਰੇ ਫੁੱਲ ਹਨ॥੧॥
ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥	(ਤੇਰੀ ਇਸ ਆਰਤੀ ਲਈ) ਅਨਾਹਤ (ਰੂਪੀ) ਭੇਰੀ (ਵਰਗੇ ਵਾਜੇ) ਵਜ ਰਹੇ ਹਨ। (ਇਉਂ ਹੇ) ਭਵਖੰਡਨਾ! ਤੇਰੀ ਆਰਤੀ (ਆਪੇ) ਹੋ ਰਹੀ ਹੈ। (ਪ੍ਰਸ਼ਨ : ਨਿਰਗੁਣ ਦੀ) ਆਰਤੀ ਕੈਸੇ ਹੋ ਸਕਦੀ ਹੈ ? (ਉਸ ਦੇ ਕੋਈ ਅੰਗ ਹਨ ਜੋ ਆਰਤੀ ਨੂੰ ਦੇਖੇ ਤੇ ਸੁਗੰਧੀ ਨੂੰ ਸੁੰਘੇ ?) ॥੧॥ਰਹਾਉ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥	(ਇਸ ਦਾ ਉੱਤਰ ਅਕਾਲ ਪੁਰਖ ਦੇ ਸਨਮੁਖ ਦਰਸ਼ਨ ਵਿਚ ਤੇ ਉਸਤੁਤੀ ਰੂਪ ਵਿਚ ਦੇਂਦੇ ਹਨ, ਯਥਾ-) ਹਜ਼ਾਰਾਂ (ਹੀ) ਤੇਰੇ ਨੇਤ੍ਰ ਹਨ, ਪਰ ਕੋਈ ਤੇਰਾ ਨੇਤ੍ਰ ਨਹੀਂ, ਹਜ਼ਾਰਾਂ ਤੇਰੀਆਂ ਮੂਰਤੀਆਂ ਹਨ, (ਫੇਰ) ਇਕ ਬੀ ਨਹੀਂ ; ਹਜ਼ਾਰਾਂ ਤੇਰੇ ਨਿਰਮਲ ਪੈਰ ਹਨ (ਫੇਰ) ਇਕ ਬੀ ਨਹੀਂ ਤੇਰਾ ਪੈਰ। ਨਾਸਕਾਂ ਤੋਂ ਤੂੰ ਬਿਨਾਂ ਹੈਂ (ਫੇਰ) ਹਜ਼ਾਰਾਂ ਤੇਰੀਆਂ ਨਾਸਕਾਂ ਹਨ, ਇਉਂ (ਦੇ ਤੇਰੇ) ਚਰਿੱਤ੍ਰ ਨਾਲ ਮੈਂ ਮੋਹੀ ਗਈ ਹਾਂ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ	ਸਭਨਾਂ (ਪ੍ਰਕਾਸ਼ਵਾਨਾਂ ਵਿਚ) ਜੋ ਜੋਤਿ ਹੈ ਸੋ (ਤੇਰੀ ਹੀ) ਜੋਤਿ ਹੈ (ਹੇ ਪਰਮੇਸ਼ੁਰ ਜੀ!)[1] ਉਸ (ਤੇਰੀ ਜੋਤਿ) ਦੇ

[1]ਅਥਵਾ ਹੇ ਜੋਤੀ ! ਓਹ (ਤੇਰੀ) ਜੋਤ ਸਭ ਵਿਚ ਹੈ।

ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥	ਚਾਨਣੇ ਕਰਕੇ ਸਭ ਵਿਚ ਚਾਨਣਾ ਹੋ ਰਿਹਾ ਹੈ। (ਪਰ ਉਹ) ਜੋਤ ਗੁਰਾਂ ਦੀ ਸਾਖੀ (ਉਪਦੇਸ਼) ਦੁਾਰਾ ਪ੍ਰਗਟ ਹੁੰਦੀ ਹੈ। (ਤਾਂ ਤੇ) ਜੋ ਉਸ ਨੂੰ ਭਾਵੇਂ ਆਰਤੀ ਓਹੋ ਹੈ ॥ ੩ ॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥	(ਹੇ) ਹਰੀ! (ਆਪਣੇ) ਚਰਨਾਂ ਕਵਲਾਂ ਦੇ ਮਕਰੰਦ (ਰਸ) ਦਾ ਲੁਭਾਇਮਾਨ ਹੋ ਰਿਹਾ ਹੈ (ਮੇਰਾ) ਮਨ, (ਤੇ) ਰਾਤ ਦਿਨ ਹੀ ਮੈਨੂੰ (ਇਸ ਦੀ) ਪਯਾਸਾ ਲੱਗੀ ਰਹਿੰਦੀ ਹੈ। ਪਪੀਹੇ (ਵਰਗੇ ਪ੍ਰੇਮੀ) ਨਾਨਕ ਨੂੰ ਕ੍ਰਿਪਾ ਦਾ ਜਲ ਦੇਹ, ਜਿਸ ਕਰਕੇ ਤੇਰੇ ਨਾਮ ਵਿਚ ਨਿਵਾਸ ਹੋ ਜਾਵੇ ॥ ੪ ॥ ੩ ॥

ਵਯਾਖਯਾ– ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਦੇਸ਼ਾਟਨ ਵਿਚ ਜਗਨ ਨਾਥ ਪੁਰੀ ਗਏ ਸਨ। ਓਥੇ ਮੰਦਰ ਵਿਚ ਜੋ ਮੂਰਤੀ ਦੀ ਆਰਤੀ ਹੁੰਦੀ ਸੀ ਦੀਵੇ ਆਦਿ ਜਗਾਕੇ, ਉਸ ਵਿਚ ਆਪ ਸ਼ਾਮਲ ਨਾ ਹੋਏ, ਤਦ ਪਾਂਡਿਆਂ ਦੇ ਪੁੱਛਣ ਤੇ ਆਪ ਆਪਣੇ ਵਿਸਮਾਦੀ ਰੰਗ ਵਿਚ, ਜਿਸ ਆਰਤੀ ਨੂੰ ਅਨੁਭਵ ਕਰਦੇ ਸੇ, ਇਸ ਸ਼ਬਦ ਵਿਚ ਉਚਾਰਣ ਕੀਤਾ ਕਿ ਏਹ ਆਰਤੀ ਜੋ ਕੁਦਰਤ ਕਰ ਰਹੀ ਹੈ ਇਸ ਦੇ ਅਨੁਭਵ ਵਿਚ ਆ ਜਾਓ। ਇਸ ਅਨੁਭਵ ਵਿਚ ਸਦੈਵੀ ਵਾਸ ਸਾਈਂ ਦੇ 'ਨਾਇ' ਨਾਮ ਨਾਲ ਹੁੰਦਾ ਦੱਸਿਆ। ਜੈਸੇ 'ਤੇਰੈ ਨਾਇ ਵਾਸਾ' ਅਖੀਰਲੀ ਤੁਕ ਵਿਚ ਦੱਸਿਆ ਹੈ।

ਰਹਾਉ ਤਕ ਦੀਵੇ ਆਦਿ ਰਚਕੇ ਕੀਤੀ ਜਾ ਰਹੀ ਆਰਤੀ ਦਾ ਰੂਪਕ ਲੈ ਕੇ ਕੁਦਰਤ ਵਿਚ ਹੋ ਰਹੀ ਕੁਦਰਤੀ ਆਰਤੀ ਦਾ ਅਲੰਕਾਰ ਰੂਪ ਬੰਨ੍ਹ ਦਿਖਾਇਆ ਹੈ। ਇਹ ਕੁਦਰਤੀ ਸਾਮਾਨ ਮਾਨੋਂ ਆਪਣੇ ਗੁਣਾਂ ਨਾਲ ਕਰਤਾ ਪੁਰਖ ਦੇ ਗੁਣ ਗਾਇਨ ਕਰ ਰਹੇ ਹਨ। ਇਹ ਆਰਤੀ ਹੈ। ਕਦੇ ਚੰਦ ਸੂਰ ਨੂੰ ਸਵਰਗ ਦੇਵਤਾ ਮੰਨਕੇ ਪੂਜਿਆ ਜਾਂਦਾ ਸੀ, ਸ੍ਰੀ ਗੁਰੂ ਸਾਹਿਬ ਦੱਸ ਰਹੇ ਹਨ ਕਿ ਇਹ ਆਪਣੇ ਪ੍ਰਕਾਸ਼ ਦੀ ਸੁੰਦਰਤਾ ਨਾਲ ਪ੍ਰਭੂ ਦੀ ਆਰਤੀ ਕਰ ਰਹੇ ਹਨ। ਸਾਨੂੰ ਦੱਸ ਰਹੇ ਹਨ ਕਿ ਸੂਰਜ ਚੰਦ ਵਰਗੀ ਸੁੰਦਰ ਹਸਤੀ ਨੂੰ ਬਨਾਉਣੇ ਵਾਲਾ ਸੁੰਦਰਤਾ ਦਾ ਮੂਲ ਹੈ, ਅਸੀਂ ਉਸ ਤੋਂ ਵਾਰਨੇ ਜਾਂਦੇ ਹਾਂ, ਤੁਸੀਂ ਬੀ ਉਸ ਦੀ ਆਰਤੀ ਕਰੋ, ਅਰਥਾਤ ਪੂਜਨ ਕਰਦੇ ਕੁਰਬਾਨ ਹੋਵੋ।

ਅੰਕ ੨– ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਯਾ ਸ਼੍ਰੋਤਿਆਂ ਨੇ ਪ੍ਰਸ਼ਨ ਕੀਤਾ ਹੈ ਕਿ ਸਾਡੀ ਮੂਰਤੀ ਸਾਕਾਰ ਹੈ, ਜੇ ਕਿਸੇ ਮਨੁੱਖ ਦੀ ਆਰਤੀ ਕਰੀਏ ਤਾਂ ਉਹ ਬੀ ਸਾਕਾਰ ਹੈ, ਤੇ ਆਪ ਦਾ ਪੂਜਯ ਤਾਂ ਨਿਰਾਕਾਰ ਹੈ, ਉਸ ਦੀ ਆਰਤੀ ਕੈਸੀ ? ਤਾਂ ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਉਸ ਦੀ ਮੂਰਤਿ ਕੋਈ ਨਹੀਂ, ਉਹ ਅਮੂਰਤਿ ਹੈ, ਪਰ ਉਹ 'ਅਕਾਲ ਮੂਰਤਿ' ਹੈ। ਨਿਰਗੁਣ ਰੂਪ ਕਰਕੇ ਉਸ ਦਾ ਕੋਈ ਅੰਗ ਨਹੀਂ, ਪਰ ਕਰਤਾ, ਪਾਲਕ, ਸਿਖਯਾਦਾਤਾ, ਗੁਰੂ, ਅੰਤਰਜਾਮੀ ਤੇ ਵਯਾਪਕ ਆਦਿ ਹੋਣ ਕਰਕੇ ਉਸ ਨੂੰ ਸਾਰੇ ਗਯਾਨ ਹਨ ; ਜੋ ਸਾਨੂੰ ਇੰਦ੍ਰਿਆਂ ਦੁਆਰੇ ਹੁੰਦੇ ਹਨ ਉਸ ਨੂੰ ਸੁਤੇ ਹਨ। ਸੋ ਉਹ ਮਾਨੋਂ ਹਜ਼ਾਰਾਂ ਐਸੇ ਇੰਦ੍ਰਿਆਂ ਵਾਲਾ ਹੈ। ਗੁਰੂ ਜੀ ਏਥੇ ਉਸ ਨੂੰ ਜਯੋਤੀ ਸਰੂਪ ਇਸੇ ਕਰਕੇ ਕਹਿ ਰਹੇ ਹਨ 'ਜੋਤਿ ਹੈ ਸੋਇ' ਪਰ ਫੇਰ ਫ਼ੁਰਮਾ ਰਹੇ ਹਨ – 'ਸਭ ਮਹਿ ਜੋਤਿ' : ਉਹ ਜੋਤਿ ਸਭਨਾ ਵਿਚ ਹੈ। ਇਸ ਹਿਸਾਬ ਸਾਰੇ ਨੈਣਾਂ, ਪੈਰਾਂ, ਨਾਸਕਾਂ ਆਦਿ ਵਾਲਿਆਂ ਵਿਚ ਉਸ ਦੀ ਜੋਤਿ ਹੈ। ਸਾਰੇ ਉਸੇ ਦੀ ਸਤਯਾ ਨਾਲ ਕੰਮ ਕਰ ਰਹੇ ਹਨ, ਐਉਂ ਬੀ ਉਹ ਹਜ਼ਾਰਾਂ ਨੈਣਾਂ ਵਾਲਾ ਹੈ, ਹਜ਼ਾਰਾਂ ਪੈਰਾਂ ਵਾਲਾ, ਹਜ਼ਾਰਾਂ ਨਾਸਕਾਂ ਵਾਲਾ ਹੈ। ਜਿਤਨੀਆਂ ਅੱਖਾਂ ਦੇਖ, ਪੈਰ ਚੱਲ, ਤੇ ਨਾਸਕਾਂ ਸੁੰਘ ਰਹੀਆਂ ਹਨ ਤੇਰੀ ਦਿੱਤੀ ਸਤਯਾ ਨਾਲ ਹੀ ਕੰਮ ਕਰਦੀਆਂ ਹਨ, ਸੋ ਤੂੰ ਕੋਈ ਅੰਗ ਵਾਲਾ ਨਾ ਹੁੰਦਾ ਹੋਇਆ ਬੀ ਸਾਰੇ

ਅੰਗਾਂ ਵਾਲਾ ਹੈਂ, ਇਹ ਗੱਲ ਅੰਕ ਤਿੰਨ ਵਿਚ ਖੋਹਲ ਦਿੱਤੀ ਹੈ ਇਹ ਆਖਕੇ ਕਿ ਸਭਨਾਂ ਵਿਚ ਤੇਰੀ ਜੋਤ ਹੈ, ਸਭਨਾਂ ਵਿਚ ਤੇਰੀ ਚੇਤਨਤਾ ਦਾ ਚਾਨਣ ਹੈ, ਉਸ ਆਸਰੇ ਸਾਰੇ ਚਲ ਫਿਰ ਸੁੰਘ ਦੇਖ ਰਹੇ ਹਨ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਇਸ ਜੋਤਿ ਨੂੰ ਅਲਗ ਰਹਿੰਦਿਆਂ ਫੇਰ ਸਭ ਨੂੰ ਸੱਤਾ ਸਫੁਰਤੀ ਦੇਂਦਿਆਂ ਤੁਸੀਂ ਤਾਂ ਦੇਖ ਰਹੇ ਹੋ, ਇਹ ਸਾਨੂੰ ਕਿਵੇਂ ਪ੍ਰਤੱਖ ਹੋ ਕੇ ਦਿੱਸ ਪਵੇ ? ਤਾਂ ਆਪ ਨੇ ਉੱਤਰ ਦਿੱਤਾ ਕਿ ਗੁਰੂ ਦੀ ਸਾਖੀ ਨਾਲ ਇਹ ਦ੍ਰਿਸ਼ਟੀ ਪੈਦਾ ਹੁੰਦੀ ਹੈ। ਗੁਰੂ ਨੇ ਜਿਸ ਅੱਖ ਨਾਲ ਇਹ ਵਿਸਮਾਦ ਰੂਪ ਤੱਕਿਆ ਹੈ ਉਸ ਨਾਲ (ਸਹ+ਅਖੀ) ਹੋ ਕੇ ਦੇਖੋ। ਅਰਥਾਤ ਗੁਰੂ ਸਿਖ੍ਯਾ ਪਰ ਅਮਲ ਕਰਕੇ ਉਸ ਅਨੁਭਵ ਯਾ ਦ੍ਰਿਸ਼ਟੀ ਵਿਚ ਆ ਜਾਓ ਜੋ ਗੁਰੂ ਵਿਚ ਹੈ।

ਹੁਣ ਅੰਕ ੪ ਵਿਚ ਆਪਣੇ ਦੁਆਰਾ ਫ਼ੁਮਰਾਉਂਦੇ ਹਨ ਕਿ ਗੁਰੂ ਦੇ ਦੱਸੇ ਰਸਤੇ ਨਾਲ ਹਰੀ ਦੇ ਚਰਨਾਂ ਕਮਲਾਂ ਦੀ ਮਿਠਾਸ ਦਾ ਰਸ ਪੈ ਜਾਂਦਾ ਹੈ ਤੇ ਦਰਸ਼ਨਾਂ ਦੀ ਪਿਆਸ ਲੱਗੀ ਰਹਿੰਦੀ ਹੈ ਤੇ ਅਰਦਾਸ ਵਿਚ ਰਹੀਦਾ ਹੈ ਕਿ 'ਹੇ ਪ੍ਰਭੂ! ਆਪਣੀ ਕਿਰਪਾ ਦੀਆਂ ਸ੍ਵਾਂਤੀ ਬੂੰਦਾਂ ਦੇਹ, ਜਿਨ੍ਹਾਂ ਕਰਕੇ ਤੇਰੇ ਨਾਮ ਵਿਚ ਨਿਵਾਸ ਹੋ ਜਾਵੇ'। ਭਾਵ ਪ੍ਰੇਮ ਵਿਚ ਦੀ ਤੜਪ ਤੇ ਮੰਗ ਨਾਲ ਉਸ ਦੇ ਨਾਮ ਵਿਚ ਨਿਵਾਸ ਹੁੰਦਾ ਹੈ। ਨਾਮ ਨਿਵਾਸ ਹੋ ਕੇ ਫੇ ਰ ਉਹ ਜੋਤਿ ਪ੍ਰਗਟ ਹੁੰਦੀ ਹੈ।

ਨਿਰੁਕ੍ਤ- ਗਗਨ ਮੈ- ਗਗਨ ਮਯ = ਆਕਾਸ਼ ਰੂਪੀ।

ਰਵਿ- (ਸੰਸ:,) ਸੂਰਜ। ਤਾਰਿਕਾ- (ਸੰਸ:, ਤਾਰਕਾ) ਤਾਰੇ।

ਜਨਕ- (ਸੰਸ:, ਜਨਕ = ਜਨਮ ਦਾਤਾ, ਪਿਤਾ) ਸੀਤਾ ਜੀ ਦੇ ਪਿਤਾ ਦਾ ਬੀ ਨਾਮ ਹੈ, ਜੋ ਰਾਜਾ ਅਰ ਗਯਾਨੀ ਸੀ। ਅਸਲ ਵਿਚ ਜਨਕ ਇਕ ਰਾਜਾ ਦਾ ਨਾਮ ਨਹੀਂ, ਇਹ ਇਕ ਲਕਬ ਸੀ, ਜੋ ਮਿਥਲਾ ਦੇ ਰਾਜਿਆਂ ਦੀ ਇਕ ਲੜੀ ਦਾ ਸੀ, ਇਨ੍ਹਾਂ ਵਿਚੋਂ ਕਈ ਬ੍ਰਹਮ ਗਯਾਨੀ ਹੋਏ। ਤੇ ਉਹਨਾਂ ਤੋਂ ਜਨਕ ਪਦ ਦ੍ਰਿਸ਼ਟਾਂਤ ਲਈ 'ਰਾਜ ਤੇ ਯੋਗ' ਦੀ ਪ੍ਰਬੀਨਤਾ ਹੀ ਇਸ ਦਾ ਅਰਥ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਐਉਂ ਅਰਥ ਕੀਤਾ ਹੈ :-

ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ॥ (ਸਵ: ਮ: ੪ ਕੇ-੧੩)

ਜਨਕ ਉਹ ਹੈ ਜੋ ਗਯਾਨਵਾਨ ਹੈ ਅਰ ਬ੍ਰਿਤਿ ਨੂੰ ਤੁਰੀਆ ਪਦ ਵਿਚ ਰਖਦਾ ਹੈ। ਪਰ ਏਥੇ ਇਹ ਪਦ ਹਿੰਦੀ, 'ਜਨੁ' ਪਦ ਤੋਂ ਬਣਿਆ ਹੈ, ਜਿਸ ਦੇ ਅਰਥ ਹਨ - ਮਾਨੋਂ, ਜਾਣੋਂ।

੨. ਅਥਵਾ- ਦਾਨੇ ਇਸ ਦਾ ਅਰਥ 'ਜੜੇ ਹੋਏ' ਬੀ ਕਰਦੇ ਹਨ।

੩. ਗੁਰਬਾਣੀ ਵਿਚ ਇਹ ਪਦ ਹੋਰਥੇ ਇਨ੍ਹਾਂ ਅਰਥਾਂ ਵਿਚ ਬੀ ਆਇਆ ਹੈ :- ਤਤਦਰਸ਼ੀ, ਰਾਜ ਯੋਗ ਵਾਲਾ, ਯਥਾ:- **ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥** (ਸਵ: ਮ: ੫ ਕੇ-੩)

੪. ਮਹਾਤਮਾ, ਜੀਵਨ ਮੁਕਤ-ਯਥਾ:-

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ॥ (ਕਾਨੜਾ ਮ: ੪-੪)

ਪੁਨਾ:- **ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥** (ਸਵ: ਮ: ੫ ਕੇ-੧)

ਪੁਨਾ:- **ਤੂ ਤਾ ਜਨਿਕ ਰਾਜਾ ਅਉਤਾਰੁ॥** (ਸਵ: ਮ: ੨ ਕੇ-੩)

੫. (ਸੰਪ੍ਰਦਾਈ, ਜਾਣਨਾ ਤੋਂ ਜਨਕ = ਜਾਣਨ ਵਾਲੇ) ਗਯਾਤਾ। ਗਯਾਨੀ। ਯਥਾ:-

ਤੇ ਜਨ ਊਤਮ ਜਨਕ ਜਨਾਕ॥ (ਕਾਨੜਾ ਮ: ੪-੪)

ਜਨਕ ਜਨਕ ਬੈਠੇ ਸਿੰਘਾਸਨ.....॥ (ਕਾਨੜਾ ਮ: ੪, ਅਸਟ:-੨)

੬. ਸੀਤਾ ਜੀ ਦੇ ਪਿਤਾ ਰਾਜਾ ਜਨਕ ਜੀ

'ਜਪਿਓ ਨਾਮੁ ਸੁਕ ਜਨਕ ਗੁਰਬਚਨੀ.....॥' (ਮਾਰੂ ਮਹਲਾ ੪-੧)

ਮਲਆਨਲੋ- (ਮਲਯ+ਅਨਿਲ) ਮਲਯ ਪਹਾੜ ਦੀ (ਸੁਗੰਧਿਤ) ਵਾਯੂ।

ਬਨਰਾਇ ਫੂਲੰਤ ਜੋਤੀ- ਸਾਰੀ ਬਨਸਪਤੀ (ਮਾਨੋ) ਫੁੱਲ ਖਿੜ ਰਹੇ ਹਨ।

'ਕੈਸੀ ਆਰਤੀ'- ਰਹਾਉ ਦੀਆਂ ਇਹ ਤੁਕਾਂ ਅੰਨ੍ਵਯ ਕਰਕੇ ਠੀਕ ਲਗਦੀਆਂ ਹਨ। ਯਥਾ:- 'ਅਨਹਤਾ ਸਬਦ ਵਾਜੰਤ ਭੇਰੀ' ਇਹ ਤੁਕ ਪਿਛੇ ਕਹੀ ਦੀ ਪੂਰਨਤਾ ਵਿਚ ਹੈ ; ਅਗੇ ਫੇਰ ਐਉਂ ਵਾਚੋ 'ਭਵਖੰਡਨਾ ਤੇਰੀ ਆਰਤੀ' ਹੇ ਭਵ ਖੰਡਨਾ ਤੇਰੀ ਆਰਤੀ (ਐਉਂ ਆਪੇ ਹੋ ਰਹੀ ਹੈ)।

(ਹੁਣ ਪ੍ਰਸ਼ਨ ਹੁੰਦਾ ਹੈ ਯਾ ਸੁਣਨੇ ਵਾਲੇ ਪ੍ਰਸ਼ਨ ਕਰਦੇ ਹਨ :-) 'ਕੈਸੀ ਆਰਤੀ ਹੋਇ ?' ਅਰਥਾਤ (ਨਿਰਗੁਣ ਦੀ) ਆਰਤੀ ਕੈਸੇ ਹੋ ਸਕਦੀ ਹੈ ? ਇਸ ਦਾ ਉੱਤਰ ਹੈ ਅਗੇ ਅੰਕ ੨ ਵਿਚ, ਜੋ ਅਕਾਲ ਪੁਰਖ ਦੀ ਸਨਮੁਖ ਸਤੁਤੀ ਦੇ ਰੂਪ ਵਿਚ ਦਿੱਤਾ।

ਭਵ ਖੰਡਨਾ- (ਸੰਸ:, ਭਵ = ਜਨਮ, ਜਨਮ ਮਰਨ, ੨. ਸੰਸ:, ਭਯ = ਡਰ। ਖੰਡਨੰ = ਤੋੜਨਾ ਤੋਂ - ਦੂਰ ਕਰਨਾ) ਭੈ ਦੂਰ ਕਰਨ ਵਾਲੇ। ਜਨਮ (ਮਰਨ) ਦੂਰ ਕਰਨ ਵਾਲੇ।

ਸਹਸ- (ਸੰਸ:, ਸਹਸ੍ਰ = ਹਜ਼ਾਰ) ਹਜ਼ਾਰਾਂ।

ਨਨ, ਨਨਾ- ਨਹੀਂ ਹੈ। ਪਦ-ਪੈਰ।

ਬਿਮਲ- (ਸੰਸ:, ਵਿ+ਮਲ = ਮੈਲ ਤੋਂ ਰਹਤ) ਉੱਜਲ।

ਗੰਧ- ਸੁੰਘਣ ਵਾਲਾ ਅੰਗ ਨਾਸਕਾਂ, ਨਾਸਾਂ।

ਮੋਹੀ- ਮੈਂ ਮੋਹੀ ਗਈ ਹਾਂ। (ਅ) 'ਮੇਰੀ ਬੁਧੀ ਮੋਹੀ ਗਈ ਹੈ' ਬੀ ਅਰਥ ਲਈਦਾ ਹੈ।

ਸਾਖੀ- ਸੰਸਕ੍ਰਿਤ ਪਦ 'ਸਾਕਸ਼ੀ'। ਸ+ਅਕਸ਼ੀ ਦਾ ਅਰਥ 'ਅੱਖਾਂ ਨਾਲ ਦੇਖਣ ਵਾਲਾ' 'ਦੇਖਣਾ' ਤੇ 'ਦ੍ਰਿਸ਼ਟੀ' ਹੈ ਸੋ ਭਾਵ ਹੈ ਗੁਰੂ ਦੀ ਬਖਸ਼ੀ ਦ੍ਰਿਸ਼ਟੀ ਨਾਲ।

(ਅ) ਸਾਖੀ ਦੇ ਅਰਥ ਸਿਖ੍ਯਾ ਤੇ ਉਪਦੇਸ਼ ਬੀ ਕਰੀਦੇ ਹਨ।

ਮਕਰੰਦ- ਫੁੱਲਾਂ ਦੀਆਂ ਇਕ ਤੁਰੀਆਂ ਦੇ ਉਪਰ ਧੂੜਾ ਜਿਹਾ ਹੁੰਦਾ ਹੈ ਜਿਸ ਨੂੰ 'ਪ੍ਰਾਗ' ਕਹਿੰਦੇ ਹਨ, ਦੂਸਰੀਆਂ ਦੇ ਵਿਚ ਮਿੱਠਾ ਰਸ ਹੁੰਦਾ ਹੈ, ਉਸ ਨੂੰ 'ਮਕਰੰਦ' ਆਖਦੇ ਹਨ। ਮੁਰਾਦ ਹੈ ਵਾਹਿਗੁਰੂ ਦੇ ਧ੍ਯਾਨ ਵਿਚ ਜੁੜਿਆਂ ਜੋ ਰਸ ਆਉਂਦਾ ਹੈ।

ਮੋਹੀ- ਮੈਨੂੰ ਸਾਰਿੰਗ-ਪਪੀਹਾ।

(ਰਾਗੁ ਗਉੜੀ ਪੂਰਬੀ ਮਹਲਾ ੪)

ਪ੍ਰਾਕ੍ਥਨ- ਸਰੀਰ ਵਿਚ ਕਾਮ ਕ੍ਰੋਧ ਪ੍ਰਬਲ ਹਨ, ਉਹਨਾਂ ਦੇ ਬਿਜੈ ਗੁਰੂ ਦੀ ਮੇਹਰ ਨਾਲ ਹੈ। ਗੁਰੂ ਨਾਮ ਦੇ ਕੇ ਲਿਵ ਲੁਆ ਦੇਂਦਾ ਹੈ, ਤਾਂਤੇ ਗੁਰੂ ਦੀ ਸ਼ਰਣ ਲੈ ਕੇ ਨਾਮ ਜਪੋ।

ਮੂਲ	ਅਰਥ
ਰਾਗੁ ਗਉੜੀ ਪੂਰਬੀ ਮਹਲਾ ੪॥ ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥	(ਪਹਿਲਾਂ ਸਾਧੂਆਂ ਦਾ ਵਰਣਨ ਕਰਦੇ ਹਨ :-) (ਸਾਧੂ ਜਨਾਂ ਦਾ) ਸਰੀਰ (ਬੀ ਪਹਿਲੋਂ) ਕਾਮ ਕ੍ਰੋਧ ਨਾਲ ਬਹੁਤ ਭਰਿਆ ਹੋਇਆ ਸੀ, ਸਾਧੂ ਨਾਲ ਮਿਲਕੇ (ਕਾਮ ਕ੍ਰੋਧ ਸਾਰਾ ਹੀ) ਦੂਰ ਕਰ ਦਿੱਤਾ ਹੈ ਨੇ। ਪੂਰਬ ਲਿਖਤ ਦੇ ਲਿਖੇ ਅਨੁਸਾਰ ਗੁਰੂ ਪ੍ਰਾਪਤ ਹੋਇਆ ਹੈ (ਜਿਸ ਦੀ ਮਿਹਰ ਨਾਲ) ਮਨ ਵਿਚ ਹਰੀ ਦੀ ਲਿਵ ਨੂੰ ਭਲੀ ਪ੍ਰਕਾਰ ਇਸਥਿਤ ਕੀਤਾ ਹੈ ਨੇ ॥੧॥

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੇ॥੧॥ਰਹਾਉ॥	(ਐਸੇ) ਸੰਤਾਂ (ਅੱਗੇ) ਅੰਜੁਲੀ ਕਰ (ਇਹ) ਵੱਡਾ ਪੁੰਨ ਹੈ (ਉਨ੍ਹਾਂ ਅਗੇ) ਡੰਡੌਤ ਕਰ (ਇਹ) ਵੱਡਾ ਪੁੰਨ ਹੈ॥੧॥ ਰਹਾਉ॥
ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮ ਕਾਲੁ ਸਹਹਿ ਸਿਰਿ ਡੰਡਾ ਹੇ॥੨॥	(ਹੁਣ ਸਾਕਤਾਂ ਦਾ ਵਰਣਨ ਕਰਦੇ ਹਨ:-) ਸਾਕਤਾਂ ਨੇ ਹਰਿ ਰਸ ਦਾ ਸਵਾਦ ਨਹੀਂ ਜਾਤਾ, (ਕਿਉਂਕਿ) ਉਹਨਾਂ ਦੇ ਅੰਦਰ ਹਉਮੈ ਦਾ ਕੰਡਾ ਹੈ। ਜਿਉਂ ਜਿਉਂ (ਓਹ ਆਪਣੇ ਹਉਮੈ ਦੇ ਕਰਮਾਂ ਵਿਚ ਅਗਾਹਾਂ) ਤੁਰਦੇ ਹਨ, (ਕੰਡਾ) ਚੁਭਦਾ ਹੈ (ਓਹ) ਦੁੱਖ ਪਾਉਂਦੇ ਹਨ (ਤੇ ਅੰਤ ਨੂੰ ਜਮਕਾਲ ਦਾ ਡੰਡਾ ਸਿਰ ਉਤੇ ਸਹਿੰਦੇ ਹਨ[1] ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥	(ਹੁਣ ਹਰੀਜਨਾਂ ਅਰਥਾਤ ਗੁਰਮੁਖਾਂ ਦਾ ਵਰਣਨ ਹੈ:-) (ਪਰ) ਹਰੀ ਦੇ ਜਨ ਹਰਿ ਹਰਿ ਨਾਮ ਵਿਚ ਸਮਾਏ (ਰਹਿੰਦੇ) ਹਨ, (ਓਹਨਾਂ ਨੇ) ਸੰਸਾਰ ਦੇ ਜਨਮ ਮਰਣ (ਆਦਿ) ਦੇ ਦੁੱਖ ਨੂੰ ਕੱਟ ਦਿਤਾ ਹੈ। ਕਦੇ ਨਾਸ਼ ਨਾ ਹੋਣੇ ਵਾਲਾ ਵਿਆਪਕ ਪਰਮੇਸ਼ੁਰ (ਓਹਨਾਂ ਨੇ) ਪਾ ਲਿਆ ਹੈ (ਓਹਨਾਂ ਦੀ) ਸ਼ੋਭਾ ਦੇਸ਼ਾਂ (ਤੇ) ਬ੍ਰਹਮੰਡਾਂ ਵਿਚ ਬਹੁਤ ਹੋਈ ਹੈ ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿਨਾਮੇ ਹੀ ਸੁਖੁ ਮੰਡਾ ਹੇ॥੪॥੪॥	(ਹੁਣ ਮਾਨੋ ਆਪ ਵਿਚ ਖੜੋਕੇ ਸਾਰਿਆਂ ਲਈ ਅਰਦਾਸ ਕਰਦੇ ਹਨ:-) ਹੇ ਪ੍ਰਭੂ! ਅਸੀਂ ਗਰੀਬ ਤੇ ਕੰਗਾਲ (ਹਾਂ ਪਰ) ਤੇਰੇ ਹਾਂ ਹੇ ਹਰੀ ਸਾਨੂੰ ਰੱਖ ਲੈ, ਰੱਖ ਲੈ[2] (ਕਿਉਂਕਿ ਤੂੰ ਹੀ) ਵੱਡਿਆਂ ਤੋਂ ਵੱਡਾ (ਭਾਵ ਸਰਬ ਸਮਰੱਥ ਹੈ[3])। ਹੇ ਨਾਨਕ! (ਹਰੀ) ਦੇ ਦਾਸਾਂ ਨੂੰ ਨਾਮ ਦਾ ਹੀ ਆਧਾਰ ਤੇ ਆਸਰਾ ਹੈ, ਹਰੀ ਦੇ ਨਾਮ ਦੁਆਰਾ ਹੀ ਇਨ੍ਹਾਂ ਨੇ ਸੁਖ ਪਾਇਆ ਹੈ ॥੪॥੪॥

ਵਯਾਖਯਾ ਅੰਕ ੧ ਸਰਸਰੀ ਤੌਰ ਤੇ ਜਾਪਦਾ ਹੈ ਕਿ ਪਹਿਲੇ ਅੰਕ ਵਿਚ ਆਪਣੀ ਹਾਲਤ ਦੱਸ ਰਹੇ ਯਾਂ ਆਪਣੇ ਦੁਆਰਾ ਉਪਦੇਸ਼ ਕਰ ਰਹੇ ਹਨ। ਪਰ ਅੰਕ ੨ ਤੇ ੩ ਵਿਚ ਅਰਥ ਬ੍ਰਿਤੀ ਅੰਨਜ ਪੁਰਖ[੪] ਵਲ ਜਾ ਰਹੀ ਹੈ। ਇਸ ਲਈ ਇਸ ਅੰਕ ਵਿਚ ਬੀ ਅੰਨਜ ਪੁਰਖ ਦਾ ਜੀਵਨ ਦੱਸਿਆ ਹੈ। ਹਾਂ, 'ਉਹਨਾਂ ਜਗਯਾਸੂਆਂ ਦਾ ਜਿਨ੍ਹਾਂ ਨੇ ਸਾਧੂ ਨੂੰ ਮਿਲਕੇ ਕਾਮ ਕ੍ਰੋਧ ਜਿਤਿਆ ਤੇ ਗੁਰੂ ਨੂੰ ਮਿਲਕੇ ਲਿਵ ਪ੍ਰਾਪਤ ਕਰ ਲਈ ਹੈ' ਇਸ ਵਿਚ ਹਾਲ ਹੈ।

ਰਹਾਉ ਵਿਚ ਇਹ ਮਿਸਾਲ ਦੇਕੇ ਸਨਮੁਖ ਖੜੇ ਜਗਯਾਸੂ ਨੂੰ ਫ਼ੁਰਮਾ ਰਹੇ ਹਨ ਕਿ ਐਸੇ ਸਾਧੂ ਦੀ ਸ਼ਰਨ ਲੈ ਤੇ ਉਸ ਦਾ ਸਤਿਕਾਰ ਕਰ ਜੋ ਤੇਰੇ ਪਾਪ ਬੀ ਨਾਸ਼ ਹੋਣ।

ਅੰਕ ੨ ਵਿਚ ਸਾਕਤ ਦਾ ਜ਼ਿਕਰ ਅੰਨਜ ਪੁਰਖ ਵਿਚ ਜਗਯਾਸੂ, ਅਰਥਾਤ ਮੱਧਮ ਪੁਰਖ[੫] ਨੂੰ ਸੁਣਾ ਰਹੇ ਹਨ।

---

[1] ਭਾਵ ਇਹ ਬੀ ਕੱਢਦੇ ਹਨ ਕਿ ਸੰਤ ਜਨ ਤਾਂ ਅੱਗੇ ਵਧਦੇ ਹਨ ਤੇ ਸਾਕਤਾਂ ਨੂੰ ਦੇਖਕੇ ਈਰਖਾ ਵਧਦੀ ਹੈ। ਇਹ ਪੀੜਾ ਕਰਦੀ ਹੈ ਤੇ ਅੰਤ ਜਮ ਪੀੜਾ ਸਹਾਰਦੇ ਹਨ।

[2] ਕਈ ਐਉਂ ਬੀ ਭਾਵ ਲੈਂਦੇ ਹਨ: ਪੰਜਾਂ ਤੱਤਾਂ ਦੀ ਦੇਹ ਤੋਂ ਸਾਡੀ ਰੱਖਯਾ ਕਰ। 'ਰਾਖ' ਨਾਮ ਸੁਆਹ ਦਾ ਹੈ, ਭਾਵ ਸਰੀਰ ਤੋਂ ਲੈਂਦੇ ਹਨ। [3] ਜਾਂ, ਹੇ ਵੱਡਿਆਂ ਤੋਂ ਵੱਡੇ ਹਰੀ ਸਾਨੂੰ ਰਖ ਲੈ।

[੪] Third Person. [੫] Second Person.

ਅੰਕ ੩ ਵਿਚ ਮੱਧਮ ਪੁਰਖ - ਜਗਜਾਸੂ ਨੂੰ ਹਰਿ ਜਨ ਦਾ ਹਾਲ ਦੱਸ ਰਹੇ ਹਨ।

ਅੰਕ ੪ ਵਿਚ ਵਾਹਿਗੁਰੂ ਨੂੰ ਸਨਮੁਖ ਕਰਕੇ ਅਰਦਾਸ ਕਰ ਰਹੇ ਤੇ ਆਪਣੀ ਆਨੰਦ ਅਵਸਥਾ ਦੱਸ ਰਹੇ ਹਨ, ਇਹ ਵਾਕ ਉਤਮ ਪੁਰਖ[੧] ਵਿਚ ਕਰ ਰਹੇ ਹਨ।

ਸਾਰੇ ਵਿਚ ਉਪਦੇਸ਼ ਹੈ:- ਮਾੜੇ ਕਰਮ ਤਜਾਗੋ, ਗੁਰੂ ਦੀ ਸ਼ਰਣ ਲਓ, ਨਾਮ ਜਪੋ, ਨਾਮ ਤੇ ਲਿਵ ਦੁਆਰਾ ਪ੍ਰਭੂ ਵਿਚ ਸਮਾਈ ਪ੍ਰਾਪਤ ਕਰੋ।

ਨਿਰੁਕ੍ਤ- **ਖੰਡਲ ਖੰਡਾ ਹੇ**- (ਸੰਸ:, ਖੰਡ = ਦੇਸ਼। ਲ, ਸ੍ਵਾਰਥ ਪ੍ਰਤੇ ਭਾਵ ਸਮੂਹ, ਸਾਰਾ ਹੀ। ਖੰਡਾ = ਸੰਸ:, ਖਨ੍ = ਚੀਰਨਾ ਤੇ ਖੰਡ = ਟੁਕੜੇ ਟੁਕੜੇ ਕਰਨਾ। ਖੰਡਾ ਹੇ = ਟੋਟੇ ਟੋਟੇ ਕੀਤਾ ਹੈ)।

(੧) ਟੋਟੇ ਟੋਟੇ ਕੀਤਾ ਹੈ। (੨) ਅਥਵਾ (ਖੰਡਲ =) ਸਾਰਾ ਹੀ ਟੁਟ ਗਿਆ ਹੈ।

ਪੁਰਬਿ- (ਸੰਸ:, ਪੂਰ੍ਵ = ਆਦਿ, ਪਹਿਲੇ) ਆਦਿ ਦੀ, ਪਹਿਲੇ ਦੀ ।

ਲਿਵ- (ਸੰਸ:, ਲਯ। ਪੰਜਾਬੀ, ਲਿਵ) ਸਾਈਂ ਚਰਨਾਂ ਵਿਚ ਮਨ ਦਾ ਜੁੜੇ ਰਹਿਣਾ, ਮਗਨਤਾ।

(੨) ਪ੍ਰੀਤ, ਇਕ ਰਸ (ਤਦਾਕਾਰ) ਬ੍ਰਿਤੀ।

(੩) ਸੰਸਾਰ ਤੋਂ ਉਪਰਾਮ ਤੇ ਸਾਂਈਂ ਵੱਲ ਲਗੀ ਮਨ ਦੀ ਦਸ਼ਾ। ਤ੍ਰਿਸ਼ਨਾ ਦੇ ਉਲਟ।

ਮੰਡਲ ਮੰਡਾ ਹੇ- (ਮੰਡਲ = ਸੰਸ:, ਮੰਡਲ = ਅਸਥਾਨ। ਮੰਡਾ = ਸੰਸ:, ਮੰਡ = ਸਜਾਉਟ। ਧਾਤੂ, ਮੰਡ੍ = ਫਬਾਉਣਾ। ਮੰਡਾ ਹੇ = ਫਬਾਇਆ। ਸੁੰਦਰ ਕੀਤਾ)। ਤੁਕ ਦਾ ਅਰਥ: ਮਨ ਵਿਚ ਹਰੀ ਦੀ ਲਿਵ ਨੂੰ ਸਜਾ ਫਬਾਕੇ ਭਾਵ ਭਲੀ ਪ੍ਰਕਾਰ ਟਿਕਾ ਦਿੱਤਾ ਹੈ। ਲਿਵ ਲੱਗੀ ਵੇਲੇ ਅੰਤਰ ਆਤਮੇ ਇਕ ਸੁੰਦਰਤਾ ਤੇ ਹੁਸਨ ਦਾ ਪ੍ਰਭਾਵ ਛਾਉਂਦਾ ਹੈ, ਉਸ ਵਲ ਇਸ਼ਾਰਾ ਹੈ।

ਅਥਵਾ ਮੰਡਲ ਦਾ ਅਰਥ ਘੇਰਾ ਬੀ ਹੈ, ਉਸ ਤੋਂ ਅਰਥ ਲਗਿਆ:- ਮਨ (ਅਸਾਂ) ਹਰੀ ਦੀ ਲਿਵ ਦੇ ਘੇਰੇ ਵਿਚ ਇਸਥਿਤ ਕੀਤਾ ਹੈ। ਭਾਵ ਇਹ ਕਿ ਮਨ ਨੂੰ ਕੇਂਦ੍ਰ ਬਣਾਇਆ ਹੈ ਤੇ ਹਰੀ ਦੀ ਲਿਵ ਨੂੰ ਬ੍ਰਿਤਿ (ਘੇਰਾ)।

ਅੰਜੁਲੀ- (ਸੰਸ:,) ਦੁਇ ਹਥਾਂ ਨੂੰ ਐਉਂ ਮੇਲਣਾ ਕਿ ਬੁੱਕ ਜਿਹਾ ਬਣੇ, ਇਸ ਨੂੰ ਉਠਾ ਕੇ ਸਿਰ ਤਕ ਲੈ ਜਾਣਾ ; ਐਸਾ ਕਰਨਾ ਬੜਾ ਸਤਿਕਾਰ ਹੁੰਦਾ ਹੈ।

ਡੰਡਉਤ- (ਸੰਸ:, ਦੰਡਵਤ) ਡੰਡੇ ਵਤ ਲੰਮਾ ਪੈਕੇ ਮੱਥਾ ਟੇਕਣਾ।

ਸਾਕਤ- ਸ਼ਾਕ੍ਤ : = ਸ਼ਕਤੀ ਦਾ ਉਪਾਸ਼ਕ। ਭਾਵ ਹੈ ਪਰਮੇਸ਼ੁਰ ਵਿਮੁੱਖ ਤੋਂ। ਅ਼ਰਬੀ ਦੇ ਪਦ 'ਸਾਕ਼ੜ' ਦਾ ਅਰਥ ਹੈ ਟੁੱਟਾ ਹੋਇਆ, ਭਾਵ ਪਰਮੇਸ਼ੁਰ ਵਲੋਂ ਟੁੱਟਾ ਹੋਇਆ।

ਹਰਿ ਰਸ- ਹਰੀ (ਦੇ ਮੇਲ ਯਾ ਸਮੀਪਤਾ) ਦਾ ਅਨੰਦ। ਵਾਹਿਗੁਰੂ ਦਾ ਨਾਮ ਜਪਦਿਆਂ ਜਦ ਮਨ ਦੀ ਮੈਲ ਦੂਰ ਹੋ ਜਾਂਦੀ ਹੈ, ਟਿਕਾਉ ਹੋਣ ਲਗ ਜਾਂਦਾ ਹੈ ਤੇ ਪਿਆਰ ਦੀ ਖਿੱਚ ਪੈਂਦੀ ਹੈ, ਤਦ ਠੰਢ, ਟਿਕਾਉ, ਖੇੜੇ ਦਾ ਇਕ ਸੁਖ ਪ੍ਰਤੀਤ ਹੋਣ ਲਗ ਪੈਂਦਾ ਹੈ, ਉਸ ਨੂੰ ਹਰਿ ਰਸ ਗੁਰੂ ਜੀ ਨੇ ਲਿਖਿਆ ਹੈ।

ਹਉਮੈ- (ਸੰਸ:, ਅਹੰਮਤਿ = ਰੂਹਾਨੀ ਅਗਜਾਨ। ਦੇਸ਼ ਭਾਸ਼ਾ) ਮੈਂ-ਪਨੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ। 'ਮੈਂ'' ਜਦ 'ਮੈਂ ਨਹੀਂ' ਵਲ ਜਾਂਦੀ ਹੈ ਤਾਂ ਆਪਾ ਨਿਵਾਰਦੀ ਹੈ। 'ਮੈਂ' ਜਦ 'ਹਉਂ' ਵੱਲ ਝੁਕਦੀ ਹੈ 'ਹਉਂ ਹਉਂ' ਵਿਚ ਦ੍ਰਿੜ੍ਹ ਹੋ ਜਾਂਦੀ ਹੈ ਤਦ ਆਪਾ ਦ੍ਰਿੜ੍ਹ ਕਰਦੀ ਹੈ, ਇਸ ਭਾਵ ਤੋਂ ਮੋਹ ਮਾਯਾ ਵਿਚ ਫਸਦੀ ਹੈ, ਇਹ 'ਹਉਮੈ' ਹੈ, ਅਹੰਕਾਰ, ਅਭਿਮਾਨ।

ਕੰਡਾ- (ਸੰਸ:, ਕੰਟਕ। ਪੰਜਾਬੀ, ਕੰਡਾ) ਸੂਲ। ਕਈ ਬ੍ਰਿਛਾਂ, ਬੂਟਿਆਂ ਨਾਲ ਤ੍ਰਿੱਖੀ ਨੋਕ

---

[੧]First Person

ਵਾਲੀ ਸ਼ੈ, ਜੋ ਚੁਭ ਜਾਇਆ ਕਰਦੀ ਹੈ।

ਗਰੀਬ- (ਅ਼ਰਬੀ = ਗ਼ਰੀਬ) ਪਰਦੇਸੀ, ਧਨ ਹੀਨ। ਭਾਵ ਹੈ ਨਿਮਾਣੇ।

ਮਸਕੀਨ- (ਅ਼ਰਬੀ) ਜਿਸ ਨੂੰ ਨਿਰਧਨਤਾ ਨੇ ਬੇਤਾਕਤ ਕਰ ਦਿਤਾ ਹੋਵੇ। ਜਿਸ ਪਾਸ ਕੁਛ ਨਾ ਹੋਵੇ। ਕੰਗਾਲ। ਭਾਵ ਹੋਰ ਨਿਮਾਣੇ ਤੋਂ ਹੈ।

ਅਧਾਰੁ ਤੇ ਟੇਕ- ਅਧਾਰ ਤੇ ਟੇਕ ਦੀ ਅਰਥ ਵਿਵੇਚਨਾ : ਆਧਾਰ,

ਯਥਾ:- **ਸਿਮਰਿ ਸਿਮਰਿ ਨਾਮੁ ਬਾਰੰਬਾਰ॥ ਨਾਨਕ ਜੀਅ ਕਾ ਇਹੈ ਅਧਾਰ॥**(ਸੁਖਮਨੀ, ੨੪-੨)

ਟੇਕ- ਯਥਾ:-**ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥** (ਤਿਲੰਗ ਨਾਮਦੇਵ)

(ਰਾਗੁ ਗਉੜੀ ਪੂਰਬੀ ਮਹਲਾ ੫)

ਪ੍ਰਾਕ੍ਥਨ- ਮਰਕੇ ਜਿੱਥੇ ਵਾਸ ਹੋਣਾ ਹੈ ਜੀਵਾਤਮਾ ਦਾ, ਉਥੋਂ ਦੇ ਸੁਖ ਲਈ ਉਪਾਉ ਦੱਸਿਆ ਹੈ : ਸੰਤ ਦੀ ਟਹਿਲ, ਨਾਮ ਦੀ ਪ੍ਰਾਪਤੀ ਤੇ ਸਵੈ ਸਰੂਪ ਦੀ ਲੱਖਤਾ।

ਮੂਲ	ਅਰਥ
ਰਾਗੁ ਗਉੜੀ ਪੂਰਬੀ ਮਹਲਾ ੫॥	
ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥	(ਮੈਂ) ਬੇਨਤੀ ਕਰਦਾ ਹਾਂ ਸੁਣੋਂ ਹੇ ਮੇਰੇ ਮਿੱਤਰੋ! (ਇਹ) ਸੰਤਾਂ ਦੀ ਟਹਿਲ ਦਾ ਵੇਲਾ[1] ਹੈ। ਜੇ ਇੱਥੇ ਹਰੀ (ਰੂਪ) ਨਫਾ ਖੱਟਕੇ ਲੈ ਚੱਲੋ (ਤਾਂ) ਅੱਗੇ ਵੱਸਣਾ ਸੌਖਾ ਹੋਵੇਗਾ ॥ ੧ ॥
ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥੧॥ ਰਹਾਉ॥	ਦਿਨ ਤੇ ਰਾਤ ਕਰਕੇ ਉਮਰਾ ਘਟਦੀ ਜਾਂਦੀ ਹੈ (ਤਾਂਤੇ) ਹੇ ਮਨ! (ਤੇਰੇ ਲਈ ਚੰਗਾ ਇਹ ਹੈ ਕਿ ਤੂੰ) ਗੁਰਾਂ ਨਾਲ ਮਿਲਕੇ (ਉਪਰ ਕਿਹਾ) ਕੰਮ ਸੁਆਰ ਲਵੇਂ ॥ ੧ ॥ ਰਹਾਉ ॥
ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥	ਇਹ ਸੰਸਾਰ ਵਿਕਾਰ (ਰੂਪ ਹੈ, ਅਰ) ਸੰਸੇ ਵਿਚ ਹੈ[2] (ਇਸ ਨੂੰ) ਬ੍ਰਹਮ ਗਿਆਨੀ ਨੇ ਤਰਿਆ ਹੈ। (ਹਾਂ) ਜਿਸ ਨੂੰ (ਉਹ ਪ੍ਰਭੂ) ਜਗਾ ਕੇ[3] ਇਹ ਰਸ[4] ਪਿਆਲਦਾ ਹੈ, ਅਕਥ ਕਥਾ ਉਸ ਨੇ ਜਾਣੀ ਹੈ ॥੨॥
ਜਾਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥	(ਹੇ ਮਿੱਤਰੋ !) ਜਿਸ (ਵੱਖਰ) ਨੂੰ ਲੈਣ ਲਈ ਆਏ ਹੋ, ਸੋਈ ਖ਼ਰੀਦੋ, ਹਰਿ ਦਾ ਗੁਰਾਂ ਦੁਆਰਾ ਮਨ ਵਿਚ ਬਸੇਰਾ (ਪ੍ਰਾਪਤ ਕਰੋ ਤਾਂ ਤੁਸੀਂ) ਅਪਣੇ ਘਰ ਵਿਚ ਮਹਲ (ਤੇ ਉਸ ਦਾ) ਸੁਖ ਸਹਜਿ ਸੁਭਾਵਕ ਹੀ ਪਾ ਲਓਗੇ, (ਤੇ) ਫੇਰ ਜਨਮ ਮਰਨ (ਬੀ) ਨਹੀਂ ਹੋਵੇਗਾ ॥ ੩ ॥

[1]ਵੇਲਾ ਦਾ ਭਾਵ ਮਨੁੱਖਾ ਜਨਮ ਹੈ।

[2]ਭਾਵ ਸਰੀਰ ਕਰਕੇ ਲੋਕ ਵਿਕਾਰਾਂ ਵਿਚ ਹੈਨ ਤੇ ਮਨ ਕਰਕੇ ਸੰਸਿਆਂ ਵਿਚ ਹੈਨ।

[3]ਭਾਵ ਬ੍ਰਹਮ ਗਿਆਨੀ ਜਿਸ ਨੂੰ ਜਗਾਵੇ। ਇਸ ਦਾ ਭਾਵ ਵਾਹਿਗੁਰੂ ਜਿਸ ਨੂੰ ਜਗਾਵੇ ਬੀ ਕਰਦੇ ਹਨ। ਭਰਮ, ਮੋਹ ਮਾਇਆ ਤੇ ਵਿਕਾਰਾਂ ਤੋਂ ਹਟਾ ਕੇ ਨਾਮ ਵਿਚ ਲਗਾ ਦੇਣਾ, ਇਹ ਜਗਾਉਣਾ ਹੈ।

[4] ਇਹ ਰਸ ਜੋ ਅਗੇ ਆਉਂਦਾ ਹੈ:-ਮਨ ਵਿਚ ਹਰੀ ਦਾ ਬਸੇਰਾ ਤੇ ਉਸ ਤੋਂ ਉਪਜਿਆ ਸਹਜ ਸੁਖ।

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥ ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥੪॥੫॥	(ਇਉਂ ਬੇਨਤੀ ਕਰੋ)! ਹੇ ਅੰਤਰਜਾਮੀ, ਹੇ ਕਰਤਾਰ! ਹੇ ਮਨ ਦੀ ਸ਼ਰਧਾ ਪੂਰਨ ਕਰਨ ਵਾਲੇ[1]! ਨਾਨਕ ਦਾਸ ਇਹੋ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੀ (ਚਰਣ) ਧੂੜ ਬਣਾਓ, (ਭਾਵ, ਸਤਿਸੰਗ ਵਿਚ ਸ਼ਰਧਾ ਬਖਸ਼ੋ)[2]॥ ੪ ॥ ੫ ॥

ਵਯਾਖਯਾ–ਅੰਕ ੧ ਵਿਚ ਉਪਦੇਸ਼ ਕਰਦੇ ਹਨ ਸਨਮੁਖ ਆਏ ਜਗਯਾਸੂਆਂ ਨੂੰ ਤੇ ਉਹਨਾਂ ਦੁਆਰਾ ਸਾਰੇ ਸਮਿਆਂ ਦੇ ਸਾਰੇ ਲੋਕਾਂ ਨੂੰ ਕਿ ਸਤਿਸੰਗ ਕਰੋ ਤੇ ਨਾਮ ਸੰਗ੍ਰਹ ਕਰੋ ਜੋ ਅਗੇ ਜਾਕੇ ਪ੍ਰਲੋਕ ਵਿਚ ਸੁਖੀ ਵੱਸੋ।

ਰਹਾਉ ਵਿਚ ਦ੍ਰਿਸ਼ਟੀ ਉਮਰਾ ਦੇ ਦਿਨ ਪ੍ਰਤਿ ਦਿਨ ਘਟਣ ਵੱਲ ਦੁਆਕੇ ਫ਼ੁਰਮਾਉਂਦੇ ਹਨ ਕਿ ਵਕਤ ਬਿਰਥਾ ਨਾ ਗੁਆਓ, ਸਫਲਾ ਕਰੋ ; ਕਿਵ ਕਰੋ ? ਗੁਰੂ ਨੂੰ ਮਿਲਕੇ!

ਅੰਕ ੨ ਵਿਚ ਸੰਸਾਰ ਦੇ ਇਸ ਆਹਰ ਵਲੋਂ ਲੋਕਾਂ ਦੀ ਗਾਫ਼ਲੀ ਦਾ ਕਾਰਣ 'ਸੰਸੇ ਬ੍ਰਿਤੀ' ਦੱਸਦੇ ਹਨ ਜੋ ਪ੍ਰਲੋਕ ਜੀਵਨ ਬਾਬਤ ਸੰਸੇ ਵਿਚ ਰਹਿੰਦੇ ਹਨ। ਮਾਯਾ ਭਰਮ ਦਾ ਜਾਲ ਵਿਛਾਈ ਰਖਦੀ ਹੈ। ਇਸ ਤੋਂ ਬਚਣਾ ਬ੍ਰਹਮ ਗਯਾਨ ਨਾਲ ਹੁੰਦਾ ਹੈ। ਗਯਾਨ ਮਿਹਰ ਨਾਲ ਮਿਲਦਾ ਹੈ!

ਅੰਕ ੩ ਵਿਚ ਨਿਰਸੰਸੇ ਕਰਦੇ ਹਨ ਕਿ 'ਮਿਹਰ' ਸਮਝਕੇ ਆਲਸੀ ਨਾ ਹੋ ਜਾਓ ਸਗੋਂ ਉੱਦਮ ਕਰੋ ਤੇ ਜਿਸ ਮਾਲ ਨੂੰ ਖ਼ਰੀਦਣ ਆਏ ਹੋ ਉਹ ਖ਼ਰੀਦੋ। ਉਹ ਇਹ ਹੈ ਕਿ ਮਨ ਵਿਚ ਗੁਰੂ ਦੁਆਰਾ ਹਰੀ ਦਾ ਵਾਸਾ ਕਰਾ ਲਓ। ਉਸ ਦਾ ਫਲ ਦੱਸਦੇ ਹਨ ਕਿ ਜਨਮ ਮਰਨ ਮਿਟ ਜਾਏਗਾ ਤੇ ਵਾਹਿਗੁਰੂ ਨੂੰ ਪ੍ਰਾਪਤ ਹੋ ਜਾਓਗੇ।

ਅੰਕ ੪ ਵਿਚ ਅਰਦਾਸ ਹੈ ਤੇ ਅਰਦਾਸ ਦੁਆਰਾ ਉਪਦੇਸ਼ ਹੈ ਕਿ ਸਤਿਸੰਗ ਕਰੋ ਸ਼ਰਧਾ ਪੂਰਬਕ।

ਨਿਰੁਕ੍ਤ– ਬੇਲਾ-(ਸੰਸ:, ਵੇਲਾ) ਵੇਲਾ ਦਾ ਭਾਵ ਹੈ ਮਨੁੱਖਾ ਜਨਮ।

ਅਉਧ –(ਸੰਸ:, ਅਵਧਿ = ਹੱਦ) ਉਮਰਾ, ਆਯੂ।

ਰੈਣਾ–(ਸੰਸ:, ਰਜਨੀ। ਪ੍ਰਾਕ੍ਰਿਤ, ਰਯਣੀ। ਪੁ: ਪੰਜਾਬੀ, ਰਯਨੀ, ਰੈਣੀ। ਨਵੀ: ਪੰਜਾਬੀ, ਰੈਣ, ਰੈਨ) ਰਾਤ।

ਗੁਰਬਾਣੀ ਵਿਚ 'ਰੈਣ' ਪਦ ਦਾ ਵਰਤਾਉ ਲੱਛਣਾਂ ਦਵਾਰਾ ਇਨ੍ਹਾਂ ਅਰਥਾਂ ਵਿਚ ਬੀ ਆਇਆ ਹੈ:-
੨. ਰੈਨ ਤੋਂ ਭਾਵ- ਉਮਰਾ, ਅਰਥਾਤ ਅਵਸਥਾ। ਕਾਰਣ ਇਹ ਕਿ, ਮਰਨੇ ਬਾਅਦ ਅਗਲੀ ਹਾਲਤ ਦਿਨ ਵਤ ਰੌਸ਼ਨ ਹੈ ਤੇ ਇਸ ਜਗ ਵਿਚ ਸਾਡੀ ਹਾਲਤ ਘੁਸ-ਮੁਸਾਲੀ ਜੇਹੀ ਹੈ। ਸਾਡੀ ਹਾਲਤ ਸਾਡੀ ਉਮਰ ਯਾ ਅਵਸਥਾ ਹੈ ਇਸ ਕਰਕੇ ਰੈਣ ਦੀ ਮੁਰਾਦ ਸਾਡੀ ਬੀਤ ਰਹੀ ਉਮਰ ਹੈ। ਯਥਾ:-

'ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥' (ਸਿਰੀ: ਮਹਲਾ ੩-੫੮)

ਤਥਾ :- **'……ਸਭ ਚਲੀ ਰੈਣ ਵਿਹਾਦੀ॥'** (ਸਿਰੀ: ਮਹਲਾ ੪, ਪਹਰੇ-੧)

ਤਥਾ :- **ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ……॥** (ਸਿਰੀ: ਮ: ੧, ਪਹਰੇ-੧)

੩. ਰਾਤ ਕਾਲੀ ਹੁੰਦੀ ਹੈ, ਕੇਸ ਕਾਲੇ ਹੁੰਦੇ ਹਨ, ਕੇਸ ਕਾਲੇ ਜਵਾਨੀ ਵਿਚ ਹੁੰਦੇ ਹਨ। ਇਸ ਕਰਕੇ ਜਵਾਨੀ ਬੀ ਰੈਣ ਦਾ ਭਾਵ ਹੁੰਦਾ ਹੈ, ਯਥਾ :-

'ਰੈਨਿ ਗਈ ਮਤ ਦਿਨੁ ਭੀ ਜਾਇ॥ (ਸੂਹੀ ਕਬੀਰ-੨)

---

[1]'ਪੂਰੇ' ਦਾ ਅਰਥ 'ਪੂਰੀ ਕਰੋ' ਬੀ ਲਾ ਲੈਂਦੇ ਹਨ। [2]'ਚਰਨ ਧੂੜ ਬਖਸ਼ੋ' ਬੀ ਅਰਥ ਕਰਦੇ ਹਨ।

੪. ਰੈਣ ਹਨੇਰੇ ਵਾਲੀ ਹੁੰਦੀ ਹੈ, ਅਵਿਦਯਾ ਬੀ ਹਨੇਰਾ ਹੈ। ਇਸ ਕਰਕੇ ਅਵਿਦਯਾ ਬੀ ਇਸ ਦਾ ਭਾਵ ਲਈਦਾ ਹੈ। ਯਥਾ :-

ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ॥ (ਗਉੜੀ ਮ: ੫-੧੫੦)

ਤਥਾ- **ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।**

(ਵਾਰ ਸਿਰੀ : ਮ: ੪-੧੨)

ਜਿੱਕੁਰ ਸੂਰਜ ਰਾਤ੍ਰ ਨੂੰ (ਕਿਰਾਖੀ =) ਖਿਚ ਲੈਂਦਾ ਹੈ। ਭਾਵ ਖਿੱਚ ਕੇ ਅਭਾਵ ਕਰ ਦੇਂਦਾ ਹੈ, ਇਕੁਰ ਹੀ ਸੰਤ ਸੂਰਜ ਵਤ ਜਗਜਾਸੂ ਦੀ ਅਵਿਦਯਾ ਰੂਪ ਰਾਤ੍ਰੀ ਆਪਣੀ ਵੱਲ ਖਿੱਚ ਕੇ ਦੂਰ ਕਰ ਦੇਂਦੇ ਹਨ।

ਬਿਕਾਰ-(ਸੰਸ:, ਵਿਕਾਰ:) ੧. ਕੁਦਰਤੀ (ਸੁਭਾਵਕ) ਹਾਲਤ ਤੋਂ ਬਦਲਕੇ ਹੋਰ ਹਾਲਤ ਵਿਚ ਪ੍ਰਵੇਸ਼। ੨. ਵਿਗਾੜ।

੩. ਸੇਹਤ ਤੋਂ ਵਟਾਉ ਭਾਵ ਬੀਮਾਰੀ, ਆਤਮਾ ਦੀ ਅਡੋਲਤਾ ਤੋਂ ਨੀਵੇਂ ਵਲਵਲੇ ਵਿਚ ਕਾਮ ਆਦਿ ਰਸਾਂ ਵਿਚ ਆਉਣ ਦੀ ਹਾਲਤ।

ਬ੍ਰਹਮ ਗਿਆਨੀ- (ਸੰਸ:, ਬ੍ਰਹਮ ਗਯਾਨੀ) ਬ੍ਰਹਮ ਨੂੰ ਜਾਣਨ ਵਾਲਾ। ਯਥਾ :-

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥ (ਸੁਖਮਨੀ, ੮-੬)

(ਪਰ) ਕੇਵਲ ਵਾਚਯ ਗਯਾਨ ਕਾਫੀ ਨਹੀਂ, ਸਚ ਮੁਚ ਦਾ ਵੇਤਾ (ਜਾਣਨੇ ਵਾਲਾ) ਹੋਵੇ ਤੇ ਓਹ ਪ੍ਰੇਮ ਨਾਲ ਬਣਦਾ ਹੈ, ਇਸ ਕਰਕੇ ਗਯਾਨ ਤੇ ਪ੍ਰੇਮ ਦੋਵੇਂ ਇਕੱਠੇ ਕਹੇ ਹਨ, ਯਥਾ :-

(ਅਗਲੀ ਤੁਕ ਵਿਚ ਫੁਰਮਾਇਆ ਹੈ) : **ਬ੍ਰਹਮ ਗਿਆਨੀ ਏਕ ਸੰਗਿ ਹੇਤਾ॥** (ਸੁਖਮਨੀ-੮-੬)

ਬ੍ਰਹਮ ਗਿਆਨੀ ਓਹੁ ਹੈ ਜਿਸ ਦਾ ਇਕ ਪਰਮੇਸ਼ੁਰ ਨਾਲ ਪ੍ਰੇਮ ਹੈ।

ਅਕਥ ਕਥਾ- ਬਾਣੀ ਤੋਂ ਰਹਿਤ ਦੀ ਕਥਾ।

੨. ਉਹ ਕਥਾ ਜੋ ਕਥੀ ਨਹੀਂ ਜਾ ਸਕਦੀ।

ਬਿਹਾਝਹੁ- (ਸੰਸ:, ਵਯਵਹਾਰ =। ਹਿੰਦੀ, ਬਿਸਾਹਨਾ। ਪੁੰ: ਪੰਜਾਬੀ, ਵਿਸਾਹਣਾ ਤੇ ਵਿਹਾਝਣਾ, ਬਿਹਾਝਣਾ) ਖ਼ਰੀਦੋ।

ਬਸੇਰਾ- (ਸੰਸ:, ਵਸੁ = ਵਸਣਾ, ਰਹਿਣਾ। ਹਿੰਦੀ, ਵੱਸ ਤੋਂ ਵਸੇਰਾ, ਬਸੇਰਾ = ਵਾਸਾ, ਰਹਿਣਾ) ਵਾਸਾ। ਰਹਿਣਾ। ਨਿਵਾਸ।

ਨਿਜ ਘਰਿ ਮਹਲੁ ਪਾਵਹੁ- ਘਰ ਵਿਚ ਮਹਲ ਪਾਉਣਾ = ਘਰ ਇਕ ਛੋਟਾ ਮਕਾਨ ਹੈ, ਮਹਲ ਬਹੁਤ ਵੱਡਾ ਮਕਾਨ ਹੈ। ਘਰ ਤੋਂ ਭਾਵ ਜੀਵ ਤਤ ਯਾ ਆਤਮਾ ਹੈ, ਮਹਲ ਤੋਂ ਭਾਵ ਬ੍ਰਹਮ ਤਤ ਯਾ ਪਰਮਾਤਮਾ ਹੈ। ਭਾਵ ਇਹ ਹੈ ਕਿ ਬਾਹਰੋਂ ਨਹੀਂ ਪਰ ਆਪਣੇ ਆਤਮਾਂ ਵਿਚ ਹੀ ਪਰਮਾਤਮਾ ਦਾ ਮੇਲ ਹੋ ਜਾਏਗਾ। ਤੇ ਉਸ ਮੇਲ ਤੋਂ ਉਪਜਿਆ ਸਹਜ ਸੁਖ ਮਿਲ ਪਵੇਗਾ।

ਐਉਂ ਭੀ ਆਖਦੇ ਹਨ ਕਿ ਆਪਣੇ (ਘਰ =) ਹਿਰਦੇ ਵਿਚ (ਮਹਲ =) ਸਰੂਪ ਪ੍ਰਾਪਤ ਹੋ ਜਾਏਗਾ।

ਅੰਤਰਜਾਮੀ- (ਸੰਸ:, ਅੰਤਰ੍ਯਾਮਿਨ੍ = ਜੋ ਅੰਦਰ ਵਸਦਾ, ਅੰਦਰ ਦੇ ਭਾਵਾਂ ਨੂੰ ਰੋਕਦਾ, ਠੀਕ ਕਰਦਾ ਯਾ ਪ੍ਰੇਰਦਾ ਹੈ। ਵੇਦਾਂਤ ਪਰਿਭਾਸ਼ਾ ਵਿਚ 'ਅੰਤਰਯਾਮੀ' ਪਰਮਾਤਮਾ ਦੇ ਉਸ ਤੱਤ ਦਾ ਨਾਮ ਹੈ ਜੋ ਅੰਦਰ ਰਹਿਕੇ ਨਿਯਮਨ ਕਰਦਾ ਹੈ, Inner Controller, ਇਹ ਸਭ ਦੇ ਅੰਦਰ ਕਾਰਣ ਰੂਪ

ਹੋਕੇ ਵਰਤ ਰਿਹਾ ਹੈ)। ਅੰਦਰ ਟਿਕਿਆ ਹੋਇਆ। ਅੰਦਰ ਵਸਦਾ, ਪਰ ਆਮ ਅਰਥ ਹੈ ਅੰਦਰ ਦੀਆਂ ਜਾਣਨ ਵਾਲਾ। ਜੋ ਅੰਦਰ ਮੌਜੂਦ ਹੈ ਉਹ ਅੰਦਰ ਦਾ ਸਭ ਕੁਛ ਜਾਣਦਾ ਹੈ ਇਸ ਕਰਕੇ ਆਮ ਅਰਥ ਇਹੋ ਹੋ ਗਿਆ।

ਬਿਧਾਤੇ- (ਸੰਸ:, ਵਿਧਾਤ੍ਰਿ। ਪੰਜਾਬੀ, ਬਿਧਾਤਾ, ਵਿਧਾਤਾ, ਬਿਧਾਤੀ) ਬਿਧਾਤਾ ਦਾ ਅਰਥ ਬ੍ਰਹਮਾ ਯਾ ਕਰਤਾਰ ਹੈ। ਬਿਧਾਤੇ = ਹੇ ਕਰਤਾਰ !

੨. ਪਰ (ਕਰਮ) ਫਲ ਪ੍ਰਦਾਤਾ ਬੀ ਅਰਥ ਹੁੰਦਾ ਹੈ।

ਯਥਾ:- ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ॥ (ਆਸਾ ਮ: ੧ ਛੰਤ-੪)

ਸਰਧਾ- (ਸੰਸ:, ਸ਼੍ਰਦ੍ਧਾ) ਵਿਸ਼੍ਵਾਸ, ਵਿਸ਼੍ਵਾਸ ਤੇ ਪਜਾਰ ਦਾ ਮਿਲਵਾਂ ਭਾਵ, ਜਿਸ ਵਿਚ ਸਤਿਕਾਰ ਸ਼ਾਮਲ ਹੁੰਦਾ ਹੈ।

ਸਿਰੀ ਰਾਗੁ

੧ੴ ਸਤਿਗੁਰ ਪ੍ਰਸਾਦਿ॥

ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ॥

ਜਪੁਜੀ ਦੇ ਆਦਿ ਵਿਚ ਜੋ ਮੂਲ ਮੰਤ੍ਰ ਆਇਆ ਹੈ, ਇਹ '੧ੴ ਸਤਿਗੁਰ ਪ੍ਰਸਾਦਿ' ਉਸ ਦਾ ਇਕ ਸੰਖੇਪ ਰੂਪ ਹੈ। ਇਨ੍ਹਾਂ ਪਦਾਂ ਦਾ ਅਰਥ ਓਥੇ ਆ ਚੁੱਕਾ ਹੈ। ਇਹ ਇਥੇ ਮੰਗਲਾਚਰਣ ਹੈ, ਜਿਸ ਵਿਚ '੧ੴ' ਅਰਥਾਤ ਅਕਾਲ ਪੁਰਖ ਅਤੇ 'ਗੁਰੂ' ਦੀ ਕ੍ਰਿਪਾ ਮੰਗੀ ਹੈ।

ਸਿਰੀ ਰਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਆਰੰਭ ਹੁੰਦੇ ਹਨ, ਏਕਾਗ੍ਰਤਾ ਦੀ ਤਾਸੀਰ ਵਾਲਾ ਹੋਣ ਕਰਕੇ ਇਸ ਰਾਗ ਦੀ ਵਡਿਆਈ ਬੀ ਲਿਖੀ ਹੈ :-

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥ (ਸਿਰੀ ਰਾਗੁ ਕੀ ਵਾਰ ਮ: ੩-੧)

ਭਾਵੇਹ ਕਿ ਇਹ ਰਾਗ ਇਕਾਗ੍ਰ ਚਿਤ ਦੀ ਤਾਸੀਰ ਵਾਲਾ ਹੈ, ਇਸ ਨੂੰ ਸਚੇ ਵਾਹਿਗੁਰੂ ਨੂੰ ਚਿਤ ਵਸਾਉਣ ਲਈ ਗਾਇਨ ਕਰੋ ਯਾ ਸੁਣੋ। ਸੰਗੀਤ ਵਿਚ ਸਿਰੀ ਰਾਗ ਵਡੇ ਛੇ ਰਾਗਾਂ ਵਿਚੋਂ ਹੈ। ਇਸ ਦੇ ਗਾਉਣ ਦਾ ਸਮਾਂ ਲੌਢਾ ਪਹਿਰ ਹੈ ਤੇ ਰੁੱਤਾਂ ਦੇ ਹਿਸਾਬ ਇਸ ਨੂੰ ਹੇਮੰਤ ਰੁੱਤ ਦਾ ਰਾਗ ਮੰਨਦੇ ਹਨ। ਬਾਣੀ ਬਿਉਰੇ ਵਿਚ ਲਿਖਿਆ ਹੈ ਕਿ ਸਿਰੀ ਰਾਗ ਨੂੰ ਜੇਠ, ਹਾੜ ਅਤੇ ਮਾਘ ਫੱਗਣ ਦੇ ਮਹੀਨਿਆਂ ਵਿਚ ਤਪਸ੍ਵੀ ਲੋਕ ਬਨਾਂ ਵਿਚ ਗਾਉਂਦੇ ਹਨ।

ਇਹ ਸੰਪੂਰਨ ਰਾਗ ਹੈ। ਸੁਰਾਂ ਦੇ ਹਿਸਾਬ ਵਿਚ 'ਮਤਿ ਭੇਦ' ਹਨ।

(ਸਿਰੀ ਰਾਗੁ ਮ: ੧, ਚਉਪਦਾ - ੧)

ਪ੍ਰਾਕ੍ਥਨ-ਇਸ ਸ਼ਬਦ ਵਿਚ ਸੰਸਾਰ ਦੀਆਂ ਚਾਰੋਂ ਪ੍ਰਿਯ ਵਸਤੂਆਂ ਦੇ ਲਾਲਚ ਨੂੰ ਪਰਮਾਰਥ ਦਾ ਪ੍ਰਤਿਬੰਧਕ ਦੱਸਿਆ ਹੈ[1]।

---

[1]ਗਯਾਨੀ ਸਜਣ ਇਸ ਸ਼ਬਦ ਦੀ ਉਥਾਨਕਾ ਇਹ ਦੱਸਦੇ ਹਨ ਕਿ ਇਕ ਸਮੇਂ ਸਮੁੰਦਰ ਦੇ ਕੰਢੇ ਬੈਠਿਆਂ ਕਲਿਯੁਗ ਗੁਰੂ ਜੀ ਦੇ ਪਰਤਾਵੇ ਲਈ ਆਇਆ ਤੇ ਸ਼ਬਦ ਵਿਚ ਦੱਸੇ ਚਾਰੇ ਪਦਾਰਥ ਪੇਸ਼ ਕੀਤੇ। ਗੁਰੂ ਜੀ ਨੇ ਇਹ ਸ਼ਬਦ ਉਚਾਰਕੇ ਚੋਹਾਂ ਦੇ ਲੈਣੋਂ ਨਾਂਹ ਕੀਤੀ। ਤਵਾ: ਖਾਲਸਾ ਲਿਖਦੀ ਹੈ ਕਿ ਕਲਿਜੁਗ ਜਗਨ ਨਾਥ ਦੇ ਪੰਡਿਆਂ ਦੇ ਰਾਜੇ ਦਾ ਨਾਮ ਸੀ। ਇਹ ਬੀ ਲਿਖਦੇ ਹਨ ਕਿ ਉਸ ਦੀ ਉਲਾਦ ਦੇ ਹੁਣ ਤਕ ਕਲਿਜੁਗ ਕਹਾਉਂਦੇ ਹਨ। ਇਸ ਪੁਰਖ ਨੇ ਗੁਰੂ ਜੀ ਨੂੰ ਭ੍ਰਮਾਉਣ ਦੀ ਕੋਸ਼ਿਸ਼ ਕੀਤੀ ਤਾਂ ਇਹ ਸ਼ਬਦ ਉਚਾਰ ਹੋਇਆ।

ਮੂਲ | **ਅਰਥ**

ੴ ਸਤਿਗੁਰ ਪ੍ਰਸਾਦਿ॥
ਰਾਗੁ ਸਿਰੀ ਰਾਗੁ ਮਹਲਾ
ਪਹਿਲਾ ੧ ਘਰੁ ੧॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ ਰਹਾਉ॥

(ਅਰਥ ਰਹਾਉ ਤੋਂ ਟੁਰੇਗਾ) ਹਰੀ (ਅਰਥਾਤ ਅਕਾਲ ਪੁਰਖ ਨੂੰ ਮੈਂ ਆਪਣੀ ਪ੍ਰਾਪਤੀ ਦਾ ਮਨੋਰਥ ਬਣਾਇਆ ਹੈ, ਕਿਉਂਕਿ ਇਸ) ਬਿਨਾ ਜੀਉ ਸੜ ਬਲ ਜਾਂਦਾ ਹੈ। ਮੈਂ ਆਪਣੇ ਗੁਰੂ ਨੂੰ ਬੀ ਪੁਛ ਵੇਖਿਆ ਹੈ, (ਉਸ ਨੇ ਦੱਸਿਆ ਹੈ ਕਿ ਸਦੈਵੀ ਸੁਖ ਦਾ) ਟਿਕਾਣਾ (ਹਰੀ ਬਿਨਾ) ਹੋਰ ਕੋਈ ਨਹੀਂ ਹੈ॥੧॥ਰਹਾਉ॥

(ਇਸ ਲਈ ਮੈਂ ਹੋਰ ਦੀ ਲੋਚਾ ਨਹੀਂ ਰਖੀ ਕਿ ਮਤੇ ਉਹ ਆਪਣੇ ਵਿਚ ਬੰਨ੍ਹ ਨਾ ਬਹਾਲੇ, ਜਿਵੇਂ ਭਲਾ) ਮੋਤੀਆਂ ਦੇ ਤਾਂ ਉਸਰ ਪੈਣ ਮੰਦਿਰ, ਤੇ ਰਤਨਾਂ ਦੇ ਹੋਣ (ਉਨ੍ਹਾਂ ਵਿਚ) ਕੀਤੇ ਹੋਏ ਜੜਾਉ (ਅਤੇ ਉਨ੍ਹਾਂ ਵਿਚ) ਕਸਤੂਰੀ ਕੁੰਗੂ ਅਗਰਿ ਤੇ ਚੰਦਨ ਆਦਿ ਸੁਗੰਧੀਆਂ ਦੇ ਹੋਣ ਕੀਤੇ ਹੋਏ ਲੇਪ (ਜਿਨ੍ਹਾਂ ਦੀ ਖੁਸ਼ਬੋ ਤੋਂ ਮਨ ਨੂੰ) ਉਪਜੇ ਚਾਉ, (ਇਨ੍ਹਾਂ ਨੂੰ) ਵੇਖਕੇ ਮਤਾਂ ਮੈਂ ਮੋਹਿਤ ਹੋ ਜਾਵਾਂ, (ਤੇ ਮੋਹਿਤ ਹੋਏ ਨੂੰ ਹੇ ਹਰੀ !) ਤੇਰਾ ਨਾਮ (ਹੀ) ਭੁੱਲ ਜਾਵੇ (ਤੇ ਫੇਰ ਉਹ ਨਾਮ) ਚਿੱਤ ਹੀ ਨਾ ਆਵੇ ॥੧॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥

(ਫੇਰ ਐਸੇ ਸੁੰਦਰ ਤੇ ਸੁਗੰਧਿਤ ਮੰਦਰਾਂ ਦੀ) ਜ਼ਿਮੀਂ (ਭਾਵ ਫ਼ਰਸ਼) ਹੀਰਿਆਂ ਲਾਲਾਂ ਨਾਲ ਜੜੀ ਹੋਈ ਹੋਵੇ (ਤੇ ਉਸ ਦੇ ਅੰਦਰ ਵਿਛੇ) ਪਲੰਘ ਨਾਲ ਬੀ ਲਾਲਾਂ ਦੀ ਜੜਤ ਕੀਤੀ ਹੋਈ ਹੋਵੇ ; (ਫੇਰ ਉਥੇ) ਮੋਹ ਲੈਣ ਵਾਲੀ (ਇਸਤ੍ਰੀ ਹੋਵੇ ਜਿਸ ਦੇ) ਮੁਖ ਤੇ ਮਣੀਆਂ ਦੀ (ਜੜ੍ਹਤ ਦਾ ਸ਼ਿੰਗਾਰ) ਸ਼ੋਭ ਰਿਹਾ ਹੋਵੇ (ਤੇ ਉਹ ਇਸਤ੍ਰੀ) ਪ੍ਰੇਮ ਨਾਲ (ਸਾਰੇ) ਹਾਵ ਭਾਵ ਕਰੇ (ਏਹ) ਵੇਖਕੇ ਮੈਂ ਮਤਾਂ ਮੋਹਿਤ ਹੋ ਜਾਵਾਂ, (ਤੇ ਮੋਹਿਤ ਹੋਏ ਨੂੰ ਹੇ ਹਰੀ !) ਤੇਰਾ ਨਾਮ ਹੀ ਭੁੱਲ ਜਾਵੇ, (ਤੇ ਫੇਰ ਉਹ ਨਾਮ) ਚਿੱਤ ਹੀ ਨਾ ਆਵੇ ॥੨॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥

(ਭਲਾ ਜੇ ਮੈਂ ਭੋਗਾਂ ਵਿਚ ਨਾ ਪਵਾਂ ਪਰ ਮੈਨੂੰ ਯੋਗ ਸ਼ਕਤੀਆਂ- ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਣ, ਐਸੀਆਂ ਕਿ ੧੮ ਵਿਚੋਂ ਜੇਹੜੀ ਚਾਹਵਾਂ) ਸਿੱਧੀ ਲਾ ਲਵਾਂ, ਤੇ ਰਿਧੀ ਨੂੰ ਕਹਾਂ ਆਓ (ਉਹ ਆ ਜਾਵੇ ਤੇ ਐਉਂ) ਸਿੱਧ ਬਣਕੇ (ਆਪਣੀ ਇਛਾ ਅਨੁਸਾਰ) ਗੁਪਤ ਹੋ ਜਾਵਾਂ, (ਚਾਹਾਂ ਤਾਂ) ਪ੍ਰਗਟ ਹੋ ਬੈਠਾਂ, (ਇਹ ਦੇਖਕੇ) ਲੋਕ (ਮੇਰੇ ਵਿਚ) ਸ਼ਰਧਾ ਧਾਰ ਲੈਣ (ਕਿ ਬੜਾ ਸਿੱਧ ਹੈ, ਪਰ ਇਹ ਆਪਣਾ ਐਸ਼੍ਵਰਜ)

ਦੇਖਕੇ ਮੈਂ ਮਤਾਂ ਮੋਹਿਤ ਹੋ ਜਾਵਾਂ (ਤੇ ਮੋਹਿਤ ਹੋਏ ਨੂੰ ਹੇ ਹਰੀ !) ਤੇਰਾ ਨਾਮ (ਹੀ) ਵਿਸਰ ਜਾਵੇ (ਤੇ ਫੇਰ ਉਹ) ਨਾਮ ਚਿਤ ਵਿਚ ਹੀ ਨਾਂ ਆਵੇ ॥ ੩ ॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥

(ਭਲਾ ਜੇ ਮੈਂ ਇਨਸਾਨੀ ਪ੍ਰਬਲ ਤਾਕਤ ਵਾਲਾ ਅਰਥਾਤ ਵਡਾ ਪਾਤਸ਼ਾਹ) ਸੁਲਤਾਨ (ਬੀ) ਹੋ ਜਾਵਾਂ, ਫੌਜਾਂ ਜਮਾਂ ਕਰ ਲਵਾਂ[1], ਤਖ਼ਤ ਉਤੇ ਚੜ੍ਹ ਬੈਠਾਂ (ਤੇ ਤਖ਼ਤ) ਬੈਠਾ ਹੋਇਆ ਹੁਕਮ ਕਰਾਂ (ਤੇ ਦੇਸ ਦਾ) ਮਾਮਲਾ ਵਸੂਲ ਕਰਾਂ ; (ਪਰ) ਹੇ ਨਾਨਕ ! (ਇਹ) ਸਭ (ਕੁਛ ਬੀ ਤਾਂ ਪਿਛਲੇ ਦੱਸੇ ਪਦਾਰਥਾਂ ਵਾਂਙੂ) ਵਾਉ (ਆਉਣੇ ਜਾਣੇ ਯਾ ਨਾ-ਪਾਏਦਾਰ) ਹੀ ਹੈ। (ਇਸ ਨਾ-ਪਾਏਦਾਰ ਨੂੰ) ਦੇਖਕੇ ਮਤਾਂ ਮੈਂ ਮੋਹਿਤ ਹੋ ਜਾਵਾਂ, ਤੇਰਾ ਨਾਉਂ ਵਿਸਰ ਜਾਵੇ ਤੇ ਫੇਰ ਚਿਤ ਵਿਚ ਨਾ ਆਵੇ, (ਇਸ ਲਈ ਮੈਂ ਇਹ ਬੀ ਨਹੀਂ ਚਾਹੁੰਦਾ, ਮੈਂ ਤਾਂ ਕੇਵਲ ਆਪ ਨੂੰ ਲੋਚਦਾ ਹਾਂ)॥੪॥੧॥

ਵਜਾਖਜਾ– ਜਪੁਜੀ, ਸੋਦਰੁ, ਰਹਰਾਸਿ, ਸੋਹਿਲਾ ਤ੍ਰੈ ਨਿਤਨੇਮ ਦੀਆਂ ਬਾਣੀਆਂ ਲਿਖਕੇ ਸ੍ਰੀ ਗੁਰੂ ਅਰਜਨ ਦੇਵ ਜੀ ਹੁਣ ਰਾਗਾਂ ਦਾ ਆਰੰਭ ਕਰਦੇ ਹਨ। ਪਹਿਲਾਂ ਸ੍ਰੀ ਰਾਗ ਚੁਣਿਆ ਤੇ ਉਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਤੋਂ ਕੀਤਾ ਹੈ। ਇਸ ਸ਼ਬਦ ਦਾ ਭਾਵ ਜੋ ਹੈ ਉਹ ਮਾਨੋ ਗੁਰਮਤਿ ਅਨੁਸਾਰ ਮਮੋਖੂ ਲਈ ਇਹ ਧ੍ਰੁਵਾ ਬੱਧਾ ਹੈ ਕਿ ਆਪਣਾ ਆਦਰਸ਼ ਮੋਖ ਦੀ ਇੱਛਾ ਵਾਲਾ ਸਿਖ 'ਵਾਹਿਗੁਰੂ ਪ੍ਰਾਪਤੀ' ਨੂੰ ਬਣਾਵੇ। 'ਵਾਹਿਗੁਰੂ ਅਤ੍ਰਿਕਤ' ਹੋਰ ਕਿਸੇ ਸ਼ੈ ਦੀ ਤ੍ਰਿਸ਼ਨਾ ਨੂੰ ਜੀਵਨ ਦਾ ਆਦਰਸ਼ ਨਾ ਬਣਾਵੇ।

ਆਮ ਹਾਲਤਾਂ ਵਿਚ ਏਹ ਤ੍ਰਿਸ਼ਨਾ ਚਾਰ ਰੂਪ ਲੈਂਦੀ ਹੈ :-

੧. ਪਦਾਰਥਾਂ ਦੀ ਤ੍ਰਿਸ਼ਨਾ।　੨. ਭੋਗਾਂ ਦੀ ਤ੍ਰਿਸ਼ਨਾ

੩. ਵਿਭੂਤੀਆਂ ਦੀ ਤ੍ਰਿਸ਼ਨਾ।　੪. ਐਸ਼੍ਵਰਜ ਦੀ ਤ੍ਰਿਸ਼ਨਾ।

ਚੌਹਾਂ ਅੰਕਾਂ ਵਿਚ ਚੌਹਾਂ ਨੂੰ ਵਰਣਨ ਕਰਕੇ ਦੱਸਦੇ ਹਨ ਕਿ ਸਭੇ ਥਿਰ ਨਹੀਂ ਹਨ, ਹਵਾ ਦੀ ਤਰ੍ਹਾਂ ਆਉਣੇ ਜਾਣੇ ਹਨ ਤੇ ਸਦਾ ਦੇ ਸੁਖ ਲਈ ਵਿਅਰਥ ਹਨ।

ਫੇਰ ਰਹਾਉ ਵਿਚ ਦੱਸਿਆ ਹੈ ਕਿ ਹਰੀ ਤੋਂ ਬਿਨਾ ਜੀਵ ਨੂੰ 'ਜਲਨਾ ਬਲਨਾ' ਨਸੀਬ ਹੁੰਦਾ ਹੈ। ਕਿਉਂਕਿ ਇਨ੍ਹਾਂ ਦੀ ਪ੍ਰਾਪਤੀ ਲਈ ਪ੍ਰਯਤਨ ਹੁੰਦਾ ਹੈ, ਪ੍ਰਯਤਨ ਵਿਚ ਸ਼੍ਰੱਮ ਹੁੰਦਾ ਹੈ ; ਪ੍ਰਾਪਤੀ ਹੋਕੇ ਸੰਭਾਲ ਵਿਚ ਯਤਨ ਤੇ ਵਿਘਨਾਂ ਦਾ ਭੈ ਹੁੰਦਾ ਹੈ, ਬਿਨਸਨ ਵਿਛੁੜਨ ਪਰ ਵਿਯੋਗ ਦਾ ਕਸ਼ਟ ਹੁੰਦਾ ਹੈ, ਮਰਨ ਵੇਲੇ ਨਾਲ ਕੋਈ ਨਹੀਂ ਜਾਂਦਾ, ਮਨ ਨੂੰ ਹਸਰਤ ਹੁੰਦੀ ਹੈ, ਮਰਨ ਦੇ ਬਾਅਦ ਮਨ ਦੇ ਇਨ੍ਹਾਂ ਵਿਚ ਫਸੇ ਰਹਿਣ ਕਰਕੇ ਭਟਕਣਾ ਹੁੰਦੀ ਹੈ ਤੇ ਕੀਤੇ ਕੁਕਰਮਾਂ ਦੇ ਪਸਚਾਤਾਪ ਹੁੰਦੇ ਹਨ। ਇਸ ਸਾਰੇ ਕੁਛ ਨੂੰ 'ਜਲਨਾ ਬਲਨਾ' ਆਖਿਆ ਹੈ। ਉਂਵ ਬੀ ਗੁਰਬਾਣੀ ਵਿਚ ਤ੍ਰਿਸ਼ਨਾ ਨੂੰ ਅੱਗ ਹੀ ਵਰਣਨ ਕੀਤਾ ਹੈ। ਯਥਾ :-

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤਿਸਨਾ ਅਗਿ॥　(ਸਿਰੀ ਮ: ੧-੧੪)

ਗੁਰਮਤਿ ਵਿਚ ਵਾਹਿਗੁਰੂ ਦੀ ਪ੍ਰਾਪਤੀ ਨਾਮ ਦੁਆਰਾ ਹੁੰਦੀ ਹੈ, ਇਸ ਲਈ ਇਸ ਸ਼ਬਦ ਵਿਚ, 'ਇਨ੍ਹਾਂ ਪਦਾਰਥਾਂ ਤੋਂ ਮਤਾਂ ਵਿਘਨ ਪੈਦਾ ਹੋ ਜਾਏ ਤੇ ਹਰੀ ਸਿਮਰਣ ਵਿਸਿਮਰਣ ਹੋ ਜਾਏ' ਦੀ

[1]ਅਥਵਾ-ਲਸ਼ਕਰ ਕੱਠਾ ਕਰਕੇ ਮੈਂ ਸੁਲਤਾਨ ਬਣ ਜਾਵਾਂ (ਤੇ ਸੁਲਤਾਨ ਹੋ ਕੇ) ਤਖ਼ਤ ਤੇ ਚੜ੍ਹ ਬੈਠਾਂ।

ਸੂਚਨਾ ਦਿੱਤੀ ਹੈ ਕਿ ਇਨ੍ਹਾਂ ਦੀ ਤ੍ਰਿਸ਼ਨਾਂ ਵਿਚ ਨਾ ਪਓ, ਏਹ ਹਰੀ ਪ੍ਰਾਪਤੀ ਦੇ ਮਨੋਰਥ ਵਿਚ, ਜੋ ਵਸੀਲਾ ਹੈ, ਉਸ ਨੂੰ ਰੋਕ ਦੇਣ ਵਾਲੀਆਂ ਹਨ।

ਨਾਮ ਵਿਸਾਰੇ ਦੀਆਂ ਤ੍ਰੈ ਅਵਸਥਾਂ ਦੱਸੀਆਂ ਹਨ :-

(੧) ਇਨ੍ਹਾਂ ਲੁਭਾਇਮਾਨ ਕਰਨ ਵਾਲੀਆਂ ਵਸਤਾਂ ਦਾ ਪਹਿਲਾ ਅਸਰ 'ਭੁੱਲਾਂ' ਕਿਹਾ ਹੈ ਕਿ ਇਨ੍ਹਾਂ ਦੀ ਲੁਭਾਇਮਾਨਤਾ ਮਤਾਂ ਮੈਨੂੰ ਆਪਣੇ ਵਿਚ ਮੋਹਿਤ ਕਰ ਲਵੇ।

(੨) 'ਵੀਸਰੈ' ਕਿਹਾ ਹੈ। ਇਨ੍ਹਾਂ ਵਿਚ ਯਾ ਇਨ੍ਹਾਂ ਵਿਚੋਂ ਕਿਸੇ ਇਕ ਵਿਚ ਲੁਭਾਇਮਾਨ ਹੋਇਆਂ, ਉਹ ਜੋ ਅੰਦਰ ਨਾਮ ਦੀ ਰੌ ਚਲ ਰਹੀ ਸੀ, ਉਹ ਬੰਦ ਨਾ ਪੈ ਜਾਵੇ, ਮੈਨੂੰ ਵਿਸਿਮਰਣ ਹੋ ਜਾਵੇ = ਵਿਸਰ ਜਾਵੇ।

(੩) ਫਿਰ ਜਦ ਹੋਸ਼ ਆਵੇ ਕਿ ਮੈਨੂੰ ਤਾਂ ਨਾਮ ਭੁੱਲ ਗਿਆ ਹੈ ਤਦ ਫੇਰ ਜਤਨ ਕਰਾਂ ਨਾਮ ਸਿਮਰਣ ਦਾ ਤਾਂ ਸੁਰਤ ਉਟਾਟਰੀ ਹੋਈ ਹੋਵੇ ਤੇ ਨਾਮ ਵਿਚ ਲੱਗੇ ਨਾ। ਇਹ ਹੈ :-

'ਤੇਰਾ ਚਿਤਿ ਨ ਆਵੈ ਨਾਉ॥'

ਭੋਗਾਂ ਦਾ ਮਾਨਸਿਕ ਅਸਰ ਸੁਰਤ ਨੂੰ ਖਿਡਾਉਣਾ ਤੇ ਮੈਲਿਆਂ ਕਰਨਾ ਹੁੰਦਾ ਹੈ। ਨਾਮ ਦਾ ਅਸਰ ਸੁਰਤ ਨੂੰ ਇਕੱਠਿਆਂ ਕਰਨਾ ਤੇ ਰਸਮਈ ਕਰਨਾ ਹੁੰਦਾ ਹੈ। ਨਾਮ ਦਾ ਅਸਰ ਤਵੱਜੋ ਯਾ ਧਿਆਨ ਨੂੰ ਸਾਈਂ ਵਲ ਲਾਈ ਰੱਖਣਾ ਹੁੰਦਾ ਹੈ। ਮਨ ਵਿਚ ਸਾਈਂ ਦੀ ਹਜ਼ੂਰੀ ਦਾ ਭਾਵ ਬਣਿਆ ਰਹਿੰਦਾ ਹੈ। ਭੋਗਾਂ ਦਾ ਅਸਰ ਮਨ ਨੂੰ ਬਾਹਰ ਮੁਖੀ ਸਾਮਾਨਾਂ ਵਿਚ ਖਿੱਚ ਲੈਣਾ ਹੁੰਦਾ ਹੈ ਤੇ ਮਨ ਗ਼ੈਰ ਹਜ਼ੂਰੀ ਵਿਚ ਚਲਾ ਜਾਂਦਾ ਹੈ। ਜਿਨ੍ਹਾਂ ਭੋਗਾਂ ਦੇ ਸਾਮਨਾਂ ਨੂੰ ਵਿਸ਼ੇਸ਼ ਕਰਕੇ ਮਨੁੱਖ ਭੋਗਦਾ ਹੈ ਉਹੀ ਇਸ ਦੇ ਧਯਾਨ ਵਿਚ ਵੜ ਬੈਠਦੇ ਹਨ। ਇਸ ਤਰ੍ਹਾਂ ਮਨ ਦੀ ਤਵੱਜੋ ਸਾਂਈਂ ਰੁਖ਼ੀਆ ਨਹੀਂ ਰਹਿੰਦੀ।

ਇਨ੍ਹਾਂ ਚੌਹਾਂ ਦੇ ਲਾਲਚ ਨੂੰ ਨਾਮ ਅਭਯਾਸ ਤੇ ਈਸ਼੍ਵਰ ਪ੍ਰਾਪਤੀ ਦੇ ਪ੍ਰਤਿਬੰਧਕ ਦੱਸਿਆ ਹੈ, ਇਹ ਦੱਸਣ ਵਿਚ ਇਕ ਹੋਰ ਕਟਾਖਯ ਬੀ ਹੈ ਕਿ ਜਦ ਕੋਈ ਅਭਯਾਸੀ ਨਾਮ ਵਿਚ ਲਗਦਾ ਹੈ ਤੇ ਲਿਵ ਵਾਲੀ ਰੰਗਤ ਬੱਝਦੀ ਹੈ ਤਾਂ ਕੁਦਰਤਨ ਕੁਛ ਪ੍ਰਸਿਧੀ ਹੋ ਜਾਂਦੀ ਹੈ, ਤਦ ਪਦਾਰਥ ਆਉਂਦੇ ਹਨ, ਮਰਦ ਤ੍ਰੀਮਤਾਂ ਸ਼ਰਧਾਵਾਨ ਹੋ ਜਾਂਦੇ ਹਨ। ਫਿਰ ਮਾਨਸਕ ਬਲ ਪੈਦਾ ਹੋ ਆਉਂਦਾ ਹੈ। ਇਸ ਬਲ ਦੇ ਵਰਤਣ ਨਾਲ ਐਸ਼੍ਵਰਜ ਬਣਦਾ ਹੈ, ਜਿਸ ਵਿਚ ਜਗਯਾਸੂ ਕਿਤੇ ਨ ਕਿਤੇ ਫਸਕੇ ਆਤਮਕ-ਉੱਨਤੀ ਤੋਂ ਅਟਕ ਖਲੋਂਦਾ ਹੈ ਤੇ ਈਸ਼੍ਵਰ ਪ੍ਰਾਪਤੀ ਦੀ 'ਪ੍ਰਯੋਜਨ ਸਿੱਧੀ' ਵਿਚ ਵਿਘਨ ਪੈ ਜਾਂਦੇ ਹਨ। ਗੋਯਾ ਨਾਮ ਅਭਯਾਸੀ ਦੇ ਅੱਗੇ ਇਹ ਚਾਰ ਅਜ਼ਮਾਇਸ਼ਾਂ ਆਉਂਦੀਆਂ ਹਨ, ਪਰ ਅਭਯਾਸੀ ਨੂੰ ਖ਼ਬਰਦਾਰ ਹੋਣਾ ਚਾਹੀਏ ਕਿ ਇਨ੍ਹਾਂ ਅਜ਼ਮਾਇਸ਼ਾਂ (ਪਰਤਾਵਿਆਂ) ਨੇ ਆਉਣਾ ਹੈ ਤੇ ਮੈਂ ਇਨ੍ਹਾਂ ਤੋਂ ਬਚਣਾ ਹੈ।

ਪਹਿਲੇ ਦੋ ਪਦਿਆਂ ਵਿਚ ਸਰੀਰਕ ਤੌਰ ਤੇ ਭੋਗ ਪਦਾਰਥਾਂ ਦੇ ਪ੍ਰਾਪਤ ਕਰਨ ਦੇ ਸ਼੍ਰੱਮ ਤੇ ਮਾਣਨ ਦਾ ਜ਼ਿਕਰ ਹੈ। ਤੀਸਰੇ ਵਿਚ ਮਾਨਸਿਕ ਸ਼੍ਰੱਮ ਤੇ ਪ੍ਰਾਪਤੀ ਦਾ ਜ਼ਿਕਰ ਹੈ, ਚੌਥੇ ਵਿਚ ਵੀ ਤੀਸਰੇ ਤ੍ਰੀਕੇ ਅਰਥਾਤ ਮਾਨਸਕ ਪ੍ਰਯਤਨ ਦੇ ਵਧੇਰੇ ਫਲੀਭੂਤ ਹੋਣ ਤੇ ਪ੍ਰਾਪਤੀ ਦਾ ਜ਼ਿਕਰ ਹੈ,ਕਿਉਂਕਿ 'ਤਪੋਂ ਰਾਜ' ਪ੍ਰਾਪਤ ਹੁੰਦਾ ਆਮ ਕਹਾਵਤ ਹੈ। ਤੇ ਜੋਗੀ ਜਦ ਜੋਗ ਅਭਯਾਸ ਕਰਦੇ ਜੋ ਵਿਭੂਤੀਆਂ ਅਰਥਾਤ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਵਿਚ ਲਗਦੇ ਹਨ, ਹਠ ਤਪ ਸਾਧਨ ਕਰਦੇ ਅੰਤ ਰਾਜ ਭਾਗ ਨੂੰ ਪ੍ਰਾਪਤ ਹੁੰਦੇ ਹਨ। ਸੋ ਦੋਹਾਂ ਪ੍ਰਕਾਰਾਂ ਦੇ ਪ੍ਰਯਤਨ ਤੇ ਪ੍ਰਾਪਤੀਆਂ ਨੂੰ ਦੋ ਦੋ ਪਦਿਆਂ ਵਿਚ ਵਰਣਨ ਕਰਕੇ ਦੋਹਾਂ ਨੂੰ ਨਾਸ਼ਮਾਨ, ਚਲਾਇਮਾਨ, ਦਿਲ ਨੂੰ ਦਾਹ ਦੇਣ ਵਾਲੇ ਦੱਸਕੇ ਵਾਹਿਗੁਰੂ ਪ੍ਰਾਪਤੀ ਦੇ ਪ੍ਰਤਿਬੰਧਕ ਦੱਸਿਆ ਹੈ ਤੇ ਨਾਮ ਸਿਮਰਨ ਨੂੰ ਸਾਈਂ ਪ੍ਰਾਪਤੀ ਦਾ ਵਸੀਲਾ ਦੱਸਿਆ ਹੈ ਜੋ ਜੀਵ ਦੇ ਵਿਸ਼੍ਰਾਮ ਦੀ ਸਦੈਵੀ ਠਾਹਰ ਹੈ।

ਇਸ ਸ਼ਬਦ ਵਿਚ ਦੱਸੇ ਉਪਦੇਸ਼ ਦਾ ਇਹ ਭਾਵ ਨਹੀਂ ਕਿ ਨਾਮ ਪ੍ਰੇਮੀ ਗ੍ਰਿਹਸਤ ਆਸ਼੍ਰਮ

ਛੋੜਕੇ ਜ਼ਰੂਰ ਅਤੀਤ ਵੈਰਾਗੀ ਹੋ ਜਾਏ। ਪਰ ਇਹ ਕਿ 'ਪਰਵਾਣ ਗ੍ਰਿਹਸਤਿ ਉਦਾਸ' ਜੀਵਨ ਬਸਰ ਕਰਦਾ ਕਿਸੇ ਪਰਤਾਵੇ ਵਿਚ ਆ ਕੇ ਵਿਸ਼ਯਾਸ਼ਕਤ ਹੋ ਕੇ ਨਾਮ ਸਿਮਰਣ ਤੋਂ ਉੱਕ ਨਾ ਜਾਵੇ। ਜਿਹਾ ਕੁ ਆਪ ਜੀ ਨੇ ਫ਼ੁਰਮਾਇਆ ਹੈ :-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਸਿਧ ਗੋਸ਼ਟਿ-੫)

ਸਾਧਨ ਪੱਖ-ਵਾਹਿਗੁਰੂ ਜੀ ਦੀ ਪ੍ਰਾਪਤੀ ਜੀਵਨ ਦਾ ਮਨੋਰਥ ਹੋਵੇ। ਜੋ ਵਾਹਿਗੁਰੂ ਜੀ ਨਾਲ ਹਿਰਦੇ ਵਿਚ ਰਾਗ (= ਪ੍ਰੇਮ) ਹੋਵੇ ਤਾਂ ਹੁੰਦੀ ਹੈ। ਜਗਤ ਪਦਾਰਥਾਂ ਤੇ ਭੋਗਾਂ ਨਾਲ ਹਿਰਦੇ ਵਿਚ ਵੈਰਾਗ ਹੋਵੇ। ਵਾਹਿਗੁਰੂ ਜੀ ਨਾਲ ਰਾਗ ਨਾਮ ਤੋਂ ਪ੍ਰਾਪਤ ਹੁੰਦਾ ਹੈ।

ਅੰਤ ਨੂੰ ਨਾਮ ਦਮ ਦਮ ਦੀ ਸੰਭਾਲ ਵਾਲਾ ਲਗਾਤਾਰੀ ਹੋ ਜਾਵੇ।

ਇਸ ਦੇ ਸਦਾ ਜਾਰੀ ਰਹਿਣ ਤੇ ਸਿਥਲਤਾ ਤੋਂ ਰੱਖਿਆ ਲਈ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੋਵੇ।

'ਹਰਿ ਬਿਨੁ .... ਅਵਰੁ ਨਾਹੀ ਥਾਉ॥' ਤੇ 'ਹਰਿ ਦੀ ਪ੍ਰਾਪਤੀ ਦਾ ਮਾਰਗ' ਆਪਣੇ ਗੁਰੂ ਤੋਂ ਨਿਸਚਿਤ ਹੋਇਆ ਹੈ।

ਨਿਰੁਕ੍ਤ- ਮੋਤੀ- (ਸੰਸ:, ਮੁਕ੍ਤਾ। ਪੰਜਾਬੀ, ਮੋਤੀ) ਇਕ ਰਤਨ ਜੋ ਇਕ ਪ੍ਰਕਾਰ ਦੇ ਸਿੱਪਾਂ ਵਿਚੋਂ ਨਿਕਲਦਾ ਹੈ ਤੇ ਗਹਿਣਿਆਂ ਵਿਚ ਸੁਭਾਇਮਾਨ ਹੁੰਦਾ ਹੈ[1]।

ਕਸਤੂਰਿ- (ਸੰਸ:, ਕਸ੍ਤੂਰਿਕਾ, ਕਸ੍ਤੂਰੀ) ਇਕ ਪ੍ਰਕਾਰ ਦੇ ਮ੍ਰਿਗ ਦੀ ਨਾਭੀ ਤੋਂ ਪ੍ਰਾਪਤ ਹੋਣ ਵਾਲੀ ਸੁਗੰਧੀ। ਇਹ ਮ੍ਰਿਗ ਕਸ਼ਮੀਰ, ਨੀਪਾਲ, ਭੋਟਾਨ ਆਦਿ ਦੇਸ਼ਾਂ ਵਿਚ ਹੁੰਦਾ ਹੈ, ਜਿਸ ਨੂੰ ਕਸਤੂਰਾ ਮ੍ਰਿਗ ਆਖਦੇ ਹਨ।

ਕੁੰਗੂ- (ਸੰਸ:, ਕੁੰਕਮਮੁ। ਪੰਜਾਬੀ, ਕੁੰਗੂ) ਕੁੰਕਮ ਨਾਮ ਕੇਸਰ ਦਾ ਹੈ। ਪੰਜਾਬ ਵਿਚ ਕੁੰਗੂ ਰਗੜੇ ਤੇ ਘੋਲੇ ਹੋਏ ਕੇਸਰ ਨੂੰ ਕਹਿੰਦੇ ਹਨ। ਜਿਵੇਂ- ਕੁੰਗੂ ਕਟੋਰੀ ਭਰ ਸੀਸ ਤੇ ਡਾਰੀ। (੨) ਕੇਸਰ ਮਹਿੰਗਾ ਹੋ ਜਾਣ ਕਰਕੇ ਹਲਦੀ ਤੇ ਆਮਲੇ ਆਦਿ ਤੋਂ ਇਕ ਬਹੁਤ ਵਧੀਆ ਰੰਗ ਬਣਾਇਆ ਗਿਆ ਜਿਸ ਦਾ ਨਾਮ ਕੁੰਗੂ ਹੋ ਗਿਆ। ਇਹ ਰੰਗ ਤ੍ਰੀਮਤਾਂ ਮੱਥੇ ਤੇ ਲਾਉਂਦੀਆਂ ਸਨ। ਪਰ ਏਥੇ

---

[1]'ਮੋਤੀ ਤ ਮੰਦਰ'- ਕਹਿਣ ਵਿਚ ਅਲੰਕਾਰ ਵਰਤਿਆ ਹੈ ਕਿ ਐਸੀ ਸੁੰਦਰ ਤੇ ਕੀਮਤੀ ਥਾਂ ਬੀ ਮਿਲੇ। ਪਰ ਜੇ ਖ਼ਿਆਲ ਕੀਤਾ ਜਾਵੇ ਕਿ ਮੋਤੀ ਦਾ ਮੰਦਰ ਕਿਵੇਂ ਉਸਰ ਸਕਦਾ ਹੈ ? ਤਾਂ ਬੀ ਕਾਵ੍ਯ ਦੀ ਸਹਾਯਤਾ ਗਲ ਨੂੰ ਹੱਲ ਕਰ ਦੇਂਦੀ ਹੈ। ਮੋਤੀ ਇਕ ਕੀਮਤੀ ਤੇ ਸੁੰਦਰ ਵਸਤੂ ਹੈ। ਅਤਿ ਸੁੰਦਰ ਵਸਤਾਂ ਦੇ ਨਾਲ ਮੋਤੀ ਪਦ ਲਾ ਦੇਂਦੇ ਹਨ। ਜਿਵੇਂ ਆਗਰੇ ਵਿਚ ਮੋਤੀ ਮਸਜਿਦ ਹੈ, ਹੈਦਰਾਬਾਦ (ਸਿੰਧ) ਵਿਚ ਮੋਤੀ ਮਹੱਲ ਹੈ। ਪਟਿਆਲੇ ਵਿਚ ਇਕ ਮਹੱਲ ਤੇ ਬਾਗ਼ ਦਾ ਨਾਮ ਮੋਤੀ ਬਾਗ ਹੈ।

ਅੱਖਰੀ ਅਰਥ 'ਮੋਤੀ ਤ ਮੰਦਰ ਊਸਰਹਿ' ਦੇ ਲੈਣੇ ਹੋਣ ਤਾਂ ਸ੍ਰੀ ਦਰਬਾਰ ਸਾਹਿਬ ਸੰਗ ਮਰਮਰ ਦਾ ਮੰਦਰ ਹੈ, ਤੇ ਸੰਗ ਮਰਮਰ ਬਾਹਰ ਲੱਗਾ ਹੈ, ਇਹ Golden Temple ਸੋਨੇ ਦਾ ਮੰਦਰ ਕਹੀਦਾ ਹੈ, ਪਰ ਸੋਨੇ ਦਾ ਵਰਕ ਮੜ੍ਹਿਆ ਹੋਇਆ ਹੈ, ਇਸ ਦੇ ਬਾਹਰ ਸੋਹਣੇ ਪੱਥਰ ਹਨ, ਪਰ ਓਹ ਸੰਗ ਮਰਮਰ ਵਿਚ ਖਚਿਤ ਹਨ। ਇਸੀ ਤਰ੍ਹਾਂ ਜੇ ਦੀਵਾਰਾਂ ਮੋਤੀਆਂ ਵੇੜ੍ਹਿਤ ਕਰ ਦਿਤੀਆਂ ਜਾਣ ਤਾਂ ਮੋਤੀ ਮੰਦਰ ਹੋ ਗਿਆ। ਅਕਸਰ ਮਹੱਲਾਂ ਨੂੰ ਚੂਨੇ ਨਾਲ, ਜਿਸ ਨੂੰ ਕਲੀ ਕਹਿੰਦੇ ਹਨ, ਵੇੜ੍ਹਿਤ ਕਰਦੇ ਹਨ। ਸੋ ਚੂਨੇ ਦੀ ਥਾਂ ਮੋਤੀ ਵੇੜ੍ਹਿਤ ਕਰ ਦੇਣਾ ਮੰਦਰ ਨੂੰ, ਬੀ ਮੋਤੀਆਂ ਦਾ ਮੰਦਰ ਕਹਾਏਗਾ।

'ਰਤਨੀ ਤ ਹੋਹਿ ਜੜਾਉ' ਕਿਵੇਂ ਸਫਲ ਹੋਵੇ ? ਭਾਵ ਮੋਤੀ ਤਾਂ ਵੇੜ੍ਹਿਤ ਹੋਣ, ਵਿਚ ਵਿਚ ਹੋਰ ਰਤਨ ਜੜੇ ਹੋਣ, ਮੋਤੀ ਆਪ ਬੀ ਰਤਨ ਹੈ।

ਮੁਰਾਦ ਕੇਸਰ ਤੋਂ ਹੈ। ਯਾ ਬੜੇ ਵਧੀਆ ਖੁਸ਼ਬੂਦਾਰ ਲੇਪ ਤੋਂ ਹੈ।

ਅਗਰਿ– (ਸੰਸ:, ਅਗੁਰੂ = ਹਲਕਾ) ਅਗਰ ਇਕ ਪ੍ਰਕਾਰ ਦਾ ਹਲਕੀ ਲਕੜ ਦਾ ਬ੍ਰਿਛ ਹੈ, ਜਦ ਇਹ ਬਹੁਤ ਉਮਰ ਦਾ ਹੋ ਜਾਏ ਤਾਂ ਇਸ ਦੀਆਂ ਗੰਢਾਂ ਵਿਚ ਇਕ ਸੁਗੰਧੀ ਪੈਦਾ ਹੋ ਜਾਂਦੀ ਹੈ। ਇਸ ਲਕੜੀ ਨੂੰ ਤੇ ਇਸ ਖ਼ੁਸ਼ਬੂਦਾਰ ਪਦਾਰਥ ਨੂੰ, ਜੋ ਇਸ ਵਿਚੋਂ ਕੱਢਦੇ ਹਨ, ਬੀ ਅਗਰ ਆਖਦੇ ਹਨ। 'ਚੋਆ' ਇਸ ਵਿਚੋਂ ਚੁਆਈ ਸੁਗੰਧੀ ਨੂੰ ਕਹਿੰਦੇ ਹਨ। ਇਸ ਪੇੜ ਵਿਚੋਂ ਨਿਕਲੀ ਘਟੀਆ ਖੁਸ਼ਬੋ ਨੂੰ ਧੂਪ ਵਿਚ ਬੀ ਰਲਾਉਂਦੇ ਹਨ। ਏਹ ਬ੍ਰਿਛ ਅਕਸਰ ਆਸਾਮ ਵਿਚ ਹੁੰਦਾ ਹੈ। ਫ਼ਾਰਸੀ ਵਿਚ ਇਸ ਨੂੰ 'ਊਦ' ਆਖਦੇ ਹਨ। - 'ਅਗਰ' ਦੀ ਸੁਗੰਧੀ ਨੂੰ ਏਥੇ 'ਅਗਰਿ' ਲਿਖਕੇ ਇਸਤ੍ਰੀ ਲਿੰਗ ਜਨਾਯਾ ਹੈ।

ਚੰਦਨਿ– (ਸੰਸ:, ਚਨ੍ਨ) ਚੰਨਣ। ਸੰਦਲ। ਇਕ ਪ੍ਰਕਾਰ ਦਾ ਬ੍ਰਿਛ ਜੋ ਦੱਖਣ ਵੱਲ ਹੁੰਦਾ ਹੈ, ਜਿਸ ਦੀ ਲੱਕੜੀ ਖੁਸ਼ਬੋਦਾਰ ਹੁੰਦੀ ਹੈ, ਤੇ ਜਿਸ ਵਿਚੋਂ ਸੁਗੰਧਤ ਤੇਲ ਕੱਢਦੇ ਹਨ।

ਚੰਦਨ ਦੀ ਲਕੜੀ (ਚਰਣਾਠੀ) ਘਸਾਕੇ ਉਸ ਦਾ ਲੇਪ ਕਰਦੇ ਹਨ। ਚੰਦਨ ਸੁਗੰਧੀਆਂ ਵਿਚ ਵਰਤਦੇ ਹਨ ਤੇ ਦਵਾਵਾਂ ਵਿਚ ਬੀ।

ਲੀਪਿ– (ਸੰਸ:, ਲਿਪ੍ = ਲਿੰਬਣਾ) ਲਿੰਬਣਾ, ਪੋਚਣਾ। ਘਸੇ ਚੰਦਨ ਦਾ ਲੇਪ ਕਰਨਾ।

ਗੁਰੁ– ਦੇਖੋ ਪਿਛੇ ਪੰਨਾ ੩੧ ਤੋਂ ੩੩ ਜਪੁਜੀ = 'ਮੂਲ ਮੰਤ੍ਰ' ਦੇ ਅਰਥਾਂ ਵਿਚ।

ਗੁਰੂ ਜਿਸ ਨੂੰ ਗੁਰ ਨਾਨਕ ਦੇਵ ਜੀ ਨੇ ਪੁੱਛ ਦੇਖਿਆ ਸੀ, ਗਯਾਨੀ ਸਜਣ 'ਅਕਾਲ ਪੁਰਖ' ਨੂੰ ਮੰਨਦੇ ਹਨ। ਜਿਸ ਅਕਾਲ ਪੁਰਖ ਨੂੰ ਪ੍ਰਾਪਤ ਹੋ ਕੇ ਉਪਦੇਸ਼ ਤੇ ਜਗਤ ਨਿਸਤਾਰਨ ਦੀ ਆਗਿਆ ਤੋਂ ਆਪ ਨੂੰ ਗੁਰੂ ਥਾਪੇ ਜਾਣ ਦੀ ਵਡਿਆਈ ਮਿਲਣੀ ਪੁਰਾਤਨ ਜਨਮਸਾਖੀ ਵਿਚ ਵੇਈਂ ਦੀ ਸਾਖੀ ਵਿਚ ਲਿਖੀ ਹੈ। ਮਾਝ ਰਾਗ ਵਿਚ ਗੁਰੂ ਜੀ ਨੇ ਆਪ ਬੀ ਆਪਣੇ 'ਹਜ਼ੂਰ' ਜਾਣ ਦਾ ਪਤਾ ਦਿਤਾ ਤੇ ਵਰ ਪ੍ਰਾਪਤੀ ਦੱਸੀ ਹੈ ; ਯਥਾ :-

ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ
ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ
ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ
ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ
ਸਾਲਾਹਿ ਪੂਰਾ ਪਾਇਆ ॥ ੨੭ ॥ (ਮਾਝ ਵਾਰ ਮਹਲਾ ੧)

ਗੁਰਬਾਣੀ ਵਿਚ ਹੋਰਥੇ ਬੀ ਏਸ ਗਲ ਦੇ ਪ੍ਰਮਾਣ ਗੁਰੂ ਜੀ ਦੇ ਅਪਣੇ ਉਚਾਰੇ ਮਿਲਦੇ ਹਨ :-
ਯਥਾ: ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ (ਸੋਰਠਿ ਮ: ੧-੧੧)
ਪੁਨਾ :**ਬੀਜਉ ਸੂਝੈ ਕੋ ਨਹੀਂ ਬਹੈ ਦੁਲੀਚਾ ਪਾਇ॥**
ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ॥ (ਦਖਣੀ ਓਅੰਕਾਰ -੪੬)

ਜਲਿ ਬਲਿ–(ਪੰਜਾਬੀ, 'ਜਲ' ਜਲਨਾ ਤੋਂ, 'ਬਲ' ਬਲਨਾ ਤੋਂ) ਦੋਹਾਂ ਦਾ ਅਰਥ ਹੈ ਸੜਨਾ। ਮੁਹਾਵਰੇ ਵਿਚ ਜਲਨਾ ਬਲਨਾ, ਸੜਨਾ ਬਲਨਾ ਦੁਹਰਾਕੇ ਬੋਲਦੇ ਹਨ ਭਾਵ ਹੁੰਦਾ ਹੈ 'ਬਹੁਤ ਹੀ ਤਪਸ਼ ਨੂੰ ਪ੍ਰਾਪਤ ਹੋਣਾ।'

ਜੀਉ ਜਲਿ ਬਲਿ ਜਾਉ– ਮੇਰਾ ਮਨ ਅਤਿ ਦੁਖ ਨੂੰ, ਜੋ ਸਾੜੇ ਵਤ ਹੋਵੇ, ਪ੍ਰਾਪਤ ਹੋਵੇ। ਜੀਉ ਯਾ ਮਨ ਨੂੰ ਸੜਨਾ, ਜਲਨਾ, ਤਪਣਾ ਆਦਿ ਪਦਾਂ ਨਾਲ ਯਾਦ ਕਰਨਾ ਮਨ ਦੇ ਅਤੀ ਦੁਖੀ ਹੋਣ ਤੋਂ ਮੁਰਾਦ ਰਖਦਾ ਹੈ।

ਐਸੀ ਸ਼ੰਕਾ ਕਰਨਾ ਕਿ 'ਜੀਵ' ਅਮਰ ਵਸਤੂ ਹੈ, ਉਸ ਦਾ ਸੜ ਬਲ ਜਾਣ ਹੋ ਨਹੀਂ ਸਕਦਾ, ਠੀਕ ਨਹੀਂ। ਕਿਉਂਕਿ ਏਥੇ ਅੰਦਰਲੀ ਸ਼ੁੱਧ ਆਤਮ ਵਸਤੂ ਨੂੰ ਸੜ ਬਲਕੇ ਤਬਾਹ ਹੋ ਜਾਣਾ ਗੁਰੂ

ਜੀ ਆਖ ਹੀ ਨਹੀਂ ਰਹੇ। ਓਹ ਤਾਂ ਮੁਹਾਵਰਾ ਵਰਤ ਰਹੇ ਹਨ ਜਿਵੇਂ ਕਹੀਦਾ ਹੈ, ਉਸ ਮੇਰੇ ਨਾਲ ਓਹ ਧ੍ਰੋਹ ਕਮਾਏ ਕਿ ਹੁਣ ਮੇਰਾ ਜੀ ਉਸ ਵਲੋਂ ਸੜ ਗਿਆ ਹੈ।

ਰਹਾਉ- ਦੇਖੋ ਪਿੱਛੇ ਪੰਨਾ ੧੮੧।

ਲਾਲ- ਨੌਂ ਰਤਨਾਂ ਵਿਚੋਂ ਇਕ ਰਤਨ ਜੋ ਲਾਲ ਰੰਗ ਦਾ ਹੁੰਦਾ ਹੈ। ਮਾਣਕ। (ਫ਼ਾਰਸੀ, ਲਾਅਲ) ਇਹ ਰਤਨ ਮੱਧ ਏਸ਼ੀਆ ਬਦਖ਼ਸ਼ਾਂ ਤੋਂ ਯਾ ਬਰਮਾ ਆਦਿ ਥਾਵਾਂ ਤੋਂ ਨਿਕਲਦਾ ਹੈ।

ਮੋਹਣੀ- (ਸੰਸ:, ਮੋਹਨੀ) ਮੋਹ ਲੈਣ ਵਾਲੀ। ਭਾਵ ਸੁੰਦਰ ਤੇ ਹਾਵ ਭਾਵ ਵਾਲੀ ਇਸਤ੍ਰੀ।

ਮਣੀ- (ਸੰਸ:, ਮਣਿ:) ਕੀਮਤੀ ਰਤਨ। ਜਵਾਹਰ।

(ਅ) ਕਦੇ ਜੜਾਊ ਗਹਿਣੇ ਤੋਂ ਬੀ ਮੁਰਾਦ ਹੁੰਦੀ ਹੈ।

ਰੰਗਿ ਪਸਾਉ- ਪਜਾਰ ਦਾ ਪਸਾਰਾ, ਭਾਵ ਇਹ ਪਜਾਰ ਦੇ ਹਾਵ ਭਾਵ। ਨਾਚ, ਗਾਇਨ ਆਦਿ ਕ੍ਰਿਯਾ।

ਸਿਧੁ- (ਸੰਸ:, ਸਿੱਦ੍ਹ) ਉਹ ਸਾਧੂ ਜੋ ਸਿਧੀ ਨੂੰ ਪ੍ਰਾਪਤ ਹੋ ਗਿਆ ਹੋਵੇ। ਜੋਗੀ ਆਪਣੇ ਵਡਕਿਆਂ ਨੂੰ ਤੇ ਜੈਨੀ ਆਪਣੇ ਪੁੱਗੇ ਸਾਧੂਆਂ ਨੂੰ 'ਸਿਧ' ਕਰਕੇ ਬੋਲਦੇ ਹਨ।

ਹਠ ਯੋਗੀ ਅਕਸਰ ਰਿਧੀਆਂ ਸਿਧੀਆਂ ਨੂੰ ਪ੍ਰਾਪਤ ਹੋਏ ਯੋਗੀਆਂ ਨੂੰ ਆਖਦੇ ਹਨ ਜੋ ਕਰਾਮਾਤ ਕਰਕੇ ਦਿਖਾ ਸਕੇ। ਸ਼ਬਦ ਵਿਚ ਇਹ ਭਾਵ ਹੈ।

ਸਿਧਿ-(ਸੰਸ:, ਸਿੱਦ੍ਹਿ:) (ੳ) ਕਿਸੇ ਕਾਰਜ ਦੀ ਕਮਾਲੀਅਤ। ਪੂਰਨ ਪ੍ਰਬੀਨਤਾ। (ਅ) ਕਾਮਯਾਬੀ। (ੲ) ਮੁਕਤੀ। (ਸ) ਹਠ ਯੋਗ ਵਿਚ ਮੰਨੀਆਂ ੮ ਜਾਂ ੧੮ ਪ੍ਰਕਾਰ ਦੀਆਂ ਕਰਾਮਾਤੀ ਸ਼ਕਤੀਆਂ ਵੇਰਵੇ ਲਈ ਦੇਖੋ ਪਿੱਛੇ ਪੰਨਾ ੧੫੦।

ਰਿਧਿ- (ਸੰਸ:, ਰਿੱਦ੍ਹਿ) ਵਾਧਾ, ਉੱਨਤੀ, ਸੰਪਦਾ।

(ਅ) ਕਰਾਮਾਤੀ ਤਾਕਤਾਂ, ਜਿਨ੍ਹਾਂ ਨਾਲ ਧਨ ਦੌਲਤ ਵਧੇ[1]।

ਗੁਪਤੁ ਪਰਗਟੁ- ਲੋਕਾਂ ਦੀ ਨਜ਼ਰੋਂ ਉਹਲੇ ਹੋਣਾ ਯਾ ਪ੍ਰਗਟ ਹੋ ਜਾਣਾ ਯੋਗ ਦੀ ਸਿਧੀ ਦੁਆਰਾ

ਸੁਲਤਾਨ- (ਅ:, ਸੁਲਤਾਨ) ਪਾਤਸ਼ਾਹ। ਵੱਡਾ ਪਾਤਸ਼ਾਹ।

ਲਸਕਰ- (ਫ਼ਾ:, ਲਸ਼ਕਰ) ਫੌਜ, ਸੈਨਾ।

ਤਖਤਿ- (ਫ਼ਾ:, ਤਖ਼ਤ = ਰਾਜ ਸਿੰਘਾਸਨ) ਤਖ਼ਤ ਉਤੇ, ਪਾਦਸ਼ਾਹੀ ਗੱਦੀ ਉਤੇ।

ਹੁਕਮੁ- (ਅ:, ਹੁਕਮ) ਹੁਕਮ, ਆਗਿਆ, ਤੋਰਾ। ਹਾਸਲੁ (ਅ:, ਹਾਸੁਲ) ਮਾਮਲਾ।

(ਅ) 'ਹੁਕਮ ਹਾਸਲੁ' ਇਕ ਮੁਹਾਵਰਾ ਹੈ, ਜਿਸ ਦੇ ਅਰਥ ਹਨ ਫੌਜੀ, ਦੀਵਾਨੀ ਤੇ ਮਾਲ (= ਮਾਮਲਾ ਉਗਰਾਹੁਣ) ਦੀ ਤਾਕਤ।

ਵਾਉ- (ਫ਼ਾ:, ਹਵਾ। ਪੰਜਾਬੀ, ਵਾਉ ਵਾ) ਪੌਣ।

(ਅ) ਪੌਣ ਵਾਂਙੂ ਚਲੰਤ ਆਵਾਜਾਈ ਵਾਲਾ, ਅਨਿਸਥਿਰ, ਨਿਰਾਰਥਕ, ਫਜ਼ੂਲ, ਵਿਅਰਥ।

(ਸਿਰੀ ਰਾਗੁ ਮ: ੧, ਚਉਪਦਾ- ੨)

ਪ੍ਰਾਕ੍ਥਨ- ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਵੇਈਂ 'ਪ੍ਰਵੇਸ਼' ਵਿਚ ਸਚਖੰਡ ਗਏ ਤੇ ਅਕਾਲ ਪੁਰਖ ਵਲੋਂ ਸੱਚੇ ਨਾਮ ਦਾ ਪਿਆਲਾ ਮਿਲਿਆ ਤਾਂ ਪੁੱਛ ਹੋਈ ਕਿ ''ਨਾਨਕ ਮੇਰੇ ਨਾਮ ਕੀ ਵਡਿਆਈ ਕੈਸੀ ਹੈ, ਏ ਕਹੋ'', ਤਦ ਗੁਰੂ ਜੀ ਨੇ ਇਹ ਸ਼ਬਦ ਨਾਮ ਦੀ ਵਡਿਆਈ ਵਿਚ ਉਚਾਰਣ ਕੀਤਾ ਸੀ।

[1] ਰਿਧਿ ਦੇ ਸੰਸਕ੍ਰਿਤ ਵਿਚ ਕਈ ਅਰਥ ਹਨ :- ਵਾਧਾ, ਸੰਪਦਾ, ਕਾਮਯਾਬੀ, ਸਫ਼ਲਤਾ। ਕੁਬੇਰ ਦੀ ਇਸਤ੍ਰੀ, ਇਕ ਪ੍ਰਕਾਰ ਦੀ ਔਖਧੀ, ਕਰਾਮਾਤੀ ਸ਼ਕਤੀਆਂ।

ਮੂਲ

ਸਿਰੀ ਰਾਗੁ ਮਹਲਾ ੧॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥

ਸਾਚਾ ਨਿਰੰਕਾਰੁ ਨਿਜ ਥਾਇ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ ਰਹਾਉ॥

ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥

ਅਰਥ

(ਹੁਣ ਪ੍ਰਸ਼ਨ ਹੁੰਦਾ ਹੈ ਕਿ ਉਹ 'ਹਰਿ' ਕਿਥੇ ਹੈ, ਜਿਸ ਬਿਨਾ ਸਦੈਵੀ ਸੁਖ ਦਾ ਟਿਕਾਣਾ ਕੋਈ ਨਹੀਂ। ਉੱਤਰ ਦੇਂਦੇ ਹਨ :-) ੪.[1] (ਉਹ) ਆਪਣੇ ਸਰੂਪ ਵਿਚ (ਇਸਥਿਤ) ਹੈ, (ਸਰੂਪ ਉਸ ਦਾ) ਸੱਚ ਹੈ, (ਪਰ ਇਹ ਸਰੂਪ) ਨਿਰਾਕਾਰ ਹੈ, (ਅਕਾਰ ਵਾਲਾ ਨਹੀਂ)।

(ਪ੍ਰਸ਼ਨ :- ਨਿਰ ਅਕਾਰ ਨੂੰ ਜਾਣਨਾ ਜਾਚਣਾ ਹੋ ਨਹੀਂ ਸਕਦਾ ; ਤੁਸਾਂ ਨੇ ਕਿਹਾ ਸੀ 'ਉਸ ਦਾ ਨਾਮ ਨਾ ਭੁੱਲੇ' ਕੀ ਉਸ ਨਾਲ ਉਸ ਦੀ ਕੀਮਤ ਕੂਤ ਜਾਣੀ ਜਾ ਸਕੇਗੀ ?)

੫. (ਉੱਤਰ :- ਪਾਰਗਿਰਾਮੀ ਪੁਰਖਾਂ ਤੋਂ ਯਾ ਉਨ੍ਹਾਂ ਦੀਆਂ ਲਿਖਤਾਂ ਤੋਂ ਉਸ ਦਾ) ਨਾਮ ਸੁਣ ਸੁਣ ਕੇ ਆਖੀਦਾ ਹੈ (= ਸਿਮਰੀ ਦਾ ਹੈ ਤਾਂ ਜੋ) ਜੋ (ਉਸ ਨੂੰ) ਭਾ ਜਾਵੇ ਤਾਂ (ਅਪਣੇ ਸਰੂਪ ਵਿਚ ਸਾਡੀ) ਸਮਾਈ ਕਰ ਲਵੇ। (ਜੇ ਚਾਹੋ ਉਸ ਦੀ ਕੀਮਤ ਪਾ ਲਈਏ ਤਾਂ ਕਿਵੇਂ ਬੀ ਨਹੀਂ ਪੈ ਸਕਦੀ।)॥੧॥ਰਹਾਉ॥

(ਪ੍ਰਸ਼ਨ :- ਭਲਾ ਜੇ ਏਕਾਂਤ ਗੁਫਾ ਵਾਸੀ ਹੋ ਕੇ ਤਪ ਕਰੀਏ ਤਾਂ ਅੰਤ ਪਾ ਸਕਾਂਗੇ ?)

੧. (ਉੱਤਰ :- ਭਾਵੇਂ) ਕ੍ਰੋੜਾਂ ਹੀ ਕ੍ਰੋੜਾਂ (ਵਰਿਹਾਂ ਦੀ) ਮੇਰੀ ਉਮਰਾ ਹੋ ਜਾਵੇ, ਖਾਣਾ ਪੀਣਾ (ਮੇਰਾ) ਪਉਣ ਦਾ ਹੋ ਜਾਵੇ, ੨. (ਐਸੀ) ਗੁਫਾ ਵਿਚ (ਬੈਠਾਂ ਕਿ) ਚੰਦ ਸੂਰਜ ਦੋਵੇਂ ਜਿੱਥੇ ਨਜ਼ਰੇ ਹੀ ਨਾ ਪੈਣ, (ਤੇ ਨੀਂਦ ਵਲੋਂ ਐਸਾ ਨਿਰਆਲਸ ਹੋਵਾਂ ਕਿ ਗੁਫਾ ਵਿਚ ਸੌਣ ਦਾ ਥਾਂ ਤਾਂ ਕੀ ਹੋਣਾ ਹੈ ਮੈਨੂੰ) ਸੌਣ ਜੋਗੀ ਥਾਂ ਸੁਪਨੇ ਵਿਚ ਬੀ ਹੱਥ ਨਾ ਆਵੇ, ੩. (ਫਿਰ) ਭੀ (ਹੇ ਨਿਰੰਕਾਰ) ਤੇਰੀ ਕੀਮਤ ਨਹੀਂ ਪੈ ਸਕਦੀ (ਪਰ) ਮੈਂ ਨਾਮ ਨੂੰ ਕਿੱਡਾ ਕੁ ਵਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ) ॥ ੧ ॥

(ਪ੍ਰਸ਼ਨ :- ਭਲਾ ਜੇ ਆਪਣਾ ਸਰੀਰ ਵਾਰਨੇ ਕਰ ਦੇਈਏ ਤਾਂ ?)

੬. (ਉੱਤਰ:- ਆਪਾ ਐਨਾਂ ਵਾਰਾਂ ਕਿ) ਕੋਹਿਆ ਜਾਵਾਂ, (ਕੁਹੀਜ ਕੇ ਫਿਰ ਕੀਮੇ ਵਾਂਗੂੰ) ਵਾਰ ਵਾਰ ਕਟਿਆ ਜਾਵਾਂ, (ਫਿਰ) ਚੱਕੀ ਵਿਚ (ਪਾ ਕੇ) ਪੀਸਿਆ ਜਾਵਾਂ, ੭. (ਫਿਰ) ਅੱਗ ਨਾਲ ਸਾੜਿਆ ਜਾਵਾਂ, ਸੁਆਹ ਵਿਚ ਰਲ ਜਾਵਾਂ ; ੮. (ਤਦ) ਬੀ ਤੇਰੀ ਕੀਮਤ ਨਹੀਂ ਪੈ ਸਕਦੀ, (ਪਰ) ਨਾਮ ਨੂੰ ਮੈਂ ਕਿੱਡਾ ਕੁ ਵੱਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ) ॥ ੨ ॥

[1]ਅਰਥ ਰਹਾਉ ਤੋਂ ਟੁਰੇਗਾ ਤੇ ਫੇਰ ਸ਼ੁਰੂ ਤੋਂ ਕ੍ਰਮਵਾਰ ਬਾਕੀ ਤੁਕਾਂ ਦਾ ਅਰਥ ਲਗੇਗਾ।

ਪੰਖੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥	੯. ੧੦. ਜੇ ਮੈਂ ਪੰਛੀ ਹੋ ਕੇ (ਅਸਮਾਨਾਂ ਵਿਚ) ਉਡ ਪਵਾਂ (ਤੇ ਇੰਨੀ ਦੂਰ ਚਲਾ ਜਾਵਾਂ ਕਿ) ਕਿਸੇ ਨੂੰ ਦਿੱਸਾਂ ਹੀ ਨਾਂ, (ਤੇ) ਖਾਵਾਂ ਪੀਵਾਂ ਬੀ ਕੁਛ ਨਾਂ (ਜੋ ਹੇਠਾਂ ਨਾਂ ਉਤਰਨਾ ਪਵੇ, ਸਗੋਂ ਅਗੇ ਹੀ ਅਗੇ) ਸੈਂਕੜੇ ਅਸਮਾਨਾਂ ਵਿਚ (ਉਡਦਾ ਚਲਾ) ਜਾਵਾਂ, ੧੧. (ਫਿਰ) ਬੀ ਤੇਰੀ ਕੀਮਤ ਨਹੀਂ ਪੈ ਸਕਦੀ (ਪਰ) ਨਾਮ ਨੂੰ ਮੈਂ ਕਿੱਡਾ ਕੁ ਵੱਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ) ॥ ੩ ॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥	੧੨. ਹੇ ਨਾਨਕ ! (ਜੇ ਲਿਖੇ ਹੋਏ) ਕਾਗਜ਼ਾਂ ਦੇ ਲੱਖਾਂ ਮਣ (ਕੱਠੇ ਹੋ ਜਾਣ, ਉਸਤਾਦਾਂ ਤੋਂ) ਪੜ੍ਹ ਪੜ੍ਹ ਕੇ (ਉਹਨਾਂ ਦੇ) ਤੱਤ ਕੱਢ ਲਈਏ (ਫੇਰ ਅਗੋਂ ਆਪ ਲਿਖੀਏ, ਇਸ ਤਰ੍ਹਾਂ ਕਿ) ੧੩. ਕਲਮ (ਤਾਂ ਸਾਡੀ) ਪੌਣ ਵਾਂਗੂੰ (ਤ੍ਰਿਖੀ) ਚੱਲੇ ਤੇ ਸ਼ਾਹੀ ਕਦੇ ਮੁੱਕੇ ਹੀ ਨਾ, ੧੪. (ਫੇਰ) ਬੀ (ਹੇ ਵਾਹਿਗੁਰੂ !) ਤੇਰੀ ਕੀਮਤ ਨਹੀਂ ਪੈ ਸਕਦੀ, ਮੈਂ ਨਾਮ ਨੂੰ ਕਿੱਡਾ ਕੁ ਵੱਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ)॥੪॥੨॥

ਵਜਾਖਜਾਜੇ ਜਨਮ ਸਾਖੀ ਮੂਜਬ ਅੱਖਾਂ ਅਗੇ ਤਸਵੀਰ ਬੰਨ੍ਹੀਏ ਕਿ ਗੁਰੂ ਜੀ ਸਨਮੁਖ ਹਜ਼ੂਰੀ ਵਿਚ ਖੜੇ ਹਨ ਤੇ ਨਾਮ ਦਾਨ ਗੁਰਿਆਈ ਦੀ ਬਖ਼ਸ਼ਿਸ਼ ਹੋਈ ਹੈ ਤੇ ਹੁਕਮ ਹੋਇਆ ਹੈ ਕਿ ਨਾਮ ਦੀ ਵਡਿਆਈ ਕਹੋ ਤਾਂ ਆਪ ਸਾਈਂ ਵਿਸ਼ਾਲਤਾ ਤੇ ਉਸ ਦੀ ਸਿਫਤ ਸਲਾਹ ਦੇ ਰੰਗ ਵਿਚ ਭਰੇ ਬਿਨੈ ਕਰਦੇ ਹਨ ਕਿ ਤੇਰੀ ਕੀਮਤ ਸਾਥੋਂ ਨਹੀਂ ਪਾਈ ਜਾ ਸਕਦੀ। ਜਦ ਤੈਂ ਅਮਿਤ ਦੀ ਜਾਚ ਪੜਤਾਲ, ਤੋਲ, ਮਾਪ, ਮੁੱਲ ਸਾਥੋਂ ਮਿਤ ਵਾਲੇ ਜੀਵਾਂ ਤੋਂ ਨਹੀਂ ਹੋ ਸਕਦਾ ਤਦ ਤੇਰੇ ਨਾਮ ਦੀ ਕੀਮਤ ਬੀ ਸਾਥੋਂ ਨਹੀਂ ਪੈ ਸਕਦੀ। ਜੈਸੇ ਕਿ ਗੁਰੂ ਜੀ ਜਪੁਜੀ ਵਿਚ ਕਹਿ ਚੁਕੇ ਹਨ :-

ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥ (ਜਪੁਜੀ)

ਪਰ ਨਾਲ ਅਰਜ਼ ਕਰਦੇ ਹਨ ਕਿ ਤੇਰੇ ਨਾਮ ਦੀ ਇਹ ਵਡਿਆਈ ਕੀਕੂੰ ਵਰਣਨ ਕਰਾਂ ਕਿ ਜਿਸ ਨਾਮ ਦੇ ਆਖਣ ਨਾਲ 'ਉਚੇ ਨਿਜ ਥਾਉ' ਵਿਚ ਮਿਤ ਵਾਲਿਆਂ ਦੀ ਸਮਾਈ ਹੋ ਜਾਂਦੀ ਹੈ ; ਅਰਥਾਤ ਮਿਤ ਵਾਲੇ ਆਖਕੇ ਅਮਿਤਤਾਈ ਵਿਚ ਅੱਪੜਕੇ ਅਮਿਤ ਵਿਚ ਸਮਾਈ ਪ੍ਰਾਪਤ ਕਰ ਲੈਂਦੇ ਹਨ।

ਇਹੀ ਭਾਵ ਸ੍ਰੀ ਗੁਰੂ ਜੀ ਨੇ ਐਉਂ ਬੀ ਉਚਾਰਿਆ ਹੈ :-

ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥ (ਜਪੁਜੀ-੨੬)

ਅਰਥ-ਵਾਹਿਗੁਰੂ ਕੀਮਤ ਕੂਤ ਤੋਂ ਪਰੇ ਹੈ, ਉਸ ਨੂੰ ਆਖ ਨਹੀਂ ਸਕੀਦਾ। ਪਰ ਜਿਨ੍ਹਾਂ ਨੇ ਉਸ ਨੂੰ ਆਖਿਆ ਹੈ ਉਹ ਲਿਵਧਾਰੀ ਹੋ ਗਏ ਹਨ :-

ਪੁਨਾ :- **ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥** (ਆਸਾ ਮ:-੧)

ਕੀਮਤ ਨਹੀਂ ਪਾਈ ਜਾ ਸਕੀਦੀ, ਨਾਂ (ਤੂੰ) ਆਖਿਆ ਜਾ ਸਕਦਾ ਹੈਂ ਪਰ ਤੈਨੂੰ ਆਖਣ ਵਾਲੇ ਤੇਰੇ ਵਿਚ ਸਮਾ ਜਾਂਦੇ ਹਨ।

ਇਸ ਸ਼ਬਦ ਵਿਚ ਸਾਨੂੰ ਇਹ ਉਪਦੇਸ਼ ਦਿੱਤਾ ਹੈ ਕਿ ਅੰਤ ਲੈਣਾ ਸੰਭਵ ਨਹੀਂ, ਕਿਉਂਕਿ ਓਹ ਬੇਅੰਤ ਹੈ ਤੇ ਅੰਤ ਲੈਣ ਵਾਲਾ ਅੰਤ ਵਿਚ ਹੈ। ਤਾਂ ਤੇ ਨਾਮ ਸਿਮਰੋ, ਨਾਮ ਇੱਡਾ ਵੱਡਾ ਹੈ ਕਿ ਜਿਸ

ਦਾ ਵਰਣਨ ਨਹੀਂ ਹੋ ਸਕਦਾ, ਕਿਉਂਕਿ ਹਰੀ ਦੇ ਸਤਜ ਸਰੂਪ ਵਿਚ ਸਮਾਈ ਕਰਾ ਦੇਂਦਾ ਹੈ। ਭਾਵ ਇਹ ਕਿ ਨਾਮ ਅੰਤ ਲੈਣ ਵਾਸਤੇ ਨਹੀਂ ਸਿਮਰੀਦਾ ਪਰ ਵਾਹਿਗੁਰੂ ਜੀ ਨੂੰ ਪ੍ਰਾਪਤ ਹੋ ਜਾਣ ਲਈ ਸਿਮਰੀਦਾ ਹੈ।

ਇਸ ਸ਼ਬਦ ਵਿਚ ਜੋ ਹੋਰ ਮਾਨੁਖੀ ਤਾਣ ਦੇ ਤਰਲੇ ਗਿਣੇ ਹਨ, ਉਹ ਜੇ ਆਪਣੀ ਅਤਿ ਦੀ ਘਾਲਨਾ ਵਿਚ ਬੀ ਕਰਨੇ ਸੰਭਵ ਹੋ ਜਾਣ ਤਾਂ ਬੀ ਓਹ ਦੇਸ਼ ਕਾਲ ਵਾਲੇ ਹਨ ਤੇ ਜਿਸ ਦੀ ਕੀਮਤ ਪਾਉਣ ਲਈ ਕਰਨੇ ਹਨ ਓਹ ਅਦੇਸ਼ ਅਕਾਲ ਹੈ। ਅਦੇਸ਼ ਅਕਾਲ ਦੀ ਕੀਮਤ ਪਾ ਸਕਣੀ ਦੇਸ਼ ਕਾਲ ਵਾਲੇ ਤੋਂ ਸੰਭਵ ਨਹੀਂ, ਪਰ ਉਸ ਦੀ ਪ੍ਰਾਪਤੀ ਸੰਭਵ ਹੈ, ਕਿਉਂਕਿ ਜੀਵ ਉਸ ਦੀ ਅੰਸ਼ ਹੈ, ਅੰਸ਼ ਅਪਣੇ ਅੰਸ਼ੀ ਨੂੰ ਆਪਣੀ ਦੇਸ਼ ਕਾਲ ਦੀ ਹਦਬੰਦੀ, ਅਗਜਾਨ ਦੀ ਹਦਬੰਦੀ, ਭੁੱਲ ਦੀ ਹਦਬੰਦੀ, ਵਿਛੋੜੇ ਦੀ ਹਦਬੰਦੀ ਤੋੜਕੇ ਪ੍ਰਾਪਤ ਹੋ ਸਕਦੀ ਹੈ। ਕੂੜ ਦੀ ਪਾਲ ਜੋ 'ਸਭੁ ਆਪੇ ਸਚਿਆਰੁ' (ਜਪੁਜੀ-੪) ਤੇ ਸਚ ਦੀ ਅੰਸ਼ ਵਾਲੇ ਵਿਚ ਹੈ, ਢਾਹ ਦੇਣ ਨਾਲ, ਸਚਿਆਰ ਹੋਣ ਦਾ ਸਾਧਕ 'ਸਭੁ ਆਪੇ ਸਚਿਆਰੁ' ਨਾਲ ਮਿਲ ਜਾ ਸਕਦਾ ਹੈ।

ਨਿਰੁਕ੍ਤ- **ਕੋਟਿ ਕੋਟੀ**- ਕ੍ਰੋੜਾਂ ਹੀ ਕ੍ਰੋੜਾਂ ਭਾਵ ਅਣਗਿਣਤ ਸਮੇਂ ਤਕ।

ਆਰਜਾ- (ਸੰਸ:, ਆਯੂ, ਆਯੁਸ) ਉਮਰਾ।

ਪੀਅਣੁ- ਜੋ ਪੀਣ ਵਿਚ ਆਵੇ। ਪੀਣਾ।

ਅਪਿਆਉ- (ਸੰਸ:, ਅਪਜਯ: = ਮਿਲਣ) ਭੋਜਨ। ਰੱਜ। ਖਾਣਾ।

ਗੁਫੈ- (ਸੰਸ:, ਗੁਹਾ) ਗੁਫਾ ਵਿਚ। ਕੰਦਰਾਂ ਵਿਚ।

ਕੀਮਤਿ- (ਅ਼ਰਬੀ:, ਕ਼ੀਮਤ = ਮੁੱਲ, ਕ਼ਦਰ) ਮੁੱਲ।

ਕੀਮਤ ਪਾਉਣੀ- ਜਾਚ ਪੜਤਾਲ ਕਿ ਮੁੱਲ ਕਾਇਮ ਕਰਨਾ। ਵਾਹਿਗੁਰੂ ਬੇਅੰਤ ਹੈ, ਅੰਤ ਵਾਲਾ ਉਸ ਦੀ ਜਾਚ ਪੜਤਾਲ ਨਹੀਂ ਪਾ ਸਕਦਾ, ਭਾਵ ਅੰਤ ਨਹੀਂ ਲੈ ਸਕਦਾ।

ਨਿਜ ਥਾਇ- ਅਪਣੇ ਟਿਕਾਣੇ। ਭਾਵ ਹੈ ਅਪਣੇ ਸਰੂਪ ਵਿਚ। ਅਕਾਲ ਪੁਰਖ ਦਾ ਆਸਰਾ ਕੋਈ ਨਹੀਂ, ਜੇ ਹੋਵੇ ਤਾਂ ਉਸ ਦਾ ਥਾਉਂ ਹੋਵੇ, ਸਭ ਦਾ ਆਸਰਾ ਉਹ ਹੈ, ਸਭ ਆਸਰਿਆਂ ਦਾ ਆਖੀਰ ਆਸਰਾ ਉਹ ਹੈ, ਤਾਂ ਤੇ ਉਸ ਨਿਰਆਸਰੇ ਦਾ ਨਿਜ ਥਾਉਂ ਕਿਹੜਾ ਹੋਇਆ ? ਉਸ ਦਾ ਆਪਣਾ ਸਰੂਪ।

ਤਮਾਇ- (ਅ਼ਰਬੀ: ਤ਼ਮਅ਼ = ਲਾਲਚ। ਪਰ ਇਹ ਪਦ ਅ਼ਰਬੀ ਵਿਚ ਕੈਲਡੀਅਨ ਭਾਸ਼ਾ ਦੇ ਜਿਸ ਪਦ ਤੋਂ ਆਯਾ ਹੈ, ਉਸ ਦਾ ਅਰਥ ਹੈ - ਗ਼ਰਕ ਹੋਣਾ, ਡੁੱਬਣਾ। ਭਾਵ ਸਮਾ ਜਾਣਾ[1]।

(੨) 'ਤ. ਸ' ਦੁਇ ਦੰਤੀ ਅਖਰ ਹਨ ਸੋ 'ਤ' ਦਾ 'ਸ' ਹੋ ਜਾਣਾ ਵਿਹਿਤ ਹੈ, ਇਉਂ 'ਸਮਾਇ' ਦਾ ਹੀ 'ਤਮਾਇ' ਬਣ ਗਿਆ ਹੋਵੇ ਤਾਂ ਅਚਰਜ ਨਹੀਂ ਹੈ।

(੩) ਸੰਸਕ੍ਰਿਤ ਧਾਤੂ 'ਤਮੑ' ਦਾ ਅਰਥ ਹੈ ਇਛਾ ਕਰਨੀ। ਇਸ ਤੋਂ ਅਰਥ ਐਉਂ ਲਾਉਂਦੇ ਹਨ ਕਿ ਪਰਮੇਸ਼ੁਰ ਨੂੰ ਭਾਵੇ ਤਾਂ ਜੀਵ ਇੱਛਾ ਕਰਦਾ ਹੈ 'ਨਾਮ' ਦੀ।

(੪) ਕਈ ਸਜਨ ਤਮਾਇ ਦਾ ਅਰਥ 'ਸਾਈਂ ਨਾਮ ਦੀ ਬਖ਼ਸ਼ਿਸ਼ ਕਰਦਾ ਹੈ' ਬੀ ਲਾ ਲੈਂਦੇ ਹਨ।

ਕੁਸਾ- (ਫ਼ਾ = ਕੁਸ਼ਤਨ = ਕ਼ਤਲ ਕਰਨਾ। ਪੰਜਾਬੀ, ਕੁੱਸਣਾ = ਕੋਹੇ ਜਾਣਾ) = ਕੁੱਸਾਂ = ਕੋਹਿਆ ਜਾਵਾਂ। ਕਟੀਆ- ਕਟੀਆਂ = ਕਟਿਆ ਜਾਵਾਂ।

ਪੀਸਣਿ-(ਪੰਜਾਬੀ ਪੀਸਨਾ ਤੋਂ ਪੀਸਣਿ = ਜਿਸ ਵਿਚ ਪੀਸਿਆ ਜਾਵੇ ਭਾਵ ਚੱਕੀ) ਚੱਕੀ ਵਿਚ।

---

[1]ਦੇਖੋ ਸ਼ੇਕਸਪੀਅਰ ਦੀ ਹਿੰਦੁਸਤਾਨੀ ਡਿਕਸ਼ਨਰੀ ਪਹਿਲੀ ਐਡੀਸ਼ਨ ੧੮੧੭ ਦੀ, ਸਫ਼ਾ ੫੩੩.

ਭਸਮ- (ਸੰਸ:, ਭਸਮ-ਨ੍) ਸੁਆਹ।

ਅਸਮਾਨੀ- (ਫ਼ਾ:, ਆਸਮਾਨ) ਆਕਾਸ਼ਾਂ ਵਿਚ ਯਾ ਉੱਤੇ।

ਭਾਉ- (ਸੰਸ:, ਭਾਵ) ਭਾਵ, ਤਾਤਪਰਯ।

ਮਸੂ- (ਸੰਸ:, ਮਸਿ:) ਸ਼ਾਹੀ।

ਮਸੂ ਤੋਟਿ- ਸ਼ਾਹੀ ਦਾ ਤੋਟਾ, ਭਾਵ ਸ਼ਾਹੀ ਮੁੱਕੇ ਹੀ ਨਾਂ।

ਵਿਸ਼ੇਸ਼- ਗੁਰੂ ਜੀ ਨੇ ਇਸ ਸ਼ਬਦ ਵਿਚ ਹਰੇਕ ਸਾਧਨ ਦੀ ਅਵਧੀ ਕਹਿਕੇ, ਉਸ ਨੂੰ ਵਾਹਿਗੁਰੂ ਜੀ ਦੀ ਕੀਮਤ ਕੂਤ ਪਾ ਸਕਣ ਤੋਂ ਅਸਮਰਥ ਦੱਸਿਆ। ਉਹਨਾਂ ਸਾਰੀਆਂ ਕਹੀਆਂ ਕਠਨ ਘਾਲਾਂ ਦੀ ਕਿਤੇ ਸੰਭਵਤਾਈ ਹੋਈ ਯਾ ਹੋ ਸਕਦੀ ਹੈ ? ਇਸ ਗਲ ਨੂੰ ਦਿਖਲਾਉਣ ਲਈ ਪੁਰਾਤਨ ਗਿਆਨੀਆਂ ਤੇ ਨਰੋਤਮ ਤਾਰਾ ਸਿੰਘ ਜੀ ਵਰਗੇ ਪੰਡਤਾਂ ਨੇ ਇਸ ਪ੍ਰਕਾਰ ਦੇ ਮੇਲ ਕਰ ਦਿਖਲਾਏ ਹਨ :-

' ਕੋਟਿ ਕੋਟੀ ਮੇਰੀ ਆਰਜਾ॥ '

ਜੈਸੇ ਬ੍ਰਹਮਾਂ ਜੀ ਦੀ ਆਯੂ ਸਭ ਤੋਂ ਲੰਮੀ ਹੈ। ਹੋਰ ਬੀ ਕਈ ਦੀਰਘ ਆਯੂ ਵਾਲੇ ਹੋਏ ਹਨ।

ਗੁਫਾ- ਦਸਮ ਦੁਆਰ ਵਿਚ ਪ੍ਰਾਣ ਚੜ੍ਹਾਕੇ ਨਿੰਦ੍ਰਾ ਰਹਤ ਟਿਕ ਜਾਣਾ।

ਕੁਸਾ- (ੳ) ਸੁੱਕਾਂ। ਜੈਸੇ ਚੰਦ੍ਰਾਯਣ ਬ੍ਰਤਾਂ ਆਦਿ ਨਾਲ ਬ੍ਰਤ ਧਾਰਨ ਵਾਲਾ ਸੁੱਕ ਜਾਂਦਾ ਹੈ।

(ਅ) ਕੋਹੇ ਜਾਣਾ। ਜੈਸੇ ਜਗਨ ਨਾਥ ਦੇ ਰਥ ਹੇਠ ਆ ਕੇ ਕੁਹੀ ਜਾਣਾ।

ਕਟੀਆ- ਜੈਸੇ ਕਾਂਸ਼ੀ ਕਰਵਤ ਲੈਣਾਂ। ਯਾ ਰਾਵਣ ਆਦਿ ਦਾ ਸ਼ਿਵਾਂ ਨੂੰ ਬਾਰ ਬਾਰ ਸਿਰ ਕੱਟਕੇ ਦੇਣਾ।

ਪੀਸਨਿ-ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੰਝ ਆਦਿ ਸਿਖਾਂ ਨੂੰ ਕਠਨ ਸੇਵਾ ਤੇ ਲਾਇਆ ਸੀ। ਯਾ ਮਰਣ ਬ੍ਰਤ ਧਾਰਕੇ ਭੁੱਖੇ ਮਰ ਜਾਣ ਨੂੰ ਬੀ 'ਪੀਸਣ' ਦੇ ਤੁੱਲ ਲੈਂਦੇ ਹਨ।

ਅਗੀ ਸੇਤੀ ਜਾਲੀਆ- ਜੈਸੇ ਮੇਘਨਾਦ ਨੇ ਸਰੀਰ ਆਪਣਾ ਹਵਨ ਕਰਕੇ ਭੇਟ ਕੀਤਾ ਸੀ, ਕਿ ਰਾਮ ਨੂੰ ਕਿਵੇਂ ਜਿੱਤ ਸਕਾਂ ਯਾ ਪੰਜ ਅਗਨੀਆਂ ਤਪਣੀਆਂ :- ਯਾ 'ਨਰਮੇਧ ਯਗ' ਵਿਚ ਸਰੀਰ ਹਵਨ ਕਰਨਾ।

ਭਸਮ ਸੇਤੀ- ਜੈਸੇ ਸ਼ਿਵਜੀ ਭਸਮ ਮਲਕੇ ਭਸਮ ਵਿਚ ਰਹਿੰਦੇ ਹਨ। ਹੋਰ ਅਨੇਕਾਂ ਸਾਧੂ ਬੀ।

ਪੰਖੀ ਹੋਇ ਕੈ- ਜੈਸੇ ਬਿਪਸਚਤ ਸਮਾਨ ਅਕਾਸ ਵਿਚ ਜੋ ਚਾਹੇ ਰੂਪ ਧਾਰ ਧਾਰ ਉੱਡਣਾ ਯਾ ਜਟਾਯੂ ਵਾਂਙੂ।

ਨਦਰੀ ਕਿਸੈ ਨ ਆਵਊ- ਅਣਿਮਾ ਸਿੱਧੀ ਨਾਲ ਨਾ ਦਿੱਸਾਂ।

ਨਾ ਕਿਛੁ ਪੀਆ ਨਾ ਖਾਉ- ਅਨੂਰਮਿ ਸਿੱਧੀ ਦੁਆਰਾ ਭੁੱਖ ਤ੍ਰੇਹ ਜਿੱਤ ਲਵਾਂ।

(ਸਿਰੀ ਰਾਗੁ ਮ: ੧, ਚਉਪਦਾ- ੩)

ਪ੍ਰਾਕ੍ਥਨ- 'ਸਾਚਾ ਨਿਰੰਕਾਰੁ' ਦੇ 'ਨਿਜ ਥਾਇ' ਦਾ ਪਤਾ ਦੇ ਕੇ ਤੇ ਪ੍ਰਾਪਤੀ ਦਾ ਵਸੀਲਾ 'ਨਾਮ' ਦੱਸਕੇ ਹੁਣ 'ਕਾਚਾ ਓਪਰਾ' ਅਰਥਾਤ 'ਮਾਇਆ ਦਾ ਅਨਿਸਥਰ', ਧੋਖੇ ਵਾਲਾ ਤੇ ਮਾੜੇ ਪਰਣਾਮ ਵਾਲਾ 'ਥਾਇ' ਦੱਸਦੇ ਹਨ[1]।

---

[1]ਦਾਨੇ ਸਜਣ ਇਸ ਸ਼ਬਦ ਦੀ ਉਥਾਨਕਾ ਦੱਸਦੇ ਹਨ ਕਿ ਸ੍ਰੀ ਬਾਬਾ ਕਾਲੂ ਜੀ ਦੇ ਵਹੀ ਖਾਤਾ ਲਿਖਣੇ ਦਾ ਉਪਦੇਸ਼ ਦੇਣੇ ਪਰ ਏਹ ਵਾਕ ਕਹੇ ਸੇ।

ਮੂਲ

ਸਿਰੀ ਰਾਗੁ ਮਹਲਾ ੧॥

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥੧॥

ਬਾਬਾ ਮਾਇਆ ਰਚਨਾ ਧੋਹੁ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹੁ ਨ ਓਹੁ॥੧॥ਰਹਾਉ॥

ਜੀਵਣ ਮਰਣਾ ਜਾਇਕੈ ਏਥੈ ਖਾਜੈ ਕਾਲਿ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥੨॥

ਅਰਥ

(ਅਰਥ ਰਹਾਉ ਤੋਂ ਟੁਰੇਗਾ)

੪. ਰਹਾਉ ॥ ਹੇ ਬਾਬਾ ! ਮਾਇਆ (ਰਚਣਹਾਰ ਨਹੀਂ ਇਹ ਤਾਂ ਰਚੀ ਹੋਈ) ਰਚਨਾ ਹੈ (ਤੇ ਇਹ) ਛਲ ਰੂਪ ਹੈ, (ਜਿਵੇਂ ਦਿੱਸਦੀ ਹੈ ਤਿਵੇਂ ਰਹਿੰਦੀ ਨਹੀਂ, ਜਿਸ ਨੇ ਇਸ ਦੀ ਇਹ ਛਲ ਰੂਪਤਾ ਨਹੀਂ ਸਮਝੀ ਉਹ ਅੰਨ੍ਹਾਂ ਹੈ)। ੫. (ਉਸ) ਅੰਨ੍ਹੇ ਨੇ (ਇਸ ਦੀ ਪ੍ਰਾਪਤੀ ਵਿਚ ਲਗਕੇ ਸੱਤਜ ਸਰੂਪ ਪਰਮੇਸ਼ੁਰ ਵਿਚ ਅਪੜਾ ਦੇਣ ਵਾਲੇ) ਨਾਮ ਨੂੰ ਵਿਸਾਰ ਦਿੱਤਾ ਹੈ, (ਅੰਤ ਉਸ ਨੂੰ) ਨਾਂ ਤਾਂ ਇਹ (ਜਗਤ ਪ੍ਰਾਪਤ ਹੁੰਦਾ ਹੈ) ਨਾ ਓਹ (= ਸਦਾ ਥਿਰ ਹਰੀ ਦਾ ਟਿਕਾਣਾ, ਕਿਉਂਕਿ ਇਹ ਜਗਤ ਤਾਂ ਕਾਲ ਵਿਚ ਹੋਣ ਕਰਕੇ ਬਿਲਾ ਜਾਂਦਾ ਹੈ, ਤੇ ਇਸ ਦੀ ਪ੍ਰਾਪਤੀ ਲਈ ਖਰਚ ਕੀਤਾ ਕਾਲ ਨਾਮ ਵਿਚ ਲਾਇਆ ਨਹੀਂ ਸੀ, ਸੋ ਉਹ ਹਰੀ ਰੂਪ ਸਦਾ ਥਿਰ ਟਿਕਾਣਾ ਪ੍ਰਾਪਤ ਨਹੀਂ ਸੀ ਕੀਤਾ ; ਪਰ ਛਲ ਰੂਪੀ ਮਾਇਆ ਦੀ ਪ੍ਰਾਪਤੀ ਵਿਚ ਸਮਾਂ ਲਾਇਆ ਸੀ, ਉਸ ਵਿਚ ਕੀਤੇ ਕਰਮ, ਕੁਕਰਮ ਉੱਡ ਨਹੀਂ ਜਾਂਦੇ ਉਹ ਹਿਸਾਬ ਵਿਚ ਹੁੰਦੇ ਹਨ। ਹਾਂ) ੧. ਬਾਣੀ ਦਾ ਬੋਲਣਾ ਬੀ ਲੇਖੇ ਵਿਚ ਹੈ, ਭੋਜਨ ਦਾ ਖਾਣਾ ਬੀ ਲੇਖੇ ਵਿਚ ਹੈ। ੨. ਰਸਤੇ ਦਾ ਚਲਣਾ ਬੀ ਲੇਖੇ ਵਿਚ ਹੈ, ਸੁਨਣਾ ਤੇ ਵੇਖਣਾ ਬੀ ਲੇਖੇ ਵਿਚ ਹੈ। ੩. (ਇਥੋਂ ਤਾਂਈਂ ਕਿ) ਸਾਹ ਬੀ ਲੇਖੇ ਵਿਚ ਲਈਦੇ ਹਨ ; (ਇਹ ਗਲ ਪ੍ਰਤੱਖ ਹੈ) ਪੜ੍ਹੇ ਹੋਏ ਨੂੰ ਕੀ ਪੁੱਛਣ ਜਾਵਾਂ। ੬. ਏਥੇ ਜੰਮਕੇ ਮਰਨ (ਤੱਕ ਜੋ) ਜੀਵਨ (ਮਿਲਿਆ ਸੀ ਸੋ) ਕਾਲ ਵਿਚ ਹੋਣ ਕਰਕੇ (ਖਾਜੈ) ਮੁੱਕ ਜਾਂਦਾ ਹੈ[੧]। ੭ (ਫਿਰ ਦੇਖੋ ਕਿ) ਜਿਥੇ ਬੈਠਕੇ (ਇਹ ਲੇਖਾ) ਸਮਝਾਇਆ ਜਾਂਦਾ ਹੈ, ਓਥੇ ਕੋਈ (ਸਾਕ ਮਿੱਤਰ) ਨਾਲ ਨਹੀਂ ਜਾਂਦਾ। (ਪਰ ਕੀਤੇ ਕੰਮਾਂ ਦੇ ਸੰਸਕਾਰ ਨਾਲ ਜਾਂਦੇ ਹਨ ; ਜੇ ਕਹੋ ਕਿ ਮਰਨੇ ਬਾਅਦ ਮੋਹ ਪਿਆਰ ਵਾਲੇ ਯਾਦ ਕਰਦੇ ਤੇ ਰੋਂਦੇ ਹਨ ਤਾਂ ਫੁਰਮਾਉਂਦੇ ਹਨ ਕਿ) ੮. ਰੋਣ ਵਾਲੇ ਜਿੰਨੇ (ਮਿੱਤ੍ਰ ਸਾਕ) ਹਨ ਓਹ ਪਰਾਲੀ ਦੀ ਪੰਡ ਬੰਨ੍ਹਦੇ ਹਨ। (ਭਾਵ ਬਿਰਥਾ ਪ੍ਰਲਾਪ ਕਰਦੇ ਹਨ, ਉਹਨਾਂ ਦੇ ਰੋਣੇ ਨਾਲ ਪ੍ਰਾਣੀ ਉਹਨਾਂ ਨੂੰ ਨਹੀਂ ਆ ਮਿਲਦਾ। ਉਹਨਾਂ ਦੇ ਰੋਣੇ ਨਾਲ ਪ੍ਰਾਣੀ ਨੂੰ ਜਿਥੇ ਕੀਤੇ ਕਰਮਾਂ ਦਾ ਲੇਖਾ ਸਮਝਾਇਆ ਜਾ ਰਿਹਾ ਹੁੰਦਾ ਹੈ ਕੋਈ ਲਾਭ ਨਹੀਂ ਪਹੁੰਚਦਾ) ॥ ੨ ॥ ੯. (ਜਦ ਜੋ ਕੁਛ ਸੋਚੀਦਾ, ਬੋਲੀਦਾ ਤੇ ਕਰੀਦਾ ਹੈ, ਮਾਇਆ ਰਚਨਾ ਹੈ, ਤੇ ਜੋ 'ਧੋਹ' ਛਲ ਰੂਪ ਹੈ ਅਤੇ ਜੋ ਬੋਲੀਦਾ, ਕਰੀਦਾ ਹੈ ਸਭ ਲੇਖੇ ਵਿਚ ਹੈ, ਅਤੇ ਲੇਖੇ ਦੇਣ ਵਾਲੇ ਥਾਂ ਮਾਇਕ ਰਚਨਾ ਦਾ ਸੰਗੀ ਸਾਥੀ ਕੋਈ ਕੰਮ ਨਹੀਂ ਆਉਂਦਾ ਤਦ ਅਚਰਜ ਹੋਈਦਾ ਹੈ

[੧] 'ਕਾਲ ਗਇਓ ਇਨ ਕਾਮਨ ਸੋ ਜੜ ਕਾਲ ਕ੍ਰਿਪਾਨ ਹੀਏ ਨ ਚਿਤਾਰਿਓ'॥ (ਪਾਤਸ਼ਾਹੀ ੧੦)

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥੩॥	ਇਹ ਦੇਖ ਕੇ ਕਿ ਏਥੇ) ਸਭ ਕੋਈ ਆਖਦਾ ਹੈ ਕਿ ਵਧ ਤੋਂ ਵਧ (ਮਾਇਆ ਮਿਲੇ) ਕੋਈ ਨਹੀਂ ਆਖਦਾ ਕਿ ਘੱਟ (ਮਿਲੇ)। ੧੦ (ਬਹੁਤੀ ਵਾਲਾ ਆਪ ਨੂੰ ਵਡਾ ਆਖਦਾ ਤਾਂ ਹੈ, ਪਰ) ਕਹਿਣ (ਮਾਤ੍ਰ ਨਾਲ (ਤਾਂ ਕੋਈ) ਵੱਡਾ ਨਹੀਂ ਹੋ ਸਕਦਾ, (ਜਦ ਕਿ ਸਤਜ ਤੇ ਅਸਤਜ ਦੋਹਾਂ ਦੀ ਦਰੁਸਤ) ਕੀਮਤ ਕਿਸੇ (ਵਡੇ ਕਹਾਉਣ ਵਾਲੇ) ਨੇ ਨਹੀਂ ਪਾਈ। ੧੧. (ਜੇ ਕੀਮਤ ਪਾ ਕੇ ਪ੍ਰਾਪਤੀ ਕਰਦੇ ਤਾਂ ਪਤਾ ਲਗ ਜਾਂਦੋ ਨੇ ਕਿ) ਹੇ ਸਾਹਿਬ ! ਇਕੋ ਤੂੰ ਸੱਚਾ (= ਸਦਾ ਥਿਰ) ਹੈਂ, (ਤੇਰੀ ਪ੍ਰਾਪਤੀ ਅਸਲ ਵਡਿੱਤ ਹੈ, ਇਸ ਪ੍ਰਾਪਤੀ ਤੋਂ ਵਿਹੂਣੇ) ਜੀਵਾਂ ਦੇ ਕਈ ਲੋਕ (ਭਰੇ ਪਏ) ਹਨ (ਜੋ ਸਚਮੁਚ ਨੀਵੇਂ ਹਨ)॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥	੧੨. ('ਮਾਯਾ ਰਚਨਾ' ਤੇ 'ਸਚਾ ਸਾਹਿਬ' ਦੋਹਾਂ ਦੀ ਸਿਆਣ ਪਾ ਕੇ ਜਿਨ੍ਹਾਂ ਨੇ ਮਾਯਕ ਵਡਿਤ ਨੂੰ ਗੌਣ ਸਮਝਿਆ ਹੈ ਉਨ੍ਹਾਂ ਨੂੰ ਮਾਯਕ ਵਡਿਤ ਵਾਲੇ ਨੀਵਾਂ ਆਖਦੇ ਹਨ, ਉਨ੍ਹਾਂ) ਨੀਵਿਆਂ ਦੇ ਵਿਚ (ਇਕ) ਹੋਰ ਕਿਸਮ ਦੇ ਨੀਵੇਂ ਹਨ (ਫਿਰ ਉਨ੍ਹਾਂ) ਨੀਵਿਆਂ ਵਿਚ ਇਕ ਅਤਿ ਦੇ ਨੀਵੇਂ ਹਨ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥	੧੩. ਨਾਨਕ (ਤਾਂ) ਉਨ੍ਹਾਂ ਦਾ ਸੰਗੀ ਸਾਥੀ ਹੈ (ਮਾਇਕ) ਵਡਿਆਂ ਨਾਲ (ਨਾਨਕ ਨੂੰ) ਕੋਈ ਰੀਸ ਨਹੀਂ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ ੪ ॥ ੩ ॥	੧੪. (ਕਿਉਂਕਿ) ਜਿਥੇ (ਏਹ) ਨੀਵੇਂ ਸੰਭਾਲੇ ਜਾਂਦੇ ਹਨ, ਓਥੇ ਤੇਰੀ ਬਖ਼ਸ਼ਿਸ਼ ਦੀ ਨਜ਼ਰ ਹੁੰਦੀ ਹੈ[1]॥੪॥੩॥ (ਯਥਾ-ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥ (ਸਿਰੀ ਰਾਗੁ ਮ: ੧-੪)

ਵਯਾਖਯਾ-ਸਦਾ ਥਿਰ ਤੇ ਸੁਖਦਾਈ ਟਿਕਾਣਾ 'ਨਿਰਾਕਾਰ' ਨੂੰ ਦੱਸਕੇ ਹੁਣ ਦਿੱਸ ਰਹੇ ਮਾਯਾ ਦੇ ਪਸਾਰੇ ਦੀ ਅਨਿਸਥਿਰਤਾ ਦੱਸਦੇ ਹੋਏ ਇਹ ਨਿਰੂਪਣ ਕਰਦੇ ਹਨ ਕਿ ਸਮਾਂ ਇਨ੍ਹਾਂ ਨਿਕੰਮੇ ਕੰਮਾਂ ਵਿਚ ਜ਼ਾਇਆ ਹੋ ਰਿਹਾ ਹੈ ਤੇ ਜੋ ਕੁਛ ਅਸੀਂ ਕਰ, ਬੋਲ ਯਾ ਸੋਚ ਰਹੇ ਹਾਂ ਸਭ ਲੇਖੇ ਵਿਚ ਹੈ ਉਹ ਨਾਲ ਜਾਂਦਾ ਹੈ ਤੇ ਅੱਗੇ ਜਾ ਕੇ ਸੁਖ ਯਾ ਦੁਖ ਦਾ ਦਾਤਾ ਬਣਦਾ ਹੈ। ਜੋ ਕੁਛ ਸੋਚੀਦਾ ਹੈ, ਕਹੀਦਾ ਹੈ ਤੇ ਕਰੀਦਾ ਹੈ, ਉਸ ਦੇ ਸੰਸਕਾਰ ਅੰਦਰ ਅੰਕਿਤ ਹੁੰਦੇ ਹਨ। ਓਹ ਨਾਲ ਜਾਂਦੇ ਹਨ। ਮਾੜਿਆਂ ਵਾਲੇ ਦੁਖੀ ਹੁੰਦੇ ਹਨ, ਚੰਗਿਆਂ ਵਾਲੇ ਸੁਖੀ ਤੇ ਨਾਮ ਵਾਲੇ 'ਸਾਚਾ ਨਿਰੰਕਾਰੁ ਨਿਜ ਥਾਇ' ਨੂੰ ਪ੍ਰਾਪਤ ਹੁੰਦੇ ਹਨ। ਓਹ ਗੁਰਮੁਖ ਕਹੀਦੇ ਹਨ। ਉਥੇ ਗੁਰਮੁਖਾਂ ਦੀ ਸੰਭਾਲ ਹੁੰਦੀ ਹੈ, ਸੋ ਗੁਰਮੁਖ ਬਣਕੇ ਜਾਓ। ਉਹਨਾਂ ਗੁਰਮੁਖਾਂ ਨੂੰ ਦੁਨੀਆਂ ਦੇ ਵਡੇ ਨੀਚ ਸਮਝਦੇ ਹਨ, ਪਰ ਉਹਨਾਂ ਉਤੇ ਸਾਂਈਂ ਦੀ ਬਖ਼ਸ਼ਿਸ਼ ਹੁੰਦੀ ਹੈ, ਇਸ ਲਈ ਸਾਨੂੰ ਉਪਦੇਸ਼ ਕਰਦੇ ਹਨ ਕਿ ਉਹਨਾਂ ਦੀ ਸੰਗਤ ਵਿਚ ਰਹੋ। ਆਖਦੇ ਹਨ ਆਪ ਨੂੰ ਕਿ ਨਾਨਕ ਉਹਨਾਂ ਦੀ ਸੰਗਤ ਤੇ ਸਾਥ ਵਿਚ ਰਹਿੰਦਾ ਹੈ, ਪਰ ਤਾਤਪਰਯ ਇਹ ਹੈ ਕਿ ਤੁਸੀਂ ਝੂਠੀਆਂ ਵਡਿਆਈਆਂ ਵਿਚ ਲਗਕੇ ਵਕਤ ਨਾ ਗੁਆਓ ; ਗੁਰਮੁਖਾਂ ਦਾ ਸੰਗ ਕਰਕੇ ਅੱਗੇ ਕੰਮ ਆਉਣ ਵਾਲੀ ਵਡਿਆਈ ਪ੍ਰਾਪਤ ਕਰੋ।

[1] ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ॥ (ਗਉੜੀ ਮ: ੫-੧੧੩)

ਨਿਰੁਕ੍-ਲੇਖੈ- (ਲੇਖਾ = ਜੋ ਲਿਖਿਆ ਜਾਏ) ਹਿਸਾਬ ਵਿਚ।

ਵਾਟ-ਰਾਹ, ਰਸਤਾ।

ਧੋਹੁ- (ਸੰਸ:, ਦ੍ਰੋਹ:) ਦਗ਼ਾ, ਫ਼ਰੇਬ, ਧੋਖਾ।

ਪੰਡ ਪਰਾਲ- ਪਰਾਲੀ ਦੀ ਪੰਡ। ਬਿਰਥਾ ਪ੍ਰਲਾਪ। (ਪਰਾਲੀ = ਝੋਨੇ ਦੇ ਸਿੱਟੇ ਝਾੜਿਆਂ ਪਿਛੋ ਜੋ ਨਿਸ਼ਫਲ ਨਾੜ ਆਦਿ ਰਹਿ ਜਾਂਦਾ ਹੈ।)

ਬਹੁਤੁ ਬਹੁਤੁ- ਵੱਧ ਤੋਂ ਵੱਧ। ਇਸ ਦੀ ਤੀਜੀ ਪਉੜੀ ਦੇ ਦੋ ਅਰਥ ਕਰਦੇ ਹਨ :-

੧. ਸਭ ਕਹਿੰਦੇ ਹਨ ਕਿ ਪਦਾਰਥ ਆਦਿ ਬਹੁਤ ਹੋਣ, ਘੱਟ ਕੋਈ ਨਹੀਂ ਮੰਗਦਾ। ਇਸ ਗੱਲ ਦੀ ਕੀਮਤ ਕੋਈ ਨਹੀਂ ਪਾਉਂਦਾ ਕਿ ਜੋ ਭਾਗਾਂ ਵਿਚ ਹੈ ਸੋ ਮਿਲੇਗਾ। ਕਹਿਣ ਮਾਤ੍ਰ ਨਾਲ ਯਾ ਮੰਗਣ ਮਾਤ੍ਰ ਨਾਲ ਵੱਡਾ ਕਿਸੇ ਨੇ ਨਹੀਂ ਹੋ ਜਾਣਾ।

੨. ਸਭ ਕੋਈ ਵਾਹਿਗੁਰੂ ਨੂੰ ਵੱਡਾ ਆਖਦਾ ਹੈ, ਪਰ ਉਸ ਦੀ ਕੀਮਤ ਕੋਈ ਨਹੀਂ ਪਾ ਸਕਦਾ, ਕਹਿਣ ਨਾਲ ਵੱਡਾ ਉਹ ਹੋ ਨਹੀਂ ਸਕਦਾ।

ਦੋਹਾਂ ਵਿਚ ਤ੍ਰੁੱਟੀਆਂ ਰਹਿ ਜਾਂਦੀਆਂ ਹਨ। ਪਹਿਲੇ ਵਿਚ ਇਹ ਹੈ ਕਿ ਭਾਗਾਂ ਦੀ ਸ਼ਾਕਰੀ ਦੀ ਕੀਮਤ ਦਾ ਵਿਸ਼ਾ ਨਹੀਂ ਚੱਲ ਰਿਹਾ। ਵਿਸ਼ਯ ਹੈ 'ਮਾਇਆ ਦੀ ਰਚਨਾ', 'ਨਾਮ' ਤੇ 'ਸੱਚਾ ਸਾਹਿਬ'। ਇਨ੍ਹਾਂ ਦੀ ਮੁਕਾਬਲੇ ਦੀ ਕੀਮਤ ਪਾਉਣੀ ਹੈ। ਜੇ ਕੋਈ ਪਾਵੇ ਤਾਂ 'ਨਾਮ ਤੇ ਸਾਹਿਬ' ਨੂੰ ਵਡਾ ਜਾਚ ਲਏਗਾ। ਜਿਨ੍ਹਾਂ ਤੋਂ ਪ੍ਰਾਪਤ ਸੁਖ ਦੋਇ ਲੋਕਾਂ ਵਿਚ ਸਹਾਈ ਹੈ ਤੇ ਮਾਇਆ ਦੀ ਰਚਨਾ ਛਲ ਰੂਪ ਹੈ, ਬਦਲਦੀ ਹੈ, ਛੱਡ ਜਾਂਦੀ ਹੈ ਤੇ ਮਰਕੇ ਜ਼ਰੂਰ ਛਡ ਜਾਈਦੀ ਹੈ। ਫਿਰ ਇਹ ਅੱਗੇ ਕੰਮ ਨਹੀਂ ਆਉਂਦੀ।

ਦੂਜੇ ਅਰਥ ਵਿਚ ਇਹ ਕਸਰ ਰਹਿ ਜਾਂਦੀ ਹੈ ਕਿ ਸਭ ਕੋਈ ਰੱਬ ਨੂੰ ਵੱਡਾ ਕਿੱਥੇ ਕਹਿ ਰਿਹਾ ਹੈ। ਅਤਿ ਥੋੜੇ ਹਨ ਜੋ ਸਚਮੁਚ ਕਹਿ ਰਹੇ ਹਨ, ਉਹ ਵਡਭਾਗੇ ਹਨ : 'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥' ਗੇਣਤੀ ਵਿਚ ਇਨ੍ਹਾਂ ਤੋਂ ਵਧੀਕ ਓਹ ਹਨ ਜੋ ਛਲ ਕਪਟ ਲਈ ਕਥਨੀ ਮਾਤ੍ਰ ਆਖਦੇ ਹਨ, ਉਹ ਬੀ ਬਹੁਤ ਨਹੀਂ ਜੇ ਹੋਣ ਬੀ ਤਾਂ 'ਸਭਿ' ਦੇ ਅਰਥਾਂ ਵਿਚ ਉਹ ਬੀ ਨਹੀਂ ਆਉਂਦੇ।

ਏਥੇ ਕੀਮਤ ਪਾਉਣ ਦੇ ਅਰਥ ਪਰਮਾਤਮਾ ਦੀ 'ਜਾਚ ਪੜਤਾਲ ਕਰ ਲੈਣਾ' ਨਹੀਂ ਹੈ। ਏਥੇ ਜੀਵ ਦੇ ਉਸ ਨਿਰਣੈ ਕਰਨ ਤੋਂ ਭਾਵ ਹੈ ਜਿਸ ਨਾਲ ਉਸ 'ਮਾਇਆ ਰਚਨਾ ਧੋਹੁ' ਨੂੰ ਪਛਾਣਨਾ ਤੇ 'ਸਾਚਾ ਨਿਰੰਕਾਰੁ ਨਿਜ ਥਾਇ' ਨੂੰ ਉਸ ਤੋਂ ਬਹੁਤ ਬੇਸ਼ਕੀਮਤ ਸਮਝ ਲੈਣਾ ਹੈ।

ਨੀਚ- (ਸੰਸ:, ਨੀਚ:) ਨੀਵਾਂ। **ਨੀਚ ਜਾਤਿ**- ਨੀਵੀਂ ਜਾਤ। ਨੀਵੀਂ ਕਿਸਮ।

ਨੀਵੇਂ ਤੋਂ ਮੁਰਾਦ ਹੈ ਉਹ ਜੀਵ ਜਿਨ੍ਹਾਂ ਦੇ 'ਲੋਕ ਭਰੇ ਪਏ' ਹਨ। ਦੂਜੀ ਤੁਕ ਵਿਚ ਲੋਕ ਭਰੇ ਪਏ ਕਹਿਕੇ ਇਕ ਦਮ 'ਨੀਚਾਂ ਅੰਦਰ' ਕਹਿਣਾ ਸਪਸ਼ਟ ਦੱਸਦਾ ਹੈ ਕਿ ਉਨ੍ਹਾਂ ਵਲ ਇਸ਼ਾਰਾ ਹੈ। ਸੋ ਇਹ ਆਮ ਜਨਤਾ ਵਿਚ ਜੋ ਮਾਯਕ ਵਡਿਆਈ ਤੇ ਮਾਨ ਵਾਲੇ ਨਹੀਂ ਹਨ, ਇਕ ਹੋਰ ਜਾਤ ਦੇ ਨੀਵੇਂ ਹਨ, ਭਾਵ ਹੋਰ ਕਿਸਮ ਦੇ ਨੀਵੇਂ ਹਨ। 'ਹੋਰ ਜਾਤ' ਕਹਿਣ ਵਿਚ ਕਟਾਖ੍ਯ ਹੈ। ਏਹ ਓਹ ਨੀਵੇਂ ਹਨ ਜਿਨ੍ਹਾਂ ਨੂੰ ਮਾਯਾ ਧਾਰੀ ਨੀਵਾਂ ਸਮਝਦੇ ਹਨ, ਜੋ ਆਪ ਨੂੰ ਨਿੰਮ੍ਰਤਾ ਨਾਲ ਨੀਵਾਂ ਜਾਣਦੇ ਹਨ, ਜੋ ਨਾਮ ਨੂੰ ਸੰਭਾਲਦੇ ਹੋਏ ਹਉਂ ਵਿਚੋਂ ਨਿਕਲ ਰਹੇ ਹਨ, ਇਨ੍ਹਾਂ ਨੀਵਿਆਂ ਵਿਚ ਇਕ ਅਤਿ ਨੀਵੇਂ ਹਨ ; ਓਹ ਹਨ :-

ਹੋਂਦਾ ਫੜੀਅਗੁ ਨਾਨਕ ਜਾਣੁ॥
ਨਾ ਹਉ ਨਾ ਮੈ ਜੂਨੀ ਪਾਣੁ॥ (ਵਾਰ ਮਲਾਰ ਮ: ੧-੨੪)

ਹਉਮੈ ਅਤੀਤ, ਜਿਨ੍ਹਾਂ ਦੇ ਮਨ ਵਿਚ ਮਾਇਆ ਦਾ ਮਾਨ ਉੱਕਾ ਹੀ ਨਹੀਂ। ਬਖਸ਼ਿਸ਼ ਦੀ ਨਜ਼ਰ

ਐਸਿਆਂ ਹੀ ਤੇ ਪੈਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਨੀਵਿਆਂ ਦਾ ਸੰਗੀ ਸਾਥੀ ਆਪ ਨੂੰ ਦੱਸਦੇ ਹਨ।

ਇਹ ਖ਼ਿਆਲ ਕਰਨਾ ਕਿ ਓਹ ਨਿਰੇ ਨੀਚਾਂ ਦੇ ਹੀ ਸਾਥੀ ਹਨ ਦਰੁਸਤ ਨਹੀਂ। ਓਹ ਰੱਬ ਤੋਂ ਭੁੱਲੇ ਗ਼ਰੀਬ ਅਮੀਰ ਕਿਸੇ ਦੇ ਸਾਥੀ ਨਹੀਂ ਤੇ ਰੱਬ ਦੇ ਧਯਾਨ ਲਗੇ ਗ਼ਰੀਬ ਅਮੀਰ, ਊਚ ਨੀਚ ਸਭ ਦੇ ਸਾਥੀ ਸਨ ਤੇ ਹਨ। ਸ਼ਿਵਨਾਭ ਰਾਜੇ ਦੇ, ਸਾਲਸ ਜੌਹਰੀ ਦੇ ਸਾਥੀ ਬਣੇ ਜਦ ਓਹਨਾਂ ਨੂੰ ਨਾਮ ਵਿਚ ਲਾ ਲਿਆ। ਕੌਡੇ ਰਾਖਸ਼ ਦੇ, ਸੱਜਣ ਠੱਗ ਦੇ, ਕੋਹੜੀ ਫਕੀਰ ਦੇ ਸਾਥੀ ਬਣੇ ਜਦੋਂ ਨਾਮ ਵਿਚ ਲਾ ਲਏ। ਸੋ ਸਚਮੁਚ ਨੀਚਾਂ-ਭੈੜਿਆਂ ਦੇ ਆਪ ਸਾਥੀ ਨਹੀਂ। ਏਥੇ ਸਾਹਿਬ ਨੀਚਾਂ ਦੀ ਕਿਸਮ ਇਕ ਹੋਰ ਦੱਸਕੇ ਸਪਸ਼ਟ ਕਰ ਰਹੇ ਹਨ ਕਿ ਓਹ ਨੀਵੇਂ ਓਹ ਹਨ ਜੋ ਨਾਮ ਵਾਲੇ ਹਨ, ਨਿੰਮ੍ਰਤਾ ਤੇ ਹਉਂ ਨਵਿਰਤੀ ਕਰਕੇ ਆਪ ਨੂੰ ਨੀਵਾਂ ਜਾਣਦੇ ਹਨ, ਤੇ ਜਗਤ ਦੇ ਅਮੀਰ ਉਨ੍ਹਾਂ ਨੂੰ ਨਿਰਧਨ ਹੋਣ ਕਰਕੇ ਨੀਵਾਂ ਕਹਿੰਦੇ ਹਨ, ਮੈਂ ਉਨ੍ਹਾਂ ਦਾ ਸਾਥੀ ਹਾਂ। ਫਿਰ ਉਨ੍ਹਾਂ ਤੇ ਸਾਈਂ ਦੀ ਬਖਸ਼ਿਸ਼ ਦੀ ਨਦਰ ਦੱਸਕੇ ਨਿਰਸੰਸੇ ਕਰ ਦਿੰਦੇ ਹਨ ਕਿ ਉਨ੍ਹਾਂ ਦੀ ਮੁਰਾਦ ਨਿੰਮ੍ਰਤਾ ਵਾਲੇ ਗ਼ਰੀਬ ਗੁਰਮੁਖਾਂ ਤੋਂ ਹੈ, ਕਿਉਂਕਿ ਬਖਸ਼ਿਸ਼ ਦੀ ਨਜ਼ਰ ਗੁਰਮੁਖਤਾਈ ਵਾਲੇ ਨਿੰਮ੍ਰੀ ਭੂਤ ਸੱਜਣਾਂ ਤੇ ਪੈਂਦੀ ਹੈ, ਨਾਂ ਕਿ ਕਰਮਾਂ ਦੇ ਨੀਚਾਂ ਉਤੇ ਯਾ ਨਿਰੇ ਧਨ ਯਾ ਜਾਤੀ ਕਰਕੇ ਨੀਚਾਂ ਤੇ ਪੈਂਦੀ ਹੈ।

ਵਯਾਖਯਾ ਕਰਦਿਆਂ ਗਯਾਨਵਾਨ ਸੱਜਣ ਐਉਂ ਭੀ ਭਾਵ ਲੈਂਦੇ ਹਨ :-

ਨੀਚ = ਨੀਵਾਂ, ਖਾਲੀ। ਹੀਨ।

ਨੀਚਾ ਅੰਦਰਿ = ਜਿਨ੍ਹਾਂ ਦਾ ਹਿਰਦਾ ਧਨ ਦੇ ਅਭਿਮਾਨ ਤੋਂ ਖਾਲੀ ਹੈ।

ਨੀਚ ਜਾਤਿ = (ਫੇਰ) ਜਾਤੀ ਹੰਕਾਰ ਤੋਂ ਬੀ ਸੱਖਣਾ ਹੈ।

ਨੀਚੀ ਹੂ = (ਫੇਰ) ਗੁਣ ਅਭਿਮਾਨ ਤੋਂ ਬੀ ਹੀਨ ਹੈ।

ਅਤਿ ਨੀਚੁ = (ਫੇਰ) ਵਿਦਯਾ ਤੇ ਗਯਾਨ ਪਾ ਕੇ ਇਸ ਹਉਂ ਤੋਂ ਬੀ ਅਤੀਤ ਹੈ। ਨਾਨਕ ਉਨ੍ਹਾਂ ਦਾ ਸਾਥੀ ਹੈ।

ਪੁਨਾ :- ਨੀਚਾ ਅੰਦਰਿ = ਜੋ ਪਦਾਰਥ ਦੀ ਲੋੜ ਤੋਂ ਬੇ-ਪਰਵਾਹ ਹੋਏ ਹਨ। ਉਨ੍ਹਾਂ ਮਾਇਆ ਕਰ ਗਰੀਬਾਂ ਵਿਚ। ਨੀਚ ਜਾਤਿ = ਨੀਚ ਜਾਤ ਵਾਲੇ ਸ਼ੂਦਰ ਨਾਮਦੇਵ ਆਦਿਕ।

ਨੀਚੀ ਹੂ = ਇਨ੍ਹਾਂ ਤੋਂ ਬੀ ਨੀਵੇਂ ਰਵਿਦਾਸ ਆਦਿਕ ਚਮਾਰ।

ਅਤਿ ਨੀਚੁ = ਇਨ੍ਹਾਂ ਤੋਂ ਬੀ ਨੀਵੇਂ 'ਸਧਨਾ' ਆਦਿਕ ਜੋ ਨੀਵੀਂ ਜ਼ਾਤ ਦਾ ਬੀ ਸੀ ਤੇ ਕਿੱਤਾ ਬੀ ਕਸਾਈ ਦਾ ਕਰਦਾ ਸੀ। ਫੇਰ ਨਾਮੀ ਹੋਇਆ।

(ਸਿਰੀ ਰਾਗੁ ਮਹਲਾ ੧, ਚਉਪਦਾ- ੪)

ਪ੍ਰਾਕ੍ਥਨ-ਇਸ ਸ਼ਬਦ ਦੀ ਉਥਾਨਕਾ ਗਯਾਨੀ ਸਜਣ ਏਹ ਦੱਸਦੇ ਹਨ ਕਿ ਕਾਂਸ਼ੀ ਵਿਚ ਪੰਡਤਾਂ ਦੇ ਪ੍ਰਸ਼ਨ ਕਰਨੇ ਪਰ ਕਿ ਨਾਮ ਹਿਰਦੇ ਵਿਚ ਪਰਵੇਸ਼ ਨਹੀ ਕਰਦਾ, ਇਸ ਦਾ ਕਾਰਣ ਦੱਸੋ, ਤਾਂ ਜੋ ਵਾਕ ਗੁਰੂ ਜੀ ਨੇ ਉੱਤਰ ਵਿਚ ਕਹੇ ਓਹ ਏਸ ਸ਼ਬਦ ਵਿਚ ਗੁੰਦੇ ਹੋਏ ਹਨ।

ਪਿਛਲੇ ਸ਼ਬਦ ਵਿਚ 'ਜਿਥੈ ਬਹਿ ਸਮਝਾਈਐ' (= ਜਿਥੇ ਲੇਖਾ ਮੰਗੀਐ) ਆਖਿਆ, ਫੇਰ ਕਿਹਾ 'ਜਿਥੈ ਨੀਚ ਸਮਾਲੀਅਨਿ', ਫੇਰ ਕਿਹਾ, 'ਤਿਥੈ ਨਦਰਿ ਤੇਰੀ ਬਖਸੀਸ॥' ਹੁਣ ਪ੍ਰਸ਼ਨ ਕਰਦੇ ਹਨ ਕਿ ਓਥੇ (ਉਸ ਦਰਗਾਹ ਵਿਚ) ਪਤਿ ਕੀਕੂੰ ਹੋਵੇ, ਉਹ ਬਚਨ ਬੋਲੋ ? ਇਹ ਪ੍ਰਸ਼ਨ ਰਹਾਉ ਵਿਚ ਕੀਤਾ ਹੈ ; ਬਾਕੀ ਸ਼ਬਦ ਵਿਚ - 'ਮਾਇਆ ਰਚਨਾ ਧੋਹੁ' ਵਾਲੇ ਕਰਮਾਂ ਦਾ ਵੇਰਵਾ ਦਿੱਤਾ ਹੈ ਤੇ ਉਪਰਾਲਾ ਨਾਮ ਦੱਸਿਆ ਹੈ ਨਾਮ ਦੇ ਦਿਲ ਅੰਦਰ ਨਾ ਵੱਸਣ ਦੇ ਕਾਰਣ ਦੱਸੇ ਹਨ, ਉਨ੍ਹਾਂ ਨੂੰ ਤਯਾਗ ਕੇ ਨਾਮ ਜਪਣਾ ਉਪਰਾਲਾ ਦੱਸਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥	(ਅਰਥ ਰਹਾਉ ਤੋਂ ਟੁਰੇਗਾ)
	ਹੇ ਬਾਬਾ ! ਬੋਲੀਏ (ਦੱਸੀਏ ਕਿ ਜਿਵੇਂ ਦਰਗਾਹ ਵਿਚ) ਪਤਿ ਹੁੰਦੀ ਹੈ ?
	(ਉੱਤਰ :-) ਦਰਗਾਹ ਵਿਚ ਤਾਂ ਉੱਤਮ ਉਹੀ ਕਹੀਦੇ ਹਨ ਜੋ (ਸਚਮੁਚ) ਉੱਤਮ ਹੁੰਦੇ ਹਨ, ਨੀਚ ਕਰਮਾਂ ਵਾਲੇ (ਤਾਂ ਓਥੇ) ਬੈਠ ਕੇ ਰੋਂਦੇ ਹਨ ॥੧॥ ਰਹਾਉ॥
	(ਬੇਨਤੀ ਦੇ ਰੂਪ ਵਿਚ ਅਪਨੇ ਦ੍ਵਾਰਾ ਜੀਵਾਂ ਦੇ ਪਰਵਿਰਤ ਕਰਮ ਗਿਣਦੇ ਹਨ ਜੋ ਅਪਵਿੱਤ੍ਰ ਹਨ :-)
ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥ ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ ਰਹਾਉ॥	ਲੋਭ (ਜੋ) ਕੁੱਤੇ (ਸਰੀਖਾ) ਹੈ, ਝੂਠ (ਜੋ) ਚੂਹੜੇ (ਵਰਗਾ ਹੈ), ਠੱਗੀ ਕਰਕੇ ਖਾਣਾ (ਜੋ) ਮੁਰਦਾਰ (ਤੁੱਲ ਹੈ), ਪਰਾਈ ਨਿੰਦਾ (ਜੋ) ਨਿਰੀ ਪਰਾਈ ਮੈਲ (ਤੁੱਲ) ਹੈ, ਚੁਗਲੀ ਵੱਟਣੀ (ਯਾ ਕਟੂ ਵਚਨ ਕਹਿਣੇ) ਅਗਨਿ (ਤੁੱਲ) ਹੈ, ਕ੍ਰੋਧ ਚੰਡਾਲ (ਤੁੱਲ ਹੈ) ; ਰਸਕਸ ਤੇ ਆਪਾ ਸਲਾਹੁਣਾ, ਹੇ ਕਰਤਾਰ ! ਏਹ ਮੇਰੇ 'ਕਰਮ' ਹਨ ॥ ੧ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ। ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥	ਫੇਰ ਸੋਨਾ ਰਸ ਹੈ, ਚਾਂਦੀ ਰਸ ਹੈ, ਇਸਤ੍ਰੀ ਰਸ ਹੈ, ਪਰਮਲ ਦੀ ਸੁਗੰਧੀ (ਰਸ) ਹੈ। ਘੋੜੇ (ਦੀ ਸਵਾਰੀ) ਰਸ ਹੈ, ਸੇਜਾ ਰਸ ਹੈ, ਮੰਦਰ (ਰਸ ਹੈ), (ਹਰ ਪ੍ਰਕਾਰ ਦਾ) ਮਿੱਠਾ ਰਸ ਹੈ, ਮਾਸ (ਖਾਣਾ) ਰਸ ਹੈ। ਇਤਨੇ ਹਨ ਸਰੀਰ ਦੇ 'ਰਸ', (ਹੇ ਕਰਤਾਰ) ਨਾਮ (ਮੇਰੇ) ਕਿਸ ਮਨ ਵਿਚ ਟਿਕਾਉ ਪਾਵੇ ॥ ੨ ॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥	ਹੇ ਅਜਾਣ ਤੇ ਮੂਰਖ ਮਨ ਸੁਣ ! (ਤੇਰੇ ਬੋਲ ਬੀ ਫਿੱਕੇ ਹਨ) ਜਿਸ ਬੋਲਣੇ ਨਾਲ (ਦਰਗਾਹ ਵਿਚ) ਪਤਿ ਮਿਲਦੀ ਹੈ, ਉਹ ਬੋਲਣਾ ਪ੍ਰਵਾਣ ਹੈ। ਜੋ ਫਿਕਾ ਬੋਲਣਾ ਹੈ (ਉਹ ਬੋਲਕੇ ਆਪ ਹੀ) ਖ਼ਰਾਬ ਹੋਣਾ ਹੈ (ਸੋ ਹੇ ਮਨ, ਵੀਚਾਰ ਕਿ ਬਚਨ ਬੀ ਤੇਰੇ ਮਾੜੇ ਹਨ, ਬਣੇ ਕੀਹ ?), (ਸਿਧਾਂਤ ਦੀ ਗੱਲ ਇਹ ਹੈ ਕਿ) ਜੋ ਉਸ (ਵਾਹਿਗੁਰੂ) ਨੂੰ ਭਾਉਂਦੇ ਹਨ, ਓਹ ਭਲੇ ਹਨ, ਹੋਰ ਕਹਿਣਾ ਤੇ ਵਿਆਖਿਆ ਕਰਨ ਦੀ ਕੀਹ ਲੋੜ ਹੈ ? (ਭਾਵ, ਕਰਮ, ਬਚਨ ਤੇ ਰਸਾਂ ਨਾਲ ਵੇੜਿਤ ਮਨ ਤ੍ਰੈਏ ਅਨਾਤਮ ਪਰਾਇਣ ਹੋ ਰਹੇ ਹਨ। ਮੈਂ ਪਰਮ ਆਤਮਾ ਨੂੰ ਕਿਵੇਂ ਚੰਗਾ ਲੱਗਾਂ ?) ॥ ੩ ॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥ ਨਾਨਕ ਨਦਰੀ ਬਾਹਰੇ	(ਪਰਮਾਤਮਾ ਨੂੰ ਤਾਂ ਓਹ ਭਾਉਂਦੇ ਹਨ) ਜਿਨ੍ਹਾਂ ਦੇ ਹਿਰਦੇ ਵਿਚ (ਉਹ ਆਪ) ਸਮਾ ਰਿਹਾ ਹੁੰਦਾ ਹੈ ; (ਹਾਂ) ਉਨ੍ਹਾਂ ਦੇ ਪੱਲੇ (ਸੱਚਾ) ਧਨ ਹੁੰਦਾ ਹੈ; ਉਨ੍ਹਾਂ (ਦੇ ਅੰਦਰ ਸੱਚੀ) ਮਤਿ ਹੁੰਦੀ ਹੈ, ਉਨ੍ਹਾਂ ਦੀ ਹੀ (ਲੋਕ ਪ੍ਰਲੋਕ ਸੱਚੀ) ਪਤਿ ਹੁੰਦੀ ਹੈ। ਉਨ੍ਹਾਂ ਦੀ ਮਹਿਮਾ ਕੀ ਕਰਨੀ ਹੋਈ, (ਉਨ੍ਹਾਂ ਤੋਂ ਵਧੀਕ) ਸ਼ਲਾਘਾ ਯੋਗ (ਯਾ ਸੁੰਦਰ) ਕੌਣ ਹੈ ? (ਭਾਵ ਕੋਈ ਨਹੀਂ, ਕਿਉਂਕਿ ਓਹ ਨਦਰੀ ਦੀ ਨਦਰ ਵਿਚ ਵਸਦੇ ਹਨ, ਪਰ) ਹੇ ਨਾਨਕ ! ਜੋ ਨਾਂ ਦਾਨ ਵਿਚ ਲਗਦੇ

ਰਾਚਹਿ ਦਾਨਿ ਨ ਨਾਇ ॥ ੪॥੪॥	ਹਨ ਤੇ ਨਾ ਨਾਮ ਵਿਚ ਲਗਦੇ ਹਨ (ਸੋ ਸਾਂਈ ਦੀ) ਨਦਰ ਤੋਂ ਬਾਹਰ ਹਨ। (ਭਾਵ ਜੋ ਨਾਮ ਤੇ ਦਾਨ ਵਿਚ ਲੱਗਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਸਮਾਇਆ ਰਹਿੰਦਾ ਹੈ) ॥ ੪ ॥ ੪ ॥

ਵਜਾਖਜਾ– ਪਿਛਲੇ ਸ਼ਬਦ ਵਿਚ 'ਨੀਚ' ਪਦ ਵਰਤਿਆ ਸੀ, ਓਥੇ ਦੱਸ ਆਏ ਹਾਂ ਕਿ ਉਸ ਦੀ ਮੁਰਾਦ ਪਰਮੇਸ਼ੁਰ ਦੇ ਪਿਆਰੇ ਨਿੰਮ੍ਰਤਾ ਵਾਲੇ ਲੋਕਾਂ ਤੋਂ ਹੈ, ਨੀਚ ਜਾਤ ਵਾਲੇ ਯਾ ਨੀਚ ਕਰਮਾਂ ਵਾਲੇ ਤੋਂ ਨਹੀਂ। ਇਸ ਸ਼ਬਦ ਵਿਚ ਉਹ ਗਲ ਸਪਸ਼ਟ ਹੋ ਜਾਂਦੀ ਹੈ ਕਿ 'ਨੀਚ ਕਰਮਾਂ ਵਾਲਿਆਂ' ਨੂੰ 'ਬਹਿ ਰੋਇ' ਕਹਿ ਰਹੇ ਹਨ ਤੇ ਨੀਚ ਕਰਮ ਗਿਣਕੇ ਦੱਸ ਰਹੇ ਹਨ : ਲਬ, ਕੂੜ, ਠਗੀ, ਪਰ ਨਿੰਦਿਆ, ਕ੍ਰੋਧ, ਆਪਣੀ ਮਹਿਮਾ ਕਰਨੀ, ਰਸਾਂ, ਕਸਾਂ ਵਿਚ ਫਾਥੇ ਰਹਿਣਾ, ਫਿੱਕਾ ਬੋਲਣਾ ਆਦਿ। ਫੇਰ ਰਸ ਕਸ ਗਿਣਕੇ ਦੱਸਦੇ ਹਨ:-

ਸੋਨੇ ਚਾਂਦੀ ਦੇ ਲੋਭ ਦਾ ਰਸ, ਇਸਤ੍ਰੀ ਭੋਗ ਦਾ ਰਸ, ਇਨ੍ਹਾਂ ਭੋਗਾਂ ਲਈ ਸੁਗੰਧੀਆਂ ਦਾ ਵਰਤਾਉ, ਸੇਜਾ ਮੰਦਰ ਆਦਿ ਭੋਗ ਦੇ ਸਾਮਾਨ, ਮਿਠੇ ਪਦਾਰਥਾਂ ਦਾ ਸੇਵਨ, ਮਾਸ ਆਦਿ ਭੋਜਨਾਂ ਦਾ ਖਾਣਾ, ਘੋੜੇ ਆਦਿ ਸਵਾਰੀਆਂ ਕਰਨ ਦੇ ਸੁਆਦ, ਏਹ ਰਸ ਤੇ ਇਨ੍ਹਾਂ ਲਈ ਕੀਤੇ ਕਰਮ ਜੀਵ ਦੇ ਅੰਦਰ ਨਾਮ ਦਾ ਨਿਵਾਸ ਨਹੀਂ ਹੋਣ ਦੇਂਦੇ। ਇਨ੍ਹਾਂ ਮਾੜਿਆਂ ਦੇ ਆਵੇਸ਼ ਕਰਕੇ ਅਸੀਂ ਮਾੜੇ ਹਾਂ, ਪ੍ਰਸ਼ਨ ਹੁੰਦਾ ਹੈ, ਚੰਗੇ ਕੌਣ ਹਨ ? ਉੱਤਰ :-

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥

ਹੁਣ ਹਿਰਦੇ ਵਿਚ ਕਿਵੇਂ ਸਮਾਇਆ ਰਹੇ ? ਕਟਾਖਜ ਇਹ ਹੈ ਕਿ ਜਦ 'ਰਸਾਂ' ਤੇ 'ਕਰਮਾਂ' ਆਦਿ ਨੂੰ ਸਰੀਰ ਦੇ ਰਸ ਤੇ ਨੀਚ ਕਰਮ ਕਿਹਾ ਤਾਂ ਏਹ ਤਜਾਗਨੀਯ ਹੋਏ। ਇਨ੍ਹਾਂ ਦਾ ਤਜਾਗ ਕਰੇ, ਨਾਲ ਨਾਮ ਜਪੇ। ਪਹਿਲਾਂ ਇਨ੍ਹਾਂ ਦਾ ਮੋਟਾ ਤਜਾਗ ਆਪਣੇ ਸ਼ੁਭ ਸੰਕਲਪ ਨਾਲ ਹੋਣਾ ਹੈ ਅਤੇ ਨਾਲ ਸਤਿਸੰਗ ਦੇ ਉਪਦੇਸ਼ ਨਾਲ ਨਾਮ ਦਾ ਅਭਿਆਸ ਸ਼ੁਰੂ ਹੋਣਾ ਹੈ। ਸੂਖਮ ਤਜਾਗ ਇਨ੍ਹਾਂ ਦਾ ਨਾਮ ਨੇ ਕਰਾਉਣਾ ਹੈ, ਜੈਸਾ ਕਿ ਪੰਚਮ ਸਤਿਗੁਰ ਜੀ ਨੇ ਫੁਰਮਾਇਆ ਹੈ :-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ (ਸੁਖਮਨੀ, ੧-੪)

ਤੇ ਆਦਿ ਗੁਰੂ ਜੀ ਨੇ ਆਪ ਫੁਰਮਾਇਆ ਹੈ :-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ-੨੦)

ਜਿਉਂ ਜਿਉਂ ਮਨ ਦੀ ਮੈਲ ਕਟੀਂਦੀ ਜਾਏਗੀ ਤਿਉਂ ਤਿਉਂ ਹਿਰਦੇ ਵਿਚ ਹਰੀ ਦਾ ਨਾਮ ਤੇ ਹਰੀ ਸਮਾਉਂਦਾ ਜਾਏਗਾ ਤੇ ਆਤਮ ਰਸ ਭਰਦਾ ਜਾਏਗਾ, ਫੇਰ 'ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ' ਹੋ ਜਾਏਗਾ। ਨਾਮ ਦੇ ਇਉਂ ਅੰਦਰ ਸਮਾਇਆਂ ਸਾਧਕ ਪੁਰਖ ਮਤਿ ਵਾਲਾ, ਪਤਿ ਵਾਲਾ, ਸੱਚੇ ਧਨ ਵਾਲਾ ਕਹਿਲਾਏਗਾ। ਓਹੀ ਸੁੰਦਰ ਹੋਏਗਾ, ਓਹੀ ਸ਼ੋਭਾ ਯੋਗ ਹੋਏਗਾ,। ਉਸ ਉਤੇ ਹੀ ਨਦਰ ਹੋਵੇਗੀ। ਜੋ ਦਾਨ ਤੇ ਨਾਮ ਵਿਚ ਨਹੀਂ ਰਚਦੇ ਓਹ ਵਾਹਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਦੇ ਵਿਚ ਨਹੀਂ। ਭਾਵ ਇਹ ਕਿ ਓਹ ਕਰਮਾਂ ਦੇ ਹਿਸਾਬ ਵਿਚ ਚਲ ਰਹੇ , ਕਰਮ ਹਿਸਾਬ ਵਿਚ ਹੀ ਹਨ ਤੇ ਰਹਿਣਗੇ। ਫਜ਼ਲ ਦੇ ਮੰਡਲ ਵਿਚ ਓਹ ਨਹੀਂ ਹਨ। ਫਜ਼ਲ ਯਾ ਨਦਰ ਵਿਚ ਕਿਸੇ ਦੇ ਨਾ ਹੋਣ ਦਾ ਜ਼ਿੰਮਾ ਕਰਤਾਰ ਦਾ ਨਹੀਂ। ਨਦਰੋਂ ਬਾਹਰ ਰਹਿਣ ਦੀ ਜ਼ਿੰਮੇਵਾਰੀ ਜੀਵਾਂ ਦੇ ਆਪਣੇ ਸ਼ਰੀਰਕ ਰਸਾਂ ਵਿਚ ਮਗਨ ਹੋਣ ਤੇ ਕੁਕਰਮਾਂ ਵਿਚ ਰਚੇ ਰਹਿਣ ਤੋਂ ਹੁੰਦੀ ਹੈ। ਮੇਹਰ ਦਾ ਮੀਂਹ ਤਾਂ ਸਦਾ ਵੱਸ ਰਿਹਾ ਹੈ, ਹੰਕਾਰ ਦੇ ਬਲ ਨਾਲ ਟਿੱਬੇ ਵਾਙੂ ਉੱਚੇ ਹੋ ਰਹੇ ਮਨਾਂ ਉੱਤੇ ਆਤਮ-ਰਸ ਦੀ ਚਾਹਨਾਂ ਤੋਂ ਉਲਟ ਵਿਕਾਰੀ ਰਸਾਂ ਵਿਚ ਮਦ-ਮੱਤੇ ਮੂਧੇ ਭਾਂਡੇ ਹੋ ਰਹੇ ਮਨਾਂ ਉੱਤੇ ਮੇਹਰ ਦਾ ਸਦਾ ਵੱਸ ਰਿਹਾ ਮੀਂਹ ਕਿਵੇਂ ਅਸਰ ਕਰੇ ?

'ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥' (ਸਲੋਕ ਫਰੀਦ-੧੦੫)

ਪੁਨਾ :- **'ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥'** (ਗੂਜਰੀ ਮ: ੧, ਅਸਟ:-੨)

ਇਸ ਸਾਰੇ ਸ਼ਬਦ ਦਾ ਅਰਥ ਐਉਂ ਬੀ ਲਾਈਦਾ ਹੈ :-

੪. ਹੇ ਬਾਬਾ! (ਪਰਮੇਸ਼ੁਰ ਦਾ ਨਾਮ) ਬੋਲਣ ਨਾਲ (ਦਰਗਾਹ ਵਿਚ) ਪਤ ਪ੍ਰਾਪਤ ਹੁੰਦੀ ਹੈ,

੫. ਦਰਗਾਹ ਵਿਚ ਉੱਤਮ ਉਹੀ ਕਹੀਦੇ ਹਨ (ਜੋ ਸਚ ਮੁਚ) ਉੱਤਮ ਹੁੰਦੇ ਹਨ। (ਜੋ) ਨੀਚ ਕਰਮਾਂ (ਵਾਲੇ ਹਨ ਉਹ ਉਥੇ) ਬੈਠਕੇ ਰੋਂਦੇ ਹਨ। ੩. (ਪਰ) ਹੇ ਕਰਤਾਰ ! (ਮੈਂ ਕਰਾਂ ਕੀਹ ?) ਰਸਕਸ (ਸਰੀਰ ਵਿਚ ਭਰੇ ਪਏ ਹਨ ਤੇ ਫੇਰ) ਆਪਣੀ ਸਲਾਹੁਤ ਕਰਨੀ (ਕਿ ਮੈਂ ਉੱਤਮ ਹਾਂ) ਇਹ ਮੇਰੇ ਕਰਮ ਹਨ। ੧. (ਕਸ ਜੋ ਸਰੀਰ ਵਿਚ ਹਨ, ਏਹ ਹਨ :-) ਲਾਲਚ (ਜੋ) ਕੁੱਤੇ (ਸਮਾਨ) ਹੈ, ਝੂਠ (ਜੋ) ਚੂਹੜੇ (ਸਮਾਨ) ਹੈ, ਠੱਗੀ ਕਰਕੇ ਖਾਣਾ (ਜੋ) ਮੁਰਦਾਰ (ਖਾਣ ਤੁੱਲ ਹੈ), ੨. ਪਰਾਈ ਨਿੰਦਾ (ਕਰਨੀ) ਪਰਾਈ ਮੈਲ ਦੇ ਤੁੱਲ ਹੈ, ਗਾਲੀ ਗਲੂਚ ਦੇਣੇ ਅਗਨੀ (ਤੁੱਲ ਹਨ ਤੇ) ਕ੍ਰੋਧ ਚੰਡਾਲ (ਤੁੱਲ ਹੈ)।

੬. (ਰਸ ਏਹ ਹਨ :-) ਸੋਨਾ ਰਸ ਹੈ, ਚਾਂਦੀ ਰਸ ਹੈ, ਇਸਤ੍ਰੀ ਰਸ ਹੈ, ਸੁਗੰਧਤ ਪਦਾਰਥਾਂ ਦੀ ਖੁਸ਼ਬੋ ਰਸ ਹੈ, ੭. ਘੋੜੇ ਰਸ ਹੈ, ਸੇਜਾ ਤੇ ਮੰਦਰ ਰਸ, ਮਿੱਠਾ ਰਸ, ਤੇ ਮਾਸ ਬੀ ਰਸ ਹੈ। ੮. ਇਤਨੇ ਸਰੀਰ ਵਿਚ ਰਸ (ਭਰੇ ਪਏ ਹਨ) ਨਾਮ ਕਿਸ ਵਿਚ ਟਿਕਾਉ ਪਾਵੇ ? (ਭਾਵ ਮਨ ਤਾਂ ਇਕੋ ਹੈ ਜੋ ਸਰੀਰਕ ਰਸਾਂ ਕਸਾਂ ਨਾਲ ਭਰਪੂਰ ਹੈ, ਨਾਮ ਇਸ ਵਿਚ ਕਿੱਥੇ ਟਿਕੇ ?)

(ਹੁਣ ਮਨ ਨੂੰ ਸੰਬੋਧਨ ਕਰਦੇ ਹਨ) :-

੯-੧੦. ਹੇ ਮੂਰਖ ਮਨ! ਜਿਸ ਬੋਲਣ ਨਾਲ (ਦਰਗਾਹ ਵਿਚ) ਪਤ ਮਿਲਦੀ ਹੈ, ਉਹ ਬੋਲਣਾ ਪ੍ਰਵਾਣ ਹੈ (ਉਹ ਹੈ ਨਾਮ ਉਚਾਰਣ), ਇਸ (ਬਿਨਾ) ਜੋ ਫਿੱਕਾ ਬੋਲਣਾ ਹੈ ਉਹ ਆਪਣੇ ਆਪ ਨੂੰ ਖ਼ਰਾਬ ਕਰਨਾ ਹੈ। ੧੧. ਜੋ ਪਰਮਾਤਮਾ ਨੂੰ ਭਾਉਂਦੇ ਹਨ ਓਹੋ ਭਲੇ ਹਨ, ਹੋਰ ਕੀ ਕਹਿਣਾ ਤੇ ਵਰਣਨ ਕਰਨਾ ਹੋਇਆ।

੧੨. (ਪਰਮਾਤਮਾ ਨੂੰ ਕੌਣ ਭਾਉਂਦੇ ਹਨ ?) ਜਿਨ੍ਹਾਂ ਦੇ ਹਿਰਦੇ ਵਿਚ (ਉਹ ਆਪ) ਸਮਾ ਰਿਹਾ ਹੈ ; (ਹਾਂ) ਉਹਨਾਂ ਦੇ ਹੀ (ਪੱਲੇ) ਮੱਤ ਹੈ, ਉਹਨਾਂ ਦੇ (ਪੱਲੇ ਹੀ) ਇੱਜ਼ਤ ਹੈ, ਉਹਨਾਂ ਦੇ ਹੀ (ਪੱਲੇ) ਧਨ ਹੈ, ੧੩. ਉਹਨਾਂ ਦੀ ਮਹਿਮਾ ਹੋਰ ਕੀ ਕਰਨੀ ਹੋਈ, (ਉਹਨਾਂ ਤੋਂ ਵਧੀਕ) ਸ਼ਲਾਘਾ ਯੋਗ ਹੋਰ ਕੋਈ ਨਹੀਂ। ੧੪. ਪਰ ਹੇ ਨਾਨਕ ! ਜੋ ਨਾਂ ਤਾਂ ਨਾਮ ਵਿਚ ਰਚਦੇ ਹਨ, ਨਾਂ ਦਾਨ ਵਿਚ (ਉਹ ਸਾਂਈਂ ਦੀ) ਨਦਰ ਤੋਂ ਬਾਹਰ ਹਨ। (ਉਹ ਕਿੱਥੇ ਹਨ ? ਉਪਰ ਦੱਸ ਆਏ ਹਨ ਕਿ ਉਹ ਨੀਚ ਕਰਮੀ ਹਨ ਤੇ ਬਹਿ ਕੇ ਰੋ ਰਹੇ ਹਨ)।

ਨਿਰੁਕ੍ਤ- ਮੁਰਦਾਰੁ- (ਫ਼ਾਰਸੀ) ਲੋਥ, ਮਰ ਚੁੱਕੇ ਜਾਨਦਾਰ ਦੀ ਦੇਹ ਯਾ ਮਾਸ।

ਪਰਮਲੁ- ਪਰਾਈ ਮੈਲ।

ਮੁਖ ਸੁਧੀ- 'ਮੁਖ+ਅਸ਼ੁਧੀ', ਮੂੰਹ ਦੀ ਅਪਵਿੱਤ੍ਰਤਾ, ਚੁਗਲੀ ਖਾਣੀ, ਗਾਲੀ ਗਲੂਚ ਦੇਣੇ, ਨਿੰਦਾ, ਸੰਸਕ੍ਰਿਤ ਪਦ 'ਮੁਖ ਸ਼ਫ' ਤੇ 'ਮੁਖ ਖ਼ਠੀਲ' ਦੋਹਾਂ ਵਿਚੋਂ ਕਿਸੇ ਤੋਂ ਬਣਿਆ ਜਾਪਦਾ ਹੈ, ਜਿਨ੍ਹਾਂ ਦਾ ਅਰਥ ਹੈ ਮੂੰਹ ਤੋਂ ਕੌੜੇ ਬਚਨ ਬੋਲਣ ਵਾਲਾ।

(ਅ) ਪਰ ਨਿੰਦਾ ਪਰਮਲ ਮੁਖ ਸੁਧੀ = ਪਰਾਈ ਨਿੰਦਾ ਕਰਨੀ ਨਿਰੀ ਪਰਾਈ ਮੈਲ ਮੂੰਹ ਵਿਚ ਲੈਣੀ ਹੈ। 'ਸੁੱਧੀ' ਦਾ ਅਰਥ 'ਬਿਲਕੁਲ' ਯਾ 'ਨਿਰੀ' ਲਾਉਂਦੇ ਹਨ ਜਿਵੇਂ ਪੰਜਾਬੀ ਮੁਹਾਵਰੇ ਵਿਚ ਕਹੀਦਾ ਹੈ ਫਲਾਣੀ ਬੀਬੀ ਤਾਂ ਸੁਧੀ ਮੂਰਖ ਹੈ। ਇਹ ਪਦ ਸੁਧੀ ਹੈ ਸੰਸਕ੍ਰਿਤ ਦਾ ਪਦ 'ਸ਼ੁਦ੍ਧਿ:' ਇਹ ਨਹੀਂ ਹੈ।

ਰਸ-ਅਨੰਦ ਦੇਣ ਵਾਲੇ ਪਦਾਰਥ ਜੋ ਸੁਹਾਵਣੇ ਹੋਣ।

ਕਸ– ਓਹ ਪਦਾਰਥ ਜੋ ਸੁਹਾਵਣੇ ਤਾਂ ਨਾ ਹੋਣ, ਪਰ ਰਸਾਂ ਵਾਂਙੂੰ ਸੁਆਦ ਦੇਣ। ਜਿਵੇਂ ਖੰਡ ਸੁਹਾਵਣਾ ਰਸ ਹੈ, ਪਰ ਕਰੇਲਾ ਸੁਹਾਵਣਾ ਨਹੀਂ, ਪਰ ਰਸ ਹੈ, ਇਸ ਲਈ ਕਸ ਕਿਹਾ।

ਕਸ ਨੂੰ ਫਾਰਸੀ ਮੂਲਕ- 'ਕਸ਼' ਦਾ ਰੂਪ ਸਮਝਕੇ 'ਖੈਂਚ' ਅਰਥ ਲਾਉਂਦੇ ਹਨ ਤੇ ਦੋ ਤਰ੍ਹਾਂ ਸਫਲ ਕਰਦੇ ਹਨ : (ੳ) ਰਸਾਂ ਵਿਚ ਮਨ ਦੀ ਖੈਂਚ, ਪਰ ਰਸ ਨੂੰ ਸਿਆਰੀ ਨਹੀਂ ਹੈ। (ਅ) ਕਸ਼ = ਖੈਂਚ ਤੋਂ ਖਿੱਚੇ ਹੋਏ ਰਸ-ਸ਼ਰਾਬ ਆਦਿ-ਦਾ ਭਾਵ ਲੈਂਦੇ ਹਨ। ਪਰ ਰਸਕਸ ਪੰਜਾਬੀ ਦਾ ਮੁਹਾਵਰਾ ਹੈ। ਕੱਠੇ ਬੋਲੇ ਜਾਂਦੇ ਹਨ ਤੇ ਅਰਥ ਹੁੰਦੇ ਹਨ 'ਸੁਆਦਿ ਦੇਣ ਵਾਲੇ ਪਦਾਰਥ'।

ਹੋਰਥੇ ਬੀ ਗੁਰਬਾਣੀ ਵਿਚ ਰਸਕਸ ਇਨ੍ਹਾਂ ਅਰਥਾਂ ਵਿਚ ਆਇਆ ਹੈ, ਯਥਾ :-

ਰਸਕਸ ਖਾਏ ਪਿੰਡੁ ਵਧਾਏ॥ (ਮਾਰੂ ਸੋਲਹੇ ਮ: ੩-੧੪

ਪਰਮਲ– (ਸੰਸ:, ਪਰਮਿਲ:) = ਸੁਗੰਧਿ। ਕਈ ਸੁਗੰਧਤ ਪਦਾਰਥਾਂ ਦੇ ਮੇਲ ਤੋਂ ਬਣੀ ਖੁਸ਼ਬੋਦਾਰ ਵਸਤੂ। **ਵਾਸੂ**– (ਸੰਸ:, ਵਾਸ੍ = ਖੁਸ਼ਬੋ ਭਰ ਦੇਣੀ) ਖੁਸ਼ਬੋ। ਸੁਗੰਧੀ।

ਪਰਮਲ ਕੀ ਵਾਸੁ– ਪਰਮਲ ਦੀ ਸੁਗੰਧੀ। ਸੁਗੰਧਿਤ ਪਦਾਰਥਾਂ ਦੀ ਸੁਗੰਧੀ।

ਫਿਕਾ– (ਸੰਸ:, ਅਪਕ੍ਵ = ਉਹ ਫਲ ਜੋ ਪੱਕਾ ਨਾ ਹੋਵੇ ਸੋ ਬੇਸੁਆਦ ਹੁੰਦਾ ਹੈ। ਪੰਜਾਬੀ, ਫਿੱਕਾ। ਹਿੰਦੀ, ਫੀਕਾ)। ਬੇ-ਸੁਆਦ, ਬੇ-ਰਸ, ਰੁੱਖਾ।

ਫਿਕਾ ਬੋਲਿ– (੨) ਐਸਾ ਬਚਨ ਜੋ ਕਿਸੇ ਨੂੰ ਨਾ ਸੁਖਾਵੇ। ਬੇ-ਰਸ ਕੌੜਾ ਬਚਨ।

ਵਿਗੁਚਣਾ– ਵਿਗੋਚੇ ਵਿਚ ਆਉਣਾ, ਥੁੜਨਾ, ਖੁਆਰ ਹੋਣਾ।

ਸੁਆਲਿਉ– (ਸੰਸ:, ਸ਼੍ਲਾਘਾ = ਤਾਰੀਫ) ਸਲਾਹੁਣੇ ਜੋਗ। ਸੁੰਦਰ। ਸੋਹਣੇ।

(ਸਿਰੀ ਰਾਗੁ ਮਹਲਾ ੧, ਚਉਪਦਾ- ੫)

ਪ੍ਰਾਕ੍ਕਥਨ–ਇਸ ਅਗਲੇ ਸ਼ਬਦ ਵਿਚ ਪਿੱਛੇ ਕਹੇ 'ਨਦਰੀ ਬਾਹਰੇ' ਤੇ 'ਜਿਨ ਹਿਰਦੈ ਰਹਿਆ ਸਮਾਇ' ਦੁਹਾਂ ਦਾ ਟਾਕਰਾ ਹੈ। ਪਹਿਲਿਆਂ ਨੂੰ (ਕੂੜ =) ਮਾਇਆ ਦਾ ਨਸ਼ਾ ਅਫੀਮ ਦੀ ਗੋਲੀ ਵਾਂਙੂ ਦਿੱਤਾ ਗਿਆ ਹੈ, ਜਿਸ ਦੀ ਮਸਤੀ ਵਿਚ ਓਹ ਮੌਤ ਨੂੰ ਭੁਲਾਕੇ ਚਾਰ ਦਿਨਾਂ ਦੀ ਖੁਸ਼ੀ ਵਿਚ ਜੀਵਨ ਗੁਆ ਗਏ। 'ਹਿਰਦੇ ਸਮਾਈ' ਵਾਲੇ ਮਾਇਆ ਦੇ ਨਸ਼ੇ ਤੋਂ ਸੋਫੀ (ਪਰਹੇਜ਼ਗਾਰ) ਰਹੇ ਹਨ ਸੋ ਉਨ੍ਹਾਂ ਨੂੰ ਸੱਚ ਪ੍ਰਾਪਤ ਹੋਇਆ ਹੈ। ਸੱਚ ਨਾਮ ਸੱਚੇ (ਪਰਮਾਤਮ ਦੇਵ) ਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥	
ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥ ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥੧॥	(ਕੂੜ = ਝੂਠ) ਮਾਇਆਦੀ ਗੋਲੀ ਦਾ ਨਸ਼ਾ (ਨਦਰੀ ਬਾਹਰਿਆ ਨੂੰ) ਦੇਣਹਾਰ ਨੇ ਦਿੱਤਾ ਹੈ। (ਇਸਦੀ) ਮਸਤੀ ਵਿਚ (ਉਹਨਾਂ ਨੇ) ਮਰਣਾ ਵਿਸਾਰ ਦਿੱਤਾ ਤੇ ਚਾਰ ਦਿਨਾਂ ਦੀ (ਮਾਯਕ) ਖੁਸ਼ੀ ਮਾਣ ਲਈ, (ਪਰ ਹਿਰਦੇ ਵਿਚ ਸਮਾਈ ਵਾਲਿਆਂ) ਸੋਫੀਆਂ (ਪਰਹੇਜ਼ਗਾਰਾਂ) ਨੂੰ, (ਜਿਨ੍ਹਾਂ ਨੇ ਕੂੜ ਦਾ ਅਮਲ ਨਾ ਖਾਧਾ) 'ਸਚੁ' ਮਿਲਿਆ (ਤਾਕਿ) ਉਹਨਾਂ ਦਾ ਟਿਕਾਣਾ (ਸਾਂਈਂ ਦਾ) ਦਰਬਾਰ ਬਣਿਆ ਰਹੇ ॥ ੧ ॥
ਨਾਨਕ ਸਾਚੇ ਕਉ ਸਚੁ ਜਾਣੁ॥	ਹੇ ਨਾਨਕ ! (ਬੋਲਣ ਮਾਤ੍ਰ ਨੂੰ ਸੱਚ ਨਾ ਜਾਣ) ਸੱਚੇ (ਵਾਹਿਗੁਰੂ) ਨੂੰ ਸਚ ਜਾਣ।

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥੧॥ਰਹਾਉ॥	ਜਿਸ ਨੂੰ ਸੇਵਨੇ ਨਾਲ (ਏਥੇ) ਸੁਖ ਪਾਈਦਾ ਹੈ (ਤੇ ਹੇ ਹਰੀ) ਤੇਰੀ ਦਰਗਾਹੇ ਮਾਨ ਨਾਲ ਜਾਈਦਾ ਹੈ ॥੧॥ਰਹਾਉ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥ ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ॥੨॥	ਸੱਚ (ਬੀ) ਸ਼ਰਾਬ ਹੈ (ਨਸ਼ੇਦਾਰ ਵਸਤੂ ਹੈ, ਇਸ ਵਿਚ) ਗੁੜ ਨਹੀਂ ਪੈਂਦਾ, ਇਸ ਵਿਚ 'ਸਚਾ ਨਾਮ' (ਪੈਂਦਾ) ਹੈ, (ਤੇ ਸੱਚਾ ਨਾਮ ਜਪਣ ਤੇ ਸੁਣਨ ਨਾਲ ਇਹ ਸ਼ਰਾਬ ਤਿਆਰ ਹੁੰਦੀ ਹੈ) ਜਿਤਨੇ (ਇਸਨੂੰ) ਸੁਣਦੇ ਤੇ ਜਪਦੇ ਹਨ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ। (ਇਸ ਸ਼ਰਾਬ ਨਾਲ) ਮਨ ਮਸਤ ਹੋਇਆ ਤਾਂ ਸਮਝੀਦਾ ਹੈ ਜਦੋਂ (ਸਾਈਂ ਦੇ) ਸਰੂਪ ਵਿਚ ਟਿਕਾਣਾ ਪਾ ਲਵੇ ॥ ੨ ॥
ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥	(ਇਸ ਤਰ੍ਹਾਂ ਦਾ ਤਾਂ ਹੋਵੇ) ਨਾਮ, (ਨਾਲ) ਚੰਗਿਆਈਆਂ (ਨੇਕੀਆਂ) ਦਾ ਹੋਵੇ ਪਾਣੀ ਤੇ ਦਾਨ ਰੂਪੀ ਪਰਮਲ ਦੀ ਸੁਗੰਧੀ ਤਨ ਵਿਚ ਹੋਵੇ ; ਤਾਂ (ਦਰਗਾਹੇ) ਮੂੰਹ ਉੱਜਲਾ ਹੁੰਦਾ ਹੈ ਜੋ ਲੱਖਾਂ ਦਾਤਾਂ ਦੀ ਇਕ ਦਾਤ ਹੈ, (ਭਾਵ ਪਰਮ ਅਮੋਲਕ ਦਾਤ ਹੈ)।
ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥੩॥	(ਪ੍ਰਸ਼ਨ- ਜਗਤ ਵਿਚ ਦੁਖ ਹੈ ਨਾਮ ਵਿਚ ਲਗਣ ਨਹੀਂ ਦੇਂਦਾ? ਫਰਮਾਉਂਦੇ ਹਨ) ਦੁੱਖ ਬੀ ਉਸੇ (ਵਾਹਿਗੁਰੂ) ਨੂੰ ਦੱਸੋ ਕਿ ਜਿਸ ਦੇ ਪਾਸ ਸੁਖ ਹੈਨ ॥ ੩ ॥
ਸੋ ਕਿਉ ਮਨਹੁ ਵਿਸਾਰੀਐ ਜਾਕੇ ਜੀਅ ਪਰਾਣ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ॥ ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ॥੪॥੫॥	(ਹਾਂ ਉਸੇ ਵਾਹਿਗੁਰੂ ਨੂੰ ਕਿ ਜਿਸ ਦਾ ਨਾਮ ਜਪ ਰਹੇ ਹੋ, ਜਿਸ ਕਿਸ ਤਰ੍ਹਾਂ ਬਣੇ ਮਨੋਂ ਨਾ ਭੁੱਲੋ, ਕਿਉਂਕਿ) ਜਿਸ ਦੇ (ਦਿੱਤੇ) ਪ੍ਰਾਣ (ਤੇ ਇਹ) ਜੀਉ ਹੈ ਉਸ ਨੂੰ ਮਨੋਂ ਕਿਉਂ ਵਿਸਾਰੀਏ ? ਉਸ (ਨੂੰ ਯਾਦ ਰਖੇ) ਬਿਨਾ ਜਿੰਨਾਂ ਖਾਣ (ਪੀਣ) ਪਹਿਨਣ ਹੈ ਸਭ ਅਪਵਿਤ੍ਰ ਹੈ। (ਹੇ ਵਾਹਿਗੁਰੂ) ਹੋਰ ਗੱਲਾਂ ਸਭ ਕੂੜੀਆਂ ਹਨ, (ਜੋ) ਤੈਨੂੰ ਭਾਵੇ (ਸੋ) ਪ੍ਰਮਾਣੀਕ ਹੈ (ਭਾਵ ਤੈਨੂੰ ਨਾਮ ਭਾਉਂਦਾ ਹੈ ਨਾਮ ਕਰਕੇ ਨਾਮੀ ਭਾਉਂਦੇ ਹਨ, ਸੋ ਓਹ ਪ੍ਰਮਾਣੀਕ ਹੋਏ)॥੪॥੫॥

ਵਯਾਖਯਾ–ਪਿਛਲੇ ਸ਼ਬਦ ਵਿਚ ਕਿਹਾ ਸੀ ਕਿ ਜੋ ਲੋਕ ਰਸਾਂ ਤੇ ਰਸ ਮਾਣਨ ਵਾਲੇ ਕਰਮਾਂ ਵਿਚ ਰੱਤੇ ਰਹੇ ਉਹਨਾਂ ਨੇ ਅਸਤਯ ਸੁਖਾਂ ਨਾਲ ਪਯਾਰ ਪਾਇਆ ਸੀ, ਉਹਨਾਂ ਦੇ ਪੱਲੇ ਅਸਤਯ ਯਾ ਕੂੜ ਪਿਆ। ਇਹ ਉਹਨਾਂ ਨੂੰ ਆਪਣੇ ਬੀਜੇ ਦੇ ਫਲ ਵਿਚ ਮਾਨੋ ਇਕ ਮਾਇਕ ਨਸ਼ੇ ਦੀ ਗੋਲੀ ਮਿਲ ਗਈ ਜੋ ਉਹਨਾਂ ਨੂੰ ਕਰਮਾਂ ਵਿਚ ਹੋਣ ਕਰਕੇ 'ਕਰਮ ਨਿਆਂ ਮੂਜਬ' ਕਰਮ ਫਲਾਂ ਦੇ ਦੇਵਣਹਾਰ ਨੇ ਦਿੱਤੀ। ਹੁਣ ਜੋ ਉਹਨਾਂ ਨੂੰ ਫੇਰ ਜਨਮ ਮਿਲਿਆ ਇਸ ਵਿਚ ਬੀ ਉਹਨਾਂ ਨੇ ਉਸ ਨਸ਼ੇ ਵਿਚ ਮਰਣਾ ਭੁਲਾਕੇ ਮਾਯਕ ਅਰਥਾਤ ਕੂੜੀ ਖੁਸ਼ੀ ਮਾਣੀ। ਪਰ ਇਹ ਖੁਸ਼ੀ ਚਾਰ ਦਿਨਾਂ ਦੀ ਸੀ, ਫੇਰ ਮੌਤ ਆ ਗਈ ਤੇ ਕਰਮ ਗੇੜ ਲੈ ਗਿਆ ਟਿੰਡਾਂ ਦੇ ਗੇੜ ਵਾਂਙੂ। ਸੋ ਕੂੜੇ ਮਾਯਕ ਪਿਆਰਾਂ, ਰਸਾਂ, ਕਸਾਂ ਵਾਲੇ ਕਰਮਾਂ ਤੇ ਫਲਾਂ ਦਾ ਗੇੜ ਬੱਝ ਗਿਆ।

ਇਸ ਦੇ ਟਾਕਰੇ ਤੇ ਫੁਰਮਾਉਂਦੇ ਹਨ ਕਿ ਜੋ ਮਾਯਕ ਯਾ ਅਸਤਯ ਦੇ ਰਸਾਂ ਤੇ ਕਰਮਾਂ ਤੋਂ ਸੋਫੀ ਪਰਹੇਜ਼ਗਾਰ ਰਹੇ ਉਹਨਾਂ ਨੂੰ ਸੱਚ ਪ੍ਰਾਪਤ ਹੋਇਆ। ਮਾਯਕ ਖੁਸ਼ੀਆਂ ਦੇ ਮਦ ਵਾਂਙੂ 'ਸਚ' ਬੀ

ਇਕ 'ਮਦ' ਹੈ, ਇਹ ਗੁੜ ਸੱਕ ਆਦਿ ਕੂੜੇ ਪਦਾਰਥਾਂ ਤੋਂ ਨਹੀਂ ਬਣਦਾ, ਇਹ ਤਾਂ ਵਾਹਿਗੁਰੂ ਸੱਚੇ ਦੇ 'ਨਾਮ' ਤੋਂ ਬਣਦਾ ਹੈ। ਭਾਵ ਸੱਚ ਬੀ ਇਕ ਰਸਦਾਇਕ ਵਸਤੂ ਹੈ, ਇਹ ਹੋਵੇ ਨਸ਼ਾ ਤੇ ਨਾਲ ਹੋਣ 'ਨੇਕੀਆਂ' ਤੇ ਨਾਲ ਹੋਵੇ 'ਦਾਨ' ਤਦ ਇਸ 'ਸਚ' ਦੇ ਨਸ਼ਈ ਦਾ ਦਰਗਾਹੇ ਮੂੰਹ ਉੱਜਲਾ ਹੁੰਦਾ ਹੈ। ਇਹ ਕਹਿਕੇ ਜ਼ੋਰ ਦੇਂਦੇ ਹਨ ਕਿ ਹੇ ਜੀਵੋ ! ਜਿਸ ਵਾਹਿਗੁਰੂ ਦੇ ਦਿਤੇ ਤੁਸਾਡੇ ਜੀਉ ਤੇ ਪ੍ਰਾਣ ਹਨ ਉਸ ਨੂੰ ਨਾ ਵਿਸਾਰੋ। ਉਸ ਨੂੰ ਵਿਸਾਰਿਆਂ ਖਾਣ ਪੀਣ ਸਭ ਅਪਵਿਤ੍ਰ ਹੋ ਜਾਂਦਾ ਹੈ। ਕਿਵੇਂ ਉਸ ਨੂੰ ਭਾ ਜਾਓ, ਇਹ ਯਤਨ ਕਰੋ। ਉਸ ਨੂੰ ਭਾ ਜਾਣਾ 'ਨਾਮ' ਨਾਲ ਹੁੰਦਾ ਹੈ, ਸੋ ਨਾਮ ਵਿਚ ਸਾਵਧਾਨ ਰਹੋ। ਫੇਰ ਤੁਸੀਂ ਫਜ਼ਲ ਦੇ ਮੰਡਲ ਵਿਚ ਪਰਵਾਣ ਹੀ ਪਰਵਾਣ ਹੋਵੋਗੇ।

ਜੇ ਇਸ ਸ਼ਬਦ ਨੂੰ ਪਿਛਲੇ ਸ਼ਬਦ ਨਾਲ ਸ਼੍ਰੇਣੀ ਬੱਧ ਨਾ ਸਮਝੀਏ ਤੇ ਅਰਥ ਕਰੀਏ ਕਿ ਦੇਣਹਾਰ ਨੇ ਕਿਸੇ ਨੂੰ ਕੂੜ ਦਾ ਮਾਵਾ ਤੇ ਕਿਸੇ ਨੂੰ ਸਚ ਦੀ ਮਦਰਾ ਦਿੱਤੀ ਹੈ ਤੇ ਜੀਵ ਇਸ ਤਰ੍ਹਾਂ ਇਖ਼ਲਾਕੀ ਜ਼ਿੰਮੇਵਾਰੀ ਤੋਂ ਬਰੀ ਹਨ ਤਾਂ ਇਸੇ ਸ਼ਬਦ ਵਿਚ ਬੀ ਸਾਮਾਨ ਮੌਜੂਦ ਹਨ ਜੋ ਦੱਸਦੇ ਹਨ ਕਿ ਜੀਵਾਂ ਦੇ ਜ਼ਿੰਮੇ ਕੋਈ ਕਰਤਵ੍ਯ ਹੈ ਜੋ ਕਰਨਾ ਉਹਨਾ ਦਾ ਫਰਜ਼ ਹੈ, ਯਥਾ :-

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥

ਫੇਰ ਕਿਹਾ ਸਚੇ ਨੂੰ ਹੀ ਕੇਵਲ ਸੱਚ ਸਰੂਪ ਜਾਣੋ, ਭਾਵ ਕੂੜ ਦੇ ਮਗਰ ਨਾ ਲਗੋ, ਕੂੜ ਨੂੰ ਕੂੜ ਜਾਣਕੇ ਛਡ ਦਿਓ। ਇਹ ਨਾਮ, ਕਰਮ ਗੇੜ ਨੂੰ ਤੋੜੇਗਾ। ਇਹ ਨਾਮ ਜੀਵਾਂ ਦਾ ਫਰਜ਼ ਹੈ, ਨਾ ਕਰਨ ਤਾਂ ਜੋ ਕੁਛ ਕਰਦੇ ਭੋਗਦੇ ਹਨ ਸਭ ਅਪਵਿੱਤ੍ਰ ਹੈ।

'ਸੱਚ' ਦੋ ਮੁਰਾਦਾਂ ਵਿਚ ਵਰਤਿਆ ਗਿਆ ਹੈ। ਇਕ ਤਾਂ ਸਚ ਸ਼ਰਾਬ ਹੈ ਜੋ ਤਿਆਰ ਹੋਣੀ ਹੈ। ਇਹ ਹੈ ਮਨੁੱਖ ਦੇ ਜੀਵ ਦਾ ਸ਼ੁੱਧ ਆਤਮਾ ਹੋ ਜਾਣਾ, ਉਹ ਨਾਮ ਨਾਲ ਹੋਣਾ ਹੈ। ਦੂਸਰਾ ਹੈ : 'ਸਾਚੇ ਕਉ ਸਚੁ ਜਾਣੁ' ਜਿਸ ਦੀ ਕਿ ਨਾਮ ਨਾਲ ਸੇਵਾ ਕਰਨੀ ਹੈ। ਉਹ ਹੈ ਪਰਮਾਤਮ ਦੇਵ। ਸੋ ਨਾਮ ਨਾਲ ਜੋ ਜੀਵ ਨੇ ਸ਼ੁਧ 'ਸਤ੍ਯ ਸਰੂਪਤਾ' ਨਿਰਵਾਰ ਲੈਣੀ ਹੈ। ਫੇਰ ਇਸ ਸਚ ਨੇ ਵ੍ਯਾਪਕ ਸਚ-ਸਾਚੇ, ਅਕਾਲ ਪੁਰਖ ਵਿਚ ਪ੍ਰਾਪਤ ਹੋ ਜਾਣਾ ਹੈ। ਇਉਂ ਸਚੇ ਨੇ ਸਚ ਵਿਚ ਸਮਾਉਣਾ ਹੈ।

ਨਿਰੁਕ੍ਤ-ਅਮਲੁ- (ਸਿੰਧੀ, ਅਮਲ = ਅਫੀਮ) ਨਸ਼ਾ।

ਗਲੋਲਾ- (ਪੰ:, ਅ:, ਗ਼ਲੋਲਹ) ਗੋਲਾ। ਵਡੀ ਗੋਲੀ।

ਕੂੜ- (ਪੰਜਾਬੀ, ਕੂੜ) ਝੂਠ, ਭਾਵ ਮਾਇਆ।

ਮਤੀ- (ਸੰਸ:, ਮਤ੍ਰ। ਪੰਜਾਬੀ, ਮੱਤ, ਮਤਿਆਂ, ਮੱਤੇ, ਮਤੀ = ਮਸਤ ਹੋਇਆਂ ਨੇ) ਮਸਤੀ ਵਿਚ।

ਸੋਫੀਆ- (ਅ:, ਸੂਫੀ[1]) ਸੂਫ = ਪਸ਼ਮ। ਜੋ ਪਸ਼ਮ ਦਾ ਕਪੜਾ ਪਹਿਨੇ ਸੋ ਸੂਫੀ। ਇਹ ਕਪੜਾ ਪਹਿਨਣ ਕਰਕੇ ਸੂਫੀ ਕਹਿਲਾਏ। ਕੋਸ਼ਕਾਰ ਲਿਖਦੇ ਹਨ ਕਿ ਜੋ ਦਿਲ ਸਾਫ ਰਖੇ, ਧਿਆਨ ਸਾਂਈਂ ਵਲ ਰਖੇ ਸੋ ਸੂਫੀ। ਯੂਨਾਨੀ ਭਾਸ਼ਾ ਵਿਚ ਸੋਫੀਆ ਨਾਮ ਗ੍ਯਾਨ ਦਾ ਹੈ। ਪੰਜਾਬੀ ਵਿਚ ਸੋਫੀ ਪਦ ਸ਼ਰਾਬ ਨਾ ਪੀਣ ਵਾਲੇ ਲਈ ਅਕਸਰ ਵਰਤਦੇ ਹਨ, ਕਿਉਂਕਿ ਸੂਫੀ ਅਕਸਰ ਸ਼ਰਾਬ ਨਹੀਂ ਪੀਂਦੇ। ਸੋ ਇਸ ਪਦ ਦੇ ਅਰਥ 'ਸਾਂਈਂ ਦੇ ਫਕੀਰ' ਤੋਂ ਛੁਟ 'ਪਰਹੇਜ਼ਗਾਰ' ਦੇ ਹੋ ਗਏ।

ਸਰਾ- (ਸੰਸ:, ਸਰਕ: = ਸ਼ਰਾਬ) ਸ਼ਰਾਬ, ਨਸ਼ਾ, ਮਦ।

---

[1]ਫ਼ਾਰਸੀ ਵਿਚ 'ਸੂਫ਼ੀ' ਇਕ ਮੁਸਲਮਾਨ ਦੇ ਫਿਰਕੇ ਦਾ ਨਾਮ ਬੀ ਹੈ, ਜੋ ਵੇਦਾਂਤ ਦੀ ਕਿਸਮ ਦਾ ਈਮਾਨ ਰਖਦੇ ਹਨ ਅਰ ਸ਼ਰਹਾ ਤੋਂ ਬਹੁਤ ਆਜ਼ਾਦ ਵਰਤਦੇ ਹਨ।

ਬਾਹਰਾ- ਬਿਨਾ। (ਅ) ਬਾਹਲਾ, ਨਾਮ ਦਾ ਬਹੁਤਾ।

ਖੀਵਾ- (ਸੰਸ:, ਕ਼ੀਵ੍ = ਮਸਤ ਹੋਣਾ। ਪੰਜਾਬੀ, ਖੀਵਾ) ੧. ਮਸਤਾਨਾ, ਮਸਤ, ਮਤਵਾਲਾ। ੨. ਅਕਸਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਖੀਵਾ ਪਦ ਉੱਚੀ ਮਸਤੀ ਦੇ ਅਰਥਾਂ ਲਈ ਵਰਤਿਆ ਹੈ, ਲਿਵਲੀਨਤਾ।

ਨਾਉ- ਨਾਮ, ਜਿਸ ਦੀ ਵਜਾਖਜਾ ਪਿਛੇ ਕੀਤੀ ਹੈ।

ਨੀਰੁ ਚੰਗਿਆਈਆ- ਚੰਗਿਆਈਆਂ ਦਾ ਨੀਰ, ਨੇਕੀਆਂ, ਸ਼ੁਭ ਕਰਮਾਂ ਰੂਪੀ ਪਾਣੀ ਜਿਸ ਨਾਲ ਮਨ ਦਾ ਇਸ਼ਨਾਨ ਹੋਣਾ ਹੈ।

ਐਉਂ ਬੀ ਭਾਵ ਕਢਦੇ ਹਨ :-

ਨਾਮ ਦਾ ਜਪ- ਨੀਰ ਤੁੱਲ ਹੈ। **ਨੇਕੀ ਕਰਨੀ**- ਨ੍ਹਾਉਣ ਤੁੱਲ ਹੈ।

ਜੋ 'ਸਤਜ' ਦਾ ਭਾਵ ਅੰਦਰ ਨਿਰੰਤਰ ਹੋ ਜਾਣਾ, ਇਹ ਚੰਦਨ ਹੈ।

ਜੋ ਨਾਮ ਦੇਣਾ ਹੈ- ਇਹ ਪਰਮਲ ਹੈ।

ਸ਼ਰਾਬੀ ਲੋਕ ਨ੍ਹਾਉਂਦੇ ਤੇ ਖੁਸ਼ਬੋਆਂ ਲਾਉਂਦੇ ਹਨ। ਉਸ ਦੀ ਥਾਵੇਂ 'ਨਾਉ ਨੀਰੁ ਚੰਗਿਆਈਆਂ' ਤੇ ਸਤਜ ਦੀ ਖੁਸ਼ਬੋ ਦੱਸੀ ਹੈ।

ਸ਼ਰਾਬੀ ਦਾ ਮੂੰਹ ਜੋਸ਼ ਵਿਚ ਹੁੰਦਾ ਹੈ, ਉਸ ਦੀ ਥਾਂ ਦਰਗਾਹੇ ਮੂੰਹ ਉੱਜਲਾ ਦੱਸਿਆ ਹੈ। ਸ਼ਰਾਬੀ ਦਲੇਰ ਦਾਨੀ ਹੁੰਦਾ ਹੈ, ਇਥੇ ਨਾਮ ਦੇ ਨਸ਼ਈ ਨੂੰ ਨਾਮ ਦਾਤਾ ਦੱਸਿਆ ਹੈ।

ਸਤੁ- ਦਾਨ **ਪਰਮਲੁ**-ਖੁਸ਼ਬੋ। ਦੇਖੋ ਪਿੱਛੇ ਪੰਨਾ ੨੩੭।

ਸੋ ਇਸ ਤੁਕ ਵਿਚ ਨਾਮ, ਦਾਨ, ਇਸ਼ਨਾਨ ਦ੍ਰਿੜਾਇਆ ਹੈ।

ਸੰਪ੍ਰਦਾ ਵਿਚ ਐਉਂ ਬੀ ਲਾਉਂਦੇ ਹਨ ਕਿ ਸ਼ਰਾਬੀ ਇਸ਼ਨਾਨ ਕਰਦੇ ਹਨ। ਨਾਮ ਰੂਪੀ ਸ਼ਰਾਬ ਵਾਲਾ ਚੰਗਿਆਈਆਂ ਦੇ ਨੀਰ ਨਾਲ ਨ੍ਹਾਵੇ। ਸ਼ਰਾਬੀ ਸੁਗੰਧੀ ਲਾਉਂਦੇ ਹਨ, ਇਹ ਨਾਮੀ ਪੁਰਖ ਸਤ (ਸਚ ਯਾ ਦਾਨ) ਦੀ ਸੁਗੰਧੀ ਲਾਵੇ। ਸ਼ਰਾਬੀ ਦਾਨ ਕਰਦੇ ਹਨ, ਨਾਮ ਦਾ ਸ਼ਰਾਬੀ ਲੱਖਾਂ ਦਾਤਾਂ ਦੀ ਇਕ ਦਾਤ = ਨਾਮ ਦਾਨ ਕਰਦਾ ਹੈ।

ਸੁਧੀ- (ਸੰਸ:, ਸ਼ੁਦ੍ਧ = ਇਕੱਲੀ, ਨਿਰੀ। ਪੰਜਾਬੀ, ਸੁਧੀ) ਨਿਰੀ, ਨਿਰੋਲ, ਕੇਵਲ।

(ਸਿਰੀ ਰਾਗੁ ਮਹਲੁ ੧, ਚਉਪਦਾ- ੬)

ਪ੍ਰਾਕ੍ਥਨ- ਇਸ ਸ਼ਬਦ ਵਿਚ ਨਾਮ ਸਿਮਰਨ ਦਾ ਉਪਦੇਸ਼ ਪਾਂਧੇ ਦੇ ਲੇਖੇ ਲਿਖਣ ਵਾਲੇ ਪਦਾਂ (ਸ਼ਬਦਾਂ) ਵਿਚ ਦਿੱਤਾ ਹੈ। ਫੇਰ ਨਾਮ ਦਾ ਫਲ ਦਰਸਾਇਆ ਹੈ। ਅੰਤ ਵਿਚ ਨਾਮ ਵਿਹੂਣੇ ਜੀਵਨ ਦੀ ਨਿਸਫਲਤਾ ਦਰਸਾਈ ਹੈ[1]।

---

[1]ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਪਾਂਧੇ ਪਾਸ ਬਿਠਾਏ ਗਏ ਕਿ ਉਸ ਤੋਂ ਹਿਸਾਬ ਕਿਤਾਬ, ਵਹੀ ਖਾਤਾ, ਲੇਖਾ ਪੱਤਾ ਰਖਣੇ ਦੀ ਵਿਦਯਾ ਸਿਖ ਲੈਣ ਤਾਂ ਆਪ ਨੇ ਓਥੇ ਇਕ ਪੱਟੀ ਲਿਖੀ ਜੋ ਆਸਾ ਰਾਗ ਵਿਚ ਹੈ। ਫੇਰ ਅਗਲੇ ਦਿਨ ਆਪ ਚੁਪ ਕਰ ਰਹੇ ਤਾਂ ਪਾਂਧੇ ਨੇ ਪੜ੍ਹਨ ਦਾ ਉਪਦੇਸ਼ ਦਿੱਤਾ। ਉਸ ਵੇਲੇ ਦੀ ਗੱਲ ਬਾਤ ਵਿਚ ਜੋ ਸਚੇ ਲੇਖੇ ਦਾ ਵੇਰਵਾ ਗੁਰੂ ਜੀ ਨੇ ਉਸ ਨੂੰ ਦੱਸਿਆ ਉਹ ਇਸ ਸ਼ਬਦ ਵਿਚ ਗੁੰਥਿਤ ਹੈ। ਸ਼ਬਦ ਦੀ ਰਚਨਾ ਤੋਂ ਬੀ ਪਤਾ ਲਗ ਰਿਹਾ ਹੈ ਕਿ ਮੱਧਮ ਪੁਰਖ ਅਰਥਾਤ (ਮੁਖਾਤਬ) ਨੂੰ ਉਪਦੇਸ਼ ਕਰ ਰਹੇ ਹਨ।

ਮੂਲ | **ਅਰਥ**

ਸਿਰੀ ਰਾਗੁ ਮਹਲਾ ੧॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰ॥੧॥

ਮੋਹ ਨੂੰ ਸਾੜ (ਕੇ ਫੁੱਲਾ ਬਣਾ, ਭਾਵ ਮੋਹ ਹਟਾ, ਇਸ ਨੂੰ) ਘਸਾਕੇ ਸ਼ਾਹੀ ਬਣਾ (ਭਾਵ ਵੈਰਾਗੀ ਬਣ), ਸ੍ਰੇਸ਼ਟ ਬੁੱਧੀ ਨੂੰ ਕਾਗਜ਼ ਬਣਾ। ਪ੍ਰੇਮ ਦੀ ਕਲਮ ਬਣਾ, ਚਿਤ ਨੂੰ ਲਿਖਣਹਾਰਾ ਬਣਾ, ਗੁਰ (ਨੂੰ) ਪੁੱਛ (ਤੇ ਉਸ) ਦੀ (ਦੱਸੀ) ਵੀਚਾਰ ਨੂੰ ਲਿਖ। (ਗੁਰੂ ਦੀ ਦੱਸੀ ਵੀਚਾਰ ਕੀ ਹੋਵੇਗੀ ? ਨਾਮ ਤੇ ਸਿਫਤ ਸਾਲਾਹ, ਸੋ) ਵਾਹਿਗੁਰੂ ਦਾ ਨਾਮ ਲਿਖ (ਉਸ ਦੀ ਸਿਫਤ) ਸਲਾਹ ਲਿਖ, (ਫੇਰ) ਲਿਖ (ਕਿ) ਨਾ (ਸਿਫਤ ਦਾ) ਅੰਤ ਹੈ, (ਨਾ ਸਿਫਤ ਕੀਤੇ ਜਾ ਰਹੇ ਦਾ) ਪਾਰ ਉਰਾਰ ਹੈ ॥੧॥

ਬਾਬਾ ਏਹੁ ਲੇਖਾ ਲਿਖਿ ਜਾਣੁ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ਰਹਾਉ॥

ਹੇ ਬਾਬਾ ! ਇਹ ਲੇਖਾ ਲਿਖਣਾ ਸਿੱਖ। ਜਿਥੇ (ਕਰਮਾਂ ਦਾ) ਲੇਖਾ ਮੰਗਿਆ ਜਾਂਦਾ ਹੈ ਓਥੇ (ਇਹ ਲੇਖਾ) ਸਚਾ ਨੀਸ਼ਾਨ ਹੋਵੇਗਾ (ਭਾਵ ਇਸ ਗੱਲ ਦੀ ਸਹੀ ਹੋਵੇਗਾ ਕਿ ਇਸ ਦਾ ਕਰਮ ਲੇਖਾ ਸਾਫ ਹੈ) ॥ ੧ ॥ ਰਹਾਉ ॥

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥

ਜਿੱਥੇ ਸਦਾ ਦੀਆਂ ਖੁਸ਼ੀਆਂ, ਸਦਾ ਦੇ ਚਾਉ ਤੇ ਵਡਿਆਈਆਂ ਮਿਲਦੀਆਂ ਹਨ, ਓਥੇ ਉਨ੍ਹਾਂ ਦੇ ਮੂੰਹ ਤੇ ਹੀ ਟਿੱਕੇ ਨਿਕਲਦੇ ਹਨ, ਜਿਨ੍ਹਾਂ ਦੇ ਮਨ ਵਿਚ ਸੱਚਾ ਨਾਉਂ ਹੁੰਦਾ ਹੈ। (ਪਰ ਇਹ ਨਾਮ) ਕਰਮ ਦੁਆਰਾ ਮਿਲਦਾ ਹੈ ਵਿਅਰਥ ਗੱਲਾਂ ਨਾਲ ਨਹੀਂ ਮਿਲਦਾ॥੨॥

(ਹੁਣ ਨਾਮ ਵਿਹੂਣਿਆਂ ਦੀ ਦਸ਼ਾ ਦੱਸਦੇ ਹਨ)

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥

(ਜਿਨ੍ਹਾਂ ਦੇ) ਨਾਮ ਸਰਦਾਰ (ਆਦਿਕ) ਰਖੀਦੇ ਹਨ (ਓਹ ਟਿੰਡਾਂ ਦੇ ਗੇੜ ਵਾਂਙੂ) ਇਕ ਜੰਮ ਰਹੇ ਹਨ, ਇਕ ਮਰ ਰਹੇ ਹਨ ; ਇਕ ਮੰਗਤੇ ਪੈਦਾ ਕੀਤੇ ਗਏ ਹਨ ; ਇਕਨਾਂ ਨੂੰ ਵੱਡੇ ਦਰਬਾਰ (ਮਿਲੇ ਹਨ, ਪਰ) ਅੱਗੇ ਗਿਆਂ ਤੇ ਜਾਣਿਆਂ ਜਾਏਗਾ ਕਿ ਨਾਮ ਤੋਂ ਵਿਰਵੇ ਰਹਿਣ ਕਰਕੇ (ਏਹ ਸਭ ਆਪਣਾ ਜੀਵਨ) ਬਿਰਥਾ ਗੁਆ ਗਏ ਹਨ॥੩॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥੪॥੬॥

ਜਿਨ੍ਹਾਂ ਦੇ ਨਾਉਂ ਸੁਲਤਾਨ ਤੇ ਖਾਨ ਸਨ (ਅਸਾਂ) ਖੇਹ ਹੁੰਦੇ ਵੇਖੇ ਹਨ। (ਜਿੰਨੇ ਉਨ੍ਹਾਂ ਦੇ ਏਥੇ) ਪਿਆਰ ਸਨ (ਕੂੜੇ ਸਨ, ਕਿਉਂਕਿ ਜੀਵ ਜਦ) ਉਠਕੇ ਟੁਰ ਪੈਂਦਾ ਹੈ (ਤਾਂ ਓਹ) ਸਾਰੇ (ਕੂੜੇ ਨੇਹੁੰ ਨਾਲ ਹੀ) ਟੁੱਟ ਜਾਂਦੇ ਹਨ। ਹੇ ਨਾਨਕ ! (ਇਹ ਦੇਖਕੇ ਇਕ ਤਾਂ ਮੌਤ ਦਾ) ਡਰ ਬਹੁਤਾ (ਖਾ ਰਿਹਾ ਹੈ, ਦੂਸਰੇ ਨਾਮ ਨਾ ਜਪਣ ਕਰਕੇ) ਤੇਰਾ ਭੈ (ਪੈ ਰਿਹਾ ਹੈ, ਦੋਹਾਂ ਤਰ੍ਹਾਂ) ਕਰਕੇ ਵੈਰਾਗ ਨਾਲ ਦੇਹ ਖੀਨ ਹੋ ਰਹੀ ਹੈ॥੪॥੬॥

ਵਜਾਖਜਾ-ਕਿਸੇ ਉੱਚੇ ਕਾਵਜ ਦੇ ਰੂਪਕ ਵਿਚ ਚਿੱਤ ਦੀਆਂ ਬ੍ਰਿਤੀਆਂ ਨੂੰ ਸੰਸਾਰਾਕਾਰ ਹੋਣ ਤੋਂ ਈਸ਼੍ਵਰਾਕਾਰ ਹੋਣ ਦਾ ਪਲਟਾ ਦੇਣ ਦੀ ਅਲੰਕਾਰਿਕ ਰੂਪ ਵਿਚ ਦਾਰਸ਼ਨਿਕ ਜਾਚ ਦੱਸੀ ਹੈ। ਤੇਲ ਨੂੰ ਸਾੜੋ, ਤਾਂ ਚੱਪਣ ਉੱਤੇ ਫੁੱਲਾ ਲੱਗਦਾ ਹੈ[1], ਇਸ ਦੇ ਘਸਾਇਆਂ ਲਿਖਣੇ ਵਾਲੀ ਸ਼ਾਹੀ ਬਣਦੀ ਹੈ। ਤਰਤੀਬ ਕਾਰੀਗਰ ਜਾਣਦੇ ਹਨ। ਸੋ ਮਤਿ ਦੇਂਦੇ ਹਨ ਕਿ ਉਹ ਜਾਚ ਗੁਰੂ ਤੋਂ ਸਿੱਖੋ। ਮੋਹ ਨੂੰ ਸਾੜੋ ਤਾਂ ਨਿਰਾਸਾ ਉਪਜਦੀ ਹੈ, ਨਿਰਾਸਾ ਗੁਰੂ ਦੀ ਮਤਿ ਵਿਚ ਘਸਾਈ ਜਾਓ ਤਾਂ ਵੈਰਾਗ ਬਣ ਜਾਏਗਾ। ਮਤਿ ਨੂੰ ਕਾਗ਼ਜ਼ ਬਣਾਓ। ਮਤਿ ਉੱਤੇ ਜਦ ਵੈਰਾਗ ਅਸਰ ਕਰੇਗਾ ਤਾਂ ਉਹ ਕਾਗ਼ਜ਼ ਵਾਂਙੂ ਸਾਫ ਹੋ ਕੇ ਗੁਰ ਉਪਦੇਸ਼ ਦੇ ਗ੍ਰਹਣ ਯੋਗ ਹੋ ਜਾਏਗੀ। ਹੁਣ ਗੁਰੂ ਪਰਮੇਸ਼ੁਰ ਤੇ ਸ਼ਰਧਾ ਧਾਰਨ ਕਰ, ਚਿਤ ਨੂੰ ਲਿਖਾਰੀ ਬਣਾ, ਜਿਸ ਚਿਤ ਨਾਲ ਝੂਠੇ ਲੇਖੇ ਗਿਣਦਾ ਸੈਂ ਉਸ ਨੂੰ ਸਚੇ ਲੇਖੇ ਦਾ ਲਿਖਾਰੀ ਬਣਾ, ਉਹ ਸਚਾ ਲੇਖਾ ਗੁਰੂ ਸਿਖਾਲੇਗਾ। ਉਹ ਕੀਹ ਹੋਵੇਗਾ ? ਵਾਹਿਗੁਰੂ ਜੀ ਦੀ ਸਿਫਤ ਸਲਾਹ ਤੇ ਉਸ ਦਾ ਨਾਮ ! 'ਨਾਮ' ਤੇ 'ਸਿਫਤ ਸਲਾਹ' ਰੁਕਨ ਕਾਯਮ ਕੀਤੇ, ਜਿਨ੍ਹਾਂ ਦੇ ਧਾਰਨੇ ਨਾਲ ਜੀਵ ਉੱਤੇ ਇਕ ਨੀਸ਼ਾਣ ਪਏਗਾ। ਉਹ ਹੋਇਗਾ ਬਖ਼ਸ਼ਿਸ਼ ਦਾ ਨੀਸ਼ਾਨ। ਜਦ ਜੀਵ ਦਰਗਾਹੇ ਜਾਏਗਾ ਤਾਂ ਉਸ ਨੀਸ਼ਾਨ ਕਰ ਉੱਜਲ ਮੁਖ ਜਾਏਗਾ, ਸਦਾ ਦੀ ਖ਼ੁਸ਼ੀ-ਸਦੈਵੀ ਅਨੰਦ-ਉਸ ਨੂੰ ਪ੍ਰਾਪਤ ਹੋਵੇਗਾ। ਇਹ ਕਾਰ ਸਿਖੇ ਬਿਨਾ ਜੀਵ ਦੁਖੀ ਹੁੰਦਾ ਹੈ, ਜਨਮ ਬਿਰਥਾ ਗੁਆ ਜਾਂਦਾ ਹੈ। ਏਥੋਂ ਦੇ ਨੇਹੁੰ ਏਥੇ ਰਹਿ ਜਾਂਦੇ ਹਨ। ਸੋ ਜਿਨ੍ਹਾਂ ਤੇ 'ਹਰੀ ਕੀਰਤ' ਤੇ 'ਹਰੀ ਨਾਮ' ਤੋਂ ਪਏ ਬਖਸ਼ਿਸ਼ ਦੇ ਨੀਸ਼ਾਣ ਨਹੀਂ ਹੁੰਦੇ, ਉਨ੍ਹਾਂ ਨੂੰ ਇਸ ਕਰਕੇ ਅਗੇ ਗਿਆਂ ਨੂੰ ਸਦ ਖੁਸ਼ੀਆਂ ਤੇ ਸਦ ਚਾਉ ਨਹੀਂ ਮਿਲਦੇ।

'ਸਿਫਤ ਸਲਾਹ' ਯਾ 'ਹਰਿ-ਕੀਰਤੀ' ਤਾਂ ਹੁੰਦੀ ਹੈ ਜਦ ਅੰਦਰ ਕਦਰ ਉਪਜਦੀ ਹੈ ਤੇ ਚਾਉ ਵਾਲੀ ਸ਼ਰਧਾ ਪੈਦਾ ਹੁੰਦੀ ਹੈ, ਇਸ ਅੰਦਰਲੀ ਕਦਰਦਾਨੀ ਤੇ ਭਾਵਨਾਂ ਤੋਂ ਹਰੀ ਕੀਰਤਨ ਹੁੰਦਾ ਹੈ, ਇਸ ਨਾਲ ਮਨ ਦੀ ਮੈਲ ਉਤਰਦੀ ਹੈ :-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਸੁਖਮਨੀ, ੧੯-੭)

'ਨਾਮ' ਨਾਲ ਚਿਤ ਏਕਾਗ੍ਰ ਹੁੰਦਾ ਹੈ। 'ਨਾਮੀ' ਵਲ ਤਵੱਜੋ ਪਲਟਾ ਖਾਂਦੀ ਹੈ, ਨਾਮੀ ਦੇ ਧਜਾਨ ਦੀ ਪ੍ਰਪੱਕਤਾ ਹੁੰਦੀ ਹੈ, ਲਿਵ ਲੱਗ ਜਾਂਦੀ ਹੈ। ਅੰਤ 'ਸਤਜ' ਦਾ ਭਾਵ ਉਪਜਕੇ 'ਸਤਯ ਸਰੂਪ' ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਨਿਰੁਕ੍ਤ-ਜਾਲਿ-ਸਾੜ। ਮਸੁ-ਸ਼ਾਹੀ। ਭਾਵ ਵੈਰਾਗ।

ਸਾਲਾਹ-(ਅ:, ਸਾਲਾਹ) ਕੀਰਤੀ, ਮਹਿੰਮਾ।

ਨੀਸਾਣੁ-(ਫ਼ਾ:, ਨਿਸ਼ਾਨ) ਚਿੰਨ੍ਹ। ਕੋਈ ਐਸਾ ਅੰਕ ਲਾ ਦੇਣਾ ਜਿਸ ਤੋਂ ਪਛਾਣ ਹੋ ਸਕੇ।

ਮਤਿ ਸਾਰੁ-ਸ੍ਰੇਸ਼ਟ ਬੁੱਧੀ ਨੂੰ।

ਕਰਮਿ-(ਅ:, ਕਰਮ = ਮੇਹਰ, ਫ਼ਜ਼ਲ) ਮੇਹਰ ਦੁਆਰਾ (੨) ਏਥੇ ਕਰਮ ਦਾ ਅਰਥ ਕਰਮ = ਕ੍ਰਿਯਾ ਨਹੀਂ। ਕਿਉਂਕਿ 'ਤਿਨ ਮੁਖਿ ਟਿਕੇ ਨਿਕਲਹਿ' ਦੇ ਮਗਰੋਂ ਆਇਆ ਹੈ। 'ਟਿਕੇ ਨਿਕਲਨਾ' ਪ੍ਰੁੱਗ ਪੈਣ ਦੀ ਨਿਸ਼ਾਨੀ ਹੈ। ਜਿਨ੍ਹਾਂ ਨੇ ਨਾਮ ਜਪੇ ਉਨ੍ਹਾਂ ਤੇ ਕਰਮ ਬਖਸ਼ਿਸ਼ ਹੋਈ। ਫੇਰ 'ਕਰਮਿ' ਦੇ ਨਾਲ ਪਦ 'ਮਿਲੈ' ਵਰਤਿਆ ਹੈ।

---

[1]ਅਗਲੇ ਸਮੇਂ ਜਦ ਦੀਵਿਆਂ ਵਿਚ ਸਰਹੋਂ ਦਾ ਤੇਲ ਬਲਦਾ ਸੀ ਤਾਂ ਉਪਰ ਕੱਚੀ ਮਿੱਟੀ ਦੇ ਚਪਣ ਲਟਕਿਆ ਕਰਦੇ ਸਨ, ਇਨ੍ਹਾਂ ਚੱਪਣਾਂ ਵਿਚ ਦੀਵੇ ਦੀ ਲਾਟ ਤੋਂ ਕਾਲਖ ਦਾ ਫੁੱਲਾ ਲਗਿਆ ਕਰਦਾ ਸੀ। ਇਸ ਫੁੱਲੇ ਤੋਂ ਲਿਖਣੇ ਦੀ ਸ਼ਾਹੀ ਬਣਿਆ ਕਰਦੀ ਸੀ।

(ਅ) ਇਥੇ ਕਰਮਿ ਦਾ ਅਰਥ ਕਈ ਦਾਨੇ 'ਸ਼ੁਭ ਕਰਨੀ ਦੁਆਰਾ' ਬੀ ਕਰਦੇ ਹਨ।
ਪੁਰਾਤਨ ਜਨਮ ਸਾਖੀ ਵਿਚ ਬੀ ਇਉਂ ਅਰਥ ਲਿਖੇ ਹਨ :-

'ਜਿਨ੍ਹਾਂ ਮਨ ਬਚ ਕਰਮ ਕਰਕੇ ਨਾਮ ਜਪਿਆ ਹੈ।'

ਵਾਉ ਦੁਆਉ- (ਪੰ:, ਹਵਾ ਦੀ ਅਵਾਜ਼ ਵਾਂਙੂ ਬੇਅਰਥ) ਬਿ-ਅਰਥ।

ਗਲੀ ਵਾਉ ਦੁਆਉ- ਫਜ਼ੂਲ ਗੱਲਾਂ ਹਨ। (੨) ਵਾਉ ਦੁਆਉ ਗੱਲਾਂ ਨਾਲ ਨਹੀਂ।

ਅਗਲਾ- ਬਹੁਤਾ।	**ਸਾਲਾਰ**- (ਫਾਰਸੀ) ਸਰਦਾਰ, ਆਗੂ।

ਸੁਲਤਾਨੁ- (ਅ:,) ਪਾਤਸ਼ਾਹ।

ਖਾਨ- (ਫ਼ਾ:) ਸੁਆਮੀ, ਸਰਦਾਰ।

ਵੇਕਾਰ- ਬੇਕਾਰ, ਬਿਰਥਾ।

(ਸਿਰੀ ਰਾਗੁ ਮਹਲਾ ੧, ਚਉਪਦਾ- ੭)

ਪ੍ਰਾਕ੍ਥਨ-ਪਿਛਲੇ ਸ਼ਬਦਾਂ ਵਿਚ ਭੋਗਾਂ, ਰਸਾਂ ਕਸਾਂ ਦੀ ਇਕ ਤਰ੍ਹਾਂ ਦੀ ਨਿਖੇਧੀ ਕਰਦੇ ਆਏ ਹਨ, ਪ੍ਰਸ਼ਨ ਹੁੰਦਾ ਹੈ ਕਿ ਜੋ ਲੋਕ ਉਪਦੇਸ਼ ਸੁਣਕੇ ਸੰਸਾਰਕ ਭੋਗਾਂ ਤੇ ਰਸਾਂ ਦਾ ਤਯਾਗ ਕਰ ਦੇਣ ਉਹਨਾਂ ਨੂੰ ਖੁਸ਼ੀ ਕਿਸ ਗਲ ਦੀ ? ਓਹ ਸੁਰਤ ਕਿਸ ਆਸਰੇ ਖਿੜੀ ਰੱਖਦੇ ਹਨ ? ਇਸ ਲਈ ਇਸ ਸ਼ਬਦ ਵਿਚ ਖਾਣ ਪੀਣ, ਪਹਿਨਣ, ਸਵਾਰੀ ਕਰਨ, ਪਤਿ-ਆਬਰੋ, ਘਰ-ਮੰਦਰ, ਆਦਿ ਪਦਾਰਥਾਂ ਦੀ ਥਾਂਵੇਂ ਪਰਮੇਸ਼ੁਰ ਪਰਾਇਣ ਪੁਰਖਾਂ ਨੂੰ ਕਿਹੜੀਆਂ ਵਸਤਾਂ ਸੁਖ ਤੇ ਖੇੜੇ ਦੇਂਦੀਆਂ ਹਨ, ਉਹਨਾਂ ਦਾ ਜ਼ਿਕਰ ਹੈ। ਫਿਰ ਲਗਦੇ ਹਥ ਸੰਸਾਰਿਕ ਪਦਾਰਥਾਂ ਦੀ ਕਿਸ ਹਦ ਤਕ ਵਰਤੋਂ ਵਿਹਿਤ, ਕਿਥੇ ਜਾ ਕੇ ਅਵਿਹਿਤ ਹੈ, ਇਸ ਦੀ ਸਰਬਕਾਲੀ, ਸਰਬ ਦੇਸ਼ੀ ਠੀਕ ਢੁੱਕਣ ਵਾਲੀ ਪਛਾਣ ਦੱਸੀ ਹੈ। ਮਾਨੋਂ ਦੋ ਸਤਰਾਂ ਵਿਚ ਆਪਣਾ ਧਰਮ ਸ਼ਾਸਤ੍ਰ ਕਹਿ ਦਿੱਤਾ ਹੈ[1]।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥ **ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥**	(ਪਰਮੇਸ਼ੁਰ ਦਾ ਨਾਮ) ਸੁਣ ਲੈਣ ਨਾਲ ਸਾਰੇ ਸਲੂਣੇ (ਰਸ ਪ੍ਰਾਪਤ ਹੋ ਗਏ ਸਮਝੀਏ ਤੇ) (ਪਰਮੇਸ਼ੁਰ ਦਾ ਨਾਮ) ਮੰਨ ਲੈਣ ਨਾਲ ਸਾਰੇ ਮਿੱਠੇ ਰਸ (ਪ੍ਰਾਪਤ ਹੋ ਗਏ ਸਮਝੀਏ)। (ਪਰਮੇਸ਼ੁਰ ਦਾ ਨਾਮ) ਮੂੰਹੋਂ ਉਚਾਰਣਾ ਖਟ ਤੁਰਸ਼ੀ (ਆਦਿ ਰਸਾਂ ਦੀ ਪ੍ਰਾਪਤੀ ਤੁੱਲ ਸਮਝੀਏ)। (ਪਰਮੇਸ਼ੁਰ ਦੇ ਨਾਮ ਦਾ ਨਾਦ =) ਕੀਰਤਨ ਕਰਨ ਨਾਲ (ਜਾਣੋ ਮਿਰਚ) ਮਸਾਲੇ (ਆਦਿ ਦੇ ਰਸ ਆ ਗਏ)। (ਪਰਮੇਸ਼ੁਰ ਵਿਚ) ਇਕ ਪ੍ਰੇਮ (ਧਾਰਨ ਕਰਨਾ) ਛੱਤੀ ਅੰਮ੍ਰਿਤਾਂ (ਭੋਜਨਾਂ ਦਾ ਮਾਨੋਂ ਥਾਲ ਪਰੋਸਿਆ ਜਾਣਾ ਹੈ) ; (ਪਰ ਇਹ ਨਾਮ ਦਾ ਸ੍ਰਵਣ, ਮੰਨਣ, ਉਚਾਰਨ, ਹਰੀ ਕੀਰਤਨ ਤੇ ਈਸ਼੍ਵਰ ਦਾ ਪ੍ਰੇਮ ਉਸ ਨੂੰ ਪ੍ਰਾਪਤ ਹੁੰਦਾ ਹੈ) ਜਿਸ ਪਰ (ਵਾਹਿਗੁਰੂ) ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ॥ ੧ ॥

[1]ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਕਰਕੇ ਵਾਪਸ ਆਏ ਤਾਂ ਤਲਵੰਡੀ ਤੋਂ ਦੋ ਕੋਹ ਉਰੇ ਉਜਾੜ ਵਿਚ ਬਹਿ ਗਏ। ਪਹਿਲੋਂ ਮਾਤਾ ਜੀ ਫੇਰ ਪਿਤਾ ਜੀ ਆਏ। ਉਸ ਵੇਲੇ ਜੋ ਗਲ ਬਾਤ ਤੇ ਪ੍ਰੇਰਨਾ ਪਿਤਾ ਜੀ ਨੇ ਕੀਤੀ ਉਹ ਸੁਣ ਸੁਣ ਕੇ ਇਸ ਸ਼ਬਦ ਦੀਆਂ ਪਉੜੀਆਂ ਉਚਾਰ ਹੋਈਆਂ।

ਬਾਬਾ ਹੋਰ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨਿ ਮਹਿ ਚਲਹਿ ਵਿਕਾਰ॥੧॥ ਰਹਾਉ॥

(ਹੇ) ਬਾਬਾ ! (ਪਰਮੇਸ਼ੁਰ ਨੂੰ ਭੁੱਲਕੇ) ਹੋਰ ਖਾਣਾ (ਜੋ ਸਰੀਰਕ) ਖੁਸ਼ੀ (ਭਾਵ ਭੋਗ ਮਾਤ੍ਰ ਹੈ ਉਹ) ਖੁਆਰੀ ਜਾਣੋ ; ਜਿਸ ਦੇ ਖਾਣ ਨਾਲ ਕਿ ਸਰੀਰ ਨੂੰ ਪੀੜਾ ਹੋਵੇ ਤੇ ਮਨ ਵਿਚ ਵਿਕਾਰ ਚੱਲ ਪੈਣ ॥੧॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥

(ਨਾਮ ਵਿਚ) ਰਚਿਆਂ ਹੋਇਆਂ ਮਨ (ਮਾਨੋਂ) ਲਾਲ ਰੰਗ ਦੀ ਪੁਸ਼ਾਕ ਪਹਿਨੇ ਹੋਏ ਹੈ ; ਸੱਚ ਤੇ ਦਾਨ ਕਰਨਾ ਇਹ ਚਿਟਿਆਈ (ਵਾਲੀ ਪੁਸ਼ਾਕ ਹੈ)। (ਮਨ ਤੋਂ ਵਿਕਾਰਾਂ ਦੀ) ਸਿਆਹੀ ਕੱਟਣੀ (ਇਹ) ਨੀਲੀ (ਪੁਸ਼ਾਕ ਹੈ), (ਪਰਮੇਸ਼ੁਰ ਦੇ ਪੈਰ =) ਚਰਨਾਂ ਦਾ ਧਯਾਨ ਕਰਨਾ ਇਹ ਪੈਰਾਹਨ ਹੈ। ਸੰਤੋਖ ਦਾ (ਲੱਕ ਨਾਲ) ਪਟਕਾ (ਬੱਧਾ ਹੈ, ਜਿਸ) ਧਨ (ਨਾਲ ਇਹ ਕੁਛ ਖਰੀਦਣਾ ਹੈ ਤੇ ਜਿਸ) ਜੋਬਨ (ਨੇ ਇਹ ਪੁਸ਼ਾਕ ਮਾਣਨੀ ਹੈ ਉਹ ਸਾਡੇ ਵਿਚ) ਤੇਰੇ ਨਾਮ (ਦਾ ਹੁਲਾਰਾ) ਹੈ ॥ ੨ ॥

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ ਰਹਾਉ॥

ਹੇ ਬਾਬਾ ! (ਪਰਮੇਸ਼ੁਰ ਨੂੰ ਭੁੱਲ ਕੇ) ਹੋਰ ਪਹਿਨਣਾ (ਜੋ ਸਰੀਰਕ) ਖੁਸ਼ੀ (ਭਾਵ ਭੋਗ ਮਾਤ੍ਰ ਲਈ) ਹੈ, ਉਹ ਖੁਆਰੀ ਜਾਣੋ : ਜਿਸ ਦੇ ਪਹਿਨਣ ਨਾਲ ਕਿ ਸਰੀਰ ਨੂੰ ਪੀੜਾ ਹੋਵੇ ਤੇ ਮਨ ਵਿਚ ਵਿਕਾਰ ਚੱਲ ਪੈਣ ॥ ੧ ॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥ ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥੩॥

(ਹੇ ਵਾਹਿਗੁਰੂ) ਤੇਰੇ ਰਸਤੇ ਦਾ ਸਮਝ ਲੈਣਾ, ਸੋਨੇ ਦੀਆਂ ਕਾਠੀਆਂ (ਤੇ ਸੋਨੇ ਦੀਆਂ) ਸਾਖ਼ਤਾਂ ਸਮੇਤ ਘੋੜਿਆਂ ਤੁੱਲ ਹੈ। (ਤੇਰੇ) ਗੁਣਾਂ (ਵੱਲ ਜੋ) ਧਾਈ ਕੀਤੀ ਰਖੀਦੀ ਹੈ (ਭਾਵ ਪ੍ਰਵਿਰਤ ਰਹੀਦਾ ਹੈ ਉਹ ਸਾਡੇ) ਭੱਥਾ, ਤੀਰ, ਕਮਾਨ, ਬਰਛੇ ਤੇ ਤਲਵਾਰ ਦੇ ਗਾਤਰੇ ਹਨ। ਪਤਿ ਨਾਲ ਪ੍ਰਗਟ ਹੋਣਾ (ਇਹ) ਵਾਜਾ ਤੇ ਨੇਜਾ ਹੈ, ਤੇਰੀ ਬਖਸ਼ਿਸ਼ ਮੇਰੀ (ਉੱਚੀ) ਕੁਲ ਹੈ ॥ ੩ ॥

ਬਾਬਾ ਹੋਰੁ ਚੜਣਾ ਖੁਸੀ ਖੁਆਰੁ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ ਰਹਾਉ॥

ਹੇ ਬਾਬਾ ! (ਪਰਮੇਸੁਰ ਨੂੰ ਭੁੱਲਕੇ) ਹੋਰ ਚੜਨਾ (ਜੋ ਸਰੀਰਕ) ਖੁਸੀ (ਭਾਵ ਭੋਗ ਮਾਤ੍ਰ ਲਈ) ਹੈ ; ਉਹ (ਖੁਆਰੀ ਜਾਣੋ) ; ਜਿਸ ਦੇ ਚੜ੍ਹਨ ਨਾਲ ਸਰੀਰ ਨੂੰ ਪੀੜਾ ਹੋਏ ਤੇ ਮਨ ਵਿਚ ਵਿਕਾਰ ਚੱਲ ਪੈਣ॥੧॥ਰਹਾਉ॥

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥੪॥

ਨਾਮ (ਜਪਕੇ ਜੋ) ਖੁਸ਼ੀ ਲੱਭਦੀ ਹੈ (ਉਹ) ਮੇਰੇ ਘਰ ਤੇ ਮੰਦਰ ਹੈਨ, ਤੇਰੀ ਮਿਹਰ ਦ੍ਰਿਸ਼ਟੀ ਮੇਰਾ ਪਰਿਵਾਰ ਹੈ। (ਜੋ) ਤੈਨੂੰ ਭਾਵੇਂ ਉਸ (ਪਰ ਟੁਰਨਾ ਇਹ ਮੇਰਾ) ਹੁਕਮ ਹੈ, ਹੋਰ (ਜੋ) ਆਖਣਾ (ਹੋਵੇ ਤਾਂ) ਬਹੁਤ ਹੈ ਤੇ ਅਪਾਰ ਹੈ। ਹੇ ਨਾਨਕ ! (ਓਹ ਪ੍ਰਭੂ) ਸੱਚਾ ਪਾਤਸ਼ਾਹ ਹੈ, (ਜਿਸ ਤੇ ਉਹ ਨਦਰ ਕਰਦਾ ਹੈ ਉਸ ਨੂੰ ਇਹ ਆਤਮ ਜੀਵਨ ਦਾਨ ਕਰਦਾ ਹੈ। ਉਹ ਸਰਬੱਗ ਹੋਣ ਕਰਕੇ ਹਰੇਕ ਨੂੰ ਜਾਣਦਾ ਹੈ, ਇਸ ਕਰਕੇ ਆਪਣੇ ਕਿਸੇ ਅੰਦਾਜ਼ ਤੋਂ ਦਾਨ ਕਰਦਾ ਹੈ, ਹੋਰ ਉਹ) ਕਿਸੇ

	ਨਾਲ ਪੁੱਛਕੇ ਵੀਚਾਰ ਨਹੀਂ ਕਰਦਾ (ਤੇ ਉਸ ਪੁੱਛੀ ਅਨੁਸਾਰ ਦਾਨ ਨਹੀਂ ਦੇਂਦਾ)[1] ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥ ਜਿਤੁ ਸੁਤੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ॥ ੪॥੭॥	ਹੇ ਬਾਬਾ ! (ਪਰਮੇਸ਼ੁਰ ਨੂੰ ਭੁੱਲਕੇ) ਹੋਰ ਸਉਣਾ (ਜੋ ਸਰੀਰਕ। ਖੁਸ਼ੀ (ਭਾਵ ਭੋਗ ਮਾਤ੍ਰ ਲਈ) ਹੈ, ਉਹ (ਖੁਆਰੀ ਜਾਣੋਂ); ਜਿਸ ਦੇ ਸਉਣ ਨਾਲ ਸਰੀਰ ਨੂੰ ਪੀੜਾ ਹੋਵੇ ਤੇ ਮਨ ਵਿਚ ਵਿਕਾਰ ਚੱਲ ਪੈਣ॥ ੧ ॥ ਰਹਾਉ ॥ ੪ ॥ ੭ ॥

ਵਜਾਖਜਾ-ਇਸ ਸ਼ਬਦ ਵਿਚ ਸਰੀਰਕ ਭੋਗ ਤੇ ਆਤਮਕ ਭੋਗ ਐਉਂ ਟਾਕਰਾ ਦੇ ਕੇ ਗਿਣੇ ਹਨ

ਸਰੀਰਕ ਭੋਗ ਤੇ ਸਾਮਾਨ	ਆਤਮਕ ਭੋਗ ਤੇ ਸਾਮਾਨ
ਸਲੂਣੇ ਰਸ-	ਨਾਮ ਦਾ ਸ਼੍ਰਵਣ।
ਮਿੱਠੇ ਰਸ-	ਨਾਮ ਦਾ ਮੰਨਣ।
ਖਟ ਤੁਰਸ਼ੀ ਰਸ-	ਨਾਮ ਦਾ ਉਚਾਰਨ।
ਮਿਰਚ ਮਸਾਲੇ ਦਾ ਰਸ-	ਹਰੀ ਕੀਰਤਨ।
ਛੱਤੀ ਭੋਜਨਾਂ ਦਾ ਰਸ-	(ਵਾਹਿਗੁਰੂ ਵਿਚ ਭਾਉ ਏਕ =) ਇਕ (ਰਸ ਅਟੁਟ) ਪ੍ਰੇਮ
ਲਾਲ ਰੰਗ ਦੀ ਪੁਸ਼ਾਕ-	ਨਾਮ ਵਿਚ ਰਚਨਾ।
ਚਿੱਟੀ ਪੁਸ਼ਾਕ-	ਸੱਚ ਧਾਰਨਾ ਤੇ ਦਾਨ ਕਰਨਾ।
ਨੀਲੀ ਪੁਸ਼ਾਕ-	ਮਨ ਤੋਂ ਵਿਕਾਰਾਂ ਦੀ ਮੈਲ ਕੱਟਣੀ।
ਪਹਿਰਣੁ (ਚੋਲਾ)-	ਵਾਹਿਗੁਰੂ ਦਾ ਧਜਾਨ।
ਪਟਕਾ (ਲੱਕ ਨਾਲ)-	ਸੰਤੋਖ।
ਧਨ ਜੋਬਨ -	ਨਾਮ (ਲਈ ਹੁਲਾਰਾ ਤੇ ਉੱਦਮ)।
ਸੋਨੇ ਦੀਆਂ ਕਾਠੀਆਂ ਸਾਖਤਾਂ ਤੇ ਘੋੜੇ-	ਸਾਂਈਂ ਦੇ ਰਾਹ ਦਾ ਸਮਝ ਲੈਣਾ।
ਤੀਰ, ਕਮਾਨ, ਭੱਥਾ, ਤਲਵਾਰ ਤੇ ਉਸ ਦਾ ਗਾੜ੍ਹਾ-	ਹਰੀ ਦੇ ਗੁਣਾਂ ਵਿਚ ਧਾਈ ਅਰਥਾਤ ਪ੍ਰਵਿਰਤੀ।
ਵਾਜਾ, ਨੇਜਾ-	ਧਾਰਮਿਕ ਪਤਿ ਨਾਲ ਪ੍ਰਗਟ ਹੋਣਾ।
ਉੱਚੀ ਕੁਲ-	ਸਾਂਈਂ ਦੀ ਬਖਸ਼ਿਸ਼।
ਘਰ ਮੰਦਰ-	ਨਾਮ ਤੋਂ ਪ੍ਰਾਪਤ ਖੁਸ਼ੀ।
ਪਰਵਾਰ-	ਨਦਰ ਸਾਂਈਂ ਦੀ।
ਹੁਕਮ-	ਸਾਂਈਂ ਨੂੰ ਜੋ ਭਾਵੇਂ ਉਸ ਪੁਰ ਟਿਕਣਾ, ਸਾਂਈਂ ਦੀ ਰਜ਼ਾ ਮੰਨਣੀ।

ਇਨ੍ਹਾਂ ਦੋਹਾਂ ਨੂੰ ਮੁਕਾਬਲੇ ਤੇ ਰੱਖੇ ਹੋਏ ਦੇਖਕੇ ਇਹ ਨਹੀਂ ਸਮਝਣਾ ਚਾਹੀਏ ਕਿ ਪਹਿਲੀ ਸ਼੍ਰੇਣੀ ਦੇ ਜੋ ਖਾਣ ਪਾਣ ਪਹਿਰਣ ਆਦਿ ਕਰਮ ਹਨ ਓਹ ਤਿਆਗ ਕੇ ਨਿਰੇ ਦੂਸਰੇ ਸ੍ਰੇਣੀ ਦੇ ਕਰਮ ਕਰਤਤ ਉਤੇ ਆ ਜਾਣਾ ਹੈ। ਐਉਂ ਤਾਂ ਸਰੀਰ ਬੀ ਫੇਰ ਨਹੀਂ ਰਹਿ ਸਕਦਾ। ਗੁਰੂ ਜੀ ਨੇ ਵਿਚ ਕਟਾਖਜ ਇਹ ਰਖਿਆ ਹੈ ਕਿ ਸਰੀਰਕ ਲੋੜਾਂ ਦੇ ਪੂਰਾ ਕਰਨ ਦੇ ਜੋ ਖਾਣ ਪਾਣ ਪਹਿਰਨ ਆਦਿ

[1]ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ (ਗੋਂਡ ਮਹਲਾ ੫-੫)

ਸਾਮਾਨ ਹਨ, ਓਹ ਤਾਂ ਵਰਤਣੇ ਹਨ, ਪਰ ਉਹਨਾਂ ਨੂੰ ਨਿਰਾ ਆਪਣਾ ਜੀਵਨ ਮਨੋਰਥ ਬਣਾ ਲੈਣਾ, ਉਹਨਾਂ ਦੀ ਬਾਹੁੱਲਤਾ ਤੇ ਅਧਿਕਤਾ ਨੂੰ ਆਪਣੀ ਖੁਸ਼ੀ ਦਾ ਨਿਸ਼ਾਨਾ ਬਣਾ ਲੈਣਾ ਇਹ ਬੁਰਾ ਹੈ। ਇਸ ਤਰ੍ਹਾਂ ਇਹੋ 'ਭੋਗ-ਬਹੁੱਲਤਾ' ਖੁਸ਼ੀ ਤਾਂ ਦੇ ਜਾਂਦੀ ਹੈ, ਪਰ ਅੰਤ ਖੁਆਰੀ ਨਿਕਲਦੀ ਹੈ, ਕਿਉਂਕਿ ਉਹਨਾਂ ਨਾਲ ਮਨ ਵਿਚ ਵਿਕਾਰ ਉਪਜਦੇ ਹਨ, ਤੇ ਸਰੀਰ ਵਿਚ ਅਹੁਰਾਂ ਪੈਦਾ ਹੋ ਜਾਂਦੀਆਂ ਹਨ, ਜੈਸੇ ਫੁਰਮਾਇਆ ਹੈ :

ਭੋਗੀ ਕਉ ਦੁਖੁ ਰੋਗ ਵਿਆਪੈ॥ (ਬਸੰਤ ਮ: ੧, ਅਸਟ :-੪)

ਇਹ ਗਲ ਸ਼ਬਦ ਵਿਚ ਰਖੇ ਦੋ ਪਦਾਂ 'ਖੁਸ਼ੀ' ਤੇ 'ਖੁਆਰੁ' ਤੋਂ ਸਮਝੇ ਪੈ ਜਾਂਦੀ ਹੈ। ਇਸੇ ਤਰ੍ਹਾਂ ਇਕ ਇਸ਼ਾਰਾ ਪਦ 'ਹੋਰੁ' ਵਿਚ ਹੈ, ਕਿ ਸਰੀਰਕ ਲੋੜ ਤੋਂ ਵੱਧ ਜੋ ਹੋਰ ਖਾਣਾ ਹੈ, ਉਹ ਖੁਸ਼ੀ ਤਾਂ ਭਾਵੇਂ ਦੇਂਦਾ ਹੈ, ਪਰ ਉਸ ਦਾ ਫਲ ਮਾੜਾ ਨਿਕਲਦਾ ਹੈ, ਤੇ ਓਹ ਫਲ ਦੱਸਦੇ ਹਨ:- ਮਨ ਦਾ ਵਿਕਾਰੀ ਹੋਣਾ ਤੇ ਸਰੀਰ ਵਿਚ ਪੀੜਾ ਉਪਜਣੀਆਂ, ਭਾਵ ਰੋਗੀ ਹੋਣ। ਇਸ ਲਈ ਹਰ ਪਦੇ ਵਿਚ ਜੋ ਕੁਛ ਫੁਰਮਾਉਂਦੇ ਹਨ ਉਸ ਦਾ ਭਾਵ ਇਹੋ ਹੈ ਕਿ ਆਪਣੀ ਖੁਸ਼ੀ ਦੀ ਪ੍ਰਾਪਤੀ ਦਾ ਵਸੀਲਾ ਭੋਗਾਂ ਦੀ ਅਧਿਕਤਾ ਨੂੰ ਨਾ ਬਣਾਓ, ਸਗੋਂ ਲੋੜ ਮੂਜਬ ਖਾ ਪਹਿਨਕੇ ਨਾਮ, ਬਾਣੀ, ਹਰੀ ਕੀਰਤਨ, ਈਸ਼੍ਵਰ ਪ੍ਰੇਮ ਤੇ ਸ਼ੁਭ ਗੁਣਾਂ ਨੂੰ ਧਾਰਨ ਕਰਕੇ, ਜੋ ਸਤੋ ਗੁਣੀ ਖੁਸ਼ੀ ਤੇ ਆਤਮ ਆਨੰਦ ਪੈਦਾ ਹੁੰਦਾ ਹੈ, ਉਹਨਾਂ ਲਈ ਵਿਸ਼ੇਸ਼ ਪ੍ਰਯਤਨ ਕਰੋ। ਗਲ ਕੀ ਸਰੀਰਕ ਲੋੜ ਮੂਜਬ ਖਾਣ ਪਹਿਨਣ ਆਦਿ ਨੂੰ ਵਰਜਕੇ ਆਤਮਕ ਸਾਧਨ ਨਹੀਂ ਦੱਸੇ, ਪਰ ਲੋੜ ਮੂਜਬ ਸਰੀਰ ਰਖਯਾ ਤੇ ਪਾਲਨਾ ਦੇ ਸਾਮਾਨ ਵਰਤਦਿਆਂ ਵਾਹਿਗੁਰੂ ਨਾਮ ਵਿਚ ਲੱਗਕੇ ਅਧਿਕ ਖੁਸ਼ੀ, ਸਤੋ ਗੁਣੀ ਕਿਸਮ ਦੀ, ਤੇ ਸਤੋ ਗੁਣ ਤੋਂ ਉਪਰ ਆਤਮਕ ਭਾਂਤਿ ਦੀ ਮਾਣਨੀ ਚਾਹੀਏ। ਜੈਸਾ ਕਿ ਫੁਰਮਾਇਆ ਹੈ :

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥ (ਵਾਰ ਆਸਾ ਮ: ੧-੧੮)

ਪੁਨਾ:- **ਛੋਡਹਿ ਅੰਨੁ ਕਰਹਿ ਪਾਖੰਡ॥** (ਗੋਂਡ ਕਬੀਰ)

ਤਥਾ :- **ਜਪੀਐ ਨਾਮ ਅੰਨ ਕੈ ਸਾਦਿ॥** (ਗੋਂਡ ਕਬੀਰ ੧੧)

ਇਸ ਸ਼ਬਦ ਵਿਚ ਇਕ ਹੋਰ ਗਲ ਲਗਦੇ ਹੱਥ ਹੱਲ ਹੋ ਗਈ ਹੈ, ਕਿ ਦੋ ਸਤਰਾਂ ਵਿਚ ਖਾਣ, ਪੀਣ, ਪਹਿਰਨ ਆਦਿ ਸਰੀਰ-ਰੱਖ ਕਰਮਾਂ ਦਾ 'ਧਰਮ ਸ਼ਾਸਤ੍ਰ' ਬਣ ਗਿਆ ਹੈ। ਗੁਰੂ ਸਿਖ ਨੂੰ ਖਾਣ ਪੀਣ ਪਹਿਰਨ ਆਦਿ ਕਰਮਾਂ ਵਿਚ ਵੀਚਾਰ ਕਰ ਲੈਣੀ ਚਾਹੀਏ ਕਿ ਜਿਸ ਪਦਾਰਥ ਦੇ ਸੇਵਨ ਨਾਲ ਸਰੀਰ ਦੇ ਅਹੁਰੇ ਜਾਣ, ਅਰਥਾਤ ਪੀੜਤ ਹੋਣ ਦਾ ਡਰ ਹੋਵੇ ਤੇ ਮਨ ਵਿਚ ਵਿਕਾਰ ਉਤਪਤ ਹੋ ਜਾਣ ਦਾ ਭੈ ਹੋਵੇ, ਗੁਰ ਸਿਖ ਨੂੰ ਉਹਨਾਂ ਦਾ ਸੇਵਨ ਨਹੀਂ ਕਰਨਾ ਚਾਹੀਏ। ਇਹ ਕਸਵਟੀ ਇਹ ਧਰਮ ਸ਼ਾਸਤ੍ਰ ਹਰ ਦੇਸ਼, ਹਰ ਪ੍ਰਕਾਰ ਦੇ ਜਲ ਪੌਣ ਤੇ ਸਰਬ ਕਾਲ ਵਿਚ ਦਰੁਸਤ ਰਸਤੇ ਟੋਰੀ ਰਖਣ ਵਾਲਾ ਹੈ ਤੇ ਹਰ ਜੀਵ ਨੂੰ ਪਰਸਪਰ ਸੁਭਾਵਾਂ ਤੇ ਸਰੀਰਕ ਹਾਲਤਾਂ ਦੇ ਭਿੰਨ ਭਿੰਨ ਹੁੰਦਿਆਂ ਹਰ ਹਾਲ ਵਿਚ ਢੁੱਕ ਖੜੋਂਦਾ ਹੈ।

ਨਿਰੁਕ੍ਤ- ਸਾਲੋਣੇ- ਸਲੂਣੇ। ਲੂਣ ਵਾਲੇ

ਖਟ ਤੁਰਸੀ- ਖੱਟੇ। 'ਖਟ ਤੁਰਸੀ' ਪੰਜਾਬੀ ਮੁਹਾਵਰੇ ਦਾ ਲਫਜ਼ 'ਖੱਟੇ' ਤੇ ਫ਼ਾਰਸੀ 'ਤੁਰਸ਼' ਤੋਂ ਬਣਿਆ ਹੈ। ਮਤਲਬ ਹੈ ਇਤਨਾ ਖੱਟਾ ਕਿ ਜੋ ਸਵਾਦੀਕ ਹੋਵੇ, ਜੈਸੇ ਸੰਤਰੇ ਦੀ ਖਟਾਈ। ਖਟ = ਖੱਟਾ। ਤੁਰਸ਼ = (ਫ਼ਾਰਸੀ) ਖੱਟਾ।

ਮਾਰਣ- (ਜਿਸ ਨਾਲ ਮਾਰਿਆ ਜਾਵੇ) ਮਸਾਲੇ। ਹੋਰਥੇ ਬੀ ਗੁਰਬਾਣੀ ਵਿਚ 'ਮਾਰਣ' ਪਦ ਇਸੇ ਅਰਥ ਵਿਚ ਆਇਆ ਹੈ, ਯਥਾ :-

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ (ਮਾਝ ਵਾਰ ਮ: ੧-੭)

ਉਂਞ ਗੁਰਬਾਣੀ ਵਿਚ ਇਹ ਪਦ ਹੋਰ ਹੋਰ ਅਰਥਾਂ ਵਿਚ ਬੀ ਆਇਆ ਹੈ, ਦੇਖੋ ਗੁਰੂ ਗ੍ਰੰਥ ਕੋਸ਼।

ਨਾਦ- (ਸੰਸ:, ਨਾਦ:। ਧਾਤੂ, ਨਦ੍ = ਸ਼ਬਦ ਕਰਨਾ) ਧੁਨੀ, ਸ਼ਬਦ ਭਾਵ ਕੀਰਤਨ।

ਛਤੀਹ ਅੰਮ੍ਰਿਤ :- ਛੱਤੀਹ ਭਾਵ ਨਾਨਾ ਪ੍ਰਕਾਰ ਦੇ ਭੋਜਨ। ਸੁਆਦ ਭੇਦ ਕਰਕੇ ਖਾਣੇ ਛੇ ਪ੍ਰਕਾਰ ਦੇ ਹਨ : ਮਿੱਠਾ, ਖੱਟਾ, ਚਟਪਟਾ, ਸਲੂਣਾ, ਕਸੈਲਾ, ਕੌੜਾ।

ਖਾਣ ਦੀ ਵਿਧਿ ਕਰਕੇ ਖਾਧੇ ਜਾਣ ਵਾਲੇ ਭੋਜਨ ਬੀ ਛੇ ਪ੍ਰਕਾਰ ਦੇ ਹਨ :-

੧. ਭਖ = ਦੰਦਾਂ ਦਾੜ੍ਹਾਂ ਦੋਹਾਂ ਨਾਲ ਖਾਧੇ ਜਾਣ ਵਾਲੇ। ੨. ਭੋਜਜ = ਦਾੜ੍ਹਾਂ ਨਾਲ।
੩. ਲੇਹ = ਜੀਭ ਨਾਲ ਚੱਟੇ ਜਾਣ ਵਾਲੇ ੪. ਪੇਯ = ਪੀਤੇ ਜਾਣ ਵਾਲੇ।
੫. ਚੋਖਜ = ਚੂਸੇ ਜਾਣ ਵਾਲੇ ੬. ਚਰਬਜੰ = ਚੱਬੇ ਜਾਣ ਵਾਲੇ, ਜੈਸੇ ਦਾਣੇ।

ਸ੍ਰੀ ਨਰੋਤਮ ਜੀ ਨੇ ੩੬ ਭੋਜਨਾਂ ਦੇ ਨਾਮ ਗਿਣੇ ਹਨ।

ਭਾਈ ਗੁਰਦਾਸ ਜੀ ਨੇ ਐਉਂ ਦੱਸੇ ਹਨ :-

'ਖਟ ਰਸ ਮਿਠ ਰਸ ਮੇਲਿਕੈ ਛਤੀਹ ਭੋਜਨ ਹੋਨਿ ਰਸੋਈ॥' (ਵਾਰ ੧੭-੮)

ਮੁਹਾਵਰੇ ਵਿਚ ੩੬ ਦਾ ਮਤਲਬ ਕਈ ਕਿਸਮਾਂ ਦੇ ਭੋਜਨ ਤੋਂ ਹੁੰਦਾ ਹੈ।

ਭਾਉ ਏਕ- ਇਕ ਰਸ ਪ੍ਰੇਮ। ਇਸ ਦਾ ਅਰਥ ਨਿਦਜਾਸਨ ਬੀ ਲਾ ਲੈਂਦੇ ਹਨ।

ਸਤੁ ਦਾਨ- ਸਤ ਦੇ ਦਾਨ। (ਅ) ਸ੍ਰੇਸ਼ਟ ਦਾਨ ਬੀ ਅਰਥ ਕਰਦੇ ਹਨ।

ਕਦਾ ਕਰਣੀ- (ਅ:, ਕੜਅ੍ = ਕੱਟਣੀ) ਕਟ ਦੇਣਾ।

ਪਹਿਰਣੁ- (ਫ਼ਾ:, ਪੈਰਾਹਨ) ਤਨ ਦਾ ਇਕ ਕਪੜਾ। ਚੋਲਾ। **ਪੈਰ**- ਚਰਨਾਂ ਦਾ।

ਪਹਿਰਣੁ ਪੈਰ ਧਿਆਨੁ- (ਪਰਮੇਸ਼ੁਰ ਦੇ) ਪੈਰਾਂ ਦਾ ਧਿਆਨ ਪੈਰਾਹਨ ਹੈ।

ਪਹਿਰਣੁ ਪੈਰ ਦਾ ਅਰਥ ਪੈਰਾਂ ਦਾ ਪੈਰਾਹਨ ਬੀ ਕਰਦੇ ਤੇ ਭਾਵ 'ਜੁੱਤਾ' ਲੈਂਦੇ ਹਨ। ਪਰ ਇਕ ਤਾਂ ਪੈਰਾਂ ਦੇ ਜੁੱਤੇ ਨੂੰ ਪੈਰਾਹਣ ਕਹਿਣਾ ਮੁਹਾਵਰਾ ਨਹੀਂ, ਦੂਜੇ ਨਜੂਨੋਪਮਾਂ ਹੋ ਜਾਂਦੀ ਹੈ।

ਕਮਰ ਬੰਦ- (ਫ਼ਾ:,) ਲੱਕ ਨੂੰ ਬੰਨ੍ਹਣ ਦਾ ਪਟਕਾ ! ਪੇਟੀ ਵਰਗਾ ਕਪੜਾ। ਪੇਟੀ।

ਪਾਖਰ- (ਸੰਸ:, ਪ੍ਰਖਰ:। ਹਿੰਦੀ ਪੰਜਾਬੀ-ਪਾਖਰ) ਘੋੜੇ ਹਾਥੀ ਦੀ ਰਖਯਾ ਦਾ ਲੋਹੇ ਦੀ ਜਾਲੀ ਦਾ ਝੋਲ।

ਤਰਕਸ- (ਫ਼ਾ:, ਤਰਕਸ਼। ਸੰਸ:, ਤੀਰ-ਕੋਸ਼) ਭੱਥਾ। ਤੀਰਾਂ ਦਾ ਭੱਥਾ।

ਸਾਖਤਿ- (ਫ਼ਾ:,) ਸਾਖ਼ਤ = ਘੋੜੇ ਦਾ ਜ਼ੇਵਰ (ਸਿੰਧੀ : ਸ਼ਾਕਤ = ਘੋੜੇ ਦੀ ਸਜਾਵਟ ਦਾ ਇਕ ਸਾਮਾਨ ਜੋ ਪਿੱਛੇ ਦੁਮ ਤਕ ਜਾਂਦਾ ਹੈ) ਸਜਾਵਟੀ ਦੁਮਚੀ।

ਤੇਗ ਬੰਦ- (ਫ਼ਾ:, ਤੇਗ਼ ਬੰਦ) ਤਲਵਾਰ ਦਾ ਗਾਤ੍ਰਾ। ਮੁਰਾਦ ਹੈ ਤੇਗ਼ ਸਮੇਤ ਗਾਤ੍ਰਾ।

ਧਾਤੁ- (ਧਾਵਨਾ ਤੋਂ) ਦੌੜਨਾ, ਧਾਈ।

ਨੇਜਾ- (ਫ਼ਾ:, ਨੇਜ਼ਾ) ਇਕ ਲੰਮਾ ਨੋਕਦਾਰ ਸ਼ਸਤਰ ਜਿਸ ਨਾਲ ਘੋੜੇ ਤੇ ਸਵਾਰ ਹੋ ਕੇ ਸ਼ਿਕਾਰ ਯਾ ਯੁੱਧ ਕਰਦੇ ਹਨ।

(ਸਿਰੀ ਰਾਗੁ ਮਹਲਾ ੧, ਚਉਪਦਾ- ੮)

ਪ੍ਰਾਕ੍ਥਨ-ਪਿਛਲੇ ਸ਼ਬਦਾਂ ਵਿਚ ਉਪਦੇਸ਼ ਤੇ ਉਪਦੇਸ਼ ਦਾਤਾ ਦਾ ਜ਼ਿਕਰ ਹੁੰਦਾ ਰਿਹਾ ਹੈ ; ਹੁਣ ਆਪਣੇ ਬਣੇ ਪੂਜਜ-ਪੀਰ ਤੇ ਸਿਧ ਦੇ ਟਾਕਰੇ ਤੇ ਸਤਿਗੁਰ ਦੇ ਥਾਪੇ 'ਨਾਮ-ਰਸੀਏ ਨਾਮ ਦਾਤਾ' ਦਾ ਫਰਕ ਦਰਸਾਉਂਦੇ ਹਨ[1]।

---

[1]ਗਜਾਨੀ ਸਜਣ ਦੱਸਦੇ ਹਨ ਕਿ ਇਹ ਸ਼ਬਦ ਸ਼ੇਖ ਬ੍ਰਹਮ ਪ੍ਰਤੀ ਉਚਾਰਿਆ ਸੀ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥ ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥ ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥ ਓਤੁਮਤੀ ਸਾਲਾਹਣਾ ਸਚੁ ਨਾਮੁ ਗੁਣ ਤਾਸੁ॥੧॥	ਕੇਸਰ ਦਾ ਸਰੀਰ ਹੋਵੇ, ਰਤਨਾਂ ਦੀ (ਸੁੰਦਰਤਾ ਵਰਗੀ ਉਸ ਸਰੀਰ) ਦੀ ਸੁੰਦਰਤਾ ਹੋਵੇ, ਸਰੀਰ ਵਿਚੋਂ (ਜੋ) ਸੁਆਸ ਆਉਂਦਾ ਹੋਵੇ ਸੋ ਅਗਰ (ਵਰਗੀ) ਸੁਗੰਧੀ ਵਾਲਾ ਹੋਵੇ। ਮੂੰਹ ਉਤੇ ਅਠਾਹਠ ਤੀਰਥਾਂ ਦਾ ਟਿੱਕਾ ਹੋਵੇ, ਉਸ ਹਿਰਦੇ ਵਿਚ (ਅਸਲੀ) ਮਤ ਦਾ ਖਿੜਾਉ (ਹੁੰਦਾ ਹੈ)। ਓਸ ਮਤਿ ਦਵਾਰਾ ਸਤਿਨਾਮ ਨੂੰ, ਜੋ ਗੁਣਾਂ ਦਾ ਸਮੂਹ ਹੈ ਸਲਾਹੁਣਾ ਚਾਹੀਦਾ ਹੈ। ॥ ੧ ॥
ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥੧॥ ਰਹਾਉ॥	ਹੇ ਬਾਬਾ ! (ਇਸ ਤੋਂ ਛੁਟ) ਜੋ ਹੋਰ ਮਤਿ ਹੈ, ਉਹ ਹੋਰ (ਹੀ) ਹੋਰ (ਸਿਖਾਲਦੀ ਹੈ)। (ਉਸ ਨੂੰ) ਜੇ ਸੌ ਵੇਰੀ ਬੀ ਕਮਾ ਕੇ (ਵੇਖੀਏ ਤਾਂ ਪਤਾ ਲਗਦਾ ਹੈ ਕਿ) ਕੂੜੇ ਦਾ ਜ਼ੋਰ ਕੂੜਾ ਹੀ ਹੈ ॥੧॥ ਰਹਾਉ॥
ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ॥ ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ॥੨॥	(ਚਾਹੋ) ਪੂਜਾ ਹੋਣ ਲਗ ਪਵੇ, ਪੀਰ ਬੀ ਉਹ ਸਦੀਣ ਲਗ ਪਵੇ, ਸਿਧ ਬੀ ਗਿਣਿਆ ਜਾਣ ਲਗ ਪਵੇ, ਆਪਣਾ ਨਾਮਣਾ ਬੀ ਕਰਾ ਲਵੇ ਤੇ ਸਾਰਾ ਸੰਸਾਰ ਬੀ ਉਸ ਨੂੰ ਮਿਲਣ ਲਗ ਪਵੇ, ਪਰ ਜੇ (ਦਰਗਾਹੇ) ਪਤਿ ਲੇਖੇ ਨਾ ਪਵੇ ਤਾਂ ਸਾਰੀ ਪੂਜਾ (ਦਾ ਅੰਤ) ਖੁਆਰੀ ਹੈ ॥ ੨ ॥
ਜਿਨ ਕਉ ਸਤਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ॥੩॥	(ਪਰ) ਜਿਨ੍ਹਾਂ ਨੂੰ ਸਤਿਗੁਰ ਨੇ (ਨਾਮ ਦਾਤਾ) ਸਥਾਪਨ ਕੀਤਾ ਹੈ ਉਹਨਾਂ ਨੂੰ ਕੌਣ ਮੇਟ ਸਕਦਾ ਹੈ। ਉਹਨਾਂ ਦੇ ਅੰਦਰ ਨਾਮ ਦਾ ਖਜ਼ਾਨਾ ਹੈ, ਨਾਮ ਨਾਲ ਓਹ ਪਰਗਟ ਹੋਏ ਹਨ। (ਉਹਨਾਂ ਦੇ ਘਰ) ਨਾਮ ਪੂਜੀਦਾ ਹੈ, ਨਾਮ ਮੰਨੀਦਾ ਹੈ, (ਉਹਨਾਂ ਨੂੰ) ਉਸ ਅਖੰਡ ਤੇ ਸਦਾ ਸੱਚ (ਦੀ ਪ੍ਰਾਪਤੀ ਹੁੰਦੀ ਹੈ।)॥੩॥
ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ॥ ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ॥ ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ॥੪॥੮॥	(ਪਰੰਤੂ ਪਤਿ ਲੇਖੇ ਨਾ ਪਿਆਂ ਜਦ ਪੂਜਜ ਪੁਰਖ ਮਰਦਾ ਹੈ ਤਾਂ) ਖੇਹ (ਦੇ ਬਣੇ ਸਰੀਰ) ਨੂੰ ਖੇਹ ਵਿਚ ਰਲਾ ਦਿਤਾ ਜਾਂਦਾ ਹੈ (ਤਾਂ) ਜੀਵਾਤਮਾ ਦਾ ਕੀ ਹਾਲ ਹੁੰਦਾ ਹੋਣਾ ਹੈ ? (ਉਸ ਵੇਲੇ) ਰੋਂਦਾ ਉਠ ਟੁਰਦਾ ਹੈ (ਤੇ ਆਖਦਾ ਹੈ ਕਿ) ਸਭ ਸਿਆਣਪਾਂ (ਮੇਰੀਆਂ) ਸੜ ਗਈਆਂ। (ਹੁਣ ਆਪ ਸਮਝ ਲਓ, ਆਖਦੇ ਹਨ ਗੁਰੂ) ਨਾਨਕ (ਦੇਵ ਜੀ) ਕਿ ਨਾਮ ਦੇ ਵਿਸਾਰਣ ਕਰਕੇ ਦਰਗਾਹੇ ਗਿਆਂ ਉਸ ਦਾ ਕੀਹ ਹਾਲ ਹੁੰਦਾ ਹੋਊ ॥ ੪ ॥ ੮ ॥

ਵਯਾਖਯਾ—ਪਹਿਲੀ ਤੇ ਤੀਸਰੀ ਪਉੜੀ, ਦੂਸਰੀ ਤੇ ਚੌਥੀ ਪਉੜੀ ਆਪੋ ਵਿਚ ਸੁਰ ਰਖਦੀਆਂ ਹਨ। ਪਹਿਲੇ ਜੁੱਟ ਵਿਚ 'ਪੂਜਯ' ਪੁਰਖ ਅਰਥਾਤ ਸਿਖ੍ਯਾ ਪ੍ਰਦਾਤਾ- ਜਿਸ ਦੀ ਦਿਤੀ

ਮਤਿ ਤੇ ਟੁਰਨਾ ਹੈ- ਦੇ ਲੱਛਣ, ਤੇ ਅੰਤ ਦੱਸੇ ਹਨ, ਤੇ ਦੂਸਰੇ ਜੁੱਟ ਵਿਚ, ਜੋ ਆਪੇ ਪੂਜਜ ਬਣਦੇ ਹਨ, ਉਹਨਾਂ ਦੇ ਲੱਛਣ ਤੇ ਅੰਤ ਦੱਸੇ ਹਨ।

੧. ਭਾਵ ਇਹ ਹੈ ਕਿ ਸਿਖਿਆ ਓਹ ਦੇ ਸਕਦੇ ਹੈਨ, ਜਿਨ੍ਹਾਂ ਨੂੰ ਸਤਿਗੁਰੂ ਨੇ ਥਾਪਿਆ ਹੈ। ਫੇਰ ਉਹਨਾਂ ਦੀ ਮਸ਼ਹੂਰੀ, ਸਤਿਕਾਰ ਤੇ ਆਦਰ ਜੋ ਕੁਛ ਹੁੰਦਾ ਹੈ, ਉਹ ਨਾਮ ਦੇ ਪ੍ਰਤਾਪ ਕਰਕੇ ਹੁੰਦਾ ਹੈ, ਇਸ ਕਰਕੇ ਉਹਨਾਂ ਨੂੰ ਉਸ ਪਦ ਤੋਂ ਕੋਈ ਮੇਟ (ਉਖੇੜ) ਨਹੀਂ ਸਕਦਾ, ਓਹ ਆਪਣੀ ਚਤੁਰਾਈ ਦੇ ਯਾ ਲੋਕਾਂ ਦੇ ਬਣਾਏ ਨਹੀਂ ਬਣੇ ਹੁੰਦੇ ਜੋ ਮਿਟ ਸਕਣ, ਸਤਿਗੁਰ ਦੇ ਥਾਪੇ ਹੋਏ ਸਤਿਗੁਰ ਹੀ ਮੇਟ ਸਕਦਾ ਹੈ, ਤੇ ਸਤਿਗੁਰ ਦਾ ਬਿਰਦ ਇਹ ਹੈ:-

ਸਖੀ ਵਸਿ ਆਇਆ ਫਿਰਿ ਛੋਡਿ ਨਾ ਜਾਈ ਇਹ ਰੀਤਿ ਭਲੀ ਭਗਵੰਤੈ॥ (ਗਉੜੀ ਮ: ੫-੪)

ਇਸੇ ਕਰਕੇ ਕਿ ਉਹਨਾਂ ਦੇ ਅੰਦਰ ਨਾਮ ਤੇ ਸਿਰ ਤੇ ਸਾਂਈਂ ਦਾ ਹੱਥ ਹੈ, ਉਹਨਾਂ ਦੀ ਕੀਰਤੀ ਸੱਚੀ ਕੀਰਤੀ ਹੈ, ਤੇ ਅਖੰਡ ਕੀਰਤੀ ਹੈ।

ਅੰਦਰ ਨਾਮ ਤੇ ਸਿਰ ਤੇ ਗੁਰੂ-ਹੱਥ (ਥਾਪਨਾ) ਦੇ ਲੱਛਣ ਕੀ ਹਨ ?

ਉੱਤਰ :- (ੳ) ਕੁੰਗੂ ਵਾਂਙ ਨਿਰਮਲ ਉਹਨਾਂ ਦਾ ਸਰੀਰ ਹੁੰਦਾ ਹੈ, ਭਾਵ ਪਵਿਤ੍ਰ ਹੁੰਦਾ ਹੈ। ਕੁੰਗੂ ਵਿਚ ਪਵਿੱਤ੍ਰਤਾ ਤੇ ਸੁੰਦਰਤਾ ਦੋ ਗੁਣ ਹਨ। ਪੰਜਾਬੀ ਵਿਚ ਜਦ ਕਦੇ ਸ਼ੁੱਧਤਾ ਦੀ ਗੱਲ ਕਰਦੇ ਹਨ ਤਾਂ ਆਖਦੇ ਹਨ 'ਕੁੰਗੂ ਵਾਂਙੂ ਸਾਫ ਹੈ।' ਸੋ 'ਕੁੰਗੂ ਕਾਂਇਆ' ਦਾ ਅਰਥ ਹੈ, ਵਿਕਾਰਾਂ ਤੋਂ ਸਾਫ ਅਤੇ ਪਵਿਤ੍ਰ ਸਰੀਰ।

(ਅ) 'ਰਤਨਾ ਕੀ ਲਲਿਤਾ'- ਰਤਨ ਓਹ ਪੱਥਰ ਹਨ, ਜੋ ਅਤਿ ਸਾਫ ਰੰਗ ਦੇ ਆਪਣੀ ਬਨਾਵਟ ਵਿਚ ਬੇਕਾਂਪ ਹੁੰਦੇ ਹਨ ; ਫੇਰ ਓਹ ਪੱਥਰ ਨਹੀਂ ਕਹੀਦੇ, ਰਤਨ ਆਖੀਦੇ ਹਨ, ਰਤਨਾਂ ਦੀ ਸੁੰਦਰਤਾ ਯਾ 'ਆਭਾ' ਉਹਨਾਂ ਦੀ ਅਸਲੀ ਅੰਦਰਲੀ ਹੈ। ਉਹ ਸੁੰਦਰਤਾ ਕਿਵੇਂ ਬੀ ਬਾਹਰ ਦੀ ਨਹੀਂ, ਧੁਰ ਨਿਜ ਦੀ ਹੈ। ਸੋ ਉਹਨਾਂ ਦੀ ਦੇਹੀ ਵਿਚ ਕੇਸਰ ਵਰਗੀ ਪਵਿੱਤ੍ਰਤਾ ਅਤੇ ਰਤਨਾ ਵਰਗੀ ਅਸਲੀ ਆਭਾ ਹੁੰਦੀ ਹੈ। ਇਉਂ ਬੀ ਅਰਥ ਕਰਦੇ ਹਨ ਕਿ ਰਤਨ ਕਹਿਣ ਤੋਂ ਅਰਥ ਹੈ, ਸੁੱਚੇ ਅਮੋਲਕ ਤੇ ਸੁਖਦਾਈ ਬਚਨ ਬੋਲਣੇ। 'ਲਲਿਤਾ' ਤਦੋਂ ਜੀਭ ਦੇ ਅਰਥਾਂ ਵਿਚ ਲਾ ਲੈਂਦੇ ਹਨ, ਜੋ ਬੋਲੇ ਸੋ ਰਤਨਾਂ ਵਾਂਙ ਸ਼ੁੱਧ, ਪੂਰਾ ਅਮੋਲਕ ਤੇ ਸੁਖਦਾਈ।

(ੲ) ਫੇਰ ਸਰੀਰ ਦੇ ਸੁਆਸ, ਜੋ ਉਹ ਲੈਣ, ਉਹਨਾਂ ਦੀ ਅਗਰ ਵਾਂਙੂ ਖੁਸ਼ਬੋ ਆਵੇ। ਅਗਰ ਇਕ ਅਮੋਲਕ ਖੁਸ਼ਬੋਦਾਰ ਲਕੜੀ ਤੇ ਉਸ ਦੀ ਗੋਂਦ ਹੈ, ਜਿਸ ਨੂੰ ਧੁਖਾਈਏ ਤਾਂ ਸੁਗੰਧਿ ਨਿਕਲਦੀ ਹੈ, ਸੁਆਸ ਜੋ ਆਉਣ ਤਾਂ ਖੁਸ਼ਬੂਦਾਰ ਆਉਣ। ਸਰੀਰ ਦੇ ਅੰਦਰ ਇਕ ਅੱਗ ਬਲਦੀ ਹੈ। ਜਿਸ ਦੀ ਗਰਮੀ ਨੂੰ 'ਨਿੱਘ' ਆਖਦੇ ਹਨ, ਉਸ ਬਲਨੇ ਤੋਂ ਅੰਦਰ ਜੋ ਮਾੜੇ ਅਵੈਵ ਹੁੰਦੇ ਹਨ ਉਹ ਪੌਣ ਨਾਲ ਮਿਲਕੇ ਸੁਆਸ ਦੁਆਰਾ ਨਿਕਲਦੇ ਹਨ, ਤਿਵੇਂ ਉਸ ਪੁਰਖ ਦੇ ਮਨ ਵਿਚ ਜੋ ਨਾਮ ਦੀ ਅੱਗ ਬਲ ਰਹੀ ਹੈ, ਉਹ ਸਾਰੇ ਸੰਚਿਤ ਤੇ ਹੋ ਰਹੇ ਕਰਮਾਂ ਨੂੰ ਸਾੜ ਰਹੀ ਹੈ। ਜਿਸ ਕਰਕੇ ਅਸ਼ੁਭ ਵਾਸ਼ਨਾ ਦਗਧ ਹੋ ਕੇ ਸ਼ੁਭ ਵਾਸ਼ਨਾ ਵਾਲੇ ਸੁਆਸ ਆਉਂਦੇ ਹਨ। ਫੇਰ ਮਨ ਦੇ ਵਿਚ ਨਾਮ ਦਾ ਨਿਵਾਸ ਹੋਣ ਕਰਕੇ ਜੋ ਸੰਕਲਪ ਵਸਦੇ ਹਨ ਉਹ ਸ਼ੁੱਧ ਸਤੋਗੁਣੀ ਹੁੰਦੇ ਹਨ, ਸੋ ਉਹਨਾਂ ਦੇ ਅੰਦਰੋਂ ਸੁਗੰਧੀ ਨਿਕਲ ਰਹੀ ਹੈ, ਸ਼ੁੱਧ ਸੰਕਲਪਾਂ ਦੀ। 'ਵਾਸ' ਪਦ ਗੁਰੂ ਜੀ ਨੇ ਸ਼ਲੇਖ ਰਖਿਆ ਹੈ 'ਸੁਗੰਧੀ' ਤੇ 'ਸੰਕਲਪ' ਅਰਥਾਂ ਵਾਲਾ। ਸ਼ੁੱਧ ਵਾਸ਼ਨਾ ਉਸ ਦੀਆਂ ਸੁਗੰਧਿਤ ਹਨ, ਨਾਮ ਦੀ ਲਪਟ ਨਾਲ।

(ਸ) ਅਠਾਹਠ ਤੀਰਥਾਂ ਦਾ ਟਿੱਕਾ। ਜੋ ਫਲ ਸਾਰੇ ਤੀਰਥ ਪਰਸਨ ਦਾ ਮੰਨਿਆ ਜਾਂਦਾ ਹੈ, ਜੋ ਪਾਪਾਂ ਦਾ ਨਾਸ਼ ਹੋਣਾ ਹੈ, ਸੋ ਉਸ ਦੇ ਮੱਥੇ ਤੇ ਹੈ, ਭਾਵ ਉਸ ਦੇ ਮੱਥੇ ਉਤੇ ਅੰਦਰਲੀ ਸ਼ੁੱਧਤਾ ਤੇ ਖੇੜਾ ਆ ਜਾਂਦਾ ਹੈ, ਐਸਾ ਕਿ ਉਸ ਦੇ ਮੱਥੇ ਲੱਗਿਆਂ, ਜਾਂ ਦਰਸ਼ਨ ਕੀਤਿਆਂ ਪਾਪ ਭੱਜਦੇ ਹਨ।

'ਸਾਧ ਕੈ ਸੰਗਿ ਨਹੀਂ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥' (ਸੁਖਮਨੀ ੭-੬)

ਉਸ ਦੇ ਦਰਸ਼ਨ ਮਾਤ੍ਰ ਨਾਲ ਉਸ ਦੇ ਮਨ ਤੇ ਸੁਭਾਵ ਦਾ ਸ਼ਰਧਾਲੂ ਦੇ ਦਿਲ ਤੇ ਪਵਿੱਤ੍ਰਤਾ ਦਾ ਅਕਸ ਪੈਂਦਾ ਹੈ। ਐਸੇ ਲੱਛਣ ਜਿਸ ਦੇ ਹਨ, ਯਾ ਜਿਸ ਨੇ ਸਰੀਰ ਨੂੰ ਪਵਿੱਤ੍ਰ, ਬਾਣੀ ਨੂੰ ਪਵਿੱਤ੍ਰ ਤੇ ਵਾਸ਼ਨਾ ਨੂੰ ਪਵਿੱਤ੍ਰ ਕੀਤਾ ਹੈ, ਉਸਨੇ ਸ੍ਰੇਸ਼ਟ ਅਕਲ ਪਾਈ ਹੈ। ਬੁੱਧੀ ਨੇ ਅਪਣੇ ਅਸਲੀ ਖਿੜੇ ਹੋਏ (ਪ੍ਰਸੰਨ) ਸਰੂਪ ਦਾ ਪ੍ਰਕਾਸ਼ ਉਸ ਵਿਚ ਪਾਇਆ ਹੈ, ਭਾਵ ਉਹ ਬੁੱਧੀ ਜੋ ਪਰਮਾਤਮਾਂ ਨੂੰ ਹਰ ਰੰਗੇ ਸਿਆਣ ਲੈਂਦੀ ਹੈ ਉਹਨਾਂ ਨੂੰ ਪ੍ਰਾਪਤ ਹੋ ਗਈ ਹੈ। ਇਸ ਬੁੱਧੀ ਨਾਲ ਵਾਹਿਗੁਰੂ ਦੇ ਸੱਚੇ ਨਾਮ ਦਾ ਨਿਵਾਸ ਉਸ ਦੇ ਹਿਰਦੇ ਵਿਚ ਹੋਇਆ ਹੁੰਦਾ ਹੈ। ਐਸੇ ਪੁਰਖ ਸਤਿਗੁਰੂ ਦੇ ਥਾਪੇ ਹੋਏ ਹੁੰਦੇ ਹਨ, ਐਸਿਆਂ ਦੀ ਸੁਮਤੀ ਦੁਆਰਾ ਵਾਹਿਗੁਰੂ ਜੀ ਦਾ ਸੱਚਾ ਨਾਮ ਸਲਾਹੁਣਾ ਚਾਹੀਦਾ ਹੈ। 'ਓਤੁ ਮਤੀ ਸਾਲਾਹਣਾ' ਦਾ ਭਾਵ ਹੈ ਕਿ ਐਸੇ ਪੁਰਖ ਦੀ ਸੁਮਤਿ ਲੈ ਕੇ-ਸਿਖਜ਼ਾ ਯਾ ਉਪਦੇਸ਼ ਲੈ ਕੇ-ਪਰਮੇਸ਼ੁਰ ਦਾ ਨਾਮ ਸਿਮਰੋ ਤੇ ਗੁਣ ਗਾਇਨ ਕਰੋ। ਜੋ ਐਸਾ ਨਹੀਂ, ਉਸ ਦੀ ਮਤ ਲੈ ਕੇ ਹੋਰ ਹੋਰ ਪਾਸੇ ਪੈ ਜਾਓਗੇ, ਸਿੱਧੇ ਰਾਹ ਮੰਜ਼ਲੇ ਨਹੀਂ ਪੁੱਜੋਗੇ। ਕਿਉਂਕਿ ਨਾਮ ਵਿਹੂਣੇ ਵਡੇ ਪੂਜਜ ਪੁਰਖਾਂ ਵਿਚ ਕੂੜ ਦਾ ਜ਼ੋਰ ਹੁੰਦਾ ਹੈ, ਉਹ ਕੂੜ ਕੁਸਤਤ ਵਿਚ ਲੈ ਜਾਏਗਾ, ਸਤਤ ਸਰੂਪ ਵਿਚ ਨਹੀਂ ਲੈ ਜਾਏਗਾ।

੨. ਇਸ ਵਿਚ ਦੂਸਰੀ ਮਤ, ਜੋ ਪਵਿਤ੍ਰ ਸਰੀਰ, ਪਵਿਤ੍ਰ ਬਾਣੀ ਤੇ ਪਵਿਤ੍ਰ ਵਾਸ਼ਨਾ ਤੋਂ ਨਹੀਂ ਹੈ, ਦਾ ਕਥਨ ਹੈ। ਉਪਰ ਕਹੀ ਮਤ ਤੋਂ ਜੋ ਹੋਰ ਮਤਿ ਹੈ, ਉਹ ਅਤ੍ਰਿਪਤਾਈ ਸਿਖਾਲਦੀ ਹੈ। 'ਹੋਰ ਹੀ ਹੋਰ ਹੋਵੇ' ਇਹ ਵਾਸ਼ਨਾ ਵਧਾਉਂਦੀ ਹੈ ਤੇ ਕਿਤੇ ਰੱਜਦੀ ਨਹੀਂ। ਜੇ ਇਸ ਮਤਿ ਨੂੰ ਸੈਂਕੜੇ ਵੇਰ ਕਮਾ ਕਮਾ ਕੇ (ਵਰਤ ਵਰਤ ਕੇ) ਵੇਖੀਏ ਤਾਂ ਕੂੜੇ ਪਦਾਰਥ ਕੱਠੇ ਕਰਦੀ ਹੈ, ਆਪ ਬੀ ਕਮਾਏ ਜਾਣ ਨਾਲ ਵਧਦੀ ਹੈ, ਪਰ ਬਲਵਾਨ ਨਹੀਂ ਹੁੰਦੀ। ਅਕਲਈਆ ਕਹਾਈਦਾ ਹੈ, ਪਰ ਉਸ ਅਕਲ ਦਾ ਬਲ ਕੂੜਾ ਹੈ ; ਕਿਉਂਕਿ ਕੂੜੀਆਂ ਵਾਸ਼ਨਾ ਵਿਚ ਉਸ ਦੀ ਕਮਾਈ ਕੀਤੀ ਹੈ, ਤੇ ਕੂੜ ਵਿਹਾਝੇ ਹਨ। ਭਲਾ ਜੇ ਕੋਈ ਦਿਖਾਵੇ ਦੇ ਸਾਧਨ ਕਰਕੇ ਕਿਸੇ ਤਰ੍ਹਾਂ ਪੂਜਜ ਬਣ ਹੀ ਗਿਆ ਹੋਵੇ, ਸਿੱਧ ਯਾ ਪੀਰ ਕਹਾ ਰਿਹਾ ਹੋਵੇ, ਤਦ ਤਾਂ ਕਮਾਈ ਸਫਲ ਹੈ ? ਦੱਸਦੇ ਹਨ : ਨਹੀਂ, ਪੂਜਾ ਬੀ ਹੋਵੇ ; ਲੋਕ ਸਤਿਕਾਰ ਬੀ ਕਰਨ, ਸਿਧ ਪੀਰ ਬੀ ਸਦਾਵੇ, ਨਾਮਣਾ ਬੀ ਪ੍ਰਾਪਤ ਹੋਵੇ, ਪਰ ਕਿਉਂਕਿ ਅੰਦਰ ਨਾਮ ਨਹੀਂ ਹੈ, ਮਨ ਬਾਣੀ ਕਰਨੀ ਕਰਕੇ ਪਵਿੱਤ੍ਰ ਨਹੀਂ ਹੈ, ਉਸ ਵਿਚ ਅਕਾਲ ਪੁਰਖ ਨੂੰ ਸਿਆਣਨ ਵਾਲੀ ਬੁੱਧੀ ਦਾ ਪ੍ਰਕਾਸ਼ ਨਹੀਂ ਹੈ, ਤੇ ਉਸ ਦੇ ਸਿਰ ਉਤੇ ਸਤਿਗੁਰੂ ਦਾ ਹੱਥ ਨਹੀਂ ਹੈ, ਉਹ ਆਪੇ ਆਪਣਾ ਨਾਉਂ ਯਾ ਪੂਜਜ ਯਾ ਸਿਧ ਯਾ ਪੀਰ ਸਦਾਉਂਦਾ ਹੈ, ਸੋ ਜੇ ਸਤਿਗੁਰ ਨੇ ਉਸ ਨੂੰ ਥਾਪਿਆ ਨਹੀਂ ਤਾਂ ਦਰਗਾਹ ਵਿਚ ਉਸ ਦਾ ਸਤਿਕਾਰ ਕੋਈ ਨਹੀਂ ਹੈ, ਉਸ ਦਾ ਅੰਤ ਖੁਆਰੀ ਹੋਵੇਗਾ। ਜਿਸ ਦੀ ਪਤਿ ਦਰਗਾਹੇ ਨਹੀਂ ਹੈ, ਉਸ ਦੇ ਅੰਦਰ ਜੋ ਵਾਸ਼ਨਾ, ਤ੍ਰਿਸ਼ਨਾ ਲੋਭ ਹਨ, ਉਹ ਜਦ ਸਰੀਰ ਛੱਡੇਗਾ ਤਾਂ ਪਤਾ ਲਗੇਗਾ ਕਿ ਸੱਭੇ ਵਿਖ ਸਨ, ਤਦੋਂ ਸਾਰੀਆਂ ਅਕਲਾਂ ਸੜ ਜਾਣਗੀਆਂ ਤੇ ਪਸ਼ਚਾਤਾਪ ਵਿਚ ਦੁਖੀ ਹੋਵੇਗਾ। ਗੁਰੂ ਜੀ ਕਹਿੰਦੇ ਹਨ, ਇਨ੍ਹਾਂ ਨੇ ਨਾਮ ਵਿਸਾਰੀ ਰਖਿਆ ਹੈ, ਸੋਚੋ ਦਰਗਾਹੇ ਜਾਕੇ ਇਨ੍ਹਾਂ ਦਾ ਕੀ ਹਾਲ ਹੋਵੇਗਾ ? ਸਪਸ਼ਟ ਹੈ ਕਿ ਬੁਰਾ ਹੋਵੇਗਾ।

ਸਾਹਿਤਜਕ ਪਹਿਲੂ-'ਕੁੰਗੂ ਕੀ ਕਾਂਇਆ....' ਸਤਰਾਂ ਵਿਚ ਕਾਵਜ ਦਾ ਕਮਾਲ ਤੇ ਨਾਲ ਹੀ ਆਤਮਕ ਆਦਰਸ਼ ਦਾ ਕਮਾਲ ਹੈ। ਕੇਸਰ ਵਰਗੇ ਪੀਲੇ ਕਪੜੇ ਹੀ ਸਾਧੂ ਦੇ ਨਾ ਹੋਣ, ਸਾਧੂ ਦੀ ਦੇਹ ਕੇਸਰ ਵਰਗੀ ਪਵਿਤ੍ਰ ਤੇ ਗੌਰੰਗ ਹੋਵੇ। ਉਸ ਦੇਹ ਤੇ ਜੋ ਖ਼ੂਬਸੂਰਤੀ ਹੋਵੇ ਉਹ ਬਾਹਰਲੀ ਚਮਕ ਦਮਕ ਧੋਣ ਪਾਣ ਦੀ ਨਾ ਹੋਵੇ, ਉਹ ਉਸ ਦੀ ਅੰਦਰੂਨੀ ਤੇ ਨਿਜ ਦੀ ਸੁੰਦਰਤਾ ਹੋਵੇ, ਜਿਸ ਤਰ੍ਹਾਂ ਰਤਨਾ ਦੀ ਸੁੰਦਰਤਾ ਨਿਜ ਦੀ ਅਪਣੀ ਅੰਦਰਲੀ ਤੇ ਸੁਤੇ ਸੁੰਦਰਤਾ ਹੈ। ਇਸ ਤਰ੍ਹਾਂ ਉਸ ਮਹਾਂ ਪੁਰਖ ਦੀ ਆਭਾ ਆਤਮਿਕ ਤੇ ਨਿਜ ਦੀ ਹੋਵੇ। ਉਸ ਦੀ ਦਮਕ ਵਾਸ਼ਨਾ ਅਤਰ ਫੁਲੇਲ ਦੀ ਨਾ

ਹੋਵੇ ਉਸ ਤੋਂ ਜੋ ਕੁਛ ਪ੍ਰਕਾਸ਼ ਪਾਵੇ ਉਹ ਸੁਗੰਧੀ ਹੋਵੇ। ਉਸ ਤਨ ਵਿਚੋਂ ਜੋ ਸੁਆਸ ਆਉਣ ਉਹ ਅਗਰ ਦੀ ਸੁਗੰਧੀ ਵਾਙੂ ਸੁਗੰਧਤ ਹੋਣ। ਅਗਰ ਇਕ ਬ੍ਰਿਛ ਹੈ, ਜਿਸ ਦੇ ਅੰਦਰ ਦੀਆਂ ਗੰਢਾਂ ਸੁਗੰਧੀ ਰੂਪ ਹੁੰਦੀਆਂ ਹਨ, ਇਸ ਤੋਂ ਅਤਰ ਬੀ ਕੱਢਦੇ ਹਨ, ਇਹ ਸੁਗੰਧੀ ਅਗਰ ਦੇ ਪੇੜ ਵਿਚ ਲਗ ਪਗ ਪੰਜਾਹ ਵਰ੍ਹੇ ਵਿਚ ਤਿਆਰ ਹੁੰਦੀ ਹੈ। ਏਥੇ ਬੀ ਇਸ਼ਾਰਾ ਹੈ ਕਿ ਉਸ ਦੀ ਅੰਦਰਲੀ ਖੁਸ਼ਬੋ ਅੰਦਰਲੀ ਅਸਲੀ ਹੋਵੇ ਤੇ ਉਹ ਬਾਹਰ ਆਵੇ। ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਪ੍ਰਗਟ ਹੋਏ ਤਾਂ ਲੋਕੀ ਆਖਦੇ ਸਨ : 'ਕਲਜੁਗ ਵਿਚ ਨਾਨਕ ਤਪਾ ਮੁਸ਼ਕਿਆ ਹੈ।' ਇਹ ਉਸ ਆਤਮਕ ਖੁਸ਼ਬੋ ਵਲ ਸੈਨਤ ਹੈ। ਬਨਾਵਟੀ ਵਾਕ ਰਚਨਾ ਦੀ ਗੰਧਿ ਨਾ ਹੋਵੇ, ਉਸ ਦੀ ਆਪਣੀ ਆਤਮਾ ਦੀ ਨਿਜ ਸੁਗੰਧੀ ਮਹਿਕ ਉੱਠੇ ਤੇ ਉਸ ਤੋਂ ਪ੍ਰਕਾਸ਼ ਪਾ ਕੇ ਦੂਸਰਿਆਂ ਨੂੰ ਸੁਗੰਧਿਤ ਕਰੇ, ਯਥਾ :-

ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ॥
ਜਾਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥ (ਪ੍ਰਭਾਤੀ ਮ: ੧-੬)

ਅਸਲੀ ਮਹਾਂ ਪੁਰਖਾਂ ਵਿਚੋਂ ਸੁਤੇ ਸੁਗੰਧੀ ਦਾ ਮਹਿਕਣਾ ਬੀ ਹੁੰਦਾ ਹੈ। ਫਿਰ ਉਸ ਦੀਆਂ ਕਰਨੀਆਂ ਤੀਰਥਾਟਨ ਤੇ ਟਿੱਕੇ ਲੁਆਉਣ ਮਾਤ੍ਰ ਸਰੀਰੀ ਜ਼ੁਹਦ ਤੇ ਤਤਿਖ਼ਯਾ ਵਾਲੇ ਨਾ ਹੋਣ, ਸਗੋਂ ਜੋ ਫਲ ਅਠਾਹਠ ਤੀਰਥਾਂ ਦਾ ਮੰਨਿਆ ਹੈ, ਉਸ ਦਾ ਤਿਲਕ ਉਸ ਦੇ ਮਸਤਕ ਤੇ ਹੋਵੇ। ਭਾਵ ਉਸ ਦਾ ਦਰਸ਼ਨ ਮਾਤ੍ਰ ਨਿਹਾਲ ਕਰਨੇ ਵਾਲਾ ਹੋਵੇ :-

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥ (ਸੁਖਮਨੀ, ੭-੬)

ਇਹ ਸਭ ਕੁਛ ਤਾਂ ਬਣੇਗਾ ਜੇ ਅੰਦਰ, ਧੁਰ ਅੰਦਰ, ਨਾਮ ਦਾ ਨਿਵਾਸ ਹੋ ਜਾਵੇਗਾ। ਉਹ ਨਾਮ ਸੁਗੰਧੀ ਰੂਪ ਹੋ ਕੇ ਪ੍ਰਾਦੁਰ-ਭਾਵ ਲਏਗਾ ਤੇ ਜਗਤ ਦਾ ਭਲਾ ਕਰੇਗਾ।

ਇਨ੍ਹਾਂ ਸਤਰਾਂ ਵਿਚ ਉੱਚ ਆਦਰਸ਼, ਧਰਮ, ਫਿਲਾਸਫੀ, ਰਹੱਸਜ, ਅਧਯਾਤਮਤਾ ਦੇ ਸੰਮੇਲਨ ਕਮਾਲ ਦੇ ਹਨ, ਜਿਨ੍ਹਾਂ ਵਿਚੋਂ ਅਸਲੀਅਤ ਮੂਰਤੀਮਾਨ ਹੋ ਰਹੀ ਹੈ।

ਨਿਰੁਕ੍ਤ- ਕੁੰਗੂ- ਕੇਸਰ। ਘੋਲਿਆ ਹੋਇਆ ਕੇਸਰ। ਦੇਖੋ ਪਿੱਛੇ ਪੰਨਾ ੨੨੩।

ਕਾਇਆ- (ਸੰਸ:, ਕਾਯ:) ਸਰੀਰ। ਦੇਹ।

ਲਲਿਤਾ- (ਸੰਸ:, ਲਲਿਤ = ਸੁੰਦਰ) ਸੁੰਦਰਤਾ, ਆਭਾ, ਖ਼ੂਬਸੂਰਤੀ।

(ਅ) ਲਲਿਤਾ ਦਾ ਅਰਥ 'ਜੀਭ' ਬੀ ਲਾ ਲੈਂਦੇ ਹਨ। ਪਰ ਕਾਵਜ ਦੇ ਨੁਕਤੇ ਤੋਂ ਲਲਿਤਾ ਦਾ ਅਪਣਾ ਅਸਲੀ ਤੇ ਸ਼ੁੱਧ ਅਰਥ ਸੁੰਦਰਤਾ 'ਰਤਨਾਂ ਦੀ ਆਪਣੀ ਸੁੰਦਰਤਾ' ਦੇ ਅਰਥਾਂ ਵਿਚ ਵਧੇਰੇ ਢੁੱਕਵਾਂ ਹੈ।

ਅਗਰਿ- ਖੁਸ਼ਬੋਦਾਰ ਪਦਾਰਥ। ਸਵਿਸਥਾਰ ਦੇਖੋ ਨਿਰੁਕ੍ਤ ਪਿੱਛੇ ਪੰਨਾ ੨੨੪.

ਵਾਸੁ- (ਸੰਸ:, ਵਾਸ੍ = ਸੁਗੰਧਿਤ ਕਰਨਾ। ਵਸ੍ = ਨਿਵਾਸ ਕਰਨਾ :)।

(੧) ਖੁਸ਼ਬੋ, ਸੁਗੰਧੀ। (੨) ਵਸੇਬਾ, ਵਸਣੇ ਦੀ ਥਾਂ। (੩) ਵਾਸ਼ਨਾ- ਇੱਛਾ

ਮਤਿ ਵਿਗਾਸੁ- ਮਤਿ ਦਾ ਖਿੜਾਉ। ਭਾਵ ਸ਼ੁਭ ਮਤ ਓਥੇ ਖਿੜਦੀ ਹੈ।

ਗੁਣ ਤਾਸੁ- ਗੁਣਾਂ ਦਾ ਸਮੂਹ। ਗੁਣਾਂ ਦੀ ਨਿਧੀ।

ਸੁਮਾਰੁ- (ਫ਼ਾ:, ਸ਼ੁਮਾਰ) ਗੇਣਤੀ।

ਹੋਵੈ ਸੁਮਾਰੁ- ਗਿਣਿਆ ਜਾਂਦਾ ਹੈ।

ਨਿਧਾਨੁ- ਨਿਧੀਆਂ ਦਾ ਘਰ। ਖ਼ਜ਼ਾਨਾ।

(ਸਿਰੀ ਰਾਗੁ ਮ: ੧, ਚਉਪਦਾ-੯)

ਪ੍ਰਾਕ੍ਰਥਨ ਜਿਸ ਦੀ ਮਤਿ ਲੈ ਕੇ ਨਾਮ ਦੀ ਕਮਾਈ ਕਰਨੀ ਹੈ, ਉਸ ਦੇ ਲੱਛਣ ਬੰਨ੍ਹ ਕੇ ਗੁਰੂ ਜੀ ਹੁਣ ਅਗਲੇ ਸ਼ਬਦ ਵਿਚ ਨਾਮ ਗ੍ਰਹਣ ਕਰਨ ਵਾਲੇ ਜਗਜਾਸੂ ਨੂੰ ਉਪਦੇਸ਼ ਦੇਂਦੇ ਹਨ ਕਿ ਗੁਣਵੰਤ ਕੀਕੂੰ ਬਣੀਦਾ ਹੈ।

ਸ਼ਬਦ ਵਿਚ ਗੁਣਵੰਤੀ ਤੇ ਔਗੁਣਵੰਤੀ ਇਸਤ੍ਰੀ ਦਾ ਦ੍ਰਿਸ਼ਟਾਂਤ ਵਰਤਿਆ ਹੈ। ਇਸ ਲਈ ਨਿਖੇੜਵੀਂ ਸਮਝ ਆ ਜਾਣ ਲਈ ਅਰਥ ਇਕ ਨਕਸ਼ਾ ਬਣਾਕੇ ਕੀਤੇ ਹਨ ਤਾਂ ਜੋ ਇਸਤ੍ਰੀ ਦੇ ਦ੍ਰਿਸ਼ਟਾਂਤਕਿ ਗੁਣ ਤੇ ਜਗਜਾਸੂ ਦੇ ਨਿਜ ਗੁਣ ਸਪਸ਼ਟ ਦਿੱਸ ਪੈਣ।

ਮੂਲ	ਕਾਮਣੀ ਪਰਥਾਇ	ਜਗਜਾਸੂ ਪਰਥਾਇ
ਸਿਰੀ ਰਾਗੁ ਮਹਲਾ ੧॥ ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ॥ ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ॥ ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ॥੧॥	ਹੇ (ਪਤੀ ਪ੍ਰਾਪਤੀ ਦੀ) ਕਾਮਨਾ ਵਾਲੀ (ਬੀਬੀ !) ਜੇ ਤੂੰ ਵਰ ਦੀ ਇੱਛਾ ਰਖਦੀ ਹੈਂ (ਤਾਂ) ਗੁਣਵੰਤੀ (ਵੱਲ ਵੇਖ ਕਿ ਓਹ ਆਪਣੇ ਵਿਚ) ਗੁਣਾਂ ਨੂੰ ਵਧਾਉਂਦੀ ਹੈ, (ਤੇ) ਔਗੁਣਵੰਤੀ (ਔਗੁਣ ਵਧਾਕੇ) ਝੂਰਦੀ ਹੈ (ਸੋ ਤੂੰ ਗੁਣ ਧਾਰਨ ਕਰ; ਸਭ ਤੋਂ ਵੱਡਾ ਗੁਣ ਸੱਚ ਹੈ, ਕਿਉਂਕਿ) ਝੂਠ ਨਾਲ ਪਤੀ ਨੂੰ ਨਹੀਂ ਮਿਲ ਸਕੀਦਾ। (ਫਿਰ) ਪਤੀ ਦੂਰ (ਸਮੁੰਦਰੋਂ ਪਾਰ ਹੈ) ਤੇਰੇ ਪਾਸ ਨਾ ਬੇੜੀ ਹੈ ਨਾ ਤੁਲਹੜਾ ਹੈ ਸੋ ਨਹੀਂ ਪਾ ਸਕੇਂਗੀ ॥੧॥	ਹੇ ਪਰਮੇ੍ਰ ਪ੍ਰਾਪਤੀ ਦੇ ਜਗਜਾਸੂ (ਤੂੰ ਰਾਹ ਪੁਛਿਆ ਹੈ, ਪਹਿਲੀ ਗਲ ਇਹ ਹੈ ਕਿ) ਗੁਣਵੰਤ (ਵੱਲ ਵੇਖ ਕਿ) ਗੁਣਵੰਤ ਗੁਣਾਂ ਦਾ ਵਾਧਾ ਕਰਦਾ ਹੈ ; ਔਗੁਣਵੰਤ (ਔਗੁਣ ਵਧਾ ਕੇ) ਝੂਰਦਾ ਹੈ। (ਸਭ ਤੋਂ ਵੱਡਾ ਗੁਣ ਹੈ ਸਚ, ਉਹ ਧਾਰਨ ਕਰ ਕਿਉਂਕਿ) ਪਤੀ (ਸਤਿ ਸਰੂਪ ਹੈ ਉਸ ਨੂੰ) ਕੂੜ ਨਾਲ ਨਹੀਂ ਮਿਲ ਸਕੀਦਾ। (ਫਿਰ) ਉਹ ਦੂਰ ਹੈ (ਤੇਰੇ ਤੇ ਉਸ ਦੇ ਵਿਚਾਲੇ ਭਵਜਲ ਰੂਪੀ ਸਾਗਰ ਹੈ, ਤੇਰੇ ਪਾਸ) ਬੇੜੀ ਨਹੀਂ (ਬੇੜੀ ਤਾਂ ਕੀਹ ਤੇਰੇ ਪਾਸ) ਤੁਲਹੜਾ[੧] (ਤਕ ਬੀ) ਨਹੀਂ ਹੈ, (ਬਿਨ ਸਾਮਾਨ ਉਸ ਪਰਮੇਸ਼ੁਰ ਨੂੰ) ਨਹੀਂ ਪਾ ਸਕੀਦਾ ॥੧॥

ਮੂਲ	ਜਗਜਾਸੂ ਪਰਥਾਇ
ਮੇਰੇ ਠਾਕੁਰ ਪੂਰੈ ਤਖਤਿ ਅਡੋਲੁ॥ ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ॥ ੧॥ ਰਹਾਉ॥	(ਫੇਰ ਹੇ ਜਗਜਾਸੂ !) ਮੇਰੇ ਠਾਕੁਰ (ਪਰਮੇਸ਼ੁਰ ਜੀ ਆਪਣੇ ਸਰੂਪ ਰੂਪੀ) ਤਖਤ ਉਤੇ ਪੂਰੇ ਅਡੋਲ ਟਿਕੇ ਰਹਿੰਦੇ ਹਨ (ਉਨ੍ਹਾਂ ਨੂੰ ਕੋਈ ਇੱਛਾ ਨਹੀਂ ਵਾਪਰਦੀ। ਤੂੰ ਹੀ ਕਾਮਨਾ, ਸ਼ਰਧਾ ਭਗਤੀ ਕਰਕੇ ਉਨ੍ਹਾਂ ਨੂੰ ਮਿਲਨਾ ਹੈ। ਇਨ੍ਹਾਂ ਗੱਲਾਂ ਦੀ ਪੂਰਨਤਾ ਹੋਣ ਲਈ ਰਹਬਰ ਦੀ ਲੋੜ ਹੈ, ਉਹ ਹੈ) ਗੁਰੂ ; (ਕਿਸੇ ਨੂੰ ਇਹ ਗੁਰੂ) ਜੇ ਪੂਰਾ

([੧]ਬੇੜੀ = ਭਗਤੀ, ਤੁਲਹੜਾ = ਸ਼ਰਧਾ, ਕਾਮਨੀ = ਜਿਸ ਨੂੰ ਕਾਮਨਾ ਹੈ, ਭਾਵ, ਹੇ ਜਗਜਾਸੂ ਤੈਨੂੰ ਕਾਮਨਾ ਯਾ ਇੱਛਾ ਤਾਂ ਹੈ, ਪਰ ਅਜੇ ਸ਼ਰਧਾ ਤੇ ਭਗਤੀ ਨਹੀਂ ਹੈ। ਇਨ੍ਹਾਂ ਦੇ ਨਾਲ ਮੁਖ ਲੋੜ ਸੱਚ ਦੀ ਹੈ।

ਕਰ ਦੇਵੇ, (ਤਾਂ ਉਹ ਉਸ) ਸੱਚ ਤੇ ਅਤੋਲ[1] (ਠਾਕੁਰ) ਨੂੰ ਪਾ ਲੈਂਦਾ ਹੈ ॥ ੧ ॥ ਰਹਾਉ ॥

ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥ ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ॥

(ਫਿਰ ਹੇ ਜਗਜਾਸੂ ! ਇਹ ਨਾ ਸਮਝ ਕਿ ਪਰਮੇਸ਼ੁਰ ਦੀ ਪ੍ਰਾਪਤੀ ਕਠਨਾਈਆਂ ਹੀ ਕਠਨਾਈਆਂ ਹੈ, ਉਹ ਤਾਂ ਸੁੰਦਰਤਾ ਹੀ ਸੁੰਦਰਤਾ ਹੈ, ਦੇਖ) ਪ੍ਰਭੂ (ਆਪ) ਸੁਹਣਾ ਹੈ (ਉਸ ਦਾ) ਹਰਿਮੰਦਰ (ਸੋਹਣਾ ਹੈ) ਉਸ ਵਿਚ ਮਾਣਿਕ, ਲਾਲ, ਮੋਤੀ, ਹੀਰਾ (ਆਦਿ) ਨਿਰਮਲ (ਰਤਨ ਜੜੇ ਹੋਏ ਹਨ), ਮੰਦਰ ਉਦਾਲੇ (ਜੋ ਕਿਲ੍ਹਾ) ਕੋਟ ਹੈ ਉਹ ਸੋਨੇ ਦਾ ਹੈ ਤੇ ਅਤਿ ਮਨੋਹਰ ਹੈ।

ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ॥੨॥

(ਜਗਜਾਸੂ ਦਾ ਪ੍ਰਸ਼ਨ :- ਉਸ ਸੁਹਣੇ) ਗੜ੍ਹ ਉਤੇ ਪਉੜੀ ਬਿਨਾਂ ਕਿਵੇਂ ਚੜ੍ਹਾਂ ? (ਉੱਤਰ :- ਤੈਨੂੰ ਗੁਰੂ ਦੀ ਰਾਹਬਰੀ ਦੱਸੀ ਸੀ, ਫੇਰ ਸਮਝ ਲੈ ਕਿ) ਗੁਰੂ ਦਾ ਧਯਾਨ ਧਰ (ਤਾਂ ਉਸ) ਹਰੀ ਨੂੰ ਵੇਖ ਲਏਂਗਾ॥੨॥

ਗੁਰ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥

(ਹਾਂ ਭਾਈ !) ਗੁਰੂ ਹੀ (ਗੜ੍ਹ ਤੇ ਚੜ੍ਹਨੇ ਦੀ) ਪਉੜੀ ਹੈ, ਗੁਰੂ ਹੀ ਤੁਲਹਾ ਤੇ ਬੇੜੀ ਹੈ, ਗੁਰੂ ਹੀ (ਉਸ) ਸਾਗਰ ਤੋਂ ਤਰਨੇ ਦੇ ਜਹਾਜ਼ ਤੁੱਲ ਹਰੀ ਦਾ ਨਾਮ (ਦਿੰਦਾ) ਹੈ, ਗੁਰੂ ਹੀ (ਸਾਗਰੋਂ ਪਾਰ ਪਹੁੰਚਕੇ ਮੰਦਰ ਦਾਖਲ ਹੋਣ ਤੋਂ ਪਹਿਲੋਂ ਉੱਜਲਤਾ ਤੇ ਪਵਿੱਤ੍ਰਤਾ ਦਾਨ ਕਰਨੇ ਵਾਲਾ) ਜੰਗਮ ਤੀਰਥ ਹੈ।

(ਪ੍ਰਸ਼ਨ :- ਇਕੋ ਗੁਰੂ ਸਭ ਕੁਛ ਕਿਵੇਂ ਹੋ ਜਾਂਦਾ ਹੈ ? ਉੱਤਰ :- ਉਸ ਪਾਸ ਇਕ ਅਕਸੀਰ ਹੈ ਜੋ ਸਾਰੇ ਕੰਮ ਸਿੱਧ ਕਰ ਦੇਂਦਾ ਹੈ। ਉਹ ਹੈ ਉਸੇ ਹਰੀ ਦਾ ਨਾਮ)।

ਜੇ ਤਿਸੁ ਭਾਵੈ ਉਜਲੀ ਸਤਸਰਿ ਨਾਵਣੁ ਜਾਉ॥੩॥

(ਜਗਜਾਸੂ ਦਾ ਪ੍ਰਸ਼ਨ :- ਹੇ ਸੋਹਣੇ ਜੀਓ ! ਉਹ ਗੁਰੂ ਕਿਥੋਂ ਲੱਭਦਾ ਹੈ ? ਉੱਤਰ :- ਉਹ ਗੁਰੂ ਸਤਿਸੰਗ ਵਿਚ ਵੱਸਦਾ ਹੈ) ਜੇ ਵਾਹਿਗੁਰੂ ਦੀ ਰਜ਼ਾ ਹੋਵੇ (ਤਾਂ ਉਸ) ਸੱਚ ਦੇ ਸਰੋਵਰ ਦੀ ਕਾਮਨਾ ਵਾਲਾ (ਜਗਜਾਸੂ) ਨ੍ਹਾਉਣ ਜਾਂਦਾ ਹੈ ਤੇ ਉੱਜਲ ਹੋ ਆਉਂਦਾ ਹੈ, (ਭਾਵ ਸਤਿਸੰਗ ਕਰਨ ਨਾਲ ਪਰਮਾਰਥ ਰਸਤੇ ਟੁਰਨ ਵਾਲੀ ਉੱਜਲਤਾ ਪ੍ਰਾਪਤ ਹੋ ਜਾਂਦੀ ਹੈ ਅਤੇ ਗੁਰੂ ਮਿਲ ਜਾਂਦਾ ਹੈ) ॥ ੩ ॥

ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ॥ ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ॥ ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ॥ ੪॥੯॥

(ਪ੍ਰਸ਼ਨ :- ਫੇਰ ਦੱਸੋ ਸੁਹਣੇ ਜੀਓ ! ਹੁਣ ਆਰੰਭ ਕਿਵ ਕਰਾਂ ਤੇ ਪੁੱਗਾਂ ਕੀਕੁਰ ? ਉੱਤਰ :- ਉਹ ਪਰਮੇਸ਼ੁਰ "ਪੂਰਨ ਪੂਰਿ ਰਹਿਓ ਕਿਰਪਾ ਨਿਧਿ" (ਬਿਲਾਵਲ ਮ: ੫-੯੩) ਹੈ, ਉਹ ਆਪਣੇ) ਸੰਪੂਰਨ ਸਰੂਪ ਵਿਚ (ਸਦਾ) ਇਸਥਿਤ ਹੈ, (ਉਸ ਨੂੰ) ਪੂਰਾ ਸਮਝਕੇ ਪੂਰਾ ਆਖੀਏ (ਭਾਵ ਸਿਮਰੀਏ ਤੇ) ਆਸਾ ਥੀਂ ਨਿਰਾਸ ਹੋ ਕੇ (ਸਿਮਰੀਏ ਤਾਂ ਉਸ ਦੇ) ਪੂਰੇ ਤੇ ਸੁਹਾਵਣੇ ਅਸਥਾਨ (ਭਾਵ ਸਰੂਪ) ਨੂੰ ਪ੍ਰਾਪਤ ਹੋ ਜਾਈਦਾ ਹੈ।

(ਪ੍ਰਸ਼ਨ :- ਇਸ ਸਿਮਰਨ ਦੇ ਗੁਣ ਨੂੰ ਕਾਂਪ ਤਾਂ ਨਹੀਂ ਲਗਦੀ

[1]ਤਖਤਿ = ਸਰੂਪ। ਸਾਚ = ਸਤਜ ਸਰੂਪ ਪਰਮਾਤਮਾ। ਅਤੋਲ = ਜੋ ਜਾਚ, ਮਾਪ, ਤੋਲ, ਪਰਖ ਤੋਂ ਪਰੇ, ਮਨ ਆਦਿ ਦੀ ਪਹੁੰਚ ਤੋਂ ਦੂਰ ਹੈ।

ਕਿਤੇ ? ਉੱਤਰ ਗੁਰੂ) ਨਾਨਕ (ਦੇਵ ਜੀ ਦੇਂਦੇ ਹਨ ਕਿ) ਜਿਸ ਨੂੰ ਪੂਰਾ ਗੁਰੂ ਮਿਲ ਪਵੇ ਤਾਂ ਉਸ ਦਾ ਗੁਣ ਕਿਉਂ ਘਟੇ (ਭਾਵ ਕਦੇ ਨਾ ਘਟੇਗਾ। ਦੂਜਾ ਭਾਵ ਇਹ ਹੈ ਕਿ ਨਾਮ ਦਾ ਮਾਰਗ ਨਿਰਵਿਘਨ ਮਾਰਗ ਹੈ) ॥੪॥੯॥

ਵਯਾਖਯਾ–ਇਸ ਸ਼ਬਦ ਦੀ ਗੋਂਦ ਕੋਮਲ ਉਨਰੀ ਦੇ ਕਮਾਲ ਦੀ ਹੈ, ਜਿਸ ਵਿਚ ਇਕ ਤਸਵੀਰ ਖਿੱਚੀ ਹੈ, ਤਸਵੀਰ ਦੇ ਸਾਮਾਨ ਸਾਰੇ ਰੱਖ ਦਿੱਤੇ ਹਨ ਤੇ ਸਭ ਸੈਨਤਾਂ ਦੇ ਦਿੱਤੀਆਂ ਹਨ, ਹੁਣ ਪਾਠਕ ਆਪਣਾ ਮਨ ਲਾ ਕੇ ਆਪ, 'ਵਿਚ ਦਿੱਤੇ ਸਾਮਾਨਾਂ' ਨੂੰ ਜੋੜ ਕੇ ਪੂਰੀ ਤਸਵੀਰ ਬਣਾ ਲਵੇ। ਇਹ ਉਨਰ ਦਾ ਇਕ ਉੱਚਾ ਕਮਾਲ ਹੁੰਦਾ ਹੈ, ਇਹੋ ਗੱਲ ਇਸ ਸ਼ਬਦ ਵਿਚ ਹੈ। ਨਹੀਂ ਤਾਂ ਠਾਕੁਰ ਦੀ ਪ੍ਰਾਪਤੀ ਲਈ ਕਿਤੇ ਬੇੜੀ, ਕਿਤੇ ਪਉੜੀ ਦੱਸੀ ਹੈ, ਕਿਤੇ ਸਰ ਸਾਗਰ ਤੇ ਕਿਤੇ ਗੜ੍ਹ, ਕੋਟ, ਸੋਨੇ ਦਾ ਮੰਦਰ ਆਦਿ ਦੱਸੇ ਹਨ ; ਜਿਨ੍ਹਾਂ ਨੂੰ ਤੱਕਿਆਂ ਥਹੁ ਨਹੀਂ ਪੈਂਦਾ ਕਿ ਕਿਵੇਂ ਵਿਕੋਲਿਤਰੇ ਖਿਆਲ ਸੱਟੇ ਹਨ। ਪਰ ਜਦ ਕੋਮਲ ਉਨਰੀ ਦੇ ਕਮਾਲ ਨੂੰ ਤੱਕੋ ਤੇ ਵਿਚ ਦਿੱਤੇ ਪਦਾਰਥਾਂ ਨੂੰ ਆਪ ਕੱਠਿਆਂ ਕਰੋ ਤੇ ਸੈਨਤਾਂ ਦੇ ਮਗਰ ਟੁਰੋ ਤਾਂ ਇਹ ਤਸਵੀਰ ਬਣਦੀ ਹੈ, ਜਿਸ ਨੂੰ ਵੇਖਕੇ ਪਾਠਕ ਰਸਮਯ ਹੋ ਜਾਂਦਾ ਹੈ :-

ਇਕ ਤਖਤ ਹੈ, ਉਸ ਪਰ ਇਕ ਠਾਕੁਰ ਜੀ ਬਿਰਾਜਮਾਨ ਹਨ, ਉਹ ਤਖਤ ਇਕ ਸੋਹਣੇ ਮਹਲ ਵਿਚ ਹੈ, ਮਹਲ ਦੇ ਉਦਾਲੇ ਸੋਨੇ ਦਾ ਕੋਟ ਹੈ, ਇਹ ਮਾਨੋ ਇਕ ਗੜ੍ਹ ਹੈ। ਇਹ ਗੜ੍ਹ ਮਾਨੋ ਇਕ ਟਾਪੂ ਵਤ ਹੈ ਜੋ ਚੁਫੇਰੇ ਸਮੁੰਦਰ ਜਲ ਨਾਲ ਘੇਰਿਤ ਹੈ।

ਸਮੁੰਦਰ ਦੇ ਦੂਜੇ ਪਾਸੇ ਕੋਈ ਵਰ ਪ੍ਰਾਪਤੀ ਦੀ ਵਰੇਸ ਦੀ ਇਸਤ੍ਰੀ ਹੈ, ਜਿਸ ਨੂੰ ਇਸ ਠਾਕੁਰ ਦੇ ਮਿਲਣੇ ਦੀ ਕਾਮਨਾ ਹੈ। ਪਰ ਉਸ ਪਾਸ ਨਾ ਤਾਂ ਸਮੁੰਦਰ ਪਾਰ ਕਰਨੇ ਦਾ ਸਾਮਾਨ ਹੈ, ਨਾ ਪਾਰ ਹੋ ਕੇ ਕੋਟ ਉਤੇ ਚੜ੍ਹਨ ਲਈ ਪਉੜੀ ਆਦਿ ਦਾ ਸਾਮਾਨ ਹੈ, ਨਾ ਮਹਲ ਅੰਦਰ ਪਹੁੰਚਣ ਦੀ ਹਿੰਮਤ ਹੈ, ਨਾ ਅੰਦਰ ਪਹੁੰਚਕੇ ਤਖਤ ਦੇ ਪਾਸ ਪੁੱਜਣੇ ਦੀ ਤਾਬ ਹੈ। ਉਹ ਪਾਰਲੇ ਕਿਨਾਰੇ ਖੜੀ ਠਾਕਰ ਨੂੰ ਮਿਲਣੇ ਦੀ ਉਮੰਗ ਪ੍ਰਗਟ ਕਰਦੀ ਹੈ। ਉਸ ਨੂੰ ਇਕ ਠਾਕੁਰ ਨੂੰ ਪ੍ਰਾਪਤ ਸਿਆਣੀ, ਪ੍ਰਾਪਤੀ ਦੀਆਂ ਮੁਸ਼ਕਲਾਂ ਤੇ ਉਸ ਦੇ ਦਾਰੂ ਦੱਸਦੀ ਹੈ। ਇਸ ਤਸਵੀਰ ਦਾ ਸਾਰਾ ਸਾਮਾਨ ਸ਼ਬਦ ਵਿਚ ਮੌਜੂਦ ਹੈ।

ਫਿਰ ਹੁਣ ਪਰਮਾਰਥਿਕ ਕਮਾਲ ਦੇਖੋ ਕਿ ਇਹ ਤਸਵੀਰ ਇਕ ਵਰ-ਪ੍ਰਾਪਤੀ ਦੀ ਉਮੰਗ ਵਾਲੀ ਨਵਯੋਬਨਾਂ ਤੇ ਨਹੀਂ ਰਹਿ ਜਾਂਦੀ। ਇਹ ਪਰਮੇਸ਼ੁਰ ਪ੍ਰਾਪਤੀ ਦੇ ਚਾਹਵਾਨ ਜਗਯਾਸੂ ਸਿਖ ਤੇ ਘਟਦੀ ਹੈ। ਕੁਛ ਪਦ ਪਦਾਰਥ ਤਾਂ ਸਪਸ਼ਟ ਪਰਮਾਰਥਿਕ ਤੇ ਨਿਰੋਲ ਪਰਮਾਰਥਿਕ ਸਾਮਾਨਾਂ ਦੇ ਵਰਤੇ ਹਨ, ਪਰ ਕੁਛ ਐਸੇ ਹਨ ਜੋ 'ਲਛਣਾਂ ਤੇ ਵਜੰਜਨਾਂ' ਆਦਿ ਬ੍ਰਿਤੀਆਂ ਦੁਆਰਾ ਪਰਮਾਰਥ ਤੇ ਘਟਦੇ ਹਨ, ਜਿਸ ਦੀ ਵਿਤ੍ਰੇਕ ਸਮਝ ਉਪਰ ਦਿੱਤੇ ਟੀਕੇ ਤੋਂ ਆ ਗਈ ਹੋਵੇਗੀ।

ਇਸ ਤਸਵੀਰ ਦੇ ਗੁਰੂ ਜੀ ਨੇ ਹੋਰਥੇ ਬੀ ਇਸ਼ਾਰੇ ਦਿੱਤੇ ਹਨ। ਯਥਾ :-

ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ॥ (ਰਾਮ: ਮ: ੧-੩)

ਪੁਨਾ :- **ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥** (ਸਿਰੀ ਮ: ੧ ਅਸਟ:-੧੬)

ਇਹੋ ਤਸਵੀਰ ਜੇ ਹੁਣ ਜਗਯਾਸੂ ਪਰਥਾਇ ਲਈ ਜਾਵੇ ਤਾਂ ਇਸ ਤਰ੍ਹਾਂ ਬਣਦੀ ਹੈ : ਇਕ ਮਾਨੁਖ ਹੈ ਜਿਸ ਨੂੰ ਕਿਸੇ ਤਰ੍ਹਾਂ ਕਾਮਨਾ ਹੋ ਆਈ ਹੈ ਕਿ ਓਹ ਪਰਮਾਤਮ ਦੇਵ ਜੀ ਨੂੰ ਮਿਲੇ। ਉਹ ਕਿਸੇ ਪਰਮੇਸ਼ੁਰ ਦੇ ਪਿਆਰੇ ਨੂੰ ਮਿਲਦਾ ਹੈ ਤੇ ਆਪਣੀ ਕਾਮਨਾ ਯਾ ਇੱਛਾ ਪ੍ਰਗਟ ਕਰਦਾ ਹੈ। ਉਹ ਉਸ ਨੂੰ ਦੱਸਦਾ ਹੈ ਕਿ ਭਲੇ ਪੁਰਖ ! ਚੰਗਾ ਹੈ ਕਿ ਤੈਨੂੰ ਸ਼ੁਭ ਕਾਮਨਾ ਹੋ ਆਈ ਹੈ, ਪਰ ਅਜੇ ਤੂੰ ਕੂੜ ਦੇ ਦੇਸ਼ ਵਿਚ ਵੱਸਦਾ ਹੈਂ, ਜਿਸ ਨੂੰ ਤੂੰ ਮਿਲਣਾ ਚਾਹੁੰਦਾ ਹੈਂ ਉਹ 'ਸਚ' ਹੈ ਅਰਥਾਤ 'ਸਤ੍ਯ ਸਰੂਪ'

ਹੈ। ਸੋ ਸਤਜ ਸਰੂਪ ਨੂੰ ਕੂੜ ਦੀ ਪ੍ਰਵਿਰਤੀ ਵਾਲਾ ਨਹੀਂ ਮਿਲ ਸਕਦਾ। ਤੂੰ ਪਹਿਲਾਂ ਸੱਚ ਦੇ ਗੁਣ ਨੂੰ ਧਾਰਨ ਕਰ। ਜਿਸ ਨੂੰ ਮਿਲਣੇ ਦੀ ਤੈਨੂੰ ਕਾਮਨਾ ਵਾਪਰੀ ਹੈ ਉਹ ਹੈ ਸਭ ਦਾ ਮਾਲਕ ਵਾਂਙੂ 'ਪ੍ਰਭੂ' ਤੇ 'ਠਾਕੁਰ', ਨਵ ਪਤੀ ਵਾਙੂ 'ਵਰ', ਤੇ ਸਦੈਵੀ ਪਤੀ ਵਾਂਙੂ 'ਪ੍ਰਿਯ'। ਉਹ ਰੂਪ ਰੰਗ ਆਕਾਰ ਵਾਲਾ ਨਹੀਂ ਓਹ ਅਪਣੇ ਸਰੂਪ ਵਿਚ ਸਦਾ ਥਿਰ ਹੈ, ਉਸਦਾ ਉਹ ਸਰੂਪ ਹੈ 'ਸਚ'[1]। ਉਹ ਸਚ ਤੇਰਾ ਮੇਰਾ ਜਾਣਿਆ ਸੱਚ ਨਹੀਂ, ਉਹ ਹੈ ਅਤੋਲ ਸਚ, ਅਡੋਲ ਸਚ ਅਰਥਾਤ ਸਾਡੀ ਸਮਝ ਤੋਂ ਪਰੇ ਦੀ ਸਦੈਵੀ ਅਬਦਲ ਹੋਂਦ। ਉਸ ਦਾ ਨਿਵਾਸ ਅਪਣੇ ਸਰੂਪ ਵਿਚ ਹੈ[2], ਪਰ ਉਹ 'ਸਰੂਪ ਨਿਵਾਸ' ਇਕ ਨੁਕਤੇ ਯਾ ਟਿਕਾਣੇ ਵਿਚ ਬੰਦ ਹੀ ਨਹੀਂ, ਉਹ ਤਾਂ ਪੂਰੇ ਤਖਤ ਨਿਵਾਸ ਹੈ, ਉਸ ਦਾ ਨਿਵਾਸ ਸਾਰੇ ਪਰੀਪੂਰਣ ਬੀ ਹੈ, ਅਰਥਾਤ ਕੇਂਦਰ ਵਿਚ ਬੀ ਤੇ ਅਨੰਤ ਦੇ ਦਾਇਰੇ ਵਿਚ ਬੀ ਉਹ ਪਰੀਪੂਰਣ ਹੈ। ਉਸ ਦੀ ਪ੍ਰਾਪਤੀ ਲਈ ਗੁਣਵੰਤ ਹੋਣ ਦੀ ਲੋੜ ਹੈ, ਉਹ ਗੁਣ ਗੁਰੂ ਪਾਸ ਹੈ। ਗੁਰੂ ਸਤਿ ਦਾ ਸਰੋਵਰ ਹੈ। ਯਥਾ :-

ਗੁਰ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ॥ (ਮਾਰੂ ਮ: ੧, ਅਸਟ:-੬)

ਪੁਨਾ:- **ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥** (ਪ੍ਰਭਾਤੀ ਮ: ੧-੬)

ਗੁਰੂ ਸਤਿ ਸੰਗ ਵਿਚ ਵੱਸਦਾ ਹੈ, ਉਸ ਨੂੰ ਪ੍ਰਾਪਤ ਹੋਹੁ, ਉਸ ਪਾਸ ਇਕ ਵਸਤੂ ਹੈ, ਉਹ ਉਸੇ ਪ੍ਰਭੂ, ਠਾਕੁਰ, ਹਰੀ, ਪਿਰ, ਵਰ, ਪੂਰੇ[3] ਦਾ 'ਨਾਮ' ਹੈ। ਇਹ 'ਨਾਮ' ਸਰਬ ਕਲਾ ਸਮਰੱਥ ਹੈ। ਗੁਰੂ ਇਸ ਨਾਮ ਨਾਲ ਸਿਖ ਦੀ ਈਸ਼੍ਵਰ ਪ੍ਰਾਪਤੀ ਦੀ ਕਾਮਨਾ ਨੂੰ ਸ਼ਰਧਾ (ਤੁਲਹਾ) ਬਣਾ ਦੇਂਦਾ ਹੈ, ਇਸੇ ਨਾਮ ਨਾਲ ਸ਼ਰਧਾ ਨੂੰ ਬੇੜੀ (ਭਗਤੀ) ਬਣਾ ਦੇਂਦਾ ਹੈ, ਇਸੇ ਨਾਮ ਨਾਲ ਓਹ ਭਗਤੀ ਨੂੰ (ਬੋਹਿਥ) 'ਭਗਤੀ ਜਨਜ ਗਜਾਨ' ਬਣਾ ਦੇਂਦਾ ਹੈ, ਜਿਸ ਨਾਲ ਜੀਵ ਸੰਸਾਰ (ਸਾਗਰ) ਤੋਂ ਪਾਰ ਹੋ ਜਾਂਦਾ ਹੈ। ਭਾਵੇਹ ਕਿ ਸੰਸਾਰ ਵਿਚ ਰਹਿਦਿਆ ਬ੍ਰਿਤੀ ਸੰਸਾਰਾਕਾਰ ਨਹੀਂ ਪਰ ਈਸ਼੍ਵਰਾਕਾਰ ਹੋ ਜਾਂਦੀ ਹੈ। ਗੁਰੂ ਹੀ ਫਿਰ ਪਉੜੀ ਹੈ ਕਿਉਂਕਿ ਓਹ ਇਸੇ ਨਾਮ ਨਾਲ ਸਰੂਪ ਵਿਚ ਚੜ੍ਹਾ ਦੇਂਦਾ ਹੈ।

'ਗੁਰੂ ਪਉੜੀ' ਤੋਂ ਅਕਸਰ ਪਉੜੀਆਂ ਬ੍ਰਿਤੀ ਦੇ ਚੜ੍ਹਾਉ ਦੀਆਂ ਲਈਆਂ ਜਾਂਦੀਆਂ ਹਨ :-

'ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ (ਜਪੁਜੀ-੩੨)

ਸੋ ਨਾਮ ਦੁਆਰਾ ਚੜਾਉ ਦੀਆਂ ਪਉੜੀਆਂ ਐਉਂ ਹਨ :-

(੧) ਨਾਮ ਦਾ ਰਸਨਾ ਦੁਆਰੇ ਜਪ, (੨) ਫੇਰ ਮਨ ਵਿਚ ਨਾਮ ਦਾ ਨਿਵਾਸ,

(੩) ਫੇਰ ਲੂੰ ਲੂੰ ਵਿਚ ਨਾਮ ਦੀ ਰਸਮਯ ਪ੍ਰਤੀਤੀ,

(੪) ਫੇਰ ਵਣ ਤ੍ਰਿਣ ਵਿਚ ਨਾਮ ਦੀ ਵਿਆਪਕ ਪ੍ਰਤੀਤੀ,

(੫) ਫੇਰ ਨਾਮੀ ਦੀ ਲੱਖਤਾ, (੬) ਫੇਰ ਨਾਮ ਨਾਮੀ ਦਾ ਪਰਸਪਰ ਸੰਗਮ,

(੭) ਫੇਰ ਨਾਮੀ ਵਿਚ ਅਭੇਦਤਾ[4]।

ਇਸ ਸ਼ਬਦ ਦੇ ਅੰਕ ਪੰਜ ਤਕ ਤਾਂ ਇਹ ਪਉੜੀਆਂ ਨਾਮ ਦੀਆਂ ਅਵਸਥਾਂ ਹਨ, ਅਗੇ ਛੇਵੀਂ ਮਾਨੋ ਪਾਤਸ਼ਾਹ ਦਾ ਤਖ਼ਤ ਹੈ ਤੇ ਸੱਤਵੀਂ ਪਾਤਸ਼ਾਹ ਪੂਰੇ ਤਖਤ ਤੇ ਅਡੋਲ ਬੈਠੇ ਨਾਲ ਮਿਲਾਪ ਹੈ।

---

[1]ਨਾਨਕ ਸਾਚੇ ਕਉ ਸਚੁ ਜਾਣੁ॥ (ਸਿਰੀ ਰਾਗੁ ਮਹਲਾ ੧-੫)

[2]ਸਾਚਾ ਨਿਰੰਕਾਰੁ ਨਿਜ ਥਾਇ॥ (ਸਿਰੀ ਰਾਗੁ ਮਹਲਾ ੧-੨)

[3]ਏਹ ਸਾਰੇ ਪਦ ਇਸ ਸ਼ਬਦ ਵਿਚ ਆਏ ਹਨ।

[4] ਕਈ ਦਾਨੇ ਪਉੜੀਆਂ ਤੋਂ ਮੁਰਾਦ ਵੇਦਾਂਤ ਦੀਆਂ ਦੱਸੀਆਂ ਸਤ ਭੂਮਕਾ ਭਾਵ ਲੈਂਦੇ ਹਨ, (ੳ)ਸੁਭੇਛਾ = ਮੋਖ ਦੀ ਇੱਛਾ। (ਅ)ਸ਼ੁਭ ਵੀਚਾਰ = ਵਿਵੇਕ ਦੀ ਪ੍ਰਾਪਤੀ। (ੲ)ਤਨੁ ਮਾਨਸਾ = ਅੰਤਹਕਰਣ ਦੇ ਸੰਕਲਪਾਂ ਵਿਕਲਪਾਂ ਦੇ ਫੁਰਨੇ ਦਾ ਘਟ ਜਾਣਾ। (ਸ)ਸਤ੍ਵਾਪਤਿ=ਬ੍ਰਹਮ ਗਿਆਨ ਦੀ ਪ੍ਰਾਪਤੀ। (ਹ)ਅਸੰਸਕ੍ਤਿ=ਰਿਧੀਆਂ ਸਿਧੀਆਂ ਆਦਿ ਤੋਂ ਉਦਾਸੀਨਤਾ। (ਕ)ਪਦਾਰ੍ਥਾ ਭਾਵਿਨੀ = ਪਰਮਾਤਮ ਦੇਵ ਤੋਂ ਛੁਟ ਹੋਰ ਵਿਚਾਰ ਦਾ ਰਹਿ ਜਾਣਾ। (ਖ)ਤੁਰੀਆ=ਚੌਥਾ ਪਦ, ਜਿਥੇ ਗਜਾਨ ਮੁਕਤੀ ਰੂਪ ਹੈ। (ਦੇਖੋ ਪੰਨਾ ੧੫੮-੧੫੯)

ਹਰੀ ਮੰਦਰ ਇਹ ਸਰੀਰ ਬੀ ਹੈ। ਹਰੀ ਮੰਦਰ ਬ੍ਰਹਮੰਡ ਬੀ ਹੈ। ਠਾਕੁਰ ਦਾ ਤਖ਼ਤ ਦੋਹੀਂ ਥਾਈਂ ਇਕੋ ਜਿਹਾ ਅਡੋਲ ਹੈ :- **'ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥'** (ਭੈਰਉ ਕਬੀਰ, ਅਸਟ :-੧)

'ਜੋ ਬ੍ਰਹਮੰਡੇ ਸੋਈ ਪਿੰਡੇ॥' (ਧਨਾਸਰੀ ਪੀਪਾ)

ਰੀਸਾਲ ਕੋਟ ਤੇ ਗੜ੍ਹ ਸਰੀਰ ਹੈ। ਯਥਾ 'ਕਾਇਆ ਕੋਟੁ ਅਪਾਰੁ ਹੈ॥' (ਵਾਰ ਗਉੜੀ ਮ: ੪-੧੫)

ਤਥਾ : **'ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥'**

(ਮਾਰੂ ਮਹਲਾ ੧, ਸੋਲਹਾ-੧੩)

ਹਰਿਮੰਦਰ ਅੰਤਹਕਰਣ ਹੈ, ਜਿਸ ਨੂੰ ਦਸਮ ਦੁਆਰ ਵਿਚ ਪ੍ਰਤੀਤ ਕਰੀਦਾ ਹੈ, ਯਾ ਇਕ ਉਨਮਨ ਅਵਸਥਾ ਵਿਚ ਉਚਜਾਣ-ਚੜ੍ਹੀ ਸੁਰਤ ਦੇ ਰੌ ਵਿਚ ਪ੍ਰਤੀਤ ਕਰੀਦਾ ਹੈ। ਅੰਤਹ-ਕਰਣ ਯਾ ਮਨ ਨੂੰ 'ਮੰਦਰ' ਹੋਰਥੇ ਬੀ ਗੁਰੂ ਜੀ ਨੇ ਦੱਸਿਆ ਹੈ, ਯਥਾ :-

ਮਨੁ ਮੰਦਰੁ ਤਨੁ ਵੇਸ ਕਲੰਦਰੁ। (ਬਿਲਾ: ਮਹਲਾ ੧-੨)

ਕੰਚਨ ਪੰਜ ਤਤ ਦਾ ਸਮੁਦਾਜ। ਯਥਾ :- **ਕੰਚਨ ਕਾਇਆ ਕਸੀਐ........।** (ਵਾਰ ਮਾਝ ਮ: ੨-੧੮)

ਤਖਤ-ਸਰੀਰ ਵਿਚ ਨਿਜ ਸਰੂਪ ਹੈ, ਬ੍ਰਹਮੰਡ ਵਿਚ ਵਜਾਪਕ ਸਰੂਪ ਹੈ। ਵਰ, ਪਿਰ, ਠਾਕੁਰ, ਹਰਿ, ਪੂਰੋ, ਪ੍ਰਭੂ, - ਸਾਰੇ ਪਦਾਂ ਤੋਂ 'ਪਰਮਾਤਮ ਦੇਵ' ਹੀ ਭਾਵ ਹੈ।

ਲਾਲ- ਅੰਤਹ-ਕਰਣ ਵਿਚ ਪ੍ਰੇਮ ਸ਼ਕਤੀ ਹੈ। ਮੋਤੀ- ਵੈਰਾਗ ਸ਼ਕਤੀ ਹੈ।

ਨਿਰਮਲ ਹੀਰਾ- ਵਿਵੇਕਿਜ ਖਜਾਤੀ ਹੈ। ਗੁਰ ਉਪਦੇਸ਼ ਨਾਲ ਏਹ ਤ੍ਰੈਏ ਅੰਦਰ ਜਾਗ ਕੇ ਨਾਮ ਦੇ ਸਹਾਈ ਹੋ ਕੇ ਜੀਵਾਤਮਾ ਨੂੰ ਸ਼ੁੱਧ ਕਰਕੇ ਵਜਾਪਕ ਆਤਮ ਦੇਵ ਦੇ ਸਰੂਪ ਵਿਚ ਲੈ ਜਾਂਦੇ ਹਨ। 'ਸਤਿ ਸਰ' ਤੋਂ ਮੁਰਾਦ ਗੁਰੂ ਦੀ ਹੈ। ਸੋ ਪਹਿਲੀ ਮੁੱਢਲੀ ਲੋੜ ਈਸ਼੍ਵਰ ਪ੍ਰਾਪਤੀ ਦੀ ਕਾਮਨਾ ਵਾਲੇ ਲਈ 'ਸਤਿ ਸਰ' ਨੂੰ ਪ੍ਰਾਪਤ ਹੋਣਾ ਹੈ। ਗੁਰੂ ਤੋਂ ਨਾਮ, ਤੇ ਨਾਮ ਤੋਂ ਸਾਈਂ ਪ੍ਰਾਪਤੀ ਤਕ ਦੀਆਂ ਸਾਰੀਆਂ ਪ੍ਰਾਪਤੀਆਂ ਦੀ ਰਹਬਰੀ ਮਿਲਦੀ ਹੈ।

ਨਿਰੁਕ੍ਰ-ਗੁਣਵੰਤੀ- ਗੁਣਾਂ ਵਾਲੀ। ਸੱਚ ਆਦਿ ਦੈਵੀ ਗੁਣਾਂ ਵਾਲੀ। ਵਾਹਿਗੁਰੂ ਮਿਲਾਪ ਦੀ ਕਾਮਨਾ ਵਾਲੀ, ਸ਼ਰਧਾ ਵਾਲੀ, ਅਭਿਲਾਖ ਵਾਲੀ, ਤੇ ਫੇਰ ਨਾਮ ਪ੍ਰਾਪਤ ਹੋ ਕੇ ਸਾਈਂ ਮਿਲਾਪ ਵਾਲੀ, ਤੇ ਮੇਲ ਦੇ ਗੁਣਾਨੁਵਾਦ ਕਰਨ ਵਾਲੀ ; ਯਥਾ :-

ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ॥
ਅਉਗੁਣਵੰਤੀ ਕਾਮਨੀ ਦੁਖੁ ਲਾਗੈ ਬਿਲਲਾਇ॥ (ਵਡਹੰਸ ਮ: ੩-੪)

ਪੁਨਾ :- **ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ॥** (ਵਡਹੰਸ ਮ: ੩-੪)

ਸੋ ਗੁਣਵੰਤੀ (ਗੁਣ+ਵੰਤੀ) ਗੁਣਾਂ ਵਾਲੀ ਤੋਂ ਭਾਵ ਹੈ ਪਰਮ ਉੱਤਮ ਗੁਰ ਸਿਖ ਤੋਂ, ਜੋ ਪ੍ਰਭੂ ਮੇਲ ਦਾ ਪ੍ਰੀਤਵਾਨ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਗੁਣਵੰਤੀ ਦੇ ਲੱਛਣ ਐਉਂ ਵਰਣਨ ਕੀਤੇ ਹਨ :-

ਸੂਹੀ ਮਹਲਾ ੫ ॥ ਗੁਣਵੰਤੀ ॥

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕ ਕੀਆ ਪਸਾਉ ਜੀਉ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ੩ ॥

ਵੀਥਰੈ- (ਸੰਸ:, ਵਿਸ੍ਰਾਰ:। ਪ੍ਰਾ: ਵਿਤ੍ਥਰ) ਵਿਸਤਾਰ ਕਰਦੀ ਹੈ। ਵਧਾਉਂਦੀ ਹੈ।

(ਅ) ਜੇ ਵੀਥਰੈ ਦਾ ਅਰਥ ਉਚਾਰਦੀ ਲਾਈਏ ਤਾਂ 'ਗੁਣ ਪੜੀ ਦੇ ਉਚਾਰਦੀ' ਅਰਥ ਲਗੇਗਾ। ਪਰ 'ਕੂਰਿ' ਕਹਿਣ ਤੋਂ ਭਾਵ ਅਪਣੇ ਦੈਂਵੀ ਗੁਣਾਂ ਦੇ ਵਧਾਉਣ ਦਾ ਸਪਸ਼ਟ ਹੈ ; ਇਸ ਕਰਕੇ ਏਥੇ ਵੀਥਰੇ ਦਾ ਅਰਥ 'ਵਧਾਉਂਦੀ ਹੈ' ਵਧੇਰੇ ਢੁਕਦਾ ਹੈ।

ਕੂਰਿ- ਕੂੜ ਨਾਲ। ਝੂਠ ਨਾਲ।

ਮੰਦਰੁ- ਭਾਵ ਅੰਤਹਕਰਣ। ਕੰਚਨ- ਸੋਨਾ। ਭਾਵ ਸੁੱਧ ਤਤ੍ਵ।

ਕੋਟ- ਕਿਲ੍ਹਾ, ਫਸੀਲ। } ਭਾਵ ਸਰੀਰ।
ਗੜਿ- ਕਿਲ੍ਹਾ।

ਨਿਹਾਲ- ਦੇਖ। (ਅ) ਪ੍ਰਸੰਨ ਹੋ। ਬੇੜੀ- ਨਾਉ। ਅੰਤ੍ਰੀਵ ਅਰਥ ਭਗਤੀ।

ਤੁਲਹਾ- ਕੱਖਾਂ ਪਲਾਹਾਂ ਛਮਕਾਂ ਆਦਿ ਦਾ ਬਣਿਆ ਨਦੀ ਪਾਰ ਹੋਣ ਦਾ ਸਾਮਾਨ। ਭਾਵ ਸ਼ਰਧਾ, ਪ੍ਰੇਮ ਬੀ ਕਰਦੇ ਹਨ। ਸਾਗਰੁ- ਸਮੁੰਦਰ। ਭਾਵ ਸੰਸਾਰ। ਬੋਹਿਥ- ਜਹਾਜ਼। ਭਾਵ ਗਿਆਨ।

ਦਰੀਆਉ- ਨਦੀ, ਵੱਡੀ ਨਦੀ। ਗੁਰੂ ਜੋ ਜੰਗਮ ਤੀਰਥ ਹੈ।

ਊਜਲੀ- ਉੱਜਲ। ਭਾਵ ਉੱਜਲ ਬੁਧਿ ਵੀ ਲਈਦਾ ਹੈ।

ਸਤਸਰਿ- ਸਚ ਰੂਪੀ ਸਰੋਵਰ। ਯਥਾ : **ਗੁਰੁ ਬਿਬੇਕ ਸਤਸਰੁ॥** (ਆਸਾ ਮ: ੫-੧੦੪)

ਯਥਾ :- **ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥** (ਪ੍ਰਭਾਤੀ ਮ: ੧-੬)

ਬੇੜੀ ਤੇ ਤੁਲਹੇ ਲਈ 'ਆਸਾ ਤ੍ਰਿਸ਼ਨਾ ਦੀ ਨਦੀ' ਤੇ 'ਸੰਕਲਪ ਵਿਕਲਪ ਦਾ ਨਾਲਾ' ਲਾ ਲੈਂਦੇ ਹਨ। ਉਂਞ ਉਸ ਸਮੇਂ ਤੇ ਹੁਣ ਵੀ ਕਈ ਵੇਰ ਜਹਾਜ਼ ਚੜ੍ਹਨ ਲਈ ਕਿਸ਼ਤੀ ਆਦਿ ਤੇ ਪਹਿਲੋਂ ਚੜ੍ਹਕੇ ਜਹਾਜ਼ ਤੱਕ ਅੱਪੜੀਦਾ ਹੈ। ਜੋ ਕਿਨਾਰੇ ਤੋਂ ਦੂਰ ਖੜਾ ਹੁੰਦਾ ਹੈ।

ਗੁਣ ਤਾਸ- ਉਸ ਦੇ ਗੁਣ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੦)

ਪ੍ਰਾਕ੍ਥਨ-ਪਿਛਲੇ ਸ਼ਬਦਾਂ ਵਿਚ ਵਾਹਿਗੁਰੂ, ਵਾਹਿਗੁਰੂ ਪ੍ਰਾਪਤੀ ਲਈ ਗੁਰੂ ਤੇ ਅਧਿਕਾਰੀ ਸਿਖ ਪਰਥਾਇ ਵਾਕ, ਲੱਛਣ ਤੇ ਹੋਰ ਆਦਰਸ਼ ਆਦਿ ਆ ਚੁਕੇ ਹਨ। ਹੁਣ ਇਸ ਸ਼ਬਦ ਵਿਚ ਸਿਖ ਦੇ ਸਿਖ ਨਾਲ ਸੰਬੰਧ ਦਾ ਰੂਪ ਦੇ ਕੇ ਵਾਹਿਗੁਰੂ ਪ੍ਰਾਪਤੀ ਦਾ ਰਾਹ ਦੱਸਿਆ ਹੈ[1]।

---

[1]ਪੁ: ਜਨਮਸਾਖੀ ਵਿਚ ਲਿਖਿਆ ਹੈ ਕਿ ਆਸਾ ਦੇਸ ਵਿਚ ਸ਼ੇਖ਼ ਫਰੀਦ ਮਿਲਿਆ। ਮੁਰਾਦ ਸ਼ੇਖ਼ ਫਰੀਦ ਸਾਲਸ ਅਰਥਾਤ ਸ਼ੇਖ਼ ਬ੍ਰਹਮ ਇਬਰਾਹੀਮ ਤੋਂ ਹੈ। ਉਸ ਨਾਲ ਗੋਸ਼ਟ ਹੋਈ। ਅਖੀਰ ਗੁਰੂ ਜੀ ਨੇ ਕਿਹਾ ਕਿ ਤੁਸਾਂ ਵਿਚ ਖ਼ੁਦਾਇ ਸਹੀ ਹੈ, ਪਰ ਤੂੰ ਪੀਰ ਕਰ ; ਅਰਥਾਤ ਸ਼ੇਖ਼ ਤੇਰੀ ਜਗਜਾਸਾ ਤਾਂ ਠੀਕ ਹੈ, ਪਰ ਅਜੇ ਗੁਰੂ ਦੀ ਲੋੜ ਹੈ। ਫੇਰ ਗੁਰੂ ਜੀ ਵਿਦਾ ਹੋਏ। ਵਿਦਾ ਹੋਣ ਵੇਲੇ ਲਿਖਿਆ ਹੈ ਕਿ ਇਹ ਸ਼ਬਦ ਗੁਰੂ ਜੀ ਨੇ ਉਚਾਰਿਆ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥	
ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥੧॥	ਹੇ ਭੈਣੋਂ ! (ਤੁਸੀਂ ਜੋ ਮੇਰੀਆਂ) ਪਿਆਰੀਆਂ ਸਖੀਆਂ ਹੋ, ਆਓ ਗਲ ਲਗ ਕੇ ਮਿਲੀਏ। (ਭਾਵ, ਹੇ ਰੱਬ ਦੀ ਅਭਿਲਾਖਾ ਵਾਲਿਓ ! ਤੁਸੀਂ ਜੋ ਮੇਰੇ ਸਤਿਸੰਗੀ ਮਿੱਤਰ ਹੋ, ਆਓ ਪ੍ਰੇਮ ਨਾਲ ਮਿਲ ਕੇ ਸਤਿਸੰਗ ਕਰੀਏ)। (ਆਓ ਅਸੀਂ) ਮਿਲਕੇ ਸਮ੍ਰੱਥ ਕੰਤ ਦੀਆਂ (ਭਾਵ ਵਾਹਿਗੁਰੂ ਜੀ ਸੰਬੰਧੀ) ਗੱਲਾਂ ਬਾਤਾਂ ਕਰੀਏ। (ਅਸੀਂ ਜੋ ਬਿਰਹਨੀ ਵਾਂਙੂ ਪਤੀ ਪਰਮੇਸ਼ੁਰ ਤੋਂ ਵਿਛੁੜ ਰਹੀਆਂ ਹਾਂ ਤੇ ਹੁਣ ਫੇਰ ਮਿਲਣ ਦੀ ਉਤਕੰਠਾ ਵਿਚ ਹਾਂ ਕਿ ਕਿਵੇਂ ਫੇਰ ਮਿਲ ਪਈਏ, ਸੁਮਝ ਟੁਰੀਏ ਕਿ ਇਸ ਵਿਛੋੜੇ ਦਾ ਦੋਸ਼ ਪਤੀ ਪਰਮੇਸ਼ੁਰ ਦਾ ਨਹੀਂ, ਕਿਉਂਕਿ ਉਸ) ਸਚੇ ਮਾਲਕ ਵਿਚ ਤਾਂ ਸਾਰੇ ਗੁਣ (ਹੀ ਗੁਣ ਹਨ ਤੇ) ਸਾਡੇ ਵਿਚ ਸਾਰੇ ਅਉਗਣ (ਹੀ ਅਉਗਣ) ਹਨ (ਜੋ ਅਉਗਣ ਕਿ ਵਿਛੋੜੇ ਦਾ ਕਾਰਣ ਬਣੇ ਹਨ) ॥ ੧ ॥
ਕਰਤਾ ਸਭੁ ਕੋ ਤੇਰੈ ਜੋਰਿ॥	(ਕਿਸੇ ਇਕ ਸਹੇਲੀ ਅਰਥਾਤ ਸਤਿਸੰਗੀ ਨੇ ਮਾਨੋ ਪ੍ਰਸ਼ਨ ਕਰ ਦਿੱਤਾ ਹੈ ਕਿ ਤੁਸੀਂ ਸੰਸਾਰ ਦੇ ਸੁਖਾਂ, ਪਦਾਰਥਾਂ ਤੇ ਪਿਆਰਿਆਂ ਨੂੰ ਛੋੜਕੇ ਇਕੋ ਕਰਤਾ ਪੁਰਖੁ ਦੀ ਪ੍ਰਾਪਤੀ ਦੇ ਮਗਰ ਕਿਉਂ ਪੈ ਰਹੇ ਹੋ ? ਤਾਂ ਗੁਰੂ ਜੀ ਦਾ ਸਦਾ ਹਜ਼ੂਰੀ ਵਿਚ ਵਸਦਾ ਮਨ ਅਰਦਾਸ ਵਿਚ ਹੋ ਕੇ ਉੱਤਰ ਦੇਂਦਾ ਹੈ) ਹੇ ਕਰਤਾਰ ! ਸਭ ਕੋਈ (ਤੇ ਸਭ ਕੁਛ) ਤੇਰੇ ਜ਼ੋਰ ਕਰਕੇ (ਕਾਯਮ) ਹੈ।
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ॥੧॥ ਰਹਾਉ॥	(ਇਸ) ਇਕੋ (ਗੱਲ ਤੋਂ ਜੇ) ਸਿਖਜਾ ਵੀਚਾਰ ਕਰ ਲਈਏ (ਤਾਂ ਸਮਝ ਪੈ ਜਾਂਦਾ ਹੈ ਕਿ) ਜਦ ਤੂੰ (ਆਪਣਾ ਹੋ ਜਾਵੇਂ) ਤਾਂ ਹੋਰ ਕਿਸੇ (ਮਾਨੁਖ, ਪਦਾਰਥ ਕਿ ਸੁਖ) ਦੀ ਕੀਹ (ਲੋੜ ਰਹਿ ਜਾਂਦੀ) ਹੈ॥੧॥ ਰਹਾਉ॥
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥੨॥	(ਜਦ ਇਹ ਗਲ ਸਮਝੇ ਪੈ ਗਈ ਤਾਂ ਮਾਰਗ ਇਹ ਹੋਇਆ ਕਿ ਉਸ ਕਰਤਾਰ ਨੂੰ ਪ੍ਰਾਪਤ ਕਰੀਏ। ਇਸ ਦਾ ਉਪਾਉ ਇਹ ਹੈ ਕਿ ਉਸ ਪਤੀ ਪਰਮੇਸ਼ੁਰ ਨੂੰ ਮਿਲੇ ਹੋਏ) ਸੁਹਾਗਣ (ਰੂਪ ਗੁਰਮੁਖਾਂ) ਨੂੰ ਜਾ ਕੇ ਪੁੱਛੋ (ਕਿ ਹੇ ਸੁਹਾਗਣੋਂ !) ਤੁਸਾਂ ਕਿਨ੍ਹਾਂ ਗੁਣਾਂ ਕਰਕੇ (ਪਤੀ ਪਰਮੇਸ਼ੁਰ ਦੀ ਪ੍ਰਾਪਤੀ ਦੇ ਰਸ ਨੂੰ) ਮਾਣਿਆ ਹੈ ? (ਤਾਂ ਅਗੋਂ ਤੁਹਾਨੂੰ ਇਹ ਉੱਤਰ ਮਿਲੇਗਾ ਕਿ ਅਸਾਂ) ਸਹਜ ਵਿਚ, ਸੰਤੋਖ ਵਿਚ ਤੇ ਮਿੱਠੇ ਬੋਲਣ ਵਿਚ (ਆਪਣੇ ਆਪ ਨੂੰ) ਸਿੰਗਾਰਿਆ ਸੀ, (ਇਹ ਸਿੰਗਾਰ ਕਰਕੇ ਬੀ ਉਹ) ਸੁੰਦਰ ਪਤੀ ਤਾਂ ਮਿਲਦਾ ਹੈ ਜੇ ਗੁਰੂ ਕਾ ਸ਼ਬਦ ਸੁਣੀਏ (ਭਾਵ ਸਹਜ, ਸੰਤੋਖ, ਤੇ ਮਿੱਠਾ ਬੋਲਣ ਆਦਿ ਸ਼ੁਭ ਗੁਣਾਂ ਦੇ ਨਾਲ ਗੁਰੂ ਕੇ ਸੁਣੇ ਸ਼ਬਦ ਦੀ ਕਮਾਈ ਕਰਨੇ ਦੀ ਲੋੜ ਹੈ)॥੨॥
	(ਇਹ ਆਖਦੇ ਆਪ ਜੀ, ਜੋ ਸਦਾ ਹਜ਼ੂਰੀ ਵਿਚ ਵੱਸਦੇ ਸਨ, ਸਨਮੁਖ ਅਰਦਾਸ ਵਿਚ ਪੈ ਜਾਂਦੇ ਹਨ ਤੇ ਕਰਤਾ ਪੁਰਖ ਦੀ ਸਿਫਤ ਸਲਾਹ

ਕਰਨ ਲਗ ਪੈਂਦੇ ਹਨ। ਮਾਨੋ ਦੱਸਦੇ ਹਨ ਕਿ ਐਉਂ ਗੁਰ ਸ਼ਬਦ ਪ੍ਰਾਪਤ ਕਰਕੇ ਸਿਫਤ ਸਲਾਹ ਵਿਚ ਰਚ ਜਾਯਾ ਕਰੋ। ਸੋ ਬੇਨਤੀ ਕਰਦੇ ਹਨ :-

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥੩॥

ਹੇ ਕਰਤਾਰ !) ਤੇਰੀਆਂ ਕੁਦਰਤਾਂ (= ਤਾਕਤਾਂ। ਕਿਤਨੀਆਂ (ਭਾਵ ਬੇਅੰਤ) ਹਨ ਤੇ ਬੇਅੰਤ ਤੇਰੀ ਦਾਤ ਹੈ। ਬੇਅੰਤ ਤੇਰੇ (ਰਚੇ) ਜੀਅ ਜੰਤ ਹਨ, (ਉਹਨਾਂ ਵਿਚੋਂ ਬੇਅੰਤ) ਦਿਨ ਰਾਤ ਤੇਰੀ ਸਿਫਤ ਕਰਦੇ ਹਨ। ਬੇਅੰਤ (ਤੇਰੇ ਸਾਜੇ ਹੋਏ) ਰੂਪ ਰੰਗ ਹਨ. ਬੇਅੰਤ (ਤੇਰੇ ਰਚੇ ਉੱਤਮ) ਜਾਤਾਂ ਵਾਲੇ ਹਨ, (ਬੇਅੰਤ) ਅਜਾਤ ਹਨ (ਭਾਵ ਉੱਚ ਜਾਤੀ ਤੇ ਉੱਚ ਜਾਤੀ ਵਰਨਾਸ਼੍ਰਮ ਤੋਂ ਬਾਹਰ ਜੋ ਨੀਚ ਲੋਕ ਹਨ, ਸਭ ਤੇਰੇ ਰਚੇ ਹੋਏ ਹਨ) ॥ ੩ ॥

ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥

(ਸੋ ਹੇ ਭੈਣ ਰੂਪ ਸਤਿਸੰਗੀਓ ਸੁਣੋ ਸਮ੍ਰੱਥ ਪੁਰਖ ਦੇ ਮੇਲ ਦੀ ਗਲ ਬਾਤ ਦਾ ਸਾਰ ਇਹ ਹੈ ਕਿ ਜੀਵ ਸ਼ੁਭ ਗੁਣਾਂ ਦੇ ਨਾਲ ਸਤਿ ਪੁਰਖ ਨੂੰ ਮਿਲੇ। ਜਦ) ਸਚ (ਸਰੂਪ ਸਤਿਪੁਰਖ) ਨੂੰ ਮਿਲੇਗਾ (ਤਦ ਇਸ ਦੇ ਹਿਰਦੇ ਵਿਚ) ਸਚ ਪੈਦਾ ਹੋ ਆਵੇਗਾ, (ਤਾਂ ਇਸ ਆਪਣੇ ਪ੍ਰਾਪਤ ਕੀਤੇ) ਸਚ ਦੁਆਰਾ (ਜੀਵ) ਸਚ ਵਿਚ (ਅਰਥਾਤ ਸਤਿ ਸਰੂਪ ਕਰਤਾਰ ਵਿਚ) ਸਮਾ ਜਾਵੇਗਾ। (ਕਾਰਣ ਇਹ ਹੈ ਕਿ) ਗੁਰੂ ਦੇ

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥ ੪॥੧੦॥

ਬਚਨਾਂ ਦੁਆਰਾ (ਜੀਵ ਈਸ਼੍ਵਰ ਦਾ) ਭੈ ਖਾਏਗਾ (ਫਿਰ ਉਸ ਦੇ ਅੰਦਰ ਈਸ਼੍ਵਰ ਦੀ ਲੱਖਤਾ ਦੀ) ਸੁਰਤ (= ਸੋਝੀ) ਹੋ ਆਵੇਗੀ (ਤਦੋਂ ਇਸ ਲਈ ਸਤਿਸੰਗ ਵਿਚ ਤੇ ਈਸ਼੍ਵਰ ਦੀ ਦਰਗਾਹ ਵਿਚ) ਪਤਿ ਪੈਦਾ ਹੋ ਜਾਏਗੀ। (ਐਉਂ ਆਖਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਤਦੋਂ ਬੀ ਜੀਵ ਆਪੇ ਨਹੀਂ ਜਾ ਮਿਲਦਾ ਪਰ) ਸਚਾ ਪਾਤਸ਼ਾਹ (ਵਾਹਿਗੁਰੂ ਜੀਵ ਨੂੰ) ਆਪੇ (ਆਪਣੇ ਨਾਲ) ਮਿਲਾ ਲੈਂਦਾ ਹੈ॥੪॥੧੦॥

ਵਜਾਖਜਾ—ਲਿਖਿਆ ਹੈ ਕਿ ਇਹ ਸ਼ਬਦ ਸ਼ੇਖ ਬ੍ਰਹਮ ਪਰਥਾਇ ਉਚਾਰ ਹੋਇਆ ਸੀ ; ਪਰ ਇਸ ਸ਼ਬਦ ਦਾ ਸਰਬ ਕਾਲੀ, ਸਰਬ ਦੇਸ਼ੀ ਉਪਦੇਸ਼ ਇਹ ਹੈ ਕਿ ਸਭ ਕੋਈ ਕਰਤਾਰ ਦੇ ਆਸਰੇ ਕਾਇਮ ਹੈ, ਤਾਂ ਤੇ ਉਸ ਦੀ ਪ੍ਰਾਪਤੀ ਪ੍ਰਯੋਜਨ ਹੋਇਆ। ਉਹ ਹੁੰਦੀ ਨਹੀਂ, ਕਿਉਂਕਿ ਸਾਡੇ ਵਿਚ ਅਵਗੁਣ ਹਨ। ਜੇ ਸਾਨੂੰ ਨਹੀਂ ਮਿਲਦਾ ਤਾਂ ਇਸ ਵਿਚ ਸਾਡਾ ਦੋਸ਼ ਹੈ ਜੋ ਅਉਗਣਾਂ ਵਾਲੇ ਹਾਂ, ਉਸ ਦਾ ਨਹੀਂ ਜੋ ਸਰਬ ਗੁਣਾਂ ਦਾ ਮਾਲਕ ਹੈ। ਹੁਣ ਕੀ ਕਰੀਏ? ਸੁਹਾਗਣਾਂ ਅਰਥਾਤ ਉਸ ਨੂੰ ਮਿਲੇ ਹੋਏ ਗੁਰਮੁਖਾਂ ਨੂੰ ਚੱਲਕੇ ਪੁਛੀਏ। ਓਹ ਕੀਹ ਦੱਸਦੇ ਹਨ?

੧. ਕਾਹਲ ਵਿਚ ਨਾ ਜਾਓ, ਘਬਰਾ ਦੂਰ ਕਰੋ, ਸਹਿਜ ਵਿਚ ਆਓ। ਫੇਰ ਸੰਤੋਖ ਧਾਰਨ ਕਰੋ' ਜੋ ਕੁਛ ਕਰਤਾਰ ਕਰੇ ਉਸ ਪਰ ਸੰਤੁਸ਼ਟ ਰਹੋ, ਫੇਰ ਦੁਖ ਸੁਖ ਬਣੇ ਤਾਂ ਸਬਰ ਸ਼ੁਕਰ ਦੇ ਵਾਕ ਕਹੋ, ਮਿੱਠਾ ਬੋਲੋ, ਈਸ਼੍ਵਰ ਨੂੰ ਦੋਸ਼ ਨਾ ਦਿਓ :-

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥ ਦੁਕ੍ਰਿਤ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ (ਧਨਾਸਰੀ ਤ੍ਰਿਲੋਚਨ)

ਇਉਂ ਦਾ ਸੁਭਾਵ ਬਣਾਕੇ ਗੁਰੂ ਕੇ ਸ਼ਬਦ ਦੀ ਕਮਾਈ ਕਰੋ, ਗੁਰੂ ਨੇ ਜੋ ਨਾਮ ਉਪਦੇਸ਼ ਦਿਤਾ ਹੈ ਤੇ ਸਾਈਂ ਦੀ ਸ਼ੁਧ ਮਤਿ ਸਿਖਾਲੀ ਹੈ ਉਸ ਦੀ ਕਮਾਈ ਕਰੋ, ਨਾਮ ਜਪੋ, ਹਰੀ ਕੀਰਤੀ

ਵਿਚ ਰਹੋ, ਉਸ ਦੀ ਸਿਫਤ ਸਲਾਹ ਕਰੋ, ਤਾਂ ਉਹ ਮਿਲਦਾ ਹੈ। ਸਚ ਨੂੰ ਪ੍ਰਾਪਤ ਸੁਹਾਗਣ ਦਾ ਇਹ ਉਪਦੇਸ਼ ਧਾਰਨ ਕਰਨ ਦਾ ਫਲ ਕੀ ਹੋਵੇਗਾ ਕਿ ਹਿਰਦੇ ਵਿਚ ਸੱਚ ਉਪਜੇਗਾ, ਉਸ ਸਚ ਦੁਆਰਾ ਸਤ੍ਰ ਸਰੂਪ ਸਾਈਂ ਵਿਚ ਲੀਨਤਾ ਪ੍ਰਾਪਤ ਹੋਵੇਗੀ। ਕਿਉਂਕਿ ਗੁਰ ਬਚਨਾਂ ਨਾਲ ਸਾਈਂ ਦਾ ਭਉ ਉਪਜ ਕੇ ਸੁਰਤ ਸਫਾ ਹੁੰਦੀ ਹੈ, ਜੋ ਸਚ ਨੂੰ ਅਨੁਭਵ ਕਰਦੀ ਹੈ, ਸਚ ਨੂੰ ਅਨੁਭਵ ਕਰੋ ਤਾਂ ਵਜ਼ਾਪਕ ਸਚ ਆਪਣੇ ਵਿਚ ਖਿੱਚ ਲੈਂਦਾ ਹੈ ਤਾਂ ਲੋਕ ਪ੍ਰਲੋਕ ਵਿਚ ਪਤਿ ਹੁੰਦੀ ਹੈ। ਇਹ ਹੈ ਭਗਤੀ ਦਾ ਮਾਰਗ, ਈਸ਼੍ਵਰ ਪਰਾਇਣ ਹੋਣ ਦਾ ਮਾਰਗ। ਇਸ ਸ਼ਬਦ ਵਿਚ ਈਸ਼੍ਵਰ ਪਰਾਇਣ ਹੋਣ ਦੀ ਜਾਚ ਦੱਸੀ ਹੈ। ਈਸ਼੍ਵਰ ਪਰਾਇਣ ਹੋ ਗਿਆਂ ਉਹ ਸੱਚਾ ਪਾਤਸ਼ਾਹ ਜਦੋਂ ਚਾਹੇ ਆਪੇ ਆਪਣੇ ਨਾਲ ਮੇਲ ਲੈਂਦਾ ਹੈ। ਜਿਵੇਂ ਸੁਪਤਨੀ ਪਤੀ ਪਰਾਇਣ ਹੋ ਜਾਵੇ ਤਾਂ ਪਤੀ ਉਸ ਨੂੰ ਆਪਣੇ ਪਿਆਰ ਵਿਚ ਮੇਲ ਲੈਂਦਾ ਹੈ।

'ਆਪੇ ਲਏ ਮਿਲਾਏ' ਵਿਚ ਇਕ ਰਹੱਸਕ ਕਟਾਖਜ ਹੈ। ਜੀਵ ਦੀ ਤਿਆਰੀ ਹੈ, ਸ਼ੁਭ ਗੁਣਾਂ ਨੂੰ ਧਾਰਨਾ, ਅਵਗੁਣਾਂ ਨੂੰ ਤਜਾਗਣਾਂ, ਨਾਮ ਤੇ ਸਿਫਤ ਸਲਾਹ ਵਿਚ ਰਚੇ ਰਹਿਕੇ ਪੂਰੇ ਈਸ਼੍ਵਰ ਪਰਾਇਣ ਹੋ ਜਾਣਾ। ਪਰ ਈਸ਼੍ਵਰ ਵਿਚ ਮੇਲ ਇਹ ਜੀਵ ਦੇ ਵੱਸ ਨਹੀਂ ਹੈ। ਇਹ ਕਰਤਾ ਪੁਰਖ ਦੀ ਅਨੁਗ੍ਰਹ 'ਨਦਰ' ਦੇ ਵੱਸ ਹੈ। ਜੀਵ ਸਰਬ ਸਮਰਪਣ ਤੇ ਅੱਪੜੇ ਅੱਗੇ ਉਸ ਦਾ ਬਿਰਦ 'ਨਦਰੀ ਨਦਰਿ ਨਿਹਾਲ' ਕਰਦਾ ਹੈ, 'ਅਨੰਤ' 'ਅੰਤ ਵਾਲੇ ਨੂੰ ਆਪਣੇ ਵਿਚ ਆਪ ਮਿਲਾਉਂਦਾ ਹੈ। ਯਥਾ :-

ਬਾਹ ਪਕਰਿ ਪ੍ਰਿਅ ਸੇਜੈ ਆਨੀ॥　　(ਆਸਾ ਮਹਲਾ ੫-੨)

ਨਿਰੁਕ੍ਤ-ਅੰਕਿ- (ਸੰਸ:, ਅਙ੍ਕ) ਅੰਗ, ਗੇਣਤੀ ਦੇ ਅੰਗ, ਗੋਦ, ਨਿਕਟਤਾ, ਸਰੀਰ, ਆਦਿ ਕਈ ਅਰਥ ਹਨ।

ਅੰਕਿ ਸਹੇਲੜੀਆ- ਦਾ ਭਾਵ ਪਿਆਰੀਆਂ ਸਖੀਆਂ ਹੈ। ਕਈ ਸਜਣ ਇਹ ਭਾਵ ਐਉਂ ਕਢਦੇ ਹਨ : ਇਕ ਗੋਦ ਵਿਚ ਖੇਲੀਆਂ ਸਖੀਆਂ। ਕਈ- ਸਮੀਪਤਾ ਵਿਚ ਰਹੀਆਂ। ਕਈ ਅੰਕ ਦਾ ਅਰਥ ਰੱਬ ਲਾ ਕੇ ਰੱਬ ਵਿਚ ਮਿਲੀਆਂ ਸਖੀਆਂ ਬੀ ਕਰਦੇ ਹਨ।

ਰਾਵਿਆ- (ਸੰਸ:, ਰਮਣੰ = ਕ੍ਰੀੜਾ) ਮਾਣਿਆ। ਭੋਗਿਆ, ਭਾਵ ਹੈ ਪਰਮੇਸ਼ੁਰ ਦੀ ਪ੍ਰਾਪਤੀ ਦਾ ਰਸ ਮਾਣਿਆ।

ਰੀਸਾਲੂ- (ਸੰਸ:, ਰਸ। ਆਲਯ = ਰਸ ਦਾ ਘਰ) ਸੋਹਿਣਾ, ਰਸਦਾਯਕ। ਸੁੰਦਰ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੧)

ਪ੍ਰਾਕ੍ਥਨ-ਪਿਛਲੇ ਸ਼ਬਦਾਂ ਵਿਚ ਅਕਾਲ ਪੁਰਖ, ਗੁਰੂ, ਗੁਰਮੁਖ, ਨਾਮ, ਸਤਿਸੰਗੀ ਮਿਤ੍ਰ ਦੇ ਪਰਥਾਇ ਬਚਨ ਕਰਦਿਆਂ ਈਸ਼੍ਵਰ ਪ੍ਰਾਪਤੀ ਦਾ ਰਾਹ ਨਿਰੂਪਣ ਹੁੰਦਾ ਆਇਆ ਹੈ। ਹੁਣ ਅਗਲੇ ਸ਼ਬਦ ਵਿਚ ਉਸ 'ਸਤਿ ਪੁਰਖ' ਦਾ ਜ਼ਿਕਰ ਕਰਦਿਆਂ ਈਸ਼੍ਵਰ ਪ੍ਰਾਪਤੀ ਦਾ ਕੁਛ ਵੇਰਵਾ ਹੈ, ਜਿਸ ਨੂੰ ਪਿਛਲੇ ਸ਼ਬਦਾਂ ਵਿਚ ਕਹੇ ਉਪਦੇਸ਼ ਦੀ ਕਮਾਈ ਕਰਕੇ 'ਸੱਚੇ' ਵਾਹਿਗੁਰੂ ਦੀ ਪ੍ਰਾਪਤੀ ਹੋ ਗਈ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥	
ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ॥	(ਗੁਰੁ ਉਪਦੇਸ਼ ਦੀ ਕਮਾਈ ਕਰਕੇ ਇਹ ਗਲ) ਚੰਗੀ ਹੋ ਗਈ (ਕਿ ਮੇਰੇ) ਮਨ ਵਿਚੋਂ ਹਉਮੈ ਮਰ ਗਈ (ਜਿਸ ਕਰਕੇ ਮੈਂ ਦੂਤੀ

ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ॥ ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ॥੧॥

ਦੁਸ਼ਮਨਾਂ ਦਿਆਂ ਧੋਖਿਆਂ ਤੋਂ) ਬਚ ਗਈ। (ਓਹੋ) ਦੂਤ (ਵੈਰੀ) ਉਲਟ ਕੇ (ਮੇਰੀ) ਸੇਵਾ ਵਿਚ ਲਗ ਪਏ ਹਨ। (ਹਾਂ ਮੇਰੇ) ਮਨ ਨੇ ਕਲਪਨਾ (= ਅੰਦਰਲੇ ਸੰਕਲਪ ਵਿਕਲਪ) ਤੇ (ਬਾਹਰਲੇ) ਝਗੜੇ ਝਾਂਜੇ ਛੋੜ ਦਿੱਤੇ ਹਨ (ਹੁਣ ਕਲਪ ਬਾਦ ਦੀ ਥਾਂਵੇਂ ਅੰਦਰ) ਸੱਚਾ ਵੇਪਰਵਾਹ (ਅਰਥਾਤ ਵਾਹਿਗੁਰੂ ਹੀ ਵਾਹਿਗੁਰੂ ਹੋ ਗਿਆ) ਹੈ। (ਯਥਾ : **ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ** ॥ (ਗਉੜੀ ਬਾਵਨ ਅਖਰੀ ਮ: ੫-੧੫) ਇਹ ਸਭ ਕੁਛ) ਸਤਿਗੁਰੂ ਉਤੇ ਭਰੋਸਾ (ਕਰਨੇ ਦੀ ਬਰਕਤ ਹੈ) ॥੧॥

ਮਨ ਰੇ ਸਚੁ ਮਿਲੈ ਭਉ ਜਾਇ॥ ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ॥੧॥ ਰਹਾਉ॥

ਹੇ ਮੇਰੇ ਮਨ ! (ਜੀਵ ਨੂੰ ਦੁੱਖਾਂ ਕਸ਼ਟਾਂ ਦੇ ਤੌਖਲੇ, ਮਰਨੇ ਆਦਿ ਦੇ ਡਰ ਖਾ ਰਹੇ ਹਨ, ਇਸ ਪ੍ਰਕਾਰ ਦੇ ਭਉ ਤੋਂ ਜੀਵ ਸੱਚੇ ਵੇਪਰਵਾਹ ਦੇ) ਭਉ ਬਿਨਾਂ ਨਿਰਭਉ ਨਹੀਂ ਹੋ ਸਕਦਾ ; (ਉਸ ਦੇ ਭਉ ਨਾਲ ਮਨ ਨਿਰਮਲ ਹੋ ਕੇ ਸਚ ਨੂੰ ਪ੍ਰਾਪਤ ਹੁੰਦਾ ਹੈ) 'ਸਚ' ਦੇ ਮਿਲਿਆਂ (ਜੀਵ ਪੂਰਨ) ਨਿਰਭਉ ਹੋ ਜਾਂਦਾ ਹੈ ਤੇ (ਇਹ ਪ੍ਰਾਪਤੀ) ਗੁਰੂ ਕੇ ਸ਼ਬਦ ਵਿਚ ਸਮਾਇਆਂ ਹੁੰਦੀ ਹੈ[1]॥੧॥ ਰਹਾਉ ॥

ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ॥

(ਸਮਾਈ ਪ੍ਰਾਪਤ ਕੀਤੇ ਬਿਨਾਂ) 'ਕਹਿਣਾ' ਭਾਵੇਂ ਕਿੰਨਾ ਪਏ ਕਹੀਏ, ਕਹਿਣ ਦੁਆਰਾ (ਕਹਿਣ) ਮੁੱਕਦਾ ਨਹੀਂ। (ਕਿਉਂਕਿ ਕਹਿਣ ਪ੍ਰਾਪਤੀ ਨਹੀਂ, ਪਰ ਦਿਮਾਗ਼ੀ ਖਿਲੇਰ ਵਿਚ ਰਖਦਾ ਹੈ, ਫਿਰ ਸੋਚੋ ਕਹਿ ਕਹਿਕੇ)

ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ॥ ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ॥੨॥

ਮੰਗਣ ਵਾਲੇ ਕਿਤਨੇ ਹੀ ਹਨ, (ਪਰ ਦੇਣ ਵਾਲਾ) ਦਾਤਾ ਉਹੀ ਇਕੋ (ਸਚਾ ਬੇਪਰਵਾਹੁ) ਹੈ। (ਉਸ ਤੋਂ ਨਿਰੀਆਂ ਦਾਤਾਂ ਮੰਗ ਮੰਗ, ਲੈ ਲੈ ਕੇ ਸੁਖੀ ਨਹੀਂ ਹੋ ਸਕੀਦਾ) ਸੁਖ ਤਾਂ ਉਸ ਦੇ ਮਨ ਵਿਚ ਵਸਾਉਣੇ ਨਾਲ ਹੁੰਦਾ ਹੈ (ਕਿਉਂਕਿ) ਜਿਸ ਦੇ (ਦਿੱਤੇ ਸਾਡੇ) ਜੀਵ ਤੇ ਪ੍ਰਾਣ ਹਨ (ਉਸ ਸੁਖ ਸਰੂਪ ਤੋਂ ਵਿੱਥ ਸੁਖਦਾਈ ਨਹੀਂ ਹੋ ਸਕਦੀ, ਉਸ ਦੇ ਮਨ ਵਿਚ ਵਸਾਉਣ ਨਾਲ ਹੀ ਸੁਖ ਹੋ ਸਕਦਾ ਹੈ) ॥ ੨ ॥

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ॥ ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥ ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ॥੩॥

(ਕਿਉਂਕਿ ਜੋ ਦਾਤਾਂ ਮੰਗ ਕੇ ਤੇ ਲੈ ਕੇ ਤੁਸੀਂ ਸਦੈਵੀ ਸੁਖ ਮੰਨਦੇ ਹੋ ਓਹ ਸਦੈਵੀ ਨਹੀਂ ਹਨ। ਸੋਚੋ ਤਾਂ ਸਗੋਂ ਇਹ) ਜਗਤ (ਹੀ) ਸੁਪਨੇ ਦੀ ਇਕ ਖੇਲ ਬਣੀ ਹੋਈ ਹੈ (ਫਿਰ) ਇਹ ਖੇਲ (ਮਾਨੋ ਇਕ) ਖਿਨ ਵਿਚ ਖੇਡੀ ਜਾਂਦੀ ਹੈ (ਭਾਵ ਮੁੱਕ ਜਾਂਦੀ ਹੈ)। (ਇਸ ਵਿਚ) ਸੰਜੋਗਾਂ ਦੁਆਰੇ (ਜੀਵ) ਮਿਲ ਕੇ ਇਕੱਠੇ ਹੁੰਦੇ ਹਨ, ਵਿਜੋਗਾਂ ਦੁਆਰੇ ਉਠ ਟੁਰਦੇ (ਭਾਵ ਨਿੱਖੜ ਜਾਂਦੇ) ਹਨ। (ਗਲ ਕੀਹ) ਜੋ ਉਸ ਨੂੰ ਭਾਉਂਦਾ ਹੈ ਉਹ ਕੁਛ ਹੁੰਦਾ ਹੈ ਹੋਰ (ਉਸ ਦੇ ਉਲਟ) ਕੁਛ ਕੀਤਾ ਨਹੀਂ ਜਾ ਸਕਦਾ ॥ ੩ ॥

ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ॥

(ਇਸ ਕਰਕੇ ਚਾਹੀਦਾ ਹੈ ਕਿ) ਗੁਰੂ ਦੁਆਰਾ (ਅਸੀਂ ਉਹ) ਵਸਤੂ ਖਰੀਦੀਏ ਜੋ ਸੱਚਾ ਵੱਖਰ (ਤੇ) ਸੱਚੀ ਪੂੰਜੀ ਹੋਵੇ। (ਹਾਂ, ਇਉਂ)

---

[1]ਗੁਰੂ ਕੇ ਸ਼ਬਦ ਵਿਚ ਤਾਂ ਸਮਾਉਂਦਾ ਹੈ ਜੇ ਗੁਰੂ ਤੇ ਭਰੋਸਾ ਹੁੰਦਾ ਹੈ ਤੇ ਗੁਰੂ ਨਾਲ ਵੇਸਾਹ ਇਤਬਾਰ- ਬਣ ਜਾਂਦਾ ਹੈ।

ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ॥	ਜਿਨ੍ਹਾਂ ਨੇ ਸੱਚ ਖਰੀਦਿਆ ਹੈ (ਉਨ੍ਹਾਂ ਨੂੰ) ਪੂਰੇ ਗੁਰੂ ਦੀ ਸ਼ਾਬਾਸ਼ ਮਿਲੇਗੀ।
ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥ ੪ ॥ ੧੧ ॥	ਹੇ ਨਾਨਕ ! (ਇਹ ਗਲ ਬੀ ਨਿਸਚੇ ਜਾਣੋ ਕਿ) ਜਿਸ ਦੇ ਪਾਸ 'ਸਚ' ਦਾ ਸਉਦਾ ਹੋਵੇਗਾ (ਪੂਰਾ ਗੁਰੂ ਉਸ ਦੀ ਉਹ ਸਤ੍ਯ) ਵਸਤੂ (ਆਪ) ਪਛਾਣ ਲਏਗਾ ॥ ੪ ॥ ੧੧ ॥

ਵ੍ਯਾਖ੍ਯਾ–ਅੰਕ ੧. ਪਿੱਛੇ ਕਹੇ ਗੁਰ ਉਪਦੇਸ਼ ਦੀ ਕਮਾਈ ਨਾਲ ਹਉਮੈਂ ਛੁਟ ਗਈ, ਹਉਮੈਂ ਤੋਂ ਛੁਟਕਾਰਾ ਪਾਇਆਂ ਜੋ ਸੁਖ ਹੁੰਦਾ ਹੈ ਉਸ ਦਾ ਵਰਣਨ ਹੈ। ਬੁੱਧੀ ਵਾਸ਼ਨਾ ਤ੍ਰਿਸ਼ਨਾ ਮੋਹ ਮਾਇਆ ਦੇ ਜਾਲ ਤੋਂ ਛੁਟ ਕੇ ਸੁਤੰਤ੍ਰ ਹੋ ਜਾਂਦੀ ਹੈ। ਉਹ ਪੰਜ ਵੈਰੀ : ਕਾਮ, ਕ੍ਰੋਧ ਜੋ ਦੁਖ ਦੇਂਦੇ ਤੇ ਵਿਕਾਰਾਂ ਦੀ ਵਾਸ਼ਨਾ ਵਿਚ ਬੰਨ੍ਹੀ ਰਖਦੇ ਸਨ, ਸੇਵਾ ਕਰਦੇ ਹਨ। ਵਿਸ਼ੇ-ਕਾਮਨਾਂ ਮਿਟਕੇ, ਸਤਿਸੰਗ ਦੀ ਕਾਮਨਾਂ ਹੋ ਜਾਂਦੀ ਹੈ, ਲੋਭ 'ਸ਼ੁਭ ਗੁਣਾਂ ਦਾ ਪ੍ਰਯਤਨ' ਹੋ ਜਾਂਦਾ ਹੈ, ਕ੍ਰੋਧ 'ਜਿਤੇਂਦ੍ਰੇ ਰਹਿਣ ਦੀ ਸਮਰੱਥਾ' ਹੋ ਜਾਂਦਾ ਹੈ, ਮੋਹ 'ਗੁਰੂ ਤੇ ਵਾਹਿਗੁਰੂ ਪ੍ਰੇਮ ਦਾ' ਹੋ ਜਾਂਦਾ ਹੈ। ਹੰਕਾਰ 'ਵਾਹਿਗੁਰੂ ਪਰ ਦ੍ਰਿੜ ਭਰੋਸਾ' ਬਣ ਜਾਂਦਾ ਹੈ। ਗਲ ਗਲ ਤੇ ਕਲਪਨਾ, ਸੰਸਾਰ ਦੇ ਹਾਨ ਲਾਭ ਲਈ ਝਗੜਨਾ, ਸਭ ਦੁਖਦਾਈ ਸੁਭਾਵ ਮਿਟ ਜਾਂਦਾ ਹੈ, ਸਤਿਗੁਰੂ ਤੇ ਸਿਦਕ ਹੋ ਜਾਂਦਾ ਹੈ ਤੇ ਓਹ ਇਸ ਦਾ ਇਤਬਾਰ ਕਰਦੇ ਹਨ ਤੇ ਵੇਪਰਵਾਹੁ ਵਾਹਿਗੁਰੂ ਪ੍ਰਾਪਤ ਹੋ ਜਾਂਦਾ ਹੈ। ਇਉਂ ਨਿਰਭਉ ਹੋ ਜਾਈਦਾ ਹੈ।

ਰਹਾਉ ਵਿਚ ਕਥਨ ਕਰਦੇ ਹਨ ਕਿ ਸੰਸਾਰ ਸੰਸਾ ਹੈ ਤੇ ਭੈ ਹੈ। ਭੈ ਤੇ ਭਰਮ ਮਿਟਣੇ ਕਠਨ ਹਨ। ਹਉਮੈਂ ਦਾ ਸੰਖੇਪ ਸਰੂਪ ਹੈ 'ਭੈ ਭਰਮ' ਵਿਚ ਹੈ, ਇਹ ਭਰਮ ਭੈ ਦੀ ਕੈਦ ਕੀਕੂੰ ਮਿਟੇ ? ਆਗਿਆ ਕਰਦੇ ਹਨ, ਸੱਚ ਮਿਲੇ ਤਾਂ ਭੈ ਦੂਰ ਹੁੰਦਾ ਹੈ, ਕਿਉਂਕਿ ਸੱਚ ਆਇਆਂ ਫੇਰ ਸੰਸਾ ਭਰਮ ਨਹੀਂ ਰਹਿੰਦਾ। ਸੱਚ ਦੀ ਪ੍ਰਾਪਤੀ ਵਿਚ ਰਾਗ ਦ੍ਵੈਖ ਬੀ ਨਹੀਂ ਰਹਿੰਦੇ। ਰਾਗ ਦ੍ਵੈਖ ਨਹੀਂ ਤਾਂ ਡਰ ਭੈ ਕਿਸ ਗੱਲ ਦਾ ? ਤਾਂ ਤੇ ਸੱਚ ਅਮੋਲਕ ਵਸਤੂ ਹੈ ਜੋ ਭੈ ਮੇਟਦੀ ਹੈ।

ਪਰੰਤੂ ਨਿਰਭੈ ਹੋਣ ਦਾ ਦਾਰੂ ਤੇ ਸੱਚ ਦੇ ਪਾਉਣ ਦਾ ਸਾਧਨ ਬੀ 'ਭੈ' ਹੀ ਹੈ। ਭੈ ਦੋ ਪ੍ਰਕਾਰ ਦਾ ਹੈ :-

(ੳ) ਇਕ ਤਾਂ ਉਹ ਜੋ ਸਾਡੀ ਸੁਰਤ ਵਿਚ ਸਮਾ ਰਿਹਾ ਹੈ, ਜਿਸ ਨੇ ਸਾਡਾ ਸੁਭਾਵ ਕਾਇਰਤਾ ਵਾਲਾ, ਢੱਠਾ ਹੋਇਆ, ਤੌਖਲੇ ਭਰਿਆ ਬਣਾ ਦਿੱਤਾ ਹੈ, ਹਰ ਕੰਮ ਤੇ ਗੱਲ ਵਿਚ ਅੰਦਰ ਤੌਖਲਾ ਪ੍ਰਧਾਨ ਰਹਿੰਦਾ ਹੈ।

(ਅ) ਦੂਜਾ ਭੈ ਉਹ ਹੈ ਜੋ ਵਾਹਿਗੁਰੂ ਦਾ ਪੈਂਦਾ ਹੈ। ਇਸ ਦਾ ਮੁੰਢ ਮੌਤ ਤੇ ਗਿਆਨ ਤੋਂ ਹੁੰਦਾ ਹੈ। ਆਪਣੀ ਮੌਤ ਸੋਚ ਕੇ ਸਭ ਕੋਈ ਸਹਿਮ ਖਾਂਦਾ ਹੈ। ਰੋਗ, ਬੁਢਾਪਾ ਬੀ ਭੈ ਪਾਉਂਦੇ ਹਨ, ਇਸ ਭੈ ਤੋਂ ਜੀਵ ਵੈਰਾਗ ਵਿਚ ਆਉਂਦਾ ਹੈ। ਵੈਰਾਗ ਵਿਚ ਰਹਿਣ ਕਰਕੇ ਨਾ ਰਹਿਣ ਵਾਲੇ ਦੀ ਸੋਚ ਫੁਰਦੀ ਹੈ। ਜਦ ਅਪਣੀ ਅਕਲ ਪੂਰਾ ਸੰਸਾ ਨਹੀਂ ਮੇਟਦੀ, ਵਿਦ੍ਯਾ ਤੇ ਸ਼ਾਸਤ੍ਰ ਦਾ ਪੜ੍ਹਨਾ ਬੀ ਨਿਰਸੰਸੇ ਨਹੀਂ ਕਰਦਾ ਤਾਂ ਸਤਿਸੰਗ ਵਿਚ ਜਾਂਦਾ ਹੈ, ਉਥੇ ਗੁਰਮੁਖ ਤੋਂ ਉੱਜਲ ਮਤਿ ਲੈਂਦਾ ਹੈ ਕਿ ਦ੍ਰਿਸ਼ਟਮਾਨ ਝੂਠ ਹੈ ਤੇ ਦ੍ਰਿਸ਼ਟਾ ਸਤ੍ਯ ਹੈ, ਉਸ ਸਚ ਦੀ ਪ੍ਰਾਪਤੀ ਨਾਮ ਅਭ੍ਯਾਸ ਨਾਲ ਹੈ, ਤਦੋਂ ਨਾਮ ਅਭ੍ਯਾਸ ਨਾਲ 'ਸੱਚ' ਵਿਚ ਅਰਥਾਤ ਦ੍ਰਿਸ਼ਟਾ ਵਿਚ ਪਹੁੰਚਦਾ ਹੈ ਤੇ ਨਿਰਭੈ ਹੋ ਜਾਂਦਾ ਹੈ। ਐਉਂ ਇਹ ਭੈ ਖਾਕੇ ਜਗ੍ਯਾਸੂ ਸਤਿਸੰਗ ਵਿਚ ਜਾਕੇ ਨਾਮ ਪ੍ਰਾਪਤ ਕਰਦਾ, ਨਾਮ ਦੀ ਕਮਾਈ ਕਰਦਾ, ਤੇ ਨਾਮ ਦੀ ਕਮਾਈ ਕਰਕੇ ਸੱਚ ਨੂੰ ਪ੍ਰਾਪਤ ਕਰਦਾ ਤੇ ਨਿਰਭੈ ਪਦ ਨੂੰ ਪਹੁੰਚਦਾ ਹੈ। ਇਸ ਭੈ ਨੂੰ, ਜੋ ਤੌਖਲੇ ਵਾਲੇ ਭੈ ਤੋਂ ਨਿਰਭੈ ਕਰਦਾ ਹੈ, ਗੁਰਬਾਣੀ ਵਿਚ ਨਿਰਮਲ ਭਉ ਕਰਕੇ ਲਿਖਿਆ ਹੈ।

ਯਥਾ :- **ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ**[1]

(ਸੂਹੀ ਮਹਲਾ ੪-ਲਾਵਾਂ)

ਅੰਕ ੨- ਰਹਾਉ ਵਿਚ ਆਖੇ ਸਿੱਧਾਂਤ ਵਿਚ ਜਗਜਾਸੂ ਦੇ ਪੈ ਸਕਦੇ ਸੰਸੇ ਨੂੰ ਦੂਰ ਕਰਦੇ ਹਨ ਕਿ ਸ਼ਬਦ ਦੀ ਕਮਾਈ ਤਾਂ ਵਾਹਿਗੁਰੂ ਲੀਨਤਾ ਵਿਚ ਲੈ ਜਾਵੇਗੀ ਪਰ ਕਥਨੀਆਂ ਕਰੀ ਚੱਲੋ, ਕਥਨੀਆਂ ਮੁੱਕਣਗੀਆਂ ਨਹੀਂ ਤੇ ਕਥਨੀਆਂ ਨਾਲ ਪ੍ਰਾਪਤੀ ਨਹੀਂ ਹੋਵੇਗੀ। ਯਥਾ :-

ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ॥ (ਟੋਡੀ ਮਹਲਾ ੫-੧੨)

ਜੇ 'ਆਖਣੁ' ਦਾ ਭਾਵ ਕਥਾ ਵਾਰਤਾ ਪੋਥੀਆਂ ਦੇ ਦੱਸੇ ਆਖਜਾਨ ਆਦਿ ਤੋਂ ਹੋਵੇ ਤਾਂ ਵਿਚਾਰ ਕਰ ਲਓ ਕਿ ਕਥਾ ਵਖਜਾਨ ਆਦਿਕ ਭੈ ਦੂਰ ਨਹੀਂ ਕਰ ਸਕਦੇ। ਕਿਉਂਕਿ ਆਪ ਫੈਲਦੇ ਜਾਂਦੇ ਹਨ, ਮੁੱਕਦੇ ਨਹੀਂ ਤੇ ਸੋਚਣ ਵਾਲੇ ਦੀ ਸੋਚਣ ਵਾਲੀ ਬ੍ਰਿਤੀ ਏਕਾਗਰ ਹੋਣ ਦੀ ਥਾਂ ਆਖਜਾਨਾਂ ਦੇ ਸੁਣਕੇ ਸਮਝਣ ਵਿਚ ਖਿੱਲਰੀ ਰਹਿੰਦੀ ਹੈ, ਚਾਹੋ ਇਹ ਖਿਲੇਰਾ ਵੱਡੇ ਖਿੰਡਾਉ ਤੋਂ ਘੱਟ ਹੁੰਦਾ ਹੈ, ਪਰ ਹੈ ਖਿਲੇਰਾ। ਇਸ ਤਰ੍ਹਾਂ ਜੇ ਦਾਤੇ ਤੋਂ ਮੰਗੀਏ ਕਿ ਸਾਨੂੰ ਦੇਹ, ਜੋ ਕੁਛ ਮੰਗਦੇ ਹਾਂ ਉਹ 'ਦਾਤ' ਹੈ ਦਾਤਾ ਨਹੀਂ। ਦਾਤ ਸਾਰੀ ਦ੍ਰਿਸ਼ਟਮਾਨ ਹੈ। ਤੇ ਦ੍ਰਿਸ਼ਟਮਾਨ ਦਾ ਇਹ ਹਾਲ ਹੈ :-

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥ (ਗਉੜੀ ਮ: ੯-੨)

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਮਾਰੂ ਮ: ੫, ਸੋਲਹਾ ੧੧-੧੮)

ਤਾਂ ਜਦ ਦਾਤ ਬਿਨਸਨਹਾਰ ਹੈ, ਜਦ ਮਿਲੇਗੀ ਖੁਸ਼ੀ ਹੋਏਗੀ, ਜਦ ਬਿਨਸੇਗੀ ਕਲੇਸ਼ ਦਾਤੀ ਹੋਏਗੀ, ਜਦ ਪਾਸ ਰਹੇਗੀ ਤਾਂ ਤੌਖਲਾ ਲਗਾ ਰਹੇਗਾ ਕਿ ਹਾਇ ! ਇਹ ਬਿਨਸ ਨਾ ਜਾਏ। ਫੇਰ ਮੰਗਣ ਵਾਲੇ ਅਨੇਕਾਂ ਹਨ, ਸਾਰੇ ਬਿਨਸਨਹਾਰ ਸਰੀਰਾਂ ਵਿਚ ਹਨ, ਦਾਤਾ ਇਕ ਹੈ ਉਹ ਦੇਂਦਾ ਤਾਂ ਨਹੀਂ ਥਕਦਾ ਪਰ ਲੈਣ ਵਾਲੇ ਮੰਗਦੇ ਤੇ ਫੇਰ ਅਤ੍ਰਿਪਤ ਰਹਿੰਦੇ ਮਾਨੋ ਥੱਕ ਪੈਂਦੇ ਹਨ। ਸੋ ਮੰਗਣਾਂ ਤੇ ਵਖਜਾਣਾਂ ਦਾ ਕਹਿਣਾ ਸੁਣਨਾ ਨਿਰਭੈਤਾ ਨਹੀਂ ਦੇਂਦਾ, ਨਿਰਭੈਤਾ ਦਾ ਦਾਤਾ ਉਸ ਸੱਚੇ ਵਾਹਿਗੁਰੂ ਦਾ ਮਨ ਵਸਾਉਣਾਂ ਹੈ, ਜਿਸ ਦੇ ਦਿੱਤੇ ਹੋਏ ਇਹ ਸਰੀਰ ਤੇ ਪ੍ਰਾਣ ਹਨ। ਅਸੀਂ ਮੰਗਤੇ ਬਣਕੇ ਆਪਣੀ ਹਉਂ ਵਿਚ ਕਿਉਂ ਫਸੀਏ, ਜਦ ਜੀਉ ਪਿੰਡ ਸਾਰਾ ਹੀ ਦਾਤੇ ਦਾ ਹੈ, ਇਸ ਵਿਚ ਅਪਣੱਤ ਨਾ ਪਾਈਏ। ਜੋ ਪੈ ਗਈ ਹੈ ਉਹ ਆਪਣੀ ਯਾਦ ਵਿਚ ਦਾਤੇ ਨੂੰ ਵਸਾ ਕੇ, ਅਰਥਾਤ ਨਾਮ ਅਭਜਾਸ ਕਰਕੇ ਦੂਰ ਕਰ ਦੇਈਏ, ਦਾਤ ਨਾ ਮੰਗੀਏ ਦਾਤੇ ਦਾ 'ਸਾਥ ਵਸਾਉ' ਮੰਗੀਏ, ਹਾਂ ਉਸ ਨੂੰ ਅੰਦਰ ਵਸਾਈਏ, ਹਾਂ ਮੰਗੀਏ :- **ਰਾਖੁ ਸਦਾ ਪ੍ਰਭ ਅਪਨੈ ਸਾਥ॥** (ਬਿਲਾ : ਮ: ੫-੧੨੨)

ਇਉਂ ਮੰਗਦੇ ਨਾਮ ਜਪਦੇ ਉਸ ਸੁਖ ਸਰੂਪ ਵਿਚ ਪ੍ਰਾਪਤ ਹੋ ਜਾਵਾਂਗੇ।

ਅੰਕ ੩- ਹੁਣ ਦ੍ਰਿਸ਼ਟਮਾਨ ਦੇ ਬਿਨਸਣਹਾਰ ਹੋਣ ਦਾ ਹਾਲ ਦੱਸਦੇ ਹਨ ਕਿ ਇਸ ਵਿਚ ਕੀਹ ਦਾਤ ਲੈਣ ਜੋਗ ਹੈ। ਸੰਸਾਰ ਸੁਪਨੇ ਵਾਂਙ ਛੇਤੀ ਤੇ ਖੇਡ ਵਾਙੂ ਨਿਰਾਰਥਕ ਜਿਹੇ ਰੰਗ ਵਿਚ ਬਿਨਸ ਜਾਂਦਾ ਹੈ। ਸੰਜੋਗ, ਖਿੱਚੇ ਜਾਣ ਵਾਲੀ, ਮਿਲ ਪੈਣ ਵਾਲੀ ਹਾਲਤ ਤੇ ਵਿਜੋਗ ਪਰੇ ਹਟ ਜਾਣ, ਵਿਛੁੜ ਜਾਣ ਵਾਲੀ ਹਾਲਤ ਆਕਰਖ ਤੇ ਉਦਕਰਖ ਪੈਦਾ ਹੁੰਦੀ ਹੈ। ਇਨ੍ਹਾਂ ਦੋਹਾਂ ਦਾ ਸਾਰਾ ਪਸਾਰਾ ਹੈ ਅਤੇ ਜੀਵਾਂ ਦਾ ਮਿਲਣਾ ਵਿਛੁੜਨਾ ਕਰਮਾਂ ਤੇ ਵਾਸ਼ਨਾ ਦੇ ਆਸਰੇ ਹਨ, ਇਸ ਕਰਕੇ (ਖੇਡ ਹੈ), ਦ੍ਰਿਸ਼ਟਮਾਨ ਹੈ, ਦ੍ਰਿਸ਼ਟਾ ਨਹੀਂ ਹੈ ਤੇ ਅਧੀਨ ਸਭ ਕੁਛ ਦ੍ਰਿਸ਼ਟਾ ਦੇ ਹੈ, ਤੁਸੀਂ ਦ੍ਰਿਸ਼ਟਮਾਨ ਵਿਚੋਂ ਹੋ ਤੇ ਤੁਹਾਡੇ ਅਧੀਨ ਕੁਛ ਨਹੀਂ ਹੈ, ਇਸ ਲਈ ਦ੍ਰਿਸ਼ਟਾ ਅਰਥਾਤ 'ਸੱਚ' ਵਿਚ ਪਹੁੰਚ ਪੈਣਾ ਹੀ ਉੱਚ ਪ੍ਰਾਪਤੀ ਹੈ।

ਇਸ ਉਪਦੇਸ਼ ਅਰ ਸਿਖਜਾ ਨੂੰ ਪ੍ਰਪੱਕ ਕਰਨੇ ਨਮਿਤ ਅਗੇ ਆਗਜਾ ਕਰਦੇ ਹਨ।

---

[1]ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ॥ ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ (ਵਾਰ ਰਾਮਕਲੀ ਮਹਲਾ ੩-੮)

ਅੰਕ ੪- ਗੁਰਮੁਖਾਂ ਦੇ ਪਾਸ 'ਸੱਚ' ਅਰਥਾਤ ਦ੍ਰਿਸ਼ਟਾ ਨੂੰ ਪ੍ਰਾਪਤ ਕਰਨੇ ਦਾ ਪਦਾਰਥ ਅਮਿਤ ਹੈ। ਉਹਨਾਂ ਨਾਲ ਮੇਲੇ ਕਰਕੇ ਉਸ ਵਸਤੂ ਨੂੰ ਲਈਏ। ਸਾਡੇ ਪਾਸ ਮੁਲ ਤਾਂ ਹੈ ਹੀ ਨਹੀਂ, ਇਤਬਾਰ ਬਣ ਜਾਵੇ ਤਾਂ ਸਾਡਾ ਵਿਸਾਹ ਕਰਕੇ ਸਾਨੂੰ ਉਹ ਵਸਤੁ ਦੇ ਸਕਦੇ ਹਨ, ਜਿਸ ਦਾ ਪ੍ਰਕਾਰ ਪਹਿਲੀ ਪਉੜੀ ਵਿਚ ਦੱਸ ਆਏ ਹਨ ਕਿ ਹਉਮੈਂ ਨੂੰ ਛਡਿਆਂ ਸਤਿਸੰਗ ਵਿਚ ਜਾਕੇ ਨਿੰਮ੍ਰਤਾ ਫੜੀ :-

'ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ'॥ (ਵਾਰ ਮਾਰੂ ਡਖਣੇ ਮ: ੫-੨੦)

ਜਦ ਨਿੰਮ੍ਰਤਾ ਧਾਰੀ, ਹਉਂ ਨਿਕਲੀ ਤਾਂ ਬੁਧਿ ਉੱਜਲ ਹੋ ਆਈ, ਵਿਕਾਰ ਹਟੇ, ਈਰਖਾ ਬਾਦ ਮਿਟੇ, ਸਤਿਸੰਗ ਨੂੰ ਸਾਡੇ ਤੇ ਵਿਸਾਹ ਹੋ ਗਿਆ। ਇਉਂ ਵਿਸਾਹ ਹੋਇਆਂ ਗੁਰਮੁਖ ਤੋਂ ਸ਼ਬਦ ਅਭਜਾਸ ਦੀ ਰਾਸ ਪ੍ਰਾਪਤ ਹੋ ਗਈ। ਉਹਨਾਂ ਨੇ ਅਧਿਕਾਰੀ ਜਾਣ ਕੇ ਅਮੁੱਲ ਬਖਸ਼ੀਸ਼ ਦਾ ਅਮੁੱਲ ਨੀਸਾਣ ਕਰ ਦਿਤਾ। ਅਖਜਾਨਕ ਵਾਂਙੂ 'ਨਾਮ ਜਪੋ' ਕੇਵਲ ਕਹਿ ਹੀ ਨਹੀਂ ਦਿੱਤਾ, ਅਪਣੀ ਲੱਗੀ ਹੋਈ ਸੁਰਤ ਦੇ ਨਾਲ ਸਾਡੀ ਸੁਰਤ ਦੇ ਵਿਚ ਸ਼ਬਦ ਪੁਰੋ ਦਿੱਤਾ, ਇਹ ਗੁਰਮੁਖ ਨੇ ਸਾਨੂੰ 'ਗੁਰਮੁਖਿ ਸਬਦਿ ਸਮਾਇ' ਕਰ ਦਿੱਤਾ। ਇਹ ਜਦ ਵਸਤੂ ਮਿਲੀ ਤਾਂ ਸਾਨੂੰ ਆਪ ਵਾਪਾਰ ਕਰਨ ਲਈ ਰਾਸ ਮਿਲ ਗਈ। ਕਿਸੇ ਸ਼ਾਹ ਦਾ ਕਿਸੇ ਸ਼ਾਗਿਰਦ ਨੂੰ ਵਾਪਾਰ ਦੀ ਜਾਚ ਸਿਖਾ ਦੇਣਾ ਹੋਰ ਗਲ ਹੈ, ਤੇ ਜਾਚ ਦੱਸਕੇ ਰਾਸ ਪਾ ਦੇਣੀ ਹੋਰ ਗਲ ਹੈ। ਸੋ ਗੁਰਮੁਖ 'ਰਾਸ' ਪਾ ਦੇਂਦਾ ਹੈ। ਉਸ ਸੱਚੀ ਰਾਸ ਨਾਲ ਸਚਾ ਸਉਦਾ 'ਨਾਮ ਅਭਜਾਸ' ਦਾ ਕਰੀਦਾ ਹੈ। ਜੋ ਸਜਨ ਇਹ ਸਉਦਾ ਕਰਕੇ ਦਰਗਾਹੇ ਜਾਂਦੇ ਹਨ ਤਾਂ ਉਹਨਾਂ ਦੇ ਪੱਲੇ ਪਏ ਸੱਚ ਦੇ ਸਉਦੇ ਦੀ ਪਛਾਣ ਹੋ ਜਾਂਦੀ ਹੈ ਅਰ ਸ਼ਾਬਾਸ਼ ਮਿਲਦੀ ਹੈ। ਭਾਵ ਇਹ ਕਿ ਸੱਚ ਜਿਨ੍ਹਾਂ ਨੇ ਜੀਵਨ ਵਿਚ ਪ੍ਰਾਪਤ ਕਰ ਲਿਆ ਹੈ ਓਹ ਚੋਲਾ ਛੋੜਕੇ ਬੀ ਸੱਚ ਵਿਚ ਸਮਾਈ ਪ੍ਰਾਪਤ ਕਰਦੇ ਹਨ।

ਨਿਰੁਕ੍ਤ-ਸਰੀ- (ਸੰਸ:, ਸ੍ਰਿ = ਚਲਨਾ। ਪੰਜਾਬੀ, ਸਰਨਾ = ਹੋ ਆਉਣਾ) ਹੋ ਆਈ। ਹੋ ਗਈ।

ਉਬਰੀ- (ਸੰਸ:, ਉਦ੍ਧਾਰਨ ; ਹਿੰਦੀ, ਪੰਜਾਬੀ, ਉਬਾਰਨਾ = ਉਪਰ ਉਠ ਆਉਣਾ, ਤਿਰ ਆਉਣਾ। ਛੁਟ ਜਾਣਾ, ਬਚ ਜਾਣਾ) ਬਚ ਗਈ।

ਘਰਾਹੁ- (ਪੰਜਾ:, ਘਰਾਹੋਂ = ਘਰੋਂ) ਘਰ ਵਿਚੋਂ, ਭਾਵ ਮਨ ਵਿਚੋਂ, ਅੰਤਹਕਰਣ ਵਿਚੋਂ। ..

ਵੇਸਾਹੁ- (ਸੰਸ:, ਵਿਸ਼੍ਵਾਸ = ਭਰੋਸਾ) ਯਕੀਨ, ਸਿਦਕ, ਭਰੋਸਾ। (ਅ) ਇਤਬਾਰ।

ਕਲਪ- (ਸੰਸ:, ਕਲ੍ਪਨ[1]) ਮਨ ਵਿਚ ਦੁਖੀ ਹੋਣਾ। ਮਨ ਦੇ ਫੁਰਨੇ। ਸੰਕਲਪ ਵਿਕਲਪ।

ਬਾਦਿ- (ਸੰਸ:, ਵਾਦ : = ਬਾਤਚੀਤ) ਝਗੜਾ ਝਾਂਜਾ।

ਹੈ- ਦੇਹੁਰੀ ਦੀਪਕ ਹੈ, ਕਲਪ ਤਿਆਗੀ ਬਾਦਿ ਹੈ, ਹੈ ਸਚਾ ਵੇਪਰਵਾਹੁ = ਕਲਪ ਬਾਦਿ ਤਿਆਗੀ ਹੈ ਹੁਣ ਸਚਾ ਵੇਪਰਵਾਹੁ ਅੰਤਹ ਕਰਣ ਵਿਚ (ਵਸ ਰਿਹਾ) ਹੈ।

ਆਖਣੁ- (ਪੰਜਾਬੀ) ਜੋ ਆਖਿਆ ਜਾਏ, ਕਹਿਣ। (ਸੰਸ:, ਆਖਜਾਨ) ਸ਼ਾਸਤ੍ਰ ਆਦਿਕਾਂ ਦੇ ਲੇਖ ਕਥਨ। ਕਥਨ। ਬਾਜੀ- (ਫ਼ਾ:, ਬਾਜ਼ੀ) ਖੇਲ।

ਸੰਜੋਗੀ- (ਸੰਸ:, ਸੰਯੋਗ = ਮੇਲ, ਜੋੜ) ਸੰਜੋਗਾਂ ਨਾਲ। ਭਾਵ ਹੈ ਮਿਲਾਪ ਵਾਲੇ ਕੀਤੇ ਕਰਮਾਂ

---

[1]ਕਲਪ: ਦੇ ਮੂਲ ਅਰਥ ਹਨ : ੧. ਧਰਮ ਸ਼ਾਸਤ੍ਰ ਦੀ ਆਗਿਆ। ੨. ਪ੍ਰਸਤਾਵ। ੩. ਸੰਕਲਪ। ੪. ਢੰਗ। ੫. ਪ੍ਰਲਯ। ੬. ਬ੍ਰਹਮਾ ਦਾ ਇਕ ਦਿਨ। ੭. ਵੇਦ ਦਾ ਇਕ ਅੰਗ। ੮. ਇਕ ਤਰੀਕਾ ਇਲਾਜ ਦਾ। ਕਲਪਨ = ਬਨਾਉਣਾ। ਪੂਰਾ ਕਰਨਾ, ਕਤਰਨਾ, ਮਾਨਸਕ ਬਨਾਵਟ, ਜਾਅਲ-ਸਾਜ਼ੀ।

ਪੰਜਾਬੀ ਤੇ ਹਿੰਦੀ ਵਿਚ ਇਸ ਦੇ ਅਰਥ ਹੋ ਗਏ : ੧. ਫਰਜ਼ ਕਰਨਾ, ਖਜਾਲ ਕਰਨਾ, ੨. ਮਨ ਕਰਕੇ ਦੁਖੀ ਹੋਣਾ, ਦੁਖੀ ਹੋ ਕੇ ਦੁਖ ਰੋਣੀ।

ਦੇ ਕਰਮ ਫਲ ਤੇ ਈਸ਼੍ਵਰ ਦੇ ਹੁਕਮ ਨਾਲ ਰਚੇ ਮੇਲ ਵਾਲੇ ਬਣੇ ਸਾਮਾਨਾਂ ਨਾਲ।

ਵਿਜੋਗੀ- (ਸੰਸ:, ਵਿਯੋਗ) ਵਿਛੋੜੇ ਨਾਲ। ਸੰਜੋਗੀ ਦੇ ਉਲਟ ਅਰਥ ਹਨ। ਕਰਮ ਫਲ ਵਿਚ ਵਾਹਿਗੁਰੂ ਦੇ ਹੁਕਮ ਨਾਲ ਵਿਛੋੜ ਦੇਣ ਵਾਲੇ ਸਾਮਾਨ।

ਵੇਸਾਹੀਐ- (ਪੁਰਾਤਨ ਪੰਜਾਬੀ। ਦੇਖੋ ਉਪਰ 'ਵੇਸਾਹ' ਪਦ। ਵੇਸਾਹ ਤੋਂ ਪੰਜਾਬੀ ਕ੍ਰਿਆ ਬਣਦੀ ਹੈ ਵੇਸਾਹੁਣਾ) ਵਿਸਾਹ ਕਰਨਾ, ਵਿਸਾਹੁ ਤੇ ਸੌਦਾ ਲੈਣਾ। ਇਸ ਤੋਂ ਮੁਹਾਵਰੇ ਦੇ ਅਰਥ ਹੋ ਗਏ ਹਨ-ਖਰੀਦਣਾ। ਪਰ ਹੁਣ ਇਹ ਪਦ ਇਨ੍ਹਾਂ ਅਰਥਾਂ ਵਿਚ ਘੱਟ ਵਰਤੀਂਦਾ ਹੈ।

ਵਣੰਜਿਆ- (ਪੰਜਾਬੀ, ਵਣਜ ਪਦ ਤੋਂ ਕ੍ਰਿਆ ਬਣੀ ਵਣਜਣਾ) ਵਣਜ ਕੀਤਾ, ਖ਼ਰੀਦਿਆ।

ਸਾਬਾਸਿ- (ਫ਼ਾ:, ਸ਼ਾਬਾਸ਼, ਸ਼ਾਦਬਾਸ਼) ਚੰਗਾ ਕੰਮ ਕੀਤੇ ਤੇ ਵਡੇ ਪੁਰਖ ਤੋਂ ਥਾਪੜਾ ਤੇ ਅਸੀਸ ਮਿਲਣੀ। ਅੱਖਰੀ ਅਰਥ ਸ਼ਾਬਾਸ਼ ਦੇ ਹਨ ਖੁਸ਼ ਰਹੋ।

ਸਉਦਾ- (ਫ਼ਾ:,) ਵੱਖਰ, ਮਾਲ ਜੋ ਖ਼ਰੀਦਿਆ ਜਾਏ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੨)

ਪ੍ਰਾਕ੍ਥਨ-ਐਉਂ ਜਾਪਦਾ ਹੈ ਕਿ ਪਿਛਲੇ ਸ਼ਬਦਾਂ ਵਿਚ ਜੋ ਸਿੱਖ-ਮਤ ਦਿੱਤੀ ਗਈ ਹੈ ਤੇ ਗੁਰੂ ਦੀ ਲੋੜ ਦੱਸੀ ਗਈ ਹੈ, ਉਸ ਪਰ ਕੋਈ 'ਕਰਮ ਮਾਰਗ' ਦਾ ਹਿਤੈਸ਼ੀ ਪ੍ਰਸ਼ਨ ਕਰਦਾ ਹੈ ਕਿ ਕਿਆ ਆਪੂੰ ਕੀਤੇ ਕਰਮ 'ਸਚੇ ਵੇਪਰਵਾਹੁ' ਦੀ ਪ੍ਰਾਪਤੀ ਨਹੀਂ ਕਰਵਾ ਦੇਂਦੇ ? ਇਸ ਦਾ ਉੱਤਰ ਅਗਲੇ ਸ਼ਬਦ ਵਿਚ ਦੇ ਰਹੇ ਹਨ ਅਤੇ ਪ੍ਰਾਪਤੀ ਦਾ ਰਾਹ ਦੱਸ ਰਹੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥	
ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ॥੧॥	੩. ਹਰੀ ਨੂੰ ਇਕ ਰਸ ਜਪਣ ਵਾਲੇ ਸੰਤੋਖੀਆਂ ਨੂੰ ਸੱਚ ਪ੍ਰਾਪਤ ਹੁੰਦਾ ਹੈ। ੨. (ਉਨ੍ਹਾਂ ਨੂੰ ਇਸ) ਸੱਚੇ[1] ਦੇ ਰੰਗ ਦਾ ਚੜ੍ਹਾਉ (ਪਹਿਲੇ) ਲਾਲ, (ਫੇਰ) ਸਛੂ ਲਾਲ, ਫੇਰ ਗੂੜਾ ਲਾਲ (ਹੋ ਕੇ ਚੜ੍ਹਦਾ ਹੈ)। ੧. ਫੇਰ ਅਸਲ ਨੂੰ ਅਸਲ ਜਾ ਮਿਲਦੀ ਹੈ, (ਅਰਥਾਤ) ਸਿਫਤ ਕਰਨੇ ਵਾਲਾ ਸਿਫਤਾਂ ਵਾਲੇ ਵਿਚ ਸਮਾ ਜਾਂਦਾ ਹੈ ॥ ੧ ॥
	(ਪ੍ਰਸ਼ਨ :- ਇਹ ਦਾਤ ਕਿਵੇਂ ਤੇ ਕਿਸ ਪਾਸੋਂ ਮਿਲਦੀ ਹੈ ?
ਭਾਈ ਰੇ ਸੰਤ ਜਨਾ ਕੀ ਰੇਣੁ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥੧॥ ਰਹਾਉ॥	ਉੱਤਰ :-) ਹੇ ਭਾਈ ! (ਇਸ ਸੱਚ ਦਾ ਦਾਤਾ ਅਰਥਾਤ) ਮੁਕਤੀ (ਰੂਪ) ਪਦਾਰਥ ਦਾ ਦਾਤਾ ਗੁਰੂ (ਹੈ ਜੋ) ਕਾਮਧੇਨ (ਗਊ ਵਾਂਙੂ ਸਰਬ ਕਾਮਨਾਂ ਪੂਰਨ ਕਰਨੇ ਵਾਲਾ ਹੈ ਉਹ) ਸੰਤ ਸਭਾ ਵਿਚੋਂ ਲਭਦਾ ਹੈ (ਤਾਂਤੇ) ਸੰਤ ਜਨਾ ਅਗੇ ਨਿਮਾਣਾ ਹੋ ॥ ੧ ॥ ਰਹਾਉ ॥
ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥	(ਪ੍ਰਸ਼ਨ :- ਕਿਉਂ ਗੁਰੂ ਦੀ ਆਵੱਸ਼ਕਤਾ ਹੈ ? ਉੱਤਰ :-) ਉੱਚਾ ਹੈ ਥਾਉਂ (ਪਰ ਜੋ ਬੜਾ) ਸੁਹਾਵਣਾ ਹੈ, ਉਸ ਉਪਰ (ਉਸ ਸਤਯ ਸਰੂਪ) ਪਰਮਾਤਮਾ ਦਾ ਮਹਲ ਹੈ। ਉਹ ਦਰ ਘਰ

[1]ਭਾਵ ਹੈ 'ਸੱਤਯ ਸਰੂਪ ਅਕਾਲ ਪੁਰਖ'। ਯਥਾ: ਨਾਨਕ ਸਾਚੇ ਕਉ ਸਚੁ ਜਾਣੁ॥ (ਸਿਰੀ : ਮ:੧-੫

ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ॥੨॥

ਤੇ ਮਹਲ ਪਿਆਰ ਦੁਆਰਾ ਪਾਈਦਾ ਹੈ, (ਨਾਲ) ਸੱਚ ਦੀ ਕਰਣੀ ਦੇਕੇ (ਤੇ) ਆਤਮ ਰਾਮ ਦਾ ਵੀਚਾਰ ਕਰ ਕਰਕੇ ; ਸੋ ਮਨ ਨੂੰ (ਇਨ੍ਹਾਂ ਸਾਰੀਆਂ ਗੱਲਾਂ ਦਾ) ਸਮਝਾਉਣਾ (ਭਾਵ ਸੁਸਿਖਯਤ ਕਰਨਾ) ਗੁਰੂ ਦੁਆਰਾ ਹੁੰਦਾ ਹੈ ॥ ੨ ॥

ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ॥ ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ॥ ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ॥੩॥

(ਪ੍ਰਸ਼ਨ :- ਜੇ ਕਰਮ ਮਾਰਗ ਤੇ ਟੁਰ ਪਈਏ ਤਾਂ ਕੀ ਆਪੇ ਪ੍ਰਾਪਤੀ ਨਹੀਂ ਹੋ ਜਾਂਦੀ ?) (ਉੱਤਰ :-) (ਜੇ) ਤ੍ਰੈ ਹੀ ਤਰ੍ਹਾਂ ਦੇ ਕਰਮ ਕਮਾਉਂਦੇ ਰਹੀਏ (ਤਾਂ ਬੀ) ਆਸਾ ਤੇ ਅੰਦੇਸਾ (ਨਾਲੋ ਨਾਲ) ਰਹਿੰਦੇ ਹਨ। (ਸੋ ਕਰਮ ਕਰਨੇ ਨਾਲ ਤ੍ਰਿਕੁਟੀ ਨਹੀਂ ਛੁੱਟਦੀ, ਪੱਕ ਜਾਣੋ? ਉਹ) ਤ੍ਰਿਕੁਟੀ ਗੁਰੂ ਬਿਨਾ ਨਹੀਂ ਛੁੱਟ ਸਕਦੀ। (ਗੁਰੂ ਮੇਹਰ ਨਾਲ ਤ੍ਰਿਕਟੀ ਛੁਟੇ ਤੋਂ ਸਹਜ ਦੁਆਰਾ ਪ੍ਰਾਪਤੀ ਹੈ) ਸਹਜ ਦੁਆਰਾ ਮਿਲੀਏ ਤਾਂ ਸੁਖ ਹੁੰਦਾ ਹੈ। (ਹਾਂ ਗੁਰੂ ਹੀ) ਮੇਹਰ ਦ੍ਰਿਸ਼ਟੀ ਕਰੇ (ਤੇ ਆਸ ਅੰਦੇਸੇ ਦੀ) ਮੈਲ ਧੋ ਦੇਵੇ (ਤਦ) ਆਪਣੇ ਸਰੂਪ ਵਿਚ ਪਰਮਾਤਮਾ ਨੂੰ ਪਛਾਣ ਲਈਦਾ ਹੈ ॥੩॥

ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ॥ ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ॥ ੪॥੧੨॥

(ਇਸ ਕਰਕੇ ਕਹਿ ਰਹੇ ਹਾਂ ਕਿ) ਬਿਨਾ ਗੁਰੂ (ਦੀ ਮੇਹਰ) ਦੇ ਮੈਲ ਨਹੀਂ ਉਤਰਦੀ (ਤੇ) ਬਿਨਾ ਹਰੀ (ਦੀ ਮੇਹਰ ਦੇ) ਸਰੂਪ ਵਿਚ ਵਾਸਾ ਨਹੀਂ ਹੁੰਦਾ। (ਇਸ ਲਈ ਇਹੋ ਬਣਦਾ ਹੈ ਕਿ ਅਪਣੀ ਕਲਜਾਣ ਲਈ ਗੁਰੂ ਦੇ ਦਿਤੇ) ਇਕੋ ਉਪਦੇਸ਼ ਦੀ ਹੀ ਵੀਚਾਰ ਕਰੀਏ (ਤੇ ਤ੍ਰਿਬਿਧ ਕਰਮ ਆਦਿਕਾਂ ਦੀਆਂ) ਹੋਰ ਆਸਾਂ ਤਿਆਗ ਦੇਵੀਏ। ਹੇ ਨਾਨਕ ! (ਐਸੇ ਗੁਰੂ ਉਤੋਂ ਜੋ ਆਪ ਵਾਹਿਗੁਰੂ ਜੀ ਨੂੰ) ਦੇਖਕੇ (ਦੂਸਰਿਆਂ ਅਪਣੇ ਸਿਖਾਂ) ਨੂੰ ਦਿਖਾਵੇ ਮੈਂ ਉਸ ਦੇ ਸੌ ਵੇਰੀ ਕੁਰਬਾਨ ਹਾਂ ॥ ੪ ॥ ੧੨ ॥

ਵਜਾਖਜਾ–ਇਸ ਸ਼ਬਦ ਵਿਚ ਸ੍ਰੀ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਤ੍ਰੈ ਪ੍ਰਕਾਰ ਦੇ ਕਰਮਾਂ ਕਰਕੇ ਮਨ ਵਿਚ ਆਸਾ ਅੰਦੇਸਾ ਬਣੇ ਰਹਿੰਦੇ ਹਨ, ਇਸ ਕਰਕੇ ਤਿਕੁਟੀ ਨਹੀਂ ਛੁੱਟਦੀ। ਤ੍ਰਿਕੁਟੀ ਛੁੱਟੇ ਤਾਂ 'ਏਕਤ੍ਰ' ਵਿਚ ਆਵੇ, ਇਕ ਨੂੰ ਪਛਾਣੇ ਤਾਂ ਇਕ ਵਿਚ ਸਮਾਵੇ। ਇਕ ਵਿਚ ਸਮਾਵੇ ਤਾਂ ਸਦੈਵੀ ਸੁਖ ਹੋਵੇ। ਇਹ ਅਵਸਥਾ ਗੁਰੂ ਦੇ ਉਪਦੇਸ਼ ਨਾਲ, ਉਸ ਦੇ ਦੱਸੇ ਨਾਮ ਅਭਜਾਸ ਨਾਲ ਤੇ ਉਸ ਤੋਂ ਉਪਜੇ ਪ੍ਰੇਮ ਨਾਲ, ਅਤੇ ਗੁਰੂ ਦੀ ਸਿਖਾਈ 'ਆਤਮਾ' ਤੇ 'ਰਾਮ' (ਜੀਵ ਤੇ ਈਸ਼੍ਵਰ) ਦੀ ਵੀਚਾਰ ਨਾਲ ਪ੍ਰਾਪਤ ਹੁੰਦੀ ਹੈ। ਇਉਂ ਏਕਤ੍ਰ ਵਿਚ ਪਹੁੰਚੀਦਾ ਹੈ। ਉਹ ਏਕਤ੍ਰ ਕੀ ਹੈ ? ਸੱਚ ਭਾਵ ਸਤਜ ਸਰੂਪ ਹੈ। ਇਸ ਪ੍ਰਯਤਨ ਨਾਲ 'ਸੱਚ' ਦੀ ਕਰਣੀ ਨਾਲ ਪ੍ਰਾਪਤ ਹੁੰਦੀ ਹੈ। ਸਿਧ ਹੋਇਆ ਕਿ ਪਰਮਾਤਮ ਦੇਵ ਦਾ ਸਰੂਪ 'ਸਤਜ' ਹੈ ਤੇ ਉਹ ਸਤਜ ਦੀ ਕਰਣੀ ਨਾਲ ਪ੍ਰਾਪਤ ਹੁੰਦਾ ਹੈ। ਜਦੋਂ ਜੀਵ ਉੱਪਰ ਦੱਸੇ ਪ੍ਰਯਤਨ ਨਾਲ ਆਪਣੇ ਵਿਚੋਂ ਅਸੱਤ ਦਾ ਭਾਵ ਕੱਢਕੇ 'ਸਤਜ' ਦੀ ਲੱਖਤਾ ਵਿਚ ਆ ਜਾਂਦਾ ਹੈ, ਤਾ ਸੱਚ ਦੀ ਕਰਣੀ ਪ੍ਰਾਪਤ ਹੁੰਦੀ ਹੈ। ਸਤਜ ਦੀ ਕਰਣੀ ਇਸ ਨੂੰ 'ਸਤਜ ਸਰੂਪ' ਵਿਚ ਸਮਾ ਦੇਂਦੀ ਹੈ। ਅਸਲੀਅਤ ਅਸਲੀਅਤ ਵਿਚ ਲੀਨ ਹੋ ਜਾਂਦੀ ਹੈ, ਜਿਵੇਂ ਕਿ ਇਕ ਪ੍ਰਕਾਰ ਦੀ ਧਾਤੂ ਦੀ ਵਸਤੂ ਗਾਲਣੇ ਕਰਕੇ ਉਹ ਆਪਣੀ ਜਾਤ ਦੀ ਧਾਤੂ ਨਾਲ ਮਿਲਕੇ ਤਦ ਰੂਪ ਹੋ ਜਾਂਦੀ ਹੈ[1]। ਇਸ ਲਈ ਗੁਰ ਸਿਖ ਨੂੰ ਚਾਹੀਏ ਕਿ ਗੁਰੂ ਦੇ ਦਿੱਤੇ ਸ਼ਬਦ ਦੀ ਵੀਚਾਰ ਕਰੇ,

[1] ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥ (ਸਲੋਕ ਕਬੀਰ - ੧੭੭)

ਉਸ ਦੀ ਦੱਸੀ ਘਾਲ ਕਰੇ। ਐਉਂ ਸਿਫਤ ਸਲਾਹ ਵਿਚ ਆਵੇ, ਪ੍ਰੇਮ ਦੀ ਅਗਨੀ ਨਾਲ ਆਪੇ ਨੂੰ ਦ੍ਰਵੀਭੂਤ ਕਰੇ, ਜੋ ਪਰਮ - ਆਪੇ ਨੂੰ ਜਾ ਮਿਲੇ। ਜੀਵ ਆਤਮਾ ਸ਼ੁਧ ਆਤਮਾ ਹੋ ਕੇ ਪਰਮ ਆਤਮਾ ਨੂੰ ਪ੍ਰਾਪਤ ਹੋਵੇ। ਕਰਮਾਂ ਨਾਲ ਹਉ ਨਹੀਂ ਤ੍ਰੁਟਦੀ। ਕਰਮ ਕਰਾਉਂਦੀ ਹੀ ਹਉਮੈ ਹੈ।

ਇਸ ਸ਼ਬਦ ਵਿਚ ਗੁਰੂ ਜੀ ਨੇ ਕਾਵ੍ਯ, ਦਾਰਸ਼ਨਕ ਸਿਧਾਂਤ ਤੇ ਰਹੱਸਯਕ ਪਹਿਲੂ, ਤ੍ਰੈਹਾਂ ਨੂੰ ਅਚਰਜ ਗੋਂਦ ਨਾਲ ਗੁੰਦ ਕੇ ਰਖਿਆ ਹੈ।

ਵਾਹਿਗੁਰੂ ਦਾ ਨਿਵਾਸ ਉੱਚੇ ਸੁਹਣੇ ਥਾਂ ਦੱਸਣਾ, ਓਥੇ ਉਸ ਦਾ ਮਹਲ ਦਿਖਾਉਣਾ, ਉਥੇ ਪਹੁੰਚਣ ਲਈ ਸੱਤ੍ਯ ਦੀ ਕਰਨੀ ਦੀ ਲੋੜ ਦੱਸਣੀ, ਕੈਸਾ ਸੁਹਣਾ ਰੂਪਕ ਬੰਨ੍ਹਕੇ ਪਰਮਾਤਮ ਦੇਵ ਦੇ ਸਰੂਪ ਦਾ ਉੱਚਾ ਨਕਸ਼ਾ ਬੰਨ੍ਹਦੇ ਹਨ। ਫਿਰ ਮੁਕਤ ਪੁਰਖ, ਭਗਤ ਪੁਰਖ ਦੀ ਪ੍ਰੇਮ ਅਵਸਥਾ ਨੂੰ ਲਾਲ ਰੰਗ ਦੇ ਕਈ ਵੰਨਾਂ ਨਾਲ ਸ਼ੋਭਾ ਦਿਤੀ ਹੈ। ਇਸੇ ਵਿਚ ਰਹੱਸਯਕ ਰੂਪ ਬੰਨ੍ਹ ਦਿੱਤਾ ਹੈ।

ਫੇਰ ਦਾਰਸ਼ਨਕ ਪਹਿਲੂ ਲੈਕੇ 'ਕਰਮ ਮਾਰਗ' ਦੀ ਕਮੀ ਦਿਖਾਈ ਹੈ ਕਿ ਉਸ ਨਾਲ ਆਸ ਅੰਦੇਸ਼ਾ ਨਹੀਂ ਮਿਟਦੇ, ਹਉਂ ਨਹੀਂ ਦੂਰ ਹੁੰਦੀ। ਤ੍ਰਿਬਿਧ ਕਰਮ ਤੋਂ ਭਾਵ 'ਅਰਥ ਕਰਮ' ਸਹੀ ਹੁੰਦਾ ਹੈ। 'ਅਰਥ ਕਰਮ' ਤ੍ਰੈ ਪ੍ਰਕਾਰ ਦਾ ਹੈ : ਨਿਤ੍ਯ, ਨਮਿਤ ਤੇ ਕਾਮ੍ਯ। ਇਨ੍ਹਾਂ ਤਿੰਨਾਂ ਦੇ ਕਰਨ ਵਾਲਾ ਆਸ ਅੰਦੇਸੇ ਤੋਂ ਨਹੀਂ ਛੁਟਦਾ। ਕਰਮ ਠੀਕ ਤਰ੍ਹਾਂ ਹੋਇਆ ਹੈ ਕਿ ਨਹੀਂ, ਫਲ ਮਿਲੇ ਤੇ ਸੁਰਗ ਆਦਿ ਦੇ ਭੋਗ ਅੰਤ ਮੁੱਕ ਜਾਣਗੇ, ਫਿਰ ਗਿੜਾ ਹੋਵੇਗਾ, ਇਸ ਪ੍ਰਕਾਰ ਦੇ ਅੰਦੇਸੇ ਬਣੇ ਰਹਿੰਦੇ ਹਨ। ਆਹ ਮਿਲੇ, ਆਹ ਮਿਲੇ, ਆਹ ਜ਼ਰੂਰ ਮਿਲੇਗਾ, ਇਸ ਪ੍ਰਕਾਰ ਦੀਆਂ ਆਸਾਂ ਬਣੀਆਂ ਰਹਿੰਦੀਆਂ ਹਨ। ਫਿਰ ਕਰਮ ਕਰਦੇ ਹਉਂ ਵਧਦੀ ਹੈ, ਯਥਾ:- **ਕਰਮ ਕਰਤ ਬਧੇ ਅਹੰਮੇਵ॥** (ਗਉੜੀ ਕਬੀਰ- ੬)

'ਆਪਾ' ਹਉਂ ਤੋਂ ਛੁੱਟਕੇ 'ਨਿਰੇ ਆਪੇ' ਵਿਚ ਆ ਕੇ 'ਪਰਮ ਆਪੇ' ਵਿਚ ਨਹੀਂ ਪਹੁੰਚਦਾ। ਜੋ ਗਲ ਕਿ ਪ੍ਰੇਮ ਨਾਲ ਮਿਲਨੀ ਹੈ। ਇਹ ਗਲ ਕਿ ਪ੍ਰੇਮ ਦਾ ਮਾਰਗ ਹੈ ਦੂਸਰੀ ਸਤਰ ਵਿਚ ਇਕ ਪਦ 'ਪਿਆਰਿ' ਕਹਿਕੇ ਗੁਰੂ ਜੀ ਨੇ ਦਰਸਾ ਦਿਤੀ ਹੈ, ਫੇਰ ਰੰਗ ਦਾ ਚੜ੍ਹਾਉ ਆਖਕੇ ਪ੍ਰੇਮ ਤੇ ਪ੍ਰੇਮ ਦਾ ਰਸ ਲਖਾ ਦਿਤਾ ਹੈ, ਅਤੇ ਪਹਿਲੀ ਸਤਰ ਵਿਚ 'ਸਿਫਤੀ ਸਿਫਤਿ ਸਮਾਇ' ਦੱਸਕੇ ਜਣਾ ਦਿਤਾ ਹੈ ਕਿ ਆਪ 'ਪ੍ਰੇਮਾ ਭਗਤੀ' ਦਾ ਅਪਣਾ ਮਾਰਗ ਦੱਸ ਰਹੇ ਹਨ, ਜਿਸ ਦਾ ਮੁੱਖ ਸਾਧਨ 'ਸਿਫਤ ਸਲਾਹ' ਤੇ 'ਹਰੀ ਨਾਮ' ਦੁਆਰਾ ਪ੍ਰਾਪਤ ਪ੍ਰੇਮ ਹੈ।

'ਊਚਉ ਥਾਨੁ ਸੁਹਾਵਣਾ' ਆਦਿ ਵਾਕ ਕਹਿਕੇ ਯੋਗ ਦੀ ਸੈਨਤ ਬੀ ਦੇ ਦਿਤੀ ਨੇ ਕਿ ਤ੍ਰਿਕੁਟੀ ਤੋਂ ਛੁੱਟਕੇ ਦਸਮ ਦੁਆਰ ਵਿਚ ਟਿਕ ਕੇ, ਆਪੇ ਵਿਚ ਟਿਕਕੇ ਬੀ ਪਰਮ ਆਪੇ ਵਿਚ ਮਿਲਣ ਦੀ ਅਵਸਥਾ ਆਉਂਦੀ ਹੈ[੧]।

'ਸਚੁ ਕਰਣੀ' ਦੁਆਰਾ 'ਸਚ ਮਿਲੈ' ਕਹਿਕੇ ਉੱਚ ਪਹਿਲੂ ਅਪਣੇ ਗਯਾਨ ਮਾਰਗ ਦਾ ਖੋਹਲ ਦਿਤਾ ਕਿ 'ਸੱਚ' ਨੂੰ ਪ੍ਰਾਪਤ ਹੋਣ ਲਈ ਜੀਵ ਦਾ ਸਰਬ 'ਅਸਤ੍ਯ ਭਾਵ' ਤੋਂ ਨਿਕਲ ਕੇ ਨਿਰੰਤਰ 'ਸਤ੍ਯ' ਦੀ ਲਖਤਾ ਹੈ ('ਹੈ' ਦੇ ਭਾਵ) ਵਿਚ ਆਇਆਂ 'ਸਤ੍ਯ ਸਰੂਪ ਪਰਮਾਤਮਾ' ਵਿਚ ਸਮਾਉਣਾ ਹੋਵੇਗਾ ਤੇ ਦ੍ਰਿਸ਼ਟਾਂਤ ਦਿੱਤਾ ਕਿ ਜਿਸ ਤਰ੍ਹਾਂ ਇਕ ਜਾਤ ਦੀ ਧਾਤੂ ਦੀ ਵਸਤੂ ਉਸੇ ਜਾਤ ਦੀ ਧਾਤੂ ਵਿਚ ਸਮਾਈ ਹੋਈ ਤਦਰੂਪ ਹੋ ਜਾਂਦੀ ਹੈ, ਤਿਉਂ ਸਮਾ ਜਾਏਗਾ।

ਪਦ 'ਧਾਤੂ' ਵਰਤਣ ਵਿਚ ਸਾਹਿਤ੍ਯਕ ਕਮਾਲ ਹੈ। ਧਾਤੁ ਅਸਲ ਤੇ ਅਸਲੀਅਤ ਨੂੰ ਆਖਦੇ ਹਨ। ਸੋ ਜਦ ਸੱਚ ਕਰਣੀ ਵਾਲੇ ਹੋਕੇ ਸੱਚ ਨੂੰ ਪ੍ਰਾਪਤ ਹੋਣਗੇ ਤਾਂ ਸੱਚ ਵਿਚ ਸਮਾ ਜਾਣਗੇ, ਅਸਲੀਅਤ ਹੋ ਕੇ ਅਸਲੀਅਤ ਵਿਚ ਮਿਲੇਗੀ। ਨਾਲ ਹੀ ਇਸ ਤੁਕ ਤੋਂ ਦ੍ਰਿਸ਼ਟਾਂਤ ਅੱਖਾਂ ਅਗੇ ਆ ਗਿਆ ਕਿ ਜਿਵੇਂ ਸਜਾਤੀ 'ਧਾਤੂ' ਸ਼ੁਧ ਹੋਈ ਹੋਈ ਅਪਣੀ ਸ਼ੁਧ ਸਜਾਤੀ ਧਾਤੂ ਵਿਚ ਅਭੇਦ ਹੋ ਜਾਂਦੀ

[੧] ਤਦਾ ਦ੍ਰਸ਼ਟੁ : ਸਵਰੂਪੇ ਅਵਸ੍ਥਾਨਮ੍।

ਹੈ ਤਿਵੇਂ ਸ਼ੁਧ ਆਤਮ ਵਸਤੂ ਪਰਮਾਤਮ ਵਸਤੂ ਵਿਚ ਸਮਾ ਜਾਏਗੀ। ਕਿਉਂਕਿ 'ਧਾਤੂ' ਪਦ ਦਾ ਅਰਥ ਸੋਨਾ ਚਾਂਦੀ ਤਾਂਬਾ ਆਦਿ ਧਾਤੂ ਬੀ ਹੈ।

ਫੇਰ ਦੂਜੇ ਪਦੇ ਦੀ ਦੂਜੀ ਸਤਰ ਵਿਚ ਤ੍ਰੈ ਪਦ ਵਰਤੇ ਹਨ : ਦਰੁ, ਘਰੁ, ਮਹਲੁ। ਤਿੰਨੇ ਸੰਗਜਾ ਵਾਚਕ ਹਨ। 'ਦਰੁ' ਪਦ ਏਥੇ ਅਵਜ ਨਹੀਂ ਹੈ। 'ਦਰੁ' ਤੋਂ ਇਥੇ ਅਰਥ ਦਰਵਾਜ਼ਾ ਤੇ ਮੁਰਾਦ 'ਮਨ' ਹੈ। 'ਘਰੁ' ਤੋਂ ਮੁਰਾਦ 'ਨਿਜ ਸਰੂਪ' ਹੈ। 'ਮਹਲੁ' ਤੋਂ ਮੁਰਾਦ 'ਪਰਮਾਤਮ ਸਰੂਪ' ਯਾ 'ਪਰਮਾਤਮਾ' ਹੈ। ਪਹਿਲੋਂ ਮਨ ਨੂੰ ਸਰੀਰ ਤੋਂ ਅਲਗ ਪ੍ਰਤੀਤ ਕਰਨਾ 'ਦਰੁ' ਦੀ ਸੋਝੀ ਹੈ, ਫੇਰ ਮਨ ਵਿਚੋਂ ਆਤਮਾ ਨੂੰ ਲਖ ਲੈਣਾ 'ਘਰੁ' ਨੂੰ ਪ੍ਰਾਪਤ ਹੋਣਾ ਹੈ, ਫੇਰ ਆਤਮਾ ਨੂੰ ਪਰਮਾਤਮਾ ਵਿਚ ਸਮਾਉਣਾ, 'ਮਹਲੁ' ਨੂੰ ਪ੍ਰਾਪਤ ਹੋਣਾ ਹੈ।

ਨਿਰੁਕ੍ਤ-ਧਾਤੁ- (ਸੰਸ:, ਧਾਤੁ: ਤਤ[੧]) ਅਸਲ, ਮੂਲ। (੨) ਸੋਨਾ ਚਾਂਦੀ ਆਦਿ ਖਾਣੀ ਵਸਤਾਂ, ਧਾਤਾਂ। (੩) ਪਦਾਂ ਦਾ ਮੂਲ ਰੂਪ (ਵਜਾਕਰਣ)।

ਸਿਫਤੀ- (ਅ:, ਸਿਫ਼ਤ = ਤਾਅਰੀਫ਼, ਗੁਣ) ਸਿਫ਼ਤਾਂ ਕਰਨ ਵਾਲਾ।

ਸਿਫਤਿ- (ਦੇਖੋ ਉਪਰ) ਸਿਫ਼ਤਾਂ ਵਾਲੇ ਵਿਚ।

ਲਾਲ- (ਫ਼ਾ:, ਲਅ਼ਲ) ਰੱਤਾ, ਸੁਰਖ, ਲਾਲ।

ਗੁਲਾਲ- (ਫ਼ਾ:, ਗੁਲ ਲਾਲਾ, ਲਾਲ ਪੋਸਤ ਦਾ ਫੁਲ) ਲਾਲ ਰੰਗ ਦੇ ਪੋਸਤ ਦੇ ਫੁਲ ਵਰਗਾ ; ਭਾਵ ਹੈ ਨਿਰੋਲ ਲਾਲ ਰੰਗ।

ਗਹਬਰਾ- (ਸੰਸ:, ਗਹ੍ਵਰੰ = ਡੂੰਘਾ) ਡੂੰਘਾ, ਗੂੜਾ, ਭਾਵ ਗੂੜਾ ਲਾਲ ਰੰਗ। ਪ੍ਰੇਮ ਦੇ ਆਵੇਸ਼ ਦੀਆਂ ਅਵਸਥਾਂ ਨੂੰ ਲਾਲ, ਗੁਲਾਲ ਤੇ ਗੂੜੇ ਲਾਲ ਰੰਗ ਦੇ ਰੂਪ ਵਿਚ ਵਰਣਨ ਕੀਤਾ ਹੈ। ਅਧਿਕ ਅਧਿਕਤਰ ਤੇ ਅਧਿਕਤਮ। ਰੰਗ ਦਾ ਭਾਵ ਪ੍ਰੇਮ ਰਸ ਯਾ ਅਨੰਦ ਬੀ ਹੈ।

ਰੇਣੁ- (ਸੰਸ:, ਰੇਣੁ: = ਧੂੜ) ਧੂੜ। ਚਰਨਾਂ ਦੀ ਧੂੜੀ, ਰੇਣੁ ਹੋਣ ਦੇ ਅਰਥ ਹਨ ਨਿੰਮ੍ਰਤਾ ਕਰਨੀ। ਨਿਮਾਣਾ ਹੋਣਾ।

ਪਦਾਰਥੁ- (ਸੰਸ:, ਪਦਾਰ੍ਥ:) ਚਾਰ ਪਦਾਰਥ ਗੁਰੂ ਜੀ ਨੇ ਬੀ ਗਿਣੇ ਹਨ :-

'ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ।' (ਬਿਲਾ: ਮਹਲਾ ੫-੬੨)

ਇਹਨਾਂ ਚੌਹਾਂ ਵਿਚ ਦੀਨ ਦੁਨੀ ਸਭੋ ਕੁਛ ਆ ਜਾਂਦਾ ਹੈ।

(੨) ਕਈ ਜਗਾ ਗੁਰੂ ਜੀ ਨੇ ਨਿਰੋਲ ਪਰਮਾਰਥਿਕ ਪੱਖ ਦੇ ਚਾਰ ਤੋਂ ਵਧੀਕ ਪਦਾਰਥ ਫੁਰਮਾਏ ਹਨ, ਯਥਾ:- (ੳ) **ਮੁਕਤਿ ਪਦਾਰਥੁ ਸਬਦਿ ਸਲਾਹੀ॥** (ਮਾਰੂ ਮਹਲਾ ੧, ਸੋਲਹਾ-੪)

(ਅ) **ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ।** (ਮਾਰੂ ਮਹਲਾ ੧, ਅਸਟ :-੫)

(ੲ) **ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥** (ਸੋਰਠਿ ਮ: ੩, ਅਸਟ:-੨)

(ਸ) **ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥** (ਸਿਰੀ ਰਾਗ ਮ: ੧, ਅਸਟ :-੧੧)

(ਹ) ਜਨਮ ਪਦਾਰਥੁ ਯਥਾ:- **ਜਨਮੁ ਪਦਾਰਥੁ ਦੁਬਿਧਾ ਖੋਵੈ॥** (ਧਨਾ:, ਮ: ੧, ਅਸਟ :-੧)

---

[੧]ੳ. ਸੰਸਾਰ ਵਿਚ ਪੰਜ ਧਾਤੂ ਮੰਨੇ ਹਨ : ਅਪ, ਤੇਜ, ਵਾਇ, ਪ੍ਰਿਥਵੀ, ਆਕਾਸ਼।

ਅ. ਸਰੀਰ ਦੇ ਧਾਤੂ ਸੱਤ ਮੰਨੇ ਹਨ : ਰਸ, ਲਹੂ, ਮਾਸ, ਮੇਦਾ (ਚਰਬੀ), ਹੱਡੀ, ਮਿੱਝ, ਬੀਰਜ।

ੲ. ਹੋਰ ਤਰ੍ਹਾਂ ੪ ਧਾਤੂ ਨੂੰ ਮੰਨੇ ਹਨ : ਵਾਤ, ਪਿਤ, ਕਫ, ਰੁਧਰ।

ਸ. ਪੰਜਾਂ ਤਤਾਂ ਦੇ ਗੁਣ ਬੀ ਧਾਤੂ ਮੰਨੇ ਹਨ : ਸ਼ਬਦ, ਸਪਰਸ਼, ਰੂਪ, ਰਸ, ਗੰਧ।

ਹ. ਪੰਜ ਇੰਦ੍ਰੀਆਂ। ਕ. ਧਾਵਨ ਦੀ ਕ੍ਰਿਆ। ਖ. ਮਾਇਆ, ਆਦਿ ਕਈ ਅਰਥ ਇਸ ਪਦ ਦੇ ਕਰਦੇ ਹਨ।

(ਕ) ਕਬੀਰ ਜੀ ਨੇ ਰਾਮ ਨੂੰ ਬੀ ਪਦਾਰਥੁ ਲਿਖਿਆ ਹੈ :-

ਰਾਮ ਪਦਾਰਥੁ ਪਾਇਕੈ ਕਬੀਰਾ ਗਾਂਠਿ ਨ ਖੋਲ੍ਹ॥ (ਸਲੋਕ ਕਬੀਰ- ੨੩)

ਕਈ ਥਾਂ ਪਦਾਰਥ ਦਾ ਅਰਥ ਦੌਲਤ ਹੈ, ਕਈ ਥਾਂ ਵਸਤੂ ਹੈ। ਮੂਲ ਵਸਤੂ। ਦਰਸ਼ਨ ਸ਼ਾਸਤ੍ਰਾਂ ਵਿਚ ਪਦਾਰਥ ਉਹਨਾਂ ਦੇ ਮੰਨੇ 'ਵਿਸ਼ਯ' ਦਾ ਨਾਮ ਹੈ। ਮੂਲ ਵਿਸ਼ਯ ਅੱਡ ਅੱਡ ਸ਼ਾਸਤ੍ਰਕਾਰਾਂ ਨੇ ਅੱਡ ਅੱਡ ਪਦਾਰਥ ਮੰਨੇ ਹਨ, ਜਿਨ੍ਹਾਂ ਦੇ ਗਯਾਨ ਤੋਂ ਮੁਕਤੀ ਮੰਨੀ ਹੈ ਅਰ ਜੋ ਮੂਲ ਹਨ। ਉਹਨਾਂ ਦੀ ਗੇਣਤੀ ਸਾਂਖ੍ਯ ਨੇ ੧੫, ਯੋਗ ਨੇ ੨੬, ਵੇਦਾਂਤ ਨੇ ੨, ਵਿਸ਼ੇਸ਼ਕ ਨੇ ੬, ਨ੍ਯਾਯ ਨੇ ੧੬ ਮੰਨੀ ਹੈ। ਇਸੀ ਤਰ੍ਹਾਂ ਕਿਤਨੇ ਹੀ ਵਿਸਥਾਰ ਮਤਾਂ ਮਤਾਂਤਰਾਂ ਤੇ ਦਾਰਸ਼ਨਕਾਂ ਦੇ ਇਸ ਪਰ ਹਨ।

ਧੇਣੁ- (ਸੰਸ:, ਧੇਨੁ:) ਗਊ, (ਅ) ਏਥੇ ਭਾਵ ਕਾਮਧੇਨ ਤੋਂ ਹੈ, ਜੋ ਇਕ ਗਊ ਸੂਰਗਾਂ ਵਿਚ ਮੰਨੀ ਹੈ, ਜੋ ਮਨਮੰਗੀਆਂ ਵਸਤਾਂ ਦੇਂਦੀ ਹੈ। ਭਾਵ ਵਿਚ- ਜੋ ਜੀਵ ਦੀਆਂ ਸਭ ਇੱਛਾਂ ਪੂਰਨ ਕਰੇ।

ਆਸ- (ਸੰਸ:, ਆਸ਼ਾ) ਉਮੈਦ।

ਅੰਦੇਸਾ- (ਫ਼ਾ:, ਅੰਦੇਸ਼ਹ) ਤੌਖਲਾ, ਫ਼ਿਕਰ, ਚਿੰਤਾ।

ਸਹਿਜ- (ਸੰਸ:, ਸਹਜ = ਜੋ ਨਾਲ ਜੰਮੇ। ਜੋ ਸੁਭਾਵਕ ਹੋਵੇ) ਜੋ ਸੁਭਾਵਕ ਆਪਣੇ ਸਰੂਪ ਵਿਚ ਹੈ। ਆਤਮਾ ਦਾ ਆਪਣੇ ਸ੍ਵੈ ਸਰੂਪ ਵਿਚ ਹੋਣਾ। ਤ੍ਰੈ ਗੁਣਾਂ ਤੋਂ ਉਪਰ, ਸਰਬ ਅਵਸ਼ਥਾਂ ਤੋਂ ਪਾਰ-ਯਥਾਰਥ। ਇਸ ਕਰਕੇ ਇਸ ਦੇ ਅਰਥ ਤੁਰੀਆ, ਗਯਾਨ ਤੇ ਪਰਮਪਦ ਬੀ ਕਰਦੇ ਹਨ। ਪਰ ਉਸ ਅਵਸਥਾ ਤੇ ਪਾਰਲੇ ਯਥਾਰਥ ਨੂੰ ਸਹਿਜ ਕਹਿਣ ਵਿਚ ਇਸ਼ਾਰਾ ਹੈ ਕਿ ਜੋ ਹਠ ਨਾਲ ਪ੍ਰਾਪਤ ਨਹੀਂ ਕੀਤਾ ਗਿਆ, ਪਰ ਸਹਿਜ ਵਿਧੀ ਨਾਲ ਪ੍ਰਾਪਤ ਕੀਤਾ ਹੈ। ਜਿਵੇਂ ਤੁਰੀਆ ਕਹੋ ਤਾਂ ਪਹਿਲੀਆਂ ਤਿੰਨਾਂ ਅਵਸਥਾਂ ਵੱਲ ਖਿਆਲ ਜਾਂਦਾ ਹੈ, ਕਿਉਂਕਿ ਤੁਰੀਆ ਦਾ ਅਰਥ ਚਾਰ ਹੈ, ਚਾਹੋ ਭਾਵ ਪਰਮਪਦ ਤੋਂ ਹੈ। ਤਿਵੇਂ 'ਸਹਿਜ' ਉਹ ਪਰਮ ਪਦ ਹੈ ਜੋ ਨਾਮ ਸਿਮਰਣ ਤੇ ਕੀਰਤਨ ਦੇ ਸੁਖੱਲੇ ਤ੍ਰੀਕੇ ਨਾਲ ਪ੍ਰਾਪਤ ਹੁੰਦਾ ਹੈ, ਜੋ 'ਹੱਠ ਯੋਗ ਆਦਿ ਤੋਂ ਨਹੀਂ'। ਯਥਾ:-

ਸਹਜੇ ਸਿਫਤੀ ਧਣਖੁ ਚੜਾਏ॥ (ਮਾਰੂ ਮਹਲਾ ੧-੧੨)

ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ :-

ਚਉਥੇ ਪਦ ਮਹਿ ਸਹਜੁ ਹੈ.....॥ (ਸਿਰੀ ਰਾਗੁ ਮ: ੩, ਅਸਟ :-੨੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ :-

ਸਹਜ ਸਮਾਧਿ ਸਦਾ ਲਿਵ ਹਰਿ ਸਿਉ....॥ (ਸਾਰਗ ਮ: ੧, ਅਸਟ :-੧)

ਪੁਨਾ :- **ਸਹਜ ਨਿਰੰਤਰਿ ਰਹਉ ਸਮਾਏ॥** (ਰਾਮਕਲੀ ਮ: ੧, ਅਸਟ :-੩)

ਸਹਿਜ ਤ੍ਰੈ ਗੁਣਾਂ ਤੋਂ ਉਪਰ ਦੀ ਆਤਮਾ ਦੀ ਸੁਤੇ ਸੁਭਾਵਕ ਅਵਸਥਾ ਹੈ, ਜਦੋਂ ਸੁਤੇ ਸਿਧ ਮਨ ਸਾਂਈਂ ਨਾਲ ਲੱਗਾ ਰਹਿੰਦਾ ਹੈ ਤੇ ਸੁਭਾਵਕ ਨੇਕੀ ਤੇ ਭਲਿਆਈ ਤੇ ਨਾਮ ਦਾ ਦਾਨ ਪਿਆ ਹੁੰਦਾ ਹੈ। ਸਹਿਜ ਦਾ ਨਿਰਣਾ ਤੀਸਰੇ ਗੁਰੂ ਜੀ ਨੇ ਐਉਂ ਕੀਤਾ ਹੈ :-

ਸਿਰੀ ਰਾਗੁ ਮਹਲਾ ੩ ॥

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥੧॥ ਰਹਾਉ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥ ੨ ॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵਲਾਇ॥ ਸਬਦੇ ਹੀ

ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥ ੩ ॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ ੪ ॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ ੬ ॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥ ੭ ॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥ ੮ ॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥ ੯ ॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥ ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥ ੧੦ ॥ ੬ ॥ ੨੩ ॥

ਸਹਿਜ ਪਦ ਦੇ ਗੁਰਬਾਣੀ ਵਿਚ ਏਹ ਅਰਥ ਵੀ ਆਏ ਹਨ। ੧. ਸੁਖੱਲਾ, ੨. ਸਹਿਜ ਨਾਲ, ਧੀਰੇ ਧੀਰੇ, ੩. ਸੁਭਾਵ, ਆਦਤ, ਫਿਤਰਤ, ਆਦਿ।

ਤ੍ਰਿਬਿਧਿ ਕਰਮ- (ਸੰਸ:, ਤ੍ਰਿਵਿਧ ਕਰ੍ਮ) ਤ੍ਰੈ ਪ੍ਰਕਾਰ ਦੇ ਕਰਮ। ਨਿਤਜ, ਨੈਮਿੱਤਕ, ਤੇ ਕਾਮਜ। ਇਹ ਤ੍ਰੈ ਦੀ ਵੰਡ 'ਅਰਥ ਕਰਮ' ਦੀ ਹੈ।

ਨਿਤਜ- ਜਿਸ ਦੇ ਨਾਂ ਕਰਨ ਤੇ ਪਾਪ ਹੋਵੇ। ਜੈਸੇ ਗਾਇਤ੍ਰੀ ਪਾਠ ਯਾ ਕੋਈ ਨਿਤਨੇਮ ਦਾ ਪਾਠ।

ਨੈਮਿੱਤਕ-ਜੋ ਕਿਸੇ ਨਮਿਤ ਤੇ ਕਿਸੇ ਸਮੇਂ ਕੀਤੇ ਜਾਣ। ਜੈਸੇ ਪਿਤ੍ਰ ਯਗ।

ਕਾਮਜ- ਜੋ ਕਿਸੇ ਵਿਸ਼ੇਸ਼ ਫਲ ਦੀ ਕਾਮਨਾ ਲਈ ਕੀਤਾ ਜਾਵੇ। ਜੈਸੇ ਪੁਤ੍ਰੇਸ਼ਟੀ ਯੱਗ।

੨. ਸਾਤਕੀ, ਰਾਜਸੀ, ਤਾਮਸੀ-ਤ੍ਰੈ ਪ੍ਰਕਾਰ ਦੇ ਕਰਮ ਬੀ ਅਰਥ ਕਰਦੇ ਹਨ।

੩. 'ਤ੍ਰੈ ਗੁਣਾਂ ਵਾਲੇ ਕਰਮ' ਬੀ ਅਰਥ ਕਰਦੇ ਹਨ।

੪. ਵਿਹਿਤ (ਜਿਨ੍ਹਾਂ ਦੀ ਸ਼ਾਸਤ੍ਰ ਆਗਯਾ ਦੇਵੇ), ਅਵਿਹਿਤ (ਜਿਹੜੇ ਸ਼ਾਸਤ੍ਰ ਮਨ੍ਹਾਂ ਕਰੇ)। ਮਿਸ਼੍ਰਤ (ਮਿਲੇ ਜੁਲੇ) ਤ੍ਰੈ ਪ੍ਰਕਾਰ ਦੇ ਕਰਮ ਏਹ ਬੀ ਕਹੀਦੇ ਹਨ।

ਤ੍ਰਿਕੁਟੀ- (ਸੰਸ:, ਤ੍ਰਿਕੰ = ਤਿੰਨਾਂ ਦਾ ਮਿਲਾਪ) = ਤ੍ਰੈ ਵਲ ਦਾ ਥਾਂ[1], ਤ੍ਰਿਕੂਟ ਚੱਕਰ ਦਾ ਥਾਉਂ। ਦੋਹਾਂ ਭਰਵੱਟਿਆਂ ਦੇ ਵਿਚਲਾ ਟਿਕਾਣਾ। (੩) ਪੁਟ = ਤਹ, ਥਾਂ ! (ਅ) ਤ੍ਰਿਕੁਟੀ = ਤ੍ਰੈ ਵਸਤਾਂ ਦਾ ਸਮੁਦਾਯ ਜੈਸੇ ਗਯਾਤਾ, ਗਯਾਨ, ਗੇਯ; ਧਯਾਤਾ ਧਯਾਨ ਧੇਯ। ਭਾਵ ਹੈ ਤਿੰਨਾਂ ਗੁਣਾਂ ਦੀ ਗੰਢ। ਯਥਾ :-

'ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ॥ (ਸਿਰੀ ਰਾਗੁ ਮ: ੩- ੫੧)

(੨) ਤ੍ਰਿਬਿਧਿ ਕਰਮਾਂ ਦੇ ਕਰਨ ਵਿਚ ਮੈਂ ਕਰਤਾ ਹਾਂ, ਇਹ ਕਰਮ ਮੈਂ ਕੀਤਾ ਹੈ, ਉਸ ਕਰਮ ਦਾ ਫਲ ਇਹ ਮਿਲੇਗਾ, ਇਹ ਤ੍ਰੈ ਦਾ ਭਾਵ ਹੈ। ਸ੍ਰੀ ਨਰੋਤਮ ਜੀ ਨੇ ਤ੍ਰਿਕੁਟੀ ਦਾ ਇਹ ਅਰਥ ਬੀ ਲਾਇਆ ਹੈ।

(੩) ਕਈ ਐਉਂ ਬੀ ਲਾ ਲੈਂਦੇ ਹਨ, ਧਯਾਤਾ ਧਯਾਨ ਧੇਯ ਆਦਿ ਦੀ ਜੋ ਤ੍ਰਿਕੁਟੀ ਹੈ ਇਹ ਗੁਰੂ ਬਿਨਾ ਕਿਵੇਂ ਦੂਰ ਹੋਵੇਗੀ, ਭਾਵ ਹੈ ਤ੍ਰੈ ਦੀ ਵੰਡ ਦੀ ਸੁਰਤ ਏਕਤਾ ਵਿਚ ਕਿਵੇਂ ਜਾਵੇਗੀ। ਵਿਸ਼ੇਸ਼ ਲਈ ਦੇਖੋ ਪੰਨਾ ੪੦੧, ੪੦੨।

[1] ਤਿਊੜੀ, ਮੱਥੇ ਪਏ ਤਿੰਨ ਵਲ : 'ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ'॥ (ਆਸਾ ਮ: ੫-੯੬)

ਮੁਰਾਰਿ- (ਸੰਸ:, ਮੁਰਾਰਿ: = ਮੁਰ ਨਾਮੇ ਰਾਕਸ਼ ਦਾ ਵੈਰੀ- ਕ੍ਰਿਸ਼ਨ, ਭਾਵ ਵਾਹਿਗੁਰੂ ਮੁਰ+ਅਰਿ ਅਗਜਾਨ ਦਾ ਵੈਰੀ = ਗੁਰੂ ਯਾ ਵਾਹਿਗੁਰੂ। ਮੁਰ = ਘੇਰਨਾ = ਮੁਰਾਰਿ, ਜਿਸ ਨੇ ਬ੍ਰਹਮੰਡ ਘੇਰਿਆ ਹੋਇਆ ਹੈ) ਵਾਹਿਗੁਰੂ।

ਅੰਤ੍ਰੀਵ ਅਰਥ- ਲਾਲ ਆਦਿ ਰੰਗ = ਅਨੰਦ, ਪ੍ਰੇਮ, ਪ੍ਰੇਮ ਦੀ ਰਸਮਯ ਅਵਸਥਾ।

੨. ਲਾਲ = ਸ੍ਰਵਣ। ਗੁਲਾਲ = ਮਨਨ ! ਗਹਬਰਾ = ਨਿਧਜਾਸਨ।

੩. ਤਜਾਗ ਦਾ ਅਧਜਾਹਾਰ ਕਰਕੇ ਐਉਂ ਬੀ ਯਤਨ ਹੁੰਦਾ ਹੈ :-

ਲਾਲ = ਇਸ ਲੋਕ ਦੇ ਪਦਾਰਥ, ਗੁਲਾਲ = ਸ੍ਵਰਗ ਦੇ ਪਦਾਰਥ, ਗਹਬਰਾ = ਬ੍ਰਹਮ ਲੋਕ ਦੇ ਪਦਾਰਥ। ਤ੍ਰੈਏ ਜਿਨ੍ਹਾਂ ਨੇ ਤਿਆਗੇ ਹਨ ਉਹਨਾਂ ਨੂੰ ਸਚੇ ਰੰਗ ਦਾ ਚੜ੍ਹਾਉ ਚੜ੍ਹਦਾ ਹੈ।

ਊਚਉ ਥਾਨੁ- ੧. ਦਸਮ ਦੁਆਰ। ੨. ਮਨੁੱਖਾ ਜਨਮ।

ਮਹਲ- ਸਰੂਪ, ਪਰਮਾਤਮ ਦੇਵ ਦਾ ਸਰੂਪ। ੩. ਸਤਿਸੰਗ।

ਦਰੁ- ਦਰਵਾਜ਼ਾ, ਭਾਵ ਮਨ (ਬਾਕੀ ਵੀਚਾਰ ਵਜਾਖਜਾ ਵਿਚ ਹੈ)।

ਆਤਮ ਰਾਮੁ- ਆਤਮਾ ਦਾ ਤੇ ਰਾਮ ਦਾ ਭਾਵ ਜੀਵ ਈਸ਼੍ਵਰ ਦਾ।

(ਅ) ਆਤਮ ਰਾਮ = ਅਪਣੀ ਆਤਮ ਸਰੂਪਤਾ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੩)

ਪ੍ਰਾਕ੍ਥਨ-ਪਿਛਲੇ ਸ਼ਬਦਾਂ ਵਿਚ 'ਸਚੇ' ਦੀ ਪ੍ਰਾਪਤੀ ਦਾ ਰਾਹ ਦੱਸਿਆ ਸੀ, ਅਤੇ ਵਾਹਿਗੁਰੂ, ਗੁਰੂ, ਗੁਰਮੁਖ, ਨਾਮ, ਸਿਫ਼ਤ ਸਲਾਹ, ਸਿਖ, ਗੁਰ ਭਾਈ, ਸਤਿਸੰਗੀ, ਪਰਥਾਇ ਵਾਕ ਕਹਿੰਦਿਆਂ ਮਿਲਣੇ ਦਾ ਰਾਹ ਪ੍ਰਤਿਪਾਦਨ ਕਰੀ ਗਏ ਸਨ। ਬਾਰ੍ਹਵੇਂ ਸ਼ਬਦ ਵਿਚ 'ਕਰਮ ਮਾਰਗ' ਤੇ ਅਪਣੇ 'ਭਗਤੀ-ਗਜਾਨ ਮਾਰਗ' ਦਾ ਫਰਕ ਦੱਸਿਆ ਸੀ। ਇਹ ਫਰਕ ਦਰਸਾਉਂਦਿਆਂ ਪਿਛਲੇ ਸ਼ਬਦਾਂ ਵਾਂਙੂ 'ਸਚੇ ਦੀ ਪ੍ਰਾਪਤੀ' ਦਾ ਰਾਹ ਫੇਰ ਨਿਰੂਪਣ ਕੀਤਾ ਸੀ।

ਹੁਣ ਇਸ ਸ਼ਬਦ ਵਿਚ ਗੁਰੂ ਤੋਂ ਪਰਬਾਹਰੇ ਅਪਣੇ ਮਨ ਦੇ ਮਗਰ ਟੁਰਨ ਵਾਲੇ 'ਮਨਮੁਖ' ਦਾ ਤੇ ਗੁਰੂ ਮਤਿ ਤੇ ਟੁਰਨ ਵਾਲੇ 'ਗੁਰਮੁਖ' ਦਾ ਫਰਕ ਦਰਸਾਇਆ ਹੈ। ਗੁਰਮੁਖ ਦਾ ਲੱਛਣ ਨਿਰਾ ਇਕੋ ਅਖ਼ੀਰਲੀ ਸਤਰ ਵਿਚ ਦੱਸਿਆ ਹੈ। ਵਿਚ ਵਿਚ ਇਉਂ ਬੀ ਪ੍ਰਤੀਤ ਦੇਂਦਾ ਹੈ ਕਿ ਮਨਮੁਖੀਆ ਕਰਮ ਮਾਰਗ ਤੇ ਬੀ ਟੁਰਨ ਵਾਲਾ ਹੈ।

ਮਨਮੁਖ ਤੇ ਗੁਰਮੁਖ ਦੇ ਲੱਛਣ, ਦੁਹਾਗਣ ਤੇ ਸੁਹਾਗਣ ਦੇ ਦ੍ਰਿਸ਼ਟਾਂਤ ਵਿਚ ਦਿੱਤੇ ਹਨ, ਪਰ ਵਿਚ ਵਿਚ ਵਾਕ ਐਸੇ ਬੀ ਹਨ ਜੋ ਸਿਧੇ ਦਾਸ਼ਟਾਂਤ ਪਰ ਢੁਕਦੇ ਹਨ। ਨਿਖੇੜਵੀਂ ਸਮਝ ਠੀਕ ਤਰ੍ਹਾਂ ਨਾਲ ਪੈ ਜਾਵੇ, ਇਸ ਲਈ ਹੇਠਾਂ ਦੋ ਖਾਨੇ ਬਣਾਕੇ ਅਰਥ ਲਿਖੇ ਹਨ ਕਿ ਇਕ ਖਾਨੇ ਵਿਚ ਨਿਰੇ ਦੁਹਾਗਣ ਦੇ ਲੱਛਣ ਦਿੱਸ ਪੈਣ ਤੇ ਦੂਜੇ ਖਾਨੇ ਵਿਚ ਉਹੋ ਮਨਮੁਖ ਆਦਿ ਤੇ 'ਲੱਛਣਾ ਬ੍ਰਿਤੀ' ਦੁਆਰਾ ਘਟਦੇ ਦਿੱਸ ਪੈਣ ਤੇ ਜੋ ਵਾਕ ਨਿਰੇ ਮਨਮੁਖ ਪਰ ਸਾਫ ਢੁਕਦੇ ਹਨ ਓਹ ਨਿਰੇ ਦੂਜੇ ਖਾਨੇ ਵਿਚ ਹੀ ਦਿੱਸ ਪੈਣ। ਸ਼ਬਦ ਦਾ ਸਮੁੱਚਾ ਭਾਵ ਗੁਰਮੁਖ ਬਣਨੇ ਦਾ ਹੈ ਤੇ ਰਾਹ ਬੀ ਦੱਸਿਆ ਹੈ।

ਮੂਲ	ਦੁਹਾਗਣ ਪਰਥਾਇ	ਦੁਹਾਗਣ ਤੁੱਲ ਮਨਮੁਖ ਪਰਥਾਇ
ਸਿਰੀ ਰਾਗੁ ਮਹਲਾ੧॥		
ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ॥	ਦੁਹਾਗਣ ਦੇ ਜੀਵਨ ਨੂੰ ਧ੍ਰਿਗ ਹੈ ਜੋ (ਅਪਣੇ ਪਤੀ ਨੂੰ ਛੱਡਕੇ) ਦੂਜੇ ਦੇ ਪ੍ਰੇਮ ਵਿਚ ਮੁੱਠੀ ਗਈ ਹੈ।	ਮਨਮੁਖ ਦੇ ਜੀਵਨ ਨੂੰ ਧ੍ਰਿਗ ਹੈ ਜੋ (ਪਰਮੇਸੁਰ ਸੁਆਮੀ ਨੂੰ ਛੱਡਕੇ ਕਿਸੇ) ਦੂਜੇ ਦੇ ਪ੍ਰੇਮ ਵਿਚ ਠੱਗਿਆ ਗਿਆ ਹੈ।

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ॥ ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ॥੧॥

ਉਹ ਕੱਲਰੀ ਕੰਧ ਵਾਂਙੂੰ ਹੈ ਜੋ ਦਿਨੇ ਰਾਤ ਕਿਰਦੀ ਰਹਿੰਦੀ ਹੈ ਤੇ ਅੰਤ ਵਿਚ ਢਹਿ ਪੈਂਦੀ ਹੈ। (ਪਤੀ ਨਾਲ) ਕੂਏ ਬਿਨਾ ਸੁਖ ਨਹੀਂ ਹੋਣ ਲੱਗਾ, ਪਤੀ ਤੋਂ ਬਿਨਾਂ (ਪਤਨੀ ਦਾ) ਦੁਖ ਦੂਰ ਨਹੀਂ ਹੁੰਦਾ॥੧॥[2]

ਉਹ ਕੱਲਰੀ ਕੰਧ ਵਾਂਙੂ ਹੈ ਜੋ ਦਿਨੇ ਰਾਤ ਕਿਰਦੀ ਰਹਿੰਦੀ ਹੈ ਤੇ ਅੰਤ ਢਹਿ ਪੈਂਦੀ ਹੈ[1]। (ਗੁਰੂ ਦੇ) ਸ਼ਬਦ ਤੋਂ ਬਿਨਾ (ਪਤੀ ਪਰਮੇਸ਼ੁਰ ਪ੍ਰਾਪਤੀ ਦਾ) ਸੁਖ ਨਹੀਂ ਹੋ ਸਕਦਾ (ਕਿਉਂਕਿ ਗੁਰੂ ਸ਼ਬਦ ਬਿਨਾਂ ਪਰਮੇਸ਼ੁਰ ਨਹੀਂ ਮਿਲਦਾ ਤੇ) ਪਰਮੇਸ਼ੁਰ ਨੂੰ ਮਿਲੇ ਬਿਨਾਂ (ਵਿਛੋੜੇ ਦਾ) ਦੁਖ ਦੂਰ ਨਹੀਂ ਹੁੰਦਾ ॥੧॥

ਮੁੰਧੇ ਪਿਰ ਬਿਨੁ ਕਿਆ ਸੀਗਾਰੁ॥ ਦਰਿ ਘਰਿ ਢੋਈ ਨਾ ਲਹੈ ਦਰਗਹ ਝੂਠੁ ਖੁਆਰੁ॥੧॥ ਰਹਾਉ॥

ਹੇ (ਦੁਹਾਗਣ) ਇਸਤ੍ਰੀ! ਪਤੀ ਤੋਂ ਬਿਨਾ ਸ਼ਿੰਗਾਰ ਕਿਸ ਕੰਮ ਹਨ। ਘਰ ਵਿਚ ਤਾਂ ਤੈਨੂੰ ਢੋਈ ਨਹੀਂ ਲੱਭਣੀ (ਤੇ ਜੇ) ਕਚਹਿਰੀ ਜਾਵੇਂ (ਤਾਂ ਤੇਰੇ ਪੱਲੇ) ਝੂਠ (ਹੈ ਇਸ ਕਰਕੇ) ਖੁਆਰ ਹੋਵੇਂਗੀ ॥ ੧॥ ਰਹਾਉ॥

ਹੇ (ਮਨਮੁਖ ਹੋਏ) ਜਗਜਾਸੂ! (ਪਰਮੇਸ਼ੁਰ) ਸੁਆਮੀ (ਦੇ ਪਜਾਰ ਤੋਂ) ਬਿਨਾਂ (ਜੋ ਹੋਰ) ਸਾਧਨ (ਤੂੰ ਕਰ ਰਿਹਾ ਹੈਂ) ਕਿਸ ਕੰਮ ਹਨ, (ਇਸ ਨਾਲ) ਆਪਣੇ ਸਰੂਪ ਵਿਚ ਟਿਕਾਉ ਨਹੀਂ ਮਿਲਣਾ (ਤੇ ਝੂਠ=) ਮਿਥਿਆ (ਪੱਲੇ ਹੋਣ ਕਰਕੇ ਪਰਮੇਸ਼ੁਰ ਦੀ) ਦਰਗਾਹ ਵਿਚ ਖੁਆਰੀ ਪੱਲੇ ਪਏਗੀ ॥ ੧ ॥ ਰਹਾਉ ॥

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ॥ ਪਹਿਲਾ ਧਰਤੀ ਸਾਧਿਕੈ ਸਚੁ ਨਾਮੁ ਦੇ ਦਾਣੁ॥

(ਕਿਉਂਕਿ ਪਰਮੇਸ਼ੁਰ ਸਭ ਕੁਛ) ਆਪੇ ਹੀ ਜਾਣਦਾ ਹੈ, ਭੁੱਲਦਾ ਨਹੀਂ, (ਉਹ ਇਕ) ਕਿਰਸਾਣ (ਵਾਂਙੂ) ਹੈ (ਜੋ ਸਭ ਤੋਂ) ਵੱਡਾ ਹੈ ਤੇ ਸੱਤਜ ਸਰੂਪ ਹੈ। (ਉਹ ਜਿਨ੍ਹਾਂ ਨੂੰ ਤਾਰਨਾ ਚਾਹੇ) ਪਹਿਲਾਂ (ਉਸ ਦੇ ਹਿਰਦੇ ਰੂਪ) ਧਰਤੀ ਨੂੰ ਸਾਧ ਲੈਂਦਾ ਹੈ (ਫੇਰ) ਸੱਚੇ ਨਾਮ ਦਾ ਬੀਜ ਬੋ ਦੇਂਦਾ ਹੈ।

ਨਉਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥੨॥

(ਉਸ ਸਾਧਨ ਰੂਪ) ਨਾਮ ਤੋਂ (ਫੇਰ) ਨੌਂ ਨਿਧੀਆਂ ਦਾ (ਦਾਤਾ) ਇਕ (ਸਿਧੀ ਰੂਪ) ਨਾਮ ਉਪ-

---

[1] ਭਾਵ-ਚਾਹੇ ਉਹ ਪ੍ਰੇਮ ਸੰਸਾਰਕ ਪਦਾਰਥਾਂ ਤੇ ਸੰਬੰਧਾਂ ਦਾ ਹੈ, ਚਾਹੇ ਇਤਰ ਦੇਵਾਂ ਦੀ ਪੂਜਾ ਤੇ ਕਰਮ ਧਰਮ ਦਾ ਹੈ। ਉਸ ਦਾ ਜੀਵਨ ਬਿਰਥਾ ਜਾਂਦਾ ਤੇ ਅੰਤ ਕਾਲ ਚੱਕਰ ਵਿਚ ਪੈ ਜਾਂਦਾ ਹੈ।

[2] ਭਾਵ-ਪਤੀ ਨਾਲ ਅਬੋਲਾ ਰਹਿੰਦਾ ਹੈ ਦੁਹਾਗਣ ਦਾ। 'ਸਬਦ' ਪਦ ਸ਼ਲੇਖ ਪਿਆ ਹੈ। ਪਤੀ ਨਾਲ 'ਅਬੋਲਾ' ਦੁਹਾਗਣ ਦਾ ਇਕ ਚਿੰਨ੍ਹ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਐਉਂ ਦਰਸਾਇਆ ਹੈ :-

ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ॥ (ਵਡ: ਮ: ੧-੨)

ਜਦਾ ਹੈ (ਉਹ ਸਿਧੀ ਪ੍ਰਾਪਤ ਸਾਧਕ ਉਤੇ ਫੇਰ ਪਰਮੇਸ਼ੁਰ ਦੇ ਫਜ਼ਲ ਦਾ ਨਿਸ਼ਾਨ (ਚਿੰਨ੍ਹ) ਪੈਂਦਾ ਹੈ ॥੨॥

(ਪ੍ਰਸ਼ਨ : ਉਹ ਰੂਪ ਰੰਗ ਤੋਂ ਨਿਆਰਾ ਪਰਮੇਸ਼ੁਰ ਕਿਵੇਂ ਸਿਖ ਦੇ ਮਨ ਨੂੰ ਸਾਧਦਾ ਤੇ ਨਾਮ ਪਰਵੇਸ਼ ਕਰਵਾ ਦੇਂਦਾ ਹੈ ? ਉੱਤਰ : ਇਹ ਕਾਰਜ ਉਹ ਗੁਰੂ ਦੁਆਰਾ ਕਰਦਾ ਹੈ)।

ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ॥

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ॥

ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ॥੩॥

(ਸੋ ਜੋ ਪੁਰਖ ਗੁਰੂ ਦੀ ਲੋੜ ਨੂੰ) ਜਾਣਦਿਆਂ ਹੋਇਆਂ ਗੁਰੂ ਨੂੰ ਨਹੀਂ ਜਾਣਦਾ (ਭਾਵ ਸ਼ਰਣ ਨਹੀਂ ਲੈਂਦਾ, ਉਸ ਦਾ ਕੀਤਾ ਕਰਮਕਾਂਡੀ) ਆਚਾਰ (ਤੇ ਰਹਿਣੀ ਬਹਿਣੀ ਦਾ ਸੁਹਣਾ) ਚੱਜ ਕਿਸ ਕੰਮ? (ਭਾਵ ਨਿਕੰਮਾ ਹੈ ; ਕਿਉਂਕਿ ਗੁਰੂ ਵਿਹੂਣੇ ਰਹਿਕੇ ਉਸ ਨੇ ਗੁਰੂ ਤੋਂ ਨਾਮ ਨਹੀਂ ਲਿਆ, ਸੋ) ਅੰਨ੍ਹੇ ਨੇ ਨਾਮ ਨੂੰ ਵਿਸਾਰੀ ਰਖਿਆ ਹੈ, (ਇਸ ਵਿਸਾਰੇ ਕਰਕੇ ਅਗਯਾਨ ਦਾ) ਅੰਧ ਗੁਬਾਰ (ਉਸ) ਮਨਮੁਖ ਨੂੰ ਛਾਯਾ ਰਹਿੰਦਾ ਹੈ (ਇਸ ਅੰਧ ਗੁਬਾਰ ਕਰਕੇ ਉਸ ਨੂੰ ਮੁਕਤ ਮਾਰਗ ਨਹੀਂ ਦਿੱਸਦਾ, ਸੋ ਉਸ ਦਾ) ਜਨਮ ਮਰਨ ਨਹੀਂ ਮਿਟਦਾ, (ਇਉਂ ਉਹ) ਮਰ ਮਰਕੇ ਜੰਮਦਾ ਖੁਆਰ ਹੁੰਦਾ ਰਹਿੰਦਾ ਹੈ ॥੩॥

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥ ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ॥

(ਜਿਵੇਂ ਦੁਹਾਗਣ ਇਸਤ੍ਰੀ ਨੇ) ਮਾਂਗ (ਭਰਨ ਲਈ) ਸੰਧੂਰ, (ਤਿਲਕ ਕਰਨ ਲਈ) ਕੇਸਰ, (ਵੀਣੀਆਂ ਡੌਲਿਆ ਤੇ ਲਾਣ ਲਈ ਘਸਿਆ) ਚੰਦਨ, (ਕਪੜਿਆਂ ਤੇ ਲਾਉਣ ਲਈ)

	ਚੰਦਨ ਦਾ ਬਹੁਤ ਵਧੀਆ ਅਤਰ (ਮੁਖ ਸ਼ੁਧੀ ਤੇ ਸੁਗੰਧੀ ਲਈ) ਪਾਨ (ਤੇ ਸਿਹਜਾ ਸੁਗੰਧਿਤ ਕਰਨ ਲਈ, ਸਿਰ੍ਹਾਣੇ ਧਰਨ ਲਈ ਮੁਸ਼ਕ) ਕਾਫੂਰ (ਆਦਿ ਪਦਾਰਥ ਸਭ) ਮੁੱਲ ਮੰਗਾ ਲਿਆ। (ਹੁਣ)	
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ॥੪॥	ਜੇ (ਉਹ) ਇਸਤ੍ਰੀ ਪਤੀ ਨੂੰ ਪਿਆਰੀ ਹੀ ਨਾ ਲਗੇ (ਤਾਂ ਇਹ) ਸਭ ਬਾਹਰਲੀਆਂ ਬਨਾਵਟਾਂ (ਕੂੜ=) ਵਿਅਰਥ ਹੋਣਗੀਆਂ ॥੪॥	
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ॥	(ਖਾਣ ਪੀਣ ਆਦਿ) ਸਾਰੇ ਰਸ ਭੋਗਣੇ ਬਿਰਥਾ ਹਨ, ਸਾਰੇ ਸ਼ਿੰਗਾਰ ਬੇਫ਼ਾਇਦਾ ਹਨ।	(ਸੋ ਇਸੀ ਤਰ੍ਹਾਂ ਪਰਮੇਸ਼ੁਰ ਪ੍ਰੇਮ ਤੋਂ ਬਿਨਾਂ ਜਗਯਾਸੂ ਲਈ) ਸਾਰੇ ਰਸ ਮਾਣਨੇ ਵਿਅਰਥ ਹਨ ਤੇ ਸਾਰੇ ਸਾਧਨ ਬੇਕਾਰ (ਨਿਸ਼ਫਲ) ਹਨ ; ਜਦ ਤੋੜੀ ਕਿ ਸ਼ਬਦ[1] ਨਾਲ ਵਿੰਨ੍ਹਿਆ ਨਾ ਜਾਏ (ਤਦ ਤਕ ਵਾਹਿਗੁਰੂ ਦੇ) ਦਰਬਾਰ ਵਿਚ (ਜੋ ਸਭ ਤੋਂ) ਵਡਾ ਹੈ (ਜਗਯਾਸੂ) ਕਿਸ ਤਰ੍ਹਾਂ ਸ਼ੋਭਾ ਪਾ ਸਕਦਾ ਹੈ ? (ਗੁਰੂ
ਨਾਨਕ ਧਨੁ ਸੁਹਾਗਣੀ ਜਿਨ ਸਹਿ ਨਾਲਿ ਪਿਆਰੁ॥੫॥੧੩॥	ਹੇ ਨਾਨਕ ਧੰਨ ਹੈਨ ਉਹ ਸੁਹਾਗਣੀਆਂ ਜਿਨ੍ਹਾਂ ਨੂੰ ਪਤੀ ਨਾਲ ਪ੍ਰੇਮ ਹੈ ॥੫॥੧੩॥	ਜੀ ਫੁਰਮਾਉਂਦੇ ਹਨ) ਹੇ ਨਾਨਕ! ਉਹ 'ਪਰਵਾਣ ਜਗਯਾਸੂ'[2] ਧੰਨਤਾ ਯੋਗ ਹੈ ਜਿਸ ਨੂੰ ਸੁਆਮੀ (ਪਰਮੇਸ਼ੁਰ) ਨਾਲ ਪਿਆਰ ਹੈ ॥੫॥੧੩॥

ਵਯਾਖਯਾ-ਇਸ ਸ਼ਬਦ ਵਿਚ ਪਰਮਾਰਥ ਦੇ ਰਾਹੇ ਟੁਰਨ ਵਾਲੇ ਪ੍ਰਤੀ ਉਪਦੇਸ਼ ਦਿੱਤਾ ਹੈ ਕਿ ਉਸ ਤੋਂ ਪਹਿਲੋਂ ਕਿ ਉਹ ਕੋਈ ਸਾਧਨ ਕਰੇ, 'ਈਸ਼੍ਵਰ ਪ੍ਰਾਪਤੀ' ਨੂੰ ਅਪਣਾ ਮਨੋਰਥ ਬਣਾਵੇ। ਫੇਰ ਪ੍ਰੇਮ ਨੂੰ ਮਿਲਾਪ ਦਾ ਵਸੀਲਾ ਸਮਝੇ। ਇਸ ਲਈ ਫੁਰਮਾਇਆ 'ਨਾਨਕ ਧਨੁ ਸੁਹਾਗਣੀ ਜਿਨ ਸਹਿ ਨਾਲ ਪਿਆਰੁ॥' ਪਿਆਰ ਕਰਦਿਆਂ 'ਪਯਾਰ ਸਰੂਪ' ਪਰਮੇਸ਼ੁਰ ਪ੍ਰਾਪਤ ਹੋ ਜਾਂਦਾ ਹੈ। ਪਦ 'ਸੋਹਾਗਣ' ਵਿਚ ਇਹੋ ਇਸ਼ਾਰਾ ਹੈ ਕਿ ਇਸਤ੍ਰੀ ਵਲੋਂ ਕੀਤੇ ਜਾ ਰਹੇ ਪਯਾਰ ਉਤੇ ਪਤੀ ਮੋਹਿਤ ਹੋ ਕੇ ਉਸ ਨੂੰ ਪਯਾਰ ਕਰਦਾ ਹੈ, ਉਹ ਫੇਰ 'ਧੰਨ ਸੁਹਾਗਣ' ਹੋ ਜਾਂਦੀ ਹੈ। ਇਸੇ ਤਰ੍ਹਾਂ ਪਰਮੇਸ਼ੁਰ ਦਾ ਪ੍ਰੇਮੀ

[1]ਰਸ ਤੋਂ ਜਗਯਾਸੂ ਲਈ ਮੁਰਾਦ ਸ਼ਰੀਰਕ ਰਸਾਂ ਦੀ ਹੈ ਤੇ ਸ਼ਿੰਗਾਰ ਤੋਂ ਮੁਰਾਦ ਪਰਮਾਰਥਕ ਸਾਧਨਾਂ ਦੀ ਹੈ। ਸਬਦਿ ਤੋਂ ਮੁਰਾਦ ਨਾਮ ਦੁਆਰਾ ਹੈ।

[2]ਸੁਹਾਗਣ ਤੋਂ ਮੁਰਾਦ ਪਰਵਾਣ ਜਗਯਾਸੂ ਯਾ ਗੁਰਮੁਖ ਦੀ ਹੈ।

ਪਰਮੇਸ਼ੁਰ ਦਾ ਪ੍ਰਿਯ ਹੋ ਜਾਂਦਾ ਹੈ। ਬਿਨਾ ਈਸ਼੍ਵਰ ਨੂੰ ਨਿਸ਼ਾਨਾ ਬਣਾਏ ਦੇ ਤੇ ਬਿਨਾਂ 'ਪ੍ਰੇਮ' ਨੂੰ 'ਮਿਲਾਪ ਸਾਧਨ ਬਣਾਏ ਦੇ ਜੋ ਅਪਣੇ ਮਨ ਮੰਨੇ ਰਾਹੇ ਟੁਰਨਾ ਹੈ, ਯਾ ਜੋ ਆਨ ਦੇਵਾਂ ਦੀ ਪੂਜਾ, ਜੱਗ, ਤਪ, ਤੀਰਥਾਟਨ, ਆਦਿ 'ਕਰਮ' ਕਰਨੇ ਹਨ ਬਿਰਥਾ ਹਨ ; ਕਿਉਂਕਿ ਏਹ 'ਦੂਜੇ ਭਾਇ' ਅਰਥਾਤ ਈਸ਼੍ਵਰ ਤੋਂ ਛੁੱਟ ਕਿਸੇ ਹੋਰ ਦੇ ਭਾਇ ਵਿਚ ਲਾ ਦੇਂਦੇ ਹਨ। ਈਸ਼੍ਵਰ ਸਦਾ ਥਿਰ ਹੈ, ਹੋਰ ਸਭੇ ਅਨਸਥਿਰ ਹਨ। ਅਨਸਥਿਰ ਦਾ ਪਜਾਰ ਯਾ ਲਗਨ ਅਨਸਥਿਰਤਾ ਦੇ ਚੱਕਰ ਵਿਚ ਭੁਆਏਗਾ। 'ਸਥਿਰ ਦਾ ਪ੍ਰੇਮ' ਸਥਿਰ ਵਿਚ ਲੈ ਜਾ ਕੇ ਸਦਾ ਥਿਰ ਕਰ ਦੇਵੇਗਾ। ਇਸ ਅਨਸਥਿਰ ਦੇ ਪਜਾਰ ਨੂੰ 'ਦੂਜੇ ਭਾਇ' ਤੇ 'ਝੂਠ' ਤੇ 'ਕੱਲਰੀ ਕੰਧ' ਆਦਿ ਪਦਾਂ ਵਿਚ ਜਣਾਇਆ ਹੈ। ਦੂਜੇ ਭਾਇ ਕਹਿਣ ਵਿਚ 'ਕਰਮ' 'ਪੂਜਾ' ਆਦਿ ਸਾਧਨ ਤੇ 'ਮਾਇਆ ਮੋਹ' ਦਾ ਪਜਾਰ ਬੀ ਵਿੱਚੇ ਆ ਜਾਂਦਾ ਹੈ। ਜੋ ਈਸ਼੍ਵਰ ਨੂੰ ਭੁਲਾਕੇ ਮਾਇਆ ਮੋਹ ਵਿਚ ਲਗੇ ਹਨ, ਓਹ ਬੀ ਦੂਜੇ ਭਾਇ ਵਿਚ ਹਨ।

ਈਸ਼੍ਵਰ ਪ੍ਰੇਮ ਦੀ ਪ੍ਰਾਪਤੀ ਦੇ ਦੋ ਰੁਕਨ ਦੱਸੇ ਹਨ : ਇਕ 'ਨਾਮ' ਤੇ ਇਕ 'ਨਾਮ ਦਾਤਾ'। ਨਾਮ ਬਾਬਤ ਫੁਰਮਾਇਆ- 'ਸਚੁ ਨਾਮੁ ਦੇ ਦਾਣੁ' ਤੇ ਗੁਰੂ ਬਾਬਤ ਫੁਰਮਾਇਆ- **'ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ'**॥ ਜੇ ਕਹੋ ਕਿ ਗੁਰੂ ਕਿੱਥੋਂ ਮਿਲੇ ਤਾਂ ਆਪ ਨੇ ਦੱਸਿਆ ਹੈ ਕਿ ਨਾਮ ਦਾਤਾ ਪ੍ਰਭੂ ਆਪ ਹੈ, ਉਹ ਕਿਰਸਾਣ ਵਾਂਙੂ ਧਰਤੀ ਹਲ ਸੁਹਾਗੇ ਨਾਲ ਠੀਕ ਕਰਕੇ ਨਾਮ ਦਾ ਬੀਜ ਬੀਜਦਾ ਹੈ। ਉਹ 'ਨਾਮ ਅਭਜਾਸ' ਨਾਲ 'ਸਿਧੀ ਰੂਪ ਨਾਮ' ਉਪਜਦਾ ਹੈ ਜੋ ਸਭ ਦਾਤਾਂ ਦਾ ਦੇਣਹਾਰ ਹੈ। ਪਹਿਲਾਂ 'ਨਾਮ ਦਾ ਅਭਜਾਸ' ਹੈ- 'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥' ਇਸ ਤੋਂ ਫਿਰ ਅੰਮ੍ਰਿਤ ਨਾਮ ਉਪਜਦਾ ਹੈ- **'ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ'** (ਸੁਖਮਨੀ, ੧-੪) ਇਹ ਨਾਮ 'ਸਿਧੀ ਰੂਪ ਨਾਮ' ਹੈ।

ਪ੍ਰਭੂ ਕਿੰਵ ਨਾਮ ਬੀਜ ਬੀਜਦਾ ਹੈ ? ਇਸ ਦਾ ਉੱਤਰ ਕਿਰਸਾਣ ਦਾ ਜ਼ਿਕਰ ਕਰਦੇ ਸਾਰ ਗੁਰੂ ਦਾ ਜ਼ਿਕਰ ਕੀਤਾ ਹੈ। ਐਸਾ ਕਰਨੇ ਵਿਚ ਧੁਨਜਾਤਮਕ ਭਾਵ ਇਹ ਰਖਿਆ ਕਿ ਗੁਰੂ ਦੁਆਰਾ ਉਹ ਨਾਮ ਦੀ ਦਾਤ ਦੇਂਦਾ ਹੈ। ਦੇਖੋ ਅੰਕ ੨ ਦਾ ਅੰਤ ਤੇ ਅੰਕ ੩ ਦਾ ਮੁੱਢ।

ਅੰਕ ੩ ਦੇ ਆਦਿ ਵਿਚ ਗੁਰੂ ਪਦ ਹੋਣ ਕਰਕੇ ਅਤੇ ਨਾਮ ਦਾਨ ਦੇਣਾ ਗੁਰੂ ਦਾ ਕੰਮ ਹੋਣ ਕਰਕੇ ਸੰਪ੍ਰਦਾ ਦੇ ਕਈ ਦਾਨੇ ਗਜਾਨੀ ਅੰਕ ਦੋ ਦਾ ਇਉਂ ਬੀ ਅਰਥ ਕਰਦੇ ਆਏ ਹਨ :-

ਸੱਚਾ (ਅਰਥਾਤ ਗੁਰੂ ਨਾਮ ਰੂਪੀ ਖੇਤੀ ਬੀਜਦਾ) ਵਡਾ ਕਿਸਾਣ ਹੈ, ਉਹ ਆਪ (ਸੁਜਾਨ =) ਗਿਆਨਵਾਨ ਹੈ, ਉਹ ਭੁੱਲ ਨਹੀਂ ਕਰਦਾ। (ਉਹ ਪਹਿਲਾਂ ਜਗਜਾਸੂ ਦੇ ਹਿਰਦੇ ਰੂਪੀ) ਧਰਤੀ ਨੂੰ ਤਿਆਰ ਕਰਕੇ ਸੱਚੇ ਨਾਮ ਦਾ ਬੀਜ ਬੀਜਦਾ ਹੈ। ਜਿਸ ਤੋਂ ਨੌਂ-ਨਿਧੀ ਰੂਪ ਨਾਮ ਉਪਜਦਾ ਹੈ ਤੇ ਬਖਸ਼ਿਸ਼ ਦਾ ਨੀਸ਼ਾਨ ਪੈਂਦਾ ਹੈ।

'ਗੁਰ ਕਉ ਜਾਣਿ' ਦਾ ਅਰਥ ਦਾਨੇ ਜਾਣਿ = ਜਾਣਨੇ ਵਾਲਾ ਕਰਦੇ ਹਨ ਕਿ ਅਕਾਲ ਪੁਰਖ ਦੇ ਜਾਣਨੇ ਵਾਲੇ ਗੁਰੂ ਨੂੰ, ਜੋ ਨਹੀਂ ਜਾਣਦਾ, ਉਸ ਦੇ ਕਰਮਾਂ ਦਾ ਕੀਹ ਲਾਭ ? ਇਉਂ ਅਰਥ ਲਾਇਆਂ ਪਹਿਲੇ ਅੰਕ ਦੇ 'ਵਡਾ ਕਿਰਸਾਣ' ਦੇ ਅਰਥ ਬੀ 'ਗੁਰੂ' ਲਾਈਦੇ ਹਨ। ਤੇ ਅਧਜਾਹਾਰ ਕਰੀਦਾ ਹੈ ਕਿ ਗੁਰੂ ਦੀ ਸ਼ਰਨ ਲਓ, ਗੁਰੂ ਸੁਜਾਨ (= ਗਜਾਨਵਾਨ) ਹੈ, ਉਹ ਭੁੱਲ ਨਹੀਂ ਕਰਦਾ ਵਡਾ ਕਿਰਸਾਣ ਹੈ, ਉਹ ਪਹਿਲਾਂ ਸਿੱਖ ਦੇ ਹਿਰਦੇ ਨੂੰ ਸਾਧਦਾ ਤੇ ਫੇਰ ਨਾਮ ਉਸ ਵਿਚ ਟਿਕਾ ਦੇਂਦਾ ਹੈ।

ਕਈ ਸਜਣ 'ਜਾਣਿ' ਦਾ ਅਰਥ ਜਾਣਨਹਾਰ ਕਰਕੇ ਇਉਂ ਬੀ ਅਰਥ ਨੂੰ ਰਤਾ ਕੁ ਮਰੋੜੀ ਦੇ ਲੈਂਦੇ ਹਨ ਕਿ ਜੋ ਪੁਰਖ 'ਗੁਰੂ ਨੂੰ ਜਾਣਨਹਾਰ ਨਹੀਂ ਜਾਣਦੇ।'

ਫੇਰ ਅੰਕ ੩ ਵਿਚ ਨਾਮ ਨੂੰ ਇਸ਼ਾਰੇ ਨਾਲ ਦੱਸਿਆ ਹੈ ਕਿ ਇਹ ਅੰਧ ਗੁਬਾਰ-ਅਗਜਾਨ ਦਾ ਹਨੇਰਾ-ਦੂਰ ਕਰਨੇ ਵਾਲਾ ਹੈ। ਕਿਉਂਕਿ ਇਹ ਝੂਠ ਤੇ ਅਨਸਥਿਰ ਤੋਂ ਚੁੱਕ ਕੇ ਸਦਾ ਥਿਰ ਵਿਚ ਲੈ

ਜਾਂਦਾ ਹੈ, ਜੋ ਪ੍ਰਾਪਤੀ ਕਿ 'ਸਫਲ ਗਜ਼ਾਨ' ਹੈ

ਫੇਰ ਅੰਕ ੪ ਵਿਚ ਦੱਸਿਆ ਹੈ ਕਿ ਪਰਮੇਸ਼ੁਰ ਜੀ ਦੀ ਪ੍ਰਸੰਨਤਾ ਪ੍ਰਾਪਤੀ ਨੂੰ ਨਿਸ਼ਾਨਾ ਨਾ ਬਣਾਕੇ ਜੋ ਹੋਰ ਕਰਮ ਕਰਨੇ ਹਨ ਓਹ ਅੰਡਬਰ ਹਨ, ਅਰ ਓਹ ਪਰਮਾਤਮ ਦੇਵ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਿਚ ਕਾਮਯਾਬ ਨਹੀਂ ਹੁੰਦੇ। ਕਾਰਨ ਇਹ ਹੈ ਕਿ ਓਹ 'ਪ੍ਰਿਅ' ਸਰੂਪ ਹੈ, ਪ੍ਰੇਮ ਨਾਲ ਮਿਲਦਾ ਹੈ। ਕਰਮ ਅਹੰਮੇਵ ਵਿਚ ਰਖਦੇ ਹਨ। ਪ੍ਰੇਮ ਵਿਚ ਹਉਮੈ ਵਿਲਯ ਹੋ ਜਾਂਦੀ ਹੈ, ਕਰਮਾਂ ਨਾਲ ਹਉਮੈ ਵਿਲਯ ਨਹੀਂ ਹੁੰਦੀ।

ਫਿਰ ਦੱਸਿਆ ਅੰਕ ੫ ਵਿਚ ਕਿ ਸਾਰੇ ਕਰਮ ਤੇ ਸਾਧਨ, ਸਾਰੇ ਮਾਇਆ ਮੋਹ ਤੋਂ ਮਿਲਨ ਵਾਲੇ ਰਸ ਬ੍ਰਿਥਾ ਹਨ ; ਕਿਉਂਕਿ ਓਹ ਗੁਰੂ ਦੁਆਰ ਵਿਚ ਨਹੀਂ ਪਹੁੰਚਾਉਂਦੇ, ਜੋ ਕੰਮ ਕਿ ਸ਼ਬਦ ਭੇਦਿਨ ਨਾਲ ਹੁੰਦਾ ਹੈ। 'ਸ਼ਬਦ ਭੇਦ' ਬਿਨਾਂ ਪੂਰਨ ਗੁਰ ਦਰਬਾਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਾਵ ਇਹ ਹੈ ਕਿ ਜਦ ਤਕ ਹਿਰਦਾ ਨਾਮ ਨਾਲ ਵਿੰਨ੍ਹਿਆ ਨਾ ਜਾਵੇ, ਸਰੀਰ ਵਿਚ ਜੋ ਜੜ ਤੇ ਚੇਤਨ ਦਾ ਮਿਲਾਪ ਹੈ ਇਹ ਨਹੀਂ ਤ੍ਰੁੱਟਦਾ। ਆਤਮਾ ਅਨਾਤਮਾ ਤੋਂ ਆਪਣੇ ਆਪ ਨੂੰ ਅਲੱਗ ਪ੍ਰਤੀਤ ਨਹੀਂ ਕਰਦਾ ਤੇ ਪਰਮ ਅਤਮਾ ਨਾਲ ਤਦ-ਰੂਪਤਾ ਵਿਚ ਜੁੜਦਾ ਨਹੀਂ, ਅਰਥਾਤ ਜੀਵ ਤੱਤ ਆਪ ਨੂੰ ਅਨਾਤਮਾ ਤੋਂ ਜੁਦਾ ਪ੍ਰਤੀਤ ਕਰਕੇ ਪਰਮ ਤੱਤ ਵਿਚ ਲੀਨ ਨਹੀਂ ਹੁੰਦਾ। 'ਸਬਦ ਭੇਦਿਨ' ਅਤੇ 'ਸ਼ਬਦ ਵੇਧਿਨ' ਦੁਇ ਸੰਸਕ੍ਰਿਤ ਮੂਲਕ ਪਦ ਹਨ। ਇਹਨਾਂ ਦਾ ਅਰਥ ਹੈ ਇਕ ਪ੍ਰਕਾਰ ਦਾ ਤੀਰ ਜੋ ਆਵਾਜ਼ ਸੁਣਕੇ ਹੀ ਬਿਨਾ ਨਿਸ਼ਾਨਾ ਤੱਕੇ ਦੇ ਅਵਾਜ਼ ਦੇ ਟਿਕਾਣੇ ਜਾ ਵੱਜਦਾ ਹੈ। ਪਰ ਏਥੇ ਇਹ ਅਰਥ ਨਹੀਂ। ਏਥੇ 'ਸਬਦਿ ਨ ਭੇਦੀਐ' ਦਾ ਅਰਥ ਹੈ ਕਿ ਜਦ ਤਕ ਸ਼ਬਦ ਨਾਲ ਭੇਦੇ-ਵਿੰਨ੍ਹੇ ਨਾ ਜਾਈਏ। ਪਦ 'ਸਬਦਿ' ਨੂੰ ਸਿਆਰੀ ਹੈ, ਅਰਥ ਹੈ ਸਬਦ ਦੁਆਰਾ, 'ਭੇਦੀਐ' ਪਦ ਕ੍ਰਿਯਾ ਵਾਚਕ ਹੈ। 'ਜਦ ਤਕ ਸਬਦ ਦੁਆਰੇ ਭੇਦੇ ਨ ਜਾਈਏ'।

ਨਿਰੇ ਗੱਲਾਂ ਨਾਲ ਸੁਣੇ ਸਮਝੇ ਗਿਆਨ ਨਾਲ ਆਤਮਾ ਅਨਾਤਮਾ ਤੋਂ ਨਹੀਂ ਤ੍ਰੁੱਟਦੀ, ਯਾ ਇਉਂ ਆਖੋ ਕਿ ਚਿਦ ਜੜ੍ਹ ਗ੍ਰੰਥੀ ਨਹੀਂ ਖੁੱਲ੍ਹਦੀ, ਪਰ ਸ਼ਬਦ ਨਾਲ ਜਦ ਮਨ ਪਰੋਤਾ ਜਾਏ, ਭੇਦਿਆ ਜਾਏ, ਵਿੰਨ੍ਹਿਆ ਜਾਏ ਤਾਂ ਜੜ੍ਹ ਚੇਤਨ ਦੀ ਗੰਢ ਅਮਲੀ ਤੌਰ ਤੇ ਖੁੱਲ੍ਹ ਜਾਂਦੀ ਹੈ। ਸ਼ਬਦ ਦਾ ਅਰਥ ਏਥੇ ਨਾਮ ਹੈ, ਜੇ ਇਹ ਅਰਥ ਲਈਏ ਤਾਂ ਭਾਵ ਬਣੇਗਾ ਕਿ ਜਦ ਤਾਈਂ ਨਾਮ ਨਾਲ ਨਾ ਵਿੰਨ੍ਹੇ ਜਾਈਏ। ਜਿਵੇਂ ਅਰਦਾਸ ਹੈ :-

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥ (ਗਉੜੀ ਬਾ: ਅ: ਮ: ੫-੫੫)

ਪੁਨਾ :- **ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥** (ਬਿਲਾ: ਮ: ੧-੨)

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥ (ਬਿਲਾ: ਮਹਲਾ ੧-੨)

ਇਨ੍ਹਾਂ ਤੁਕਾਂ ਵਿਚ ਵਿੰਨ੍ਹੇ ਹੋਏ ਮਨ ਦਾ ਰੂਪ ਦੱਸਿਆ ਹੈ।

ਪਰ ਜੇ 'ਸਬਦਿ' ਦਾ ਭਾਵ ਲਈਏ 'ਗੁਰ ਉਪਦੇਸ਼ ਨਾਲ ਵਿੰਨ੍ਹਿਆ ਗਿਆ' ਤਾਂ ਮੁਰਾਦ ਹੋਵੇਗੀ ਕਿ ਜਦ ਤਕ ਗੁਰ ਉਪਦੇਸ਼ ਅੰਦਰ ਘਰ ਨਹੀਂ ਕਰ ਗਿਆ। ਪਰ ਗੁਰ ਉਪਦੇਸ਼ ਵਿਚ ਨਾਮ ਮੁੱਖ ਵਸਤੂ ਹੁੰਦੀ ਹੈ।

ਕਈ ਦਾਨੇ 'ਸਬਦਿ ਨ ਭੇਦੀਐ' ਦਾ ਏਥੇ ਅਰਥ ਲਾਉਂਦੇ ਆਏ ਹਨ 'ਜਦ ਤਾਈਂ'' ਸ਼ਬਦ ਦਾ ਭੇਦ ਨਾ ਜਾਣੀਏ।' ਭਾਵ ਜਦ ਤਕ ਗੁਰੂ ਦੇ ਉਪਦੇਸ਼ ਨੂੰ ਅਨੁਭਵ ਵਿਚ ਨਾ ਟਿਕਾ ਲਈਏ। ਸੋ ਭਾਵ ਉਹੋ ਹੀ ਰਿਹਾ।

'ਦੂਜੇ ਭਾਇ' ਪਦ ਵਿਚ ਕੇਵਲ ਈਸ਼੍ਵਰ ਤੋਂ ਛੁੱਟ ਆਨ ਦੇਵਾਂ ਦੀ ਪੂਜਾ ਯਾ ਆਨ ਤ੍ਰੀਕਿਆਂ ਦੇ ਸਾਧਨ ਹੀ ਨਹੀਂ, ਈਸ਼੍ਵਰ ਤੋਂ ਛੁਟ ਹੋਰ, ਜਿਸ ਨਾਲ ਬੀ ਪ੍ਰੇਮ ਹੈ, ਉਹ ਸਾਰਾ ਕੁਛ ਸ਼ਾਮਲ ਹੈ। ਇਹ ਪਦ ਇਸੇ ਕਰਕੇ ਵਰਤਿਆ ਹੈ ਕਿ ਵਿਸ਼ਾਲ ਅਰਥ ਦੇਵੇ। ਪਰ ਕਿਉਂਕਿ ਵਿਸ਼ਯ ਪਰਮਾਰਥ ਦਾ

ਚਲ ਰਿਹਾ ਹੈ, ਇਸ ਕਰਕੇ ਵਿਸ਼ੇਸ਼ ਅਰਥ ਈਸ਼੍ਵਰ ਤੋਂ ਅਤ੍ਰਿਕਤ ਹੋਰਨਾਂ ਦੇਵਾਂ ਦੇ ਪਿਆਰ ਪੂਜਾ ਸਾਧਨ ਦਾ ਲੀਤਾ ਜਾਂਦਾ ਹੈ।

ਜੇ ਪਦੇ ਵਾਰ ਨਿਖੇੜਕੇ ਵੀਚਾਰ ਕਰੀਏ ਤਾਂ ਪ੍ਰਤੀਤ ਦੇਂਦਾ ਹੈ ਕਿ ਵੰਡ ਐਉਂ ਹੈ :-

ਪਹਿਲੇ ਪਦੇ ਵਿਚ - ਪਰਮੇਸ਼ੁਰ ਜੀ ਨੂੰ ਛੱਡਕੇ ਹੋਰ ਦੇਵਾਂ ਦੀ ਪੂਜਾ ਤੋਂ ਭਾਵ ਹੈ।
ਰਹਾਉ ਵਿਚ - ਭੇਖ ਆਦਿ ਧਾਰਨ ਕਰਨ ਵਾਲੇ ਲੋਕਾਂ ਤੋਂ ਭਾਵ ਹੈ।
ਦੂਜੇ ਪਦੇ ਵਿਚ - ਨਾਮ ਤੇ ਬਖਸ਼ਿਸ਼ ਦਾ ਸਪਸ਼ਟ ਉਪਦੇਸ਼ ਹੈ।
ਤੀਜੇ ਪਦ ਵਿਚ - ਗੁਰੂ ਵੇਮੁਖਾਂ ਦਾ ਅੰਤ ਸਪਸ਼ਟ ਦੱਸਿਆ ਹੈ।
ਚੌਥੇ ਪਦੇ ਵਿਚ - ਵਾਹਜ ਕਰਮ: ਜਪ, ਤਪ, ਯਗ, ਦਾਨ, ਪਠਨ ਪਾਠਨ, ਵਾਚ ਗਯਾਨ ਆਦਿ ਤੋਂ ਭਾਵ ਹੈ।
ਪੰਜਵੇਂ ਪਦੇ ਵਿਚ- (ੳ) ਸੰਸਾਰਕ ਰਸਾਂ ਕਸਾਂ ਵਿਚ ਮਗਨ ਲੋਕਾਂ ਤੋਂ ਭਾਵ ਹੈ।
(ਅ) ਦਿਖਾਵੇ ਦੇ ਧਰਮ ਦੇ ਕਰਮਾਂ ਤੋਂ ਭਾਵ ਹੈ।
(ੲ) ਸਚੇ ਪਰਵਾਣ ਈਸ਼੍ਵਰ ਪ੍ਰੇਮੀ ਦਾ ਵਰਣਨ ਹੈ।

ਨਿਰੁਕ੍ਤ-ਧ੍ਰਿਗੁ- (ਸੰਸ:, ਧਿਕ੍) ਫਿਟੇ ਮੂੰਹ। ਫਿਟਕਾਰ। ਲਾਅਨਤ।

ਦੁਹਾਗਣੀ- (ਸੰਸ:, ਦੁਰ੍ ਭਗਾ = ਉਹ ਇਸਤ੍ਰੀ ਜੋ ਆਪਣੇ ਪਤੀ ਤੋਂ ਪਿਆਰ ਨਹੀਂ ਕੀਤੀ ਜਾਂਦੀ) ਪਤੀ ਤੋਂ ਤ੍ਰਾਹੀ ਗਈ ਯਾ ਪਤੀ ਨੂੰ ਤਯਾਗ ਕੇ ਪਤੀ ਵਿਹੂਣ ਰਹਿਣ ਵਾਲੀ। ਛੁੱਟੜ ਇਸਤ੍ਰੀ।

(੨) ਇਥੇ ਲੱਛਣਾਂ ਬ੍ਰਿਤੀ ਦੁਆਰਾ ਮੁਰਾਦ ਮਨਮੁਖ ਤੋਂ ਹੈ, ਜਿਸ ਦਾ ਪਤਾ ਅੰਕ ੩ ਵਿਚ ਆਪ ਹੀ ਦਿੱਤਾ ਹੈ : 'ਮਨਮੁਖਿ ਅੰਧੁ ਗੁਬਾਰੁ॥' ਮਨਮੁਖ ਉਹ ਹੈ, ਜੋ ਆਪਣੇ ਮਨ ਦੇ ਮਗਰ ਲੱਗਦਾ ਹੈ, ਗੁਰੂ ਦੇ ਕਿ ਗੁਰਮਤਿ ਦੇ ਮਗਰ ਨਹੀਂ ਟੁਰਦਾ।

ਕਲਰ- (ਪੰਜਾਬੀ) ਸ਼ੋਰੇ ਤੇ ਹੋਰ ਖਾਰਾਂ ਵਾਲੀ ਭੋਂ। ਸ਼ੋਰੇ ਤੇ ਖਾਰਾਂ ਜੋ ਸਿੱਲ੍ਹ ਨਾਲ ਮਿਲਕੇ ਕੰਧਾਂ ਨੂੰ ਚੜ੍ਹਦੇ ਉਸ ਨੂੰ ਖਾਰ ਖਾਰ ਡੇਗਦੇ ਹਨ।

ਅਹਿਨਿਸਿ- (ਸੰਸ:, ਅਹਰ੍ਨਿਸ਼ਮ੍) ਦਿਨ ਤੇ ਰਾਤ।

ਮੁੰਧ- (ਸੰਸ:, ਮੁਗ੍ਧਾ[1] ਇਸਤ੍ਰੀ। ਪ੍ਰਾ:, ਮੁਦ੍ਧਾ। ਪੰਜਾਬੀ, ਮੁੰਧ) ਜੁਆਨ ਸੁੰਦਰ ਇਸਤ੍ਰੀ ਮੁਟਿਆਰ। (ਅ) ਭਾਵ ਵਿਚ ਜਗਯਾਸੂ।

ਕਿਰਸਾਣੁ- (ਸੰਸ:, ਕ੍ਰਿਤਿਸ਼ਾਣ) ਖੇਤੀ ਕਰਨੇ ਵਾਲਾ। ਭਾਵ ਵਾਹਿਗੁਰੂ ਯਾ ਗੁਰੂ।

ਸਾਧਿ ਕੈ- (ਸੰਸ:, ਸਾਧਨੰ = ਠੀਕ ਕਰਨਾ) ਤਿਆਰ ਕਰਨਾ। ਸਵਾਰਨਾ, ਵੱਤਰ ਦੇਕੇ ਜ਼ਿਮੀਂ ਨੂੰ ਹਲ ਵਾਹ ਕੇ, ਸੁਹਾਗਾ ਦੇ ਕੇ, ਬੀਜਣੇ ਲਾਇਕ ਕਰਨਾ। 'ਪਹਿਲਾ ਧਰਤੀ ਸਾਧਿਕੈ' ਦਾ ਅਰਥ ਸੰਪ੍ਰਦਾ ਵਿਚ ਐਉਂ ਬੀ ਲਾਉਂਦੇ ਆਏ ਹਨ : ਰੱਬ ਕਿਰਸਾਣ ਹੈ, ਜੀਵ ਉਸ ਦੇ ਹਾਲੀ ਹਨ, ਭਾਵ ਉਸ ਦੀ ਤਾਬਿਆ ਰਾਹਕ ਹਨ, ਸੋ ਜੀਵ ਰੂਪ ਹਾਲੀ ਅੰਤਹਕਰਣ ਰੂਪ ਧਰਤੀ ਨੂੰ ਸੁਧ ਕਰਕੇ ਸੱਚੇ ਨਾਮ ਦਾ ਬੀਜ ਉਸ ਵਿਚ ਬੀਜ ਦੇਣ, ਤਦ ਨੌ-ਨਿਧ ਭਗਤੀ ਰੂਪੀ ਖੇਤੀ ਉਪਜਦੀ ਹੈ।

ਦਾਣੁ- ਦਾਣੇ। ਉਹ ਦਾਣੇ ਜੋ ਬੀਜੀ ਦੇ ਹਨ। ਬੀਜ।

ਨਉ ਨਿਧਿ- (ਸੰਸ:, ਨਵ ਨਿਧਿ:) ਨੌਂ ਨਿਧੀਆਂ। ਕੁਬੇਰ ਦੇ ਨੌਂ ਪ੍ਰਕਾਰ ਦੇ ਮੰਨੇ ਹੋਏ ਖ਼ਜ਼ਾਨੇ ਯਾ ਰਤਨ। ਭਾਵ ਹੈ ਹਰ ਪ੍ਰਕਾਰ ਦੀ ਸਮ੍ਰਿੱਧੀ ਆਦਿ। ਉਂਵ ਨੌ-ਨਿਧੀਆਂ ਇਸ ਪ੍ਰਕਾਰ ਗਿਣੀ

---

[1] ਮੁਗਧਾ-ਉਸ ਚੜ੍ਹੀ ਜੁਆਨੀ ਦੀ ਮੁਟਿਆਰ ਨੂੰ ਕਹਿੰਦੇ ਹਨ, ਜਿਸ ਨੂੰ ਆਪਣੇ ਜੋਬਨ ਦਾ ਗਯਾਨ ਨਾ ਹੋਵੇ, ਪਰ ਚਾਉ ਤੇ ਉਤਸ਼ਾਹ ਭਰਿਆ ਹੋਵੇ। ਸਿੰਧੀ ਵਿਚ ਬੀ-ਮੁੰਧ-ਪਦ ਮੁਟਿਆਰ ਅਰਥਾਂ ਵਿਚ ਹੈ।

ਦੀਆਂ ਹਨ : (੧) ਪਦਮ (ਸੋਨਾ ਚਾਂਦੀ), (੨) ਮਹਾਂ ਪਦਮ (ਹੀਰੇ ਜ੍ਵਾਹਰਾਤ), (੩) ਸੰਖ (ਸੋਹਣੇ ਸੋਹਣੇ ਖਾਣੇ ਤੇ ਕਪੜੇ), (੪) ਮਕਰ (ਸ਼ਸਤ੍ਰ ਵਿਦਿਆ ਦੀ ਪ੍ਰਾਪਤੀ, ਰਾਜ ਦਰਬਾਰ ਵਿਚ ਮਾਣ, (੫) ਕੱਛਪ (ਕਪੜੇ ਦਾਣੇ ਦੀ ਸੁਦਾਗਰੀ), (੬) ਕੁੰਦ (ਸੋਨੇ ਦੀ ਸੁਦਾਗਰੀ), (੭) ਨੀਲ (ਮੋਤੀ ਮੂੰਗੇ ਦੀ ਸੁਦਾਗਰੀ), (੮) ਮੁਕੰਦ (ਰਾਗ ਆਦਿ ਕੋਮਲ ਹੁਨਰਾਂ ਦੀ ਪ੍ਰਾਪਤੀ), (੯) ਵਰਚ ਜਾਂ ਖਰਬ।

ਕਰਮਿ– (ਅ:, ਕਰਮ = ਬਖਸ਼ਿਸ਼) ਮੇਹਰ, ਫਜ਼ਲ। ਦਇਆ।

ਨੀਸਾਣੁ– (ਫ਼ਾ:, ਨਿਸ਼ਾਨ) ਚਿੰਨ੍ਹ। ਨਿਸ਼ਾਨ। ਇਸ਼ਾਰਾ ਉਸ ਨਿਸ਼ਾਨ ਵਲ ਹੈ ਜੋ ਖੇਤਾਂ ਦੀਆਂ ਪੱਕੀਆਂ ਫਸਲਾਂ ਦੇ ਲਈ ਲਾਇਆ ਕਰਦੇ ਸਨ। ਏਥੇ ਭਾਵ ਹੈ ਪੁੱਗੇ ਮਹਾਂ ਪੁਰਖ ਉਤੇ ਫਜ਼ਲ ਦਾ ਭਾਵ ਅੰਕਿਤ ਹੋ ਜਾਣਾ।

ਜਾਣਿ– (ਪੰ:, ਜਾਣਨਾ ਤੋਂ) ਜਾਣਦਿਆਂ ਹੋਇਆਂ।

(ਅ) ਜਾਣਿ = ਜਾਣਨੇ ਵਾਲਾ। ਤੁਕ ਦਾ ਭਾਵ– ਜੋ ਜਾਣਨੇਹਾਰ ਭਾਵ ਗਜਾਨੀ ਗੁਰੂ ਨੂੰ ਨਹੀਂ ਜਾਣਦੇ।

(ੲ) ਯਾ ਜੋ ਗੁਰੂ ਨੂੰ ਜਾਣਨਹਾਰ (ਗਜਾਨੀ) ਨਹੀਂ ਜਾਣਦੇ।

(ਸ) ਇਸ ਪਦ ਦੇ 'ਜਾਣ ਬੁੱਝਕੇ' ਬੀ ਅਰਥ ਕਰਦੇ ਹਨ।

(ਹ) ਗੁਰਾਂ ਨੂੰ ਗੁਰੂ ਜਾਣਦੇ ਹੋਏ ਬੀ ਉਸ ਤੋਂ ਪਰਮੇਸ਼ੁਰ ਨੂੰ ਜਾਣਨੇ ਦਾ ਉਪਰਾਲਾ ਨਹੀਂ ਕਰਦੇ।

ਚਜੁ (ਪੰਜਾਬੀ। ਸੰਸ:, ਚਰ੍ਯ ਤੋਂ) ਕਰਨੇ ਯੋਗ ਕੰਮ।

(ਅ) ਦਰੁਸਤੀ ਨਾਲ ਕੀਤਾ ਕੰਮ। ਰਹਿਣੀ ਬਹਿਣੀ ਦੀ ਦਰੁਸਤੀ।

ਆਚਾਰੁ– (ਸੰਸ:, ਆਚਾਰਣੰ) ਕੰਮ। ਕ੍ਰਿਜਾ। ਕਰਮ ਕਾਂਡੀ ਕ੍ਰਿਯਾ ਤੋਂ ਮੁਰਾਦ ਹੈ ਏਥੇ।

ਕੁੰਗੂ– ਕੇਸਰ। ਦੇਖੋ ਪਿੱਛੇ ਪੰਨਾ ੨੨੩ ।

ਚੋਆ– (ਹਿੰਦੀ) ਚੁਆਈ ਹੋਈ ਸ਼ੈ। ਅਰਕ ਆਦਿ ਕੱਢਿਆ ਅਤਰ[1]। ਅਤਰ।

ਚੋਆ ਚੰਦਨੁ– ਸੰਦਲ ਦਾ ਅਤਰ।

ਅਡੰਬਰ– (ਸੰਸ:, ਆਡੰਬਰ, ਹਾਥੀ ਦੀ ਚਿੰਘਾੜ, ਡੂੰਘੀ ਅਵਾਜ਼। (੨) ਬਨਾਵਟ) ਬਾਹਰਲੀ ਬਨਾਵਟ। ਉਪਰਲੀ ਠਾਠ ਬਾਠ।

ਵਿਕਾਰ –(ਫ਼ਾ:, ਬੇਕਾਰ) ਵਿਅਰਥ, ਫਜ਼ੂਲ। (ਸੰਸ:, ਵਿਕਾਰ) ਮਾੜਾ, ਖ਼ਰਾਬੀ ਦੇਣ ਵਾਲਾ।

ਸਬਦਿ ਨ ਭੇਦੀਐ ਸਬਦ ਨਾਲ ਵਿੰਨ੍ਹੇ ਨਾ ਜਾਈਏ। (ਅ) ਜਦ ਤੋੜੀ ਸ਼ਬਦ ਅਰਥਾਤ ਗੁਰ ਉਪਦੇਸ਼ ਦਾ ਭੇਤ ਨਾ ਜਾਣ ਲਈਏ। ਹੋਰ ਵੇਰਵਾ ਪਿੱਛੇ ਵਜਾਖਜਾ ਵਿਚ ਆ ਚੁੱਕਾ ਹੈ।

ਵਿਸ਼ੇਸ਼ ਵੀਚਾਰ–ਇਸ ਸ਼ਬਦ ਵਿਚ ਆਏ ਪਦ ਜੋ ਲੱਛਣਾਂ ਬ੍ਰਿਤੀ ਦੁਆਰਾ ਪਰਮਾਰਥਿਕ ਭਾਵਾਂ ਤੇ ਘਟਾਏ ਜਾਂਦੇ ਹਨ : ਐਉਂ ਹਨ :- ਦੁਹਾਗਣੀ = ਮਨਮੁਖ।

ਕਲਰ = ਮਨਮੁਖ ਦੇ ਕੀਤੇ ਕਰਮ- ਵਿਖਾਲੇ ਮਾਤ੍ਰ ਯਾ ਸਹਿਕਾਮ ਕਰਮ ਯਾ ਸ਼ੁਭ ਕਰਮਾਂ ਨੂੰ ਕੱਲਰ ਕੰਧ ਨਾਲ ਮਿਸਾਲ ਦਿਤੀ ਹੈ। ਦਿਖਾਲੇ ਮਾਤ੍ਰ ਕੀਤੇ ਕਰਮ ਪਾਜ ਉਘੜਨ ਤੇ ਕੱਲਰ ਕੰਧ ਵਾਂਙ ਢਹਿ ਪੈਂਦੇ ਹਨ।

ਸਕਾਮ ਕਰਮ- ਸੁਰਗ ਯਾ ਸੰਸਾਰਕ ਸੁਖ ਭੋਗਕੇ ਕੱਲਰ ਕੰਧ ਵਾਂਙੂ ਢੈ ਪੈਂਦੇ ਹਨ।

ਸ਼ੁਭ ਕਰਮ- ਅਹੰਕਾਰ ਆ ਜਾਣ ਤੇ ਕੱਲਰ ਕੰਧ ਵਾਂਙੂ ਢੈ ਪੈਂਦੇ ਹਨ।

---

[1] ਵਿਸ਼ੇਸ਼ ਲਈ ਦੇਖੋ ਸਿਰੀ ਰਾਗੁ ਮ: ੧ ਦੇ ਪਹਿਲੇ ਸਬਦ ਦੀ ਨਿਰੁਕ੍ਤ ਵਿਚ 'ਅਗਰਿ' ਪਦ ਦਾ ਅਰਥ, ਪੰਨਾ ੨੨੪ ।

ਢਹਿ ਪਾਇ = ਮੁੱਕ ਜਾਂਦੇ ਹਨ। ਕਿਰ ਢਹਿ ਪਾਇ = ਦੇਹ ਜੰਮਦੀ ਮਰਦੀ ਰਹਿੰਦੀ ਹੈ।

ਮੁੰਧ = ਜੀਵ ਰੂਪੀ ਇਸਤ੍ਰੀ। ਪਿਰ = ਪਰਮੇਸ਼ੁਰ।

ਸੀਗਾਰੁ = ਤਿਲਕ, ਛਾਪੇ ਆਦਿ ਚਿੰਨ੍ਹ। ਦਿਖਾਵੇ ਦੇ ਕਰਮ ਧਰਮ ਤੇ ਸਾਧਨ।

ਦਰਿ ਘਰਿ = (ਘਰ ਵਿਚ) ਨਿਜ ਸਰੂਪ ਵਿਚ। ਢੋਈ = ਸਮੀਪਤਾ।

ਦਰਗਹ = ਰਬ ਦੀ ਦਰਗਾਹ ਵਿਚ।

ਝੂਠੁ = ਅਨਸਥਿਰ ਸਾਮਾਨ, ਜੋ ਸਦੈਵੀ ਨਹੀਂ ਹਨ।

ਕਿਰਸਾਣੁ = ਵਾਹਿਗੁਰੂ। (ਅ) ਨਾਮ ਦਾਤਾ ਗੁਰੂ।

ਧਰਤੀ = ਬੁਧੀ ਰੂਪੀ। (ਅ) ਅੰਤਹਕਰਣ ਰੂਪੀ ਤੇ ਸੰਸਾਰ ਰੂਪੀ ਖੇਤੀ।

ਸਾਧਿਕੈ = ਨਿਰਮਲ ਕਰਕੇ, ਵਿਸ਼ੇ ਵਾਸ਼ਨਾ ਜਿੱਤਕੇ। ਦਾਣੁ = ਦਾਣਾ, ਭਾਵ ਬੀਜ।

ਸਚੁ ਨਾਮੁ ਦੇ ਦਾਣੁ = ਸਚੇ ਨਾਮ ਦਾ ਬੀਜ ਦੇਂਦਾ ਭਾਵ ਬੀਜਦਾ ਹੈ।

ਨਉ ਨਿਧਿ ਨਾਮੁ = ਸਰਬ ਦਾਤਾਂ ਦਾ ਦਾਤਾ ਨਾਮ। ਸਫਲ ਨਾਮ। ਰਸਮਜ ਤੇ ਦੁਖ ਹਰਤਾ ਤੇ ਸੁਖ ਦਾਤਾ ਨਾਮ। (ਅ) ਨਵਧਾ ਭਗਤੀ ਹੋਕੇ ਨਾਮ ਸਫਲੇਗਾ।

ਚਜੁ ਅਚਾਰੁ = ਉੱਤਮ ਕਰਮ।

ਅੰਧੁਲੇ = ਅਗਜਾਨੀ ਨੇ।

ਅੰਧੁ ਗੁਬਾਰੁ = ਅਗਜਾਨ ਦਾ ਹਨੇਰਾ।

ਚੰਦਨੁ = ਹਠ ਯੋਗ ਦੇ ਆਸਣ। (ਅ) ਚਰਚਾਵਾਦ, ਵਾਰਤਾਲਾਪ ਆਦਿ। (ੲ) ਸਕਾਮ ਕਰਮ ਕਰਨੇ। ਚੰਦਨ ਤੋਂ ਭਾਵ ਉਹ ਕੰਮ ਬੀ ਲੈਂਦੇ ਹਨ ਜਿਨ੍ਹਾਂ ਨਾਲ ਜਗਤ ਵਿਚ ਸ਼ੋਭਾ ਖਿਲਰੇ।

ਕੁੰਗੂ (ਕੇਸਰ) = ਸੁੰਦਰ ਵੇਸ ਧਾਰਨੇ। ਸਾਧੂਪਨੇ ਦੇ ਪੀਤ, ਕਖਾਯ, ਗੇਰੂਏ ਆਦਿ ਰੰਗਾਂ ਦੇ ਵੇਸ।

ਸੰਧੂਰੁ } ਸਾਧੂ ਪਨੇ ਦੇ ਚਿੰਨ। (ਅ) ਤਿਲਕ ਛਾਪ ਲਾਉਣ।
ਮਾਂਗ } (ੲ) ਜਟਾ ਧਾਰਨ ਕਰਨੀਆਂ।

ਚੋਆ ਚੰਦਨੁ = ਜੋਗ ਅਭਜਾਸ ਦਾ ਟਿਕਾਉ। (ਅ) ਪ੍ਰਾਣਾਯਾਮ ਕਰਕੇ ਦਸਮ ਦੁਆਰ ਵਿਚੋਂ ਅੰਮ੍ਰਿਤ ਚੁਆ ਲੈਣਾ। ਪਾਨ = ਵੇਦਾਂਤ ਦੇ ਮਹਾਂ ਵਾਕਾਂ ਦਾ ਉਚਾਰਣ ਮਾਤ੍ਰ।

ਕਪੂਰੁ = ਪੂਜਾ ਅਰਚਾ ਆਦਿ ਭਗਤੀ ਦੇ ਵਾਹਯ ਕਰਮ।

ਯਾ, ਪਾਨਾ ਨਾਲਿ ਕਪੂਰੁ = ਸ੍ਰੁਤੀਆਂ ਸਿੰਮ੍ਰਿਤੀਆਂ ਦੀ ਕਥਾ ਵੇਦਾਂਤ ਦੇ ਮਹਾਂ ਵਾਕਾਂ ਸਣੇ ਉਚਾਰਨ ਮਾਤ੍ਰ। ਧਨ = ਜਗਜਾਸੂ। ਕੰਤਿ = ਪਰਮੇਸ਼ੁਰ।

ਅੰਡਬਰ = ਵਾਹਯ ਸਾਧਨ ਯਾ ਹਿਰਦੇ ਪੁੜੇ ਬਿਨਾ ਦਿਖਾਵੇ ਦੇ ਸਾਧਨ।

ਗੁਰ ਦੁਆਰਿ = ਸਤਿਸੰਗ ਵਿਚ। (ਅ) ਪਰਲੋਕ ਵਿਚ। (ੲ) ਦਰਗਾਹ ਵਿਚ।

ਸੁਹਾਗਣੀ = ਗੁਰਮੁਖ। ਸਹਿ = (ਪਤੀ ਭਾਵ) ਪਰਮੇਸ਼ੁਰ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੪)

ਪ੍ਰਾਕ੍ਥਨ—ਪਿਛਲੇ ਸ਼ਬਦ ਵਿਚ 'ਦੂਜੇ ਭਾਇ' ਵਾਲੇ ਤ੍ਰੈ ਚਾਰ ਕਿਸਮ ਦੇ ਆਏ ਸਨ, ਹੁਣ ਉਨ੍ਹਾਂ ਵਿਚੋਂ 'ਰਸਾਂ ਕਸਾਂ ਦੇ ਪ੍ਰੇਮੀ ਦੁਨੀਆਂਦਾਰ' ਨੂੰ ਲੈਂਦੇ ਹਨ। ਉਨ੍ਹਾਂ ਧੰਦਿਆਂ ਵਿਚ ਫਸਿਆਂ ਪ੍ਰਤੀ ਉਪਦੇਸ਼ ਦੇਂਦੇ ਹਨ ਤੇ ਉਨ੍ਹਾਂ ਦੇ ਮਨ ਦਾ ਡਰ ਮੌਤ ਦਾ ਨਕਸ਼ਾ ਦਿਖਾਕੇ ਤੋੜਦੇ ਹਨ ਕਿ ਤੁਹਾਡੀ ਪ੍ਰਿਯ ਵਸਤੂ ਸਰੀਰ ਤਕ ਕਿਸੇ ਨੇ ਨਹੀਂ ਰਹਿਣਾ, ਅੰਤ ਸਭ ਨੇ ਮੁੱਕ ਮਰ ਜਾਣਾ ਹੈ ; ਸੋ ਹੁਣ ਹੋਸ਼ ਕਰੋ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ॥	ਅਰਥ ਰਹਾਉ ਤੋਂ ਟੁਰੇਗਾ, ਇਹ ਅਰਥ ਵਰਤਮਾਨ ਕ੍ਰਿਆ ਵਿਚ ਲਾਇਆ ਗਿਆ ਹੈ।
ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥ ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥ ਮੂੜੇ ਰਾਮੁ ਜਪਹੁ ਗੁਣ ਸਾਰਿ ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥	੪. ਹੇ (ਪਰਮੇਸ਼ੁਰ ਦੇ ਨਾਮ ਤੋਂ ਭੁਲੇ ਮਾਯਾ ਵਿਚ ਖਚਿਤ) ਮੂੜ (ਪੁਰਖ) ਰਾਮ ਦਾ ਨਾਮ ਜਪੁ (ਤੇ ਉਸ ਦੇ) ਗੁਣਾਂ ਦੀ ਸੰਭਾਲ ਕਰ। ੫. (ਦੇਖ) ਸਾਰੀ (ਸ੍ਰਿਸ਼ਟੀ ਸੂਖਮ) ਹਉਮੈ ਵਿਚ, ਮੋਹਣਹਾਰ ਮਮਤਾ ਵਿਚ, (ਅਤੇ ਫੁੱਲੇ) ਅਹੰਕਾਰ ਵਿਚ ਠੱਗੀ ਹੋਈ (ਜਨਮ ਗੁਆ ਰਹੀ) ਹੈ, (ਹੁਣੇ ਵੇਲਾ ਹਈ ਨਾਮ ਸਿਮਰਣ ਤੇ ਗੁਣ ਗਾਇਣ ਦਾ, ਨਹੀਂ ਤਾਂ) ॥ ੧ ॥ ਰਹਾਉ ॥ ੧.-੨. ਜਦ (ਦੇਹ) ਵਿਚੋਂ ਜੀਵ ਨਿਕਲ ਜਾਂਦਾ ਹੈ (ਤਾਂ ਸਰੀਰ ਦੀ ਜੀਵਨ ਸੱਤਾ ਰੂਪੀ) ਬਲਦੀ ਅੱਗ ਬੁਝ ਜਾਂਦੀ ਹੈ (ਤੇ ਬੁਝਦੀ ਹੋਈ ਦਾ) ਕੋਈ ਧੂੰਏਂ (ਵਰਗਾ ਨਿਸ਼ਾਨ ਮਾਤ੍ਰ ਬੀ) ਨਿਕਲਦਾ ਨਹੀਂ (ਦਿੱਸਦਾ ਅਤੇ) ਦੇਹ (ਜੀਵਨ ਸੱਤਾ ਤੋਂ) ਸੱਖਣੀ ਹੋਈ ਡਰਾਉਣੀ (ਦਿੱਸਣ ਲੱਗ ਪੈਂਦੀ) ਹੈ। ੩. ਫੇਰ ਪੰਜੇ ਦੁੱਖ ਨਾਲ ਭਰੇ ਹੋਏ ਰੋਣ ਲੱਗ ਪੈਂਦੇ ਹਨ (ਕਿ ਹਾਇ ! ਜੀਵ ਦੇ) ਦ੍ਵੈਤ ਭਾਵ ਵਿਚ (ਲਗੇ ਰਹਿਣ ਕਰਕੇ ਅਸੀਂ ਬੀ) ਬਿਰਥਾ ਗਏ ॥ ੧ ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥	੬. (ਇਸੀ ਤਰ੍ਹਾਂ) ਜਿਨ੍ਹਾਂ ਨੇ ਦੂਜੀ ਕਾਰ ਵਿਚ ਲੱਗੇ ਰਹਿਕੇ ਨਾਮ ਨੂੰ ਭੁਲਾਈ ਰਖਿਆ ਹੁੰਦਾ ਹੈ। ੭. ਓਹ 'ਦੁਐਤ ਭਾਵ' ਵਿਚ ਲੱਗੇ ਹੋਏ (ਅੰਦਰੋਂ) ਸੜਦੇ (ਹੀ) ਮਰ ਜਾਂਦੇ ਹਨ (ਕਿਉਂਕਿ) ਉਨ੍ਹਾਂ ਦੇ ਅੰਦਰ ਤ੍ਰਿਸ਼ਨਾ (ਰੂਪੀ) ਅੱਗ ਸੀ (ਜੋ ਸਾਰੀ ਉਮਰਾ ਬਲਦੀ ਰਹੀ)। ੮. (ਇਸ ਅੱਗ ਤੋਂ ਕੇਵਲ) ਓਹ ਬਚਦੇ ਹਨ (ਜਿਨ੍ਹਾਂ ਨੂੰ ਕਿ) ਗੁਰੂ ਰੱਖ ਲੈਂਦਾ ਹੈ,ਹੋਰ (ਸਾਰੀ ਸ੍ਰਿਸ਼ਟੀ) ਨੂੰ ਧੰਦੇ(ਰੂਪੀ)ਠੱਗ ਮੁੱਠ ਲੈਂਦਾ ਹੈ ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥	੯.-੧੦. (ਪ੍ਰਸ਼ਨ : ਮੁੱਠੇ ਜਾਣ ਦਾ ਰੂਪ ਕੀ ਹੈ ? ਉੱਤਰ : ਜੀਵ ਮਰਕੇ ਕੀਹ ਦੇਖਦਾ ਹੈ ਕਿ ਜਿਸ) ਧੰਦੇ (ਨੂੰ ਸਦੈਵੀ ਸਮਝਿਆ ਸੀ ਮਰਨੇ ਨਾਲ ਉਹ ਥੱਕ ਅਰਥਾਤ) ਮੁੱਕ ਗਿਆ ਹੈ, (ਜਿਸ) ਹਉਮੈ (ਨੇ ਧੰਦੇ ਵਿਚ ਫਸਾਇਆ ਸੀ ਉਹ ਬੀ) ਮਰ ਗਈ ਹੈ, (ਜਿਸ) ਮਾਇਆ ਦੀ ਮਮਤਾ (ਧੰਦੇ ਵਿਚੋਂ ਨਿਕਲਣ ਨਹੀਂ ਸੀ ਦੇਂਦੀ ਉਹ ਬੀ ਮਰ ਗਈ ਹੈ, ਜਿਸ ਮਮਤਾ ਦੇ ਕਾਰਣ ਵੈਰ ਵਿਰੋਧ ਸਹੇੜੀਦੇ ਤੇ ਕ੍ਰੋਧ ਕਰੀਦੇ ਸਨ ਓਹ) ਵੈਰ ਵਿਰੋਧ ਤੇ ਕ੍ਰੋਧ (ਬੀ ਮਰਨੇ ਨਾਲ ਮਰ) ਮੁੱਕ ਗਏ ਹਨ, (ਫਿਰ ਉਹ ਕੀ ਦੇਖਦਾ ਹੈ ਕਿ ਸਨਬੰਧੀਆਂ ਦੀ ਪ੍ਰੀਤ ਤੇ ਮਿੱਤਰਾਂ ਦਾ ਪਿਆਰ ਜਿਸ ਕਾਰਣ ਧੰਦੇ ਪੁਗਾਈਦੇ ਸਨ ਉਹ) ਪ੍ਰੀਤ ਮਰ ਗਈ ਹੈ ਤੇ ਪਿਆਰ ਆਇਆ ਗਿਆ ਹੋ ਗਿਆ ਹੈ। (ਮਰਕੇ ਇਸ ਹਾਲਤ ਤੋਂ ਬਚਣੇ ਦਾ ਉਪਾਉ ਹੈ ਨਾਮ ਦੀ ਪ੍ਰਾਪਤੀ, ਉਹ ਤਾਂ ਹੁੰਦੀ ਹੈ ਜੇ ਵਾਹਿਗੁਰੂ ਦੀ) ਬਖਸ਼ਿਸ਼ ਦੁਆਰਾ ਗੁਰਮੁਖਿ (= ਗੁਰੂ) ਮਿਲ ਪਵੇ, (ਉਸ ਤੋਂ) 'ਸੱਚ'

	(=ਸਚਾ ਨਾਮ) ਪ੍ਰਾਪਤ ਹੁੰਦਾ ਹੈ, (ਨਾਮ ਨਾਲ ਬ੍ਰਿਤੀਆਂ ਦਾ) ਸਦਾ ਨਿਰੋਧ (ਪ੍ਰਾਪਤ) ਹੁੰਦਾ ਹੈ, (ਨਿਰੋਧ ਹੋਇਆਂ 'ਸੱਚ' = ਪਰਮਾਤਮਾ ਪ੍ਰਾਪਤ ਹੁੰਦਾ ਹੈ) ॥ ੩ ॥
ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥ ੪॥੧੪॥	੧੨. (ਸੋ ਭਾਈ ! ਜੇ) ਗੁਰੂ ਦੀ ਮਤਿ (ਜੀਵ ਦੇ) ਪੱਲੇ ਪੈ ਜਾਵੇ (ਤਾਂ ਨਾਮ ਦੀ) ਸਚੀ ਕਾਰ ਦੁਆਰਾ ਸੱਚ (ਸਤਯ ਸਰੂਪ ਵਾਹਿਗੁਰੂ) ਮਿਲ ਪੈਂਦਾ ਹੈ। ੧੩. ਉਹ ਪੁਰਖ (ਫੇਰ) ਨਾ ਜੰਮਦਾ ਹੈ ਨਾ ਮਰਦਾ ਹੈ (ਅਰਥਾਤ) ਆਵਾਗਵਨ ਵਿਚ ਨਹੀਂ ਰਹਿੰਦਾ ; (ਉਹ ਨਿਰਾ ਜਨਮ ਮਰਨ ਤੋਂ ਹੀ ਨਹੀਂ ਛੁਟਦਾ ਉਹ ਜੀਉਂਦੇ ਜੀ ਸਤਿਸੰਗ ਰੂਪੀ) ਦਰ ਵਿਚ ਮੁਖੀਆ ਹੁੰਦਾ ਹੈ (ਤੇ ਮਰਕੇ ਸਾਂਈਂ ਦੀ) ਦਰਗਾਹ ਵਿਚ ਪਹਿਨਾਇਆ ਹੋਇਆ ਜਾਂਦਾ ਹੈ, ਹੇ ਨਾਨਕ ! (ਅਰਥਾਤ ਵਾਹਿਗੁਰੂ ਦੇ ਦਰਬਾਰ ਵਿਚ ਆਤਮ ਲਿਬਾਸ ਨਾਲ ਭੂਸ਼ਿਤ ਸਨਮਾਨ ਸਹਿਤ ਪ੍ਰਵੇਸ਼ ਕਰਦਾ ਹੈ) ॥ ੪ ॥ ੧੪ ॥

ਵ੍ਯਾਖ੍ਯਾ–ਕਿਸ ਕਾਵ੍ਯ-ਸੁੰਦਰਤਾ ਨਾਲ ਮਾਨੁੱਖ ਨੂੰ ਦੱਸਿਆ ਹੈ ਕਿ ਦੇਹ ਦਾ ਮਰਨਾ ਬਰਹੱਕ ਹੈ। ਹੇ ਮਾਨੁੱਖ ! ਤੇਰੇ ਸਨਬੰਧ : ਕਿਆ ਵਿਆਹ ਦੇ, ਕਿਆ ਵੈਰ ਤੇ ਕਿਆ ਮੋਹ ਪਿਆਰ ਦੇ, ਸਾਰੇ ਦੇਹ ਦੁਆਰਾ ਹਨ। ਇਸ ਦੇਹੀ ਨੂੰ ਹੀ ਮਾਨੋ ਸਦੈਵੀ ਸਮਝਕੇ ਸਾਰੀ ਉਮਰ ਚਿਤ ਬ੍ਰਿਤੀ ਧੰਦਿਆਂ ਵਿਚ ਹੀ ਫਸਾਈ ਰੱਖੀ ਜਿਸ ਕਰਕੇ ਤ੍ਰਿਸ਼ਨਾ ਦੀ ਅਗਨੀ ਅੰਦਰ ਵਧਦੀ ਰਹੀ, ਇਹੋ ਤ੍ਰਿਸ਼ਨਾ ਅਗਨੀ ਦੀ ਜਲਨ ਦਾ ਅੰਦਰ ਪ੍ਰਪੱਕ ਅਭਿਆਸ ਹੋ ਗਿਆ, ਜੋ ਜੀਉ ਵਿਚ ਅੰਕਿਤ ਹੋ ਜਾਣ ਕਰਕੇ ਨਾਲ ਗਿਆ। ਦੇਹ ਮੁੱਕ ਗਈ, ਸਭ ਸਨਬੰਧ ਮੁੱਕ ਗਏ, ਪਰ ਜੀਵ ਕੀਤੇ ਕਰਮਾਂ ਤੇ ਸਾਧੇ ਅਭ੍ਯਾਸ ਦੇ ਸੰਸਕਾਰ ਨਾਲ ਲੈ ਗਿਆ, ਜਿਨ੍ਹਾਂ ਨੇ ਕਿ ਦੇਹ ਮਰਨ ਨਾਲ ਮਰਨਾ ਨਹੀਂ। ਇਹ ਕੁਛ ਦੱਸ ਕੇ ਉਪਦੇਸ਼ ਦੇਂਦੇ ਹਨ ਕਿ ਜੇ ਚਾਹੋ ਕਿ ਜੀਵ ਦੇਹ ਵਿਯੋਗ ਮਗਰੋਂ ਸੁਖੀ ਹੋਵੇ ਤਾਂ ਗੁਰੂ ਨੂੰ ਮਿਲ, ਨਾਮ ਪ੍ਰਾਪਤ ਕਰ, ਨਾਮ ਦਾ ਅਭ੍ਯਾਸ ਕਰ, ਧਾਵਤ ਮਨ ਨੂੰ ਰੋਕ ਕੇ ਨਿਰੁੱਧ ਕਰ ਕੇ ਆਤਮ ਲੱਖਤਾ ਵਿਚ ਆ, ਫੇਰ ਪਰਮਾਤਮ ਲੱਖਤਾ ਪ੍ਰਾਪਤ ਹੋਵੇ, ਤਾਂ ਜੋ ਨਾ ਕੇਵਲ ਜਨਮ ਮਰਨ ਮਿਟੇ ਸਗੋਂ ਸਦੈਵੀ ਆਨੰਦ ਪ੍ਰਾਪਤ ਹੋਵੇ।

ਛੇਕੜੀਆਂ ਦੋ ਤੁਕਾਂ ਵਿਚ ਇਕ ਆਪਣਾ ਆਦਰਸ਼ ਨਿਰੂਪਣ ਕੀਤਾ ਹੈ ਕਿ ਸਦਗਤੀ ਕੇਵਲ ਜਨਮ ਮਰਨ ਦੇ ਮੁੱਕ ਜਾਣ ਮਾਤ੍ਰ ਦਾ ਨਾਮ ਹੀ ਨਹੀਂ। ਉਸ ਦੇ ਮੁੱਕ ਮਿਟ ਜਾਣੇ ਪਰ ਆਤਮਾ ਨੂੰ ਦਰਗਾਹ ਵਿਚ ਸਨਮਾਨ ਸਹਿਤ ਪ੍ਰਵੇਸ਼ ਪ੍ਰਾਪਤ ਹੁੰਦਾ ਹੈ ; ਜਿਸ ਦਾ ਭਾਵ ਇਹ ਹੈ ਕਿ ਕੋਈ ਸਦੈਵੀ ਸੁਖ ਰੂਪੀ-ਸਦਾ ਆਨੰਦ ਵਿਚ ਪ੍ਰਵੇਸ਼ ਹੁੰਦਾ ਹੈ। ਜਿਸ ਨੂੰ ਇਹ ਮਿਲੇ ਉਹ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਹੁੰਦਾ ਹੈ।

ਅੰਕ ੩ ਵਿਚ, ਜੋ ਦੇਹ ਦੇ ਬਿਨਸਨ ਪਰ ਪ੍ਯਾਰ, ਪ੍ਰੀਤ, ਵੈਰ, ਧੰਦਾ, ਹਉ, ਮਮਤਾ, ਮਾਇਆ ਆਦਿ ਮਰ ਗਏ ਦੱਸੇ ਹਨ ਇਸ ਦਾ ਇਹ ਭਾਵ ਨਹੀਂ ਕਿ ਇਨ੍ਹਾਂ ਦੇ ਸੰਸਕਾਰ ਅੰਕਿਤ ਹੋਏ ਹੋਏ ਜੀਵ ਦੇ ਨਾਲ ਨਹੀਂ ਗਏ। ਪਰ ਕੇਵਲ ਇਹ ਮੁਰਾਦ ਹੈ ਕਿ ਜੋ ਕੁਛ ਦੇਹੀ ਦੇ ਜੀਉਂਦੇ ਕ੍ਰਿਆਮਾਨ ਸੀ, ਹੁਣ ਉਹ ਕ੍ਰਿਆਮਾਨ ਨਹੀਂ ਦਿੱਸਦਾ।

ਨਿਰੁਕ੍ਤ–ਸੁੰਞੀ– (ਸੰਸ:, ਸ਼ੂਨ੍ਯ) ਸੱਖਣੀ। ਖਾਲੀ।

ਭਾਹਿ –(ਸੰਸ:, ਵਨ੍ਹਿ। ਸਿੰਧੀ - ਬਾਹਿ। ਲਹਿੰਦਾ ਪੰਜਾਬੀ, ਭਾਹ) ਅੱਗ।

ਵਿਝਵੀ -(ਸੰਸ:, ਵਿਘਟਨੰ = ਖਤਮ ਹੋਣਾ। ਪ੍ਰਾ:, ਵਿਛਈ = ਅਲਗ ਹੋਣਾ। ਪੁ:, ਪੰ:ਵਿਝਣਾ =ਵੱਖ ਹੋਣਾ) ਬੁਝ ਗਈ। **ਪੰਚੇ**-ਪੰਜੇ। **ਰੁੰਨੇ**-ਰੋਏ,(ਅ) ਸਿਥਿਲ ਹੋਏ ਬੀ ਭਾਵ ਲੈਂਦੇ ਹਨ।

ਪੰਚੇ ਰੁੰਨੇ- ਪੰਜੇ ਰੋਏ। ਇਸ ਦੇ ਕਈ ਭਾਵ ਲੈਂਦੇ ਹਨ। (ੳ) ਪੰਜੇ ਸਾਕ ਰੋਏ ਮਾਤਾ, ਪਿਤਾ, ਭਰਾਤਾ, ਇਸਤ੍ਰੀ, ਪੁਤ੍ਰ ਰੋਂਦੇ ਹਨ (ਮਰ ਗਏ ਨੂੰ ਪਰ ਆਪ ਭੀ) ਦੂਜੇ ਭਾਵ ਵਿਚ ਲਗੇ ਹੀ ਬਿਨਸਦੇ ਹਨ। (ਅ) ਪੰਚੇ ਰੁੰਨੇ = ਪੰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੋਂਦੇ ਹਨ ਕਿ ਇਸ ਜੀਵ ਦੇ ਦੂਜੇ ਭਾਵ ਵਿਚ ਰਹਿਣੇ ਕਰਕੇ ਅਸੀਂ ਬੀ ਵਿਅਰਥ ਗਏ। ਇਸ ਤਰ੍ਹਾਂ ਕਿ ਇਨ੍ਹਾਂ ਨੇ ਮਾਨੁਖ ਨੂੰ ਅਖਾੜੇ ਦੀ ਕਸਰਤ ਵਾਂਗੂ ਨੇਕੀ ਤੇ ਬੰਦਗੀ ਦੇ ਰਾਹ ਵਿਚ ਰੋਕਾਂ ਪਾਉਣੀਆਂ ਸਨ, ਇਸ ਦਾ ਠੀਕ ਕੰਮ ਇਹ ਸੀ ਕਿ ਰੋਕਾਂ ਨਾਲ ਘੁਲ ਕੇ ਬਿਜੈ ਪਾਉਂਦਾ ਤੇ ਆਤਮ ਬਲ ਪ੍ਰਾਪਤ ਕਰਕੇ ਜੀਵਨ ਸਫਲ ਕਰ ਜਾਂਦਾ ਪਰ ਇਸ ਨੇ ਸਾਡੀਆਂ ਪਾਈਆਂ ਰੋਕਾਂ ਲੁਭਾਇਮਾਨਤਾ ਆਦਿ ਦੇ ਅੱਗੇ ਨੀਉਂਕੇ ਦੂਜੇ ਭਾਵ ਵਿਚ ਸਿਥਲ ਰਹਿਕੇ ਸਾਡੇ ਹੋਣ ਦੇ ਅਸਲ ਪ੍ਰਯੋਜਨ ਨੂੰ ਨਾਸ਼ ਕੀਤਾ ਹੈ। ਜਿਵੇਂ ਕੋਈ ਅਖਾੜੇ ਵਿਚ ਜਾਕੇ ਮੱਲਾਂ ਨਾਲ ਕੁਸ਼ਤੀ ਨਾ ਕਰੇ ਤਾਂ ਉਹ ਪਹਿਲਵਾਨ ਕੀਕੂੰ ਬਣੇਗਾ ? ਇਹ ਖਿਆਲ ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਵਿਚ ਸਪਸ਼ਟ ਹੈ :-

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥
ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥ (ਸਿਰੀ ਰਾਗੁ ਮ:੫-੨੯)

(ੲ) ਪੰਚੇ ਰੁੰਨੇ = ਪੰਚ ਇੰਦ੍ਰਯ ਰੋਏ। ਪੰਜ ਇੰਦ੍ਰਯ ਰੋਏ। ਪੰਜ ਇਦ੍ਰਯ ਇਹ ਹਨ : ਕੰਨ, ਖਲੜੀ, ਅੱਖਾਂ, ਜੀਭ, ਨੱਕ। ਇਨ੍ਹਾਂ ਦੁਆਰੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ ਗਜਾਨ ਪ੍ਰਾਪਤ ਹੁੰਦਾ ਹੈ। ਏਹ ਮਿਲੇ ਸਨ ਮਨ ਨੂੰ ਸਹਾਇਤਾ ਦੇਣ ਲਈ, ਮਨ ਦਾ ਮੁੱਖ ਕਾਰਜ ਸੀ ਆਪ ਨੂੰ ਪਛਾਣਨਾ ਤੇ ਗੌਣ ਕਾਰਜ ਸੀ ਸਰੀਰ ਨੂੰ ਕਾਇਮ ਰੱਖਣਾ। ਸੋ ਮੂੜ੍ਹ ਲੋਕ ਇਨ੍ਹਾਂ ਪੰਜਾਂ ਨੂੰ ਧੰਦਿਆਂ, ਤ੍ਰਿਸ਼ਨਾ ਤੇ ਮੋਹ ਮਾਯਾ ਵਿਚ ਵਰਤਦੇ ਹਨ। ਇਨ੍ਹਾਂ ਦਾ ਮੁੱਖ ਪ੍ਰਯੋਜਨ ਹਾਨ ਕਰ ਦੇਂਦੇ ਹਨ। ਇਸ ਕਰਕੇ ਇਨ੍ਹਾਂ ਦੀ ਹੋਂਦ ਅਫਲ ਗਈ। 'ਜੀਵ ਦਾ ਇਨ੍ਹਾਂ ਨਾਲ ਭੂਸ਼ਿਤ ਦੇਹੀ ਵਿਚ ਵਾਸਾ' ਅਫਲ ਗਿਆ। ਇਸ ਲਈ ਇਨ੍ਹਾਂ ਪੰਜਾਂ ਨੂੰ ਇਕ ਕਾਵਯ ਸੁੰਦਰਤਾ ਦੇ ਢੰਗ ਵਿਚ ਜਿੰਦ ਵਾਲੇ ਦੱਸਕੇ ਉਹਨਾਂ ਦੀ ਜ਼ੁਬਾਨੀ ਜੀਵਨ ਦੀ ਅਸਫਲਤਾ ਬਿਆਨ ਕਰਦੇ ਹਨ।

ਏਹ ਪੰਜੇ ਬੀ ਪ੍ਰਕ੍ਰਿਤੀ (ਮਾਦਾ) ਤੋਂ ਹੀ ਬਣੇ ਹਨ। ਸਰੀਰ, ਜੋ ਪ੍ਰਕ੍ਰਿਤੀ (ਮਾਦਾ) ਤੋਂ ਬਣਦਾ ਹੈ, ਉਸ ਵਿਚ ਜੀਵਾਤਮਾ ਦਾ ਆ ਵਸਣਾ, ਪ੍ਰਕ੍ਰਿਤੀ ਨਾਲ ਘੋਲ ਕਰਕੇ ਉਸ ਤੇ ਬਿਜੈ ਪਾਕੇ ਆਤਮਾ ਕਰਕੇ ਸਬਲ ਹੋਣ ਲਈ ਸੀ। ਉਹ ਮੌਕਾ ਬਿਰਥਾ ਚਲਾ ਗਿਆ। ਇਹ ਭਾਵ ਅੰਕ (ਅ) ਵਾਲੇ ਭਾਵ ਨਾਲ ਮਿਲਦਾ ਜੁਲਦਾ ਹੈ।

(ਸ) ਪੰਚੇ ਰੁੰਨੇ ਦਾ ਭਾਵ ਇਕ ਹੋਰ ਤਰ੍ਹਾਂ ਬੀ ਲਾਉਣ ਦਾ ਯਤਨ ਹੋਇਆ ਹੈ, ਪਰ ਉਸ ਨੂੰ ਜੇ ਵਰਤੀਏ ਤਾਂ ਸਾਰੇ ਸ਼ਬਦ ਦਾ ਭਾਵ ਹੋਰਵੇਂ ਜਾ ਲੱਗਦਾ ਹੈ। ਪਰ ਏਹ ਅਰਥ ਖਿੱਚਵੇਂ ਸਹੀ ਹੁੰਦੇ ਹਨ। ਇਹ ਅਰਥ ਨਮੂਨੇ ਮਾਤ੍ਰ ਐਉਂ ਹਨ :-

(ਗੁਰਮੁਖਿ ਪੁਰਖ ਦੇ ਅੰਦਰੋਂ ਜੀਉ =) ਜੀਵਤ ਭਾਵ ਦੂਰ ਹੋ ਜਾਂਦਾ ਹੈ, ਉਸ ਦੀ ਦੇਹ, ਦੇਹ ਅਭਿਮਾਨ ਤੋਂ ਸੁੰਞੀ ਭਾਵ ਖਾਲੀ ਹੋ ਜਾਂਦੀ ਹੈ, ਤ੍ਰਿਸ਼ਨਾ ਦੀ ਅੱਗ ਉਸ ਦੇ ਅੰਦਰੋਂ ਬੁੱਝ ਜਾਂਦੀ ਹੈ, ਬੁਝਦਿਆਂ ਕੋਈ ਲੇਸ਼ ਬੀ ਨਹੀਂ ਫੇਰ ਦਿੱਸਦਾ, ਭਾਵ ਸੰਕਲਪ ਵਿਕਲਪ ਰੂਪੀ ਧੂਆਂ ਉਸ ਵਿਚ ਫੇਰ ਨਹੀਂ ਉਠਦਾ, ਦੇਹ ਫੇਰ (ਡਰ+ਆਵਣੀ) ਰੋਅਬ ਦਾਬ ਵਾਲੀ ਹੋ ਜਾਂਦੀ ਹੈ। ਜੈਸਾ ਕਿ ਵਾਕ ਹੈ : ਦੀਸਿ ਆਵਤ ਹੈ ਬਹੁਤੁ ਭੀਹਾਲਾ॥ (ਆਸਾ ਮ: ੫-੫੪) ਉਹਨਾਂ ਦੇ ਪੰਜ (ਗਜਾਨ ਇੰਦ੍ਰਯ) ਸਿਥਿਲ

ਹੋ ਜਾਂਦੇ ਹਨ, ਭਾਵ ਵਿਕਾਰਾਂ ਵਲ ਨਹੀਂ ਧਾਂਵਦੇ। ਉਨ੍ਹਾਂ ਦੀ ਮਾਇਆ ਮਮਤਾ, ਵੈਰ ਵਿਰੋਧ, ਸੰਸਾਰਕ ਮੋਹ ਪਿਆਰ, ਕ੍ਰੋਧ ਸਭ ਨਿਵਿਰਤ ਹੋ ਜਾਂਦੇ ਹਨ। ਧੰਦਿਆਂ ਵਿਚ ਉਹ ਨਹੀਂ ਜਾਂਦੇ ; ਗਲ ਕੀ, ਹਉਮੈ ਹੀ ਮਰ ਜਾਂਦੀ ਹੈ, ਜਿਸ ਦੇ ਏਹ ਸਾਰੇ ਕਾਰਜ ਹਨ। ਓਹ ਸਦਾ ਨਿਰੁੱਧ ਰਹਿੰਦੇ ਹਨ। ਏਹ ਉਹਨਾਂ ਨੂੰ ਗੁਰੂ ਤੋਂ ਲੱਭਦਾ ਹੈ, ਕਾਰਜ ਓਹ ਕੀ ਕਰਦੇ ਹਨ ? ਓਹ ਸੱਚੀ ਕਾਰ ਨਾਮ ਦੀ ਕਰਦੇ ਹਨ ਤੇ ਸਤਜ ਸਰੂਪ ਨੂੰ ਮਿਲ ਪੈਂਦੇ ਹਨ। ਉਨ੍ਹਾਂ ਦਾ ਜਨਮ ਮਰਨ ਮਿਟ ਜਾਂਦਾ ਹੈ ਤੇ ਓਹ ਏਥੇ ਸਤਿਸੰਗ ਵਿਚ ਮੁਖੀਏ ਤੇ ਅਗੇ ਦਰਗਾਹ ਵਿਚ ਸਨਮਾਨਤ ਹੁੰਦੇ ਹਨ। ਪਰ ਜੋ ਏਹ ਰਾਹ ਛੱਡਕੇ ਦੂਜੀ ਕਾਰ ਵਿਚ ਲਗੇ ਤੇ ਦੁਬਿਧਾ (ਦੁਐਤ ਭਾਵ) ਵਿਚ ਵਰਤੇ ਉਨ੍ਹਾਂ ਨੇ ਅੰਦਰ ਤ੍ਰਿਸ਼ਨਾ ਦੀ ਅੱਗ ਵਧਾ ਲਈ, ਓਹ ਇਸੇ ਜਲਨ ਵਿਚ ਸੜ ਮਰਦੇ ਹਨ, ਤਾਂਤੇ ਹੇ ਮੂੜ੍ਹ ਪੁਰਖ ' ਪਰਮੇਸ਼ੁਰ ਦਾ ਨਾਮ ਜਪ ਤੇ ਗੁਣ ਗਾਉ (ਨਹੀਂ ਤਾਂ ਮੁਠਿਆ ਜਾਏਂਗਾ, ਜਿਵੇਂ ਕਿ) ਸਾਰੀ ਸ੍ਰਿਸ਼ਟੀ, ਜੋ ਹਉਮੈ ਵਿਚ ਵਰਤਦੀ, ਮੋਹਣੀ ਮਾਇਆ ਦੀ ਮਮਤਾ ਤੇ ਹੰਕਾਰ ਵਿਚ ਵਰਤਦੀ, ਮੁੱਠੀ ਚਲੀ ਜਾ ਰਹੀ ਹੈ।

ਰੁੰਨੇ- 'ਰੋਏ'। ਰੋਏ ਦਾ ਭਾਵ 'ਸਿਥਲਤਾ' ਲੈਂਦੇ ਹਨ। ਪਰ ਸਿਥਲਤਾ ਭਾਵ ਲੈ ਕੇ ਬੀ ਇਉਂ ਦੱਸਦੇ ਹਨ ਕਿ ਪੰਜ ਗਜਾਨ ਇੰਦ੍ਰਯ-ਦੁਖੀ ਹੋਏ ਸਿਥਲ ਹੋ ਜਾਂਦੇ ਹਨ। ਪਰ ਗੁਰੂ ਜੀ ਕਾਵਜ ਦੇ ਅਲੰਕਾਰਕ ਕਟਾਖਜ ਸਿੱਟ ਰਹੇ ਹਨ ਕਿ ਓਹ ਪੰਜੇ, ਜਿਨ੍ਹਾਂ ਦੁਆਰੇ ਦੁਨੀਆਂ ਦੇ ਧੰਦੇ ਤੇ ਕਾਰਜ ਕੀਤੇ, ਓਹ ਇੰਦ੍ਰੈ ਬੀ ਮਾਨੋ ਬੋਲ ਰਹੇ ਤੇ ਦੁਖ ਪ੍ਰਗਟ ਕਰ ਰਹੇ ਹਨ ਕਿ ਅਸੀਂ ਬ੍ਰਿਥਾ ਗਏ, ਜੈਸਾ ਕਿ ਉਪਰ ਨਿਰੂਪਣ ਹੋ ਚੁਕਾ ਹੈ। ਇਹੋ ਰਉ ਅਗਲੇ ਸ਼ਬਦ ਵਿਚ ਚਲ ਰਿਹਾ ਹੈ, ਜਿਥੇ 'ਔਗੁਣਾਂ' ਬਾਬਤ ਕਿਹਾ ਹੈ ਕਿ ਓਹ ਬੀ ਦੁਸ਼ਮਨ ਹੋ ਗਏ ਤੇ ਕੂੜ ਤੁਰੀਆਂ ਵਜਾਉਂਦਾ ਹੈ। ਇਸ ਲਈ ਕਾਵਜ ਦੀ ਖ਼ੂਬੀ ਵਾਲੇ ਅਰਥ ਭਾਵ ਨੂੰ ਮੁੱਖਤਾ ਦੇਣੀ ਚਾਹੀਏ।

ਨਿਰੋਧੁ- (ਸੰਸ:, ਨਿਰੁਦ੍ਧ = ਰੁਕਾਵਟ) ਰੋਕ, ਥੰਮ੍ਹ ਲੈਣਾ। ਚਿਤ ਦੀਆਂ ਬ੍ਰਿਤੀਆਂ ਦਾ ਰੁਕ ਜਾਣਾ। ਯੋਗ ਮੂਜਬ ਪੰਜ ਅਵਸਥਾ ਹਨ ਬ੍ਰਿਤੀ ਦੀਆਂ, ਮੂੜ੍ਹ, ਖਿਜਪਤ, ਵਿਖਜਪਤ, ਏਕਾਗ੍ਰ ਤੇ ਨਿਰੁੱਧ। ਪਰਮ ਤੇ ਪੂਰਨ ਇਕਾਗਰਤਾ ਦਾ ਨਾਮ ਹੈ ਨਿਰੁੱਧ ਅਵਸਥਾ। ਯੋਗ ਦਰਸ਼ਨ ਵਿਚ ਲਿਖਿਆ ਹੈ 'ਯੋਗਸ਼੍ਚਿਤ੍ਤ ਬ੍ਰਿਤੀ ਨਿਰੋਧ:'। ਪਰ ਏਥੇ ਅਕਸਰ ਦਾਨੇ ਕੇਵਲ ਇੰਦ੍ਰਿਆਂ ਦੀ ਰੋਕ ਤੋਂ ਹੀ ਮੁਰਾਦ ਲੈਂਦੇ ਹਨ।

ਦਰਿ -(ਫ਼ਾ:, ਦਰ = ਦਰਵਾਜ਼ਾ) ਦਰਵਾਜ਼ੇ ਵਿਚ। ਕਚਹਿਰੀ ਦੇ ਦਰ ਵਿਚ। ਭਾਵ ਅਕਸਰ ਸਤਿਸੰਗ ਤੋਂ ਲਈਦਾ ਹੈ। ਉਂਵ 'ਦਰ' ਤੋਂ ਮਨ, 'ਘਰ' ਤੋਂ ਨਿਜ ਸਰੂਪ, 'ਮਹਲ' ਤੋਂ ਪਰਮਾਤਮ ਸਰੂਪ ਅਕਸਰ ਮੁਰਾਦ ਲਈਦਾ ਹੈ।

ਦਰਗਹਿ -(ਫ਼ਾ:, ਦਰਗਾਹ) ਕਚਹਿਰੀ ਵਿਚ। (ਵਾਹਿਗੁਰੂ ਦੇ) ਦਰਬਾਰ ਵਿਚ।

ਪੈਧਾ ਜਾਇ -(ਪੁ: ਪੰਜਾਬੀ) ਪਹਿਨਿਆ ਹੋਇਆ ਜਾਏਗਾ। ਇਸ ਦਾ ਭਾਵ ਅਕਸਰ ਇਹ ਲੈਂਦੇ ਹਨ ਕਿ ਪਰਮੇਸ਼ੁਰ ਦੀ ਦਰਗਾਹ ਵਿਚ ਸਨਮਾਨ ਸਹਿਤ ਜਾਏਗਾ।

ਵਿਸ਼ੇਸ਼ਗੁਰੂ ਜੀ ਨੇ ਆਸਾ ਦੀ ਵਾਰ ਵਿਚ ਅਉਗਣੀ ਪੁਰਖ ਲਈ ਫੁਰਮਾਯਾ ਹੈ :-

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥ (ਵਾਰ ਆਸਾ ਮ: ੧-੧੪

ਏਸ ਸ਼ਬਦ ਵਿਚ ਓਸ ਦੇ ਉਲਟ 'ਸੱਚ ਵਾਲੇ' ਬਾਬਤ ਦੱਸਿਆ ਹੈ ਕਿ 'ਦਰਗਹਿ ਪੈਧਾ ਜਾਇ' ਹੋਰ ਬੀ ਕਈ ਥਾਂ ਗੁਰਬਾਣੀ ਵਿਚ 'ਨਾਨਕੁ ਪੈਨਾਇਆ' ਯਾ 'ਦਰ ਪੈਨਾਇਆ' ਆਦਿ ਵਾਕ ਆਉਂਦੇ ਹਨ। ਅਕਸਰ ਇਸ ਦਾ ਅਰਥ 'ਸਨਮਾਨ' ਹੀ ਕਰ ਲੈਂਦੇ ਹਨ। ਪਰ ਅਜ ਕਲ ਦੀ ਪੱਛਮ ਵਿਚ ਚਲੀ ਸਪਿਰਿਚੁਲਿਜ਼ਮ (Spiritualism) ਦੀ ਵਿਦਜਾ ਵਾਲੇ ਦੱਸਦੇ ਹਨ ਕਿ ਨੇਕ ਰੂਹਾਂ ਸਰੀਰ ਛੋੜਕੇ ਇਕ ਅਚਰਜ ਸੁੰਦਰ ਆਤਮਿਕ ਲਿਬਾਸ ਵਿਚ ਜਾਂਦੀਆਂ ਹਨ ਤੇ ਪਾਪੀ ਰੂਹਾਂ ਇਸ ਲਿਬਾਸ ਤੋਂ ਵਿਰਵੀਆਂ 'ਨਗਨ' ਜਾਂਦੀਆਂ ਹਨ।

(ਸਿਰੀ ਰਾਗੁ ਮ: ੧, ਚਉਪਦਾ- ੧੫)

ਪ੍ਰਾਕ੍ਰਥਨ–ਪਿਛਲੇ ਸ਼ਬਦ ਵਿਚ ਮੌਤ ਨਾਲ ਤਨ ਦੀ ਭਜਾਨਕ ਹੋਈ ਹਾਲਤ, ਫੇਰ ਤਨ ਦੇ ਕਾਰਣ ਬਣੇ ਸਨਬੰਧਾਂ ਦੇ ਸਮਾਪਤ ਹੋ ਜਾਣ ਦਾ ਦ੍ਰਿਸ਼ਜ ਦਿਖਾ ਕੇ ਉਪਦੇਸ਼ ਦਿੱਤਾ ਸੀ। ਹੁਣ ਫੇਰ ਮੌਤ ਦਾ ਹੀ ਜ਼ਿਕਰ ਕਰਕੇ ਪਰ ਸਰੀਰ ਵਿਚੋਂ ਜੁਦਾ ਹੋਏ 'ਮਨ' ਯਾ 'ਜੀਵ' ਦੀ ਸਿਥਿਲ ਹੋਈ ਦਸ਼ਾ ਦਿਖਾਕੇ 'ਸਤਜ ਸਰੂਪ' ਦੀ ਪ੍ਰਾਪਤੀ ਦਾ ਉਪਦੇਸ਼ ਤੇ ਜਾਚ ਦੱਸਦੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ॥	
ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥ ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥	(ਇਨਸਾਨ ਦਾ) ਸਰੀਰ ਤਾਂ (ਮਰਨ ਮਗਰੋਂ) ਸੜ ਬਲਕੇ ਮਿੱਟੀ ਹੋ ਜਾਂਦਾ ਹੈ (ਅਤੇ) ਮਨ (ਜੋ ਸਰੀਰ ਵਿਚੋਂ ਵੱਖ ਹੋ ਜਾਂਦਾ ਹੈ ਉਹ) ਬੀ ਮਾਇਆ ਦੇ ਮੋਹ ਦੇ ਕਾਰਣ ਮਨੂਰ (ਸਿਥਿਲ) ਹੋ ਜਾਂਦਾ ਹੈ। ਫਿਰ (ਹੁਣ ਮਾਇਆ ਦੇ ਮੋਹ ਵਿਚ ਕੀਤੇ) ਅਉਗੁਣ (ਉਸ ਸਿਥਿਲ ਮਨ ਦੇ) ਵੈਰੀ ਹੋ ਖੜੋਂਦੇ ਹਨ ਤੇ ਕੂੜ (ਖੁਸ਼ੀ ਨਾਲ) ਤੁਰੀ ਵਜਾਉਂਦਾ ਹੈ (ਅਰਥਾਤ ਕੀਤੇ ਅਉਗਣ 'ਕੂੜ ਵਿਚ ਰਤੇ ਰਹੇ ਮਨ ਨੂੰ' ਦਿੱਸਦੇ ਹਨ ਤੇ ਉਹ ਦੁਖੀ ਹੁੰਦਾ ਹੈ ਕਿ ਮੈਂ ਅਉਗੁਣ ਕਰਕੇ ਜੋ ਕੁਛ ਬਣਾਇਆ ਸੀ ਨਾਲ ਨਹੀਂ ਆਇਆ ਤੇ ਕੀਤੇ ਅਉਗੁਣਾਂ ਦੇ ਸੰਸਕਾਰ ਮੇਰੇ ਵਿਚ
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥	ਅੰਕਿਤ ਹੋ ਕੇ ਨਾਲ ਆਏ ਹਨ)। (ਇਸ ਤਰ੍ਹਾਂ ਗੁਰੂ ਕੇ) ਸ਼ਬਦ ਵਿਹੂਣੇ ਰਿਹਾਂ ਦੁਬਿਧਾ (ਇਕ ਨੂੰ ਨਹੀਂ) ਪੂਰਾਂ ਦੇ ਪੂਰ ਡੋਬ ਰਹੀ ਹੈ (ਭਾਵ ਅਨੇਕਾਂ ਨੂੰ ਦੁਖੀ ਕਰ ਰਹੀ ਹੈ ਤੇ ਜਨਮਾਂ ਵਿਚ) ਘੁਮਾ ਰਹੀ ਹੈ ॥ ੧ ॥
ਮਨ ਰੇ ਸਬਦਿ ਤਰਹੁ ਚਿਤੁ ਲਾਇ॥ ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ॥੧॥ ਰਹਾਉ॥	ਹੇ ਮਨ ! (ਹੁਣ ਤਨ ਵਿਚ ਹੁੰਦਿਆਂ ਹੋਸ਼ ਕਰ ਤੇ) ਸ਼ਬਦ ਵਿਚ ਚਿੱਤ ਲਾ ਤਾਂ ਤਰ ਜਾਹ। (ਕਿਉਂਕਿ) ਜੋ (ਪੁਰਖ) ਗੁਰੂ ਦੁਆਰੇ ਨਾਮ ਨੂੰ ਬੂੱਝ ਨਹੀਂ ਲੈਂਦਾ (ਭਾਵ ਨਾਮ ਦੀ ਲੱਖਤਾ ਪ੍ਰਾਪਤ ਨਹੀਂ ਕਰ ਲੈਂਦਾ ਉਹ) ਮਰਦਾ ਜੰਮਦਾ ਆਵਾਗਵਨ ਵਿਚ ਰਹਿੰਦਾ ਹੈ ॥ ੧ ॥ ਰਹਾਉ ॥ (ਇਥੇ ਅੰਕ ੧ ਤੇ ਰਹਾਉ ਵਿਚ ਮਰ ਗਏ ਦੇ ਮਨ ਦਾ ਦੁਖੀ ਹਾਲ ਮੁਕਾਕੇ ਜੀਵਾਂ ਨੂੰ ਉਪਦੇਸ਼ ਦਿੱਤਾ ਹੈ ਕਿ ਚਿੱਤ ਸ਼ਬਦ ਵਿਚ ਰੱਤਾ ਰਖੋ ਤਾਂ ਭਵ ਸਾਗਰ ਨੂੰ ਤਰੋਗੇ। ਹੁਣ ਅਗਲੇ ਪਦੇ ਵਿਚ ਉਸ ਸਰੀਰ ਦਾ ਹਾਲ ਦੱਸਦੇ ਹਨ ਜੋ ਨਾਮ ਵਿਚ ਰੱਤਾ ਰਹਿੰਦਾ ਹੈ :-)
ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥ ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ॥੨॥	ਜਿਸ ਤਨ ਵਿਚ ਸੱਚਾ ਨਾਮ ਵੱਸਦਾ ਹੈ ਉਸ ਨੂੰ ਸੁੱਚਾ (ਪਵਿਤ੍ਰ) ਕਹੀਦਾ ਹੈ। (ਕਿਉਂਕਿ ਉਸ ਦੀ) ਦੇਹ (ਵਾਹਿਗੁਰੂ ਦੇ) ਭੈ ਦੁਆਰਾ ਸੱਚ (= ਸਤਜ ਸਰੂਪ) ਵਿਚ ਰਚੀ ਰਹਿੰਦੀ ਹੈ (ਅਤੇ ਉਸ ਦੀ) ਰਸਨਾ (ਰਸਮਈ ਹੋਕੇ) ਸੱਚੇ ਸੁਆਦ (ਵਿਚ ਰਚੀ ਰਹਿੰਦੀ ਹੈ)। (ਐਸਾ ਪੁਰਖ ਵਾਹਿਗੁਰੂ ਜੀ ਵਲੋਂ) ਸੱਚੀ ਮਿਹਰ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ, (ਉਹ) ਮੁੜ ਕੇ ਕਦੇ ਤਾਉ ਵਿਚ ਨਹੀਂ ਪੈਂਦਾ ॥੨॥

(ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਤਾਂ ਦੇਹ ਵਿਚ ਬੈਠੇ ਮਨ ਪ੍ਰਤੀ ਆਪ ਨੇ ਰਸਤਾ ਦੱਸਿਆ ਹੈ, ਜੋ ਮਨ ਦੇਹ ਵਿਚੋਂ ਮਨੂਰ ਹੋਕੇ ਨਿਕਲਿਆ ਹੈ ਉਹ ਤਾਂ ਹੁਣ ਬੇਇਲਾਜ ਹੋ ਗਿਆ, ਉਸ ਦਾ ਕੀਹ ਬਣੇ ? ਉਸ ਦੇ ਉਧਾਰ ਦਾ ਪ੍ਰਕਾਰ ਅਗਲੇ ਪਦਿਆਂ ਵਿਚ ਦੱਸਦੇ ਹਨ, ਇਕ ਵਿਸ਼ਾਲ ਦ੍ਰਿਸ਼ਟੀ ਜਗਤ ਰਚਨਾ ਦੀ ਅਸਲੀਅਤ ਉਤੇ ਪਾਉਂਦੇ ਤੇ ਉਸ ਵਿਚੋਂ ਤਤ ਸਾਰ ਦਿਖਾਲਦੇ ਹਨ :)।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ॥੩॥

(ਸਤਜ ਸਰੂਪ) ਸਚੇ (ਵਾਹਿਗੁਰੂ) ਤੋਂ ਪਵਨਾ ਹੋਇਆ, ਪਵਨੇ ਤੋਂ ਜਲ ਹੋਇਆ, ਜਲ (ਆਦਿ ਪੰਜਾਂ ਤੱਤਾਂ) ਤੋਂ ਤ੍ਰਿਲੋਕੀ ਸਾਜੀ ਗਈ (ਫੇਰ ਘਟਿ ਘਟਿ =) ਸਰੀਰ ਸਰੀਰ ਵਿਚ ਮਨ (ਤੇ ਮਨ ਵਿਚ ਅਪਣੀ) ਜੋਤਿ ਸਮਾਈ ਰੱਖੀ[1]। (ਸੋ ਜਜੋਤੀ ਰੂਪ ਜੋ) ਨਿਰਮਲ (ਹੈ ਉਹ ਤਾਂ) ਮੈਲਾ ਹੋ ਨਹੀਂ ਸਕਦਾ (ਪਰ ਮਨ ਮੈਲਾ ਹੁੰਦਾ ਹੈ, ਉਹ) ਸ਼ਬਦ ਵਿਚ ਰਤਿਆਂ (ਨਿਰਮਲ ਹੋ ਜਾਂਦਾ ਹੈ ਤੇ ਗਈ) ਪਤਿ (ਮੁੜ) ਬਣ ਜਾਂਦੀ ਹੈ ॥੩॥

ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ॥ ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥੧੫॥

(ਇਉਂ ਕਿ ਹੁਣ ਸ਼ਬਦ ਰੱਤਾ) ਇਹੋ ਮਨ ਸੱਚ ਵਿਚ ਸੰਤੁਸ਼ਟ ਹੋਕੇ ਉਸ (ਜਜੋਤਿ ਰੂਪ ਸੱਚ) ਵਿਚ ਹੀ ਦ੍ਰਿਸ਼ਟੀ ਰਖਦਾ ਹੈ[2], (ਤਦ) ਪੰਜ ਤਤ ਸਚ ਦੁਆਰਾ ਭੈ ਵਿਚ ਰਤੇ ਰਹਿੰਦੇ ਹਨ, ਸਚੀ ਜੋਤਿ (ਪਰਮਾਤਮ ਦੇਵ ਦੀ) ਮਨ ਵਿਚ (ਪ੍ਰਗਟ ਹੋ ਆਉਂਦੀ) ਹੈ। (ਇਸ ਪ੍ਰਕਾਰ ਦੇ ਪ੍ਰਯਤਨ ਨਾਲ ਉਹ) ਅਉਗੁਣ (ਜਿਨ੍ਹਾਂ ਕਰਕੇ ਮਨ ਮਨੂਰ ਹੋ ਗਿਆ ਸੀ) ਦੂਰ ਹੋ ਜਾਣਗੇ, (ਇਉਂ) ਗੁਰੂ ਉਸ ਦੀ (ਬੀ) ਪਤਿ ਰਖ ਲਏਗਾ, ਹੇ ਨਾਨਕ ! ॥ ੪ ॥ ੧੫ ॥

ਵ੍ਯਾਖ੍ਯਾ—ਮਰਨੇ ਉਪਰੰਤ ਤਨ ਨੂੰ ਸਾੜ ਦੱਬ ਕੇ ਮੁੜ ਮਿੱਟੀ ਬਣ ਜਾਣਾ ਨਸੀਬ ਹੁੰਦਾ ਹੈ। ਮਨ ਬੀ, ਜਿਸ ਕਰਕੇ ਸਰੀਰ ਜੀਉਂਦਾ ਸੀ, ਮਾਇਆ ਵਿਚ ਖਚਿਤ ਰਹਿਣੇ ਕਰਕੇ ਮਨੂਰ ਵਾਂਙੂ ਹੋ ਜਾਂਦਾ ਹੈ। ਮਨੂਰ ਲੋਹੇ ਦੀ ਮਿੱਟੀ ਨੂੰ ਕਹਿੰਦੇ ਹਨ, ਜਿਸ ਤੋਂ ਲੋਹਾ ਸਾਫ ਕਰਕੇ ਕੱਢਦੇ ਹਨ, ਯਾ ਲੋਹਾ ਗਾਲਕੇ ਸਾਫ਼ ਕਰਦਿਆਂ ਖਿੰਘਰ ਜੇਹੇ ਬਚ ਰਹੇ ਨੂੰ ਮਨੂਰ ਕਹਿੰਦੇ ਹਨ। ਚੰਗਾ ਭਲਾ ਲੋਹਾ, ਪਾਣੀ ਹਵਾ ਯਾ ਕਈ ਇਕ ਹੋਰ ਖਟਾਈਆਂ ਆਦਿਕਾਂ ਦੇ ਕੁਸੰਗ ਨਾਲ ਮੁੜ ਮਿੱਟੀ ਵਰਗਾ ਹੋ ਜਾਂਦਾ ਹੈ, ਉਹ ਬੀ ਮਨੂਰ ਹੈ। ਏਥੇ ਭਾਵ ਤੀਸਰੀ ਕਿਸਮ ਤੋਂ ਹੈ। ਤਨ ਨੂੰ ਤਾਂ ਮਿੱਟੀ ਹੋ ਗਿਆ ਆਖਿਆ ਹੈ ਪਰ ਮਨ ਨੂੰ ਮਿੱਟੀ ਨਹੀਂ, ਉਸ ਨੂੰ ਮਨੂਰ ਕਿਹਾ ਹੈ। ਮਨੂਰ ਚਾਹੋ ਮਿੱਟੀ ਹੈ ਪਰ ਉਹ ਲੋਹੇ ਦੀ ਮਿੱਟੀ ਹੈ। ਲੋਹਾ ਉਸ ਵਿਚ ਮੌਜੂਦ ਹੈ ਤੇ ਮੁੜਕੇ ਸ਼ੁੱਧ ਲੋਹਾ ਬਣ ਸਕਦਾ ਹੈ। ਮਨ ਦੀ ਇਹ ਦਸ਼ਾ ਮਾਨੋ ਇਕ ਸਿਥਿਲ ਦਸ਼ਾ ਹੈ, ਜੋ ਮਾਇਆ ਦੇ ਕੁਸੰਗ ਕਰਕੇ ਹੋਈ ਦੱਸੀ ਹੈ, ਜਿਸ ਨਾਲ ਮਿਲਕੇ ਅਨੇਕਾ ਅਉਗੁਣ ਹੁੰਦੇ ਰਹਿੰਦੇ ਸਨ ਤੇ ਜੋ 'ਮਾਇਆ ਪ੍ਰੇਮ' ਦੇ ਕਾਰਣ ਇਨਸਾਨ ਕਰਦਾ ਰਹਿੰਦਾ ਹੈ।

---

[1]ਅਥਵਾ ਹਰ ਮਨ ਵਿਚ, ਅਥਵਾ ਸਰੀਰ ਸਰੀਰ ਵਿਚ ਜੋਤਿ ਸਮਾਈ।)

[2]ਭਾਵ ਇਹ ਕਿ ਸਮਸ਼ਟੀ ਵਿਚ ਉਹ ਦੇਖਦਾ ਹੈ ਕਿ ਪੰਜ ਤਤ ਪਰਮੇਸ਼ੁਰ ਦੇ ਭੈ ਵਿਚ ਵਰਤ ਰਹੇ ਹਨ ਯਥਾ : 'ਭੈ ਵਿਚਿ ਪਵਣੁ ਵਹੈ ਸਦ ਵਾਉ'॥ (ਵਾਰ ਆਸਾ ਮ: ੧-੪) ਤੇ ਅਪਣੇ ਸਰੀਰ ਵਿਚ ਦੇਖਦਾ ਹੈ ਕਿ ਪੰਜਾਂ ਤੱਤਾਂ ਦਾ ਸਰੀਰ ਪੰਜ ਗਯਾਨ ਇੰਦ੍ਰਿਆਂ ਸਣੇ ਸਾਂਈਂ ਦੇ ਭੈ ਵਿਚ ਟੁਰ ਰਿਹਾ ਹੈ, ਭਾਵ ਸੱਚੇ ਦੇ ਭੈ ਵਿਚ ਰੱਤਾ ਹੋਇਆ ਵਿਕਾਰ ਨਹੀਂ ਕਰਦਾ।

ਫੇਰ ਅੰਕ ੧ ਦੀ ਸਤਰ ੩ ਵਿਚ ਦੱਸਿਆ ਹੈ ਕਿ ਸ਼ਬਦ ਤੋਂ ਉਪਰਾਮ ਰਹਿਣਾ ਬੀ ਇਸ ਦਾ ਕਾਰਣ ਹੈ। ਜੇ ਉਹ ਨਾਲ ਜਾਰੀ ਰਹਿੰਦਾ ਤਾਂ ਮਨ ਮਨੂਰ ਨਾ ਹੁੰਦਾ, ਕਦੇ ਹੋਸ਼ ਆ ਜਾਂਦੀ। ਇਹ ਸ਼ਬਦ ਦਾ ਨਾ ਬੁੱਝਣਾ ਮਨ ਦੇ ਮਨੂਰ (ਸਿਥਿਲ) ਹੋਣ ਤੇ ਜਨਮ ਮਰਨ ਬਣੇ ਰਹਿਣ ਦਾ ਤੀਸਰਾ ਕਾਰਣ ਹੈ। ਅੰਕ ੧ ਸਤਰ ੨ ਵਿਚ ਇਕ ਕਟਾਖ੍ਯ ਮਾਇਆ ਦੇ (ਜੋ ਮਨੂਰ ਕਰਨ ਦਾ ਕਾਰਣ ਹੈ) ਅਨਿਸਥਿਰ ਤੇ ਅਸਤ੍ਯ ਰੂਪਤਾ ਵਾਲੀ ਹੋਣ ਦਾ 'ਕੂਰਿ' ਪਦ ਕਹਿਕੇ ਸੱਟਿਆ ਹੈ, ਕਿ ਮਾਇਆ ਈਸ਼੍ਵਰ ਦੀ ਤਰ੍ਹਾਂ 'ਸਤ੍ਯ' ਵਸਤੂ ਨਹੀਂ ਹੈ। ਇਹ ਕੂੜ ਪਸਾਰਾ ਹੈ, ਇਸ ਵਿਚ ਲੱਗਕੇ, ਮਨ, ਜੋ ਅਪਣੇ ਅਸਲੇ ਵਿਚ 'ਜੋਤਿ ਸਰੂਪਤਾ' ਲਈ ਬੈਠਾ ਹੈ, ਮਨੂਰ ਹੋ ਜਾਂਦਾ ਹੈ, ਇਸ ਨੂੰ ਕੂੜ ਦੀ ਜਿੱਤ ਹੋ ਗਈ ਦੱਸਿਆ ਹੈ। ਹੁਣ ਸਮਝ ਪਈ ਕਿ ਜਨਮ ਮਰਨ ਆਦਿ ਕਸ਼ਟ ਕਲੇਸ਼ ਇਸ ਕੂੜ ਦੇ ਕਾਰਣ ਹੋਏ। ਇਸ ਦੀ ਨਵਿਰਤੀ ਲੋੜੀਏ ਤਾਂ ਜੋ ਫੇਰ ਮਨੂਰ ਕੰਚਨ ਬਣ ਜਾਵੇ। ਮਨੂਰ ਕਿਹਾ ਹੀ ਇਸ ਵਾਸਤੇ ਸੀ ਕਿ ਉਹ ਮੁੜਕੇ ਲੋਹਾ ਬਣ ਸਕਦਾ ਹੈ। ਸਗੋਂ ਇਕ ਥਾਂ ਤਾਂ ਫੁਰਮਾਇਆ ਹੈ ਕਿ ਮਨੂਰ ਲੋਹਾ ਹੀ ਨਹੀਂ ਸੋਨਾ ਹੋ ਸਕਦਾ ਹੈ :-

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥ (ਮਾਰੂ ਮ: ੧-੩)

ਤਥਾ : **ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ**[1]**॥** (ਸੋਰਠਿ ਮ: ੩-੨)

ਅੰਕ ੨-੩ ਦੇ ਅੰਤ ਤਕ ਜੋ ਉਪਦੇਸ਼ ਨਾਮ ਦਾ ਹੈ, ਉਹ ਆਪਣੇ ਮਨ ਪ੍ਰਤੀ ਉਪਦੇਸ਼ ਹੈ ਜੋ ਅਜੇ ਦੇਹੀ ਵਿਚ ਹੈ। ਇਸ ਲਈ ਸੁਤੇ ਪ੍ਰਸ਼ਨ ਹੁੰਦਾ ਹੈ ਕਿ ਜੋ ਮਨ ਮਨੂਰ ਹੋ ਗਿਆ ਤੇ ਦੇਹੀ ਤੋਂ ਨਿਕਲ ਗਿਆ, ਉਹ ਗੁਰੂ ਨੂੰ ਕਿਵੇਂ ਮਿਲੇ, ਨਾਮ ਕਿਵੇਂ ਸਿਮਰੇ ਤੇ ਸੱਚੀ ਨਦਰ ਕਿਵੇਂ ਪ੍ਰਾਪਤ ਕਰੇ ?

ਇਸ ਪ੍ਰਸ਼ਨ ਨੇ ਲੋੜ ਪੈਦਾ ਕੀਤੀ ਅੰਕ ਦੋ ਤੇ ਤ੍ਰੈ ਵਿਚ ਦਿਤੇ ਖਿਆਲਾਂ ਦੇ ਪ੍ਰਗਟ ਕਰਨ ਦੀ ; ਜਿਨ੍ਹਾਂ ਵਿਚ 'ਸੱਚ' ਦਾ ਜ਼ਿਕਰ ਹੈ, ਕਿਉਂਕਿ ਕੂੜ ਦਾ ਉਲਟ 'ਸੱਚ' ਹੈ, ਜੋ ਆ ਜਾਵੇ ਤਾਂ ਸਿਥਿਲ ਮਨ ਨੂੰ 'ਸੁਰਜੀਤ ਮਨ' ਦਾ ਸਰੂਪ ਦੇ ਦੇਵੇ, ਜੋ ਇਸ ਦਾ ਅਸਲੀ ਸਰੂਪ ਹੈ[2]।

ਇਸ ਲਈ ਆਪ ਜੀ ਜਗਤ ਦੇ ਮੂਲ ਵਿਚ ਚਲੇ ਗਏ ਤੇ ਅੰਕ ੩ ਵਿਚ ਦੱਸਿਆ ਕਿ ਜਗਤ ਦਾ ਮੂਲ 'ਸਤੱਯ' ਹੈ, ਇਹ ਅਸੱਤ੍ਯ ਤੋਂ ਨਹੀਂ ਬਣਿਆ[3]। ਸੱਤ੍ਯ ਤੋਂ ਇਹ ਦਿੱਸਦਾ ਜਗਤ ਕਿਵੇਂ ਬਣਿਆ ? ਸੱਤ੍ਯ ਤੋਂ ਪਵਨਾ, ਜਲ, ਤ੍ਰਿਭਵਣ ਤੇ ਫੇਰ ਸੱਤ੍ਯ ਦੀ ਜਯੋਤਿ ਵਿਚ ਸਮਾ ਕੇ ਜੀਵ ਧਾਰੀ ਸ੍ਰਿਸ਼ਟੀ। ਫਿਰ ਪੰਜਾਂ ਭੂਤਾਂ (ਤਤਾਂ) ਨੂੰ ਬੀ 'ਸਤ੍ਯ' ਤੋਂ ਬਾਹਰ ਨਹੀਂ ਦੱਸਿਆ, ਉਹਨਾਂ ਨੂੰ 'ਪੰਚ ਭੂਤ ਸਚਿ ਭੈ ਰਤੇ' ਦੱਸਿਆ ਹੈ। ਤੇ ਸਚੀ ਜੋਤ ਨੂੰ 'ਜੋਤਿ ਸਚੀ ਮਨ ਮਾਹਿ' ਦੱਸਿਆ ਹੈ। ਹੁਣ ਸਪਸ਼ਟ ਹੋ ਗਿਆ ਕਿ ਮਨ ਜੋ ਮਾਇਆ ਮੋਹ ਤੇ ਅਵਗੁਣਾਂ ਕਰਕੇ ਕੂੜ ਵਿਚ ਚਲਾ ਗਿਆ ਹੈ, 'ਸਤ੍ਯ' ਤਾਂ ਉਸ ਵਿਚ ਮਨੂਰ ਵਿਚ ਸ਼ੁਧ ਲੋਹੇ ਵਾਙੂ ਮੌਜੂਦ ਹੈ, ਪਰ ਕੂੜ ਨੇ ਉਸ ਨੂੰ ਸਿਥਿਲਤਾ ਵਿਚ ਮਾਨੋ ਲਪੇਟ ਛੋੜਿਆ ਹੈ। ਉਸ ਦਾ ਦਾਰੂ 'ਸਤ੍ਯ' ਹੀ ਹੈ ਜੋ ਉਸ ਨੂੰ ਮੁੜ ਅਪਣੀ 'ਜੋਤਿ ਸਰੂਪਤਾ' ਵਿਚ ਲੈ ਆਵੇ।

---

[1]ਇਸ ਤੋਂ ਪਤਾ ਲਗਾ ਹੈ ਕਿ ਕਿਸੇ ਬੀ ਧਾਤੂ ਦੇ ਅਪਣੇ ਰੂਪ ਨੂੰ ਛੱਡਕੇ ਮਿਟੀ ਵਾਙੂ ਹੋ ਜਾਣ ਨੂੰ ਮਨੂਰ ਕਹਿ ਲਈਦਾ ਹੈ।

[2]ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਆਸਾ ਮ: ੩, ਛੰਤ ੭- ੫)

[3]ਇਹ ਪ੍ਰਸ਼ਨ ਕਿ ਉਤਪਤੀ ਕਿਸ ਤੋਂ ਹੈ ਉਪਨਿਸ਼ਦਾਂ ਦੇ ਸਮੇਂ ਬੀ ਹੋਇਆ ਸੀ। ਸ੍ਵੇਤ ਕੇਤੂ ਨੂੰ ਉਸ ਦੇ ਪਿਤਾ ਨੇ, ਜਦ ਉਹ ਵੇਦ ਪੜ੍ਹਕੇ ਬੀ ਅਸਲ ਨੂੰ ਨਹੀਂ ਸੀ ਪਹੁੰਚਾ, ਦੱਸਿਆ ਕਿ ਹੇ ਬੇਟਾ ਆਦਿ ਵਿਚ ਕੇਵਲ ਸਤ੍ਯ ਹੀ ਹੈਗਾ ਸੀ, ਉਹ ਇਕੋ ਸੀ, ਅਦ੍ਵਿਤੀਯ ਸੀ, ਉਸ ਤੋਂ ਸਭ ਕੁਛ ਉਤਪਤ ਹੋਇਆ ਸੀ। ਚਾਹੇ ਕਈ ਲੋਕ ਆਖਦੇ ਹਨ ਕਿ ਸਭ ਕੁਛ ਅਸਤ੍ਯ ਤੋਂ ਹੋਇਆ ਤੇ ਆਦਿ ਵਿਚ ਅਸਤ੍ਯ ਸੀ। ਪਰ ਬੇਟਾ ਇਹ ਕੀਕੂੰ ਹੋ ਸਕਦਾ ਹੈ ਕਿ ਅਸਤਿ ਤੋਂ ਸਤਿ ਉਪਜੇ ? ਤਾਂ ਤੇ ਹੇ ਸੋਮ੍ਯ ਇਕੋ ਅਦੁਤੀ ਸਤ੍ਯ ਹੀ ਰਚਨਾ ਰਚੀ ਜਾਣ ਤੋਂ ਪਹਿਲੇ ਹੈਗਾ ਸੀ। ਉਸ ਸਤ੍ਯ ਨੇ ਫੁਰਨਾ ਕੀਤਾ ਕਿ ਮੈਂ ਬਹੁਤੇ ਰੂਪ ਧਾਰਨ ਕਰਾਂ ਤੇ ਜਿੰਦਾਂ ਵਾਲੇ ਜੀਵ ਉਪਜਾਵਾਂ।

ਫੁਰਮਾਉਂਦੇ ਹਨ ਕਿ 'ਨਾਉ' ਜੋ ਸਚੇ ਦਾ ਹੋਣ ਕਰਕੇ ਬੀ 'ਸਚ' ਹੈ, ਉਹ ਮਨ ਨੂੰ ਸੁਰਜੀਤਤਾਈ ਲਾ ਦੇਣ ਨੂੰ ਸਮਰਥ ਹੈ। 'ਅਸਤਜ ਵਿਚ ਆਛਾਦਿਤ' ਨੂੰ 'ਸਤਿ ਨਾਮ' 'ਸਤਜ ਸਰੂਪਤਾ' ਵਿਚ ਲੈ ਆਵੇਗਾ। ਐਉਂ ਕਿ ਰਸਨਾ ਨਾਲ ਜਪਿਆ ਜਿਹਵਾ ਨੂੰ ਰਸਮਈ ਕਰੇਗਾ, ਸਾਰਾ ਸਰੀਰ ਉਸ ਨਾਲ ਸੁੱਚਾ ਹੋ ਜਾਏਗਾ। ਉਸ ਦੀ ਰੁਚੀ ਮਾਯਾ ਮੋਹ ਦੀ ਨਹੀਂ ਰਹੇਗੀ। ਉਸ ਦੀ ਰੁਚੀ ਅਵਗੁਣ ਕਰਨ ਵਲ ਨਹੀਂ ਜਾਏਗੀ। ਅੰਤ ਉਸ ਸਰੀਰ ਅੰਦਰ ਵਸਦਾ ਮਨ ਅਪਣੇ ਅਸਲੇ ਨੂੰ ਅਨੁਭਵ ਕਰ ਲਏਗਾ। ਭਾਵ ਇਹ ਕਿ 'ਸੱਚ ਨਾਮ' ਨਾਲ ਸਰੀਰ ਨੂੰ ਚਾਹੇ ਉਹ ਤੱਤਾਂ ਦਾ ਬਣਿਆ ਹੈ 'ਤਨ ਸੂਚਾ' ਕਹਾਂਗੇ। ਕਿਉਂਕਿ ਹੁਣ ਉਹ ਅਉਗਣ ਨਹੀਂ ਕਮਾਉਂਦਾ। ਇਸ ਕਰਕੇ ਫੁਰਮਾਇਆ :-

ਤਨੁ ਸੂਚਾ ਸੋ ਆਖੀਐ ਜਿਸ ਮਹਿ ਸਾਚਾ ਨਾਉ॥

ਫਿਰ ਇਹ ਮਨ ਜੋ ਸਿਥਿਲ ਹੋ ਗਿਆ ਸੀ ਨਾਮ ਨਾਲ ਮੁੜ ਸੁਰਜੀਤ ਹੋ ਕੇ 'ਸਾਚਿ ਸੰਤੋਖਿਆ' ਹੋ ਜਾਏਗਾ। ਇਸ ਦੀ ਸੱਚ ਦੇ ਮੰਡਲਾਂ ਵਿਚ ਮੁੜ ਪਤਿ ਬਣ ਜਾਏਗੀ। ਯਥਾ : '**ਸਬਦਿ ਰਤੇ ਪਤਿ ਹੋਇ**'। ਫਿਰ ਉਸ ਉੱਤੇ ਨਦਰ ਹੋਵੇਗੀ ਉਸ 'ਇਕੋ ਅਦੁਤੀ' ਸਚ ਦੀ, ਸਤਜ ਸਰੂਪ ਦੀ, ਜਿਸ ਨੇ ਸਭ ਕੁਛ ਰਚਿਆ ਹੈ। ਯਥਾ : '**ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ**'। ਇਉਂ ਨਿਰਮਲ ਹੋ ਗਿਆ ਮਨ ਫੇਰ ਕਦੇ ਮੈਲਾ ਨਾ ਹੋਏਗਾ। ਉਸ ਨੂੰ ਅਵਗੁਣਾਂ ਦੀ ਮੈਲ ਫੇਰ ਕਦੇ ਨਾ ਲੱਗੇਗੀ। '**ਨਾਨਕ ਅਉਗਣ ਵੀਸਰੇ**' ਦੀ ਅਵਸਥਾ ਹੋ ਜਾਏ ਗੀ।

ਸਿੱਟਾ ਇਹ ਕਿ ਆਪ ਜੀ ਜੀਵਾਂ ਦੀ ਇਹ ਦਸ਼ਾ ਦੇਖਕੇ ਤ੍ਰੈਹਾਂ ਨੂੰ ਉਪਦੇਸ਼ ਦੇ ਰਹੇ ਹਨ। ਪਹਿਲਾਂ ਆਪਣੇ ਮਨ ਨੂੰ ਉਪਦੇਸ਼ ਦੇਂਦੇ ਹਨ ਕਿ ਹੇ ਮਨ ਇਹ ਹਾਲਤ ਮਾਇਆ ਗ੍ਰਸਿਆਂ, ਸ਼ਬਦ ਤੋਂ ਸੱਖਣਿਆਂ ਜੀਵਾਂ ਦੀ ਦੇਖਕੇ ਤੂੰ ਸਿਖ੍ਯਾ ਲੈ ਤੇ ਸ਼ਬਦ ਵਿਚ ਚਿੱਤ ਲਾ, ਕਮਾਈ ਕਰ, ਨਾਮ ਜਪ।

ਦੂਸਰੇ- ਆਪਣੇ ਮਨ ਦੁਆਰਾ ਸਰਬ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਤੁਸੀਂ ਜੋ ਨਾਮ ਤੋਂ ਗ਼ਾਫ਼ਲ, ਮਾਯਾ ਮੋਹ ਵਿਚ ਖਚਿਤ, ਅਉਗੁਣੀ ਭਰਪੂਰ ਹੋ, ਅੰਤ ਦੇ ਮਗਰੋਂ ਦੀ ਸਰੀਰ ਤੇ ਮਨ ਦੀ ਦਸ਼ਾ ਵੀਚਾਰ ਕੇ ਹੋਸ਼ ਕਰੋ ਤੇ ਹੁਣ 'ਸਾਚਾ ਨਾਉ' ਮਨ ਵਿਚ ਵਸਾ ਲਓ। ਕਿਉਂਕਿ ਤੁਸੀਂ ਵੀ ਮਨੂਰ ਮਨ ਲੈ ਕੇ ਮਰੇ ਸੋ, ਤੇ ਹੁਣ ਫੇਰ ਜੰਮੇ ਹੋ।

ਤੀਸਰਾ ਉਪਦੇਸ਼ ਮਰ ਗਿਆਂ ਲਈ ਹੈ ਕਿ ਜਦ ਫੁਰਮਾਯਾ- '**ਮਰਿ ਜਨਮੇ ਆਵੈ ਜਾਇ**' ਤਾਂ ਜਿਨ੍ਹਾਂ ਦੇ ਮਨ ਮਨੂਰ ਹੋ ਗਏ ਤੇ ਹੁਣ ਮਰ ਗਏ ਹਨ, ਉਨ੍ਹਾਂ ਲਈ ਬੀ ਆਸ ਬੰਨ੍ਹਾਈ ਕਿ ਉਨ੍ਹਾਂ ਨੇ ਫੇਰ ਆਉਣਾ ਹੈ। ਇਹ ਫੇਰ ਫੇਰ ਆਉਣਾ ਕਰੜਾਈ ਦਾ ਡੰਡ ਨਹੀਂ, ਇਹ ਮਿਹਰ ਹੈ ਕਿ ਮੁੜ ਮੁੜ ਮਨੁੱਖਾ ਜਨਮ ਦੇ ਦੇ ਕੇ ਮੁੜ ਮੁੜ ਮੌਕਿਆ ਦਿੱਤਾ ਜਾਂਦਾ ਹੈ ਕਿ ਕਿਵੇਂ ਕੂੜ ਵਿਚ ਸਿਥਿਲ ਹੋ ਗਿਆ ਮਨ ਸੱਚ ਸਰੂਪਤਾ ਦੇ ਬਲ ਵਿਚ ਆ ਜਾਵੇ ਤੇ 'ਜਯੋਤਿ ਸਰੂਪਤਾ' ਨੂੰ ਪ੍ਰਾਪਤ ਹੋਵੇ। ਸੋ ਉਨ੍ਹਾਂ ਨੂੰ ਮੁੜ ਮਨੁੱਖਾ ਜਨਮ ਵਿਚ ਆ ਕੇ ਸ਼ਬਦ ਦੁਆਰਾ ਸੁਰਜੀਤ ਹੋ ਜਾਣ ਦਾ ਸਮਾਂ ਪ੍ਰਾਪਤ ਹੋਵੇਗਾ। ਭਾਵ ਇਹ ਕਿ ਮਨੂਰ ਮਨ ਅਪਣੀ ਕਰਮਗਤੀ ਨਾਲ ਜਦ ਮੁੜ ਸਰੀਰ ਧਾਰੇਗਾ, ਤੇ ਗੁਰੂ ਕੀ ਸ਼ਰਨ ਲਏਗਾ ਤਾਂ ਗੁਰੂ ਉਸ ਨੂੰ ਨਾਮ ਨਾਲ ਭੂਸ਼ਿਤ ਕਰੇਗਾ, ਪਰਮੇਸ਼ੁਰ ਦਾ ਭਉ ਤੇ ਭਾਉ ਸਿਖਾਏਗਾ, ਭੈ ਪੈਣ ਨਾਲ ਉਸ ਦਾ ਤਨ ਪਾਪ ਕਰਨੋ ਰੁਕੇਗਾ ਤੇ ਨਾਮ ਨਾਲ ਪਵਿਤ੍ਰ ਹੋਵੇਗਾ ; ਅਰਥਾਤ ਨਾਮ ਨਾਲ ਜਦ ਮਨ ਦੀ ਮੈਲ ਉਤਰੇਗੀ ਤੇ ਜੋਤਿ ਪ੍ਰਗਟੇਗੀ ਤਦ ਉਸ ਨੂੰ '**ਤਨ ਮਹਿ ਮਨੂਆ ਮਨ ਮਹਿ ਸਾਚਾ**' ਅਨੁਭਵ ਹੋ ਆਵੇਗਾ, ਤੇ ਫੇਰ '**ਸੋ ਸਾਚਾ ਮਿਲਿ ਸਾਚੇ ਰਾਚਾ**' (ਧਨਾਸਰੀ ਮ: ੧, ਅਸਟ: ੨) ਵਾਲੀ ਅਵਸਥਾ ਪ੍ਰਾਪਤ ਹੋ ਜਾਏਗੀ।

ਮਨ ਜੋ ਮਾਯਾ ਵਿਚ ਮਨੂਰ ਦੱਸਿਆ ਹੈ ਉਸ ਦਾ ਭਾਵ ਉਸ ਲਿੰਗ ਸ਼ਰੀਰ ਤੋਂ ਲੈਂਦੇ ਹੈਨ, ਜੋ ਸਥੂਲ ਸ਼ਰੀਰ ਵਿਚੋਂ ਮੌਤ ਵੇਲੇ ਨਿਕਲਦਾ ਹੈ ਤੇ ਮਨ ਉਸ ਨਾਲ ਜਾਂਦਾ ਹੈ। ਉਹ ਸਰੀਰ ੧੭ ਤੱਤਾਂ ਦਾ ਹੁੰਦਾ ਹੈ ਯਥਾ ੧੦ ਇੰਦਰੀਆਂ, ੧ ਮਨ, ਪੰਜ ਤਨ ਮਾਤ੍ਰਾ ਤੇ ੧ ਬੁੱਧੀ, ਇਸ ਲਿੰਗ-ਸ਼ਰੀਰ ਵਿਚ

ਗਜ਼ਾਨ ਇੰਦ੍ਰਿਆਂ ਤੇ ਕਰਮ ਇੰਦ੍ਰਿਆਂ ਦੀਆਂ ਬ੍ਰਿਤੀਆਂ ਕਾਇਮ ਰਹਿੰਦੀਆਂ ਹਨ, ਚਾਹੇ ਇਨ੍ਹਾਂ ਦੇ ਸਥੂਲ ਸਰੂਪ ਨਹੀਂ ਰਹਿੰਦੇ। ਇਹ ਮੁਰਾਦ ਸਪਸ਼ਟ ਹੈ ਕਿ ਗੁਰੂ ਜੀ ਸਰੀਰ ਦੇ ਮਰਨੇ ਨਾਲ ਜੀਉ ਦਾ ਮਰਨਾ ਨਹੀਂ ਮੰਨਦੇ ਤੇ ਨਾ ਉਸ ਦੀ ਮਨ ਸ਼ਕਤੀ ਦੀ ਸਮਾਪਤੀ ਸਮਝਦੇ ਹਨ।

ਨਿਰੁਕ੍-ਮਨੂਰ- ਵਯਾਖਯਾ ਦੇ ਸ਼ੁਰੂ ਵਿਚ ਇਸ ਦਾ ਅਰਥ ਆ ਗਿਆ ਹੈ। ਮਨੂਰ ਦਾ ਸ਼ੁੱਧ ਲੋਹਾ ਬਣ ਜਾਣਾ ਅਗਨੀ ਦੇ ਤਪਾਵਾਂ ਆਦਿ ਨਾਲ ਹੋ ਜਾਂਦਾ ਹੈ, ਪਰ ਉਸ ਦਾ ਕੰਚਨ ਹੋ ਜਾਣਾ ਬੀ ਗੁਰਬਾਣੀ ਵਿਚ ਆਇਆ ਹੈ। ਇਸ ਕਰਕੇ ਗੁਰਬਾਣੀ ਵਿਚ ਮਨੂਰ ਦਾ ਅਰਥ ਕਿਸੇ ਧਾਤੂ ਦਾ ਅਸਲੀ ਰੂਪ ਛੱਡਕੇ ਮਿੱਟੀ ਆਦਿ ਦੀ ਸ਼ਕਲ ਵਿਚ ਹੋ ਜਾਣਾ ਮੁਰਾਦ ਲੈਣੀ ਚਾਹੀਏ[1]। ਜੈਸਾ ਕਿ ਸੋਨੇ ਤਕ ਨੂੰ ਬੀ ਵੈਦ ਲੋਕ ਔਖਧੀਆਂ ਆਦਿ ਨਾਲ ਧੂੜਾ ਜਿਹਾ ਬਣਾ ਲੈਂਦੇ ਹਨ ਤੇ ਉਪਚਾਰ ਨਾਲ ਫੇਰ ਅਸਲੀ ਸਰੂਪ ਵਿਚ ਸੁਰਜੀਤ ਕਰ ਲੈਂਦੇ ਹਨ।

ਲਾਗੂ- (ਪੰ:, ਲਗਣਾ ਤੋਂ, ਜੋ ਲਗਾ ਰਹੇ ਸੋ ਲਾਗੂ) ਪਿਛੇ ਲਗਾ ਰਹਿਣ ਵਾਲਾ।

(ਅ) ਪਿਛੇ ਲੱਗਾ ਰਹਿਣ ਵਾਲਾ ਵੈਰੀ। ਖੋਰੀ ਵੈਰੀ।

ਤੁਰੁ- (ਸੰਸ:, ਤੂਰੀ) ਤੁਰੀ। ਰਣਸਿੰਘਾ।

ਦੁਬਿਧਾ- (ਸੰਸ:, ਦ੍ਵਿਧਾ) ਦੋ ਬਿਧਾਂ ਵਿਚ ਫਸੇ ਹੋਣਾ, ਇਕ ਪਾਸੇ ਦਾ ਫੈਸਲਾ ਨਾ ਕਰ ਸਕਣਾ। ਅਸਮੰਜਸੁ। ਦੂਸਰੀ ਬਿਧਿ। ਪਰਮੇਸ਼ੁਰ ਤੋਂ ਛੁੱਟ ਹੋਰ ਹੋਰ ਪਾਸੇ ਮਨ ਦੀ ਰੁਚੀ ਦੇ ਰੁੱਝੇ ਰਹਿਣ ਦੀ ਅਵਸਥਾ। ਦੁਐਤ ਭਾਵ। ਗੁਰਬਾਣੀ ਵਿਚ ਅਕਸਰ ਇਹ ਅਰਥ ਲਗਦੇ ਹਨ। ਯਥਾ :-

'ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ.....'।   (ਸੋਰਠਿ ਮ: ੧, ਅਸਟ:-੧)

ਕੂਰਿ ਵਜਾਵੈ ਤੂਰੁ- ਝੂਠ ਤੁਰੀਆਂ ਵਜਾਉਂਦਾ ਹੈ। ਤੁਰੀ ਵਜਾਉਣਾ ਮੁਹਾਵਰਾ ਹੈ, ਖੁਸ਼ ਹੋਣ ਤੋਂ, ਮਾਨੋ ਕੂਰ ਕਹਿੰਦਾ ਹੈ ਕਿ ਕੈਸੀ ਕੀਤੀ ; ਮਨ ਨੂੰ ਕੈਸਾ ਧੋਖਾ ਦਿੱਤਾ ਤੇ ਸਤਤ ਤੋਂ ਗੁਮਰਾਹ ਕੀਤੀ ਰਖਿਆ। ਭਾਵ ਇਹ ਹੈ ਕਿ ਜੀਵ ਹੁਣ ਜਗਤ ਦੀ ਅਸਾਰਤਾ ਅਨੁਭਵ ਕਰਕੇ ਪਛੁਤਾਉਂਦਾ ਹੈ। ਕੂੜ ਨੂੰ ਇਕ ਜੀਉਂਦੇ ਜੀ ਵਾਲਾ ਦੱਸਕੇ ਉਸ ਦੀ ਤੁਰੀ ਵਜਾਉਣੀ ਵਰਣਨ ਕਰਨਾ, ਇਕ ਅਚਰਜ ਸ਼ਾਇਰਾਨਾ ਲਤ਼ਾਫਤ ਹੈ।

ਭਰਮਾਈਐ- (ਸੰਸ:, ਭ੍ਰਮਿਨੁ) ਫਿਰਨਾ। ਬਿਰਥਾ ਘੁੰਮਣਾ। ਖੁਆਰ ਹੋਣਾ, ਜਨਮਾਂ ਵਿਚ ਘੁੰਮਣਾ।

ਪੂਰੁ- (ਪੰ:,) ਬੇੜੀ ਵਿਚ ਇਕ ਵੇਰ ਬੈਠੇ ਪੁਰਖਾਂ ਦਾ ਸਮੂਹ, ਭਾਵ ਹੈ ਸਮੂਹ ਤੋਂ।

ਦੇਹੁਰੀ- (ਸੰਸ:, ਦੇਹਿਨੁ) ਸਰੀਰ। ਪੰਜਾਬੀ ਵਿਚ ਦੇਹ, ਦੇਹੀ, ਦੇਹੁਰੀ, ਤ੍ਰੈਏ ਪਦ ਬੋਲੇ ਜਾਂਦੇ ਹਨ।

(ਅ) ਅਕਸਰ ਦਾਨੇ ਏਥੇ ਇਸ ਦਾ ਅਰਥ ਬੁਧੀ ਯਾ ਮਨ ਬੀ ਲਾਉਂਦੇ ਹਨ, ਦੇਹ+ਉਰੀ = ਦੇਹ ਵਾਲਾ, ਅਰਥਾਤ ਜੀਉ ਯਾ ਮਨ। ਜਿਵੇਂ 'ਦੇਹੀ' ਪਦ ਦਾ ਅਰਥ ਕਿਤੇ ਹੋਰਥੇ ਜੀਵਾਤਮਾ ਕਰੀਦਾ ਹੈ, ਜੈਸੇ **'ਦੇਹੀ ਗੁਪਤ ਬਿਦੇਹੀ ਦੀਸੈ'** (ਰਾਮਕਲੀ ਮ: ੫-੫੪) ਵਿਚ ਦੇਹੀ ਦਾ ਅਰਥ ਦੇਹ ਵਾਲਾ ਯਾ ਆਤਮਾ ਕਰੀਦਾ ਹੈ।

ਸੁਆਉ- (ਸੰਸ:, ਸ੍ਵਾਦ :। ਪ੍ਰਾ:, ਸਾਉ। ਪੁ: ਪੰਜਾਬੀ, ਸੁਆਉ) ਸੁਆਦ। ਰਸ।

ਤਾਉ- (ਸੰਸ:, ਤਪ:, ਤਾ। ਪੰ:, ਤਾਉ) ਤਪਸ਼। ਸ਼ਰੀਰਕ ਦੁੱਖ। ਸੋਨਾ ਆਦਿ ਨੂੰ ਸ਼ੁੱਧ ਕਰਨ ਲਈ ਤਾਉਂਦੇ ਹਨ। ਇਸ ਤੋਂ ਦੁਖ ਅਰਥ ਲਈਦੇ ਹਨ। (ਅ) ਧਾਤਾਂ ਨੂੰ ਕਦੇ ਪਰਖਣ ਲਈ ਕਸਵਟੀ ਤੋਂ ਛੁੱਟ ਤਾਉ ਬੀ ਵਰਤਦੇ ਹਨ। ਤਦੋਂ 'ਪਰਖਣੇ ਦਾ ਦੁਖ' ਅਰਥ ਲਈਦੇ ਹਨ।

---

[1]ਯਾ ਇਉਂ ਕਿ ਪਾਰਸ ਮਨੂਰ ਨੂੰ ਲੱਗਕੇ ਬੀ ਲੋਹੇ ਦੀ ਅੰਸ਼ ਨੂੰ ਸੋਨਾ ਕਰ ਦੇਂਦਾ ਹੈ। ਯਾ ਉਸ ਦੀ ਛੁਹ ਨਾਲ ਪਹਿਲੇ ਮਨੂਰ ਸ਼ੁਧ ਲੋਹਾ ਤੇ ਫੇਰ ਸੋਨਾ ਹੋ ਜਾਂਦਾ ਹੈ।

ਪਵਨਾ-(ਸੰਸ:, ਪਵਨ) ਪਵਨ ਨਾਮ ਹਵਾ ਦਾ ਹੈ। ਪਵਨ ਪੰਜਾਬੀ ਵਿਚ ਇਸਤ੍ਰੀ ਲਿੰਗ ਹੈ, ਪਰ ਏਥੇ ਪਦ 'ਪਵਨਾ' ਪੁਲਿੰਗ ਕਰਕੇ ਵਰਤਿਆ ਹੈ। ਹੋ ਸਕਦਾ ਹੈ ਕਿ ਇਸ ਦਾ ਭਾਵ ਪੌਣ ਨਹੀਂ ਪਰ 'ਸੂਖਮ ਪਵਨ' ਹੋਵੇ, ਜਿਸ ਨੂੰ ਗੈਸ ਆਖਦੇ ਹਨ। ਕਿਉਂਕਿ ਪਵਨੇ ਤੋਂ 'ਜਲੁ ਹੋਇ' ਲਿਖਿਆ ਹੈ। ਜਲ ਦੋ ਗੈਸਾਂ ਤੋਂ ਬਣਦਾ ਹੈ, ਜਿਨ੍ਹਾਂ ਦੇ ਨਾਮ ਹਨ : ਹਾਈਡਰੋਜਨ ਤੇ ਆਕਸੀਜਨ। (Hydrogen and Oxygen)

ਪਹਿਲੋਂ ਪੌਣ,ਫੇਰ ਪਾਣੀ, ਫੇਰ ਸ੍ਰਿਸ਼ਟੀ ਇਹ ਤਰਤੀਬ ਪੌਰਾਣਕ ਤਰਤੀਬ ਤੋਂ ਭਿੰਨ ਹੈ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਗੁਰੂ ਜੀ ਨੇ ਆਪਣਾ ਵੱਖਰਾ ਹਿਸਾਬ ਇਥੇ ਦਿੱਤਾ ਹੈ। ਉਹ ਇਹ ਹੈ ਕਿ ਸੂਖਮ ਪਵਨ (ਗੈਸ), ਜਲ (Liquid), ਤ੍ਰਿਭਵਨ ਭਾਵ ਨਿੱਗਰ (Solid), ਇਹ ਵੰਡ ਹੈ। ਕਿ ਸਾਈਂ ਨੇ ਸੂਖਮ, ਪਵਨ. ਦ੍ਰਵਜ-ਜਲ ਤੇ ਤ੍ਰਿਭਵਣ੍-ਨਿੱਗਰ ਤ੍ਰੈ ਪ੍ਰਕਾਰ ਦੀ ਰਚਨਾ ਕਰਕੇ, ਜੋ ਆਪੋ ਵਿਚ ਅਦਲ ਬਦਲ ਸਕਦੇ ਹਨ. ਜਗਤ ਰਚਿਆ ਤੇ ਇਸ ਰਚਨਾਂ ਵਿਚ ਜੋਤਿ ਰੱਖਕੇ ਜੀਵ ਸ੍ਰਿਸ਼ਟੀ ਬਣਾਈ।

(ਅ) ਇਹ ਬੀ ਹੋ ਸਕਦਾ ਹੈ ਕਿ 'ਪਵਨਾ' ਕਹਿਣ ਤੋਂ ਮੁਰਾਦ ਦੋ ਤੱਤਾਂ ਤੋਂ ਹੋਵੇ, 'ਅਕਾਸ਼' ਤੇ 'ਪਵਨ', ਫੇਰ ਤੀਸਰਾ 'ਪਾਣੀ'। ਤ੍ਰੈ ਤੱਤ ਕਹਿਣ ਤੋਂ ਪੰਜ ਤੱਤਾਂ ਦੀ ਮੁਰਾਦ ਲੈ ਲਈਦੀ ਹੈ[੧]।

ਪੰਚ ਭੂਤ- (ਸੰਸ:) ਪੰਜ ਤਤ। 'ਪੰਚ ਭੂਤ ਸਚਿ ਭੈ ਰਤੇ' ਪੰਜ ਤਤ ਸੱਚ ਦੁਆਰਾ ਭੈ ਵਿਚ ਰਚੇ ਹੋਏ ਹਨ। ਯਥਾ : ਭੈ ਵਿਚਿ ਪਵਣੁ ਵਹੈ ਸਦ ਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥ ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥ (ਵਾਰ ਆਸਾ ਮ: ੧-੪)

(ਅ) ਪੰਚ ਭੂਤ ਦਾ ਅਰਥ ਪੰਚ-ਭੂਤਕ ਦੇਹੀ ਬੀ ਲਾ ਲੈਂਦੇ ਹਨ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੬)

ਪ੍ਰਾਕ੍ਥਨ-ਪਿਛਲੇ ਸ਼ਬਦ ਵਿਚ ਫੁਰਮਾਇਆ ਸੀ : 'ਦੁਬਿਧਾ ਡੋਬੇ ਪੂਰੁ'॥ ਉਸ ਕਹਿਣ ਵਿਚ ਬੇੜੀ ਦਾ ਅਲੰਕਾਰ ਸੀ। ਹੁਣ ਅਗਲੇ ਸ਼ਬਦ ਵਿਚ ਬੇੜੀ ਦਾ ਪ੍ਰਕਾਰ ਲੈ ਕੇ ਹੀ ਤਰਨੇ, ਡੁੱਬਣੇ ਤੇ ਘੁੰਮਦੇ ਰਹਿਣ ਦਾ ਕਥਨ ਕਰਦੇ ਹਨ। ਐਸਾ ਰੂਪ ਬੰਨ੍ਹਕੇ ਮਾਨੁੱਖ ਦੀ ਉਪਜ, ਖਪਤ, ਆਵਾਜਾਈ ਦਾ ਦੁੱਖ ਦੱਸਕੇ ਮਾਨੁੱਖਾ ਜਨਮ ਸਫਲ ਕਰਨੇ ਦੀ ਜਾਚ ਦੱਸਦੇ ਹਨ। ਵਿਚਾਲੇ ਬਨ ਅਗਨੀ ਦਾ ਦ੍ਰਿਸ਼ਟਾਂਤ ਦੇ ਕੇ ਬੀ ਉਸੇ ਸਿੱਧਾਂਤ ਤੇ ਲੈ ਜਾਂਦੇ ਹਨ।

ਮੂਲ

ਸਿਰੀ ਰਾਗੁ ਮਹਲਾ ੧॥
ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ॥ ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥੧॥

ਅਰਥ

ਹੇ ਨਾਨਕ ! ਸਚ ਦੀ ਬੇੜੀ (ਉਤੇ ਚੜ੍ਹੀਏ ਤੇ) ਗੁਰੂ ਦੀ ਵੀਚਾਰ ਦੁਆਰਾ (ਇਸ ਨੂੰ ਖੇਂਵੀਏਂ ਤੇ ਐਉਂ ਭਵ ਸਾਗਰ ਨੂੰ) ਤਰ ਲਈਏ, (ਪਰ ਜੇ ਕੂੜ ਦੀ ਬੇੜੀ ਚੜ੍ਹੀਏ ਤੇ) ਅਹੰਕਾਰ ਨਾਲ (ਇਸ ਨੂੰ ਖੇਂਵੀਏਂ ਤਾਂ ਦੇਖ ਲਓ ਕਿ ਇਸ ਤਰ੍ਹਾਂ ਪੂਰਾਂ ਦੇ) ਪੂਰ ਭਰੇ ਹੋਏ ਹਨ (ਜੋ) ਇਕ ਆ ਰਹੇ ਤੇ ਇਕ ਜਾ ਰਹੇ ਹਨ (ਭਾਵ ਲੋਕੀ ਜੰਮ ਮਰ ਰਹੇ ਹਨ)। ਜੇ ਹਠਾਗ੍ਰਹ ਵਾਲੀ ਮਨਮਤਿ ਵਿਚ (ਸਦੀਵ ਟੁਰੇ ਰਹੀਏ ਤਾਂ ਇਸ ਕੂੜ ਦੀ ਬੇੜੀ ਦੇ ਕੂੜੇ ਹੋਣ ਕਰਕੇ ਅੰਤ) ਡੁਬ ਜਾਈਦਾ ਹੈ, (ਤੇ ਜੇ) ਸੱਚ (ਦੀ ਬੇੜੀ ਚੜ੍ਹੇ ਰਹੀਏ ਤੇ) ਗੁਰੂ

[੧]ਵੇਦਾਂਤ ਦਰਸ਼ਨ ਵਿਚ ਦੱਸਿਆ ਹੈ ਕਿ ਜਿਥੇ ਵੇਦ ਵਿਚ ਤਿੰਨ ਤੱਤ ਕਹੇ ਹੋਣ, ਓਥੇ ਦੋ ਦਾ ਅਧਯਾਹਾਰ ਕਰਕੇ ਪੰਜ ਸਮਝੋ।

ਦੁਆਰਾ (ਇਹ ਖੇਉਂਦੀ ਜਾ ਰਹੀ ਹੋਵੇ ਤਾਂ ਅੰਤ) ਤਰ ਜਾਈਦਾ ਹੈ (ਭਾਵ ਟਿਕਾਣੇ **ਜਾ ਅੱਪੜੀਦਾ** ਹੈ) ॥ ੧ ॥

ਗੁਰ ਬਿਨੁ ਕਿਉ ਤਰੀਐ ਸੁਖੁ ਹੋਇ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ॥੧॥ਰਹਾਉ॥

(ਹੇ ਮੇਰੇ ਮਨ !) ਗੁਰ ਬਿਨਾ (ਮਾਇਆ ਦੀ ਫਸੌਤੀ) ਤੋਂ (ਜੋ ਇਕ ਸਾਗਰ ਸਮਾਨ ਦੁਸ਼ਤਰ ਹੈ) ਕਿਵੇਂ ਤਰਨਾ ਹੋਵੇ (ਤੇ ਆਤਮ) ਸੁਖ (ਕਿਵੇਂ ਪ੍ਰਾਪਤ) ਹੋਵੇ। (ਇਸ ਲਈ ਹੇ ਦਾਤਾ ! ਤੇਰੇ ਅਗੇ ਅਰਦਾਸ ਹੈ ਕਿ) ਜਿਸ ਤਰ੍ਹਾਂ ਤੈਨੂੰ ਭਾਵੇਂ ਤਿਵੇਂ (ਮੇਰੀ) ਰਖਯਾ ਕਰ ਲੈ, ਮੇਰਾ (ਆਸਾਰਾ ਤੈਥੋਂ ਬਿਨਾਂ) ਹੋਰ ਦੂਜਾ ਕੋਈ ਨਹੀਂ ਹੈ ॥ ੧ ॥ ਰਹਾਉ ॥

(ਹੁਣ ਸੰਸਾਰ ਦੀ ਉਪਜ ਖਪਤ ਦਾ ਇਕ ਹੋਰ ਅਲੰਕਾਰ ਬੰਨ੍ਹਕੇ ਹਜ਼ੂਰੀ ਦੀ ਸੰਥਯਾ ਦੇਂਦੇ ਹਨ)

ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥

(ਮੈਂ) ਦੇਖ ਰਿਹਾ ਹਾਂ ਕਿ ਸਾਹਮਣੇ ਪਾਸੇ ਬਨ ਦੀ ਅਗਨੀ (ਨਾਲ ਬਨ) ਜਲ ਰਿਹਾ ਹੈ, (ਪਰ) ਪਿਛਲੇ ਪਾਸੇ (ਹੈਰਾਨ ਹੋ ਕੇ ਦੇਖ ਰਿਹਾ ਹਾਂ ਕਿ ਨਵੀਂ) ਅੰਗੂਰੀ ਹਰੀ ਹੋ ਰਹੀ ਹੈ। (ਭਾਵ ਇਕ ਪਾਸੇ ਮਾਨੁੱਖ ਮਰ ਰਹੇ ਤੇ ਅਗਨੀ ਭੇਟ ਹੋ ਰਹੇ ਹਨ, ਦੂਜੇ ਪਾਸੇ ਨਵੇਂ ਜੰਮ ਰਹੇ ਹਨ। ਫਿਰ ਮੈਂ ਕਰਤਾਰ ਵੱਲ ਦ੍ਰਿਸ਼ਟੀ ਕਰਕੇ ਦੇਖਦਾ ਹਾਂ ਤਾਂ ਦਿੱਸਦਾ ਹੈ ਕਿ) ਜਿਸ

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ॥੨॥

ਦੁਆਰਾ ਉਪਜ ਰਹੀ ਹੈ ਉਸੇ ਦੁਆਰਾ ਖਪਤ ਹੋ ਰਹੀ ਹੈ, (ਤੇ ਓਹ) ਸਤਿ ਸਰੂਪ (ਕਰਤਾਰ ਆਪ) ਘਟ ਘਟ ਵਿਚ ਭਰਪੂਰ ਹੈ (ਪਰ ਕੋਈ ਉਸ ਨੂੰ ਪਹਿਚਾਨ ਨਹੀਂ ਰਿਹਾ। ਫਿਰ ਮੈਂ ਕੀਹ ਦੇਖਦਾ ਹਾਂ ਕਿ ਓਹ ਕਰਤਾਰ ਗਮਰੁੱਠ ਹੋ ਕੇ ਵੱਖ ਨਹੀਂ ਬਹਿ ਰਿਹਾ, ਉਹ ਜੀਵਾਂ ਨੂੰ) ਆਪ ਹੀ ਮੇਲ ਮਿਲਾ ਦੇਂਦਾ ਹੈ (ਕਿ ਜਿਸ ਮੇਲ ਨਾਲ ਉਸ ਦਾ) ਸਰੂਪ (ਜੀਵਾਂ ਨੂੰ ਹਾਜ਼ਰਾ) ਹਜ਼ੂਰ (= ਪ੍ਰਤੱਖ) ਹੋ ਜਾਂਦਾ ਹੈ। (ਭਾਵ ਗੁਰੂ ਦਾ ਮਿਲਾਪ ਸਾਈਂ ਆਪ ਕਰਵਾ ਕੇ ਆਪਣੇ ਸਰੂਪ ਦੀ ਪ੍ਰਤੱਖ ਪ੍ਰਾਪਤੀ ਕਰਾ ਦੇਂਦਾ ਹੈ) ॥ ੨ ॥

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ॥੩॥

(ਤਾਂ ਤੇ ਹੇ ਸਚ ਸਰੂਪ ਕਰਤਾਰ ! ਤੇਰੇ ਅੱਗੇ ਪ੍ਰਾਰਥਨਾਂ ਹੈ ਕਿ ਮੈਂ) ਤੈਨੂੰ ਸੁਆਸ ਸੁਆਸ ਯਾਦ ਕਰਦਾ ਰਹਾਂ (ਐਸਾ ਕਿ) ਵਿਸਾਰਾਂ ਕਦੇ ਬੀ ਨਾ। (ਇਸ ਤਰ੍ਹਾਂ ਸਿਮਰਦਿਆਂ) ਜਿਉਂ ਜਿਉਂ (ਤੂੰ) ਮਾਲਿਕ ਮੇਰੇ ਮਨ ਵਿਚ ਵਸਦਾ ਜਾਵੇਂ (ਤਿਉਂ ਤਿਉਂ ਮੈਂ) ਗੁਰਮੁਖਿ ਹੋਕੇ ਅੰਮ੍ਰਿਤ ਪੀਵਾਂ। (ਹਾਂ, ਮੈਂ ਅਪਣਾ) ਮਨ ਤੇ ਤਨ ਤੇਰਾ (ਸਮਝਾਂ), ਤੈਨੂੰ (ਆਪਣੇ ਸਭ ਕੁਛ ਦਾ) ਮਾਲਕ ਸਮਝਾਂ (ਤੇ ਐਉਂ ਆਪਣਾ) ਹੰਕਾਰ ਦੂਰ ਕਰਕੇ (ਮੈਂ ਤੇਰੇ ਵਿਚ) ਸਮਾ ਜਾਵਾਂ[1]॥ ੩ ॥

(ਅਰਦਾਸ ਦੇ ਭਾਵ ਵਿਚੋਂ ਉੱਠਕੇ ਹੁਣ ਫੇਰ ਉਪਦੇਸ਼ ਦੇ ਰੰਗ ਵਿਚ ਬਚਨ ਕਰਦੇ ਹਨ:)

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ॥

ਜਿਸ ਨੇ ਇਹ ਜਗਤ ਪੈਦਾ ਕੀਤਾ ਹੈ, (ਇਸ ਦੇ) ਤ੍ਰੈ ਭਵਨ (ਸੁਰਗ ਪ੍ਰਿਥਵੀ ਤੇ ਪਾਤਾਲ) ਬਨਾਏ ਹਨ (ਤੇ ਉਹਨਾਂ ਵਿਚ) ਸੂਰਤਾਂ

[1]ਅਥਵਾ – ਮੈਂ ਮਨ ਤੇ ਤਨ ਤੇਰਾ (ਸਮਝਾਂ), ਤੈਨੂੰ (ਅਪਣਾ) ਧਣੀ (ਸਮਝਾਂ ਤੇ ਐਉਂ ਮੇਰਾ ਸਾਰਾ) ਗ਼ਰਬ ਦੂਰ ਕਰਕੇ (ਤੂੰ ਮੈਨੂੰ ਆਪਣੇ ਵਿਚ) ਸਮਾ ਲਵੇਂ।

ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ॥੪॥

ਰਚੀਆਂ ਹਨ ; (ਉਸ ਦੀ) ਜੋਤਿ ਹਿਰਦੇ ਹਿਰਦੇ ਵਿਚ (ਵਿਆਪਕ) ਹੈ, (ਪਰ ਇਸ ਨੂੰ ਕੋਈ ਵਿਰਲਾ, ਜੋ) ਗੁਰੂ ਦੀ ਮਤਿ ਦੇ ਤੱਤ ਨੂੰ (ਸਮਝਦਾ ਹੈ, ਸੋ) ਬੁੱਝਦਾ ਹੈ। (ਸੋ ਸਮਝਣ ਵਾਲੇ ਨੂੰ ਗਿਆਨ ਦੇ) ਚਾਨਣੇ ਵਾਲਾ ਗੁਰਮੁਖ (ਤੇ ਨਾ ਸਮਝਣ ਵਾਲੇ ਨੂੰ ਅਗਯਾਨ ਦੇ) ਅੰਧ ਗੁਬਾਰ ਵਾਲਾ ਮਨਮੁਖ ਸਮਝੀਦਾ ਹੈ[1]॥ ੪ ॥

ਗੁਰਮੁਖਿ ਜਿਨ੍ਹੀ ਜਾਣਿਆ ਤਿਨ ਕੀਚੈ ਸਾਬਾਸਿ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ॥ ੫॥੧੬॥

(ਇਸ ਕਰਕੇ) ਜਿਨ੍ਹਾਂ ਨੇ ਗੁਰੂ ਦੁਆਰਾ (ਉਸ ਨੂੰ) ਜਾਣ ਲਿਆ ਹੈ ਉਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਏ, ਓਹ ਸਚੇ (ਸਤਜ ਸਰੂਪ) ਨਾਲ ਰਲੇ ਮਿਲੇ (= ਇਕ ਹੋ ਰਹੇ) ਹਨ, (ਤੇ ਅਗੋਂ ਓਹ ਜਗਤ ਨਿਸਤਾਰਣ ਲਈ) ਸਚੇ ਦੇ ਗੁਣਾਂ ਦਾ ਪ੍ਰਕਾਸ਼ ਕਰ ਰਹੇ ਹਨ[2]। ਹੇ ਨਾਨਕ ! (ਓਹ) ਨਾਮ ਦੁਆਰਾ (ਇਸ) ਸੰਤੁਸ਼ਟ (ਅਵਸਥਾ) ਨੂੰ ਪਹੁੰਚੇ ਹਨ, (ਉਨ੍ਹਾਂ ਦਾ) ਸਰੀਰ ਤੇ ਜੀਵਾਤਮਾ (ਸਦੀਵ) ਪ੍ਰਭੂ ਦੇ ਪਾਸ (ਭਾਵ ਹਜ਼ੂਰੀ ਵਿਚ ਸਮਰਪਨ) ਰਹਿੰਦਾ ਹੈ ; (ਤਾਂ ਤੇ ਤੁਸੀਂ ਬੀ ਨਾਮ ਦੇ ਰਸਤੇ ਟੁਰੋ) ॥੫ ॥੧੬॥

ਵਜਾਖਜਾ–ਪਹਿਲੇ ਅੰਕ ਵਿਚ ਇਕ ਰੂਹਾਨੀ ਸਿਖਜਾ ਨੂੰ ਕਾਵਜ ਦੇ ਉੱਤਮ ਅਲੰਕਾਰਕ ਰੰਗ ਵਿਚ ਵਰਣਨ ਕੀਤਾ ਹੈ। ਇਕ ਸਭ ਨੂੰ ਦਿੱਸ ਪੈਣ ਵਾਲੀ ਤਸਵੀਰ ਲਈ ਹੈ। ਇਕ ਬੇੜੀ ਹੈ, ਜੋ ਪਾਰ ਮੰਜ਼ਲ ਤੇ ਪਹੁੰਚਾ ਦੇਂਦੀ ਹੈ। ਇਕ ਹੋਰ ਬੇੜੀ ਹੈ, ਜਿਸ ਪਰ ਬਹੁਤੇ ਲੋਕ ਚੜ੍ਹਦੇ ਹਨ, ਪਰ ਉਸ ਉਤੇ ਚੜ੍ਹੇ ਲੋਕ ਪਾਰ ਮੰਜ਼ਲ ਤੇ ਨਹੀਂ ਅੱਪੜਦੇ। ਉਹ ਬੇੜੀ ਕਿਨਾਰੇ ਤੋਂ ਤੁਰੀ ਹੋਈ ਭੂਲ ਭੁਲਈਆਂ ਖਾਕੇ ਆਉਂਦੀ ਜਾਂਦੀ ਰਹਿੰਦੀ ਹੈ ਤੇ ਵਿਚ ਚੜ੍ਹੇ ਪੂਰਾਂ ਨੂੰ ਘੁਮਾਉਂਦੀ, ਲਿਆਉਂਦੀ, ਲਿਜਾਂਦੀ ਰਹਿੰਦੀ ਹੈ। ਇਹ ਤਸਵੀਰ ਦਿਖਾ ਕੇ ਸੰਸਾਰ ਨੂੰ ਇਹ ਇਕ ਸਾਗਰ ਵਾਂਙੂ ਮਿਥਕੇ ਮਾਯਾ ਦੀ ਦੁਸ਼ਤਰਤਾ ਸੂਚਨ ਕਰਾਉਂਦੇ ਹਨ। ਇਸ ਮਾਇਕ ਸਾਗਰ ਨੂੰ ਤਰਨੇ ਲਈ 'ਸੱਚ' ਨੂੰ ਇਕ ਬੇੜੀ ਵਰਣਨ ਕਰਦੇ ਹਨ ਅਤੇ ਗੁਰੂ ਨੂੰ ਇਕ ਸਿਆਣੇ ਮਲਾਹ ਵਾਂਙੂ ਇਸ ਦਾ ਸੰਚਾਲਕ ਦੱਸਦੇ ਹਨ। ਅਰਥਾਤ ਜੇ ਤੁਸੀਂ ਜੀਵਨ 'ਸੱਚ' ਵਿਚ ਬਸਰ ਕਰੋ ਤੇ ਗੁਰੂ ਦੀ ਮਤਿ ਦੀ ਅਗੁਵਾਨੀ ਵਿਚ ਟੁਰੋ ਤਾਂ ਤੁਸੀਂ ਮਾਇਕ ਕੂੜ ਵਿਚੋਂ ਨਿਕਲਕੇ 'ਸਤਜ ਸਰੂਪ ਪਰਮਾਤਮ ਦੇਵ' ਵਿਚ ਪਹੁੰਚ ਜਾਓਗੇ। ਪਰ ਜੇ ਤੁਸੀਂ ਦੂਸਰੀ ਬੇੜੀ ਵਾਂਙੂ ਕੂੜ ਨੂੰ ਅਪਣੇ ਜੀਵਨ ਦਾ ਆਧਾਰ ਬਣਾਓਗੇ ਤੇ ਮਨ ਦੇ ਹੰਕਾਰ ਨੂੰ ਰਹਿਬਰ ਬਣਾਓਗੇ ਤਾਂ ਜਨਮ ਮਰਨ ਵਿਚ ਚੱਕਰ ਲਾਉਂਦੇ ਰਹੋਗੇ ; 'ਸਤਜ ਸਰੂਪਤਾ' ਨੂੰ, ਜੋ ਸਾਡਾ ਅਸਲ ਅੱਪੜਨੇ ਦਾ ਟਿਕਾਣਾ ਹੈ, ਪ੍ਰਾਪਤ ਨਹੀਂ ਹੋਵੋਗੇ। ਕਿਉਂਕਿ ਕੂੜ ਤੇ ਅਹੰਕਾਰ ਵਾਲਾ ਜੀਵਨ ਭੁਲੇਵਿਆਂ ਵਿਚ, ਮਾਯਾ ਦੀ ਪਕੜ ਵਿਚ ਤੇ ਹਉਮੈਂ ਦੇ ਬੰਧਨਾਂ ਵਿਚ ਰਖਦਾ ਹੈ।

ਜੋ ਜੀਵਨ ਅਸਾਂ ਨੇ ਸੱਚ ਦਾ ਬਸਰ ਕਰਨਾ ਹੈ, ਤੇ ਜਿਸ ਨੂੰ ਏਥੇ ਸਚ ਦੀ ਬੇੜੀ ਕਿਹਾ ਹੈ ਤੇ ਜਿਸ 'ਸਾਚੈ ਮਹਲਿ ਹਦੂਰਿ' ਪਹੁੰਚਾਣਾ ਹੈ, ਉਹ ਨਿਰਾ ਇਖ਼ਲਾਕੀ ਸੱਚ, ਸੱਚ ਬੋਲਣਾ ਮਾਤ੍ਰ, ਨਹੀਂ, ਉਸ ਦਾ ਰੂਪ ਆਸਾ ਦੀ ਵਾਰ ਵਿਚ ਐਉਂ ਦੱਸਿਆ ਹੈ :-

ਮ:੧॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥ ਨਾਉ ਸੁਣਿ ਮਨੁ

---

[1]ਅਥਵਾ– ਗੁਰਮੁਖ (ਚਾਨਣ =) ਪ੍ਰਕਾਸ਼ ਸਰੂਪ (ਪਰਮਾਤਮਾ) ਨੂੰ ਜਾਣਦਾ ਹੈ, ਪਰ ਮਨਮੁਖ ਮੂਰਖ ਹੈ ਉਸ ਨੂੰ ਮੋਹ ਮਾਯਾ ਦਾ ਗੁਬਾਰ (ਛਾਯਾ ਰਹਿੰਦਾ। ਹੈ।

[2]ਅਥਵਾ– ਸਚੇ ਗੁਣਾਂ ਦੇ ਪ੍ਰਕਾਸ਼ ਵਾਲੇ ਸਚੇ ਨਾਲ ਰਲੇ ਮਿਲੇ ਹਨ।

ਰਹਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥ ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚੁ ਤਾਂ ਪਰੁ ਜਾਣੀਐ ਜਾ ਅਤਮ ਤੀਰਥਿ ਕਰੇ ਨਿਵਾਸੁ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥। ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥ (ਵਾਰ ਆਸਾ ਮ: ੧-੧੦)

ਅੰਕ ੧ ਦੀ ਸਤਰ ੩ ਵਿਚ ਸਿੱਧਾ ਸਾਫ ਉਪਦੇਸ਼ ਦਿੱਤਾ ਹੈ ਕਿ 'ਮਨ ਹਠਿ ਮਤੀ' ਨਾਲ ਡੁਬੀਦਾ ਹੈ ਤੇ 'ਸੱਚ' ਨਾਲ ਤਰੀਦਾ ਹੈ। ਅਰਥਾਤ ਆਸਾ ਦੀ ਵਾਰ ਦੇ ਉਤਲੇ ਸ਼ਲੋਕ ਵਿਚ ਦੱਸੀ ਸਚ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ।

ਸਤਰ ੨ ਵਿਚ ਤਾਂ ਕੂੜ ਦੀ ਬੇੜੀ ਦਾ ਆਵਾ ਗਵਨ ਹੀ ਦੱਸਿਆ ਸੀ, ਪਰ ਸਤਰ ਤਿੰਨ ਵਿਚ ਡੁੱਬਣਾ ਬੀ ਦੱਸਦੇ ਹਨ। ਭਾਵ ਇਹ ਜਾਪਦਾ ਹੈ ਕਿ ਕੂੜ ਦਾ ਜੀਵਨ ਜਨਮ ਦਰ ਜਨਮ ਬਸਰ ਕਰਦਿਆਂ ਅੰਤ ਵਿਚ ਮਨੁੱਖਾ ਜਨਮ ਵਿਚ ਬਾਰ ਬਾਰ ਆਉਣੇ ਦਾ ਅਵਸਰ ਬੀ ਨਹੀਂ ਮਿਲਦਾ।

ਇਹ ਕੂੜ ਦੇ ਫਲ ਦੱਸਕੇ ਤੇ ਸੱਚ ਦੇ ਫਲ ਦਿਖਾਕੇ ਰਹਾਉ ਵਿਚ ਗੁਰੂ ਦੀ ਲੋੜ ਦੱਸਦੇ ਹਨ, ਕਿ ਗੁਰੂ ਦੀ ਮਤ ਤੇ ਟੁਰੇ ਬਿਨਾਂ ਅਸੱਤਿ, ਕੂੜ, ਮਾਇਆ, ਭੁਲੇਵਾ ਦੂਰ ਨਹੀਂ ਹੁੰਦਾ। ਇਸ ਤੋਂ ਨਿਕਲੇ ਬਿਨਾ ਸਚ ਮੁਚ ਦਾ ਸੁਖ, ਸਦੈਵੀ ਸੁਖ, ਨਹੀਂ ਲੱਝਦਾ। ਇਸ ਲਈ ਗੁਰੂ ਲਈ ਅਰਦਾਸ ਹੈ।

ਜੇ ਕੋਈ ਪੁੱਛੇ ਕਿ ਕਿਉਂ ਗੁਰੂ ਦੀ ਮਤਿ ਵਿਚ ਟੁਰਨਾ ਹੈ ? ਤਾਂ ਵੀਚਾਰ ਇਸ ਪ੍ਰਕਾਰ ਹੈ:- ਅਪਣੀ ਮਤਿ ਜੀਵ ਦੀ ਹਉਮੈ ਵਿਚ ਹੈ, ਉਹ ਹਉ ਤੋਂ ਉੱਚੀ ਮਤਿ ਨੂੰ ਨਹੀਂ ਜਾਣਦਾ। ਅਨੇਕ ਸ਼ਾਸਤ੍ਰਾਂ ਦੀ ਮਤਿ ਪਰਸਪਰ ਵਿਰੋਧਾਂ ਕਰਕੇ ਨਿਸ਼ਚੇ ਦੇ ਘਰ ਨਹੀਂ ਲੈ ਜਾਂਦੀ। ਗੁਰੂ ਦਾ ਹਿਰਦਾ ਅੰਤਰੇ ਰਹਿਤ ਮੇਲ ਦਵਾਰਾ ਵਾਹਿਗੁਰੂ ਨਾਲ ਮਿਲ ਰਿਹਾ ਹੈ, ਉਸ ਵਿਚ ਵਾਹਿਗੁਰੂ ਗਿਆਨ ਦਾ ਸਿੱਧਾ ਪ੍ਰਕਾਸ਼ ਪ੍ਰਕਾਸ਼ਿਤ ਹੈ; ਉਹ ਉਸ ਪ੍ਰਕਾਸ਼ ਨੂੰ ਜਗਤ ਦੀ ਸਮਝ ਦੇ ਯੋਗ ਕਰਕੇ ਦੇ ਰਿਹਾ ਹੈ ; ਉਸ ਨਾਲ ਨਿਸ਼ਚਾ ਟਿਕਦਾ ਤੇ 'ਯਥਾਰਥ' ਦਿੱਸ ਪੈਂਦਾ ਹੈ। ਇਸ ਤੋਂ ਛੁੱਟ ਉਸ ਦਾ ਅਮਲ, ਉਸ ਦੀ ਕਰਣੀ, ਉਸ ਦੀ ਨਿਕਟਤਾ, ਤ੍ਰੈਏ ਜਗਜਾਸੂ ਦੇ ਅਮਲ ਵਿਚ ਨੇਕ ਛੋਹ ਦਾ ਕੰਮ ਕਰਦੀਆਂ ਹਨ।

ਅੰਕ ੨ ਵਿਚ ਗੁਰੂ ਜੀ ਇਕ ਹੋਰ ਦ੍ਰਿਸ਼ਜ ਨੂੰ ਅੱਖਾਂ ਅੱਗੇ ਮੂਰਤੀਮਾਨ ਕਰਦੇ ਹਨ। ਜੰਗਲ ਦੀ ਅੱਗ 'ਡਉ' ਦਾਵਾ ਅਗਨੀ ਨੂੰ ਲੈਂਦੇ ਹਨ। ਬਨ ਨੂੰ ਲਗੀ ਅੱਗ ਹੀ ਅੱਗੇ ਸਾੜਦੀ ਟੁਰੀ ਜਾਂਦੀ ਹੈ। ਜਿਥੋਂ ਅੱਗ ਸ਼ੁਰੂ ਹੋਈ ਸੀ, ਓਥੇ ਮੀਂਹ ਕਣੀ ਪੈਣ ਨਾਲ ਨਵੇਂ ਸਿਰੇ ਹਰਿਆਵਲਾਂ ਉੱਗ ਪੈਂਦੀਆਂ ਹਨ। ਇਸ ਦ੍ਰਿਸ਼ਟਾਂਤ ਦਾ ਮਤਲਬ ਇਹ ਹੈ ਕਿ ਇਕ ਪਾਸੇ ਤਾਂ ਲੋਕੀ ਮਰ ਰਹੇ ਹਨ, ਦੂਜੇ ਪਾਸੇ ਜੰਮ ਬੀ ਰਹੇ ਹਨ ; ਤੇ ਓਹ ਓਸੇ ਰਾਹੇ ਟੁਰ ਰਹੇ ਹਨ ਜਿਸ ਰਾਹੇ ਕਿ ਪਹਿਲੇ, ਜੋ ਮਰ ਰਹੇ ਹਨ, ਟੁਰਦੇ ਰਹੇ ਸਨ। ਦੋਹਾਂ ਦ੍ਰਿਸ਼ਟਾਂਤਾਂ ਦਾ ਭਾਵ ਇੱਕੋ ਹੈ। ਦੋਹਾਂ ਵਿਚ ਜਨਮ ਮਰਨ ਦੀ ਆਵਾਜਾਈ ਤੇ ਦੁੱਖ ਸਾੜੇ ਦਾ ਦ੍ਰਿਸ਼ਜ ਦਰਸਾਇਆ ਹੈ। ਆਪ ਜੀ ਦੀ ਵਿਸ਼ਾਲ ਆਤਮ ਦ੍ਰਿਸ਼ਟੀ ਇਸ ਬਾਹਰਲੇ ਦ੍ਰਿਸ਼ਜ ਤੋਂ ਉੱਠਕੇ ਹੁਣ ਅੰਤ੍ਰੀਵ ਹੋਕੇ ਘਟ ਘਟ ਵਿਚ ਨਜ਼ਰ ਮਾਰਦੀ ਹੈ, ਇਥੋਂ ਉੱਠਕੇ ਵਾਹਿਗੁਰੂ ਸਰੂਪ ਦੀਆਂ ਉਚਿਆਈਆਂ ਵਿਚ ਚਲੀ ਜਾਂਦੀ ਹੈ ਤੇ ਸਾਡੇ ਧਿਆਨ ਨੂੰ ਉਸ ਯਥਾਰਥ ਵਲ ਲੈ ਜਾਂਦੀ ਹੈ ਜੋ ਸਦਾ ਇਕ ਰਸ ਹੈ, ਪਰੇ ਤੋਂ ਪਰੇ ਹੈ ਤੇ ਘਟ ਘਟ ਵਿਚ ਭਰਪੂਰ ਹੈ। ਇਹ 'ਉਪਜ ਖਪਤ' ਉਸੇ ਤੋਂ ਹੋ ਰਹੀ ਹੈ। ਸੋ ਉਸੇ ਦੀ ਸ਼ਰਨ ਕਿਉਂ ਨਾ ਲਈਏ ਜੋ ਉਹ ਆਪਣਾ ਚਾਨਣ ਦੇਵੇ। ਉਸ ਦਾ ਬਿਰਦ ਹੈ ਕਿ ਸਾਨੂੰ ਰਸਤੇ ਪਾਵੇ ਤੇ ਮੇਲ ਲਵੇ। ਇਸ ਲਈ ਅੰਕ ੩ ਵਿਚ ਅਰਦਾਸ ਵਿਚ ਚਲੇ ਜਾਂਦੇ ਹਨ, ਤੇ 'ਹਰ ਦਮ ਯਾਦ ਰਹੋ' ਇਹ ਮੰਗ ਮੰਗਦੇ ਹਨ। ਯਾਦ ਨਾਲ ਮਨ ਸਾਈਂ ਦੀ ਛੋਹ

ਵਿਚ ਜਾਏਗਾ, ਉਸ ਦਾ ਰੰਗ ਲਏਗਾ। ਸੱਚ ਦੀ ਛੋਹ ਸਚ ਦਾ ਰੰਗ ਲਾਏਗੀ। ਇਉਂ ਸਚਾ ਸਾਹਿਬ ਹੀ ਅੰਦਰ ਵਸਦਾ ਜਾਏਗਾ, ਇਸ ਸਤਜ ਦੇ 'ਅੰਤਰ-ਨਿਵਾਸ' ਨਾਲ ਹਉਮੈ ਆਪੇ ਦੂਰ ਹੁੰਦੀ ਜਾਏਗੀ। ਇਹ ਹਉਮੈ ਹੀ ਸਾਰੇ ਭੁਲੇਵਿਆਂ ਦਾ, ਕੂੜ ਵਿਚ ਸਚ ਦਾ ਭੁਲੇਵਾ ਦੇਣ ਦਾ ਕਾਰਣ ਸੀ। ਹਉਮੈ ਗਈ ਤਾਂ ਅੰਦਰ ਚਾਨਣ ਹੋ ਗਿਆ। ਨਿਰੰਤਰਿ ਜੋਤਿ ਫੇਰ ਘਟ ਘਟ ਵਿਚ ਦਿੱਸ ਪਈ, ਤਦ ਦੇਖਣ ਵਾਲਾ ਗੁਰਮੁਖ ਹੋ ਗਿਆ।

ਅੰਕ ੫ ਵਿਚ ਉਸੇ ਖੁੱਲ੍ਹ ਗਈ ਦ੍ਰਿਸ਼ਟੀ ਵਾਲੇ ਗੁਰਮੁਖ ਨੂੰ ਸ਼ਾਬਾਸ਼ ਦੇ ਰਹੇ ਹਨ। 'ਸ਼ਾਬਾਸ਼' ਫਾਰਸੀ ਦੇ ਪਦ ਸ਼ਾਦਬਾਸ਼ ਦਾ ਸੰਖੇਪ ਹੈ, ਅੱਖਰੀ ਅਰਥ ਹੈ, ਖੁਸ਼ ਰਹੋ। ਮੁਰਾਦ ਹੁੰਦੀ ਹੈ 'ਤਹਸੀਨ ਤੇ ਆਫਰੀਨ' ਤੋਂ, ਧੰਨ ਤੂੰ ਹੈਂ। ਹੁਣ ਉਸ ਗੁਰਮੁਖ ਦਾ ਜੀਵਨ ਰਬ ਜੀ ਨਾਲ ਸਦੈਵੀ ਮੇਲ ਵਾਲਾ ਹੁੰਦਾ ਹੈ। ਖਿਆਲ ਮਾਤ੍ਰ ਨਹੀਂ, ਉਸ ਦੇ ਅਮਲਾਂ ਤੋਂ ਇਹ ਗਲ ਪ੍ਰਕਾਸ਼ ਪਾਉਂਦੀ ਹੈ। ਕੇਵਲ ਸੁਤੇ ਹੀ ਹੋਏ ਯਾ ਕੀਤੇ ਅਮਲਾਂ ਤੋਂ ਨਹੀਂ, ਉਹ ਵਾਹਿਗੁਰੂ ਜੀ ਦੇ ਗੁਣਾਂ ਦਾ ਤੇ ਉਸ ਦੀ ਪ੍ਰਾਪਤੀ ਦੇ ਸਹਾਇਕ ਦੈਵੀ ਗੁਣਾਂ ਦਾ, ਆਪ ਪ੍ਰਕਾਸ਼ ਕਰਦਾ ਹੈ ਕਿ ਜੀਵਾਂ ਨੂੰ ਚਾਨਣ ਦੇ ਕੇ ਸਿੱਧੇ ਰਸਤੇ ਲੈ ਆਵੇ। ਛੇਕੜਲੀ ਤੁਕ ਵਿਚ ਸਾਰੇ ਸ਼ਬਦ ਦਾ ਸਿੱਧਾਂਤ ਹੈ, ਜਿਸ ਵਿਚ ਫੇਰ ਉਪਦੇਸ਼ ਦੀ ਸੈਨਤ ਹੈ। ਉਹ ਇਉਂ ਹੈ ਕਿ ਜੋ ਪ੍ਰਾਪਤੀ ਅਸਾਂ ਨੇ ਵਰਣਨ ਕੀਤੀ ਹੈ, ਉਹ 'ਨਾਮ' ਦੁਆਰਾ ਮਿਲਦੀ ਹੈ, ਇਸੇ ਨਾਲ ਮਨ ਪਤੀਜਦਾ ਤੇ ਸੁਖੀ ਰਹਿੰਦਾ ਹੈ ; ਇਸੇ ਨਾਲ ਸਰੀਰ ਤੇ ਜੀਉ ਵਾਹਿਗੁਰੂ ਵਿਚ ਸਮਰਪਨ ਹੋਇਆ ਰਹਿੰਦਾ ਹੈ :

ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥

(ਸੂਹੀ ਮਹਲਾ ੫- ਗੁਣਵੰਤੀ)

ਨਿਰੁਕ੍–ਸਚ– (ਸੰਸ:, ਸਤਜ) ਹੈ। ਜੋ ਸਦਾ ਹੈ, ਜੋ ਕਦੇ 'ਨਹੀਂ' ਨਹੀਂ ਹੈ।

(ਅ) ਸਚ ਦਾ ਅਰਥ 'ਨਾਮ' ਤੇ 'ਗੁਰੂ' ਬੀ ਕਿਤੇ ਕਿਤੇ ਲੱਗਦਾ ਹੈ।

(ੲ) ਸੱਚ ਦੀ ਅੰਸ਼ ਸੱਚ। ਮਾਨੁੱਖ ਸਰੀਰ ਦੇ ਮਨ ਵਿਚ ਜੋ ਸੱਚੇ ਸਾਈਂ ਦੀ ਅੰਸ਼ ਹੈ।

(ਸ) ਜੋ ਨੀਯਤ ਵਿਚ ਸਰਲਤਾ ਤੇ ਨਿਸ਼ਕਪਟਤਾ ਹੁੰਦੀ ਹੈ ਉਹ ਬੀ ਸਚ ਹੈ।

(ਹ) ਸਚ, ਜੋ ਰਸਨਾਂ ਤੋਂ ਠੀਕ ਦਰੁਸਤ ਜਿਉਂ ਕਾ ਤਿਉਂ ਵਾਕ ਕਹੀਦਾ ਹੈ।

ਆਸਾ ਦੀ ਵਾਰ ਵਿਚ ਸੱਚ ਦਾ ਵੇਰਵਾ ਹੈ- ਦੇਖੋ 'ਸਚੁ ਤਾ ਪਰੁ ਜਾਣੀਐ ....' ਸਾਰਾ ਸਲੋਕ ਜੋ ਪਿੱਛੇ ਪੰਨਾ ੨੯੧-੯੨ ਪਰ ਵਜਾਖਜਾ ਵਿਚ ਆ ਚੁੱਕਾ ਹੈ।

ਪੂਰਿ- (ਪੰਜਾ:) ਬੇੜੀ ਵਿਚ ਇਕ ਵੇਰ ਚੜ੍ਹਿਆਂ ਦਾ ਸਮੂਹ।

ਮਨ ਹਠਿ ਮਤੀ- ਮਨ ਦੀ ਹਠ ਵਾਲੀ ਮਤਿ। ਜੋ ਮਤਿ ਕਿ ਮਨ ਤੋਂ ਉਪਜਦੀ ਹੈ ਤੇ ਹਠ ਕਰਦੀ ਹੈ ਕਿ ਮੈਂ ਹੀ ਠੀਕ ਹਾਂ ; ਜੋ ਸਿਖਜਾ, ਉਪਦੇਸ਼, ਸੁਧਾਰ ਦੇ ਅਗੇ ਬੀ ਨਹੀਂ ਝੁੱਕਦੀ, ਤੇ ਆਪਣੇ ਆਪ ਨੂੰ ਦਰੁਸਤ ਨਹੀਂ ਕਰਦੀ।

ਡਉ- (ਸੰਸ:, ਦਾਵਾਨਲ : = ਬਨ ਦੀ ਅਗਨੀ) ਉਹ ਅੱਗ ਜੋ ਬਨਾਂ ਨੂੰ ਲਗ ਪੈਂਦੀ ਹੈ ਤੇ ਸਾੜਦੀ ਜਾਂਦੀ ਹੈ[1]। 'ਡਉ ਜਲੈ' ਦਾ ਭਾਵ ਹੈ ਕਿ ਸੰਸਾਰ ਬਨ ਅਗਨੀ ਦੀ ਤਰ੍ਹਾਂ ਮਰ ਖਪ ਰਿਹਾ ਹੈ। ਐਉਂ ਬੀ ਭਾਵ ਲੈਂਦੇ ਹਨ :-

(ੳ) ਮਸਾਣਾਂ ਵਿਚ ਮੁਰਦੇ ਸੜ ਰਹੇ ਹਨ, ਸੰਸਾਰ ਵਿਚ ਹੋਰ ਜੰਮ ਰਹੇ ਹਨ।

(ਅ) ਅੱਗੇ ਨਰਕ ਬਲਦੇ ਦਿੱਸਦੇ ਹਨ, ਪਿੱਛੇ ਪਾਪਾਂ ਦੇ ਅੰਗੂਰ ਪਾਪੀ ਸੰਸਾਰ ਵਿਚ ਹਰੇ ਦਿੱਸਦੇ ਹਨ।

(ੲ) ਬਾਹਰ ਜਗਤ ਵਿਚ ਤ੍ਰਿਸ਼ਨਾ ਦੀ ਅੱਗ ਵਜਾਪ ਰਹੀ ਹੈ, ਅੰਤਹਕਰਣ ਵਿਚ ਆਤਮ ਸੱਤਾ ਦੀ

---

[1]ਚੇਤ ਮਹੀਨੇ ਜੋ ਸਰਕੜੇ ਦੇ ਬਨਾਂ ਨੂੰ ਆਪ ਅੱਗ ਲਾਉਂਦੇ ਹਨ ਕਿ ਕਾਨੇ ਕੱਢ ਲਈਏ, ਉਸ ਨੂੰ ਬੀ ਡਉ ਆਖਦੇ ਹਨ।

ਹਰੀ ਅੰਗੂਰੀ ਹੈ। (ਸ) ਕਾਲ ਰੂਪੀ ਅਗਨੀ ਦੀ ਭੇਟਾ ਹੋ ਰਹੇ ਹਨ।

ਪਰੰਤੂ ਅਗਲੀ ਤੁਕ ਵਿਚ 'ਜਿਸ ਤੇ ਉਪਜੈ ਤਿਸ ਤੇ ਬਿਨਸੈ' ਵਿਚ ਸਾਫ ਦੱਸਿਆ ਹੈ ਕਿ ਮੁਰਾਦ ਉਪਜ ਖਪਤ ਤੋਂ ਹੀ ਹੈ।

ਅੰਗੂਰੁ- (ਸੰਸ:, ਅੰਕੁਰ: = ਨਵੀਂ ਫੁਟੀ ਸ਼ਾਖ) ਨਵੀਂ ਫੁਟੀ ਯਾ ਉੱਗੀ ਕੋਮਲ ਸ਼ਾਖ ਯਾ ਗੰਦਲ ਯਾ ਪਨੀਰੀ। ਭਾਵ ਉਤਪਤੀ ਤੋਂ ਹੈ।

ਸਾਹਿ ਸਾਹਿ-ਹਰ ਸਾਹ ਵਿਚ। ਸੁਆਸ ਸੁਆਸ। ਦਮਬਦਮ।

ਵਿਸਾਰੇਉ- (ਪੰ:, ਵਿਸਾਰਨਾ ਤੋਂ) ਵਿਸਾਰੇਉਂ = ਮੈਂ ਵਿਸਾਰਾਂ।

ਪੇਉ- (ਪੰ:, ਪੀਨਾ ਤੋਂ) ਪੇਉਂ = ਮੈਂ ਪੀਵਾਂ।

ਸਮੇਉ- (ਪੰ:, ਸਮਾਉਣਾ ਤੋਂ) ਸਮੇਉਂ = ਮੈਂ ਸਮਾਵਾਂ। ਪਿਛਲੀਆਂ ਦੋ ਕ੍ਰਿਆ ਅਨੁਸਾਰ ਇਸ ਕ੍ਰਿਆ ਦਾ ਭਾਵ ਬੀ ਉੱਤਮ ਪੁਰਖ ਵਾਲਾ ਹੈ : ਮੈਂ ਸਮਾਵਾਂ। ਪਰ ਕਈ ਸੱਜਣ ਇਸ ਦਾ ਅਰਥ ਮੱਧਮ ਪੁਰਖ ਵਿਚ ਕਰਦੇ ਹਨ ਸਮੇਉ = ਤੂੰ ਮੈਨੂੰ ਸਮਾ ਲੈ।

ਤ੍ਰਿਭਵਣੁ- (ਸੰਸ:, ਤ੍ਰਿਭੁਵਨ) ਤ੍ਰੈ ਦੀ ਵੰਡ ਵਾਲਾ ਸੰਸਾਰ। ਸੁਰਗ, ਮਾਤ ਤੇ ਪਾਤਾਲ। ਮੁਰਾਦ ਹੈ ਸਾਰਾ ਜਗਤ।

ਨਿਰੰਤਰੀ- (ਸੰਸ:, ਨਿਰੰਤ੍ਰ) ਲਗਾਤਾਰੀ, ਜਿਸ ਵਿਚ ਵਿੱਥ ਵਿਰਲ ਨਾ ਆਵੇ।

ਸਾਰੁ- (ਸੰਸ:, ਸਾਰੰ) ਤਤ। ਮੂਲ, ਨਿਚੋੜ। (ਅ) ਸੋਝੀ। (ੲ) ਖ਼ਬਰ, ਆਦਿ ਕਈ ਅਰਥ ਗੁਰਬਾਣੀ ਵਿਚ ਲਗਦੇ ਹਨ। ਏਥੇ ਅਰਥ ਤੱਤ ਹੈ।

ਸਾਬਾਸਿ- (ਫ਼ਾ:, ਸ਼ਾਬਾਸ਼ ਜੋ ਸ਼ਾਦਬਾਸ਼ ਦਾ ਮੁਖੱਫ਼ਫ਼ (ਸੰਖੇਪ) ਹੈ- ਖੁਸ਼ ਰਹੋ) ਅਸ਼ੀਰਵਾਦਕ ਵਾਕ ਹੈ। 'ਤਹਸੀਨ' ਤੇ 'ਆਫ਼ਰੀਨ' ਦਾ ਭਾਵ ਰਖਦਾ ਹੈ। ਧੰਨਜ ਹੋ, ਸੁਖੀ ਰਹੋ, ਵਾਹ ਵਾਹ ਆਦਿ।

ਸੰਤੋਖੀਆ- (ਸੰਸ:, ਸੰਤੋਖ = ਸਬਰ, ਤਸੱਲੀ) ਸੰਤੁਸ਼ਟ, ਤਸੱਲੀ ਵਿਚ। ਸੰਸਕ੍ਰਿਤ ਸੰਤੋਖ ਤੋਂ ਪੰਜਾਬੀ ਕ੍ਰਿਯਾ ਬਨਾਈ ਗਈ ਹੈ-ਸੰਤੋਖਣਾ ; ਜਿਸ ਦੇ ਅਰਥ ਲਏ ਜਾਂਦੇ ਹਨ : ਰੱਜਣਾ, ਰਜਾਉਣਾ, ਤਸੱਲੀ ਵਿਚ ਕਰ ਦੇਣਾ। (ਅ) ਕਿਸੇ ਕਾਰਜ ਨੂੰ ਪੂਰਾ ਕਰਨਾ[1]।

ਪਿੰਡੁ- (ਸੰਸ:, ਪਿੰਡ = ਕੋਈ ਆਕਾਰ ਵਾਲੀ ਸ਼ੈ। ਪੰਜਾਬੀ ਪਿੰਡ = ਗਿਰਾਂ) ਗਿਰਾਂ, ਥੋੜੀ ਵਸੋਂ ਦਾ ਨਗਰ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੭)

ਪ੍ਰਾਕ੍ਰਥਨ-ਪਿਛਲੇਰੇ ਸ਼ਬਦ ਵਿਚ ਦੇਹ ਤੋਂ ਨਿਕਲੇ ਮਨੂਰ ਮਨ ਦੀ ਸਿਥਿਲ ਅਵਸਥਾ ਦੱਸਕੇ ਨਿਜ ਮਨ ਨੂੰ ਉਪਦੇਸ਼ ਦਿੱਤਾ ਸੀ ਤੇ ਨਿਜ ਮਨ ਤੋਂ ਉਪਲਖਤ ਜੀਵਾਂ ਪ੍ਰਤੀ ਉਪਦੇਸ਼ ਦਿੱਤਾ ਸੀ। ਪਿਛਲੇ ਸ਼ਬਦ ਵਿਚ ਪਿਛਲੇਰੇ ਸ਼ਬਦ ਦੀ ਹੀ ਵਧੇਰੇ ਵਯਾਖਯਾ ਕੀਤੀ ਸੀ। ਹੁਣ ਇਸ ਸ਼ਬਦ ਵਿਚ ਨਿਜ ਮਨ ਨੂੰ 'ਮਿੱਤ੍ਰ ਪਿਆਰਿਆ' ਆਖਕੇ ਜੀਵਾਂ ਪ੍ਰਤਿ ਉਪਦੇਸ਼ ਕਰਦੇ ਹਨ ਕਿ ਦੇਹ ਤੇ ਜੋਬਨ ਦੇ ਖੀਣ ਹੋਣ ਤੇ ਢਲ ਜਾਣ ਤੋਂ ਪਹਿਲਾਂ ਪਰਮਾਤਮ ਦੇਵ ਨੂੰ ਮਿਲ ਪਵੋ, ਜੋ ਮਰਨ ਵੇਲੇ ਸਿਥਿਲ ਮਨ ਵਾਲੇ ਹੋਕੇ ਨਾ ਮਰੋ, ਸਗੋਂ ਸਾਵਧਾਨਤਾ ਵਿਚ ਹੋਕੇ ਐਉਂ ਟੁਰੋ, ਜਿਵੇਂ ਪਰਦੇਸ਼ ਤੋਂ ਆਪਣੇ ਘਰਾਂ ਨੂੰ ਜਾਈਦਾ ਹੈ। ਸ਼ਬਦ ਵਿਚੋਂ ਇਹ ਬੀ ਥਹੁ ਪੈਂਦਾ ਹੈ ਕਿ ਕਿਸੇ ਤਕੜੇ ਵਾਚ ਗਿਆਨੀ ਪੰਡਿਤ ਪ੍ਰਤੀ ਨਾਮ ਤੇ ਸ਼ੁਭ ਕਰਨੀ ਦਾ ਉਪਦੇਸ਼ ਹੋ ਰਿਹਾ ਹੈ :-

[1] ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੇਰ ਰੁਮਾਲਾਂ ਵਿਚ ਪਉਢਾ ਦੇਣ ਨੂੰ ਬੀ ਅਦਬ ਨਾਲ 'ਸੰਤੋਖਣਾ' ਆਖਦੇ ਹਨ।

ਮੂਲ | **ਅਰਥ**

ਸਿਰੀ ਰਾਗੁ ਮਹਲਾ ੧॥

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥ ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥੧॥

ਸੁਣ (ਹੇ ਮੇਰੇ) ਮਨ ! (ਸੁਣ ਹੇ ਮੇਰੇ) ਪਿਆਰੇ ਮਿੱਤ੍ਰ ! (ਵਾਹਿਗੁਰੂ ਜੀ ਨੂੰ) ਮਿਲ, ਇਹੋ ਹਈ ਵੇਲਾ (ਮਿਲਣੇ ਦਾ ; ਮਤ ਮਾਨ ਕਰੇਂ ਦੇਹ ਦਾ) ਇਹ (ਤੇਰਾ) ਤਨ (ਤਾਂ ਕਈ ਚੀਜ਼ਾਂ ਦੀ ਇਕ ਸੰਗ੍ਰਹੀਤ ਵਸਤੂ ਹੈ, ਇਹ ਜੀਉਂਦਾ ਹੈ) ਤਦ ਤਕ ਕਿ ਜਦ ਤਕ (ਇਸ ਵਿਚ) ਸੁਾਸ (ਚਲਦਾ ਹੈ ਤੇ ਇਹ ਕੰਮ ਦਾ ਹੈ ਜਦ ਤਕ ਕਿ ਇਹ) ਦੇਹ ਜੋਬਨ ਵਿਚ ਹੈ। (ਇਸ) ਤਨ (ਨੇ ਮਿੱਟੀ ਦੇ ਘਰ ਵਾਂਙੂ ਅੰਤ ਨੂੰ) ਢਹਿ ਪੈਣਾ ਹੈ (ਤੇ) ਖੇਹ ਦੀ ਢੇਰੀ ਹੋ ਜਾਣਾ ਹੈ। (ਇਹ ਤਾਂ ਤੈਨੂੰ ਗੁਣ ਧਾਰਨੇ ਲਈ ਮਿਲਿਆ ਸੀ) ਬਿਨਾਂ ਗੁਣ (ਧਾਰਨ ਕੀਤੇ ਦੇ ਇਸ ਨੇ ਹੋਰ ਕਿਸੇ) ਕੰਮ ਨਹੀਂਓਂ ਆਉਣਾ ॥ ੧ ॥

ਮੇਰੇ ਮਨ ਲੈ ਲਾਹਾ ਘਰਿ ਜਾਹਿ॥ ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥੧॥ ਰਹਾਉ॥

ਹੇ ਮੇਰੇ ਮਨ ! (ਇਥੇ ਜਦ ਤਕ ਤੂੰ ਹੈਂ ਇਸ ਦੇਹ ਦੇ ਹੋਣ ਦਾ) ਲਾਹਾ ਲੈ ਲੈ (ਤੇ ਲਾਹਾ ਲੈਕੇ ਆਪਣੇ ਪਰਲੋਕ ਰੂਪੀ) ਘਰ ਨੂੰ ਜਾਹ। (ਉਹ ਲਾਹਾ ਐਉਂ ਮਿਲਦਾ ਹੈ ਕਿ) ਗੁਰੂ ਦੁਆਰੇ (ਹਰੀ ਦੇ) ਨਾਮ ਨੂੰ ਸਲਾਹੀਏ (ਤਾਂ ਜੋ) ਹਉਮੈ (ਰੂਪੀ ਤੇਰੀ) ਅੱਗ ਦੂਰ ਹੋ ਜਾਵੇ ॥ ੧ ॥ ਰਹਾਉ ॥

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥ ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ॥੨॥

(ਜੋ ਸ਼ਾਸਤ੍ਰਾਂ ਦੇ ਉਪਦੇਸ਼) ਸੁਣੀਏ, ਸੁਣ ਕੇ (ਉਨ੍ਹਾਂ ਦੇ ਪੂਰਬ ਅਪਰ ਦੇ) ਮੇਲ ਮਿਲਾਪ ਕਰ ਲਈਏ, ਪੜ੍ਹਕੇ ਸਮਝ ਲਈਏ (ਤੇ ਸੁਣਾਈਏ ਬੀ, ਫੇਰ ਸ਼ਾਸਤ੍ਰਾਂ ਵਰਗੇ ਲੇਖ ਆਪ) ਲਿਖਣ ਬੀ ਲੱਗ ਪਈਏ : (ਪਰ ਜੇ) ਦਿਨੇ ਰਾਤ ਬਹੁਤੀ ਤ੍ਰਿਸ਼ਨਾ ਹੀ (ਲਗੀ ਰਹੇ ਤੇ) ਹਉਮੈ ਦਾ ਰੋਗ (ਨਵਿਰਤ ਨਾ ਹੋਵੇ ਤਾਂ ਸਭ ਕੁਛ ਬੇਕਾਰ =) ਬਿਰਥਾ ਜਾਂਦਾ ਹੈ। (ਇਨ੍ਹਾਂ ਦਿਮਾਗ਼ੀ ਸਮਝਾਂ ਮਾਤ੍ਰ ਨਾਲ ਸਾਈਂ ਜਾਚਿਆ ਤੋਲਿਆ ਨਹੀਂ ਜਾ ਸਕਦਾ, ਕਿਉਂਕਿ ਉਹ) ਜਾਚ ਤੋਲ ਤੋਂ ਪਰੇ ਹੈ (ਤੇ) ਬੇਪਰਵਾਹ ਹੈ (ਹਾਂ) ਗੁਰੂ ਦੀ ਮਤਿ ਦੁਆਰਾ (ਉਸ ਦੀ) ਕੀਮਤ ਦੀ ਸੋਝੀ (ਪ੍ਰਾਪਤ ਹੋ ਸਕਦੀ ਹੈ) ॥ ੨ ॥

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥ ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥੩॥

ਜੇ (ਮੈਂ) ਲੱਖਾਂ ਸਿਆਣਪਾਂ (ਬੀ) ਕਰ ਲਵਾਂ, ਲੱਖਾਂ ਨਾਲ ਪਿਆਰ ਤੇ ਮਿਲਾਪ (ਮਿੱਤ੍ਰਤਾ) ਬੀ ਪਾ ਲਵਾਂ, (ਤਦ ਬੀ) ਸਾਧੂ ਦੀ ਸੰਗਤਿ ਬਿਨਾ ਤ੍ਰਿਪਤੀ ਨਹੀਂ ਹੋਣੀ (ਤੇ) ਨਾਮ ਤੋਂ ਬਿਨਾਂ ਦੁਖ ਤੇ ਸੰਤਾਪ (ਨੇ ਬਣੇ ਰਹਿਣਾ) ਹੈ। (ਹੇ ਮੇਰੇ) ਜੀਉੜੇ ! (ਪੱਕ ਜਾਣ ਕਿ) ਗੁਰੂ ਦੁਆਰਾ ਹਰੀ ਦਾ ਜਾਪ ਜਪਕੇ ਆਪਾ ਪਛਾਣੀਏ (ਤਾਂ ਹੀ) ਛੁਟੀਦਾ ਹੈ (ਭਾਵ ਮੁਕਤ ਹੋਈਦਾ ਹੈ) ॥ ੩ ॥

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥

(ਇਹ ਗੱਲ ਵੀਚਾਰਕੇ ਮੈਂ) ਗੁਰੂ ਪਾਸ ਤਨ ਮਨ ਵੇਚ ਦਿੱਤਾ ਹੈ, ਮਨ ਤਾਂ ਦਿੱਤਾ, ਸਿਰੁ (ਬੀ) ਨਾਲਿ ਹੀ ਦੇ ਦਿੱਤਾ,

ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥ ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥੪॥੧੭॥	(ਤਦ ਮੈਂ) ਜਿਸ ਨੂੰ ਤਿੰਨਾਂ ਲੋਕਾਂ ਵਿਚ ਖੋਜਿਆ ਤੇ ਢੂੰਡਿਆ ਸੀ (ਪਰ ਪਾਇਆ ਨਹੀਂ ਸੀ) ਗੁਰੂ ਦੁਆਰਾ ਕੀਤੀ ਖੋਜ ਦੁਆਰੇ (ਉਸ ਨੂੰ ਮੈਂ) ਦੇਖ ਲਿਆ। (ਹਾਂ ਜੀਓ ਇਹ) ਮੇਲ (ਮੈਨੂੰ) ਸਤਿਗੁਰੂ ਨੇ ਮਿਲਾਇਆ ਹੈ, (ਹੁਣ ਮੈਂ ਹਰ ਵੇਲੇ) ਉਸ ਪ੍ਰਭੂ ਨੂੰ ਨਾਲ (ਦੇਖਦਾ ਹਾਂ, ਦੱਸਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥ ੪ ॥ ੧੭ ॥

ਵਜਾਖਜਾ–ਸੁਗਮ ਹੈ।

ਨਿਰੁਕ੍ਤ–ਤਨੁ– (ਫ਼ਾ:,) ਸਰੀਰ।

ਦੇਹ– (ਸੰਸ:, ਦੇਹਨਿ੍ = ਸਰੀਰ। ਧਾਤੂ 'ਦਿਹ੍' = ਵਧਾਉਣਾ) ਸੰਗ੍ਰਹੀਤ ਵਸਤੂ। ਕੱਠੀ ਕੀਤੀ ਹੋਈ ਸ਼ੈ, ਸਰੀਰ।

ਘਰਿ– (ਸੰਸ:, ਗ੍ਰਿਹੰ। ਪੰ:, ਘਰ) ਮਕਾਨ ਵਿਚ, ਘਰ ਵਲ, ਭਾਵ ਪ੍ਰਲੋਕ। ਪ੍ਰਲੋਕ ਐਉਂ ਜਾਹ ਜਿਵੇਂ ਘਰ ਜਾਈਦਾ ਹੈ।

ਨਿਵਰੀ– (ਸੰਸ:, ਨਿਰ੍ਵ੍ਰਿਤ੍) (ਤੇਰੀ) ਮੁੱਕ ਜਾਵੇ। ਦੂਰ ਹੋ ਜਾਵੇ।

ਭਾਹਿ– (ਦੇਖੋ ਪਿੱਛੇ ਨਿਰੁਕ੍ਤ ੧੪ਵੇਂ ਸ਼ਬਦ ਦੀ, ਪੰਨਾ ੨੮੧) ਅੱਗ।

ਗੰਢਣੁ– (ਸੰਸ:, ਗ੍ਰੰਥਨੰ। ਪੰ:, ਗੰਢਣਾ) ਕੱਠਾ ਕਰਨਾ।

ਬੁਝਹਿ– (ਪੰ:, ਬੁਝਣਾ) ਸਮਝਣਾ। (ਅ) ਐਉਂ ਬੀ ਕਰਦੇ ਹਨ : (ਪੰ:, ਬੋਝਾ ਤੋਂ ਕ੍ਰਿਯਾ ਬੁਝਣਾ) ਭਾਰ ਚੁੱਕਣਾ। ਬੁਝਹਿ ਭਾਰੁ = ਭਾਰ ਦਾ ਬੋਝ ਉਠਾਉਣਾ।

ਵਿਕਾਰੁ– (ਫ਼ਾ:, ਬੇਕਾਰ) ਨਿਕੰਮਾ, ਫਜ਼ੂਲ, ਬਿਰਥਾ।

ਸਾਰੁ– (ਦੇਖੋ ਪਿਛਲੇ ਸ਼ਬਦ ਦੀ ਨਿਰੁਕ੍ਤ) ਸੋਝੀ। ਕੀਮਤਿ ਸਾਰੁ = ਕੀਮਤ ਦੀ ਸੋਝੀ। ਭਾਵ ਉਸ ਦੀ ਕਦਰ ਪੈ ਸਕਦੀ ਹੈ।

ਧ੍ਰਾਪੀਆ– (ਸੰਸ:, ਤ੍ਰਿਪਤ) ਤ੍ਰਿਪਤੀ (ਨਹੀਂ) ਹੋਣੀ ਯਾ ਹੁੰਦੀ।

ਚੀਨੈ–ਪਛਾਣੇ।

ਨਿਹਾਲਿ– (ਸੰਸ:, ਨਿਭਾਲਨੰ। ਪ੍ਰਾਕ੍ਰਿਤ, ਨਿਹਾਲਿਅ। ਪੁ: ਪੰਜਾਬੀ, ਨਿਹਾਲਨਾ। ਹਿੰਦੀ, ਨਿਹਾਰਨਾ) ਦੇਖ ਲਿਆ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੮)

ਪ੍ਰਾਕ੍ਥਨ–ਪਿਛਲੇ ਸ਼ਬਦ ਵਿਚ ਜੁਆਨੀ ਤੇ ਜੋਬਨ ਦੇ ਢਲ ਤੇ ਢਹਿ ਜਾਣ ਵਲ ਧਿਆਨ ਦੁਆਕੇ 'ਹੁਣੇ' ਸਿਮਰਨ ਕਰਨੇ ਦਾ ਉਪਦੇਸ਼ ਦਿੱਤਾ ਸੀ। ਇਸ ਸ਼ਬਦ ਵਿਚ ਪਿੱਛੇ ਕਹੇ ਤ੍ਰੀਕੇ ਨਾਲ ਬਣ ਗਏ ਗੁਰਮੁਖਿ ਦੀ 'ਗਿਆਨ ਅਵਸਥਾ' ਤੇ 'ਪ੍ਰਾਪਤੀ ਦਾ ਪ੍ਰਕਾਰ' ਦੱਸਦੇ ਹਨ। ਅੰਕ ੩ ਤਕ ਇਹ ਵਿਸ਼ਯ ਹੈ। ਅੰਕ ੪-੫ ਵਿਚ ਅਗਜਾਨ ਵੱਸ ਪਏ ਮਨਮੁਖ ਦੀ ਦਸ਼ਾ ਤੇ ਉਸ ਦੇ ਉੱਧਾਰ ਦਾ ਪ੍ਰਕਾਰ ਦੱਸਦੇ ਹਨ।

ਮੂਲ

ਸਿਰੀ ਰਾਗੁ ਮਹਲਾ ੧॥

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥ ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ॥੧॥

ਜੀਅਰੇ ਰਾਮ ਜਪਤ ਮਨੁ ਮਾਨੁ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥ ੧॥ਰਹਾਉ॥

ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ॥ ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ॥ ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥੨॥

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸ॥ ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ॥੩॥

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ॥

ਅਰਥ

(ਅਰਥ ਰਹਾਉ ਦੀ ਦੂਸਰੀ ਤੁਕ ਤੋਂ ਟੁਰੇਗਾ)

੫. (ਜਦ ਦਾ) ਗੁਰੂ ਦੁਆਰੇ ਗਿਆਨ ਪ੍ਰਾਪਤ ਹੋਇਆ ਹੈ (ਤਦ ਦੀ) ਅੰਦਰ (ਜੋ ਤ੍ਰਿਸ਼ਨਾ ਰੂਪੀ) ਜਲਨ ਲੱਗੀ ਹੋਈ ਸੀ ਬੁਝ ਗਈ ਹੈ। ੧. (ਸਰੀਰ ਦੇ) ਮਰ ਜਾਣੇ ਦੀ (ਕੋਈ) ਚਿੰਤਾ ਨਹੀਂ ਰਹੀ. (ਜੀਉਂਦੇ ਹੀ ਰਹੀਏ ਐਸੀ) ਜੀਵਨੇ ਦੀ ਆਸਾ (= ਵਾਸ਼ਨਾ ਕੋਈ) ਨਹੀਂ ਰਹੀ। ੨. (ਇਹ ਨਿਸਚਾ ਦ੍ਰਿੜ੍ਹ ਹੋ ਗਿਆ ਹੈ ਕਿ ਹੇ ਸਾਈਂ !) ਤੂੰ ਸਾਰੇ ਜੀਵਾਂ ਦੀ ਪ੍ਰਤਿਪਾਲਾ ਕਰ ਰਿਹਾ ਹੈਂ, (ਸਭ ਦੇ) ਸੁਆਸ ਤੇ ਗਿਰਾਸ (ਤੇਰੇ) ਲੇਖੇ ਵਿਚ ਹਨ। (ਭਾਵ- ਜਿਤਨਾ ਚਿਰ ਜੀਉਣਾ ਹੈ ਤੇ ਜਿਤਨਾ ਕੁਛ ਭੋਗਣਾ ਭੁੰਚਣਾ ਹੈ ਤੂੰ ਸਭ ਲਈ ਮੁਕਰਰ ਕਰ ਛੋਡਿਆ ਹੈ। ਫਿਰ ਇਹ ਸਮਝ ਬੀ ਪੈ ਗਈ ਹੈ ਕਿ) ਤੂੰ ਗੁਰਮੁਖ ਦੇ ਅੰਦਰ ਵਸ ਜਾਂਦਾ ਹੈ ਤੇ ਜਿਵੇਂ ਤੈਨੂੰ ਭਾਉਂਦਾ ਹੈ ਤਿਵੇਂ (ਉਸ ਨੂੰ) ਸਾਰ ਸਿਧਾਂਤ (ਸੁਝਾ ਦੇਂਦਾ ਹੈਂ) ॥ ੧ ॥

(ਹੇ ਮੇਰੇ) ਜੀਅਰੇ (ਇਹ) ਮਾਨੁ (= ਮੰਨਨ) ਰਾਮ (ਦਾ ਨਾਮ) ਜਪਦਿਆਂ (ਹੀ) ਮਨ ਨੂੰ (ਪ੍ਰਾਪਤ ਹੁੰਦਾ) ਹੈ।

(ਪ੍ਰਸ਼ਨ :- ਇਹ ਮਨ ਦੇ ਮੰਨਨ ਦੀ ਅਰਥਾਤ ਤਸੱਲੀ ਪਾ ਜਾਣ ਦੀ ਅਵਸਥਾ ਕਿਵੇਂ ਪ੍ਰਾਪਤ ਹੁੰਦੀ ਹੈ ? ਉੱਤਰ :) (ਜਦ ਦਿਲੋਂ ਸਭ) ਸ਼ੰਕਾ ਦੂਰ ਕਰਕੇ ਗੁਰੂ ਨੂੰ ਮਿਲ ਪਈਏ ਤਾਂ ਅਪਣੇ ਅੰਦਰ ਦੀ ਹਾਲਤ ਨੂੰ ਸਮਝ ਲਈਦਾ ਹੈ[1]। (ਅੰਤਰ ਦੀਆਂ ਗਤੀਆਂ ਦਾ ਜਾਣੂ ਕਰਾਕੇ ਗੁਰੂ ਫੇਰ ਸਿੱਖ ਨੂੰ ਦੱਸਦਾ ਹੈ ਕਿ) ਮਰ ਕੇ ਜਿਸ ਘਰ ਵਿਚ (ਚਾਹੁੰਦੇ ਹੋ ਕਿ) ਜਾਈਏ, ਉਸ (ਘਰ) ਵਿਚ ਜੀਉਂਦਿਆਂ ਹੀ ਪਹੁੰਚ ਪਓ (ਕਿਵੇਂ ? ਉੱਤਰ:) ਜੀਉਂਦਿਆਂ ਮਰ ਜਾਣ ਵਾਲੀ ਮੌਤੇ ਆਪ ਨੂੰ ਮਾਰ ਕੇ, (ਫਿਰ ਉਸੇ) ਗੁਰੂ ਦੀ ਵੀਚਾਰ ਦੁਆਰਾ ਸੁਹਾਵਣੇ ਅਨਾਹਦ ਸ਼ਬਦ ਪ੍ਰਾਪਤ ਕਰੀਦੇ ਹਨ ॥ ੨ ॥

(ਕਿਉਂ ਅਨਹਦ ਸ਼ਬਦ ਪ੍ਰਾਪਤ ਕਰੀਏ ? ਉੱਤਰ : ਜੇ) ਅਨਹਦ ਬਾਣੀ ਪਾ ਲਈਏ ਤਾਂ ਓਥੇ (ਭਾਵ ਓਸ ਅਵਸਥਾ ਵਿਚ) ਹਉਮੈ ਨਾਸ ਹੋ ਜਾਂਦੀ ਹੈ। (ਇਸ ਲਈ ਭਾਈ ! ਜੋ ਪੁਰਖ) ਆਪਣੇ ਸਤਿਗੁਰੂ ਦੀ ਸੇਵਾ ਕਰਦਾ ਹੈ, ਮੈਂ ਉਸ ਤੋਂ ਸਦਾ ਸਦਕੇ ਜਾਂਦਾ ਹਾਂ। (ਕਿਉਂਕਿ ਗੁਰੂ ਨੂੰ ਪ੍ਰਾਪਤ ਪੁਰਖ ਦੇ ਮੂੰਹ ਵਿਚ ਹਰੀ-ਨਾਮ ਦਾ ਨਿਵਾਸ ਹੁੰਦਾ ਹੈ, ਤੇ ਜਿਸ ਦੇ) ਮੂੰਹ ਵਿਚ ਹਰੀ ਦੇ ਨਾਮ ਦਾ ਨਿਵਾਸ ਹੁੰਦਾ ਹੈ (ਉਸ ਨੂੰ) ਦਰਗਾਹੇ ਲਿਜਾਕੇ ਖ਼ਿਲਅਤਾਂ ਪਹਿਨਾਉਂਦੇ ਹਨ ॥ ੩ ॥

(ਹੁਣ ਮਨਮੁਖ ਦੀ ਦਸ਼ਾ ਦੱਸਦੇ ਹਨ : ਨਾਮੀ ਪੁਰਖਾਂ ਨੂੰ ਛੱਡਕੇ ਜਦ ਮੈਂ ਜਗਤ ਵਿਚ) ਜਿਧਰ (ਵੀ) ਨਜ਼ਰ ਮਾਰਦਾ

[1]ਭਾਵ ਗੁਰੂ ਅਪਣੇ ਮਨ ਨੂੰ ਖੋਜਣ, ਜੋਖਣ, ਸਮਝਣ ਦੀ ਸੋਝੀ ਦੇ ਦੇਂਦਾ ਹੈ।

ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ॥੪॥

ਹਾਂ ਸ਼ਿਵ ਤੇ ਸ਼ਕਤੀ ਦਾ ਮੇਲ ਹੈ (ਤੇ ਜੀਵ, ਉਸ ਮੇਲ ਵਿਚ) ਰਵ ਰਹੇ ਹਨ (ਭਾਵ ਜੜ੍ਹ ਚੇਤਨ ਦੇ ਮਿਲਾਪ ਤੋਂ ਜੋ ਜਗਤ ਬਣਿਆ ਹੈ ਜੀਵ ਉਸ ਵਿਚ ਹੀ ਰਚੇ ਹੋਏ ਹਨ। ਜਗਤ ਚੂੰਕਿ ਤ੍ਰਿਗੁਣਾਤਮਿਕ ਹੈ, ਸੋ ਸਾਡੀ) ਦੇਹ ਬੀ ਤਿੰਨਾਂ ਗੁਣਾਂ ਨਾਲ ਬੱਧੀ ਪਈ ਹੈ, (ਤ੍ਰੈ-ਗੁਣ ਦੇਸ਼ਕਾਲ ਵਿਚ ਹਨ ਸੋ ਦੇਹ ਬੀ ਦੇਸ਼ਕਾਲ ਵਿਚ ਹੈ, ਇਸ ਲਈ ਜੋ ਕੋਈ ਇਸ) ਜਗਤ ਵਿਚ ਆਇਆ ਹੈ (ਉਸ ਦਾ ਆਉਣਾ ਦੇਸ਼ਕਾਲ ਦੀ) ਖੇਲ ਮਾਤ੍ਰ ਹੈ। (ਇਉਂ) ਮਨਮੁਖੀਏ (ਮਾਯਾ ਰੁਖ਼ੀਏ ਹੋਣ ਕਰਕੇ ਕਰਤਾ ਪੁਰਖ ਤੋਂ) ਵਿਛੁੜੇ ਰਹਿੰਦੇ ਹਨ ਤੇ ਵਿਜੋਗੀ ਹੋਣ ਕਰਕੇ ਦੁਖ ਵਿਚ ਰਹਿੰਦੇ ਹਨ, (ਉਹਨਾਂ ਨੂੰ ਕਰਤਾਰ ਦਾ) ਮੇਲ ਪ੍ਰਾਪਤ ਨਹੀਂ ਹੁੰਦਾ ॥ ੪ ॥

ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ॥ ਗਿਆਨ ਮਹਾ ਰਸੁ ਭੋਗਵੈ ਬਾਹੁੜਿ ਭੂਖ ਨ ਹੋਇ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ॥੫॥੧੮॥

(ਪ੍ਰਸ਼ਨ:- ਐਸਿਆਂ ਦਾ ਕਲਜਾਣ ਕੀਕੂੰ ਹੋਵੇ ? ਉੱਤਰ :) (ਜੇ ਮਨਮੁਖ ਦਾ) ਮਨ ਸਚ (= ਸਤਜ ਸਰੂਪ) ਦੇ ਭੈ ਵਿਚ ਰਚ ਜਾਵੇ (ਤੇ ਮਾਇਆ ਦੇ ਮੋਹ ਤੋਂ) ਵੈਰਾਗਵਾਨ ਹੋ ਜਾਵੇ (ਤੇ ਅਪਨੇ) ਸਰੂਪ ਵਿਚ ਵਾਸਾ ਪਾ ਲਵੇ (ਉਹ ਵਾਹਿਗੁਰੂ ਜੀ ਦੇ) ਗਿਆਨ ਦੇ ਮਹਾਂ ਰਸ ਨੂੰ ਭੋਗੇਗਾ, ਉਸ ਨੂੰ ਮੁੜਕੇ (ਤ੍ਰਿਸ਼ਨਾ ਰੂਪੀ) ਭੁੱਖ ਨਹੀਂ ਲਗੇਗੀ। (ਇਸ ਕਰਕੇ ਗੁਰੂ) ਨਾਨਕ (ਦੇਵ ਜੀ ਤੈਨੂੰ ਸੁਮਤਿ ਦੇਂਦੇ ਹਨ ਕਿ ਹੇ ਜੀਵ ! ਅਪਨੇ ਮਾਇਆ ਰੱਤੇ) ਇਸ ਮਨ ਨੂੰ ਮਾਇਆ ਵੱਲੋਂ ਮਾਰ ਕੇ (ਕਲਜਾਣ ਸਰੂਪ ਨੂੰ) ਮਿਲ ਪਉ, ਫਿਰ (ਕਦੇ ਤੈਨੂੰ) ਦੁੱਖ ਨਹੀਂ ਹੋਵੇਗਾ ॥ ੫ ॥ ੧੮ ॥

ਵਜਾਖਜਾ-ਸਪਸ਼ਟ ਹੈ।

ਨਿਰੁਕ੍ਤ-ਸਾਸ ਗਿਰਾਸਿ-(ਸੰਸ:, ਸ੍ਵਾਸ, ਗ੍ਰਾਸ :) ਸ੍ਵਾਸ ਤੇ ਗ੍ਰਾਹੀਂ। ਮੁਹਾਵਰਾ ਹੈ ਜਿਸ ਦਾ ਭਾਵ ਹੈ 'ਸਦਾ ਹੀ'। ਸਾਹ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ, ਹਰ ਹਾਲਤ ਵਿਚ।

(ਅ) 'ਸੁਆਸ ਪਰ ਸ੍ਵਾਸ' ਬੀ ਖ਼ਿਆਲ ਕਰਦੇ ਹਨ।

ਨਿਰਜਾਸ-(ਸੰਸ:, ਨਿਰ੍ਯਾਸ : = ਬ੍ਰਿਛ ਦਾ ਗੋਂਦ ਵਰਗਾ ਚੋਇਆ ਰਸ) ਸਾਰ, ਸਿੱਧਾਂਤ।

(ਅ) (ਸੰਪ੍ਰਦਾ) ਨਿਰਣਯ।

ਇਸ ਤੁਕ ਵਿਚ ਭਾਵ ਇਹ ਹੈ ਕਿ ਗੁਰਮੁਖ ਦੇ ਅੰਦਰ ਕੀ ਕਰਨਾ ਉਚਿਤ ਹੈ ਕੀ ਨਹੀਂ, ਕੀ ਸੱਤਿ ਹੈ ਕੀ ਅਸੱਤਿ ਹੈ ਦਾ ਨਿਰਣਾ ਸੁਝਾ ਦੇਂਦਾ ਹੈ।

(ੲ) ਇਸ ਤੁਕ ਦਾ ਅਰਥ ਐਉਂ ਬੀ ਕਰਦੇ ਹਨ : ਗੁਰਮੁਖਾਂ ਨੇ ਤੈਨੂੰ ਦੇਹ ਦੇ ਅੰਦਰ ਹੀ ਵਸਦਾ ਜਾਣ ਲਿਆ ਹੈ, ਜਿਸ ਤਰ੍ਹਾਂ ਤੈਨੂੰ ਭਾਵੇ ਤੂੰ ਨਿਰਣਯ ਕਰਦਾ ਹੈਂ। ਅਥਵਾ ਤੂੰ ਨਿਰਣਯ ਕਰਕੇ ਦੇਖ ਲੈ।

[1]ਅਥਵਾ- ਜਗਤ ਸ਼ਿਵ ਸ਼ਕਤੀ ਦਾ ਮੇਲ ਹੈ ਤੇ ਵਿਚ ਰਵ ਰਹੇ ਹਨ ਸਾਈਂ ਜੀ।

ਮਨ ਮਾਨੁ- ਇਸ ਦਾ ਅਰਥ ਐਉਂ ਬੀ ਲਾਉਂਦੇ ਹਨ। ਹੇ ਜੀਵ ! ਰਾਮ ਦਾ ਨਾਮ ਜਪਣ ਕਰਕੇ ਮਨ ਮੰਨਦਾ ਭਾਵ ਪਤੀਜਦਾ ਹੈ।

ਜਲਿ- (ਸੰਸ:, ਜ੍ਵਲ੍=ਬਲਨਾ, ਚਮਕਣਾ) ਜਲਨ, ਸਾੜ। (ਸੰਪ੍ਰਦਾ ਜ੍ਵਾਲਾ=ਲਾਟ) ਅਗਨੀ ਭਾਵ ਹੈ ਤ੍ਰਿਸ਼ਨਾ ਦੀ ਜਲਨ ਯਾ ਤ੍ਰਿਸ਼ਨਾ ਰੂਪੀ ਅਗਨੀ।

ਸੰਕ ਉਤਾਰਿ- ਸ਼ੱਕ ਸ਼ੁਭੇ ਤੇ ਸੰਗ ਦੂਰ ਕਰਕੇ।

ਮਰੁ ਮਾਰਿ- ਇਸ ਦੇ ਅਰਥ ਐਉਂ ਬੀ ਲਾਉਂਦੇ ਹਨ:- ਮਰੁ = ਜਮ; ਮਾਰਿ = ਮਾਰ ਕੇ = ਜੀਉਂਦਿਆਂ ਹੀ ਜਮ ਨੂੰ ਮਾਰੋ। ਭਾਵ ਜੀਉਂਦੇ ਜੀ ਐਸੀ ਧਾਰਨਾ ਕਰੋ ਕਿ ਮਰਕੇ ਜਮ ਦੇ ਵੱਸ ਨਾ ਪਓ। ਸੰਪ੍ਰਦਾ ਵਿਚ 'ਮਰੁ ਮਾਰਿ' ਪਦ ਨੂੰ ਇਕ ਮੰਨਕੇ ਇਸ ਦਾ ਅਰਥ ਕਰਦੇ ਹਨ : ਪ੍ਰਾਪਤ ਹੋ ਜਾਓ। ਅਥਵਾ 'ਮਰੁ' = ਕਾਮਾਦਿਕਾਂ ਨੂੰ ਮਾਰ ਲਓ। ਇਸ ਤੁਕ ਦਾ ਐਉਂ ਬੀ ਅਰਥ ਲਾਉਂਦੇ ਹਨ :-ਜਿਸ ਘਰ ਵਿਚੋਂ ਮਰਕੇ ਤੁਰ ਜਾਣਾ ਹੈ, ਉਸ ਘਰ ਵਿਚ ਜੀਉਂਦੇ ਹੁੰਦਿਆਂ ਹੀ (ਆਪਣੇ ਆਪ ਨੂੰ) ਮਾਰ ਕੇ ਮਰ ਜਾਹ।

ਘਰਿ- ਘਰ ਵਿਚ, ਟਿਕਾਣੇ।

ਅਨਹਦ ਸ਼ਬਦ- (ਸੰਸ:, ਅਨਾਹਤ = ਜੋ ਆਘਾਤ (ਚੋਟ) ਤੋਂ ਬਿਨਾਂ ਸ਼ਬਦ ਹੋਵੇ) ਸ਼ਬਦ ਯਾ ਨਾਦ ਦੀ ਇਹ ਕਿਸਮ ਸੰਗੀਤ ਵਾਲੇ ਮੰਨਦੇ ਹਨ। ਜੋ ਦੋ ਚੀਜ਼ਾਂ ਦੇ ਪਰਸਪਰ ਵੱਜਣ ਯਾ ਫਟਣ ਤੋਂ ਬਿਨਾਂ ਹੋਵੇ, ਉਹ ਸ਼ਬਦ ਮਾਨੋਂ ਅਰੂਪ ਵਸਤੂ ਹੈ। 'ਸ਼ਬਦ' ਯੋਗ ਵਾਲੇ ਕੰਨ ਬੰਦ ਕਰਕੇ ਸੁਣੇ ਜਾਣ ਵਾਲੇ ਸ਼ਬਦ ਨੂੰ ਕਹਿੰਦੇ ਹਨ। ਗੁਰਬਾਣੀ ਵਿਚ ਇਹ ਦਸਮ ਦੁਆਰ ਵਿਚ ਅਨੁਭਵ ਹੋਣ ਵਾਲੇ ਸ਼ਬਦ ਦਾ ਨਾਮ ਹੈ, ਜੋ ਰਸਮਜ ਹੈ ਤੇ ਜਿਸ ਦੀ ਨਿਸ਼ਾਨੀ ਇਥੇ ਇਹ ਦੱਸੀ ਹੈ ਕਿ ਹਉਮੈ ਦਾ ਨਾਸ਼ ਕਰਦਾ ਹੈ ਇਹ ਸ਼ਬਦ। ਆਨੰਦ ਬਾਣੀ ਵਿਚ ਦੱਸਿਆ ਹੈ ਕਿ ਇਸ ਸ਼ਬਦ ਦੀ ਪ੍ਰਾਪਤੀ ਨਾਲ ਪੰਚ ਦੂਤ ਵੱਸ ਹੋ ਜਾਂਦੇ ਹਨ :-

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ
ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ (ਅਨੰਦ-੫)

ਇਸ ਦੀ ਪ੍ਰਾਪਤੀ ਦਾ ਸਾਧਨ ਗੁਰਬਾਣੀ ਵਿਚ ਨਾਮ ਦਾ ਅਭ੍ਯਾਸ ਲਿਖਿਆ :-

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ (ਸੁਖਮਨੀ, ੧-੨)

ਅਨਹਦ ਬਾਣੀ ਦਾ ਮਤਲਬ ਬੀ ਅਨਹਦ ਸ਼ਬਦ ਹੀ ਹੈ।

(ਅ) ਅਨ+ਹਦ = ਜਿਸ ਦੀ ਹੱਦ ਨਾ ਹੋਵੇ। ਭਾਵ ਲਗਾਤਾਰਤਾ ਵਾਲਾ। ਨਾਮ ਦਾ ਸਿਮਰਣ ਜਦ ਲਗਾਤਾਰੀ ਹੋ ਜਾਵੇ, ਬ੍ਰਿਤੀ ਤੇਲ ਧਾਰਾ ਵਤ ਇਕ ਪ੍ਰਵਾਹ ਵਿਚ ਟੁਰੇ, ਤਦ ਦੇ ਹੋ ਰਹੇ ਨਾਮ ਨੂੰ ਅਨਹਦ ਸ਼ਬਦ ਕਹਿ ਲੈਂਦੇ ਹਨ।

(ੲ) ਅਨਹਦ ਸ਼ਬਦ ਦਾ ਅਰਥ-ਹਦ ਰਹਿਤ ਪਰਮਾਤਮਾ ਯਾ ਸ਼ਬਦ ਬ੍ਰਹਮ ਬੀ ਕਰਦੇ ਹਨ।

ਤਾਸੁ- ਉਸ ਦੇ। ਖੜਿ- (ਪੰ:, ਖੜਨਾ ਤੋਂ) ਲੈ ਜਾ ਕੇ।

ਪੈਨ੍ਹਾਈਐ- ਪਹਿਨਾਇਆ ਜਾਂਦਾ ਹੈ। ਭਾਵ ਖ਼ਿਲਅਤ ਪਹਿਰਾਏ ਜਾਂਦੇ ਹਨ।

ਸਿਵ ਸਕਤੀ- (ਸੰਸ:, ਸ਼ਿਵ: = ਕਲਜਾਨ ਸਰੂਪ, ਸ਼ੁਧ ਬ੍ਰਹਮ, ਸ਼ਕ੍ਤਿ :=ਬ੍ਰਹਮ ਦੀ ਸ਼ਕਤੀ, ਯਾ ਤਾਕਤ। ਗਯਾਨੀ ਮਾਯਾ ਭਾਵ ਲੈਂਦੇ ਹਨ, ਸਾਂਖੀ ਪ੍ਰਕ੍ਰਿਤੀ ਭਾਵ ਲੈਂਦੇ ਹਨ) ਭਾਵ ਹੈ ਚੇਤਨ ਤੇ ਜੜ ਤੋਂ। ਚੇਤਨ ਅਚੇਤਨ ਤੋਂ, ਸਦਾ ਥਿਰ ਆਤਮ ਸਰੂਪ ਹਸਤੀ ਤੋਂ, ਜੋ ਨਿਰਲੇਪ, ਅਟੰਕ, ਪਰੇ ਤੋਂ ਪਰੇ ਹੈ। ਸ਼ਕਤੀ = ਉਸੇ ਦੀ ਉਹ ਸੱਤਜਾ ਜੋ ਸੰਸਾਰ ਰਚਨਾ ਕਰਦੀ, ਸੰਭਾਲਦੀ ਤੇ ਟੋਰਦੀ ਹੈ।

ਬੈਰਾਗੀ- ਵੈਰਾਗ ਵਾਲਾ। ਭਾਵ ਹੈ ਮਨ ਮੋਹ ਮਾਯਾ ਤੋਂ ਵੈਰਾਗੀ ਹੋਕੇ ਨਿਜ ਸਰੂਪ ਵਿਚ ਟਿਕੇ। (ਅ) ਐਉਂ ਬੀ ਭਾਵ ਕੱਢਦੇ ਹਨ, ਕਿ ਮਨ ਜੋ ਬੈਰਾਗੀ ਸਾਧੂਆਂ ਵਾਂਙੂ ਘੁੰਮਦਾ ਹੀ

ਰਹਿੰਦਾ ਹੈ, ਉਹ ਨਿਜ ਘਰ ਵਿਚ ਵਸੇ, ਭਾਵ ਆਪਣੇ ਆਪ ਵਿਚ ਟਿਕ ਜਾਵੇ।

ਭੀ– ਤਸੱਲੀ ਵਾਚਕ ਪਦ। ਫੇਰ, ਮੁੜਕੇ, ਨਿਸਚੇ।

(ਸਿਰੀ ਰਾਗੁ ਮਹਲਾ ੧, ਚਉਪਦਾ- ੧੯)

ਪ੍ਰਾਕ੍ਰਥਨ–ਗੁਰਮੁਖ ਤੇ ਮਨਮੁਖ ਦਾ ਸੁਖੀ ਦੁਖੀ ਹੋਣਾ ਦੱਸਕੇ ਗੁਰਮੁਖ ਬਣਨੇ ਦੀ ਜਾਚ ਸਿਖਾਈ ਹੈ, ਮਨ ਨੂੰ ਸੰਬੋਧਨ ਕਰਕੇ ਭੁੱਲੇ ਜਗਤ ਨੂੰ, ਜੋ ਲੋਭ ਦੇ ਵਿਸ਼ੇਸ਼ ਕਾਰਣ ਕਰਕੇ ਹਉਮੈ ਆਦਿ ਤੋਂ ਨਹੀਂ ਛੁਟਦਾ।

ਮੂਲ	ਅਰਥ
ਸਿਰੀ ਰਾਗੁ ਮਹਲਾ ੧॥ ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥ ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥	ਇਹ ਮਨ ਹੀ ਲੋਭੀ ਹੈ ਜੋ ਪਦਾਰਥਾਂ ਦੇ ਲੋਭ ਵਿਚ ਲਗ ਰਿਹਾ ਹੈ (ਇਸ ਕਰਕੇ ਇਹ ਮਨ) ਮੂਰਖ ਹੈ (ਜੋ ਨਹੀਂ ਸਮਝਦਾ ਕਿ ਇਸ ਤਰ੍ਹਾਂ ਮੈਂ ਸਾਕਤਾ, ਸਾਈਂ ਤੋਂ ਟੁੱਟਾ ਯਾ) ਮਾਇਆ ਵਿਚ ਰੱਤਾ ਦੁਰਮਤੀਆ (ਬਣ ਰਿਹਾ ਹਾਂ, ਜਿਸ ਕਰਕੇ) ਜਨਮ ਮਰਨ ਬਣਿਆ ਰਹਿਣਾ ਹੈ। (ਜਨਮ ਮਰਣ ਮੇਟਣ ਵਾਲਾ ਸ਼ਬਦ ਹੈ, ਇਹ ਦੁਰਮਤੀਆ ਉਸ) ਸ਼ਬਦ ਵਿਚ ਨਹੀਂ ਭਿੱਜਦਾ। (ਫਿਰ ਇਹ ਨਹੀਂ ਸਮਝਦਾ ਕਿ) ਜੇ ਸ੍ਰੇਸ਼ਟ ਸਤਿਗੁਰੂ ਮਿਲ ਪਵੇ ਤਾਂ ਗੁਣਾਂ ਦੇ ਭੰਡਾਰ (ਅਕਾਲ ਪੁਰਖ) ਨੂੰ ਪਾ ਲਈਦਾ ਹੈ ॥੧॥
ਮਨ ਰੇ ਹਉਮੈ ਛੋਡਿ ਗੁਮਾਨੁ॥ ਹਰਿਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ ਰਹਾਉ॥	ਹੇ (ਮੇਰੇ) ਮਨ ! (ਮੇਰੀ ਸੁਮਤਿ ਲੈ ਤੇ) ਹਉਮੈ ਹੰਕਾਰ ਨੂੰ ਛੋਡ ਦੇਹ ਤੇ ਹਰੀ (ਰੂਪ) ਗੁਰੂ (ਦੀ ਸ਼ਰਨ ਪ੍ਰਾਪਤ ਹੋ ਕੇ ਉਸ) ਦੀ ਸੇਵਾ ਕਰ। (ਗੁਰੂ ਇਕ ਪਾਵਨ ਕਰਨੇ ਵਾਲਾ) ਸਰੋਵਰ ਹੈ (ਜਿਸ ਦੀ ਸੇਵਾ ਕਰਨੇ ਤੇ ਤੂੰ ਸ਼ੁਧ ਹੋ ਕੇ) ਦਰਗਾਹ ਵਿਚ ਮਾਨ ਪਾਵੇਂਗਾ ॥੧॥ ਰਹਾਉ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥ ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥ ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥	ਹਾਂ, ਦਿਨੇ ਰਾਤ ਗੁਰੂ ਦੁਆਰਾ ਨਾਮ ਜਪ (ਤੇ ਇਸ ਨਾਮ ਜਪ ਨੂੰ) ਹਰੀ (ਰੂਪੀ) ਧਨ ਜਾਣ (ਭਾਵ ਇਸ ਨੂੰ ਸੱਚਾ ਧਨ ਸਮਝਕੇ ਇਸ ਦਾ ਲੋਭ ਕਰ। ਧਨ ਦਾ ਲੋਭ ਸੁਖਾਂ ਤੇ ਭੋਗਾਂ ਲਈ ਕਰੀਦਾ ਹੈ, ਸੋ ਤੂੰ) ਸੰਤ-ਸਭਾ ਵਿਚ ਮਿਲਕੇ ਗਯਾਨ (ਗੋਸ਼ਟ ਕਰਨੀ ਤੇ) ਹਰੀ (ਨਾਮ ਦਾ) ਰਸ (ਮਾਣਨੇ) ਨੂੰ 'ਸਰਬ ਸੁਖ' ਭੋਗਣ (ਤੁੱਲ ਸਮਝ ਲੈ)। (ਜਿਨ੍ਹਾਂ ਨੂੰ) ਸਤਿਗੁਰੂ ਨੇ ਨਾਮ ਦਿੱਤਾ ਹੈ (ਉਨ੍ਹਾਂ ਨੇ) ਦਿਨੇ ਰਾਤ (ਗਲ ਕੀਹ) ਸਦੀਵ ਹੀ ਹਰੀ ਪ੍ਰਭੂ ਨੂੰ ਸੇਵਿਆ ਹੈ ॥੨॥
ਕੂਕਰ ਕੂੜੁ ਕਮਾਈਐ ਗੁਰਨਿੰਦਾ ਪਚੈ ਪਚਾਨੁ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥	(ਇਹ ਤਾਂ ਰਸਤਾ ਹੈ ਦਰਗਾਹੇ ਜਾਕੇ ਮਾਨ ਪਾਉਣੇ ਦਾ, ਪਰ ਜੇ) ਕੂਕਰ (ਵਾਂਙੂੰ ਲੋਭੀ ਹੋਕੇ) ਕੂੜ ਦੀ ਕਮਾਈ ਕਰੀਏ (ਭਾਵ ਕੂੜੇ ਪਦਾਰਥਾਂ ਦੇ ਲੋਭ ਵਿਚ ਲੋਭੀ ਹੋਏ ਰਹੀਏ ਤੇ) ਗੁਰਨਿੰਦਾ ਨੂੰ ਪਚਾਉਣੇ ਯੋਗ ਸਮਝਕੇ ਪਚਾਉਂਦੇ ਰਹੀਏ (ਤਾਂ ਸਾੜਾ ਹੀ ਪੱਲੇ ਪੈਂਦਾ ਹੈ। ਐਸਾ ਪੁਰਖ) ਭਰਮ ਵਿਚ ਭੁੱਲਾ (ਕੁੱਤੇ ਵਾਂਙੂੰ ਭਟਕਦਾ

ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥	ਹੈ, ਏਥੇ ਬੀ) ਬਹੁਤ ਦੁਖ ਪਾਉਂਦਾ ਹੈ (ਤੇ ਅਗੇ ਜਾਕੇ ਬੀ) ਜਮ ਉਸ ਨੂੰ ਮਾਰ ਮਾਰ ਕੇ ਖਲਿਹਾਨ ਕਰ ਸੁਟਦਾ ਹੈ। ਸੋ ਮਨਮੁਖ (ਹੋਕੇ ਕਿਤੇ ਬੀ) ਸੁਖ ਨਹੀਂ ਪਾਈਦਾ, (ਪਰ) ਗੁਰਮੁਖ ਨੂੰ ਅਚਰਜ ਸੁਖ (ਪ੍ਰਾਪਤ ਹੁੰਦਾ ਹੈ) ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥ ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥ ੪॥੧੯॥	(ਪ੍ਰਸ਼ਨ:- ਗੁਰਮੁਖ ਐਥੋਂ ਦੇ ਕੰਮ ਧੰਦੇ ਕਿਵੇਂ ਕਰਦਾ ਹੈ ? ਉੱਤਰ : ਉਹ) ਏਥੇ ਕੰਮ ਨੂੰ ਪਿੱਟਣਾ ਸਮਝਕੇ ਕਰਦਾ ਹੈ (ਭਾਵ ਚਿਤ ਵਿਚ ਸਾਂਈਂ ਨੂੰ ਮੁੱਖ ਰੱਖ ਕੇ ਕੰਮਾਂ ਨੂੰ ਗੌਣ ਸਮਝਕੇ ਕਰਦਾ ਹੈ, ਕਿਉਂਕਿ ਅੱਗੇ ਤਾਂ) ਸੱਚ ਦੀ ਕਮਾਈ ਦੀ ਲਿਖਤ ਹੀ ਪਰਵਾਨ ਹੁੰਦੀ ਹੈ। (ਇਸੇ ਲਈ ਗੁਰਮੁਖ) ਹਰੀ ਦੇ ਸਜਣ ਗੁਰੂ ਨੂੰ ਸੇਂਵਦਾ ਹੈ, ਤੇ ਗੁਰੂ ਦੀ (ਦੱਸੀ) ਕਰਣੀ ਨੂੰ ਉਹ (ਆਪਣੇ ਲਈ) ਪ੍ਰਧਾਨ (ਕਰਮ ਸਮਝਕੇ ਕਰਦਾ ਹੈ)। (ਉਸ ਤੋਂ) ਹੇ ਨਾਨਕ ! (ਉਸ ਨੂੰ) ਨਾਮ ਨਹੀਂ ਵਿੱਸਰਦਾ, (ਇਸ ਕਰਕੇ ਉਸ ਤੇ ਸੱਚੇ ਵਾਹਿਗੁਰੂ ਦੀ) ਬਖਸ਼ਿਸ਼ ਦੁਆਰਾ ਨਿਸ਼ਾਨ ਪੈ ਜਾਂਦਾ ਹੈ। (ਭਾਵ ਇਹ ਕਿ ਉਹ ਕਰਮ ਗੇੜ ਦੇ ਹਿਸਾਬ ਤੋਂ ਉੱਚਾ ਹੋ ਜਾਂਦਾ ਹੈ ਤੇ ਸਾਂਈਂ ਦੇ ਫਜ਼ਲ ਦੇ ਮੰਡਲ ਵਿਚ ਆ ਜਾਂਦਾ ਹੈ) ॥ ੪ ॥ ੧੯ ॥

ਵਯਾਖਯਾ-ਇਸ ਸ਼ਬਦ ਵਿਚ ਨਾਸ਼ਮਾਨ ਕੂੜੇ ਪਦਾਰਥਾਂ ਵਿਚ ਖਚਿਤ ਰਹਿਕੇ ਜੀਵਨ ਬਸਰ ਕਰਨ ਤੋਂ ਵਰਜਿਆ ਹੈ। ਕਿਉਂਕਿ ਇਸ ਰੰਗ ਰਿਹਾਂ ਕਰਤਾ ਪੁਰਖ ਤੋਂ ਵਿਛੁੜੇ ਰਹੀਦਾ ਹੈ। ਕੂੜ ਦੀ ਕਮਾਈ ਨਾਲ ਕੂੜ ਦੀ ਪਾਲ ਉੱਸਰਦੀ ਤੇ ਵਿੱਥ ਵਧਾਉਂਦੀ ਹੈ। ਸੋ ਦੱਸਦੇ ਹਨ ਕਿ ਜਗਤ ਦੇ ਕੰਮ ਕਰੋ, ਪਰ ਅੰਦਰੋਂ ਸਾਂਈਂ ਨਾਲ ਸਨਮੁਖ ਰਹਿਕੇ। ਉਹ ਪ੍ਰਾਪਤੀ ਹੋਣੀ ਹੈ ਸਿਮਰਨ ਨਾਲ। ਇਹ ਹੈ ਸਚ ਦੀ ਕਰਨੀ , ਇਸ ਨਾਲ ਫਜ਼ਲ ਹੋਣਾ ਹੈ ਤੇ ਦਰਗਾਹੇ ਸਿੱਧੇ ਚਰਨ ਸ਼ਰਨ ਜਾ ਪਹੁੰਚਣਾ ਹੈ। ਫੇਰ ਕਰਮ ਜਾਲ ਨੇ ਕਿਤੇ ਅਟਕਾ ਨਹੀਂ ਸਕਣਾ ਤੇ ਕੂੜ ਦੀ ਪਾਲ ਨਾਮ ਦੀ ਸੱਚ ਕਰਣੀ ਨੇ ਢਾਹ ਘੱਤਣੀ ਹੈ। ਇਹ ਰਾਹ ਹੈ ਬਖਸ਼ੇ ਜਾਣ ਦਾ। ਸੰਸਾਰ ਦੇ ਜੋ ਧੰਦੇ ਕਰਨੇ ਜ਼ਰੂਰੀ ਹਨ ਸੋ ਕਰਨੇ ਹਨ, ਫਰਜ਼ ਸਮਝਕੇ ਤੇ ਗੌਣ ਕੰਮ ਸਮਝਕੇ ਉਹਨਾਂ ਵਿਚ ਗ਼ਾਫਲ ਹੋਕੇ ਖਚਿਤ ਨਹੀਂ ਹੋ ਜਾਣਾ।

ਨਿਰੁਕ੍ਤ-ਮਨੋ-ਮਨ ਹੀ। ਇਹ ਮਨ ਆਪ ਹੀ।

ਲੋਭਾਨੁ-ਜੋ ਆਪਣੇ ਵਿਚ ਲੁਭਾ ਲਵੇ, ਭਾਵ ਪਦਾਰਥ। ਪਦਾਰਥਾਂ ਦੇ ਲੋਭ ਵਿਚ।

ਸਾਕਤਾ-(ਦੇਖੋ ਪਿੱਛੇ ਪੰਨਾ ੨੧੪। ਸ਼ਾਕ੍ਤਕ = ਸ਼ਕ੍ਤੀ ਉਪਾਸ਼ਕ) ਸ਼ਕਤੀ ਦਾ ਪ੍ਰੇਮੀ। ਮਾਇਆ ਦੇ ਮੋਹ ਵਾਲਾ। ਜੋ ਵਾਹਿਗੁਰੂ ਨਾਲ ਨਹੀਂ, ਪਰ ਨਿਰਾ ਮਾਇਆ ਪਰਾਇਣ ਹੈ।

ਸਾਧੂ-(ਸੰਸ:, ਸਾਧੁ:। ਸ੍ਰੇਸ਼ਟ ਪੁਰਖ, ਸੰਤ ਮਹਾਤਮਾ, ਸਾਧਨਾ ਕਰਨੇ ਵਾਲਾ) ਸ੍ਰੇਸ਼ਟ। ਸਾਧਨਾ ਕਰਨੇ ਵਾਲਾ ਸੰਤ।

ਗੁਣੀ ਨਿਧਾਨੁ-ਗੁਣਾਂ ਦਾ ਭੰਡਾਰ, ਭਾਵ ਵਾਹਿਗੁਰੂ।

ਸਰਵਰੁ-ਸਰੋਵਰ। ਭਾਵ ਤੀਰਥ ਤੋਂ ਹੈ ਜਿਸ ਦੇ ਇਸ਼ਨਾਨ ਨਾਲ ਪਾਪ ਦੂਰ ਹੋ ਜਾਣੇ ਮੰਨੇ ਹਨ। (ਅ) (ਸਰ = ਤੁੱਲ, ਵਰ = ਸ੍ਰੇਸ਼ਟ) ਗੁਰੂ ਜੋ ਹਰੀ ਤੁੱਲ, ਸ੍ਰੇਸ਼ਟ ਹੈ। ਯਥਾ :-

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ ॥ (ਆਸਾ ਮ: ੫-੧੦੪)

ਪਚੈ ਪਚਾਨੁ-ਪਚੈ = ਸੜਦੇ ਹਨ। ਪਚਾਨੁ = ਸਾੜਾ। ਭਾਵ ਉਹ ਸੜਦੇ ਹਨ ਤੇ ਸਾੜਾ ਹੀ ਉਹਨਾਂ ਦੇ ਪੱਲੇ ਪੈਂਦਾ ਹੈ, ਜੋ ਨਾਲ ਲੈ ਜਾਂਦੇ ਹਨ। ਇਸ ਦੇ ਹੋਰ ਅਰਥ ਬੀ ਲਾਉਂਦੇ ਹਨ।

(ਅ) ਪਚੈ = ਆਪ ਸੜਦੇ ਹਨ। ਪਚਾਨੁ = ਹੋਰਨਾਂ ਨੂੰ ਸਾੜਦੇ ਹਨ।

(ੲ) ਏਥੇ ਸੜਦੇ ਹਨ ਅਗੇ (ਨਰਕ ਅਗਨਿ ਵਿਚ) ਸੜਨਗੇ।

(ਸ) ਪਚਾਨੁ = ਹਜ਼ਮ ਹੋਣੇ ਯੋਗ। ਭਾਵ ਗੁਰ ਨਿੰਦਾ ਨੂੰ ਪਚਾਉਣ ਯੋਗ ਸਮਝਕੇ ਪਚਾਉਂਦੇ ਹਨ।

ਖੁਲਹਾਨੁ – (ਸੰਸ:, ਖਲ = ਤੂੜੀ ਕੁੱਟਣ ਦੀ ਥਾਂ, ਹਿੰਦੀ :, ਖਲਿਹਾਨ। ਪੰਜਾਬੀ, ਖਲਿਹਾਨ) ਅੰਨ ਦੇ ਸੁੱਕੇ ਬੂਟੇ ਵਿਛਾ ਕੇ ਉਹਨਾਂ ਤੇ ਡੰਡੇ ਮਾਰ ਮਾਰ ਯਾ ਬੌਲਦ ਟੋਰ ਟੋਰ ਕੇ ਦਾਣੇ ਕੱਢਣੇ। ਅੰਨ ਦੀਆਂ ਭਰੀਆਂ ਦੀ ਤੂੜੀ ਕਰ ਦੇਣੀ ਜੋ ਦਾਣੇ ਵੱਖ ਹੋ ਜਾਣ ਖਲਿਹਾਨ ਕਰਨਾ ਹੈ। ਹੋਰ ਅਰਥ ਲਾਉਣੇ ਦੇ ਬੀ ਜਤਨ ਹੁੰਦੇ ਹਨ :-

(ਅ) ਖੁੱਲ੍ਹ ਦੀ ਹਾਨੀ, ਭਾਵ ਬੰਦਸ਼ ਯਾ ਕੈਦ ਵਿਚ ਪਾ ਦੇਂਦੇ ਹਨ।

(ੲ) ਖੱਲ ਦੀ ਹਾਨੀ ਭਾਵ ਖੱਲ ਉਧੇੜਦੇ ਹਨ।

ਸੁਭਾਨੁ–(ਸੰਸ:, ਸੁ+ਭਾਨੁ: = ਸੁਹਣੇ ਪ੍ਰਕਾਸ਼ ਵਾਲੀ। ਅ਼ਰਬੀ, ਸੁਬਹਾਨ = ਪਵਿਤ੍ਰ) ਪ੍ਰਕਾਸ਼ਮਈ। ਪਵਿਤ੍ਰ। ਭਾਵ ਹੈ ਉਚ ਆਤਮ ਸੁਖ ਤੋਂ।

ਧੰਧੁ ਪਿਟਾਈਐ – ਕੰਮ ਨੂੰ ਪਿੱਟਣਾ ਸਮਝਕੇ ਕਰਨਾ, ਭਾਵ ਹੈ – ਚਿਤ ਵਿਚ ਸਾਂਈਂ ਨੂੰ ਮੁੱਖ ਰਖਕੇ ਕੰਮਾਂ ਨੂੰ ਗੌਣ ਸਮਝਕੇ ਕਰਨਾ, ਅੰਦਰੋਂ ਸਾਂਈਂ ਵੱਲ ਸੁਰਜੀਤ ਰਹਿਣਾ ਤੇ ਉਪਰੋਂ ਗ਼ਾਫ਼ਲ ਹੋਏ ਬਿਨਾਂ ਕੰਮ ਧੰਦੇ ਕਰ ਲੈਣੇ। ਇਉਂ ਤਾਂ ਇਹ ਗੁਰਮੁਖ ਦੇ ਲੱਛਣਾਂ ਵਿਚ ਜਾਂਦਾ ਹੈ, ਕਿਉਂਕਿ ਵਿਸ਼ਾ ਗੁਰਮੁਖ ਦਾ ਟੁਰ ਪਿਆ ਹੈ ਤੇ ਅੱਗੋਂ ਗੁਰਮੁਖ ਹੀ ਚੱਲਦਾ ਹੈ। ਵਿਚ ਮਨਮੁਖ ਦਾ ਵਿਸ਼ਯ ਫਬਦਾ ਘਟ ਹੈ। ਪਰ ਜੇ ਇਸ ਨੂੰ ਮਨਮੁਖ ਦਾ ਲੱਛਣ ਹੀ ਲਾਉਣਾ ਹੋਵੇ ਤਾਂ ਐਉਂ ਲਾਉਂਦੇ ਹਨ :- ਮਨਮੁਖ ਐਥੇ (ਝੂਠੇ) ਧੰਦਿਆਂ ਦੇ ਪਿੱਟਣਿਆਂ ਵਿਚ ਰਹਿੰਦੇ ਹਨ, ਪਰ ਅੱਗੇ ਸੱਚ ਦੀ (ਕਮਾਈ) ਦੀ ਲਿਖਤ ਪਰਵਾਨ ਹੁੰਦੀ ਹੈ।

ਨੀਸਾਣੁ – (ਫ਼ਾ:, ਨਿਸ਼ਾਨ = ਚਿੰਨ੍ਹ) ਨਿਸ਼ਾਨੀ। ਚਿੰਨ੍ਹ, ਭਾਵ ਹੈ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ ਉਨ੍ਹਾਂ ਦਾ 'ਕਰਮ-ਗੇੜ' ਦਾ ਹਿਸਾਬ ਮੁੱਕ ਜਾਂਦਾ ਹੈ, ਉਨ੍ਹਾਂ ਉਤੇ ਸਾਂਈਂ ਦੀ ਬਖਸ਼ਿਸ਼ ਦਾ- ਫਜ਼ਲ ਦਾ- ਨਿਸ਼ਾਨ ਪੈ ਜਾਂਦਾ ਹੈ, ਜਿਸ ਕਰਕੇ ਮਰਕੇ ਉਨ੍ਹਾਂ ਨੂੰ ਕਿਤੇ ਠਾਕ ਨਹੀਂ ਹੁੰਦੀ, ਉਹ ਬਖਸ਼ੇ ਹੋਏ ਸਿੱਧੇ ਸਾਂਈਂ ਸ਼ਰਣ ਨੂੰ ਜਾ ਪ੍ਰਾਪਤ ਹੁੰਦੇ ਹਨ। ਜੀਉਂਦੇ ਜੀ ਉਹ ਦਾਤਾ ਪਦ ਵਿਚ ਖੇਡਦੇ ਹਨ।

(ਸਿਰੀ ਰਾਗੁ ਮਹਲਾ ੧, ਚਉਪਦਾ- ੨੦)

ਪ੍ਰਾਕ੍ਥਨ–ਅਗਲੇ ਸ਼ਬਦ ਵਿਚ ਮਾਇਆ ਵਿਚ ਖਚਿਤ ਮਨਮੁਖ ਤੇ ਪੁੱਗੇ ਹੋਏ ਗੁਰਮੁਖ ਦਾ ਵੇਰਵਾ ਟਾਕਰਾ ਨਹੀਂ, ਨਿਰਾ ਉਸ ਗੁਰਸਿਖ - ਗੁਰਮੁਖ ਦਾ 'ਦਿਲ-ਨਕਸ਼ਾ' ਦਿਖਾਇਆ ਹੈ ਜੋ ਸਿਮਰਣ ਵਿਚ ਪੁੱਗਾ ਖੜਾ ਹੈ, ਜੋ ਪਲ ਭਰ ਬੀ ਉੱਕਦਾ ਹੈ ਤਾਂ ਬਿਰਹਣੀ ਵਾਂਙੂ ਵਜਾਕੁਲ ਹੋ ਉਠਦਾ ਹੈ :-

ਮੂਲ	ਅਰਥ
ਸਿਰੀ ਰਾਗੁ ਮਹਲਾ ੧ ॥ **ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥**	ਜੇ (ਸਾਨੂੰ) ਇਕ ਛਿਨ ਭਰ ਪਿਆਰਾ (ਵਾਹਿਗੁਰੂ) ਭੁੱਲ ਜਾਵੇ ਤਾਂ ਮਨ ਵਿਚ (ਇਕ) ਵੱਡੀ ਬਿਮਾਰੀ (ਤੁੱਲ ਬੇਚੈਨੀ) ਲੱਗ ਪੈਂਦੀ ਹੈ, (ਇਹ ਦਸ਼ਾ ਤਾਂ ਏਥੇ ਹੁੰਦੀ ਹੈ ਤੇ ਨਾਲ ਅੱਗੇ ਦਾ ਫਿਕਰ ਪੈ

ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥

ਜਾਂਦਾ ਹੈ ਕਿ) ਦਰਗਾਹ ਵਿਚ ਆਦਰ ਕਿਸ ਤਰ੍ਹਾਂ ਪਾਵਾਂਗੇ ਜਦ ਕਿ (ਏਥੇ ਵਾਹਿਗੁਰੂ) ਮਨ ਵਿਚ (ਵਸਨੀਕ ਵਾਂਙੂ) ਵੱਸ ਨਹੀਂ ਪੈਂਦਾ (ਪ੍ਰਸ਼ਨ - ਇਹ ਦੁੱਖ ਨਵਿਰਤ ਕਿਵੇਂ ਹੋਵੇ ? ਉੱਤਰ :-) (ਸਾਂਈਂ ਦਾ ਦਿਲੋਂ ਵਿਸਾਰਨਾ ਕਿਸੇ ਤ੍ਰਿਸ਼ਨਾ ਦੀ ਛੁਹ ਤੋਂ ਹੁੰਦਾ ਹੈ। ਇਹ ਤ੍ਰਿਸ਼ਨਾ ਦੀ) ਅੱਗ (ਵਾਹਿਗੁਰੂ ਦੇ) ਗੁਣਾਨੁਵਾਦ ਵਿਚ (ਲੱਗਿਆਂ) ਮਰਦੀ ਹੈ. (ਤੇ ਇਹ ਦਾਤ) ਗੁਰੂ ਦੇ ਮਿਲਿਆਂ (ਮਿਲਦੀ ਹੈ ਤਾਂ ਮਨ ਦਾ ਰੋਗ ਹਟਕੇ) ਸੁਖ ਪਾਈਦਾ ਹੈ ॥ ੧ ॥

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥

ਤਾਂਤੇ ਹੇ ਮਨ ! ਤੂੰ ਦਿਨੇ ਰਾਤ ਹਰੀ ਦੇ ਗੁਣਾਂ ਦਾ ਚਿੰਤਨ ਕਰ। (ਚਾਹੇ) ਜਿਨ੍ਹਾਂ ਨੂੰ ਖਿਨ ਤੇ ਪਲ ਭਰ ਬੀ ਨਾਮ ਨਹੀਂ ਵਿਸਰਦਾ ਉਹ ਪੁਰਖ ਸੰਸਾਰ ਵਿਚ ਵਿਰਲੇ ਹਨ (ਤਦ ਬੀ ਤੂੰ ਬਹੁਤਿਆਂ ਭੁੱਲਿਆਂ ਦੀ ਰੀਸ ਨਾ ਕਰ, ਪਰ ਥੋੜਿਆਂ ਯਾਦ ਵਾਲਿਆਂ ਦੀ ਕਰ, ਕਿਉਂਕਿ ਉਹ ਥੋੜੇ ਦਰੁਸਤੀ ਤੇ ਹਨ) ॥ ੧ ॥ ਰਹਾਉ ॥

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥

(ਹੇ ਮਨ ! ਬਹੁਤਿਆਂ ਭੁੱਲਿਆ ਹੋਇਆਂ ਦੀ ਸੁਰਤੀ ਵਿਚ ਸਰਤ ਨਾ ਰਲਾਈਏ, ਸਗੋਂ ਗੁਰੂ, ਜੋ) 'ਸੁਰਤੀ' (ਅਰਥਾਤ ਜਾਗਦੀ ਸੁਰਤ ਵਾਲਾ ਹੈ ਉਸ ਦੀ ਸੁਰਤਿ) ਵਿਚ ਸੁਰਤ ਮਿਲਾਈਏ (ਤੇ ਵਾਹਿਗੁਰੂ, ਜੋ) ਜੋਤੀ (ਸਰੂਪ ਹੈ ਉਸ ਦੀ ਜੋਤਿ) ਵਿਚ (ਆਪਣੀ) ਜੋਤਿ ਮਿਲਾਈਏ, (ਤਦ ਕੀਹ ਦੇਖੀਦਾ ਹੈ ? ਕਿ) ਹਉਮੈ ਤੇ ਹਿੰਸਾ (ਅੰਦਰੋਂ) ਨਾਸ਼ ਹੋ ਗਏ ਹਨ (ਤੇ ਉਥੇ ਹੁਣ) ਨਾ ਤਾਂ ਸੰਸਾ (ਬਾਕੀ ਹੈ ਤੇ ਨਾ) ਸੋਗ। (ਸੋ) ਜਿਸ ਦੇ ਮਨ ਵਿਚ ਹਰੀ (ਨਿਰੰਤਰ) ਵਸ ਜਾਂਦਾ ਹੈ (ਉਸ ਨੂੰ ਫੇਰ) ਗੁਰਮੁਖਿ (ਗੁਰੂ=) ਵਡਾ ਮੇਲ (ਅਰਥਾਤ ਪਰਮਾਤਮਾਂ ਦਾ ਮੇਲ) ਮਿਲਾ ਦੇਂਦਾ ਹੈ॥੨॥

ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥

(ਸੋ ਜੇ ਮੈਂ) ਉਸ ਨਾਲ ਪਿਆਰ ਨਾ ਕਰਾਂ ਜੋ ਕਿ ਚੱਲਣਹਾਰ ਪਿਆ ਦਿੱਸਦਾ ਹੈ (ਸਗੋਂ ਨੇਹੁੰ ਕਰਾਂ ਅਵਿਨਾਸ਼ੀ ਨਾਲ ਐਉਂ ਕਿ ਆਪਣੀ) ਦੇਹ ਨੂੰ (ਪਤੀ ਪ੍ਰੇਮਣ) ਇਸਤ੍ਰੀ (ਵਤ) ਬਣਾ ਲਵਾਂ (ਤਾਂ ਭਗਤੀ ਦਾ ਰਸੀਆ) ਭੋਗਣ ਵਾਲਾ ਪ੍ਰਭੂ (ਮੇਰੇ ਪਜਾਰ ਦਾ ਰਸ ਬੀ) ਭੋਗੇਗਾ, (ਭਾਵ ਇਹ ਕਿ ਅਤਜੰਤ ਪ੍ਰੇਮ ਕਰਨ ਨਾਲ ਵਾਹਿਗੁਰੂ ਬੀ ਮੈਨੂੰ ਪ੍ਰੇਮ ਕਰੇਗਾ, ਕਿਉਂਕਿ ਮੈਂ ਪ੍ਰਤੱਖ ਦੇਖ ਰਹੀ ਹਾਂ ਕਿ -) ਉਹ ਪ੍ਰਭੂ (ਜੋ) ਸੇਜਾ ਦਾ ਮਾਲਕ ਹੈ, ਗੁਰਮੁਖ ਰੂਪ ਸੁਹਾਗਣਾਂ ਨੂੰ (ਆਪ) ਮਾਣਦਾ ਹੈ[1]॥ ੩ ॥

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥

(ਸੋ ਹੇ ਗੁਰ ਸਿਖ !) ਗੁਰੂ ਦੁਆਰਾ ਹਰੀ (ਨਾਮ ਰੂਪੀ) ਜਲ ਪ੍ਰਾਪਤ ਕਰ ਤੇ ਚਾਰੋਂ ਅੱਗਾਂ ਦੂਰ ਕਰਕੇ (ਜੀਉਂਦਿਆਂ) ਮਰ ਜਾਹ; (ਫਿਰ ਤੂੰ ਕੀ ਦੇਖੇਂਗਾ ਕਿ) ਅੰਦਰ ਕੌਲ ਖਿੜ ਪਿਆ ਹੈ, ਜਿਸ ਵਿਚ ਅੰਮ੍ਰਿਤ ਭਰ ਰਿਹਾ ਹੈ (ਤੇ ਤੂੰ) ਤ੍ਰਿਪਤਿ ਹੋ ਰਿਹਾ ਹੈਂ, (ਸੋ ਨਾਮ

[1]ਅਥਵਾ:- ਗੁਰਮੁਖ ਰੂਪੀ ਸੁਹਾਗਣਾਂ (ਹੀ ਉਸ) ਸੇਜਾ ਦੇ ਪਤੀ ਪ੍ਰਭੂ (ਦੇ ਮਿਲਾਪ ਰਸ) ਨੂੰ ਮਾਣ ਰਹੀਆਂ ਹਨ।

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥	ਦਾਤਾ) ਸਤਿਗੁਰੂ ਨੂੰ ਮਿਤ੍ਰ ਬਣਾ, ਫੇਰ ਤੂੰ ਦਰਗਾਹੇ ਜਾਕੇ ਬੀ ਸਚ (= ਸੁਖ) ਪਾਵੇਂਗਾ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)[1]॥੪॥ ੨੦॥

ਵਜਾਖਜਾ–ਇਸ ਸ਼ਬਦ ਵਿਚ ਵਾਹਿਗੁਰੂ ਜੀ ਨੂੰ ਲਗਾਤਾਰ ਯਾਦ ਰੱਖਣੇ ਦੀ ਲੋੜ ਦੱਸੀ ਹੈ। ਦਿਨ ਰਾਤ ਵਿਚ ਇਕ ਪਲ ਭਰ ਦਾ ਵਿਸਾਰਾ ਨਹੀਂ ਚਾਹੀਦਾ। ਇਸ ਵਿਚ ਉਸ ਗੁਰ ਸਿੱਖ ਦੀ ਅਵਸਥਾ ਦੱਸੀ ਹੈ ਜੋ ਦਮ ਦਮ ਸਾਂਈਂ ਨੂੰ ਸੰਭਾਲਦਾ ਹੈ, ਪਰ ਸੰਸਾਰ ਦੇ ਕਾਰਯ ਵਸ਼, ਕਿ ਕਿਸੇ ਤ੍ਰਿਸ਼ਨਾ ਦੀ ਛੋਹ ਅਥਵਾ ਕਿਸੇ ਅਣਜਾਣੇ ਕਾਰਣ ਕਰਕੇ ਕੋਈ ਐਸੀ ਪਲ ਲੰਘ ਜਾਂਦੀ ਹੈ, ਜਿਸ ਨੂੰ ਉਹ ਵਿਸਾਰੇ ਦੀ ਸਮਝਦਾ ਹੈ, ਉਸ ਨੂੰ ਉਸ ਦਾ ਬੀ ਮੰਦਾ ਲਗਦਾ ਹੈ। ਉਸ ਵਿਸਰਨ ਨੂੰ ਉਹ ਰੋਗ ਤੁੱਲ ਸਮਝਦਾ ਹੈ ; ਕਿਉਂਕਿ ਉਸ ਦਾ ਮਨ ਸਿਮਰਨ ਨਾਲ ਨਿਰਮਲ ਹੋ ਚੁਕਾ ਹੈ, ਏਕਾਗਰ ਹੁੰਦਾ ਹੈ, ਤੇ ਏਕਾਗਰ 'ਸੁਖ ਸਰੂਪ' ਉਤੇ ਹੁੰਦਾ ਹੈ, ਇਸ ਲਈ ਰਸ ਮਈ ਹੋ ਜਾਂਦਾ ਹੈ, ਜਦ ਨਾਮ ਵਿਸਰਦਾ ਹੈ ਤਦ ਰਸ ਭੰਗ ਹੁੰਦਾ ਹੈ, ਰਸਭੰਗਤਾ ਤੋਂ ਵਿਆਕੁਲਤਾ ਹੁੰਦੀ ਹੈ[2]। ਇਸ ਵਾਸਤੇ ਮਨ ਨੂੰ ਉਪਦੇਸ਼ ਦੇਂਦੇ ਹਨ :-

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ (ਸਿਰੀ: ਮ: ੧-੨੦)

ਇਹ ਅਵਸਥਾ ਪੁੱਗਣ ਵਾਲੇ ਗੁਰ ਸਿੱਖ ਦੀ ਹੈ, ਕਿਉਂਕਿ ਉਹ ਵਾਹਿਗੁਰੂ ਨੂੰ 'ਪਿਆਰਾ' ਕਹਿ ਰਿਹਾ ਹੈ। ਜਿਸ ਦਾ ਭਾਵ ਇਹ ਹੈ ਕਿ ਉਸ ਦੇ ਸਿਮਰਨ ਨੇ ਉਸ ਦੀ ਲਗਨ ਨੂੰ 'ਈਸ਼੍ਵਰ ਪ੍ਰੇਮ' ਬਣਾ ਦਿਤਾ ਹੈ ਤੇ ਉਹ ਸਾਂਈ ਨੂੰ 'ਪਿਆਰਾ' ਕਰਕੇ ਯਾਦ ਕਰ ਰਿਹਾ ਹੈ। ਫਿਰ ਦੱਸਦੇ ਹਨ ਕਿ ਜਿਨ੍ਹਾਂ ਨੂੰ ਨਾਮ ਖਿਨ ਪਲ ਵਾਸਤੇ ਬੀ ਨਹੀਂ ਭੁੱਲਦਾ ਉਹ ਪੁਰਖ ਸੰਸਾਰ ਵਿਚ ਵਿਰਲੇ ਹਨ। ਇਹ ਵਿਸ਼ਯ ਰਹਾਓ ਦੇ ਅੰਤ ਤੇ ਮੁੱਕਦਾ ਹੈ। ਅਗੇ ਹੁਣ ਜੋਤੀ ਜੋਤਿ ਮਿਲਣ ਦਾ ਉਪਦੇਸ਼ ਤੇ ਪ੍ਰਕਾਰ ਹੈ।

'ਬੀਤਰਾਗ' ਦੇ ਚਿੱਤ ਵਿਚ ਚਿੱਤ ਸਮਾਉਣਾ ਸਮਾਧੀ ਦਾ ਇਕ ਤਰੀਕਾ ਹੈ। ਏਥੇ ਦੱਸਿਆ ਹੈ ਕਿ 'ਜਿਨ੍ਹਾਂ ਨੂੰ ਖਿਨ ਪਲ ਨਾਮ ਨਹੀਂ ਵਿਸਰਦਾ' ਉਹਨਾਂ ਨੇ ਸਤਿਗੁਰ ਦੀ ਸੁਰਤ ਵਿਚ ਸੁਰਤ ਨੂੰ ਮੇਲਣਾ, ਉਸ ਦੀ ਸਦਾ ਨਾਮ ਰੰਗੀ ਸੁਰਤ ਦੀ ਰੰਗਤ ਲੈਕੇ ਸਿਮਰਨ ਵਾਲੇ ਹੋ ਜਾਣਾ ਹੈ। ਪਹਿਲੀ ਤੁਕ ਦੇ ਮਗਰੋਂ ਆਉਣ ਕਰਕੇ ਇਸ਼ਾਰਾ ਗੁਰੂ ਵੱਲ ਹੈ, ਗੁਰਬਾਣੀ ਦੇ ਪ੍ਰਮਾਣ ਬੀ ਹਨ :-

ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥ (ਫੁਨਹੇ ਮ: ੫-੧੨)

ਸੁਰਤੀ ਸੁਰਤਿ ਰਲਾਇਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ॥ (ਰਾਮਕਲੀ ਮ: ੧-੭)

ਸੋ ਸੁਰਤ ਨੂੰ ਸਤਿਗੁਰ ਦੀ ਸੁਰਤ ਵਿਚ ਮੇਲਣਾ ਹੈ ਤੇ ਅੰਤ ਨੂੰ 'ਪਰਮਾਤਮ ਜਯੋਤਿ' ਵਿਚ ਅਪਣੀ 'ਆਤਮ ਜਯੋਤਿ' ਮੇਲਣੀ ਹੈ। ਪਰ ਕਈ ਸੱਜਣ 'ਸੁਰਤ ਮੇਲਣੀ' ਦਾ ਭਾਵ ਬੀ ਪਰਮਾਤਮਾਂ ਵਿਚ ਲਾ ਲੈਂਦੇ ਹਨ।

(੨) ਫਿਰ ਦੱਸਿਆ ਕਿ ਅਪਣੇ ਆਪ ਨੂੰ ਪ੍ਰੇਮੀ ਬਣਾਵੇ।

(੩) ਫੇਰ ਕਿਹਾ ਕਿ ਦ੍ਰਿਸ਼ਟਮਾਨ ਨਾਲ ਪ੍ਰੇਮ ਨਾ ਪਾਵੇ, ਚਾਰ ਅੱਗਾਂ ਨਿਵਾਰੇ।

(੪) ਨਾਮ ਜਲ ਪੀਵੇ ਤੇ ਜਯੋਤੀ ਨਾਲ ਜਯੋਤ ਮਿਲਾਵੇ।

---

[1]ਚੌਥੇ ਪਦੇ ਦਾ ਦਾਨੇ ਐਉਂ ਬੀ ਅਰਥ ਕਰਦੇ ਹਨ :- (ਹਾਂ, ਐਸੇ ਗੁਰਮੁਖਾਂ ਨੇ ਪਹਿਲੋਂ) ਹਰੀ (ਨਾਮ ਰੂਪੀ) ਜਲ ਪ੍ਰਾਪਤ ਕੀਤਾ ਸੀ (ਫਿਰ ਉਹਨਾਂ ਨੇ) ਚਹੁੰ ਅੱਗਾਂ ਨੂੰ ਦੂਰ ਕਰਕੇ (ਜੀਂਵਦਿਆਂ) ਮਰਣ (ਵਾਲੀ ਅਵਸਥਾ ਪ੍ਰਾਪਤ ਕੀਤੀ ਸੀ, ਫੇਰ ਉਹਨਾਂ ਦੇ) ਅੰਦਰ ਕਮਲ ਖਿੜ ਪਿਆ (ਜੋ ਕਮਲ ਕਿ) ਅੰਮ੍ਰਿਤ ਦਾ ਭਰਿਆ ਹੋਇਆ ਸੀ (ਉਸ ਨੂੰ ਪੀ ਕੇ ਉਹ) ਤ੍ਰਿਪਤ ਹੋ ਗਏ, ਤਾਂਤੇ ਹੇ ਨਾਨਕ ! ਸਤਿਗੁਰੂ ਨੂੰ ਮਿਤ੍ਰ ਬਣਾ (ਤਾਂ ਜੋ) ਦਰਗਾਹੇ ਜਾਕੇ ਤੂੰ ਸਚ (= ਸੁਖ) ਨੂੰ ਪ੍ਰਾਪਤ ਹੋਵੇਂ।

[2]ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ (ਧਨਾਸਰੀ ਮ: ੧-੫)

ਸੋ ਮਨ ਨੂੰ ਦੀਸਣਹਾਰ ਦੇ ਨੇਹੁੰ ਤੋਂ ਤੋੜਨਾ, ਸਤਿਸੰਗ ਪ੍ਰਾਪਤ ਹੋਣਾ ਤੇ ਵਾਹਿਗੁਰੂ ਨੂੰ ਯਾਦ ਕਰਨਾ ਇਹ ਮਾਰਗ ਹੈ।

ਤੁਕਾਂ ਨੂੰ ਜੇ ਤੁਕ ਵਾਰ ਭਾਵ ਸਮਝਣੇ ਹੇਤ ਪੜ੍ਹੀਏ ਤਾਂ ੪ ਭਾਵ ਐਉਂ ਸਪਸ਼ਟ ਹੁੰਦੇ ਹਨ :-

੧. ਪੀੜਾ ਜੋ ਵਾਪਰ ਰਹੀ ਹੈ :-

੧. ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
੨. ਕਿਉਂ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥

੨. ਪੀੜ ਨਿਵਾਰਨ ਦੇ ਸਾਧਨ ਕੀ ਹਨ ?

੧੦. ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥
੧੨. ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥
੪. ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
੬. ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥

੩. ਹੋਰ ਸਾਧਨ ਤੇ ਫਲ ਜੋ ਇਕੱਠੇ ਦੱਸੇ ਹਨ :-

੧੪. ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥
੩. ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥
੯. ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥

੪. ਇਨ੍ਹਾਂ ਸਾਧਨਾਂ ਦਾ ਫਲ ਦੱਸਦੇ ਹਨ :-

੧੧. ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥
੮. ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥
੭. ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
੧੩. ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥

੫. ਲਗਦੇ ਹੱਥ ਦੀ ਸੂਚਨਾ : ਇਸ ਗਤੀ ਦੇ ਮਹਾਤਮਾ ਕਿੰਨੇ ਕੁ ਹਨ ?

੫. 'ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥'

ਭਾਵ ਹੈ ਇਨ੍ਹਾਂ ਦੀ ਰੀਸ ਕਰ ਚਾਹੇ ਇਹ ਥੋੜੇ ਹਨ।

ਨਿਰੁਕ੍ਤ-ਤਿਲੁ-(ਸੰਸ:, ਤਿਲ:) ਇਕ ਨਿੱਕਾ ਬੀਜ ਹੈ, ਛੋਟਾ ਹੋਣ ਕਰਕੇ ਥੋੜੇ ਦੇ ਅਰਥਾਂ ਵਿਚ ਵਰਤੀਂਦਾ ਹੈ। ਇਥੇ ਭਾਵ ਹੈ ਥੋੜਾ ਚਿਰ, ਛਿਨ ਭਰ । ਰਹਾਉ ਦੀ ਦੂਜੀ ਤੁਕ ਵਿਚ ਇਸ ਦਾ ਭਾਵ ਗੁਰੂ ਜੀ ਨੇ ਆਪ ਦੱਸ ਦਿੱਤਾ ਹੈ :- ਖਿਨ-ਪਲ।

ਰੋਗੁ - (ਸੰਸ:, ਰੋਗ:) ਬੀਮਾਰੀ। ਮੁਰਾਦ ਹੈ ਮਨ ਦੀ ਦਸ਼ਾ ਐਸੀ ਬੇਕਲ ਹੋ ਜਾਂਦੀ ਹੈ ਕਿ ਜੈਸੀ ਕਿਸੇ ਵੱਡੀ ਬੀਮਾਰੀ ਲੱਗਣ ਨਾਲ ਹੁੰਦੀ ਹੈ।

ਮਾਹਿ-ਵਿਚ। ਤਿੰਨਾਂ ਤੁਕਾਂ ਦੇ ਅਖ਼ੀਰ ਵਿਚ 'ਮਾਹਿ' ਪਦ ਹੈ। ਦ੍ਰਿਸ਼ਟੀ ਵਿਚ ਤਾਂ ਸਪਸ਼ਟ ਅਰਥ ਹੈ - ਵਿਚ। ਪਹਿਲੀ ਤੁਕ ਵਿਚ ਬੀ ਇਹੋ ਅਰਥ ਹੈ। ਪਰ ਜੇ 'ਮਨ ਰੋਗੁ ਵਡਾ' ਸਮਝਕੇ ਮਾਹਿ ਦਾ ਅਰਥ 'ਮਹੀਨਾ' ਲਾਓ ਤਾਂ ਭਾਵ ਬਣੇਗਾ - ਕਿ ਮਨ ਦਾ ਵਡਾ ਰੋਗ ਹੋ ਪੈਂਦਾ ਹੈ ਤੇ ਤਿਲ ਮਹੀਨੇ ਤੁੱਲ ਹੋ ਜਾਂਦਾ ਹੈ। ਇਸੇ ਤਰ੍ਹਾਂ ਮਾਹਿ ਦਾ ਤੀਸਰੀ ਤੁਕ ਦੇ ਅੰਤ 'ਸਮਾ ਜਾਣਾ' ਅਰਥ ਬੀ ਲਾਉਂਦੇ ਹਨ ਕਿ ਤ੍ਰੈਏ ਗੁਣ 'ਸਮਾ ਜਾਂਦੇ' ਹਨ ਤੇ ਤ੍ਰਿਸ਼ਨਾ ਮਰ ਜਾਂਦੀ ਹੈ। ਪਰ ਏਹ ਦੋਵੇਂ ਅਰਥ ਖਿੱਚ ਜਾਪਦੀ ਹੈ।

ਅਗਨਿ -ਅੱਗ। ਭਾਵ ਤ੍ਰਿਸ਼ਨਾ ਰੂਪੀ ਅੱਗ।

ਗੁਣ – ਏਥੇ ਗੁਣ ਦਾ ਅਰਥ 'ਗੁਣਾਨੁਵਾਦ' ਹੈ, 'ਦੈਵੀ ਗੁਣ' ਨਹੀਂ, ਜਿਸ ਨੂੰ ਅਗਲੀ ਤੁਕ ਸਪਸ਼ਟ ਕਰ ਦੇਂਦੀ ਹੈ – 'ਗੁਣ ਸਾਰਿ'।

ਜੋਤੀ – ਜਯੋਤਿ ਵਾਲਾ। ਪ੍ਰਕਾਸ਼ ਸਰੂਪ। ਭਾਵ ਪਰਮਾਤਮਾ ਵਿਚ।

ਜੋਤਿ – ਜਯੋਤਿ, ਪ੍ਰਕਾਸ਼, ਆਤਮਾ। ਭਾਵ ਜੀਵਾਤਮਾ ਨੂੰ ।

ਸੁਰਤੀ – ਸੁਰਤ ਵਾਲਾ। ਸੁਰਤ ਤਾਂ ਸਭ ਦੇ ਅੰਦਰ ਹੈ ਪਰ ਜਿਸ ਦੀ ਸੁਰਤ ਭਗਤੀ ਗਯਾਨ ਨਾਲ ਜਾਗ ਪਈ ਹੈ ਉਹ ਹੈ ਸੁਰਤਾ ਯਾਂ ਸੁਰਤੀ=ਸੁਰਤ ਦਾ ਮਾਲਕ।

ਸੁਰਤਿ – ਹੋਸ਼। ਬ੍ਰਿਤੀ। ਭਾਵ ਹੈ ਜਗਯਾਸੂ ਦੀ ਸੁਰਤ।

ਹਿੰਸਾ – (ਸੰਸ:, ਹਿੰਸਾ। ਧਾਤੂ ਹੈ 'ਹਨੁ' = ਮਾਰਨਾ) ਦੁਖ ਦੇਣਾ, ਮਾਰਨਾ, ਹੱਤਯਾ। ਹਿੰਸਾ ਤ੍ਰੈ ਪ੍ਰਕਾਰ ਦੀ ਹੈ :- ੧. ਮਨ ਦੀ ਹਿੰਸਾ, ਈਰਖਾ, ਵੈਰ ਦਾ ਭਾਵ।

੨. ਵਚਨ ਦੀ = ਨਿੰਦਾ, ਕਠੋਰ ਵਾਕ, ਗਾਲੀ ਦੇਣੀ ਯਾ ਲਿਖਣੀ।

੩. ਕਰਨੀ ਦੀ = ਸਰੀਰਕ ਦੁੱਖ ਦੇਣਾ, ਸੱਟ ਮਾਰਨੀ, ਕਤਲ ਕਰਨਾ।

ਗਤੁ ਗਏ – ਪੰਜਾਬੀ, ਨਾਸ਼ ਹੋ ਗਏ (ਸੰਸ:, ਗਤਿ = ਚਾਲ)। ਗੁਰਬਾਣੀ ਵਿਚ 'ਗਤਿ' ਚਾਲ, ਹਾਲਤ, ਗਯਾਨ ਆਦਿ ਅਰਥਾਂ ਵਿਚ ਬੀ ਆਯਾ ਹੈ, ਜੈਸੇ – 'ਅਪਿਓ ਪੀਓ ਗਤੁ ਥੀਓ ਭਰਮਾ....'॥ (ਜੈਤਸਰੀ ਮ: ੫-੬) ਅਪਿਓ- (ਅੰਮ੍ਰਿਤ) ਪੀਤਾ ਤਾਂ ਭਰਮ ਨਾਸ਼ ਹੋ ਗਏ। ੨. ਫੇਰ 'ਗਤੁ' ਚਾਲ, ਯਾ ਰਸਤੇ ਦੇ ਅਰਥਾਂ ਵਿਚ ਆਯਾ ਹੈ :- 'ਜਰਾ ਮਰਣ ਗਤੁ ਗਰਬੁ ਨਿਵਾਰੇ॥' (ਗਉੜੀ ਮ: ੧ ਅਸਟ:- ੭)

ਗੁਰਮੁਖਿ – ਏਥੇ ਗੁਰਮੁਖਿ ਦਾ ਅਰਥ 'ਗੁਰੂ' ਹੈ। (ਅ) ਪਰ ਕਈ ਸਜਣ ਏਥੇ ਗੁਰਮੁਖਿ ਦਾ ਅਰਥ 'ਗੁਰੂ ਸਨਮੁਖ ਪੁਰਖ' ਲਾਉਂਦੇ ਹਨ ਕਿ ਜਿਸ ਗੁਰਮੁਖ ਦੇ ਮਨ ਵਿਚ ਹਰੀ (ਨਾਮ) ਵੱਸਦਾ ਹੈ ਉਸ ਨੂੰ ਹਰੀ ਆਪਣੇ ਨਾਲ ਮੇਲ ਲੈਂਦਾ ਹੈ। ਸੰਜੋਗੁ-ਸੰਜੋਗ, ਮੇਲ।

ਗੁਰੁ ਸੰਜੋਗ – ਵਡਾ ਸੰਜੋਗ। ਭਾਵ ਪਰਮਾਤਮ ਮੇਲ। 'ਗੁਰੁ' ਤੇ 'ਸੰਜੋਗੁ' ਦੁਹਾਂ ਨੂੰ ਔਂਕੜ ਹੋਣ ਕਰਕੇ 'ਗੁਰੁ' ਵਿਸ਼ੇਸ਼ਣ ਹੈ 'ਸੰਜੋਗੁ' ਦਾ। ਛੋਟਾ ਮੇਲ ਹੈ 'ਗੁਰੂ ਨਾਲ' ਜੋ ਵਾਹਿਗੁਰੂ ਕਰਾਉਂਦਾ ਹੈ, ਵਡਾ ਮੇਲ ਹੈ 'ਵਾਹਿਗੁਰੂ ਨਾਲ' ਜੋ ਗੁਰੂ ਕਰਾਉਂਦਾ ਹੈ।

(ਅ) ਜੇ ਹਰਿ ਨੂੰ 'ਮੇਲੇ' ਦਾ ਕਰਤਾ ਕਾਰਕ ਮੰਨਿਆ ਜਾਵੇ ਤਾਂ ਅਰਥ ਬਣੇਗਾ-ਗੁਰੂ ਦੁਆਰੇ ਜਿਸ ਦੇ ਮਨ ਵਿਚ ਵੱਸ ਜਾਂਦਾ ਏ ਉਸ ਨੂੰ ਹਰੀ ਸੰਜੋਗ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ; ਪਰ ਸੰਜੋਗੁ ਨੂੰ ਸਿਆਰੀ ਨਹੀਂ, ਇਸ ਲਈ 'ਕਰਕੇ' ਅਰਥ ਨਹੀਂ ਲੱਗਦਾ।

(ੲ) ਜਿਸ ਨੂੰ ਗੁਰੂ ਦੇ ਸੰਜੋਗ ਵਿਚ ਆਪ ਹਰੀ ਮੇਲੇ ਉਸ ਗੁਰਮੁਖ ਦੇ ਮਨ ਵਿਚ ਹਰੀ ਵੱਸ ਜਾਂਦਾ ਹੈ। ਪਰ ਏਥੇ ਬੀ 'ਸੰਜੋਗੁ' ਦਾ ਅਰਥ 'ਸੰਜੋਗ ਵਿਚ' ਨਹੀਂ ਬਣਦਾ ਤੇ 'ਗੁਰੁ' ਨੂੰ ਔਂਕੜ ਹੋਣ ਕਰਕੇ 'ਗੁਰੂ ਦੇ' ਅਰਥ ਨਹੀਂ ਬਣਦਾ।

ਕਾਇਆ – (ਸੰਸ:, ਕਾਯ) ਸਰੀਰ। ਦੇਹ। ਭਾਵ ਸਾਰਾ ਆਪਾ। ਆਪਣਾ ਆਪਾ।

ਭੋਗਣ ਹਾਰੁ – ਭੋਗਣ ਵਾਲਾ। ਵਾਹਿਗੁਰੂ ਜੋ ਅਲਪਿਤ ਹੈ ਫੇਰ ਭੋਗ ਭੋਗਦਾ ਹੈ। ਭਾਵ ਭਗਤਾਂ ਵਲੋਂ ਆਏ ਪ੍ਰੇਮ ਰਸ ਦਾ ਆਪ ਪ੍ਰੇਮ ਸਰੂਪ ਹੋਣ ਕਰਕੇ ਰਸ ਮਾਣਨਹਾਰ ਹੈ।

ਰਵਹਿ– (ਸੰਸ:, ਰਮਣੰ = ਅਨੰਦ ਦੇਣ ਵਾਲੀ ਕ੍ਰਿਯਾ) ਮਾਣਦਾ ਹੈ (ਪ੍ਰਭੂ)।

(ਅ) ਜੇ ਅਰਥ ਕਰੀਏ ਸੁਹਾਗਣਾਂ ਰਸ ਮਾਣੀਆਂ ਹਨ ਤਾਂ ਰਵਹਿ ਨੂੰ ਪੜ੍ਹਨਾ ਪਵੇਗਾ – ਰਵਹਿੰ।

ਗੁਰਮੁਖਿ – ਜੋ ਗੁਰ ਦੀਖਿਆ ਲੈ ਕੇ ਤੇ ਕਮਾਈ ਕਰਕੇ ਕ੍ਰਿਤਾਰਥ ਹੋ ਗਿਆ ਹੈ। ਪੁੱਗ ਪਿਆ ਸਿਖ। ਪੰਚ, ਸੰਤ। **ਸੋਹਾਗਣੀ** – ਭਾਵ ਗੁਰਮੁਖ ਹੋ ਗਿਆ ਸਿਖ।

ਸੇਜ ਭਤਾਰ - ਸਿਹਜਾ ਦਾ ਪਤੀ। ਸੇਜ ਦਾ ਭਾਵ ਹੈ ਅੰਤਹ-ਕਰਣ। ਭਤਾਰ ਦਾ ਭਾਵ ਹੈ ਪਰਮਾਤਮਾ। ਭਾਵ ਪਿੱਛੇ ਕਹੇ ਜਗਜਾਸੂ ਦਾ ਅੰਤਹ-ਕਰਣ 'ਪਤੀ ਪ੍ਰਾਪਤੀ' ਲਈ ਸੁਧ ਹੋ ਗਿਆ ਹੈ। ਉਥੇ ਸਿਵਾ ਵਾਹਿਗੁਰੂ ਪ੍ਰੇਮ ਦੇ ਹੋਰ ਕੁਛ ਨਹੀਂ, ਉਥੇ ਕੇਵਲ ਭੋਗਣਹਾਰ ਵਾਹਿਗੁਰੂ ਪ੍ਰਾਪਤ ਹੈ ਜੋ ਆਪਣੇ ਪ੍ਰੇਮੀ ਦੇ ਪਿਰਮ ਰਸ ਨੂੰ ਮਾਣਦਾ ਹੈ। ਜੈਸੇ ਕਿਹਾ ਹੈ 'ਮੇਰੀ ਜੀਵਨਿ ਮੇਰੇ ਦਾਸ॥' (ਸਾਰੰਗ ਨਾਮਦੇਵ-੩) ਪਰ ਦਾਨੇ ਐਉਂ ਬੀ ਕਰਦੇ ਹਨ :- ਉਸ ਦੀ ਪ੍ਰਾਪਤੀ ਦੇ ਰਸ ਨੂੰ ਸੁਹਾਗਣਾਂ ਮਾਣਦੀਆਂ ਹਨ।

ਚਾਰੇ ਅਗਨਿ - ਚਾਰ ਅੱਗਾਂ। ਹੰਸ, ਹੇਤ, ਲੋਭ, ਕੋਪ। ਚਾਰ ਅੱਗਾਂ ਜੋ ਮਾਝ ਦੀ ਵਾਰ ਵਿਚ ਇਕ ਸਲੋਕ ਵਿਚ 'ਗੁਰੂ ਜੀ' ਨੇ ਆਪ ਗਿਣੀਆਂ ਹਨ। ਏਹ ਸ਼ਬਦ ਸਾਰੇ, ਜਿਨ੍ਹਾਂ ਵਿਚ 'ਚਾਰ ਅਗਨ' ਪਦ ਆਉਂਦਾ ਹੈ, ਇਸ ਸ਼ਲੋਕ ਤੋਂ ਮਗਰੋਂ ਉਚਾਰੇ ਸਹੀ ਹੁੰਦੇ ਹਨ। ਉਹ ਸ਼ਲੋਕ ਰਾਗ ਮਾਝ ਦਾ ਹੋਣ ਕਰਕੇ ਆਪਣੀ ਰਾਗਾਂ ਵਾਲੀ ਤਰਤੀਬ ਕਰਕੇ ਮਾਝ ਵਿਚ-ਇਸ ਕਰਕੇ ਇਨ੍ਹਾਂ ਸ਼ਬਦਾਂ ਤੋਂ ਮਗਰੋਂ ਆਉਂਦਾ ਹੈ। ਪਾਠ ਹੈ:- **ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥** (ਵਾਰ ਮਾਝ ਮ: ੧-੨੦) ਅਰਥਾਤ ਹਿੰਸਾ, ਮੋਹ, ਲੋਭ, ਕ੍ਰੋਧ।

(ਅ) ਇਸ ਸ਼ਬਦ ਵਿਚ ਬੀ ਚਾਰ ਅਵਗੁਣ ਗਿਣੇ ਹਨ ਜੋ ਜੋਤੀ ਨੂੰ ਆਛਾਦਨ ਕਰ ਸਕਦੇ ਹਨ - ਹਿੰਸਾ, ਹਉਮੈ, ਸੰਸਾ ਤੇ ਸੋਗ। ਹੋ ਸਕਦਾ ਹੈ ਇਧਰ ਇਸ਼ਾਰਾ ਹੋਵੇ।

ਗੁਰਮੁਖਿ- ਏਥੇ ਗੁਰਮੁਖਿ ਦਾ ਅਰਥ ਗੁਰੂ ਦੁਆਰਾ ਹੈ।

ਕਮਲੁ- ਕੌਲ ਫੁਲ, ਹ੍ਰਿਦਯ ਕਮਲ। ਮਨ ਦੀ ਸੰਸਾਰ ਨਾਲ ਤਦਾਕਾਰ ਹੋਈ ਅਵਸਥਾ ਜਦ ਭਜਨ ਬੰਦਗੀ ਏਕਾਗ੍ਰਤਾ ਨਾਲ ਉਲਟਦੀ ਹੈ ਤਾਂ ਮਨ ਸਿੱਧਾ ਹੋ ਜਾਂਦਾ ਹੈ। ਜਿਵੇਂ ਕਮਲ ਦੀ ਡੋਡੀ ਪਹਿਲੇ ਉਂਧੀ ਹੁੰਦੀ ਹੈ, ਫੇਰ ਡੰਡੀ ਸਿੱਧੀ ਤੀਰ ਹੋ ਜਾਂਦੀ ਹੈ ਤਾਂ ਕਵਲ ਖਿੜ ਪੈਂਦਾ ਹੈ, ਇਸ ਤਰ੍ਹਾਂ ਸਿੱਧਾ ਹੋਕੇ ਮਨ ਖਿੜ ਜਾਂਦਾ ਹੈ: ਯਥਾ :- '**ਨਾਨਕ ਭਗਤਾ ਸਦਾ ਵਿਗਾਸੁ॥**' (ਜਪੁਜੀ)। ਇਹ ਖੇੜਾ ਸੰਸਾਰਕ ਪ੍ਰਾਪਤੀਆਂ ਤੋਂ ਰਜੋ ਗੁਣੀ ਖੁਸ਼ੀ ਨਾਲੋਂ ਵੱਖਰੀ ਵਸਤੂ ਹੈ। ਇਹ ਸਤੋ ਗੁਣ ਤੇ ਉਸ ਤੋਂ ਉਚੇਰੀ ਦਸ਼ਾ 'ਊਰਧ ਸਤੋ' ਦੀ ਪ੍ਰਾਪਤੀ ਦਾ ਵਿਗਾਸ ਹੈ।

(ਸਿਰੀ ਰਾਗੁ ਮਹਲਾ ੧, ਚਉਪਦਾ-੨੧)

ਪ੍ਰਾਕ੍ਥਨ-ਇਸ ਸ਼ਬਦ ਵਿਚ ਸਾਹਮਣੇ ਬੈਠੇ ਪੁਰਖ ਨੂੰ ਨਾਮ ਦਾ ਉਪਦੇਸ਼ ਦੇ ਰਹੇ ਹਨ 'ਤੇ ਨਵਾਂ ਨੁਕਤਾ ਇਸ ਵਿਚ ਇਹ ਹੈ ਕਿ ਮਨ ਨੂੰ 'ਆਪਾ ਪਰਖਣ ਦਾ ਗੁਣ' ਧਾਰਨ ਕਰਨਾ ਸਿਖਾ ਰਹੇ ਹਨ ; ਜਿਸ ਲਈ 'ਸੱਚ' ਨੂੰ ਕਸਵੱਟੀ ਬਨਾਉਣਾ ਹੈ ਤੇ 'ਵਿਚਾਰ' ਨੂੰ ਤੱਕੜੀ ਬਣਾਕੇ ਮਨ ਨੂੰ ਤੋਲਣਾ ਹੈ। ਫੇਰ ਸਾਕਤ ਦਾ ਤੇ ਗੁਰਮੁਖ ਦਾ ਪ੍ਰਕਾਰ ਦੱਸਿਆ ਹੈ ਤੇ 'ਸਤਜ ਸਰੂਪ' ਦੀ ਪ੍ਰਾਪਤੀ ਦਾ 'ਸੱਚ' ਹੀ ਰਾਹ ਦੱਸਿਆ ਹੈ ਜੋ ਅਮੁੱਲ ਹੈ। ਤੇ ਇਕ ਨੁਕਤਾ ਹੋਰ ਖੋਲ੍ਹਿਆ ਹੈ ਕਿ ਇਕ ਨਾਮ ਅਸੀਂ ਸਿਮਰਦੇ ਹਾਂ, ਇਕ ਨਾਮ ਘਟ ਘਟ ਵਿਚ ਮੌਜੂਦ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ॥ **ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ**	ਹੇ ਪਿਆਰੇ 'ਹਰਿ ਹਰਿ' (ਵਾਹਿਗੁਰੂ) ਦਾ ਜਾਪ ਕਰ, (ਹਾਂ ਪਰ) ਗੁਰੂ ਪਾਸੋਂ (ਜਪਣ ਦੀ) ਮਤਿ ਲੈਕੇ ਵਾਹਿਗੁਰੂ ਉਚਾਰਨ ਕਰੀਂ, (ਐਸੇ ਦਿਲ ਦੇ ਸਿਦਕ ਨਾਲ ਕਿ) ਮਨ ਨੂੰ ਸੱਚ ਦੀ ਕਸਵੱਟੀ ਉਤੇ ਲਾਈਏ ਤੇ (ਵਿਚਾਰ ਦੀ ਤੱਕੜੀ ਉਤੇ) ਤੁਲ ਕੇ ਪੂਰੇ ਉਤਰੀਏ।

ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥

(ਇਉਂ ਪੂਰਾ ਉਤਰਿਆ ਹਿਰਦਾ ਐਸਾ ਅਮੋਲਕ ਹੋ ਜਾਂਦਾ ਹੈ ਕਿ) ਕਿਸੇ ਤੋਂ (ਇਸ ਦੀ) ਕੀਮਤ ਨਹੀਂ ਪਾਈ ਜਾ ਸਕਦੀ (ਕਿਉਂਕਿ ਪੂਰਾ ਉਤਰਿਆ ਮਨ ਸੋਨਾ ਬਣਕੇ ਸੋਨਾ ਹੀ ਨਹੀਂ ਰਹਿ ਜਾਂਦਾ ਸਗੋਂ ਉਹ ਰਤਨ ਹੋ ਜਾਂਦਾ ਹੈ; ਫੇਰ) ਰਿਦੇ ਦਾ (ਇਹ) ਮਾਣਕ ਮੁੱਲ ਵਿਚ (ਮੁੱਲ ਦੀ ਹੱਦ ਤੋਂ ਲੰਘਕੇ) ਅਮੁੱਲਤਾਈ ਵਿਚ (ਚਲਾ ਜਾਂਦਾ ਹੈ) ॥ ੧ ॥

ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥

ਹੇ ਭਾਈ ! ਗੁਰੂ ਵਿਚ ਹਰੀ (ਰੂਪ) ਹੀਰਾ (ਵੱਸਦਾ) ਹੈ (ਤੇ ਉਹ) ਸਤਿਗੁਰੂ ਸਤਿਸੰਗਤ ਵਿਚੋਂ ਪਾਈਦਾ ਹੈ; (ਉਸ ਸਤਿਗੁਰੂ ਤੋਂ ਸ਼ਬਦ ਪ੍ਰਾਪਤ ਹੁੰਦਾ ਹੈ, ਉਸ) ਸ਼ਬਦ ਦੁਆਰਾ (ਵਾਹਿਗੁਰੂ ਨੂੰ) ਦਿਨ ਰਾਤ ਸਲਾਹੀਦਾ ਹੈ ॥ ੧ ॥ ਰਹਾਉ ॥

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥

(ਫੇਰ) ਸੱਚ (ਰੂਪੀ) ਰਾਸ ਵੱਖਰ ਤੇ ਧਨ ਲਈਦਾ ਹੈ (ਪਰ ਇਹ ਸਭ ਕੁਛ) ਗੁਰੂ ਦੇ (ਬਖਸ਼ੇ) ਪ੍ਰਕਾਸ਼ ਦੁਆਰਾ ਪਾਈਦਾ ਹੈ, (ਤਦ) ਪਾਣੀ ਪਾਇਆਂ ਜਿਵੇਂ ਅੱਗ ਬੁੱਝ ਜਾਂਦੀ ਹੈ ਤਿਵੇਂ ਤ੍ਰਿਸ਼ਨਾ ਦਾਸਾਂ ਦੇ ਦਾਸ (ਭਾਵ ਸਤਿਗੁਰੂ) ਦੁਆਰਾ (ਮਰ ਜਾਂਦੀ ਹੈ, ਫੇਰ) ਜੰਦਾਰ ਜਮ (ਮਗਰ) ਨਹੀਂ ਲੱਗਦਾ, ਇਉਂ (ਸਾਧਕ ਪੁਰਖ ਗੁਰਮੁਖ ਹੋਕੇ) ਭਉਜਲ ਨੂੰ ਤਰ ਜਾਂਦਾ ਹੈ (ਤੇ ਹੋਰਨਾਂ ਨੂੰ) ਤਾਰ ਲੈਂਦਾ ਹੈ ॥ ੨ ॥

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥

(ਹੁਣ ਇਸ ਗੁਰਮੁਖ ਤੇ ਸਾਕਤ ਦਾ ਵੇਰਵਾ ਕਰਦੇ ਹਨ)

ਗੁਰਮੁਖ ਸੱਚ ਵਿਚ ਰੱਤੇ ਰਹਿੰਦੇ ਹਨ (ਸੱਚ ਵਿਚ ਰੱਤੇ ਰਹਿਣ ਕਰਕੇ ਉਹਨਾਂ ਦਾ) ਸੱਚ ਵਿਚ ਹੀ ਪ੍ਰੇਮ ਹੁੰਦਾ ਹੈ (ਤੇ ਉਹਨਾਂ ਨੂੰ) ਕੂੜ ਮੂਲੋਂ ਨਹੀਂ ਭਾਉਂਦਾ। (ਪਰ) ਸਾਕਤਾਂ (=ਮਾਇਆ ਪ੍ਰੇਮੀਆਂ) ਨੂੰ ਸੱਚ ਨਹੀਂ ਭਾਉਂਦਾ, (ਓਹ) ਕੂੜੇ ਹੈਨ, (ਉਹਨਾਂ ਦੀ) ਨੀਂਹ ਹੀ ਕੂੜੀ ਹੈ। (ਕੂੜ ਦੀ ਨੀਂਹ ਉੱਤੇ ਮਹਲ ਕੂੜ ਦਾ ਹੀ ਉਸਰਦਾ ਹੈ, ਸੋ ਉਹ ਕੂੜ ਵਿਚ ਹੀ ਵਸਦੇ ਹਨ। ਇਸ ਦੇ ਉਲਟ ਜੋ) ਸੱਚ ਵਿਚ ਰੱਤੇ ਹਨ (ਉਹ) ਗੁਰੂ ਦੁਆਰਾ ਮਿਲਾਏ ਜਾਂਦੇ ਹਨ, (ਸੋ ਓਹ) ਸੱਚੇ (ਵਾਹਿਗੁਰੂ) ਦੇ 'ਸੱਚ' ਵਿਚ (ਭਾਵ ਸਤਰ ਸਰੂਪ ਵਿਚ) ਜਾ ਸਮਾਉਂਦੇ ਹਨ ॥ ੩ ॥

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥ ੪॥੨੧॥

(ਪ੍ਰਸ਼ਨ :- ਇਹ ਨਾਮ ਰਤਨ ਕਿਸੇ ਕਿਸੇ ਨੂੰ ਮਿਲਦਾ ਹੈ। ਈਸ਼੍ਵਰੀਜ ਵਸਤੂ ਹੋਣ ਕਰਕੇ ਪੌਣ, ਪਾਣੀ ਚਾਨਣ ਵਾਂਙੂ ਹਰੇਕ ਨੂੰ ਪ੍ਰਾਪਤ ਕਿਉਂ ਨਹੀਂ ? ਉੱਤਰ) (ਹਰੇਕ ਦੇ) ਮਨ ਵਿਚ (ਇਹ) ਨਾਮ (ਰੂਪੀ) ਰਤਨ ਪਦਾਰਥ (ਮੌਜੂਦ) ਹੈ (ਜੋ ਅਮੋਲਕ ਹੋਣ ਵਿਚ) ਮਾਣਕ ਲਾਲ ਕਿ ਹੀਰੇ (ਤੁੱਲ) ਹੈ। (ਹਾਂ, ਭਾਈ ਇਹ) ਨਾਮ ਹਿਰਦੇ ਹਿਰਦੇ ਵਿਚ (ਮੌਜੂਦ) ਹੈ ਜੋ ਸੱਚਾ ਵਖਰ ਬੀ ਤੇ ਸੱਚਾ ਧਨ ਬੀ ਹੈ (ਪਰ ਓਹ ਦਿਲ ਦੇ ਅੰਦਰ ਪਿਆ ਹੈ ਜਿਥੇ ਕਿ) ਡਾਢਾ ਡੂੰਘਾ ਥਾਉਂ ਹੈ। (ਇਸ ਲਈ) ਹੇ ਨਾਨਕ ! ਉਹ (ਨਾਮ) ਗੁਰੂ ਦੁਆਰੇ ਪਾ ਸਕੀਦਾ ਹੈ (ਜਦੋਂ ਕਿ) ਹੀਰਾ (ਰੂਪੀ ਅਮੁੱਲ) ਹਰੀ (ਆਪ) ਦਇਆ ਕਰੇ ॥ ੪ ॥ ੨੧ ॥

ਵਜਾਖਜਾ—ਇਸ ਸ਼ਬਦ ਵਿਚ ਇਹ ਗੱਲਾਂ ਫੁਰਮਾਈਆਂ ਹਨ :-

੧. ਨਾਮ ਜਪੋ। ੨. ਪਰ ਗੁਰੂ ਦੀ ਮਤਿ ਲੈਕੇ।

੩. ਫੇਰ ਨਿਜ ਮਨ ਦੀ ਪਰਖਣਾ ਦੀ ਆਦਤ ਪਾਓ, ਯਥਾ :-

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ (ਵਾਰ ਸਿਰੀ : ਮ: ੩-੧੨)

ਅਪਣੇ ਮਨ ਨੂੰ ਆਪ ਕਸਵੱਟੀ ਲਾਓ ਸੱਚ ਦੁਆਰਾ, ਤੇ ਤੋਲੋ ਵੀਚਾਰ ਦੁਆਰਾ ਕਿਉਂਕਿ ਹਿਰਦੇ ਵਿਚ ਜੋ ਮਾਣਕ ਹੈ ਉਹ ਅਮੋਲ ਹੈ, ਉਸ ਦੀ ਕਸਵੱਟੀ ਤੇ ਤੋਲ ਵੱਖਰੇ ਹਨ, ਅਮੁੱਲ ਦੇ ਦੇਸ਼ ਦੇ ਹਨ। ਇਸ 'ਅਮੁੱਲ' ਦਾ ਵੇਰਵਾ ਪਿਛੇ ਜਪੁਜੀ ਦੀ 'ਅਮੁੱਲ' ਦੀ ਪਉੜੀ ਵਿਚ ਆ ਚੁਕਾ ਹੈ।

੪. ਸਚ ਦਾ ਵੱਖਰ ਜੋ ਨਾਮ ਅਭਜਾਸ ਤੇ ਗੁਰੂ ਬਖਸ਼ੇ ਗਜਾਨ ਤੋਂ ਮਿਲਨਾ ਹੈ, ਉਹ ਅਪਣੇ ਨਿਜ ਸਰੂਪ ਦੀ 'ਸਤਜ ਸਰੂਪਤਾ' ਹੈ, ਉਸ ਨਾਲ ਉਸ ਅਮੋਲਕ ਵਜਾਪਕ ਸੱਤਜਤਾ ਨੂੰ ਪ੍ਰਾਪਤ ਹੋ ਜਾਣਾ ਹੈ। ਫਿਰ ਇਸ ਸ਼ਬਦ ਵਿਚ ਦੱਸਿਆ ਹੈ ਕਿ ਨਾਮ ਅੰਦਰ ਡੂੰਘੇ ਥਾਂ ਪਿਆ ਹੈ, ਉਹ ਨਾਮ ਵਜਾਪਕ ਨਾਮ ਹੈ, ਸਾਡੇ ਸਿਮਰਨ ਵਾਲੇ ਨਾਮ ਨੇ ਸਾਨੂੰ ਉਸ ਨਾਲ ਜੋੜ ਦੇਣਾ ਹੈ। ਯਥਾ :-

੧. ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸਕਾ ਬਿਸ੍ਰਾਮ ॥ (ਸੁਖਮਨੀ, ੨੩-੧)

ਪੁਨਾ :- **ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥**

(ਸੂਹੀ ਮਹਲਾ ੩, ਅਸਟ :- ੨)

ਪੁਨਾ :- **ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥**

(ਗਉ: ਬਾ: ਅ: ਮ: ੫-੪੫)

ਪੁਨਾ :- **ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥**

(ਭੈਰਉ ਮਹਲਾ ੩-੫)

ਫੇਰ ਫੁਰਮਾਇਆ ਹੈ :-

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥ (ਵਡਹੰਸ ਮ: ੩-੫)

ਨਿਰੁਕ੍ਤ—ਹਰਿ ਬੋਲਿ - ਹਰੀ ਨਾਮ ਦਾ ਉਚਾਰਣ ਕਰ। 'ਬੋਲਿ'-'ਮਨੁ'। ਦੋਹਾਂ ਪਦਾਂ ਦੇ ਵਿਚ ਲੁਪਤੀ ਹੈ। ਲੁਪਤੀ ਇਹ ਹੈ - ਨਾਮ ਨੂੰ ਇਸ ਤਰ੍ਹਾਂ ਦਿਲ ਦੇ ਸਿਦਕ ਨਾਲ ਜਪੁ ਕਿ ਜਦ ਕਸਵਟੀ ਤੇ ਲਾਵੇਂ ਤੇ ਤੋਲੇਂ ਤਾਂ ਪੂਰਾ ਉਤਰੇ।

ਕਸਵਟੀ - ਇਕ ਪਥਰ ਕਾਲੇ ਰੰਗ ਦਾ, ਜਿਸ ਪਰ ਸੋਨਾ ਪਰਖਦੇ ਹਨ ਕਸ ਲਾਕੇ। ਸੋਨੇ ਦੀ ਪਰਖ 'ਤੋਲ' ਤੇ 'ਕਸਵੱਟੀ' ਦੋ ਤਰ੍ਹਾਂ ਨਾਲ ਹੁੰਦੀ ਹੈ। ਸ਼ੁੱਧਤਾਈ 'ਕਸਵੱਟੀ' ਦੱਸਦੀ ਹੈ, ਤੇ ਤੋਲ ਵਿਚ ਪੂਰਾ ਹੈ ਕਿ ਨਹੀਂ ਇਹ ਗਲ 'ਤੱਕੜੀ' ਦੱਸਦੀ ਹੈ।

ਤੁਲੀਐ - ਤੋਲ ਵਿਚ ਪੂਰੇ ਉਤਰੀਏ।

ਤੋਲਿ - ਤੱਕੜੀ, ਤੋਲਿ ਦੀ ਸਿਆਰੀ ਕ੍ਰਿਆ ਕਾਰਦੰਤਕ ਨਹੀਂ, ਇਹ ਇਸਤ੍ਰੀ ਲਿੰਗ ਬਨਾਉਣ ਲਈ ਲਾਈ ਹੈ, ਇਸ ਦਾ ਅਰਥ ਤੱਕੜੀ ਹੈ। ਕਸਵੱਟੀ 'ਸੱਚ' ਦੀ ਦੱਸੀ ਹੈ ਤੇ ਤੱਕੜੀ 'ਵੀਚਾਰ' ਦੀ ਹੈ, ਜੋ ਪ੍ਰਸੰਗ ਦੁਆਰਾ ਸਮਝੀ ਦੀ ਹੈ।

ਮਾਣਕ ਅਮੋਲਿ - (ਸੰਸ:, ਮਾਣਿਕਜ) ਰਤਨ, ਲਾਅ਼ਲ। ਪਰਖਣ ਵੇਲੇ ਸੋਨਾ ਕਿਹਾ, ਕਿ ਪਰਖਿਆ ਕਸਵੱਟੀ ਉਤੇ, ਪਰ ਹੁਣ ਮਾਣਕ ਕਹਿੰਦੇ ਹਨ, ਰਤਨ ਕਸਵਟੀਆਂ ਤੇ ਨਹੀਂ ਪਰਖੀਦੇ। ਭਾਵ ਇਹ ਹੈ ਕਿ ਪਰਖਣ ਵੇਲੇ ਤਾਂ ਸੋਨਾ ਸੀ ਮਨ, ਪਰ ਜਦ ਪੂਰਾ ਉਤਰਿਆ ਤਾਂ ਰਤਨ ਹੋ ਗਿਆ ਅਮੋਲਕ। ਮਨ ਪਹਿਲਾਂ ਸੰਸਾਰਾਕਾਰ ਹੈ, ਨਾਮ ਨਾਲ ਮਨ ਮਨ ਨਹੀਂ ਰਹੇਗਾ, 'ਬ੍ਰਹਮਾਕਾਰ' ਹੋ ਜਾਏਗਾ। ਪਰਖ ਵਿਚ ਪੂਰਾ ਉਤਰਿਆ ਤਦ ਹੀ ਸਮਝਿਆ ਜਾਊ ਜਦ ਬ੍ਰਹਮ ਰੂਪ ਹੋ ਗਿਆ।

ਬ੍ਰਹਮ ਅਮੋਲਕ ਹੈ, ਕੀਮਤ ਤੋਂ ਪਰੇ ਹੈ, ਇਸ ਵਾਸਤੇ ਅਮੋਲ ਆਖਿਆ। (ਵੇਰਵਾ ਅਮੁਲ ਦਾ ਦੇਖੋ ਪਿੱਛੇ ਜਪੁਜੀ ਵਿਚ ਪੰਨਾ ੧੨੫ ਤੋਂ ੧੨੯)

ਰਾਸਿ, ਵਖਰੁ, ਧਨੁ – ਮੂੜੀ, ਸੌਦਾ, ਦੌਲਤ। ਇਸ ਸ਼ਬਦ ਵਿਚ ਤ੍ਰੈਹਾਂ ਦਾ ਵਿਤ੍ਰੇਕ ਐਉਂ ਹੈ :- ਰਾਸ ਉਹ ਮੂਲ ਨਕਦੀ ਹੈ, ਜਿਸ ਨਾਲ ਸੌਦਾ ਖ਼ਰੀਦੀਦਾ ਹੈ, ਵੱਖਰ ਉਹ ਸੌਦਾ ਹੈ ਜੋ ਰਾਸ ਨਾਲ ਖਰੀਦੀਦਾ ਹੈ, ਧਨ ਉਹ ਹੈ ਜੋ ਸੌਦਾ ਵੇਚਕੇ ਨਫੇ ਵਿਚ ਖੱਟੀਦਾ ਹੈ। ਤ੍ਰੈਏ ਚੀਜ਼ਾਂ 'ਸੱਚ' ਹੈ।

ਦਾਸਨਿ ਦਾਸਿ – ਦਾਸਾਂ ਦੇ ਦਾਸ ਦੁਆਰਾ ਭਾਵ ਹੈ ਗੁਰੂ ਤੋਂ = ਗੁਰੂ ਦੁਆਰਾ। (ਅ) ਦਾਨੇ ਐਉਂ ਬੀ ਅਰਥ ਲਾਉਂਦੇ ਹਨ ਕਿ ਤ੍ਰਿਸ਼ਨਾ ਫੇਰ ਦਾਸ ਹੋ ਜਾਂਦੀ ਹੈ। ਜੋ ਦਾਸ ਹੋ ਜਾਏ ਉਹ ਦੁੱਖ ਨਹੀਂ ਦੇਂਦਾ, ਹੁਕਮ ਵਿਚ ਟੁਰਦਾ ਹੈ, ਮਾਨੋ ਉਹ ਦੁਖ ਦੇਣ ਵਾਲੀ ਸਮਰਥਾ ਤੋਂ ਮਰ ਗਿਆ ਹੈ।

ਜੰਦਾਰੁ – ਕਸ਼ਟ ਦੇਕੇ ਮਾਰਨੇ ਵਾਲਾ। ਇਕ ਅਰਥ ਗੁਰੂ ਜੀ ਨੇ ਆਪ ਕੀਤਾ ਹੈ :- 'ਸਿਰਿ ਮਾਰੇ ਜੰਦਾਰੁ ਜੀਉ (ਸੂਹੀ ਮ: ੧,ਅਸਟ :- ੨) ਸਿਰ ਵਿਚ ਜੰਦਰ ਮਾਰਦਾ ਹੈ। ਜੰਦਰ ਚਾਵਲ ਛੜਨੇ ਦਾ ਵੱਡਾ ਲੱਠ ਹੁੰਦਾ ਹੈ। ਜੋ ਇਸ ਲੱਠ ਹੇਠ ਰੱਖਕੇ ਮਾਰੇ ਸੋ ਜੰਦਾਰ। ਜੰਦਰ ਪਦ ਸੰਸਕ੍ਰਿਤ ਪਦ ਯੰਤ੍ਰ ਦਾ ਪੰਜਾਬੀ ਰੂਪ ਹੈ। ਯੰਤ੍ਰ ਦੇ ਅਰਥ ਹਨ, ਕਲਾ, ਮਸ਼ੀਨ, ਕੋਈ ਸੰਦ ਜੋ ਮਸ਼ੀਨ ਵਾਙੂ ਹੋਵੇ।

(ਅ) ਸੰਪ੍ਰਦਾ ਵਿਚ ਜੰਦਾਰ ਦਾ ਅਰਥ 'ਚੰਡਾਲ' ਤੇ 'ਜਿੰਦ ਦਾ ਅਰੀ' ਬੀ ਕਰਦੇ ਹਨ।

(ੲ) 'ਡੰਡਾ' ਬੀ ਅਰਥ ਲਾਉਂਦੇ ਹਨ।

(ਸ) ਕਾਤਲ, ਖੱਲ ਉਧੇੜੂ (ਪੰਜਾਬੀ ਕੋਸ਼)।

ਭਾਵਈ–ਭਾਉਂਦਾ ਹੈ। **ਸਚਿ ਰਤੇ**–ਸਚ ਵਿਚ ਲਗੇ ਹੋਏ। **ਭਾਇ**–ਪ੍ਰੇਮ।

ਸਾਕਤ– ਸ਼ਾਕਤਿਕ, ਸ਼ਕਤੀ ਉਪਾਸ਼ਕ, ਪਰ ਮੁਰਾਦ ਹੈ ਧਰਮ ਵਿਰੁੱਧ ਟੁਰਨ ਵਾਲਾ, ਮਾਇਆ ਦਾ ਪ੍ਰੇਮੀ। **ਪਾਂਇ**–ਪਾਇਆ = ਨੀਂਹ।

(ਅ) ਉਹ ਤਾਕਤ ਜੋ ਪੈਰਾਂ ਤੋਂ ਪੈਦਾ ਹੋਵੇ। ਬੁਨਿਆਦੀ ਬਲ।

ਗੁਰਿ ਮੇਲਿਐ – ਗੁਰੂ ਦੇ ਮਿਲਾਏ ਜਾਣ ਕਰਕੇ।

ਮਾਣਕੁ ਲਾਲੁ – ਦੁਇ ਨਾਮ ਇਕੋ ਸ਼ੈ ਦੇ ਹਨ, ਮਾਣਕ ਸੰਸਕ੍ਰਿਤ ਹੈ ਤੇ ਲਾਅ਼ਲ ਹੈ ਅ਼ਰਬੀ। ਲਾਲ ਰੰਗ ਦਾ ਰਤਨ।

ਹੀਰੁ– ਹੀਰਾ, ਹੀਰੁ=ਦੁਇ ਨਾਮ ਹਨ ਇਕ ਸਭ ਤੋਂ ਅਮੋਲਕ ਰਤਨ ਦੇ, ਜੋ ਅਕਸਰ ਚਿੱਟਾ ਹੁੰਦਾ ਹੈ। ਉਸ ਨੂੰ ਆਮ ਹੀਰਾ ਕਹਿੰਦੇ ਹਨ। ਅੰਕ ਚਾਰ ਵਿਚ ਨਾਮ ਨੂੰ ਘਟ ਘਟ ਵਿਚ ਬੈਠਾ ਦੱਸਿਆ ਹੈ, ਪਰ ਗਹਿਰ ਗੰਭੀਰ ਥਾਂਵੇਂ ਹੈ, ਭਾਵ ਮਨ ਵਿਚ ਕਿਸੇ ਅਤਿ ਡੂੰਘੇ ਥਾਂ ਨਿਵਾਸੀ ਹੈ। ਉਹ ਅੰਦਰੇ ਹੈ ਪਰ ਪ੍ਰਾਪਤ ਨਹੀਂ, ਡੂੰਘੇ ਥਾਂ ਹੋਣ ਕਰਕੇ ਦੁਰ ਪ੍ਰਾਪਤ ਹੈ। ਉਹ ਪ੍ਰਾਪਤੀ ਗੁਰੂ ਦ੍ਵਾਰਾ ਤੇ ਸਾਂਈਂ ਦੀ ਮੇਹਰ ਦ੍ਵਾਰਾ ਦੱਸੀ ਹੈ। ਹਰੀ ਨੂੰ ਹੀਰਾ ਰੂਪ ਕਿਹਾ ਹੈ ਭਾਵ ਅਮੁਲਜ ਹੋਣ ਤੋਂ ਹੈ, ਅਤਿ ਸੁੰਦਰ ਹੋਣ ਤੋਂ ਹੈ; ਸਦਾ ਥਿਰ ਹੋਣ ਤੋਂ ਹੈ।

(ਸਿਰੀ ਰਾਗੁ ਮਹਲਾ ੧, ਚਉਪਦਾ – ੨੨)

ਪ੍ਰਾਕ੍ਥਨ–ਅਗਲੇ ਸ਼ਬਦ ਵਿਚ ਦੱਸਿਆ ਹੈ ਕਿ ਭਗਤੀ ਨਿਰੇ ਤੀਰਥਾਟਨ ਆਦਿ ਬਾਹਯ ਕਰਮਾਂ ਨਾਲ ਪ੍ਰਾਪਤ ਨਹੀਂ ਹੁੰਦੀ। ਭਗਤੀ ਗੁਰ ਉਪਦੇਸ਼ ਨਾਲ ਮਿਲਦੀ ਹੈ, ਕਿਉਂਕਿ ਭਗਤੀ ਦੀਆਂ ਬਾਧਕ 'ਹਉਮੈਂ' ਤੇ 'ਤ੍ਰਿਸ਼ਨਾ' ਗੁਰ ਉਪਦੇਸ਼ ਧਾਰਿਆਂ ਮਰਦੀਆਂ ਹੈਨ, ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਤੋਂ ਹਰੀ = 'ਨਾਮੀ' ਨੂੰ ਪ੍ਰਾਪਤ ਹੋ ਜਾਈਦਾ ਹੈ।

ਮੂਲ | ਅਰਥ

ਸਿਰੀਰਾਗੁ ਮਹਲਾ ੧ ॥

(ਪ੍ਰਸ਼ਨ:- ਹਰੀ ਨਾਮ ਦੀ ਪ੍ਰਾਪਤੀ ਇਨ੍ਹਾਂ ਲੋਕਾਂ ਨੂੰ, ਜੋ ਵੈਰਾਗੀ ਸੰਨਿਆਸੀ ਆਦਿ ਸਾਧੂ ਹੋਕੇ ਦੇਸ ਦੇਸਾਤਰਾਂ ਵਿਚ ਫਿਰਦੇ ਰਹਿੰਦੇ ਹਨ, ਹੋ ਜਾਂਦੀ ਹੋਣੀ ਹੈ, ਤਦੇ ਘਰ ਬਾਰ ਛੱਡ ਕੇ ਫਿਰਦੇ ਰਹਿੰਦੇ ਹਨ ? ਉੱਤਰ :-)

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥

ਫਿਰਦੇ ਰਹਿਣ ਨਾਲ (ਤ੍ਰਿਸ਼ਨਾ ਦੀ) ਅੱਗ ਨਹੀਂ ਬੁੱਝਦੀ ਚਾਹੇ (ਕੋਈ ਭੇਸ ਧਾਰਨ ਕਰਕੇ) ਦੇਸ ਦੇਸਾਂਤਰਾਂ ਵਿਚ (ਕਿੰਨਾ ਹੀ) ਭਉਂਦਾ ਫਿਰੇ। (ਇਸ ਤਰ੍ਹਾਂ ਫਿਰਦੇ ਰਹਿਣ ਨਾਲ ਤ੍ਰਿਸ਼ਨਾ ਦਾ ਮੂਲ ਹਉਮੈ ਰੂਪੀ) ਅੰਦਰਲੀ ਮੈਲ ਨਹੀਂ ਲਹਿੰਦੀ, (ਸੋ ਜੇ ਅੰਦਰਲੀ ਮੈਲ ਨਾ ਉਤਰੇ ਤਾਂ ਐਸੇ ਤਯਾਗੀ ਦੇ) ਜੀਉਣ ਦੇ ਧ੍ਰਿੱਗ ਹੈ (ਤੇ ਫਕੀਰੀ) ਵੇਸ (ਜੋ ਉਸ ਨੇ ਧਾਰਨ ਕੀਤਾ ਹੋਇਆ ਹੈ ਉਸ ਦੇ ਬੀ) ਧ੍ਰਿੱਗ ਹੈ। (ਨਿਸਚੇ ਜਾਣ ਲਓ ਕਿ) ਸਤਿਗੁਰ ਦੇ ਉਪਦੇਸ਼ ਬਿਨਾ ਹੋਰ ਕਿਸੇ (ਉਪਾਉ ਨਾਲ) ਭਗਤੀ (ਪ੍ਰਾਪਤ) ਨਹੀਂ ਹੋ ਸਕਦੀ ॥੧॥

ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥ ੧॥ ਰਹਾਉ ॥

(ਤਾਂ ਤੇ) ਹੇ ਮੇਰੇ ਮਨ[1]! ਗੁਰੂ ਦੁਆਰਾ (ਅੰਦਰਲੀ) ਅੱਗ ਨੂੰ ਦੂਰ ਕਰ। ਜੇ ਗੁਰੂ ਦਾ ਆਖਿਆ ਮਨ ਵਿਚ ਵੱਸ ਜਾਏ ਤਾਂ ਤ੍ਰਿਸ਼ਨਾ ਤੇ (ਉਸ ਦਾ ਮੂਲ) ਹਉਮੈ ਮਾਰੀ ਜਾਏਗੀ ॥ ੧ ॥ ਰਹਾਉ ॥

ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥

(ਹੇ ਭਾਈ !) ਮਨ ਰੂਪੀ ਰਤਨ ਅਮੁੱਲ (ਵਸਤੂ ਹੈ, ਪਰ ਤਾਂ ਜੇ) ਰਾਮ ਨਾਮ (ਇਸ) ਵਿਚ ਆ ਵੱਸੇ (ਜਿਸ ਦੁਆਰਾ ਹਉਮੈ ਤੇ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ ਤੇ ਜੀਵ) ਸਤਿਕਾਰ ਪ੍ਰਾਪਤ ਕਰ ਲੈਂਦਾ ਹੈ। (ਵਿਉਂਤ ਇਹ ਹੈ ਕਿ) ਸਤਿਸੰਗ ਨੂੰ ਮਿਲਕੇ ਹਰਿ (ਨਾਮ) ਪਾਈਦਾ ਹੈ, (ਹਰੀ ਨਾਮ ਪਾਕੇ ਗੁਰਮੁਖ ਬਣੀਦਾ ਹੈ, ਤੇ) ਗੁਰਮੁਖ ਵਾਹਿਗੁਰੂ ਵਿਚ ਲਿਵ ਲਾਈ ਰਖਦਾ ਹੈ, (ਲਿਵ ਲਗ ਜਾਣ ਨਾਲ) ਆਪਾ ਭਾਵ (ਹਉਮੈ) ਦੂਰ ਹੁੰਦੀ ਹੈ; (ਹਉਮੈ ਦੂਰ ਹੋਣ ਨਾਲ ਤ੍ਰਿਸ਼ਨਾ ਦੂਰ ਹੁੰਦੀ ਹੈ, ਦੋਹਾਂ ਦੇ ਦੂਰ ਹੋਣ ਨਾਲ) ਸੁਖ ਪ੍ਰਾਪਤ ਹੁੰਦਾ ਹੈ, (ਇਸ ਪ੍ਰਕਾਰ ਦਾ ਸੁਖ, ਜੋ) ਪਾਣੀ ਵਿਚ ਪਾਣੀ ਨੂੰ ਮਿਲਕੇ ਸਮਾਇਆਂ ਹੁੰਦਾ ਹੈ ॥ ੨ ॥

(ਗੁਰ ਉਪਦੇਸ਼ ਦੁਆਰਾ 'ਹਰਿ ਨਾਮ ਪ੍ਰਾਪਤ' ਦੀ ਅਵਸਥਾ ਦੱਸਕੇ ਹੁਣ 'ਹਰਿ ਨਾਮ ਅਪ੍ਰਾਪਤ' ਪੁਰਖ ਦੀ ਹਾਲਤ ਦੱਸਦੇ ਹਨ:-)

ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥

ਜਿਸਨੇ ਪਰਮੇਸ਼ੁਰ ਦਾ ਹਰੀਨਾਮ ਨਹੀਂ ਸਿਮਰਿਆ ਓਹ ਅਉਗਣਾਂ ਵਿਚ ਹੀ ਜੰਮਦਾ ਮਰਦਾ ਰਹਿੰਦਾ ਹੈ, (ਅਤੇ)

[1] ਮਨ ਦੁਆਰਾ ਜਗਜਾਸੂ ਪ੍ਰਤੀ ਉਪਦੇਸ਼ ਹੈ।

ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥

ਸਤਿਗੁਰੁ ਪੁਰਖ ਦੀ ਜਿਸ ਨੇ ਸੰਗਤ ਨਹੀਂ ਕੀਤੀ ਉਹ ਭਉਜਲ ਵਿਚ ਹੀ ਖਪਦਾ ਝਖਦਾ ਰਹਿੰਦਾ ਹੈ। (ਇਸ ਤਰ੍ਹਾਂ) ਇਹ ਜੀਉੜਾ (ਜੋ ਅਪਣੇ ਅਸਲੇ ਵਿਚ ਇਕ) ਮਾਣਕ (ਵਰਗੀ) ਅਮੋਲਕ (ਵਸਤੂ) ਸੀ, ਇਕ ਕਉਡੀ ਦੇ ਭਾ (ਵਿਕ) ਜਾਂਦਾ ਹੈ (ਭਾਵ ਨਿਸਫਲ ਚਲਾ ਜਾਂਦਾ ਹੈ) ॥ ੩ ॥

ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥ ੪॥੨੨॥

(ਇਸ ਤੋਂ ਸਮਝ ਲਓ ਕਿ) ਜਿਨ੍ਹਾਂ ਨੇ (ਗੁਰੂ ਨਾਲ ਪ੍ਰੇਮ ਕੀਤਾ ਤੇ ਅਗੋਂ) ਸਤਿਗੁਰੂ ਉਨ੍ਹਾਂ ਨੂੰ ਤ੍ਰੁਠਕੇ ਮਿਲ ਪਿਆ ਉਹ ਗਜਾਨਵਾਨ (ਸਮਝੋ ਤੇ ਉਨ੍ਹਾਂ ਨੂੰ ਹੀ) ਪੂਰਨ ਪੁਰਖ (ਸਮਝੋ)। (ਸੋ ਸਮਝ ਲਓ ਕਿ) ਗੁਰੂ ਨੂੰ ਮਿਲਕੇ (ਹੀ) ਭਉਜਲ ਲੰਘੀਦਾ ਹੈ ਤੇ ਦਰਗਾਹ ਵਿਚ ਕਬੂਲੀਅਤ ਤੇ ਪਤਿ (ਪ੍ਰਾਪਤ) ਹੁੰਦੀ ਹੈ। ਹੇ ਨਾਨਕ ! ਉਹੀ ਮੂੰਹ ਉੱਜਲੇ (ਦਰਗਾਹ ਵਿਚ ਜਾਂਦੇ ਹਨ ਜਿਥੇ) ਸ਼ਬਦ ਰੂਪੀ ਵਾਜੇ ਵੱਜ ਰਹੇ ਹੁੰਦੇ ਹਨ (ਤੇ ਸੁਆਦਲੀ) ਧੁਨਿ ਉਪਜ ਰਹੀ ਹੁੰਦੀ ਹੈ ॥੪॥੨੨॥

ਵਜਾਖਜਾ–ਇਸ ਸ਼ਬਦ ਵਿਚ ਦੱਸਿਆ ਹੈ ਕਿ ਕੇਵਲ ਭੇਖ ਧਾਰਨ ਕਰਕੇ ਤੀਰਥਾਂ ਉੱਪਰ ਦੇਸਾਂ, ਦੇਸਾਂਤ੍ਰਾਂ ਵਿਚ ਫਿਰਨ ਨਾਲ ਭਗਤੀ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਇਸ ਤਰ੍ਹਾਂ ਮਨ ਨਿਸਚੇ ਦੇ ਘਰ ਪਹੁੰਚਕੇ ਆਤਮ ਵਸਤੂ ਤੇ ਟਿਕ ਨਹੀਂ ਜਾਂਦਾ। ਨਾਨਾ ਤਰ੍ਹਾਂ ਦੇ ਲੋਕਾਂ, ਸਾਧੂਆਂ, ਫਿਰਕੇ-ਬੰਦੀਆਂ ਵਾਲਿਆਂ ਨੂੰ ਮਿਲ ਮਿਲਕੇ ਨਾਨਾ ਖਿਆਲ ਤੇ ਉਪਦੇਸ਼ ਸੁਣ ਸੁਣਕੇ ਭਰਮ ਹੀ ਵਧਦਾ ਜਾਂਦਾ ਹੈ। ਭਰਮ ਨਾ ਹਟੇ ਤਾਂ ਅੰਦਰਲੀ ਮੈਲ ਨਾ ਉਤਰੀ। ਮੈਲ ਨਾ ਉਤਰੀ ਤਾਂ ਵਾਹਿਗੁਰੂ ਵਿਚ ਭਗਤੀ ਭਾਵ ਨਾ ਦ੍ਰਿੜ ਹੋਇਆ। ਪ੍ਰਸ਼ਨ ਹੁੰਦਾ ਹੈ : ਫੇਰ ਕਿਵੇਂ ਹੋਵੇ? ਤਾਂ ਦੱਸਦੇ ਹਨ ਕਿ ਗੁਰੂ ਤੇ ਭਰੋਸਾ ਹੋਵੇ ਤਾਂ ਉਪਦੇਸ਼ ਲੈਕੇ ਕਮਾਈ ਕਰੇ। ਗੁਰੂ ਉੱਪਰ ਕਹੀ ਭਰਮ ਦੀ ਅਗਨੀ ਦੂਰ ਕਰੇਗਾ, ਹਉਮੈ ਤ੍ਰਿਸ਼ਨਾ ਮਰੇਗੀ। ਗੁਰੂ ਨੇ ਨਾਮ ਦੇਣਾ ਹੈ। ਫੇਰ ਨਾਮ ਦੀ ਕਮਾਈ ਕਰੇ ਤੇ ਸਤਿਸੰਗ ਕਰੇ। ਇਸ ਤਰ੍ਹਾਂ ਆਪਾ ਭਾਵ ਦੂਰ ਹੋਕੇ, ਆਤਮਾ ਸ਼ੁੱਧ ਹੋਕੇ ਪਰਮਾਤਮਾਂ ਨੂੰ ਜਾ ਮਿਲੇਗਾ। ਇਸ ਪ੍ਰਕਾਰ ਦੀ ਕਮਾਈ ਨਾਲ ਜੀਵ ਭਉਜਲ ਤੋਂ ਪਾਰ ਹੋ ਜਾਏਗਾ, ਦਰਗਾਹੇ ਕਬੂਲ ਪਏਗਾ, ਉਥੇ ਇੱਜ਼ਤ ਹੋਵੇਗੀ, ਮੂੰਹ ਉੱਜਲੇ ਜਾਏਗਾ ਤੇ ਗਏ ਦਾ ਸਨਮਾਨ ਸੰਗੀਤਕ ਆਦਰਾਂ ਨਾਲ ਹੋਵੇਗਾ,

ਨਿਰੁਕ੍ਰ–ਭਰਮੈ–(ਸੰਸ:, ਭ੍ਰਮਣੰ) ਭਰਮਣ ਨਾਲ, ਫਿਰਨ ਨਾਲ। ਘਰ ਬਾਰ ਛੱਡਕੇ, ਭੇਖ ਧਾਰਨ ਕਰਕੇ ਦੇਸ਼ ਦੇਸ਼ਾਂਤ੍ਰਾਂ ਦੇ ਤੀਰਥਾਂ ਤੇ ਫਿਰਨੇ ਕਰਕੇ।

ਭਾਹਿ–(ਦੇਖੋ ਪਿਛੇ ਨਿਰੁਕਤ ਪੰਨਾ ੨੮੧) ਅੱਗ। ਪਹਿਲੀ ਤੁਕ ਵਿਚ ਪਦ 'ਭਾਹਿ' ਤੇ ਦੂਸਰੀ ਵਿਚ 'ਮੈਲ' ਦੋਹਾਂ ਦਾ ਭਾਵ ਕੀ ਹੈ ? ਰਹਾਉ ਦੀ ਦੂਸਰੀ ਤੁਕ ਵਿਚ ਆਪ ਹੀ ਦੱਸਿਆ ਹੈ ਕਿ 'ਮੈਲੁ' ਹਉਮੈ ਹੈ, 'ਭਾਹਿ' ਤ੍ਰਿਸ਼ਨਾ ਹੈ।

ਵਿਝਵੈ– ਬੁਝਦੀ ਹੈ (ਦੇਖੋ ਪਿਛੇ ਨਿਰੁਕਤ ਪੰਨਾ ੨੮੨)

ਧ੍ਰਿਗੁ – (ਸੰਸ:, ਧਿਕ੍) ਲਾਅ੍ਹਨਤ, ਫਿਟਕਾਰ ਵੇਸੁ–ਭੇਖ।

ਕਿਤੈ – ਕਿਸੇ ਤਰ੍ਹਾਂ ਬੀ। ਕਿਸੇ ਉਪਾਉ ਨਾਲ ਬੀ।

ਨਿਵਾਰਿ–(ਸੰਸ:, ਨਿਵਾਰਣੰ = ਰੋਕਣਾ, ਨਿਰ੍ਵ੍ਰਿਤ੍ਰ = ਦੂਰ ਕਰਨਾ, ਤਜਾਗ) ਹਟਾ, ਦੂਰ ਕਰ।

ਹਉਮੈ ਤ੍ਰਿਸਨਾ–ਹਉਮੈ ਅਤੇ ਤ੍ਰਿਸਨਾ। ਹਉਮੈਂ ਜਿਸ ਤੋਂ ਮਮਤ੍ਵ (ਮੇਰੀ) ਉਪਜਦੀ ਹੈ, 'ਮੇਰੀ'

ਤ੍ਰਿਸ਼ਨਾ ਧਾਰਨ ਕਰਦੀ ਹੈ : ਆਹ ਬੀ ਲਵਾਂ, ਇਹ ਬੀ ਲਵਾਂ।

ਮਾਣਕੁ–ਲਾਲ (ਦੇਖੋ ਪਿੱਛੇ, ਨਿਰੁਕਤ ਪੰਨਾ ੩੦੯) ਮਾਣਕ ਹੀਰਾ ਆਦਿ ਹੁੰਦੇ ਰਤਨ ਹੀ ਹਨ ਪਰ ਜਦੋਂ ਖਾਣ ਵਿਚੋਂ ਨਿਕਲਦੇ ਹਨ ਮੁੱਲ ਥੋੜਾ ਹੁੰਦਾ ਹੈ। ਜਦੋਂ ਖਰਾਦੇ ਚੜ੍ਹਕੇ ਪਹਿਲ ਕੱਢੇ ਜਾਂਦੇ ਹਨ ਤਦ ਕਦਰ ਕੀਮਤ ਵਧ ਜਾਂਦੀ ਹੈ। ਤਿਵੇਂ ਮਨ ਹੈ ਤਾਂ ਗਜਾਨ ਦਾ ਸੰਦ ਉਤਮ ਵਸਤੂ, ਪਰ ਜਦ ਨਾਮ ਨਾਲ ਇਸ ਵਿਚ ਪ੍ਰਕਾਸ਼ ਝਲਕਾ ਮਾਰਦਾ ਹੈ ਤਾਂ ਇਹ ਸਤਿਸੰਗ ਵਿਚ ਤੇ ਦਰਗਾਹ ਵਿਚ ਪਤਿ ਪ੍ਰਾਪਤ ਕਰਦਾ ਹੈ। ਜਦੋਂ ਲਿਵ ਲਾਕੇ ਪੂਰਨ ਹਉਂ ਦੂਰ ਕਰ ਲੈਂਦਾ ਹੈ ਤਾਂ ਪਾਣੀ ਵਿਚ ਪਾਣੀ ਦੇ ਸਮਾਉਣ ਵਾਙੂ ਬ੍ਰਹਮ ਰੂਪ ਹੋਕੇ ਬ੍ਰਹਮ ਵਾਲਾ ਸੁਖ ਪ੍ਰਾਪਤ ਕਰਦਾ ਹੈ।

ਪਤਿ– (ਦੇਖੋ ਪਿੱਛੇ ਪੰਨਾਂ ੧੫੯) ਇੱਜ਼ਤ, ਸਤਿਕਾਰ।

ਅਉਗੁਣਿ– (ਸੰਸ:, ਅਵਗੁਣ:) ਮਾੜੇ ਗੁਣਾਂ ਵਿਚ, ਮੰਦਿਆਈ ਵਿਚ, ਵਿਖ਼ਜ ਜੀਵਨ ਵਿਚ। ਭਾਵ ਜਦ ਕਾਮ ਕ੍ਰੋਧ ਆਦਿ ਵਿਸ਼ਿਆਂ ਵਾਲਾ ਜੀਵਨ ਹੁੰਦਾ ਹੈ, ਤਦ ਬਿਰਤੀ ਦਾ ਝੁਕਾਉ ਵਿਖ਼ਜ ਜੀਵਨ ਵਿਚ ਹੋਣ ਕਰਕੇ ਵਿਖ਼ਜ ਭੋਗਾਂ ਦੀ ਖਿੱਚ, 'ਵਿਖ਼ਜ ਭੋਗਾਂ ਵਾਲੇ ਜੀਵਨ' ਵਿਚ ਮੁੜ ਮੁੜ ਲਿਆਉਂਦੀ ਹੈ।

ਭੇਟਿਓ–ਮਿਲਿਆ, ਭਾਵ ਸੰਗਤ ਕੀਤੀ।

ਪਚੈ ਪਚਾਇ–(ਸੰਸ:, ਪਚੑ = ਪੱਕਣਾ, ਸੜਨਾ) ਪਚਣਾ, ਸੜਨਾ। ਪਚਦਾ ਹੈ ਭਾਵ ਖਪਦਾ ਝਖਦਾ ਹੈ। (ਅ) ਪਚ ਪਚ ਕੇ।

ਕਉਡੀ–ਕਉਡੀ ਬਦਲੇ ਵਿਕਣ ਦਾ ਭਾਵ ਹੈ ਕੁਛ ਮੁੱਲ ਨਾ ਪੈਣਾ। ਬਿਰਥਾ ਜਾਣਾ।

ਭਉਜਲੁ– ਸੰਸਾਰ ਰੂਪੀ ਸਾਗਰ।

ਪਤਿ ਪਰਵਾਣੁ– ਪਤਿ, ਇੱਜ਼ਤ। ਪਰਵਾਣ = ਪਰਵਾਣਗੀ। ਕਬੂਲੀਅਤ। ਭਾਵ ਦਰਗਾਹੇ ਕਬੂਲ ਪੈਂਦੀ ਹੈ ਘਾਲ ਉਹਨਾਂ ਦੀ, ਤੇ ਇੱਜ਼ਤ ਹੁੰਦੀ ਹੈ। (ਅ) ਪਤ ਪਰਵਾਣ ਹੁੰਦੀ ਹੈ।

ਉਜਲੇ – ਉਜਲੇ ਮੂੰਹ ਵਾਲੇ 'ਨਾਨਕ ਤੇ ਮੁਖ ਉਜਲੇ'।

ਧੁਨਿ – (ਸੰਸ:, ਧ੍ਵਨਿ: = ਸ਼ਬਦ, ਨਾਦ, ਸ਼ਬਦ ਦੀ ਲਯ, ਬੱਦਲ ਦੀ ਅਵਾਜ਼ ਆਦਿ) ਅਵਾਜ਼, ਨਾਦ। ਮ੍ਰਿਦੰਗ ਆਦਿ ਦੀ ਧੁਨੀ, ਗਲੇ ਦੀ ਧੁਨੀ। ਦੂਰੋਂ ਸੁਣੀ ਵਾਜੇ ਸੰਗੀਤ ਆਦਿ ਦੀ ਲਗਾਤਾਰ ਆਵਾਜ਼। ਕੋਈ ਲਗਾਤਾਰੀ ਆਵਾਜ਼।

(੨) ਕਾਵਜ ਦਾ ਵਿਸ਼ੇਸ਼ ਵਿਅੰਗ ਅਰਥ। ਗੂੜ ਅਰਥ।

ਸਬਦੁ ਨੀਸਾਣੁ–ਸ਼ਬਦ ਰੂਪੀ ਵਾਜਾ। ਨੀਸਾਣੁ = ਢੋਲ, ਮ੍ਰਿਦੰਗ, ਨਗਾਰਾ ਆਦਿ ਵਾਜਾ।

(੨) ਚਿੰਨ੍ਹ, ਨਿਸ਼ਾਨੀ। (੩) ਪ੍ਰਗਟ।

'ਹੇ ਨਾਨਕ ! ਉਥੇ ਗੁਰਮੁਖ ਉੱਜਲੇ ਮੁਖ (ਜਾਣਗੇ ਜਿੱਥੇ) ਸ਼ਬਦ ਰੂਪੀ ਮ੍ਰਿਦੰਗ ਆਦਿ (ਵਰਗੇ) ਵਾਜੇ ਵਜਦੇ ਹੈਨ ਤੇ (ਸੰਗੀਤਕ ਸਾਜ਼ਾਂ ਤੋਂ ਮਾਨੋਂ) ਧੁਨਿ ਉਪਜਦੀ ਹੈ' ਇਹ ਅਰਥ ਤਾਂ ਪ੍ਰਸੰਗਕ ਹੈ। ਕਿਉਂਕਿ ਵਿਸ਼ਯ ਚਲ ਰਿਹਾ ਹੈ ਗੁਰਮੁਖ ਦੇ ਭਉਜਲ ਲੰਘਕੇ ਦਰਗਾਹੇ ਪਤਿ ਪ੍ਰਾਪਤੀ ਦਾ, ਭਾਵ ਇਹ ਹੈ ਕਿ ਉਹਨਾਂ ਦੇ ਦਰਗਾਹੇ ਮੂੰਹ ਉੱਜਲੇ ਜਾਂਦੇ ਹਨ, (ਉਥੇ) ਉਹਨਾਂ ਦਾ (ਪਤਿ=) ਸਤਿਕਾਰ ਹੁੰਦਾ ਹੈ, ਜਿਥੇ ਕਿ ਸ਼ਬਦ ਰੂਪੀ ਵਾਜੇ ਵਜਦੇ ਹਨ ਤੇ (ਸੰਗੀਤਕ)ਧੁਨਿ ਉਪਜਦੀ ਹੈ। ਇਹ ਧੁਨਿ ਉਥੇ ਸੁਤੇ ਹੀ ਹੋ ਰਹੀ ਹੁੰਦੀ ਹੈ ਯਾ ਉਸ ਦੇ ਸਤਿਕਾਰ ਲਈ ਹੁੰਦੀ ਹੈ; ਹਰ ਹਾਲ ਇਹ ਨਿਸ਼ਾਨੀ ਮੰਗਲ ਤੇ ਖੁਸ਼ੀ ਦੀ ਹੈ।

(ਅ) ਪਰ ਜੇ ਚੱਲ ਰਹੇ ਪ੍ਰਸੰਗ ਨੂੰ ਛੱਡਕੇ ਪਿੱਛੇ ਕਹੇ ਗਏ 'ਗੁਰਮੁਖਿ ਹਰਿ ਲਿਵ ਲਾਇ' ਆਦਿ ਗੁਰਮੁਖ ਦੇ ਲੱਛਣਾਂ ਵਲ ਇਸ ਤੁਕ ਨੂੰ ਲਾ ਲਈਏ ਤੇ ਭਾਵ ਨੂੰ ਉਹਨਾਂ ਨਾਲ ਜੋੜੀਏ ਤਾਂ ਇਸ ਪ੍ਰਕਾਰ ਦੇ ਅਰਥ ਲਗਣਗੇ :- ਓਹ (ਦਰਗਾਹੇ) ਮੁਖ ਉੱਜਲੇ (ਜਾਣਗੇ ਤੇ ਉਹਨਾਂ ਦੇ ਅੰਦਰ) ਧੁਨਿ ਉਪਜ ਰਹੀ ਹੋਵੇਗੀ ਸ਼ਬਦ ਰੂਪੀ ਵਾਜੇ ਦੀ। ਇਸ ਵਿਚ ਜੋ 'ਵਾਜੇ ਦੀ' ਅਰਥ ਲਾਇਆ ਹੈ 'ਸ਼ਬਦੁ' ਪਦ ਨੂੰ ਔਂਕੜ ਹੋਣ ਕਰਕੇ ਨਹੀਂ ਲਗ ਸਕਦਾ। ਐਉਂ ਲਗੇਗਾ : ਉਹਨਾਂ ਦੇ ਅੰਦਰ ਧੁਨਿ ਉਪਜਦੀ ਹੈ ਤੇ ਸ਼ਬਦ ਰੂਪੀ ਵਾਜਾ (ਵਜਦਾ ਹੈ)। ਪਰ ਅੰਦਰ ਧੁਨਿ ਤਾਂ ਲਿਵ ਲਗਣ ਵੇਲੇ ਉਪਜ ਪਈ ਸੀ ਹੁਣ ਤਾਂ ਦਰਜਾ ਉੱਚਾ 'ਸਲਲੈ ਸਲਲ ਸਮਾਈ' ਵਾਲਾ ਹੈ।

(ੲ) ਉਹਨਾਂ ਦੇ ਮੂੰਹ ਉੱਜਲੇ ਹੋਣਗੇ, ਜਿਨ੍ਹਾਂ ਵਿਚ (ਧੁਨਿ=) ਵੀਚਾਰ ਉਪਜਦੀ ਹੈ ਤੇ ਗੁਰ ਸ਼ਬਦ (= ਗੁਰ ਉਪਦੇਸ਼) ਵਿਚ ਧਯਾਨ ਹੁੰਦਾ ਹੈ। ਪਰ 'ਸ਼ਬਦੁ' ਪਦ ਨੂੰ ਔਂਕੜ ਹੈ, ਇਸ ਦੇ ਅਰਥ 'ਸ਼ਬਦ ਵਿਚ' ਨਹੀਂ ਲੱਗ ਸਕਦੇ। ਫਿਰ ਇਸ ਵਿਚ 'ਧੁਨਿ' ਦਾ ਅਰਥ ਵੀਚਾਰ ਤੇ 'ਨੀਸ਼ਾਨ' ਦਾ ਅਰਥ 'ਧਯਾਨ' ਲਾਉਣਾ ਪੈਂਦਾ ਹੈ।

(ਸ) ਜਿਨਾਂ ਦੇ ਮੂੰਹ ਤੋਂ (ਨਾਮ ਦੀ) ਧੁਨਿ ਹੁੰਦੀ ਹੈ ਤੇ ਗੁਰੂ ਸ਼ਬਦ ਦਾ ਜਿਨ੍ਹਾਂ ਤੇ ਨਿਸ਼ਾਨ (ਚਿੰਨ੍ਹ) ਪੈ ਗਿਆ ਹੈ। ਇਸ ਵਿਚ ਬੀ ਸ਼ਬਦੁ ਪਦ ਦਾ ਅਰਥ 'ਸ਼ਬਦ ਦਾ' ਲਾਉਣਾ ਪੈਂਦਾ ਹੈ ਪਰ 'ਸ਼ਬਦੁ' ਪਦ ਨੂੰ ਔਂਕੁੜ ਹੋਣ ਕਰਕੇ ਇਹ ਅਰਥ ਨਹੀਂ ਲਗ ਸਕਦਾ।

(ਹ) ਗੁਰ ਸ਼ਬਦ ਦੀ ਧੁਨਿ ਉਪਜਦੀ ਹੈ ਪ੍ਰਗਟ ਹੀ। ਇਸ ਵਿਚ 'ਸ਼ਬਦ ਦੀ ਧੁਨਿ' ਅਰਥ ਲਾਈਦਾ ਹੈ ਪਰ 'ਸ਼ਬਦੁ' ਨੂੰ ਔਂਕੁੜ ਹੋਣ ਕਰਕੇ 'ਸ਼ਬਦ ਦੀ' ਅਰਥ ਬੀ ਨਹੀਂ ਲੱਗ ਸਕਦਾ।

(ਸਿਰੀ ਰਾਗੁ ਮਹਲਾ ੧ , ਚਉਪਦਾ-੨੩)

ਪ੍ਰਾਕ੍ਥਨ-ਜਾਪਦਾ ਹੈ ਕਿ ਕਿਸੇ ਪਰਮਾਰਥ ਦੇ ਰਸਤੇ ਟੁਰਨ ਵਾਲੇ, ਪਰ ਗ਼ਲਤ ਤਰੀਕੇ ਨਾਲ ਚੱਲਣ ਵਾਲੇ ਨੂੰ ਵਣਜਾਰੇ ਦਾ ਦ੍ਰਿਸ਼ਟਾਂਤ ਲੈਕੇ ਨਾਮ ਦਾ ਉਪਦੇਸ਼ ਦਿੱਤਾ ਹੈ ਯਾ ਕਿਸੇ ਸੰਸਾਰਕ ਵਿਹਾਰਾਂ ਵਿਚ, ਖੋਟਾਂ ਵਿਚ ਖਚਿਤ ਪ੍ਰਤੀ ਸੱਚੇ ਵਪਾਰ ਦਾ ਉਪਦੇਸ਼ ਦਿੱਤਾ ਹੈ। ਸ਼ਬਦ ਦੇ ਤ੍ਰੈ ਹਿੱਸੇ ਸਹੀ ਹੁੰਦੇ ਹਨ :-

(੧) ਤੁਕ ੧ ਤੋਂ ੫, ਸੱਚਾ ਸੌਦਾ ਖ਼ਰੀਦਣ ਦਾ ਉਪਦੇਸ਼ ਤੇ ਫਲ।
(੨) ੬ ਤੋਂ ੧੧, ਖੋਟਾ ਸੌਦਾ ਖਰੀਦਣ ਦੇ ਫਲ।
(੩) ੧੨ ਤੋਂ ੧੪,ਖੋਟੇ ਸੌਦੇ ਵਾਲਿਆਂ ਦੇ ਸੁਧਾਰ ਦਾ ਉਪਾਉ।

ਮੂਲ	ਅਰਥ
ਸਿਰੀਰਾਗੁ ਮਹਲਾ ੧ ॥	
ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥	ਹੇ ਵਪਾਰੀਓ ! (ਜਦ) ਵਣਜ ਕਰੋ (ਤਾਂ) ਸੌਦਾ ਸੰਭਾਲ ਕੇ (ਖ਼ਬਰਦਾਰੀ ਨਾਲ) ਲਵੋ। ਐਸੀ ਵਸਤੂ ਖਰੀਦਣੀ ਚਾਹੀਏ ਜੈਸੀ ਕਿ ਨਾਲ ਨਿਭੇ (ਭਾਵ ਜਿਹੜੀ ਪ੍ਰਲੋਕ ਵਿਚ ਨਾਲ ਜਾਵੇ ਤੇ ਕੰਮ ਆਵੇ)। ਅਗੇ(ਉਹ) ਸ਼ਾਹ (ਜਿਸ ਨੇ ਤੁਹਾਨੂੰ ਸੌਦਾ ਲੈਣ ਘੱਲਿਆ ਸੀ ਬੜਾ) ਸਿਆਣਾਂ ਹੈ, (ਉਹ ਤੁਸਾਂ ਤੋਂ) ਵਸਤੂ ਨੂੰ (ਪਰਖ ਗਿਣ ਜੋਖ ਕੇ, ਗਲ ਕੀ ਚੰਗੀ ਤਰ੍ਹਾਂ) ਤਸੱਲੀ ਕਰਕੇ ਲਵੇਗਾ ॥ ੧ ॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ	ਹੇ (ਵਣਜਾਰੇ ਰੂਪੀ ਸਿੱਖ-) ਭਾਈ ! ਦਿਲ ਲਾਕੇ ਰਾਮ (ਦਾ ਨਾਮ) ਆਖੋ। (ਇਹ ਨਾਮ ਤੇ) ਹਰੀ ਦਾ ਗੁਣ ਕਥਨ ਵੱਖਰ ਹੈ, (ਇਸ ਨੂੰ)

ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥

ਨਾਲ ਲੈ ਚੱਲੋ, (ਇਸ ਨੂੰ) ਵੇਖਕੇ ਮਾਲਕ (ਪਰਮੇਸ਼ੁਰ) ਪਤੀਜੇਗਾ ॥੧॥ ਰਹਾਉ॥

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥

(ਸਹੁ ਦੇ ਦੇਖਣ ਪਰਖਣ ਵੇਲੇ) ਜਿਨ੍ਹਾਂ ਦੇ ਪਾਸ (ਸੁਆਸਾਂ ਰੂਪੀ ਰਬ ਦੀ ਦਿੱਤੀ ਰਾਸਿ=) ਪੂੰਜੀ ਨਾਲ (ਖਰੀਦਿਆ ਹੋਇਆ ਇਹ ਨਾਮ ਤੇ ਸਿਫਤ ਸਲਾਹ ਦਾ) ਸੱਚ (ਰੂਪੀ ਵੱਖਰ) ਨਹੀਂ ਹੈ ਉਹਨਾਂ ਨੂੰ ਸੁਖ ਕਿਵੇਂ ਹੋਸੀ ? (ਕਿਉਂਕਿ) ਖੋਟੇ ਸੌਦੇ ਦੇ ਖ਼ਰੀਦਣ ਨਾਲ ਮਨ ਤੇ ਤਨ ਖੋਟਾ ਹੋ ਜਾਂਦਾ ਹੈ। (ਅੱਗੇ ਜਾ ਕੇ ਮਨ ਖੋਟਾ ਕਰਕੇ ਖੋਟ ਨਾਲ ਲੈ ਗਏ ਵਪਾਰੀ ਨੂੰ) ਫਾਹੀ ਵਿਚ ਫਸੇ ਹੋਏ ਮਿਰਗ ਵਾਂਙੂ ਬਹੁਤ ਦੁੱਖ ਹੁੰਦਾ ਹੈ (ਤੇ ਉਹ) ਸਦਾ ਰੋਂਦਾ ਹੈ ॥ ੨ ॥

ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥

(ਜਿਵੇਂ ਕਿ) ਖੋਟੇ (ਸਿੱਕੇ) ਖਜ਼ਾਨੇ ਵਿਚ ਦਾਖਲ ਨਹੀਂ ਕੀਤੇ ਜਾਂਦੇ, (ਤਿਵੇਂ ਖੋਟ ਦੇ ਵਪਾਰੀ ਅਵਗੁਣ ਕਰਨੇ ਵਾਲੇ ਵਾਹਿਗੁਰੂ ਜੀ ਦੇ ਖਜ਼ਾਨੇ ਵਿਚ ਦਾਖਲ ਨਹੀਂ ਪੈਂਦੇ। ਪ੍ਰਸ਼ਨ : ਦਾਖਲ ਨਾ ਹੋਣ ਦਾ ਰੂਪ ਕੀ ਹੈ ? ਉੱਤਰ :) ਉਹਨਾਂ ਨੂੰ ਹਰੀ ਗੁਰੂ ਦਾ ਦਰਸ਼ਨ ਨਹੀਂ ਹੁੰਦਾ। (ਅਚੁੱਤ ਪਾਰਬ੍ਰਹਮ ਪਰਮੇਸ਼ਰ ਨੂੰ ਨਾ ਸਿਮਰਣ ਕਰਨੇ ਕਰਕੇ ਤੇ ਨਾ ਉਸ ਦਾ ਜਸ ਕਰਨੇ ਕਰਕੇ ਉਹ 'ਅਚੁੱਤ ਗੋਤ੍ਰੀ' ਨਹੀਂ ਬਣੇ, ਸੋ ਇਸ ਕਰਕੇ ਉਹ)

ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥

ਖੋਟੇ (ਹੁਣ) ਵੇਜਾਤ[1] ਹਨ ਤੇ ਪਤਿਹੀਨ ਹਨ (ਵੇਜਾਤ ਦੀ ਪਤਿ ਕੌਣ ਕਰੇ ? ਇਸ ਕਰਕੇ ਦੱਸਦੇ ਹਨ ਕਿ) ਖੋਟ ਨਾਲ ਕਦੇ ਕੋਈ ਸਿਰੇ ਨਹੀਂ ਚੜ੍ਹਿਆ। ਖੋਟੇ ਨੇ (ਸਦਾ) ਖੋਟ ਹੀ ਕਮਾਉਣਾ ਹੈ (ਇਸ ਕਰਕੇ ਉਸ ਨੇ ਜੰਮਣਾ ਮਰਨਾ ਹੈ ਤੇ ਇਸ ਨੇ) ਆਵਾਗਵਨ ਵਿਚ ਅਪਣੀ ਪਤਿ ਹੀ ਖ਼ਰਾਬ ਕਰਨੀ ਹੈ ॥ ੩ ॥

(ਪ੍ਰਸ਼ਨ :- ਭਲਾ ਜੀ ਖੋਟੇ ਮਾਰੇ ਗਏ ਸਦਾ ਲਈ ਕਿ ਕੋਈ ਉਪਾਉ ਉਹਨਾਂ ਦੇ ਬਚਾਉ ਦਾ ਬੀ ਹੈ ? ਉੱਤਰ :-)

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥ ੪॥੨੩॥

ਹੇ ਨਾਨਕ ! ਗੁਰੂ ਦੇ (ਦਿਤੇ) ਸ਼ਬਦ (ਉਪਦੇਸ਼) ਨਾਲ (ਤੇ ਵਾਹਿਗੁਰੂ ਦੀ) ਸਿਫਤ ਸਲਾਹ (ਨਾਲ ਉਹਨਾਂ ਦੇ) ਮਨ ਨੂੰ ਸਮਝਾਈਏ। (ਐਉਂ) ਵਾਹਿਗੁਰੂ ਦੇ ਪ੍ਰੇਮ ਵਿਚ ਰੰਗੇ ਜਾਕੇ ਉਹਨਾਂ ਦਾ (ਕਮਾਏ ਅਵਗੁਣਾਂ ਦਾ) ਭਾਰ ਨਹੀਂ ਰਹੇਗਾ ਤੇ ਭਰਮ ਮਿਟ ਜਾਏਗਾ। (ਭਾਰ ਤੇ ਭਰਮ ਮਿਟਣਾ ਹੀ ਨਹੀਂ ਸਗੋਂ) ਹਰਿ ਜਪ ਦਾ ਲਾਭ (ਉਹਨਾਂ ਨੂੰ ਇਸ ਤੋਂ ਬੀ) ਬਹੁਤ (ਵੱਧ ਮਿਲੇਗਾ ਕਿ) ਭਉ ਤੋਂ ਰਹਿਤ ਹਰੀ (ਉਹਨਾਂ ਦੇ) ਮਨ ਵਿਚ ਆ ਵੱਸੇਗਾ। (ਭਾਵ ਭੈ ਨਾਸ਼ਨ ਹਰੀ ਦੀ ਪ੍ਰਾਪਤੀ ਹੋ ਜਾਏਗੀ ਜੋ ਪਰਮ ਉੱਚ ਅਵਸਥਾ ਹੈ)॥੪॥੨੩॥

ਵਯਾਖਯਾ—ਅੰਕ ੧- ਹੇ ਪਰਮਾਰਥ ਦੇ ਰਸਤੇ ਟੁਰਨ ਵਾਲਿਓ ! ਤੁਸੀਂ ਬੀ ਇਕ ਵਣਜਾਰੇ ਹੋ ਜੋ ਆਪਣੇ ਸ਼ਾਹ ਤੋਂ ਇਹ ਜੀਵਨ ਰੂਪੀ ਰਾਸ ਯਾ ਸ੍ਵਾਸਾਂ ਰੂਪੀ ਰਾਸ ਲੈ ਕੇ ਸੌਦਾ ਖ੍ਰੀਦਣ ਆਏ ਹੋ। ਤੁਸੀਂ ਕੱਚੇ ਵਪਾਰੀ ਵਾਂਙੂ ਸੌਦਾ ਨਾ ਖਰੀਦੋ, ਪੱਕੇ ਵਾਂਙੂ ਸੰਭਾਲ ਸੰਭਾਲ ਕੇ ਸਿਆਣ ਸਿਆਣਕੇ ਮਾਲ ਖ਼ਰੀਦੋ, ਉਹ ਵਸਤੂ ਖ਼ਰੀਦੋ, ਜੋ ਪਰਲੋਕ ਵਿਚ ਨਾਲ ਜਾਵੇ, ਤੇ ਉਥੇ ਕੀਮਤੀ ਸਮਝੀ ਜਾਵੇ।

[1]ਜਾਤ ਹੀਨ।

ਅਗੇ ਵਾਹਿਗੁਰੂ ਯਾ ਗੁਰੂ ਬਹੁਤ ਸਿਆਣਾ ਹੈ ਜੋ ਪਰਖਕੇ ਤੁਹਾਡੇ ਮਾਲ ਨੂੰ ਪਰਵਾਨ ਕਰੇਗਾ।

ਰਹਾਉ- ਪ੍ਰਸ਼ਨ : ਉਹ 'ਨਾਲਿ ਨਿਬਹੈ' ਵੱਖਰ ਕੀ ਹੈ ?

ਉੱਤਰ :- 'ਰਾਮ ਕਹਹੁ ਚਿਤ ਲਾਇ' ਤੇ 'ਹਰਿ ਜਸੁ'। ਜੇ ਤੁਸਾਂ ਨੇ ਇਹ ਵਪਾਰ ਏਥੇ ਨਾ ਕੀਤਾ, ਭਾਵ ਇਹ ਨਾਮ ਤੇ ਹਰਿ ਜਸ ਵੱਖਰ ਨਾ ਖ਼ਰੀਦਿਆ ਤਾਂ ਸਚ ਰੂਪੀ ਰਾਸ ਤੁਸਾਂ ਦੇ ਪੱਲੇ ਨਹੀਂ ਪਏਗੀ, ਤਾਂ ਉਥੇ ਸੁਖੀ ਨਹੀਂ ਹੋਵੋਗੇ।

ਅੰਕ ੨ – ਕਿਉਂਕਿ ਅੱਗੇ ਚਲਣ 'ਸੱਚ' ਦਾ ਹੈ 'ਖੋਟ' ਦਾ ਨਹੀਂ। ਜਿਵੇਂ ਕਿ ਜੋ ਮਿਰਗ ਬਨ ਦੀ ਸੁਤੇ ਮਿਲਦੀ ਘਾਹ ਬੂਟੀ ਛੱਡਕੇ ਪਰਾਈ ਖੇਤੀ ਵਿਚ ਜਾਂਦਾ ਹੈ, ਭਾਵ ਖੋਟ ਕਮਾਉਂਦਾ ਹੈ, ਉਸਨੂੰ ਅੰਤ ਫਾਹੀ ਵਿਚ ਦੁਖ ਭਰਨਾ ਪੈਂਦਾ ਹੈ।

ਅੰਕ ੩ – ਦੂਸਰਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਵੇਂ ਖੋਟੇ ਰੁਪੱਯੇ ਖਜ਼ਾਨੇ ਨਹੀਂ ਪੈਂਦੇ ਬਾਹਰ ਸੱਟੇ ਜਾਂਦੇ ਹਨ, ਇਸ ਤਰ੍ਹਾਂ ਸੱਚ ਤੋਂ ਵਿਰਵੇ ਖੋਟ ਕਮਾਉਣ ਵਾਲਿਆਂ ਦਾ ਮਨ ਤਨ ਖੋਟਾ ਹੋ ਜਾਂਦਾ ਹੈ। ਜਿਸ ਮਨ ਨੇ ਸ਼ੁੱਧ ਹੋਕੇ ਸੱਚ (= ਸੱਤਜ ਸਰੂਪ) ਹੋਣਾ ਸੀ ਉਹ ਖੋਟ ਨਾਲ ਖੋਟਾ ਹੋ ਗਿਆ ਹੈ, ਉਹ ਨੂੰ ਦਰਗਾਹੇ ਢੋਈ ਨਹੀਂ ਮਿਲਨੀ, ਐਸੇ ਮਨ ਵਾਲੇ ਬਾਹਰ ਸੱਟੇ ਜਾਣਗੇ। ਉਹਨਾਂ ਨੂੰ ਨਾ ਗੁਰੂ ਦਾ, ਨਾ ਹਰੀ ਦਾ ਦਰਸ਼ਨ ਹੋਵੇਗਾ। ਬਾਹਰ ਫਿਰਦਿਆਂ ਦੀ ਪਤਿ ਨਹੀਂ ਹੋਣੀ, ਕਿਉਂਕਿ ਓਹਨਾਂ ਦੀ ਜਾਤ ਖੋਟ ਨਾਲ 'ਸੱਚ' ਦੀ ਨਹੀਂ ਰਹੀ। ਫਿਰ ਖੋਟੇ ਪੁਰਖ ਨੇ ਮੁੜ ਮੁੜ ਜੰਮ ਕੇ ਮਨ ਦੀ ਰੁਚੀ ਖੋਟੀ ਹੋ ਜਾਣ ਕਰਕੇ ਮੁੜ ਮੁੜ ਖੋਟ ਕਮਾਉਣੇ ਤੇ ਖੋਟੀ ਰਾਸ ਵਾਲੇ ਹੋਣ ਕਰਕੇ ਮੁੜ ਮੁੜ ਜੰਮਣਾ ਮਰਨਾ ਹੈ। ਇਉਂ ਕਰਮ ਜਾਲ ਉਹਨਾਂ ਨੂੰ ਗੇੜ ਵਿਚ ਰਖੇਗਾ।

ਹੁਣ ਖੋਟੇ ਕਰਮਾਂ ਦੇ ਦਿਤੇ 'ਕਰਮ ਜਾਲ' ਦੇ ਗੇੜ ਵਿਚੋਂ ਖੋਟਾ ਨਿਕਲੇ ਕੀਕੂੰ ?

ਅੰਕ ੪- ਵਿਚ ਦੱਸਦੇ ਹਨ ਕਿ ਖੋਟਾ ਗੁਰੂ ਨੂੰ ਮਿਲੇ, ਉਸ ਤੋਂ ਉਪਦੇਸ਼ ਲਵੇ, ਉਸ ਦੇ ਦੱਸੇ ਰਸਤੇ ਉਤੇ ਤੁਰੇ, ਜੋ ਇਹ ਹੈ:- ਰਾਮ ਦੇ ਨਾਮ ਦੇ ਸਿਮਰਣ ਦੁਆਰਾ ਰੰਗ ਰੱਤਾ ਹੋ ਜਾਵੇ, ਭਾਵ ਨਾਮ ਦੁਆਰਾ ਪਰਮੇਸ਼ੁਰ ਦਾ ਪ੍ਰੇਮੀ ਹੋ ਜਾਵੇ। ਉਸ ਦਾ ਖੋਟ, ਜੋ ਭਰਮ ਬਣਕੇ ਅੰਦਰ ਬਹਿ ਰਿਹਾ ਹੈ, ਦੂਰ ਹੋ ਜਾਏਗਾ, ਤੇ ਨਾਲ ਹੀ ਕੀਤੇ ਪਾਪਾਂ ਦਾ ਭਾਰ ਦੂਰ ਹੋ ਜਾਏਗਾ। ਨਿਰਭੈ ਅਵਸਥਾ ਹੋ ਜਾਏਗੀ। ਕਿਉਂਕਿ ਫੇਰ ਮਨ ਵਿਚ ਸਦਾ ਹਰੀ ਹੀ ਹਰੀ ਪਿਆ ਵਸਦਾ ਦਿੱਸੇਗਾ, ਹਰੀ ਦਾ ਜਿਸ ਨੂੰ ਸਾਖਜ਼ਾਤਕਾਰ ਹੋ ਜਾਏਗਾ ਉਹ ਭਰਮ ਤੋਂ ਛੁਟ ਜਾਏਗਾ। ਜੈਸਾ ਕਿ ਗੁਰੂ ਜੀ ਆਪ ਦੱਸ ਰਹੇ ਹਨ ਕਿ ਗੁਰੂ ਦੇ ਸ਼ਬਦ ਦੁਆਰਾ ਮਨ ਨੂੰ ਸਮਝਾਈਏ ਤੇ ਰਾਮ ਨਾਮ ਦੇ ਪ੍ਰੇਮ ਵਿਚ ਰੰਗੇ ਜਾਈਏ, ਤਦ ਭਰਮ ਮਿਟ ਜਾਏਗਾ। ਗੁਰੂ ਜੀ 'ਭਰਮ ਦਾ ਸਚਮੁਚ ਦੂਰ ਹੋਣਾ' ਰਾਮ ਨਾਲ ਰੱਤੇ ਜਾਕੇ ਤੇ ਗੁਰ ਉਪਦੇਸ਼ ਦੀ ਕਮਾਈ ਦੁਆਰਾ ਦੱਸਦੇ ਹਨ, ਜਿਸ ਕਰਕੇ ਸਦਾ ਥਿਰ ਵਾਹਿਗੁਰੂ ਪ੍ਰਤੱਖ ਪ੍ਰਾਪਤ ਹੋਕੇ ਭਰਮ ਰਹਿਤ ਕਰ ਦੇਵੇਗਾ, ਵਾਸਤਵ ਵਿਚ ਗੁਰੂ ਜੀ ਏਥੇ ਭਾਰ ਤੋਂ ਮੁਰਾਦ ਕੀਤੇ ਕਰਮਾਂ ਦਾ ਭਾਰ ਲੈ ਰਹੇ ਹਨ ਜੋ ਸੰਸਕਾਰ ਹੋਕੇ ਅੰਦਰ ਜਾ ਬੈਠਦਾ ਹੈ ਤੇ ਭਰਮ ਤੋਂ ਮੁਰਾਦ ਉਸ ਭਰਮ ਦੀ ਲੈ ਰਹੇ ਹਨ ਕਿ ਸੰਸਾਰ ਜੋ ਅਨਿੱਤ ਸੀ ਸੋ ਅਪਣੇ ਨਿਤ ਹੋਣ ਦਾ ਭੁਲੇਵਾ ਦੇਕੇ ਪਾਪ ਕਰਮਾਂ ਵਿਚ ਪ੍ਰਵਿਰਤ ਕਰੀ ਰਖਦਾ ਹੈ। ਭਰਮ ਕਾਰਣ ਹੈ ਪਾਪਾਂ ਦੇ ਭਾਰ ਕੱਠੇ ਕਰਨ ਦਾ।

ਨਿਰੁਕ੍ਤ–**ਵਣਜੁ** – (ਸੰਸ:, ਵਾਣਿਜਯੰ। ਪੰਜਾਬੀ, ਵਣਜ) ਵਪਾਰ।

ਇਸ ਸ਼ਬਦ ਦਾ ਰੂਪਕ ਇਉਂ ਖੁੱਲ੍ਹਦਾ ਹੈ ਕਿ ਵਾਹਿਗੁਰੂ ਸ਼ਾਹ ਹੈ ਜੋ ਜੀਵਨ ਯਾ ਸਵਾਸਾਂ ਰੂਪੀ ਰਾਸ ਦੇ ਕੇ ਜੀਵ ਨੂੰ ਘੱਲਦਾ ਹੈ ਕਿ 'ਨਾਮ ਜਪ' ਤੇ ਸਿਫਤ ਸਲਾਹ ਰੂਪੀ ਵੱਖਰ ਖਰੀਦ ਕੇ ਕਮਾਈ ਨਾਲ 'ਸੱਚ' ਰੂਪੀ ਰਾਸ ਨਫੇ ਵਿਚ ਪੈਦਾ ਕਰੇ।

ਵਣਜਾਰਿਹੋ – ਜੋ ਵਣਜ ਕਰੇ ਸੋ ਵਣਜਾਰਾ, ਵਣਜਾਰਿਹੋ=ਬਹੁ ਵਚਨ, ਸੰਬੋਧਨ ਹੈ: ਹੇ ਵਣਜਾਰਿਓ[1]!

ਵਖਰੁ– (ਸੰਸ:,ਵਿਕ੍ਰੇਯਮੁ= ਵੇਚਣ ਯੋਗ ਵਸਤੂ) ਮਾਲ ਜੋ ਵੇਚਣ ਲਈ ਖ਼ਰੀਦਿਆ ਜਾਵੇ। ਇਹ ਗੱਲ ਕਿ 'ਵਖਰ ਨਾਮ ਤੇ ਸਿਫਤ ਸਲਾਹ ਹੈ' ਰਹਾਉ ਵਿਚ ਖੋਹਲ ਦਿੱਤੀ ਹੈ ਕਿ 'ਰਾਮੁ ਕਹਹੁ ਚਿਤੁ ਲਾਇ' ਤੇ 'ਹਰਿ ਜਸੁ ਵਖਰੁ' ਹੈ। 'ਸਾਹੁ' ਯਾ 'ਸਹੁ' ਦੁਹਾਂ ਦਾ ਭਾਵ ਹੈ 'ਧਨੀ ਸੇਠ'। ਜਿਸਨੇ ਵੱਖਰ ਲਈ ਰਾਸ ਯਾ ਪੂੰਜੀ ਦਿਤੀ ਹੈ। ਰਾਸ-ਸਵਾਸਾਂ ਰੂਪੀ ਰਾਸ ਹੈ ਯਾ ਮਨੁੱਖਾ ਜੀਵਨ ਰਾਸ ਹੈ।

ਸਮਾਲਿ– (ਸੰਸ:, ਸੰਭਾਰ:- ਕਿਸੇ ਭਾਰ ਨੂੰ ਉਠਾ ਰਖਣਾ। ਪੰਜਾਬੀ, ਸੰਭਾਲ, ਸੰਮ੍ਹਾਲ) ਕਿਸੇ ਵਸਤੂ ਨੂੰ ਲੈਣੇ ਵੇਲੇ ਤਸੱਲੀ ਨਾਲ ਲੈਣਾ ਕਿ ਵਸਤੂ ਦਰੁਸਤ ਤੇ ਠੀਕ ਹੈ। ਲੈਣ ਵੇਲੇ ਪਰਖ, ਤੋਲ, ਜੋਖ ਆਦਿ ਨਾਲ ਚੀਜ਼ ਲੈਣੀ।

ਵਿਸਾਹੀਐ–(ਸੰਸ:, ਵਯਵਸਾਯ:=ਖ਼ਰੀਦ) ਖ਼ਰੀਦੀਏ।

ਨਿਬਹੈ– (ਸੰਸ:, ਨਿਰ੍ਵਾਹ ਲਈ ਚੱਲਣਾ। ਅੰਤ ਤੇ ਪੁਚਾਉਣਾ ਆਦਿ) ਪੂਰੀ ਉਤਰੇ। ਨਿਬਾਹੁਣਾ = ਅੰਤ ਤੀਕ ਨਾਲ ਲਈ ਜਾਣਾ ਕਿ ਕੋਈ ਫਰਕ ਯਾ ਵਿਘਨ ਨਾ ਪਵੇ। 'ਨਾਲ ਨਿਭਣ' ਦਾ ਭਾਵ ਹੈ, ਸਾਰੀ ਉਮਰ ਓਹ ਤੁਸਾਂ ਦੇ ਪਾਸ ਇਕੱਠੀ ਹੁੰਦੀ ਰਹੇ ਤੇ ਅੰਤ ਨੂੰ ਨਾਲ ਜਾਵੇ, ਜਿੱਥੇ ਕਿ ਸੁਜਾਨ ਧਨੀ ਨੇ ਪਰਖਣਾ ਹੈ ਤੇ ਠੀਕ ਹੋਣ ਤੇ ਤੁਸਾਂ ਪਰਵਾਨ ਪੈਣਾ ਹੈ।

ਅਗੈ–ਜਿਥੇ ਜਾਣਾ ਹੈ, ਭਾਵ ਪਰਲੋਕ।

ਸਾਹੁ– ਵਣਜਾਰਿਆਂ ਨੂੰ ਪੂੰਜੀ ਦੇਣ ਵਾਲਾ ਧਨੀ, ਭਾਵ ਪਰਮੇਸ਼ੁਰ।

ਸਹੁ – ਮਾਲਕ, ਪਤੀ, ਧਨੀ। (ਫ਼ਾਰਸੀ, ਸ਼ਾਹ)।

ਪਤੀਆਇ–(ਸੰਸ:, ਪ੍ਰਤਯਯ:= ਭਰੋਸਾ, ਇਤਬਾਰ, ਯਕੀਨ) ਪਤੀਜੇਗਾ, ਤਸੱਲੀ ਪਾ ਲਏਗਾ।

ਮਿਰਗ– (ਸੰਸ:, ਮ੍ਰਿਗ:) ਹਰਨ। ਲੋਕਾਂ ਦੇ ਖੇਤਾਂ ਵਿਚ ਗਿਆ ਮਿਰਗ ਤਾ ਕਿਸੇ ਦੀ ਲਾਈ ਫਾਹੀ ਵਿਚ ਫਸਕੇ ਦੁੱਖੀ ਹੁੰਦਾ ਹੈ ਪਰ ਅਵਗੁਣਾ ਰੂਪੀ ਸੌਦਾ ਖਰੀਦਣ ਵਾਲਾ ਅਪਣੇ ਅਵਗੁਣਾਂ ਦੀ ਫਾਹੀ ਵਿਚ ਆਪ ਫਸਕੇ ਦੁਖੀ ਹੁੰਦਾ ਤੇ ਪਛੁਤਾਉਂਦਾ ਹੈ, ਜੈਸਾ ਕਿ ਪਹਿਲੇ ਦੱਸ ਆਏ ਹਨ :-

ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ॥ (ਸਿਰੀ : ਮਹਲਾ ੧-੧੫)

ਪੁਨਾ :- **ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥** (ਸੋਰਠਿ ਮਹਲਾ ੧-੧)

ਕਿਉਂਕਿ ਅਵਗੁਣ ਰੂਪੀ ਖੋਟੇ ਵਣਜਾਂ ਦੇ ਵਣਜਿਆਂ ਮਨ ਤਨ ਅਵਗੁਣੀ ਭਰਪੂਰ ਹੋ ਜਾਂਦਾ ਹੈ, ਇਹ ਅਵਗੁਣਾਂ ਦੀ ਆਪਣੇ ਆਪ ਨੂੰ ਸਜ਼ਾ ਮਿਲਦੀ ਹੈ।

ਰਾਸਿ ਨ ਸਚੁ – ਰਾਸਿ ਨਾਲ (ਖ਼ਰੀਦਿਆ) ਸਚ ਨਹੀਂ ਹੈ। (ਅ) ਸਚ ਰੂਪੀ ਰਾਸ। ਜੇ ਅਰਥ ਕਰੀਏ ਸਚ ਰੂਪੀ ਰਾਸ ਤਾਂ ਢੁੱਕਣਾਂ ਨਹੀਂ। ਰਾਸ ਤਾਂ ਮੂੜੀ ਹੈ ਜਿਸ ਨਾਲ ਵੱਖਰ ਖਰੀਦਣਾ ਹੈ, 'ਨਾਮ ਤੇ ਸਿਫਤ ਸਲਾਹ' ਵੱਖਰ ਹੈ। ਨਾਮ ਤੇ ਸਿਫਤ ਸਲਾਹ ਦੀ ਪ੍ਰਾਪਤੀ 'ਸੱਚ' ਦੀ ਪ੍ਰਾਪਤੀ ਹੈ, ਕਿਉਂਕਿ ਨਾਮ ਤੇ ਗੁਣਾਨੁਵਾਦ ਨੇ ਨਾਮੀ ਅਰਥਾਤ ਸਲਾਹੇ ਗਏ (ਵਾਹਿਗੁਰੂ) ਵਿਚ ਲੈ ਜਾਣਾ ਹੈ ਤੇ ਉਹ (ਸੱਚ ਹੀ) ਸੱਤਯ ਸਰੂਪ ਹੈ। ਨਾਮ ਨਾਮੀ ਦੀ ਅਭੇਦਤਾ ਮੰਨੀ ਹੋਈ ਗਲ ਹੈ। ਹਾਂ ਜੇ ਏਥੇ ਰਾਸ ਤੋਂ ਭਾਵ 'ਵੱਖਰ ਵੇਚਣ ਦੁਆਰਾ ਖਟੀ ਸਣੇ ਪੈਦਾ ਕੀਤੀ ਪੂੰਜੀ' ਲਿਆ ਜਾਵੇ ਤਾਂ ਢੁੱਕ ਜਾਵੇਗਾ।

ਪੋਤੈ– (ਫਾ:,ਪੋਤਹ੍) ਖ਼ਜ਼ਾਨਾ। ਨਕਦੀ ਦਾ ਭੰਡਾਰ। ਮੁਰਾਦ ਹੈ ਵਾਹਿਗੁਰੂ ਦਾ ਖਜ਼ਾਨਾ। ਇਸ ਦਾ ਭਾਵ ਇਸੇ ਤੁਕ ਵਿਚ ਹੈ ਕਿ ਉਹਨਾਂ ਨੂੰ ਦਰਸ਼ਨ ਨਹੀਂ ਹੋਵੇਗਾ ਹਰਿ ਤੇ ਗੁਰ ਦਾ।

---

[1] ਜੋ ਕਿਤੋਂ ਮਾਲ ਖਰੀਦੇ ਤੇ ਕਿਤੇ ਜਾ ਕੇ ਵੇਚੇ ਉਸ ਲਈ ਵਣਜਾਰਾ ਪਦ ਰੂੜੀ ਹੋ ਗਿਆ ਹੈ।

ਹਰਿ ਗੁਰ ਦਰਸੁ – ਹਰਿ ਤੇ ਗੁਰੂ ਦਾ ਦਰਸ਼ਨ। (ਅ) ਹਰਿ+ਗੁਰੂ = ਵਾਹਿਗੁਰੂ ਦਾ ਦਰਸ਼ਨ।

(ੲ) ਗੁਰ+ਹਰੀ = ਵੱਡਾ ਹਰੀ ਬੀ ਕਰਦੇ ਹਨ।

(ਸ) ਗੁਰੂ ਰੂਪ ਹਰੀ ਦਾ ਬੀ ਅਰਥ ਕਰ ਲੈਂਦੇ ਹਨ।

ਜਾਤਿ ਨ ਪਤਿ – ਨਾ ਜਾਤ ਹੈ ਉਸ ਦੀ ਨ ਪਤਿ = ਅਬਰੋ। ਇਥੇ ਜਾਤਿ ਦਾ ਮਤਲਬ: ਖਤਰੀ, ਬ੍ਰਾਹਮਣ ਕਿ ਜੱਟ, ਛੀਂਬਾ, ਕਿ ਕਪੂਰ, ਮਿੱਢਾ ਨਹੀਂ। ਇਥੇ ਮਤਲਬ ਹੈ :-

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪ੍ਰਭਾਤੀ ਮਹਲਾ ੧-੧੦)

ਉਹ ਜਾਤ ਜੋ ਕਰਮਾਂ ਤੋਂ ਬਣਨੀ ਹੈ। ਕਰਮ ਏਥੇ ਦੱਸਿਆ ਹੈ 'ਨਾਮ ਤੇ ਹਰੀ ਕੀਰਤੀ' ਇਸ ਨਾਲ ਜਗਜਾਸੂ ਨੂੰ ਹਰਿ ਗੁਰੂ ਦਾ ਦਰਸ਼ਨ ਹੋਣਾ ਸੀ। ਦਰਸ਼ਨ ਮਾਤ੍ਰ ਨਾਲ ਉਸ ਨੇ ਅਚੁਤ ਗੋਤ੍ਰੀ (= ਵਾਹਿਗੁਰੂ ਜਾਤ ਵਾਲਾ[1]) ਹੋ ਜਾਣਾ ਸੀ, ਤਾਂ ਤੇ ਜਿਸ ਨੂੰ ਹਰੀ ਗੁਰੂ ਨਾ ਦਿੱਸੇ ਉਹ ਵੇਜਾਤ ਹੁੰਦਾ ਹੈ, ਜਿਸ ਨੂੰ ਦਿੱਸੇ ਉਹ ਨਹੀਂ ਹੁੰਦਾ, ਯਥਾ:-

ਬਾਪੁ ਦਿਸੈ ਵੇਜਾਤਿ ਨ ਹੋਇ ॥ (ਬਿਲਾ: ਮਹਲਾ ੧-੩)

ਸੋ ਦਰਗਾਹ ਵਿਚ ਹੁਣ ਬਾਪ ਦੇ ਦਰਸ਼ਨ ਤੋਂ ਵੰਚਤ ਪੁਰਖ ਵੇਜਾਤ ਹੈ। ਵੇਜਾਤ ਪਤਿ ਹੀਨ ਹੁੰਦਾ ਹੈ, ਇਹ ਹੈ ਭਾਵ- 'ਖੋਟੇ ਜਾਤਿ ਨ ਪਤਿ ਹੈ' ਦਾ। ਇਸ ਤੋਂ ਇਹ ਸਰਬ-ਕਾਲੀ ਸੱਚ ਸੁਣਾਉਂਦੇ ਹਨ ਕਿ ਖੋਟ ਨਾਲ ਕੋਈ ਸਿਰੇ ਨਹੀਂ ਚੜ੍ਹਦਾ।

ਭਾਰੁ– ਬੋਝ। ਭਾਵ ਹੈ ਪਿੱਛੇ ਦੱਸਿਆ ਖੋਟ ਕਰਕੇ ਕਮਾਏ ਅਵਗੁਣਾਂ ਦਾ ਭਾਰ, ਪਾਪਾਂ ਦਾ ਭਾਰ।

ਯਥਾ:- **ਲੋਕੁ ਅਵਗਣਾਂ ਕੀ ਬੰਨੈ ਗੰਠੜੀ ....॥** (ਮਾਰੂ ਵਾਰ ਮ: ੩-੧੮)

ਭਰਮੁ– (ਸੰਸ:, ਭ੍ਰਮ:) ਹੋਰ ਦਾ ਹੋਰ ਸਮਝਣਾ। ਉਹ ਭਰਮ ਜਿਸ ਨੇ ਸੱਚੇ ਵਣਜ ਵਲ ਰੁਚੀ ਨਾ ਹੋਣ ਦਿੱਤੀ ਕਿ ਸਦਾ ਥਿਰ ਰਹਿਣ ਵਾਲਾ ਸਾਮਾਨ ਖ਼ਰੀਦੇ। ਤੇ ਇਸ ਅਨਸਥਿਰ ਸੰਸਾਰ ਦੇ ਸੁਖਾਂ ਨੂੰ ਵਧੇਰੇ ਪਜਾਰੇ ਲੁਆਕੇ ਭੁਲੇਖਾ ਦਿੱਤਾ ਕਿ ਸਥਿਰ ਨੂੰ ਅਨਸਥਿਰ ਤੇ ਅਨਸਥਿਰ ਨੂੰ ਸਥਿਰ ਸਮਝ ਕੇ ਖੋਟੇ ਤਰੀਕਿਆਂ ਨਾਲ ਅੱਗੇ ਜਾ ਕੇ 'ਖੋਟੇ ਸਹੀ ਹੋਣ ਵਾਲੇ ਪਦਾਰਥਾ ਦਾ' ਵਿਹਾਰ ਕੀਤਾ। ਭਰਮ ਪਦ ਦੀ ਵਜਾਖਜਾ ਐਉਂ ਬੀ ਕਰਦੇ ਹਨ :- (ਅ) ਭਰਮ ਦਾ ਭਾਰ। ਪਰ 'ਭਾਰੁ' 'ਭਰਮੁ' ਦਾ ਅਰਥ ਭਰਮ ਦਾ ਭਾਰ ਨਹੀਂ ਹੋ ਸਕਦਾ, ਦੋਹਾਂ ਨੂੰ ਔਂਕੜ ਹੋਣ ਕਰਕੇ। ਹਾਂ ਭਰਮ ਰੂਪੀ ਭਾਰ ਅਰਥ ਬਣ ਸਕਦਾ ਹੈ। (ੲ) ਭਰਮੁ ਏਥੇ ਇਕ ਵਚਨ ਹੈ। ਪਰ ਕਈ ਦਾਨੇ ਇਸ ਦਾ ਭਾਵ ਵੇਦਾਂਤ ਦੇ ਪੰਜ ਭਰਮ ਸਮਝਦੇ ਹਨ, ਜੋ ਇਸ ਪ੍ਰਕਾਰ ਹਨ :-

੧. ਭੇਦ ਭਰਮ – ਇਹ ਨਿਸਚਾ ਕਿ ਪਰਮਾਤਮਾ ਮੇਰੇ ਤੋਂ ਨਿਸਚੇ ਵੱਖਰਾ ਯਾ ਭਿੰਨ ਹੈ।

੨. ਕਰਤ੍ਰਿਤ੍ਵ ਭਰਮ-ਮੈਂ ਕਰਮਾਂ ਨੂੰ ਕਰਦਾ ਹਾਂ, ਇਨ੍ਹਾਂ ਦਾ ਫਲ ਨਰਕ ਸੁਰਗ ਜਨਮ ਮਰਨ ਭੋਗਾਂਗਾ।

੩. ਸੰਗ ਭਰਮ-ਦੇਹ ਦੇ ਧਰਮਾਂ ਨੂੰ ਆਪਣੇ ਆਤਮਾ ਦੇ ਧਰਮ ਮੰਨ ਲੈਣਾ ਜਿਹਾ ਕੁ ਮੈਂ ਬ੍ਰਾਹਮਣ ਹਾਂ, ਖੱਤਰੀ ਹਾਂ, ਕਾਲਾ ਚਿੱਟਾ ਹਾਂ, ਸੰਨਜਾਸੀ ਹਾਂ, ਗ੍ਰਿਹਸਤੀ ਹਾਂ ਆਦਿ।

੪. ਵਿਕਾਰ ਭਰਮ – ਜਗਤ ਨੂੰ ਪਰਮਾਤਮਾਂ ਦਾ ਵਿਕਾਰ ਮੰਨਣਾਂ ਕਿ ਉਸ ਦਾ ਕਾਰਜ ਹੈ।

੫. ਜਗਤ ਵਿਚ ਸਤਜੱਤਵ ਭਰਮ – ਜਗਤ ਨੂੰ ਸਤਜ ਮੰਨਣਾ ਕਿ ਜਿਵੇਂ ਪਰਮਾਤਮਾਂ ਸਤਜ ਹੈ ਤਿਵੇਂ ਉਸ ਤੋਂ ਭਿੰਨ ਜਗਤ ਬੀ ਸਤਜ ਹੈ।

---

[1]ਅਚਜੁਤ = ਜੋ ਕਦੇ ਨਾ ਗਿਰੇ = ਵਾਹਿਗੁਰੂ+ਗੋਤਰੀ। ਵਾਹਿਗੁਰੂ ਦੀ ਜਾਤ ਵਾਲਾ ਯਥਾ :-

ਹਮਰੀ ਜਾਤਿ ਪਤਿ ਸਚੁ ਨਾਉ ॥ (ਆਸਾ ਮਹਲਾ ੧-੧੪)

ਅਚਜੁਤ ਗੋਤਰੀ ਦਾ ਭਾਵ ਹੈ ਵਾਹਿਗੁਰੂ ਜੀ ਦੇ ਹੀ ਹੋ ਜਾਣਾ। ਕਈ ਵੈਸ਼ਨਵ ਆਪ ਨੂੰ ਅਚਜੁਤ ਗੋਤਰੀ ਸਦਾਉਂਦੇ ਹਨ, ਉਸ ਤੋਂ ਮੁਰਾਦ ਨਹੀਂ ਹੈ।

ਇਨ੍ਹਾਂ ਦੀ ਨਵਿਰਤੀ ਵੇਦਾਂਤ ਨੇ ਐਉਂ ਮੰਨੀ ਹੈ :-

੧. ਭੇਦ ਭਰਮ - ਘੜੇ ਵਿਚ ਸੂਰਜ ਦਾ ਪ੍ਰਤਿਬਿੰਬ ਘੜੇ ਦੀ ਉਪਾਧੀ ਕਰਕੇ ਹੈ, ਵਾਸਤਵ ਵਿਚ ਓਹ ਪ੍ਰਤਿਬਿੰਬ ਭਿੰਨ ਨਹੀਂ ਸੂਰਜ ਹੀ ਹੈ, ਤਿਵੇਂ ਅਵਿਦਿਆ ਦੀ ਉਪਾਧੀ ਕਰਕੇ ਜੀਵ ਭਿੰਨ ਭਾਸਦਾ ਹੈ ਵਾਸਤਵ ਵਿਚ ਨਹੀਂ। ਇਹ ਸਮਝਕੇ ਭੇਦ ਭਰਮ ਦੂਰ ਹੁੰਦਾ ਹੈ।

੨. ਕਰਤ੍ਰਿਤ੍ਵ ਭਰਮ - ਜਿਸ ਤਰ੍ਹਾਂ ਚਿੱਟੀ ਮਣੀ ਦੇ ਪਾਸ ਲਾਲ ਫੁੱਲ ਪਿਆ ਹੋਵੇ ਤਾਂ ਮਣੀ ਲਾਲ ਭਾਸਦੀ ਹੈ, ਇਸੀ ਤਰ੍ਹਾਂ ਬੁੱਧੀ ਦੀ ਸਮੀਪਤਾ ਕਰਕੇ ਕਰਤਤ੍ਵ ਤੇ ਭੁਗਤਤ੍ਵ ਯਾ ਸੁਖ ਦੁਖ ਆਦਿ ਜੋ ਬੁੱਧੀ ਦੇ ਧਰਮ ਹਨ ਉਹ ਆਤਮਾ ਦੇ ਭਾਸਣ ਲਗ ਜਾਂਦੇ ਹਨ, ਵਾਸਤਵ ਵਿਚ ਆਤਮਾ 'ਸ਼ੁੱਧ ਸਰੂਪ' ਹੈ। ਇਸ ਵਿਚਾਰ ਨਾਲ 'ਕਰਤ੍ਰਿਤ੍ਵ ਭਰਮ' ਨਵਿਰਤ ਹੁੰਦਾ ਹੈ।

੩. ਸੰਗ ਭਰਮ- ਜਿਸ ਤਰ੍ਹਾਂ ਆਕਾਸ਼ ਇਕੋ ਪਰੀ ਪੂਰਣ ਹੈ, ਪਰ ਘੜੇ ਵਿਚ ਜੋ ਆਕਾਸ਼ ਹੈ ਵੱਖਰਾ ਭਾਸਦਾ ਹੈ, ਘੜੇ ਕਰਕੇ ਉਹ ਉਤਪਤ ਨਹੀਂ ਹੋਇਆ, ਘੜੇ ਦੇ ਤ੍ਰੁੱਟ ਜਾਣ ਕਰਕੇ ਘੜੇ ਵਿਚਲੇ ਆਕਾਸ਼ ਦਾ ਨਾਸ਼ ਨਹੀਂ ਹੁੰਦਾ, ਉਸੀ ਤਰ੍ਹਾਂ ਦੇਹ ਦੇ ਪੈਦਾ ਯਾ ਵਿਨਾਸ਼ ਨਾਲ ਆਤਮਾ ਜੰਮਦੀ ਮਰਦੀ ਨਹੀਂ, ਉਹ ਤਾਂ ਜਨਮ ਮਰਨ ਰਹਿਤ ਆਕਾਸ਼ ਵਤ ਪਰੀ ਪੂਰਨ ਹੈ। ਇਉਂ 'ਸੰਗ ਭਰਮ' ਦੀ ਨਵਿਰਤੀ ਹੁੰਦੀ ਹੈ।

੪. ਵਿਕਾਰ ਭਰਮ- ਜਿਸ ਤਰ੍ਹਾਂ ਹਨੇਰਾ ਆਦਿ ਕਾਰਣਾਂ ਕਰਕੇ ਪਈ ਹੋਈ ਰੱਸੀ ਸੱਪ ਭਾਸਣ ਲਗ ਜਾਂਦੀ ਹੈ। ਵਾਸਤਵ ਵਿਚ ਰੱਸੀ ਵਿਚ ਸੱਪ ਹੈ ਹੀ ਨਹੀਂ ਸੀ। ਜਦ ਹਨੇਰਾ ਆਦਿ ਕਾਰਣ ਹਟੇ ਤਾਂ 'ਰੱਸੀ' ਦਾ ਯਥਾਰਥ ਰੂਪ ਰੱਸੀ ਦਿੱਸ ਪੈਂਦਾ ਹੈ। ਇਸੀ ਤਰ੍ਹਾਂ ਸਰਵ ਬ੍ਰਹਮ ਹੈ, ਜਗਤ ਉਸ ਵਿਚ ਹੈ ਨਹੀਂ ਸੀ। ਕਲਪਣਾ ਕਰਕੇ ਜਗਤ ਭਾਸਦਾ ਹੈ ਅਸਲ ਵਿਚ ਕੇਵਲ ਇਕੋ ਬ੍ਰਹਮ ਹੀ ਬ੍ਰਹਮ ਹੈ।

੫. ਸਤ'ਜਤ੍ਵ ਭਰਮ - ਜਿਸ ਤਰ੍ਹਾਂ ਸੋਨੇ ਦੇ ਕੜੇ ਵਿਚ ਸੋਨੇ ਦੇ ਸਿਵਾ ਹੋਰ ਕੁਝ ਨਹੀਂ ਹੈ, ਕੜਾਪਨ ਉਸ ਵਿਚ ਕੋਈ ਭਿੰਨ ਵਸਤੂ ਨਹੀਂ ਹੈ। ਇਸੀ ਤਰ੍ਹਾਂ ਬ੍ਰਹਮ ਵਿਚ ਜੋ ਜਗਤ ਭਾਸਦਾ ਹੈ, ਉਹ ਭਿੰਨ ਵਸਤੂ ਨਹੀਂ, ਵਾਸਤਵ ਵਿਚ ਬ੍ਰਹਮ ਹੀ ਬ੍ਰਹਮ ਹੈ।

(ਸਿਰੀ ਰਾਗੁ ਮਹਲਾ ੧, ਚਉਪਦਾ - ੨੪)

ਪ੍ਰਾਕ੍ਥਨ-ਕਿਸੇ ਦੇ ਪਿਆਰੇ ਦੇ ਮਰਨੇ ਪਰ ਉਸ ਨੂੰ ਸ਼ੋਕਾਤੁਰ ਦੇਖ ਕੇ ਇਹ ਯਥਾਰਥ ਵੈਰਾਗ ਦਾ ਉਪਦੇਸ਼ ਹੋਇਆ ਹੈ :-

ਮੂਲ	ਇਸਤ੍ਰੀ ਪ੍ਰਤੀ ਉਪਦੇਸ਼ ਜੋ ਭਾਵ ਵਿਚ ਜਗਜਾਸੂ ਪ੍ਰਤੀ ਹੈ।	ਜਗਜਾਸੂ ਪ੍ਰਤਿ ਉਪਦੇਸ਼
ਸਿਰੀ ਰਾਗੁ ਮਹਲਾ ੧ਘਰੁ ੨॥		
ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥		ਧਨ ਜੁਆਨੀ ਅਤੇ ਫੁਲ (=ਖੇੜਾ) ਚਾਰ ਦਿਨਾਂ ਦੇ ਪਰਾਹੁਣੇ ਹਨ, (ਏਹ ਤਾਂ) ਪਬਣ ਦੇ ਪੱਤਿਆਂ ਵਾਂਙੂ (ਪਾਣੀ ਦੇ) ਢਲਿ (ਹੇਠਾਂ ਉੱਤਰ) ਜਾਣ ਨਾਲ ਢੁਲਿ (ਮੁਰਝਾ) ਜਾਕੇ ਨਾਸ਼ ਹੋ ਜਾਂਦੇ ਹਨ ॥੧॥

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ਰਹਾਉ॥		(ਇਸ ਲਈ) ਹੇ ਪਿਆਰੇ ! ਜਦੋਂ ਕਿ ਤੇਰੀ ਜੁਆਨੀ ਨਵੇਂ ਹੁਲਾਰੇ ਵਿਚ ਹੈ (ਪਰਮੇਸ਼ੁਰ ਦੇ) ਪ੍ਰੇਮ ਨੂੰ ਮਾਣ ਲੈ (ਭਾਵ ਸੁਆਦ ਲੈ ਲੈ), ਤੇਰੀ (ਜੁਆਨੀ ਦੇ) ਦਿਨ ਥੋੜ੍ਹੇ ਹਨ, (ਏਹ) ਮੁੱਕ ਜਾਣੇ ਹਨ ਤੇ ਸਰੀਰ ਬੁੱਢਾ ਹੋ ਜਾਣਾ ਹੈ ॥ ੧ ॥ਰਹਾਉ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥	ਮੇਰੇ ਸਜਣ ਜੋ ਪਯਾਰ ਕਰਨ ਵਾਲੇ ਸਨ ਓਹ ਜੀਰਾਣ ਵਿਚ ਜਾ ਸੁੱਤੇ ਹਨ (ਮੇਰਾ ਜੀ ਕਰਦਾ ਹੈ ਕਿ) ਮੈਂ ਉਦਾਸਣ ਬੀ (ਉਸ) ਜੀਰਾਣ ਵਿਚ ਜਾਕੇ ਬ੍ਰੀਕ ਆਵਾਜ਼ ਨਾਲ ਰੋਵਾਂ। ॥੨॥	(ਤੁਸਾਂ ਸੱਚ ਕਿਹਾ ਹੈ, ਪਰ) ਮੇਰੇ ਪਿਆਰੇ ਸਜਣ ਜੀ (ਮਰ ਗਏ ਹਨ ਤੇ) ਜੀਰਾਣ ਵਿਚ (ਮਾਨੋ) ਸੌਂ ਰਹੇ ਹਨ (ਜੀ ਕਰਦਾ ਹੈ ਕਿ) ਮੈਂ ਉਦਾਸਣ ਹੁਣ (ਉਸੇ ਥਾਂ) ਜਾਕੇ (ਬਿਰਹੋਂ ਵਿਚ) ਝੀਣੀ ਅਵਾਜ਼ ਦੁਆਰਾ ਰੋਂਦੀ ਰਿਹਾ ਕਰਾਂ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥	(ਉਪਦੇਸ਼ : ਤੂੰ ਕਿੰਨਾਕੁ ਚਿਰ ਰੋਵੇਂਗੀ, ਅੰਤ) ਹੇ ਸੁਹਣੀਏ ਤੂੰ ਬੀ ਸਹੁਰੇ ਘਰ ਆਉਣਾ ਹੈ ਪੇਕਾ ਘਰ ਨਿਤ ਨਹੀਂ ਹੁੰਦਾ, ਕੀ ਤੂੰ (ਇਹ ਗਲ ਅਜੇ ਤਕ) ਆਪਣੇ ਕੰਨੀਂ ਨਹੀਂ ਸੁਣੀ॥੩॥	ਹੇ ਸੁਹਣੇ (ਜਗਜਾਸੂ ! ਤੂੰ ਵਿਛੁੜੇ ਪਿਆਰੇ ਨੂੰ ਕਦ ਤਕ ਰੋਵੇਂਗਾ ?) ਕੀ ਤੂੰ (ਇਹ ਕਨਸੋ) ਅਜੇ ਤਕ ਆਪਣੇ ਕੰਨੀ ਸੁਣੀਂ ਨਹੀਂ ਕਿ ਤੂੰ ਬੀ ਪਰਲੋਕ ਵਿਚ ਚਲੇ ਜਾਣਾ ਹੈ (ਜਿਵੇਂ ਕਿ ਤੇਰਾ ਪਿਆਰਾ ਚਲਾ ਗਿਆ ਹੈ, ਜਿਸਨੂੰ ਤੂੰ ਰੋ ਰਿਹਾ ਹੈਂ), ਇਸ ਲੋਕ (ਦਾ ਨਿਵਾਸ ਤੇਰਾ ਬੀ ਸਦੈਵੀ ਨਹੀਂ ਹੈ॥੩॥)
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥ ੪॥੨੪॥	(ਦੇਖ! ਜੋ ਕੁੜੀ) ਪੇਕੇ ਘਰ ਵਸਦਿਆਂ ਸੁੱਤੀ ਰਹਿੰਦੀ ਹੈ (=ਗ਼ਾਫ਼ਲੀ ਵਿਚ ਦਿਨ ਗੁਜ਼ਾਰਦੀ ਹੈ।) ਸਮਝ ਲੈ ਕਿ (ਉਸ ਦੇ ਘਰ ਨੂੰ) ਸੰਨ੍ਹ ਲੱਗੀ ਹੋਈ ਹੈ, (ਉਸ ਨੇ ਇਉਂ ਸਹੁਰੇ ਘਰ ਦੈਵੀ) ਗੁਣਾਂ ਦੀ ਗੰਢ ਗੁਆਕੇ ਅਵਗੁਣਾਂ ਵਾਲੀ ਕੁੜੀ ਹੋਕੇ ਜਾਣਾ ਹੈ॥੪॥੨੪॥	ਹੇ ਨਾਨਕ ! ਇਸ ਲੋਕ ਵਿਚ ਹੁੰਦਿਆ (ਜਿਸ ਜੀ ਨੇ ਬੀ ਸਾਈਂ ਵਲੋਂ) ਗ਼ਾਫ਼ਲੀ ਧਾਰੀ ਹੋਈ ਹੈ ਸਮਝ ਲੈ ਕਿ (ਉਸ ਦੇ ਮਨ ਨੂੰ) ਸੰਨ੍ਹ ਲੱਗੀ ਹੋਈ ਹੈ, ਉਸ ਨੇ ਗੁਣਾਂ ਦੀ ਗੰਢ ਗੁਆ ਲੈਣੀ ਹੈ ਤੇ ਅਵਗੁਣਾਂ ਦੀ ਗੰਢ ਬੰਨ੍ਹ ਕੇ ਨਾਲ ਲੈ ਜਾਣੀ ਹੈ ॥੪॥੨੪॥

ਵਯਾਖਯਾ–ਇਸ ਸ਼ਬਦ ਵਿਚ ਵੈਰਾਗ ਦਾ ਉਪਦੇਸ਼ ਹੈ। ਪ੍ਰੀਤਮ ਦੇ ਵਿਛੋੜੇ ਹੋਏ ਤੇ ਜੋ ਮੋਹ ਮਾਇਆ ਨੂੰ ਸੱਟ ਵਜਦੀ ਹੈ ਤੇ ਆਪਣੇ ਸੁਖਾਂ ਕਿ ਵਿਛੋੜੇ ਦੇ ਮੋਹ ਵਿਚ ਰੋਈਦਾ ਤੇ ਪਕੜਾਂ ਵਾਲਾ ਵਿਰਾਗ ਕਰੀਦਾ ਹੈ, ਉਸ ਵਿਚ ਪੰਘਰੇ ਮਨ ਨੂੰ ਸਚਮੁਚ ਦੇ ਵੈਰਾਗ ਵਿਚ ਲੈ ਜਾਂਦੇ ਹਨ।

ਧਨ ਜੋਬਨ ਆਦਿ ਦੀ ਅਨਿਸਥਿਰਤਾ ਦਿਖਾਕੇ ਫਿਰ ਟੁੰਬਕੇ ਜਗਾਉਂਦੇ ਹਨ ਇਹ ਦੱਸਕੇ ਕਿ ਤੁਸੀਂ ਜਿਸ ਹੋਣੀ ਤੇ ਰੋ ਰਹੇ ਹੋ ਮਾਨੋ ਤੁਸੀਂ ਸਦਾ ਥਿਰ ਹੋ, ਉਹ ਹੋਣੀ ਤੁਸਾਂ ਸਿਰ ਬੀ ਵਰਤਣੀ ਹੈ। ਇਹ ਵੀਚਾਰ ਕੇ ਧਨ ਜੋਬਨ ਦੇ ਮਦ ਵਿਚ ਨਾਂ ਗ਼ਾਫ਼ਲ ਹੋਵੋ ਤੇ ਨਾ ਕਿਸੇ ਦੇ ਮਰੇ ਤੇ ਸ਼ੋਕਾਤੁਰ ਹੋਵੋ। ਵੀਚਾਰ ਵਿਚ ਆਓ ਤੇ ਗੁਣਾਂ ਦੀ ਸੰਭਾਲ ਕਰੋ, ਦੈਵੀ ਗੁਣ ਧਾਰਨ ਕਰੋ ਤੇ ਪਰਮੇਸ਼ੁਰ ਦੇ ਪ੍ਰੇਮ ਦਾ ਰੰਗ ਮਾਣ ਲਓ; ਤਾਂ ਜੋ ਏਥੇ ਹੀ ਉਸ ਦੇ ਪ੍ਰੇਮ ਵਿਚ ਪਰੋਤੇ ਤੇ ਸ਼ੁਭ ਗੁਣਾਂ ਨਾਲ ਸ਼ੁਧ ਨਿਰਮਲ ਹੋਏ ਹਜ਼ੂਰੀ ਵਿਚ ਪਹੁੰਚੋ।

ਇਸ ਸ਼ਬਦ ਵਿਚ ਨਾਮ, ਸਿਫਤ ਸਲਾਹ, ਗੁਰੂ, ਗੁਰਮੁਖ ਦਾ ਜ਼ਿਕਰ ਨਹੀਂ। ਇਸ ਦਾ ਮੁੱਖ ਪ੍ਰਯੋਜਨ ਵੈਰਾਗ ਤੇ ਯਥਾਰਥ ਵੈਰਾਗ ਪੈਦਾ ਕਰਨੇ ਦਾ ਹੈ ਅਰ ਕਰਨੇ ਯੋਗ ਕੰਮ ਦਾ ਜ਼ਿਕਰ 'ਗੁਣਾਂ' ਤੇ 'ਰੰਗ' ਦੋ ਪਦਾਂ ਵਿਚ ਕੀਤਾ ਹੈ।

ਕਾਵ੍ਯ ਦੇ ਨੁਕਤੇ ਤੋਂ ਇਸ ਸ਼ਬਦ ਦੀ ਰਚਨਾ ਬੜਾ ਡੂੰਘਾ ਵੈਰਾਗ ਦਾ ਭਾਵ ਉਦਜਤ ਕਰ ਦੇਣ ਵਾਲੀ ਹੈ, ਜੋ ਸ਼ਾਂਤੀ ਰਸ ਦਾ ਮੂਲ ਹੈ। ਸ਼ਾਂਤਿ ਰਸ ਦਾ ਸਥਾਈ ਭਾਵ ਨਿਰਵੇਦ (ਵੈਰਾਗ) ਮੰਨਿਆ ਹੈ।

ਨਿਰੁਕ੍ਤ– ਘਰ-੨ – ਦੇਖੋ ਪਿੱਛੇ ਪੰਨਾ ੧੮੨

ਫੁਲੜਾ –(ਫੁਲ = ਕੁਸਮ। 'ੜਾ' ਨਿੰਮ੍ਰ ਵਾਚੀ ਪ੍ਰਤੇ ਹੈ, ਪਰ ਇਥੇ ਵਿਸ਼ੇਸ਼ ਸੁੰਦਰਤਾ ਸੂਚਕ ਹੈ)। ਛੋਟਾ ਫੁੱਲ। ਪਹਿਲੀ ਫੁੱਲ ਦੀ ਅਵਸਥਾ ਜਦੋਂ ਕਲੀ ਤੋਂ ਲੰਘ ਚੁਕਾ ਤੇ ਖੇੜੇ ਪੂਰੇ ਵਿਚ ਨਹੀਂ ਗਿਆ ਇਹ ਦਰਸ਼ਨ ਬੜਾ ਸੁੰਦਰ ਹੁੰਦਾ ਹੈ, ਪਰ ਬੜਾ ਥੋੜਾ ਚਿਰ ਰਹਿੰਦਾ ਹੈ।

ਨਾਠੀਅੜੇ– (ਪੰ:, ਨਾਠੀ = ਨੱਠ ਯਾ ਟੁਰ ਜਾਣ ਵਾਲਾ) ਪਰਾਹੁਣਾ।

ਪਬਣਿ – (ਸੰਸ:, ਪਦ੍ਮ। ਪ੍ਰਾ:, ਪਉਮ। ਸਿੰਧੀ ਤੇ ਮੁਲਤਾਨੀ ਪੰਜਾਬੀ-ਪੱਬਣ) ਕਮਲ। ਕਮਲ ਦੇ ਪੱਤੇ, ਜਦ ਛੰਭ ਦਾ ਪਾਣੀ (ਢਲਿ) ਉਤਰ ਜਾਂਦਾ ਹੈ ਤਾਂ, (ਢੁਲਿ) ਨੀਵੇਂ ਪੈ ਜਾਂਦੇ ਭਾਵ ਸਿਰ ਸੱਟਕੇ ਸੁੱਕ ਸੜ ਜਾਂਦੇ ਹਨ।

(ਅ) ਪੱਬਣਿ ਦਾ ਸੰਪ੍ਰਦਾਈ ਅਰਥ ਚੁਪੱਤੀ ਬੀ ਹੈ ਜੋ ਛੱਪੜਾਂ ਆਦਿ ਤੇ ਹੁੰਦੀ ਹੈ, ਤੇ ਪਾਣੀ ਦੇ ਸੁੱਕ ਜਾਣ ਨਾਲ ਸੁੱਕ ਸੜ ਜਾਂਦੀ ਹੈ। ਦੋਹਾਂ ਦਾ ਭਾਵ ਹੈ ਥੋੜੇ ਕਾਲ ਲਈ ਹੋਣ ਵਾਲੀ ਸ਼ੈ।

ਢਲਿਢੁਲਿ– (ਪੰ:) ਢਲਿ = ਘਟ ਜਾਣਾ, ਉਤਰ ਜਾਣਾ। ਢੁਲਿ = ਹੇਠ ਹੋ ਜਾਣਾ। ਨੀਵੇਂ ਪੈ ਜਾਣਾਂ। ਢਲਿ ਪਾਣੀ ਨੂੰ ਕਿਹਾ ਹੈ ਕਿ ਉਤਰ ਜਾਂਦਾ ਹੈ। ਢੁਲਿ ਪਤਿਆਂ ਨੂੰ ਕਿਹਾ ਹੈ ਕਿ ਕੁਮਲਾ ਜਾਂਦੇ ਹਨ।

ਜੁੰਮਣਹਾਰ – (ਪੁੰ:, ਪੰ:, ਜੰਮਣਾ ਤੋਂ) ਚਲੇ ਜਾਣ ਵਾਲਾ। ਨਾਸ਼ ਹੋ ਜਾਣ ਵਾਲਾ।

ਨਉ ਹੁਲਾ – (ਪੰ:,) ਨਵੇਂ ਹੁਲਾਰੇ ਵਾਲਾ।

ਚੋਲਾ– (ਪੰ:,) ਵੱਡਾ ਝੱਗਾ, ਭਾਵ ਸਰੀਰ।

ਰੰਗੁਲੇ – (ਪੰ:, ਰੰਗ+ਲੇ) ਰੰਗ ਵਾਲੇ, ਪਜਾਰ ਵਾਲੇ। (ਅ) ਰੰਗ ਰਲੀਆਂ ਵਾਲੇ।

ਜੀਰਾਣਿ – (ਸੰਸ:, ਜੀਰ੍ਣ = ਪੁਰਾਣਾ) ਉਜਾੜੀ ਥਾਂ, ਉਜਾੜ, ਭਾਵ ਮਸਾਣ ਭੂਮੀ।

ਹੰਭੀ – (ਸੰਸ:, ਅਹੰ) ਮੈਂ ਭੀ।

ਡੁਮਣੀ – (ਪੰ:, ਦੋ+ਮਨੀ = ਦੁਚਿੱਤੀ) ਉਦਾਸ। ਉਦਾਸਣ

ਪੇਈਐ – (ਸੰਸ:, ਪਿਤ੍ਰਿ ਗ੍ਰਿਹੰ । ਪ੍ਰਾ:, ਪਿਉਹਰ, ਪੀਹਰ। ਪੁ: ਪੰ:, ਤੇ ਹਿੰਦੀ, ਪੀਹਰ। ਪੁ: ਪੰ:, ਪੇਈਆ। ਨਵੀਂ ਪੰ:, ਪੇਕਾ ਘਰ) ਪੇਕਾ ਘਰ। ਭਾਵ ਹੈ ਇਹ ਲੋਕ।

ਵਿਰਤੀ-(ਪੰ:, ਵਰਤਣ ਤੋਂ = ਹੋਣਾ, ਲਗਣਾ) ਲਗੀ ਹੋਈ।

ਯਥਾ ਪਾਠ ਹੈ :- **ਜਿਸੁ ਘਰਿ ਵਿਰਤੀ ਸੋਈ ਜਾਣੈ** ....॥ (ਸੂਹੀ ਮਹਲਾ ੪-੯)

(ਅ) ਸੰਪ੍ਰਦਾ ਵਿਚ ਇਕ ਹੋਰ ਅਰਥ ਕਰਦੇ ਹਨ = ਵਿ+ਰੁਤੀ = ਕੁਰੁਤੀ। ਭਾਵ ਦਿਨ ਦੀਵੀਂ।

(ੲ) ਅਤੇ ਵਿ+ਰਾਤ੍ਰੀ ਤੋਂ ਵਿਰੱਤੀ ਮੰਨਕੇ ਬੀ ਰਾਤ ਤੋਂ ਬਿਨਾਂ ਅਰਥ ਕਰਕੇ ਭਾਵ ਲੈਂਦੇ ਹਨ :- ਦਿਨ ਦੀਵੀਂ।

ਸੰਨਿ- (ਸੰਸ:, ਸੰਧਿ: = ਪਾੜ। ਪ੍ਰਾ:, ਸੰਧਿ। (ਹਿੰਦੀ) ਸੰਧਿ, ਸੇਂਧ। ਪੰਜਾਬੀ ਸੰਨ੍ਹ) ਓਹ ਪਾੜ ਜੋ ਕੰਧ ਵਿਚ ਪਾ ਕੇ ਚੋਰ ਚੋਰੀ ਕਰਕੇ ਉਸੇ ਰਾਹ ਨਿਕਲ ਜਾਂਦੇ ਹਨ।

(ਸਿਰੀ ਰਾਗੁ ਮਹਲਾ ੧, ਚਉਪਦਾ - ੨੫)

ਪ੍ਰਾਕ੍ਥਨ-ਕਈ ਲੋਕ ਜਗਤ ਵਿਚ ਪੀੜਾ ਦੇਖ ਕੇ ਘਬਰਾਉਂਦੇ ਹਨ, ਗੁਰੂ ਜੀ ਦੱਸਦੇ ਹਨ ਕਿ ਇਹ ਦਿੱਸ ਰਿਹਾ ਦੁੱਖ ਤੇ ਸੁੱਖ ਬ੍ਰਹਮ ਗਯਾਨੀ ਦੀ ਨਜ਼ਰ ਵਿਚ ਕਿੰਵ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ਦੂਜਾ ੨ ॥	
ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥	(ਪਰਮਾਤਮਾ) ਆਪ ਹੀ ਰਸ (ਰੂਪ) ਹੈ, ਆਪ ਹੀ ਰਸ ਦਾ ਗਯਾਤਾ ਹੈ, ਆਪ ਹੀ (ਰਸਾਂ ਨੂੰ) ਮਾਣਨਹਾਰ ਹੈ। ਆਪ ਹੀ ਬਣ ਜਾਂਦਾ ਹੈ (ਚੋਲੜਾ =) ਇਸਤ੍ਰੀ (ਰੂਪ ਤੇ) ਆਪੇ (ਬਣ ਜਾਂਦਾ ਹੈ) ਪਤੀ (ਰੂਪ ਤੇ ਆਪ ਹੀ ਹੋ ਜਾਂਦਾ ਹੈ) ਸੇਜ ॥ ੧ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥	ਮੇਰਾ ਮਾਲਕ (ਕਿਸੇ ਆਪਣੀ) ਖੇਲ ਵਿਚ ਲੱਗਾ (ਹੋਇਆ ਇਕ ਚੋਜੀ ਹੈ ਜੋ ਸਾਰੇ) ਭਰਪੂਰ ਹੋ ਰਿਹਾ ਹੈ, (ਅਰ ਸਭਨਾਂ ਵਿਚ ਤੇ ਸਾਰੇ ਰੰਗਾਂ ਵਿਚ) ਰਵ ਰਹਿਆ (ਖੇਲ ਕਰ ਰਹਿਆ) ਹੈ ॥ ੧ ॥ ਰਹਾਉ ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥	(ਸੁਖੀ ਪੱਖ ਦਿਖਾਕੇ ਹੁਣ ਦੁਖੀ ਪੱਖ ਦਰਸਾਉਂਦੇ ਹਨ। ਇਸ ਨਮੂਨੇ ਲਈ ਮੱਛੀ ਨੂੰ ਲੈਕੇ ਦੁਖੀਆ ਪੱਖ ਦੱਸਿਆ ਹੈ।) (ਮੇਰਾ ਮਾਲਕ) ਆਪੇ ਮਾਛੀ ਹੈ, (ਆਪ ਹੀ) ਮੱਛੀ ਹੈ, ਆਪੇ ਪਾਣੀ ਹੈ, (ਆਪ ਹੀ) ਜਾਲ ਹੈ, ਆਪੇ ਜਾਲ ਦਾ ਮਣਕਾ ਹੈ, ਆਪੇ (ਜਾਲ) ਵਿਚ ਦੀ (ਖਿੱਚਣ ਵਾਲੀ) ਰੱਸੀ ਹੈ ॥ ੨ ॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥	ਹੇ ਸਖੀ ! ਮੇਰਾ ਪਿਆਰਾ ਆਪ ਹੀ ਅਨੇਕ ਤਰ੍ਹਾਂ ਨਾਲ (ਆਪਣੇ ਨਾਨਾ ਤਰ੍ਹਾਂ ਦੇ) ਰੰਗ ਮਾਣਨ ਵਾਲਾ (ਕੌਤਕੀ) ਹੈ, (ਉਹ ਰਾਵਣਹਾਰ) ਸੁਹਾਗਣਾਂ (ਅਰਥਾਤ ਗੁਰਮੁਖਾਂ ਨੂੰ) ਨਿਤ ਮਾਣਦਾ ਹੈ (ਪਰ) ਸਾਡਾ ਹਾਲ ਦੇਖੋ (ਕਿ ਸਾਨੂੰ ਨਹੀਂ ਮਾਣਦਾ ਜੋ ਗੁਰਮੁਖ ਨਹੀਂ ਹੋਇਆਂ[੧]) ॥ ੩ ॥

[੧]ਸ਼ਬਦ ਦੇ ਸ਼ੁਰੂ ਵਿਚ ਪਦ 'ਰਾਵਣਹਾਰੁ' ਹੋਣ ਕਰਕੇ ਉਪਰਲਾ ਅਰਥ ਢੁਕਦਾ ਹੈ, ਪਰ ਦਾਨੇ ਲੋਕ ਰਾਵਣਹਾਰ 'ਸੁਹਾਗਣੀਆਂ' ਨੂੰ ਦੱਸਕੇ ਐਉਂ ਬੀ ਅਰਥ ਸਫਲਾਉਂਦੇ ਹਨ:- (ਐਸੇ ਰੰਗੁਲੇ ਪਿਆਰੇ ਨੂੰ) ਸੁਹਾਗਵੰਤੀਆਂ ਨਿਤ ਮਾਣਦੀਆਂ ਹਨ (ਪਰ) ਸਾਡਾ ਹਾਲ ਵੇਖ (ਕਿ ਅਸੀਂ ਉਸ ਦੇ ਚੋਜ ਤੇ ਕਉਤਕ ਦੇਖ ਕੇ ਸੁਹਾਗਣਾਂ ਵਾਂਙੂ ਵਿਸਮਾਦ ਨਹੀਂ ਹੁੰਦੀਆਂ, ਸੰਸਿਆਂ ਸੋਚਾਂ ਵਿਚ ਜਾ ਪੈਂਦੀਆਂ ਹਾ, ਇਉਂ ਵਿਛੁੜੀਆਂ ਰਹਿੰਦੀਆਂ ਹਾਂ)।

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥ ੪॥੨੫॥	(ਇਸ ਲਈ ਹੇ ਸਖੀ) ਨਾਨਕ (ਤਾਂ ਏਹ ਸੰਸੇ ਬ੍ਰਿਤੀਆਂ ਛਡਕੇ ਪ੍ਰਣਵੈ ਬੇਨਤੀ =) ਸ਼ਰਧਾ ਤੇ ਨਿੰਮ੍ਰਤਾ ਨਾਲ ਬੇਨਤੀ ਕਰਦਾ ਹੈ (ਕਿ ਹੇ ਮੇਰੇ ਮਾਲਕ) ਸਰੋਵਰ ਬੀ ਤੂੰ ਹੈਂ, ਹੰਸ ਬੀ ਤੂੰ ਹੈ, ਕਉਲ (ਫੁਲ ਬੀ) ਤੂੰ ਹੈ, ਕਮੀਆਂ ਬੀ ਤੂੰ ਹੈਂ, (ਇਨ੍ਹਾਂ ਨੂੰ ਖਿੜਾਉਣ ਵਾਲਾ ਸੂਰਜ ਚੰਦ ਬੀ ਤੂੰ ਆਪ ਹੀ ਹੈਂ, ਇਨ੍ਹਾਂ ਨੂੰ) ਖਿੜੇ ਦੇਖਣ ਵਾਲਾ (ਸਦਾ ਖਿੜਿਆ ਬੀ ਤੂੰ) ਆਪ ਹੀ ਹੈਂ ॥ ੪ ॥ ੨੫ ॥

ਵਯਾਖਯਾ-ਜਾਪਦਾ ਹੈ ਕਿ ਕਿਸੇ ਨੇ ਪ੍ਰਸ਼ਨ ਕੀਤਾ ਹੈ ਕਿ ਜਗਤ ਵਿਚ ਦੁਖ ਕਿਉਂ ਹੈ ? ਪਰਮੇਸ਼ੁਰ ਦਿਆਲੂ ਹੈ ਤੇ ਪੀੜਾ ਕਿਉਂ ਹੈ ? ਫੇਰ ਕੋਈ ਰਸੀਆ ਹੋ ਕੇ ਰਸ ਮਾਣ ਰਿਹਾ ਹੈ, ਕੋਈ ਮੱਛੀ ਵਾਂਙੂ ਪੀੜਾ ਸਹਿ ਰਿਹਾ ਹੈ, ਇਹ ਅਸਮਤਾ ਯਾ ਵਿਖਮਤਾ ਕਿਉਂ ਹੈ ? ਉੱਤਰ ਰਹਾਉ ਦੀ ਤੁਕ ਵਿਚ ਹੈ :- '**ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ**'। ਕਿ ਮਾਲਕ ਰਚਣਹਾਰ ਕਿਸੇ ਚਾਉ ਵਿਚ ਖੇਲ ਕਰ ਰਿਹਾ ਹੈ, ਪਰ ਆਪ ਖੇਲ ਤੋਂ ਜੁਦਾ ਨਹੀਂ, ਵਿਚ ਭਰਪੂਰ ਹੈ ਤੇ ਫੇਰ ਖੇਲ ਹੋ ਰਿਹਾ ਹੈ। ਖਲ 'ਅਸਮਤਾ, ਵਿਖਮਤਾ' ਬਿਨਾ ਤੇ 'ਦੁਖ ਸੁਖ' ਦੋ ਸਿਰੇ ਮਿਥੇ ਬਿਨਾ ਨਹੀਂ ਹੋ ਸਕਦਾ। ਇਸ ਲਈ ਇਹ ਕੁਛ ਹੈ ਤਾਂ ਸਹੀ, ਪਰ ਇਸ ਖੇਲ ਦੇ ਨਾਟਕ-ਪਾਤ੍ਰ ਕੋਈ ਸੁਤੰਤ੍ਰ ਉਸ ਤੋਂ ਅਲਗ ਸ੍ਰਿਸ਼ਟੀ ਦੇ ਬੰਦੇ ਉਸ ਨੇ ਕਿਤੋਂ ਫਾਹਕੇ ਦੁਖ ਸੁਖ ਵਿਚ ਨਹੀਂ ਪਾਏ। ਉਸ ਨੇ ਸਾਰੇ ਆਪੇ ਤੋਂ ਆਪੇ ਰਚੇ ਹਨ ਤੇ ਵਿਚ ਭਰਪੂਰ ਹੈ ਆਪ। ਸੋ ਦੁਖ ਕਿਸ ਨੂੰ ਦੇ ਰਿਹਾ ਹੈ? ਆਪ ਨੂੰ। ਪਰ ਕੀਹ ਆਪ ਦੁਖੀ ਹੈ ? ਆਪ ਫੇਰ ਅਲੇਪ ਹੈ, ਜਿਵੇਂ ਮੀਂਹ, ਹਨੇਰੀ, ਗੜੇ, ਬਰਫ, ਰਾਤ, ਦਿਨ, ਬਸੰਤ, ਪਤ ਝੜ, ਸਿਆਲ, ਉਨ੍ਹਾਲ, ਸਾਰੇ ਖੇਲ ਸੂਰਜ ਦੇ ਹਨ, ਸੂਰਜ ਸਾਰੇ ਦ੍ਰਿਸ਼ਯ ਵਿਚ ਅਪਣੇ ਪ੍ਰਕਾਸ਼ ਨਾਲ ਭਰਪੂਰ ਹੈ, ਫਿਰ ਸੂਰਜ ਆਪ ਅਲੇਪ ਹੈ। ਪ੍ਰਸ਼ਨ ਹੁੰਦਾ ਹੈ ਕਿ ਚਾਹੋ ਕਿਵੇਂ ਹੈ ਪਰ ਦੁੱਖ ਹੈ ਤੇ ਦੁੱਖ ਦੁੱਖ ਹੈ, ਉਸ ਦਾ ਦਾਰੂ ਚਾਹੀਏ।

ਉਤਰ :- ਦੁਖ ਦਾ ਮੂਲ ਹੈ: 'ਖੇਲ ਵਿਚ ਖਚਿਤ ਦ੍ਰਿਸ਼ਟੀ', ਹੁਣ ਜੇ 'ਸੁਹਾਗਣ ਦ੍ਰਿਸ਼ਟੀ' ਕਰ ਲਵੇ ਤਾਂ ਦੁਖ ਦੁਖ ਨਹੀਂ ਰਹਿੰਦਾ। ਸੁਹਾਗਣ ਦ੍ਰਿਸ਼ਟੀ ਕੀ ਹੈ ? ਕਿ ਦ੍ਰਿਸ਼ਟੀ ਦ੍ਰਿਸ਼ਟਮਾਨ ਤੋਂ ਉਠਕੇ ਦ੍ਰਿਸ਼ਟਾ ਅਰਥਾਤ ਖਿਲਾਰੀ ਤੇ ਜਾ ਟਿਕੇ ਤੇ ਉਸ ਨੂੰ ਮਾਲਕ, ਪਤੀ ਤੇ ਵਯਾਪਕ ਤੱਕ ਲਵੇ ਤਾਂ ਉਸ ਨਾਲ ਜੀਵਾਂ ਪਰ ਅਨੁਗ੍ਰਹਿ ਦੁਖ ਦੀ 'ਪੀੜ-ਅਨੁਭਵਤਾ' ਤੇ ਸੁਖ ਵਿਚ 'ਰਸ-ਖਚਿਤਤਾ' ਦੋਹਾਂ ਤੋਂ ਉੱਚਾ ਲੈ ਜਾਂਦੀ ਹੈ। ਫੇਰ ਦਿੱਸਦਾ ਹੈ :-

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥੧॥ਰਹਾਉ॥

ਇਹ 'ਸੁਹਾਗਣ-ਦ੍ਰਿਸ਼ਟੀ' ਹੈ, ਇਹ ਬ੍ਰਹਮ ਗਯਾਨੀ ਦੀ ਦ੍ਰਿਸ਼ਟੀ ਹੈ।

ਸਾਧਨ ਪੱਖ-ਪਹਿਲੀ ਤੁਕ ਵਿਚ ਉਚੇ ਵਿਸਮਾਦੀ ਰਸ ਵਲ ਸੈਨਤ ਹੈ 'ਆਪੇ ਰਸੀਆ ਆਪਿ ਰਸ' ਦੂਸਰੀ ਤੁਕ ਵਿਚ 'ਸੇਜ ਭਤਾਰੁ' ਕਹਿਕੇ ਸਰੀਰਕ ਰਸਾਂ ਵਲ ਧਯਾਨ ਕੀਤਾ ਹੈ। ਭਾਵ ਹੈ ਦੋਵੇਂ ਪ੍ਰਕਾਰ ਦੇ ਸੂਖਮ ਤੇ ਸਥੂਲ ਰਸਾਂ ਤੋਂ। ਕਈ ਦਾਨੇ ਦੋਹਾਂ ਤੁਕਾਂ ਵਿਚ ਹੀ 'ਰਸ' ਸਰੀਰਕ ਸਮਝਦੇ ਹਨ। ਸੋ ਸਤਿਗੁਰਾਂ ਨੇ ਪਹਿਲਾਂ ਸੂਖਮ ਸਥੂਲ ਸੁਖ ਦੀ ਅਵਧੀ ਦੀ ਅਵਸਥਾ ਵਿਚ ਪਰਮਾਤਮਾ ਨੂੰ ਵਯਾਪਕ ਦੱਸਿਆ, ਫੇਰ ਦੁਖ ਦੀ ਅਵਧੀ ਅਵਸਥਾ ਮੱਛੀ ਦੇ ਜਾਲ ਵਿਚ ਫਸਣਾਂ ਤੇ ਲੁਛ ਲੁਛ ਮਰਨਾ, ਜੀਵਾਂ ਦੀ ਖੇਦ-ਮਈ ਅਵਸਥਾ ਦੀ ਸੋਝੀ ਦੇਣ ਵਾਲੀ ਹਾਲਤ ਦੱਸਕੇ ਮਾਛੀ ਮਛਲੀ ਜਾਲ ਮਣਕੇ ਸਭ ਵਿਚ ਰਵ ਰਹਿਆ ਭਰਪੂਰ ਦਾ ਖਿਆਲ ਦਿਤਾ। ਹੁਣ ਅੰਕ ੩ ਵਿਚ ਸੁਖ ਅਵਧੀ ਤੇ ਦੁਖ ਦੀ

ਅਵਧੀ ਦੇ ਵਿਚਕਾਰ ਮਨੁੱਖਾਂ ਵਿਚ ਨਾਨਾ ਤਰ੍ਹਾਂ ਦੀਆਂ ਜੋ ਹਾਲਤਾਂ ਹਨ, ਉਨ੍ਹਾਂ ਦਾ ਸਮੁੱਚਾ ਹਾਲ ਦੱਸਿਆ ਹੈ:-

ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥

ਅਰਥਾਤ ਦੋਹਾਂ ਸਿਰਿਆਂ : ਦੁਖ ਤੇ ਸੁਖ ਦੇ ਵਿਚ ਜੋ ਬਹੁਤ ਬਿਧੀਆਂ ਦੀਆਂ ਮਨੁੱਖੀ ਹਾਲਤਾਂ ਹਨ, ਉਹਨਾਂ ਸਭਨਾਂ ਵਿਚ ਮੇਰਾ ਲਾਲ (ਅਨੰਦ ਦੇਣ ਵਾਲਾ ਪਿਆਰਾ) ਵ੍ਯਾਪਕ ਤੇ ਭਰਪੂਰ ਹੈ।

ਪਰਮੇਸ਼ਰ ਦੀ ਇਹ ਵ੍ਯਾਪਕਤਾ 'ਰਵਿ ਰਹਿਆ ਭਰਪੂਰਿ' ਕਥਨ ਕਰਕੇ ਗੁਰੂ ਜੀ ਅੰਕ ੩ ਦੇ ਅੰਤ ਤੇ ਅੰਕ ਚਾਰ ਵਿਚ ਇਕ ਹੋਰ ਅਵਸਥਾ ਦੱਸਦੇ ਹਨ। ਉਹ ਤਾਂ ਸਾਧਾਰਨ ਵਾਪਰੀਆਂ ਦੀ ਦਸ਼ਾ ਦਾ ਵਰਣਨ ਸੀ, ਹੁਣ ਉਸ ਵਿਸ਼ੇਸ਼ ਦਸ਼ਾ ਦਾ ਵਰਣਨ ਹੈ, ਜਿਥੋਂ ਤੁਸੀਂ ਉਸ ਵ੍ਯਾਪਕ ਰਸੀਏ ਨੂੰ ਪ੍ਰਾਪਤ ਕਰ ਸਕੋ ਤੇ ਉਸ ਦੇ ਮੇਲ ਦਾ ਅਨੰਦ ਲੈ ਸਕੋ।

ਜਲ ਸਾਰੀ ਧਰਤੀ ਵਿਚ ਵ੍ਯਾਪਕ ਹੈ, ਸਮੁੰਦਰ ਵਿਚ ਬੀ ਹੈ ਤੇ ਥਲ ਅੰਦਰ ਬੀ ਹੈ। ਪਰ ਜੇ ਤ੍ਰੇਹ ਲੱਗੇ ਤਾਂ ਖੂਹ ਤੋਂ ਕਾਰਜ ਸਰਦਾ ਹੈ, ਪਰ ਨਾ ਸਮੁੰਦਰ ਤੋਂ ਤੇ ਨਾ ਥਲ ਤੋਂ। ਇਸ ਤਰ੍ਹਾਂ ਵ੍ਯਾਪਕ ਤੇ ਭਰਪੂਰ ਪ੍ਰਭੂ ਦੀ ਪ੍ਰਾਪਤੀ 'ਸਤਿਸੰਗ' ਤ੍ਰੋਂ ਹੁੰਦੀ ਹੈ। ਸੋ ਸਤਿਸੰਗ ਦਾ ਕਥਨ ਕਰਦੇ ਹਨ ਕਿ ਐਸੇ ਰੰਗੁਲੇ ਵ੍ਯਾਪਕ ਸਾਹਿਬ ਦਾ ਸਦਾ ਸੁਖ ਮਾਣ ਰਹੀਆਂ ਹਨ ਸੁਹਾਗਣਾਂ। ਏਹ ਸੁਹਾਗਣੀਆਂ ਮਨੁੱਖਾਂ ਦੀਆਂ ਵਹੁਟੀਆਂ ਨਹੀਂ, ਰਬ ਜੀ ਦੀਆਂ ਵਹੁਟੀਆਂ ਹਨ, ਅਰਥਾਤ ਪਰਮੇਸ਼ੁਰ ਦੇ ਭਗਤ ਤੇ ਪ੍ਰੇਮੀ ਹਨ। ਕਾਸ਼ ਉਹ ਸੁਹਾਗਣਾਂ ਕਦੇ ਮੇਰੇ ਤੇ ਮੇਹਰ ਦੀ ਨਿਗਾਹ ਕਰਨ, ਇਹ ਅਭਿਲਾਖ ਹੈ, ਪਰ ਵਿਚ ਉਪਦੇਸ਼ ਹੈ ਕਿ ਇਹ ਅਭਿਲਾਖ ਧਾਰਨ ਕਰੋ। ਇਨ੍ਹਾਂ ਸੁਹਾਗਣਾਂ ਦੇ ਨਿਵਾਸ ਦਾ ਹਾਲ ਦੱਸਦੇ ਹਨ ਕਿ ਇਕ ਸਰੋਵਰ ਹੈ, ਸ੍ਰੇਸ਼ਟ ਸਰ ਹੈ, ਮਾਨ ਸਰੋਵਰ ਵਾਂਙੂ ਉਥੇ ਹੰਸ ਹੈਨ। ਹੰਸ ਨਾਮ ਬ੍ਰਹਮ ਦਾ ਹੈ ਜੋ ਸਾਰੇ ਵ੍ਯਾਪਕ ਤੇ ਪਰੀਪੂਰਨ ਦੱਸ ਆਏ ਹਨ, ਉਹ ਸਾਹਿਬ (ਹੰਸ =) ਬ੍ਰਹਮ ਹੈ। ਉਸ ਹੰਸ ਦਾ ਜੋ ਬ੍ਰਹਮ ਹੈ ਮਾਨਸਰੋਵਰ ਕੀ ਹੈ ? ਸਤਿਸੰਗ। ਉਥੇ ਚੰਗੇ ਲੱਗੇ ਹੋਏ ਰਸ ਪ੍ਰਾਪਤ ਕਰਨ ਵਾਲੇ (ਕੌਲ =) ਜਗ੍ਯਾਸੂ ਹਨ। ਕੌਲ ਦੇ ਅੰਦਰ ਸੂਰਜ ਦੇ ਧ੍ਯਾਨ ਦੀ ਖਿੱਚ ਹੁੰਦੀ ਹੈ, ਸੋ ਸਿਮਰਨ ਕਰਨ ਵਾਲੇ, ਧ੍ਯਾਨ ਸਾਂਈਂ ਵਿਚ ਰੱਖਣ ਵਾਲੇ, ਮੇਹਰ ਹੋਵੇ ਤਾਂ ਖਿੜਨ ਵਾਲੇ ਕੌਲ ਸਰੀਖੇ ਗੁਰੂ ਕੇ ਸਿਖ (ਜਗ੍ਯਾਸੂ) ਹਨ। ਕੰਮੀਆਂ ਮੱਧ੍ਯ ਅਵਸਥਾ ਦੇ ਜਗ੍ਯਾਸੂ ਹਨ, ਕੰਮੀਆਂ ਸੂਰਜ ਦੇ ਧ੍ਯਾਨ ਦੀ ਤਾਬ ਨਹੀਂ ਰਖਦੀਆਂ, ਉਹ ਚੰਦ੍ਰਮਾ ਤੇ ਪੈਕੇ ਮੱਧਮ ਹੋ ਗਏ ਸੂਰਜ ਦੇ ਪ੍ਰਕਾਸ਼ ਦੀ ਖਿੱਚ ਧ੍ਯਾਨ ਵਿਚ ਖਿੜਦੀਆਂ ਹਨ। ਚੰਦ ਦਾ ਚਾਨਣਾ ਬੀ ਉਹੋ ਸੂਰਜ ਦਾ (ਬ੍ਰਹਮ ਦਾ) ਹੀ ਚਾਨਣਾ ਹੈ, ਸੋ ਇਹ ਉਹ ਜਗ੍ਯਾਸੂ ਹਨ ਜੋ ਸ਼ੁਭ ਕਰਨੀ, ਕੀਰਤਨ, ਬਾਣੀ ਦੇ ਆਸਰੇ ਮਨ ਨੂੰ ਸਾਂਈਂ ਦੇ ਖਿਆਲ ਵਿਚ ਲਾਉਂਦੇ ਹਨ। ਸੋ ਕਮਲ ਉਹ ਹਨ ਜੋ ਪ੍ਰੇਮ ਕਰਦੇ ਪ੍ਰੇਮ ਪਾਤ੍ਰ ਬਣ ਗਏ ਹਨ। ਹੇ ਪਰਮਾਤਮਾ ! ਇਸ ਸਤਿਸੰਗ ਵਿਚ ਮੂਲ ਰੂਪ ਤੂੰਹੋਂ ਬ੍ਰਹਮ ਵ੍ਯਾਪ ਰਿਹਾ ਹੈਂ, ਇਹ ਸਤਿਸੰਗ ਰੂਪ ਬੀ ਤੂੰ ਆਪ ਹੈਂ,ਇਸ ਵਿਚ ਜਗ੍ਯਾਸੂ ਬੀ ਤੂੰ, ਜਗ੍ਯਾਸੂਆਂ ਨੂੰ ਵੇਖਣ ਵਾਲਾ ਚੰਦ ਸੂਰਜ ਬੀ ਤੂੰ 'ਹੈ', ਤੇ ਤੈਨੂੰ ਵੇਖਕੇ ਜਗ੍ਯਾਸੂਆਂ ਵਿਚ ਜੋ ਵਿਗਾਸ ਯਾ ਖੇੜਾ ਆਯਾ ਹੈ ਉਹ ਖੇੜਾ ਬੀ ਤੂੰ ਆਪ ਹੀ ਹੈਂ। ਇਹ ਸਤਿਸੰਗ ਵਿਚ ਵਾਹਿਗੁਰੂ ਦੀ ਵ੍ਯਾਪਕਤਾ ਦੱਸੀ, ਇਹ ਪ੍ਰਾਪਤੀ ਸੂਚਕ ਹੈ, ਸੁਹਾਗਣਾਂ ਤੋਂ ਅਪਣੇ ਤੇ ਮਿਹਰ ਦੀ ਨਿਗਾਹ ਮੰਗਣੀ, ਇਹ ਪ੍ਰਾਪਤੀ ਲਈ ਅਰਦਾਸ (ਬੇਨਤੀ) ਹੈ, ਯਥਾ : 'ਪ੍ਰਣਵੈ ਨਾਨਕੁ ਬੇਨਤੀ' ਫਿਰ ਯਾਚਨਾ ਹੈ 'ਆਪੇ ਵੇਖਿ ਵਿਗਸੁ'॥

ਨਿਰੁਕ੍ਤ-ਰਸੀਆ-(ਸੰਸ:, ਰਸਗ੍ਯ: = ਰਸ ਦਾ ਗ੍ਯਾਤਾ) ਰਸ ਦਾ ਜਾਣਨਹਾਰ। ਰਾਵਣ ਹਾਰ ਰਸ ਮਾਣਦਾ ਹੈ, ਰਸ ਦਾ ਗਿਆਤਾ ਚਾਹੋ ਮਾਣੇ ਚਾਹੇ ਨਾ ਮਾਣੇ। (ਅ) ਕਈ ਦਾਨੇ 'ਰਸੀਆ' ਦਾ ਅਰਥ 'ਰਸ ਵਾਲਾ' ਬੀ ਕਰਦੇ ਹਨ।

ਰਾਵਣਹਾਰੁ - (ਸੰਸ:, ਰਮਣੰ। ਪੰਜਾਬੀ, ਰਮਣਾ, ਰਵਣਾ, ਰਾਵਣਾ, ਇਸ ਤੋਂ ਰਾਵਣਹਾਰੁ)

ਮਾਣਨ ਵਾਲਾ। **ਚੋਲੜਾ**– (ਸੰਸ:, ਚੋਲ:=ਚੋਲੀ। 'ੜਾ' ਨਿੰਮ੍ਰਵਾਚੀ ਪ੍ਰਤੇ) ਭਾਵ = ਇਸਤ੍ਰੀ।

ਭਤਾਰੁ – (ਸੰਸ:, ਭਰ੍ਤ੍ਰਾ। ਪ੍ਰ: ਪੰਜਾਬੀ, ਭਤਾਰ) ਪਤੀ।

ਮਣਕੜਾ– (ਪੰਜਾਬੀ, ਮਣਕਾ। 'ੜਾ' ਨਿੰਮ੍ਰਵਾਚੀ ਪ੍ਰਤੇ) ਮਣਕਾ।

ਲਾਲੁ – (ਪੰ:, ਲਾਰ) ਰੱਸੀ।

ਇਸ ਤੁਕ ਵਿਚ 'ਲਾਲੁ' ਦਾ ਅਰਥ ਮਾਸ ਬੀ ਕਰਦੇ ਹਨ, ਕਿਉਂਕਿ ਮਾਸ ਲਾਲ ਹੁੰਦਾ ਹੈ। ਭਾਵ ਇਹ ਕਿ ਜਾਲ ਵਿਚ ਫਸਿਆ ਮਾਸ ਅਰਥਾਤ ਮੱਛੀ, ਪਰ ਮੱਛੀ ਪਹਿਲਾਂ ਗਿਣ ਆਏ ਹਨ :- 'ਆਪੇ ਮਾਛੀ ਮਛੁਲੀ'। ਦੂਸਰੇ ਏਥੇ ਮੱਛੀ ਦਾ ਜ਼ਿਕਰ ਹੈ, ਮੱਛੀ ਦਾ ਮਾਸ ਅਕਸਰ ਕਰਕੇ ਚਿੱਟਾ ਹੁੰਦਾ ਹੈ।

ਫੇਰ ਏਥੇ 'ਲਾਲ' ਦਾ ਅਰਥ ਜੇ ਉਹ ਮਾਸ ਕੀਤਾ ਜਾਏ ਜੋ ਗੰਡੋਏ ਆਦਿਕਾਂ ਦਾ ਕੁੰਡੀ ਨੂੰ ਲਾਕੇ ਮੱਛੀ ਫੜਦੇ ਹਨ, ਤਾਂ ਸ਼ੰਕਾ ਇਹ ਹੈ, ਕਿ ਜ਼ਿਕਰ ਜਾਲ ਦਾ ਹੈ ਕੁੰਡੀ ਦਾ ਨਹੀਂ। ਜੇ ਮਰਹੱਟੀ ਜ਼ੁਬਾਨ ਦੇ 'ਲੱਲਾ' ਪਦ ਦਾ ਮੂਲ ਸਮਝੀਏ ਤਾਂ ਬੀ ਨਹੀਂ ਢੁਕਦਾ, ਕਿਉਂਕਿ - 'ਲੱਲਾ' ਦਾ ਅਰਥ ਹੈ ਭਿੱਤੀ ਤੇ ਭਿੱਤੀ ਕੁੰਡੀ ਨੂੰ ਲੱਗਦੀ ਹੈ, ਜਾਲ ਵਿਚ ਭਿੱਤੀ ਨਹੀਂ ਲਾਈਦੀ ਤੇ ਪਾਠ ਹੈ - 'ਅੰਦਰਿ ਲਾਲੁ' ਅੰਦਰਿ ਪਦ ਵਿਸ਼ੇਸ਼ ਕਰਕੇ ਮਣਕੇ ਵੱਲ ਜਾਂਦਾ ਹੈ। ਜੇ ਲਾਲ ਦਾ ਅਰਥ 'ਸੁਰਖ' ਨਾਮੇ ਪੰਛੀ ਕੀਤਾ ਜਾਏ ਤਾਂ 'ਜਾਲ ਮਣਕੜਾ' ਦਾ ਅਰਥ ਫੇਰ ਪੰਛੀ ਫੜਨ ਵਾਲਾ ਜਾਲ ਚਾਹੀਏ, ਪ੍ਰਸੰਗ ਮੱਛੀ, ਮਾਛੀ ਤੇ ਮੱਛੀ ਵਾਲੇ ਜਾਲ ਦਾ ਹੈ। 'ਜਾਲ ਮਣਕੜਾ' ਕਹਿਕੇ ਆਖਦੇ ਹਨ 'ਆਪੇ ਅੰਦਰਿ ਲਾਲੁ' ਭਾਵ ਕਿ ਮਣਕੇ ਦੇ ਅੰਦਰ ਜੋ ਲਾਲ ਹੈ, ਸੋ ਆਪੇ ਹੈ। ਮਣਕੇ ਦੇ ਅੰਦਰ ਰੱਸੀ ਹੁੰਦੀ ਹੈ ਸੋ ਲਾਲੁ = ਲਾਰ = ਰੱਸੀ। ਪਰੰਪਰਾ ਦੀਆਂ ਕਹਾਣੀਆਂ (folk lore) ਵਿਚ ਮੱਛੀ ਦੇ ਪੇਟ ਵਿਚੋਂ ਲਾਲ ਨਿਕਲ ਪੈਣ ਦੇ ਜ਼ਿਕਰ ਭੀ ਆਉਂਦੇ ਹਨ।

ਸੂਚਨਾ ੧.– ਅਰਥ ਤੇ ਵਜਾਖਜਾ ਤੇ ਨਿਰੁਕ੍ਤ ਉਪਰ ਆ ਚੁਕੇ ਹਨ- ਪਰ ਸੰਪ੍ਰਦਾ ਦੇ ਦਾਨੇ ਇਸ ਸ਼ਬਦ ਵਿਚ ਦੋ ਇਕ ਅੰਤ੍ਰੀਵ ਅਰਥ ਬੀ ਕਰਦੇ ਹਨ, ਜੋ ਲੱਛਣਾ ਬ੍ਰਿਤੀ ਕਰਕੇ ਲਾਉਂਦੇ ਹਨ। ਲੱਛਣਾਂ ਬ੍ਰਿਤੀ ਕਰਕੇ ਵਰਤਣ ਕਰਕੇ ਕਿਸੇ ਕਿਸੇ ਪਦ ਪਰ ਮਤਿ ਭੇਦ ਬੀ ਹੈ, ਸੋ ਸਾਰਾ ਪ੍ਰਕਾਰ ਹੇਠ ਲਿਖੇ ਨਕਸ਼ੇ ਤੋਂ ਸਮਝ ਪੈ ਜਾਏਗਾ :-

ਮੂਲ ਦੇ ਪਦ	ਅੰਤ੍ਰੀਵ ਅਰਥ
ਰਸੀਆ	= ਪ੍ਰੀਤਮ ਅਥਵਾ ਪ੍ਰੇਮੀ ਅਥਵਾ ਗੁਰੂ।
ਰਸੁ	= ਪ੍ਰੇਮ ਅਥਵਾ ਉਪਦੇਸ਼।
ਰਾਵਣਹਾਰੁ	= ਵਾਹਿਗੁਰੂ ਅਥਵਾ ਜਗਜਾਸੂ।
ਚੋਲੜਾ	= ਜਗਯਾਸੂ ਅਥਵਾ ਜਗਜਾਸੂ ਦੀ ਬੁੱਧੀ ਅਥਵਾ ਬੁੱਧੀ।
ਸੇਜ	= ਅੰਤਹਕਰਣ ਅਥਵਾ ਚਤੁਸ਼ਟੇ ਸਾਧਨ ਅਥਵਾ ਸ਼ਰਧਾ।
ਭਤਾਰੁ	= ਵਾਹਿਗੁਰੂ ਅਥਵਾ ਪਤੀ।
ਮਾਛੀ	= ਜਮ।
ਮਛੁਲੀ	= ਜੀਵ।
ਪਾਣੀ	= ਸ਼ਬਦ ਆਦਿ ਵਿਸ਼ੇ ਅਥਵਾ ਪਦਾਰਥ।
ਜਾਲ	= ਮੋਹ।
ਮਣਕੜਾ	= ਵਰਣ ਆਸ਼੍ਰਮੀ ਪਕੜ ਅਥਵਾ ਵਰਣ ਆਸ਼੍ਰਮੀ ਗੰਢ।
ਲਾਲੁ	= ਵਿਸ਼ਿਆਂ ਦੀ ਇੱਛਾ।

ਲਾਲੁ(ਮੇਰਾ ਲਾਲ) = ਪਿਆਰਾ(ਵਾਹਿਗੁਰੂ)
ਸਰਵਰੁ = ਸਤਿਸੰਗ ਅਥਵਾ ਸੰਸਾਰ।
ਸੋਹਾਗਣੀ = ਭਗਤ ਤੇ ਪ੍ਰੇਮੀ ਅਥਵਾ ਜੀਵਨ ਮੁਕਤ।
ਹੰਸੁ = ਗਿਆਨੀ ਅਥਵਾ ਸੰਤ।
ਕਉਲ = ਗੁਰਮੁਖ ਅਥਵਾ ਜਗਜਾਸੂ (ਉੱਤਮ)
ਕਵੀਆ = ਮਨਮੁਖ ਅਥਵਾ ਜਗਜਾਸੂ (ਮੱਧਮ)

ਸੂਚਨਾ ੨—ਕਵਲ ਤੇ ਕਵੀਆ ਕਰਕੇ ਦੋ ਹੋਰ ਲੈਂਦੇ ਹਨ : ਸੂਰਜ ਤੇ ਚੰਦ। ਸੂਰਜ ਦਾ ਭਾਵ ਗੁਰੂ ਲੈਂਦੇ ਤੇ ਕਵੀਆਂ ਨੂੰ ਮਨਮੁਖ ਅਰਥਾਂ ਵਿਚ ਲੈਣ ਵਾਲੇ ਚੰਦ ਦਾ ਭਾਵ ਪਦਾਰਥ ਲੈਂਦੇ ਹਨ, ਪਰ ਚੰਦ ਨੂੰ ਬੀ ਸੂਰਜ ਦੇ ਚਾਨਣੇ ਵਾਲਾ ਹੋਣ ਕਰਕੇ ਕਵੀਆਂ ਨੂੰ 'ਮੱਧਮ ਜਗਜਾਸੂ' ਅਰਥ ਲੈਣ ਵਾਲੇ ਚੰਦ ਦਾ ਅਰਥ ਗੁਰੂ ਤੋਂ ਵਰੋਸਾਏ ਹੋਏ ਗੁਰਮੁਖ ਦਾ ਲੈਂਦੇ ਹਨ ਜੋ ਨਾਮ ਬਾਣੀ ਦਾ ਪ੍ਰਚਾਰ ਕਰਦਾ ਹੈ -

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ (ਸੋਰਠਿ ਮ: ੫-੨)

(ਸਿਰੀ ਰਾਗੁ ਮਹਲਾ ੧, ਚਉਪਦਾ- ੨੬)

ਪ੍ਰਾਕ੍ਰਥਨ—ਇਸ ਸ਼ਬਦ ਵਿਚ ਇਕ ਪੰਡਿਤ ਨੂੰ ਉਪਦੇਸ਼ ਹੈ। ਜਾਪਦਾ ਹੈ ਕਿ ਪੰਡਿਤ ਕਰਮ ਕਾਂਡੀ ਹੈ, ਭੋਆਂ ਦਾ ਮਾਲਕ ਹੈ, ਖੇਤੀ ਕਰਵਾਉਂਦਾ ਹੈ, ਧਨੀ ਹੈ, ਵਡ-ਪਰਵਾਰੀ ਹੈ, ਪੜ੍ਹਿਆ ਬੀ ਹੈ, ਪਰ ਮੋਹ ਮਾਇਆ ਆਦਿ ਤੇ ਵਿਜਈ ਨਹੀਂ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ੩ ॥	
ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥	ਇਸ ਸਰੀਰ ਨੂੰ ਧਰਤੀ (ਬਣਾ ਲੈ), ਬੀਜ (ਬਣਾ ਲੈ) ਸਾਰਿੰਗ ਪਾਣੀ (ਦੇ ਨਾਮ ਨੂੰ ਤੇ ਸ਼ੁਭ) ਕਰਮਾਂ (ਦਾ ਕਰਨਾ) ਬਣਾ ਲੈ (ਇਸ ਖੇਤੀ ਨੂੰ) ਪਾਣੀ ਦਾ ਸਿੰਜਣਾ, ਮਨ ਨੂੰ (ਬਣਾ ਲੈ) ਕਿਰਸਾਨ (=ਖੇਤੀ ਕਰਨ ਵਾਲਾ) ਐਉਂ, ਹਿਰਦੇ ਵਿਚ ਹਰੀ (ਰੂਪੀ ਖੇਤੀ) ਉਗਾ ਲੈ, ਇਸ ਤਰ੍ਹਾਂ (ਤੂੰ) ਪਾ ਲਏਂਗਾ ਨਿਰਬਾਣਤਾ ਵਾਲੀ ਪਦਵੀ ॥੧॥
ਕਾਹੇ ਗਰਬਸਿ ਮੂੜੇ ਮਾਇਆ॥ ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥	(ਇਸ ਆਤਮ ਸਾਧਨ ਤੋਂ ਮੂੰਹ ਮੋੜੀ ਰੱਖਕੇ) ਹੇ ਮੂੜ, (ਤੂੰ) ਮਾਇਆ ਦਾ ਅਹੰਕਾਰ ਕਿਉਂ ਕਰਦਾ ਹੈਂ (ਅਤੇ ਸਾਕ ਸਨਬੰਧੀਆਂ ਦਾ ਮਾਣ ਕਿਉਂ ਕਰਦਾ ਹੈਂ, ਕਿਉਂਕਿ) ਤੇਰੇ ਪਿਤਾ, ਪੁਤ੍ਰ, ਇਸਤ੍ਰੀ, ਮਾਤਾ, (ਇਨ੍ਹਾਂ) ਸਾਰਿਆਂ ਵਿਚੋਂ ਅੰਤ ਨੂੰ (ਕੋਈ.ਬੀ) ਸਹਾਈ ਨਹੀਂ ਹੋਣਗੇ ॥ ਰਹਾਉ ॥
ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥	(ਫਿਰ ਤੂੰ ਵਿਸ਼ਿਆਂ ਵਿਚ ਲੱਗ ਰਿਹਾ ਹੈਂ। ਭਾਈ !) ਵਿਸ਼ੇ ਦੁਸ਼ਟ ਹਨ (ਇਸ ਆਤਮ) ਖੇਤੀ ਨੂੰ ਨੁਕਸਾਨ ਕਰਦੇ ਹਨ, ਇਨ੍ਹਾਂ ਨੂੰ ਤਿਆਗ ਕੇ (ਨਿਜ) ਆਤਮਾ ਦਾ ਧਿਆਨੀ ਹੋ ਜਾਹ। (ਫੇਰ ਇਸ ਤੇਰੀ ਖੇਤੀ ਦੇ) ਰਾਖੇ ਜਦ ਜਪ ਤਪ ਤੇ ਸੰਜਮ ਹੋ ਜਾਣਗੇ (ਤਦ ਤੇਰਾ ਹਿਰਦਾ) ਕਮਲ ਖਿੜ ਪਏਗਾ (ਤੇ ਉਸ ਵਿਚ) ਸ਼ਹਦ (ਭਾਵ ਅੰਮ੍ਰਿਤ) ਆ ਚੋਏਗਾ॥੨॥

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ॥ ੩॥੨੬॥

(ਪ੍ਰਸ਼ਨ : ਜੇ ਕੋਈ ੨੭ ਨਛੱਤ੍ਰਾਂ ਦੇ ਦਾਨ ਦੇਂਦਾ ਰਹੇ, ਤ੍ਰੈ ਕਾਲ ਸੰਧਿਆ ਕਰੇ, ਵੇਦ ਸ਼ਾਸਤ੍ਰ ਪੁਰਾਣ ਘੋਖੇ, ਕੀ ਉਹ ਸੁਰਗ ਨੂੰ ਨਹੀਂ ਜਾਏਗਾ ? ਉੱਤਰ:) (ਜੇ ਕੋਈ) ਸਤਾਈ ਦਿਨਾਂ (ਅਰਥਾਤ ਮਹੀਨੇ ਦੇ ਹਰ ਦਿਨ ਵਿਚ ਹੀ ਨਾਮ ਦਾ) ਸੰਗ੍ਰਹ ਕਰੇ (ਅਤੇ ਕਾਲ ਦੀਆਂ) ਤ੍ਰੈ ਸੰਧਾਂ ਵਿਚ (ਖਾਸ ਕਰ ਤੇ ਆਮ ਕਰਕੇ) ਸਦਾ (ਹੀ) ਕਾਲ ਨੂੰ ਸੰਭਾਲਦਾ ਰਹੇ (ਭਾਵ ਯਾਦ ਰਖੇ, ਅਤੇ) ਚਾਰ (ਵੇਦ) ਛੇ (ਸ਼ਾਸਤ੍ਰ) ਅਠਾਰਾਂ (ਪੁਰਾਣਾਂ) ਵਿਚੋਂ (ਨਿਰੋਲ) ਪਾਰਬ੍ਰਹਮ ਦੀ ਹੀ ਪਛਾਣ ਪ੍ਰਾਪਤ ਕਰਦਾ ਰਹੇ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਇਉਂ (ਕਰਨੇ ਨਾਲ) ਇਕ (ਪ੍ਰਭੂ ਉਸ ਨੂੰ) ਤਾਰ ਲਵੇਗਾ ॥੩॥੨੬॥

ਵਯਾਖਯਾ-ਕਿਸੇ ਪੰਡਿਤ ਪ੍ਰਤੀ ਉਪਦੇਸ਼ ਹੋਇਆ ਹੈ ਜੋ ਤ੍ਰੈ ਸਮੇਂ ਗਾਯਤ੍ਰੀ ਪੜ੍ਹਦਾ ਹੈ, ਹਰ ਨਛੱਤ੍ਰ ਵਿਚ ਲਿਖੇ ਅਨੁਸਾਰ ਦਾਨ ਕਰਦਾ ਹੈ, ਵੇਦ ਪੁਰਾਣ ਸ਼ਾਸਤ੍ਰ ਦਾ ਗਿਆਤਾ ਹੈ, ਪਰ ਸਦੈਵੀ ਨਾਮ ਸਿਮਰਨ ਵਿਚ ਨਹੀਂ ਆਇਆ : ਮੋਹ ਮਾਇਆ ਵਿਚ ਬੀ ਹੈ ਤੇ ਵਿਕਾਰਾਂ ਤੋਂ ਬੀ ਛੁਟਕਾਰੇ ਵਿਚ ਨਹੀਂ ਆਇਆ। ਇਸ ਕਰਕੇ ਉਸ ਨੂੰ ਤੁਕ ੭ ਤੇ ੮ ਵਿਚ ਦੱਸਦੇ ਹਨ ਕਿ ਜੋ ਕੁਛ ਤੂੰ ਕਰਦਾ ਹੈਂ ਦਾਨ ਸੰਧਿਆ ਆਦਿ ਕਰਦਾ ਤੂੰ ਵੈਰਾਗ ਵਿਚ ਆ ਤੇ ਜੋ ਵੇਦ ਸ਼ਾਸਤ੍ਰ ਪੜ੍ਹੇ ਨੇ ਉਹਨਾਂ ਦੀ ਪੜ੍ਹਾਈ ਦੇ ਮਾਨ ਵਿਚ ਨਾ ਰਹੁ, ਉਹਨਾਂ ਵਿਚੋਂ ਵਾਹਿਗੁਰੂ ਦੀ ਪਛਾਣ ਸਿਖ। ਇਹ ਵੈਰਾਗ ਤੇ ਵਿਵੇਕ ਦਾ ਉਪਦੇਸ਼ ਦੇ ਕੇ ਤੁਕ ੧,੨,੩,੪,੫,੬ ਵਿਚ ਉਹ ਸਿੱਧਾ ਤੇ ਸੌਖਾ ਮਾਰਗ ਦੱਸਿਆ ਕਿ ਜਿਸ ਤੇ ਟੁਰਨੇ ਨਾਲ ਵੈਰਾਗ ਹੋਵੇ ਤੇ ਅਪਰੰਪਰ ਦਾ ਗਯਾਨ ਪ੍ਰਾਪਤ ਹੋਵੇ। ਤੁਕ ੩-੪ ਵਿਚ ਮਾਇਆ ਤੇ ਮੋਹ ਦਾ ਤਿਆਗ ਸਿਖਾਇਆ, ਉਹਨਾਂ ਦੀ ਨਾਸ਼ਮਾਨਤਾ ਦਿਖਾਕੇ, ਤੁਕ ੫-੬ ਵਿਚ ਵਿਕਾਰਾਂ ਤੋ ਹੋੜਿਆ। ੧-੨ ਵਿਚ ਨਾਮ ਜਪ ਉਪਦੇਸ਼ ਤੇ ਤਰੀਕਾ ਦੱਸਿਆ! ਤੁਕ ੨ ਦੇ ਅੰਤਲੇ ਅੱਧ ਵਿਚ ਦੱਸਿਆ ਕਿ ਇਹ ਪ੍ਰਯਤਨ 'ਨਿਰਬਾਣ' ਪਦ ਨੂੰ ਪਹੁੰਚਾਇਗਾ! ਤੁਕ ੬ ਦੇ ਅੰਤਲੇ ਅੱਧ ਵਿਚ ਦੱਸਿਆ ਕਿ ਨਿਰਬਾਣ ਪਦ ਦਾ ਰੂਪ ਕੀ ਹੈ, ਉਹ ਹੈ ਹਿਰਦੇ ਕਮਲ ਦਾ ਖਿੜ ਜਾਣਾ, ਭਾਵ ਦ੍ਰਿਸ਼ਟਮਾਨਤਾ ਤੋਂ ਦ੍ਰਿਸ਼ਟਾ ਪਦ ਵਿਚ ਅਰੂੜ ਹੋ ਜਾਣਾ ਤੇ ਉਸ ਵਿਚ ਆਤਮ ਅਨੰਦ ਦਾ ਪ੍ਰਾਪਤ ਹੋ ਜਾਣਾ।

ਨਿਰਬਾਣ ਦੇ ਆਮ ਅਰਥ ਹਨ ਬੁਝਿਆ ਹੋਇਆ, ਸਮਾਪਤ ਹੋਇਆ ਹੋਇਆ। ਬੋਧੀਆਂ ਦੀ ਮੁਕਤੀ ਦਾ ਨਾਮ ਨਿਰਬਾਣ ਹੈ ਜਿਥੇ ਜਨਮ ਮਰਨ ਜੀਵਨ ਸਮਾਪਤ ਹੋ ਗਿਆ ਮੰਨਦੇ ਹਨ। ਗੁਰੂ ਜੀ ਦੱਸਦੇ ਹਨ ਕਿ ਉਹ ਕੇਵਲ ਦੁਖ ਕਲੇਸ਼ ਨਵਿਰਤੀ ਦੀ ਅਵਸਥਾ ਮਾਤ੍ਰ ਨਹੀਂ, ਉਹ ਖੇੜੇ ਭਰੀ ਆਨੰਦ ਅਵਸਥਾ ਹੈ। ਹੋਰਥੇ ਬਾਣੀ ਤੋਂ ਪਤਾ ਚਲਦਾ ਹੈ ਕਿ ਪਰਮਾਤਮ ਦੇਵ ਨਾਲ ਮਿਲਾਪ ਹੋਕੇ ਆਨੰਦ ਸਰੂਪ ਹੋ ਜਾਣਾ ਇਹ ਨਿਰਬਾਣ ਪਦ ਹੈ।

ਪੰਡਿਤ ਨੂੰ ਖੰਡਨ ਮੰਡਨ ਵਾਙੂ ਨਹੀਂ ਸਮਝਾਉਂਦੇ, ਉਸ ਨੂੰ ਉਸ ਦੀ ਭੁੱਲ ਵਿਚੋਂ ਕੱਢਦੇ ਹਨ ਤੇ ਉਸ ਨੂੰ ਪ੍ਰੇਮ ਤੇ ਗਯਾਨ ਨੂੰ ਚੁਣ ਤੇ ਗ੍ਰਹਣ ਕਰਨ ਵਾਲਾ ਹੰਸ ਮਾਰਗ ਸਿਖਾਲਦੇ ਹਨ। ਤੇ ਪਹਿਲੀਆਂ ਤਿੰਨ ਤੁਕਾਂ ਵਿਚ ਸਪਸ਼ਟ ਭਗਤੀ ਗਯਾਨ ਮਾਰਗ ਦਾ ਯਥਾਰਥ ਰਸਤਾ ਦੱਸਦੇ ਹਨ।

ਨਿਰੁਕ੍ਤ-ਸਲਿਲ- (ਸੰਸ:, ਸਲਿਲੰ) ਪਾਣੀ।

ਆਪਾਉ - (ਪੰ:, ਪਾਉਣਾ) ਪਾਵੇ, ਚੰਗੀ ਤਰ੍ਹਾਂ ਪਾਉ।

ਸਾਰਿੰਗ ਪਾਣੀ – (ਸੰਸ:, ਸਾਰੰਗ ਪਾਣਿ : = ਧਨੁਖ ਜਿਸ ਦੇ ਹੱਥ ਵਿਚ ਹੈ = ਵਿਸ਼ਣੂ। ਅਥਵਾ ਪ੍ਰਿਥਵੀ ਜਿਸ ਦੇ ਹਥ ਵਿਚ ਹੈ। ਪ੍ਰਿਥਵੀ ਦਾ ਮਾਲਕ) ਵਾਹਿਗੁਰੂ। ਪਰ ਏਥੇ ਮੁਰਾਦ ਵਾਹਿਗੁਰੂ ਦੇ ਨਾਮ ਦੀ ਹੈ ਕਿਉਂਕਿ ਅਗਲੀ ਤੁਕ ਵਿਚ 'ਹਰਿ' ਪਦ ਪਿਆ ਹੈ। ਹਰੀ ਨੇ ਖੇਤੀ ਹੋਕੇ ਪੁੰਗਰਨਾ ਹੈ, ਤਾਂ ਤੇ ਬੀਜ 'ਨਾਮ' ਹੋਇਆ। ਇਸ ਲਈ ਸਾਰਿੰਗ ਪਾਣੀ ਤੋਂ ਭਾਵ 'ਵਾਹਿਗੁਰੂ ਨਾਮ ਹੈ। ਅਗਲੇ ਸ਼ਬਦ ਵਿਚ ਹੀ ਦੱਸਿਆ ਹੈ – 'ਬੀਜੁ ਸਬਦੋ ਕਰਿ'। ਹੋਰਥੇ ਬੀ ਫੁਰਮਾਇਆ ਹੈ :-

'ਇਕੁ ਨਾਮੁ ਬੋਵਹੁ ਬੋਵਹੁ ॥' (ਬਸੰਤ ਮਹਲਾ ੫-੧੮)

ਪੁਨਾ:- **ਨਾਮੁ ਬੀਜੁ ਸੰਤੋਖ ਸੁਹਾਗਾ ਰਖੁ ਗਰੀਬੀ ਵੇਸੁ ॥** (ਸੋਰਠਿ ਮਹਲਾ ੧-੨)

ਪੁਨਾ:- **ਹੁਣਿ ਵਤੈ ਹਰਿਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥** (ਆਸਾ ਮਹਲਾ ੪-੧੧)

ਗੁਰੂ ਘਰ ਵਿਚ ਮੁੱਖਤਾ ਨਾਮ ਦੀ ਹੈ। ਕਰਮ ਤਾਂ ਅੰਤਹਕਰਣ ਸ਼ੁੱਧ ਕਰਦੇ ਹਨ, ਇਸ ਲਈ ਏਥੇ ਬੀ ਕਰਮ ਨੂੰ ਪਾਣੀ ਹੀ ਕਿਹਾ ਹੈ। ਅੰਨ੍ਵਯ ਐਉਂ ਕਰੀਦਾ ਹੈ :-

ਇਹੁ ਤਨੁ ਧਰਤੀ, ਬੀਜੁ ਸਾਰਿੰਗ ਪਾਣੀ , ਕਰਮਾ ਕਰੋ ਸਲਿਲ ਆਪਾਉ ॥

ਕਿਰਸਾਣੁ– (ਸੰਸ:, ਕ੍ਰਿਸ਼ਿਕ : = ਹਿੰਦੀ ਕਿਸਾਨ; ਪੁ: ਪੰਜਾਬੀ, ਕਿਰਸਾਨ) ਕ੍ਰਿਖੀ ਕਰਨੇ ਵਾਲਾ ਰਾਹਕ। ਜ਼ਿਮੀਂਦਾਰ।

ਜੰਮਾਇਲੈ – (ਪੰ:) ਪੈਦਾ ਕਰ ਲੈ, ਉਗਾ ਲੈ।

ਪਦ ਨਿਰਬਾਣੀ– (ਸੰਸ:, ਪਦ। ਨਿਰ੍ਵਾਣ+ੀ) ਨਿਰਬਾਣਤਾ ਵਾਲੀ ਪਦਵੀ, ਨਿਰਬਾਣਤਾ ਦੀ ਪਦਵੀ। ਗੁਰਮਤਿ ਵਿਚ ਉਹ ਅਵਸਥਾ ਜਦੋਂ ਅੰਸ਼ੁ ਅੰਸ਼ੀ ਨੂੰ ਪਾਪਤ ਹੋ ਜਾਂਦੀ ਹੈ। ਯਾ ਸ਼ੁੱਧ ਹੋਕੇ ਜੀਵਾਤਮਾ ਪਰਮਾਤਮਾ ਨੂੰ ਪ੍ਰਾਪਤ ਹੋਕੇ ਆਨੰਦ ਸਰੂਪ ਹੋ ਜਾਂਦਾ ਹੈ।

ਗੁਰਬਸਿ– ਗਰਬ ਕਰਦਾ ਹੈ।

ਮੂੜੇ – (ਸੰਸ:, ਮੂਢ : ਅਜਾਣ। ਘਬਰਾਇਆ ਹੋਇਆ। ਮੂਲੋਂ ਹੀ ਸਾਦਾ। ਮੂਰਖ) ਹੇ ਮੂੜ!

ਕਾਲਤ੍ਰੁ–(ਸੰਸ:, ਕਲਤ੍ਰੰ) ਇਸਤ੍ਰੀ। ਅੰਨ੍ਵਯ ਐਉਂ ਹੁੰਦਾ ਹੈ :-

ਪਿਤ ਸੁਤੋ ਕਾਲਤ੍ਰੁ ਮਾਤਾ ਸਗਲ ....॥

ਸਖਾਇਆ– (ਸੰਸ:, ਸਖਾ) ਸਹਾਈ, ਮਿੱਤਰਤਾ ਕਰ ਸਕਣ ਵਾਲੇ। 'ਸਖਾਇਆ' ਪਦ ਏਥੇ ਬਹੁ-ਵਚਨ ਹੈ।

ਬਿਖੈ – (ਸੰਸ:,ਵਿਸ਼ਯ:) ਪੰਜ ਗਜਾਨ ਇੰਦ੍ਰੈ। ਪੰਜ ਗਜਾਨ ਇੰਦ੍ਰਿਆਂ ਦੇ ਭੋਗ। ਸਰੀਰਕ ਭੋਗ।

ਬਿਕਾਰ ਕਰੇ – ਵਿਕਾਰ ਕਰੇ, ਰੋਗ ਲਾਵੇ, ਨੁਕਸਾਨ ਕਰੇ।

ਕਿਰਖਾ – (ਸੰਸ:, ਕ੍ਰਿਖਿ :) ਖੇਤੀ। ਇਸ ਤੁਕ ਦਾ ਅੰਨ੍ਵਯ ਇਸ ਪ੍ਰਕਾਰ ਹੈ :-

ਬਿਖੈ ਦੁਸਟ ਕਿਰਖਾ ਬਿਕਾਰ ਕਰੇ ॥ ਵਿਸ਼ੇ ਦੁਸ਼ਟ (ਹਨ), ਖੇਤੀ ਨੂੰ ਨੁਕਸਾਨ ਕਰਦੇ ਹਨ।

ਆਤਮੈ– ਆਤਮਾ ਦਾ। **ਹੋਇ ਧਿਆਈ**– ਧਿਆਨ ਕਰਨੇ ਵਾਲਾ ਹੋ।

ਸੰਜਮੁ – (ਸੰਸ:, ਸੰਯਮ : = ਰੋਕ) ਵਿਸ਼ੇ ਵਿਕਾਰਾਂ ਵਲੋਂ ਰੋਕ। ਮਾੜੇ ਕਰਮਾ ਤੋਂ ਬ੍ਰਤ ਧਾਰਨ ਕਰਨਾ। **ਬਿਗਸੈ**– (ਸੰਸ:, ਵਿਕਾਸ਼:) ਖਿੜਦਾ ਹੈ।

ਮਧੁ– (ਸੰਸ:, ਮਧੁ: = ਸ਼ਹਦ) ਸ਼ਹਦ, ਰਸ, ਭਾਵ ਹੈ ਅੰਮ੍ਰਿਤ।

ਆਸ੍ਰਮਾਈ–(ਸੰਸ:, ਸ੍ਰਾਵ:। ਹਿੰਦੀ ਸ੍ਰਵਨਾ = ਚੋਣਾ) ਆ ਚੋਂਦਾ ਹੈ। ਟਪਕਦਾ ਹੈ। ਰਿਸਦਾ ਹੈ।

ਬੀਸ ਸਪਤਾਹਰੋ – ਵੀਹ ਤੇ ਸਤਾਂ ਵਿਚ ਅਰਥਾਤ ਸਤਾਈਆਂ ਵਿਚ ਹੀ। 'ਸਤਾਈ ਦਿਨਾਂ' ਤੋਂ ਮੁਰਾਦ ਸਹੀ ਹੁੰਦੀ ਹੈ। ਚੰਦ੍ਰਮਾ ੨੭-੨੮ ਦਿਨਾਂ ਵਿਚ ੨੭ ਨਛੱਤਰਾਂ ਵਿਚਦੀ ਹੁੰਦਾ ਹੋਇਆ

ਅਪਣਾ ਮਹੀਨਾ ਮੁਕਾਉਂਦਾ ਹੈ। ਇਹ ਚੰਦ੍ਰਾਇਣ ਮਹੀਨਾ ਹੁੰਦਾ ਹੈ; ਥਿਤਾਂ ਦੇ ਹਿਸਾਬ ਟੁਰਦਾ ਹੈ। ੨੭ ਦਿਨ ਕਿਉਂ ਕਿਹਾ ? ਇਸ ਲਈ ਕਿ ਹਿੰਦੂ ਗ੍ਰੰਥਾਂ ਵਿਚ ਲਿਖਿਆ ਹੈ ਕਿ ਹਰ ਨਛੱਤਰ ਵਿਚ, ਜਿਸ ਵਿਚ ਚੰਦ੍ਰਮਾ ਹੋਵੇ, ਉਸ ਦਿਨ ਲਈ ਮੁਕਰਰ ਕੀਤੀ ਸ਼ੈ ਦਾ ਦਾਨ, ਜੋ ਪੁਰਖ ਕਰਦਾ ਰਹੇ ਉਸ ਨੂੰ ਸੁਰਗ ਪ੍ਰਾਪਤ ਹੋਵੇਗਾ। ਗੁਰੂ ਸਾਹਿਬ ਉਹ ਨਿਸਚਾ ਪੰਡਿਤ ਦਾ, ਜਿਸ ਨੂੰ ਉਪਦੇਸ਼ ਕਰ ਰਹੇ ਹਨ, ਬਦਲਦੇ ਹਨ ਤੇ ਕਹਿੰਦੇ ਹਨ ਕਿ ੨੭ ਹੀ ਦਿਨਾਂ ਵਿਚ ਨਾਮ ਨੂੰ ਸੰਗ੍ਰਹਿ ਕਰੇ, ਹੋਰ ਨਿਰਬਾਣ ਪਦ ਲਈ ਕਿਸੇ ਦਾਨ ਮਾਤ੍ਰ ਤੇ ਭਰੋਸਾ ਰੱਖਣ ਦੀ ਲੋੜ ਨਹੀਂ, ਕੇਵਲ ਨਾਮ ਸੰਗ੍ਰਹਿ ਕਰੇ, ਤੇ ਨਾਲ ਇਹ ਗੱਲ ਕਰੇ ਕਿ ਵੈਰਾਗ ਧਾਰਨ ਕਰੀ ਰਖੇ। ਦਿਨ ਦੀਆਂ ਜੋ ਤ੍ਰੈ (ਖੋੜਾਂ =) ਸੰਧਾਂ ਹਨ- ਸਵੇਰਾ, ਦੁਪਹਿਰਾ ਤੇ ਸੰਝਾਂ-ਤ੍ਰੈਹਾਂ ਵਿਚ ਕਾਲ (= ਮੌਤ) ਨੂੰ ਸੰਭਾਲਦਾ ਰਹੇ। ਬ੍ਰਾਹਮਣ ਨੇ ਜੋ ਤ੍ਰੈ ਵੇਰ ਇਨ੍ਹਾਂ ਵਕਤਾਂ ਤੇ ਸੰਧਯਾ ਕਰਨੀ ਹੈ ਉਹਨਾਂ ਵਕਤਾਂ ਤੇ ਕਾਲ ਨੂੰ ਯਾਦ ਰਖੇ। ਕਾਲ ਪਦ ਦੇ ਦੋ ਅਰਥ ਹਨ 'ਸਮਾ' ਤੇ 'ਮੌਤ'। ਇਥੇ ਇਕੋ ਵੇਰੀ ਪਦ 'ਕਾਲ' ਕਹਿਕੇ ਸੈਨਤ ਦੂਹਰੀ ਸੱਟੀ ਹੈ ਕਿ ਕਾਲ (= ਸਮੇਂ) ਦੀਆ ਤ੍ਰੈ ਸੰਧਾਂ ਵਿਚ ਸੰਧਯਾ ਦੀ ਥਾਵੇਂ ਕਾਲ (= ਮੌਤ) ਨੂੰ ਯਾਦ ਕਰੇ। ਪਰ ਨਾਲ ਪਦ 'ਨਿਤੁ' ਬੀ ਪਾਇਆ ਹੈ, ਭਾਵ ਇਹ ਸਹੀ ਹੁੰਦਾ ਹੈ ਕਿ ਤਿੰਨ ਵੇਲੇ ਤਾਂ ਖਾਸ ਕਰ, ਜੋ ਸੰਧਯਾ ਦੇ ਵੇਲੇ ਹਨ, ਤੇ ਉਂਵ-ਨਿਤ-ਸਦਾ ਹੀ ਕਾਲ ਨੂੰ ਸਾਰੇ = ਯਾਦ ਰਖੇ, ਭਾਵ ਹੈ ਕਿ ਸਦਾ ਹੀ ਵੈਰਾਗ ਬ੍ਰਿਤੀ ਵਾਲਾ ਰਹੇ। ਸੁਤੇ ਤੇ ਸਹਿਜ ਵੈਰਾਗ ਤੋਂ ਭਾਵ ਹੈ ਕਿ ਇਸ ਵਿਚ ਰਹਿ ਕੇ ਨਾਮ ਨੂੰ ਸੰਗ੍ਰਹਿ ਕਰੇ। ਨਾਮ ਜੋ ਮਾਰਗ ਦੱਸਿਆ ਹੈ ਉਹ ਦਿਨ ਰਾਤ ਲਗਾਤਾਰੀ ਉਪਾਸ਼ਨਾ ਬਣ ਜਾਣੀ ਹੈ, ਇਸ ਲਈ ਤ੍ਰੈ ਕਾਲਾਂ ਵਿਚ ਵੈਰਾਗ ਚਿੰਤਨ ਕਰਨ ਤੇ ਉਸ ਵਿਚ ਕਾਯਮ ਰਹਿਣ ਦੀ ਲੋੜ ਦੱਸੀ ਹੈ। ਦਮ ਦਮ ਦੀ ਵਾਹਿਗੁਰੂ ਅਰਾਧਨਾ ਟੁਰ ਰਹੀ ਹੈ, ਉਹ ਵੈਰਾਗ ਵਿਚ ਜਾਰੀ ਰਹੇ :- '**ਬਿਨੁ ਬੈਰਾਗ ਨ ਛੂਟਸਿ ਮਾਇਆ ॥**' (ਗਉੜੀ ਕਬੀਰ - ੩੪)

ਇਸ ਤੁਕ ਦੇ ਅਰਥ ਜੋ ਪ੍ਰਸੰਗਕ ਹਨ ਉਪਰ ਕੀਤੇ ਹਨ, ਤੇ ਜਿਨਾਂ ਦੀ ਪ੍ਰੌਢਤਾ ਅਗਲੇ ਸ਼ਬਦ ਤੋਂ ਹੁੰਦੀ ਹੈ, ਜਿਸ ਵਿਚ ਮੁਸਲਮਾਨੀ ਅਕੀਦੇ ਦੀਆਂ ਗਿਣਤੀਆਂ ੩੦ ਤੇ ੫ ਦਿੱਤੀਆਂ ਹਨ। ਇਥੇ ਬ੍ਰਾਹਮਣ ਦੇ ਅਕੀਦੇ ਦੀ ਗੇਣਤੀ ਦੀਆਂ ੨੭ ਤੇ ੩,੪,੬ ਤੇ ੧੮ ਕਹੀਆਂ ਹਨ ਕਿ ਜਿਸ ਨੂੰ ਉਪਦੇਸ਼ ਹੋ ਰਿਹਾ ਹੈ। ਪਰੰਤੂ ਦਾਨਿਆਂ ਨੇ ਇਨ੍ਹਾਂ ਦੋ ਤੁਕਾਂ ਦੇ ਇਸੇ ਲੱਛਣਾਂ ਬ੍ਰਿਤੀ ਦੁਆਰਾ ਹੋਰ ਹੋਰ ਭਾਵ ਬੀ ਖਿਆਲ ਕੀਤੇ ਹਨ।

(ਅ) ਪੰਜ ਸਥੂਲ, ਪੰਜ ਸੂਖਮ ਤਤ, ੧੦ ਗਯਾਨ ਤੇ ਕਰਮ ਇੰਦ੍ਰਯ, ੫ ਪ੍ਰਾਣ, ਮਨ, ਬੁਧਿ = ੨੭ ਸਤਾਈਆਂ[1] ਦੇ (ਬਾਸਰੋ =) ਵਸਣ ਦੇ ਥਾਂ ਭਾਵ ਸਰੀਰ ਨੂੰ ਸੰਗ੍ਰਹੈ। ਸੰਗ੍ਰਹੈ ਦਾ ਅਰਥ ਲਾਉਂਦੇ ਹਨ-ਕੱਠਾ ਕਰੇ, ਤੇ ਕੱਠਾ ਕਰੇ ਦਾ ਭਾਵ ਲੈਂਦੇ ਹਨ ਕਾਬੂ ਕਰੇ।

(ੲ) ਅੰਕ (ਅ) ਵਾਲਾ ੨੭ ਤੱਤਾਂ ਦਾ ਅਰਥ ਲਾ ਕੇ ਅੰਤਲੇ ਪਦਾਂ ਹਰੋ, ਬਾਸਰੋ, ਸੰਗ੍ਰਹਿ ਦਾ ਅਰਥ ਐਉਂ ਕਰਦੇ ਹਨ :- ਆਪਣੇ ੨੭ ਤੱਤਾਂ ਦੇ ਸਰੀਰ ਨੂੰ ਆਪਣੇ ਸਰੂਪ ਤੋਂ 'ਹਰੋ' ਭਾਵ ਦੂਰ ਸਮਝੋ, ਤੇ 'ਬਾਸਰ ਸੰਗ੍ਰਹਿ' ਹਰ ਦਿਨ (ਆਤਮਾ ਦਾ) ਸੰਗ੍ਰਹਿ ਕਰੋ।

(ਸ) ੨੭ ਸਿੰਮ੍ਰਤੀਆਂ ਵਿਚੋਂ ਹਰੀ (ਨਾਮ) ਨੂੰ ਸੰਗ੍ਰਹਿ ਕਰੋ।

ਤੀਨ ਖੋੜਾ - (ਤਿੰਨ ਖੋੜਾਂ। ਤ੍ਰੈ ਖੁੱਡਾਂ, ਤ੍ਰੈ ਸੰਧੀ - ਮਿਲਨੇ ਦੀਆਂ ਥਾਵਾਂ। ਪਾੜ ਸਮਾਨ ਥਾਵਾਂ) ਤ੍ਰੈ ਸੰਧਾਂ। ਭਾਵ ਹੈ ਸਵੇਰ ਦੁਪਹਿਰ ਸੰਝਾਂ ਤੋਂ; ਜਿਨ੍ਹਾਂ ਸਮਿਆਂ ਤੇ ਸੰਧਿਆ ਕੀਤੀ ਜਾਂਦੀ ਹੈ। ਦਿਨ ਰਾਤ ਦੇ ਰੁਝੇਵੇਂ ਵਿਚੋਂ ਇਹ ਤ੍ਰੈ ਸਮੇਂ ਸੰਧਿਆ ਲਈ ਮਾਨੋ ਸੰਧਾਂ ਹਨ, ਜਦੋਂ ਸੰਸਾਰਾਕਾਰ ਪ੍ਰਵਾਹ ਰੋਕ ਕੇ - ਸੰਧਯਾ ਦਾ ਪਾਠ ਆਦਿ ਕੀਤਾ ਜਾਂਦਾ ਹੈ। ਅਗਲੇ ਸ਼ਬਦ ਵਿਚ ਪੰਜ ਪਦ ਕਹਿ ਕੇ ਮੁੱਲਾਂ ਦੇ ਮਤ ਦੀਆਂ ਪੰਜ ਨਿਮਾਜ਼ਾਂ ਦਾ ਵਕਤ ਲਿਆ ਹੈ। ਇਸ ਸ਼ਬਦ ਵਿਚ ਪੰਡਿਤ ਨੂੰ ਉਪਦੇਸ਼ ਹੋਣ

---

[1] ੨੭ ਤੱਤਾਂ ਦੀ ਗੇਣਤੀ ਐਉਂ ਬੀ ਕਰਦੇ ਹਨ :- ੧੦ ਇੰਦ੍ਰਯ, ਪੰਜ ਪ੍ਰਾਣ, ੫ ਸੂਖਮ ਭੂਤ, ੧ ਮਨ, ੧ ਹੰਕਾਰ, ੧ ਮਹਿਤਤ੍ਵ, ੩ ਗੁਣ, ੧ ਪ੍ਰਕ੍ਰਿਤੀ = ਕੁੱਲ ੨੭। ਇਨ੍ਹਾਂ ਸਤਾਈਆਂ ਦਾ ਅਭਿਮਾਨ 'ਹਰੋ' = ਦੂਰ ਕਰੋ।

ਕਰਕੇ ਉਸ ਦੇ ਸੰਧਜਾ ਕਰਨੇ ਦੇ ਤ੍ਰੈ ਸਮੇਂ ਲੀਤੇ ਗਏ ਹਨ। ਪ੍ਰਸੰਗਕ ਅਰਥ ਦਾ ਠੀਕ ਪ੍ਰਵਾਹ ਤਾਂ ਐਉਂ ਚਲਦਾ ਸਹੀ ਹੁੰਦਾ ਹੈ; ਪਰ ਦਾਨਿਆਂ ਨੇ ਹੋਰ ਹੋਰ ਅਰਥ ਬੀ ਲਾਏ ਹਨ :-

(ਅ) ਤੀਨ ਖੋੜਾ = ਤਿੰਨ ਅਵਸਥਾ - ਜਾਗ੍ਰਤ, ਸੁਪਨ, ਸਖੋਪਤ ਵਿਚ ਕਾਲ ਨੂੰ 'ਯਾਦ ਰਖੋ'।

(ੲ) ਤੀਨ ਖੋੜਾ = ਤਿੰਨ ਉਮਰਾ-ਬਾਲ, ਜੁਆਨੀ, ਬ੍ਰਿਧਾਪਨ ਵਿਚ ਕਾਲ ਨੂੰ ਯਾਦ ਰਖੋ। ਅਥਵਾ ਇਨ੍ਹਾਂ ਤਿੰਨਾਂ ਦੇ ਅਭਿਮਾਨੀ ਹੋਵੋਗੇ ਤਾਂ ਕਾਲ ਸਾੜੇਗਾ।

(ਸ) ਤੀਨ ਖੋੜਾ = ਤਿੰਨ ਗੁਣ - ਫੇਰ ਅਰਥ ਐਉਂ ਢੁਆਇਆ ਜਾਂਦਾ ਹੈ :- ਤਿੰਨਾਂ ਗੁਣਾਂ ਦੀ ਖੋੜ ਇਹ ਜੋ ਸੰਸਾਰ ਹੈ ਇਸ ਨੂੰ ਕਾਲ ਸਾੜ ਰਿਹਾ ਹੈ। ਅਥਵਾ-

(ਹ) ਤੀਨ ਖੋੜਾ = ਰਜ, ਤਮ ਸਤ ਦੀ ਖੋੜ ਵਿਚ ਰਹੋਗੇ ਤਾਂ ਕਾਲ ਸਾੜੇਗਾ।

(ਕ) ਤੀਨ ਖੋੜਾ = ਤਿੰਨ ਸਰੀਰ- ਕਾਰਣ , ਸੂਖਮ, ਸਥੂਲ। ਏਹ ਤ੍ਰੈ ਖੱਡਾਂ ਭਾਵ ਏਹ ਤ੍ਰੈ ਸਰੀਰ ਆਤਮਾ ਦੇ (ਵੱਸਣੇ ਦੇ) ਹਨ, ਇਨ੍ਹਾਂ ਵਿਚ ਰਹੋਗੇ ਤਾਂ ਕਾਲ ਸਦਾ ਸਾੜਦਾ ਰਹੇਗਾ।

(ਖ) ਤੀਨ ਖੋੜਾ = ਜੋ (ਹਰੋ=)ਹਰੀ ਨਾਮ ਨੂੰ (ਸਪਤ ਬਾਸਰੋ=) ਸੱਤੇ ਦਿਨ੍ (ਬੀਸ=) ਵੀਹ ਵਿਸਵੇ (ਸੰ=) ਭਲੀ ਪ੍ਰਕਾਰ (ਗ੍ਰਹਿ=) ਗ੍ਰਹਣ ਕਰਦਾ ਹੈ (ਓਹ ਜਾਣਦਾ ਹੈ ਕਿ) ਤਿੰਨਾਂ ਗੁਣਾਂ ਦੀ ਖੋੜ (= ਸਰੀਰ) ਨੂੰ ਸਦਾ ਕਾਲ ਸਾੜਦਾ ਹੈ।

ਦਸ- ੪+੬=੧੦। ਚਾਰ ਵੇਦ, ਛੇ ਸ਼ਾਸਤ੍ਰ। (ਅ) ਦਸੋ ਦਿਸ਼ਾ ਵਿਚ।

ਅਠਾਰ- ੧੮। ਅਠਾਰਹ , ਅਠਾਰਾਂ ਪੁਰਾਣ। (ਅ) ਅਠਾਰਹ ਭਾਰ ਬਨਸਪਤ ਵਾਲੀ ਪ੍ਰਿਥਵੀ ਉਤੇ ਵਾਹਿਗੁਰੂ ਨੂੰ ਸਿਆਣੇ।

ਅਪਰੰਪਰੋ - ਪਰੇ ਤੋਂ ਪਰੇ (ਪਰਮੇਸ਼ੁਰ)। ਪਾਰਬ੍ਰਹਮ। ਜੋ ਮਨ ਬੁਧੀ ਦੀ ਪਹੁੰਚ ਤੋਂ ਪਰੇ ਹੈ।

ਚੀਨੈ-ਪਛਾਣੇ । **ਇਵ**-ਇਉਂ। (ਅ) ਨਿਸਚੇ।

ਏਕੁ-ਇਕ ।ਇਕ ਵਾਹਿਗੁਰੂ ਜਿਸ ਦਾ ਦੂਸਰਾ ਨਹੀਂ ਹੈ।

ਇਸ ਸ਼ਬਦ ਵਿਚ ਆਈਆਂ ਗੇਣਤੀਆਂ ਦੇ ਹੋਰ ਵੇਰਵੇ:-

ਦਸ ਅਠਾਰ-੪+੬=੧੦,+੧੮।

੪ ਵੇਦ-ਰਿਗ, ਸ਼ਾਮ, ਯੁਜਰ, ਅਥਰਵਨ।

੬ ਸ਼ਾਸਤ੍ਰ-ਸਾਂਖ, ਯੋਗ, ਨਜਾਯ, ਵੈਸ਼ੇਸ਼ਿਕ, ਮੀਮਾਂਸਾ, ਵੇਦਾਂਤ।(ਪੰਨਾ ੧੯੭ ਵੀ ਦੇਖੋ)

੧੮ ਪੁਰਾਣ-ਵਿਸ਼ਨ, ਸ਼ਿਵ, ਵਾਮਨ, ਮਤਸਜ, ਬੈਰਾਹ, ਕੂਰਮ, ਬ੍ਰਹਮ, ਭਾਗਵਤ, ਅਗਨੀ, ਗਰੁੜ, ਨਾਰਦ, ਲਿੰਗ, ਪਦਮ, ਬ੍ਰਹਮ ਵੈਵਰਤ, ਮਾਰਕੰਡੇਯ, ਬ੍ਰਹਮਾਂਡ, ਸਕੰਦ, ਭਵਿਖਜਤ।

ਬੀਸ ਸਪਤਾਹਰੋ-੨੦+੭=੨੭।

੨੭ ਨਛੱਤਰ-ਏਹ ਹਨ:- ਅਸ਼੍ਵਿਨੀ, ਭਰਣੀ, ਕ੍ਰਿਤਿਕਾ, ਰੋਹਿਣੀ, ਮ੍ਰਿਗਸ਼ਿਰਾ, ਆਰ੍ਦ੍ਰਾ, ਪੁਨਰਵਸੁ, ਪੁਖ਼ਜ, ਅਸ਼ਲੇਖਾ, ਮਘਾ, ਪੂਰਵਾ-ਫਾਲਗੁਨੀ, ਉੱਤਰਾ-ਫਾਲਗੁਨੀ, ਹਸ੍ਤ, ਚਿਤ੍ਰਾ, ਸ੍ਵਾਂਤੀ, ਵਿਸ਼ਾਖਾ, ਅਨੁਰਾਧਾ, ਜਜੇਸ਼੍ਠਾ, ਮੂਲ, ਪੂਰਵਾਖਾੜਾ[1], ਉੱਤਰਾਖਾੜਾ, ਸ਼੍ਰਵਣ, ਧਨਿਸ਼੍ਠਾ, ਸ਼ਤਭਿਖਾ, ਪੂਰਵ ਭਾਦ੍ਰਪਦਾ, ਉਤਰਾ-ਭਾਦ੍ਰਪਦਾ, ਰੇਵਤੀ।

ਜਿਸ ਜਿਸ ਨਛੱਤਰ ਵਿਚ ਚੰਦ੍ਰਮਾ ਹੋਵੇ ਉਸ ਮੁਜਬ ਅੱਡ ਅੱਡ ਤਰ੍ਹਾਂ ਦਾ ਦਾਨ ਕਰਨਾ ਲਿਖਿਆ ਹੈ, ਜਿਸ ਦਾ ਵੇਰਵਾ ਹੇਮਾਂਦ੍ਰੀ ਦਾਨ ਖੰਡ ਵਿਚ ਕੁਝ ਐਉਂ ਦਾ ਦਿੱਤਾ ਹੈ-

੧. ਕ੍ਰਿੱਤਕਾ ਨਛੱਤਰ ਵਿਚ-ਪਾਯਸੁ=ਖੀਰ।

[1]ਪਹਿਲੇ ਸਮੇਂ ਇਕ ਹੋਰ ਨਛੱਤਰ ਮੰਨਿਆ ਜਾਂਦਾ ਸੀ, ਉਸਦਾ ਨਾਮ ਹੈ ਅਭਿਜਿਤ। ਇਹ ਪੂਰਵਾਖਾੜਾ ਦੇ ਅੰਤਰਗਤਿ ਹੈ। ਇਸ ਕਰਕੇ ਇਸ ਨੂੰ ਹੁਣ ਵੱਖਰਾ ਨਹੀਂ ਗਿਣਦੇ। ਨਛੱਤਰ ਗੇਣਤੀ ੨੭ ਹੀ ਚਲਦੀ ਹੈ।

੨. ਰੋਹਿਣੀ ਨਛੱਤਰ ਵਿਚ-ਰਤਨ, ਮਾਖੋਂ, ਘਿਉ ਦੇ ਦੁੱਧ।
੩. ਮ੍ਰਿਗਸ਼ਿਰਾ ਨਛੱਤਰ ਵਿਚ-ਸਵਤਸ਼ ਧੇਨੂ ਅਰਥਾਤ ਵੱਛੇ ਸਮੇਤ ਗਾਂ।
੪. ਆਰ੍ਦ੍ਰਾ ਨਛੱਤਰ ਵਿਚ-ਖਿਚੜੀ।
੫. ਪੁਨਰਵਸੁ ਨਛੱਤਰ ਵਿਚ-ਅਪੂਧ=ਆਟੇ ਦੀ ਲਿਟੀ।
੬. ਪੁਸ਼ਯ ਨਛੱਤਰ ਵਿਚ-ਸੁਵਰਣ=ਸੋਨਾ।
੭. ਅਸ਼੍ਲੇਖਾ ਨਛੱਤਰ ਵਿਚ-ਰੋਪਯ।
੮. ਹਸ੍ਤ ਨਛੱਤਰ ਵਿਚ-ਹਸਤੀ ਔਰ ਰਥ।
੯. ਚਿੱਤ੍ਰਾ ਨਛੱਤਰ ਵਿਚ-ਉਤਮਾ ਧੇਨੁ।
੧੦. ਵਿਸ਼ਾਖਾ ਨਛੱਤਰ ਵਿਚ-ਧੇਨੁ।
੧੧. ਅਨੁਰਾਧਾ ਨਛੱਤਰ ਵਿਚ-ਉਤਰੀਯ ਸਹਿਤ ਵਸਤ੍ਰ।
੧੨. ਮੂਲ ਨਛੱਤਰ ਵਿਚ-ਮੂਲਕ।
੧੩. ਪੂਰ੍ਵਾਸ਼ਾੜਾ ਨਛੱਤਰ ਵਿਚ-ਬਰਤਨ ਸਮੇਤ ਦਹੀ ਤੇ ਸਾਨਾ ਹੋਇਆ ਸਤੂ।
੧੪. ਅਭਿਜਤ ਨਛੱਤਰ ਵਿਚ-ਘਿਉ ਤੇ ਮਧੂ।
੧੫. ਧਨਿਸ਼੍ਠਾ ਨਛੱਤਰ ਵਿਚ- ਵਸਤ੍ਰ ਤੇ ਧੇਨੂ।
੧੬. ਸ਼੍ਰਵਣਾ ਨਛੱਤਰ ਵਿਚ- ਕੰਬਲ।
੧੭. ਸ਼ਤਭਿਖਾ ਨਛੱਤਰ ਵਿਚ- ਗੰਧ ਦ੍ਰਵੱਗ।
੧੮. ਪੂਰਵ-ਭਾਦ੍ਰਪਦ ਨਛੱਤਰ ਵਿਚ-ਰਾਜ ਮਾਂਹ
੧੯. ਉਤ੍ਰਾ-ਭਾਦ੍ਰਪਦ ਨਛੱਤਰ ਵਿਚ- ਮਾਸ।
੨੦. ਰੇਵਤੀ ਨਛੱਤਰ ਵਿਚ-ਕਾਸਾਂ ਤੇ ਬਛੜੇ ਸਮੇਤ ਗਊ ਆਦਿਕ, ਆਦਿਕ।

(ਸਿਰੀ ਰਾਗੁ ਮਹਲਾ ੧, ਚਉਪਦਾ - ੨੭)

ਪ੍ਰਾਕ੍ਰਥਨ-ਇਸ ਸ਼ਬਦ ਵਿਚ ਇਕ ਮੁੱਲਾਂ ਪ੍ਰਤੀ ਉਪਦੇਸ਼ ਦਿਤਾ ਸਹੀ ਹੁੰਦਾ ਹੈ, ਜੀਕੂ ਪਿਛਲੇ ਵਿਚ ਇਕ ਪੰਡਿਤ ਪ੍ਰਤੀ ਦਿੱਤਾ ਸੀ। ਇਹ ਵੀ ਜ਼ਿਮੀਂ ਦਾ ਮਾਲਕ, ਸ਼ਰਹ ਫ਼ਿਕ੍ਹ ਦਾ ਜਾਣੂ ਤੇ ਵਕਤਾ ਹੈ; ਨਿਮਾਜ਼ ਰੋਜ਼ੇ ਰਖਦਾ ਹੈ, ਪਰ ਮੋਹ ਮਾਇਆ ਵਿਚ ਹੈ, ਵਿਕਾਰਾਂ ਤੇ ਫਤੇ ਨਹੀਂ ਤੇ ਇਕ ਦੀ ਅਰਾਧਨਾ ਦਾ ਜਾਣੂ ਬੀ ਨਹੀਂ ਹੈ।

ਮੂਲ	ਅਰਥ
ਸਿਰੀਰਾਗੁ ਮਹਲਾ ੧ ਘਰੁ ੩ ॥ **ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥**	(ਆਪਣੇ ਸਰੀਰ ਨੂੰ ਨੇਕ) ਕੰਮ ਕਰਨੇ ਦੀ ਭੌਂ ਬਣਾ (ਉਸ ਵਿਚ ਗੁਰੂ ਦੇ ਦਿੱਤੇ ਸ਼ਬਦ=) ਨਾਮ ਨੂੰ ਬੀਜ ਬਣਾ (ਕੇ ਬੋ ਦੇਹ ਤੇ) ਓਸ ਦੇ ਮੌਲਣ ਲਈ 'ਸੱਚ' ਦੀ ਨਦੀ ਦਾ ਨਿਤ ਪਾਣੀ ਦੇਹ।(ਇਸ ਤਰ੍ਹਾਂ ਦਾ ਰੂਹਾਨੀ) ਕਿਰਸਾਣੁ ਬਣਕੇ ਈਮਾਨ (ਰੂਪੀ ਖੇਤੀ) ਪੈਦਾ ਕਰ ਲੈ; ਹੇ ਮੂੜੇ ! ਬਹਿਸ਼ਤ (ਜਾਣ ਦਾ ਰਾਹ) ਇਉਂ ਸਮਝੀਂ (ਤੇ) ਦੋਜ਼ਖ਼ (ਜਾਣ ਦਾ ਰਾਹ) ਇਉਂ ਸਮਝੀਂ, (ਹੁਣ ਦੋਜ਼ਖ਼ ਜਾਣ ਦਾ ਰਾਹ ਦੱਸਦੇ ਹਨ) ॥ ੧ ॥

ਮਤੁ ਜਾਣ ਸਹਿ ਗਲੀ ਪਾਇਆ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥ ੧॥ ਰਹਾਉ ॥

ਸਮਝ ਲੈ ਕਿ ਸ਼ਹੁ ਗ. ਲਾਂ ਨਾਲ ਨਹੀਂ ਪਾਇਆ ਜਾਂਦਾ ਹੈ। (ਤੁਸਾਂ ਵਰਗਿਆਂ ਨੇ ਤਾਂ) ਮਾਲ ਦੇ ਮਾਣ ਵਿਚ ਤੇ ਰੂਪ ਦੀ ਸ਼ੋਭਾ (ਦੇ ਮਾਣ) ਵਿਚ ਇਸੀ ਤਰ੍ਹਾਂ (ਭਾਵ ਜ਼ੁਬਾਨੀ ਜਮ੍ਹਾਂ ਖਰਚ ਵਿਚ ਤੇ ਝੂਠੇ ਮਾਣਾਂ ਵਿਚ) ਜਨਮ ਗੁਆ ਲਿਆ ਹੈ ॥ ੧ ॥ ਰਹਾਉ ॥

(ਹਾਂ ਤੁਸਾਂ ਵਰਗਿਆਂ ਦੀ ਇਹ ਦਸ਼ਾ ਹੈ ਕਿ ਮਾਨੋ ਇਕ ਛੰਭ ਹੈ, ਉਸ ਵਿਚ ਪਾਣੀ ਹੈ, ਚਿਕੜ ਹੈ, ਕਵਲ ਹੈ। ਉਸ ਵਿਚ ਡੱਡੂ ਰਹਿੰਦਾ ਹੈ ਜਿਸ ਦਾ ਵਾਸ ਚਿੱਕੜ ਵਿਚ ਹੈ, ਪਰ ਡੱਡੂ ਨੂੰ ਛੱਪੜ ਵਿਚ ਉਗ ਰਹੇ ਕਮਲ ਦੀ ਸੋਝੀ ਨਹੀਂ, ਭਉਰੇ ਗੁੰਜਾਰ ਕਰ ਰਹੇ ਹਨ ਕਿ ਛਪੜ ਵਿਚ ਕਮਲ ਮਕਰੰਦ ਰਸ ਨਾਲ ਭਰੇ ਖੜੇ ਹਨ, ਪਰ ਡੱਡੂ ਨੂੰ ਫੇਰ ਬੀ ਸਮਝ ਨਹੀਂ ਪੈਂਦੀ ਤਿਵੇਂ ਤੁਸਾਂ ਦੇ) ਸਰੀਰ ਦੇ ਐਬ

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥

(= ਅਉਗੁਣ) ਚਿੱਕੜ ਵਾਂਙੂ ਹਨ (ਜਿਸ ਵਿਚ) ਇਹ (ਤੁਹਾਡਾ) ਮਨ ਡੱਡੂ ਸਮਾਨ ਹੈ (ਜਿਸ ਨੂੰ ਚਿੱਕੜ ਦੀ ਖ਼ਬਰ ਤਾਂ ਹੈ, ਪਰ) ਕਮਲ ਦੀ ਸੋਝੀ ਮੂਲੋਂ ਹੀ ਨਹੀਂ ਪੈਂਦੀ; (ਚਾਹੋ) ਭਉਰ ਰੂਪੀ ਉਸਤਾਦ (= ਮੁਰਸ਼ਿਦ ਯਾ ਗੁਰਮੁਖ) ਨਿਤ ਅਵਾਜਾਂ ਦੇ ਰਿਹਾ ਹੈ (ਪਰ ਡੱਡੂ ਰੂਪੀ ਮਨ ਨਹੀਂ ਬੁੱਝਦਾ), ਕਿਵੇਂ ਬੁਝੇ ? ਜਦ ਤਕ ਕਿ (ਕਰਤਾ ਪੁਰਖ ਆਪ ਉਸ ਨੂੰ) ਸਮਝ ਨਾ ਦੇਵੇ ॥ ੨ ॥

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥ ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥

(ਪ੍ਰਸ਼ਨ : ਮਨ ਕਿਉਂ ਭਉਰ ਵਾਂਙੂ ਬੋਲ ਰਹੇ ਉਸਤਾਦ ਦੀ ਸੱਦ ਨਹੀਂ ਸੁਣਦਾ ? ਉੱਤਰ:) (ਜਦ) ਇਹ ਮਨ ਮਾਇਆ ਵਿਚ ਰਚ ਰਿਹਾ ਹੋਵੇ ਤਾਂ (ਉਸਤਾਦ ਦਾ) ਆਖਣ (ਤੇ ਇਸਦਾ) ਸੁਣਨ ਹਵਾ ਦੀ (ਸਰਸਰ ਕਰ ਰਹੀ) ਅਵਾਜ਼ (ਤੁੱਲ, ਅਰਥ ਰਹਿਤ ਉਸ ਦੇ ਕੰਨਾਂ ਵਿਚ ਦੀ ਲੰਘ ਜਾਂਦਾ ਹੈ)। (ਪ੍ਰੰਤੂ) ਜਿਨ੍ਹਾਂ ਨੇ (ਮਾਇਆ ਦੀ ਥਾਵੇਂ ਖ਼ੁਦਾ ਨੂੰ ਹੀ) ਇਕੋ (ਪ੍ਰੀਤਮ) ਕਰਕੇ ਅਰਾਧਿਆ ਹੈ (ਉਹੀ ਉਸ) ਮਾਲਕ ਦੀ ਨਜ਼ਰ (ਕ੍ਰਿਪਾ ਦ੍ਰਿਸ਼ਟੀ) ਵਿਚ ਹੈਨ (ਓਹੀ ਉਸਦੇ) ਦਿਲ ਨੂੰ ਪਸੰਦ ਹਨ (ਭਾਵ ਉਸ ਨੂੰ ਭਾਉਂਦੇ ਹਨ) ॥ ੩ ॥

ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥ ੪॥੨੭॥

(ਚਾਹੋ ਤੂੰ)ਤੀਹ (ਰੋਜ਼ੇ ਆਪਣੇ ਸਹਾਈ) ਕਰ ਰੱਖੇ ਹਨ (ਭਾਵ ਅੱਗੇ ਦੇ ਮਦਦਗਾਰ ਸਮਝੇ ਹਨ ਤੇ) ਪੰਜ (ਨਿਮਾਜ਼ਾਂ) ਸਾਥੀ ਬਣਾ ਰਖੀਆਂ ਹਨ (ਕਿ ਅੱਗੇ ਨਾਲ ਜਾਣਗੀਆਂ, ਪਰ ਖ਼ਬਰਦਾਰ ਹੋ ਕਿ) ਜਿਸ ਦਾ ਨਾਉਂ ਸ਼ੈਤਾਨ (ਤੁਸਾਂ ਰੱਖਿਆ ਹੋਇਆ ਹੈ, ਉਹ) ਮਤਾਂ (ਨਿਮਾਜ਼ ਰੋਜ਼ੇ ਨੂੰ) ਕੱਟ ਜਾਵੇ, (ਭਾਵ ਇਨ੍ਹਾਂ ਦੇ ਫਲ ਤੋਂ ਤੈਨੂੰ ਵੰਚਿਤ ਨਾ ਕਰ ਜਾਵੇ, ਕਿਉਂਕਿ ਤੂੰ ਮਾਇਆ ਦੇ ਪ੍ਰੇਮ ਵਿਚ ਹੈਂ ਤੇ ਸਾਈਂ ਦੇ ਪ੍ਰੇਮ ਵਿਚ ਨਹੀਂ, ਇਸ ਲਈ ਉਹ ਤੇਰਾ ਸਹਾਈ ਨਹੀਂ ਹੈ, ਨਹੀਂ ਤਾ ਦੱਸ) ਪੁਛਦੇ ਹਨ (ਗੁਰੂ) ਨਾਨਕ (ਦੇਵ ਕਿ) ਤੂੰ ਮਾਲ ਧਨ ਕਿਸ ਵਾਸਤੇ ਕੱਠਾ ਕੀਤਾ ਹੈ (ਕਿਉਂਕਿ ਤੂੰ ਤਾਂ) ਰਸਤੇ ਉਤੇ ਟੁਰਨਾ

ਹੈ ? (ਭਾਵ ਤੂੰ ਮੁਸਾਫਿਰ ਹੈਂ, ਮਾਲ ਧਨ ਇਸ ਪਰਦੇਸ ਵਿਚ ਹੀ ਛੱਡ ਜਾਣੇ ਹਨ, ਤੈਥੋਂ ਨਾਲ ਨਹੀਂ ਲਿਜਾਏ ਜਾ ਸਕਣੇ ਫੇਰ ਕੱਠੇ ਕਿਉਂ ਕੀਤੇ ਨੀ ? ਸੋ ਦਿਲ ਤਾਂ ਤੇਰਾ ਮਾਇਆ ਦੇ ਕੱਠੇ ਕਰਨ ਵਿਚ ਹੈ, ਇਸ ਨੇ ਨਾਲ ਨਹੀਂ ਜਾਣਾ ਤੇ ਸ਼ੈਤਾਨੀਆਂ ਵਿਚ ਹੈ ਜਿਸ ਦੇ ਸੰਸਕਾਰ ਨਾਲ ਜਾਣੇ ਹਨ, ਨਿਰੇ ਨਿਮਾਜ਼ ਰੋਜ਼ੇ ਸ਼ਰਹ ਦੇ ਹੁਕਮ ਉਪਰੇ ਦਿਲੋਂ ਪੂਰੇ ਕਰਨ ਨਾਲ ਕੀਹ ਬਣੇਗਾ ? ਉਹ ਸ਼ੈਤਾਨੀਆਂ ਜਾਰੀ ਰੱਖ ਕੇ ਉਪਰੇ ਦਿਲੋਂ ਕੀਤੇ ਕਰਮ ਖਯਾਲ ਕੀਤੇ ਫਲ ਨੂੰ ਕਟ ਜਾਣਗੇ) ॥ ੪ ॥ ੨੨ ॥

ਵਯਾਖਯਾ—ਪਿਛਲੇ ਸ਼ਬਦ ਵਿਚ ਪੰਡਿਤ ਪ੍ਰਤੀ ਉਪਦੇਸ਼ ਸੀ, ਇਸ ਵਿਚ ਇਕ ਮੁੱਲਾਂ ਪ੍ਰਤਿ ਉਪਦੇਸ਼ ਜਾਪਦਾ ਹੈ। ਦੁਇ ਆਪਣੇ ਅਪਣੇ ਮਤਿ ਦੇ ਜਾਣੂ ਹਨ, ਸ਼ਾਸਤ੍ਰ ਸ਼ਰਹ ਦੇ ਦੱਸੇ ਕਰਮ ਕਰਦੇ ਹਨ, ਪਰ ਦਿਲ ਮਾਇਆ ਵਿਚ ਰੱਤਾ ਹੈ, ਜ਼ਿਮੀਆਂ ਦੇ ਮਾਲਕ ਹਨ, ਉਸ ਤੋਂ ਧਨ ਉਪਜਾਉਂਦੇ ਹਨ। ਵਿਸ਼ਿਆਂ ਵਿਚ ਬੀ ਲੱਗੇ ਹੋਏ ਹਨ। ਆਚਰਨ ਦੀ ਸ਼ੁੱਧਤਾ ਬੀ ਨਹੀਂ ਹੈ। ਦੋਨਾਂ ਨੂੰ ਉਪਦੇਸ਼ ਉਹਨਾਂ ਦੀ ਆਪੋ ਆਪਣੀ ਸ਼ਰਹ ਦੇ ਤੇ ਉਨ੍ਹਾਂ ਦੇ ਆਦਰਸ਼ਾਂ ਦੇ ਲਫ਼ਜ਼ ਲੈਕੇ ਕੀਤੇ ਹਨ। ਦ੍ਰਿਸ਼ਟਾਂਤ ਜੋ ਬੱਧੇ ਹਨ ਜ਼ਰਾ ਜ਼ਰਾ ਫਰਕ ਰਖਦੇ ਹਨ। ਪਰ ਸਮੁੱਚੇ ਭਾਵ ਵਿਚ ਫਰਕ ਨਹੀਂ ਪੈਂਦਾ। ਅਰਥਾਤ ਜੋ ਕਰਨੇ ਯੋਗ ਯਥਾਰਥ ਕਰਮ ਦੋਹਾਂ ਨੂੰ ਕਹੇ ਹਨ, ਉਹਨਾਂ ਦੀ ਦ੍ਰਿਸ਼ਟਾਂਤਕ ਗਣਨਾ ਵਿਚ ਫ਼ਰਕ ਹੈ, ਪਰ ਭਾਵ ਲਗਪਗ ਇਕੋ ਟਿਕਾਣੇ ਲੈ ਜਾਂਦਾ ਹੈ। ਯਥਾ :-

	ਪਹਿਲਾ ਸ਼ਬਦ ਅੰਕ ੨੬	ਦੂਜਾ ਸ਼ਬਦ ਅੰਕ ੨੨
ਧਰਤੀ	ਤਨ	ਅਮਲ, ਅਮਲ ਤਨ ਨਾਲ ਕਰੀਦਾ ਹੈ।
ਬੀਜ	ਸਾਰਿੰਗ ਪਾਣੀ ਦਾ ਨਾਮ	ਸ਼ਬਦ। ਭਾਵ ਗੁਰੂ ਦਾ ਸ਼ਬਦ, ਗੁਰੂ ਨਾਮ ਦੇਂਦਾ ਹੈ।
ਪਾਣੀ	ਸ਼ੁਭ ਕਰਮਾਂ ਦਾ ਕਰਨਾ	ਸੱਚ।
ਕਿਰਸਾਣੁ	ਮਨ	ਤੂੰ ਕਿਰਸਾਣ ਹੋ। ਭਾਵ ਇਹ ਹੈ ਕਿ ਮਨ ਹੀ ਕਰੇਗਾ ਨਾ ਆਤਮ ਖੇਤੀ।
ਖੇਤ, ਜੋ ਜੰਮੇਗਾ	ਹਰੀ। ਹਰੀ ਤੇ ਦ੍ਰਿੜ ਵਿਸ਼ਵਾਸ	ਈਮਾਨ। ਈਮਾਨ ਨਾਮ ਖ਼ੁਦਾ ਤੇ ਦ੍ਰਿੜ ਭਰੋਸੇ ਦਾ ਹੈ।
ਰਾਖੇ	ਜਪ ਤਪ ਸੰਜਮ	ਮਾਲ ਰੂਪ ਦਾ ਮਾਣ ਛਡਣਾ, ਐਬ ਤਿਆਗਣੇ।

ਦੋਹਾਂ ਨੂੰ ਨਾਮ ਦਾ, ਸਾਈਂ ਤੇ ਸਿਦਕ ਦਾ, ਸੱਚੇ ਦਿਲੋਂ ਸ਼ੁਭ ਕਰਨੀ ਦਾ, ਮਾਲ, ਧਨ, ਮਾਇਆ, ਰੂਪ, ਜੋਬਨ ਤੋਂ ਵੈਰਾਗ ਕਰਨ ਦਾ, ਦਿਖਾਵੇ ਦੇ ਕਰਮਾਂ ਦੇ ਤਿਯਾਗ ਦਾ, ਇਕ ਸਾਈਂ ਤੇ ਦ੍ਰਿੜਤਾ ਦਾ ਉਪਦੇਸ਼ ਦਿੱਤਾ ਹੈ।

ਨਿਰੁਕ੍ਤ—ਅਮਲੁ – (ਅ਼:, ਅ਼ਮਲ = ਕਰਮ, ਕਰਨੀ) ਕਰਮ, ਭਾਵ ਹੈ ਸ਼ੁਭ ਕਰਨੀ ਤੋਂ।

ਆਬ – (ਫ਼ਾ:,) ਪਾਣੀ। ਪਰ ਏਥੇ ਆਬ ਦਾ ਅਰਥ ਪਾਣੀ ਨਹੀਂ 'ਨਦੀ' ਹੈ। ਕਿਉਂਕਿ 'ਸਚ ਕੀ ਆਬ' ਪਾਠ ਹੈ। 'ਕੀ' ਕਹਿਣ ਨਾਲ ਆਬ ਨੂੰ ਇਸਤ੍ਰੀ ਲਿੰਗ ਕਿਹਾ ਹੈ। ਫ਼ਾਰਸੀ ਕੋਸ਼ਾਂ ਵਿਚ ਆਬ ਦੇ ਅਰਥ ਐਉਂ ਲਿਖੇ ਹਨ :- ਆਬ = ਪਾਣੀ, ਪਰ ਇਸਤਲਾਹੀ ਮਾਅਨੇ ਹਨ :- ਨਦੀ, ਆਬਰੂ, ਇੱਜ਼ਤ, ਫ਼ੈਜ਼, ਦੌਲਤ, ਮੋਤੀ, ਤਲਵਾਰ ਜੌਹਰਾਂ ਵਾਲੀ, ਸ਼ੋਭਾ, ਚਮਕ, ਖ਼ੂਬੀ, ਕਦਰ, ਕੀਮਤ, ਕਾਨੂੰਨ, ਤ੍ਰੀਕਾ, ਇਕ ਮਹੀਨੇ ਦਾ ਨਾਮ। ਲੋਹੇ ਨੂੰ ਗਰਮ ਕਰਕੇ ਪਾਣੀ ਵਿਚ ਡੋਬਕੇ ਜੋ (ਪਾਣ=) ਕਰੜਾਈ ਦੇਂਦੇ ਹਨ, ਉਹ ਬੀ ਆਬ ਹੈ।

ਈਮਾਨੁ – (ਅ਼:, ਈਮਾਨ) ਦਿਲੋਂ ਵਾਹਿਗੁਰੂ ਤੇ ਦ੍ਰਿੜ ਨਿਸ਼ਚਾ। (ਅ) ਧਰਮ। (ੲ) ਭਰੋਸਾ।

ਜੰਮਾਇ ਲੈ– (ਪੰ:,) ਉਗਾ ਲੈ। ਪੈਦਾ ਕਰ ਲੈ।

ਭਿਸਤੁ – (ਫ਼ਾ:, ਬਹਿਸ਼ਤ) ਸੁਰਗ। ਜੱਨਤ। **ਦੋਜਕੁ**– (ਫ਼ਾ:, ਦੋਜ਼ਖ) ਨਰਕ।

ਮਤੁ– (ਪੰ:,) ਮਤਾਂ। ਮਤਾਂ (ਤੂੰ ਜਾਣੇ)। (ਅ) ਨਾ (ਜਾਣੀਂ)।

ਐਬ– (ਅ਼:, ਐ਼ਬ) ਨੁਕਸ, ਅਵਗੁਣ, ਬਦੀ।

ਤਨਿ– ਸਰੀਰ ਵਿਚ।

ਮੀਡਕੋ– (ਸੰਸ:, ਮੰਡੂਕ:। ਹਿੰਦੀ, ਮੇਂਡਕ। ਪੁ: ਪੰ:, ਮੀਂਡਕ। ਮੇਂਡਕ) ਡੱਡੂ। ਭਾਵ ਹੈ ਵਿਸ਼ਿਆਂ ਵਿਚ ਰਚੇ ਮਨ ਤੋਂ, ਜਿਸ ਨੂੰ ਆਤਮਾ ਪਰਮਾਤਮਾਂ ਦੀ ਕੋਈ ਲੱਖਤਾ ਨਹੀਂ ਹੈ।

ਕਮਲ – (ਸੰਸ:, ਕਮਲੰ) ਕੌਲ ਫੁਲ। ਭਾਵ ਹਿਰਦਾ ਰੂਪੀ ਕਮਲ। ਇਸ ਕਮਲ ਵਿਚ ਰਸ ਰੂਪ ਪਰਮਾਤਮਾ ਦਾ ਨਿਵਾਸ ਹੈ, ਐਬਾਂ ਵਿਚ ਖਚਿਤ ਮਨ ਨੂੰ ਇਸ ਰਸਮਯ ਪਰਮਾਤਮਾ ਦੀ ਸੋਝੀ ਨਹੀਂ ਪੈਂਦੀ।

ਉਸਤਾਦੁ – (ਫ਼ਾ:,) ਸਿਖਯਾ ਦੇਣ ਵਾਲਾ। ਉਸਤਾਦ ਤੋਂ ਏਥੇ ਮੁਰਾਦ ਮੁਰਸ਼ਦ ਤੋਂ ਹੈ। ਗੁਰਮੁਖ।

ਪਉਣ ਕੀ ਬਾਣੀ – ਹਵਾ ਦੀ ਆਵਾਜ਼। ਜੀਕੂੰ ਉਹ ਸਾਂ ਸਾਂ ਕਰਦੀ ਹੈ, ਪਰ ਅਰਥ ਕੁਛ ਬੋਧ ਨਹੀਂ ਹੁੰਦਾ। ਨਿਰਅਰਥਕ। ਬੇਅਰਥ।

ਦਿਲਹਿ ਪਸਿੰਦੇ – (ਫ਼ਾ:, ਦਿਲ। ਪਸੰਦ। ਦਿਲਹਿ = ਦਿਲ ਨੂੰ + ਪਸਿੰਦੇ = ਭਾਉਣੇ) ਦਿਲ ਨੂੰ ਭਾਉਂਦੇ ਹਨ।

(ਅ) ਪਸਿੰਦੇ ਦੇ ਅਰਥ 'ਦੇਖਦੇ' ਬੀ ਕਰਦੇ ਹਨ। ਪਰ ਫ਼ਾਰਸੀ ਵਿਚ 'ਪਸੰਦ' ਦੇ ਅਰਥ ਦੇਖਣਾ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਪਸੰਦ' ਪਦ ਦੇਖਣਾ ਅਰਥਾਂ ਵਿਚ ਆਇਆ ਹੈ, ਯਥਾ :-

ਪਿਰੀ ਪਸੰਦੋ ਹਰਿਓ ਥੀਓਸਿ ॥ (ਵਾਰ ਮਾਰੂ ਡਖਣੇ ਮ: ੫-੨੦)

ਤੀਹ– ੩੦। ਦਸ ਤੇ ੨੦। ਭਾਵ ਹੈ ਤੀਹ ਰੋਜ਼ੇ। ਮੁਸਲਮਾਨ ਬ੍ਰਤ ਨੂੰ ਰੋਜ਼ਾ ਆਖਦੇ ਹਨ। ਉਹ ਮਹੀਨਾ ਭਰ ਬ੍ਰਤ ਰਖਦੇ ਹਨ। ਉਸ ਮਹੀਨੇ ਦਾ ਨਾਮ 'ਰਮਜ਼ਾਨ' ਹੈ। ਇਹ ਮਹੀਨਾ ਹਿਜਰੀ ਸਾਲ ਦਾ ਨੌਂਵਾ ਮਹੀਨਾ ਹੁੰਦਾ ਹੈ। ਚੰਦ੍ਰਾਇਣ ਹਿਸਾਬ ਹੋਣ ਕਰਕੇ ਇਹ ਮਹੀਨਾ ਇਕੋ ਮੌਸਮ ਵਿਚ ਹਰ ਸਾਲ ਨਹੀਂ ਆਉਂਦਾ।

ਪੰਜ – ਚਾਰ ਤੇ ਇਕ। ਭਾਵ ਹੈ ਪੰਜ ਨਮਾਜ਼ਾਂ। ਮੁਸਲਮਾਨ ਪੰਜ ਵੇਲੇ ਜੋ ਬਾਣੀ ਅ਼ਰਬੀ ਜ਼ਬਾਨ ਦੀ ਪੜ੍ਹਦੇ ਹਨ, ਉਸ ਨੂੰ ਨਮਾਜ਼ ਆਖਦੇ ਹਨ, ਜਿਸ ਦੇ ਅਰਥ ਹਨ, ਆਜਜ਼ੀ, ਬੰਦਗੀ, ਇਬਾਦਤ। ਪੰਜ ਨਮਾਜ਼ਾਂ ਤੇ ਉਹਨਾਂ ਦੇ ਵਕਤ ਐਉਂ ਹਨ :-

੧. ਨਮਾਜ਼ੇ ਸੁਬਹ – ਪਹੁ ਫੁਟਾਲੇ ਵੇਲੇ ਸੂਰਜ ਉਦੇ ਤਕ ਪੜ੍ਹੀ ਜਾਂਦੀ ਹੈ।

੨. ਨਮਾਜ਼ੇ ਪੇਸ਼ੀਨ – ਸੂਰਜ ਜਦ ਢਲਣ ਲਗੇ।

੩. ਨਮਾਜ਼ੇ ਦੀਗਰ - ਤੀਸਰੇ ਪਹਿਰ ਦੇ ਸਮੇਂ।

੪. ਨਮਾਜ਼ੇ ਸ਼ਾਮ - ਸੂਰਜ ਡੁੱਬੇ ਤੋਂ ਲਾਲੀ ਮਿਟਣੇ ਤਕ।

੫. ਨਮਾਜ਼ੇ ਖੁਫ਼ਤਨ - ਸੌਣ ਵੇਲੇ ਪੜ੍ਹੀ ਜਾਂਦੀ ਹੈ।

ਸੈਤਾਨ-(ਅ:,ਸ਼ੈਤ਼ਾਨ) ਇਕ ਫਰਿਸ਼ਤਹ ਜੋ ਮੁਸਲਮਾਨਾਂ ਦੇ ਈਮਾਨ ਮੂਜਬ ਬਹਿਸ਼ਤਾਂ ਤੋਂ ਧੱਕਿਆ ਗਿਆ ਹੈ ਤੇ ਜੋ ਇਨਸਾਨ ਦਾ ਦੁਸ਼ਮਨ ਹੈ। ਉਹ ਮਾੜ੍ਹਾ ਰੂਹਾਨੀ ਵਜੂਦ ਜੋ ਇਨਸਾਨ ਤੋਂ ਪਾਪ ਕਰਾਉਂਦਾ ਹੈ।

ਕਟਿ ਜਾਈ - ਕਟ ਜਾਵੇ। ਤ੍ਰੋੜ ਦੇਵੇ। ਭਾਵ ਰੋਜ਼ੇ ਨਮਾਜ਼ਾਂ ਦਾ ਫਲ ਮਿਲਨਾ ਜੋ ਮੰਨਿਆਂ ਗਿਆ ਹੈ ਉਸ ਨੂੰ ਨਾਸ਼ ਕਰ ਦੇਵੇ।

ਰਾਹਿ ਪੈ ਚਲਣਾ - ਰਸਤੇ ਉਤੇ ਪੈ ਜਾਣਾ ਹੈ, ਰਸਤੇ ਟੁਰਨਾ ਹੈ। ਭਾਵ ਤੂੰ ਮੁਸਾਫਰ ਹੈਂ, ਜਿਸ ਨੇ ਚਲੇ ਜਾਣਾ ਹੈ। ਰਹਿਣਾ ਨਹੀਂ ਮਰ ਜਾਣਾ ਹੈ।

(ਅ) ਰਸਤੇ ਸਿਰ ਚੱਲਣਾ ਹੈ, ਭਾਵ ਸਿੱਧੇ ਰਸਤੇ ਟੁਰਨਾ ਹੈ। ਭਾਵ ਤੂੰ ਤਾਂ ਪਰਮਾਰਥ ਦੇ ਰਸਤੇ ਟੁਰਨਾ ਹੈ ਤੂੰ ਮਾਲ ਧਨ ਕਿਉਂ ਕੱਠੇ ਕੀਤੇ ਹਨ।

(ਸਿਰੀ ਰਾਗੁ ਮਹਲਾ ੧, ਚਉਪਦਾ - ੨੮)

ਪ੍ਰਾਕ੍ਰਥਨ-ਇਸ ਸ਼ਬਦ ਵਿਚ ਫੇਰ ਇਕ ਮੁੱਲਾਂ ਪੜ੍ਹੀ ਉਪਦੇਸ਼ ਹੈ ਤੇ ਉਸ ਨੂੰ ਮੁੱਲਾਂ ਤੇ ਕਾਜ਼ੀ ਕਰਕੇ ਸੰਬੋਧਨ ਕੀਤਾ ਹੈ। ਉਪਦੇਸ਼ ਨਾਮ ਦਾ, ਅੰਦਰੋਂ ਬਾਹਰੋਂ ਸੱਚੇ ਹੋਣ ਦਾ, ਹਉਂ ਤਜਾਗ ਤੇ ਈਸ਼੍ਵਰ ਅਨੁਭਵ ਕਰਨ ਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ੪ ॥	
ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥ ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥੧॥	ਮਉਲਾ (ਕੇਵਲ) ਉਹੋ ਹੈ ਜਿਸ ਨੇ (ਸਾਰਾ) ਜਗਤ ਉਪਜਾਇਆ ਹੈ (ਇਸ ਵਿਚ ਇਕ ਤਾਂ ਸਜੀਵ) ਸੰਸਾਰ ਹੈ (ਜਿਸ ਨੂੰ ਜਿੰਦ ਪਾਕੇ) ਪ੍ਰਫੁੱਲਤ ਕੀਤਾ ਹੈ, (ਦੂਸਰਾ ਹੈ ਨਿਰਜਿੰਦ ਸੰਸਾਰ ਜਿਸ ਵਿਚ) ਪਾਣੀ ਮਿੱਟੀ (ਆਦਿ ਪਾਦਰਥ ਰਚਕੇ) ਨਿਯਮ ਬੱਧ ਕਰਕੇ ਜਿਸ ਨੇ ਰਖੇ ਹੋਏ ਹਨ, ਧੰਨ ਹੈ (ਇਨ੍ਹਾਂ ਦਾ ਉਹ) ਰਚਣਹਾਰ ॥੧॥
ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ ॥੧॥ ਰਹਾਉ ॥	(ਪਰ ਇਹ ਰਚਨਾ ਚੱਲਣਹਾਰ ਹੈ ਇਸ ਵਿਚ ਉਪਜੇ ਸਭ ਨੇ) ਮਰਣਾ ਹੈ (ਹਾਂ) ਮੁੱਲਾਂ (ਤੂੰ ਬੀ) ਮਰਣਾ ਹੈ। (ਜੇ ਕਹੇਂ ਕਿ ਜੇ ਮਰਨਾ ਹੀ ਹੈ ਤਾਂ ਡਰਨੇ ਦਾ ਕੀ ਲਾਭ ? ਸੁਣ ਮੁੱਲਾਂ ਮਰਨ ਤੋਂ ਚਾਹੇ ਨਾ ਡਰ ਕਿੰਤੂ) ਕਰਤਾਰ ਤੋਂ ਜ਼ਰੂਰ ਡਰਨਾ ਚਾਹੀਏ ॥੧॥ ਰਹਾਉ॥
ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥ ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥੨॥	(ਕਿਉਂਕਿ ਖ਼ੁਦਾ ਦੇ ਭੈ ਵਾਲੇ ਨੂੰ ਨਾਮ ਪ੍ਰਾਪਤ ਹੁੰਦਾ ਹੈ, ਜੋ ਤੈਨੂੰ ਨਹੀਂ ਹੈ, ਤੂੰ ਤਾਂ ਸੱਚਾ ਮੁੱਲਾਂ ਤੇ ਸੱਚਾ ਕਾਜ਼ੀ ਬੀ ਨਹੀਂ ਹੈ, ਸੱਚਾ) ਮੁੱਲਾਂ (ਤੇ ਸੱਚਾ) ਕਾਜ਼ੀ ਤੂੰ ਤਾਂ ਹੀ ਹੋ ਸਕਦਾ ਹੈਂ, ਜੇ ਖ਼ੁਦਾ ਦੇ ਨਾਮ ਨੂੰ ਜਾਣ ਲਵੇਂ। (ਸੋਚ ਕਰ ਲੈ) ਭਾਵੇਂ (ਕੋਈ ਕਿੰਨਾਂ) ਬਹੁਤਾ ਪੜ੍ਹਿਆ ਹੋਇਆ ਹੋਵੇ (ਮਰਨ

ਤੋਂ ਨਹੀਂ ਬਚ ਸਕਦਾ, ਜੀਕੂੰ ਪਾਈ ਦੇ) ਭਰ ਗਿਆਂ ਕੋਈ ਪਾਈ (ਡੁਬਣੋਂ) ਨਹੀਂ ਬਚ ਸਕਦੀ। (ਭਾਵ ਹੈ ਕਿ ਮੁੱਲਾਂ ਭਾਵੇਂ ਕਿੰਨਾ ਪੜ੍ਹਿਆ ਹੈ ਮੌਤੋਂ ਨਹੀਂ ਬਚ ਸਕਦਾ ਹੈ[1]। ਸੋ ਤੂੰ ਸੱਚਾ ਮੁੱਲਾਂ ਬੀ ਨਹੀਂ)॥੨॥

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥ ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥੩॥

(ਫਿਰ ਸੱਚਾ ਕਾਜ਼ੀ ਬੀ ਤੂੰ ਨਹੀਂ ਕਿਉਂਕਿ ਸੱਚਾ) ਕਾਜ਼ੀ ਉਹੋ ਹੈ ਜਿਸ ਨੇ ਆਪਾ ਭਾਵ ਤਿਆਗ ਦਿਤਾ ਹੋਵੇ (ਤੇ ਜਿਸ ਨੇ)ਇਕ ਨਾਮ ਨੂੰ ਆਸਰਾ ਬਣਾ ਲਿਆ ਹੋਵੇ, (ਤੇ ਜਿਸ ਨੇ) ਸੱਚੇ ਸਿਰਜਣਹਾਰ ਨੂੰ (ਅਨੁਭਵ ਕਰ ਲਿਆ ਹੋਵੇ ਜੋ ਸਿਰਣਹਾਰ ਕਿ) ਹੈ ਭੀ, ਹੋਸੀ ਭੀ, (ਤੇ) ਜੋ ਕਦੇ ਵਿਨਾਸ਼ ਨਹੀਂ ਹੋਇਆ ਤੇ ਕਦੇ ਵਿਨਾਸ਼ ਨਹੀਂ ਹੋਵੇਗਾ॥੩॥

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ ॥ ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ ॥੪॥੨੮॥

(ਹੁਣ ਆਪੇ ਨੂੰ ਦੇਖ, ਚਾਹੋ ਤੂੰ) ਪੰਜ ਵੇਲੇ ਨਮਾਜ਼ ਪੜ੍ਹਦਾ ਹੈਂ,ਕੁਰਾਣ (ਤੇ ਹੋਰ) ਕਿਤਾਬਾਂ (ਬੀ) ਪੜ੍ਹਦਾ ਰਹਿੰਦਾ ਹੈਂ (ਪਰ ਤੂੰ ਹਉਂ ਤੋਂ ਨਹੀਂ ਛੁੱਟਾ, ਨਾ ਨਾਮ ਆਧਾਰ ਵਿਚ ਹੈਂ, ਨਾਂ ਤੂੰ ਸਿਰਜਣਹਾਰ ਨੂੰ ਅਨੁਭਵਿਆ ਹੈ, ਤੈਨੂੰ ਤਾਂ) ਕਬਰ ਵਾਜਾਂ ਮਾਰ ਰਹੀ ਹੈ (ਤੇ ਆਖ ਰਹੀ ਹੈ ਕਿ) ਤੇਰਾ ਖਾਣਾ ਪੀਣਾ (ਏਥੇ) ਹੋ ਚੁੱਕਾ, (ਭਾਵ ਤੇਰੀ ਮੌਤ ਨੇੜੇ ਹੈ[2]), ਆਖਦਾ ਹੈ ਨਾਨਕ ॥੪॥੨੮॥

ਵਯਾਖਯਾ—ਇਹ ਸ਼ਬਦ ਇਕ ਸਾਹਿਤਕ ਕਮਾਲ ਦਾ ਨਮੂਨਾ ਹੈ, ਜਿਸ ਵਿਚ ਆਪ ਕਹਾਣੀ ਨਹੀਂ ਦੱਸੀ ਜਾਂਦੀ ਪਰ ਪਦ ਪਦਾਰਥ ਐਸੇ ਰੱਖੇ ਜਾਂਦੇ ਹਨ ਕਿ ਪਾਠਕ ਆਪ ਕਹਾਣੀ ਸਮਝ ਲਵੇ। ਇਸ ਸ਼ਬਦ ਵਿਚੋਂ ਕਹਾਣੀ ਐਉਂ ਦੀ ਲਭਦੀ ਹੈ:- ਇਕ ਕਾਜ਼ੀ ਹੈ, ਸ਼ਰਹ ਫ਼ਿਕ੍ਹ ਦੇ ਜਾਨਣ ਵਾਲਾ। ਬਹੁਤ ਵਿਦਵਾਨ ਹੋਣ ਕਰਕੇ ਲੋਕੀ ਆਕੇ ਇਸ ਤੋਂ ਪੜ੍ਹਦੇ ਹਨ, ਇਸ ਕਰਕੇ ਮੁੱਲਾਂ ਬੀ ਹੈ। ਕੁਰਾਨ ਤੇ ਹੋਰ ਸ਼ਰਈ ਕਿਤਾਬਾਂ ਦਾ ਮੋਲਵੀ ਬੀ ਹੈ। ਨਿਮਾਜ਼ੀ ਬੀ ਹੈ ਪਰ ਹਉਮੈ ਨਹੀਂ ਸੂ ਟੁੱਟੀ। ਨਾ ਹੀ ਨਾਮ ਦਾ ਜਾਣੂ ਹੈ, ਨਾ ਅਭਯਾਸੀ ਹੈ। ਇਸ ਕਰਕੇ ਸਿਰਜਣਹਾਰ ਦੇ ਗਯਾਨ ਦਾ ਬੀ ਅਨੁਭਵੀ ਨਹੀਂ ਹੈ। ਅਪਣੀ ਪਦਵੀ ਦਾ ਅਭਿਮਾਨੀ ਬੀ ਹੈ। ਐਸੇ ਪੁਰਖ ਨੂੰ ਉਪਦੇਸ਼ ਹੋਇਆ ਹੈ, ਜੋ ਇਸ ਸ਼ਬਦ ਵਿਚ ਐਸੇ ਪਦਾਂ ਵਿਚ ਹੈ ਕਿ ਸਦੈਵੀ ਉਪਦੇਸ਼ ਬਣ ਰਿਹਾ ਹੈ। ਵਿਦਯਕ ਨੁਕਤੇ ਤੋਂ ਬੀ ਬੜੀ ਡੂੰਘੀ ਵਾਕਫੀ ਸਹੀ ਹੋ ਰਹੀ ਹੈ। ਚਾਹੋ ਤ੍ਰਿਕਾਲਗਯ ਗੁਰੂ ਜੀ ਲਈ ਸਭ ਵਿਦਯਾ ਹਸਤਾਮਲ ਵਤ ਹਨ, ਪਰ ਫਿਰ ਬੀ ਵਿਦਯਕ ਨੁਕਤੇ ਤੋਂ ਸਾਹਿਤਕ ਕਮਾਲ ਪਾਠਕ ਦੀ ਨਜ਼ਰੋਂ ਉਹਲੇ ਨਹੀਂ ਰਹਿ ਸਕਦਾ। ਮੁੱਲਾਂ, ਮੌਲਾ, ਮੌਲਿਆ ਆਦਿ ਪਦਾਂ ਵਿਚ ਅ਼ਰਬੀ, ਫ਼ਾਰਸੀ, ਤੁਰਕੀ, ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਦੇ ਮੂਲਕ ਅ਼ਰਥਾਂ ਦੇ ਇਸ਼ਾਰੇ ਹਨ। ਕਾਜ਼ੀ ਪਦ ਵਿਚ 'ਤਜਿਆ' ਕਹਿਕੇ 'ਕਜ਼ਾ' ਦੇ ਮੂਲਕ ਅਰਥਾਂ ਵਲ, ਜੋ ਅਰਬੀ ਇਬਰਾਨੀ ਵਿਚ ਹਨ, ਸੈਨਤ ਸੱਟੀ ਨੇ। ਅੰਤ ਵਿਚ ਮੁਸਲਮਾਨਾਂ ਦੇ ਨਿਸਚੇ ਵਲ ਇਸ਼ਾਰਾ ਕੀਤਾ ਹੈ, ਜਿਸ ਮੂਜਬ ਉਹਨਾਂ ਨੇ ਮਰਕੇ ਕਿਆਮਤ ਤਕ ਕਬਰਾਂ ਵਿਚ ਰਹਿਣਾ ਹੈ ਤੇ ਤਦੋਂ ਅਮਲਾਂ ਤੇ ਨਿਬੇੜੇ ਹੋਣੇ ਹਨ। ਇਸ ਭਯਾਨਕਤਾ[3] ਤੋਂ ਛੁਟਕਾਰਾ ਦੇਣ ਲਈ

---

[1]ਪੜ੍ਹੇ ਹੋਏ ਕਹਿਣ ਵਿਚ ਮੱਲਾਂ-ਪੁਣੇ ਵਲ ਇਸ਼ਾਰਾ ਹੈ, ਜੋ ਪੜ੍ਹਿਆ ਹੁੰਦਾ ਹੈ ਤੇ ਪੜ੍ਹਾਉਂਦਾ ਹੈ।)

[2]ਜਾਪਦਾ ਹੈ ਕਾਜ਼ੀ ਕਾਫੀ ਬੁੱਢਾ ਸੀ।)

[3]ਇਸ ਅ਼ਕੀਦੇ ਵਿਚ ਇਹ ਅਨਯਾਯ ਹੈ ਕਿ ਕ਼ਿਆਮਤ ਤੋਂ ਦੋ ਦਿਨ ਪਹਿਲੇ ਮਰੇ ਤੇ ਕ਼ਿਆਮਤ ਤੋਂ ਹਜ਼ਾਰਾਂ ਸਾਲ ਪਹਿਲੇ ਮਰੇ ਸਭ ਦਾ ਹਿਸਾਬ ਕ਼ਿਆਮਤ ਨੂੰ। ਜੋ ਹਜ਼ਾਰਾਂ ਵਰਹੇ ਪਹਿਲੇ ਮਰੇ, ਸੌ ਹਜ਼ਾਰਾਂ ਵਰਹੇ ਕਬਰਾਂ ਵਿਚ ਪਏ ਰਹੇ, ਜੋ ਨੇੜੇ ਜਾਕੇ ਮੋਏ ਉਹਨਾਂ ਦੇ ਨਿਬੇੜੇ ਇਕ ਦੋ ਦਿਨਾਂ ਵਿਚ ਹੋ ਗਏ।

ਆਪਣਾ ਰਾਹ ਦੱਸਿਆ ਹੈ, ਜਿਸ ਨਾਲ ਕੋਈ ਮੁਸਲਮਾਨ ਅਜੋੜ ਨਹੀਂ ਦੱਸ ਸਕਦਾ। ਉਹ ਹੈ: ੧. ਖ਼ੌਫ਼ੇ ਖ਼ੁਦਾ. ੨. ਪਰਮੇਸ਼ੁਰ ਦਾ ਨਾਮ (ਜ਼ਿਕਰੇ ਫ਼ਿਕਰੇ ਅੱਲਹ), ੩. ਸਿਰਜਣਹਾਰ ਦਾ ਗਿਆਨ।

ਨਿਰੁਕ੍ਤ-ਸੋਈ- ਉਹੋ ਹੀ। ਜਾਪਦਾ ਹੈ ਕਾਜ਼ੀ ਆਪਣੇ ਖ਼ੁਦਾ ਦੇ ਕੋਈ ਲੱਛਣ ਕਹਿ ਰਿਹਾ ਸੀ ਕਿ ਗੁਰੂ ਜੀ ਨੇ ਫੁਰਮਾਯਾ : ਉਹੋ ਭਾਈ ਉਹੋ, ਪਰ ਉਹ ਸਿਰਜਣਹਾਰ ਨਿਰਾ ਇਕ ਕੌਮ, ਇਕ ਮਜ਼ਹਬ ਦਾ ਨਹੀਂ, ਉਹ ਜਗਤ ਦਾ ਸਿਰਜਣਹਾਰ ਹੈ ਸਾਰੇ ਸੰਸਾਰ ਦਾ। ਨਾਲੇ ਇਸ਼ਾਰਾ ਇਧਰ ਬੀ ਹੋ ਸਕਦਾ ਹੈ ਕਿ ਤੂੰ ਮੌਲਾ ਨਹੀਂ, ਮੌਲਾ ਸਿਰਜਣਹਾਰ ਹੈ, (ਦੇਖੋ ਅਗਲਾ ਪਦ)।

ਮਉਲਾ - (ਅ:, ਮੌਲਾ = ਮਾਲਕ। ਪਰਮੇਸ਼ੁਰ ਨੂੰ ਬੀ ਮੌਲਾ ਆਖਦੇ ਹਨ) ਮਾਲਕ। ਪ੍ਰਭੂ।

ਮੌਲਾ - ਨਜਾਯ ਕਰਤਾ ਤੇ ਹਾਕਮ ਨੂੰ ਬੀ ਆਖਦੇ ਹਨ।

ਮਉਲਿਆ - (ਸੰਸ:, ਮੌਲ = ਜੋ ਮੂਲ ਤੋਂ ਪੁੰਗਰੇ, ਉੱਗੇ। ਪੰਜਾਬੀ ਕ੍ਰਿਆ:, ਮੌਲਣਾ = ਉੱਗਣਾ ਉਪਜਣਾ। ਅ:,ਮੌਲੂਦ = ਜੰਮਿਆ। ਪੈਦਾ ਹੋਇਆ ਹੋਇਆ) ਪੁੰਗਰਿਆ, ਉੱਗਿਆ, ਉੱਪਜਿਆ[1]। ਸੋ ਦੁਵੱਲੀ ਸੈਨਤ ਹੈ ਮਉਲਿਆ ਪਦ ਦੀ-ਸੰਸਕ੍ਰਿਤ ਦੇ ਮੌਲ ਵਲ ਤੇ ਅਰਬੀ ਦੇ ਪਦ ਮੌਲੂਦ ਵਲ।

ਮੁਲਾ - (ਅ:, ਮੌਲਾ। ਇਸ ਅਰਬੀ ਪਦ ਦਾ ਤੁਰਕੀ ਅਪਿਭ੍ਰੰਸ਼ ਹੈ ਮੁੱਲਾਂ। ਹੁਣ ਪੰਜਾਬੀ, ਹਿੰਦੀ. ਉਰਦੂ ਵਿਚ ਇਹ ਪਦ ਆਮ ਵਰਤੀਂਦਾ ਹੈ। ਉਚਾਰਨ ਹੈ: ਮੁੱਲਾਂ। ਮੁੱਲਾਂ ਦਾ ਅਸਲੀ ਅਰਥ ਹੈ: ਵਿਦ੍ਵਾਨ। ਮੁਸਲਮਾਨਾਂ ਦਾ ਵਿਦ੍ਵਾਨ। ਮਸੀਤ ਦਾ ਪੁਜਾਰੀ। ਮਦਰੱਸਾ ਪੜ੍ਹਾਉਣ ਵਾਲਾ।

'ਪਲੈਟ' ਲਿਖਦਾ ਹੈ ਕਿ ਕਾਜ਼ੀ ਦੇ ਨਾਇਬ ਨੂੰ ਬੀ ਮੁੱਲਾਂ ਕਹਿੰਦੇ ਹਨ। (ਪਲੈਟ ਕੋਸ਼ ਪੰਨਾ, ੧੦੬੨ ਤੋਂ ੧੦੬੩) ਇਸੇ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਇਸ ਆਦਮੀ ਨੂੰ ਨਾਲੇ ਮੁੱਲਾਂ ਨਾਲੇ ਕਾਜ਼ੀ ਕਿਉਂ ਕਹਿ ਰਹੇ ਹਨ। ਉਹ ਨਾਇਬ ਕਾਜ਼ੀ ਹੋਣ ਕਰਕੇ ਕਾਜ਼ੀ ਬੀ ਹੈ, ਤੇ ਵਿਦਵਾਨ ਬਹੁਤ ਹੋਣ ਕਰਕੇ ਮੁੱਲਾਂ ਬੀ ਹੈ।

ਹਰਿਆ ਕੀਆ- ਸਰਸਬਜ਼ ਕੀਤਾ, ਸੱਜੀਵ ਕੀਤਾ। ਇਸ਼ਾਰਾ ਜੀਵ ਸ੍ਰਿਸ਼ਟੀ ਵੱਲ ਹੈ ਕਿ ਆਪਣੇ ਆਪ ਤੋਂ ਪੁੰਗਾਰਾ ਦੇਕੇ ਸਰਸਬਜ਼ ਯਾ ਪ੍ਰਫੁੱਲਤ ਕਰ ਦਿਤਾ।

ਆਬ ਖਾਕੁ - (ਫ਼ਾ:, ਆਬ+ਖ਼ਾਕ = ਪਾਣੀ ਤੇ ਮਿੱਟੀ) ਪਾਣੀ ਤੇ ਮਿੱਟੀ। ਮੁਰਾਦ ਪੰਜ ਤੱਤਾਂ ਤੋਂ ਹੈ ਜਿਨ੍ਹਾਂ ਨੂੰ ਆਪੇ ਤੋਂ ਰਚਕੇ ਨਿਯਮਾਂ ਵਿਚ ਬੰਨ੍ਹ ਦਿੱਤਾ ਹੈ, ਜਿਸ ਕਰਕੇ ਇਹ ਇਕ ਦੂਜੇ ਨੂੰ ਤਬਾਹ ਨਹੀਂ ਕਰ ਰਹੇ, ਸਗੋਂ ਮਿਲ ਮਿਲ ਕੇ ਅਨੇਕਾਂ ਸਾਜਨਾ ਨਿਯਮਾਂ ਅਨੁਸਾਰ ਕਰ ਰਹੇ ਹਨ। (ਅ) ਐਉਂ ਬੀ ਭਾਵ ਲੈਂਦੇ ਹਨ ਕਿ ਆਬ ਤੋਂ ਮੁਰਾਦ ਸਮੁੰਦਰ ਹੈ ਤੇ ਖ਼ਾਕ ਤੋਂ ਧਰਤੀ। ਸਮੁੰਦਰ ੪ ਹਿਸੇ ਹੈ ਤੇ ਧਰਤੀ ਇਕ। ਨਾ ਸਮੁੰਦਰ ਧਰਤੀ ਨੂੰ ਗਾਲ ਕੇ ਵਿਚ ਲੋਪ ਕਰ ਲੈਂਦਾ ਹੈ, ਨਾ ਧਰਤੀ ਉਸ ਨੂੰ ਪੀ ਲੈਂਦੀ ਹੈ। ਕਿਸੇ ਨਿਯਮ ਵਿਚ ਬੱਧੇ ਖੜੇ ਆਪੋ ਆਪਣਾ ਕੰਮ ਕਰ ਰਹੇ ਹਨ।

ਬੰਧਿ ਰਹਾਈ - ਬੰਨ੍ਹ ਦਿਤੇ ਕਿਸੇ ਬੰਧਾਨ - ਨਿਯਮ - ਵਿਚ।

---

[1] ਮਉਲਿਆ ਕਹਿਣ ਵਿਚ ਇਕ ਦਾਰਸ਼ਨਿਕ ਕਟਾਖਯ ਹੈ - ਜੋ ਚੀਜ਼ ਕਿਸੇ 'ਮੂਲ' ਤੋਂ ਪੁੰਗਰੇ ਯਾ ਉਪਜੇ ਉਹ ਹੈ ਮੌਲ। ਇਸੇ ਤੋਂ ਪੰਜਾਬੀ ਕ੍ਰਿਆ ਬਣੀ ਮਉਲਣਾ। ਭਾਵ ਹੈ ਕਿ ਇਹ ਜਗਤ ਮੌਲਾ ਨੇ ਆਪਣੇ ਮੂਲ ਤੋਂ ਉਤਪਤ ਕੀਤਾ ਹੈ, ਯਥਾ :-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ (ਵਾਰ ਆਸਾ ਮਹਲਾ ੧-੧)।

ਕਾਜੀ – (ਅ:, ਕਾਜ਼ੀ = ਫੈਸਲਾ ਕਰਨ ਵਾਲਾ। ਜੱਜ। ਕ਼ਜ਼ਾ ਕਰਨਾ = ਫੈਸਲਾ ਕਰਨਾ) ਮੁਸਲਮਾਨੀ ਰਾਜ ਵਿਚ ਇਕ ਨਿਆਉਂ ਕਰਨ ਵਾਲਾ ਹੁੰਦਾ ਸੀ ਜੋ ਸਾਰੇ ਫੈਸਲੇ ਸ਼ਰਹ ਅਨੁਸਾਰ ਕਰਿਆ ਕਰਦਾ ਸੀ। ਇਹ ਸ਼ਰਹ ਫ਼ਿਕ਼ਹ ਦਾ ਆ਼ਲਮ ਹੋਇਆ ਕਰਦਾ ਸੀ। ਇਹ ਸ਼ਰਹ ਦੇ ਫਤਵੇ ਦਿਆ ਕਰਦਾ ਸੀ। ਪਰ ਸ਼ੈਕਸਪੀਅਰ ਕੋਸ਼ (੧੮੭੭) ਦੇ ਸਫ਼ਾ ੫੬੭ ਤੇ ਦੱਸਿਆ ਹੈ ਕਿ ਅ਼ਰਬੀ ਪਦ 'ਕ਼ਜ਼ਾ' ਜਿਸ ਇਬਰਾਨੀ ਪਦ ਤੋਂ ਆਯਾ ਹੈ ਉਸ ਦਾ ਅਰਥ ਹੈ 'ਕੱਟਣਾ'।

ਫਾਰਸੀ ਲ਼ੁਗਾਤਾਂ ਵਿਚ ਕ਼ਜ਼ਾ ਦੇ ਅਰਥ ਇਸ ਪ੍ਰਕਾਰ ਹਨ : ਹੁਕਮ ਕਰਦਨ = ਹੁਕਮ ਕਰਨਾ, ਗੁਜ਼ਾਰਦਨ = ਗੁਜ਼ਾਰਨਾ ਯਾ ਛੋੜਨਾ। ਆਫ਼੍ਰੀਦਨ = ਪੈਦਾ ਕਰਨਾ। ਤਮਾਮ ਕਰਦਨ = ਮੁਕਾ ਦੇਣਾ। ਬਜਾਨ ਨਮੂਦਨ = ਵਰਣਨ ਕਰਨਾ। ਉਹ ਨਿਮਾਜ਼ ਜਿਸ ਦਾ ਵਕਤ ਗੁਜ਼ਰ ਗਿਆ ਹੋਵੇ, ਆਦਿ।

(ਗ਼ਯਾਸੁੱਲੁਗਾਤ ਸਫ਼ਾ ੪੪੨)

ਜਿਸ ਵੇਲੇ ਕਾਜ਼ੀ ਨੂੰ ਆਖਦੇ ਹਨ – 'ਸੋਈ ਕਾਜੀ ਜਿਨਿ ਆਪੁ ਤਜਿਆ' ਤਦ ਉਹ 'ਕਜ਼ਾ' ਲਫ਼ਜ਼, ਜਿਸ ਤੋਂ 'ਕਾਜ਼ੀ' ਪਦ ਬਣਿਆ ਹੈ, 'ਛੱਡਣ' ਤੇ 'ਤਮਾਮ ਕਰਦਨ' ਦੇ ਅਰਥਾਂ ਵਲ ਸੈਨਤ ਸੁਟ ਰਹੇ ਹਨ ਕਿ ਕਾਜ਼ੀ ਤੂੰ ਤਾਂ ਹੈਂ ਜੇ ਹਉਮੈ ਕਜ਼ਾ ਕਰ ਦੇਵੇਂ = ਛਡ ਦੇਵੇਂ। ਕਿਉਂਕਿ ਤੇਰੇ ਨਾਲ ਲਗੇ ਪਦ 'ਕਜ਼ਾ' ਦੇ ਮੂਲਕ ਅਰਥ ਛੱਡਣਾਂ ਹੈ। ਤੇ ਛੱਡਣ ਵਾਲੀ ਸ਼ੈ ਹੈ – ਹਉਮੈ।

ਜਿਸ ਵੇਲੇ ਉਸ ਨੂੰ ਆਖਦੇ ਹਨ 'ਤਾਂ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ'। ਤਾਂ ਮੁੱਲਾਂ ਪਦਾ ਵਿਚ ਜੋ ਵਿਦਵਾਨ ਹੋਣ ਦੇ ਅਰਥ ਹਨ ਤੇ ਕਾਜ਼ੀ ਪਦ ਵਿਚ ਜੋ ਸ਼ਰਹ ਫ਼ਿਕ਼ਹ ਦਾ ਜਾਣੂ ਹੋਣ ਕਰਕੇ ਫੈਸਲੇ ਦੇਣ ਦੀ ਕਾਬਲੀਅਤ ਦਾ ਭਾਵ ਹੈ, ਉਸ ਵਲ ਸੈਨਤ ਹੈ ਕਿ ਤੇਰਾ ਵਿਦਯਾ ਦਾ ਜਾਣਨਾ ਤਾਂ ਸਫਲ ਹੈ ਜੇ ਖ਼ੁਦਾ ਦੇ ਨਾਮ ਨੂੰ ਬੀ ਜਾਣੇ। ਜਿਵੇਂ ਪੰਡਿਤ ਨੂੰ ਕਿਹਾ ਸਾਨੇ :-

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥　　(ਰਾਮ: ਦਖ: ਓ: ਮ:੧-੫੪)

ਰਹੈ ਨ – ਨਹੀਂ ਰਹਿੰਦਾ। ਦੇਹੁਰੀ ਦੀਪਕ ਹੈ, ਨਹੀਂ ਰਹਿੰਦਾ ਕੋਈ (ਭਾਵ ਪੜ੍ਹਿਆ ਆਦਿ), ਨਹੀਂ ਰਹਿੰਦੀ (ਪਾਈ)।

ਪਾਈ–ਬੇਲੀ। ਜੋ ਇਕ ਕਟੋਰੀ ਹੁੰਦੀ ਹੈ, ਜਿਸ ਦੇ ਹੇਠਾਂ ਇਕ ਛੇਕ ਹੁੰਦਾ ਹੈ। ਪਿਛਲੇ ਸਮੇਂ ਘੜੀਆਂ ਮਿਣਨੇ ਲਈ ਇਸ ਨੂੰ ਪਾਣੀ ਤੇ ਰਖਦੇ ਸਨ, ਜਦ ਡੁੱਬ ਜਾਵੇ ਤਦ ਉਤਨਾ ਸਮਾਂ ਗੁਜ਼ਰ ਗਿਆ ਅੰਕ ਲੈਂਦੇ ਸਨ। (ਅ) ਪਾਈ ਦਾ ਇਕ ਹੋਰ ਅਰਥ ਪੜੋਪਾ, ਇਕ ਮਿਣਤੀ ਹੈ। ਪੰਜਾਬੀ ਕੋਸ਼ ਸਫ਼ਾ ੮੪੪ ਵਿਚ ਦੱਸਿਆ ਹੈ: ਚਾਰ 'ਟੋਪੇ' ਦੀ ਇਕ 'ਪਾਈ', ਚਾਰ 'ਪਾਈ' ਦੀ ਇਕ 'ਚੌਥ'। ਕਣਕ ਦੀ ਪਾਈ ੧੮ ਮਣ ਦੀ ਹੁੰਦੀ ਸੀ ਤੇ ਜੌ ਦੀ ੧੨ ਮਣ ਦੀ (ਪੰ: ਕੋਸ਼)। ਕੋਈ ਪਾਈ ਪੰਜੀ ਸੇਰ ਦੀ ਦੱਸਦੇ ਹਨ। ਦਾਣੇ ਵੇਚਣ ਵਾਲੇ ਜਦ ਪੜੋਪੇ ਯਾ ਪਾਈ ਨਾਲ ਮਿਣਕੇ ਦਾਣੇ ਵੇਚਦੇ ਹਨ ਤਾਂ ਜਦੋਂ ਪਾਈ ਯਾ ਪੜੋਪਾ ਭਰ ਜਾਵੇ ਤਾਂ ਪਲਟ ਦੇਂਦੇ ਹਨ, ਉਹ ਪਾਈ ਪੜੋਪਾ ਖਾਲੀ ਹੋ ਜਾਂਦੇ ਹਨ; ਤਿਵੇਂ ਸੁਆਸ ਪੂਰੇ ਹੋਣ ਤੇ ਸਰੀਰ ਵਿਚੋਂ ਬਾਹਰ ਹੋ ਜਾਂਦੇ ਹਨ, ਪਿੱਛੇ ਖਾਲੀ ਸੁੰਞੀ ਦੇਹ ਰਹਿ ਜਾਂਦੀ ਹੈ। ਕੋਈ ਸੁਆਸ ਫੇਰ ਨਹੀਂ ਰਹਿੰਦਾ।

ਪੰਜਿ ਵਖਤ – (ਫ਼ਾ:, ਪੰਜ। ਅ਼:, ਵਕ਼ਤ) ਪੰਜ ਵੇਲੇ।

ਨਿਵਾਜ – (ਅ਼:, ਨਮਾਜ਼) ਨਮਾਜ਼, ਮੁਸਲਮਾਨਾਂ ਦੀ ਇਬਾਦਤ ਜੋ ਪੰਜ ਵੇਲੇ ਹੁੰਦੀ ਹੈ।

ਵੇਰਵੇ ਲਈ ਦੇਖੋ ਪਿਛਲਾ ਸ਼ਬਦ।　　**ਕਤੇਬ** – ਤੌਰੇਤ ਆਦਿ ਹੋਰ ਕਿਤਾਬਾਂ।

ਕੁਰਾਣਾ – (ਅ਼:, ਕੁਰਾਨ) ਮੁਸਲਮਾਨਾਂ ਦੀ ਖਾਸ ਇਲਹਾਮੀ ਮੰਨੀ ਹੋਈ ਕਿਤਾਬ ਜੋ ਹਜ਼ਰਤ ਮੁਹੰਮਦ ਤੇ ਉੱਤਰੀ।　　**ਗੋਰ**–(ਫ਼ਾ:) ਕਬਰ।

(ਸਿਰੀ ਰਾਗੁ ਮਹਲਾ ੧, ਚਉਪਦਾ -੨੯)

ਪ੍ਰਾਕ੍ਰਥਨ–ਇਸ ਸ਼ਬਦ ਵਿਚ ਸ੍ਰੀ ਗੁਰੂ ਜੀ 'ਉੱਤਮ ਪੁਰਖ' ਦੁਆਰਾ ਗੁਨਹਗਾਰਾਂ ਨੂੰ ਉਪਦੇਸ਼ ਕਰਦੇ ਹਨ ਕਿ ਚਾਹੋ ਤੁਸੀਂ ਕਿਤਨੇ ਨੀਚ ਕਰਮੀ ਹੋਵੋ ਤੁਸੀਂ ਨਾਮ ਦੀ ਟੇਕ ਲਓ, ਇਹ ਤਾਰੇਗਾ। ਇਹ ਸਾਰੇ ਸੰਸਾਰ ਨੂੰ ਤਾਰਨੇ ਨੂੰ ਸਮਰਥ ਹੈ। ਸਾਡੇ ਦੇਸ਼ ਦੇ ਸਾਹਿਤ੍ਯ ਵਿਚ ਉਪਦੇਸ਼ ਕਰਨ ਦੇ ਤ੍ਰੈ ਢੰਗ ਕਹੇ ਹਨ। ਪਹਿਲਾ ਹੈ ਇਹ ਕਿ ਸਾਹਮਣੇ ਬੈਠੇ ਨੂੰ, ਜਿਸ ਨੂੰ ਵ੍ਯਾਕਰਣ ਵਿਚ 'ਮੱਧਮ ਪੁਰਖ' ਆਖਦੇ ਹਨ, ਉਪਦੇਸ਼ ਕਰੀਦਾ ਹੈ ਕਿ ਤੂੰ ਐਸਾ ਕਰ, ਐਸਾ ਨਾ ਕਰ। ਦੂਸਰਾ ਹੈ 'ਅਨ੍ਯ ਪੁਰਖ' ਦੁਆਰਾ ਉਪਦੇਸ਼, ਅਰਥਾਤ ਕਿਸੇ ਗ਼ੈਰ ਹਾਜ਼ਰ ਵਲ ਸੈਨਤ ਕਰਕੇ ਸਮੁੱਚੇ ਭਾਵ ਵਿਚ ਉਪਦੇਸ਼ ਕਰਨਾ, ਜੈਸੇ ਕਹਿਣਾ ਕਿ ਜੋ ਸੱਚ ਵਰਤੇਗਾ ਤਰੇਗਾ, ਜੋ ਝੂਠ ਵਿਚ ਖੇਲੇਗਾ ਡੁੱਬੇਗਾ। ਤਾਤਪਰਜ ਇਹ ਹੁੰਦਾ ਹੈ ਕਿ ਸਚ ਧਾਰਨ ਕਰੋ, ਝੂਠ ਤਿਆਗੋ, ਕਿਉਂਕਿ ਇਕ ਤਾਰਦਾ ਤੇ ਦੂਜਾ ਡੋਬਦਾ ਹੈ। ਵ੍ਯਾਕਰਣ ਵਿਚ ਗ਼ੈਰ ਹਾਜ਼ਰ ਯਾ ਹੋਰਸ ਪੁਰਖ ਨੂੰ 'ਅਨ੍ਯ ਪੁਰਖ' ਆਖਦੇ ਹਨ। ਤੀਸਰਾ ਤ੍ਰੀਕਾ ਹੈ ਕਿ ਕਹਿਣਾ ਆਪ ਨੂੰ, ਆਪਣੇ ਤੇ ਲਾ ਲਾਕੇ, ਪਰ ਉਪਦੇਸ਼ ਮੱਧਮ ਪੁਰਖ ਯਾ ਅਨ੍ਯ ਪੁਰਖ ਨੂੰ ਹੋਣਾ। ਵ੍ਯਾਕਰਣ ਵਿਚ 'ਬੋਲਣ ਵਾਲੇ' ਨੂੰ, ਜੋ ਆਖਦਾ ਹੈ, 'ਉੱਤਮ ਪੁਰਖ' ਕਹਿੰਦੇ ਹਨ, ਉਹ 'ਮੈਂ' 'ਮੈਨੂੰ' 'ਮੇਰਾ' ਕਹਿ ਕਹਿਕੇ ਬੋਲਦਾ ਹੈ, ਪਰ ਭਾਵ ਇਹ ਹੁੰਦਾ ਹੈ ਕਿ ਹੇ ਲੋਕੋ ! ਤੁਸੀਂ ਐਸੇ ਹੋ, ਤੁਸੀਂ ਇਹ ਸਿਖ੍ਯਾ ਧਾਰਨ ਕਰੋ। ਤ੍ਰੈਏ ਤ੍ਰੀਕੇ ਗੁਰਬਾਣੀ ਵਿਚ ਵਰਤੇ ਹਨ, ਪਰ ਤੀਜਾ ਤ੍ਰੀਕਾ ਵਿਦਵਾਨਾਂ ਵਿਚ ਦੋਹਾਂ ਤੋਂ ਵਧੀਕ ਚੰਗਾ ਸਮਝਿਆ ਜਾਂਦਾ ਹੈ। ਅਗਲੇ ਸ਼ਬਦ ਵਿਚ ਗੁਰੂ ਜੀ ਨੇ ਇਹ ਤਰੀਕਾ ਬੜੇ ਜ਼ੋਰ ਨਾਲ ਵਰਤਿਆ ਹੈ:-

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ੪ ॥	
ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥	ਇਕ (ਲੋਭ ਰੂਪ) ਕੁੱਤਾ (ਤੇ) ਦੋ (ਭੁੱਖ ਤ੍ਰਿਖਾ ਰੂਪੀ) ਕੁਤੀਆਂ (ਮੇਰੇ) ਨਾਲ ਹਨ, (ਜੋ ਤ੍ਰੈਏ) ਸਦਾ ਸਵੇਰੇ (= ਉਠਦੇ ਸਾਰ ਹੀ) ਹਿੰਸਕ ਜੰਤੂ ਵਾਂਙੂ ਭਉਂਕ ਪੈਂਦੇ ਹਨ। (ਫੇਰ ਮੇਰੇ ਪਾਸ) ਕੂੜ (ਰੂਪੀ) ਛੁਰਾ ਹੈ ਤੇ ਠੱਗ ਕੇ ਲੀਤਾ ਹੋਇਆ ਮੁਰਦਾਰ (ਬੀ ਮੇਰੇ ਪਾਸ ਹੈ)। ਹੇ ਕਰਤਾਰ ! (ਇਨ੍ਹਾਂ ਗੱਲਾਂ ਕਰਕੇ ਮੈਂ ਮਾਨੋ ਇਕ) ਧਾਣਕ ਦੇ ਰੂਪ ਵਿਚ ਰਹਿੰਦਾ ਹਾਂ ॥ ੧ ॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥	ਨਾ ਮੈਂ ਪਤਿ (ਪ੍ਰਾਪਤ ਕਰਨੇ ਵਾਲੀ ਕੋਈ) ਸਿਖ੍ਯਾ ਲਈ ਹੈ, ਨਾ (ਮੈਂ ਕੋਈ) ਕਰਨੇ ਯੋਗ ਕਾਰ ਕੀਤੀ ਹੈ। ਹੇ ਕਰਤਾਰ ! ਮੈਂ ਤਾਂ (ਸਰੀਰ ਕਰਕੇ ਬੀ ਇਕ) ਵਿਗੜੇ ਹੋਏ ਭ੍ਯਾਨਕ ਰੂਪ ਵਿਚ ਰਹਿੰਦਾ ਹਾਂ[1]।
ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥	ਮੂੰਹ ਤੋਂ ਮੈਂ ਦਿਨੇ ਰਾਤ ਨਿੰਦਾ ਉਚਾਰਦਾ ਰਹਿੰਦਾ ਹਾਂ। ਮੈਂ ਨੀਚ ਸਨਾਤੀ ਹਾਂ, (ਨਿਤ) ਪਰਾਏ ਘਰ ਤਾੜਦਾ ਰਹਿੰਦਾ ਹਾਂ। (ਮੇਰੇ) ਸਰੀਰ ਵਿਚ ਕਾਮ ਤੇ ਕ੍ਰੋਧ ਰੂਪੀ ਚੰਡਾਲ ਵਸਦੇ ਹਨ; (ਇਸ ਲਈ) ਹੇ ਮੇਰੇ ਕਰਤਾਰ (ਮੈਂ-ਮਾਨੋਂ) ਧਾਣਕ

[1]ਰਹਾਉ ਦੀ ਅਗਲੀ ਸਤਵੀਂ ਤੇ ਅਠਵੀਂ ਤੁਕ ਦਾ ਅਰਥ ਅੰਤ ਵਿਚ ਲਾਇਆ ਗਿਆ ਹੈ।

ਧਾਣਕ ਰੂਪਿ ਰਹਾ ਕਰਤਾਰ ॥੨॥	ਰੂਪ ਵਿਚ ਰਹਿੰਦਾ ਹਾਂ ॥ ੨ ॥
ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥	ਸੁਰਤਿ (ਮੇਰੀ ਦੂਸਰਿਆਂ ਨੂੰ ਫਸਾਉਣ ਲਈ) ਫਾਹੀ ਲਾਉਣ ਵਿਚ (ਰਹਿੰਦੀ ਹੈ, ਪਰ) ਵੇਸ ਮੇਰਾ ਸ਼ਰੀਫਾਂ ਵਾਲਾ ਹੈ। (ਸੋ) ਮੈਂ (ਇਕ) ਵਡਾ ਠੱਗਣ ਵਾਲਾ (ਠੱਗ) ਹਾਂ, ਜੋ (ਇਕ ਅੱਧ ਨੂੰ ਨਹੀਂ ਸਗੋਂ) ਦੇਸ (ਨੂੰ ਹੀ) ਠੱਗ ਰਿਹਾ ਹਾਂ। (ਮੈਂ) ਸਿਆਣਾ (ਤਾਂ) ਸਚਮੁਚ ਹਾਂ (ਪਰ ਸਿਆਣਪ ਮੇਰੀ ਇਹ ਹੈ ਕਿ ਉਸ ਨਾਲ ਪਾਪਾਂ ਦਾ) ਭਾਰ ਬਹੁਤਾ (ਚੁੱਕ ਰਿਹਾ ਹਾਂ)। (ਇਸ ਲਈ) ਹੇ (ਮੇਰੇ) ਕਰਤਾਰ ! ਮੈਂ ਮਾਨੋ ਧਾਣਕ ਦੇ ਰੂਪ ਵਿਚ ਰਹਿੰਦਾ ਹਾਂ॥੩॥
ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੪॥੨੯॥	(ਹੇ ਕਰਤਾਰ !) ਮੈਂ ਤੇਰਾ ਕੀਤਾ ਬੀ ਨਹੀਂ ਜਾਤਾ, (ਇਸ ਕਰਕੇ) ਮੈਂ ਹਰਾਮਖੋਰ ਹਾਂ। ਮੈਂ (ਤੇਰੀ ਦਰਗਾਹ ਵਿਚ ਆਕੇ) ਕੀਹ ਮੂੰਹ ਦਿਆਂਗਾ, (ਕਿਉਂਕਿ ਮੈਂ) ਦੁਸ਼ਟ ਹਾਂ ਤੇ ਚੋਰ ਹਾਂ, ਇਸ ਲਈ ਨੀਚ ਨਾਨਕ ਇਕ (ਇਹੋ) ਵੀਚਾਰ (ਆਪ ਦੇ) ਪੇਸ਼ ਕਰਦਾ ਹੈ (ਕਿ ਹੇ ਮੇਰੇ) ਕਰਤਾਰ! ਮੈਂ ਧਾਣਕ ਰੂਪ ਹੋ ਰਿਹਾ ਹਾਂ॥੪॥੨੯॥
	(ਪਰ ਇਸ ਨਿਰਾਸਤਾ ਵਿਚ ਹੇ ਕਰਤਾਰ ! ਮੈਨੂੰ ਪਤਾ ਹੈ ਕਿ) ਇਕ ਤੇਰਾ ਨਾਮ ਹੈ ਜੋ ਸਾਰੇ ਸੰਸਾਰ ਨੂੰ ਤਾਰਦਾ ਹੈ। ਏਹੋ ਮੇਰਾ (ਇਸ ਜਗਤ ਵਿਚ) ਆਧਾਰ ਹੈ, ਏਹੋ ਮੇਰੀ (ਪਰਲੋਕ ਦੀ) ਆਸ ਹੈ (ਕਿ ਜੋ ਮੈਨੂੰ ਓਥੇ ਤਾਰੇਗਾ॥੧॥ਰਹਾਉ॥

ਵਯਾਖਯਾ—ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਨੇ ਜੀਵ ਦੇ ਜੀਵਨ ਦਾ ਇਕ ਅਤੀ ਦਾ ਨਕਸ਼ਾ ਬੰਨ੍ਹਕੇ ਕੇਵਲ ਦੋ ਸਤਰਾਂ ਵਿਚ ਉਸ ਤੋਂ ਉਧਾਰ ਦੀ ਮਤਿ ਦਿੱਤੀ ਹੈ। ਤਾਤਪਰਜ ਇਹ ਹੈ ਕਿ ਐਸੀ ਨਿਰਾਸ ਕਰ ਦੇਣ ਵਾਲੀ ਅਵਸਥਾ ਦਾ ਬੀ ਦਾਰੂ ਹੈ, ਅਰ ਉਹ ਨਾਮ ਹੈ।

ਇਨਸਾਨ ਦੇ ਮਨ ਦਾ ਸੁਭਾਵ ਹੈ ਕਿ ਜਦ ਅਪਰਾਧ ਪਾਪ ਕਰੇ ਤਾਂ ਉਸ ਦੇ ਅੰਦਰ ਅਪਣੇ ਕੀਤੇ ਦੀ ਸ਼ਰਮ ਅਨਜਾਣੇ ਉਸ ਨੂੰ ਕਰਤਾਰ ਤੋਂ ਸੰਗ ਵਿਚ ਪਾ ਦੇਂਦੀ ਹੈ, ਤੇ ਸੰਗ ਉਸ ਨੂੰ ਦੂਰ ਦੂਰ ਕਰੀ ਜਾਂਦੀ ਹੈ। ਉਸ ਦਾ ਜੀ ਸ਼ਰਨ ਆਉਣ ਨੂੰ, ਅਰਦਾਸ ਕਰਨ ਨੂੰ ਨਹੀਂ ਕਰਦਾ, ਹਜ਼ੂਰੀ ਵਾਸ ਤਾਂ ਕਿਤੇ ਰਿਹਾ। ਪਰ ਆਪ ਜੀ ਦੱਸਦੇ ਹਨ ਕਿ ਵਾਹਿਗੁਰੂ ਦਾ ਨਾਮ ਅਤਿ ਦੀ ਗਿਰਾਉ ਵਾਲੀ ਹਾਲਤ ਤੋਂ ਬੀ ਤਾਰਨਹਾਰ ਹੈ, ਜਿਸ ਨਾਲ ਆਸ ਬੱਝ ਜਾਂਦੀ ਹੈ। ਇਹ ਆਸ ਨਾਮ ਵਿਚ ਲੈ ਆਉਂਦੀ ਹੈ, ਨਾਮ ਦਾ ਅਭਿਆਸ ਅੰਦਰ ਆਧਾਰ ਬਣ ਜਾਂਦਾ ਹੈ। ਵਾਹਿਗੁਰੂ ਜੀ ਦੀ ਹਜ਼ੂਰੀ ਭਾਸਣ ਲਗ ਜਾਂਦੀ ਹੈ, ਫੇਰ ਅਰਦਾਸ ਨੂੰ ਬੀ ਜੀ ਕਰਦਾ ਹੈ। ਇਥੇ ਜੋ ਉਪਦੇਸ਼ ਦਿੱਤਾ ਹੈ ਰਹਾਉ ਦੀਆਂ ਤੁਕਾਂ ਵਿਚ ਹੈ ਤੇ ਅਰਦਾਸ ਦੀ ਸ਼ਕਲ ਵਿਚ ਹੈ। ਗੋਇਆ ਨਾਮ ਜਪਣੇ ਵਾਲਾ ਅਪਣੇ ਅਵਗੁਣਾਂ ਦੀ ਨਵਿਰਤੀ ਲਈ ਨਾਮ ਜਪਣ ਲਗ ਪਿਆ ਹੈ ਤੇ ਨਾਮ ਜਪਦਾ ਪ੍ਰਤੀਤ ਕਰ ਰਿਹਾ ਹੈ ਕਿ ਮੇਰੇ ਅੰਦਰ ਠਾਹਰ ਬੱਝ ਗਈ ਹੈ, ਤੇ ਉਹ ਹਜ਼ੂਰੀ ਵਿਚ ਖੜਾ ਕਹਿ ਰਿਹਾ ਹੈ ਕਿ ਮੈਨੂੰ ਤੇਰਾ ਨਾਮ ਬਚਾ ਰਿਹਾ ਹੈ। ਗੋਇਆ ਨਾਮ ਨੇ, ਉਹ ਜੋ ਸਾਂਈਆਂ ਜੀਉ ਨਾਲ ਸੰਗ ਪੈ ਗਈ ਸੀ, ਦੂਰ ਕਰ ਦਿੱਤੀ ਹੈ। ਹੁਣ ਨਾਮ ਦੇ ਨਾਲ ਅਰਦਾਸ ਤੇ ਹਜ਼ੂਰੀ ਵਿਚ ਪ੍ਰਤੀਤੀ ਦਾ ਭਾਵ ਬੀ ਉਪਜ ਪਿਆ ਹੈ। ਹੁਣ ਨਿਸ਼ਚਾ ਬੱਝ ਖੜੋਤਾ ਹੈ ਕਿ ਜਿਸ ਦਾ ਆਧਾਰ ਏਥੇ ਪ੍ਰਤੱਖ ਬਣ ਗਿਆ ਹੈ, ਉਸ ਦਾ ਅਸਰ ਕਿ ਪਰਲੋਕ ਵਿਚ

ਤਾਰੇਗਾ, ਉਸ ਲਈ ਪੱਕੀ ਆਸ ਉਪਜ ਪਈ ਹੈ।

ਇਸ ਸ਼ਬਦ ਵਿਚ ਜੋ ਅਵਗੁਣ ਜੀਵ ਦੇ ਗਿਣੇ ਹਨ, ਉਹਨਾਂ ਦੀ ਵੰਡ ਦੋ ਵਿਚ ਹੈ, ਇਕ ਤਾਂ ਉਹ ਹਨ ਜੋ ਕੁਦਰਤੀ ਭੁੱਖਾਂ ਅੰਦਰ ਹਨ, ਦੂਜੇ ਉਹ ਹਨ ਜੋ ਉਹਨਾਂ ਭੁੱਖਾਂ ਆਦਿ ਨੂੰ ਅਪਣੀ ਲੋੜ ਤੋਂ ਵਧੀਕ ਪ੍ਰਾਪਤ ਕਰਨ ਦੀ ਤ੍ਰਿਸ਼ਨਾ ਮਈ ਕਮਜ਼ੋਰੀ ਨਾਲ ਧਾਰਨ ਕਰਕੇ ਗੁਨਹਗਾਰ ਹੋਈ ਜਾਈਦਾ ਹੈ। ਉਹਨਾਂ ਦੀ ਵੀਚਾਰ ਐਉਂ ਹੈ :-

੧. ਪਹਿਲਾਂ ਕੁਦਰਤੀ ਖਾਹਸ਼ਾਂ ਨੂੰ ਲੈਂਦੇ ਹਨ। ਲਬ ਅਸਲ ਵਿਚ ਇਕ ਮਨ ਦੀ ਗ੍ਰਹਣ ਇੱਛਾ ਹੈ। ਹਰ ਚੀਜ਼ ਨੂੰ ਲੈਣ ਦੀ ਇਛਾ ਜੀਵ ਦਾ ਸੁਭਾਵ ਹੈ ਤੇ ਇਹ ਸੁਭਾਵ ਕੁਦਰਤੀ ਲੋੜਾਂ ਤੋਂ ਉਪਜਦਾ ਹੈ, ਜਿਸ ਨੂੰ ਯੋਗ ਹੱਦਾਂ ਤੋਂ ਵਧਾ ਲਈਦਾ ਹੈ ਤਦੋਂ ਇਹ ਲਬ ਯਾ ਲੋਭ ਕਰੀਦਾ ਹੈ। ਭੁਖ ਤ੍ਰਿਖਾ ਤੋਂ ਭਾਵ ਕੁਦਰਤੀ ਲੋੜਾਂ ਹਨ, ਪਰ ਇਹ ਲੋੜ ਦੀ ਹੱਦ ਤੋਂ ਟੱਪ ਜਾਂਦੀਆਂ ਹਨ, ਤਦ (ਖ਼ਿਆਲ) ਤੁੰਦ ਹੋ ਜਾਂਦੀਆਂ ਹਨ, ਹੱਦ ਬੰਨੇ ਟੱਪ ਕੇ ਸ਼ਿਕਾਰੀ ਪਸ਼ੂ ਦੀ ਤਰ੍ਹਾਂ ਰੋਕ ਯਾ ਹੱਦ ਵਿਚ ਨਹੀਂ ਰਹਿੰਦੀਆਂ। ਸੋ ਇਨ੍ਹਾਂ ਦੇ ਪੂਰਨ ਹਿਤ ਜੀਵ, ਵਾਹਿਗੁਰੂ ਦੀ ਸਿਖਯਾ ਦੀ ਪਰਵਾਹ ਬੀ ਨਹੀਂ ਕਰਦਾ, ਸ਼ੁਭ ਅਮਲਾਂ ਤੋਂ ਬੀ ਸਿਰ ਫੇਰਦਾ ਹੈ। ਬੁੱਧੀ ਵਾਲਾ ਹੋਣ ਕਰਕੇ ਚਲਾਕੀਆਂ ਵਰਤਦਾ ਹੈ, ਤੇ ਝੂਠ ਦਾ ਆਸਰਾ ਲੈਂਦਾ ਹੈ, ਠੱਗੀ ਕਰਦਾ ਹੈ। ਵਪਾਰ, ਮਜ਼ੂਰੀ, ਖੇਤੀ ਸਭ ਕਮਾਮ ਵਿਚ ਠੱਗੀ ਕਮਾਉਂਦਾ ਹੈ। ਪਰ-ਘਰ ਤੱਕਣ ਵਾਲਾ ਚੋਰ, ਕਾਮ ਵਿਚ ਮਸਤ, ਲੋੜ ਅਟਕੇ ਤਾਂ ਕ੍ਰੋਧ ਵਿਚ ਬੇਵਸਾ ਹੋ ਜਾਂਦਾ ਹੈ। ਯਾ ਨਿੰਦਾ ਕਰਕੇ ਦੂਜੇ ਦੀ ਹਾਨੀ ਕਰਦਾ ਹੈ। ਖ਼ੁਦਗਰਜ਼ੀ ਵਿਚ ਵਧ ਵਧ ਕੇ ਅਪਣੇ ਉਪਕਾਰੀਆਂ ਨਾਲ ਅਕ੍ਰਿਤਘਣ ਹੋ ਜਾਂਦਾ ਹੈ। ਗੱਲ ਕੀ ਦੁਸ਼ਟਾਈ ਆਦਿ ਸਾਰੇ ਐਬ ਸੁਰਤ ਵਿਚ ਵੜਕੇ ਇਸ ਨੂੰ ਮਹਾਂ ਪਾਪੀ ਬਣਾ ਲੈਂਦੇ ਹਨ। ਇਸ ਹਾਲਤ ਦਾ ਦਾਰੂ ਨਾਮ ਦੱਸਿਆ ਹੈ, ਜੋ ਜਪਿਆਂ ਅੰਦਰ ਪ੍ਰਵੇਸ਼ ਕਰਦਾ ਹੈ ਤੇ ਕੁਦਰਤੀ ਲੋੜਾਂ ਨੂੰ ਹੱਦ ਬੰਨੇ ਵਿਚ ਕਰ ਦੇਂਦਾ ਹੈ। ਫੇਰ ਝੂਠ ਠੱਗੀ ਆਦਿ ਉਪਰ ਗਿਣੇ ਅਵਗੁਣ ਅਪਣੇ ਆਪ ਝੜ ਝੜ ਪੈਂਦੇ ਹਨ। ਨਾਮ ਪਹਿਲਾਂ ਸੁਰਤ ਨੂੰ ਪਾਪ ਕਰਮਾਂ ਵਿਚੋਂ ਖਿੱਚ ਲੈਂਦਾ ਹੈ, ਗੁਰੂ ਦੀ ਫੁਰਮਾਈ ਵੀਚਾਰ ਹਰ ਗਲ ਦਾ ਹਾਨ ਲਾਭ ਦਿਖਾ ਦੇਂਦੀ ਹੈ। ਨਾਮ ਫੇਰ ਆਪੇ ਵਿਚ ਕੱਠਾ ਕਰਦਾ ਹੈ, ਸਹਿਜੇ ਸਹਿਜੇ ਆਪੇ ਨੂੰ ਆਪੇ ਦਾ ਰਸ ਆਉਣ ਲਗ ਪੈਂਦਾ ਹੈ। ਨਾਮ ਕਿਉਂਕਿ ਰਬ ਜੀ ਦਾ ਹੁੰਦਾ ਹੈ ਧਿਆਨ ਰਬ ਜੀ ਵਲ ਜਾਂਦਾ ਹੈ, ਉਹਨਾਂ ਦੇ ਗੁਣਾਨਵਾਦ ਵਿਚ ਲਗਦਾ ਹੈ, ਗੁਣ ਗਾਇਨ ਨਾਲ, ਕੀਤਿਆਂ ਦੀ ਮੈਲ ਲੱਥਦੀ ਹੈ, ਆਪਾ ਆਪੇ ਵਿਚ ਚਮਕਦਾ ਹੈ, ਸਾਈਂ ਦੀ ਅਨੁਗ੍ਰਹ ਹੁੰਦੀ ਹੈ, ਜਿਸ ਦਾ ਹੋ ਰਹਿੰਦਾ ਹੈ ਉਸ ਨੂੰ ਬਿਰਦ ਦੀ ਲਾਜ ਪੈਂਦੀ ਹੈ। ਫਿਰ ਇਹ ਵਾਹਿਗੁਰੂ ਨਾਮ ਤੋਂ ਵਾਹਿਗੁਰੂ ਵਿਚ ਲੀਨ ਹੋਣ ਲਗ ਜਾਂਦਾ ਹੈ। ਗਲ ਕੀ ਨਾਮ ਦਾ ਆਧਾਰ ਇਸ ਨੂੰ ਸਾਈਂ ਵਿਚ ਮੇਲ ਦੇਂਦਾ ਹੈ।

ਵਿਸ਼ੇਸ਼-ਇਹ ਕਥਾ ਬੀ ਪੁਰਾਤਣ ਚਲੀ ਆਉਂਦੀ ਹੈ ਕਿ ਸ੍ਰੀ ਗੁਰੂ ਜੀ ਨੇ ਇਕ ਸਮੇਂ ਸਿਖੀ ਦੀ ਪਰਖਣਾ ਕੀਤੀ ਸੀ ਕਿ ਕੌਣ ਕੌਣ ਸਿਖੀ ਧਾਰਨ ਲਈ ਆਉਂਦੇ ਹਨ ਤੇ ਕੌਣ ਕੌਣ ਖਾਣ ਪੀਣ ਵਿਹਲੇ ਰਹਿਣ ਲਈ ਆਏ ਹਨ। ਤੇ ਜੋ ਭਲੇ ਹਨ, ਚੰਗੇ ਹਨ, ਲਗੇ ਹੋਏ ਹਨ ਉਹਨਾਂ ਵਿਚੋਂ ਕੌਣ ਅਤੀ ਉੱਤਮ ਹੈ ਯਾ ਹਨ। ਤਦੋਂ ਆਪ ਨੇ ਸਚਮੁਚ ਧਾਣਕ ਦਾ ਰੂਪ ਧਾਰਣ ਕਰਕੇ ਸਿਖੀ ਦੀ ਪਰਖਣਾ ਕੀਤੀ ਸੀ। ਇਹ ਸ਼ਬਦ ਤਦੋਂ ਦਾ ਉਚਾਰਤ ਹੈ। ਸ਼ਬਦ ਹੈ ਤਾਂ ਧਾਣਕ ਰੂਪ ਦਾ ਪਰ ਕੋਈ ਸੂੰਹ ਇਸ ਤੋਂ ਵੱਧ ਨਹੀਂ ਪੈਂਦੀ। ਸ਼ਬਦ ਵਿਚ ਅਵਗੁਣ ਗਿਣੇ ਹਨ, ਉਹਨਾਂ ਦੀ ਸਦਰਸ਼ਤਾ ਧਾਣਕ ਦੇ ਵਰਤਾਰਿਆਂ ਨਾਲ ਕੀਤੀ ਹੈ। ਆਪ ਨੂੰ ਨੀਵਾਂ ਦੱਸਕੇ ਸਾਡੇ ਨੀਵੇਂ ਪਨ ਦੇ ਅਹਿਸਾਸ ਨੂੰ ਜਗਾਇਆ ਹੈ ਤੇ ਅਪਣੇ ਅਵਗੁਣਾਂ ਦੇ ਅਹਿਸਾਸ ਵਾਲੇ ਨਿਰਾਸ ਹੋਏ ਬੰਦੇ ਨੂੰ ਆਸ ਬਨ੍ਹਾਈ ਹੈ। ਜੈਸਾ ਕਿ ਤੀਸਰੇ ਸਤਿਗੁਰਾਂ ਨੇ ਇਕ ਸ਼ਲੋਕ ਵਿਚ ਆਸ ਬੰਨ੍ਹਾਈ ਹੈ :-

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥

ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥
ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥ ੪ ॥ (ਵਾ: ਤੇ ਵਧੀਕ ਸ: ਮ:-੩)

ਪਾਪਾਂ ਦੀ ਨਵਿਰਤੀ ਦਾ ਉਪਾਉ ਨਾਮ ਹੈ, ਇਹ ਗਲ ਸ੍ਰੀ ਗੁਰੂ ਜੀ ਜਪੁਜੀ ਸਾਹਿਬ ਵਿਚ ਬੀ ਦੱਸ ਆਏ ਹਨ :-

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁਜੀ - ੨੦)

ਨਾਮ ਦੇ ਜਪਣ ਵਾਲੇ ਅਪਣੇ ਪਹਿਲੇ ਬਣ ਗਏ ਸੁਭਾਵ ਵਸ਼ਿ ਕਦੇ ਕਦੇ ਭੁੱਲ ਕਰ ਬੈਠਦੇ ਹਨ, ਉਹਨਾਂ ਲਈ ਇਸ ਸ਼ਬਦ ਵਿਚ ਹੋਰ ਸਿਖਜਾ ਬੀ ਹਨ। ਯਥਾ :-

ਅਪਣੇ ਅੰਦਰ ਝਾਤੀ ਮਾਰਦੇ ਰਿਹਾ ਕਰੋ ਤੇ ਅੰਦਰ ਜੋ ਮਾੜੇ ਪਨ ਦੇ ਬੀਜ ਦਿੱਸਣ ਉਹਨਾਂ ਨੂੰ ਕੱਢਦੇ ਰਿਹਾ ਕਰੋ ਤੇ ਉਹਨਾਂ ਦੇ ਕੱਢਣ ਵਿਚ ਆਪਣੇ ਤਾਨ ਦੇ ਨਾਲ ਅਰਦਾਸ ਕਰਿਆ ਕਰੋ। ਆਰਦਾਸ ਵਿਚ ਭੁੱਲਾਂ ਦਾ ਇਕਰਾਰ ਕਰਿਆ ਕਰੋ ਤੇ ਭੁੱਲਾਂ ਕਰਦੇ ਕਦੇ ਨਿਰਾਸ ਨਾ ਹੋਇਆ ਕਰੋ, ਨਾਮ ਤੇ ਦ੍ਰਿੜ ਵਿਸ਼ਵਾਸ ਧਾਰਕੇ ਨਾਮ ਜਪਦੇ ਰਿਹਾ ਕਰੋ ਕਿ ਏਹ ਤਾਰੇਗਾ, ਸਾਰੇ ਅਵਗੁਣ ਧੋ ਕੱਢੇਗਾ ਤੇ ਚਰਨ ਸ਼ਰਨ ਲੈ ਜਾਏਗਾ।

ਨਿਰੁਕ੍ਤ-ਸੁਆਨੁ- (ਸੰਸ:, ਸ੍ਵਾਨ:) ਕੁੱਤਾ। ਭਾਵ ਹੈ ਲੋਭ ਤੋਂ।

ਸੁਆਨੀ - ਕੁੱਤੀ। ਇਥੇ ਇਹ ਬਹੂ ਵਚਨ ਹੈ ਤੇ ਸੁਆਨੁ ਦਾ ਇਸਤ੍ਰੀ ਲਿੰਗ ਹੈ। ਕੁਤੀਆਂ ਤੋ ਭਾਵ ਭੁੱਖ ਤੇ ਤ੍ਰਿਖਾ ਹੈ। ਜੈਸਾ ਕਿ ਵਾਕ ਹੈ :-

ਭੁਖ ਤਿਖਾ ਦੁਇ ਭਉਕੀਆ ॥ (ਵਾਰ ਮਾਝ ਮ:੧-੧੭)

ਭਉਕਣਾਂ ਕਰਮ ਕੁੱਤੇ ਕੁੱਤੀ ਦਾ ਹੈ। ਲੋਭ ਨੂੰ ਕੁੱਤਾ ਪਿੱਛੇ ਚਉਥੇ ਸ਼ਬਦ ਵਿਚ ਕਹਿ ਆਏ ਹਨ ਯਥਾ :- **ਲਬੁ ਕੁਤਾ ਕੂੜੁ ਚੂਹੜਾ ॥** (ਸਿਰੀ ਰਾਗੁ ਮ: ੧-੪)

'ਆਸਾ ਤ੍ਰਿਸ਼ਨਾ' ਭੀ ਇਸ ਦਾ ਭਾਵ ਲੈਂਦੇ ਹਨ।

ਭਲਕੇ -(ਪੰ:,) ਸਵੇਰੇ। ਕਲ ਜੋ ਆਉਣ ਵਾਲਾ ਹੋਵੇ ਉਹ ਯਾ ਉਸਦਾ ਪ੍ਰਾਤਹਕਾਲ।

ਬਇਆਲਿ - (ਸੰਸ:, ਵਜਾਲ = ਵਹਿਸ਼ੀ, ਹਿੰਸਕ ਜੰਤੂ, ਭਿਆਨਕ) ਹਿੰਸਕ ਜੰਤੂ ਵਾਂਙੂ। ਭਜਾਨਕ ਸ਼ਬਦ ਨਾਲ (ਬੋਲ ਪੈਂਦੇ ਹਨ)।

(ਅ) ਬਇਆਲ ਦਾ ਰੂਪਾਂਤ੍ਰ 'ਬਯਾਰ' ਸਮਝਕੇ 'ਪਉਣ' ਬੀ ਕਰ ਲੈਂਦੇ ਹਨ ਤੇ 'ਸਵੇਰਾ' ਬੀ ਕਰਦੇ ਹਨ।

ਛੁਰਾ - (ਸੰਸ:, ਕੁਸਰ:) ਛੁਰਾ। ਪ੍ਰਸਿਧ ਹਥਿਆਰ ਹੈ ਜੀਵ ਘਾਤ ਕਰਨੇ ਦਾ। ਭਾਵ ਆਪੇ ਹੀ ਦੱਸਿਆ ਹੈ ਕਿ ਕੂੜ ਰੂਪੀ ਛੁਰਾ ਮੇਰੇ ਪਾਸ ਹੈ।

ਮੁਠਾ - (ਸੰਸ:, ਧਾਤੁ, ਮੁਖ਼ ਤੋਂ) ਮੁਹ ਕੇ ਯਾ ਠੱਗ ਕੇ ਲੀਤਾ ਹੋਇਆ।

ਮੁਰਦਾਰੁ-(ਫ਼ਾ:,) ਮੁਰਦੇ ਜਾਨਵਰ ਦਾ ਮਾਸ। ਭਾਵ ਆਪ ਹੀ ਦੱਸਿਆ ਹੈ ਕਿ ਠੱਗ ਕੇ ਲੀਤਾ ਹੋਇਆ ਜੋ ਕੁਛ ਬੀ ਹੈ ਸਭ ਮੁਰਦਾਰ ਤੁੱਲ ਹੈ। ਸਿਰੀ ਰਾਗੁ ਦੇ ਸ਼ਬਦ ਚਉਥੇ ਵਿਚ ਬੀ ਪਿੱਛੇ ਦੱਸਿਆ ਹੈ:- **ਠਗਿ ਖਾਧਾ ਮੁਰਦਾਰੁ ॥**

ਧਾਣਕ - (ਸੰਸ:, ਧਾਨੁਖ਼ਕ: ਪ੍ਰਾ:, ਧਾਣਕ । (ਹਿੰਦੀ, ਧਾਨਕ। ਪੰ:, ਧਾਣਕ) ਧਨੁਖ ਤੀਰ ਆਸਰੇ ਸ਼ਿਕਾਰ ਕਰਕੇ ਜੋ ਨਿਰਬਾਹ ਕਰਨ ਉਹ ਜਾਤੀਆਂ, ਜੈਸਾ ਕਿ ਭੀਲ ਕਿਰਾਤ ਲੋਕੀ। ਪੰਜਾਬ ਵਿਚ ਇਕ ਹੋਰ ਬੀ ਨੀਵੀਂ ਜਾਤ ਦਾ ਨਾਉਂ ਹੈ ਜੋ ਬਹੁਤ ਮਲੀਨ ਰਹਿੰਦੇ ਹਨ, ਤੀਰ ਕਮਾਨ ਰਖਦੇ

ਗੋਹਾਂ ਆਦਿ ਮਾਰ ਸ਼ਿਕਾਰ ਕਰਕੇ ਨਿਰਬਾਹ ਕਰਦੇ ਸਨ। ਇਸ ਸ਼ਬਦ ਤੋਂ ਬੀ ਪਤਾ ਚਲਦਾ ਹੈ ਕਿ ਉਹ ਚੋਰੀ ਠੱਗੀ ਬੀ ਕਰਦੇ ਸਨ।

ਪੰਦਿ– (ਫ਼ਾ:, ਪੰਦ) ਸਿਖਯਾ, ਨਸੀਹਤ।

ਬਿਗੜੈ ਰੂਪਿ – ਵਿਗੜੇ ਹੋਏ ਰੂਪ ਵਿਚ। ਮੈਲ ਕੁਚੈਲ ਵਿਚ।

ਬਿਕਰਾਲ – (ਸੰਸ:, ਵਿਕਰਾਲ) ਬਹੁਤ ਭੈ ਦਾਇਕ। ਡਰਾਉਣਾ।

ਜੋਹੀ – (ਫ਼ਾ:, ਜੋਈਦਨ = ਲੱਭਣਾ। ਸੰਸ:, ਜੁਖ਼ = ਪੜਤਾਲਨਾ। ਪੁ: ਪੰ:, ਜੋਹਨਾ = ਤੱਕਣਾਂ, ਢੂੰਡਣਾ) ਤੱਕਣ ਵਾਲਾ। ਭੈੜੇ ਸੰਕਲਪ ਨਾਲ ਤਾੜ ਰੱਖਣ ਵਾਲਾ। 'ਪਰ ਘਰੁ ਜੋਹੀ' ਦੇ ਦੋ ਭਾਵ ਹੋ ਸਕਦੇ ਹਨ :- ੧. ਪਰਾਈ ਇਸਤ੍ਰੀ ਵਲ ਤੱਕਣਾ। ੨. ਪਰਾਏ ਘਰ ਦੀ ਚੋਰੀ ਲਈ ਤਾੜਨਾ। ਏਥੇ ਭਾਵ ਦੂਸਰਾ ਹੈ ਪਹਿਲਾ ਨਹੀਂ, ਕਿਉਂਕਿ ਅਗਲੀ ਤੁਕ ਵਿਚ ਕਾਮ ਦਾ ਵੱਖਰਾ ਜ਼ਿਕਰ ਆਉਂਦਾ ਏ।

ਸਨਾਤਿ – (ਸੰਸ:, ਸਨਾਤਨ = ਪੁਰਾਣਾ[1]। ਅ:,ਸ਼ਨਾਤ = ਵੈਰੀ) ਚਾਰ ਵਰਣਾਂ ਤੋਂ ਬਾਹਰ, ਨੀਚ ਜਾਤ। **ਚੰਡਾਲ**– (ਸੰਸ:, ਚੰਡਾਲ = ਇਕ ਨੀਚ ਕੌਮ) ਚੰਡਾਲ।

ਮਲੂਕੀ– (ਅ:, ਮਲਕ = ਪਾਤਸ਼ਾਹ। ਮਲੂਕ = ਮਲਕ ਦਾ ਬਹੁ ਵਚਨ। ਪੰਜਾ:, ਮਲੂਕ = ਸੁਹਲ, ਨੇਕ। ਮਲੂਕੀ = ਮਲੂਕਾਂ ਵਾਲਾ) ਸ਼ਰੀਫ਼ਾਨਾ। ਸਭਯ ਪੁਰਖਾਂ ਵਰਗਾ ਮੁਰਾਦ ਹੈ ਏਥੇ। ਜਾਪਦਾ ਹੈ ਪਿਛਲੇ ਸਮੇਂ ਪੰਜਾਬ ਵਿਚ ਮਲੂਕੀ ਪਦ 'ਸ਼ਾਹਾਨਾ' ਤੇ 'ਸ਼ਰੀਫ਼ਾਨਾ' ਅਰਥਾਂ ਵਿਚ ਵਰਤੀਂਦਾ ਸੀ, ਮਗਰੋਂ ਸੁਹਲ ਦੇ ਅਰਥਾਂ ਵਿਚ ਰਹਿ ਗਿਆ। ਜੈਸਾ ਕਿ ਪੁਰਾਣੀ ਅਖਾਵਤ ਹੈ - 'ਰਾਹਕ ਮਲੂਕ ਤੇ ਵਸਲਾਂ ਦਾ ਉਜਾੜਾ' ਅਰਥਾਤ ਜਦ ਰਾਹਕ ਸੱਭਯ ਹੋ ਜਾਏਗਾ ਤਦ ਬੀ ਗੰਢੇ ਖੂਬ ਖਾਏਗਾ। ਪਰਵਾਹ ਨਹੀਂ ਕਰੇਗਾ ਕਿ ਪਰ੍ਹੇ ਵਿਚ ਬੈਠਿਆਂ ਮੂੰਹ ਵਿਚੋਂ ਮੁਸ਼ਕ ਆਵੇਗੀ।

ਭਾਰੁ– (ਸੰਸ:, ਭਾਰ:) ਬੋਝ, ਭਾਵ ਹੈ ਪਾਪਾਂ ਦਾ ਬੋਝ। ਸਿਆਣਪ ਉਲਟੇ ਪਾਸੇ ਵਰਤੀ ਤਾਂ ਪਾਪਾਂ ਦੇ ਭਾਰ ਹੀ ਸਹੇੜੇ।

ਹਰਾਮ ਖੋਰੁ – (ਅ:,ਹ਼ਰਾਮ ਖ਼ੋਰ।) ਖਾ ਕੇ ਹਰਾਮ ਕਰਨ ਵਾਲਾ। ਆਪਣਾ ਹੋ ਕੇ ਬੁਰਾ ਕਰਨੇ ਵਾਲਾ। ਲੂਣ ਹਰਾਮੀ। ਕ੍ਰਿਤਘਨ। **ਦੁਸ਼ਟ ਚੋਰ**– 'ਫਾਹੀ ਸੁਰਤਿ ਮਲੂਕੀ ਵੇਸੁ' ਆਦਿ ਲੁਕਾ ਕੇ ਕਰਨੇ ਵਾਲੇ ਕੰਮਾਂ ਦੇ ਕਰਨ ਕਰਕੇ 'ਚੋਰ' ਕਿਹਾ ਤੇ ਹੋਰ ਅਵਗੁਣਾਂ ਕਰਕੇ, ਜੋ ਗਿਣੇ ਹਨ, 'ਦੁਸ਼ਟ' ਕਿਹਾ।

ਨੀਚੁ – (ਸੰਸ:, ਨੀਚ) ਨੀਵਾਂ। (ਅ) ਐਉਂ ਬੀ ਲਾਉਂਦੇ ਹਨ 'ਨਾਨਕ ਨੀਚਾਂ ਦਾ ਵੀਚਾਰ ਆਖਦਾ ਹੈ', ਪਰ 'ਨੀਚੁ' ਪਦ ਨੂੰ ਔਂਕੁੜ ਹੈ ਇਸ ਕਰਕੇ ਇਹ 'ਨਾਨਕੁ' ਪਦ ਦਾ ਏਥੇ ਵਿਸ਼ੇਸ਼ਣ ਕਰਕੇ ਵਰਤਿਆ ਹੈ। ਇਸ ਦਾ ਅਰਥ 'ਨਾਨਕ ਨੀਚਾਂ ਦਾ' ਨਹੀਂ ਹੋ ਸਕਦਾ, ਉਸ ਅਰਥ ਲਈ 'ਨੀਚੁ' ਦਾ 'ਚ' ਮੁਕਤਾ ਚਾਹੀਦਾ ਸੀ।

---

[1] ਜਾਪਦਾ ਹੈ ਪੰਜਾਬ ਦੇ ਪਹਿਲੇ ਵਾਸੀਆਂ ਵਿਚੋਂ ਦੇ ਲੋਕਾਂ ਨੂੰ 'ਆਰਯਾ' ਹਮਲਾਆਵਰਾਂ ਨੇ ਸਨਾਤਨ (ਪੁਰਾਣੇ ਰਹਿਣ ਵਾਲੇ) ਕਹਿਕੇ ਪੁਕਾਰਿਆ ਕਿ ਜਿਵੇਂ ਅੰਗ੍ਰੇਜ਼ ਜਿਸ ਦੇਸ ਨੂੰ ਮੱਲ ਲੈਣ ਉਥੋਂ ਦੇ ਵਾਸੀਆਂ ਨੂੰ ਐਬੋਰਿਜਿਨਲ (Aboriginal)(= ਪਹਿਲੋਂ ਦੇ) ਆਖਦੇ ਹਨ। ਤਿਵੇਂ ਉਨ੍ਹਾਂ ਨੇ ਉਨ੍ਹਾਂ ਨੂੰ ਸਨਾਤਨੀ ਆਖਿਆ। ਉਸ ਪਦ 'ਸਨਾਤਨ' ਦਾ ਸਨਾਤ ਰਹਿ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੀ ਪਤਾ ਚਲਦਾ ਹੈ ਕਿ ਚਾਰ ਜਾਤਾਂ ਤੋਂ ਬਾਹਰਲੇ ਨੂੰ ਸਨਾਤੀ ਆਖਦੇ ਸਨ। ਜੈਸਾ ਕਿ ਫੁਰਮਾਨ ਹੈ :-

'ਜਾਤਿ ਕੁਲੀਨੁ ਸੇਵਕੁ ਜੇ ਹੋਇ ॥ ਤਾਕਾ ਕਹਣਾ ਕਹਹੁ ਨਾ ਕੋਇ ॥
ਵਿਚਿ ਸਨਾਂਤੀ ਸੇਵਕੁ ਹੋਇ ॥ ਨਾਨਕ ਪਣੀਆ ਪਹਿਰੈ ਸੋਇ ॥ (ਮਲਾਰ ਮ: ੧-੬)।

(ਸਿਰੀ ਰਾਗੁ ਮਹਲਾ ੧, ਚਉਪਦਾ - ੩੦)

ਪ੍ਰਾਕ੍ਥਨ-ਅਗਲੇ ਸ਼ਬਦ ਵਿਚ, ਪਿਛਲੇ ਸ਼ਬਦ ਦੇ ਪ੍ਰਾਕ੍ਥਨ ਵਿਚ ਦੱਸੀ ਗਲ ਹੋਰ ਸਫੁਟ ਹੋ ਜਾਂਦੀ ਹੈ ਕਿ ਗੁਰੂ ਜੀ ਉੱਤਮ ਪੁਰਖ ਦੁਆਰਾ 'ਮੱਧਮ ਤੇ ਅਨਜ ਪੁਰਖ' ਨੂੰ ਸਰਬਕਾਲੀ ਉਪਦੇਸ਼ ਦੇ ਰਹੇ ਹਨ। ਦੇਖੋ ਜੀਵ ਮਾਤ੍ਰ ਨੂੰ ਕਹਿ ਰਹੇ ਹਨ - 'ਕਾਹੇ ਜੀਅ ਕਰਹਿ ਚਤੁਰਾਈ॥' ਫੇਰ ਜੀਵ ਮਾਤ੍ਰ ਲਈ ਅਰਦਾਸ ਕਰਦੇ ਹਨ - 'ਤੇਰੇ ਜੀਅ ਜੀਆ ਕਾ ਤੋਹਿ ॥' 'ਤੂ ਓਨਾ ਕਾ ਤੇਰੇ ਓਹਿ॥' ਐਉਂ ਜੀਵਾਂ ਲਈ ਅਰਦਾਸ ਕਰਦੇ ਉੱਤਮ ਪੁਰਖ ਵਿਚ ਚਲੇ ਜਾਂਦੇ ਹਨ:- 'ਅਸੀਂ ਬੋਲ ਵਿਗਾੜ ਵਿਗਾੜਹ ਬੋਲ ॥' ਜੋ ਸਿਫਾਰਸ਼ ਜੀਵਾਂ ਦੀ ਤ੍ਰਿਯਾਕਲ ਹੋਕੇ ਕਰ ਰਹੇ ਸਨ, ਹੁਣ ਉਹਨਾਂ ਵਿਚ ਆਪਨੂੰ ਸ਼ਾਮਲ ਕਰਕੇ ਕਰ ਰਹੇ ਹਨ। ਆਪ ਦਾ ਜੀਵਾਂ ਲਈ ਅਮੁੱਕ ਤਰਸ ਆਪ ਨੂੰ ਅਰਦਾਸ ਕਰਨ ਤੇ ਸਾਈਂ ਮਿਹਰ ਮੰਗਣ ਵਿਚ ਲੈ ਗਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ੪ ॥	
ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥	ਜਿਤਨੇ ਜੀਵ (ਜਗਤ ਵਿਚ) ਹੈਨ (ਸਭ ਦੀ ਸੋਝੀ ਲਈ) ਇਕੋ ਸਮਝ (ਸਭਨਾਂ ਨੂੰ ਦਿਤੀ ਗਈ ਹੈ), ਸਮਝ ਤੋਂ ਖਾਲੀ ਕੋਈ ਬੀ ਨਹੀਂ ਰਚਿਆ ਗਿਆ। ਜੇਹੋ ਜੇਹੀ (ਇਹ) ਸਮਝ (ਹੁੰਦੀ ਹੈ) ਉਹੋ ਜਿਹਾ ਉਹਨਾਂ ਦਾ (ਕੰਮ ਕਰਨ ਦਾ) ਰਸਤਾ ਹੁੰਦਾ ਹੈ। (ਜਦ ਜੇਹੋ ਜੇਹੀ ਸੁਰਤ ਹੁੰਦੀ ਹੈ ਉਹੋ ਜਿਹੇ ਕੰਮ ਹੁੰਦੇ ਹਨ ਤਾਂ ਉਹੋ ਜਿਹੇ ਫਲ ਮਿਲਨੇ ਹੋਏ, ਤਾਂ ਤੇ ਉਹ) ਲੇਖਾ (ਵੀ ਜਿਸ ਅਨੁਸਾਰ ਫਲ ਮਿਲਦਾ ਹੈ) ਇਕੋ ਹੋਇਆ (ਉਸੇ ਲੇਖੇ ਮੂਜਬ ਹੀ ਜੀਵ) ਆਂਵਦੇ ਜਾਂਦੇ (ਭਾਵ ਜੰਮਦੇ ਮਰਦੇ) ਹਨ ॥ ੧ ॥
ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥	(ਤਾਂ ਫੇਰ) ਹੇ ਜੀਵ ! ਤੂੰ (ਅਪਣੀ) ਚਤੁਰਾਈ ਕਿਉਂ ਕਰਦਾ ਹੈਂ ? (ਜਦ ਕਿ ਉਪਰ ਕਥਿਆ ਨਿਯਮ ਯਾ ਤ੍ਰੀਕਾ ਤੈਨੂੰ) ਦੇਣ ਵਿਚ ਤੇ ਤੈਥੋਂ ਲੈਣ ਵਿਚ (ਤਤਪਰ ਹੈ, ਉਹ ਰਤਾ ਬੀ) ਢਿਲ ਮੱਠ ਨਹੀਂ ਕਰਦਾ। (ਤਾਂ ਤੇ ਹੇ ਜੀਵ ਤੂੰ ਚਤੁਰਾਈਆਂ ਨਾ ਸਾੜ ਤੇ ਅਰਦਾਸ ਵਿਚ ਪੈ ਜਾਹ)। (ਜੀਵਾਂ ਨੂੰ ਉਪਦੇਸ਼ ਕਰਕੇ ਹੁਣ ਗੁਰੂ ਜੀ ਜੀਵਾਂ ਲਈ ਆਪ ਅਰਦਾਸ ਕਰਦੇ ਹਨ)॥੧॥ਰਹਾਉ॥
ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥ ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥	ਸਾਹਿਬਾ ! (ਇਹ) ਜੀਵ (ਤੇਰੇ ਕੀਤੇ ਹੋਏ) ਤੇਰੇ (ਅਪਣੇ ਬਚੇ) ਹਨ, (ਅਤੇ ਜੀਆਂ ਦਾ ਖ਼ਾਲਿਕ ਹੋਣੇ ਕਰਕੇ) ਤੂੰ (ਉਹਨਾਂ) ਜੀਵਾਂ ਦਾ ਅਪਣਾ (ਪਿਤਾ) ਹੈਂ, ਫਿਰ ਤੂੰ (ਜੀਵਾਂ ਦੇ ਕੁਕਰਮ ਵੇਖਕੇ) ਗੁੱਸੇ ਵਿਚ ਕਿਉਂ ਆਉਂਦਾ ਹੈਂ ? (ਮੇਰੇ ਜਾਣੇ ਤੂੰ ਗੁੱਸੇ ਵਿਚ ਨਹੀਂ ਆਉਂਦਾ, ਭਲਾ) ਜੇ (ਖਯਾਲ ਕਰ ਲਈਏ) ਕਿ ਤੂੰ ਗੁੱਸੇ ਵਿਚ ਆ ਹੀ ਜਾਂਦਾ ਹੈ (ਫਿਰ ਬੀ) ਤੂੰ ਓਹਨਾਂ ਦਾ (ਪਿਤਾ) ਹੈਂ, ਉਹ ਤੇਰੇ (ਬੱਚੇ) ਹਨ। (ਭਾਵ, ਤੇਰਾ ਗੁੱਸਾ ਪਿਤਾ ਵਾਲਾ ਰਹਮ ਸੰਯੁਕਤ ਗੁੱਸਾ ਹੈ ॥ ੨ ॥ (ਇਹ ਅਰਦਾਸ ਕਰਕੇ ਆਪ ਜੀਵਾਂ ਵਿਚ ਜਾ ਖਲੋਂਦੇ ਹਨ ਤੇ ਆਪ ਨੂੰ ਉਹਨਾਂ ਵਿਚ ਰਲਾ ਕੇ ਅਰਦਾਸ ਕਰਦੇ ਹਨ:) ।

ਅਸੀ ਬੋਲ ਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥ ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥

(ਹੇ ਸਾਹਿਬ !) ਅਸੀਂ (ਅਯੋਗ ਵਾਕ ਕਹਿਕੇ ਵਿਗਾੜ ਕਰ ਲੈਣ ਵਾਲੇ) ਮੂਰਖ ਹਾਂ, (ਤੇ ਉਪਾਲੰਭ ਆਦਿ ਦੇ ਵਾਕ) ਆਖ ਕੇ (ਹੋਰ) ਵਿਗਾੜ ਕਰ ਲੈਂਦੇ ਹਾਂ। (ਪਰ) ਤੂੰ (ਫੇਰ ਬੀ ਸਾਡਾ) ਤੋਲ (ਪਿਤਾ ਵਤ ਅਪਣੀ) ਮੇਹਰ ਦੇ ਅੰਦਰ ਤੋਲਦਾ ਹੈਂ। (ਜੀਵਾਂ ਦੀ ਬੇਵਸੀ ਦੱਸਕੇ, ਜੀਵਾਂ ਲਈ ਅਰਦਾਸ ਕਰਕੇ ਤੇ ਤਰਸ ਮੰਗ ਕੇ ਬੀ ਗੁਰੂ ਜੀ ਜੀਵਾਂ ਦੇ ਅਮਲਾਂ ਨੂੰ ਸ਼ੁਭ ਵੇਖਣਾ ਚਾਹੁੰਦੇ ਹਨ ਇਸ ਲਈ ਸੁਮਤਿ ਦੇਂਦੇ ਹਨ) ਜਿਥੇ (ਕਲਯਾਣਕਾਰੀ) ਸ਼ੁਭ ਕਰਣੀ ਹੈ ਉੱਥੇ ਹੀ ਪੂਰੀ ਮਤਿ ਹੈ, (ਇਸ) ਸ਼ੁਭ ਕਰਣੀ ਤੋਂ ਬਿਨਾਂ (ਬੁਧੀ ਮੱਤਾ ਬੀ) ਘਟ (ਹੋ ਜਾਂਦੀ ਹੈ ਤੇ ਹੋਰ) ਘਟਦੀ ਜਾਂਦੀ ਹੈ ॥ ੩ ॥

(ਜਿਸ ਵਿਚ ਪੂਰੀ ਮਤਿ ਹੋਵੇ ਉਹ ਕੌਣ ਹੁੰਦਾ ਹੈ ? ਗ੍ਯਾਨੀ। ਸੋ ਹੁਣ ਗ੍ਯਾਨੀ ਦੇ ਲੱਛਣ ਤੇ ਗ੍ਯਾਨੀ ਬਣਨ ਦਾ ਤਰੀਕਾ ਤੇ ਉਸ ਨੂੰ ਪ੍ਰਾਪਤ ਕੀਹ ਹੁੰਦਾ ਹੈ, ਦੱਸ ਕੇ ਜੀਵ ਨੂੰ ਕਲਯਾਨ ਮਾਰਗ ਸਮਝਾ ਦੇਂਦੇ ਹਨ ਤੇ ਪਹਿਲੇ ਅੰਕ ਵਿਚ ਏਕਾ ਸੁਰਤਿ ਵਾਲੀ ਸੁੱਟੀ ਸੈਨਤ ਨੂੰ ਬੀ ਹੱਲ ਕਰ ਜਾਂਦੇ ਹਨ ਕਿ ਉਸ ਵਿਚ ਜੋ ਹਉਂ ਹੈ ਉਸ ਤੋਂ ਗ੍ਯਾਨ ਦੁਆਰਾ ਉੱਚੇ ਉਠੋ)।

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥

(ਗੁਰੂ) ਨਾਨਕ (ਦੇਵ ਜੀ ਦੀ) ਬੇਨਤੀ ਹੈ, (ਭਾਵ ਸਨਿੰਮਰ ਹੋਕੇ ਆਖਦੇ ਹਨ ਕਿ ਪੂਰੀ ਮਤਿ ਵਾਲਾ ਅਰਥਾਤ) ਗਿਆਨੀ ਕਿਹੋ ਜੇਹਾ ਹੁੰਦਾ ਹੈ? (ਉੱਤਰ:) ਜੋ ਆਪ ਨੂੰ (ਹਉਂ ਤੋਂ ਨਿਖੇੜ ਕੇ ਆਤਮ ਸਰੂਪ) ਪਛਾਣ ਲਵੇ (ਉਹ ਫੇਰ) ਉਸ (= ਸਾਹਿਬ) ਨੂੰ ਬੀ ਲੱਖ ਲਵੇਗਾ। (ਇਹ ਪਛਾਣ ਤੇ ਬੂਝ ਕਿਵੇਂ ਪ੍ਰਾਪਤ ਹੋਵੇ ? ਉੱਤਰ :) ਗੁਰੂ ਦੀ ਕ੍ਰਿਪਾ (ਪ੍ਰਾਪਤ ਕਰੇ ਤੇ ਉਸ ਦੁਆਰਾ) ਵੀਚਾਰ ਕਰਿਆ ਕਰੇ। (ਐਉਂ ਗ੍ਯਾਨ ਪ੍ਰਾਪਤ ਹੋਇਆਂ) ਗ੍ਯਾਨੀ ਦਰਗਾਹ ਵਿਚ ਪਰਵਾਣ ਹੋਵੇਗਾ ॥ ੪ ॥ ੩੦ ॥

ਵ੍ਯਾਖ੍ਯਾ—ਇਸ ਸ਼ਬਦ ਦੇ ਵਿਚ ਕਈ ਵਿਸ਼ੇ ਇਕ ਗੋਂਦ ਵਿਚ ਹਨ, ਉਹਨਾਂ ਦੇ ਸਫੁਟ ਸਮਝਣੇ ਲਈ ਇਕ ਖੁੱਲ੍ਹਾ ਅਨੁਵਾਦ ਇਸ ਪ੍ਰਕਾਰ ਹੈ :-

ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥

ਜਿਤਨੇ ਜੀਵ ਜਗਤ ਵਿਚ ਹੈਨ (ਸਭ ਨੂੰ ਅਗੁਵਾਨੀ ਲਈ) ਇਕ (ਸੁਰਤ=) ਸਮਝ (ਦਿਤੀ ਗਈ) ਹੈ। (ਇਸ) ਸੁਰਤਿ ਤੋਂ ਖਾਲੀ ਕੋਈ ਜੀਵ ਨਹੀਂ ਰਚਿਆ ਗਿਆ। (ਇਹ ਸੁਰਤਿ ਸ਼ੁਧ ਚੇਤਨਾ ਨਹੀਂ, ਇਹ ਮੈਂ ਮੇਰੀ ਵਾਲੀ ਗ੍ਯਾਤ ਹੈ, ਜਿਸ ਦਾ ਖਾਸ ਅੰਗ ਆਪਣੇ ਸਰੀਰ ਦੀ ਪਾਲਣਾ ਤੇ ਰਖ੍ਯਾ ਆਦਿ ਹੈ ਇਸ ਕਰਕੇ ਤਾਂ ਇਹ ਸੁਰਤਿ ਸਭ ਦੀ ਇਕੋ ਹੈ। ਪਰ ਹਰੇਕ ਦੀ ਮੈਂ ਮੇਰੀ ਭਿੰਨ ਭਿੰਨ ਰੰਗਾਂ ਵਾਲੀ ਹੈ ਇਸ ਕਰਕੇ ਇਹ ਅਨੇਕਾਂ ਤਰ੍ਹਾਂ ਦੀ ਹੈ)।

ਜੇਹੀ ਸੁਰਤਿ ਤੇਹਾ ਤਿਨ ਰਾਹੁ॥

(ਸੋ) ਜਿਸ ਜਿਸ ਤਰ੍ਹਾਂ ਦੀ (ਕਿਸੇ ਦੀ) ਸੁਰਤਿ ਹੈ ਉਸ ਉਸ ਤਰ੍ਹਾਂ ਦਾ ਉਸ ਦਾ ਤ੍ਰੀਕਾ (ਜੀਵਨ ਬਸਰ ਕਰਨੇ ਦਾ ਹੋ ਜਾਂਦਾ) ਹੈ। (ਇਹ ਸਮਝ ਯਾ ਗ੍ਯਾਤ ਸਰੀਰ ਨਾਲ ਅਭੇਦ ਹੋਕੇ ਵਰਤ ਰਹੀ ਹੈ ਤੇ ਆਪਣਾ ਕੰਮ ਆਪਣੇ ਸਰੀਰ ਦੀ ਪਾਲਨਾ, ਸਰੀਰ ਦੀ ਰਖ੍ਯਾ ਤੇ ਹੋਰ ਭੋਗਾਂ ਦਾ ਭੋਗਣਾ

ਸਮਝਦੀ ਹੈ। ਇਨ੍ਹਾਂ ਲੋੜਾਂ ਲਈ ਇਸ ਨੂੰ ਪ੍ਰਯਤਨ ਕਰਨਾ ਪੈਂਦਾ ਹੈ। ਇਹ ਪ੍ਰਯਤਨ ਸ਼ਰੀਰਕ ਲੋੜਾ ਦੇ ਪੂਰਨ ਮਾਤ੍ਰ ਤੇ ਨਹੀਂ ਰਹਿੰਦਾ, ਇਹ ਅਵਗੁਣ ਮਈ ਹੋ ਜਾਂਦਾ ਹੈ, ਜਦੋਂ ਆਪਣੇ ਪਾਲਣ, ਰੱਖਣ ਆਦਿ ਲਈ ਦੂਸਰਿਆਂ ਨੂੰ ਵਾਂਢਣ ਲੱਗ ਜਾਂਦਾ ਹੈ। ਤੇ ਕਦੇ ਇਹ ਇਸ ਤੋਂ ਬੀ ਵਧਕੇ ਦੂਸਰਿਆਂ ਨੂੰ ਹਾਨੀ ਪੁਚਾਉਣ ਤਕ ਅੱਪੜ ਪੈਂਦਾ ਹੈ। ਫਿਰ ਸੁਰਤਿ ਵਿਚ ਇਕ ਹੋਰ ਗਜਾਤ ਮੌਜੂਦ ਹੈ ਜੋ ਆਪਣੇ ਤੇ ਅਯੋਗ ਵਰਤਾਉ ਪਸੰਦ ਨਹੀਂ ਕਰਦੀ। ਇਸ ਤੋਂ ਸੁਤੇ ਇਹ ਸੂਰਤ ਬਣ ਗਈ ਕਿ ਜੇ ਸਾਰੇ ਅਯੋਗ ਵਰਤਾਉ ਨਹੀਂ ਚਾਹੁੰਦੇ ਤਾਂ ਮੇਣਤੀ ਵੀ ਇਕੋ ਹੋ ਗਈ ਜਿਸ ਤੋਂ ਹਰੇਕ ਦੇ ਚਲਨ ਯਾ ਜੀਵਨ ਦੇ ਤਰੀਕੇ ਦੀ ਜੋਖ ਹੋ ਸਕੇ। ਇਸ ਲਈ ਉਸ ਜੋਖ ਅਨੁਸਾਰ) ਲੇਖਾ ਇਕੋ ਹੋ ਗਿਆ (ਹਰੇ

ਲੇਖਾ ਇਕੋ

ਕ ਉਸੇ ਤੇ ਪਿਆ ਤੁਲੇ। ਅਰਥਾਤ ਅਯੋਗ ਵਰਤਾਉ ਵਾਂਛਤ ਵਰਤਾਉ ਨਹੀਂ ਸੋ ਮਾੜਾ ਕਰਮ ਹੈ। ਇਸ ਤੋਲ ਦਾ ਸਿੱਟਾ - ਜੇਹੀ ਕਰਨੀ ਤੇਹੀ ਭਰਨੀ - ਇਕ ਅਸੂਲ

ਆਵਹੁ ਜਾਹੁ॥੧॥

ਵਿਦਿਤ ਹੋ ਪਿਆ। ਇਸ ਮੂਜਬ ਸੰਸਾਰ ਵਿਚ ਜੀਵਾਂ ਦੇ ਪੁਨਰ) ਜਨਮ ਤੇ ਮਰਨ ਦਾ ਹਿਸਾਬ ਕਾਯਮ ਹੋ ਗਿਆ ॥੧॥

ਕਾਹੇ ਜੀਅ ਕਰਹਿ ਚਤੁਰਾਈ॥ ਲੇਵੈ ਦੇਵੈ ਢਿਲ ਨ ਪਾਈ॥੧॥ਰਹਾਉ॥

(ਹੁਣ ਜੀਵ ਨੂੰ ਸਮਝਾਉਂਦੇ ਹਨ ਤੂੰ ਅਯੋਗ ਵਰਤਾਉ ਕਰਨ ਵੇਲੇ) ਚਲਾਕੀਆਂ ਕਿਉਂ ਕਰਦਾ ਹੈਂ, ਜਦ ਕਿ ਤੇਰੇ ਕੀਤੇ ਦਾ ਲੇਖਾ ਲੈਣ ਵਿਚ ਤੇ ਉਸਦਾ ਫਲ ਦੇਣ ਵਿਚ (ਸਾਂਈਂ) ਤਤਪਰ ਹੈ, ਢਿਲ ਮੱਠ ਕੋਈ ਨਹੀਂ ਕਰਦਾ।

(ਜੀਵਾਂ ਦੇ ਕਰਮ ਤੇ ਉਨ੍ਹਾਂ ਅਨੁਸਾਰ ਫਲ ਮਿਲਦੇ ਤੇ ਦੁੱਖ ਵਾਪਰਦੇ ਦੇਖਕੇ ਆਪ ਅਨੰਤ ਤਰਸ ਦੇਘਰ ਵਿਚ ਚਲੇ ਜਾਂਦੇ ਹਨ ਤੇ ਇਹ ਮੰਨਦੇ ਹੋਏ ਕਿ ਜੀਵ ਦੁਖੀ ਆਪਣੇ ਕਰਮਾਂ ਕਰਕੇ ਹੈ ਉਸ ਕਰਤਾਰ ਦੇ ਰਹਮ ਨੂੰ ਵੰਗਾਰ ਪਾਂਉਂਦੇ ਹਨ, ਇਹ ਆਖਕੇ ਕਿ ਏਹ ਜੀਵ ਤੇਰੇ ਹਨ, ਕਿਉਂਕਿ ਤੂੰ ਇਹਨਾਂ ਦਾ ਕਰਤਾਰ ਹੈਂ। ਅਰਥਾਤ ਚਾਹੋ ਇਹਨਾਂ ਨੇ ਸਰੀਰ

ਤੇਰੇ ਜੀਅ ਜੀਆ ਕਾ ਤੋਹਿ॥

ਧਾਰਕੇ ਕਰਮ ਕੀਤੇ ਤੇ ਕਰਮਾਂ ਦਾ ਫਲ ਪਾ ਰਹੇ ਹਨ, ਪਰ ਆਖ਼ਰ ਰਚੇ ਤਾਂ ਤੂੰ ਸਨ।) ਏਹ ਜੀਵ ਤੇਰੇ ਹਨ ਤੂੰ ਇਹਨਾਂ ਦਾ ਹੈਂ। (ਇਹ ਬੱਚੇ ਹਨ ਤੂੰ ਪਿਤਾ ਹੈਂ। ਤੂੰ ਆਪਣੇ

ਕਿਤ ਕਉ ਸਾਹਿਬ ਆਵਹਿ ਰੋਹਿ॥ ਜੇ ਤੂ ਸਾਹਿਬ ਆਵਹਿ ਰੋਹਿ॥ ਤੂ ਓਨਾ ਕਾ ਤੇਰੇ ਓਹਿ॥੨॥

ਪਿਤਾ ਵਾਲੇ 'ਖਿਮਾ-ਸੁਭਾਵ' ਨੂੰ ਦੇਖ, ਇਨ੍ਹਾਂ ਦੇ ਕਰਮਾਂ ਨੂੰ ਨਾ ਦੇਖ। ਇਨ੍ਹਾਂ ਅਲਪੱਗ ਤੇ ਹਉਂ ਨਾਲ ਰਚੇ ਗਇਆਂ ਦੇ ਕੁਕਰਮਾਂ ਵਲ ਨਾ ਦੇਖ ਤੇ ਆਪਦੇ 'ਪਿਤਾ ਬਿਰਦ' ਵਲ ਦੇਖ), ਗੁੱਸੇ ਵਿਚ ਨਾ ਆ (ਤੇ ਦੰਡ ਨਾ ਦੇਹ। ਹਾਂ ਤੇਰਾ ਸੁਭਾਵ ਗੁੱਸਾ ਨਹੀਂ। ਜੇ ਕੋਈ ਕਹੇ ਕਿ) ਗੁੱਸੇ ਵਿਚ ਆ ਜਾਂਦਾ ਹੈਂ (ਤਾਂ ਮੈਨੂੰ ਨਿਸਚਾ ਹੈ ਕਿ) ਤੂੰ ਉਹਨਾਂ ਦਾ ਹੈਂ ਓਹ ਤੇ ਰੇ ਹਨ, (ਤੂੰ ਪਿਤਾ ਹੈਂ ਉਹ ਪੁੱਤ੍ਰ ਹਨ, ਤੂੰ ਜ਼ਰੂਰ ਬਖਸ਼ਿਸ਼ ਵਿਚ ਆਕੇ ਪਿਤਾ ਵਤ ਰਹਮ ਕਰੇਂਗਾ)।

(ਹੁਣ ਆਪ ਇੰਨੇ ਤਰਸ ਵਿਚ ਆਉਂਦੇ ਹਨ ਕਿ ਆਪਣੇ ਆਪਨੂੰ ਉਹਨਾਂ ਅਵਗੁਣੀ ਜੀਵਾਂ ਵਿਚ ਲਿਆ ਖੜਾ ਕਰਦੇ ਹਨ ਤੇ ਸਾਰਿਆਂ ਵਲੋਂ ਸਾਰਿਆਂ ਨੂੰ ਨਾਲ ਲੈ ਅਰਦਾਸ

ਅਸੀ ਬੋਲ ਵਿਗਾੜ ਵਿਗਾੜਹ ਬੋਲ॥

ਕਰਦੇ ਹਨ : ਹੇ ਸਾਹਿਬ !) ਅਸੀਂ ਮੂਰਖ ਹਾਂ। (ਕੈਸੇ ਮੂਰਖ ? ਜੋ ਮੂਰਖਤਾ ਕਰ ਕਰ ਤੇ) ਮੂਰਖਤਾ ਭਰੇ ਵਾਕ ਕਰ ਕਰ ਕੇ ਗਲ ਨੂੰ ਹੋਰ ਵਿਗਾੜ ਲੈਂਦੇ ਹਾਂ। (ਆਜਿਜ਼ ਹੋਕੇ ਖਿਮਾਂ ਨਹੀਂ ਮੰਗਦੇ, ਕੀਤੇ ਦੇ ਫਲ ਭੋਗਦਿਆਂ ਸਗੋਂ ਆਪ ਨੂੰ ਉਪਾਲੰਭ ਦੇਣ ਲਗ ਜਾਂਦੇ ਹਾਂ ਤੇ ਆਪਣੇ ਵਿਗੜੇ ਮਾਮਲੇ ਨੂੰ 'ਹੋਰ ਵਿਗਾੜ ਲੈਂਦੇ ਹਾਂ। ਪਰ ਤੂੰ ਸਾਡਾ ਪਿਤਾ ਹੈਂ, ਠੀਕ ਹੈ ਕਿ ਤੂੰ ਸਾਡੇ ਕਰਮਾਂ

ਅਨੁਸਾਰ ਸਾਡੇ ਦੁਖ ਸੁਖ ਲਈ ਤੋਲ ਤੋਲਦਾ ਹੈਂ ਪਰ ਤੂੰ ਪਿਤਾ ਹੋਣ ਕਰਕੇ) ਇਹ ਤੋਲ ਬੀ ਮੇਹਰ ਦੀ ਦ੍ਰਿਸ਼ਟੀ ਵਿਚ ਤੋਲਦਾ ਹੈਂ। (ਤੂੰ ਗੁੱਸੇ ਵਿਚ ਨਹੀਂ ਆਉਂਦਾ। ਤੂੰ ਨਿਰਾ ਸੁੱਕਾ ਨਿਆਂ ਨਹੀਂ ਕਰਦਾ, ਤੇਰਾ ਨਿਆਂ ਰਹਿਮ ਦਾ ਭਰਿਆ ਹੁੰਦਾ ਹੈ, ਜਿਸ ਦੀ ਜਾਚ ਕੇਵਲ ਤੈਨੂੰ ਹੈ, ਜੀਵਾਂ ਨੂੰ ਨਹੀਂ। ਹਾਂ ਤੂੰ ਨਿਆਂ ਦੀ ਤੱਕੜੀ ਤੇ ਜੋ ਤੋਲ ਤੋਲਦਾ ਹੈਂ ਉਹ - ਨਦਰੀ -ਮੇਹਰ ਦੀ ਦ੍ਰਿਸ਼ਟੀ ਵਾਲਾ ਹੁੰਦਾ ਹੈ, ਮਿਹਰ ਭਰਿਆ ਨਿਆਂ)।

ਤੂ ਨਦਰੀ ਅੰਦਰਿ ਤੋਲਹਿ ਤੋਲ॥

(ਇਹ ਅਰਦਾਸ ਕਰਕੇ ਜੀਵਾਂ ਲਈ ਰਹਮ ਮੰਗ ਕੇ ਫੇਰ ਜੀਵਾਂ ਨੂੰ ਉਸ ਕਰਣੀ ਦਾ ਉਪਦੇਸ਼ ਦੇਂਦੇ ਹਨ, ਜਿਸ ਕਰਣੀ ਨਾਲ ਕਿ ਜੀਵ 'ਹਉਂ ਸੰਯੁਕਤ' ਗਯਾਤ ਤੋਂ ਉਠ ਕੇ 'ਹਉਂ ਰਹਿਤ ਨਿਰਮਲ ਗਯਾਨ' ਵਿਚ ਚੜ੍ਹ ਜਾਣ। ਦੱਸਦੇ ਹਨ ਕਿ ਹੇ ਜੀਵ ਹੋਰ ਚਲਾਕੀਆਂ ਦੀਆਂ ਕਰਨੀਆਂ ਜੋ ਕਰਦਾ ਹੈਂ ਤੇ ਦੁਖ ਪਾਉਂਦਾ ਹੈ, ਉਹ ਕਰਣੀ ਕਰ ਜਿਸ ਨਾਲ ਬੱਧਾ ਛੁਟ ਜਾਵੇਂ) ਇਸ ਕਰਣੀ ਬਿਨਾ ਤੇਰੀ ਮਤਿ ਮਾਰੀ ਜਾ ਰਹੀ ਹੈ. (ਉਹ ਕਰਣੀ ਛੱਡਕੇ) ਉਹ ਕਰਣੀ ਕਰ ਕਿ ਜਿਸ ਨਾਲ ਤੇਰੀ ਮਤਿ, (ਜੋ ਹਉਂ ਕਰਕੇ ਅਧੂਰੀ ਹੋ ਰਹੀ ਹੈ, ਹਉਂ ਨੂੰ ਸਮਝਕੇ) ਸੰਪੂਰਨ ਮਤਿ ਹੋ ਜਾਵੇ। ('**ਹਉਮੈ ਬੂਝੈ ਤਾ ਦਰੁ ਸੂਝੈ**॥(ਵਾਰ ਆਸਾ ਮ: ੧-੨)) ਹੋ ਜਾਵੇ। (ਫੇਰ ਦੱਸਦੇ ਹਨ ਕਿ ਜਦ ਮਤਿ ਪੂਰੀ ਹੋ ਜਾਏਗੀ ਤਾਂ ਕੀਹ ਹੋਵੇਗਾ ? ਕਿ ਤੂੰ) ਗਯਾਨੀ ਹੋ ਜਾਏਗਾਂ। ਤੈਨੂੰ ਆਪੇ ਦੀ ਸੋਝੀ' ਤੇ ਆਪਣੇ ਰਚਣਹਾਰ ਦੀ ਸੋਝੀ ਆ ਜਾਏਗੀ। (ਹਾਂ ਤੂੰ 'ਆਪੁ ਪਛਾਣੈ ਬੂਝੈ ਸੋਇ' ਵਿਚ ਹੋ ਜਾਏਂਗਾ। ਤੈਨੂੰ ਆਤਮ ਤੇ ਪਰਮਾਤਮ ਲੱਖਤਾ ਹੋ ਜਾਏਗੀ। ਇਹ ਪ੍ਰਾਪਤੀ ਕਿਵੇਂ ਹੋਵੇ? ਇਹ ਇਕ ਪ੍ਰਸ਼ਨ ਏਥੇ ਸੁਤੇ ਹੀ ਹੁੰਦਾ ਹੈ। ਫੁਰਮਾਉਂਦੇ ਹਨ:) ਕਿ ਗੁਰੂ ਨੂੰ ਪ੍ਰਾਪਤ ਹੋ, ਉਸ ਦੀ ਕ੍ਰਿਪਾ ਦਾ ਪਾਤ੍ਰ ਬਣ, ਉਸ ਦੀ ਦਿੱਤੀ ਮਤਿ ਅਨੁਸਾਰ ਵੀਚਾਰ ਕਰ (ਆਤਮ ਅਨਾਤਮ ਦਾ ਵਿਵੇਕ ਪੈਦਾ ਕਰ। ਐਸਾ ਕਰਨੇ ਨਾਲ ਤੈਨੂੰ ਐਸਾ ਗਯਾਨ ਪ੍ਰਾਪਤ ਹੋਵੇਗਾ ਕਿ ਤੂੰ) ਕਰਤਾਰ ਦੀ ਦਰਗਾਹ ਵਿਚ ਪਰਵਾਣ ਹੋਵੇਂਗਾ ॥੪॥੩੦॥

ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥੩॥ ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥ ਗੁਰਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥੪॥੩੦

ਇਸ ਸ਼ਬਦ ਦੀ ਉਥਾਨਕਾ ਐਉਂ ਦੱਸਦੇ ਹਨ :- ਕਿ ਕਿਸੇ ਦੇਸ ਬਰਖਾ ਨਾਂ ਹੋਣ ਕਰਕੇ ਅੰਨ-ਕਾਲ ਤੇ ਤ੍ਰਿਣ-ਕਾਲ ਪੈ ਗਿਆ ਸੀ, ਲੋਕ ਬੜੇ ਦੁਖ ਨਾਲ ਤੜਫ ਤੇ ਮਰ ਰਹੇ ਸਨ ਤੇ ਓਹ ਲੋਕ ਵਾਹਿਗੁਰੂ ਅਗੇ ਅਰਦਾਸ ਦੀ ਥਾਂ ਕਰਤਾ ਪੁਰਖ ਨੂੰ ਦੋਸ਼ ਦੇ ਰਹੇ ਸਨ, ਜਿਸ ਹਾਲਤ ਨੂੰ ਵੇਖਕੇ ਗੁਰੂ ਜੀ ਤਰਸ ਵਿਚ ਆਕੇ ਹਜ਼ੂਰ ਅਗੇ ਅਰਦਾਸ ਵਿਚ ਪੈ ਗਏ। ਬਰਖਾ ਹੋ ਗਈ ਤੇ ਜਲ ਪੀੜਾ ਘਟ ਤੇ ਫੇਰ ਹਟ ਗਈ।

ਉਂਵ ਜੇਕਰ ਸ਼ਬਦ ਦੇ ਪਦ ਪਦਾਰਥਾਂ ਤੋਂ ਪਰਥਾਇ ਦੀ ਟੋਹ ਲਾਓ ਤਾਂ ਇਕ ਤਾਂ ਥਹੁ ਪੈਂਦਾ ਹੈ ਕਿ ਕੋਈ ਜੀਵਾਂ ਦੀ ਦੁਖੀ ਦਸ਼ਾ ਦੇਖਕੇ ਅਤਿ ਦੇ ਪਸੀਜੇ ਹਨ। ਉਹਨਾਂ ਦੇ ਕੀਤੇ ਕਰਮਾਂ ਵਲ ਬੀ ਨਜ਼ਰ ਗਈ ਹੈ. ਉਹਨਾਂ ਦੀ ਉਸ ਦੁਖੀ ਦਸ਼ਾ ਵਿਚ ਬੀ ਗੁਸਤਾਖੀ ਤੇ ਬੇਮੁਖਤਾ ਦੀ ਹਾਲਤ ਤੱਕੀ ਹੈ, ਫੇਰ ਬੀ ਅਨੰਤ ਰਹਿਮ ਦੇ ਘਰ ਗਏ ਹਨ ਤੇ ਅਰਦਾਸ ਕਰਦੇ ਹਨ ਕਿ ਬਖਸ਼ੇ ਜਾਣ, ਉਹਨਾਂ ਦੇ ਕਰਮਾਂ ਨੂੰ ਨਜ਼ਰਅੰਦਾਜ਼ ਕਰਵਾਉਂਦੇ ਹਨ. ਸਾਈਂ ਦੇ ਪਿਤਾ ਹੋਣ ਦੇ ਬਿਰਦ ਦੀ ਵੰਗਾਰ ਪਾਉਂਦੇ ਹਨ, ਸਾਈਂ ਦੇ ਪ੍ਰੇਮ ਸਰੂਪ ਨੂੰ ਅਪੀਲ ਕਰਦੇ ਹਨ ਕਿ ਤੈਨੂੰ ਪ੍ਰੇਮ ਸਰੂਪ ਨੂੰ ਗੁੱਸਾ ਕਿਉਂ ਆਵੇ, ਜੀਵਾਂ ਦੀ ਬੋਲ ਵਿਗਾੜਤਾ ਤੇ ਬੀ ਉਸ ਦੀ ਨਦਰ ਦੀ ਮੰਗ ਕਰਦੇ ਹਨ।

(੨) ਇਸ ਉਪਰ ਦੱਸੀ ਉਥਾਨਕਾ ਮੂਜਬ ਕਈ ਸਿਆਣੇ ਸ਼ਬਦ ਦਾ ਅਰਥ ਐਉਂ ਬੀ ਲਾਉਂਦੇ

ਹਨ:- ਪਹਿਲੀਆਂ ਦੋ ਸਤਰਾਂ ਵਿਚ 'ਸੁਰਤਿ' ਦਾ ਅਰਥ 'ਸਮਝ' ਨਹੀਂ, ਪਰ 'ਖਬਰ ਸਾਰ' ਕਰਦੇ ਹਨ। 'ਏਕਾ' ਦਾ ਭਾਵ ਇਕੋ ਵਾਹਿਗੁਰੂ ਲੈਂਦੇ ਹਨ। 'ਇਕੋ ਤੂੰ ਹੈਂ (ਹੇ ਕਰਤਾਰ !) ਜੋ ਜੀਵਾਂ ਦੀ ਖਬਰ ਸਾਰ ਲੈਂਦਾ ਹੈਂ। ਐਸਾ ਕੋਈ ਨਹੀਂ ਜੋ ਤੂੰ ਕੀਤਾ ਹੈ ਤੇ ਉਹ ਤੇਰੀ ਖ਼ਬਰ ਸਾਰ ਤੋਂ ਵਿਰਵਾ ਹੈ'।

ਅਗੋਂ ਫੇਰ ਤੀਜੀ ਤੁਕ ਵਿਚ ਸੁਰਤ ਦਾ ਅਰਥ 'ਸਮਝ' ਹੀ ਲਾ ਕੇ ਅਰਥ ਟੋਰਦੇ ਹਨ ਕਿ ਜੇਹੀ ਸੁਰਤ = ਗਜਾਤ ਤੂੰ ਜੀਵਾਂ ਵਿਚ ਪਾ ਦੇਂਦਾ ਹੈਂ ਤੇਰੇ ਰਾਹ ਉਹ ਲੈਂਦੇ ਹਨ, ਭਾਵ ਉਜੇਹੇ ਕਰਮ ਕਰਦੇ ਹਨ। ਪਰ ਸਭਨਾਂ ਦੇ ਲੇਖੇ ਨੂੰ ਤੂੰ ਇਕੋ ਸਮਝਦਾ ਹੈਂ (ਸੋ ਜੀਵ ਕਰਮਾਂ ਅਨੁਸਾਰ) ਜੰਮਦੇ ਮਰਦੇ ਹਨ। ਫੇਰ ਜੀਵ ਕਿਉਂ ਚਤੁਰਾਈ ਕਰਦੇ ਹਨ ਕਿ ਐਉਂ ਕਿਉਂ ਹੋਇਆ ਤੇ ਕਿਉਂ ਹੋਵੇ ? ਕਰਨਹਾਰ ਨੂੰ ਤਾਂ ਲੈਂਦੇ ਦੇਂਦੇ ਦੇਰ ਨਹੀਂ ਲਗਦੀ।

ਰਹਾਉ ਤੋਂ ਅਗੇ ਅਰਥ ਲਗ ਪਗ ਓਹੋ ਕਰਦੇ ਹਨ। ਪਰ ਪ੍ਰਸੰਗ ਤੇ ਸ਼ਬਦ ਦਾ ਭਾਵ ਅਗੁਵਾਨੀ ਕਰਦਾ ਹੈ ਕਿ ਤਿੰਨਾਂ ਥਾਈਂ ਸੁਰਤ ਦਾ ਇਕੋ ਅਰਥ ਲਾਇਆ ਜਾਵੇ।

ਦੂਜੇ ਇਹ ਸਰਬਕਾਲੀ ਉਪਦੇਸ਼ ਹੈ, ਕਿ ਜੀਵ ਦੁਖੀ ਹਨ, ਅਪਣੇ ਕਰਮਾਂ ਕਰਕੇ ਹਨ, ਕਰਮ ਹਉਂ ਵਾਲੀ ਸਮਝ ਨੇ ਕੀਤੇ ਹਨ, ਉਹ ਦੇਹ ਧਾਰਕੇ ਕੀਤੇ ਹਨ। ਇਸ ਤੋਂ ਪਹਿਲੋਂ ਕਰਮ ਕੋਈ ਸ਼ੈ ਨਹੀਂ ਸੀ। ਇਸ ਕਰਕੇ ਗੁਰੂ ਜੀ ਨੂੰ ਜੀਵਾਂ ਦੇ ਦੁਖ ਪਰ ਬੇਪਰਵਾਹੀ ਨਹੀਂ ਆਉਂਦੀ ਕਿ ਸਾਨੂੰ ਕੀ, ਅਪਣਾ ਕੀਤਾ ਪਾ ਰਹੇ ਹਨ। ਸਗੋਂ ਤਰਸ ਆਉਂਦਾ ਹੈ ਤੇ ਕਰਤਾਰ ਅਗੇ ਜੀਵਾਂ ਲਈ ਅਪੀਲ ਕਰਦੇ ਹਨ ਕਿ ਏਹ ਤੇਰੇ ਰਚੇ ਹੋਏ ਹਨ, ਤੂੰ ਇਨ੍ਹਾਂ ਦਾ ਖ਼ਾਲਕ ਪਾਲਕ ਮਾਲਕ (ਪਿਤਾ) ਹੈਂ, ਇਨ੍ਹਾਂ ਦੇ ਦੋਸ਼ ਨਾ ਗਿਣ। ਫੇਰ ਅਤਯੰਤ ਤਰਸ ਵਿਚ ਜਾ ਕੇ ਜੀਵਾਂ ਵਿਚ ਆਪ ਨੂੰ ਸ਼ਾਮਲ ਕਰਕੇ ਅਰਦਾਸ ਕਰਦੇ ਹਨ ਤੇ ਬਖਸ਼ਸ਼ ਮੰਗਦੇ ਹਨ। ਫੇਰ ਜੀਵ ਅਪਣੇ ਕਰਮ ਦੀ ਜਿੰਮੇਵਾਰੀ ਤੋਂ ਆਕੀ ਨਾ ਹੋ ਜਾਵੇ ਆਪ ਜੀ ਫੇਰ 'ਕਰਣੀ' ਦਾ ਉਪਦੇਸ਼ ਦੇਂਦੇ ਹਨ। ਕਰਣੀ ਤੋਂ ਮੁਰਾਦ ਉਹ ਕਰਣੀ ਹੈ ਜੋ ਸੰਪੂਰਨ ਮਤਿ ਵਿਚ ਲੈ ਜਾਵੇ, ਹਉ ਰਹਿਤ ਮਤਿ ਵਿਚ ਲੈ ਜਾਵੇ। ਉਹ ਗੁਰੂ ਤੋਂ ਪ੍ਰਾਪਤ ਹੁੰਦੀ ਹੈ ਤੇ ਉਸ ਨਾਲ ਗਜਾਨ ਉਦੈ ਹੁੰਦਾ ਹੈ, ਸਭ ਦੁਖ ਦੂਰ ਹੋਕੇ ਸੁਖ ਹੁੰਦਾ ਹੈ।

ਪਰ ਸ਼ਬਦ ਉਚਾਰਨ ਦਾ ਹੇਤੂ ਕੋਈ ਖਿਆਲ ਕਰੋ ਇਹ ਗਲ ਜ਼ਰੂਰ ਦਿੱਸਦੀ ਹੈ ਕਿ ਜੀਵਾਂ ਦੀ ਕਿਸੇ ਦੁਖ ਮਈ ਹੋਣੀ ਉਤੇ ਉਪਰਲੇ ਖਿਆਲ ਇਸ ਸ਼ਬਦ ਵਿਚ ਉਚਾਰਨ ਹੋਏ ਹਨ।

ਦੂਸਰਾ ਅਰਥ ਜੋ ਹੈ ਉਸ ਵਿਚ ਸੁਰਤ ਦੇ ਦੋ ਅਰਥ ਕਰਨੇ ਪੈਂਦੇ ਹਨ, ਇਬਾਰਤ ਦਾ ਵੇਗ ਇਕੋ ਅਰਥ ਕਰਨੇ ਵੱਲ ਹੈ। ਦੂਜਾ 'ਏਕਾ' ਤੇ 'ਇਕੋ' ਪਦ ਸੁਰਤਿ ਤੇ ਲੇਖੇ ਦੇ ਵਿਸ਼ੇਸ਼ਣ ਸਾਫ਼ ਪਏ ਹਨ। ਦੋਹਾਂ ਦਾ ਭਾਵ ਵਾਹਿਗੁਰੂ ਲੈਣਾ ਖਿੱਚ ਜੇਹੀ ਜਾਪਦੀ ਹੈ।

੧. ਜੀਵ ਆਪਣੀ ਸਮਝ ਦੇ (ਜੋ ਉਸ ਨੂੰ ਰਚੀ ਹੋਈ ਮਿਲੀ ਹੈ) ਪਰਾਧੀਨ ਹੈ।	**ਏਕਾ ਸੁਰਤਿ ਜੇਤੇ ਹੈ ਜੀਅ॥ ਜੇਹੀ ਸੁਰਤਿ ਤੇਹਾ ਤਿਨ ਰਾਹੁ॥**	ਇਕੋ ਤਰ੍ਹਾਂ ਦੀ ਸੁਰਤ ਹੈ ਸਭ ਜੀਵਾਂ ਦੀ ਉਸ ਅਨੁਸਾਰ ਕਰਮ ਹੁੰਦਾ ਹੈ, ਓਹ ਹਉਂ ਸੰਯੁਕਤ ਹੈ, ਤੇ ਜੀਵ ਅਨੇਕ; ਇਸ ਕਰਕੇ ਜੋ ਪ੍ਰਯਤਨ ਹੁੰਦਾ ਹੈ, ਓਹ ਹਉਂ ਮੂਲਕ ਹੋਣ ਕਰਕੇ ਖ਼ੁਦਗ਼ਰਜ਼ੀ ਦਾ ਹੁੰਦਾ ਹੈ, ਇਸ ਕਰਕੇ ਪਾਪ ਹੁੰਦੇ ਹਨ, ਸੋ ਪਾਪ ਬੇਵਸੇ ਹੁੰਦੇ ਹਨ।
੨. ਇਸ ਵਿਚ ਸ੍ਵਾਧੀਨਤਾ ਦਾ ਸਾਮਾਨ ਮੌਜੂਦ ਹੈ।	**ਲੇਖਾ ਇਕੋ ਆਵਹੁ ਜਾਹੁ॥**	ਆਪਣੇ ਤੇ ਹੋਏ ਧੱਕੇ ਤੇ ਛਲ ਨੂੰ ਕੋਈ ਗਵਾਰਾ ਨਹੀਂ ਕਰਦਾ, ਇਹ ਬੀ ਸਮਝ ਵਿਚ ਹੈ, ਜਦ ਸਾਰੇ ਇਹ ਨਹੀਂ ਚਾਹੁੰਦੇ

		ਤਾਂ ਸਾਰੇ ਇਨਸਾਫ ਨੂੰ ਸਮਝਦੇ ਹੋਏ, ਇਉਂ ਲੇਖਾ ਇਕੋ ਹੋ ਗਿਆ ਕਿ ਪੂਰਾ ਤੁਲੇ, ਇਨਸਾਫ ਹੋਵੇ।
੩. ਸਮਝ ਤੇ ਸਰੀਰ ਦਾ ਕਰਨਹਾਰ ਬੀ ਹੈ।	**ਸੁਰਤਿ ਵਿਹੂਣਾ ਕੋਇ ਨ ਕੀਅ॥**	'ਕੀਅ' ਪਦ ਦੱਸਦਾ ਹੈ ਕਿ ਕਿਸੇ ਨੇ ਰਚਨਾ ਰਚੀ ਹੈ, ਸਰੀਰ ਰਚ ਕੇ ਸੁਰਤ ਬੀ ਓਸੇ ਨੇ ਪਾਈ ਹੈ।
੪. ਉਹੀ ਸਮਝ ਦੇ ਕੀਤੇ ਕੰਮਾਂ ਦਾ ਫਲ ਦਾਤਾ ਹੈ। ੫. ਉਹੀ ਜੀਵਾਂ ਦਾ ਮਾਲਕ ਹੈ, ਤੇ ਜੀਉ ਉਸਦੇ ਹਨ। (ਓਪਰਾ ਤੇ ਪਹੁੰਚੋਂ ਪਰੇ ਨਹੀਂ)।	**ਲੇਵੈ ਦੇਵੈ ਢਿਲ ਨ ਪਾਈ॥**	ਕੀਤੇ ਕੰਮ ਚਾਹੋ ਸਮਝ ਦੀ ਪਰਾਧੀਨਤਾ ਵਿਚ ਹੈਨ, ਪਰ ਇਨਸਾਫ ਬੀ ਜੀਵ ਦੀ ਉਸੇ ਸਮਝ ਵਿਚ ਹੈ। ਇਹ ਕਰਮ ਦਾ ਤੋਲ ਤੇ ਫਲ ਦੇਣਾ ਉਸ ਦੇ ਹੱਥ ਹੈ ਜਿਸ ਨੇ ਰਚਿਆ ਸੀ, ਕਿਉਂਕਿ ਉਹ ਰਚਕੇ ਅਲੱਗ ਨਹੀਂ ਹੋ ਗਿਆ। ਜੀਵਾਂ ਦਾ ਉਹ ਮਾਲਕ-ਪਿਤਾ ਹੈ, ਜੀਵ ਉਸ ਦੇ ਹੈਨ।
੬. ਉਹ ਕੀਤੇ ਕਰਮਾਂ ਦਾ ਤੋਲਣਹਾਰ ਹੈ ਪਰ ਕਰਖਤ ਨਜਾਯ ਕਰਤਾ ਨਹੀਂ, ਮਿਹਰ ਦੇ ਘਰ ਵਿਚ ਨਿਆਂ ਕਰਦਾ ਹੈ।	**ਤੂ ਨਦਰੀ ਅੰਦਰਿ ਤੋਲਹਿ ਤੋਲ॥**	ਪਿਤਾ ਹੋਣ ਕਰਕੇ ਉਹ ਤੋਲ ਮਿਹਰ ਨਾਲ ਮਿਲਾਕੇ ਤੋਲਦਾ ਹੈ, ਜੀਵ ਦੀ ਪਰਤੰਤ੍ਰਤਾ ਕਰਕੇ ਮਿਹਰ ਕਰਦਾ ਹੈ। ਜੀਵ ਵਿਚ ਇਨਸਾਫ ਦਾ ਅਨਸਰ ਹੋਣ ਕਰਕੇ ਤੋਲਦਾ, ਨਿਆਂ ਕਰਦਾ ਹੈ
੭. ਉਸ ਨਾਲ ਚਲਾਕੀਆਂ ਨਾ ਕਰੋ।	**ਕਾਹੇ ਜੀਅ ਕਰਹਿ ਚਤੁਰਾਈ॥**	ਜਦ ਉਹ ਮਿਹਰਬਾਨ ਹੈ ਤਾਂ ਉਸ ਨਾਲ ਚਲਾਕੀ ਕਿਉਂ ? ਉਸ ਨਾਲ ਮਿਲਾਪ ਚਾਹੀਏ, ਉਹ ਸੁਖ ਸਰੂਪ ਹੈ। ਮਿਲ ਕੇ ਸੁਖ ਸਰੂਪ ਹੋ ਜਾਵਾਂਗੇ। ਮਿਲਣ ਲਈ ਤ੍ਰੈ ਸਾਧਨ ਹਨ :-
੮. ਉਸ ਨਾਲ ਮੇਲ ਕਰੋ।		੧. ਆਪਣੇ ਅਵਗੁਣਾਂ, ਕਮਜ਼ੋਰੀਆਂ ਦਾ ਇਕਰਾਰ-ਮਾਫੀ।
(ੳ) ਅਰਦਾਸ ਦੁਆਰਾ, (ਅ) ਸ਼ੁਭ ਕਰਨੀ ਦੁਆਰਾ,	**ਅਸੀ ਬੋਲ ਵਿਗਾੜ ਵਿਗਾੜਹ ਬੋਲ॥ ਜਹ ਕਰਣੀ ਤਹ ਪੂਰੀ ਮਤਿ॥**	੨. ਮਤ ਦੀ ਪੂਰਣਤਾ ਸ਼ੁਭ ਕਰਣੀ ਵਿਚ ਦੱਸੀ। ਭਾਵ ਜੋ ਆਪਣੀ ਸਮਝ ਵਿਚ ਇਨਸਾਫ ਤੱਕਦਾ ਹੈ ਉਹ ਸ਼ੁਭ ਕਰਮ ਕਰੇ, ਜਿਉਂ ਜਿਉਂ ਕਰੇ ਮਤ ਉੱਜਲ ਹੋਊ। ਜਿਉਂ ਜਿਉਂ ਮਾੜੀ ਕਰੇਗਾ, ਉਸੇ ਸਮਝ ਵਿਚੋਂ ਬੁੱਧੀ ਘਟਦੀ ਜਾਏਗੀ ਕਿਉਂਕਿ ਉਹ ਮੈਲੀ ਹੁੰਦੀ ਜਾਏਗੀ, ਪਾਪ ਮੈਲ ਨਾਲ।
(ੲ) ਗਜਾਨ ਦੁਆਰਾ।	**ਆਪੁ ਪਛਾਣੈ ਬੂਝੈ ਸੋਇ॥**	੩. ਗਜਾਨ। ਉਸੇ ਸਮਝ ਵਿਚੋਂ ਗਜਾਨ ਮਿਲੇਗਾ, ਪਰ ਇਹ ਗੁਰੂ ਦੀ ਸਿਖਜਾ ਨਾਲ। ਓਹ ਦੱਸੇਗਾ ਕਿ ਸੁਰਤ ਮਿਸ਼ਰਤ ਵਸਤੂ ਹੈ, ਚੇਤਨਤਾ ਤੇ ਹਉਂ ਤੋਂ। ਹਉਂ ਨੂੰ

ਜਿਤ ਤੇ ਸ਼ੁੱਧ ਚੇਤਨਾ ਵਿਚ ਆ, ਇਉਂ ਸਵੈ-ਸਰੂਪ ਦਾ- ਆਪਣੇ ਸ਼ੁੱਧ ਚੇਤਨ ਰੂਪ-ਦਾ ਅਨੁਭਵ ਹੋ ਜਾਏਗਾ। ਫਿਰ ਵਯਾਪਕ ਪਰਮਾਤਮਾ ਦਾ ਅਨੁਭਵ ਹੋ ਜਾਏਗਾ। ਇਹ ਦਰ ਕਬੂਲੀਅਤ ਹੋਵੇਗੀ, ਲੇਖੇ ਤੋਲ, ਜਨਮ ਮਰਨ ਸਭ ਤੋਂ ਪਰੇ ਦੀ ਦਸ਼ਾ ਹੋਸੀ। ਇਤਯਾਦਿ।

ਨਿਰੁਕ੍ਤ- ਸੁਰਤਿ - ਗਯਾਤ। (ਦੇਖੋ ਪਿੱਛੇ ਨਿਰੁਕ੍ਤ ਪੰਨਾ ੩੦੬)

ਜੀਅ-ਜੀਵ। ਮਤਲਬ ਮਨੁੱਖ ਮਾਤ੍ਰ ਤੋਂ ਹੈ, ਸਾਰੇ ਪ੍ਰਾਣ ਧਾਰੀਆਂ ਤੋਂ ਨਹੀਂ, ਕਿਉਂਕਿ ਜੀਅ ਨੂੰ ਅੱਗੇ ਚੱਲਕੇ ਵੀਚਾਰ ਦਾ ਤੇ ਪੂਰਨ ਮਤਿ ਤੇ ਗਯਾਨ ਦਾ ਉਪਦੇਸ਼ ਦੇ ਰਹੇ ਹਨ।

ਰਾਹੁ - ਰਸਤਾ। ਜੀਵਨ ਬਸਰ ਕਰਨ ਦਾ ਤ੍ਰੀਕਾ। ਚਾਲ ਚਲਨ, ਵਰਤਾਉ।

ਰੋਹਿ- (ਸੰਸ:, ਰੋ੍ਖ):= ਗੁੱਸਾ। ਪੰਜਾ:, ਰੋਹ) ਗੁੱਸਾ। ਲਾਡ ਵਿਚ ਕਿਹਾ ਹੈ: ਤੈਨੂੰ ਕਿਉਂ ਗੁੱਸਾ ਆਵੇ ? ਲੁਪਤੀ ਵਿਚ ਇਹ ਹੈ ਕਿ ਤੂੰ ਤਾਂ ਸਦਾ ਦਿਆਲੂ ਹੈਂ , ਤੈਨੂੰ ਗੁੱਸਾ ਕਿਉਂ। ਤਾਂ ਤੇ ਜੀਵ ਜੋ ਦੁਖ ਪਾ ਰਹੇ ਹਨ ਇਸ ਦਾ ਕਾਰਣ ਤੇਰਾ ਗੁੱਸਾ ਨਹੀਂ। ਪਰ ਜੇ ਦਲੀਲ ਦੀ ਖ਼ਾਤਰ ਇਹ ਗੱਲ ਸੁਣ ਲਈਏ ਤਾਂ ਸਾਡੀ ਅਰਦਾਸ ਹੈ ਕਿ ਉਹ ਤੇਰੇ ਹਨ ਤੇ ਅਪਣਿਆਂ ਤੇ ਗੁੱਸਾ ਆਉਂਦਾ ਹੀ ਨਹੀਂ।

ਬੋਲ ਵਿਗਾੜ - ਜੋ ਵਿਗੜੀਆਂ ਤਿਗੜੀਆਂ ਗੱਲਾਂ ਕਰੇ। ਜੋ ਬੋਲਕੇ ਵਿਗਾੜ ਕਰ ਲਵੇ। ਮੂਰਖ।

ਵਿਗਾੜਹ ਬੋਲ - ਬੋਲਕੇ ਬਣੀ ਬਣਾਈ ਨੂੰ ਖ਼ਰਾਬ ਕਰ ਲੈਂਦੇ ਹਾਂ। ਬਣੀ ਗਲ ਵਿਗਾੜ ਲੈਂਦੇ ਹਾਂ। ਅਯੋਗ ਵਾਕ ਕਹਿਕੇ ਵਿਗਾੜ ਕਰ ਲੈਂਦੇ ਹਾਂ। ਭਾਵ ਦੁੱਖ ਵੇਲੇ ਅਸੀਂ ਇਹ ਨਹੀਂ ਕਹਿੰਦੇ ਕਿ ਸਾਡੇ ਕਰਮਾਂ ਦਾ ਫਲ ਹੈ, ਅਸੀਂ ਕਰਤਾਰ ਨੂੰ ਉਲਾਂਭੇ ਦੇਣ ਤੇ ਨਿੰਦਣ ਲਗ ਜਾਂਦੇ ਹਾਂ।

ਨਦਰੀ- ਮਿਹਰ ਦੀ ਦ੍ਰਿਸ਼ਟੀ ਵਿਚ। ਏਥੇ ਨਦਰੀ ਦਾ ਅਰਥ ਨਦਰ ਵਾਲਾ ਨਹੀਂ, ਕਿਉਂਕਿ ਅਗੇ ਪਦ ਅੰਦਰਿ ਪਿਆ ਹੈ। ਤੁਕ ਦਾ ਭਾਵ ਹੈ ਕਿ ਤੂੰ ਅਪਣਾ ਨਿਆਂ ਰਹਿਮ ਵਿਚ ਨਰਮ ਕਰਕੇ ਕਰਦਾ ਹੈਂ। ਨਾਂ ਤੇਰਾ ਰਹਿਮ ਨਿਆਂ ਨੂੰ ਕਟਦਾ ਹੈ, ਨਾ ਤੇਰਾ ਨਿਆਂ ਰਹਿਮ ਨੂੰ ਕੱਟਦਾ ਹੈ।

ਪ੍ਰਣਵਤਿ- ਬੇਨਤੀ ਕਰਦਾ ਹੈ। ਭਾਵ ਹੈ ਸਤਿਕਾਰ ਨਾਲ ਆਖਦਾ ਹੈ।

ਘਟੇ ਘਟਿ - ਘਟਿ = ਘਟ ਹੈ। ਘਟੇ = ਘਟਦੀ ਰਹਿੰਦੀ ਹੈ।

ਆਪੁ ਪਛਾਣੈ- ਅਪਣੇ ਆਪ ਨੂੰ ਪਛਾਣਦਾ ਹੈ।

ਬੂਝੈ ਸੋਇ - ਉਸ (ਵਾਹਿਗੁਰੂ) ਨੂੰ ਪਛਾਣਦਾ ਹੈ। ਜੇ ਕਹੋ ਕਿ ਜੋ ਆਪ ਨੂੰ ਪਛਾਣੇਗਾ ਸੋ ਬ੍ਰਹਮ ਨੂੰ ਪਛਾਣੇਗਾ, ਤਾਂ ਗੱਲ ਉਥੇ ਹੀ ਆ ਜਾਏਗੀ, ਕਿਉਂਕਿ ਪਹਿਲੇ ਜੀਵ ਤੱਤ ਨੂੰ ਅਨੁਭਵ ਕਰਨਾ ਹੈ ਸਰੀਰ ਤੋਂ ਵਿਵੇਕ ਕਰਕੇ, ਫੇਰ ਬ੍ਰਹਮ ਤਤ ਨੇ ਅਨੁਭਵ ਵਿਚ ਆ ਵੱਸਣਾ ਹੈ।

(ਸਿਰੀ ਰਾਗੁ ਮਹਲਾ ੧, ਚਉਪਦਾ - ੩੧)

ਪ੍ਰਾਕ੍ਥਨ-ਅਗਲੇ ਸ਼ਬਦ ਵਿਚ ਜਲ ਦੀ ਲੱਖਤਾ ਵਾਲੀ ਮੱਛੀ ਦੇ ਦ੍ਰਿਸ਼ਟਾਂਤ ਵਿਚ ਪ੍ਰੀਤਵਾਨ ਜਗਯਾਸੂ ਦੇ ਦਰਸ਼ਨ ਕਰਾਏ ਹਨ, ਜੋ ਉੱਤਮ ਪੁਰਖ ਦੀ ਅਰਦਾਸ ਦੁਆਰਾ 'ਹਜ਼ੂਰੀ ਵਾਸ' ਦੇ ਜਗਯਾਸੂਆਂ ਲਈ ਇਕ ਪਰਮ ਉੱਚਾ ਸਰਵ ਕਾਲੀ ਉਪਦੇਸ਼ ਹੈ।

ਮੂਲ	ਅਰਥ
ਸਿਰੀਰਾਗੁ ਮਹਲਾ ੧ ਘਰੁ ੪॥	
ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥	(ਹੇ ਮੇਰੇ ਸਾਹਿਬ !) ਤੂੰ ਸਮੁੰਦਰ (ਵਾਂਙੂ ਅਸਗਾਹ ਹੈਂ, ਭਾਵ ਤੂੰ ਅਨੰਤ ਹੈਂ, ਤੂੰ ਸਭ ਕੁਛ) ਦੇਖਣੇ ਵਾਲਾ (ਸਭ ਕੁਛ) ਜਾਣਨੇ ਵਾਲਾ (= ਸਰਵੱਗ) ਹੈਂ, ਮੈਂ ਮਛਲੀ (ਵਾਂਙੂ ਅਲਪੱਗ ਹਾਂ, ਤੇਰਾ) ਅੰਤ ਮੈਂ ਕੀਕੂੰ ਪਾ ਸਕਦੀ ਹਾਂ। (ਪਰ ਮੈਂ ਤੈਨੂੰ ਲਖ ਲਿਆ ਹੈ ਕਿ ਤੂੰ ਅਨੰਤ ਤੇ ਸਰਵੱਗ ਹੁੰਦਿਆਂ
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥	ਸਰਬ ਵਿਆਪੀ ਬੀ ਹੈਂ, ਕਿਉਂਕਿ) ਜਿਧਰ ਜਿਧਰ ਮੈਂ ਦੇਖਦੀ ਹਾਂ ਉਧਰ ਓਧਰ ਤੂੰਹੋਂ ਤੂੰ (ਵਜਾਪਕ ਹੋ ਰਿਹਾ) ਹੈਂ, (ਜੇ ਮੈਂ ਮਛਲੀ) ਤੇਰੇ ਵਿਚੋਂ (ਬਾਹਰ) ਨਿਕਲ ਜਾਵਾਂ ਤਾਂ ਫੁੱਟ ਮਰਦੀ ਹਾਂ (ਭਾਵ ਤੈਨੂੰ ਭੁੱਲ ਜਾਵਾਂ ਤਾਂ ਉਹ ਦਸ਼ਾ ਮੌਤ ਤੁੱਲ ਹੁੰਦੀ ਹੈ[1]) ॥ ੧ ॥
ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥	(ਤੇਰੇ ਵਿਚ ਵਸਦਿਆਂ ਭਾਵ, ਤੇਰੀ ਯਾਦ, ਤੇਰੀ ਹਜ਼ੂਰੀ ਨੂੰ ਲਖਦਿਆਂ ਹੋਇਆਂ ਮੈਂ ਮਛਲੀ) ਨਾ ਤਾਂ ਮਾਛੀ ਦੀ ਪਰਵਾਹ ਕਰਦੀ ਹਾਂ ਨਾ (ਉਸ ਦੇ) ਜਾਲ ਦੀ, ਜਦ ਕੋਈ ਦੁੱਖ ਆ ਵਾਪਰਦਾ ਹੈ ਤਾਂ ਤੈਨੂੰ ਹੀ ਯਾਦ ਕਰਦੀ ਹਾਂ। (ਭਾਵ ਮਾਛੀ ਰੂਪ ਯਮ ਤੇ ਮੌਤ ਰੂਪ ਜਾਲ ਦੀ ਪਰਵਾਹ ਨਹੀਂ ਕਰਦੀ, ਤੇ ਜੋ ਹੋਰ ਦੁਖ ਆ ਪੈਂਦੇ ਹਨ ਉਸ ਵੇਲੇ ਦੁੱਖਾਂ ਵਿਚ ਨਹੀਂ ਸੰਤਾਪਦੀ, ਉਸ ਵੇਲੇ ਆਪ ਨੂੰ ਸਿਮਰਦੀ ਹਾਂ) ॥ ੧ ॥ ਰਹਾਉ ॥
	(ਹੁਣ ਮੱਛੀ ਦਾ ਦ੍ਰਿਸ਼ਟਾਂਤ ਮੁੱਕ ਗਿਆ ਹੈ, ਅਗੋਂ ਹੁਣ ਸਫੁਟ ਸਿਧੀ ਅਰਦਾਸ ਜਗਿਆਸਾ ਭਾਵ ਵਾਲੀ ਕਰਦੇ ਹਨ)।
ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥	(ਹੇ ਸੁਆਮੀ !) ਤੂੰ (ਸਾਰੇ) ਪਰੀਪੂਰਣ ਹੈਂ (ਪਰ) ਮੈਂ ਤੈਨੂੰ (ਕੁਕਰਮ ਕਰਨ ਵੇਲੇ) ਦੂਰ ਜਾਣ ਲੈਂਦਾ ਹਾਂ, (ਇਸ ਲਈ ਮੈਂ) ਜੋ ਕੁਛ ਕਰਦਾ ਹਾਂ ਸੋ ਤੇਰੀ ਹਜ਼ੂਰੀ ਵਿਚ ਕਰਦਾ ਹਾਂ। (ਹਾਂ) ਤੂੰ ਮੇਰੇ ਕਰਮਾਂ ਨੂੰ ਦੇਖਦਾ ਹੁੰਦਾ ਹੈਂ (ਤੇ) ਮੈਂ (ਫੇਰ ਬੀ) ਮੁਕਰਦਾ ਰਹਿੰਦਾ ਹਾਂ। ਨਾ ਮੈਂ ਤੇਰੇ ਕੰਮ ਵਿਚ ਹਾਂ ਨਾ ਮੈ ਤੇਰੇ ਨਾਮ ਵਿਚ ਹਾਂ (ਭਾਵ ਨਾ ਤਾਂ ਮੈਂ ਉਹਨਾਂ ਕੰਮਾਂ ਦੇ ਕਰਨ ਵਿਚ ਪ੍ਰਵਿਰਤ ਹਾਂ ਜੋ ਕੰਮ ਕਿ ਤੇਰੇ ਪਸਿੰਦ ਹਨ, ਨਾਂ ਮੈਂ ਤੇਰੇ ਨਾਮ ਸਿਮਰਨ ਵਿਚ ਹਾਂ) ॥ ੨ ॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥	(ਇਸ ਤਰ੍ਹਾਂ ਦਾ ਨਾ-ਫੁਰਮਾਨ ਤੇ ਗ਼ੈਰ-ਹਾਜ਼ਰ ਹੋਕੇ ਬੀ ਮੈਂ ਢੀਠ) ਜਿੰਨਾ ਕੁਛ (ਆਪ) ਬਖਸ਼ੀ ਜਾਂਦੇ ਹੋ ਉਤਨਾ ਹੀ ਮੈਂ ਭੋਗੀ ਜਾਂਦਾ ਹਾਂ। (ਪਰ ਮੈਂ ਕਰਾਂ ਕੀਹ, ਤੇਰੇ ਬਿਨਾਂ ਕੋਈ) ਦੂਸਰਾ (ਹੋਰ) ਦਰਵਾਜ਼ਾ ਹੈ ਨਹੀਂ, (ਮੈਂ ਹੋਰ) ਕਿਸ ਦਰਵਾਜ਼ੇ ਜਾਵਾਂ (ਜਿਥੋਂ ਮੈਨੂੰ ਖ਼ੈਰ ਪਵੇ)? (ਇਸ ਲਈ) ਨਾਨਕ ਇਕ ਅਰਦਾਸ ਕਰਦਾ ਹੈ ਕਿ (ਮੇਰੀ) ਆਤਮਾ ਤੇ ਸਰੀਰ ਸਭ ਆਪ ਦੇ ਪਾਸ (ਅਰਪਨ ਹੋਇਆ) ਰਹੇ ॥ ੩ ॥

[1] ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥ (ਮਲਾਰ ਮ: ੪-੩)

(ਇਥੇ ਅਰਦਾਸ ਦਾ ਭਾਵ ਸਮਾਪਤ ਹੈ। ਹੁਣ ਅਪਣੇ ਮਨ ਨੂੰ ਵਜਾਪਕ ਦੀ ਸਦਾ ਹਾਜ਼ਰ ਹਜ਼ੂਰੀ ਦੀ ਲੱਖਤਾ ਵਿਚ ਤੇ ਹੁਕਮ ਮੰਨਣ ਵਿਚ ਹੋਰ ਦ੍ਰਿੜ ਕਰਦੇ ਹਨ)।

ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥ ੪॥੩੧॥

ਆਪ ਹੀ (ਉਹ ਮੇਰਾ ਸਾਹਿਬ) ਨੇੜੇ ਹੈ, ਆਪ ਹੀ ਦੂਰ ਹੈ, ਆਪ ਹੀ (ਨੇੜੇ ਦੂਰ ਦੇ) ਵਿਚ ਵਿਚਾਲੇ ਹੈ, ਆਪ ਹੀ ਵੇਖਦਾ ਹੈ (ਸਭ ਦੇ ਕਰਮਾਂ ਨੂੰ ਤੇ ਅਪਣੀ ਕੀਤੀ ਨੂੰ), ਆਪੇ ਹੀ ਸੁਣਦਾ ਹੈ (ਸਭ ਦੀ ਅਰਦਾਸ। ਹਾਂ ਉਹ) ਆਪ ਹੀ (ਅਪਣੀ) ਸ਼ਕਤੀ ਦੁਆਰਾ ਰਚ ਦੇਂਦਾ ਹੈ ਜਹਾਨ। (ਇਸ ਲਈ) ਜੋ ਉਸ ਨੂੰ ਭਾਵੇ (ਉਹੀ ਹੁੰਦਾ ਹੈ ਤੇ ਉਸ ਦਾ) ਉਹੀ ਹੁਕਮ, ਹੇ ਨਾਨਕ ! (ਸਾਨੂੰ ਸਦਾ) ਪਰਵਾਨ ਰਹੇ ॥ ੪ ॥ ੩੧ ॥

ਵਜਾਖਜਾ–ਮੱਛੀ, ਜੋ ਇਸ ਸ਼ਬਦ ਵਿਚ ਆਈ ਹੈ, ਉਸ ਦੀ ਠੀਕ ਸਮਝ ਇਕ ਕਹਾਣੀ ਤੋਂ ਆਉਂਦੀ ਹੈ। ਇਕ ਮੱਛੀ ਨੇ ਕੱਛੂ ਨੂੰ ਪੁੱਛਿਆ ਕਿ ਭਾਈ ਮੈਂ ਸੁਣਦੀ ਹਾਂ ਕਿ ਕੋਈ ਵਸਤੂ ਹੈ, ਜਲ, ਸਾਗਰ, ਵਜਾਪਕ; ਉਸ ਦੇ ਆਧਾਰ ਸਾਰੇ ਜੀਉਂਦੇ ਹਨ, ਉਹ ਸੀਤਲ ਹੈ, ਸੁਖਦਾਈ ਹੈ, ਤੈਨੂੰ ਕੁਛ ਪਤਾ ਹੈ ਕਿ ਓਹ ਕਿਥੇ ਹੁੰਦਾ ਹੈ ? ਕਛੂ ਨੇ ਕਿਹਾ ਮੈਨੂੰ ਪਤਾ ਹੈ ਪਰ ਕੁੜੀਏ ! ਉਹ ਤੇਰੇ ਲਈ ਬੜੀ ਦੂਰ ਹੈ ਤੇ ਮੌਤ ਥਾਣੀ ਲੰਘ ਕੇ ਉਸ ਪਾਸ ਪਹੁੰਚੀ ਦਾ ਹੈ। ਮੱਛੀ ਨੇ ਕਿਹਾ : ਮੈਨੂੰ ਲੈ ਚਲ ਸਭ ਦੁਖ ਸੁਖ ਸਹਾਂਗੀ। ਤਦ ਕੱਛੂ ਉਸ ਨੂੰ ਪਿਠ ਤੇ ਚੜ੍ਹਾ ਕੇ ਲੈ ਟੁਰਿਆ ਤੇ ਬਾਹਰ ਬਰੇਤੇ ਵਿਚ ਲਿਆਕੇ ਸੱਟ ਦਿੱਤਾ। ਮੱਛੀ ਤੜਫੀ। ਜਦ ਡਿੱਠੋ ਸੁ ਕਿ ਬਹੁਤ ਵਜਾਕੁਲ ਹੈ ਤਾਂ ਪਿੱਠ ਤੇ ਚੜ੍ਹਾਕੇ ਫੇਰ ਲਿਆ ਪਾਣੀ ਵਿਚ ਸੱਟਿਆ ਤੇ ਕਿਹਾ : ਮਛੀਏ ਆਹ ਹਈ ਜਲ ਦਾ ਸਾਗਰ। ਤਦ ਮੱਛੀ ਨੂੰ ਜਲ ਦੀ ਲੱਖਤਾ ਪ੍ਰਾਪਤ ਹੋ ਗਈ।

ਇਸ ਸ਼ਬਦ ਵਿਚ ਜਿਸ ਮੱਛੀ ਦਾ ਜ਼ਿਕਰ ਹੈ ਉਹ ਇਹ ਮਛਲੀ ਹੈ। ਜਿਸ ਨੂੰ ਜਲ ਦੀ ਲੱਖਤਾ ਹੋ ਗਈ ਹੈ। ਆਮ ਗ਼ਾਫ਼ਲ ਮੱਛੀ ਦਾ ਜ਼ਿਕਰ ਇਸ ਸ਼ਬਦ ਵਿਚ ਨਹੀਂ ਹੈ, ਜੋ ਜਲ ਵਿਚ ਵਸਦੀ ਜਲ ਨੂੰ ਲਖ ਨਹੀਂ ਰਹੀ। ਦ੍ਰਿਸ਼ਟਾਂਤ ਵਿਚ ਭਾਵ ਆਮ ਗ਼ਾਫ਼ਲ ਇਨਸਾਨ ਤੋਂ ਨਹੀਂ ਪਰ ਉਸ ਜਗਜਾਸੂ ਤੋਂ ਹੈ ਜੋ ਹਜ਼ੂਰੀ ਵਿਚ ਵਸਦਾ ਹੈ ਤੇ ਵਜਾਪਕਤਾ ਦੀ ਲੱਖਤਾ ਰਖਦਾ ਹੈ। ਜੋ ਆਖ ਸਕਦਾ ਹੈ ਕਿ ਹੇ ਵਜਾਪਕ ਵਾਹਿਗੁਰੂ ! ਤੂੰ ਅਨੰਤ ਹੈਂ ਤੇ ਅਪਹੁੰਚ ਹੈਂ। ਤੂੰ ਸਰਵੱਗ ਹੈਂ। ਤੂੰ ਸਰਬ ਵਜਾਪੀ ਹੈਂ ; ਮੈ ਤੇਰੇ ਵਿਚ ਹਾਂ ਜਿਵੇਂ ਮਛਲੀ ਜਲ ਵਿਚ। ਭਾਵ ਕਿ ਮੈਂ ਨਿਰਾ ਸਾਧਾਰਣ ਤੌਰ ਤੇ ਹੀ ਤੇਰੇ ਵਿਚ ਨਹੀਂ, ਮੈਂ ਤੇਰੀ ਹਜ਼ੂਰੀ ਦੀ ਲੱਖਤਾ ਵਿਚ ਤੇਰੇ ਵਿਚ ਵੱਸ ਰਿਹਾ ਹਾਂ। ਤੇਰੀ ਇਸ ਲੱਖਤਾ ਨੂੰ ਭੁੱਲ ਜਾਵਾਂ ਤਾਂ ਮੈਨੂੰ ਮੌਤ ਤੁੱਲ ਦੁਖ ਹੁੰਦਾ ਹੈ[1]। ਤੇ ਜਦ ਮੈਂ ਤੇਰੀ ਯਾਦ ਵਿਚ ਹੁੰਦਾ ਹਾਂ ਤਾਂ ਮੈਨੂੰ ਨਾ ਕਾਲ ਦੀ ਪਰਵਾਹ ਹੁੰਦੀ ਹੈ ਨਾ ਜਮ ਦੀ। ਜੇ ਕਰਮ ਵੱਸ ਦੁਖ ਸੁਖ ਆ ਵਾਪਰਦੇ ਹਨ ਤਾਂ ਬੀ ਮੈਨੂੰ ਆਸਰਾ ਤੇਰੀ ਯਾਦ ਦਾ ਹੀ ਹੁੰਦਾ ਹੈ ਤੇ ਮੈਂ ਮਨ ਨੂੰ ਸਮੋਧ ਕਰਦਾ ਹਾਂ ਕਿ ਹੇ ਮੇਰੇ ਮਨ ! ਤੂੰ ਯਾਦ ਤੋਂ ਬਾਹਰ ਨਾ ਆ।

ਐਸਾ ਪੁਰਖ ਜਗਜਾਸੂ ਹੈ ਜੋ ਅਜੇ ਸ਼ਿਖਰ ਦਾ ਗੁਰਮੁਖ ਨਹੀਂ ਹੋਇਆ ਪਰ ਜੋ ਘਾਲ ਵਿਚ ਹੈ, ਹਜ਼ੂਰੀ ਦੀ ਲੱਖਤਾ ਵਿਚ ਹੈ, ਤੇ ਜੇ ਕਦੀ ਉਸ ਦੀ ਇਸ ਪ੍ਰਤੀਤੀ ਵਿਚ ਵਿਘਨ ਪੈਂਦਾ ਹੈ ਤਾਂ

[1] ਆਖਾ ਜੀਵਾ ਵਿਸਰੈ ਮਰਿ ਜਾਉ ॥ (ਆਸਾ ਮ: ੧)

ਯਥਾ :- ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥(ਰਾਮ : ੩, ਅਨੰਦ-੨)

ਉਸ ਨੂੰ ਦੁੱਖ ਹੁੰਦਾ ਹੈ। ਦੁੱਖ ਹੋਣ ਤੇ ਛੱਡਦਾ ਨਹੀਂ, ਅਪਣੀ ਭੁੱਲ ਸਵਾਈ ਕਰਕੇ ਮੰਨਦਾ ਤੇ ਅਰਦਾਸ ਕਰਦਾ ਹੈ, ਤੇ ਆਖਦਾ ਹੈ ਕਿ ਆਪ ਦਾ ਦਰ ਛੱਡਕੇ ਕਿੱਥੇ ਜਾਵਾਂ। ਸ਼ੁਕਰ ਕਰਦਾ ਹੈ ਤੇ ਸਾਈਂ ਦੇ ਦਿੱਤੇ ਦੇ ਧੰਨਵਾਦ ਦਾ ਭਾਵ ਅੰਦਰ ਵਸਾਉਂਦਾ ਹੈ। ਚਾਹੁੰਦਾ ਹੈ ਮੈਂ ਬੀ ਕੁਛ ਅਰਪਨ ਕਰਾਂ। ਪਰ ਸਮਝਦਾ ਹੈ ਕਿ ਅਪਣਾ ਤਾਂ ਕੁਛ ਹੈ ਨਹੀਂ ਅਰਪਨ ਕੀਹ ਕਰਾਂ। ਉਹ ਫਿਰ ਉਸੇ ਦਾ ਦਿਤਾ ਜੀਉ ਤੇ ਸਰੀਰ ਅਰਪਣ ਕਰਦਾ ਹੈ। ਇਸ ਅਰਪਣ ਵਿਚ ਦੂਹਰਾ ਭਾਵ ਹੈ। ਅਰਪਣ ਕਰਨਾ, ਕੀਤਾ ਜਾਣਨਾ, ਸ਼ੁਕਰੀਆ ਕਰਨਾ ਤੇ ਪਿਆਰੇ ਨੂੰ ਪਿਆਰ ਕਰਨਾ ਹੈ। ਪਰ ਐਸਾ ਕਰਨੇ ਨਾਲ ਆਪਾ ਭਾਵ ਸਮਰਪਨ ਹੋ ਜਾਂਦਾ ਹੈ, ਹਉਮੈਂ ਬਿਲਾ ਜਾਂਦੀ ਹੈ। ਹਉਮੈਂ ਦੇ ਬਿਲਾ ਜਾਣ ਨਾਲ ਹੁਕਮ ਨਦਰੀ ਆ ਜਾਂਦਾ ਹੈ, ਕਿ ਜੋ ਕੁਛ ਵਰਤ ਰਿਹਾ ਹੈ ਹੁਕਮ ਹੈ। ਉਸ ਹੁਕਮ ਨਾਲ ਅਜੋੜ ਨਹੀਂ ਰਹਿੰਦਾ, ਅਨੁਕੂਲਤਾ ਹੋ ਜਾਂਦੀ ਹੈ, ਇਹ ਅਨੁਕੂਲਤਾ ਤਦ-ਰੂਪਤਾ ਵਿਚ ਲੈ ਜਾਂਦੀ ਹੈ।

ਨਿਰੁਕ੍ਰ–ਤੂ–ਤੂੰ। ਭਾਵ ਹੈ ਵਾਹਿਗੁਰੂ। ਇਸ ਸਾਰੇ ਸ਼ਬਦ ਵਿਚ ਸੰਗਜਾ ਪਦ ਕੋਈ ਨਹੀਂ ਜਿਸ ਨੂੰ ਸੰਬੋਧਨ ਕਰ ਰਹੇ ਹਨ। ਸਰਵ ਨਾਮ - ਤੂੰ - ਦੁਆਰਾ ਹੀ ਕਰਤਾਰ ਨੂੰ ਆਰਾਧ ਰਹੇ ਹਨ। ਜਾਪਦਾ ਹੈ ਕਿ ਇਹ ਸ਼ਬਦ ਪਿਛਲੇ ਦੀ ਹੀ ਲੜੀ ਵਿਚ ਹੈ ਤੇ ਪਿਛਲੇ ਸ਼ਬਦ ਵਿਚ ਕਹੇ ਪਦ 'ਸਾਹਿਬ' ਵਾਸਤੇ ਹੀ 'ਤੂੰ' ਪਦ ਵਰਤਿਆ ਹੈ।

ਦਰੀਅਉ– (ਫ਼ਾ:, ਦਰਯਾ) ਨਦੀ। ਫਾਰਸੀ ਵਿਚ ਸਮੁੰਦਰ ਨੂੰ ਬੀ ਆਖਦੇ ਹਨ। ਏਥੇ ਅਰਥ ਸਮੁੰਦਰ ਹੀ ਹੈ। ਸਮੁੰਦਰ ਅਸਗਾਹ ਤੇ ਵਿਸ਼ਾਲ ਹੋਣ ਕਰਕੇ ਗੁਰਬਾਣੀ ਵਿਚ ਕਈ ਵੇਰ ਵਾਹਿਗੁਰੂ ਨੂੰ ਸਮੁੰਦਰ ਕਿਹਾ ਗਿਆ ਹੈ, ਭਾਵ ਅਨੰਤ ਪਰਮਾਤਮਾ ਤੋਂ ਹੁੰਦਾ ਹੈ।

ਦਾਨਾ ਬੀਨਾ – (ਫ਼ਾ:, ਦਾਨਾ = ਜਾਣਨੇ ਵਾਲਾ। ਬੀਨਾ = ਦੇਖਣ ਵਾਲਾ) ਜਾਣਨ ਤੇ ਦੇਖਣ ਵਾਲਾ ਭਾਵ ਸਰਬੱਗ ਤੋਂ ਹੈ। (ਅ) ਜੋ ਜੀਵਾਂ ਦੇ ਦਿਲਾਂ ਦੀ ਜਾਣਦਾ ਤੇ ਉਹਨਾਂ ਦੇ ਕਰਮਾਂ ਨੂੰ ਵੇਖਦਾ ਹੈ।

ਮਛੁਲੀ– (ਸੰਸ:, ਮਤ੍ਸੀ। ਪ੍ਰਾ: ਮਚ[illegible]। ਪੰ:, ਮੱਛ, ਮੱਛੀ, ਮਛਲੀ) ਮੱਛੀ। ਏਥੇ ਭਾਵ ਉਸ ਦੇ ਜਲ ਪ੍ਰੇਮ ਤੋਂ ਪ੍ਰੀਤਵਾਨ ਜਗਜਾਸੂ ਦਾ ਹੈ, ਜੋ ਜਲ ਦੀ ਲੱਖਤਾ ਵਿਚ ਹੈ, ਆਮ ਮੱਛੀ ਵਾਂਙੂੰ ਜਲ ਵਿਚ ਹੁੰਦਿਆਂ ਜਲ ਲੱਖਤਾ ਤੋਂ ਅਗਜਾਤ ਨਹੀਂ, ਪਰ ਅਜੇ ਪੂਰਨ ਪਦ ਤੇ ਅੱਪੜਨ ਵਾਲਾ ਹੈ।

ਮੇਉ– (ਪੰ:, ਮੇਉ= ਮਲਾਹ। ਝੀਵਰ) ਮਲਾਹ ਤੇ ਝੀਵਰ ਦੁਇ ਮੱਛੀਆਂ ਬੀ ਫੜਦੇ ਹਨ। ਇਸ ਕਰਕੇ ਮੇਉ ਦਾ ਅਰਥ ਹੈ - ਮਾਛੀ। ਮੱਛੀਆਂ ਫੜਨ ਵਾਲਾ, ਭਾਵ ਹੈ ਜਮ ਤੋਂ।

ਜਾਲੀ – (ਸੰਸ:, ਜਾਲਂ) ਛੋਟੇ ਜਾਲ ਨੂੰ ਜਾਲੀ ਆਖਦੇ ਹਨ। ਏਥੇ ਜਾਲੀ ਦਾ ਅਰਥ ਜਾਲ ਲਾਉਣ ਵਾਲਾ ਨਹੀਂ ਹੈ, ਕਿਉਂਕਿ 'ਮੇਉ' ਮੱਛੀ ਫੜਨ ਵਾਲਾ, ਯਾ ਜਾਲੀ ਲਾਉਣ ਵਾਲਾ 'ਮੇਉ' ਪਦ ਵਿਚ ਆ ਚੁੱਕਾ ਹੈ।

ਬਿਆ– (ਲਹਿੰਦਾ ਪੰ:,) ਦੂਸਰਾ। ਹੋਰ ਕੋਈ।

ਮਿਆਨੋੁ– (ਫ਼ਾ:, ਮਿਆਨਹ) ਵਿਚਕਾਰ। ਵਿਚ ਵਿਚਾਲੇ।

ਜਹਾਨੋੁ– (ਫ਼ਾ:, ਜਹਾਨ) ਦੁਨੀਆਂ।

ਪਰਵਾਨੋੁ– (ਸੰਸ:, ਪ੍ਰਮਾਣੰ। ਪੰ: ਪਰਵਾਣ) ਮਨਜ਼ੂਰ। ਕਬੂਲ। ਤਿੰਨਾਂ ਪਦਾਂ ਨੂੰ ਦੋ ਮਾਤ੍ਰਾਂ ਹਨ ਔਂਕੜ ਤੇ ਹੋੜਾ। ਅਰਥ ਕਰਨ ਵਾਸਤੇ ਔਂਕੜ ਦਿੱਤਾ ਹੈ ਕਿ ਇਨ੍ਹਾਂ ਦਾ ਅਰਥ ਭਾਵ ਹੈ ਮਿਆਨੁ, ਜਹਾਨੁ ਤੇ ਪਰਵਾਨੁ। ਹੋੜਾ ਹੋਣ ਕਰਕੇ ਅਰਥ ਨਹੀਂ ਬਦਲਣਾ ਕਿਉਂਕਿ ਉਹ ਸੈਨਤ ਗਾਉਣ ਵਾਲੇ ਨੂੰ ਹੈ। ਗਾਯਨ ਕਰਨ ਵਾਲੇ ਨੇ ਇਸ ਨੂੰ ਦੀਰਘ ਕਰਕੇ ਗਾਉਣਾ ਹੈ, ਚਾਹੇ ਤਾ ਪਲੁਤ ਵਿਚ ਲਮਕਾ ਲਵੇ। ਵਜ਼ਨ ਮੂਜਬ ਉਂਵ ਬੀ ਪਹਿਲੇ ਤੇ ਅੰਤਲੇ ਅੰਕ ਨਾਲੋਂ ਵਿਚਲੇ ਅੰਕਾਂ ਦਾ ਵਜ਼ਨ ਹੋਰ ਹੈ।

(ਸਿਰੀ ਰਾਗੁ ਮਹਲਾ ੧,ਚਉਪਦਾ - ੩੨)

ਪ੍ਰਾਕ੍ਰਥਨ– ਅਗਲੇ ਸ਼ਬਦ ਵਿਚ 'ਦਾਤਾਰਗੀ ਦਾ ਮਾਣ ਕਰਤਾਰ ਨੂੰ ਹੈ, ਉਸਦੇ ਕੀਤੇ ਹੋਏ ਜੀਵਾਂ ਨੂੰ ਨਹੀਂ' ਇਹ ਦੱਸਕੇ ਦਾਤਾ ਦੀ ਮਿਹਰ ਤੇ ਜੀਵ ਦੇ ਕਰਮ ਦਾ ਸੰਮੇਲਨ ਨਿਰੂਪਣ ਕਰਦੇ ਹਨ ਤੇ ਕਰਤਾਰ ਦੀ ਪ੍ਰਾਪਤੀ ਤੇ ਲੱਖਤਾ ਦਾ ਉਪਦੇਸ਼ ਦੇਂਦੇ ਤੇ ਰਾਹ ਦੱਸਦੇ ਹਨ।

ਮੂਲ	ਅਰਥ
ਸਿਰੀਰਾਗੁ ਮਹਲਾ ੧ ਘਰੁ ੪॥	
ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥ ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥੧॥	(ਇਹ ਜੀਵ ਕਰਤਾਰ ਦਾ) ਕੀਤਾ ਹੋਇਆ (ਹੈ, ਇਹ) ਮਨ ਵਿਚ (ਕਿਸੇ ਨੂੰ ਕੁਛ ਦੇਣ ਦਾ) ਕੀਹ ਮਾਣ ਕਰੇ (ਜਦ ਕਿ) ਦਾਨ ਦੇਣਾ (ਉਸ ਕਰਤਾਰ) ਦੇਣਹਾਰ ਦੇ (ਆਪਣੇ) ਹੱਥ ਵਿਚ ਹੈ। ਉਸ (ਕਰਤਾਰ ਦੇਣਹਾਰ) ਨੂੰ ਭਾਵੇ (ਤਾਂ ਕਿਸੇ ਨੂੰ) ਦੇਵੇ, (ਨਾ ਭਾਵੇ ਤਾਂ) ਨਾ ਦੇਵੇ, ਕੀਤੇ ਹੋਏ (= ਜੀਵ ਦੇ) ਕਹਿਣੇ ਨਾਲ ਕੀ ਹੋ ਸਕਦਾ ਹੈ ॥ ੧ ॥
ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥ ੧॥ ਰਹਾਉ ॥	(ਦੇਵਣਹਾਰ ਕਰਤਾਰ) ਆਪੂੰ ਸੱਚ (= ਸੱਤਜ ਸਰੂਪ) ਹੈ, ਉਸ ਨੂੰ ਸੱਚ ਹੀ ਭਾਉਂਦਾ ਹੈ, (ਪਰ ਕੀਤਾ ਹੋਇਆ ਜੀਵ ਅੰਧਾ=) ਅਗਜਾਨੀ ਹੈ, (ਚੰਚਲ ਹੋਣ ਕਰਕੇ ਮਨ ਦਾ) ਕੱਚਾ ਹੈ, (ਭਰਮ ਮਯ ਹੋਣ ਕਰਕੇ ਬੁਧੀ ਵਿਚ ਬੀ) ਕੱਚਾ (ਹੀ ਹੈ ਤੇ ਛਿਨ ਭੰਗਰ ਹੋਣ ਕਰਕੇ ਸਰੀਰ ਦੁਆਰਾ ਤਾਂ) ਵਿਸ਼ੇਸ਼ ਹੀ ਕੱਚਾ ਹੈ[੧]॥ ੧ ॥ ਰਹਾਉ ॥
ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥ ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥੨॥	(ਇਹ ਜੀਵ ਜੇ ਆਖੇ ਕਿ ਮੈਂ ਦਾਨ ਕੀਤਾ ਹੈ, ਤਾਂ ਇਹ ਸੱਚ ਨਹੀਂ ਕਹਿ ਰਿਹਾ ਹੁੰਦਾ। ਕਿਉਂਕਿ ਇਕ ਤਾਂ ਦਾਤਾ ਕਰਤਾਰ ਆਪ ਹੈ, ਦੂਸਰੇ ਦਾਨ ਲੈਣ ਵਾਲੇ ਜੀਵਾਂ ਦੇ ਕਰਮ ਬੀ ਕੁਛ ਵਸਤੂ ਹਨ, ਜਿਨ੍ਹਾਂ ਨੂੰ ਦਾਨ ਦੇਣ ਵੇਲੇ ਦਾਤਾ ਨਜ਼ਰ ਵਿਚ ਰਖਦਾ ਹੈ। ਜੈਸਾ ਮਾਲੀ) ਜਿਸ ਦੇ ਬ੍ਰਿਛ ਬੂਟੇ (ਹੁੰਦੇਹਨ ਉਨ੍ਹਾਂ ਨੂੰ ਆਪ ਹੀ ਪਾਲਦਾ, ਰਖਜ਼ਾ ਕਰਦਾ ਤੇ ਹਰ ਤਰ੍ਹਾਂ) ਸਜਾਉਂਦਾ ਹੈ। (ਪਰ ਤਦ ਬੀ ਉਹ) ਜੇਹੀ (ਕਿਸੇ ਬੂਟੇ ਦੀ) ਅਸਲੀਅਤ ਹੁੰਦੀ ਹੈ (ਉਸ ਮੂਜਬ) ਉਸ ਦਾ ਨਾਉਂ (ਲਿਖ ਦੇਂਦਾ ਹੈ)। (ਦੇਖੋ ਫੇਰ ਉਸ ਦੇ ਲਿਖੇ ਮੂਜਬ, ਪਰ ਉਸਦੇ ਅਸਲੀਅਤ ਦੇ ਭਾਵ ਅਨੁਸਾਰ ਫੁਲ ਤੇ ਫਲ ਪੈਂਦਾ ਹੈ, ਅਰਥਾਤ ਮਾਲੀ ਦੇ ਧਾਤ ਪਛਾਣਕੇ ਲਿਖੇ ਮੂਜਬ ਤੇ ਬ੍ਰਿੱਛ ਦੇ ਅੰਦਰ ਜੋ ਅਸਲੀਅਤ ਭਾਵ ਮੌਜੂਦ ਹੈ ਉਸ ਅਨੁਸਾਰ ਉਸ ਨੂੰ ਫੁਲ ਫਲ ਪੈਂਦਾ ਹੈ, ਤਿਵੇਂ ਜੀਵ ਨੂੰ ਵੀ ਸਾਈਂ ਦੇ) ਲਿਖੇ ਤੇ (ਅਪਣੀ) ਭਾਵਨਾ ਅਨੁਸਾਰ ਫੁਲ ਪੈਂਦਾ ਤੇ ਫਲ ਮਿਲਦਾ ਹੈ। (ਐਉਂ ਜੀਵ) ਆਪੇ (ਬੀਜ) ਬੀਜਦਾ ਹੈ ਤੇ ਆਪੇ ਹੀ (ਉਸ ਦਾ ਫਲ) ਖਾਂਦਾ ਹੈ ॥ ੨ ॥

[੧] ਇਥੇ ਤ੍ਰੈ ਵੇਰ ਕੱਚਾ ਕਿਹਾ, ਅੰਕ ੩ ਵਿਚ ਜਾ ਕੇ ਖੋਹਲ ਦਿਤਾ ਕਿ ਕੱਚਾ ਸਰੀਰ ਹੈ, ਕੱਚਾ ਮਨ ਹੈ, ਕੱਚੀ ਮਤਿ ਹੈ।

(ਹੁਣ ਹੋਰ ਦ੍ਰਿਸ਼ਟਾਂਤ ਦੇਕੇ ਸਾਂਈਂ ਦੀ ਕਰਤਾਰਤਾ ਤੇ ਦਾਤਾਰਗੀ ਨੂੰ ਪਛਾਣਨ ਤੇ ਇਸ ਪਛਾਣ ਲਈ ਨਾਮ ਦੀ ਪ੍ਰਾਪਤੀ ਦਾ ਮਾਰਗ ਦੱਸਦੇ ਹਨ)।

ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥

(ਜਿਵੇਂ ਕੋਈ) ਕੰਧ (= ਮਕਾਨ) ਹੋਵੇ ਕੱਚਾ (ਤੇ ਉਸਾਰਨ ਵਾਲਾ) ਰਾਜ ਬੀ ਵਿਚੇ (ਰਹਿੰਦਾ ਹੋਵੇ ਪਰ ਉਹ ਬੀ) ਕੱਚਾ ਹੋਵੇ ; (ਉਸ ਰਾਜ ਦੀ) ਅਕਲ ਬੀ ਕੱਚੀ ਹੋਵੇ (ਤਾਂ ਉਸ ਵਿਚ ਵਾਸ ਬੀ) ਬੇਸੁਆਦਾ ਹੋਵੇਗਾ।

(ਉਸੇ ਤਰ੍ਹਾਂ ਮਾਨੁੱਖ ਦਾ) ਸਰੀਰ ਕੱਚਾ ਹੈ - (ਨਾ-ਪਾਏਦਾਰ ਹੈ, ਉਸ ਸਰੀਰ ਨੂੰ ਪੂਰਬਲੇ ਸੰਕਲਪਾਂ ਨਾਲ ਘੜਨ ਵਾਲਾ ਤੇ ਹੁਣ ਦੇ ਸੰਕਲਪਾਂ ਨਾਲ ਅਗਲਾ ਸਰੀਰ ਘੜਨ ਵਾਲਾ ਰਾਜ=) ਮਨ ਬੀ ਵਿਚ ਕੱਚਾ ਹੈ, (ਉਸ ਮਨ ਨੂੰ ਅਗਵਾਨੀ ਦੇਣ ਵਾਲੀ) ਬੁੱਧੀ (ਬੀ ਸਰਵੱਗ ਨਹੀਂ, ਸਗੋਂ ਭੈ ਭਰਮ ਕਰਕੇ ਨਾਮ ਦੇ ਪਿਆਰ ਰੂਪੀ) ਲੂਣ ਤੋਂ ਸੱਖਣੀ ਹੋਣ ਕਰਕੇ ਰਸਹੀਨ (ਰਹਿੰਦੀ) ਹੈ[੧]। (ਇਸ ਬੁੱਧੀ ਵਿਚ ਮਨ ਤੇ ਇਸ ਸਰੀਰ ਵਾਲਾ ਇਨਸਾਨ ਜੋ ਕੁਛ ਕਰੇਗਾ ਬੇ-ਸੁਆਦਾ ਹੋਵੇਗਾ, ਇਸ ਕਰਕੇ ਹੁਣ ਉਸ ਨੂੰ ਰਸਮਯ ਕਰਨੇ ਦਾ ਤ੍ਰੀਕਾ ਦੱਸਦੇ ਹਨ:) (ਰਸਮਯ ਕਰਨੇ ਲਈ ਚਾਹੀਏ ਕਿ ਉਸ ਦੇ ਅੰਦਰ ਸਾਂਈਂ ਤੇ ਸਿਦਕ ਬੱਝੇ ਤੇ ਇਹ ਦ੍ਰਿੜਤਾ ਆਵੇ ਕਿ ਕਰਨ ਕਾਰਨ ਦਾਤਾਰ ਓਹੋ ਹੈ, ਮੇਰੇ ਕੀਤੇ ਨੂੰ ਉਹੋ) ਰਾਸ ਲਿਆਵੇ ਤਾਂ ਰਾਸ ਆਵੇਗਾ (ਤਾਂ ਤੇ ਮੈਂ ਤਾਣ ਤਕੀਆ ਉਸੇ ਤੇ ਰੱਖਾਂ। ਪਰ)

ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥

ਹੇ ਨਾਨਕ ! ਇਸ ਸ਼ਾਬਾਸ਼ (ਦਰਗਾਹ ਵਿਚ ਵਡਿਆਈ ਯਾ ਧੰਨਜਤਾ) ਨਾਮ (ਦੀ ਅਰਾਧਨਾ) ਬਿਨਾ ਪ੍ਰਾਪਤ ਨਹੀਂ ਹੁੰਦੀ। (ਭਾਵ ਇਹ ਕਿ ਵਾਹਿਗੁਰੂ ਜੀ ਤੇ ਸਿਦਕ ਧਰਕੇ ਉਸਦਾ ਨਾਮ ਜਪੋ ਤਦ ਤੁਸੀਂ ਸੱਚ ਵਿਚ ਪਹੁੰਚ ਜਾਓਗੇ ਤੇ ਕੂੜੇ ਦਾਅਵੇ ਬੰਨ੍ਹਣੇ ਤੇ ਮਾਣ ਕਰਨੇ ਤੁਸਾਡੇ ਛੁੱਟ ਜਾਣਗੇ, ਤੁਸੀਂ ਰਸਮਯ-ਆਨੰਦ-ਅਵਸਥਾ ਵਿਚ ਹੋ ਜਾਉਗੇ) ॥ ੩ ॥ ੩੨ ॥

ਵਜਾਖਜਾ-ਜਾਪਦਾ ਹੈ ਕਿ ਕਿਸੇ ਸਾਧੂ ਦੇ ਕਹਿਣੇ ਤੇ ਕਿਸੇ ਨੂੰ ਕੁਛ ਪ੍ਰਾਪਤੀ ਹੋਣ ਤੇ ਸਾਧੂ ਨੇ ਮਾਣ ਕੀਤਾ ਹੈ ਇਹ ਦਾਤ ਮੈਂ ਦਿੱਤੀ ਹੈ। ਗੁਰੂ ਜੀ ਨੇ ਉਸ ਸਾਧੂ ਨੂੰ ਮਤਿ ਦਿੱਤੀ ਹੈ। ਪਰ ਉਹ ਮੱਤਿ ਇਸ ਤਰ੍ਹਾਂ ਦਿੱਤੀ ਹੈ ਕਿ ਹਰ ਸਮੇਂ ਹਰ ਭਲੇ ਪੁਰਖ ਨੂੰ, ਜਿਸ ਵਿਚ ਕੋਈ ਮਾਨਸਿਕ ਸ਼ਕਤੀ ਉਦਜਤ ਹੋ ਆਵੇ, ਹੋਸ਼ ਵਿਚ ਰਹੇ ਤੇ ਉਹ ਅਪਣੱਤ ਦੇ ਦਾਅਵੇ ਨਾ ਬੰਨ੍ਹ ਬਹੇ, ਕਿਉਂਕਿ ਐਸਾ ਕਰਨੇ ਨਾਲ ਹਉਂ, ਜੋ ਜਿੱਤਣੀ ਸੀ, ਉਹ ਹੋਰ ਵਧ ਜਾਂਦੀ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਸਗੋਂ ਕਰਤਾਰ ਨੂੰ ਦਾਤਾਰ ਲਖਕੇ '**ਆਪਸ ਕਉ ਕਰਿ ਕਛੁ ਨ ਜਨਾਵੈ**' ਤੇ '**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥**' (ਸੁਖਮਨੀ ੧੮-੨)

ਇਹ ਮਤਿ ਸਾਧੂ ਨੂੰ ਉਸ ਦੀ ਕਮਾਈ ਦੀ ਰਖਜਾ ਲਈ ਦਿੱਤੀ ਹੈ ਤੇ ਖ਼ੁਦਗਰਜ਼ ਲੋਕਾਂ

---

[੧] ਫੀਕੇ ਹਰਿ ਕੇ ਨਾਮ ਬਿਨੁ ਸਾਦ॥ (ਸਾਰਗ : ੫-੭੮)
ਪੁਨਾ: - ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥ (ਵਾਰ ਜੈਤਸਰੀ : ੫-੧੧)
ਅਖੀਰਲੀ ਤੁਕ ਇਸੇ ਸ਼ਬਦ ਦੀ ਵਿਚ ਨਾਮ ਨਾਲ ਹੀ ਸ਼ਾਬਾਸ਼ ਦੱਸਦੇ ਹਨ।

ਦੀਆਂ ਫੁਲਾਹੁਣੀਆਂ ਤੋਂ ਬਚਕੇ ਅਪਣੇ ਨਾਮ ਰਸ ਵਿਚ ਲਗੇ ਰਹਿਣ ਲਈ ਦਿੱਤੀ ਹੈ।

ਭਾਵ ਸ਼ਬਦ ਦਾ ਇਹ ਹੈ ਕਿ ਕਿਸੇ ਅਭਜਾਸੀ ਬੰਦੇ ਨੂੰ ਕੁਛ ਮਾਣ ਦਾਤਾਰ ਹੋਣ ਦਾ ਨਹੀਂ ਕਰਨਾ ਚਾਹੀਏ। ਕਿਸੇ ਭਲੇ ਘਾਲੀ ਨੂੰ ਕਿਸੇ ਹੋਣਹਾਰ ਤੇ ਇਹ ਮਾਣ ਫੁਰੇ ਤਾਂ ਦੋ ਵਿਚਾਰਾਂ ਕਰੇ : ਇਕ ਤਾਂ ਇਹ ਕਿ ਦਾਤਾ ਉਹ ਹੈ, ਜੋ ਕਰਤਾਰ ਹੈ, ਜੇ ਮੇਰੀ ਅਰਦਾਸ ਤੇ ਕਿ ਮੇਰੀ ਸ਼ੁਭ ਭਾਵਨਾ ਤੇ ਕਿਸੇ ਨੂੰ ਲਾਭ ਹੋਇਆ ਹੈ ਤਾਂ ਬੀ ਦਾਤਾ ਤਾਂ ਉਹੋ ਹੈ। ਕਿਉਂਕਿ ਮੇਰੀ ਅਰਦਾਸ ਸੁਣੇ ਨਾ ਸੁਣੇ ਇਹ ਦਾਤਾਰ ਦੀ ਮਰਜ਼ੀ ਹੈ। ਦੂਸਰੀ ਗੱਲ ਇਹ ਹੈ ਕਿ ਜੀਵਾਂ ਦੇ ਕਰਮ ਵੀ ਕੁਛ ਚੀਜ਼ ਹਨ, ਜੇ ਮੇਰੇ ਚਾਹੇ ਕਿ ਮੰਗੇ ਕਿਸੇ ਨੂੰ ਕੁਛ ਲੱਭਾ ਹੈ ਤਾਂ ਕੀਹ ਜਾਣੀਏ ਉਸ ਦੇ ਕਰਮ ਉਸੇ ਵੇਲੇ ਓਦਜਤ ਹੋ ਪਏ ਸਨ ਤੇ ਉਸ ਨੂੰ ਦਾਤ ਮਿਲ ਗਈ। ਕਰਮਾਂ ਅਨੁਸਾਰ ਦੇਣ ਵਾਲਾ ਬੀ 'ਫਲ ਪ੍ਰਦਾਤਾ' ਉਹੋ ਹੈ, ਮੈਂ 'ਕਰਮ ਫਲ ਪ੍ਰਦਾਤਾ' ਨਹੀਂ ਹਾਂ। ਹਰ ਹਾਲ ਦਾਤਾਰ ਉਹੀ ਕਰਤਾਰ ਹੈ। ਹੁਣ ਪ੍ਰਸ਼ਨ ਉਪਜ ਪੈਂਦਾ ਹੈ ਕਿ ਵਾਹਿਗੁਰੂ 'ਸ੍ਵੈਜੈਂ ਦਾਤਾ' ਹੈ ਕਿ 'ਕਰਮ ਫਲ ਪ੍ਰਦਾਤਾ' ਹੈ ? ਇਸ ਦਾ ਉਤਰ ਦੇਂਦੇ ਹਨ, ਮਾਲੀ ਬ੍ਰਿਛ ਬੂਟੇ ਲਾਉਂਦਾ ਪਾਲਦਾ, ਰਖਜਾ ਕਰਦਾ ਤੇ ਹਰ ਤਰ੍ਹਾਂ ਬੱਚਿਆਂ ਵਾਂਙੂ ਮਿਹਰਾਂ ਕਰਦਾ ਹੈ, ਪਰ ਜੋ ਜੋ ਜਿਸ ਬ੍ਰਿਛ ਦੀ ਅਸਲੀਅਤ ਹੁੰਦੀ ਹੈ ਉਸ ਨੂੰ ਬੀਜ ਵਿਚ ਲੁਕੀ ਬੈਠੀ ਦਾ ਹੀ ਪਤਾ ਹੁੰਦਾ ਹੈ, ਉਹ ਓਹੋ ਨਾਮ ਉਸ ਉਗਾਏ ਬੂਟੇ ਤੇ ਲਿਖਕੇ ਲਾ ਦੇਂਦਾ ਹੈ ਅਤੇ ਉਸ ਨੂੰ ਫੁਲ ਫਲ ਉਸ ਅੰਦਰਲੇ ਭਾਵ ਮੂਜਬ ਪੈਂਦੇ ਹਨ। ਉਹ ਸ਼ਕਤੀ ਜੋ ਅੰਦਰ ਬੀਜ ਵਿਚ ਹੈ ਅਪਣੇ ਅਸਲੇ ਮੂਜਬ ਫੁਲਣ ਤੇ ਫਲਣ ਦੀ ਮਾਨੋ ਇਕ ਪ੍ਰੇਰਕ ਸ਼ਕਤੀ ਹੈ ਜੋ ਉਸ ਨੂੰ ਉਸੇ ਅਨੁਸਾਰ ਮੌਲਾਵੇਗੀ। ਜਿਵੇਂ ਗਾਜਰ ਤੇ ਕਰੇਲੇ ਦੇ ਕੱਠੇ ਕਰਕੇ ਬੀਜੇ ਧਰਤੀ ਵਿਚੋਂ ਮਿਠਾਸ ਤੇ ਕੁੜੱਤਣ ਅਪਣੀ ਅੰਦਰਲੀ ਪ੍ਰੇਰਕ ਸ਼ਕਤੀ ਮੂਜਬ ਖਿਚਦੇ ਹਨ। ਇਹ ਹੈ 'ਭਾਉ' ਪਦ ਦਾ ਮਤਲਬ ਏਸ ਥਾਂ। ਉਧਰ ਭਾਵ ਤੋਂ ਮੁਰਾਦ ਜੀਵਾਂ ਦੇ ਅੰਦਰ ਪਿਛਲੇ ਕਰਮਾਂ ਅਨੁਸਾਰ ਬਣ ਗਈ 'ਭਾਵਨਾਂ' ਤੋਂ ਹੈ, ਜੋ ਉਸੇ ਕਿਸਮ ਦੇ ਕਰਮਾਂ ਵਲ ਪ੍ਰੇਰਦੀ ਹੈ। ਸੋ ਇਸ ਦ੍ਰਿਸ਼ਟਾਂਤ ਵਿਚ ਜੀਵ ਦੇ ਕਰਮ ਬੀ ਆ ਗਏ ਤੇ ਸਾਂਈਂ ਦਾ ਪਿਆਰ ਬੀ ਆ ਗਿਆ। ਹੁਣ ਰਹੀ ਇਹ ਗਲ ਕਿ ਸਾਡੀ ਮਤਿ ਕੱਚੀ, ਮਨ ਕੱਚਾ, ਜਿਸ ਅਨੁਸਾਰ ਅਸਾਂ ਕਰਮ ਕੀਤੇ ਤੇ ਸੋਚਾਂ ਸੋਚੀਆਂ, ਇਨ੍ਹਾਂ ਨੇ ਸਾਨੂੰ ਇਹ ਜਨਮ ਦਿੱਤਾ ਤੇ ਸਾਡਾ ਇਹ ਸਰੀਰ ਬਣਾਇਆ, ਹੁਣ ਅਸੀਂ ਵੈਸਾ ਹੀ ਸਰੀਰ ਫੇਰ ਅੱਗੇ ਲਈ ਬਣਾ ਰਹੇ ਹਾਂ, ਇਹ ਟਿੰਡਾਂ ਦਾ ਗੇੜ ਟੁਰ ਪਿਆ, ਕਿਉਂਕਿ ਹਰ ਜਨਮ ਉਹੋ ਮਨ ਉਹੋ ਮਤਿ ਹੈ। ਪਿਛਲੇ ਸੰਸਕਾਰ ਨਾਲ ਹਨ ਜੋ ਗੇੜ ਵਿਚੋਂ ਨਿਕਲਣ ਨਹੀਂ ਦੇਂਦੇ। ਸੁਭਾਵ ਹੀ ਦ੍ਰਿੜ ਹੋ ਚੁੱਕਾ ਹੈ, ਗੇੜ ਵਿਚੋਂ ਕਿਵੇਂ ਨਿਕਲੀਏ ? ਇਸ ਦਾ ਦਾਰੂ ਦੱਸਦੇ ਹਨ: 'ਨਾਮ' ਸਿਮਰਨ ਕਰੋ, ਵਾਹਿਗੁਰੂ ਜੀ ਤੇ ਦ੍ਰਿੜ ਭਰੋਸਾ ਧਾਰਨ ਕਰੋ ਤੁਹਾਡੀ ਨਜ਼ਰ ਕਰਮ ਜਾਲ ਤੋਂ ਉਠਕੇ ਵਾਹਿਗੁਰੂ ਵਿਚ ਚਲੀ ਜਾਵੇ। ਇਸ ਤਰ੍ਹਾਂ ਦੇ ਨਾਮ ਅਭਿਆਸ ਤੇ ਦ੍ਰਿੜ ਵਿਸ਼ਵਾਸ ਕਿ **'ਤੁਧੁ ਭਾਵੈ ਤਾ ਆਣਹਿ ਰਾਸਿ'** (ਸੂਹੀ ਮ: ੫-੨) ਨਾਲ ਨਾਮੀ ਨੂੰ ਪ੍ਰਾਪਤ ਹੋ ਜਾਓਗੇ, ਜਿਸ ਕਰਕੇ ਕਰਮ ਗੇੜ ਵਿਚੋਂ ਨਿਕਲ ਜਾਓਗੇ, ਓਹ ਨੀਵਾਂ ਰਹਿ ਜਾਏਗਾ। 'ਨਾਮ' ਦੀ ਪਾਪਤ ਅਵਸਥਾ ਸ਼ਾਬਾਸ਼ ਦੀ ਅਵਸਥਾ ਹੈ, ਭਾਵ ਧੰਨਜਤਾ ਦੀ ਅਵਸਥਾ ਹੈ। ਉਸ ਦੀ ਸ਼ੋਭਾ ਲੋਕ ਪ੍ਰਲੋਕ ਵਿਚ ਹੈ।

ਨਿਰੁਕੁ–ਕੀਤਾ – ਜੋ ਕੀਤਾ ਯਾ ਰਚਿਆ ਗਿਆ ਹੈ। ਭਾਵ ਜੀਵ।

ਆਪੇ ਸਚੁ – (ਕਰਤਾਰ) ਅਪਣੇ ਆਪ ਵਿਚ ਸਚੁ ਹੈ, ਸੱਤਜ ਸਰੂਪ ਹੈ। ਇਸ ਕਰਕੇ ਉਸ ਨੂੰ ਸਚ ਹੀ ਭਾਉਂਦਾ ਹੈ। (ਅ) ਐਉਂ ਬੀ ਕਰਦੇ ਹਨ ਕਿ ਜਿਸ ਨੂੰ ਚਾਹੇ ਆਪ ਸਚ ਦੇ ਦੇਂਦਾ ਹੈ। ਪਰ ਇਹ ਪ੍ਰਸੰਗ ਨਾਲ ਢੁਕਦਾ ਘਟ ਹੈ।

ਅੰਧਾ – ਅੰਨ੍ਹਾਂ । ਭਾਵ ਹੈ ਗਜਾਨ ਦ੍ਰਿਸ਼ਟੀ ਤੋਂ ਹੀਨ ਅਗਜਾਨੀ।

ਕਚਾ – ਜੋ ਪੱਕਾ ਨਾ ਹੋਵੇ। ਅਰਥਾਤ ਮਨ ਤੇ ਮਤਿ ਜਿਸ ਦੇ ਅਪਣੀ ਗਜਾਤ ਵਿਚ ਸਰਵਗਜ ਨਹੀਂ, ਚੰਚਲ ਹਨ। ਸਚ ਨੂੰ ਤਜਾਗਕੇ ਕਚੇ ਵਿਸ਼ਿਆਂ, ਕਚੇ ਭੋਗਾਂ, ਕਚੇ ਪਦਾਰਥਾਂ ਦੇ ਮਗਰ ਭਜਦੇ ਹਨ।

ਰੁਖ ਬਿਰਖ – (ਸੰਸ:, ਰੂਕਜ਼:= ਬ੍ਰਿੱਛ। ਪੰ:, ਰੂਖ, ਰੁੱਖ। ਸੰਸ:, (ਵ੍ਰਿਕਜ਼) ਰੁਖ-ਵਡੇ ਬ੍ਰਿਛ।

ਬਿਰਖ–ਛੋਟੇ ਬ੍ਰਿਛ। ਬ੍ਰਿਛ ਬੂਟੇ। 'ਰੁਖ ਬਨਾਂ ਦੇ' ਤੇ 'ਬਿਰਖ ਬਾਗ਼ਾਂ ਦੇ' ਬੀ ਅਰਥ ਕਰਦੇ ਹਨ।

ਆਰਾਉ– (ਫ਼ਾ., ਆਰਾਸਤਨ ਤੋਂ= ਸਜਾਉਣਾ, ਠੀਕ ਕਰਨਾ) ਸੰਵਾਰਦਾ ਹੈ। ਬੀਜਣਾ, ਪਾਲਣਾ ਆਦਿ ਸਾਰੇ ਕਰਮ ਇਸ ਵਿਚ ਆ ਜਾਂਦੇ ਹਨ। (ਅ) ਸੰਸਕ੍ਰਿਤ = ਆਰਾਮ: = ਬਾਗ਼।

ਕੰਧ – ਦੀਵਾਰ। ਦੀਵਾਰ ਤੋਂ ਮੁਰਾਦ ਦੀਵਾਰਾਂ ਵਾਲਾ ਘਰ ਹੈ, ਜਿਸਦਾ ਭਾਵ ਸਰੀਰ ਹੈ।

ਰਾਜੁ– ਉਸਾਰੀ ਕਰਨ ਵਾਲਾ, ਭਾਵ ਹੈ ਮਨ। ਮਨ ਨੂੰ ਰਾਜ ਕਿਹਾ ਕਿ ਇਹ ਅਪਣੇ ਸੰਕਲਪਾਂ ਤੇ ਕਰਮਾਂ ਨਾਲ ਅਗਲੇ ਜਨਮ ਲਈ ਅਪਣਾ ਸਰੀਰ, ਅਰਥਾਤ ਉਸ ਸਰੀਰ ਵਿਚ ਇਸ ਦਾ ਕੀਹ ਸੁਭਾਵ ਤੇ ਪ੍ਰਿਵਰਤੀ ਹੋਣੀ ਹੈ, ਹੁਣ ਬਣਾ ਰਿਹਾ ਹੈ।

ਮਤਿ– ਬੁਧੀ। ਇਹ ਰਾਜ ਦੇ ਉਤੇ ਮਿਸਤ੍ਰੀ ਹੈ ਜੋ ਰਾਜ ਨੂੰ ਗ਼ਲਤੀਆਂ ਤੋਂ ਬਚਾ ਕੇ ਪਰਮਾਰਥਿਕ ਘਰ ਬਣਵਾ ਸਕਦੀ ਹੈ, ਪਰ ਇਸ ਵਿਚ ਨਾਮ ਨਹੀਂ ਯਾ ਇਉਂ ਕਹੋ ਕਿ ਸੱਚੇ ਸਾਂਈਂ ਨਾਲ ਪ੍ਰੇਮ ਨਹੀਂ। ਇਸ ਕਰਕੇ ਇਹ ਜੋ ਕੁਛ ਬਣਵਾਏਗੀ ਉਹ ਅਨਸਥਿਰ ਦੇ ਪ੍ਰੇਮ ਵਾਲਾ ਬਣਵਾਏਗੀ। ਅਨਸਥਿਰ ਦੇ ਰਸ ਸਾਰੇ ਫਿੱਕੇ ਹੁੰਦੇ ਹਨ :-

ਆਨ ਰਸਾ ਸਭਿ ਹੋਛੇ ਰੇ ॥ (ਆਸਾ ਮ: ੫-੭੭)

ਫੀਕੇ ਹਰਿ ਕੇ ਨਾਮ ਬਿਨੁ ਸਾਦ ॥ (ਸਾਰਗ ਮ: ੫-੭੮)

ਇਸ ਲਈ ਹਰੀ ਨਾਮ, ਹਰੀ ਪ੍ਰੇਮ ਤੋਂ ਵਿਰਵਾ ਸੁਭਾਵ ਬਣੇਗਾ। ਬੁਧੀ ਜੇ ਨਾਮ ਨਾਲ ਭਿੱਜ ਜਾਏ, ਧੋਪ ਹੋ ਜਾਏ ਤਾਂ ਉਹ ਮਨ ਨੂੰ ਈਸ਼੍ਵਰ ਪ੍ਰੇਮ ਵਲ ਪ੍ਰੇਰੇਗੀ ; ਨਹੀਂ ਤਾਂ ਆਨ ਰਸਾਂ ਵਲੋਂ ਨਹੀਂ ਹੋੜੇਗੀ ਜੋ ਫਿੱਕੇ ਹਨ। **ਆਣੇ**– ਲਿਆਵੇ

ਰਾਸਿ – (ਫ਼ਾ:, ਰਾਸਤ) ਠੀਕ, ਦਰੁਸਤ।

ਸਾਬਾਸਿ – (ਫ਼ਾ:, ਸ਼ਾਬਾਸ਼। ਸ਼ਾਦਬਾਸ਼ ਦਾ ਸੰਖੇਪ ਹੈ । ਤਹਸੀਨ ਤੇ ਪਿਆਰ ਦਾ ਵਾਕ ਹੈ।) ਵਡਿਆਈ ਦਾ ਵਾਕ ਪ੍ਰਾਪਤ ਹੋਣਾ। ਧੰਨਜਤਾ ਹੋਣੀ।

(ਸਿਰੀ ਰਾਗੁ ਮਹਲਾ ੧, ਚਉਪਦਾ – ੩੩)

ਪ੍ਰਾਕ੍ਰਥਨ–ਮਾਇਆ ਜੋ ਸਭ ਕਿਸੇ ਨੂੰ ਛਲ ਲੈਂਦੀ ਹੈ ਉਹ ਅਭਜਾਸੀ ਪੁਰਖ ਨੂੰ ਕਿਵੇਂ ਨਾ ਛਲੇ ਇਹ ਜਾਚ ਅਗਲੇ ਸ਼ਬਦ ਵਿਚ ਦੱਸੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੧ ਘਰੁ ੫॥	
ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥	(ਪ੍ਰਸ਼ਨ: ਹੇ ਗੁਰੋ ਕਿਵੇਂ ਹੋਵੇ ਕਿ) ਨਾ ਛਲੇ ਜਾ ਸਕਣ ਵਾਲਿਆ ਨੂੰ ਬੀ ਛਲ ਲੈਣ ਵਾਲੀ (ਮਾਇਆ ਮੈਨੂੰ) ਨਾ ਛਲ ਸਕੇ, (ਹਾਂ ਜੀਓ ! ਕਿਵੇਂ ਹੋਵੇ ਕਿ ਇਸ ਠੱਗਣੀ ਦੀ) ਵਡੀ ਕਟਾਰ (ਮੈਨੂੰ ਘਾਉ ਨਾ ਲਾ ਸਕੇ ? (ਉੱਤਰ : ਭਾਈ ! ਵਾਹਿਗੁਰੂ) ਮਾਲਕ ਜਿਵੇਂ (ਇਸ ਜੀਵ ਨੂੰ) ਰਖੇ (ਇਹ) ਉਸੇ ਤਰ੍ਹਾਂ ਰਹੇ (ਭਾਵ ਰਜ਼ਾ ਵਿਚ ਰਹੇ ਤਾਂ ਮਾਇਆ ਨਹੀਂ ਛਲ ਸਕਦੀ)। (ਪ੍ਰਸ਼ਨ : ਇਨਸਾਨ ਦੇ ਸੁਭਾਵ

ਵਿਚ ਲੋਭ ਹੈ। ਲੋਭ ਹਨੇਰਾ ਹੈ ਜਿਸ ਕਰਕੇ) ਇਸ ਲੋਭੀ (ਮਾਨੁੱਖ) ਦਾ ਮਨ (ਰਜ਼ਾ ਦੇ ਰਾਹ ਤੋਂ ਮਾਇਆ ਵਲ ਨੂੰ) ਲੁੜ੍ਹਕ ਜਾਂਦਾ ਹੈ। (ਇਸ ਦਾ

ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥

ਦਾਰੂ ਦੱਸੋ ? ਉੱਤਰ : ਦੀਵਾ ਬਾਲ ਲਓ। ਪ੍ਰਸ਼ਨ : ਮੇਰੇ ਪਾਸ ਤੇਲ ਨਹੀਂ), ਬਿਨਾਂ ਤੇਲ ਦੇ ਦੀਵਾ ਕੀਕੂੰ ਬਲੇ ? (ਉੱਤਰ: ਇਸ ਮਾਰਗ ਦਾ

ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥੨॥

ਦੀਵਾ ਇਹ ਹੈ ਕਿ ਧਰਮ ਉਪਦੇਸ਼ ਵਾਲੀਆਂ) ਪੋਥੀਆਂ (ਤੇ ਧਰਮ ਕਥਾ ਵਾਲੇ) ਪੁਰਾਣੇ ਗ੍ਰੰਥਾਂ (ਵਿਚ ਦੱਸੀ ਨਾਮ ਦੀ) ਕਰੀਏ ਕਮਾਈ[1] (ਅਤੇ) ਇਸ ਸਰੀਰ ਵਿਚ (ਪਰਮੇਸ਼ੁਰ ਦੇ) ਭੈ (ਨੂੰ ਰੱਖਣਾ) ਇਹ (ਦੀਵੇ ਵਿਚ) ਪਾਈਏ ਵੱਟੀ (ਫੇਰ ਗੁਰੂ ਤੋਂ) ਸੱਚਾ ਗਿਆਨ ਲਿਆਕੇ (ਇਸ ਅੱਗ ਨਾਲ ਦੀਵਾ) ਬਾਲ ਲਈਏ ॥ ੨ ॥

ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥

ਇਹ (ਹਈ,ਭਾਈ !) ਤੇਲ (ਵੱਟੀ, ਅੱਗ ਤੇ) ਐਉਂ ਬਲਦਾ ਹਈ (ਇਹ) ਦੀਵਾ। ਇਸ ਦਾ ਚਾਨਣ (ਆਪਣਾ ਸਾਥੀ) ਕਰ ਲੈ (ਤਾਂ ਤੂੰ ਸੱਤਜ ਦੇ ਸੁਮਾਰਗ ਤੋਂ ਲੁੜ੍ਹਕੇਂਗਾ ਨਹੀਂ, ਦਰ ਅੱਪੜੇਂਗਾ, ਤੇ) ਤੈਨੂੰ ਸਾਹਿਬ ਮਿਲ ਪਏਗਾ ॥ ੧ ॥ ਰਹਾਉ ॥

ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥ ਸਭ ਦੁਨੀਆ ਆਵਣ ਜਾਣੀਆ ॥੩॥

(ਫੇਰ ਸੋਚ ਇਹ) ਸਾਰੀ ਦੁਨੀਆਂ (ਥਿਰ ਨਹੀਂ ਇਹ), ਆਉਣੇ ਜਾਣੇ ਵਾਲੀ ਹੈ। (ਇਸ ਵਿਚ ਜਦੋਂ ਤੇਰੀ ਵਾਰੀ ਆਈ ਤੇ ਤੇਰੇ) ਇਸ ਸਰੀਰ ਵਿਚ ਲਗ ਪਿਆ (ਯਮ ਰੂਪ) ਬਾਣੀਆਂ (ਤਦੋਂ ਤੈਨੂੰ ਉੱਪਰ ਦੱਸੀ ਸਾਈਂ ਦੀ) ਕਮਾਈ ਹੋਈ ਸੇਵਾ ਦਾ ਸੁਖ ਹੋਵੇਗਾ ॥ ੩ ॥

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥੪॥੩੩॥

(ਇਸ ਲਈ ਬਣਦਾ ਇਹੋ ਹੈ ਕਿ ਜਦ ਤਕ) ਦੁਨੀਆਂ ਵਿਚ (ਹਾਂ, ਤਦ ਤਕ ਉੱਪਰ ਦੱਸੀ ਸਾਈਂ ਦੀ) ਸੇਵਾ ਦੀ ਕਮਾਈ ਕਰੀਏ (ਤਾਂ ਹੀ ਮਰਕੇ) ਦਰਗਾਹ ਵਿਚ (ਆਦਰ ਦਾ) ਬੈਠਣਾ ਮਿਲਦਾ ਹੈ। (ਹਾਂ) ਦੱਸ ਨਾਨਕ ! (ਕਿ ਤਦ ਹੀ ਉਥੇ ਅਨੰਦ ਵਿਚ) ਬਾਂਹ ਲੁਡਾਈ ਦੀ ਹੈ ॥ ੪ ॥ ੩੩ ॥

ਵਯਾਖਯਾ–ਇਸ ਸ਼ਬਦ ਵਿਚ ਉੱਤਰ ਪ੍ਰਸ਼ਨ ਹਨ ਤੇ ਲੁਪਤੀਆਂ ਕਈ ਹਨ। ਪਦ ਪਦਾਰਥ ਸੂਤ੍ਰਾਤਮਿਕ, ਪਰ ਵਿਚਲੇ ਦਿੱਤੇ ਸਾਮਾਨ ਭਾਵ ਨੂੰ ਖੁਹਲ ਦੇਂਦੇ ਹਨ ਤੇ ਲੁਪਤੀਆਂ ਦਾ ਰਸਤਾ ਦੱਸ ਦੇਂਦੇ ਹਨ।

ਪਿਛਲੇ ਸ਼ਬਦ ਵਿਚ ਅਖ਼ੀਰ ਆਕੇ 'ਵਿਣੁ ਨਾਵੈ' ਕਹਿਕੇ ਅਤਿ ਸੰਖੇਪ ਵਿਚ ਦਾਰੂ ਦੱਸਿਆ ਸੀ ਦਰਗਾਹੇ ਸ਼ਾਬਾਸ਼ ਮਿਲਨ ਦਾ। ਇਸ ਸ਼ਬਦ ਵਿਚ 'ਨਾਮ ਦੇ ਸਹਾਯਕ ਸਾਮਾਨਾਂ' ਨੂੰ ਖੋਹਲਿਆ ਹੈ ਤੇ ਅੰਤ ਇਸ ਦੇ ਬੀ ਦਰਗਾਹੇ ਬਾਂਹ ਲੁਡਾ ਕੇ ਜਾਣਾ ਦੱਸਿਆ ਹੈ। ਜੇ ਸਮਝ ਲਈਏ ਕਿ ਪਿਛਲੇ ਸ਼ਬਦ ਦੀ ਲੜੀ ਜਾਰੀ ਹੈ ਤਾਂ ਐਉਂ ਬਣਦਾ ਹੈ ਕਿ ਓਪਦੇਸ਼ ਸੁਣਕੇ ਸ੍ਰੀ ਗੁਰੂ ਜੀ ਉਤੇ ਪ੍ਰਸ਼ਨ ਹੋਇਆ ਹੈ ਕਿ ਆਪ ਸੱਚ ਫੁਰਮਾ ਰਹੇ ਹੋ, ਅਸਾਂ ਜੀਵਾਂ ਨੂੰ ਮਾਣ ਆ ਹੀ ਜਾਂਦਾ ਹੈ, ਬ੍ਰਹਮਾਦਿਕ ਜੋ ਕਿਸੇ ਤੋਂ ਨਹੀਂ ਸਨ ਛਲੇ ਜਾਂਦੇ ਮਾਇਆ ਨੇ ਛਲ ਲਏ, ਉਹ ਮਾਇਆ ਅਸਮਦਾਦਿਕ (ਹਮਾਤੜ) ਜੀਵਾਂ ਨੂੰ

[1]ਇਹ ਹੈ ਮਾਨੋ ਤੇਲ।

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥

ਨਾ ਛਲੇ ਤੇ ਉਸ ਦਾ ਕਟਾਰਾ ਘਾਉ ਨਾ ਲਾ ਸਕੇ ਇਸ ਦਾ ਕੋਈ ਦਾਰੂ ਦੱਸੋ। ਉਥੇ ਪਿਛਲੇ ਸ਼ਬਦ ਵਿਚ ਜੋ ਮਨ ਬੁਧਿ ਸਰੀਰ ਦਾ ਕੱਚਾ ਪਨ ਦੱਸਿਆ ਸੀ ਪ੍ਰਸ਼ਨ ਕਰਤਾ ਨੇ ਏਥੇ ਉਹ ਮਾਇਆ ਦੇ ਜਿੰਮੇ ਲਾਇਆ ਹੈ ਕਿ ਓਸ ਦੇ ਛਲ ਤੋਂ ਕਿੰਞ ਬਚ ਸਕੀਦਾ ਹੈ **ਸਰਪਨੀ ਤੇ ਊਪਰਿ ਨਹੀਂ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾ ਦੇਉ ਛਲੀਆ॥** (ਆਸਾ ਕਬੀਰ ਜੀ - ੧੯) ਮਾਇਆ ਠਗ ਦੇ ਰੂਪ ਵਿਚ ਦੱਸੀ ਹੈ। ਠੱਗ ਛਲ ਬੀ ਕਰਦੇ ਹਨ ਤੇ ਜ਼ੋਰ ਜ਼ੁਲਮ ਬੀ ਕਰਦੇ ਹਨ। ਛਲ ਦਾ ਜ਼ਿਕਰ ਪਹਿਲੀ ਤੁਕ ਵਿਚ ਹੈ ਤੇ ਧੱਕੇ ਧੋੜੇ ਦਾ ਜ਼ਿਕਰ ਦੂਜੀ ਤੁਕ ਵਿਚ 'ਕਟਾਰਾ' ਪਦ ਕਹਿਕੇ ਦਿੱਤਾ ਹੈ। ਠਗ ਵਿਸਾਹ ਕੇ ਬੀ ਮਾਰਦੇ ਹਨ ਤੇ ਦਾਉ ਲਗੇ ਤਾਂ ਜ਼ੋਰ ਨਾਲ ਭੀ ਮਾਰਦੇ ਹਨ। ਸੋ ਠਗਣੀ ਤੇ ਛਲ ਤੇ ਕਟਾਰੇ ਦਾ ਦਾਰੂ ਪੁੱਛੇ ਜਾਣੇ ਪਰ ਗੁਰੂ ਜੀ ਨੇ ਸੰਖੇਪ ਪਰ ਕਾਰੀ ਉਪਾਉ ਦੱਸਿਆ ਕਿ ਰਜ਼ਾ ਪਰ ਟੁਰੋ। ਇਸ ਪਰ ਫੇਰ ਪ੍ਰਸ਼ਨ ਹੋਇਆ ਜਾਪਦਾ ਹੈ ਕਿ ਰਜ਼ਾ ਦੇ ਰਾਹ ਪਰ ਟੁਰਦਿਆਂ ਮਨ ਤਿਲਕ ਤਿਲਕ ਜਾਂਦਾ ਹੈ, ਕਿਉਂਕਿ ਮਨ ਵਿਚ ਲੋਭ ਆਦਿ ਵਸਦੇ ਹੈਨ, ਲੋਭ ਆਦਿ ਅੰਧਕਾਰ ਹੁੰਦੇ ਹਨ। ਉਸ ਅੰਧਕਾਰ ਵਿਚ ਕਿਵੇਂ ਰਜ਼ਾ ਦੇ ਰਸਤੇ ਬਿਨਾ ਤਿਲਕਣੋਂ ਟੁਰ ਸਕੀਏ ? ਤਾਂ ਜਾਪਦਾ ਹੈ ਕਿ ਗੁਰੂ ਜੀ ਮੁਸਕ੍ਰਾਕੇ ਕਹਿ ਰਹੇ ਹਨ, 'ਦੀਵਾ ਬਾਲ ਲਓ'। ਗੁਰੂ ਜੀ ਨੇ ਅਪਣੀ ਬਾਣੀ ਵਿਚ ਆਪ ਫੁਰਮਾਇਆ ਹੋਇਆ ਹੈ ਕਿ ਇਥੇ ਜਗਤ ਵਿਚ ਰਾਤ ਹੈ। ਯਥਾ :-

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ॥੧॥

ਓਥੈ ਦਿਹੁ ਐਥੈ ਸਭ ਰਾਤਿ ॥ (ਮਲਾਰ ਮ: ੧-੮)

ਬਿਨੁ ਤੇਲ ਦੀਵਾ ਕਿਉ ਜਲੈ॥੧॥ ਰਹਾਉ॥

ਇਸ ਕਰਕੇ ਅੰਧਕਾਰ ਦੂਰ ਕਰਨੇ ਲਈ ਦੀਵੇ ਦਾ ਜ਼ਿਕਰ ਕੀਤਾ ਨੇ ਸੁਣਨੇ ਵਾਲਾ ਆਖਦਾ ਹੈ ਕਿ ਇਸ ਦੀਵੇ ਲਈ ਤੇਲ ਹੈ ਨਹੀਂ , ਦੀਵਾ ਕਿਵੇਂ ਬਲੇ ? ਇਸ ਦਾ ਉਤਰ ਅੰਕ ੨ ਵਿਚ ਦਿਤਾ ਹੈ। ਹੁਣ ਦੀਵਾ ਕਿਹੜਾ ਹੈ ?

ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ॥ ਸਚੁ ਬੂਝਣੁ ਆਣਿ ਜਲਾਈਐ ॥ ੨ ॥

ਇਹੁ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ॥

ਕਿਤੇ ਹੋਰਥੇ ਸ੍ਰੀ ਗੁਰੂ ਜੀ ਨੇ ਫੁਰਮਾਇਆ ਹੈ - **'ਦੀਵਾ ਮੇਰਾ ਏਕੁ ਨਾਮੁ'** ਉਥੇ **'ਦੁਖੁ ਵਿਚਿ ਪਾਇਆ ਤੇਲੁ'**[1] ਦੱਸਿਆ ਹੈ ; ਏਥੇ ਧਰਮ ਪੁਸਤਕਾਂ ਦੀ ਦੱਸੀ ਘਾਲ ਕਮਾਉਣ ਰੂਪੀ ਤੇਲ ਦੱਸਿਆ ਹੈ; ਪਿਛਲੇ ਸ਼ਬਦ ਵਿਚ ਜੋ 'ਵਿਣੁ ਨਾਵੈ' ਕਿਹਾ ਸੀ, ਏਥੇ ਹੁਣ ਉਸ ਨਾਮ ਦੇ ਸਹਾਯਕਾਂ ਦਾ ਜ਼ਿਕਰ 'ਤੇਲ, ਵਟੀ, ਅਗਨੀ' ਦੇ ਰੂਪਕ ਵਿਚ ਕਰਦੇ ਹਨ। ਧਰਮ ਪੁਸਤਕਾਂ ਦਾ ਪੜ੍ਹਨਾ , ਜਿਸ ਨਾਲ ਨਾਮ ਵਿਚ ਉਤਸ਼ਾਹ ਬਣਿਆ ਰਹਿੰਦਾ ਹੈ, ਉਨ੍ਹਾਂ ਪੁਸਤਕਾਂ ਵਿਚ ਦੱਸੇ ਸੰਜਮ, ਨਾਮ ਦੀ ਘਾਲ ਨੂੰ ਸਫਲ ਕਰਦੇ ਹਨ, ਫੇਰ 'ਭਉ' ਦੱਸਿਆ ਜਿਸ ਨਾਲ ਸਰੀਰ ਵਿਕਾਰਾਂ ਤੋਂ ਬਚਦਾ ਹੈ ਤੇ ਸੁਤੇ ਵੈਰਾਗ ਕਾਯਮ ਹੋ ਜਾਂਦਾ ਹੈ। ਫੇਰ 'ਸਚੁ ਬੂਝਣ' ਦਸਿਆ। ਸਚ ਨੂੰ ਸਮਝਕੇ - ਕਿ ਮੇਰਾ ਜੀਵਨ ਸਚ ਦੇ ਆਧਾਰ ਤੇ ਟੁਰੇ - ਜੀਵਨ ਸੱਚ ਦਾ ਧਾਰਨ ਕਰਨਾ ਸਿਖਾਇਆ ਹੈ। ਸੱਚ ਦਾ ਭਾਵ ਹੈ, ਸੱਤਯ ਸਰੂਪ ਨੂੰ ਸਮਝ ਲੈਣਾ। ਭਾਵ ਵਾਹਿਗੁਰੂ ਦੇ ਗਯਾਨ ਦੀ ਪ੍ਰਾਪਤੀ ਵਿਚ ਰਹਿਣਾ। ਇਸ ਨੂੰ ਅਗਨੀ ਦੱਸਿਆ ਹੈ। ਜੈਸਾ ਕਿ ਵਾਕ ਹੈ **'ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ॥'** (ਸੂਹੀ ਮ: ੪, ਛੰਤ-੩) ਫਿਰ ਇਸ ਦੇ ਨਾਲ ਪਦ ਪਿਆ ਹੈ 'ਆਣਿ' = ਲਿਆ ਕੇ। ਲਿਆਈਦਾ ਹੈ ਕਿਸੇ ਤੋਂ, ਆਪਣੇ ਪਾਸੋਂ ਕੱਢਣਾ ਹੋਵੇ ਤਾਂ 'ਆਣਿ' ਨਹੀਂ ਆਖੀਦਾ। ਸੋ ਭਾਵ

[1]ਆਸਾ ਮਹਲਾ ੧-੩੨।

ਹੈ ਗੁਰੂ ਤੋਂ ਲਿਆ ਕੇ, ਕਿਉਂਕਿ ਸੱਤਸ ਸਰੂਪ ਦਾ ਗਜਾਨ ਤੇ ਸਚ ਦੀ ਸੋਝੀ ਗੁਰੂ ਪਾਸ ਹੀ ਹੁੰਦੀ ਹੈ। ਇਹ ਗੁਰੂ ਤੋਂ ਅਗਨੀ ਲੈਕੇ ਉਹ ਦੀਵਾ ਬਾਲੀਏ। ਯਥਾ :-

'ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥'

(ਸਿਰੀ ਰਾਗੁ : ੩-੪੦)

ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥ ਸਭ ਦੁਨੀਆ ਆਵਣ ਜਾਣੀਆ॥ ੩॥ ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥ ੪॥ ੩੩॥

ਹੁਣ ਅੰਕ ੩ ਤੇ ੪ ਵਿਚ ਫਲ ਦੱਸਦੇ ਹਨ ਉਪਰ ਦੱਸੀ ਘਾਲ ਦਾ। ਤ੍ਰੈ ਸਮੇਂ ਲੈਂਦੇ ਹਨ : ਇਕ ਦੁਨੀਆਂ ਵਿਚ ਵੱਸਣੇ ਦਾ, ਇਕ ਮਰਨ ਕਾਲ ਦਾ, ਇਕ ਪਰਲੋਕ ਵਿਚ ਪਹੁੰਚਣੇ ਦਾ। ਦੁਨੀਆਂ ਵਿਚ ਤਾਂ ਦੱਸਦੇ ਹਨ 'ਸੇਵ ਕਮਾਈਏ'। ਵਾਹਿਗੁਰੂ ਦੀ ਸੇਵਾ ਹੈ ਨਾਮ ਅਰਾਧਨ। ਵਾਹਿਗੁਰੂ ਸੇਵਾ ਬਾਬਤ ਵਾਕ ਹੈ :- **''ਨਿਧਿ ਨਿਧਾਨ ਨਾਨਕ 'ਹਰਿ ਸੇਵਾ' ਅਵਰ ਸਿਆਨਪ ਸਗਲ ਅਕਾਥ॥''** (ਬਿਲਾ : ਮ: ੫-੧੨੨) ਇਸ ਤੋਂ ਸਮਝ ਪਈ ਕਿ ਸਕਾਰਥ ਜੀਵਨ ਹੈ ਹਰੀ ਸੇਵਾ ਦਾ ਜੀਵਨ। ਇਸ ਕਰਕੇ ਫੁਰਮਾਇਆ- **'ਵਿਚਿ ਦੁਨੀਆ ਸੇਵ ਕਮਾਈਐ॥'** ਤਾਂ ਜੀਵਨ ਸਕਾਰਥਾ ਹੋ ਗਿਆ। ਸੋ ਇਸ ਦਾ ਪਹਿਲਾ ਫਲ ਇਹ ਲੱਗਾ, ਦੂਜਾ ਮਰਨ ਕਾਲ ਵੇਲੇ 'ਕਮਾਈ ਹੋਈ ਹਰੀ ਸੇਵਾ' ਦਾ ਫਲ ਸੁਖ ਹੋਵੇਗਾ। ਹਰੀ ਸੇਵਾ ਵਾਲੇ ਦਾ ਹਿਰਦਾ ਉਸ ਵੇਲੇ ਤਸੱਲੀ ਵਿਚ ਤੇ ਸੁਖੀ ਹੋਵੇਗਾ। ਹਿਰਦੇ ਵਿਚ ਘਬਰਾ ਤੇ ਸੰਤਾਪ ਕੋਈ ਨਹੀਂ ਹੋਵੇਗਾ। **'ਸੁਖ ਹੋਵੈ ਸੇਵ ਕਮਾਣੀਆ॥'** ਕੀਤੀ ਹੋਈ ਹਰੀ ਸੇਵਾ ਦਾ ਸੁਖ ਹੋਵੇਗਾ। ਤੀਸਰਾ ਫਲ ਦਰਗਾਹ ਵਿਚ ਥਾਂ ਮਿਲੇਗੀ। ਦਰਗਾਹ ਤੋਂ ਮੁਰਾਦ ਵਾਹਿਗੁਰੂ ਜੀ ਦਾ ਦਰਬਾਰ ਹੈ, ਉਸ ਰੂਪ ਰੇਖ ਤੋਂ ਨਿਆਰੇ ਦੀ 'ਹਜ਼ੂਰੀ' ਹੈ। ਓਥੇ ਬਾਂਹ ਲੁਡਾਈ ਵਾਲੀ ਖੁਸ਼-ਅਵਸਥਾ ਪ੍ਰਾਪਤ ਹੋਵੇਗੀ। ਡਾਢੀ ਖੁਸ਼ੀ ਵਿਚ ਮੱਤਿਆ ਪੁਰਖ ਬਾਂਹ ਲੁਡਾ ਲੁਡਾਕੇ, ਲਾਡ ਨਾਲ ਉਲਾਰ ਉਲਾਰ ਕੇ ਟੁਰਦਾ ਹੈ; ਭਾਵ ਹੈ ਕਿ ਆਤਮ ਆਨੰਦ ਦਾ ਹੁਲਾਰਾ ਪ੍ਰਾਪਤ ਹੋਵੇਗਾ।

ਨਿਰੁਕ੍ਤ–ਅਛਲ– ਜੋ ਛਲ ਵਿਚ ਨਾ ਆਉਣ। ਨਾ ਛਲੇ ਜਾ ਸਕਣ ਵਾਲੇ। ਬ੍ਰਹਮਾ ਆਦਿ ਦੇਵਤੇ ਜੋ ਬਲੀ ਹਨ ਤੇ ਛਲ ਵਿਚ ਨਹੀਂ ਆਉਂਦੇ, ਉਹਨਾਂ ਨੂੰ ਬੀ ਜੋ ਛਲ ਲੈਣੇ ਵਾਲੀ ਹੈ। 'ਅਛਲ' ਪਦ ਬਹੂ ਵਚਨ ਹੈ।

ਛਲਾਈ– ਛਲ ਲੈਣ ਵਾਲੀ। ਭਾਵ ਮਾਇਆ। ਠਗਣੀ। ਇਸਤ੍ਰੀ ਲਿੰਗ ਹੈ।

ਨਹਿ ਛਲੈ– ਉਹ (ਮੈਨੂੰ) ਨਾ ਛਲੇ। ਅਭਿਲਾਖ ਹੈ ਕਿ ਕਿਵੇਂ ਮੈਨੂੰ ਨਾ ਛਲੇ।

(ਅ) ਸੰਪ੍ਰਦਾ ਵਿਚ ਐਉਂ ਬੀ ਲਾਉਂਦੇ ਹਨ :- ਮਾਇਆ ਆਪ 'ਅਛਲ' ਹੈ ਭਾਵ ਛਲ ਵਿਚ ਨਹੀਂ ਆਉਂਦੀ। 'ਛਲਾਈ ਨਹਿ = ਉਹ ਕਿਸੇ ਤੋਂ ਛਲਾਈ ਨਹੀਂ ਜਾ ਸਕਦੀ ਪਰ 'ਛਲੈ' ਉਹ ਹੋਰਨਾਂ ਨੂੰ ਛਲ ਲੈਂਦੀ ਹੈ, ਨਾ ਹੀ ਇਸ ਮਾਇਆ ਨੂੰ ਕੋਈ ਕਟਾਰੇ ਦਾ ਜ਼ਖਮ ਲਾ ਸਕਦਾ ਹੈ। ਜਿਵੇਂ ਇਸ ਨੂੰ ਸਾਹਿਬ ਰਖਦਾ ਹੈ ਤਿਵੇਂ ਰਹਿੰਦੀ ਹੈ, ਪਰ ਇਸ ਜੀਵ ਦਾ ਮਨ ਮਾਯਾ ਦੇ ਅਸਰ ਨਾਲ 'ਟਲਪਲੈ' ਪਲਪਲ ਵਿਚ ਖਿੜਕਦਾ ਰਹਿੰਦਾ ਹੈ, ਯਾ ਪਲ ਪਲ ਵਿਚ ਮਾਇਆ ਵਿਖੇ ਲਗਦਾ ਰਹਿੰਦਾ ਹੈ।

(ੲ) ਐਉਂ ਬੀ ਯਤਨ ਹੁੰਦਾ ਹੈ : ਗੁਰਮੁਖ ਨੂੰ ਇਹ ਛਲ ਲੈਣ ਵਾਲੀ ਮਾਇਆ ਨਹੀਂ ਛਲ ਸਕਦੀ, ਉਹ ਅਛਲ ਹੈ, ਛਲਿਆ ਨਹੀਂ ਜਾਂਦਾ। ਨਾ ਹੀ ਇਹ ਛਲਨੀ ਉਸ ਨੂੰ ਕਟਾਰੇ ਦਾ ਘਾਉ ਲਾ ਸਕਦੀ ਹੈ। ਉਹ ਗੁਰਮੁਖ, ਜਿਸ ਤਰ੍ਹਾਂ ਮਾਲਕ ਰਖੇ ਉਸੇ ਤਰ੍ਹਾਂ ਰਹਿੰਦਾ ਹੈ। ਅਰਥਾਤ ਉਸ ਨੂੰ ਸਾਈਂ ਜਿਵੇਂ ਰਖਦਾ ਹੈ ਉਸੇ ਤਰ੍ਹਾਂ ਰਹਿੰਦਾ ਹੈ, ਮਨ ਦੀ ਮਤਿ ਕੋਈ ਨਹੀਂ ਕਰਦਾ। ਪਰ ਇਹ ਜੋ

ਲੋਭੀ ਜੀਵ ਹੈ ਇਸ ਦਾ ਮਨ ਮਾਯਾ ਪ੍ਰਭਾਵ ਨਾਲ ਪਲ ਪਲ ਵਿਚ ਥਿੜਕਦਾ ਰਹਿੰਦਾ ਹੈ, ਕਿਉਂਕਿ ਇਸ ਨੂੰ ਹਨੇਰਾ ਹੈ ਤੇ ਤੇਲ ਹੈ ਨਹੀਂ , ਦੀਵਾ ਕੀਕੂੰ ਬਲੇ ?

ਸਾਰੇ ਯਤਨਾਂ ਵਿਚ ਇਹ ਗੱਲਾਂ ਇਕੋ ਰਹਿੰਦੀਆਂ ਹਨ; ਮਾਇਆ ਛਲਨੇ ਵਾਲੀ ਹੈ। ਇਸ ਤੋਂ ਬਚਣੇ ਦਾ ਦਾਰੂ ਹੈ ਰਜ਼ਾ। ਰਜ਼ਾ ਤੇ, ਲੋਭ ਦਾ ਹਨੇਰਾ ਨਹੀਂ ਟੁਰਨ ਦੇਂਦਾ। ਉਸ ਲਈ ਚਾਨਣ ਦੀ ਲੋੜ ਹੈ। ਚਾਨਣ ਮਿਲਦਾ ਹੈ ਨਾਮ ਤੋਂ। ਨਾਮ ਦੇ ਸਹਾਇਕ ਹਨ ਸ੍ਵਾਧਯਾਯ[1], ਭਉ (ਵੈਰਾਗ), ਸਤਜ ਗਯਾਨ। ਫਲ ਹੈ ਅੰਤ ਸਮੇਂ ਸ਼ਾਂਤੀ ਸੁਖ, ਮਰਕੇ ਹਜ਼ੂਰੀ ਵਾਸ ਤੇ ਹਜ਼ੂਰੀ ਵਾਸ ਦਾ ਆਨੰਦ।

ਕਟਾਰਾ - ਇਕ ਦੁਧਾਰਾ ਛੋਟਾ ਹਥਿਆਰ ਹੈ, ਉਸ ਨੂੰ ਕਟਾਰ ਆਖਦੇ ਹਨ। ਕਟਾਰਾ ਉਸ ਦਾ ਵਡੇਰਾ ਰੂਪ ਦੱਸਣ ਲਈ ਵਰਤਿਆ ਗਿਆ।

ਟਲਪਲੈ-(ਸੰਸ:, ਧਾਤੂ, ਟਲ੍ = ਘਬਰਾਉਣਾ) ਹਿੰਦੀ ਟਲਨਾ = ਟਿਕਾਣੇ ਤੋਂ ਖਿਸਕ ਜਾਣਾ। (ਪੁ: ਪੰ:, ਟਲਪਲਨਾ ਅਪਣੇ ਟਿਕਾਣੇ ਤੋਂ ਖਿਸਕ ਪੈਣਾ) (ਮਨ ਦਾ) ਚਲਾਇਮਾਨ ਹੋ ਜਾਣਾ ।

ਪੋਥੀ - (ਸੰਸ:, ਪੁਸ੍ਤਿਕ । ਪ੍ਰਾ: ਪੋੜ੍ਥ। ਪੰ:,ਪੋਥੀ) ਪੋਥੀ, ਕਿਤਾਬਾਂ , ਧਾਰਮਕ ਪੁਸਤਕਾਂ । ਏਥੇ ਇਸ ਦਾ ਅਰਥ ਕੋਈ ਪੋਥੀ ਨਹੀਂ ਹੋ ਸਕਦਾ ਕਿਉਂਕਿ ਪਰਮਾਰਥ ਦਾ ਉਪਦੇਸ਼ ਹੈ ਤੇ ਉਸ ਦੀ ਸਿਖ੍ਯਾ ਨੇ ਗਿਆਨ ਮਾਰਗ ਤੇ ਟੋਰਨਾ ਹੈ, ਇਸ ਲਈ ਧਾਰਮਕ ਪੁਸਤਕ ਯਾ ਸਤਿ ਸ਼ਾਸਤ੍ਰ ਮੁਰਾਦ ਹੈ। ਪੋਥੀਆਂ ਤਾਂ ਨਾਸਤਕਤਾ ਤੇ ਵਿਭਚਾਰ ਦੀਆਂ ਬੀ ਹਨ।

ਪੁਰਾਣ- (ਸੰਸ:, ਪੁਰਾਣ = ੧. ਪੁਰਾਤਨ , ਪੁਰਾਣੀ ਚਿਰੰਕਾਲ ਤੋਂ ਚਲੀ ਆਈ। ੨. ਪੁਰਾਣੀ ਕਥਾ ੩. ਪਰੰਪਰਾ ਤੋਂ ਚਲੇ ਆਏ ਪ੍ਰਸੰਗਾਂ ਦੇ ਗ੍ਰੰਥ ਜਿਨ੍ਹਾਂ ਵਿਚ ਧਾਰਮਕ ਪੁਰਖਾਂ ਰਾਜਿਆਂ ਆਦਿ ਦੇ ਹਾਲ ਤੇ ਧਰਮ ਦੇ ਕੋਈ ਅੰਗ ਨਿਰੂਪਣ ਕੀਤੇ ਹੋਣ ਤੇ ਉਪਦੇਸ਼ ਆਦੀ ਹੋਣ। ੪. ਹਿੰਦੂਆਂ ਦੇ ਇਤਿਹਾਸਕ ਗ੍ਰੰਥ ਜੋ ੧੮ ਹਨ, ਜਿਨ੍ਹਾਂ ਵਿਚ ਸਨਾਤਨ ਕਥਾ ਤੇ ਹੋਰ ਕਈ ਧਰਮ ਤੇ ਇਤਿਹਾਸ ਦੇ ਵਿਸ਼ੇ ਲਿਖੇ ਹਨ)। ਧਰਮ ਕਥਾ ਵਾਲੇ ਪੁਰਾਣੇ ਗ੍ਰੰਥ, ਇਥੇ ਕਿਸੇ ਇਕ ਪੁਰਾਣ ਦਾ ਤਾਤਪਰਜ ਨਹੀਂ, ਨਾ ਅਠਾਰਾਂ ਹਿੰਦੂ ਪੁਰਾਣਾਂ ਤੋਂ ਭਾਵ ਹੈ, ਕਿਉਂਕਿ ਜੈਨੀਆਂ ਦੇ ਬੀ ੨੪ ਪੁਰਾਣ ਹਨ ਤੇ ਬੋਧੀਆਂ ਦੇ ਬੀ ੯ ਪੁਰਾਣ ਹਨ। ਇਥੇ ਤਾਤਪਰਜ ਹੈ ਉਹ ਕੋਈ ਪੁਰਾਤਣ ਪੁਸਤਕ ਜਿਸ ਵਿਚੋਂ ਪਰਮਾਰਥ - ਭਗਤੀ ਭਾਵ-ਦੀ ਰਾਹਨੁਮਾਈ ਮਿਲੇ, ਚਾਹੋ ਕੋਈ ਹੋਵੇ।

ਸਚੁ - ਸਚ (ਸੱਤਜ। ਸਚ ਸਰੂਪ ਪਰਮਾਤਮ ਦੇਵ।

ਬੂਝਣੁ - (ਸੰਸ:, ਬੁਧ੍ = ਜਾਣਨਾ। ਪ੍ਰਾ:, ਬੁਜ੍ਝ = ਜਾਣਨਾ, ਹਿੰਦੀ, ਬੂਝਨਾ। (ਪੰ:, ਬੁੱਝਣਾ) ਬੁਝਣਾ ਤੋਂ, ਸਮਝ, ਗਜਾਤ। ਠੀਕ ਤਰ੍ਹਾਂ ਅਨੁਭਵ ਕਰ ਲੀਤਾ ਗਿਆ, ਬੋਧ। ਗਿਆਨ।

ਬਾਣੀਆ - (ਸੰਸ:, ਵਾਣਿਜ:। ਪ੍ਰਾ:, ਬਣਿਆ। ਪੰ:, ਬਾਣੀਆ) ਵਪਾਰ ਕਰਨ ਵਾਲੀ ਇਕ ਪ੍ਰਸਿੱਧ ਜਾਤ। ਹਿਸਾਬ ਲੇਖੇ ਪੱਤੇ ਵਿਚ ਹੁਸ਼ਯਾਰ ਹੋਣ ਕਰਕੇ ਗੁਰਬਾਣੀ ਵਿਚ ਧਰਮਰਾਜ ਨੂੰ ਬੀ ਬਾਣੀਆ ਕਿਹਾ ਗਿਆ ਹੈ। ਯਮ। ਇਸ ਪਦ ਦੇ ਹੋਰ ਹੋਰ ਅਰਥ ਲਾਕੇ ਹੋਰ ਹੋਰ ਅਰਥ ਕੀਤੇ ਜਾਂਦੇ ਹਨ।

(ਅ) ਬਾਣੀਆ ਤੋਂ ਬਾਣੀ। ਭਾਵ ਲੀਤਾ - ਬਚਨ, ਉਪਦੇਸ਼। ਇਸ ਤਨ ਨੂੰ ਲਗ ਜਾਵੇ (ਸਤਜ) ਉਪਦੇਸ਼।

(ੲ) ਬਾਣੀਆ ਤੋਂ ਬਾਣ = ਤੀਰ। (ਗੁਰਾਂ ਦਾ ਉਪਦੇਸ਼ ਰੂਪੀ) ਤੀਰ ਲਗੇ, ਯਾ

(ਸ) ਪ੍ਰੇਮ ਰੂਪੀ ਤੀਰ ਆ ਵਿੰਨੇ, ਯਾ

(ਹ) ਮਨ ਨੂੰ ਵਾਸ਼ਨਾ ਰੂਪੀ ਤੀਰ ਯਾ ਕਾਨੀਆਂ ਲਗ ਰਹੀਆਂ ਹਨ।

ਇਨ੍ਹਾਂ ਅਰਥਾਂ ਵਿਚ 'ਸਰੀਰ ਵਿਚ ਉਪਦੇਸ਼ ਯਾ ਪ੍ਰੇਮ ਆ ਲਗੇ' ਭਾਵ ਹੈ। ਪਰ ਸਰੀਰ ਵਿਚ 'ਭਉ ਲਗੇ' ਪਹਿਲਾਂ ਫੁਰਮਾ ਆਏ ਹਨ। ਯਥਾ:- '**ਭਉ ਵਟੀ ਇਤੁ ਤਨਿ ਪਾਈਐ॥**' ਸਾਧਨ ਪੱਖ

[1] ਸ਼ਾਸਤ੍ਰਾਂ ਦਾ ਪੜ੍ਹਨਾ। ਵੀਚਾਰਨਾ। ਮੁਤਾਲਿਆ।

ਵਿਚ ਸਰੀਰ ਵਿਚ ਭਉ ਧਾਰਨ ਕਰੋ ਉਪਦੇਸ਼ ਹੋ ਚੁੱਕਾ ਹੈ। ਹੁਣ ਫਲ ਦਾ ਵਿਸ਼ਾ ਟੁਰ ਪਿਆ ਹੈ ਕਿ ਸੁਖ ਹੋਵੇਗਾ ਫਲ ਵਿਚ ਤੈਨੂੰ ਕਦੋਂ? ਜਦੋਂ ਆਕੇ ਲਗੇਗਾ ਬਾਣੀਆ। ਬਾਣੀ ਪਦ ਜਿਸ ਤੋਂ ਭਾਵ ਉਪਦੇਸ਼ ਲੈਂਦੇ ਹਨ ਉਹ ਇਸਤ੍ਰੀ ਲਿੰਗ ਹੈ, ਤੇ ਬਾਣੀਆ ਪਦ ਕਦੇ ਤੀਰ ਵਾਸਤੇ ਵਰਤਿਆ ਸੁਣਿਆ ਨਹੀਂ ਜੇ ਅਰਥ ਕਾਨੀਆਂ ਕਰੋ ਤਾਂ ਉਹ ਬੀ ਇਸਤ੍ਰੀ ਲਿੰਗ ਹੈ।

ਬਾਣੀਆ ਦਾ ਅਰਥ ਬਾਣੀਆਂ ਤੇ ਭਾਵ ਧਰਮਰਾਜ ਯਾ ਜਮ ਕਰਨ ਵਿਚ ਪਦ 'ਬਾਣੀਆ' ਸਾਂਗੋ ਪਾਂਗ ਰਹਿੰਦਾ ਤੇ ਆਪਣਾ ਅਰਥ ਦੇ ਜਾਂਦਾ ਹੈ। ਪਰ ਬਾਣੀ, ਬਾਣ ਆਦਿ ਅਰਥ ਕਰਨ ਵਿਚ ਪਦ ਬਾਣੀਆ ਨੂੰ ਬਾਣੀ ਤੇ ਬਾਣ ਵਿਚ ਸੰਖੇਪ ਕਰਨਾ ਪੈਂਦਾ ਹੈ।

(ਸਿਰੀ ਰਾਗੁ ਦੇ ਪਹਿਲੇ ਪਾਤਸ਼ਾਹ ਜੀ ਦੇ ਚਉਪਦੇ ਸਮਾਪਤ)

--:o:--

(ਤੀਸਰੀ ਪਾਤਸਾਹੀ ਜੀ ਦੀ ਬਾਣੀ ਆਰੰਭ)

ਸਿਰੀ ਰਾਗੁ ਮਹਲਾ ੩ ਘਰ ੧
੧ਓ ਸਤਿਗੁਰ ਪ੍ਰਸਾਦਿ॥

(ਸਿਰੀ ਰਾਗੁ ਮਹਲਾ ੩, ਚਉਪਦਾ-੩੪)

ਪ੍ਰਾਕ੍ਥਨ-ਤੀਸਰੇ ਸਤਿਗੁਰੂ ਜੀ ਅਗਲੇ ਸ਼ਬਦ ਵਿਚ ਆਪਣੀ ਗੁਰੂ ਪ੍ਰਾਪਤੀ ਤੇ ਨਾਮ ਆਰਾਧਣ ਦਾ ਲਾਭ ਦੱਸਦੇ ਹਨ ਤੇ ਆਪਣੇ ਦੁਆਰਾ ਉਪਦੇਸ਼ ਕਰਦੇ ਹਨ ਗੁਰ ਸਿਖਾਂ ਨੂੰ ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ਘਰੁ ੧	ਸਿਰੀ ਰਾਗੁ ਮਹਲਾ, ਘਰ, ਆਦਿ ਲਈ ਦੇਖੋ ਪਿਛੇ ਪੰਨਾ ੨੧੯ ਤੇ ੧੮੧ ਤੋਂ ੧੮੩।
੧ਓ ਸਤਿਗੁਰ ਪ੍ਰਸਾਦਿ ॥	
ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥ ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥ ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥੧॥	ਮੈਂ ਇਕ ਮਨ ਤੇ ਇਕ ਚਿਤ ਹੋਕੇ (ਸਚੇ) ਪ੍ਰੇਮ ਨਾਲ ਆਪਣੇ ਸਤਿਗੁਰੂ (ਅਗੰਦ ਦੇਵ ਜੀ ਦੀ) ਸੇਵਾ ਕਰਾਂਗਾ। (ਕਿਉਂਕਿ) ਸਤਿਗੁਰੂ ਮਨ ਦੀਆਂ ਕਾਮਨਾ (ਪੂਰਨ ਕਰਨੇ ਵਾਲਾ) ਤੀਰਥ ਹੈ, (ਪਰ ਗੁਰੂ ਦੀ ਮਹਿਮਾ ਉਹੀ ਬੁੱਝਦਾ ਹੈ) ਜਿਸ ਨੂੰ (ਵਾਹਿਗੁਰੂ ਆਪ) ਬੁਝਾ ਦੇਵੇ। (ਸਤਿਗੁਰੂ ਮਨ ਕਾਮਨਾ ਤੀਰਥ ਨੂੰ ਸੇਵਨੇ ਕਰਕੇ) ਮਨ ਦਾ ਚਿੰਤਨ ਕੀਤਾ ਵਰ ਪਾਈਦਾ ਹੈ, (ਹਾਂ ਜੋ ਕੋਈ) ਜੋ ਇੱਛਾ ਕਰੇ (ਉਸ ਨੂੰ) ਓਹੀ ਫਲ ਪ੍ਰਾਪਤ ਹੋ ਜਾਂਦਾ ਹੈ। (ਪਰ ਚੰਗੀ ਗੱਲ ਇਹ ਹੀ ਹੈ ਕਿ ਜੇ ਸਤਿਗੁਰੂ ਦੀ ਪ੍ਰਾਪਤੀ ਹੋ ਜਾਵੇ ਤਾਂ ਉਸ ਤੋਂ ਪਰਮੇਸ਼ੁਰ ਦਾ ਨਾਮ (ਹੀ) ਮੰਗੀਏ, (ਨਾਮ ਲੈ ਕੇ ਉਸ) ਨਾਮ ਦੀ ਅਰਾਧਨਾ ਕਰੀਏ, ਤੇ ਇਸ ਨਾਮ ਦੁਆਰਾ (ਹੀ) ਸਹਿਜ ਵਿਚ ਸਮਾ ਜਾਈਏ॥ ੧ ॥

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥ ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥

ਹੇ ਮੇਰੇ ਮਨ ! (ਸਕਾਮ ਪ੍ਰਾਪਤੀਆਂ ਦੇ ਛਿਨ ਭੰਗਰ ਰਸਾਂ ਨੂੰ ਛੱਡਕੇ, ਨਾਮ ਦੁਆਰਾ ਪ੍ਰਾਪਤ ਹੋਣ ਵਾਲੇ) ਹਰੀ ਰਸ ਨੂੰ ਚੱਖ (ਜਿਸ ਦੇ ਚੱਖਿਆਂ) ਤ੍ਰਿਸ਼ਨਾ (ਹੀ) ਦੂਰ ਹੋ ਜਾਵੇ। (ਕਿਉਂਕਿ ਪ੍ਰਤੱਖ ਦੇ ਖਣ ਵਿਚ ਆਇਆ ਹੈ ਕਿ) ਜਿਨ੍ਹਾਂ ਗੁਰਮੁਖਾਂ ਨੇ (ਇਹ ਨਾਮ ਰਸ) ਚੱਖਿਆ ਹੈ, (ਉਹ) ਸਹਿਜ ਵਿਚ ਸਮਾਏ ਰਹਿੰਦੇ ਹਨ॥ ੧॥ਰਹਾਉ॥

ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥ ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥

(ਪ੍ਰਸ਼ਨ: ਸਤਿਗੁਰੂ ਤੋਂ ਨਾਮ ਕਿਵੇਂ ਪਾਈਦਾ ਹੈ ? ਉੱਤਰ :) ਜਿਨ੍ਹਾਂ ਨੇ ਸਤਿਗੁਰੂ ਨੂੰ ਸੇਵਿਆ ਹੈ, ਉਹਨਾਂ ਨੂੰ ਨਾਮ ਰੂਪੀ ਨਿਧੀ ਮਿਲਦੀ ਹੈ, (ਇਸ ਨਾਮ ਦੀ ਕਮਾਈ ਨਾਲ ਹਿਰਦੇ ਦੇ) ਅੰਦਰ ਹਰੀ ਰਸ ਭਰਪੂਰ ਹੋ ਜਾਂਦਾ ਹੈ, ਮਨ ਵਿਚੋਂ ਅਭਿਮਾਨ ਦੂਰ ਹੋ ਜਾਂਦਾ ਹੈ। ਹਿਰਦੇ ਵਿਚ ਕੌਲ (ਫੁਲ) ਖਿੜ ਪੈਂਦਾ ਹੈ, ਤੇ ਸਹਜਿ ਵਿਚ ਧਿਆਨ ਲਗ ਜਾਂਦਾ ਹੈ। (ਉਹਨਾਂ ਦਾ) ਮਨ (ਮਾਇਆ) ਮੈਲ ਤੋਂ ਰਹਿਤ ਹੋ ਜਾਂਦਾ ਹੈ (ਉਸ ਨਿਰਮਲ ਮਨ ਵਿਚ) ਹਰੀ ਵਜਾਪਕ ਹੋ ਜਾਂਦਾ ਹੈ, (ਹਰੀ ਦੇ ਅੰਦਰ ਰਵ ਜਾਣ ਕਰਕੇ ਉਹਨਾਂ ਦਾ) ਦਰਗਾਹ ਵਿਚ ਆਦਰ ਭਾ ਹੁੰਦਾ ਹੈ ॥ ੨ ॥

ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ॥ ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥

ਓਹ(ਲੋਕ) ਸੰਸਾਰ ਵਿਚ ਵਿਰਲੇ ਹਨ ਜੋ ਆਪਣੇ ਸਤਿਗੁਰੂ ਦੀ ਸੇਵਾ ਕਰਦੇ ਹਨ (ਅਤੇ ਆਪਣੀ) 'ਮੈਂ' (ਮਨ ਦਾ ਅਭਿਮਾਨ) ਤੇ 'ਮੇਰੀ' (ਦਿੱਸਣ ਵਾਲੇ ਨਾਲ ਮੋਹ) ਨੂੰ ਮਾਰ ਕੇ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰਖਦੇ ਹਨ। (ਐਉਂ) ਜਿਨ੍ਹਾਂ ਨੂੰ ਨਾਮ ਵਿਚ ਪਿਆਰ ਪੈ ਗਿਆ ਹੈ, ਮੈਂ ਉਨ੍ਹਾਂ ਤੋਂ ਸਦਕੇ ਹਾਂ। ਓਹੋ ਚਹੁੰ ਜੁੱਗਾਂ ਵਿਚ ਸੁਖੀਏ ਹਨ, ਜਿਨ੍ਹਾਂ ਨੂੰ (ਐਸਾ) ਨਾਮ (ਪ੍ਰਾਪਤ ਹੋਇਆ ਹੈ ਕਿ ਜੋ ਕਦੇ) ਮੁੱਕਦਾ ਨਹੀਂ, (ਜੋ ਮੁਕਤੀ ਆਦਿ ਅਪਾਰ ਫਲ ਦੇਣ ਵਿਚ) ਅਪਾਰ ਹੈ। (ਭਾਵ ਜੋ ਫਲ ਪ੍ਰਦਾਤਾ ਹੋਣ ਵਿਚ ਸੀਮਾ ਰਹਿਤ ਹੈ)॥ ੩ ॥

ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥ ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥ ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥੪॥੧॥੩੪॥

(ਅਸੀਂ ਫੇਰ ਦੁਹਰਾਕੇ ਦੱਸਦੇ ਹਾਂ ਕਿ) ਗੁਰੂ ਦੇ ਮਿਲਿਆਂ ਨਾਮ ਪ੍ਰਾਪਤ ਹੁੰਦਾ ਹੈ (ਤੇ ਮਨ ਵਿਚੋਂ) ਮੋਹ ਦੀ (ਤ੍ਰਿਸ਼ਨਾ ਰੂਪੀ) ਤ੍ਰੇਹ ਮਿਟ ਜਾਂਦੀ ਹੈ। (ਫਿਰ) ਹਰੀ ਦੇ ਨਾਲ ਮਨ ਮਿਲਾਪ ਵਿਚ ਆ ਜਾਂਦਾ ਹੈ, ਤੇ (ਜੀਵ ਨੂੰ) ਘਰ ਵਿਚ (ਵਸਦਿਆਂ) ਹੀ ਉਦਾਸ (ਪ੍ਰਾਪਤ ਹੋ ਜਾਂਦਾ ਹੈ)। (ਐਸੇ ਸਤਿ ਪੁਰਖ) ਜਿਨ੍ਹਾਂ ਨੂੰ ਹਰੀ (ਨਾਮ) ਦਾ ਸੁਆਦ ਆਇਆ ਹੈ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ। ਹੇ ਨਾਨਕ ! (ਗੁਰੂ ਪਰਮੇਸ਼ਰ ਦੀ) ਕ੍ਰਿਪਾ ਦ੍ਰਿਸ਼ਟੀ ਨਾਲ ਸੱਚਾ ਨਾਮ ਪ੍ਰਾਪਤ ਹੁੰਦਾ ਹੈ (ਜੋ ਉਪਰ ਕਥੇ ਲਾਭਾਂ ਦਾ ਦਾਤਾ) ਗੁਣਾਂ ਦਾ ਸਮੰਦਰ ਰੂਪ ਹੈ॥ ੪ ॥ ੧ ॥ ੩੪ ॥

ਵਜਾਖਜਾ—ਇਸ ਸ਼ਬਦ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਨੇ ਦੱਸਿਆ ਹੈ ਕਿ ਗੁਰੂ

ਮਿਲਣੇ ਨਾਲ ਮਨੋ ਵਾਂਛਤ ਕਾਮਨਾ ਪ੍ਰਾਪਤ ਹੁੰਦੀਆਂ ਹਨ। ਪਰ ਗੁਰੂ ਤੋਂ ਅਮਰ ਵਸਤੂ ਨਾਮ ਲੈਣਾ ਚਾਹੀਏ। ਉਸ ਨਾਮ ਦੀ ਕਮਾਈ ਨਾਲ ਮਨ ਦਾ ਅਭਿਮਾਨ ਉਤਰੇਗਾ, ਹਉਮੈ ਨਵਿਰਤੇਗੀ, ਆਤਮ ਰਸ ਪ੍ਰਾਪਤ ਹੋਵੇਗਾ ਤੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇਗੀ।

ਨਿਰੁਕਤ– ਮਹਲਾ ੩ – ਤੀਸਰੇ ਗੁਰੂ ਜੀ, ਸ੍ਰੀ ਗੁਰੂ ਅਮਰ ਦਾਸ ਜੀ।

ਇਕ ਮਨਿ ਇਕ ਚਿਤਿ – ਏਕਾਗਰ ਹੋਕੇ। ਪੂਰੀ ਤਰ੍ਹਾਂ ਏਕਾਗਰ ਹੋਕੇ।

ਭਾਇ – (ਸੰਸ:, ਭਾਵ:) ਪ੍ਰੇਮ ਨਾਲ।

ਮਨ ਕਾਮਨਾ ਤੀਰਥੁ – ਐਸਾ ਤੀਰਥ ਜਿਸ ਨੂੰ ਪਰਸਿਆਂ ਮਨ ਦੀ ਕਾਮਨਾ ਪੂਰਨ ਹੋ ਜਾਵੇ।

ਚਿੰਦਿਆ – ਚਿੰਤਨ ਕੀਤਾ ਹੋਇਆ, ਮਨ ਕਰਕੇ ਲੋੜਿਆ ਹੋਇਆ।

ਵਰੁ – (ਸੰਸ:, ਬ੍ਰੀ = ਚੁਣਨਾ) ਬਖਸ਼ਿਸ਼। ਬਰਕਤ। ਕਿਸੇ ਦੇਵਤਾ ਯਾ ਸਤਿ ਪੁਰਖ ਤੋਂ ਕਿਸੇ ਵਾਂਛਤ ਵਸਤੂ ਦੀ ਪ੍ਰਾਪਤੀ ਲਈ ਮਿਲੀ ਸਫਲ ਅਸ਼ੀਰਵਾਦ।

ਨਾਉ – ਨਾਮ, ਪਰਮੇਸ਼ੁਰ ਦਾ ਨਾਮ।

ਹਰਿ ਰਸੁ –ਉਹ ਅੰਤ੍ਰੀਵ ਸੁਆਦ ਜੋ ਪਰਮੇਸ਼ੁਰ ਦਾ ਨਾਮ ਸਿਮਰਦਿਆਂ ਆਉਂਦਾ ਹੈ।

ਤਿਖ – ਤ੍ਰਿਖਾ। ਤ੍ਰੇਹ। ਭਾਵ ਤ੍ਰਿਸ਼ਨਾ ਤੋਂ ਹੈ। ਸੰਸਾਰਕ ਪਾਦਰਥਾਂ ਤੇ ਸੁਖਾਂ ਦੀ ਭੁੱਖ।

ਗੁਰਮੁਖਿ – ਗੁਰੂ ਸਨਮੁਖ ਪੁਰਖ। ਉਹ ਸਿਖ ਜੋ ਦੀਖਜਤ ਹੋਕੇ ਗੁਰਮਤਿ ਤੇ ਟੁਰਦਾ ਹੈ ਤੇ ਮਨਮਤਿ ਦਾ ਤਯਾਗ ਕਰਦਾ ਹੈ। ਇਸ ਦੇ ਅਕਸਰ ਅਰਥ ਹੁੰਦੇ ਹਨ : ਉਹ ਸਿਖ ਜੋ ਆਦਰਸ਼ ਦੇ ਨੇੜੇ ਪੁੱਜਾ ਹੈ। (ਅ) ਕਦੇ ਅਰਥ 'ਗੁਰ ਦੀਖਜਾ ਪ੍ਰਾਪਤ' ਪੁਰਖ ਬੀ ਹੁੰਦੇ ਹਨ :-

ਨਿਧਾਨੁ – ਖਜ਼ਾਨਾ।

ਅਭਿਮਾਨੁ – ਅਹੰਕਾਰ।

ਕਮਲ – (ਸੰਸ:, ਕਮਲੰ) ਕੌਲ ਫੁਲ। ਹਿਰਦੇ ਨੂੰ ਕਮਲ ਨਾਲ ਤਸ਼ਬੀਹ ਦੇਕੇ ਹਿਰਦੇ ਰੂਪੀ ਕਮਲ ਖਿੜ ਪਿਆ, ਅਰਥ ਕਰੀਦਾ ਹੈ। ਭਾਵ ਆਤਮ ਖੇੜੇ ਤੋਂ ਹੈ। ਰਵਿ ਰਹਿਆ – ਵਿਆਪਕ ਹੋ ਰਿਹਾ।

ਹਉਮੈ ਮਮਤਾ – (ਸੰਸ:, ਅਹੰ ਮਸਤ੍ਰ) ਮੈਂ, ਮੇਰੀ। ਅਪਣੇ ਆਪੇ ਦਾ ਅਹੰਕਾਰ ਹੈ 'ਹਉਮੈ', ਆਪੇ ਲਈ ਪਦਾਰਥਾਂ ਆਦਿ ਵਿਚ ਮੋਹ ਆਦਿ ਹੈ 'ਮਮਤਾ'।

ਉਰਧਾਰਿ – ਹਿਰਦੇ ਵਿਚ ਧਾਰਨ ਕੀਤਾ ਹੋਇਆ ਹੈ।

ਅਖੁਟੁ – ਜੋ ਨਾ ਖੁੱਟੇ। ਜੋ ਨਾ ਮੁੱਕੇ। ਉਹ ਨਾਮ ਜੋ ਪ੍ਰਾਪਤ ਹੋਕੇ ਛੋੜ ਨਾ ਜਾਏ।

ਅਪਾਰੁ – ਪਾਰ ਤੋਂ ਰਹਿਤ। ਬੇਹੱਦ, ਬੇਸੀਮਾ। ਭਾਵ ਇਹ ਜਾਪਦਾ ਹੈ ਕਿ ਨਾਮ ਆਪ ਅਖੁੱਟ ਹੈ ਜੋ ਅਖੁੱਟ ਵਿਚ ਲੈ ਜਾਂਦਾ ਹੈ, ਤੇ ਇਹ ਜੋ ਇਸ ਦਾ ਫਲ ਹੈ ਇਹ ਅਪਾਰ ਹੈ। ਅਖੁਟ ਅਪਾਰੁ ਦੋਹਾਂ ਨੂੰ ਔਂਕੜ ਹੋਣ ਕਰਕੇ ਇਹ ਨਾਮ ਦੇ ਵਿਸ਼ੇਸ਼ਣ ਹਨ। ਅਪਾਰੁ ਦਾ ਅਰਥ 'ਅਪਾਰ ਦਾ' ਨਹੀਂ ਬਣਦਾ।

(ਸਿਰੀ ਰਾਗੁ ਮਹਲਾ ੩, ਚਉਪਦਾ – ੩੫)

ਪ੍ਰਾਕ੍ਰਥਨ– ਅਗਲੇ ਸ਼ਬਦ ਵਿਚ ਕਪਟ ਵਾਲੇ ਭੇਖੀ ਜੀਵਨ, ਤੇ ਭੋਗ ਖਚਿਤ ਗ੍ਰਿਹਸਤ ਜੀਵਨ ਮਾੜੇ ਦੱਸਕੇ 'ਗ੍ਰਿਹ ਹੀ ਮਾਹਿ ਉਦਾਸੁ' ਦਾ ਉਪਦੇਸ਼ ਦਿੱਤਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥ ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥	ਮਨ ਚਿਤ ਵਿਚ ਕਪਟ ਕਮਾ ਕੇ (ਤੇ) ਬਹੁਤੇ ਭੇਖ ਬਣਾ ਕੇ (ਜਗਤ ਨੂੰ) ਭਰਮਾ ਲਈਦਾ ਹੈ। (ਇਸ ਨਾਲ) ਵਾਹਿਗੁਰੂ ਦਾ ਸਰੂਪ (ਕੋਈ) ਨਹੀਂ ਪ੍ਰਾਪਤ ਕਰ ਸਕਦਾ, (ਸਗੋਂ) ਮਰਕੇ ਗੰਦ ਵਿਚ ਜਾ ਸਮਾਉਂਦਾ ॥ ੧ ॥
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥	(ਤਾਂ ਤੇ) ਹੇ ਮਨ! ਗ੍ਰਿਹਸਥ ਵਿਚ ਹੀ ਉਦਾਸ (ਬ੍ਰਿਤੀ ਧਾਰਨ ਕਰ, ਪਰ ਗ੍ਰਿਹਸਥ ਵਿਚ) ਸੱਚ ਤੇ ਸੰਜਮ ਦੀ ਕਮਾਈ ਓਹੋ ਕਰਦਾ ਹੈ ਜਿਸ ਨੂੰ ਗੁਰੂ ਦੁਆਰਾ (ਨਾਮ ਦਾ) ਪ੍ਰਗਾਸ ਹੋ ਜਾਂਦਾ ਹੈ ॥ ੧ ॥ ਰਹਾਉ ॥
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥ ਹਰਿ ਕਾ ਨਾਮੁ ਧਿਆਈਐ ਸਤ-ਸੰਗਤਿ ਮੇਲਿ ਮਿਲਾਇ ॥੨॥	(ਇਸ) ਗੁਰੂ ਦੇ (ਦਿਤੇ ਸ਼ਬਦ =) ਨਾਮ ਦੁਆਰਾ ਮਨ ਜਿੱਤਿਆ ਜਾਂਦਾ ਹੈ (ਇਉਂ ਨਾਮ ਵਾਲਾ) ਘਰ ਵਿਚੋਂ ਹੀ (ਸਦ) ਗਤੀ ਤੇ ਮੁਕਤੀ ਪਾ ਲੈਂਦਾ ਹੈ। (ਇਸ ਲਈ ਹੇ ਮਨ ! ਚਾਹੀਦਾ ਹੈ ਕਿ) ਸਤਿ ਸੰਗਤਿ ਦੇ ਮੇਲ ਵਿਚ (ਆਪਣੇ ਆਪ ਨੂੰ) ਮਿਲਾ ਕੇ ਹਰੀ ਦਾ ਨਾਮ ਧਿਆਈਏ ॥ ੨ ॥
ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥ ਬਿਨੁ ਸਤਿਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥੩॥	(ਜੇ ਤੂੰ ਕਹੇਂ ਕਿ ਬਿਨਾ ਨਾਮ ਗ੍ਰਿਹਸਥ ਚੰਗਾ ਹੈ ਤਾਂ ਸੁਣ : ਇਕ ਨਹੀਂ) ਜੇ ਲੱਖਾਂ ਇਸਤ੍ਰੀਆਂ (ਤੈਨੂੰ ਮਿਲ ਜਾਣ ਤੇ ਇੰਨੀ ਤਾਕਤ ਬੀ ਮਿਲ ਜਾਵੇ ਕਿ ਲੱਖਾਂ ਨੂੰ) ਭੋਗ ਲਵੇਂ, (ਨਾਲ ਜੇ ਤੈਨੂੰ ਇਕ ਦੇਸ ਦਾ ਨਹੀਂ) ਨਵਾਂ ਖੰਡਾ ਦਾ ਰਾਜ ਬੀ (ਮਿਲ ਜਾਵੇ, ਤੇ ਤੂੰ ਐਨਾਂ ਸਮਰਥ ਬੀ ਹੋਵੇਂ ਕਿ ਨਵਾਂ ਖੰਡਾਂ ਦਾ ਰਾਜ) ਕਮਾ ਲਵੇਂ। (ਤਦ ਬੀ ਤੂੰ ਇਸ ਕਰਮ ਜਾਲ ਦਾ ਬੱਧਾ) ਮੁੜ ਮੁੜ ਜੂਨਾਂ ਹੀ ਪਾਵੇਂਗਾ (ਕਰਮ ਜਾਲ ਤੋਂ ਛੁੱਟ ਕੇ ਅਮਰ) ਸੁਖ ਤੂੰ ਸਤਿਗੁਰ (ਦੇ ਉਪਦੇਸ਼ ਦੀ ਕਮਾਈ) ਬਿਨਾਂ ਨਹੀਂ ਪਾ ਸਕੇਂਗਾ ॥ ੩ ॥
ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ ॥ ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ ॥੪॥	ਜਿਨ੍ਹਾਂ ਨੇ ਗੁਰੁ ਦੇ ਚਰਨਾਂ (ਵਿਚ) ਚਿਤ ਲਾਕੇ ਹਰੀ (ਦੇ ਨਾਮ ਨੂੰ) ਹਾਰ (ਬਣਾ ਕੇ) ਗਲ ਵਿਚ ਪਹਿਨ ਲਿਆ ਹੈ, ਉਨ੍ਹਾ ਦੇ ਮਗਰ ਰਿਧੀਆਂ ਸਿਧੀਆਂ ਪਈਆਂ ਫਿਰਦੀਆਂ ਹਨ, ਪਰ ਉਨ੍ਹਾਂ ਨੂੰ (ਸੰਸਾਰਕ ਵਿਭੂਤੀਆਂ ਦੀ, ਜੋ ਅਨਸਥਿਰ ਹਨ) ਰੰਚਕ ਬੀ ਇੱਛਾ ਨਹੀਂ ਹੁੰਦੀ॥੪॥
ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ ॥ ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ ॥੫॥੨॥੩੫॥	(ਉਹ ਫਿਰ ਇਸ ਨਿਸਚੇ ਵਿਚ ਟਿਕ ਜਾਂਦੇ ਹਨ ਕਿ) ਜੋ ਪ੍ਰਭੂ ਨੂੰ ਭਾਉਂਦਾ ਹੈ ਉਹੋ ਕੁਛ ਹੁੰਦਾ ਹੈ, ਹੋਰ ਕੁਛ ਕੀਤਾ ਨਹੀਂ ਜਾ ਸਕਦਾ, (ਇਸ ਲਈ) ਦਾਸ ਨਾਨਕ (ਹਰੀ ਦਾ) ਨਾਮ ਲੈਕੇ ਜੀਉ ਰਿਹਾ ਹੈ, ਹੇ ਹਰੀ ! (ਮੈਨੂੰ) ਜਤਨ ਤੋਂ ਬਿਨਾਂ (ਆਪਣੇ ਆਪ ਟੁਰਿਆ ਰਹਿਣ ਵਾਲਾ ਨਾਮ) ਬਖਸ਼ੋ ॥ ੫ ॥ ੨ ॥ ੩੫ ॥

ਵਜਾਖਜਾ-ਸੁਗਮ ਹੈ। ਭੇਖੀ ਹੋਕੇ ਤਿਆਗੀ ਜੀਵਨ ਦੀਆਂ ਬਨਾਵਟਾਂ ਤੇ ਗ੍ਰਿਹਸਥੀ ਹੋਕੇ ਭੋਗਾਂ ਵਿਚ ਖਚਿਤ ਜੀਵਨ ਨੂੰ ਮਾੜਾ ਦੱਸਕੇ ਨਿਸ਼ਕਪਟ ਨਾਮ ਵਾਲੇ ਜੀਵਨ ਦੀ ਉੱਤਮਤਾ ਦਰਸਾਈ ਹੈ।

ਨਿਰੁਕ੍-ਭੇਖ -ਭੇਸ। ਉਹ ਖਾਸ ਰੰਗ ਤੇ ਖਾਸ ਰੰਗਾਂ ਦੇ ਕਪੜੇ ਜੋ ਅਨੇਕ ਮਤਾਂ ਦੇ ਸਾਧੂ ਪਹਿਨਦੇ ਹਨ।

ਭਰਮਾਈਐ - (ਸੰਸ:, ਭ੍ਰਮੁ ਤੋਂ ਪੰਜਾ: ਭਰਮਾਉਣਾ) ਭਰਮ ਵਿਚ ਪਾ ਦੇਣਾ। ਭੁਲੇਵਾ ਦੇਣਾ।

੨. (ਸੰਸ:, ਭ੍ਰਮਣੰ = ਫਿਰਨਾ) ਦੇਸ ਦੇਸ਼ਾਂਤਰਾਂ ਵਿਚ ਭ੍ਰਮਣ ਕਰਨਾ। ਦੁਇ ਤਰ੍ਹਾਂ ਅਰਥ ਲਾਉਂਦੇ ਹਨ ਅਪਣੇ ਸਾਧੂ ਹੋਣ ਦਾ ਭੁਲੇਵਾ ਦੇਣਾ ਯਾ ਭੇਖ ਧਾਰਨ ਕਰਕੇ ਦੇਸ਼ਾਰਟਨ ਕਰਨਾ। ਪਰ 'ਭਰਮਾਈਐ' ਪ੍ਰੇਰਣਾਰਥਿਕ ਹੋਣ ਕਰਕੇ ਪਹਿਲਾ ਅਰਥ ਵਧੇਰਾ ਢੁਕਦਾ ਹੈ।

ਮਹਲੁ - (ਅ਼:, ਮਹੱਲ) ਮੰਦਰਿ, ਵਡਾ ਮਕਾਨ, ਪਰ ਏਥੇ ਭਾਵ ਹੈ 'ਸਰੂਪ'। 'ਹਰਿ ਕਾ ਮਹਲੁ' = ਵਾਹਿਗੁਰੂ ਦਾ ਸਰੂਪ।

ਵਿਸਟਾ - ਗੰਦ।

ਗ੍ਰਿਹ - (ਸੰਸ:, ਗ੍ਰਿਹ) ਘਰ। 'ਘਰ ਹੀ ਮਾਹਿ' = ਘਰ ਵਿਚ ਹੀ = ਗ੍ਰਿਹਸਥ ਵਿਚ ਭਾਵ ਹੈ।

ਸੰਜਮੁ - (ਸੰਸ:, ਸੰਯਮ: ਰੋਕ) ਇੰਦ੍ਰਿਆਂ ਨੂੰ ਵਿਸ਼ਿਆਂ ਤੋਂ ਰੋਕਣਾ। ੨. ਮਨ ਨੂੰ ਵੱਸ ਕਰਨਾ। ੩. ਧਾਰਨਾ, ਧਯਾਨ, ਸਮਾਧੀ। ਏਥੇ ਅਰਥ ਲਗਦਾ ਹੈ, ਮਨ ਤੇ ਇੰਦ੍ਰਿਆਂ ਨੂੰ ਵੱਸ ਵਿਚ ਰੱਖਣਾ।

ਪਰਗਾਸੁ - (ਸੰਸ:, ਪ੍ਰਕਾਸ਼:) ਚਾਨਣਾ। ਏਥੇ ਨਾਮ ਦੇ ਚਾਨਣੇ ਤੋਂ ਮੁਰਾਦ ਹੈ। ਨਾਮ ਦੇ ਚਾਨਣ ਤੋਂ ਮੁਰਾਦ ਹੈ ਦੀਖਯਾ, ਰਹਤ, ਤੇ ਸ਼ੁਭ ਕਰਨੀ ਦਾ ਉਪਦੇਸ਼ ਤੇ ਅਸੀਸ।

ਭਾਵ ਹੈ ਗੁਰੂ ਤੋਂ ਸਫਲ ਨਾਮ ਦੀ ਪ੍ਰਾਪਤੀ।

ਗਤਿ ਮੁਕਤਿ - (ਸੰਸ:, ਗਤਿ: ਦਸ਼ਾ, ਹਾਲਤ, ਪ੍ਰਾਪਤੀ। ਮੁਕ੍ਰਿ:= ਜਿਥੇ ਦਸ਼ਾ ਮੁੱਕਕੇ ਯਥਾਰਥ ਆ ਜਾਂਦਾ ਹੈ।) ਸਰਬ ਉੱਚੀਆਂ ਅਵਸਥਾਂ ਪਰਮਾਰਥ ਪ੍ਰਾਪਤੀ ਤਕ ਉੱਚ ਯਾ ਸ਼ੁਭ ਗਤੀਆਂ ਹਨ। ਜਦ ਮੇਲ ਹੋ ਗਿਆ ਤਾਂ ਅਵਸਥਾ ਪਾਰ - 'ਯਥਾਰਥ' ਮਿਲ ਪਿਆ। ਇਹ ਮੁਕਤੀ ਹੈ। ਗਤਿ ਦਾ ਅਰਥ ਬੀ ਮੁਕਤਿ ਹੈ। ਪਰ ਜਦ ਦੋਏ ਇਕੱਠੇ ਆਉਣ ਤਾਂ ਇਹ ਉਪਰ ਦੱਸਿਆ ਫਰਕ ਹੁੰਦਾ ਹੈ।

ਨਵ ਖੰਡ - (ਸੰਸ:, ਨਵ ਖੰਡ) ਨੌਂ ਹਿੱਸੇ ਪ੍ਰਿਥਮੀ ਦੇ। ਨੌਂ ਮਹਾਂ ਦ੍ਵੀਪ। ਭਾਵ ਹੈ ਸਾਰੀ ਦੁਨੀਆਂ ਦਾ।

ਹਰਿ ਹਾਰੁ - ਵਾਹਿਗੁਰੂ ਰੂਪ ਹਾਰ, ਭਾਵ ਹੈ ਵਾਹਿਗੁਰੂ ਜੀ ਦੇ ਨਾਮ ਦਾ ਹਾਰ। ਵਾਹਿਗੁਰੂ ਉਚਾਰਣ ਜੋ ਵਿਸਰੇ ਨਾਂ, ਜਿਵੇਂ ਹਾਰ ਵਿਚ ਪੁਰੋਤੇ ਗਲੇ ਪਏ ਫੁੱਲ ਡਿੱਗਦੇ ਨਹੀਂ।

ਰਿਧਿ ਸਿਧਿ - ਸੰਸ:, ਰਿਦ੍ਧਿ: ਸਿਦ੍ਧਿ:) ਰਿਧਿ = ਵਿਭੂਤੀ। ਧਨ ਦੌਲਤ ਆਦਿ, ਸਫਲਤਾ। ਸਿਧਿ = ਯੋਗ ਸ਼ਕਤੀਆਂ। (ਦੇਖੋ ਪਿਛੇ ਪੰਨਾ ੧੫੦ ਤੇ ੨੨੫)। ਮੁਰਾਦ ਹੈ ਸੰਸਾਰਕ ਪਦਾਰਥਾਂ ਦੀ ਬਹੁੱਲਤਾ। ਤੇ ਯੋਗ ਸ਼ਕਤੀਆਂ ਜੋ ੮ ਯਾ ੧੮ ਹਨ।

ਤਮਾਇ - (ਅ਼:, ਤ਼ਮਅ਼) ਲੋਭ, ਲਾਲਚ। ਇਤਨੇ ਬੇ ਲਾਲਚ ਹੋ ਜਾਂਦੇ ਹਨ ਕਿ ਪਿੱਛੇ ਲਗੀਆਂ ਰਿਧੀਆਂ ਸਿੱਧੀਆਂ ਦੀ ਪ੍ਰਵਾਹ ਨਹੀਂ ਕਰਦੇ। ਜੀਂਵਦਿਆਂ ਮੁਕਤਿ ਹੋਣ ਦਾ ਇਹ ਲੱਛਣ ਹੈ।

ਸਹਜਿ ਸੁਭਾਇ- ਸੁਤੇ ਸਿੱਧ। ਅਪਣੇ ਆਪ। ਨਿਰਯਤਨ। ਪਹਿਲੋਂ ਨਾਮ ਯਤਨ ਨਾਲ ਜਪੀ ਸਿਮਰੀਦਾ ਹੈ। ਜਦੋਂ ਅੰਦਰ ਪ੍ਰਵੇਸ਼ ਕਰ ਜਾਂਦਾ ਹੈ, ਤਾ ਨਿਰਯਤਨ ਅਪਣੇ ਆਪ ਪਿਆ ਹੁੰਦਾ ਹੈ, ਤੇ ਸੁਰਤ ਨੂੰ ਸੁਖੀ ਰਖਦਾ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ - ੩੬)

ਪ੍ਰਾਕ੍ਥਨ–ਜਿਸ ਦਾ ਰਾਜ ਉਸੇ ਦਾ ਤੋਰਾ ਮੰਨੀਦਾ ਹੈ। ਸਾਡੇ ਸਿਰ ਤੇ ਗੁਰੂ ਦਾ ਰਾਜ ਹੈ, ਉਸ ਦਾ ਹੁਕਮ ਮੰਨ ਕੇ ਟੁਰਨਾ ਹੈ। ਉਸ ਦੇ ਕਹੇ ਟੁਰਨ ਤੇ ਸੱਤਜ ਸਰੂਪ ਵਾਹਿਗੁਰੂ ਪ੍ਰਾਪਤ ਹੋ ਜਾਂਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ਘਰੁ ੧ ॥	
ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥	ਜਿਸ ਹੀ ਦਾ ਰਾਜ ਹੁੰਦਾ ਹੈ, ਸਭ ਕੋਈ ਉਸ ਦਾ ਹੀ (ਆਗਜਾਨੁਵਰਤੀ) ਹੁੰਦਾ ਹੈ, (ਤਿਵੇਂ ਹੀ ਸਾਡੇ ਸਿਰ ਤੇ ਸਰਕਾਰ ਗੁਰੂ ਦੀ ਹੈ, ਇਸ ਲਈ) ਅਸਾਂ ਗੁਰੂ ਦੀ ਕਾਰ ਕਮਾਉਣੀ ਹੈ (ਜਿਸ ਕਰਕੇ) ਹਿਰਦੇ ਵਿਚ ਸੱਚ (ਸੱਤਜ ਸਰੂਪ) ਪ੍ਰਗਟ ਹੋ ਜਾਂਦਾ ਹੈ। (ਇਉਂ) ਜਿਸ ਦੇ ਅੰਦਰ (ਪ੍ਰਗਟ ਹੋਕੇ) ਸੱਚ ਵਸ ਜਾਂਦਾ ਹੈ, (ਤਾਂ ਉਹ ਪੁਰਖ) ਸੱਚਾ (ਗਿਣੀਂਦਾ ਹੈ, ਤੇ ਜਗਤ ਵਿਚ ਉਸ ਦੇ) ਸੱਚੇ ਹੋਣ ਦੀ ਸ਼ੋਭਾ (ਬੀ) ਫੈਲ ਜਾਂਦੀ ਹੈ। (ਇਸ ਪ੍ਰਕਾਰ ਜੋ) ਸੱਚ ਨਾਲ ਮਿਲ ਜਾਂਦੇ ਹਨ, ਉਹ (ਫੇਰ) ਨਹੀਂ ਵਿਛੁੜਦੇ, ਉਹਨਾਂ ਦਾ ਵਾਸਾ ਆਪਣੀ ਆਤਮ ਸਰੂਪਤਾ ਵਿਚ ਹੋ ਜਾਂਦਾ ਹੈ ॥ ੧ ॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥	ਹੇ ਮੇਰੇ ਰਾਮ ! ਮੇਰਾ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ। (ਹਾਂ) ਸਤਿਗੁਰੂ ਨਿਰਮਲ ਹੈ, ਸੱਚਾ ਪ੍ਰਭੂ ਹੈ (ਉਸ ਦੇ ਦਿੱਤੇ) ਸ਼ਬਦ ਦੁਆਰਾ ਮਿਲਾਪ ਹੁੰਦਾ ਹੈ ॥ ੧ ॥ ਰਹਾਉ ॥
ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥ ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥ ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥	(ਸੋ ਜੋ) ਸ਼ਬਦ ਨਾਲ ਮਿਲਿਆ ਰਹੇ, ਉਹੀ (ਪ੍ਰਭੂ ਨੂੰ) ਮਿਲਿਆ ਰਹਿੰਦਾ ਹੈ, (ਪਰ ਸ਼ਬਦ ਨਾਲ ਬੀ ਉਹ ਮਿਲਿਆ ਰਹਿੰਦਾ ਹੈ) ਜਿਸ ਨੂੰ (ਉਹ) ਆਪੇ (ਆਪਣੇ ਨਾਲ) ਮਿਲਾ ਲੈਂਦਾ ਹੈ। (ਆਪਣੀ ਸਰਕਾਰ-ਵਾਹਿਗੁਰੂ- ਤੋਂ ਛੁਟ ਕਿਸੇ) ਦੂਸਰੇ ਨਾਲ ਪਜਾਰ ਪਾਕੇ ਕੋਈ ਨਹੀਂ ਮਿਲ ਸਕਦਾ, (ਉਹ) ਮੁੜ ਮੁੜ ਆਉਂਦਾ ਜਾਂਦਾ ਰਹਿੰਦਾ ਹੈ। (ਪਰ) ਜਿਸ ਉਪਰ ਉਹ ਆਪ ਦਜਾਲ ਹੁੰਦਾ ਹੈ ਉਹ ਗੁਰਮੁਖ (ਹੁੰਦਾ ਹੈ, ਉਹ ਸਦਾ) ਨਾਮ ਵਿਚ ਸਮਾਇਆ ਰਹਿੰਦਾ ਹੈ। (ਉਸ ਦੀ ਫੇਰ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ) ਸਭਨਾਂ ਵਿਚ (ਓਹੋ) ਇਕੋ (ਵਾਹਿਗੁਰੂ) ਸਮਾ ਰਿਹਾ ਹੈ, (ਤੇ ਓਹੋ) ਇਕੋ ਸਭਨਾਂ ਵਿਚ ਵਰਤ ਰਿਹਾ ਹੈ॥੨॥
	(ਪ੍ਰਸ਼ਨ: ਗੁਰੂ ਤੇ ਨਾਮ ਤੋਂ ਬਿਨਾਂ ਬੀ ਕੋਈ ਆਪਣੀ ਸਰਕਾਰ ਨੂੰ ਮਿਲਿਆ ਹੈ। ਜਿਵੇਂ ਕਿ ਪੰਡਿਤ ਲੋਕ ਆਖਦੇ ਹਨ ?
ਪੜਿ ਪੜਿ ਪੰਡਿਤ ਜੋਤਕੀ ਵਾਦ	ਉੱਤਰ :) ਪੜ੍ਹ ਪੜ੍ਹਕੇ ਪੰਡਤ ਤੇ ਜੋਤਸ਼ੀ (ਸ਼ਾਸਤ੍ਰਾਂ ਤੇ

ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥ ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥

ਗ੍ਰੈਹਾਂ ਆਦਿ ਦੀਆਂ) ਬਹਿਸਾਂ ਵਾਲੀਆਂ ਵੀਚਾਰਾਂ ਕਰਦੇ ਹਨ[1]। (ਇਨ੍ਹਾਂ ਵਿਚ ਪੈਕੇ ਓਹਨਾਂ ਦੀ) ਬੁੱਧੀ ਭਟਕਦੀ ਹੈ (ਤੇ ਆਪੋ ਆਪਣੇ) ਮਤਿ (ਬੰਨ੍ਹ ਲੈਂਦੇ ਹਨ, ਅਸਲੀਅਤ ਨੂੰ ਉਹ) ਨਹੀਂ ਬੁੱਝਦੇ (ਕਿਉਂਕਿ ਉਨ੍ਹਾਂ ਦੇ ਅੰਦਰ) ਲੋਭ ਦਾ ਵਿਕਾਰ ਹੁੰਦਾ ਹੈ। (ਇਸ ਲਈ ਉਹ) ਚੁਰਾਸੀ ਲਖ ਜੂਨਾਂ ਵਿਚ ਭਟਕਦੇ ਰਹਿੰਦੇ ਹਨ ਤੇ ਭਟਕ ਭਟਕ ਕੇ ਪਏ ਖੁਆਰ ਹੁੰਦੇ ਹਨ। (ਇਹ ਉਨ੍ਹਾਂ ਨੇ ਬੀ) ਆਪਣੇ ਪੂਰਬਲੇ (ਕੀਤੇ ਕਰਮਾਂ ਅਨੁਸਾਰ) ਲਿਖਿਆ ਕਮਾਉਣਾ ਹੈ, (ਜਿਸ ਲਿਖੇ ਨੂੰ) ਕੋਈ ਮੇਟਣ ਵਾਲਾ ਨਹੀਂ ਹੈ॥੩॥

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥ ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥

(ਪੂਰਬਲੇ ਕੀਤੇ ਕਰਮਾਂ ਦੀ ਰੁਚੀ ਦੇ ਰਾਹੇ ਟੁਰੇ ਰਹਿਣ ਤੋਂ ਸਤਿਗੁਰੂ ਉਖੇੜ ਸਕਦਾ ਹੈ ਤੇ ਸੱਚ ਦੇ ਰਸਤੇ ਪਾ ਸਕਦਾ ਹੈ, ਪਰ) ਸਤਿਗੁਰ ਦੀ ਸੇਵਾ ਬਹੁਤ ਔਖੀ ਹੈ, (ਕਿਉਂਕਿ ਸਤਿਗੁਰ ਦੀ ਸੇਵਾ ਵਿਚ) ਆਪਾ (ਭਾਵ ਹਉਮੈ) ਦੂਰ ਕਰਨਾ ਪੈਂਦਾ ਹੈ, (ਇਥੋਂ ਤਾਂਈ ਕਿ) ਸਿਰ ਬੀ ਦੇਣਾ ਪੈਂਦਾ ਹੈ। (ਐਸੀ ਸੇਵਾ ਕਰਨੇ ਪਰ ਸਤਿਗੁਰ ਤੋਂ) ਨਾਮ ਮਿਲਦਾ ਹੈ, (ਨਾਮ ਮਿਲਿਆਂ) ਹਰੀ ਮਿਲ ਪੈਂਦਾ ਹੈ, (ਹਰੀ ਦੇ ਮਿਲ ਪਿਆਂ) ਸਾਰੀ ਸੇਵਾ ਥਾਂ ਪੈ ਜਾਂਦੀ ਹੈ। (ਉਹ ਥਾਂ ਪੈਣੀ ਕੋਈ ਮਾਮੂਲੀ ਦਾਤ ਨਹੀਂ, ਓਹ ਤਾਂ ਉਸ) ਜੋਤੀ ਸਰੂਪ ਵਿਚ ਜੋਤ ਹੋਕੇ ਸਮਾ ਜਾਣਾ ਹੈ, ਜਿਵੇਂ ਪਾਰਸ[2] ਨੂੰ ਮਿਲਕੇ (ਕੋਈ) ਪਾਰਸ ਹੀ ਹੋ ਜਾਵੇ। (ਹਾਂ, ਪਰ ਐਸੇ) ਸਤਿਗੁਰ ਦਾ ਮਿਲਣਾ ਬੀ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੂੰ ਪੂਰਬਲਾ ਲਿਖਿਆ ਹੋਇਆ ਹੁੰਦਾ ਹੈ॥੪॥

ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥ ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥ ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥ ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥

ਹੇ ਮਨ! ਨਾ ਕਹੁ ਮੈਂ ਭੁੱਖਾ ਹਾਂ, ਭੁੱਖਾ ਹਾਂ, (ਹਾਂ) ਤੂੰ ਪੁਕਾਰ ਨਾ ਕਰ (ਕਿ ਹਾਇ ਮੈਂ ਭੁੱਖਾ ਹਾਂ। ਫੇਰ ਇਹ ਸੁਣਕੇ ਨਿਰਾਸ ਨਾ ਹੋ ਕਿਉਂਕਿ) ਜਿਸ ਨੇ ਚੁਰਾਸੀ ਲਖ (ਸ੍ਰਿਸ਼ਟੀ) ਰਚੀ ਹੈ (ਉਹ) ਸਭਨਾਂ ਨੂੰ (ਸਭ ਤਰ੍ਹਾਂ ਦਾ) ਆਧਾਰ ਦੇਂਦਾ ਹੈ। (ਉਹ), ਸਦਾ ਦਯਾਲੁ ਹੈ (ਜਿਸ ਨੂੰ, ਜਦੋਂ, ਜੋ ਚਾਹੇ, ਦੇ ਸਕਦਾ ਹੈ, ਕਿਉਂਕਿ ਉਸ ਤੋਂ ਵਡਾ ਕੋਈ ਨਹੀਂ ਜਿਸ ਦਾ ਡਰ ਹੋਵੇ ਸੁ, ਸੋ ਉਹ) ਨਿਰਭਉ ਹੈ; (ਫਿਰ ਉਹ ਕਿਸੇ ਨੂੰ ਭੁਲਾਉਂਦਾ ਨਹੀਂ) ਸਭ ਦੀ ਸਾਰ ਸੰਭਾਲਦਾ ਹੈ। ਹੇ ਨਾਨਕ! (ਉਸ ਨੂੰ) ਗੁਰੂ ਦੁਆਰਾ ਅਨੁਭਵ ਕਰ ਲਈਏ ਤਾਂ ਮੁਕਤੀ ਦਾ ਦਰ ਪ੍ਰਾਪਤ ਹੋ ਜਾਂਦਾ ਹੈ॥੫॥੩॥੩੬॥

[1] 'ਵਾਦਾ ਕੀਆ ਕਰਨਿ ਕਹਾਣੀਆ........॥' (ਮਾਰੂ ਵਾਰ ਮ: ੩-੧੬)

[2] ਪਾਰਸ ਨੀਵੀਂ ਧਾਤ ਨੂੰ ਸੋਨਾ ਬਣਾਉਂਦਾ ਹੈ, ਪਰ ਏਥੇ ਪਾਰਸ ਗੁਰੂ ਹੈ। ਜਿਨ੍ਹਾਂ ਬਾਬਤ ਕਿਹਾ ਹੈ:- 'ਪਾਰਸ ਮੈਂ ਅਰ ਸੰਤ ਮੈਂ ਬਡੋ ਅੰਤਰੋ ਜਾਨ ॥ ਉਹ ਤਾਂਬਾ ਕੰਚਨ ਕਰੇ ਉਹ ਕਰ ਹੈ ਆਪ ਸਮਾਨ ॥'

ਵਯਾਖਯਾ-ਅਪਣੇ 'ਸਤਿਸੰਗੀ ਪ੍ਰਬੰਧ' ਨੂੰ ਰਾਜ ਪ੍ਰਬੰਧ ਦੀ ਮਿਸਾਲ ਦੇਕੇ ਗੁਰੂ ਆਗਿਆ ਵਿਚ ਟੁਰਨੇ ਦਾ ਉਪਦੇਸ਼ ਦਿਤਾ ਹੈ, ਕਿਉਂਕਿ ਗੁਰੂ ਦੀ ਮਤਿ ਤੇ ਟੁਰਿਆਂ ਗੁਰੂ ਦੀ ਉੱਚੀ ਅਕਲ, ਜੋ ਸਾਂਈਂ ਰਹਿਬਰੀ ਵਿਚ ਟੁਰਦੀ ਹੈ, ਜਗਯਾਸੂ ਤੋਂ ਬਹੁਤ ਵਧੀਆ ਹੁੰਦੀ ਹੈ। ਗੁਰਮੁਖ ਸੱਚ ਤੇ ਟੁਰਦਾ ਹੈ, ਉਸ ਦੀ ਮਤਿ ਨਾਲ ਜਗਯਾਸੂ ਨੂੰ ਸੱਚ ਉਦੈ ਹੋ ਜਾਂਦਾ ਹੈ। ਇਉਂ ਜਦ ਜਗਯਾਸੂ ਨੂੰ ਸੱਚ ਮਿਲ ਜਾਂਦਾ ਹੈ ਉਸ ਨੂੰ ਅਪਣੇ ਸਰੂਪ ਵਿਚ ਵਾਸਾ ਮਿਲ ਜਾਂਦਾ ਹੈ ਤੇ ਉਹ ਸਾਂਈਂ ਤੋਂ ਵਿਛੁੜਦਾ ਨਹੀਂ। ਮੈਨੂੰ ਹਰੀ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ, ਪਰ ਉਸ ਪ੍ਰਭੂ ਦਾ ਮਿਲਾਉਣਾ ਸਤਿਗੁਰੂ ਕਰਾਉਂਦਾ ਹੈ। ॥ ਰਹਾਉ ॥

ਅੰਕ ੨ - ਉਸ ਪ੍ਰਭੂ ਦਾ ਮੇਲ ਨਾਮ ਦੁਆਰਾ ਹੈ ਜੋ ਨਾਮ ਗੁਰੂ ਦੇਂਦਾ ਹੈ, ਪਰ ਗੁਰੂ ਮਿਲਾਪ ਦੀ ਮੇਹਰ ਪ੍ਰਭੂ ਕਰਦਾ ਹੈ। ਦੂਜੇ ਭਾਇ ਨਾਲ ਮੇਲ ਨਹੀਂ ਹੁੰਦਾ। ਇਕੋ ਪ੍ਰਭੂ ਪਰਾਇਣ ਹੋਣਾ ਚਾਹੀਏ।

ਅੰਕ ੩ - ਅਪਣੀ ਮਨਮਤ ਦੇ ਮਗਰ ਲੱਗਕੇ, ਨਿਰੇ ਸ਼ਾਸਤ੍ਰ ਘੋਖਕੇ, ਵਾਦ ਵਿਵਾਦ ਸਿਖੀ ਦਾ ਹੈ ਬੁਧੀ ਨਿਰਮਲ ਨਹੀਂ ਹੁੰਦੀ, ਲੋਭ ਖਹਿੜਾ ਨਹੀਂ ਛੱਡਦਾ।

ਅੰਕ ੪ - ਸਤਿਗੁਰ ਦੀ ਸੇਵਾ ਔਖੀ ਹੈ, ਆਪਾ ਭਾਵ ਗੁਆ ਕੇ ਕਰੋ। ਜਦੋਂ ਗੁਰੂ ਤੋਂ ਨਾਮ ਮਿਲੇ ਜਾਣੋ ਹਰੀ ਮਿਲ ਪਿਆ। ਗੁਰੂ ਇਕ ਪਾਰਸ ਹੈ, ਪਾਰਸ ਤੋਂ ਵਧ ਹੈ, ਕਿਉਂਕਿ ਉਹ ਪਾਰਸ ਬਣਾ ਦੇਂਦਾ ਹੈ ਅਰਥਾਤ ਹਰੀ ਜੋਤ ਸਰੂਪ ਹੈ, ਗੁਰੂ ਸ਼ੁੱਧ ਜੋਤ ਹੋਕੇ ਉਸ ਵਿਚ ਸਮਾ ਰਿਹਾ ਹੈ, ਜਗਯਾਸੂ ਨੂੰ ਉਹ ਜਜੋਤ ਰੂਪ ਬਣਾਕੇ ਜੋਤੀ ਸਰੂਪ ਨਾਲ ਮਿਲਾ ਦੇਂਦਾ ਹੈ।

ਅੰਕ ੫ - ਲੋਕੀ ਪ੍ਰਭੂ ਵਿਮੁਖ ਰਹਿਣ ਦਾ ਕਾਰਣ ਅਪਣੀਆਂ ਲੋੜਾਂ ਦੱਸਦੇ ਹਨ, ਆਪੇ ਨਵੇਂ ਲਗੇ ਆਪ ਨੂੰ ਭੁੱਖਾ ਮੰਨਕੇ ਪੁਕਾਰਾਂ ਵਿਚ ਅਸ਼ਾਂਤਿ ਰਹਿੰਦੇ ਹਨ। ਇਸ ਦੀ ਥਾਵੇਂ ਗੁਰਮਤਿ ਸਿਖਾਲਦੀ ਹੈ ਕਿ ਨਾਮ ਜਪੋ ਤੇ ਵਾਹਿਗੁਰੂ ਜੀ ਤੇ ਨਿਸ਼ਚਾ ਧਾਰੋ, ਉਹ ਸਦਾ ਦਿਆਲੂ ਹੈ, ਸਭ ਦੀ ਖ਼ਬਰਗੀਰੀ ਕਰਦਾ ਹੈ, ਤੇਰੀ ਬੀ ਕਰੇਗਾ। ਐਉਂ ਗੁਰੂ ਦੁਆਰਾ ਬੁੱਝ ਲਈਏ ਤਾਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਨਿਰੁਕ-ਸਿਰਕਾਰ - (ਫ਼ਾ:, ਸਰਕਾਰ = ਹਕੂਮਤ, ਰਾਜ, ਰਾਜਾ, ਰਾਜ ਭਵਨ) ਰਾਜ: ਹਕੂਮਤ। ਸਿਰਕਾਰ ਪਦ ਇਸਤ੍ਰੀ ਲਿੰਗ ਵਿਚ ਬੋਲੀਦਾ ਹੈ। ਯਥਾ :- ਮੇਰੀ ਸਿਰਕਾਰ। ਚਾਹੋ ਕਿਸੇ ਮਰਦ ਰਾਜੇ ਨੂੰ ਸੰਬੋਧਨ ਕਰੀਏ ਤਦ ਬੀ 'ਮੇਰੀ ਸਰਕਾਰ' ਹੀ ਕਹੀਦਾ ਹੈ।

(ਅ) ਇਸ ਦਾ ਅਰਥ 'ਸਿਰ ਉਤੇ ਕਾਰ' ਬੀ ਕਰੀਦਾ ਹੈ, ਪਰ ਸਿਰ ਦੇ 'ਰ' ਨੂੰ ਸਿਆਰੀ ਹੈ ਨਹੀਂ 'ਰ' ਮੁਕਤਾ ਹੈ ਜੋ ਇਸਤ੍ਰੀ ਲਿੰਗ ਦੀ ਨਿਸ਼ਾਨੀ ਹੈ।

ਗੁਰਮੁਖਿ ਕਾਰ- ਗੁਰੂ ਦੀ ਦੱਸੀ ਹੋਈ ਕਾਰ, ਸੋ ਹੈ ਨਾਮ ਜਪਣਾ। ਯਥਾ:-

ਗੁਰਮੁਖਿ ਕਾਰ ਕਰਹੁ ਲਿਵ ਲਾਇ॥ ਹਰਿਨਾਮ ਸੇਵਹੁ ਵਿਚਹੁ ਆਪੁ ਗਵਾਇ॥ (ਬਸੰਤ ਮ: ੩-੭

ਅੰਤਰਿ -(ਸੰਸ:, ਅੰਤਰ) ਅੰਦਰ, ਦਿਲ ਵਿਚ।

ਨਿਜ ਘਰਿ - ਅਪਣੇ ਘਰ ਵਿਚ। ਅਪਣੀ ਆਤਮ ਸਰੂਪਤਾ ਵਿਚ। ਅਪਣੇ ਵਿਚ ਆਤਮ ਦਰਸ਼ੀ ਹੀ ਫਿਰ ਬ੍ਰਹਮ ਦਰਸ਼ੀ ਹੋ ਜਾਂਦਾ ਹੈ।

ਦੂਜੈ ਭਾਇ - ਦੂਸਰੇ ਨੂੰ ਪਿਆਰ ਕਰਨ ਨਾਲ। ਭਾਵ ਵਾਹਿਗੁਰੂ ਅਤ੍ਰਿਕਤ ਨਾਲ ਪਿਆਰ।

(ਅ) ਦ੍ਵੈਤ ਭਾਵ।

ਜੋਤਕੀ - (ਸੰਸ:, ਜਯੋਤਿਸ਼ੀ) ਜੋਤਸ਼ ਵਿਦਯਾ ਦਾ ਜਾਣਨ ਵਾਲਾ। ਜੋ ਗ੍ਰੈਹਾਂ ਤਾਰਿਆਂ ਦੀਆਂ ਚਾਲਾਂ ਆਦਿ ਜਾਣਦਾ ਹੋਵੇ ਤੇ ਇਨਸਾਨੀ ਕਿਸਮਤ ਉਤੇ ਉਹਨਾਂ ਦੇ ਚੰਗੇ ਮੰਦੇ ਅਸਰ ਦੱਸਦਾ ਹੋਵੇ।

ਮਤਿ - (ਸੰਸ:, ਮਤਿ: = ਅਕਲ। ਰਾਇ) ਕਿਸੇ ਵਿਸ਼ੇ ਤੇ ਰਾਇ। ਬੱਧਾ ਧ੍ਰਵਾ। ਇਕ ਵਿਦਿਆ ਵਿਗਜਾਨ, ਯਾ ਇਕੋ ਖਿਆਲ ਦੇ ਕਈ ਮਤਿ ਹੋ ਸਕਦੇ ਹਨ, ਜਿਨ੍ਹਾਂ ਪਰ ਫੇਰ ਬੱਹਿਸਾਂ ਤੁਰਦੀਆਂ ਹਨ।

੨. ਕਈ ਸਿਆਣੇ 'ਮਤਿ ਬੁਧਿ' ਦਾ ਏਥੇ ਅਰਥ ਇਕੋ 'ਬੁਧੀ' ਹੀ ਕਰਦੇ ਹਨ, ਪਰ ਜਾਪਦਾ ਹੈ 'ਬੁਧੀ ਭਵੀ' ਕਾਫੀ ਹੈ 'ਬੁਧੀ ਫਿਰ ਜਾਣ' ਦੱਸਣ ਲਈ, ਤੇ ਪਦ 'ਮਤਿ' ਵਿਚ ਕਾਰਣ ਦੱਸਿਆ ਹੈ ਵਾਦ ਕਰਨੇ ਦਾ, ਕਿ ਹਰ ਗਲ ਤੇ ਅੱਡ ਅੱਡ ਮਤਿ ਬਣਾਕੇ ਬੁੱਧੀ ਭਟਕ ਜਾਂਦੀ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ - ੩੭)

ਪ੍ਰਾਕ੍ਥਨ–ਅਗਲੇ ਸ਼ਬਦ ਵਿਚ ਨਿਰੂਪਣ ਕੀਤਾ ਹੈ ਕਿ ਨਾਮ ਦੀ ਲਿਵ ਤੋਂ ਆਤਮ-ਨਿਵਾਸ ਤੇ ਪ੍ਰਕਾਸ਼ ਪ੍ਰਾਪਤ ਹੁੰਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥	ਜਿਨ੍ਹਾਂ ਨੇ (ਗੁਰ ਉਪਦੇਸ਼) ਸੁਣਕੇ ਮੰਨ ਲਿਆ ਉਨ੍ਹਾਂ ਦਾ ਆਪਣੇ ਸਰੂਪ ਵਿਚ ਵਾਸਾ ਹੋ ਗਿਆ। (ਇਸ ਤਰ੍ਹਾਂ ਕਿ ਉਨ੍ਹਾਂ ਨੇ) ਗੁਰੂ ਦੀ ਮਤਿ ਦੁਆਰਾ ਸਚ (= ਸਤਜ ਸਰੂਪ ਵਾਹਿਗੁਰੂ) ਨੂੰ (ਸਲਾਹਿਆ ਤੇ) ਸਲਾਹ ਸਲਾਹ ਕੇ ਗੁਣਾਂ ਦੇ ਸਮੂਹ ਹਰੀ ਨੂੰ ਪਾ ਲਿਆ। (ਹਾਂ) ਓਹ (ਸਿਫਤ ਸਲਾਹ ਦੇ ਨਾਲ) ਸ਼ਬਦ (ਨਾਮ) ਵਿਚ ਰੱਤੇ ਗਏ ਸੋ ਨਿਰਮਲ ਹੋ ਗਏ, ਮੈਂ ਉਨ੍ਹਾਂ ਤੋਂ ਸਦਾ ਸਦਕੇ ਜਾਂਦਾ ਹਾਂ। (ਪੱਕ ਜਾਣੋ) ਜਿਨ੍ਹਾਂ ਦੇ ਮਨ ਵਿਚ ਹਰੀ ਵਸਦਾ ਹੈ ਉਸੇ ਮਨ ਵਿਚ (ਆਤਮ) ਪ੍ਰਕਾਸ਼ (ਗਿਆਨ) ਹੋ ਜਾਂਦਾ ਹੈ ॥ ੧ ॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥	(ਤੂੰ ਬੀ) ਹੇ ਮੇਰੇ ਮਨ ! ਪਵਿਤ੍ਰ ਹਰੀ ਨੂੰ ਆਰਾਧ। (ਦੇਖ) ਧੁਰੋਂ ਜਿਨ੍ਹਾਂ ਦੇ ਮੱਥੇ ਉਤੇ ਲਿਖਿਆ ਹੋਇਆ ਹੈ ਓਹ ਗੁਰਮੁਖ ਹਨ, (ਓਹ ਸਦਾ) ਲਿਵ ਲਾਈ ਰਖਦੇ ਹਨ ॥ ੧ ॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥	ਹੇ ਹਰੀ ਦੇ ਸੰਤੋ ! (ਤੁਸੀਂ ਬੀ) ਨਜ਼ਰ ਲਾਕੇ (ਧਯਾਨ ਜੋੜਕੇ) ਦੇਖੋ, (ਵਾਹਿਗੁਰੂ ਤੁਹਾਡੇ ਬੀ) ਨੇੜੇ ਵੱਸ ਰਿਹਾ ਹੈ, (ਕਿਉਂਕਿ ਉਹ ਹਰ ਹਿਰਦੇ ਵਿਚ ਤੇ ਹਰ ਥਾਂ) ਪਰੀ ਪੂਰਣ ਹੈ। (ਹਾਂ) ਜਿਨ੍ਹਾਂ ਨੇ ਗੁਰੂ ਦੀ ਮਤਿ ਦੁਆਰਾ (ਉਸ ਨੂੰ) ਸਿਆਣ ਲਿਆ ਹੈ, ਓਹ (ਫਿਰ) ਉਸ ਨੂੰ ਸਦਾ (ਹਾਜ਼ਰਾ) ਹਜ਼ੂਰ ਦੇਖਦੇ ਹਨ। ਔਗੁਣਾਂ ਵਾਲਿਆਂ ਨੂੰ (ਉਹ) ਦੂਰ (ਹੀ ਭਾਸਦਾ) ਹੈ, ਪਰ ਜਿਨ੍ਹਾਂ ਵਿਚ ਗੁਣ ਹੈਨ ਉਨ੍ਹਾਂ ਦੇ ਸਦਾ ਮਨ ਵਿਚ ਵਸਦਾ ਹੈ। ਮਨਮੁਖ, (ਕਿਉਂਕਿ) ਗੁਣਾਂ ਤੋਂ ਬਾਹਰ ਹਨ, ਨਾਮ ਵਿਹੂਣੇ ਹਨ, (ਇਸ ਕਰਕੇ) ਝੁਰ ਝੁਰ ਮਰਦੇ ਹਨ ॥ ੨ ॥

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥

ਜਿਨ੍ਹਾਂ ਨੇ ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ (ਹਰੀ ਦਾ ਨਾਮ) ਸੁਣਕੇ ਮੰਨ ਲਿਆ ਉਨ੍ਹਾਂ ਨੇ ਉਸ ਹਰੀ ਨੂੰ ਅਪਣੇ ਮਨ ਵਿਚ (ਫੇਰ) ਸਦਾ ਧਿਆਇਆ ਹੈ। (ਇਸ ਤਰ੍ਹਾਂ) ਹਰ ਦਿਨ ਭਗਤੀ ਵਿਚ ਰਚਿਆਂ ਰਿਹਾਂ ਮਨ (ਹਉਮੈ ਦੀ ਮੈਲ ਤੋਂ ਤੇ) ਤਨ (ਵਿਕਾਰਾਂ ਦੀ ਮੈਲ ਤੋਂ) ਨਿਰਮਲ ਹੋ ਜਾਂਦਾ ਹੈ। (ਵਿਸ਼ੇ ਵਿਕਾਰਾਂ ਦਾ ਸੁਆਦ, ਜੋ) ਕਸੁੰਭੇ ਦੇ ਰੰਗ (ਵਰਗਾ ਭੜਕੀਲਾ ਪਰ) ਕੱਚਾ (ਹੁੰਦਾ ਹੈ), ਬਿਨਸ ਜਾਂਦਾ ਹੈ (ਤੇ ਉਨ੍ਹਾਂ ਵਿਕਾਰਾਂ ਦਾ ਫਲ ਅਰਥਾਤ) ਦੁੱਖ (ਰਹਿ ਜਾਂਦਾ ਹੈ, ਜਿਸ ਕਰਕੇ ਜੀਵ ਫੇਰ) ਰੋਂਦਾ (= ਦੁਖੀ ਹੁੰਦਾ) ਹੈ; (ਪਰ) ਜਿਸ ਦੇ ਅੰਦਰ ਨਾਮ ਦਾ ਚਾਨਣ ਹੋ ਜਾਂਦਾ ਹੈ ਉਹ ਥਿਰ ਹੋ ਜਾਂਦਾ ਹੈ ਸਦਾ ਲਈ (ਹਾਂ) ਸਦਾ ਲਈ ॥ ੩ ॥

ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥ ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥ ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥

ਇਹ (ਮਨੁੱਖਾ) ਜਨਮ ਰੂਪੀ ਪਦਾਰਥ ਪਾਕੇ (ਜੋ) ਹਰੀ ਨਾਮ ਨੂੰ ਲਿਵ ਲਾਕੇ ਨਹੀਂ ਸਿਮਰਦਾ (ਉਸਨੇ) ਮੌਤ ਦੇ ਆਇਆਂ (ਏਥੇ ਤਾਂ) ਰਹਿਣਾ ਹੈ ਨਹੀਂ (ਉਹ ਅਗੇ ਜਾਕੇ ਬੀ ਟਿਕਾਣਾ ਪ੍ਰਾਪਤ ਨਹੀਂ ਕਰ ਸਕੇਗਾ। (ਉਥੇ ਉਸਨੂੰ) ਉਹ ਵੇਲਾ (ਦੇਹ ਵਿਚ ਹੁੰਦਿਆਂ ਨਾਮ ਜਪਣ ਵਾਲਾ) ਹੱਥ ਨਹੀਂ ਆਉਣਾ, ਅੰਤ ਨੂੰ (ਓਥੋਂ ਬੀ) ਪਛੋਤਾਉਂਦਾ ਚਲਾ ਜਾਂਦਾ ਹੈ (ਆਵਾਗਵਨ ਦੇ ਗੇੜ ਵਿਚ)। (ਹਾਂ ਜੋ ਉਬਰੇਗਾ) ਉਹੀ ਉਬਰੇਗਾ ਜਿਸ ਉਤੇ (ਸਾਂਈ) ਮੇਹਰ ਕਰੇਗਾ (ਹਾਂ ਉਹੀ ਜੋ) ਹਰੀ ਨਾਲ ਲਿਵ ਲਾਏਗਾ ॥ ੪ ॥

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥

(ਪ੍ਰਸ਼ਨ: ਕਈ ਮਨਮੁਖ ਬੀ ਸਿਮਰਨ ਕਰਦੇ ਹਨ ? ਉੱਤਰ :) (ਉਹ) ਸਾਰੇ ਦੇਖਾ ਦੇਖੀ ਕਰਦੇ ਹਨ, ਮਨਮੁਖਾਂ ਨੂੰ (ਸਿਮਰਨ ਦੀ) ਸੋਝੀ ਕੋਈ ਨਹੀਂ ਪੈਂਦੀ। (ਹਾਂ) ਜਿਨ੍ਹਾਂ ਗੁਰਮੁਖਾਂ ਦਾ ਹਿਰਦਾ ਸ਼ੁੱਧ ਹੈ ਉਹਨਾਂ ਦੀ ਸੇਵਾ ਥਾਂ ਪੈਂਦੀ ਹੈ। (ਓਹ) ਹਰੀ ਦੇ ਗੁਣ (ਸਦਾ) ਗਾਉਂਦੇ ਹਨ, ਹਰੀ (ਦਾ ਯਸ਼) ਸਦਾ ਪੜ੍ਹਦੇ ਹਨ (ਓਹ ਦੋਹਾਂ ਤਰ੍ਹਾਂ) ਹਰੀ ਦੇ ਗੁਣ ਗਾਉਂਦੇ ਹਨ (ਉਸ ਗੁਣ ਸਾਗਰ ਵਿਚ ਹੀ) ਸਮਾ ਜਾਂਦੇ ਹਨ। ਹੇ ਨਾਨਕ ! ਉਨ੍ਹਾਂ ਦੀ ਬਾਣੀ ਸਦਾ ਸੱਚੀ ਹੁੰਦੀ ਹੈ ਜੋ ਨਾਮ ਵਿਚ ਲਿਵ ਲਾਈ ਰਖਦੇ ਹਨ ॥ ੫ ॥ ੪ ॥ ੩੭ ॥

ਵਜਾਖਜਾ– ਸੁਗਮ ਹੈ।

ਨਿਰੁਕ੍ਤ–ਨਿਜ ਘਰਿ– ਦੇਖੋ ਪਿਛਲੇ ਚਉਪਦੇ ਦੀ ਨਿਰੁਕ੍ਤ

ਕਸੁੰਭ–(ਸੰਸ:, ਕੁਸੁਮ੍ਭ:। ਪੰ:, ਕਸੁੰਭਾ) ਇਕ ਬੂਟਾ ਹੈ ਜਿਸ ਨੂੰ ਸ਼ੋਖ ਲਾਲ ਰੰਗ ਦਾ ਫੁੱਲ ਪੈਂਦਾ ਹੈ। ਇਸ ਵਿਚ ਦੀਆਂ ਤੁਰੀਆਂ ਰੰਗ ਦੇਂਦੀਆਂ ਹਨ, ਜਿਸ ਦੇ ਰੰਗ ਤੋਂ ਕਪੜੇ ਰੰਗਦੇ ਹਨ ਪਰ ਉਹ ਰੰਗ ਛੇਤੀ ਉਡ ਜਾਂਦਾ ਹੈ। ਇਸ ਲਈ ਗੁਰੂ ਜੀ ਵਿਸ਼ੇ ਸੁਖਾਂ ਤੇ ਮਾਇਕ ਰਸਾਂ ਨੂੰ ਇਸ ਨਾਲ ਮਿਸਾਲ ਦੇਂਦੇ ਹਨ।

ਪਗਿ ਖਿਸਿਐ – (ਪੰ:) 'ਪੈਰ ਦੇ ਖਿਸਕਿਆਂ' ਮੁਹਾਵਰਾ ਹੈ। ਕਿਸੇ ਕੰਮ ਵਿਚ ਨਾ-ਕਾਮਯਾਬ ਹੋਇਆਂ , ਯਾ ਜੀਵਨ ਵਿਚੋਂ ਤਿਲਕਿਆਂ, ਭਾਵ ਮਰ ਗਿਆਂ।

ਪਦਾਰਥੁ – (ਸੰਸ:, ਪਦਾਰ੍ਥ :) ਦੇਖੋ ਪਿਛੇ ਪੰਨਾ ੨੬੮।

ਗੁਣ – ਗੁਣ। ਮੁਰਾਦ ਹੈ ਦੈਵੀ ਗੁਣ, ਹਰੀ ਜਸ ਦਾ ਗੁਣ, ਨਾਮ ਗੁਣ ਆਦਿ ਸਮੁੱਚੇ ਗੁਣਾਂ ਤੋਂ। 'ਬਿਨ ਨਾਵੇ' ਕਹਿਕੇ ਦੱਸ ਦਿਤਾ ਕਿ ਗੁਣ ਤੋਂ ਮੁਰਾਦ ਨਾਮ ਦੀ ਬੀ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ – ੩੮)

ਪ੍ਰਾਕ੍ਥਨ–ਅਗਲੇ ਸ਼ਬਦ ਵਿਚ ਦੱਸਿਆ ਹੈ ਜੋ ਗੁਰੂ ਦੀ ਮਤਿ ਦੁਆਰਾ ਨਾਮ ਪ੍ਰਾਪਤ ਕਰਕੇ ਇਕ ਮਨ ਧਿਆਕੇ, ਉਸ ਦੀ ਵਿਚਾਰ ਕਰਕੇ ਤੁਰਦੇ ਹਨ, ਉਹ ਤਰਦੇ ਹਨ ਤੇ ਕੁਲ ਤਾਰਦੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ॥੧॥	ਜਿਨ੍ਹਾਂ ਨੇ ਏਕਾਗਰ ਚਿੱਤੀ ਨਾਲ (ਪਰਮੇਸ਼ੁਰ ਦਾ) ਨਾਮ ਅਰਾਧਿਆ ਹੈ (ਅਤੇ) ਗੁਰੂ ਦੀ ਮਤਿ ਦੁਆਰਾ ਵੀਚਾਰ ਕੀਤੀ ਹੈ (ਆਤਮ ਤੇ ਅਨਾਤਮ ਦੀ), ਉਨ੍ਹਾਂ ਦੇ ਮੂੰਹ ਉਸ ਸਚੇ ਦੇ ਦਰਬਾਰ ਵਿਚ ਸਦਾ ਉਜਲੇ ਹੁੰਦੇ ਹਨ। ਓਹ (ਜਗਤ ਵਿਚ ਜੀਉਂਦੇ ਜੀ ਉਸ) ਸਚੇ ਦੇ ਨਾਮ ਵਿਚ ਪਿਆਰ ਕਰਨ ਕਰਕੇ (ਆਤਮ ਸਰ ਰੂਪੀ) ਅੰਮ੍ਰਿਤ ਪੀਂਦੇ ਹਨ, (ਹੁਣ ਹੀ ਨਹੀਂ ਸਗੋਂ) ਸਦਾ ਸਦਾ ॥ ੧ ॥
ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥ ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥	ਹੇ ਭਾਈ ! ਗੁਰਮੁਖ ਦੀ ਸਦਾ ਹੀ ਪਤਿ ਹੁੰਦੀ ਹੈ। (ਇਸ ਲਈ ਚਾਹੀਦਾ ਹੈ ਕਿ ਅਸੀਂ ਬੀ) ਹਰਿ ਹਰਿ (ਨਾਮ) ਨੂੰ ਸਦਾ ਧਿਆਈਏ (ਤਾਂ ਜੋ ਉਹ ਸਾਡੀ ਬੀ) ਹਉਮੈ (ਰੂਪੀ) ਮੈਲ ਨੂੰ ਧੋ ਕੱਢੇ (ਤੇ ਸਾਡੀ ਬੀ ਪਤਿ ਰਹਿ ਆਵੇ) ॥ ੧ ॥ ਰਹਾਉ ॥
ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥ ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥੨॥	ਮਨਮੁਖ (ਹਨ ਓਹ ਜੋ) ਨਾਮ (ਸਿਮਰਣ) ਨਹੀਂ ਜਾਣਦੇ। ਨਾਮ ਵਿਹੂਣੇ ਹੋਣ ਕਰਕੇ ਪਤਿ ਗੁਆ ਜਾਂਦੇ ਹਨ। ਓਹ (ਜੀਉਂਦੇ ਜੀ) ਦੁਐਤ ਭਾਵ ਵਿਚ ਲੱਗੇ ਰਹੇ, ਉਨ੍ਹਾਂ ਨੂੰ (ਗੁਰੂ ਦੇ ਦਿਤੇ) ਸ਼ਬਦ ਦਾ ਸੁਆਦ ਆਇਆ (ਹੀ) ਨਹੀਂ। ਜਿਵੇਂ ਗੰਦ ਦੇ ਕੀੜੇ, ਜੋ ਗੰਦ ਵਿਚ ਪੈ ਜਾਂਦੇ ਹਨ, ਉਹ ਗੰਦ ਵਿਚ ਹੀ ਸਮਾਏ ਰਹਿੰਦੇ ਹਨ, (ਭਾਵ ਮਨਮੁਖ ਜੋ ਵਿਕਾਰਾਂ ਵਿਚ ਜੰਮਦੇ ਪਲਦੇ ਹਨ ਓਹ ਵਿਕਾਰਾਂ ਦੇ ਸੁਆਦ ਵਿਚ ਰਚੇ ਰਹਿੰਦੇ ਹਨ, ਓਹ ਉਹਨਾਂ ਰਸਾਂ ਤੋਂ ਉੱਚੇ ਉਠ ਹੀ ਨਹੀਂ ਸਕਦੇ ਕਿਉਂਕਿ ਓਹ ਸਤਿਗੁਰੂ ਵਲ ਰੁਖ਼ ਨਹੀਂ ਕਰਦੇ) ॥੨॥
ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ ਕੁਲੁ	(ਪਰ) ਜਨਮ ਸਫਲ ਉਹਨਾਂ ਦਾ ਹੁੰਦਾ ਹੈ ਜੋ ਸਤਿਗੁਰੂ ਦੇ ਭਾਣੇ (ਮਰਜ਼ੀ) ਅਨੁਸਾਰ ਚੱਲਦੇ ਹਨ (ਭਾਵ ਇਹ ਕਿ ਵਿਸ਼ੇ ਤੇ

ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥

ਮਾਇਕ ਰਸਾਂ ਦਾ ਪਿਆਰ ਗੁਰੂ ਦੀ ਮਤਿ ਵਿਚ ਟੁਰਿਆਂ ਦੂਰ ਹੁੰਦਾ ਹੈ)। (ਓਹ ਨਿਰੇ ਆਪ ਹੀ ਨਹੀਂ ਤਰਦੇ ਸਗੋਂ ਆਪਣੀ) ਕੁਲ ਦਾ ਉਧਾਰ ਕਰਦੇ ਹਨ, (ਕੇਵਲ ਉਨ੍ਹਾਂ ਨੂੰ ਹੀ ਧੰਨ ਨਹੀਂ) ਧੰਨ ਹੈ ਉਨ੍ਹਾਂ ਦੀ ਮਾਤਾ ਨੂੰ ਜਿਸ ਨੇ ਉਨਾਂ ਨੂੰ ਜਨਮ ਦਿਤਾ। (ਇਸ ਲਈ ਹੇ ਭਾਈ ਸਦਾ) ਹਰੀ ਹਰਿਨਾਮ ਅਰਾਧੀਏ, (ਪਰ ਇਹ ਕਾਰ ਉਸ ਨੂੰ ਮਿਲਦੀ ਹੈ) ਜਿਸ ਤੇ (ਵਾਹਿਗੁਰੂ ਆਪਣੀ) ਰਜ਼ਾ ਨਾਲ ਕਿਰਪਾ ਕਰਦਾ ਹੈ (ਭਾਵ ਜੇ ਤੂੰ ਨਾਮ ਸਿਮਰਨ ਲਗ ਪਿਆ ਹੈਂ ਤਾਂ ਇਹ ਹਉਂ ਨਾ ਧਾਰ ਕਿ ਮੈਂ ਸਿਮਰ ਰਿਹਾ ਹਾਂ, ਪਰ ਇਹ ਕਿ ਸਾਂਈਂ ਨੇ ਮੇਰੇ ਤੇ ਆਪਣੀ ਮਰਜ਼ੀ ਨਾਲ ਮੇਹਰ ਕੀਤੀ ਹੈ। ਯਥਾ :- **ਆਪਿ ਜਪਾਏ ਜਪੈ ਸੋ ਨਾਉ॥**[1] (ਸੁਖਮਨੀ ੬-੮)

ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥ ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥ ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥

(ਕਿਉਂਕਿ) ਜਿਨ੍ਹਾਂ ਗੁਰਮੁਖਾਂ ਨੇ (ਮਨ) ਵਿਚੋਂ ਆਪਾ ਭਾਵ ਗੁਆਕੇ ਨਾਮ ਧਿਆਇਆ ਹੈ ਓਹ ਅੰਦਰੋਂ (ਮਨ ਕਰਕੇ ਤੇ) ਬਾਹਰੋਂ (ਸਰੀਰ ਕਰਕੇ) ਮੈਲ ਰਹਿਤ (ਹੋ ਜਾਂਦੇ ਹਨ, ਹਾਂ ਓਹ) ਸੱਚੇ (ਹੋ ਜਾਂਦੇ ਹਨ, ਤੇ ਅੰਤ ਓਹ) ਸੱਚ (ਸਤਜ ਸਰੂਪ) ਵਿਚ ਸਮਾ ਜਾਂਦੇ ਹਨ। (ਸੋ) ਹੇ ਨਾਨਕ ! (ਜਗਤ ਵਿਚ) ਆਏ ਓਹੋ ਪਰਵਾਣ ਹੁੰਦੇ ਹਨ ਜੋ ਗੁਰੂ ਦੀ ਮਤਿ ਦੁਆਰਾ ਹਰੀ (ਨਾਮ) ਨੂੰ ਧਿਆਉਂਦੇ ਹਨ॥੪॥੫॥੩੮॥

ਵਜਾਖਜਾ- ਇਸ ਸ਼ਬਦ ਵਿਚ ਮਨ ਚਿਤ ਲਾਕੇ ਨਾਮ ਸਿਮਰਨ ਦਾ ਉਪਦੇਸ਼ ਹੈ ਤੇ ਗੁਰੂ ਦੀ ਮਤਿ ਅਨੁਸਾਰ ਵੀਚਾਰ ਕਰਨੀ ਦੱਸੀ ਹੈ। ਫਲ ਇਸ ਦਾ ਦੱਸਿਆ ਹੈ ਜੀਉਂਦੇ ਜੀ ਨਾਮ ਰਸ ਦਾ ਆਨੰਦ ਤੇ ਸਰੀਰ ਛੋੜਕੇ ਦਰਗਾਹੇ ਉੱਜਲ ਮੁਖ ਜਾਣਾ। ਇਸ ਦੀ ਪ੍ਰਾਪਤੀ 'ਵਿਸ਼ੇ ਸੁਖ ਪਰਾਇਣ ਪੁਰਖਾਂ' ਨੂੰ ਨਹੀਂ, ਕਿਉਂਕਿ ਉਹ ਕੀਤੀ ਕਿਰਤ ਤੋਂ ਬਣੇ ਅੰਤ੍ਰੀਵ ਰੁਖ਼ ਤੇ ਸੁਭਾਵ ਅਨੁਸਾਰ ਮੁੜ ਮੁੜ ਉਹਨਾਂ ਕਰਮਾਂ ਵਿਚ ਪ੍ਰੇਰਿਤ ਹੁੰਦੇ ਤੇ ਰਚੇ ਰਹਿੰਦੇ ਹਨ, ਜਿਨ੍ਹਾਂ ਦੇ ਕਾਰਨ ਉਹਨਾਂ ਦੀ ਉਹ ਰੁਚੀ ਬਣੀ ਸੀ। ਉਸ ਪਰੰਪਰਾ ਤੋਂ ਕਾਰਣ ਤੇ ਕਾਰਜ ਬਣ ਗਈ ਰੁਚੀ ਅਪਣੇ ਗੇੜ ਵਿਚੋਂ ਤਾਂ ਨਿਕਲਦੀ ਹੈ ਜੇ ਅਪਣੇ ਤੋਂ ਉਚੇ ਸੁਚੇ ਦੇ ਉਪਦੇਸ਼ ਨੂੰ ਧਾਰਨ ਕੀਤਾ ਜਾਵੇ। ਉਸ ਅਨੁਸਾਰ ਨਾਮ ਸਿਮਰਨ ਅਖਤਿਆਰ ਕੀਤਾ ਜਾਵੇ, ਤਦ ਵਿਸ਼ੇ ਸੁਖਾਂ ਤੋਂ ਰੁਚੀ ਮੋੜਾ ਖਾਂਦੀ ਹੈ, ਕਿਉਂਕਿ ਨਾਮ ਅਭਿਆਸ ਨਾਲ ਸੀਤਲ ਸੁਖ ਅੰਦਰ ਪੈਦਾ ਹੋਣ ਲਗ ਜਾਂਦਾ ਹੈ। ਉਹ ਵਿਸ਼ੇ ਸੁਖਾਂ ਤੋਂ ਠੰਡਾ ਤੇ ਸੁਖਦਾਈ ਹੋਣ ਕਰਕੇ ਉਹਨਾਂ ਸੁਖਾਂ ਤੋਂ ਮੁਹਾੜਾਂ ਮੋੜ ਦੇਂਦਾ ਹੈ:-

ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥ (ਬਿਲਾਵਲ ਮ: ੫-੧੨੨)

ਐਉਂ ਗੇੜ ਟੁੱਟਦਾ ਹੈ ਤੇ ਜੀਵ ਉੱਚਾ ਉਠਦਾ ਆਤਮ ਸੁਖ ਤੱਕ ਜਾ ਅੱਪੜਦਾ ਹੈ। ਜਿਸਨੂੰ ਇਹ ਮਾਰਗ-ਸਿਮਰਨ ਦਾ- ਮਿਲ ਜਾਵੇ ਓਹ ਨਾਮ ਸਿਮਰੇ ਪਰ ਇਹ ਆਪਣੀ ਹਉਮੈ ਦਾ ਕੰਮ ਨਾ ਸਮਝੇ, ਇਹ ਬੀ ਮਿਹਰ ਸਮਝੇ, ਕਿਉਂਕਿ ਮੇਹਰ ਬਿਨਾਂ ਕੋਈ ਲਗ ਨਹੀਂ ਸਕਦਾ। ਮੇਹਰ ਸਮਝਣ ਨਾਲ ਹਉਂ ਪਤਲੀ ਪੈਂਦੀ ਪੈਂਦੀ ਮੁੱਕ ਜਾਂਦੀ ਹੈ। ਹਉਂ ਮੁੱਕਿਆਂ ਆਤਮ ਅਨੁਭਵਤਾ ਉੱਘੜ ਆਉਂਦੀ ਹੈ, ਉਹੀ ਪਰਮਾਤਮ ਮੇਲ ਵਿਚ ਪਾ ਦੇਂਦੀ ਹੈ। ਇਹੀ ਹੈ ਪਰਮ ਉੱਤਮ ਤੇ ਉੱਚ ਅਵਸਥਾ।

---

[1]ਇਹ ਹਉਂ ਨਾ ਧਾਰੇ ਕਿ ਮੈਂ ਜਪ ਕਿ ਸਿਮਰ ਰਿਹਾ ਹਾਂ, ਪਰ ਵਾਹਿਗੁਰੂ ਦੀ ਦਾਤ ਸਮਝਕੇ ਸਿਮਰਨ ਵਿਚ ਲਗਾ ਰਹੇ।

(ਸਿਰੀ ਰਾਗੁ ਮਹਲਾ ੩, ਚਉਪਦਾ – ੩੯)

ਪ੍ਰਾਕ੍ਥਨ– ਅਗਲੇ ਚਉਪਦੇ ਵਿਚ ਬੀ ਸਚਿਆਈ ਨਾਲ ਗੁਰੂ ਸਿਖ੍ਯਾ ਅਨੁਸਾਰ ਨਾਮ ਜਪਣ ਦਾ ਫਲ ਹਉਮੈ ਦਾ ਮਰਨਾ ਤੇ ਬਿਬੇਕ ਦਾ ਪੈਦਾ ਹੋਣਾ ਦੱਸਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥	ਵਾਹਿਗੁਰੂ ਦੇ (ਵਪਾਰੀ ਰੂਪ) ਭਗਤਾਂ ਦੀ ਰਾਸ ਹਰਿ ਧਨ ਹੈ, (ਇਸਦਾ) ਵਪਾਰ ਉਹ ਗੁਰੂ (ਸ਼ਾਹ) ਨੂੰ ਪੁੱਛ ਕੇ ਕਰਦੇ ਹਨ। ਉਨ੍ਹਾਂ ਨੂੰ ਹਰਿਨਾਮ ਵੱਖਰ ਦਾ (ਹੀ) ਆਸਰਾ ਹੈ (ਇਸ ਲਈ ਉਹ) ਹਰੀ ਨਾਮ ਦੀ ਸਲਾਹੁਤ ਸਦਾ ਸਦਾ ਕਰਦੇ ਹਨ। (ਪ੍ਰਸ਼ਨ: ਵਪਾਰ ਕਰਦਿਆਂ ਕਦੇ ਹਰਿ ਭਗਤ ਰੂਪੀ ਵਪਾਰੀਆਂ ਨੂੰ ਘਾਟਾ ਬੀ ਪੈਂਦਾ ਹੈ ਕਿ ਨਹੀਂ ? ਉੱਤਰ:) ਪੂਰਾ ਗੁਰੂ (ਜਦ ਵਪਾਰੀ) ਭਗਤਾਂ ਦੇ (ਅੰਦਰ) ਹਰੀ ਨਾਮ ਦ੍ਰਿੜ ਕਰਾ ਦੇਂਦਾ ਹੈ ਤਦ (ਇਹ ਨਾਮ ਰੂਪੀ) ਭੰਡਾਰ ਅਟੁਟ ਹੋ ਜਾਂਦਾ ਹੈ ॥ ੧ ॥
ਭਾਈ ਰੇ ਇਸੁ ਮਨ ਕਉ ਸਮਝਾਇ ॥ ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ਰਹਾਉ॥	(ਤਾਂ ਤੇ) ਹੇ ਭਾਈ ! ਇਸ ਆਪਣੇ ਮਨ ਨੂੰ ਸਮਝਾ (ਕਿ) ਹੇ ਮੇਰੇ ਮਨ! ਤੂੰ ਆਲਸ ਕਿਉਂ ਕਰਦਾ ਹੈਂ, ਗੁਰੂ ਸਨਮੁਖ ਹੋਕੇ ਨਾਮ ਸਿਮਰ ॥ ੧ ॥ ਰਹਾਉ ॥
ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥	(ਭਗਤੀ ਕੀਹ ਵਸਤੂ ਹੈ ? ਉੱਤਰ:) ਜੇ ਗੁਰਮੁਖ ਵੀਚਾਰ ਕਰੇ (ਤਾਂ ਸਮਝ ਪਵੇਗੀ ਕਿ) ਹਰੀ ਦੀ ਭਗਤੀ ਹਰੀ ਦੇ ਪਿਆਰ (ਦਾ ਨਾਮ) ਹੈ[1]। (ਪਿਆਰ ਪਾਖੰਡ ਨਾਲ ਨਹੀਂ ਨਿਭਦਾ ਇਸ ਕਰਕੇ) ਭਗਤੀ (ਬੀ) ਪਾਖੰਡ ਨਾਲ ਨਹੀਂ ਹੋ ਸਕਦੀ। (ਜੋ ਪਾਖੰਡ ਨਾਲ ਭਗਤੀ ਕਰਦਾ ਹੈ ਉਹ ਅੰਦਰੋਂ ਹੋਰ ਤੇ ਬਾਹਰੋਂ) ਦੂਸਰੀ ਤਰ੍ਹਾਂ ਦਾ ਬੋਲ (ਬੋਲਦਾ ਹੈ ਤੇ ਉਸ ਦੇ ਫਲ ਵਿਚ) ਖੁਆਰ ਹੁੰਦਾ ਹੈ[2]। (ਪਛਾਣ ਕੀਕੂੰ ਹੋਵੇ ? ਉਤਰ:) ਉਹ ਪੁਰਖ ਜਿਸਦੇ (ਅੰਦਰ ਪਿਆਰ ਵਾਲੀ ਭਗਤੀ ਹੁੰਦੀ ਹੈ ਉਸ ਦੇ) ਅੰਦਰ (ਸੱਚ ਦਾ) ਵਿਵੇਕ (ਤੇ ਅੰਦਰੋਂ ਬਾਹਰੋਂ ਇਕ ਹੋਣ ਦਾ) ਵੀਚਾਰ ਹੁੰਦਾ ਹੈ; (ਇਸ ਲਈ ਉਹ) ਰਲਾਇਆ (ਕਿਸੇ ਨਾਲ) ਰਲ ਨਹੀਂ ਸਕਦਾ। (ਭਾਵ ਉਸ ਦੇ ਤੌਰ, ਉਸ ਦੇ ਕਰਤੱਵ, ਉਸ ਦਾ ਪ੍ਰਭਾਵ, ਉਸ ਨੂੰ ਲੁਕਿਆ ਨਹੀਂ ਰਹਿਣ ਦੇਂਦੇ) ॥੨॥
ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ	ਹਰੀ ਦਾ ਸੇਵਕ (ਯਾ ਭਗਤ) ਉਸੇ ਨੂੰ ਆਖੀਦਾ ਹੈ ਜੋ ਹਰੀ ਨੂੰ ਹਿਰਦੇ ਵਿਚ (ਸਦਾ) ਧਾਰਨ ਕਰੀ ਰੱਖੇ, ਤਨ ਤੇ ਮਨ

[1] ਜੇ ਕੋਈ ਭਗਤ ਸਦਾਵੇ ਤੇ ਪਿਆਰ ਨਾ ਹੋਵੇ ਤਾਂ ਉਹ ਪਾਖੰਡ ਹੈ।

[2] ਦਾਨੇ ਐਉਂ ਬੀ ਅਰਥ ਕਰਦੇ ਹਨ: ਕਿ ਪਾਖੰਡੀ ਨੂੰ ਭਗਤ ਦਾ ਬੋਲ (ਲਫਜ਼) ਲਗਾ ਦੇਣਾ ਦੁਬਿਧਾ ਦਾ ਵਾਕ ਹੈ।

ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥

ਅਗੇ ਧਰ ਦੇਵੇ (ਅਰਥਾਤ) ਹਵਾਲੇ ਕਰ ਦੇਵੇ (ਤੇ ਆਪਣੇ) ਵਿਚੋਂ ਹਉਮੈ ਨੂੰ ਮਾਰ (ਕੇ ਕੱਢ) ਦੇਵੇ। (ਉਹੀ) ਗੁਰਮੁਖ ਹੋ ਜਾਂਦਾ ਹੈ. ਉਹੀ (ਸਾਂਈਂ ਦਰ) ਪਰਵਾਣ ਹੁੰਦਾ ਹੈ, ਉਹ ਧੰਨਤਾ ਯੋਗ ਹੁੰਦਾ ਹੈ, (ਹਾਂ ਉਹ ਐਸਾ ਹੋ ਜਾਂਦਾ ਹੈ ਕਿ) ਜਿਸ ਨੂੰ (ਫੇਰ) ਕਦੇ ਹਾਰ ਨਹੀਂ ਆਉਂਦੀ (ਭਾਵ ਉਹ ਅਜਿੱਤ ਸੂਰਮੇ ਵਾਂਙੂੰ ਕਦੇ ਕਾਂਪ ਨਹੀਂ ਖਾਂਦਾ) ॥ ੩ ॥

ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥ ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ॥ ੪॥੬॥੩੯॥

ਮੇਹਰ ਮਿਲੇ ਤਾਂ (ਹਰੀ) ਮਿਲਦਾ ਹੈ, ਮਿਹਰ ਤੋਂ ਬਿਨਾਂ (ਉਹ) ਪ੍ਰਾਪਤ ਨਹੀਂ ਹੁੰਦਾ। ਚਉਰਾਸੀ ਲਖ (ਜੀਵ ਪਏ) ਤਰਸਦੇ ਹਨ (ਭਾਵ ਸਾਰੀ ਸ੍ਰਿਸ਼ਟੀ ਲੋਚਦੀ ਹੈ, ਪਰ) ਜਿਸ ਨੂੰ (ਆਪਣੇ ਨਾਲ ਆਪ) ਮੇਲ ਲਵੇ ਉਹ ਹਰੀ ਨੂੰ ਆਕੇ ਮਿਲਦਾ ਹੈ। ਹੇ ਨਾਨਕ ! ਗੁਰਮੁਖਾਂ ਨੇ ਸਦਾ ਹਰੀ ਵਿਚ ਸਮਾਏ ਰਹਿ ਕੇ (ਹੀ) ਹਰੀ ਨੂੰ ਪ੍ਰਾਪਤ ਕੀਤਾ ਹੈ ॥ ੪ ॥ ੬ ॥ ੩੯ ॥

ਵਯਾਖਯਾ– ਭਗਤ ਨੂੰ ਵਪਾਰੀ ਦੱਸਿਆ ਹੈ। ਉਸ ਦੀ 'ਰਾਸ' ਜਿਸ ਨਾਲ ਵਪਾਰ ਸ਼ੁਰੂ ਕੀਤਾ ਤੇ 'ਧਨ' ਜੋ ਉਸ ਤੋਂ ਨਫੇ ਵਿਚ ਇਕੱਠਾ ਹੋਇਆ ਉਹ ਬੀ ਉਸ ਦਾ ਹਰੀ ਨਾਮ ਹੈ। ਹੁਣ ਸਾਰਾ ਕੁਛ ਉਸ ਦੀ ਰਾਸ ਹੈ, ਉਸ ਦਾ ਨਾਮ ਰਖਦੇ ਹਨ: 'ਹਰੀ ਧਨ'। ਹੁਣ ਉਹ ਆਪ ਵਪਾਰ ਕਰਦੇ ਹਨ ਭਾਵ ਅਗੋਂ ਨਾਮ ਵੰਡਦੇ ਹਨ, ਪਰ ਆਪੂੰ ਨਹੀਂ ਸ਼ੁਰੂ ਕਰਦੇ, ਗੁਰੂ ਕੀ ਆਗਿਆ ਵਿਚ ਵਪਾਰ ਟੋਰਦੇ ਹਨ। ਹਰ ਕਿਸੇ ਪਾਸ ਓਹ ਅਪਣੇ ਹਰੀ ਨਾਮ ਦੀ ਜੋ ਰਾਸ ਬੀ ਹੈ ਤੇ ਵੱਖਰ ਬੀ ਹੈ ਸਲਾਹੁਤ ਕਰਦੇ ਹਨ; ਕਿਉਂਕਿ ਉਹਨਾਂ ਨੇ ਤਜਰਬਾ ਕਰ ਲਿਆ ਹੈ ਉਸ ਦੇ ਅਮੁੱਲ ਹੋਣ ਦਾ। ਉਹ ਹਰਿ ਧਨ ਐਸਾ ਹੈ ਕਿ ਉਹਨਾਂ ਦੇ ਵਪਾਰ ਕਰਨ ਨਾਲ ਤ੍ਰੁੱਟਦਾ ਨਹੀਂ। ਤ੍ਰੁੱਟਣ ਦਾ ਭਰਮ ਕਿਉਂ ਪੈਂਦਾ ਹੈ ? ਉਹਨਾਂ ਦਾ ਵਪਾਰ ਅਸਲ ਵਿਚ ਵਪਾਰ ਨਹੀਂ ਦਾਨ ਹੈ, ਕਿਉਂਕਿ ਨਾਮ ਦੇਕੇ ਉਹ ਲੋਕਾਂ ਦੀ ਹਉਂ ਕੱਟਦੇ ਹਨ। ਇਸ ਤੋਂ ਸੋਚ ਫੁਰਦੀ ਹੈ ਕਿ ਹਰਿ ਧਨ ਦੇ ਵਪਾਰੀ ਜੇ ਹਰਿ ਧਨ ਦੇਈ ਗਏ, ਦੇਈ ਗਏ, ਤਦ ਮੁੱਕ ਵੈਸੀ। ਤਾਂ ਦੱਸਦੇ ਹਨ ਕਿ ਨਹੀਂ। ਹੋਰਥੇ ਬੀ ਫੁਰਮਾਇਆ ਹੈ :-

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ ॥

(ਗਉੜੀ ਗੁਆਰੇਰੀ ਮ: ੫-੧੦੦)

ਇਸ ਕਰਕੇ ਰਹਾਉ ਵਿਚ ਉਪਦੇਸ਼ ਦੇਂਦੇ ਹਨ ਕਿ ਗੁਰੂ ਨੂੰ ਪ੍ਰਾਪਤ ਹੋਕੇ ਨਾਮ ਜਪੋ।

ਅੰਕ ੨ ਵਿਚ ਦੱਸਦੇ ਹਨ ਕਿ ਇਉਂ ਸੋਝੀ ਪੈ ਜਾਏਗੀ ਕਿ ਭਗਤੀ ਪ੍ਰੇਮ ਦਾ ਨਾਮ ਹੈ। ਪ੍ਰੇਮ ਵਿਚ ਪਾਖੰਡ ਨਹੀਂ ਚੱਲਦਾ। ਇਸ ਦਾ ਦਾਰੂ ਦੱਸਦੇ ਹਨ ਕਿ ਅੰਤਰ ਬਿਬੇਕ ਵੀਚਾਰ ਧਾਰਨ ਕਰੋ ਜੋ 'ਗੁਰਮੁਖ ਨਾਮ' ਤੋਂ ਪ੍ਰਾਪਤ ਹੋਵੇਗਾ।

ਅੰਕ ੩ ਵਿਚ ਦੱਸਦੇ ਹਨ ਕਿ ਵਿਵੇਕ ਵੀਚਾਰ ਦੁਆਰਾ ਸੋਝੀ ਪਏਗੀ ਕਿ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰਖਣਾ ਹੈ ਤੇ ਹਉਂ ਨੂੰ ਹਿਰਦੇ ਵਿਚੋਂ ਕੱਢੀ ਜਾਣਾ ਹੈ ਤੇ ਸਾਰਾ ਆਪਾ ਅਰਪ ਦੇਣਾ ਹੈ। ਇਉਂ ਅੰਦਰ 'ਹਰੀ ਨਾਮ' ਤੇ ਨਾਮ ਦਾ 'ਨਾਮੀ' 'ਹਰੀ' ਆਪ ਪ੍ਰਗਟ ਹੋ ਜਾਏਗਾ। ਇਹ ਗੁਰਮੁਖ ਪਦਵੀ ਹੋਏਗੀ।

ਅੰਕ ੪ ਵਿਚ ਦੱਸਦੇ ਹਨ ਕਿ ਇਹ ਯਤਨ ਤੂੰ ਕਰ: ਹਉਮੈ ਕੱਢ, ਨਾਮ ਸਿਮਰ, ਪਿਆਰ ਕਰ, ਸੱਚ ਧਾਰਨ ਕਰ, ਵਿਵੇਕ ਬੁਧੀ ਵਿਚ ਆ, ਪਰ ਇਹ ਸਭ ਕੁਛ ਮਿਹਰ ਸਮਝ। ਕਿਉਂਕਿ ਈਸ਼੍ਵਰ

ਅਨੁਗ੍ਰਹਿ ਬਿਨਾ ਕੁਛ ਬੀ ਨਹੀਂ ਮਿਲ ਸਕਦਾ। ਐਸਾ ਸਮਝ ਕੇ ਭਗਤੀ ਕਰਦਿਆਂ ਹਉਂ ਨਹੀਂ ਸਿਰ ਪੱਟਦੀ ਤੇ ਪ੍ਰੇਮ ਭਾਵ ਮੌਲਦਾ ਹੈ। ਇਥੇ 'ਕਰਮਿ ਮਿਲੈ' ਦਾ ਭਾਵ-ਨਿਸ਼ਕਾਮ ਕਰਮਾਂ (ਫੇਅਲਾਂ) ਦੁਆਰੇ ਗਿਆਨ ਮਿਲੇ ਤਾਂ ਹਰੀ ਮਿਲਦਾ ਹੈ ਲੈਣਾ ਠੀਕ ਨਹੀਂ ਬੈਠਦਾ। ਕਿਉਂਕਿ ਪਦ 'ਕਰਮਿ' ਨੂੰ ਸਿਆਰੀ ਹੈ। ਇਹ ਇਕ ਵਚਨ ਹੈ, ਅਰਥ ਹੈ ਕਰਮ (= ਮਿਹਰ) ਦੁਆਰਾ, ਇਸ ਦਾ ਅਰਥ ਕਰਮਾਂ ਦੁਆਰਾ ਨਹੀਂ ਹੈ। ਫੇਰ ਕਿਹਾ ਹੈ 'ਵਿਣੁ ਕਰਮੈ'; ਉਸ ਦਾ ਅਰਥ ਬੀ ਹੈ 'ਕਰਮ ਤੋਂ ਬਿਨਾਂ' (ਮਿਹਰ ਤੋਂ ਬਿਨਾਂ) ਇਸ ਦਾ ਅਰਥ ਕਰਮਾਂ (ਅਮਲਾ) ਬਿਨਾਂ ਨਹੀਂ ਹੈ। ਫੇਰ ਅਗਲੀ ਤੁਕ ਵਿਚ ਸਪਸ਼ਟ ਕਰ ਦਿਤਾ ਹੈ, 'ਜਿਸੁ ਮੇਲੇ ਸੋ ਮਿਲੈ ਹਰਿ ਆਇ', ਜਿਸ ਤੋਂ ਵਿਦਿਤ ਹੋ ਗਿਆ ਕਿ ਪਹਲੀ ਤੁਕ ਵਿਚ ਬੀ ਹਰੀ ਦੇ 'ਕਰਮ' = ਮੇਹਰ ਦਾ ਜ਼ਿਕਰ ਹੈ।

ਨਿਰੁਕ੍ਤ-'ਦੁਬਿਧਾ' - ਪਦ ਦੇ ਏਥੇ ਗੁਰੂ ਜੀ ਨੇ ਅੱਖਰੀ ਅਰਥ ਲਏ ਹਨ। ਦੂਜੀ ਬਿਧ। 'ਦੁਬਿਧਾ ਬੋਲੁ' = ਦੂਜੀ ਪ੍ਰਕਾਰ ਦਾ ਵਾਕ। ਅੰਦਰ ਹੋਰ ਹੈ ਪਰ ਬਾਹਰ ਜੋ ਵਾਕ ਕਰਦਾ ਹੈ ਸੋ ਅੰਦਰਲੀ ਹਾਲਤ ਤੋਂ ਦੂਜੀ ਕਿਸਮ ਦਾ ਹੈ। ਯਥਾ:-

ਜਿਨ੍ਹ ਮਨਿ ਹੋਰੁ ਮੁਖਿ ਹੋਰੁ ....॥ (ਆਸਾ ਸੇਖ ਫਰੀਦ - ੧)

(ਸਿਰੀ ਰਾਗੁ ਮਹਲਾ ੩, ਚਉਪਦਾ - ੪੦)

ਪ੍ਰਾਕ੍ਥਨ- ਅਗਲੇ ਸ਼ਬਦ ਵਿਚ ਸੁਖੀ ਹੋਣ ਦੀ ਜਾਚ ਦੱਸੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥ ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥	ਸੁਖ ਸਾਗਰੁ ਹਰਿ ਦਾ ਨਾਮ ਹੈ (ਪ੍ਰਸ਼ਨ: ਕਿੱਥੋਂ ਮਿਲੇ ? ਉੱਤਰ:) (ਉਹ) ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। (ਪ੍ਰਸ਼ਨ: ਗੁਰੂ ਨੇ ਦੱਸ ਦਿਤਾ ਤੇ ਕੰਮ ਹੋ ਗਿਆ ? ਉੱਤਰ:) (ਗੁਰੂ ਤੋਂ ਲੈ ਕੇ) ਹਰ ਦਿਨ ਉਸ) ਨਾਮ ਨੂੰ ਧਿਆਈਦਾ ਹੈ; (ਇਉਂ) ਸਹਜੇ ਹੀ ਨਾਮੀ ਵਿਚ ਸਮਾਏ ਰਹੀਦਾ ਹੈ। (ਨਾਮੀ ਵਿਚ ਸਹਜੇ ਸਮਾਏ ਰਹਿਣ ਦਾ ਸਰੂਪ ਕੀ ਹੈ? ਉੱਤਰ:) ਅੰਦਰ (= ਮਨ) ਸਤਜ (ਸਰੂਪ) ਹਰੀ ਨਾਲ ਰਚਿਆ ਰਹਿੰਦਾ ਹੈ ਤੇ ਰਸਨਾ (ਉਸ) ਹਰੀ ਦੇ ਗੁਣ ਗਾਉਂਦੀ ਰਹਿੰਦੀ ਹੈ ॥ ੧ ॥
ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥ ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ॥ ੧॥ ਰਹਾਉ ॥	ਹੇ ਭਾਈ (ਉਸ ਹਰੀ ਨੂੰ ਤਜਾਗ ਕੇ) ਦੂਜੇ ਭਾ (ਮਾਯਕ ਪ੍ਰੇਮ) ਵਿਚ ਲੱਗ ਕੇ ਜਗਤ ਦੁਖੀ ਹੈ, (ਉਹ) ਗੁਰੂ ਕੀ ਸ਼ਰਣ ਵਿਚ ਆਕੇ (ਉਸ ਤੋਂ ਨਾਮ ਲੈਕੇ) ਹਰ ਦਿਨ ਨਾਮ ਧਿਆਕੇ ਹੀ ਸੁਖੀ ਹੋ ਸਕਦਾ ਹੈ (ਐਵੇਂ ਨਹੀਂ) ॥ ੧ ॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥ ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥ ਗੁਰ	(ਹਾਂ ਭਾਈ ਪਿਛੇ ਕਹੇ ਮੁਜਬ ਜਦ ਅੰਦਰੋਂ ਸੱਚ ਸਰੂਪ ਹਰੀ ਨਾਲ ਰਚ ਜਾਈਦਾ ਹੈ ਤਾਂ) ਸਚੇ (ਹੋਏ ਮਨ) ਨੂੰ ਮੈਲ ਨਹੀਂ ਲਗਦੀ ਇਸ ਨਿਰਮਲ ਮਨ ਨਾਲ ਹਰੀ ਧਿਆਈਦਾ ਹੈ। (ਤਦ) ਗੁਰੂ ਦੁਆਰਾ ਸ਼ਬਦ (ਬ੍ਰਹਮ) ਨੂੰ ਪਛਾਣੀਦਾ ਹੈ ਤੇ ਅੰਮ੍ਰਿਤ (ਮੌਤ ਰਹਿਤ) ਹਰੀ ਵਿਚ (ਜੋ ਨਾਮ ਦਾ) ਨਾਮੀ ਹੈ

ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥	ਸਮਾ ਜਾਈਦਾ ਹੈ[੧]। (ਐਉਂ ਜਗਜਾਸੂ ਦੇ ਅੰਦਰ) ਗੁਰੂ ਦਾ ਗਜਾਨ ਰੂਪੀ ਪ੍ਰਚੰਡ (ਤ੍ਰਿੱਖਾ ਚਾਨਣਾ) ਬਲ ਪੈਂਦਾ ਹੈ (ਜਿਸ ਨਾਲ) ਅਗਜਾਨ (ਰੂਪੀ) ਹਨੇਰਾ ਦੂਰ ਹੋ ਜਾਂਦਾ ਹੈ ॥ ੨ ॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥ ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥	(ਪ੍ਰਸ਼ਨ: ਦੂਜੇ ਭਾਇ ਵਾਲੇ ਕਿਉਂ ਦੁਖੀ ਹੁੰਦੇ ਹਨ ? ਉੱਤਰ:) (ਉਹ) ਮਨਮੁਖ ਹਨ (ਆਪਣੇ ਮਨ ਦੇ ਮਗਰ ਲਗਦੇ ਹਨ, ਉਹ) ਹਉਮੈ ਦੀ ਮੈਲ ਨਾਲ ਭਰੇ ਰਹਿੰਦੇ ਹਨ ਤੇ ਤ੍ਰਿਸ਼ਨਾ (ਦਾ) ਵਿਕਾਰ (ਉਨ੍ਹਾਂ ਨੂੰ ਲੱਗਾ ਰਹਿੰਦਾ ਹੈ) (ਇਹ) ਮੈਲ ਸ਼ਬਦ ਤੋਂ ਬਿਨਾ ਦੂਰ ਨਹੀਂ ਹੋ ਸਕਦੀ, (ਮੈਲ ਦੇ ਕਾਰਣ ਉਹ) ਮਰਦੇ ਜੰਮਦੇ ਰਹਿੰਦੇ ਹਨ, (ਸੋ ਉਹ ਜੰਮਣ ਮਰਣ ਵਿਚ) ਖੁਆਰ (ਦੁਖੀਏ ਹੋਏ) ਰਹਿੰਦੇ ਹਨ। (ਹਰ ਜਨਮ ਵਿਚ ਉਹ) ਠੱਗੀ ਦੀ ਖੇਡ ਵਿਚ ਫਸੇ ਰਹਿੰਦੇ ਹਨ। (ਇਸ ਲਈ ਵਿਚੇ ਭਟਕਦੇ ਰਹਿੰਦੇ ਹਨ) ਨਾ ਆਰ ਹੁੰਦੇ ਹਨ ਨਾ ਪਾਰ ॥ ੩ ॥
ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥ ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੨॥੪੦॥	ਗੁਰਮੁਖ ਦਾ ਹਰੀ ਦੇ ਨਾਮ ਵਿਚ ਪਿਆਰ ਹੁੰਦਾ ਹੈ, (ਉਹ) ਜਪੀ ਹੈ, ਤਪੀ ਹੈ, ਸੰਜਮੀ ਹੈ; (ਇਸ ਲਈ ਚਾਹੀਦਾ ਹੈ ਕਿ) ਗੁਰਮੁਖ ਹੋ ਕੇ (ਯਾ ਗੁਰਮੁਖ ਦੁਆਰਾ) ਸਦਾ ਇਕ ਨਾਮ ਧਿਆਈਏ (ਜੋ ਨਾਮ ਕਿ) ਕਰਤਾਰ (ਸਰੂਪ ਹੈ)। ਹੇ ਨਾਨਕ ! ਨਾਮ ਧਿਆਈਏ ਜੋ ਸਭਨਾਂ ਜੀਆਂ ਦਾ ਆਸਰਾ ਹੈ ॥੪॥੨॥੪੦॥

ਵਜਾਖਜਾ—ਜਾਪਦਾ ਹੈ ਕਿ ਕਿਸੇ ਨੇ ਪੁੱਛਿਆ ਹੈ: ਮਹਾਰਾਜ ਦੁਖੀ ਹਾਂ, ਜਗਤ ਦੁਖੀ ਹੈ, ਸੁਖੀ ਕੀਕੂੰ ਹੋਵੀਏ ? ਗੁਰੂ ਜੀ ਉੱਤਰ ਵਿਚ ਸੁਖੀ ਹੋਣ ਦੀ ਜਾਚ ਤੇ ਦੁਖੀ ਹੋਣ ਦਾ ਕਾਰਣ ਤੇ ਉਸ ਤੋਂ ਛੁਟਕਾਰੇ ਦਾ ਉਪਰਾਲਾ ਦੱਸਦੇ ਹਨ।

ਜਗਤ ਦੁਖੀ ਹੈ ਸੁਖ ਸਰੂਪ ਅਪਣੇ 'ਅਸਲੇ ਤੇ ਕਾਰਣ' ਹਰੀ ਤੋਂ ਵਿਛੁੜ ਕੇ, ਦੂਜੇ ਦੇ ਮੋਹ ਵਿਚ ਖਚਿਤ ਹੋਣ ਕਰਕੇ। ਜਿਸ ਕਰਕੇ ਜੀਵਾਂ ਵਿਚ ਹਉਮੈ ਪ੍ਰਧਾਨ ਹੈ। ਹਉਮੈ ਆਪਣੀ ਮਨੋਰਥ ਪੂਰਤੀ ਲਈ ਤ੍ਰਿਸ਼ਨਾ ਵਿਚ ਪੈਂਦੀ ਹੈ। ਤ੍ਰਿਸ਼ਨਾ ਦੀ ਪੂਰਤੀ ਦੀ ਕੋਸ਼ਿਸ਼ ਪਾਪ ਪੁੰਨ ਕਰਾਉਂਦੀ ਹੈ। ਮਨ ਮੈਲਾ ਹੋ ਜਾਂਦਾ ਹੈ। ਮੈਲਾ ਮਨ ਅਸਲ ਸੁਖ ਦੀ ਪਛਾਣ ਨਹੀਂ ਕਰ ਸਕਦਾ, ਉਹ ਤ੍ਰਿਸ਼ਨਾ ਦੀ ਪੂਰਤੀ ਵਿਚ ਹੀ ਸੁਖ ਮੰਨਦਾ ਹੈ, ਇਉਂ ਜਿਵੇਂ ਕੋਈ ਠੱਗ ਦੀ ਖੇਡ ਵਿਚ ਫਸ ਜਾਏ ਤਾਂ ਫਸਿਆ ਹੀ ਚਲਦਾ ਹੈ, ਤਿਵੇਂ ਜਨਮ ਮਰਨ ਦਾ ਗੇੜ ਟੁਰਿਆ ਰਹਿੰਦਾ ਤੇ ਖ਼ੁਆਰ ਕਰਦਾ ਰਹਿੰਦਾ ਹੈ। ਇਹ ਗਲਾਂ ਰਹਾਉ ਤੇ ਅੰਕ ੩ ਵਿਚ ਦੱਸੀਆਂ ਕਿ ਭਟਕਣਾ ਵਿਚ ਫਾਥਾ ਨਾ ਪਾਰ ਹੁੰਦਾ (= ਮੁਕਤ ਹੁੰਦਾ) ਹੈ ਨਾ ਏਥੇ ਹੀ ਟਿਕ ਕੇ ਰਹਿ ਸਕਦਾ ਹੈ, ਕਿਉਂਕਿ ਇਹ ਥਾਂ ਮਰਨਾਊ ਹੋਈ। ਦਾਰੂ ਇਹ ਹੈ ਕਿ ਹਰੀ ਦੇ ਨਾਮ ਵਿਚ ਲਗੇ। ਇਹ ਸੁਖ ਦਾਤਾ ਹੀ ਨਹੀਂ ਇਹ ਸੁਖ ਦਾ ਸਾਗਰ ਹੈ। ਇਹ ਗੁਰੂ ਤੋਂ ਲਈਦਾ ਹੈ, ਲੈਕੇ ਸਿਮਰਨ ਕਰਦਿਆਂ ਲਗਾਤਾਰੀ ਸਿਮਰਨ ਵਿਚ ਆ ਜਾਈਦਾ ਹੈ। ਇਉਂ ਨਾਮ ਅੰਦਰ ਰਚ ਜਾਂਦਾ ਹੈ, ਮਨ ਨਿਰਮਲ ਹੋ ਜਾਂਦਾ ਹੈ। ਫੇਰ ਧਿਆਈ ਜਾਈਦਾ ਹੈ ਤਾਂ ਸ਼ਬਦ ਦੀ ਪਛਾਣ ਹੋ ਜਾਂਦੀ ਹੈ, - ਸ਼ਬਦ ਰੂਪੀ ਬ੍ਰਹਮ ਦੀ। ਫੇਰ ਆਤਮ ਅਨਾਤਮ ਦੀ ਸੋਝੀ ਹੋ ਆਉਂਦੀ ਹੈ। ਨਾਲ ਨਾਲ ਗੁਰੂ ਦੀ ਮੇਹਰ ਸ਼ਬਦ (= ਉਪਦੇਸ਼) ਪ੍ਰਾਪਤ ਹੁੰਦਾ ਰਹਿੰਦਾ ਹੈ, ਨਾਲ ਨਾਲ ਗਜਾਨ ਦਾ

[੧] ਅਥਵਾ ਅਮਰ ਨਾਮ ਵਿਚ ਸਮਾ ਜਾਈਦਾ ਹੈ। ਪਰ ਉੱਪਰਲਾ ਅਰਥ ਵਧੀਕ ਢੁੱਕਦਾ ਹੈ।

ਚਾਨਣਾ ਉਗਮ ਪੈਂਦਾ ਹੈ; ਅਗਜਾਨ ਦੂਰ ਹੋ ਜਾਂਦਾ ਹੈ। ਇਹ ਅੰਕ ੨ ਵਿਚ ਦੱਸਿਆ। ਫੇਰ ਅੰਕ ੪ ਵਿਚ ਉਪਦੇਸ਼ ਦਿਤਾ ਕਿ ਭਾਈ ! ਨਾਮ ਸਿਮਰੋ ਸਦਾ ਸਦਾ, ਪਾਪੀ ਪੁੰਨੀ ਸਭ ਦਾ ਆਧਾਰ ਇਹੋ ਹੈ। ਪਾਪੀ ਨੂੰ ਨਿਰਮਲ ਕਰਕੇ ਗਜਾਨ ਤੇ ਲੈ ਜਾਏਗਾ ਪੁੰਨੀ ਨੂੰ ਨਿਸ਼ਕਾਮ ਕਰਕੇ ਗਜਾਨ ਤੇ ਲੈ ਜਾਏਗਾ। ਇਸ ਲਈ ਇਹ ਸਭ ਦਾ ਆਸਰਾ ਹੈ। ਇਸ ਦੀ ਸ਼ਰਨ ਲਓ, ਸਦਾ ਧਿਆਓ। ਚੌਥੇ ਅੰਕ ਵਿਚ ਜਪ ਤਪ ਸੰਜਮੀ ਦਾ ਇਹ ਅਰਥ ਨਹੀਂ ਕਿ ਗੁਰਮੁਖ ਨਾਮ ਦੇ ਪਿਆਰ ਵਿਚ ਜਪ ਤਪ ਸੰਜਮ ਦਾ ਤਜਾਗ ਕਰਦਾ ਹੈ। ਉਥੇ ਭਾਵ ਇਹ ਹੈ ਕਿ ਨਾਮ ਆਰਾਧਣ ਵਿਚ ਸਭ ਕੁਛ ਆ ਜਾਂਦਾ ਹੈ, ਐਉਂ ਨਹੀਂ ਕਿ ਉਹਨਾਂ ਦਾ ਆਭਾਵ ਹੋ ਜਾਂਦਾ ਹੈ ਪਰ ਐਉਂ ਕਿ ਉਸ ਨੂੰ ਤ੍ਰੈਏ ਸੁਤੇ ਸਿਧ ਪ੍ਰਾਪਤ ਹੋ ਜਾਂਦੇ ਹਨ। ਓਹ ਮਾੜੇ ਕਰਮਾਂ ਵਿਚ ਨਹੀਂ ਜਾਂਦਾ, ਇੰਦ੍ਰੇ ਵਸੀ ਭੂਤ ਆਪੇ ਹੋ ਜਾਂਦੇ ਹਨ, ਐਉਂ ਸੰਜਮੀ ਹੈ। ਨਾਮ ਜਪਦਾ ਹੈ, ਸਿਮਰਦਾ ਹੈ, ਅੰਦਰ ਵਸਾਉਂਦਾ ਹੈ; ਇਸ ਤੋਂ ਉਪਰ ਜਪ ਕੀਹ ਹੋ ਸਕਦਾ ਹੈ। ਤੇ ਸਿਮਰਨ ਨਹੀਂ ਛੋੜਦਾ, ਸੁਰਤ ਖਿੱਚ ਕੇ ਨਾਮ ਵਿਚ ਲਾਈ ਰਖਦਾ ਹੈ, ਇਹ ਤਪ ਹੈ, ਅਸਲੀ ਤਪ।

ਨਿਰੁਕ੍ਰ—ਧਾਤੁਰ ਬਾਜੀ – ਮੁਰਾਦ ਹੈ ਐਸੀ ਖੇਡ ਜੋ ਅਸਲੀਅਤ ਵਾਲੀ ਨਹੀਂ ਤੇ ਜੋ ਸਦਾ ਰਹਿਣੇ ਵਾਲੀ ਨਹੀਂ। ਇਸ ਦੀ ਵਿਤਪਤੀ ਕਈ ਤਰ੍ਹਾਂ ਕੀਤੀ ਜਾਂਦੀ ਹੈ।

੧. ਸੰਸ:, ਧਾਤ੍ਰੀ = ਪ੍ਰਿਥਵੀ ਭਾਵ ਸੰਸਾਰਕ।

੨. 'ਧਤੂਰਾ' ਪਦ ਤੋਂ ਜਿਸ ਵਿਚ ਧਤੂਰਾ ਵਰਤਿਆ ਜਾਵੇ। ਠਗ ਲੋਕ ਧਤੂਰਾ ਖੁਆ ਕੇ ਠਗਦੇ ਹਨ।

੩. (ਸੰਸ:, ਧੂਰਤ੍ਰ:= ਬਦਮਾਸ਼)। ਭਾਵ ਉਹ ਖੇਡ ਜਿਸ ਵਿਚ ਬਨਾਵਟਾਂ ਕਰਕੇ ਠਗਿਆ ਜਾਵੇ।

੪. ਧਾਤੁਰ ਬਾਜੀ = ਧਾਤੁ-ਧਾਵਨ ਵਾਲੀ ਖੇਡ ਵਾਲੀ। ਚਲਾਇਮਾਨ। ਅਨਸਥਿਰ।

੫. ਧਾਤੁਰ ਬਾਜੀ = ਨੱਸਣ ਵਾਲੀ = ਨਾਸ਼ ਹੋਣ ਵਾਲੀ ਖੇਡ।

੬. ਧਾਤੁਰ ਬਾਜੀ = ਇੰਦ੍ਰ ਜਾਲ ਵਰਗੀ ਖੇਡ।

(ਸਿਰੀ ਰਾਗੁ ਮਹਲਾ ੩, ਚਉਪਦਾ – ੪੧)

ਪ੍ਰਾਕ੍ਰਥਨ—ਅਗਲੇ ਸ਼ਬਦ ਵਿਚ ਦੱਸਦੇ ਹਨ ਕਿ ਵੈਰਾਗ ਪਰਮਾਰਥ ਲਈ ਲੁੜੀਂਦੀ ਵਸਤੂ ਹੈ, ਪਰ ਆਪਣੇ ਵੈਰਾਗ ਦਾ ਪ੍ਰਕਾਰ ਹੋਰ ਤਰ੍ਹਾਂ ਦਾ ਦੱਸਦੇ ਹਨ।

ਮੂਲ	ਅਰਥ
ਸ੍ਰੀ ਰਾਗੁ ਮਹਲਾ ੩ ॥	
ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥ ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥	ਮਨਮੁਖ ਮੋਹ ਵਿਚ ਫਸਿਆ ਪਿਆ ਹੈ (ਉਸ ਨੂੰ) ਨਾ ਵੈਰਾਗ ਨਾ ਉਦਾਸੀ ਹੁੰਦੀ ਹੈ। (ਇਸ ਕਰਕੇ ਉਹ ਗੁਰੂ ਦੇ) ਸ਼ਬਦ ਨੂੰ ਸਮਝਦਾ ਨਹੀਂ (ਤਾਹੀਓਂ ਉਹਨੂੰ ਜੀਉਂਦੇ ਜੀ ਏਥੇ) ਸਦ ਦੁਖ (ਰਹਿੰਦਾ ਹੈ ਤੇ ਅੱਗੇ ਜਾਕੇ) ਹਰੀ ਦੀ ਦਰਗਾਹ ਵਿਚ ਪਤਿ ਗੁਆ ਕੇ (ਪਹੁੰਚਦਾ ਹੈ)। (ਪ੍ਰਸ਼ਨ: ਸੁਖ ਕਿਵੇਂ ਹੁੰਦਾ ਹੈ ਉੱਤਰ:) (ਮੋਹ ਵਾਪਰਨ ਤੇ ਵੈਰਾਗ ਨਾ ਹੋਣੇ ਦੇ ਕਾਰਣ ਹਉਮੈ ਹੈ, ਉਹ) ਹਉਮੈ ਗੁਰੂ ਦੁਆਰੇ ਗੁਆਈ ਦੀ

ਹੈ, (ਗੁਰੂ ਕਿਵੇਂ ਹਉਮੈ ਕੱਟਦਾ ਹੈ ? ਉੱਤਰ:) (ਨਾਮ ਦੇਕੇ, ਸੋ ਉਸ ਦੇ ਦਿਤੇ) ਨਾਮ ਦੁਆਰਾ (ਹਉਮੈ ਕੱਟੇ ਜਾਣੇ ਪਰ) ਸੁਖ ਹੁੰਦਾ ਹੈ ॥ ੧ ॥

ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥ ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥

ਸੋ ਹੇ ਮੇਰੇ ਮਨ ! ਦਿਨ ਰਾਤ (ਕੀਹ) ਸਦਾ ਹੀ (ਤੇਰੇ ਵਿਚ) ਆਸਾ ਪੂਰਨ ਹੋਈ ਰਹਿੰਦੀ ਹੈ। (ਇਸ ਦੇ ਕਾਰਣ ਮੋਹ ਨੂੰ ਸਾੜ। ਉਹ ਕਿਵੇਂ ? ਉੱਤਰ) ਸਤਿਗੁਰੂ ਦੀ ਸੇਵਾ ਕਰ ਜੋ ਮੋਹ ਠੀਕ ਠੀਕ ਸੜ ਜਾਵੇ (ਤੇ) ਤੈਨੂੰ (ਘਰੋਂ ਪੱਟਣ ਵਾਲਾ ਨਾ ਪਰ) ਘਰ ਵਿਚ ਹੀ 'ਉਦਾਸ' ਪ੍ਰਾਪਤ ਹੋ ਜਾਵੇ ॥ ੧ ॥ ਰਹਾਉ ॥

ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥

ਗੁਰੂ ਦੁਆਰਾ (ਜੋ ਜਗਜਾਸੂ ਵੈਰਾਗਵਾਨ ਹੋ ਕੇ ਘਰ ਨਹੀਂ ਛਡਦਾ ਸਗੋਂ ਵਿਚੇ ਰਹਿਕੇ) ਨਾਮ ਕਮਾਉਂਦਾ ਹੈ (ਉਹ) ਖਿੜਦਾ ਹੈ (ਕਿਉਂਕਿ ਗੁਰੂ ਵੈਰਾਗ ਕਰਾ ਕੇ ਹਰੀ ਦੇ ਪ੍ਰੇਮ ਵਿਚ ਲਾ ਦੇਂਦਾ ਹੈ, ਇਸ ਕਰਕੇ) ਹਰੀ ਦਾ 'ਵੈਰਾਗ', 'ਆਨੰਦ' (ਕਹੀਦਾ) ਹੈ।

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥

(ਇਹ ਠੀਕ ਹੈ ਕਿ ਸਤਿਗੁਰ ਦਾ ਲਾਇਆ ਜਗਜਾਸੂ ਹਉਮੈਂ ਨੂੰ ਮਾਰ ਲੈਂਦਾ ਹੈ। ਪਰ ਉਹ) ਹਉਮੈ ਨੂੰ ਮਾਰਕੇ (ਨਚਿੰਦ=) ਬੇਫਿਕਰ ਹੋ ਜਾਂਦਾ ਹੈ; (ਕਿਉਂਕਿ ਉਹ ਫੇਰ) ਦਿਨੇ ਰਾਤ (ਹਾਂ) ਦਿਨੇ ਰਾਤ (ਈਸ਼੍ਵਰ ਦੀ) ਭਗਤੀ ਕਰਦਾ ਹੈ। (ਭਗਤੀ ਪਰਾਇਣ ਹੋਣ ਕਰਕੇ ਈਸ਼੍ਵਰ ਉਸਦਾ ਸਹਾਈ ਹੋ ਜਾਂਦਾ ਹੈ)। (ਇਹ) ਸਤਿ ਸੰਗਤਿ (ਜਿਸ

ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ॥੨॥

ਨੇ 'ਬੈਰਾਗ ਆਨੰਦ' ਬਖਸ਼ਿਆ, ਸਾਨੂੰ) ਵਡੇ ਭਾਗਾਂ ਨਾਲ ਪ੍ਰਾਪਤ ਹੋਈ ਹੈ, (ਜਿਸ ਦੁਆਰਾ) ਹਰੀ ਪ੍ਰਾਪਤ ਹੋਇਆ ਹੈ, (ਹਰੀ ਪ੍ਰਾਪਤੀ ਕਰਕੇ) ਸਹਜ ਆਨੰਦ ਪ੍ਰਾਪਤ ਹੋ ਗਿਆ ਹੈ ॥ ੨ ॥

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥

(ਬੈਰਾਗੀ ਉਹ ਨਹੀਂ ਜੋ ਘਰ ਛੱਡਕੇ ਸਾਧੂ ਹੋ ਜਾਏ) ਉਹੀ ਬੈਰਾਗੀ ਹੈ, ਉਹੀ ਸਾਧੂ ਹੈ (ਜੋ) ਹਿਰਦੇ ਵਿਚ ਨਾਮ ਵਸਾਉਂਦਾ ਹੈ, ਉਸ ਦੇ ਅੰਦਰ ਤਮੋਗੁਣੀ ਬ੍ਰਿਤੀ ਨਹੀਂ ਲਗਦੀ (ਉਹ ਮਨ) ਵਿਚੋਂ ਹਉਮੈਂ ਗੁਆ ਲੈਂਦਾ ਹੈ। (ਇਹ) ਨਾਮ ਰੂਪੀ ਖ਼ਜ਼ਾਨਾ (ਜਿਸ ਦੀ ਅਸੀਂ ਉਸਤੁਤਿ ਕਰ ਰਹੇ ਹਾਂ ਸਾਨੂੰ) ਸਤਿਗੁਰੂ (ਅੰਗਦ ਦੇਵ ਜੀ) ਨੇ ਦਿਖਾਇਆ ਹੈ, (ਉਸ ਤੋਂ ਅਸਾਂ) ਹਰੀ ਰਸ ਤ੍ਰਿਪਤ ਹੋ ਕੇ ਪੀਤਾ ਹੈ॥੩॥ (ਸਿੱਟਾ:)

ਜਿਨਿ ਕਿਨੈ ਪਾਇਆ ਸਾਧ ਸੰਗਤੀ ਪੂਰੈ ਭਾਗਿ ਬੈਰਾਗਿ ॥ ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥

ਜਿਸ ਕਿਸੇ ਨੇ (ਹਰੀ) ਪਾਇਆ ਹੈ (ਉਸ ਨੇ ਤ੍ਰੈ ਗੱਲਾਂ ਨਾਲ ਪਾਇਆ ਹੈ, ਇਕ) ਪੂਰੇ ਭਾਗਾਂ ਦੇ ਉਦੇ ਹੋਣ ਨਾਲ, (ਦੂਜੇ ਸਚੇ ਗੁਰੂ ਦੀ) ਸਤਿ ਸੰਗਤਿ ਨਾਲ (ਤੀਜੇ ਗੁਰੂ ਦੇ ਬਖਸ਼ੇ) ਬੈਰਾਗ (ਆਨੰਦੀ) ਨਾਲ। (ਪਰ ਜਿਨ੍ਹਾਂ ਨੇ ਸਤਿਗੁਰੂ ਦੀ ਸ਼ਰਣ ਨਹੀਂ ਲਈ, ਆਪਣੇ) ਮਨ ਦੇ ਮਗਰ ਲੱਗੇ ਰਹੇ ਹਨ, ਓਹ (ਬ੍ਰਿਥਾ) ਫਿਰਦੇ ਰਹਿੰਦੇ ਹਨ, ਸਤਿਗੁਰੂ ਨੂੰ (ਉਹ) ਪਛਾਣਦੇ ਹੀ ਨਹੀਂ, (ਉਨ੍ਹਾਂ ਦੇ) ਅੰਦਰ ਹਉਮੈ ਦੀ ਲਾਗ (ਲਗੀ

ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥ ੪॥੮॥੪੧॥	ਰਹਿੰਦੀ) ਹੈ। ਹੇ ਨਾਨਕ ! ਜੋ (ਗੁਰੂ ਕੇ) ਸ਼ਬਦ ਵਿਚ ਰਤੇ ਜਾਂਦੇ ਹਨ ਉਹੀ ਹਰੀ ਨਾਮ ਵਿਚ ਰੰਗੇ ਜਾਂਦੇ ਹਨ। (ਪ੍ਰਸ਼ਨ: ਗੁਰੂ ਕਾ ਸ਼ਬਦ ਕੀਹ ਕਰਦਾ ਹੈ ? ਉਤਰ:) (ਉਹ ਹਰੀ ਦਾ ਭੈ ਪਾ ਦੇਂਦਾ ਹੈ, ਭੈ ਦੀ ਲਾਗ ਲਗੇ ਤਾਂ ਫੇਰ ਪ੍ਰੇਮ ਦੀ ਲਾਗ ਲਗਦੀ ਹੈ) ਭੈ ਤੋਂ ਬਿਨਾਂ (ਪ੍ਰੇਮ ਦੀ) ਲਾਗ ਨਹੀਂ ਲਗਦੀ ॥੪॥੮॥੪੧॥

ਵਯਾਖਯਾ—ਕਿਸੇ, ਜਾਪਦਾ ਹੈ, ਪ੍ਰਸ਼ਨ ਕੀਤਾ ਹੈ ਕਿ ਵੈਰਾਗ ਬਿਨਾ ਪਰਮਾਰਥ ਸਿੱਧ ਨਹੀਂ ਹੁੰਦਾ, ਆਪ ਗ੍ਰਿਹਸਥ ਵਿਚ ਹੀ ਪਰਮਾਰਥ ਰਖ ਰਹੇ ਹੋ। ਤਾਂ ਆਪ ਮੰਨਦੇ ਹਨ ਕਿ ਹਾਂ ਭਾਈ ਮੋਹ ਮਾਇਆ ਵਲੋਂ ਵੈਰਾਗ ਜ਼ਰੂਰੀ ਹੈ, ਰਸਾਂ ਕਸਾਂ ਤੇ ਪਦਾਰਥਾਂ ਵਲੋਂ ਉਦਾਸੀ ਜ਼ਰੂਰੀ ਹੈ, ਪਰ ਘਰ ਛੱਡਕੇ ਸਾਧੂ ਹੋ ਜਾਣ ਦੀ ਲੋੜ ਨਹੀਂ ਹੈ। ਫਿਰ ਅਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਸਾਨੂੰ ਜੋ ਸਾਡੇ ਸਤਿਗੁਰੂ ਅੰਗਦ ਦੇਵ ਜੀ ਨੇ ਵੈਰਾਗ ਦੱਸਿਆ ਹੈ, ਉਹ ਗ਼ਮਗ਼ੀਨੀ, ਢਹਿੰਦੀ ਦਸ਼ਾ, ਮਨ ਦੀ ਨੱਸਕੇ ਬਚ ਸਕਣ ਵਾਲੀ ਭੈ ਅਵਸਥਾ ਦਾ ਨਹੀਂ ਹੈ; ਗੁਰੂ ਨੇ ਪਦਾਰਥਾਂ, ਸਰੀਰਕ ਰਸਾਂ ਤੇ ਮਿਤ੍ਰਾਂ ਸਨਬੰਧੀਆਂ ਦੇ ਮੋਹ ਦੀ ਅਸਥਿਰਤਾ ਦਿਖਾਕੇ ਇਨ੍ਹਾਂ ਤੋਂ ਦੂਰ ਨਹੀਂ ਸੱਟਿਆ, ਵਿੱਚੇ ਰੱਖਿਆ ਹੈ, ਕਿਉਂਕਿ ਉਸ ਨੇ ਵਾਹਿਗੁਰੂ ਦੇ ਪ੍ਰੇਮ ਵਿਚ ਪਾ ਦਿਤਾ ਹੈ। 'ਅਨਸਥਿਰ' ਦੀ ਮੋਹ ਮਾਇਆ ਜੇ ਛੱਡੀ ਹੈ ਤਾਂ 'ਸਦਾ ਥਿਰ' ਦੇ ਪ੍ਰੇਮ (ਮੋਹ) ਵਿਚ ਵਾਸਾ ਮਿਲਿਆ ਹੈ। ਸੋ ਸਦੈਵੀ ਸੁਖ ਸਰੂਪ ਦੀ ਪ੍ਰਾਪਤੀ ਦੀ ਲਗਨ ਸਾਨੂੰ ਆਨੰਦ ਦੇ ਰਹੀ ਹੈ। ਅਸੀਂ 'ਵੈਰਾਗ ਅਨੰਦ' ਵਿਚ ਹਾਂ। ਅਨਸਥਿਰ ਦਾ ਵੈਰਾਗ ਹੈ ਤੇ ਸਦਾ ਥਿਰ ਦਾ ਰਾਗ ਹੈ। ਸਦਾ ਥਿਰ ਆਨੰਦ ਸਰੂਪ ਹੈ, ਉਸ ਦਾ ਰਾਗ ਆਨੰਦ ਦਾਤਾ ਹੈ। ਇਸ ਦਾ ਤ੍ਰੀਕਾ ਇਹ ਹੈ ਕਿ ਸਤਿਗੁਰੂ ਨਾਮ ਵਿਚ ਲਾ ਦੇਂਦਾ ਹੈ, ਨਾਮ ਵਾਹਿਗੁਰੂ ਨਾਲ ਲਗਾਤਾਰੀ ਲਗਨ ਵਿਚ ਰਖਦਾ ਹੈ। ਪਹਿਲੋਂ ਸਤਿਗੁਰੂ ਸਿਖ ਦੇ ਕੋਰੇ ਮਨ ਨੂੰ ਅਪਣੇ ਉਪਦੇਸ਼ ਨਾਲ ਈਸ਼੍ਵਰ ਦੇ ਭੈ ਦੀ ਲਾਗ ਲਾਉਂਦਾ ਹੈ। ਕਿਉਂਕਿ :-

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ (ਵਾਰ ਆਸਾ ਮ: ੧-੧੧)

ਪਹਿਲੋਂ ਭਉ ਦੀ ਲਾਗ ਲਗਦੀ ਹੈ ਤਾਂ ਨਾਮ ਨਾਲ ਭਉ = 'ਪ੍ਰੇਮ' ਬਣ ਜਾਂਦਾ ਹੈ। ਯਥਾ :-

ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥ (ਵਾਰ ਆਸਾ ਮ: ੧-੫)

ਜਦ ਭਉ ਦੀ ਲਾਗ ਲੱਗ ਜਾਵੇ, ਜਿਵੇਂ ਰੰਗ ਕਰਨ ਤੋਂ ਪਹਿਲੋਂ ਕਪੜੇ ਨੂੰ ਮਾਈਂ ਆਦਿ ਦੀ ਲਾਗ ਦੇਂਦੇ ਹਨ, ਤਦ 'ਨਾਮ', 'ਪ੍ਰੇਮ' ਦੀ ਲਾਗ ਲਾ ਦੇਂਦਾ ਹੈ। ਪ੍ਰੇਮ ਦੀ ਲਾਗ ਪਰਮਾਤਮ-ਮੇਲ ਦਾ ਚਲੂਲਾ ਰੰਗ ਚਾੜ੍ਹ ਦੇਂਦੀ ਹੈ।

ਨਿਰੁਕ੍ਤ—ਬੈਰਾਗੁ – (ਸੰਸ:,ਵੈਰਾਗੰ) ਰਾਗ ਦਾ ਨਾ ਹੋਣਾ। ਮੋਹ ਤੋਂ ਰਹਿਤ ਹਾਲਤ।

ਉਦਾਸੀ– (ਸੰਸ:, ਉਦਾਸ) ਉਪਰਾਮਤਾ। ਕਿਨਾਰਾ ਕਸ਼ੀ। ਮੋਹ ਤੋਂ ਪਰੇ ਹਟ ਜਾਣ ਵਾਲੀ ਮਨ ਦੀ ਦਸ਼ਾ।

ਚੀਨੈ – ਪਛਾਣੇ।

ਅਹਿਨਿਸਿ – ਦਿਨੇ ਰਾਤ।

ਨਿਚੰਦੁ – ਨਿਚਿੰਤ (ਚਿੰਤਾ ਰਹਿਤ, ਬੇਫਿਕਰ।

ਪਰਜਲੈ–ਪੂਰੀ ਤਰ੍ਹਾਂ ਸੜ ਜਾਵੇ।

ਲਾਗਿ ਨ – (ਕ੍ਰਿਯਾ ਹੈ) ਨਹੀਂ ਲਗਦੀ।

ਤਾਮਸੁ–ਤਮੋ ਗੁਣੀ ਬ੍ਰਿਤੀ, ਤਮੋ ਗੁਣੀ ਦਸ਼ਾ।

ਅਘਾਏ – ਰੱਜ ਕੇ ।

ਲਾਗਿ–(ਸੰਗਯਾ ਹੈ) ਜਿਵੇਂ ਰੰਗ ਦੇਣ ਤੋਂ ਪਹਿਲੋਂ ਕਪੜੇ ਨੂੰ ਮਾਈਂ ਆਦਿ ਦੀ ਪਾਹ ਦੇਂਦੇ ਹਨ ਉਸ ਨੂੰ ਲਾਗ ਆਖਦੇ ਹਨ, ਇਹ ਹੈ ਉਸ ਦਾ ਅਸਰ। 'ਕੇਹੀ ਲਾਗਿ' ਪ੍ਰਸ਼ਨ ਵਾਚੀ ਹੈ ਭਾਵ ਹੈ ਲਾਗ ਨਹੀਂ ਲਗਦੀ।

(ਸਿਰੀ ਰਾਗੁ ਮਹਲਾ ੩, ਚਉਪਦਾ - ੪੨)

ਪ੍ਰਾਕ੍ਥਨ–ਪਿਛਲੇ ਦਾ ਭਾਵ ਹੀ ਚਲ ਰਿਹਾ ਹੈ ਕਿ ਗ੍ਰਿਹਸਥ ਵਿਚ ਹੀ, ਸਗੋਂ ਸਰੀਰ ਦੇ ਅੰਦਰੋਂ ਹੀ ਪਰਮਾਰਥ ਸਿੱਧ ਹੋ ਜਾਂਦਾ ਹੈ, ਬਾਹਰ ਜਾਣੇ ਦੀ ਆਵੱਸ਼ਕਤਾ ਨਹੀਂ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥ ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥	(ਹਾਂ ਭਾਈ ! ਬਾਹਰ ਭਟਕਣ ਦੀ ਲੋੜ ਨਹੀਂ ਹੈ) ਘਰ (ਸਰੀਰ) ਵਿਚ ਹੀ (ਨਾਮ ਰੂਪੀ) ਸਉਦਾ ਪਾ ਲਈਦਾ ਹੈ (ਕਿਉਂਕਿ) ਸਭ (ਪਰਮਾਰਥਿਕ) ਵਸਤੂ (ਸਰੀਰ ਦੇ) ਅੰਦਰ ਹੀ ਹੈ। (ਉਹ ਅੰਦਰੋਂ ਹੀ ਪਾ ਲਈਦੀ ਹੈ ਜੇ) ਪਲ ਪਲ ਨਾਮ ਨੂੰ ਸੰਭਾਲਦੇ ਰਹੀਏ ਤਾਂ. (ਪਰ ਇਹ ਦਾਤ ਕੋਈ) ਵਿਰਲਾ ਗੁਰੂ ਦੁਆਰੇ ਪ੍ਰਾਪਤ ਕਰਦਾ ਹੈ। (ਹਾਂ ਇਹ) ਨਾਮ (ਇਕ) ਖ਼ਜ਼ਾਨਾ ਹੈ (ਜੋ) ਅਖੁੱਟ ਹੈ, ਪਰ (ਇਹ) ਵਡੇ ਭਾਗਾਂ ਦੁਆਰਾ ਪ੍ਰਾਪਤ ਹੁੰਦਾ ਹੈ ॥ ੧ ॥
ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥ ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ॥ ੧॥ ਰਹਾਉ ॥	ਹੇ ਮੇਰੇ ਮਨ[1] ! 'ਹਉਮੈ' 'ਅਹੰਕਾਰ' ਤੇ 'ਨਿੰਦਿਆ' ਛਡ ਦੇਹ। ਅਤੇ ਹਰੀ ਜੀਉ ਨੂੰ ਤੂੰ ਗੁਰੂ ਦੁਆਰਾ ਏਕੰਕਾਰ ਕਰਕੇ ਸਦਾ ਯਾਦ ਕਰ। (ਭਾਵ ਵਾਹਿਗੁਰੂ ਨੂੰ ਕੇਵਲ ਇਕ, ਇਕੋ ਇਕ, ਦੂਈ ਰਹਿਤ ਖਯਾਲ ਕਰਕੇ ਧਿਆਉਂਦਾ ਰਹੁ। ਪਰ ਨਾਲ ਆਪਣੀ ਅਹੰਗਤਾ - ਮੈ ਮੇਰੀ - ਤੇ ਆਪਣੇ ਵਡੇ ਹੋਣ ਦਾ ਹੰਕਾਰ ਤੇ ਦੂਜਿਆਂ ਨੂੰ ਮਾੜਾ ਦੱਸਣ ਦੀ ਨਿੰਦਾ ਛੋੜ ਦੇਹ। ਐਸਾ ਕਰਨੇ ਨਾਲ ਤੂੰ ਗੁਰਮੁਖ ਹੋ ਜਾਏਂਗਾ। ਦੇਖ:)
ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥ ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥	ਗੁਰਮੁਖਾਂ ਦੇ ਮੂੰਹ ਗੁਰੂ ਸ਼ਬਦ ਦੇ ਵੀਚਾਰ ਦੁਆਰਾ (ਲੋਕ ਪ੍ਰਲੋਕ) ਉੱਜਲ ਹੋ ਗਏ ਹੁੰਦੇ ਹਨ। (ਓਹ) ਹਿਰਦੇ ਵਿਚ ਸਦਾ ਪਰਮੇਸ਼ੁਰ ਨੂੰ ਜਪ ਜਪ ਕੇ ਸੁਖ ਪਾਉਂਦੇ ਹਨ, ਲੋਕ ਵਿਚ ਬੀ ਤੇ ਪਰਲੋਕ ਵਿਚ ਬੀ। ਓਹ ਘਰ ਵਿਚ ਹੀ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ (ਪਰਮਾਤਮ) ਸਰੂਪ ਨੂੰ ਪਾ ਲੈਂਦੇ ਹਨ॥੨॥
ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥	ਪਰ ਜੋ ਲੋਕ ਸਤਿਗੁਰੂ (ਨਾਮ ਦੇ ਦਾਤੇ) ਤੋਂ ਮੂੰਹ ਫੇਰ ਲੈਂਦੇ ਹਨ (ਭਾਵੇਂ ਬੇਮੁਖ ਹੋ ਜਾਂਦੇ ਹਨ) ਉਨ੍ਹਾਂ ਦੇ ਮੱਥੇ (= ਮੂੰਹ) ਕਾਲੇ ਹੁੰਦੇ ਹਨ। ਓਹ (ਕਿਉਂਕਿ) ਹਰ ਦਿਨ ਦੁੱਖਾਂ (ਵਾਲੇ ਕਰਮ) ਕਰ ਰਹੇ ਹਨ (ਓਹ) ਤਾੜੇ ਜਾ ਰਹੇ ਹੁੰਦੇ ਹਨ ਸਦਾ ਜਮ ਤੋਂ (ਜਿਸ ਦੇ ਹੱਥ ਵਿਚ) ਜਾਲ ਹੁੰਦਾ ਹੈ। (ਓਹ ਉਂਵ ਬੀ) ਸੁਪਨੇ ਵਿਚ ਬੀ ਸੁਖ ਨਹੀਂ ਦੇਖਦੇ (ਕਿਉਂਕਿ ਓਹ) ਬਹੁਤੀ ਚਿੰਤਾ ਕਰਕੇ ਸਾੜੇ ਜਾ ਰਹੇ ਹੁੰਦੇ ਹਨ ॥ ੩ ॥

[1]'ਮੇਰੇ ਮਨ' ਕਹਿਕੇ ਆਪਣੇ ਦੁਆਰਾ ਉਪਦੇਸ਼ ਸਾਨੂੰ ਕਰ ਰਹੇ ਹਨ।

ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥ ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥

(ਹੁਣ ਬੇਮੁਖਾਂ ਲਈ ਬੀ ਤਰਸ ਦੇ ਘਰ ਵਿਚ ਆਕੇ ਸਾਂਈਂ ਦੀ ਬਖਸ਼ਿਸ਼ ਵਲ ਸੈਨਤ ਕਰਦੇ ਹਨ) ਸਭਨਾਂ (ਜੀਵਾਂ) ਦਾ ਦਾਤਾ ਇਕੋ (ਵਾਹਿਗੁਰੂ) ਹੈ, (ਉਸ ਦੀ ਦਾਤਾਰਗੀ ਬਾਬਤ) ਕੁਛ ਕਿਹਾ ਨਹੀਂ ਜਾ ਸਕਦਾ, ਓਹ ਆਪੇ ਬਖਸ਼ਿਸ਼ ਕਰਦਾ ਹੈ, (ਹਾਂ, ਓਹ ਆਪਣੀ ਨਾਮ ਦੀ ਦਾਤ) ਜਿਸ ਨੂੰ ਚਾਹੇ ਦੇ ਦੇਂਦਾ ਹੈ। (ਪਰ) ਹੇ ਨਾਨਕ ! (ਉਸ ਨੂੰ) ਗੁਰੂ ਦੁਆਰੇ ਹੀ ਪਾਈਦਾ ਹੈ, (ਕੀਕੂੰ ਉਹ ਗੁਰੂ ਮਿਲਾਕੇ ਦਾਤ ਦੇਣ ਦਾ ਢੋ ਢੁਕਾਏਗਾ ?) ਉਹ ਆਪ ਹੀ ਜਾਣਦਾ ਹੈ ॥ ੪ ॥ ੯ ॥ ੪੨ ॥

ਵਜਾਖਜਾ– ਸੁਗਮ ਹੈ।

ਨਿਰੁਕ੍ਤ–ਏਕੰਕਾਰੁ – ਜੋ ਕੇਵਲ ਇਕੋ ਇਕ ਹੈ। ਦੁਤੀਆ ਜਿਸ ਦਾ ਨਹੀਂ ਹੈ।

ਹਲਤਿ ਪਲਤਿ – (ਸੰਸ:, ਪਰਤ੍ਰ = ਪਰਲੋਕ। ਇਹ = ਇਹ ਲੋਕ) ਇਹ ਲੋਕ ਤੇ ਪਰਲੋਕ।

ਮਹਲੁ – (ਅ਼:, ਮਹੱਲ= ਮੰਦਰ) ਮਕਾਨ। ਭਾਵ ਸਰੂਪ ਤੋਂ ਹੈ, ਸਰੂਪ ਤੋਂ ਭਾਵ ਵਾਹਿਗੁਰੂ ਦੀ ਜ਼ਾਤ। ਅਕਾਲ ਪੁਰਖ ਹੈ।

ਜਮ ਜਾਲੇ – ਜਾਲ ਵਾਲੇ ਜਮ ਤੋਂ। ਜਮ ਜਿਸ ਦੇ ਹੱਥ ਵਿਚ ਮੌਤ ਰੂਪ ਫਾਹੀ ਫੜੀ ਹੋਈ ਹੈ, ਉਸ ਤੋਂ।

(ਸਿਰੀ ਰਾਗੁ ਮਹਲਾ ੩, ਚਉਪਦਾ – ੪੩)

ਪ੍ਰਾਕ੍ਥਨ–ਅਗਲੇ ਸ਼ਬਦ ਵਿਚ ਦੋ ਤਰ੍ਹਾਂ ਦੇ ਮਨਮੁਖ ਦਾ ਜ਼ਿਕਰ ਤੇ ਉਧਾਰ ਦੱਸਿਆ ਹੈ। ਹੁਣ ਉਪਦੇਸ਼ 'ਭਾਈ ਰੇ' ਕਹਿਕੇ ਸ਼ੁਰੂ ਕੀਤਾ ਹੈ।

ਮੂਲ

ਸਿਰੀ ਰਾਗੁ ਮਹਲਾ ੩ ॥

ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥ ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥

ਅਰਥ

ਸਚਾ ਸਾਹਿਬ (ਹੈ ਅਕਾਲ ਪੁਰਖ, ਜੇ ਉਸ ਦੀ) ਸੇਵਾ ਕਰੀਏ ਤਾਂ (ਉਹ ਸਾਨੂੰ) ਵਡਿਆਈ ਦੇਂਦਾ ਹੈ; (ਪ੍ਰਸ਼ਨ: ਉਸ ਵਡਿਆਈ ਦਾ ਰੂਪ ਕੀ ਹੈ ? ਉਤਰ:) ਸੱਚ। (ਭਾਵ ਇਹ ਹੈ ਕਿ ਉਹ ਸਾਨੂੰ ਆਪਣੀ ਸਤਜ ਸਰੂਪਤਾ ਵਿਚ ਪ੍ਰਾਪਤੀ ਕਰਾ ਦੇਂਦਾ ਹੈ)। (ਪ੍ਰਸ਼ਨ:ਕੀਕੂੰ ? ਉਤਰ) ਗੁਰੂ ਦੀ ਕਿਰਪਾ ਨਾਲ (ਉਸ ਦਾ ਨਾਮ) ਮਨ ਵਿਚ ਵਸ ਜਾਂਦਾ ਹੈ (ਉਹ ਨਾਮ ਸਾਡੇ ਅੰਦਰੋਂ) ਹਉਮੈ ਨੂੰ ਦੂਰ ਕਰ ਦੇਂਦਾ ਹੈ। (ਤਦੋਂ) ਇਹ ਮਨ (ਸੰਕਲਪਾਂ ਵਿਕਲਪਾਂ ਵਿਚ) ਦੌੜਨੋ ਰੁਕ ਜਾਂਦਾ ਹੈ; (ਪਰ ਇਹ ਮਨ) ਤਾਂ (ਏਕਾਗਰ ਹੁੰਦਾ ਹੈ) ਜੇ ਉਹ ਆਪੇ ਮੇਹਰ ਦੀ ਨਜ਼ਰ ਕਰੇ ॥ ੧ ॥

ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥ ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥ ੧॥ ਰਹਾਉ ॥

(ਇਸ ਲਈ) ਹੇ ਭਾਈ ! ਗੁਰੂ ਦੁਆਰਾ ਹਰੀ ਦੇ ਨਾਮ ਨੂੰ ਧਿਆਓ। (ਜੇ) ਨਾਮ ਰੂਪੀ ਨਿਧੀ ਅੰਦਰ ਸਦਾ ਵੱਸ ਪਵੇ ਤਾਂ (ਨਾਮ ਅਰਾਧਣ ਵਾਲਾ ਵਾਹਿਗੁਰੂ ਦੇ) ਮਹਲਾਂ ਵਿਚ ਥਾਂ ਪ੍ਰਾਪਤ ਕਰ ਲੈਂਦਾ ਹੈ। (ਭਾਵ ਇਹ ਹੈ ਕਿ ਤੂੰ ਨਾਮ ਨੂੰ ਲਗਾ ਰਹੁ, ਜਦ ਇਹ ਅੰਦਰ ਵੱਸ ਜਾਏਗਾ ਤਾਂ ਸਰੂਪ ਪ੍ਰਾਪਤੀ ਹੋ ਜਾਏਗੀ। ਉਹ ਸਰੂਪ ਪ੍ਰਾਪਤੀ ਵਾਲੀ ਇਕਾਗ੍ਰਤਾ ਫਿਰ ਸਾਈਂ ਮੇਹਰ ਦੀ ਸਫਲ ਏਕਾਗ੍ਰਤਾ ਹੋਵੇਗੀ)। ਰਹਾਉ ॥

(ਪ੍ਰਸ਼ਨ: ਜੇ ਗੁਰੂ ਨਾ ਮਿਲੇ ਤੇ ਜੀਵ ਆਪਣੇ ਮਨ ਚਾਹੇ ਕੰਮਾਂ ਵਿਚ ਲਗਾ ਰਹੇ ਤਾ ਉਸ ਦਾ ਕੀਹ ਅੰਤ ? ਉੱਤਰ:) ਮਨਮੁਖ ਦਾ ਮਨ ਤੇ ਤਨ (ਦੁਇ) ਅੰਨ੍ਹੇ ਹਨ ਉਸ ਨੂੰ (ਲੋਕ ਪ੍ਰਲੋਕ) ਵਿਚ ਠਉਰ (ਥਾਂ) ਨਹੀਂ ਲੱਭਦੀ। (ਭਾਵ ਕਿਤੇ ਟਿਕਾਣਾ ਨਹੀਂ ਮਿਲਦਾ। ਉਹ ਬਹੁਤ ਜੂਨਾਂ ਵਿਚ ਭਟਕਦਾ ਰਹਿੰਦਾ ਹੈ ਜਿਵੇਂ ਸੁੰਞੇ ਘਰ ਵਿਚ ਕਾਂ ਭਟਕਦਾ ਹੈ।

ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥

(ਪ੍ਰਸ਼ਨ: ਉਸ ਦਾ ਉਧਾਰ ਕੀਕੂੰ ਹੋਵੇ ? ਉੱਤਰ:) (ਉਸ ਨੂੰ ਬੀ ਗੁਰੂ ਕੇ) ਉਪਦੇਸ਼ ਦੁਆਰਾ ਹਰੀ ਦਾ ਨਾਮ ਮਿਲ (ਸਕਦਾ) ਹੈ ਤੇ ਗੁਰੂ ਦੀ ਦਿੱਤੀ ਮਤਿ ਨਾਲ (ਉਸ ਦੇ) ਹਿਰਦੇ ਵਿਚ (ਬੀ ਗਯਾਨ ਦਾ) ਚਾਨਣਾ ਪੈ ਜਾਂਦਾ ਹੈ ॥ ੨ ॥

(ਪ੍ਰਸ਼ਨ: ਵੇਦ ਪਾਠੀ ਪੰਡਿਤ ਤਾ ਕਲਯਾਣ ਸਰੂਪ ਹੋਣਗੇ ? ਉੱਤਰ:) (ਜੋ) ਵੇਦਾਂ ਨੂੰ ਪੜ੍ਹਕੇ ਕੂਕ ਕੂਕ ਸੁਣਾਉਂਦੇ ਹਨ (ਜੇ ਓਹ) ਲੋਭੀ (ਹਨ ਤਾਂ ਓਹ ਬੀ ਸਾਈਂ ਦੀ ਸੇਵਾ ਨਹੀਂ ਕਰ ਰਹੇ, ਓਹ ਕਿਸੇ) ਹੋਰ ਦੀ ਸੇਵਾ ਕਰ ਰਹੇ ਹਨ। (ਉਨ੍ਹਾਂ ਦੇ ਅੰਦਰ) ਤ੍ਰੈ ਗੁਣਾਂ ਵਾਲੀ (ਤੇ ਪੰਜਾਂ) ਵਿਸ਼ਿਆਂ ਵਾਲੀ (ਅਵਸਥਾ ਹੈ ਜੋ) ਅੰਨ੍ਹੀ ਅਵਸਥਾ ਹੈ (ਜੋ ਵਿਵੇਕ ਦੇ ਚਾਨਣੇ ਤੋਂ ਵਿਰਵੀ ਹੈ ਤੇ ਅੰਦਰ) ਮਾਇਆ ਦੇ ਮੋਹ ਦਾ ਗੁਬਾਰ (ਹੈ, ਜੋ ਮਨ ਨੂੰ ਵੈਰਾਗ ਨਹੀਂ ਹੋਣ ਦੇਂਦਾ); (ਇਸ ਲਈ ਓਹ ਲੋਕ ਪੰਜਾਂ) ਵਿਸ਼ਿਆਂ ਵਿਚ (ਹੀ ਲਗੇ ਹੋਏ) ਸੜ ਮਰਦੇ ਹਨ, ਨਾ ਲੋਕ (ਸੰਵਰਦਾ ਹੈ) ਨਾ ਪਰਲੋਕ ॥੩॥

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ ੪॥੧੦॥੪੩॥

(ਚਾਹੋ ਕੋਈ ਪੰਡਿਤ ਹੈ ਚਾਹੋ ਨਹੀਂ, ਜਿਸ ਸ੍ਰਿਸ਼ਟੀ ਨੇ) ਪ੍ਰਤਿਪਾਲਾ ਕਰਨ ਵਾਲੇ ਜਗਤ ਪਿਤਾ ਨੂੰ ਮਾਇਆ ਦੇ ਮੋਹ ਵਿਚ ਲਗਕੇ ਵਿਸਾਰ ਦਿਤਾ ਹੈ, (ਤੇ) ਜੋ ਗੁਰੂ ਤੋਂ ਵਿਹੂਣੀ ਗ਼ਾਫ਼ਲ (ਹੋ ਰਹੀ) ਹੈ ਉਹ ਸਾਰੀ ਜਮਕਾਲ ਦੀ ਬੱਧੀ ਹੋਈ ਹੈ। (ਪਰ) ਹੇ ਨਾਨਕ ! (ਉਹ ਬੀ) ਬਚ ਸਕਦੀ ਹੈ (ਜੇ) ਗੁਰੂ ਦੀ ਮਤਿ ਦੁਆਰਾ ਸਚੇ ਨਾਮ ਨੂੰ ਸੰਭਾਲ ਲਵੇ ਤਾਂ॥੪॥੧੦॥੪੩॥

ਵਯਾਖਯਾ—ਰਹਾਉ ਤਕ ਗੁਰਮੁਖ ਹੋਕੇ ਪਰਮ ਪਦ ਅੱਪੜਨ ਦੀ ਜਾਚ ਦੱਸੀ ਹੈ।

ਅੰਕ ੨ ਵਿਚ ਸਾਧਾਰਣ ਪੁਰਖ ਦਾ, ਜੋ ਮੋਹ ਮਾਯਾ ਵਿਚ ਮਗਨ ਹੈ ਤੇ ਮਨ ਦੇ ਮਗਰ ਲਗਾ

ਹੋਇਆ ਮਨਮੁਖੀ ਜੀਵਨ ਬਸਰ ਕਰ ਰਿਹਾ ਹੈ, ਦਾ ਜ਼ਿਕਰ ਹੈ ਕਿ ਉਹ ਮੋਹ ਦੇ ਅੰਧਕਾਰ ਵਿਚ ਜੰਮਦਾ ਬਾਰ ਬਾਰ ਓਹ ਕਰਮ ਕਰਦਾ, ਉਸੇ ਦੇ ਫਲ ਵਿਚ, ਗੇੜ ਵਿਚ, ਰਹਿੰਦਾ ਹੈ।

ਅੰਕ ੩ ਵਿਚ ਪੰਡਿਤ ਨੂੰ ਲਿਆ ਹੈ ਜੋ ਚਾਹੋ ਵੇਦ ਪਾਠੀ ਹੈ ਪਰ ਲੋਭ ਵਿਚ ਹੈ, ਉਹ ਵੇਦ ਪੜ੍ਹਕੇ ਬੰਦਗੀ ਨਹੀਂ ਕਰ ਰਿਹਾ, ਉਹ ਮਾਇਆ ਦੀ ਸੇਵਾ ਕਰ ਰਿਹਾ ਹੈਂ। ਉਹ ਤ੍ਰੈ ਗੁਣਾਂ ਵਿਚ ਵਰਤਦਾ ਹੈ, ਪੰਜਾਂ ਵਿਸ਼ਿਆਂ ਵਿਚ ਹੈ। ਵਿਵੇਕ ਵਿਰਾਗ ਉਸ ਨੂੰ ਕੁਛ ਨਹੀਂ, ਇਸ ਕਰਕੇ ਹਨੇਰੇ ਵਿਚ ਹੀ ਹੈ।

ਅੰਕ ੪ ਵਿਚ ਇਨ੍ਹਾਂ ਦੋਹਾਂ ਤੇ ਹੋਰ ਸਾਰੀ ਸ੍ਰਿਸ਼ਟੀ ਨੂੰ ਲੈਂਦੇ ਹਨ ਕਿ ਜੋ ਵਾਹਿਗੁਰੂ ਨੂੰ ਭੁਲਾਕੇ ਜੀਵਨ ਬਸਰ ਕਰ ਰਹੇ ਹਨ ਤੇ ਗੁਰੂ ਨੂੰ ਮਿਲਕੇ ਚਾਨਣਾ ਪ੍ਰਾਪਤ ਨਹੀਂ ਕਰਦੇ ਉਹ ਸਾਰੇ ਜਮ ਕਾਲ ਵਿਚ ਹਨ, ਭਾਵ ਆਵਾ ਗਵਨ ਦੇ ਗੇੜ ਵਿਚ ਹਨ। ਪਰ ਸਭਨਾਂ ਦਾ ਉਧਾਰ ਬੀ ਹੋ ਸਕਦਾ ਹੈ, ਉਹ ਗਲ ਅਖ਼ੀਰਲੀ ਤੁਕ ਵਿਚ ਦੱਸੀ ਹੈ, ਪਹਿਲੇ ਅੰਕ ਵਿਚ ਦੱਸੀ ਹੈ, ਰਹਾਉ ਵਿਚ ਦੱਸੀ ਹੈ, ਅੰਕ ੪ ਦੀ ਅਖੀਰਲੀ ਤੁਕ ਵਿਚ ਦੱਸੀ ਹੈ: ਗੁਰੂ ਦੀ ਮਤਿ, ਸੱਚਾ ਨਾਮ, ਸੱਚੇ ਸਾਹਿਬ ਦੀ ਸੇਵਾ, ਹਉਮੈ ਦੀ ਨਵਿਰਤੀ, ਸਰੂਪ ਪ੍ਰਾਪਤੀ।

ਨਿਰੁਕ੍ਤ–**ਸਚੁ ਵਡਿਆਈ** – ਇਸ ਦਾ ਅਰਥ ਸਚੀ ਵਡਿਆਈ ਨਹੀਂ ਪਰ ਉਹ ਵਡਿਆਈ ਜੋ ਸਚ ਹੈ, ਜਿਸ ਦਾ ਸਰੂਪ ਸੱਚ ਹੈ।

ਜਮ ਕਾਲਿ – ਕਾਲ ਰੂਪੀ ਯਮ ਨੇ। ਜਮ ਜੋ ਕਾਲ ਸਰੂਪ ਹੈ ਉਸ ਨੇ।

(ਅ) ਜਮ+ਕਾਲਿ = ਜੰਮਣ ਤੇ ਮਰਣ ਵਿਚ।

(ਸਿਰੀ ਰਾਗੁ ਮਹਲਾ ੩, ਚਉਪਦਾ – ੪੪)

ਪ੍ਰਾਕ੍ਥਨ– 'ਚਉਥਾ ਪਦ' ਹਰੀ ਦਾ ਮਿਲਾਪ ਹੈ। ਇਹ ਪਦ ਨਾਮ ਨਾਲ ਮਿਲਦਾ ਹੈ, ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥ **ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥**	ਤ੍ਰੈ ਗੁਣਾਂ (ਵਾਲੀਆਂ ਅਵਸਥਾਂ ਵਿਚ) ਮਾਇਆ ਦਾ ਮੋਹ (ਬਣਿਆ ਰਹਿੰਦਾ) ਹੈ (ਇਸ ਕਰਕੇ) ਗੁਰਮੁਖ (ਤਿੰਨਾਂ ਤੋਂ ਉੱਚਾ ਉਠ ਕੇ) ਚੌਥਾ ਪਦ ਪ੍ਰਾਪਤ ਕਰਦਾ ਹੈ; (ਚੌਥੇ ਪਦ ਅੱਪੜੇ ਨੂੰ) ਕਿਰਪਾ ਕਰਕੇ (ਹਰੀ) ਅਪਣੇ ਨਾਲ ਮਿਲਾ ਲੈਂਦਾ ਹੈ।(ਪ੍ਰਸ਼ਨ: ਗੁਰਮੁਖ ਚੌਥੇ ਪਦ ਪਰ ਕੀਕੂੰ ਅੱਪੜਦਾ ਹੈ? ਉੱਤਰ: ਉਸ ਦੇ)ਮਨ ਵਿਚ ਹਰੀ ਨਾਮ ਆ ਵਸਦਾ ਹੈ, (ਇਸ ਨਾਲ ਉਹ ਚੌਥੇ ਪਦ ਤੇ ਅੱਪੜਦਾ ਹੈ)। (ਪ੍ਰਸ਼ਨ: ਹਰਿ ਨਾਮ ਕੀਕੂੰ ਮਨ ਵਿਚ ਆ ਵਸਦਾ ਹੈ ? ਉੱਤਰ:) ਜਿਨ੍ਹਾਂ ਦੇ (ਪੂਰਬਲੇ ਕਰਮਾਂ ਦੇ) ਖ਼ਜ਼ਾਨੇ ਵਿਚ (ਭਾਵ ਭਾਗਾਂ ਵਿਚ) ਪੁੰਨ ਹੁੰਦਾ ਹੈ, ਉਹਨਾਂ ਨੂੰ (ਹਰੀ ਗੁਰੂ ਦੇ) ਸਤਿਸੰਗ ਵਿਚ ਮਿਲਾ ਦੇਂਦਾ ਹੈ (ਗੁਰੂ ਦੇ ਸਤਿਸੰਗ ਤੋਂ ਨਾਮ ਪ੍ਰਾਪਤ ਹੁੰਦਾ ਹੈ) ॥ ੧ ॥

ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥

(ਤਾਂ ਤੇ) ਭਾਈ ! ਗੁਰੂ ਦੀ ਮਤਿ ਦੁਆਰਾ ਸੱਚੇ (ਨਾਮ) ਵਿਚ ਟਿਕਿਆ ਰਹੁ। (ਫੇਰ ਅਪਣੀ ਵਰਤੋਂ ਵਿਚ ਬੀ) ਸਚ ਹੀ ਸਚ ਦੀ ਕਮਾਈ ਕਰ, (ਤਾਂ ਜੋ) ਸੱਚੇ ਸ਼ਬਦ (= ਬ੍ਰਹਮ) ਵਿਚ (ਤੇਰਾ) ਮਿਲਾਪ ਹੋ ਜਾਵੇ ॥ ੧ ॥ ਰਹਾਉ ॥

ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥ ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥

ਜਿਨ੍ਹਾਂ ਨੇ ਨਾਮ ਨੂੰ (ਹੀ ਚਉਥੇ ਪਦ ਅੱਪੜਨ ਦਾ ਵਸੀਲਾ) ਪਛਾਣਿਆ ਹੈ ਮੈਂ ਉਹਨਾਂ ਤੋਂ ਸਦਕੇ ਹਾਂ। (ਜੀ ਕਰਦਾ ਹੈ ਕਿ) ਆਪਾ ਭਾਵ (= ਹੰਕਾਰ) ਛੋੜਕੇ (ਉਹਨਾਂ ਦੀ) ਚਰਨੀ ਲਗਾਂ ਤੇ ਉਹਨਾਂ ਦੇ ਭਾਣੇ (ਰਜ਼ਾ) ਵਿਚ ਟੁਰਾਂ। (ਤਾਂ ਜੋ ਉਨ੍ਹਾਂ ਤੋਂ ਮੈਨੂੰ ਬੀ) ਹਰੀ ਹਰਿ ਨਾਮ ਦਾ ਨਫ਼ਾ ਪ੍ਰਾਪਤ ਹੋਵੇ (ਤੇ ਮੈਂ) ਸਹਜ (ਯੋਗ ਦੇ ਤ੍ਰੀਕੇ) ਦੁਆਰਾ ਨਾਮੀ (= ਹਰੀ) ਵਿਚ ਸਮਾ ਜਾਵਾਂ। (ਭਾਵ ਚਉਥੇ ਪਦ ਵਿਚ ਹੋਕੇ ਸਾਂਈਂ ਦੇ ਮੇਲ ਵਿਚ ਮਿਲ ਜਾਵਾਂ) ॥ ੨ ॥

ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥

ਗੁਰੂ ਤੋਂ ਬਿਨਾਂ (ਉਪਰ ਕਹੀ) ਸਰੂਪ ਪ੍ਰਾਪਤੀ ਨਹੀਂ ਹੁੰਦੀ (ਨਾ ਇਹ ਸਰੂਪ ਪ੍ਰਾਪਤੀ ਕਰਾਉਣ ਵਾਲਾ) ਨਾਮ ਪ੍ਰਾਪਤ ਹੁੰਦਾ ਹੈ। (ਤਾਂ ਤੇ ਭਾਈ !) ਐਸਾ ਸਤਿਗੁਰੂ ਟੋਲ ਲੱਭ ਜਿਸ ਤੋਂ (ਉਪਰ ਕਥਿਆ) ਉਹ ਸੱਚ ਪ੍ਰਾਪਤ ਹੋ ਜਾਵੇ। (ਜਿਸ ਸੱਚ ਦੇ ਪ੍ਰਾਪਤ ਹੋਇਆ ਸਿਖ) ਆਸੁਰੀ ਸੰਪਦਾ ਨੂੰ ਮਾਰ ਲਵੇ, (ਆਤਮ) ਸੁਖ ਵਿਚ ਵਸੇ (ਤੇ ਰਜ਼ਾ ਵਿਚ ਇਸਥਿਤ ਹੋਕੇ ਕਹੇ ਕਿ) ਜੋ ਉਸ ਪ੍ਰਭੂ ਨੂੰ ਭਾਵੇ ਉਹੋ ਹੋਵੇ ॥ ੩ ॥

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥ ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥

(ਪੱਕ ਜਾਣੋ) ਜੇਹੋ ਜੇਹਾ ਕਰਕੇ ਤੁਸੀਂ ਸਤਿਗੁਰੂ ਨੂੰ ਜਾਣੋਗੇ ਤੇਹੋ ਜਿਹਾ (ਤੁਹਾਨੂੰ) ਸੁਖ ਹੋਵੇਗਾ। ਇਹ ਮੂਲੋਂ ਸ਼ੱਕ (ਵਾਲੀ ਗਲ) ਨਹੀਂ, ਕੋਈ (ਬੇਸ਼ਕ) ਸ਼ਰਧਾ ਲਾ ਕੇ ਵੇਖ ਲਵੇ। ਹੇ ਨਾਨਕ (ਗੁਰੂ ਤੇ ਪਰਮੇਸ਼ੁਰ) ਦੋ ਮੂਰਤਾਂ ਹਨ, ਪਰ ਜੋਤਿ ਇਕੋ ਹੈ, (ਇਸ ਜੋਤ ਦਾ) ਮਿਲਾਪ ਸ਼ਬਦ ਦੁਆਰਾ ਹੁੰਦਾ ਹੈ ॥ ੪ ॥ ੧੧ ॥ ੪੪ ॥

ਵਜਾਖਜਾ—ਇਸ ਸ਼ਬਦ ਵਿਚ ਦੱਸਿਆ ਹੈ ਕਿ ਤਮੋ ਰਜੋ ਸਤੋ ਤ੍ਰੈ ਗੁਣਾ ਵਾਲੀਆਂ ਅਵਸਥਾਂ ਵਿਚ ਮਾਯਾ ਮੋਹ ਵਾਪਰਦਾ ਰਹਿੰਦਾ ਹੈ। ਇਸ ਤੋਂ ਇਹ ਬੀ ਸਮਝ ਪਈ ਕਿ ਸਤੋ ਸ੍ਰਿਸ਼ਟੀ, ਜੇਹਾ ਕੁ ਦੇਵਤੇ, ਰਜੋ ਸ੍ਰਿਸ਼ਟੀ, ਜਿਹਾ ਕਿ ਮਾਨੁਖ, ਤਮੋ ਸ੍ਰਿਸ਼ਟੀ ਜੇਹੇ ਕਿ ਤਮੋ ਗੁਣੀ ਜੀਵ, ਯਾ ਆਸੁਰੀ ਸ੍ਰਿਸ਼ਟੀ ਆਦਿ ਮਾਯਾ ਮੋਹ ਵਿਚ ਹਨ, ਚਾਹੇ ਕਿਤੇ ਵਧ ਹੈ ਕਿਤੇ ਘੱਟ, ਕਿਤੇ ਹੋਰ ਘਟ। ਕਲਜਾਣ ਮਾਯਾ ਮੋਹ ਤੋਂ ਉਪਰ ਹੈ, ਇਸ ਵਾਸਤੇ ਤ੍ਰੈਹਾਂ ਗੁਣਾਂ ਤੋਂ ਉਪਰ ਗੁਰਮੁਖ ਚੌਥੇ ਪਦ ਵਿਚ ਉਚੇ ਉਠਦੇ ਹਨ, ਜਿਸ ਨੂੰ ਤੁਰੀਆ[1] ਆਖਦੇ ਹਨ। ਪਰ ਗਹੁ ਕਰਨ ਵਾਲੀ ਗੱਲ ਏਥੇ ਇਹ ਹੈ ਕਿ ਚਉਥਾ ਪਦ ਕਹਿਕੇ ਅਗਲੀ ਤੁਕ ਵਿਚ ਹਰੀ ਨਾਮ ਤੇ ਸਾਂਈਂ ਦਾ ਮਿਲਾਪ ਦੱਸਦੇ ਹਨ। ਭਾਵ ਇਹ ਕਿ ਆਪ ਜੀ ਜੋ ਤ੍ਰੀਕਾ ਦੱਸ ਰਹੇ ਹਨ ਉਹ ਹਰੀ ਦਾ ਨਾਮ ਦਾ ਹੈ। ਫਿਰ ਨਿਰਸੰਸੇ ਕਰਦੇ ਹਨ ਕਿ

[1] ਤੁਰੀਆ ਦਾ ਅਰਥ ਬੀ ਚੌਥਾ ਹੈ।

ਚੌਥੇ ਪਦ ਵਿਚ ਤਾਂ ਨਿਰਾ ਗਜਾਨ ਮਾਰਗ ਵਾਲੇ ਲੋਕ ਬੀ ਜਾਣਾ ਦੱਸਦੇ ਹੈਨ ਪਰ ਆਪ ਦਾ ਮਾਰਗ 'ਵਾਹਿਗੁਰੂ ਪ੍ਰੇਮ' ਦਾ ਹੈ। ਇਸ ਕਰਕੇ ਫੁਰਮਾਉਂਦੇ ਹਨ ਕਿ ਗੁਣਾਂ ਤੋਂ ਉਪਰ ਉਠੇ ਨੂੰ ਪਰਮਾਤਮ ਦੇਵ ਦੀ ਅਨੁਗ੍ਰਹਿ ਆਪਣੇ ਵਿਚ ਲੈ ਲੈਂਦੀ ਹੈ। ਪਰਮ ਪਦ ਇਹ ਈਸ਼੍ਵਰ ਮਿਲਾਪ ਹੈ। ਪਰਮਾਤਮ ਦੇਵ ਨੂੰ ਨਾ ਮੰਨਕੇ, ਨਿਰਾ ਜੀਵਾਤਮਾ ਨੂੰ ਮੋਹ ਮਾਯਾ ਤੋਂ ਕੱਢਕੇ ਚੌਥੇ ਪਦ ਵਿਚ ਲੈ ਜਾਣ ਵਾਲਾ ਮਤਿ ਵਰਣਨ ਨਹੀਂ ਕਰ ਰਹੇ। ਆਪ ਜੀ ਪੂਰਨ ਆਸਤਕ ਮਤਾ ਵਰਣਨ ਕਰ ਰਹੇ ਹਨ। ਪੂਰਣ ਕਲਜਾਣ 'ਸਦਾ ਕਲਜਾਣ' ਵਾਹਿਗੁਰੂ ਦੇ ਸਰੂਪ ਵਿਚ ਮਿਲਾਪ ਨਾਲ ਪ੍ਰਾਪਤ ਹੁੰਦੀ ਹੈ। ਇਹ ਪ੍ਰੇਮਾ ਭਗਤੀ ਹੈ। ਅਗਲੀਆਂ ਸਤਰਾਂ ਵਿਚ ਨਾਮ ਦੀ ਮਹਿਮਾ, ਗੁਰੂ ਦਾ ਉਪਕਾਰ ਆਦਿ ਵਰਣਨ ਕੀਤੇ ਹਨ, ਜਿਸ ਕਰਕੇ 'ਸਹਿਜ ਮਾਰਗ' ਨਾਲ ਚੌਥੇ ਪਦ ਚੜ੍ਹਨਾ ਹੈ। ਅੰਤ ਵਿਚ ਗੁਰੂ ਨੂੰ ਸਾਈਂ ਨਾਲ ਅਭੇਦ ਦੱਸਿਆ ਹੈ ਕਿ ਗੁਰੂ ਚੌਥੇ ਪਦ ਤੋਂ ਲੰਘਕੇ ਸਾਈਂ ਮੇਲ ਵਿਚ ਤਦ ਰੂਪ ਹੋ ਰਿਹਾ ਹੈ। ਇਸ ਕਰਕੇ ਉਹ 'ਇਕ ਸਾਈਂ' ਨਾਲ ਅਭੇਦ ਹੋ ਰਿਹਾ ਹੈ। ਗੁਰੂ ਤੇ ਪਰਮੇਸ਼ੁਰ ਦੋ ਮੂਰਤਾਂ (ਦੋ ਵਜੂਦ) ਕਹੀਦੇ ਹਨ, ਪਰ ਉਹ ਤਦਰੂਪ ਹੋਕੇ ਇਕ ਜੋਤ ਹੋ ਰਹੇ ਹਨ। ਸੋ ਉਪਦੇਸ਼ ਇਹ ਹੈ ਕਿ ਜੇ ਗੁਰੂ ਨੂੰ ਵਾਹਿਗੁਰੂ ਦਾ ਰੂਪ ਕਰਕੇ ਜਾਣੋਗੇ ਤਾਂ ਸਾਈਂ ਪ੍ਰਾਪਤੀ ਤੁਲ ਫਲ ਪ੍ਰਾਪਤ ਹੋਵੇਗਾ, ਯਥਾ :-

ਸਤਗੁਰੁ ਨਿਰੰਜਨੁ ਸੋਇ ॥ ਮਾਨੁਖ ਕਾ ਕਰਿ ਰੂਪੁ ਨ ਜਾਨੁ ॥ (ਰਾਮਕਲੀ ਮ: ੫-੩੯)

ਨਿਰੁਕ੍ਤ- **ਤ੍ਰੈ ਗੁਣ** - ਸਤ ਰਜ ਤਮ।

ਚਉਥਾ ਪਦ- ਤੁਰੀਆ ਅਵਸਥਾ। ਦੇਖੋ ਪਿਛੇ ਪੰਨਾ ੨੬੯ ਪਦ 'ਸਹਜਿ'।

ਮੇਲਾਇਅਨ - ਮਿਲਾ ਲੈਂਦਾ ਹੈ (ਹਰੀ ਅਪਣੇ ਨਾਲ)।

ਪੋਤੈ - (ਫ਼ਾ:, ਪੋਤਹ੍ = ਖ਼ਜ਼ਾਨਾ) ਪੋਤੇ ਵਿਚ। ਖ਼ਜ਼ਾਨੇ ਵਿਚ ਭਾਵ ਹੈ ਭਾਗਾਂ ਵਿਚ।

ਰਹਾਉ -(ਪੰ:, ਰਹਿਣਾ ਤੋਂ ਰਹਾਉ= ਰਹਿ ਪਉ) ਟਿਕ ਜਾਹ।

(ਅ) ਰਹਾਉ ਦਾ ਅਰਥ ਰਾਹੁਣਾ (= ਬੀਜਣਾ) ਕਰਕੇ 'ਸਚੇ ਨਾਮ ਨੂੰ ਗੁਰਮਤ ਦੁਆਰਾ ਬੀਜਣਾ ਕਰ' ਬੀ ਅਰਥ ਲਾਉਂਦੇ ਹਨ। ਪਰ ਸਾਚਿ ਦਾ ਅਰਥ ਹੈ ਸੱਚ ਵਿਚ ਯਾ ਸੱਚ ਦੁਆਰਾ, ਇਸ ਦਾ ਅਰਥ 'ਸੱਚ ਨੂੰ' ਨਹੀਂ ਹੈ।

ਅਸੁਰ - (ਸੰਸ:, ਅਸੁਰ :) ਜੋ ਸੁਰ (= ਦੇਵਤਾ) ਦੇ ਉਲਟ ਹੋਵੇ, ਰਾਖਸ਼। ਇਥੇ ਭਾਵ ਹੈ ਆਸੁਰੀ ਸੰਪਦਾ ਤੋਂ। ਆਸੁਰੀ ਬ੍ਰਿਤੀ। ਕਾਮ ਕ੍ਰੋਧ ਆਦਿ ਵਿਕਾਰਾਂ ਵਾਲੀ ਬ੍ਰਿਤੀ।

ਸੰਘਾਰੈ - (ਹਿੰਦੀ, ਸੰਹਾਰ = ਮਾਰਨਾ) ਮਾਰ ਦੇਵੇ, ਦੂਰ ਕਰੇ।

ਸਹਸਾ - (ਸੰਸ:, ਸੰਸ਼ਯ: = ਸ਼ਕ) ਸ਼ੱਕ, ਸ਼ੁਬਹ।

(ਸਿਰੀ ਰਾਗੁ ਮਹਲਾ ੩, ਚਉਪਦਾ - ੪੫)

ਪ੍ਰਾਕ੍ਥਨ- ਮਨਮੁਖ ਦੀ ਦਸ਼ਾ ਤੇ ਉਸ ਦਾ ਉਧਾਰ ਵਰਣਨ ਕਰਦੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥ ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ	(ਜੋ) ਅੰਮ੍ਰਿਤ ਛਡਕੇ ਬਿਖਿਆ ਵਿਚ ਲੁਭਾਇਮਾਨ ਹਨ (ਉਹ) ਦੂਜੇ ਦੀ ਸੇਵਾ ਕਰ ਰਹੇ ਹਨ। ਓਹ ਆਪਣਾ ਧਰਮ ਗੁਆਉਂਦੇ ਹਨ (ਪਰ) ਸਮਝਦੇ ਨਹੀਂ (ਕਿ ਗੁਆ ਰਹੇ ਹਾਂ),ਉਨ੍ਹਾਂ ਦਾ

ਅਨਦਿਨੁ ਦੁਖਿ ਵਿਹਾਣੀ ॥ ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥	ਹਰ ਦਿਨ ਦੁਖ ਵਿਚ ਬੀਤਦਾ ਹੈ। ਮਨਮੁਖ (ਏਸ ਹਿਸਾਬ) ਅੰਨ੍ਹੇ ਹਨ, ਚੇਤਦੇ ਨਹੀਂ, ਉਹ ਪਾਣੀ ਤੋਂ ਬਿਨਾ ਹੀ ਡੁੱਬ ਮਰ ਰਹੇ ਹਨ ॥ ੧ ॥
ਮਨ ਰੇ ਸਦਾ ਭਜਹੁ ਹਰਿ ਸਰਣਾਈ ॥ ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥	ਹੇ ਮੇਰੇ ਮਨ ! ਸਦਾ ਹਰੀ ਦੀ ਸ਼ਰਣ ਵਿਚ ਭਜਦਾ ਰਹੁ (ਤਾਂ ਜੋ) ਗੁਰੂ ਦਾ ਉਪਦੇਸ਼ ਤੇਰੇ ਅੰਦਰ ਵਸਦਾ ਰਹੇ (ਅਤੇ ਤੈਨੂੰ) ਹਰੀ (ਕਦੇ) ਭੁਲ ਨਾ ਜਾਵੇ ॥ ੧ ॥ ਰਹਾਉ ॥
ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥ ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥	(ਪ੍ਰਸ਼ਨ: ਕਿਉਂ ? ਉੱਤਰ :) (ਇਸ ਲਈ ਕਿ) ਇਹ ਸਰੀਰ ਮਾਇਆ ਦਾ ਪੁਤਲਾ ਹੈ (ਤੇ ਇਸ ਦੇ ਅੰਦਰ ਵੱਸਦੇ ਮਨ) ਵਿਚ ਹਉਮੈ (ਰੂਪੀ ਇਕ) ਦੁਸ਼ਟਣੀ ਪਾਈ ਹੋਈ ਹੈ। ਇਨ੍ਹਾਂ ਦੋਹਾਂ ਵਿਚ ਲੁਭਿਤ ਰਹਿਣ ਦੇ ਕਾਰਣ ਜੀਵ ਦਾ) ਆਉਣਾ ਜਾਣਾ (ਬਣਿਆ ਰਹਿੰਦਾ ਹੈ ਤੇ) ਮਨਮੁਖ (ਇਸ ਤਰ੍ਹਾਂ) ਜੰਮਣ ਮਰਣ (ਵਿਚ ਆਪਣੀ) ਪਤਿ ਗੁਆ ਲੈਂਦਾ ਹੈ, (ਪਰ ਜੇ) ਸਤਿਗੁਰ ਦੀ ਸੇਵਾ ਕਰੇ ਤਾਂ ਸਦਾ ਦਾ ਸੁਖ ਪ੍ਰਾਪਤ ਕਰ ਲੈਂਦਾ (ਤੇ ਅੰਤ) ਜੋਤੀ (ਸਰੂਪ) ਵਾਹਿਗੁਰੂ ਵਿਚ (ਆਪਣੀ) ਜੋਤ ਨੂੰ ਮਿਲਾ ਲੈਂਦਾ ਹੈ ॥ ੨ ॥
ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥ ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥	(ਫਿਰ ਦੇਖੋ) ਸਤਿਗੁਰੂ ਦੀ ਸੇਵਾ (ਕੋਈ ਔਖੀ ਘਾਲ ਨਹੀਂ ਉਹ ਤਾਂ) ਅਤਿ ਸੌਖੀ ਹੈ, ਜੋ (ਕੋਈ ਇਸ ਤੋਂ) ਚਾਹੇ ਉਹੀ ਫਲ ਪ੍ਰਾਪਤ ਕਰ ਲੈਂਦਾ ਹੈ, (ਜੇਹਾ ਕੁ) ਜਤੁ, ਸਤ, ਤਪ, ਪਵਿੱਤ੍ਰਤਾ ਵਾਲਾ ਸਰੀਰ (ਅਤੇ ਅੰਤ) ਹਰੀ ਮਨ ਵਿਚ ਵਸਾ ਲੈਂਦਾ ਹੈ। (ਫੇਰ) ਦਿਨੇ ਰਾਤ (ਗਲ ਕੀਹ) ਸਦਾ ਹੀ ਆਨੰਦ ਰਹਿੰਦਾ ਹੈ ਤੇ ਪ੍ਰੀਤਮ (ਵਾਹਿਗੁਰੂ) ਨੂੰ ਮਿਲਕੇ ਸੁਖ ਪ੍ਰਾਪਤ ਕਰਦਾ ਹੈ, (ਭਾਵ ਪ੍ਰਮਾਤਮਾ ਦੇ ਮੇਲ ਦਾ ਸੁਖ) ॥ ੩ ॥
ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ ॥ ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥ ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥੪॥ ੧੨॥੪੫॥	(ਇਸ ਲਈ) ਸਤਿਗੁਰ ਦੀ ਸ਼ਰਣ ਵਿਚ ਜੋ ਆਏ ਹਨ ਮੈਂ ਉਹਨਾਂ ਦੇ ਸਦਕੇ ਹਾਂ। (ਕਿਉਂਕਿ ਇਸ ਨਾਲ) ਸੱਚੇ ਦਰਬਾਰ ਵਿਚ ਸਚੀ ਵਡਿਆਈ ਮਿਲੇਗੀ, (ਤੇ ਮੈਨੂੰ) ਸਹਜ ਦੁਆਰਾ ਹੀ ਸੱਚ ਵਿਚ ਸਮਾਉ (ਪ੍ਰਾਪਤ ਹੋਵੇਗਾ)। ਹੇ ਨਾਨਕ ! (ਇਹ ਦਾਤ ਉਸਦੀ) ਮੇਹਰ ਦ੍ਰਿਸ਼ਟੀ ਨਾਲ ਪਾਈਦੀ ਹੈ (ਹਾਂ ਇਹ) ਮੇਲ ਗੁਰਮੁਖ ਮਿਲਾਉਂਦਾ ਹੈ ॥ ੪ ॥ ੧੨ ॥ ੪੫ ॥

ਵਯਾਖਯਾ–ਨਾਮ ਅੰਮ੍ਰਿਤ ਛਡਕੇ ਜੋ ਵਿਸ਼ੇ ਰਸਾਂ ਵਿਚ ਲਗੇ ਹੋਏ ਹਨ ਉਹ ਨਹੀਂ ਜਾਣਦੇ ਕਿ ਇਹ ਵਿਸ਼ੇ ਰਸ ਵਿਹੁ ਤੁੱਲ ਹਨ। ਉਹ ਅਪਣੇ ਨਿਜ ਆਤਮਾ ਦੀ ਸੇਵਾ ਨਹੀਂ ਕਰਦੇ ਜੋ ਨਾਮ ਨਾਲ ਪਾਪਤ ਹੁੰਦੀ ਹੈ, ਉਹ ਵਿਸ਼ੇ ਰਸਾਂ ਦੀ ਚਾਕਰੀ ਕਰਦੇ ਹਨ ਜੋ ਓਪਰੀ ਸੇਵਾ ਹੈ; ਕਿਉਕਿ ਵਿਸ਼ੇ ਰਸ ਅਪਣਾ ਆਪ ਨਹੀਂ ਹਨ ਉਹ ਆਪੇ ਦੇ ਮਨ ਨਾਲ ਮਿਲਨੇ ਕਰਕੇ ਤੇ ਦ੍ਰਿਸ਼ਟਮਾਨ ਵਿਚ ਲੁਭਿਤ ਹੋਣ ਤੋਂ ਉਪਜਦੇ ਹਨ। ਅਪਣਾ ਧਰਮ ਤਾਂ ਹੈ ਆਤਮ ਰਸ ਪ੍ਰਾਪਤੀ ਦਾ ਸਾਧਨ, ਓਹ ਗੁਆ ਲੈਂਦੇ

ਹਨ ਤੇ ਸੰਸਾਰਕ ਫਸੌਤੀਆਂ ਦੇ ਦੁਖਾਂ ਵਿਚ ਸਮਾ ਗੁਆਉਂਦੇ ਹਨ। ਐਸੇ ਮਨਮੁਖ ਦੇ ਲੱਛਣ ਹਨ। ਓਹ ਅਸਲੀਅਤ ਨੂੰ ਨਹੀਂ ਚੇਤਦੇ, ਗ਼ਫ਼ਲਤ ਵਿਚ ਉਹ ਮ੍ਰਿਗ ਤ੍ਰਿਸ਼ਨਾ ਦੇ ਮ੍ਰਿਗ ਵਾਙੂ ਭਟਕਦੇ ਹਨ ਤੇ ਭਟਕ ਭਟਕ ਕੇ ਬਿਨਾ ਪਾਣੀਓਂ ਡੁੱਬ ਮਰਦੇ ਹਨ, ਜਿਵੇਂ ਮਿਰਗ ਮਰਦਾ ਹੈ; ਪਾਣੀ ਤਾਂ ਮਿਲਦਾ ਨਹੀਂ ਪਰ ਭਜ ਭਜ ਮਰ ਜਾਂਦਾ ਹੈ।

ਐਉਂ ਬੀ ਦਾਨੇ ਕਹਿੰਦੇ ਹਨ ਕਿ ਦਸ ਮੂਰਖ ਦਰਿਆਓਂ ਪਾਰ ਉਤਰਨ ਲਗੇ। ਇਕ ਨੇ ਕਿਹਾ ਪਹਿਲੇ ਗਿਣ ਲਓ ਕਿੰਨੇ ਹਾਂ ਜੋ ਪਾਰ ਹੋਕੇ ਘਟੇ ਵਧੇ ਦਾ ਪਤਾ ਲਗ ਜਾਏ। ਘਰੋਂ ਤਾਂ ਘਰਦਿਆਂ ਨੇ ਦਸ ਗਿਣਕੇ ਟੋਰੇ ਸਨ ਹੁਣ ਇਕ ਨੇ ਨੌਂ ਤਾਂ ਗਿਣੇ ਪਰ ਅਪਣਾ ਆਪ ਨਾ ਗਿਣਿਆ; ਬਸ ਰੋਣ ਬਹਿ ਗਏ ਕਿ ਇਕ ਸਾਡੇ ਵਿਚੋਂ ਡੁਬ ਗਿਆ ਹੈ। ਹੁਣ ਨਾਂ ਤਾ ਸੋਚ ਕਰਨ ਕਿ ਅਪਣਾ ਆਪ ਬੀ ਗਿਣਨੇ ਵਾਲਾ ਗਿਣੇ, ਨਾ ਸੋਚਣ ਕਿ ਪਾਣੀ ਵ੍ਰਿਚ ਤਾਂ ਵੜੇ ਨਹੀਂ ਬਿਨ ਪਾਣੀਓਂ ਕਿਵੇਂ ਇਕ ਡੁੱਬ ਗਿਆ।

ਇਸ ਲਈ ਉਪਦੇਸ਼ ਦੇਂਦੇ ਹਨ ਕਿ ਗੁਰੂ ਕੀ ਸ਼ਰਣ ਪੈਕੇ ਉਪਦੇਸ਼ ਲੈ ਜੋ ਮਾਯਕ ਭੁਲੇਵੇ ਨਾ ਪੈਣ। ਭੁਲੇਵੇ ਕਿਉਂ ਪੈਂਦੇ ਹਨ ? ਇਸ ਲਈ ਕਿ ਸਰੀਰ ਮਾਇਆ ਦਾ ਹੈ, ਇਸ ਦਾ ਸੁਭਾਵ ਹੈ ਮੋਹ ਮਾਇਆ ਵਿਚ ਲੁਭਿਤ ਹੋਣਾ, ਅਤੇ ਜੀਵ ਦੇ ਅੰਤਰ ਮਨ ਵਿਚ ਹਉਮੈ ਹੈ। ਹਉਮੇ ਦੁਸ਼ਟਣੀ ਹੈ ਓਹ ਖ਼ੁਦਗ਼ਰਜ਼ੀ ਦੇ ਕਰਮ , ਤੇ ਪਾਪ ਮਯ ਖ਼ੁਦਗਰਜ਼ੀ ਦੇ ਕਰਮ ਕਰਵਾਉਂਦੀ ਹੈ। ਇਨ੍ਹਾਂ ਕਰਮਾਂ ਦਾ ਫਲ ਹੁੰਦਾ ਹੈ ਆਵਾ ਗਵਨ, ਬਾਰ ਬਾਰ ਕਾਲ ਚੱਕਰ। ਇਸ ਨਾਲ ਪ੍ਰਲੋਕ ਦੀ ਪਤਿ ਨਾਸ਼ ਹੋ ਜਾਂਦੀ ਹੈ।

ਅੰਕ ੩ ਵਿਚ ਉਪਦੇਸ਼ ਦੇਂਦੇ ਹਨ ਕਿ ਸਤਿਗੁਰੂ ਦੀ ਸੇਵਾ ਕਰ, ਨਾਮ ਮਿਲੇ, ਸੱਚ ਮਿਲੇ, ਜਤ, ਸਤ, ਤਪ, ਪਵਿੱਤ੍ਰਤਾ ਸਰੀਰ ਦੀ ਮਿਲੇ, ਹਰੀ ਦੀ ਹਜ਼ੂਰੀ, ਸਦਾ ਅਨੰਦ ਮਿਲੇ। ਸਤਿਗੁਰ ਦੀ ਸੇਵਾ ਸੁਖੱਲੀ ਦੱਸਦੇ ਹਨ ਕਿਉਕਿ ਸੱਚ ਤੇ ਸਰਲਤਾ ਨਾਲ ਹੁੰਦੀ ਹੈ, ਸੱਚ ਤੇ ਸਰਲਤਾ ਦੀ ਸੇਵਾ ਕਠਨ ਨਹੀਂ ਰਹਿੰਦੀ। ਸੋ ਸੇਵਾ ਕਰੋ ਗੁਰੂ ਦੀ ਤੇ ਨਾਮ ਵਿਚ ਲਗੇ ਰਹੋ।

ਸ਼ਬਦ ਦੇ ਅੰਕ ੧ ਤੇ ਸਤਰ ਦੂਸਰੀ ਵਿਚ ਪਦ 'ਧਰਮੁ' ਪਿਆ ਹੈ। ਇਸ ਕਰਕੇ ਕਈ ਦਾਨੇ ਐਉਂ ਭਾਵ ਕੱਢਦੇ ਹਨ ਕਿ ਮਨਮੁਖ ਲੋਕ ਵਾਹਿਗੁਰੂ ਦੀ ਸੇਵਾ, ਜੋ ਜੀਵ ਦਾ ਨਿਜ ਧਰਮ ਹੈ, ਤਯਾਗ ਕੇ ਇਤਰ ਦੇਵੀ ਦੇਉਤੇ, ਸ਼ਿਲਾ, ਬੁਤਾਂ, ਮੂਰਤੀਆਂ ਦੀ ਪੂਜਾ ਕਰਦੇ ਹਨ, ਓਹ ਵਿਡਾਣੀ(= ਓਪਰੀ) ਸੇਵਾ ਕਰਦੇ ਹਨ, ਓਹ ਅਗਯਾਨੀ ਹਨ, ਓਹਨਾਂ ਦੀ ਸੇਵਾ ਮ੍ਰਿਗ ਤ੍ਰਿਸ਼ਨਾ ਹੈ, ਓਹ ਸਾਰਥਕਤਾ ਨੂੰ ਨਹੀਂ ਅੱਪੜਦੇ, ਅਫਲ ਮਰ ਜਾਂਦੇ ਹਨ, ਬਾਕੀ ਤੁਕਾਂ ਫੇਰ ਇਸੇ ਮਨਮੁਖ ਤੇ, ਜੋ ਹਰੀ ਪੂਜਾ ਨਹੀਂ ਕਰ ਰਿਹਾ ਹੈ, ਸੁਖੈਨ ਘਟ ਜਾਂਦੀਆਂ ਹਨ।

ਨਿਰੁਕ੍ਤ– ਬਿਖਿਆ– (ਸੰਸ:, ਵਿਸ਼)ਜ਼ਹਰ। ਭਾਵ ਹੈ ਵਿਸ਼ੇ ਰੂਪੀ ਜ਼ਹਰ। ਅੰਮ੍ਰਿਤ ਤੋਂ ਭਾਵ ਹੈ ਨਾਮ ਅੰਮ੍ਰਿਤ । ਨਾਮ ਰਸ।

ਦੁਸਟੀ– (ਸੰਸ: ਦੁਸ਼੍:) ਦੁਸ਼ਟ ਦਾ ਪੰਜਾਬੀ ਇਸਤ੍ਰੀ ਲਿੰਗ ਹੈ ਦੁਸ਼ਟਣੀ। ਦੁਸ਼ਟਣੀ ਦਾ ਸੰਖੇਪ ਹੈ ਦੁਸ਼ਟੀ । (ਅ) ਕਈ ਸਜਣ 'ਦੁਸ਼ਟਤਾ' ਬੀ ਅਰਥ ਕਰ ਲੈਂਦੇ ਹਨ।

(ਸਿਰੀ ਰਾਗੁ ਮਹਲਾ ੩ ,ਚਉਪਦਾ – ੪੬)

ਪ੍ਰਾਕ੍ਥਨ–ਮਨਮੁਖ ਦੇ ਕਰਮ ਪਰਮੇਸ਼ੁਰ ਨੂੰ ਸਮਰਪਨ ਨਹੀਂ ਹੁੰਦੇ ਇਸ ਕਰਕੇ ਕਰਮਾਂ ਦੀ ਹਾਂਡ ਹੀ ਪੱਲੇ ਪੈਂਦੀ ਹੈ, ਗੁਰਮੁਖ ਦੇ ਕਰਮ ਤੇ ਨਾਮ ਸਭ ਕੁਛ ਪਰਮੇਸ਼ੁਰ ਅਰਪਣ ਹੁੰਦਾ ਹੈ। ਸੋ ਕਬੂਲ ਪੈਂਦਾ ਹੈ।

ਮੂਲ | **ਅਰਥ**

ਸਿਰੀਰਾਗੁ ਮਹਲਾ ੩ ॥

ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥

ਜਿਸ ਤਰਾਂ ਛੁੱਟੜ ਇਸਤ੍ਰੀ ਸਰੀਰ ਨੂੰ ਹਾਰ ਸ਼ਿੰਗਾਰ ਕਰਦੀ ਹੈ, (ਇਸ ਤਰ੍ਹਾਂ) ਮਨਮੁਖ (ਪੁਰਖ) ਕਰਮ ਕਮਾਉਂਦਾ ਹੈ। (ਕਿਉਂਕਿ ਮਨਮੁਖ ਦੀ ਅੰਤਹਕਰਣ ਰੂਪੀ) ਸੇਜਾ ਉਤੇ (ਪਰਮੇਸ਼ੁਰ ਰੂਪੀ) ਪਤੀ (ਕਦੀ) ਨਹੀਂ ਆਉਂਦਾ (ਇਸ ਲਈ ਉਹ) ਸਦਾ ਸਦਾ (ਕਰਮਾਂ ਵਿਚ ਖੁਆਰ ਹੁੰਦਾ ਰਹਿੰਦਾ ਹੈ, (ਉਸ ਨੂੰ) ਨਾਂ (ਤਾਂ ਸਤਸੰਗ ਰੂਪੀ) ਘਰ ਬਾਰ ਦਿੱਸਦਾ ਹੈ ਨਾ (ਪਰਮੇਸ਼ੁਰ ਰੂਪੀ) ਪਤੀ ਦਾ ਸਰੂਪ ਪ੍ਰਾਪਤ ਹੁੰਦਾ ਹੈ ॥ ੧ ॥

ਭਾਈ ਰੇ ਇਕ ਮਨਿ ਨਾਮੁ ਧਿਆਇ ॥ ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥ ੧॥ ਰਹਾਉ ॥

ਹੇ ਭਾਈ ! (ਜੇ ਕਰਮਾਂ ਦੀ ਹਾਂਡ - ਖੁਆਰੀ - ਤੋਂ ਬਚਕੇ ਪਰਮੇਸ਼ੁਰ ਦਾ ਸਰੂਪ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ) ਦਿਲ ਏਕਾਗਰ ਕਰਕੇ (ਪਰਮੇਸ਼ੁਰ ਦਾ) ਨਾਮ ਧਿਆਉ ਤੇ ਸੰਤਾਂ ਦੀ ਸੰਗਤਿ ਨਾਲ ਮਿਲਿਆ ਰਹੁ (ਜਿਨ੍ਹਾਂ ਦੇ ਮੇਲ ਨਾਲ) ਰਾਮ ਨਾਮ ਜਪਕੇ (ਤੂੰ) ਸੁਖ ਪਾਵੇਂ ॥ ੧ ॥ ਰਹਾਉ ॥

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥ ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥

(ਹੁਣ ਗੁਰਮੁਖ ਦਾ ਪ੍ਰਕਾਰ ਤੁਰਿਆ:) (ਜਿਸ ਤਰ੍ਹਾਂ) ਸੁਹਾਗਣ ਇਸਤ੍ਰੀਆਂ (ਆਪਣੇ) ਪਤੀ ਨੂੰ ਹਿਰਦੇ ਵਿਚ ਧਾਰਨ ਕਰੀ ਰਖਦੀਆਂ ਹੈਨ (ਉਸ ਤਰ੍ਹਾਂ) ਗੁਰਮੁਖ ਸਦਾ (ਹਿਰਦੇ ਵਿਚ ਸੱਚ = ਸਤਜ ਸਰੂਪ ਨੂੰ ਧਾਰਨ ਕਰੀ ਰਖਦੇ ਹਨ)। (ਓਹ) ਮਿਠਾ ਬੋਲਦੇ ਹਨ, ਨੀਉਂ ਚੱਲਦੇ ਹਨ, (ਉਨ੍ਹਾਂ ਦੇ ਅੰਤਹਕਰਣ ਰੂਪੀ) ਸੇਜਾ ਉਤੇ (ਪਰਮੇਸ਼ੁਰ ਰੂਪੀ) ਪਤੀ (ਆਨੰਦ) ਮਾਣਦਾ ਹੈ, (ਹਾਂ) ਜਿਨ੍ਹਾਂ (ਗੁਰਮੁਖਾਂ ਨੂੰ) ਗੁਰੂ ਦਾ ਅਪਾਰ ਹਿਤ (ਪ੍ਰਾਪਤ ਹੈ ਓਹ) ਸੋਹਾਗਣਾਂ ਵਾਂਙੂ ਸ਼ੋਭਾਵਾਨ ਹਨ ॥ ੨ ॥

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥ ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ॥ ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥

(ਸਤਿਗੁਰੂ ਕਦੋਂ ਮਿਲੇ ?) ਸਤਿਗੁਰੂ ਪੂਰੇ ਭਾਗਾਂ ਕਰਕੇ ਮਿਲਦਾ ਹੈ (ਹਾਂ ਓਦੋਂ ਮਿਲਦਾ ਹੈ) ਜਦੋਂ ਭਾਗਾਂ (ਰੂਪੀ ਸੂਰਜ) ਦਾ ਉਦੇ ਹੁੰਦਾ ਹੈ। (ਤਦੋਂ ਜੀਵ ਦੇ) ਅੰਦਰੋਂ ਭ੍ਰਮ ਤੇ ਦੁੱਖ ਕੱਟਿਆ ਜਾਂਦਾ ਹੈ (ਤੇ ਆਤਮ-) ਸੁਖ ਪ੍ਰਾਪਤ ਹੋ ਜਾਂਦਾ ਹੈ। (ਹਾਂ ਭਾਈ ਪੱਕ ਜਾਣੋ ਕਿ) ਜੋ ਕੋਈ ਗੁਰੂ ਦੇ ਭਾਣੇ ਵਿਚ ਚੱਲੇਗਾ ਉਹ ਦੁਖ ਨਹੀਂ ਪਾਵੇਗਾ ॥ ੩ ॥

ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ॥ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ॥ ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥

ਗੁਰੂ ਦੇ ਭਾਣੇ ਵਿਚ (ਟੁਰਨ ਨਾਲ) ਅੰਮ੍ਰਿਤ (ਪ੍ਰਾਪਤ ਹੁੰਦਾ) ਹੈ, (ਇਹ ਅੰਮ੍ਰਿਤ ਸਹਜ ਨਾਲ =) ਨਿਰਯਤਨ ਹੀ (ਪਰ) ਕਿਸੇ ਨੂੰ ਪ੍ਰਾਪਤ ਹੋ ਜਾਂਦਾ ਹੈ। (ਹਾਂ) ਜਿਨ੍ਹਾਂ (ਦੇ ਭਾਗਾਂ ਵਿਚ) ਪ੍ਰਾਪਤ ਹੁੰਦਾ ਹੈ ਓਹੀ (ਇਸ ਨੂੰ) ਪੀਂਦੇ ਹਨ, (ਹਾਂ) ਓਹੋ ਜੋ ਹਉਮੈ (ਮਨ ਵਿਚੋਂ) ਗੁਆ ਲੈਂਦੇ ਹਨ। (ਤਾਂ ਤੇ) ਹੇ ਨਾਨਕ !ਗੁਰੂ ਦੁਆਰੇ ਨਾਮ ਧਿਆਈਏ ਜੋ ਸੱਚ (ਸਤਜ ਸਰੂਪ) ਨਾਲ ਮਿਲਾਪ ਹੋ ਜਾਵੇ॥੪॥੧੩॥੪੬॥

ਵਰਖਯਾ–ਇਸ ਸ਼ਬਦ ਵਿਚ ਉਹ ਮਨਮੁਖ ਲਿਆ ਹੈ ਜੋ ਸ਼ੁਭ ਕਰਮ ਬੀ ਕਰਦਾ ਹੈ ਪਰ ਉਸ ਨੂੰ ਪਰਮਗਤੀ ਨਹੀਂ ਮਿਲਦੀ। ਮਨਮੁਖ ਨੂੰ ਛੁੱਟੜ ਇਸਤ੍ਰੀ ਦਾ ਤੇ ਗੁਰਮੁਖ ਨੂੰ ਸੁਹਾਗਣ ਦਾ ਦ੍ਰਿਸ਼ਟਾਂਤ ਦਿਤਾ ਹੈ। ਮਨਮੁਖ ਦੇ ਕੀਤੇ ਕਰਮ ਵੀ ਬ੍ਰਿਥਾ ਜਾਂਦੇ ਦੱਸੇ ਹਨ, ਕਿਉਂਕਿ ਉਹ ਆਪ ਪਰਮੇਸ਼ਰ ਪਰਾਇਣ ਨਹੀਂ, ਉਸ ਦੇ ਕਰਮ ਬੀ ਪਰਮੇਸ਼ੁਰ ਪਰਾਇਣ ਨਹੀਂ ਹੁੰਦੇ। ਉਹ ਕਬੂਲ ਨਹੀਂ ਪੈਂਦੇ। ਗੁਰਮੁਖ ਦੇ ਹਿਰਦੇ ਪ੍ਰੇਮ ਹੈ, ਉਸ ਦਾ ਸਭ ਕੁਛ, ਭਜਨ ਬੰਦਗੀ, ਸ਼ੁਭ ਕਰਮ , ਪੁੰਨ ਦਾਨ ਈਸ਼੍ਵਰ ਪਰਾਇਣ ਹੁੰਦੇ ਹਨ, ਉਸ ਦਾ ਆਪਾ ਬੀ ਈਸ਼੍ਵਰ ਸਮਰਪਣ ਹੁੰਦਾ ਹੈ। ਇਸ ਕਰਕੇ ਉਹ ਸੁਹਾਗਣ ਵਤ ਅਪਣੇ ਪਤੀ ਪਰਮੇਸ਼ੁਰ ਨੂੰ ਪ੍ਰਾਪਤ ਹੁੰਦਾ ਹੈ, ਉਸ ਦਾ ਸਾਰਾ ਕੁਛ ਪਤੀ ਨੂੰ ਅਰਪਣ ਹੋ ਜਾਂਦਾ ਹੈ ਤੇ ਇਹੀ ਸਭ ਤੋਂ ਉਤਮ ਸਦਗਤੀ ਹੈ। ਰਹਾਉ ਤੋਂ ਅੰਤ ਤੀਕ ਗੁਰਮੁਖ ਦਾ ਪ੍ਰਕਾਰ ਖੋਹਲ ਕੇ ਵਰਣਨ ਕੀਤਾ ਹੈ।

ਨਿਰੁਕ੍ਤ–ਦੋਹਾਗਣਿ – ਪਤੀ ਤੋਂ ਵਾਂਜੀ ਗਈ, ਦੂਰ ਹੋਈ ਅਨ-ਸਨਮਾਨਤ ਇਸਤ੍ਰੀ, ਜੋ ਪਤੀ ਪਰਾਇਣ ਜੀਵਨ ਬਸਰ ਨਹੀਂ ਕਰ ਰਹੀ, ਹੋਰ ਚਾਹੋ ਗੁਣ ਬੀ ਹੋਣ।

ਸੋਹਾਗਣੀ – ਸੁਹਾਗਣਾਂ। ਅਗਲੇ ਸ਼ਬਦ ਦੀ ਦੂਸਰੀ ਤੁਕ ਤੋਂ ਨਿਸ਼ਚੇ ਹੋ ਜਾਂਦਾ ਹੈ ਕਿ ਪਦ ਸੁਹਾਗਣੀ ਬਹੁ ਵਚਨ ਹੈ। ਭਤਾਰੁ – ਪਤੀ

ਦੁਖੁ ਭ੍ਰਮੁ – ਭ੍ਰਮ ਕਾਰਣ ਹੁੰਦਾ ਹੈ, ਦੁਖ ਉਸ ਦਾ ਫਲ ਹੁੰਦਾ ਹੈ।

ਉਦਉ– (ਸੰਸ :, ਉਦਯ :) ਸੂਰਜ ਦਾ ਚੜ੍ਹਨਾ। ਭਾਵ ਭਾਗਾਂ ਦਾ ਜਾਗਣਾ। ਸ਼ੁਭ ਭਾਗਾਂ ਦਾ ਫਲ ਦੇਣ ਲਗ ਪੈਣਾ।

(ਸਿਰੀ ਰਾਗੁ ਮਹਲਾ ੩, ਚਉਪਦਾ – ੪੭)

ਪ੍ਰਾਕ੍ਕਥਨ– ਇਹੋ ਸਿਲਸਿਲਾ ਜਾਰੀ ਹੈ। ਗੁਰਮੁਖਾਂ ਦੇ ਕਰਮਾਂ ਦੇ ਮਗਰ ਚੱਲਣ ਦਾ ਉਪਦੇਸ਼ ਹੈ। ਪਰ ਉਨ੍ਹਾਂ ਦੀ ਕਰਣੀ ਗੁਰੂ ਤੋਂ ਪ੍ਰਾਪਤ ਹੁੰਦੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	(ਅਨਿੰਨ ਭਗਤੀ)
ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥ ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥੧॥	ਜਦੋਂ (ਗੁਰ ਸਿਖ) ਜਾਣ ਲਵੇ ਕਿ ਪਰਮੇਸ਼ੁਰ (ਮੇਰਾ) ਆਪਣਾ ਪਤੀ (ਵਾਂਙੂ ਮਾਲਕ) ਹੈ (ਤਾਂ ਆਪਣਾ) ਤਨ ਤੇ ਮਨ (ਉਸ ਦੇ) ਅਗੇ (ਭੇਟਾ ਵਾਂਙੂ) ਧਰ ਦੇਵੇ। (ਫੇਰ) ਕਰਮ ਓਹੀ ਕਰੇ ਜੋ ਸੁਹਾਗਣਾਂ (ਤੁੱਲ ਗੁਰਮੁਖ) ਕਰਦੇ ਹਨ। (ਐਸਾ ਕਰਨੇ ਨਾਲ ਸਹਜੇ ਹੀ ਸਤਜ ਸਰੂਪ ਨਾਲ ਮਿਲਾਪ ਹੋ ਜਾਏਗਾ (ਅਤੇ ਉਹ ਦਾਤਾ ਅਗੋਂ) ਸੱਚ (ਰੂਪੀ) ਵਡਿਆਈ ਬਖਸ਼ੇਗਾ (ਅਥਵਾ ਸੱਚੀ ਵਡਿਆਈ ਦੇਵੇਗਾ)॥੧॥
ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ ਰਹਾਉ ॥	ਹੇ ਭਾਈ ! (ਇਹ ਸੋਹਾਗਣਾਂ ਵਰਗੀ) ਭਗਤੀ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ, (ਹਾਂ) ਬਿਨਾ ਗੁਰੂ ਦੀ ਭਗਤੀ ਦੇ (ਪਰਮੇਸ਼ੁਰ) ਨਹੀਂ ਪਾ ਸਕੀਦਾ ਭਾਵੇਂ ਸਭ ਕੋਈ ਪਿਆ ਇਛਾ ਕਰੇ ॥ ੧ ॥ ਰਹਾਉ ॥

ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥ ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ॥ ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ ॥੨॥	(ਗੁਰੂ ਹੀਨ ਜਗਜਾਸੂ ਰੂਪ) ਇਸਤ੍ਰੀ (ਜੋ) ਮਾਇਆ ਦੇ ਪ੍ਰੇਮ ਵਿਚ (ਫਸੀ) ਹੈ, ਨੂੰ ਚਉਰਾਸੀ ਲਖ (ਜੂਨ) ਦਾ ਕੁਫੇਰ ਪੈਂਦਾ ਹੈ, ਗੁਰੂ ਤੋਂ ਬਿਨਾ ਉਸ ਦੀ (ਉਮਰਾ ਰੂਪੀ) ਰਾਤ ਦੁੱਖਾਂ ਵਿਚ ਬੀਤਦੀ ਹੈ (ਤੇ 'ਸਤਜ ਵਿਚ ਟਿਕਾਉ' ਰੂਪੀ) ਨੀਂਦ ਨਹੀਂ ਪੈਂਦੀ। (ਨਾ ਹੀ ਗੁਰੂ ਦੇ) ਉਪਦੇਸ਼ ਬਿਨਾਂ ਪਤੀ (ਰੂਪ ਪਰਮੇਸ਼ੁਰ ਦੀ) ਪ੍ਰਾਪਤੀ ਹੁੰਦੀ ਹੈ (ਸਗੋਂ ਮਨੁਖਾ) ਜਨਮ ਹੀ ਬਿਰਥਾ ਚਲਾ ਜਾਂਦਾ ਹੈ ॥ ੨ ॥
	(ਹੁਣ ਗ਼ਾਫ਼ਲ ਸ੍ਰਿਸ਼ਟੀ ਦਾ ਹਾਲ ਦੱਸਦੇ ਹਨ)
ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥ ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ ॥	(ਸ੍ਰਿਸ਼ਟੀ) ਮੈਂ ਮੈਂ ਕਰਦੀ (ਮਾਇਆ ਜਮਾਂ ਕਰਦੀ) ਫਿਰ ਰਹੀ ਹੈ (ਪਰ) ਧਨ ਦੌਲਤ (ਕਿਸੇ ਦੇ) ਨਾਲ ਨਹੀਂ ਜਾਂਦੀ। (ਇਹ ਮਾਇਆ ਮਸਤ) ਅੰਨ੍ਹੀ ਹੋਈ ਨਾਮ ਨਹੀਂ ਚੇਤਦੀ (ਇਸ ਕਰਕੇ) ਸਾਰੀ ਜਮਕਾਲ ਨੇ ਬੱਧੀ ਹੋਈ ਹੈ।
	(ਦੋਹਾਂ ਦੀ ਕਲਜਾਣ ਦਾ ਉਪਾਉ ਫੁਰਮਾਉਂਦੇ ਹਨ:)
ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥੩॥	(ਪਰ ਜੋ) ਸਤਿਗੁਰੂ ਨੂੰ (ਮਿਲ ਪਏ ਉਨ੍ਹਾਂ ਨੇ) ਮਿਲਕੇ (ਉਸ ਤੋਂ ਸੱਚਾ) ਧਨ ਪ੍ਰਾਪਤ ਕੀਤਾ ; (ਉਹ ਕੀ ਸੀ ? ਉਤਰ :) ਹਰੀ ਦਾ ਨਾਮ (ਤੇ ਉਸ ਦੀ) ਹਿਰਦੇ ਵਿਚ ਸੰਮ੍ਹਾਲ (= ਯਾਦ) ਰਖਣੀ ॥ ੩॥
ਨਾਮਿ ਰਤੇ ਸੇ ਨਿਰਮਲੇ ਗੁਰ ਕੈ ਸਹਜਿ ਸੁਭਾਇ ॥ ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ॥ ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ ਛੋਡਿਆ ਲਾਇ ॥੪॥ ੧੪॥੪੭॥	(ਐਉਂ ਜੋ) ਨਾਮ ਵਿਚ ਰੰਗੇ ਗਏ ਓਹ ਗੁਰੂ ਦੇ ਸਹਜ (ਗਜਾਨ) ਦੁਆਰਾ ਸੁਭਾਵਕ ਹੀ ਨਿਰਮਲ ਹੋ ਗਏ (ਭਾਵ ਹਉਂ ਰਹਿਤ ਹੋਕੇ ਸ਼ੁੱਧ ਹੋ ਗਏ): ਉਨ੍ਹਾਂ ਦੀ ਰਸਨਾ (ਨਾਮ ਦੇ) ਰਸ ਨਾਲ ਰਸੀਆ ਹੋ ਗਈ (ਫਿਰ ਸਾਰਾ) ਤਨ ਤੇ ਮਨ ਪ੍ਰੇਮ ਨਾਲ ਰੰਗਿਆ ਗਿਆ। ਹੇ ਨਾਨਕ! ਉਹ ਰੰਗ (ਕਦੇ) ਉਤਰਦਾ ਹੀ ਨਹੀਂ ਜੋ ਹਰੀ ਨੇ ਧੁਰੋਂ (ਆਪ) ਲਾ ਛੋੜਿਆ ਹੋਵੇ॥੪॥੧੪॥੪੭॥

ਵਜਾਖਜਾ—ਇਸ ਸ਼ਬਦ ਵਿਚ ਤ੍ਰੈ ਵਿਸ਼ਯ ਲਏ ਹਨ, ਪਹਿਲਾਂ ਦੱਸਿਆ ਹੈ ਕਿ ਜੇ ਕੋਈ ਜਾਣ ਲਵੇ ਅਰਥਾਤ ਹਿਰਦੇ ਵਿਚ ਪ੍ਰਤੀਤ ਕਰ ਲਵੇ ਕਿ ਮੇਰੇ ਸਿਰ ਤੇ ਵਾਹਿਗੁਰੂ ਹੈ ਤਾਂ ਉਸ ਦੀ ਭਗਤੀ ਐਉਂ ਕਰੇ ਜਿਵੇਂ ਕੋਈ ਸਚੀ ਸੁਹਾਗਣ ਅਪਣੇ ਪਤੀ ਦੀ ਕਰਦੀ ਹੈ। ਅਰਥਾਤ ਆਪਣਾ ਤਨ ਮਨ, ਸਭ ਕੁਛ ਉਸ ਵਿਚ ਅਰਪਨ ਸਮਝ ਲਵੇ। ਉਸ ਦੇ ਧਜਾਨ ਵਿਚ, ਉਸ ਦੇ ਨਾਮ ਵਿਚ, ਉਸ ਦੇ ਪਜਾਰ ਭਾਵ ਵਿਚ ਲੱਗਾ ਰਹੇ। ਇਸ ਭਗਤੀ ਦੁਆਰਾ ਵਾਹਿਗੁਰੂ ਜੀ ਨਾਲ ਮਿਲਾਪ ਸੁਖੈਨ ਹੋ ਜਾਂਦਾ ਹੈ। ਇਸ ਵਿਚ ਅਨਿੰਨ ਭਗਤੀ ਦਾ ਸਰੂਪ ਦੱਸਿਆ ਹੈ।

ਫੇਰ ਜਗਜਾਸੂ ਲਿਆ ਪਰ ਜੋ ਗੁਰੂ ਹੀਨ ਰਹਿਕੇ ਭਗਤੀ ਕਰਦਾ ਹੈ। ਇਸ ਦਾ ਪ੍ਰਕਾਰ ਅੰਕ ੨ ਵਿਚ ਦੱਸਿਆ ਹੈ।

ਅੰਕ ੩ ਵਿਚ ਗ਼ਾਫ਼ਲ ਸੰਸਾਰ ਲਿਆ ਜੋ ਮਾਯਾ ਮਦ ਮਾਤਾ ਹੈ, ਕਿਵੇਂ ਬੀ ਜਗਜਾਸੂ ਨਹੀਂ।

ਅੰਕ ੩ ਦੀ ਅੰਤਲੀ ਤੁਕ ਤੇ ਅੰਕ ੪ਵਿਚ ਗੁਰੂ ਹੀਨ ਜਗਜਾਸੂ ਤੇ ਮਾਇਆ ਮਦ ਮੱਤੇ ਗ਼ਾਫ਼ਲ ਦੋਹਾਂ ਦੀ ਕਲਜਾਣ ਦਾ ਉਪਾਉ ਵਿਦਿਤ ਕੀਤਾ ਹੈ।

ਨਿਰੁਕ੍ਤ– ਸੁਗਮ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ - ੪੮)

ਪ੍ਰਾਕ੍ਥਨ– ਵਾਹਿਗੁਰੂ ਦੀ ਭਗਤੀ ਗੁਰੂ ਸਹਾਇਤਾ ਬਿਨਾਂ ਨਹੀਂ ਹੋ ਸਕਦੀ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ ॥ ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥ ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥ ੧॥	(ਹੇ ਭਾਈ !) ਗੁਰੂ ਦਇਆ ਕਰੇ ਤਾਂ ਭਗਤੀ ਕੀਤੀ ਜਾਂਦੀ ਹੈ, ਬਿਨਾਂ ਗੁਰੂ (ਦੀ ਕ੍ਰਿਪਾ) ਦੇ ਭਗਤੀ ਨਹੀਂ ਹੋ ਸਕਦੀ। (ਜਦ ਗੁਰੂ) ਆਪ (ਅਪਣੇ 'ਆਪੈ'=)ਆਪੇ ਨਾਲ (ਸਿਖ ਨੂੰ) ਮਿਲਾ ਲੈਂਦਾ ਹੈ ਤਾਂ (ਸਿਖ ਅਸਲੀਅਤ ਨੂੰ) ਸਮਝਦਾ ਹੈ ਤੇ ਨਿਰਮਲ ਹੋ ਜਾਂਦਾ ਹੈ। ਪਰਮੇਸ਼ੁਰ ਸੱਚਾ (ਸਤਜ ਸਰੂਪ) ਹੈ, (ਗੁਰੂ ਦੀ) ਬਾਣੀ (ਬੀ) ਸੱਚੀ (ਸੱਤਜ) ਹੈ (ਇਸ ਲਈ ਗੁਰੂ ਦੇ ਉਪਦੇਸ਼ ਦੁਆਰਾ (ਸੱਤਜ ਸਰੂਪ ਨਾਲ) ਮਿਲਾਪ ਹੋ ਜਾਂਦਾ ਹੈ ॥ ੧ ॥
ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੧॥ ਰਹਾਉ ॥	ਹੇ ਭਾਈ ! (ਹੁਣ ਤੂੰ ਹੀ ਸੋਚ ਲੈ ਕਿ) ਭਗਤੀ ਤੋਂ ਹੀਣ (ਪੁਰਖ) ਜਗਤ ਵਿਚ ਆਉਂਦਾ ਹੀ ਕਾਸ ਨੂੰ ਹੈ ?(ਉਸ ਨੇ) ਪੂਰੇ ਗੁਰੂ ਦੀ ਸੇਵਾ ਤਾਂ ਕੀਤੀ ਨਹੀਂ (ਵਾਹਿਗੁਰੂ ਪਾਇਆ ਨਹੀਂ, ਉਸ ਨੇ ਤਾਂ ਮਨੁੱਖਾ) ਜਨਮ ਹੀ ਬਿਰਥਾ ਗੁਆ ਲਿਆ ਹੈ॥੧॥ਰਹਾਉ॥
ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ ॥ ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ ॥੨॥	(ਹੁਣ ਜੀਵਾਂ ਦੇ ਨਿਤਾਣਪੁਣੇ ਦਾ ਜ਼ਿਕਰ ਕਰਕੇ, ਜੋ ਭਗਤੀ ਕਰ ਰਹੇ ਹਨ ਉਹਨਾਂ ਦੀ ਕਰਨੀ ਬੀ ਵਾਹਿਗੁਰੂ ਦੀ ਮੇਹਰ ਦੱਸ ਰਹੇ ਹਨ, 'ਉਹਨਾਂ ਦੀ ਹਉਂ ਦਾ ਤਾਣ' ਕਾਰਣ ਨਹੀਂ ਦੱਸ ਰਹੇ) (ਵਾਹਿਗੁਰੂ) ਆਪ ਹੀ ਜਗਤ ਦਾ ਜੀਵਨ ਹੈ, (ਆਪ ਹੀ ਸਾਰੇ) ਸੁਖਾਂ ਦਾ ਦਾਤਾ ਹੈ, ਆਪ ਹੀ (ਜੀਵਾਂ ਦੇ ਔਗੁਣ) ਬਖਸ਼ਕੇ (ਅਪਣੇ ਨਾਲ) ਮਿਲਾ ਲੈਂਦਾ ਹੈ। ਏਹ ਜੀਅ ਜੰਤ ਵਿਚਾਰੇ ਕੀਹ ਹਨ ? (ਭਾਵ ਇਹ ਅਪਣੇ ਤਾਣ ਕੁਛ ਨਹੀਂ ਸੁਆਰ ਸਕਦੇ, ਇਨ੍ਹਾਂ ਦੀ ਬੇਬਸੀ) ਕੋਈ ਕੀਹ ਆਖਕੇ ਸੁਣਾਵੇ। (ਨਾਮ ਦੀ) ਵਡਿਆਈ ਬੀ ਉਹ ਆਪ ਹੀ ਦੇਂਦਾ ਹੈ, (ਪਰ) ਗੁਰੂ ਦੁਆਰਾ (ਤੇ ਗੁਰੂ ਦੀ ਸੇਵਾ ਬੀ) ਆਪ ਹੀ ਕਰਵਾਉਂਦਾ ਹੈ॥੨॥
ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥ ਸਤਗੁਰੁ ਸੇਵਿ ਗੁਣ ਨਿਧਾਨੁ	(ਪਰ ਇਹ ਨਿਤਾਣਾ ਜੀਵ) ਕੁਟੰਬ ਨੂੰ ਦੇਖਕੇ (ਉਸ ਦੇ) ਮੋਹ ਵਿਚ ਲੁਭਿਤ ਹੋ ਜਾਂਦਾ ਹੈ, (ਤੇ ਇਹ ਗਲ ਭੁੱਲ ਜਾਂਦਾ ਹੈ ਕਿ ਸੰਸਾਰ ਤੋਂ) ਚੱਲਣ ਵੇਲੇ (ਕੁਟੰਬ ਜੀਵ ਦੇ) ਨਾਲ ਨਹੀਂ ਜਾਇਆ ਕਰਦਾ। (ਪਰ ਜੋ) ਸਤਿਗੁਰੂ ਦੀ ਸੇਵਾ ਕਰਕੇ

ਪਾਇਆ ਤਿਸ ਦੀ ਕੀਮ ਨ ਪਾਈ ॥ ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ॥੩॥	ਗੁਣਾਂ ਦੀ ਨਿਧੀ (ਵਾਹਿਗੁਰੂ) ਨੂੰ ਪ੍ਰਾਪਤ ਕਰ ਲੈਂਦਾ ਹੈ, (ਉਹ ਉਸ ਦੇ ਗੁਣ ਵਡਿਆਈ ਵੇਖਕੇ ਹੈਰਾਨ ਹੋ ਜਾਂਦਾ ਹੈ, ਐਸਾ ਕਿ) ਉਸ (ਵਾਹਿਗੁਰੂ) ਦੀ ਕੀਮਤ ਨਹੀਂ ਪਾ ਸਕਦਾ (ਭਾਵ ਫੇਰ ਉਸ ਨੂੰ ਪਤਾ ਲਗਦਾ ਹੈ ਕਿ ਸੰਸਾਰ ਦੇ ਕੁਟੰਬ ਤੋਂ ਉਹ 'ਗੁਣ ਨਿਧਾਨ' ਕਿੰਨਾ ਅਮੋਲਕ ਹੈ)। (ਉਹ ਹੁਣ ਦ੍ਰਿੜ ਵਿਸ਼ਵਾਸ ਵਿਚ ਹੁੰਦਾ ਹੈ ਕਿ) ਹਰੀ ਪ੍ਰਭੂ ਹੀ (ਏਥੇ ਮੇਰਾ) ਸਖਾ ਹੈ, ਪ੍ਰਭੂ ਹੀ ਮੇਰਾ (ਅਗੇ) ਮਿਤ੍ਰ ਹੈ (ਅਤੇ) ਅੰਤ (ਵੇਲੇ ਬੀ ਉਹੋ ਮੇਰਾ) ਸਹਾਈ ਹੋਵੇਗਾ[1]॥ ੩ ॥
ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥ ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ ਵਸਾਈ ॥ ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੪॥੧੫॥੪੮॥	(ਜੇ ਕੋਈ ਗੁਰੂ ਸੇਵਾ ਬਿਨਾਂ) ਅਪਣੇ ਮਨ ਚਿਤ ਵਿਚ (ਬਥੇਰਾ) ਪਿਆ ਕਹੇ[2] (ਕਿ ਮੇਰੇ ਵਿਚ ਆਪਾ ਭਾਵ ਨਹੀਂ ਹੈ ਪਰ) ਗੁਰੂ ਤੋਂ ਬਿਨਾ ਆਪਾ ਭਾਵ ਦੂਰ ਨਹੀਂ ਹੁੰਦਾ। (ਇਸ ਲਈ ਨਿਸਚਾ ਬੰਨ੍ਹ ਲਉ ਕਿ) ਹਰ ਜੀਉ ਦਾਤਾ ਹੈ, ਭਗਤੀ ਨੂੰ ਪਜਾਰ ਕਰਦਾ ਹੈ, ਕਿਰਪਾ ਕਰਕੇ (ਭਗਤਾਂ ਦੇ) ਮਨ ਵਿਚ (ਭਗਤੀ) ਵਸਾ ਦੇਂਦਾ ਹੈ। ਹੇ ਨਾਨਕ ! ਪ੍ਰਭੂ ਆਪ ਹੀ ਗੁਰਮੁਖ ਨੂੰ ਸੁਰਤ (= ਭਗਤੀ ਕਮਾਉਣ ਵਾਲੀ ਗਜਾਤ) ਦੇਂਦਾ ਹੈ, (ਜਗਤ ਵਿਚ) ਸ਼ੋਭਾ ਦੇਂਦਾ ਹੈ, (ਅਤੇ ਪਰਲੋਕ ਵਿਚ) ਵਡਿਆਈ ਦੇਂਦਾ ਹੇ (ਤਾਂ ਤੇ ਉਸ ਦੀ ਸ਼ਰਣ ਲਉ) ॥ ੪ ॥ ੧੫ ॥ ੪੮ ॥

ਵਜਾਖਜਾ–ਅੰਕ ੧ ਵਿਚ ਇਹ ਗੱਲ ਦੱਸੀ ਹੈ ਕਿ ਭਗਤੀ ਗੁਰੂ ਕ੍ਰਿਪਾ ਨਾਲ ਹੁੰਦੀ ਹੈ। ਰਹਾਉ ਵਿਚ ਭਗਤਿ ਹੀਣ ਦੀ ਮਾੜੀ ਦਸ਼ਾ ਦਿਖਾਈ ਹੈ। ਅੰਕ ੨ ਵਿਚ ਬਖ਼ਸ਼ੰਦ ਦੀ ਮਿਹਰ ਦਾ ਵੇਰਵਾ ਹੈ। ਅੰਕ ੩ ਵਿਚ ਕੁਟੰਬ ਦੇ ਮੋਹ ਦੀ ਅਨਸਥਿਰਤਾ ਹੈ ਤੇ ਗੁਰੂ ਪਰਮੇਸ਼ੁਰ ਦੀ ਮਿਹਰ ਦਾ ਆਸਰਾ ਦਿੱਤਾ ਹੈ। ਅੰਕ ੪ ਵਿਚ ਉਹੋ ਵਿਸ਼ਯ ਚਲਦਾ ਹੈ :- ਮੇਹਰਾਂ ਦਾ ਸਾਈਂ ਪ੍ਰਭੂ ਹੈ ਤੇ ਮੇਹਰ ਗੁਰੂ ਦੁਆਰਾ ਕਰਦਾ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ – ੪੯)

ਪ੍ਰਾਕ੍ਥਨ– ਅਗਲੇ ਸ਼ਬਦ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਦੀ ਧੰਨਜਤਾ ਤੇ ਉਹਨਾਂ ਦੁਆਰਾ ਆਪ ਦੀ ਧੰਨਜਤਾ, ਗੁਰੂ ਜੀ ਤੋਂ ਪ੍ਰਾਪਤ ਸੁਖ, ਉਨ੍ਹਾਂ ਦੀ ਪਰਮ ਉੱਚਤਾ ਤੇ ਜਗਤ ਤੇ ਹੋ ਰਹੇ ਉਪਕਾਰ ਦਾ ਸੰਖੇਪ ਵਰਣਨ ਹੈ !

---

[1] ਅਥਵਾ, ਗੁਰੂ ਜੀ ਆਪਣਾ ਤਜਰਬਾ ਦੱਸ ਰਹੇ ਹਨ ਕਿ ਸਤਿਗੁਰੂ ਦੀ ਸੇਵਾ ਕਰਕੇ ਮੈਂ ਵਾਹਿਗੁਰੂ ਪਾਇਆ ਹੈ, ਉਸ ਵਾਹਿਗੁਰੂ ਦੀ ਕੀਮਤ ਨਹੀਂ ਕਹੀ ਜਾ ਸਕਦੀ, ਉਹ ਅਮੁੱਲ ਹੈ, ਉਹ ਹਰੀ ਪ੍ਰਭੂ ਏਥੇ ਮੇਰਾ ਸਖਾ ਹੈ, ਅਗੇ ਮਿਤ੍ਰ ਹੈ ਤੇ ਅੰਤ ਮੇਰਾ ਸਹਾਈ ਹੋਵੇਗਾ।)

[2] 'ਕਹੈ ਕਹਾਏ' ਮੁਹਾਵਰਾ ਹੈ: ਬਥੇਰਾ ਪਿਆ ਕਹੇ। ਪਰ ਇਸ ਦੇ ਅਰਥ ਐਉਂ ਬੀ ਲਾਉਂਦੇ ਹਨ - ਆਪ ਆਖੇ ਤੇ ਹੋਰਨਾਂ ਤੋਂ ਬੀ ਕਹਾ ਲਵੇ। ਭਾਵ ਲੋਕੀ ਬੀ ਕਹਿਣ ਲਗ ਜਾਣ ਕਿ ਹਉਂ ਰਹਿਤ ਹੈ।

ਮੂਲ

ਸਿਰੀ ਰਾਗੁ ਮਹਲਾ ੩ ॥

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥

ਮੇਰੇ ਮਨ ਗੁਰਮੁਖਿ ਧਿਆਇ ਹਰਿ ਸੋਇ ॥ ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥ ਰਹਾਉ ॥

ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥ ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ ॥ ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥੨॥

ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥ ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥ ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥੩॥

ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ ਨਾਨਕ ਆਪਿ

ਅਰਥ

(ਦੂਸਰੀ ਤੁਕ ਦਾ ਅਰਥ ਪਹਿਲੋਂ ਲਗੇਗਾ)

(ਜਿਸ) ਸਤਿਗੁਰੂ ਦੀ ਸੇਵਾ ਕਰਕੇ (ਮਨ) ਵਿਚੋਂ ਹਉਂ ਦੂਰ ਹੋ ਗਈ ਹੈ (ਤੇ ਆਤਮ –) ਸੁਖ ਪ੍ਰਾਪਤ ਹੋ ਗਿਆ ਹੈ (ਉਹ ਗੁਰੂ ਧੰਨ ਹੈ, ਉਸਦੀ) ਮਾਤਾ ਧੰਨ ਹੈ ਜਿਸ ਨੇ (ਉਸ ਨੂੰ) ਜਨਮ ਦਿਤਾ ਹੈ, ਤੇ ਧੰਨ ਹੈ ਉਸ ਦਾ ਪਰਮ ਸ੍ਰੇਸ਼ਟ ਪਿਤਾ। (ਉਸ ਗੁਰੂ ਦੇ) ਦੁਆਰੇ (ਅਨੇਕਾਂ) ਸੰਤ ਜਨ ਖੜੇ ਸੇਵਾ ਕਰ ਰਹੇ ਹਨ (ਤੇ ਉਸ ਤੋਂ) ਗੁਣਾਂ ਦੀ ਨਿਧੀ (ਵਾਹਿਗੁਰੂ ਜੀ) ਨੂੰ ਪ੍ਰਾਪਤ ਕਰ ਰਹੇ ਹਨ ॥ ੧ ॥

ਹੇ ਮੇਰੇ ਮਨ ! (ਉਸ) ਗੁਰੂ ਦੁਆਰਾ ਉਸ ਹਰੀ ਨੂੰ ਧਿਆਉ, (ਕਿਉਂਕਿ) ਗੁਰੂ ਦਾ (ਦਿੱਤਾ ਨਾਮ ਸਿਮਰਣ ਦਾ) ਉਪਦੇਸ਼ (ਜਦ) ਮਨ ਵਿਚ ਵਸ ਜਾਵੇ (ਤਦ) ਮਨ ਤੇ ਤਨ (ਦੋਵੇਂ) ਨਿਰਮਲ ਹੋ ਜਾਂਦੇ ਹਨ ॥ ੧ ॥ ਰਹਾਉ ॥

(ਪ੍ਰਸ਼ਨ : ਜਦ ਮਨ ਤਨ ਨਿਰਮਲ ਹੋ ਗਏ ਤਦ ਕੀਹ ਵਾਹਿਗੁਰੂ ਦਾ ਮਿਲਾਪ ਕਿਸੇ ਆਪਣੇ ਹੋਰ ਸਾਧਨ ਨਾਲ ਬੀ ਹੋਇਆ ਸੀ ? ਉੱਤਰ : ਨਹੀਂ) (ਵਾਹਿਗੁਰੂ) ਕਿਰਪਾ ਕਰਕੇ (ਮੇਰੇ) ਹਿਰਦੇ ਵਿਚ ਆ ਗਿਆ (ਤੇ) ਆਪ ਹੀ ਆ ਮਿਲਿਆ। (ਸੋ ਭਾਈ !) ਗੁਰੂ ਦੇ (ਦਿਤੇ) ਸ਼ਬਦ ਦੁਆਰਾ (ਜੇ ਹਰੀ ਦੀ) ਸਿਫਤ ਸਲਾਹ ਕਰੀਏ (ਤਾਂ ਉਹ ਆਪਣੇ ਪ੍ਰੇਮ ਵਿਚ) ਸਹਜ ਸੁਭਾਵ (ਆਪੇ) ਰੰਗ ਲੈਂਦਾ ਹੈ। (ਇਹ ਅਵਸਥਾ ਹੋ ਜਾਏ ਤਾਂ ਸਮਝ ਲਓ ਕਿ ਹੁਣ ਜੀਵ) ਸੱਤਜ (ਸਰੂਪ) ਹੋ ਜਾਣ ਕਰਕੇ ਸਤਜ ਸਰੂਪ ਵਿਚ ਸਮਾ ਗਿਆ ਹੈ, (ਹੁਣ ਸਦਾ) ਮਿਲਿਆ ਰਹੇਗਾ, ਕਦੇ ਵਿਛੜ ਨਹੀਂ ਜਾਏਗਾ ॥ ੨ ॥

(ਹਾਂ, ਹੁਣ ਇਹ ਬੀ ਦਿੱਸ ਪੈਂਦਾ ਹੈ ਕਿ) ਜੋ ਕੁਛ ਕਰਣਾ ਹੁੰਦਾ ਹੈ, ਉਹ (ਹਰੀ) ਆਪ ਹੀ ਕਰ ਰਿਹਾ ਹੈ, ਹੋਰ ਕੁਛ ਕੀਤਾ ਜਾ ਹੀ ਨਹੀਂ ਸਕਦਾ। (ਦੇਖੋ ਸਾਨੂੰ) ਚਿਰਾਂ ਦੇ ਵਿਛੁੜਿਆਂ ਨੂੰ (ਸਾਈਂ ਨੇ) ਸਤਿਗੁਰੂ ਦੇ ਪੰਨੇ ਪਾਕੇ (ਆਪੇ ਆਪਣੇ ਨਾਲ) ਮੇਲ ਲਿਆ ਹੈ, (ਅਗੋਂ ਦਾ ਫਿਕਰ ਬੀ ਬਾਕੀ ਨਹੀਂ, ਜੋ) ਕਾਰ (ਸਾਥੋਂ ਕਰਾਉਣੀ ਹੈ) ਆਪੇ ਹੀ ਕਰਾਏਗਾ (ਕਿਉਂਕਿ ਹੁਣ) ਹੋਰ ਕੁਛ ਕੀਤਾ ਜਾ ਹੀ ਨਹੀਂ ਸਕਦਾ॥੩॥

(ਹੁਣ ਅਵਸਥਾ ਤੇ ਅਮਲ ਇਹ ਹੈ:) ਮਨ ਤੇ ਤਨ (ਵਾਹਿਗੁਰੂ) ਪ੍ਰੇਮ ਨਾਲ ਰੰਗੀਜ ਰਿਹਾ ਹੈ, ਹਉਮੈ ਦਾ ਵਿਕਾਰ ਹੈ ਹੀ ਨਹੀਂ। ਨਿਰੰਕਾਰ ਦਾ ਨਿਰਭਉ (ਕਰਨੇ ਵਾਲਾ) ਨਾਮ ਦਿਨ ਰਾਤ ਹਿਰਦੇ ਵਿਚ ਵੱਸ ਰਿਹਾ ਹੈ। ਹੇ ਨਾਨਕ !

ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥	(ਨਿਰੰਕਾਰ ਜੀ ਨੇ) ਪੂਰੇ ਤੇ ਪਾਰ ਰਹਿਤ ਸ਼ਬਦ ਦੁਆਰਾ (ਸਾਨੂੰ) ਆਪ (ਆਪਣੇ ਨਾਲ) ਮੇਲ ਰਖਿਆ ਹੈ ॥੪॥੧੬॥੪੯॥

ਵਯਾਖਯਾ-ਆਰੰਭ ਵਿਚ ਹੀ ਆਪਣੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਪ੍ਰਾਪਤ ਹੋਏ ਸੁਖ ਦਾ ਤੇ ਉਨਾਂ ਤੋਂ ਹੋ ਰਹੇ ਜਗਤ ਉਪਕਾਰ ਦਾ ਵਰਣਨ ਕਰ ਰਹੇ ਹਨ। ਉਨ੍ਹਾਂ ਦੀ ਧੰਨਯਤਾ ਇਤਨੀ ਉਛਲ ਉਛਲਕੇ ਨਿਕਲਦੀ ਹੈ ਕਿ ਉਨ੍ਹਾਂ ਦੇ ਮਾਤਾ ਪਿਤਾ ਨੂੰ ਬੀ ਅਸ਼ੀਰਵਾਦਾਂ ਦੇਂਦੀ ਹੈ।

ਰਹਾਉ ਵਿਚ ਆਪਣੇ ਮਨ ਪ੍ਰਤਿ ਨਾਮ ਦਾ ਉਪਦੇਸ਼ ਹੈ ਜੋ ਗੁਰ ਸ਼ਬਦ ਦੁਆਰਾ ਪ੍ਰਾਪਤ ਹੋਇਆ ਹੈ। ਇਹ ਅਸਲ ਉਪਦੇਸ਼ ਨਹੀਂ, ਦਿਲ ਦੀ 'ਨਾਮ ਖਚਿਤ ਅਵਸਥਾ' ਦਾ ਵਰਣਨ ਹੈ, ਜਿਸ ਤੋਂ ਕਿ ਸ਼ੁੱਧ ਅਵਸਥਾ ਪ੍ਰਾਪਤ ਹੋ ਗਈ ਹੈ।

ਰਹਾਉ ਤੋਂ ਬਾਦ ਫੇਰ ਈਸ਼੍ਵਰ ਦੀ ਪ੍ਰਾਪਤੀ ਉਸ ਦੀ ਮੇਹਰ ਦੁਆਰਾ ਦੱਸੀ ਹੈ। ਪਰ ਇਹ ਇਕ ਖਾਸ ਮਿਹਰ ਦਾ ਜ਼ਿਕਰ ਹੈ। ਮਨ ਨਿਰਮਲ ਹੋ ਜਾਣਾ ਇਕ ਪ੍ਰਾਪਤੀ ਹੈ। ਪਰ ਵਾਹਿਗੁਰੂ ਦਾ ਜੀਵ ਨੂੰ ਮੇਲ ਲੈਣਾ ਯਾ ਆ ਮਿਲਣਾ ਇਹ ਉਸ ਦੀ ਉਸ ਤੋਂ ਉਪਰ ਦੀ ਕ੍ਰਿਪਾ ਦੀ ਲੀਲਾ ਹੈ। ਜੀਵ ਦਾ ਕੋਈ ਸਾਧਨ ਸ੍ਵਯੰ ਇਹ ਪ੍ਰਾਪਤੀ ਨਹੀਂ ਕਰ ਸਕਦਾ। ਇਸਤ੍ਰੀ ਦਾ ਮਨ ਤਨ ਕਰਕੇ ਪਤੀ ਪਰਾਇਣ ਹੋ ਜਾਣਾ ਬੜੀ ਭਾਰੀ ਖ਼ੂਬੀ ਹੈ, ਪਰ ਪਤੀ ਦਾ ਗਲ ਲਾਉਣਾ ਪਤੀ ਦੀ ਆਪਣੀ ਲੀਲਾ ਹੈ, ਉਹ **'ਬਾਹ ਪਕਰਿ ਪ੍ਰਿਅ ਸੇਜੈ ਆਨੀ'** (ਆਸਾ ਮ: ੫-੭) ਦਾ ਚੋਜ ਉਸ ਦਾ ਆਪਣਾ ਸੁਤੰਤ੍ਰ ਚੋਜ ਹੈ। ਅੰਕ ੨ ਵਿਚ ਇਸ ਲੀਲਾ ਵਲ ਇਸ਼ਾਰਾ ਹੈ ਕਿ ਆਪੇ ਕਿਰਪਾ ਕਰਕੇ ਸਾਡੇ ਅੰਦਰ ਆ ਗਿਆ, ਹਾਂ ਆਪ ਹੀ ਆ ਮਿਲਿਆ ਤੇ ਸਾਨੂੰ ਆਪਣੇ ਪਿਆਰ ਵਿਚ ਰੰਗ ਲਿਆ ਤੇ ਸਾਡੇ ਸ਼ੁੱਧ ਆਤਮਾਂ ਨੂੰ ਆਪਣੇ ਸਰਬ ਵਯਾਪੀ 'ਸਤਜ ਸਰੂਪ' ਵਿਚ ਲੈ ਗਿਆ। ਹੁਣ ਮੇਲ ਸਦੈਵੀ ਹੈ, ਹੁਣ ਵਿਛੜਨਾ ਨਹੀਂ ਹੋ ਸਕਦਾ :-

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ (ਗਉੜੀ ਮਹਲਾ ੫, ਛੰਤ - ੪)

ਅੰਕ ੩ ਵਿਚ ਇਸੇ ਖਯਾਲ ਦੀ ਨੈਯਾ ਜਾਰੀ ਹੈ। ਪਰ ਇਸ ਵਿਚ ਵਾਹਿਗੁਰੂ ਜੀ ਦੀ ਕ੍ਰਿਪਾ ਦੇ ਨਾਲ ਫੇਰ ਗੁਰੂ ਕ੍ਰਿਤਗਯਤਾ ਆਈ ਹੈ ਕਿ ਅਸੀ ਚਿਰਾਂ ਦੇ ਵਿਛੜੇ ਸਾਂ, ਸਾਈਂ ਨੇ ਮੇਲ ਲਏ ਹਾਂ। ਕਿਵੇਂ ? ਸਤਿਗੁਰੂ ਦੇ ਪੰਨੇ ਪਾਕੇ। ਪੰਨਾਂ ਨਾਮ ਵਹੀ ਦੇ ਪੜ੍ਹੇ ਦਾ ਹੈ। ਜਿਨ੍ਹਾਂ ਦਾ ਇਤਬਾਰ ਸ਼ਾਹ ਦੇ ਘਰ ਹੋ ਜਾਵੇ; ਉਹਨਾਂ ਦਾ ਨਾਉਂ ਵਹੀ ਤੇ ਚੜ੍ਹ ਜਾਂਦਾ ਹੈ, ਉਹ ਪੂਰੇ ਇਤਬਾਰੀ ਹੋ ਜਾਂਦੇ ਹਨ। **ਜੈਸਾ** ਕਿ ਸਤਿਗੁਰੂ ਜੀ ਦਾ ਆਪਣਾ ਵਾਕ ਹੈ:-

ਨਾਨਕ ਤਿਨ੍ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥ (ਬਿਲਾ : ਵਾਰ ਮ: ੩-੯)

ਏਸ ਸ਼ਬਦ ਵਿਚ ਵਾਕ ਹੈ 'ਸਤਿਗੁਰ ਪੰਨੈ ਪਾਇ॥' ਸਤਿਗੁਰੂ ਦੇ ਪੰਨੇ ਪਾਕੇ[1] ਸਾਨੂੰ ਮੇਲ ਲਿਆ ਹੈ ਕਿ ਜਿਥੇ ਸਾਡੇ ਸਤਿਗੁਰੂ ਦਾ ਨਾਮ ਦਰਜ ਸੀ ਉਥੇ ਸਾਡਾ ਨਾਮ ਲਿਖ ਲਿਆ। ਇਸ ਵਿਚ ਦੋ ਸੈਨਤਾਂ ਹਨ, ਇਕ ਤਾਂ ਇਹ ਕਿ ਸਾਡੇ ਤੇ ਮਿਹਰ ਗੁਰੂ ਦੀ ਤੁਫੈਲ ਹੋਈ ਹੈ, ਦੂਸਰੀ ਇਹ ਕਿ ਇਤਨੀ ਮੇਹਰ ਹੋਈ ਹੈ ਕਿ ਨਿਰੀ ਸਿੱਖੀ ਹੀ ਨਹੀਂ 'ਗੁਰਿਆਈ' ਬੀ ਸਾਨੂੰ ਬਖਸ਼ੀ ਗਈ ਹੈ। ਅਗੇ ਹੁਣ ਹੋਰ ਕਟਾਖਯ ਹੈ ਕਿ ਇਹ ਕੁਛ ਪਾਕੇ ਸਾਈਂ ਮਿਲਾਪ ਵਿਚ ਮਿਲਕੇ ਬੀ ਅਸੀਂ ਅਕ੍ਰੇ ਨਹੀਂ ਹੋ ਗਏ। ਅਸੀਂ **'ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ'** (ਸਿਰੀ: ਮ:੩-੪੯) ਵਾਲੇ 'ਭਗਤੀ ਰੰਗ' ਵਿਚ ਖੇਲ ਰਹੇ ਹਾਂ।

[1] ਸ਼ਾਹਾਂ ਦੀਆਂ ਵਹੀਆਂ ਵਿਚ ਬੇਇਤਬਾਰੇ ਵਪਾਰੀਆਂ ਦੇ ਨਾਵਾਂ ਦੇ ਖਾਤੇ ਨਹੀਂ ਖੁਲ੍ਹਦੇ। ਵਹੀ ਦੇ ਪੰਨੇ ਤੇ ਨਾਂ ਦਰਜ ਹੋਣਾ ਹੈ 'ਪੰਨੇ ਪੈਣਾ'। ਭਾਵ ਹੈ ਸਾਈਂ ਦੇ ਪਯਾਰ ਵਿਚ ਆ ਜਾਣਾ।

ਨਿਰੁਕ੍ਤ–ਪਰਧਾਨੁ – (ਸੰਸ:, ਪ੍ਰਧਾਨ: = ਮੁਖੀਆ, ਸਭ ਤੋਂ ਵਡਾ) ਪਰਮ ਸ੍ਰੇਸ਼ਟ।

ਨਿਰਮਲੁ – ਮੈਲ ਤੋਂ ਰਹਿਤ। ਹਉਂ ਯਾ ਅਵਿਦਯਾ ਦੀ ਮੈਲ ਤੋਂ ਰਹਿਤ। ਸ਼ੁੱਧ। ਅੰਕ ੪ ਵਿਚ 'ਹਉਮੈ ਤਜਿ ਵਿਕਾਰ' ਕਹਿਕੇ ਨਿਰਮਲੁ ਦਾ ਅਰਥ ਆਪ ਹੀ ਦੱਸ ਦਿੱਤਾ ਹੈ।

ਘਰਿ – ਘਰ ਵਿਚ, ਹਿਰਦੇ ਵਿਚ, (ਮੇਰੇ) ਹਿਰਦੇ ਵਿਚ।

(ਅ) ਕਈ ਦਾਨੇ ਸਜਣ ਐਉਂ ਬੀ ਕਰਦੇ ਹਨ ਕਿ ਮਨ ਤਾਂ ਅਪਣੇ ਘਰ ਵਿਚ ਆ ਗਿਆ, ਧਾਵਨੋ ਹਟਕੇ ਟਿਕ ਗਿਆ, ਤੇ 'ਆਪੇ ਮਿਲਿਆ ਆਇ' ਵਾਹਿਗੁਰੂ।

ਸਚੇ ਸਚਿ – ਸੱਚੇ ਹੋ ਜਾਣੇ ਕਰਕੇ ਸਚਿ ਵਿਚ। ਮਨੁਖ ਦਾ ਆਪਾ ਸ੍ਵੱਛ ਹੋ ਕੇ ਸ਼ੁੱਧ 'ਸਤ੍ਯ' ਰੂਪ ਹੋ ਜਾਂਦਾ ਹੈ, ਉਹ ਫਿਰ ਵ੍ਯਾਪਕ ਸੱਚ – **'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥'** (ਜਪੁਜੀ) ਵਿਚ ਤਦਰੂਪ ਕਰ ਲਿਆ ਜਾਂਦਾ ਹੈ।

(ਅ) ਸਚੇ (ਨਾਮ ਦੁਆਰਾ) ਸਚ ਵਿਚ।

ਪੰਨੈ– (ਪੰ:ਪੰਨਾ। ਸੰਸ:,ਪਰ੍ਣੰ । ਪ੍ਰਾ: ਪਣ) ਪੱਤ੍ਰਾ, ਵਹੀ ਦਾ ਪੱਤ੍ਰਾ। 'ਪੰਨੈ ਪੈਣਾ' ਹੈ ਇਤਬਾਰੀ ਹੋਣਾ। ਸ਼ਾਹੂਕਾਰ ਵਹੀ ਵਿਚ ਉਹਨਾਂ ਦੇ ਨਾਮ ਦੇ ਖਾਤੇ ਖੋਹਲਦੇ ਹਨ ਜੋ ਇਤਬਾਰੀ ਹੁੰਦੇ ਹਨ। ਫਿਰ ਜੋ ਵਡੇ ਦਰਜਿਆਂ ਤੇ ਚੜ੍ਹਦੇ ਹਨ ਉਹਨਾਂ ਦੇ ਨਾਮ ਦਫਤਰਾਂ ਵਿਚ ਲਿਖੇ ਜਾਂਦੇ ਹਨ। ਏਥੇ 'ਸਤਗੁਰ ਪੰਨੈ ਪਾਇ' ਹੈ। ਭਾਵ ਦੋ ਹੋ ਸਕਦੇ ਹਨ ਕਿ ਅਸੀਂ ਵਾਹਿਗੁਰੂ ਦਰ ਇਤਬਾਰ ਯੋਗ ਗੁਰੂ ਕਰਕੇ ਹੋਏ ਹਾਂ, ਜਿਸ ਪੰਨੇ ਉਹਨਾਂ ਦਾ ਨਾਮ ਦਰਜ ਹੈ ਉਥੇ ਉਹਨਾਂ ਦੇ ਇਤਬਾਰ ਤੇ ਸਾਡਾ ਨਾਮ ਲਿਖਿਆ ਗਿਆ ਹੈ। 'ਵਾਹਿਗੁਰੂ ਪ੍ਰਾਪਤੀ' ਗੁਰੂ ਦਾ ਸਦਕਾ ਹੋਈ ਹੈ। ਦੂਸਰਾ ਕਟਾਖ੍ਯ ਇਹ ਹੈ ਕਿ ਅਸੀਂ 'ਕੇਵਲ ਸ਼ਾਹ ਦੇ ਇਤਬਾਰੀ ਵਪਾਰੀ ਹੀ ਨਹੀਂ ਬਣੇ, ਸਾਡਾ ਨਾਮ ਸੱਚੇ ਸ਼ਾਹ ਨੇ ਅਪਣੀ 'ਗੁਰੂ ਵਹੀ ਵਿਚ ਲਿਖਿਆ ਹੈ। ਭਾਵ– ਸਾਡੇ ਤੇ ਇਹ ਮੇਹਰ ਹੋਈ ਹੈ ਕਿ 'ਗੁਰੂ' ਪਦ ਦੀ ਵਡਿਆਈ ਬਖਸ਼ੀ ਗਈ ਹੈ।

ਨਿਰਭਉ ਨਾਮੁ ਨਿਰੰਕਾਰ – ਨਿਰੰਕਾਰ ਦਾ ਨਿਰਭਉ (ਕਰਨੇ ਵਾਲਾ) ਨਾਮ।

ਸੂਚਨਾ – ਗੁਰੂ ਜੀ ਦਾ ਇਹ ਕੁਛ ਕਹਿਣਾ ਬੜਾ ਨਿੰਮ੍ਰਤਾ ਤੇ ਸੁੱਚੇ ਪਿਆਰ ਦਾ ਸੂਚਕ ਹੈ। ਆਪ ਜੀ ਸਾਂਈਂ 'ਗੁਰੂ ਜਯੋਤੀ' ਵਿਚੋਂ ਸਨ, ਜਿਵੇਂ ਗੁਰੂ ਨਾਨਕ ਦੇਵ ਜੀ ਸਨ। ਗੁਰੂ ਨਾਨਕ ਦੇਵ ਜੀ ਨੇ 'ਗੁਰੁ ਆਦਰਸ਼' ਪੂਰਨ ਦੱਸਣਾ ਸੀ, ਪਰ ਆਪ ਨੇ ਗੁਰੂ ਅੰਗਦ ਦੇਵ ਜੀ ਵਾਂਗ ਹੀ ਜਗਤ ਨੂੰ ਪਹਿਲਾਂ 'ਗੁਰ ਸਿਖੀ ਦਾ ਪੂਰਨ ਆਦਰਸ਼' ਦਿਖਾਉਣਾ ਸੀ, ਫੇਰ ਗੁਰੂ ਦਾ ਪੂਰਾ ਆਦਰਸ਼ ਦੱਸਣਾ ਸੀ। ਏਸ ਕਰਕੇ ਗੁਰੂ ਦਰ ਅੱਪੜਦੇ ਤਾਂਈਂ ਆਪ ਪਰਮਾਰਥ ਦੇ ਖੋਜੀ ਤੇ ਘਾਲੀ ਟਿਕੇ ਰਹੇ। ਜਦ ਗੁਰੂ ਦਰ ਅੱਪੜੇ ਤਾਂ 'ਨਾਮ ਮੇਹਰ' ਦੁਆਰਾ ਅਪਣੇ ਅਸਲੇ ਗੁਰੂ ਜਯੋਤੀ ਰੂਪ ਵਿਚ ਆਕੇ ਚਮਕੇ ਤੇ ਗੁਰ ਗਦੀ ਤੇ ਬਿਰਾਜੇ।

(ਸਿਰੀ ਰਾਗੁ ਮਹਲਾ ੩, ਚਉਪਦਾ – ੫੦)

ਪ੍ਰਾਕ੍ਥਨ– ਪਰਮੇਸ਼ਰ ਦਾ ਅੰਤ ਪਾ ਸਕਣਾ ਨਹੀਂ ਹੋ ਸਕਦਾ ਪਰ ਪਰਮੇਸ਼ੁਰ ਜੀ ਨੂੰ ਪ੍ਰਾਪਤ ਹੋ ਸਕੀਦਾ ਹੈ। ਉਸ ਦੀ ਪ੍ਰਾਪਤੀ ਦਾ ਤ੍ਰੀਕਾ ਹਉਂ ਨਵਿਰਤੀ ਵਿਚ ਹੈ। ਹਉਂ ਨਵਿਰਤੀ ਨਾਮ ਨਾਲ ਹੈ। ਨਾਮ ਗੁਰੂ ਮੇਹਰ ਨਾਲ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥ ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥	(ਪ੍ਰਸ਼ਨ: ਪਿਛਲੇ ਸ਼ਬਦ ਦੇ ਅੰਤ ਵਿਚ ਆਪ ਜੀ ਨੇ ਹਰੀ ਨੂੰ ਨਿਰੰਕਾਰ ਦੱਸਿਆ ਹੈ, ਜੋ ਨਿਰਅਕਾਰ ਹੈ ਉਸਦਾ ਅੰਤ ਕੀਕੂੰ ਪਾਈਦਾ ਹੈ ? ਉੱਤਰ:) ਗੋਬਿੰਦ (ਨਿਰਾਕਾਰ ਤੇ ਨਿਰਗੁਣ ਹੈ, ਪਰ ਨਾਲ ਸਰਗੁਣ ਬੀ ਹੈ, ਸਗੋਂ ਉਹ) ਸਾਰੇ ਗੁਣਾਂ ਦਾ ਭੰਡਾਰ ਹੈ (ਪਰ ਫੇਰ ਬੀ ਉਸਦਾ) ਅੰਤ ਨਹੀਂ ਪਾਇਆ ਜਾ ਸਕਦਾ। (ਕਿੰਤੂ ਉਸ ਨੂੰ ਪਾ ਸਕੀਦਾ ਹੈ ਪਰ ਉਹ ਬੀ) ਮੂੰਹ ਦੀਆਂ ਗੱਲਾਂ ਨਾਲ ਨਹੀਂ ਪਾਇਆ ਜਾਂਦਾ (ਉਹ ਤਾਂ ਪਾਇਆ ਜਾਂਦਾ ਹੈ ਜੇ ਸਾਡੇ ਵਿਚੋਂ) ਹਉਮੈ ਚਲੀ ਜਾਵੇ। (ਉਸ ਦੀ ਜੁਗਤਿ ਇਹ ਹੈ ਕਿ ਸਿਖ) ਸਤਿਗੁਰੂ ਦੇ ਮਿਲ ਪੈਣ ਨਾਲ (ਵਾਹਿਗੁਰੂ ਜੀ ਦੇ) ਡਰ ਵਿਚ ਸਦੀਵ ਰਹਿਣ ਲਗ ਪੈਂਦਾ ਹੈ (ਇਸ ਨਾਲ ਹਉਮੈ ਦੂਰ ਹੋ ਜਾਂਦੀ ਹੈ ਤਦ ਵਾਹਿਗੁਰੂ) ਆਪ (ਇਸ ਦੇ) ਮਨ ਵਿਚ ਆ ਵਸਦਾ ਹੈ ॥ ੧ ॥
ਭਾਈ ਰੇ ਗੁਰਮੁਖਿ ਬੂਝੈ ਕੋਇ ॥ ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥	ਹੇ ਭਾਈ ! ਕੋਈ (ਵਿਰਲਾ ਹੀ) ਗੁਰੂ ਦੁਆਰਾ ਬੁੱਝਦਾ ਹੈ। (ਗੁਰ ਉਪਦੇਸ਼ ਨੂੰ) ਬੁੱਝੇ ਬਿਨਾਂ[1] ਜੋ ਕਰਮ ਕਮਾਉਣੇ ਹਨ, ਉਹ (ਮਾਨੁੱਖਾ-) ਜਨਮ (ਰੂਪੀ) ਪਦਾਰਥ ਨੂੰ (ਬਿਰਥਾ) ਗੁਆ ਦੇਣਾ ਹੈ ॥ ੧ ॥ ਰਹਾਉ ॥
ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥ ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥ ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥੨॥	(ਕਿਉਂਕਿ ਗੁਰ ਉਪਦੇਸ਼ ਦੀ ਕਮਾਈ ਦੇ ਰਸ ਨੂੰ) ਜਿਨ੍ਹਾਂ ਨੇ ਚਖਿਆ ਹੈ ਉਨ੍ਹਾਂ ਨੇ ਹੀ (ਉਸਦਾ) ਸੁਆਦ ਪਾਇਆ ਹੈ, ਚੱਖੇ ਬਿਨਾ (ਜੀਵ) ਭਰਮ ਵਿਚ ਭੁੱਲਾ ਰਹਿੰਦਾ ਹੈ। (ਹਾਂ) ਸੱਚਾ ਨਾਮ ਅੰਮ੍ਰਿਤ (ਵਾਂਙੂ ਮਿੱਠਾ) ਹੈ, (ਉਸ ਦੀ ਮਹਿਮਾ) ਕੁਛ ਨਹੀਂ ਕਹੀ ਜਾ ਸਕਦੀ। ਜਿਸ ਨੇ ਪੂਰੇ (ਗੁਰੂ) ਦੇ ਉਪਦੇਸ਼ ਵਿਚ ਸਮਾ ਕੇ (ਪੀ ਲਿਆ, ਉਹ) ਪੀਂਦਿਆਂ ਹੀ (ਦਰਗਾਹੇ) ਕਬੂਲ ਪੈ ਗਿਆ ॥ ੨ ॥
ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥ ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥੩॥	(ਇਹ ਦਾਤ ਵਾਹਿਗੁਰੂ) ਆਪੇ ਦੇਵੇ ਤਾਂ ਪਾਈਦੀ ਹੈ, ਹੋਰ (ਜੀਵਾਂ ਤੋਂ) ਕੁਛ ਨਹੀਂ ਕੀਤਾ ਜਾ ਸਕਦਾ (ਜਿਸ ਕਰਕੇ ਕਿ ਇਹ ਆਪਣੇ ਬਲ ਨਾਲ ਪਾ ਲੈਣ)। (ਹਾਂ) ਦਾਤ ਹੈ ਤਾਂ ਦੇਣ ਵਾਲੇ (ਵਾਹਿਗੁਰੂ) ਦੇ ਹਥ ਵਿਚ (ਪਰ ਜੀਵ ਇਹ) ਪਾਉਂਦਾ ਗੁਰੂ ਦੇ ਦੁਆਰੇ ਹੀ ਹੈ। ਜੇਹਾ (ਕੁਛ ਜੀਵ ਨੇ) ਕੀਤਾ ਤੋਹੋ ਜੇਹਾ ਹੋ ਗਿਆ (ਜੇਹੇ) ਜੇਹੇ ਕਰਮ ਕਮਾਏ (ਤੇਹੋ ਜੇਹੇ ਬਣ ਗਏ। ਭਾਵ ਜੀਵਾਂ ਦੇ ਕਰਮ, ਗੁਰੂ ਦੀ ਪ੍ਰਾਪਤੀ ਤੇ ਵਾਹਿਗੁਰੂ ਦੀ ਮੇਹਰ ਦਾ ਕੋਈ ਸੰਗਮ ਹੈ) ॥ ੩ ॥

[1]ਭਾਵ ਹੈ ਗੁਰ ਉਪਦੇਸ਼ ਦੁਆਰਾ ਦਿਤੇ ਗਏ ਨਾਮ ਨੂੰ ਸਮਝ ਲੈਣਾ ਕਿ ਨਾਮ ਮੁਕਤੀ ਦਾਤਾ ਹੈ। ਇਹ ਗਲ ਅੰਕ ੨ ਦੀ ਦੂਸਰੀ ਸਤਰ ਤੋਂ ਸਬੂਤ ਹੋ ਜਾਂਦੀ ਹੈ 'ਅੰਮ੍ਰਿਤ ਸਾਚਾ ਨਾਮ ਹੈ।'

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥ ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥੪॥੧੭॥੫੦॥

(ਪ੍ਰਸ਼ਨ: ਜਤ, ਸਤ, ਸੰਜਮ, ਏਹ ਕਾਫੀ ਨਹੀਂ ? ਉੱਤਰ:) (ਅਸੀਂ ਜੋ ਨਾਮ ਦੱਸ ਰਹੇ ਹਾਂ ਇਹੋ) ਨਾਮ ਹੀ ਜਤ ਸਤ ਤੇ ਸੰਜਮ ਹੈ, ਨਾਮ ਤੋਂ ਬਿਨਾ (ਮਨ ਹਉਮੈ ਤੋਂ) ਨਿਰਮਲ ਨਹੀਂ ਹੁੰਦਾ। ਪੂਰੇ ਭਾਗ (ਹੋਣ ਤਾਂ) ਨਾਮ ਮਨ ਵਿਚ ਵਸਦਾ ਹੈ (ਅਤੇ ਵਾਹਿਗੁਰੂ ਨਾਲ) ਮਿਲਾਪ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਸਹਜੇ (ਭਾਵ ਨਾਮ ਮਾਰਗ ਦੁਆਰਾ), ਹੀ ਹੇ ਨਾਨਕ ! (ਜੋ ਹਰੀ ਦੇ) ਪ੍ਰੇਮ ਵਿਚ ਵਰਤਦਾ ਹੈ ਹਰੀ ਦੇ ਗੁਣ ਉਹ ਪ੍ਰਾਪਤ ਕਰਦਾ ਹੈ। (ਭਾਵ ਪਹਿਲੀ ਤੁਕ ਵਿਚ ਜੋ ਗੋਬਿੰਦ ਗੁਣੀ ਨਿਧਾਨੁ ਕਿਹਾ ਸੀ ਉਸ ਵਲ ਸੈਨਤ ਹੈ। ਵਾਹਿਗੁਰੂ ਦਾ ਪ੍ਰੇਮੀ ਬੀ ਅੰਤ ਤਾਂ ਨਹੀਂ ਲੈ ਸਕਦਾ, ਪਰ ਹਰੀ ਦੇ ਗੁਣ ਸਾਰੇ ਉਸ ਵਿਚ ਆਵੇਸ਼ ਕਰਨਗੇ। ਮੁਰਾਦ ਹੈ ਕਿ ਹਰੀ ਵਿਚ ਸਮਾਏਗਾ। ਯਥਾ:-

'**ਗੁਣ ਕਹਿ ਗੁਣੀ ਸਮਾਵਣਿਆ ॥**' (ਮਾਝ ਮ: ੩, ਅਸਟ: - ੩)।

ਵਯਾਖਯਾ—ਵਾਹਿਗੁਰੂ ਨਿਰਾਕਾਰ ਹੈ ਇਸ ਕਰਕੇ ਨਿਰਾਕਾਰ ਨੂੰ ਕੋਈ ਕੀਕੂੰ ਜਾਣੇ ? ਫੁਰਮਾਉਂਦੇ ਹਨ ਕਿ ਨਿਰਾਕਾਰ ਤੇ ਨਿਰਗੁਣ ਹੈ, ਪਰ ਸਾਰੇ ਗੁਣਾਂ ਦਾ ਆਸਰਾ ਸਾਰੇ ਗੁਣਾਂ ਦਾ ਭੰਡਾਰ ਬੀ ਉਹੋ ਹੈ। ਜੀਵ ਮਿਤ ਵਾਲਾ ਹੋਣ ਕਰਕੇ ਅਮਿਤ ਦਾ ਅੰਤ ਨਹੀਂ ਲੈ ਸਕਦਾ, ਪਰ ਉਸ ਦੇ ਚਰਨਾਂ ਦੀ ਸ਼ਰਨ ਪ੍ਰਾਪਤ ਹੋ ਕੇ ਉਸ ਨੂੰ ਪਾ ਸਕਦਾ ਹੈ, ਜਿਵੇਂ ਕੋਈ ਜੀਵ ਸਮੁੰਦਰ ਤਕ ਪਹੁੰਚ ਕੇ ਸਮੁੰਦਰ ਨੂੰ ਪ੍ਰਾਪਤ ਹੋ ਜਾਂਦਾ ਹੈ, ਅੰਤ ਨਹੀਂ ਲੈ ਲੈਂਦਾ। ਪਰ ਇਹ ਪ੍ਰਾਪਤੀ ਬੀ ਗੱਲਾਂ ਨਾਲ, ਸ਼ਾਸਤ੍ਰਾਂ ਦੀਆਂ ਵਾਰਤਾਂ, ਸਾਧੂਆਂ ਦੀਆਂ ਕਥਾਂ ਆਦਿ ਯਾ ਆਪ ਕਹਿਣ ਕਹਾਉਣ ਨਾਲ ਨਹੀਂ, ਇਹ ਅੰਦਰੋਂ ਹਉਮੈ ਦੂਰ ਕਰਨ ਨਾਲ ਹੁੰਦੀ ਹੈ, ਕਿਉਂਕਿ ਸਾਡੇ ਤੇ ਉਸ ਦੇ ਵਿਚ ਪਰਦਾ ਹੀ ਹਉਂ ਦਾ ਹੈ। ਯਥਾ:-

ਹਉ ਹਉ ਭੀਤਿ ਭਇਓ ਹੈ ਬੀਚੋ ॥ (ਸੋਰਠਿ ਮ: ੫-੬੧)

ਅੱਗੇ ਚੱਲਕੇ ਦੱਸਦੇ ਹਨ ਕਿ ਹਉਂ ਦੂਰ ਨਾਮ ਨਾਲ ਹੁੰਦੀ ਹੈ। ਨਾਮ ਗੁਰੂ ਉਪਦੇਸ਼ ਨਾਲ ਮਿਲਦਾ ਹੈ। ਫਿਰ ਦੱਸਦੇ ਹਨ 'ਮੇਹਰ ਵਾਹਿਗੁਰੂ' ਦੀ ਅਤੇ 'ਨਾਮ ਬਖਸ਼ਿਸ਼ ਗੁਰੂ' ਦੀ ਲੋੜੀਏ। ਪਰ ਜੀਵ ਬਣ ਉਹ ਕੁਛ ਰਹੇ ਹਨ ਜਿਹੋ ਜਿਹੇ ਕਰਮ ਕਰਦੇ ਹਨ। ਇਸ ਤੋਂ ਸਿੱਟਾ ਨਿਕਲਿਆ ਕਿ ਜੀਵ ਨੂੰ ਆਪ ਬੀ ਪਾਵਨ ਕਰਮਾਂ ਨਾਲ ਆਪਾ ਸੁਆਰਨਾ ਚਾਹੀਏ। ਜੇ ਨਾਮ ਨੂੰ ਲਗ ਪਵੇ ਤਾਂ ਮਨ ਸਰੀਰ ਨਿਰਮਲ ਹੋ ਜਾਣਗੇ, ਹਉਂ ਹਟੇਗੀ, ਪ੍ਰੇਮ ਪਵੇਗਾ ਤੇ ਸਾਈਂ ਪ੍ਰਾਪਤ ਹੋ ਜਾਏਗਾ। ਸਿੱਟਾ ਇਹ ਕਿ ਕਰਮ ਅਪਣੇ, ਮੇਹਰ ਸਾਈਂ ਦੀ, ਤੇ ਪ੍ਰਸ਼ਾਦਿ ਗੁਰੂ ਦਾ ਕੋਈ ਸੰਗਮ ਹੈ।

ਇਸ ਵਿਚ ਜੋ ੪ ਅੰਕ ਵਿਚ ਦੱਸਿਆ ਹੈ ਕਿ 'ਜਤੁ ਸਤੁ ਸੰਜਮੁ ਨਾਮੁ ਹੈ' ਇਸ ਦਾ ਅਰਥ ਇਹ ਨਹੀਂ ਕਿ ਇਨ੍ਹਾਂ ਦੀ ਲੋੜ ਨਹੀਂ। ਭਾਵ ਇਹ ਹੈ ਕਿ ਨਾਮ ਮੁੱਖ ਹੈ, ਇਸ ਨੂੰ ਲੱਗੋ। ਇਸ ਨਾਲ ਸਾਰੇ ਗੁਣ ਆ ਜਾਣਗੇ। ਕਿਉਂਕਿ ਅਗੇ ਚੱਲਕੇ ਦੱਸਿਆ ਹੈ ਕਿ ਹਰੀ ਦੇ ਸਾਰੇ ਗੁਣ ਨਾਮ ਉਪਾਸ਼ਕ ਵਿਚ ਪ੍ਰਵੇਸ਼ ਕਰਨਗੇ। ਸੋ ਜਤੁ ਸਤੁ ਸੰਜਮੁ ਲੋੜੀਂਦੇ ਹਨ ਤੇ ਨਾਮ ਨਾਲ ਆ ਪ੍ਰਵੇਸ਼ ਕਰਨਗੇ।

(ਸਿਰੀ ਰਾਗੁ ਮਹਲਾ ੩, ਚਉਪਦਾ - ੫੧)

ਪ੍ਰਾਕ੍ਥਨ—ਨਾ ਹਠ ਯੋਗ, ਨਾ ਪੰਡਤਾਈਆਂ ਮਾਤ੍ਰ ਨਾਲ ਹਉਮੈ ਦੂਰ ਹੁੰਦੀ ਹੈ। ਇਸ ਤੋਂ ਬਚਾਉ ਗੁਰੂ ਸ਼ਬਦ ਦੁਆਰਾ ਹੁੰਦਾ ਹੈ। ਤ੍ਰਿਕੁਟੀ ਗੁਰੂ ਬਿਨਾਂ ਨਹੀਂ ਖੁੱਲ੍ਹਦੀ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥	(ਜੇ ਕੋਈ ਹਠ ਯੋਗ ਦੇ ਅਭਜਾਸ ਕਰਕੇ) ਕਾਇਆਂ ਸਾਧੇ, (ਇਥੋਂ ਤਾਂਈਂ ਕਿ) ਪੁੱਠਾ ਲਟਕਕੇ ਬੀ ਤਪ ਕਰੇ (ਤਦ ਬੀ ਮਨ) ਵਿਚੋਂ ਹਉਮੈ ਦੂਰ ਨਹੀਂ ਹੋਵੇਗੀ। ਨਾ ਹੀ ਜੇ (ਕੋਈ) ਮਨ ਦੇ ਸੁਭਾਵ ਅਨੁਸਾਰ ਕਰਮ ਪਿਆ ਕਰੇ (ਤਾਂ ਉਸ ਨੂੰ ਵਾਹਿਗੁਰੂ ਦਾ) ਨਾਮ ਕਦੇ ਪ੍ਰਾਪਤ ਹੋ ਸਕੇਗਾ। (ਹਾਂ ਜੇ) ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ ਜੀਉਂਦਾ ਮਰ ਜਾਏ (ਤਦ) ਹਰੀ ਨਾਮ ਮਨ ਵਿਚ ਆ ਵੱਸੇਗਾ॥੧॥
ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥ ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥	(ਇਸ ਲਈ) ਹੇ ਮੇਰੇ ਮਨ ! (ਮੇਰੀ ਸਿਖਜ਼ਾ) ਸੁਣ, ਸਤਿਗੁਰੂ ਦੀ ਸ਼ਰਣ ਪੈ ਜਾ। ਗੁਰੂ ਦੀ ਕ੍ਰਿਪਾ ਨਾਲ (ਆਵਾਗਵਨ) ਤੋਂ ਛੁਟੀਦਾ ਹੈ; (ਤੇ ਇਸ) ਵਿਹੁ ਰੂਪ ਸੰਸਾਰ ਸਾਗਰ ਨੂੰ ਗੁਰੂ ਦੇ ਸ਼ਬਦ ਦੁਆਰਾ ਤਰੀਦਾ ਹੈ ॥ ੧ ॥ ਰਹਾਉ ॥
ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥ ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥	(ਜਿਨ੍ਹਾਂ ਸਾਧਨਾਂ ਨਾਲ ਤ੍ਰੈ ਗੁਣ ਬਣੇ ਰਹਿਣ ਉਹ ਕਲਜਾਣ-ਕਾਰੀ ਨਹੀਂ, ਕਿਉਂਕਿ) ਤ੍ਰੈ ਗੁਣਾਂ (ਵਾਲੀ) ਸਾਰੀ (ਹਾਲਤ) ਮਾਯਾ ਹੈ; (ਮਾਯਾ ਦੂਜਾ ਭਾਉ ਹੈ ਅਰਥਾਤ ਈਸ਼੍ਵਰ ਤੋਂ ਛੁਟ ਦੂਜੇ ਦਾ ਮੋਹ ਹੈ ਤੇ) ਦੂਜਾ ਭਾਉ (ਸਭ) ਵਿਕਾਰ ਹੈ। (ਪ੍ਰਸ਼ਨ: ਪੰਡਿਤ ਤਾਂ ਅਸਲੀਅਤ ਸਮਝਦਾ ਹੋਸੀ ? ਉਤਰ :) ਪੰਡਿਤ (ਗਜਾਨ ਆਦਿ) ਪੜ੍ਹਦਾ (ਤਾਂ) ਹੈ (ਪਰ ਉਹ ਬੀ ਮਾਯਾ ਦੇ) ਮੋਹ ਦੇ ਬੰਧਨ ਵਿਚ ਬੱਝਾ ਹੋਇਆ (ਪੜ੍ਹਦਾ ਹੈ, ਉਹ) ਬੁਝਦਾ ਨਹੀਂ (ਕਿਉਂਕਿ ਉਹ ਅਜੇ) ਮਾਇਆ ਦੇ ਪਿਆਰ ਵਿਚ ਹੈ। ਤ੍ਰਿਕੁਟੀ ਤਾਂ ਸਤਿਗੁਰੂ ਦੇ ਮਿਲਣੇ ਨਾਲ ਛੁਟਦੀ ਹੈ ਤੇ ਚਉਥੇ ਪਦ ਵਿਚ (ਪਹੁੰਚ ਹੋ ਕੇ) ਮੁਕਤੀ ਦਾ ਦੁਆਰਾ (ਲੱਭਦਾ) ਹੈ॥ ੨ ॥
ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥ ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥	(ਕਿਉਂਕਿ ਤ੍ਰਿਕੁਟੀ ਨਾ ਛੁੱਟਣ ਦੇ ਪ੍ਰਤਿਬੰਧਕ ਹਨ-) ਮੋਹ ਤੇ (ਮਾਯਾ ਦਾ ਪਾਇਆ) ਗੁਬਾਰ (= ਅਗਜਾਨ) (ਇਹ ਦੁਇ ਕਿਵੇਂ ਦੂਰ ਹੋਣ ? ਇਹ) ਮਾਰਗ ਗੁਰੂ ਤੋਂ ਪਾਈਦਾ ਹੈ (ਤਾਂ ਇਹ ਮੋਹ ਗੁਬਾਰ) ਦੂਰ ਹੁੰਦਾ ਹੈ। (ਸੋ ਜੋ ਕੋਈ, ਚਾਹੋ ਪੰਡਿਤ ਹੈ ਚਾਹੋ ਅਪੰਡਿਤ, ਗੁਰੂ ਦੇ) ਉਪਦੇਸ਼ ਨਾਲ (ਜੀਉਂਦਾ) ਮਰ ਰਹੇ ਤਾਂ (ਭਉਜਲ ਸੰਸਾਰ ਤੋਂ) ਤਰਦਾ ਹੈ ਤੇ ਮੁਕਤੀ ਦਾ ਦਰ ਪ੍ਰਾਪਤ ਕਰਦਾ ਹੈ, (ਐਉਂ ਕਿ ਪਹਿਲਾਂ) ਗੁਰੂ (ਨੂੰ ਮਿਲਕੇ ਉਸ) ਦੀ ਕ੍ਰਿਪਾ ਦੁਆਰੇ ਸੱਚੇ ਨਾਮ ਨੂੰ (ਮਿਲੇ, ਐਸਾ ਕਿ ਦਿਨ ਰਾਤ) ਮਿਲਿਆ ਹੀ ਰਹੇ, (ਹਾਂ, ਉਸ ਨਾਮ ਨੂੰ ਜੋ ਸੱਚਾ ਨਾਮ ਹੈ ਤੇ) ਕਰਤਾਰ (ਰੂਪ) ਹੈ ॥ ੩ ॥
ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ ਦੂਜੈ	(ਹੇ ਭਾਈ ਹੋਸ਼ ਕਰ ! ਜੋਗੀ ਹਠੀ ਤਪੀ ਪੰਡਿਤਾਂ ਦੀ ਕੀ ਗੱਲ ਹੈ ਹਰੇਕ ਮਾਨੁੱਖ ਦਾ) ਇਹ ਮਨ ਬੜਾ ਬਲਵਾਨ ਹੈ,

ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥

ਕਿਸੇ ਉਪਾਉ ਨਾਲ (ਜੀਵ ਨੂੰ ਆਪਣੇ ਮਗਰ ਲਾਈ ਰਖਣੋ ਨਹੀਂ ਛੋੜਦਾ, (ਇਹ ਵਾਹਿਗੁਰੂ ਤੋਂ ਛੁਟ) ਦੂਸਰੇ ਦੇ ਮੋਹ ਵਿਚ (ਮਾਨੁੱਖ ਨੂੰ ਪਾਈ ਰੱਖਕੇ) ਦੁਖ ਲਾਉਂਦਾ ਰਹਿੰਦਾ ਹੈ ਤੇ ਬਹੁਤੀ ਸਜ਼ਾ ਦੇਂਦਾ ਹੈ। (ਪਰ) ਹੇ ਨਾਨਕ ! (ਜੋ) ਨਾਮ ਵਿਚ ਲਗੇ ਹੋਏ ਹੁੰਦੇ ਹਨ ਓਹ ਤਰ ਜਾਂਦੇ ਹਨ, (ਕਿਉਂਕਿ ਓਹ) ਸ਼ਬਦ (ਗੁਰ ਉਪਦੇਸ਼) ਦੁਆਰਾ (ਦੁੱਖਾਂ ਦੇ ਕਾਰਣ) ਹਉਮੈ ਨੂੰ (ਹੀ) ਸਾੜ ਸੁਟਦੇ ਹਨ ॥ ੪ ॥ ੧੮ ॥ ੫੧ ॥

ਵਯਾਖਯਾ—ਇਸ ਸ਼ਬਦ ਵਿਚ ਹਠ ਜੋਗੀ, ਤਪੀ ਤੇ ਪੰਡਿਤ ਆਦਿ ਪ੍ਰਤੀ ਉਪਦੇਸ਼ ਹੈ। ਹਠ ਯੋਗ, ਤਪ ਆਦਿ ਨਾਲ ਕਾਂਇਆਂ ਸਾਧੀ ਜਾਂਦੀ ਹੈ। ਉਸ ਨਾਲ ਸਰੀਰ ਦੇ ਅਰੋਗ ਹੋਣ ਦੇ ਲਾਭ ਹੁੰਦੇ ਹਨ, ਪਰ ਉਹ ਹਉਂ ਨੂੰ ਦੂਰ ਨਹੀ ਕਰਦੇ। ਹੋਰ ਕਰਮ ਜੋ ਮਨ ਮਰਜ਼ੀ ਨਾਲ ਕਰਨੇ ਹਨ ਉਹ ਅੰਤਹਕਰਣ ਸ਼ੁਧ ਨਹੀਂ ਕਰਦੇ, ਇਸ ਕਰਕੇ ਨਾਮ ਅੰਤਹਕਰਣ ਵਿਚ ਨਿਵਾਸ ਨਹੀਂ ਪਕੜਦਾ। ਪੰਡਿਤ ਬੀ ਮਾਇਆ ਦੇ ਪਜਾਰ ਵਿਚ ਪੜ੍ਹਦਾ ਹੈ,ਇਸ ਕਰਕੇ ਬੱਝਾ ਰਹਿੰਦਾ ਹੈ। ਪਰ ਜੇ ਗੁਰੂ ਦਾ ਉਪਦੇਸ਼ ਸਮਝੇ ਤਾਂ ਗੁਰੂ ਨੇ ਪਹਿਲੇ ਹਉਂ ਸਮਝਾਉਣੀ ਹੈ ਤੇ ਨਾਮ ਨਾਲ ਇਸ ਤੋਂ ਉੱਚੇ ਚੁੱਕਣਾ ਹੈ, ਜਿਸ ਕਰਕੇ ਮਨ ਨਿਰਮਲ ਹੋ ਜਾਂਦਾ ਹੈ। ਨਾਮ ਫਿਰ ਅੰਦਰ ਟਿਕ ਜਾਂਦਾ ਹੈ ਜੋ ਨਾਮੀ ਵਿਚ ਲੈ ਜਾਂਦਾ ਹੈ।

ਅੰਕ ੨ ਤੇ ੪ ਵਿਚ ਹਠ ਜੋਗੀਆਂ, ਜਪੀਆਂ, ਸੰਜਮੀਆਂ, ਮਨ ਮਰਜ਼ੀ ਦੇ ਸਾਧਕਾਂ, ਪੰਡਿਤਾਂ ਆਦਿ ਸਾਰਿਆਂ ਦੇ ਨਾ ਛੁੱਟਣੇ ਦਾ ਕਾਰਣ ਦੱਸਦੇ ਹਨ ਕਿ ਉਹ ਤ੍ਰੈ ਗੁਣਾਂ ਵਿਚ ਵਰਤਦੇ ਹਨ, ਦੂਜੇ ਭਾਉ ਵਿਚ ਹੁੰਦੇ ਹਨ, ਇਸ ਕਰਕੇ ਮੋਹ ਮਾਇਆ ਵਿਚ ਬੱਝੇ ਹੋਏ ਹੁੰਦੇ ਹਨ, ਓਹ ਨਹੀਂ ਸਮਝਦੇ ਕਿ ਉਹ ਵਿਸ਼ਿਆਂ ਦੇ ਕਿ ਮਾਇਆ ਦੇ ਪਿਆਰ ਵਿਚ ਹਨ। ਓਹ ਮਾਇਕ ਪਿਆਰ ਮਨ ਨੂੰ ਤ੍ਰੈ ਗੁਣਾਂ ਤੋਂ ਉੱਚਾ ਨਹੀਂ ਉੱਠਣ ਦੇਂਦਾ। ਇਸ ਲਈ ਉਹਨਾਂ ਦਾ ਮੋਹ ਤੇ ਅਗਜਾਨ ਦਾ ਗ਼ੁਬਾਰ ਦੂਰ ਨਹੀਂ ਹੁੰਦਾ। ਜੇ ਗੁਰੂ ਦੀ ਸ਼ਰਣ ਲੈਣ ਤਾਂ ਓਹ ਗੁਰੂ ਜੀਵਾਂ ਨੂੰ ਨਾਮ ਵਿਚ ਲਾਏਗਾ, ਨਾਮ ਦਾ ਨਿਸ਼ਾਨਾ ਵਾਹਿਗੁਰੂ ਦੱਸੇਗਾ; ਜਗਤ ਨੂੰ, ਮਾਇਆ ਨੂੰ ਚੱਲਣਹਾਰ ਦਰਸਾਏਗਾ। ਮਾਇਆ ਮੋਹ ਦੇ ਕਰਮਾਂ ਦਾ ਫਲ ਬੰਧਨ ਦੱਸੇਗਾ, ਉਹ ਮਾਇਆ ਤੋਂ ਮੋਹ ਚੁਕਕੇ ਕਰਤਾਰ ਵਿਚ ਮੋਹ ਪੁਆਏਗਾ। ਨਾਮ ਦਾਨ ਦੇਵੇਗਾ; ਐਉਂ ਨਿਜ ਉਪਦੇਸ਼ ਤੇ ਨਾਮ ਦੀ ਘਾਲ ਨਾਲ ਹਉਮੈ ਕੱਟ ਦੇਵੇਗਾ।

ਜੀਵਾਂ ਦੀ ਨਿਰਬਲਤਾ, ਮਨ ਦੀ ਸਫਲਤਾ ਬੜੇ ਤਰਸ ਯੋਗ ਢੰਗ ਵਿਚ ਦਿਖਾਕੇ ਉਸ ਦੇ ਮਗਰ ਲੱਗਣ ਦੇ ਦੁਖ ਦਰਸਾਕੇ ਦਾਰੂ ਗੁਰੂ ਕੀ ਸ਼ਰਣ, ਗੁਰੂ ਕਾ ਦਿਤਾ ਨਾਮ ਤੇ ਉਪਦੇਸ਼ ਦੱਸਿਆ ਹੈ।

ਨਿਰੁਕ੍ਤ—ਕਾਇਆ – (ਸੰਸ:, ਕਾਯ:) ਸਰੀਰ, ਦੇਹ।

ਕਾਇਆ ਸਾਧਨ ਦਾ ਭਾਵ ਹੈ ਹਠ ਯੋਗ ਦੀ ਕ੍ਰਿਯਾ ਨਾਲ ਜੋ ਤਾਕਤਾਂ ਸਰੀਰ ਅੰਦਰ ਮਨ ਦੇ ਵੱਸ ਵਿਚ ਨਹੀਂ ਹਨ ਤੇ ਅਗਜਾਤ ਕੰਮ ਕਰਦੀਆਂ ਹਨ ਉਹਨਾਂ ਨੂੰ ਗਜਾਤ ਮਨ ਦੇ ਵੱਸ ਵਿਚ ਕਰ ਲੈਣਾ; ਜਿਹਾ ਕੁ ਸੁਆਸਾਂ ਤੇ ਦਿਲ ਦੀ ਹਰਕਤ ਨੂੰ ਰੋਕਣਾ। ਏਹ ਲੋਕ ਸਰੀਰ ਦੀ ਮਲ ਦੂਰ ਕਰਨ ਦੀਆਂ ਨਾਤੀ ਧੋਤੀ ਆਦਿ ਕਈ ਕ੍ਰਿਯਾ ਕਰਦੇ ਹਨ ਤੇ ਸਰੀਰਕ ਕਸਰਤਾਂ ਬੀ। ੮੪ ਆਸਣ ਬੀ ਵਿਚੇ ਹੁੰਦੇ ਹਨ। ਪੁੱਠੇ ਸਿਰ ਦੇ ਭਾਰ ਹੋ ਤਪ ਕਰਨਾ ਬਹੁਤ ਕਠਨ ਘਾਲ ਹੈ, ਇਸ ਨੂੰ ਕਪਾਲੀ ਆਸਨ ਕਹਿੰਦੇ ਹਨ। ਇਨ੍ਹਾਂ ਸਭਨਾਂ ਦਾ ਫਲ ਸਰੀਰ ਦੀ ਮਜ਼ਬੂਤੀ, ਅਰੋਗਤਾ, ਉਮਰ ਵਧਣੀ ਆਦਿ ਗਿਣਦੇ ਹਨ। ਪਰ ਨਿਰਾ ਇਨ੍ਹਾਂ ਨਾਲ ਹਉਮੈ ਦੂਰ ਹੋਣ ਦਾ ਆਤਮਕ ਕਾਰਜ ਸਿਰੇ ਨਹੀਂ ਚੜ੍ਹਦਾ।

ਅਧਿਆਤਮ-(ਸੰਸ:, ਅਧ੍ਯਾਤ੍ਮ) । ਇਸ ਪਦ ਦੇ ਅਰਥ ਆਤਮਾ ਹਨ। 'ਸ੍ਰੀ ਧਰ ਕੇ ਮਤਿ ਅਨੁਸਾਰ ਪ੍ਰਤ੍ਯੇਕ ਸਰੀਰ ਮੇਂ 'ਪਾਰ ਬ੍ਰਹਮ' ਕੀ ਜੋ ਸੱਤਾ ਯਾ ਅੰਸ਼ ਵਰਤਮਾਨ ਰਹਿਤੀ ਹੈ ਵਹੀ 'ਅਧ੍ਯਾਤਮ' ਕਹਿਲਾਤਾ ਹੈ।' (ਸ਼ਬ: ਕੌਸਤਭ)। ਅਧਿਆਤਮ ਕਰਮ ਵਿਚ ਸਮਾਸ ਹੈ:- ਅਧਿਆਤਮ ਸਬੰਧੀ ਕਰਮ। ਓਹ ਕਰਮ ਜਿਨਾਂ ਦੇ ਕਰਨੇ ਨਾਲ ਆਤਮ ਗ੍ਯਾਨ ਪ੍ਰਾਪਤ ਹੋਵੇ। ਯਥਾ:-

ਅਧਿਆਤਮ ਕਰਮ ਕਰੇ ਦਿਨੁ ਰਾਤੀ॥ ਨਿਰਮਲ ਜੋਤਿ ਨਿਰੰਤਰਿ ਜਾਤੀ॥

(ਮਾਰੂ ਮ: ੧ ਸੋਲਹਾ-੧੮-੯)

ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥

(ਗਉੜੀ ਮ: ੧ ਅਸਟ:-੬)

ਅਧਿਆਤਮ ਪਦ 'ਆਤਮਿਕ' ਅਰਥਾਂ ਵਿਚ ਤੀਜੇ ਗੁਰੂ ਜੀ ਨੇ ਬੀ ਵਰਤਿਆ ਹੈ:-

ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥

(ਸਿਰੀ ਰਾਗੁ ਮ: ੩-੬੩)

ਪਰ ਦਾਰਸ਼ਨਿਕ ਪਹਿਲੂ ਵਿਖੇ ਪਦ ਆਤਮਾ ਨੂੰ ਤ੍ਰੈ ਹੋਰ ਤਰ੍ਹਾਂ ਵਰਤਦੇ ਹਨ:-

੧. ਮੁਖ ਆਤਮਾ=ਕੂਟਸਥ, ਸਾਖੀ ਆਤਮਾ।

੨. ਮਿਥਿਆ ਆਤਮਾ=ਜੋ ਸਰੀਰ ਹੈ।

੩. ਗਉਣ ਆਤਮਾ=ਪੁਤ੍ਰ ਆਦਿ।

ਇਸ ਤੁਕ ਵਿਚ ਆਤਮ ਦਾ ਅਰਥ 'ਮਿਥਿਆ ਆਤਮਾ' ਅਰਥਾਤ ਸਰੀਰ ਲਾਉਂਦੇ ਹਨ।

ਕਰਮ-ਸਰੀਰ ਦੇ ਸੁਖਾਂ ਦੀ (ਅਧਿ=) ਪ੍ਰਾਪਤੀ ਵਾਸਤੇ ਕੀਤੇ ਕਰਮ। ਗੀਤਾ ਵਿਚ ਇਹ ਪਦ 'ਜੀਵ ਦੇ ਸੁਭਾਵ' ਵਾਸਤੇ ਵਰਤਿਆ ਹੈ। ਯਥਾ:- 'ਸ੍ਵਭਾਵੋ ਅਧ੍ਯਾਤ੍ਮ ਮੁਚ੍ਯਤੇ'। ਅਧ੍ਯਾਤਮ 'ਸੁਭਾਵ' ਨੂੰ ਕਹਿੰਦੇ ਹਨ। (ਸ਼ਬ: ਕੌਸਤਭ)। ਇਸ ਸ਼ਬਦ ਵਿਚ ਅਧ੍ਯਾਤਮ ਦਾ ਭਾਵ ਇਹ ਗੀਤਾ ਵਾਲਾ ਲਗਦਾ ਹੈ।

ਅਧਿਆਤਮ ਕਰਮ=ਅਪਣੇ ਮਨ ਦੇ ਸੁਭਾਵ ਅਨੁਸਾਰ ਕੀਤੇ ਕਰਮ। ਅਸਲ ਵਿਚ ਆਤਮਾ ਨਾਮ ਹੈ (੧) 'ਰੂਹ ਇਨਸਾਨੀ ਦਾ' ਅਤੇ (੨) 'ਨਿਜ ਯਾ 'ਖ਼ੁਦ' ਦਾ। ਸੋ ਅਧਿਆਤਮ ਦੇ ਅਰਥ ਖ਼ੁਦ ਸਬੰਧੀ ਬੀ ਹਨ। 'ਉਹ ਕਰਮ ਜੋ ਖ਼ੁਦੀ ਦੀ ਪਾਲਣਾ ਲਈ ਕੀਤੇ ਜਾਣ' 'ਸਰੀਰ ਦੇ ਸੁਖ ਦੇ ਕਰਮ'। 'ਸੁਭਾਵ ਅਨੁਸਾਰ ਕਰਮ'। 'ਖ਼ੁਦੀ ਲਈ ਕੀਤੇ ਕਰਮ'। ਸਭ ਦਾ ਭਾਵ ਮਨਮੁਖ ਦੇ ਆਪਣੀ ਗ਼ਰਜ਼ ਲਈ ਕੀਤੇ ਕਰਮਾਂ ਤੋਂ ਹੈ, ਜੋ ਇਸ ਸ਼ਬਦ ਵਿਚ ਠੀਕ ਲਗਦੇ ਹਨ।

ਧਾਤੁ-ਧਾਤ ਦੇ ਕਈ ਅਰਥ ਹਨ। ਦੇਖੋ ਪਿਛੇ ਪੰਨਾ ੨੬੮। ਏਥੇ ਧਾਤੁ ਦਾ ਅਰਥ 'ਮਾਯਾ' ਹੈ। ਦਾਰਸ਼ਨਿਕ ਸਿਲਸਿਲਾ ਏਹੋ ਅਰਥ ਮੁੱਖ ਰਖੇਗਾ।

ਤ੍ਰਿਕੁਟੀ-(ਸੰਸ:, ਤ੍ਰਿਕੂਟ:=੧. ਤਿੰਨ ਚੋਟੀਆਂ ਦਾ ਪਹਾੜ। ੨. ਲੰਕਾ ਵਾਲੇ ਪਹਾੜ ਦਾ ਨਾਮ)।

੧. ਦੋਹਾਂ ਭਰਵੱਟਿਆਂ ਦੇ ਵਿਚਾਲੇ ਮਸਤਕ ਦਾ ਥਾਂ ਜਿਥੇ ਧ੍ਯਾਨ ਧਰਕੇ[1] ਯੋਗੀ ਦਸਮ ਦੁਆਰ ਦਾ ਰਸਤਾ ਖੋਲ੍ਹਦਾ ਹੈ।

੨. 'ਤ੍ਰੈ ਗੁਣਾਂ ਤੋਂ ਉੱਚਾ ਉਠਣਾ' ਬੀ ਤ੍ਰਿਕੁਟੀ ਛੁਟਣ ਦਾ ਭਾਵ ਹੁੰਦਾ ਹੈ, ਜੈਸਾ ਕਿ ਇਸ ਸ਼ਬਦ ਦੇ ਅੰਕ ੨ ਦੀ ਪਹਿਲੀ ਸਤਰ ਵਿਚ ਤ੍ਰੈ ਗੁਣ ਗਿਣੇ ਹਨ ਤੇ ਅੰਤਲੀ ਤੁਕ ਵਿਚ 'ਤ੍ਰਿਕੁਟੀ ਛੂਟੈ'

---

[1]ਪੂਰਕ ਕੁੰਭਕ ਰੇਚਕ ਕਰ ਹੂੰ॥ ਉਲਟ ਧ੍ਯਾਨ ਤ੍ਰਿਕੁਟੀ ਕੋ ਧਰ ਹੂੰ॥　　(ਵਿਸ਼੍ਰਾਮ-ਹਿੰ: ਕੋ:)।

ਲਿਖਿਆ ਹੈ ਤੇ ਅਗੇ 'ਚਉਥਾ ਪਦ' ਲਿਖਿਆ ਹੈ:-

ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ॥..........

ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ॥੨॥

੩. ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਗੁਣਾਂ ਵਿਚ ਵਰਤਦੇ ਹਨ, ਇਸ ਕਰਕੇ ਬੀ ਤ੍ਰੈ ਗੁਣ ਤੇ ਇਸ ਤ੍ਰੈ ਮੂਰਤੀ ਤੋਂ ਉਪਰ ਉਠ ਜਾਣਾ ਬੀ ਤ੍ਰਿਕੁਟੀ ਛੁੱਟਣ ਦਾ ਭਾਵ ਹੁੰਦਾ ਹੈ। ਯਥਾ:-

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥ (ਰਾਮ: ਮ: ੩, ਅਸਟ-੨)

੪. ਜਾਗ੍ਰਤ, ਸੁਪਨ, ਸੁਖੋਪਤ ਤ੍ਰੈਹਾਂ ਗੁਣਾਂ ਦੇ ਮਗਰੋਂ ਤੁਰੀਆ ਆਉਂਦੀ ਹੈ ਇਸ ਕਰਕੇ ਤ੍ਰਿਕੁਟੀ ਛੁੱਟਣੇ ਦਾ ਭਾਵ ਜਾਗ੍ਰਤ, ਸੁਪਨ, ਸੁਖੋਪਤ ਤੋਂ ਉਠਕੇ ਤੁਰੀਆ ਵਿਚ ਜਾਣਾ ਬੀ ਹੋ ਸਕਦਾ ਹੈ। ਯਥਾ:-

ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥ (ਕੇਦਾਰਾ ਕਬੀਰ-੩)

੫. ਕਿਧਰੇ ਤ੍ਰਿਕੁਟੀ ਪਦ ਤ੍ਰਿਪੁਟੀ ਦੇ ਅਰਥਾ ਵਿਚ ਬੀ ਹੈ। ਤ੍ਰਿਪੁਟੀ ਤਿੰਨਾਂ ਦੇ ਸਮੁਦਾਇ ਨੂੰ ਕਹਿੰਦੇ ਹਨ। ਯਥਾ:-ਗਜਾਤਾ, ਗਜਾਨ, ਗਜੇਯ। ਧਜਾਤਾ, ਧਜਾਨ, ਧਜੇਯ। ਦ੍ਰਿਸ਼ਟਾ, ਦਰਸ਼ਨ, ਦ੍ਰਿਸ਼ਜ। ਪ੍ਰਮਾਤਾ, ਪ੍ਰਮਾਨ, ਪ੍ਰੇਮਜ। ਯਥਾ:-

ਤ੍ਰਿਕੁਟੀ ਛੂਟੀ ਬਿਮਲ ਮਝਾਰਿ॥ (ਗਉੜੀ ਮ: ੧, ਅਸਟ:-੧)

ਤਥਾ-**ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥** (ਮਾਲੀ ਗਉੜਾ ਮ: ੪-੬)

੬. ਤ੍ਰਿਕੁਟੀ ਦਾ ਅਰਥ ਤੀਊੜੀ ਬੀ ਲਗਦਾ ਹੈ।

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ (ਆਸਾ ਮ: ੫-੯੬)

ਇਸ ਸੰਬੰਧੀ ਕੁਛ ਵੇਰਵਾ ਪਿਛੇ ਪੰਨਾ ੨੭੦ ਪਰ ਬੀ ਆ ਚੁਕਾ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੫੨)

ਪ੍ਰਾਕ੍ਥਨ-ਗੁਰੂ ਤੋਂ ਨਾਮ ਲੈਕੇ ਨਾਮ ਅੰਦਰ ਵਸਾਕੇ ਲਿਵ ਲਾਕੇ ਹਉਮੈ ਖੋਕੇ ਐਸੀ ਭਗਤਿ ਨਾਲ ਗਤੀ ਹੁੰਦੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥	(ਜੇ ਵਾਹਿਗੁਰੂ) ਕਿਰਪਾ ਕਰੇ (ਤਾਂ) ਗੁਰੂ ਮਿਲ ਪੈਂਦਾ ਹੈ (ਗੁਰੂ ਮਿਲ ਕੇ ਸਿਖ ਦੇ ਅੰਦਰ) ਹਰਿਨਾਮ ਨੂੰ ਦ੍ਰਿੜ ਕਰਾ ਦੇਂਦਾ ਹੈ। ਗੁਰੂ ਤੋਂ ਬਿਨਾਂ ਕਿਸੇ ਨੇ ਬੀ (ਵਾਹਿਗੁਰੂ) ਨਹੀਂ ਪਾਇਆ (ਜੋ ਗੁਰੂ ਬਿਨਾਂ ਪਾਉਣ ਦਾ ਜਤਨ ਕਰਦਾ ਹੈ ਆਪਣਾ) ਜਨਮ ਬਿਰਥਾ ਗੁਆ ਲੈਂਦਾ ਹੈ। (ਸਗੋਂ ਜੋ) ਮਨਮੁਖਾਂ ਦੇ (ਜੇਹੜੇ) ਕਰਮ ਕਮਾਉਣੇ ਬੀ ਹਨ (ਉਨ੍ਹਾਂ ਦੀ) ਦਰਗਾਹ ਵਿਚ ਸਜ਼ਾ ਮਿਲਣੀ ਹੈ॥੧॥
ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥	ਹੇ ਮਨ ! ਦੂਜਾ ਭਾਉ (ਮਨੋਂ) ਦੂਰ ਕਰ ਦੇਹ (ਤਾਂ ਜੋ) ਤੇਰੇ ਅੰਦਰ ਵਾਹਿਗੁਰੂ ਵੱਸ ਪਵੇ (ਇਹ) ਸੁਖ ਗੁਰੂ-ਸੇਵਾ ਦੁਆਰਾ ਪ੍ਰਾਪਤ ਕਰ॥੧॥ ਰਹਾਉ॥

(ਗੁਰੂ ਸੇਵਾ ਦਾ ਸੁਖ ਤਾਂ ਪ੍ਰਾਪਤ ਹੁੰਦਾ ਹੈ ਜੇ ਸੇਵਕ ਸੱਚ ਨਾਲ ਬੀ ਪਿਆਰ ਕਰੇ।)

ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥

(ਇਸ ਤਰ੍ਹਾਂ) ਜਦ (ਜੀਵ) ਸੱਚ (ਸਤ੍ਯ ਸਰੂਪ) ਨਾਲ ਪਿਆਰ ਕਰਦਾ ਹੈ ਤਾਂ (ਉਸਦੀ) ਬਾਣੀ 'ਸਤ੍ਯ' ਹੋ ਜਾਂਦੀ ਹੈ (ਤੇ ਉਸਦਾ) ਉਪਦੇਸ਼ ਸੱਚ (ਪ੍ਰਤਿਪਾਦਨ ਕਰਨੇ ਵਾਲਾ ਹੋ ਜਾਂਦਾ ਹੈ। ਹਾਂ, ਜਦ) ਹਰੀ ਦਾ ਨਾਮ ਮਨ ਵਿਚ ਵੱਸ ਜਾਂਦਾ ਹੈ, (ਤਦ) ਹਉਮੈ (ਤੇ ਹਉਮੈ ਪੁਗਾਵਣ ਵਿਚ ਵਿਘਨ ਪਿਆਂ ਜੋ) ਕ੍ਰੋਧ (ਹੁੰਦਾ ਹੈ) ਦੂਰ ਹੋ ਜਾਂਦਾ ਹੈ। (ਕਿਉਂਕਿ ਅਸਤਿ, ਹਉਮੈ ਤੇ ਕ੍ਰੋਧ ਤੋਂ) ਨਿਰਮਲ (ਹੋ ਗਏ) ਮਨ ਵਿਚ (ਜੋ) ਨਾਮ ਧਿਆਈਦਾ ਹੈ ਤਾਂ (ਉਸ ਨਾਲ) ਮੁਕਤੀ ਦਾ ਦਰ ਪਾ ਲਈਦਾ ਹੈ॥੨॥

ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥ ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥

(ਇਹ) ਹਉਮੈ (ਹੀ ਹੈ ਜਿਸ) ਵਿਚ ਜਗਤ ਨਾਸ਼ ਹੋ ਰਿਹਾ ਹੈ ਤੇ ਮਰਦਾ ਜੰਮਦਾ (ਇਸ ਦੁਨੀਆਂ ਵਿਚ) ਆਉਂਦਾ ਜਾਂਦਾ ਰਹਿੰਦਾ ਹੈ। (ਇਸ ਹਉਮੈ ਦੇ ਜਗਤ ਵਿਚ ਵੱਸਦੇ) ਮਨਮੁਖ (ਗੁਰ) ਸ਼ਬਦ (ਦੀ ਸਾਰ) ਨਹੀਂ ਜਾਣਦੇ, (ਏਹ ਪਰਲੋਕ ਦੀ) ਪਤਿ (ਏਥੇ) ਗੁਆਕੇ ਜਾਣਗੇ। (ਸੋ ਭਾਈ ਸਮਝ ਲੈ ਕਿ) ਗੁਰ ਸੇਵਾ ਤੋਂ ਨਾਮ ਪ੍ਰਾਪਤ ਹੁੰਦਾ ਹੈ (ਤੇ ਨਾਮ ਦੁਆਰਾ ਜੀਵ) ਸੱਚੇ ਵਾਹਿਗੁਰੂ ਵਿਚ ਸਮਾਇਆ ਰਹਿੰਦਾ ਹੈ॥੩॥

ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥ ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥ ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥

(ਸੋ ਹੇ ਭਾਈ! ਜੇ) ਗੁਰੂ ਨੂੰ ਪਾ ਲਈਏ (ਤਾਂ) ਵਿਚੋਂ ਹੰਕਾਰ ਹਟਾ ਦੇਈਏ ਤੇ ਉਸ ਦੇ ਉਪਦੇਸ਼ ਦੁਆਰਾ (ਨਾਮ ਨੂੰ ਹੀ ਸਾਧਨ) ਮੰਨ ਲਈਏ[1]। (ਇਉਂ) ਦਿਨੇ ਰਾਤ ਜੇ ਕੋਈ ਸੱਚੇ (ਵਾਹਿਗੁਰੂ) ਦੀ ਲਿਵ ਲਾ ਕੇ ਭਗਤੀ ਕਰੇ (ਤਾਂ ਜਾਣ ਲਓ ਕਿ) ਨਾਮ ਪਦਾਰਥ (ਉਸਦੇ) ਮਨ ਵਿਚ ਵੱਸ ਗਿਆ ਹੈ ਤੇ (ਉਹ) ਸਹਜ ਵਿਚ ਸਮਾ ਗਿਆ ਹੈ (ਭਾਵ ਵਾਹਿਗੁਰੂ ਜੀ ਦੇ ਸਰੂਪ ਵਿਚ) ਹੇ ਨਾਨਕ !॥੪॥੧੯॥੫੨॥

ਵ੍ਯਾਖ੍ਯਾ—ਵਾਹਿਗੁਰੂ ਦੀ ਮੇਹਰ ਨਾਲ ਗੁਰੂ ਮਿਲਦਾ ਹੈ। ਗੁਰੂ ਨਾਮ ਦੇਂਦਾ ਹੈ, ਦੇਂਦਾ ਹੀ ਨਹੀਂ, ਹਿਰਦੇ ਵਿਚ ਬਿਠਾ ਦੇਂਦਾ ਹੈ; ਇਹ ਹੈ ਦ੍ਰਿੜ ਕਰਾਉਣਾ। ਫਿਰ ਦੱਸਦੇ ਹਨ ਕਿ ਮਨ ਵਿਚ ਹੀ ਪਰਮੇਸ਼ਰ ਵੱਸਦਾ ਹੈ, ਪਰ ਉਹ ਪ੍ਰਾਪਤ ਨਹੀਂ ਕਿਉਂਕਿ ਮਨ ਵਿਚ ਦੂਜਾ ਭਾਉ ਵੱਸਦਾ ਹੈ। ਗੁਰੂ ਅੰਦਰ ਨਾਮ ਵਸਾ ਦੇਂਦਾ ਹੈ, ਇਸ ਨਾਮ ਨਾਲ ਦੂਜਾ ਭਾਉ ਦੂਰ ਹੁੰਦਾ ਹੈ, ਪਰ ਜਗਜਾਸੂ ਨੂੰ ਸੱਚ ਨਾਲ ਪਯਾਰ ਕਰਨੇ ਦੀ ਲੋੜ ਹੈ ਤਾਂ ਹਉਮੈ ਮਿਟਦੀ ਹੈ ਤੇ ਕ੍ਰੋਧ[2] ਦੂਰ ਹੁੰਦਾ ਹੈ; ਕਿਉਂਕਿ ਗੁਰੂ ਦੇ ਬਚਨ ਗੁਰੂ ਦੇ ਉਪਦੇਸ਼ ਫੇਰ ਸੱਚ ਹੀ ਸੱਚ ਹੋਕੇ ਦਿੱਸਦੇ ਹਨ, ਸੰਸਾ ਭਰਮ ਨਹੀਂ ਉੱਠਦਾ। ਉਸ ਦੀ

[1] ਇਸ ਤੁਕ ਦੇ ਅਰਥ ਐਉਂ ਬੀ ਲਾਉਂਦੇ ਹਨ:- ਜੇ ਗੁਰੂ ਤੋਂ, ਜੋ ਸ਼ਬਦ ਪਾਈਏ, ਉਸ ਸ਼ਬਦ ਦੁਆਰਾ ਮੰਨਣ ਕਰੀਏ, ਤਦ ਹਿਰਦੇ ਵਿਚੋਂ ਹੰਕਾਰ ਦੂਰ ਹੋ ਜਾਂਦਾ ਹੈ।

[2] ਕ੍ਰੋਧ ਅਕਸਰ ਤਦੋਂ ਪੈਦਾ ਹੁੰਦਾ ਹੈ ਜਦੋਂ ਸਾਡੇ ਹੰਕਾਰ ਦੀਆਂ ਗਲਾਂ ਪੂਰਨ ਹੋਣ ਵਿਚ ਰੋਕਾਂ ਪੈਣ ਤਾਂ, ਇਸ ਕਰਕੇ ਹਉਮੈ ਤੇ ਕ੍ਰੋਧ ਕੱਠੇ ਲਏ ਹਨ।

ਬਾਣੀ ਸਦਾ ਸਤਜ ਹੈ, ਉਸਦਾ ਉਪਦੇਸ਼ ਸੱਚ ਪ੍ਰਤਿਪਾਦਨ ਕਰਦਾ ਹੈ। ਇਸ ਤਰ੍ਹਾਂ ਨਾਲ ਜਦ ਨਿਰਮਲ ਹੋ ਗਏ ਮਨ ਵਿਚ ਨਾਮ ਧਿਆਈਦਾ ਹੈ ਤਾਂ ਮੋਖ ਦੁਆਰ ਨੂੰ ਪੁੱਜ ਪਈਦਾ ਹੈ। ਕਿਉਂਕਿ ਦੂਜਾ ਭਾਉ ਤੇ ਹਉਂ ਰਹੇ ਨਹੀਂ ਹੁੰਦੇ ਸੋ ਨਾਮ ਨਾਮੀ ਵਿਚ ਮੇਲ ਦਿੰਦਾ ਹੈ। ਜਿਸ ਨੂੰ ਸਹਜ ਪਦ ਵਿਚ ਅੱਪੜ ਪੈਣਾ ਕਹੀਦਾ ਹੈ।

ਨਿਰੁਕ੍ਤ—ਮਨਮੁਖ ਕਰਮ-ਓਹ ਕਰਮ ਜੋ ਮਨਮੁਖ ਕਰਦੇ ਹਨ। ਮਨਮੁਖਤਾ ਵਾਲੇ ਕਰਮ।

(ਸਿਰੀ ਰਾਗੁ ਮਹਲਾ ੩, ਚਉਪਦਾ-੫੩)

ਪ੍ਰਾਕ੍ਥਨ—ਸਤਿਗੁਰਾਂ ਤੋਂ ਬੇਮੁਖਾਂ ਤੇ ਫਿਟਕੇ ਹੋਇਆਂ ਦੀ ਮਾੜੀ ਦਸ਼ਾ ਤੇ ਉਨ੍ਹਾਂ ਦੀ ਕਲਜਾਣ ਦਾ ਰਸਤਾ ਦੱਸਿਆ ਹੈ। ਇਸ ਸ਼ਬਦ ਵਿਚ 'ਕੂੜਿਆਰਾਂ' ਦਾ ਤੇ ਅਗਲੇ ਵਿਚ 'ਸਚਿਆਰਾਂ' ਦਾ ਵਰਣਨ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥ ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥ ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥ ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣ ਹਾਰੁ ॥੧॥	ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਨੂੰ ਨਹੀਂ ਸੇਵਿਆ ਓਹ ਚਹੁ ਜੁਗਾਂ ਵਿਚ ਦੁਖੀ (ਰਹਿਣਗੇ ਕਿਉਂਕਿ) ਉਨ੍ਹਾਂ ਨੇ (ਆਪਣੇ ਅੰਤਹ-ਕਰਣ ਰੂਪੀ) ਘਰ ਵਿਚ (ਮੌਜੂਦ) ਹੁੰਦਾ ਪੁਰਖ (ਵਾਹਿਗੁਰੂ) ਨਹੀਂ ਪਛਾਣਿਆ (ਓਹ ਆਪਣੀ) ਹੈਂਕੜ ਤੇ ਹੰਕਾਰ ਵਿਚ ਮੁੱਠੇ ਰਹੇ। (ਇਸ ਮੁੱਠੀ ਅਵਸਥਾ ਵਿਚ ਉਹ ਸਾਰਾ) ਸੰਸਾਰ ਮੰਗ ਥਕੇ (ਪਰ) ਸਤਿਗੁਰੂ ਦੇ ਫਿਟਕਿਆਂ (ਨੂੰ ਤੱਤ ਵਸਤੂ ਪ੍ਰਾਪਤ ਨਾ ਹੋਈ। ਉਨ੍ਹਾਂ ਦੀ ਭੁੱਲ ਇਹ ਹੈ ਕਿ ਉਨ੍ਹਾਂ ਨੇ) ਸੱਚੇ ਸ਼ਬਦ (=ਵਾਹਿਗੁਰੂ) ਨੂੰ ਨਹੀਂ ਸੇਵਿਆ (ਜੋ ਕਿ) ਸਾਰੇ ਕਾਜ ਸੁਆਰਨ ਵਾਲਾ ਸੀ॥੧॥
ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥ ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥	ਹੇ ਮੇਰੇ ਮਨ! ਸਦਾ ਹਰੀ ਨੂੰ ਹਾਜ਼ਰਾ ਹਜ਼ੂਰ ਵੇਖ। (ਉਹ) ਸ਼ਬਦ ਦੁਆਰਾ (ਭਾਵ ਸ਼ਬਦ ਬ੍ਰਹਮ ਹੋਕੇ ਸਾਰੇ) ਪਰੀ ਪੂਰਣ ਹੋ ਰਿਹਾ ਹੈ, (ਉਹ ਹਰ ਥਾਂ ਮੌਜੂਦ ਹਰੀ) ਜਨਮ ਮਰਨ ਦੇ (ਸਾਰੇ) ਦੁਖ ਦੂਰ ਕਰਦਾ ਹੈ॥੧॥ ਰਹਾਉ॥
ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥ ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥	(ਜੋ ਐਉਂ) ਸੱਚੇ (ਸਤਜ ਸਰੂਪ ਹਰੀ) ਨੂੰ ਸਲਾਹੁੰਦੇ ਹਨ, ਓਹ (ਆਪ) ਸੱਚੇ ਹੋ ਜਾਂਦੇ ਹਨ (ਕਿਉਂਕਿ ਉਨ੍ਹਾਂ ਨੂੰ) ਆਸਰਾ ਸੱਚੇ ਨਾਮ ਦਾ ਹੁੰਦਾ ਹੈ। (ਓਹ) ਕਾਰ ਕਮਾਉਣੀ ਬੀ ਸੱਚੀ ਹੀ ਕਰਦੇ ਹਨ (ਭਾਵ ਉਨ੍ਹਾਂ ਦੇ ਅਮਲ ਬੀ ਸੱਚੇ ਹੁੰਦੇ ਹਨ), ਸੱਚੇ (ਵਾਹਿਗੁਰੂ) ਨਾਲ (ਉਨ੍ਹਾਂ ਦਾ) ਪਜਾਰ ਹੁੰਦਾ ਹੈ। (ਉਨ੍ਹਾਂ ਨੂੰ ਫੇਰ) ਸੱਚਾ ਪਾਤਸ਼ਾਹ (ਹਜ਼ੂਰ ਵਸਦਾ ਤੇ) ਵਰਤਦਾ (ਦਿੱਸਦਾ) ਹੈ, (ਤੇ ਉਸ ਦੇ ਹੁਕਮ ਨੂੰ) ਮੇਟਣ ਵਾਲਾ ਕੋਈ ਨਹੀਂ (ਦਿੱਸਦਾ)। (ਪਰ) ਮਨਮੁਖ (ਵਾਹਿਗੁਰੂ ਦੀ ਹਜ਼ੂਰੀ ਦਾ ਇਹ ਸੱਚਾ) ਟਿਕਾਣਾ ਪ੍ਰਾਪਤ ਨਹੀਂ ਕਰ ਸਕਦੇ

(ਕਿਉਂਕਿ) ਓਹ) ਕੂੜ ਦੇ ਠੱਗੇ ਹੋਏ ਕੂੜਿਆਰ (ਬਣ ਚੁਕੇ ਹੁੰਦੇ) ਹਨ॥੨॥

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥ ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ॥ ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥੩॥

ਜਗਤ ਹਉਂ ਹਉਂ ਕਰਦਾ ਮਰ ਰਿਹਾ ਹੈ, (ਉਨ੍ਹਾਂ ਦੇ ਹਿਰਦੇ ਵਿਚ) ਗੁਰੂ (ਚਾਨਣ) ਨਾ ਹੋਣ ਕਰਕੇ ਘੁਪ ਹਨੇਰਾ (ਮੋਹ ਮਾਯਾ ਦਾ) ਛਾ ਰਿਹਾ ਹੁੰਦਾ ਹੈ। (ਇਸ) ਮਾਇਆ ਦੇ ਮੋਹ ਦੇ (ਹਨੇਰੇ ਦੇ) ਕਾਰਣ (ਉਨ੍ਹਾਂ ਨੇ) ਦਾਤਾਰ ਨੂੰ, (ਜੋ) ਸਰਬ ਸੁਖਾਂ ਦਾ ਦਾਤਾ ਹੈ, ਵਿਸਾਰ ਛਡਿਆ ਹੁੰਦਾ ਹੈ। (ਪਰ ਜੇ ਓਹ ਬੀ) ਸਤਿਗੁਰੂ ਦੀ ਸੇਵਾ ਕਰਨ ਲਗ ਪੈਣ ਤੇ ਸੱਚ ਨੂੰ ਹਿਰਦੇ ਵਿਚ ਧਾਰਨ ਕਰਕੇ ਰੱਖ ਲੈਣ ਤਾਂ ਬਚ ਜਾਣਗੇ। (ਇਹ ਸੱਚ ਹੈ ਕਿ) ਹਰੀ ਕਿਰਪਾ ਨਾਲ ਹੀ ਪਾਈਦਾ ਹੈ (ਪਰ ਇਹ ਬੀ ਸੱਚ ਹੈ ਕਿ) ਗੁਰੂ ਦੇ ਸੱਚੇ ਸ਼ਬਦ (ਉਪਦੇਸ਼) ਦੁਆਰਾ (ਤੇ ਉਸ ਦੀ) ਵੀਚਾਰ ਦੁਆਰਾ (ਪਾਈਦਾ ਹੈ)॥੩॥

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥ ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥

(ਸੋ ਭਾਈ!) ਹਉਮੈ ਦੇ ਵਿਕਾਰ ਨੂੰ ਛੱਡਕੇ ਸਤਿਗੁਰੂ ਦੀ ਸੇਵਾ ਕਰ (ਤਾਂ ਜੋ ਤੇਰਾ) ਮਨ ਨਿਰਮਲ ਹੋ ਜਾਵੇ। (ਹਾਂ ਜੇ ਕੋਈ) ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਆਪਾ ਭਾਵ ਛੱਡਕੇ ਜੀਉਂਦੇ ਜੀ ਮਰ ਜਾਵੇ (ਉਸ ਦੇ) ਭੱਜ ਧ੍ਰਕ ਵਾਲੇ ਧੰਧੇ ਰਹਿ ਜਾਂਦੇ ਹਨ ਤੇ ਸੱਚ ਵਿਚ ਪਯਾਰ ਲੱਗ ਜਾਂਦਾ ਹੈ। ਓਹ (ਫਿਰ) ਸੱਚ ਵਿਚ ਰਤੇ ਹੋਏ ਤੇ ਉਜਲੇ ਮੁਖ ਨਾਲ ਉਸ ਸੱਚੇ ਦਰਬਾਰ ਵਿਚ (ਪਹੁੰਚ ਜਾਂਦਾ ਹੈ)॥੪॥

ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ ॥ ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ॥ ੫॥੨੦॥੫੩॥

(ਪਰ ਜਿਨ੍ਹਾਂ ਨੇ) ਸਤਿਗੁਰ ਪੁਰਖ ਨੂੰ ਨਹੀਂ ਮੰਨਿਆ (ਤੇ ਜਿਨ੍ਹਾਂ ਦਾ) ਸ਼ਬਦ (ਨਾਮ) ਵਿਚ ਪਯਾਰ ਨਹੀਂ ਲੱਗਾ (ਓਹ) ਇਸ਼ਨਾਨ ਦਾਨ ਜਿੰਨਾਂ ਕੁਛ ਕਰਨ (ਬਿਰਥਾ ਜਾਂਦਾ ਹੈ ਤੇ) ਦੂਜੇ ਭਾਇ ਕਰਕੇ (ਉਸ ਦਾ ਫਲ) ਖੁਆਰੀ ਹੁੰਦਾ ਹੈ। (ਵਾਹਿਗੁਰੂ ਇਨ੍ਹਾਂ ਤੇ ਬੀ ਮੇਹਰ ਕਰੇ ਕਿਉਂਕਿ) ਹਰ ਜੀਉ ਹੀ ਆਪਣੀ ਕਿਰਪਾ ਕਰੇ ਤਾਂ ਨਾਮ ਦਾ ਪਿਆਰ ਲਗਦਾ ਹੈ। (ਤਾਂ ਤੇ) ਹੇ ਨਾਨਕ! ਤੂੰ ਗੁਰੂ ਦੇ ਅਮਿਤ ਪਯਾਰ ਦੁਆਰਾ ਨਾਮ ਨੂੰ ਸੰਭਾਲ॥੫॥੨੦॥੫੩॥

ਵਯਾਖਯਾ—ਇਸ ਸ਼ਬਦ ਦੇ ਆਰੰਭ ਵਿਚ 'ਘਰਿ ਹੋਂਦਾ ਪੁਰਖੁ' ਆਦਿ ਪਦਾਂ ਤੋਂ ਇਸ ਸ਼ਬਦ ਨੂੰ ਗੁਰੂ ਅਮਰਦਾਸ ਜੀ ਵਲੋਂ ਗੁਰੂ ਅੰਗਦ ਦੇਵ ਜੀ ਦੇ ਸਨਬੰਧੀਆਂ ਪਰਥਾਇ ਉਚਾਰਤ ਖਿਆਲ ਕੀਤਾ ਜਾ ਸਕਦਾ ਹੈ, ਪਰ ਕਿਸੇ ਥਾਂ ਇਤਿਹਾਸ ਵਿਚ ਇਹ ਸ਼ਬਦ ਪਰਿਵਾਰ ਪਰਥਾਇ ਉਚਾਰਿਆ ਮਿਲਿਆ ਨਹੀਂ।

ਦੂਸਰੇ ਗੁਰੂ ਸਾਹਿਬ ਜੀ ਦਾ ਸਾਰਾ ਹੀ ਪਰਿਵਾਰ ਆਗਜ਼ਾ ਤੋਂ ਬਾਹਰ ਨਹੀਂ ਸੀ। ਮਾਤਾ ਖੀਵੀ ਜੀ ਤਾਂ ਪਰਮ ਭਗਤ ਸਨ ਅਤੇ ਪੁੱਤਾਂ ਨੂੰ ਬੀ ਸਮਝਾਉਂਦੇ ਸਨ, ਉਹਨਾਂ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੈ; ਤੇ ਪੁੱਤਾਂ ਨੂੰ ਸਮਝਾਉਣ ਤੇ ਗੁਰੂ ਅਮਰ ਦਾਸ ਜੀ ਦੀ ਸ਼ਰਣ

ਲਿਜਾਕੇ ਬਖਸ਼ਾਉਣ ਦੇ ਇਤਿਹਾਸਿਕ ਲੇਖ ਬੀ ਮਿਲ ਗਏ ਹਨ। ਸਾਰੇ ਸ਼ਬਦ ਦਾ ਰਉਂ ਬੀ ਅਗਲੇ ਪਿਛਲੇ ਸ਼ਬਦਾਂ ਵਾਂਙੂ ਮਨਮੁਖਾਂ ਪਰਥਾਇ ਹੀ ਚਲਦਾ ਦਿੱਸਦਾ ਹੈ। ਪੁਰਾਤਨ ਦਾਨੇ 'ਘਰਿ ਹੋਦਾ ਪੁਰਖੁ' ਦਾ ਭਾਵ ਹਿਰਦੇ ਬੈਠਾ ਵਾਹਿਗੁਰੂ ਲੈਕੇ ਅਰਥ ਕਰਦੇ ਸਨ। ਜੇ ਕੋਈ ਸੈਨਤ ਇਸ਼ਾਰਾ ਕਿਸੇ ਨਿਕਟ ਵਰਤੀ ਜਾਂ ਸਨਬੰਧੀ ਬੇਮੁਖ ਯਾ ਮਨਮੁਖ ਵੱਲ ਹੋਵੇ ਤਾਂ ਉਹਨਾਂ ਤੇ ਬੀ ਤਰਸ ਕਰਕੇ ਬਚਣੇ ਦਾ ਰਾਹ ਦੱਸਿਆ ਹੈ; ਤੇ ਸਦਗਤੀ ਦੀ ਪ੍ਰਾਪਤੀ ਦਾ ਉਹਨਾਂ ਨੂੰ ਰਾਹ ਦੱਸਿਆ ਹੈ। ਗੁਰੂ ਕੀ ਗਤਿ ਗੁਰੂ ਜਾਣੇ। ਵਾਕ ਹੈ:-

ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥ (ਵਾਰ ਗਉੜੀ ਮ: ੪-੧੪)

ਸ਼ਬਦ ਵਿਚ ਨਾਮ ਦਾ ਉਪਦੇਸ਼ ਹੈ, ਸਚ ਧਾਰਨ ਕਰਣ, ਗੁਰੂ ਕੀ ਸ਼ਰਣ ਲੈਣ, ਹਉਮੈ ਤਜਾਗਣ ਦੇ ਸੁਖ ਸੁਨੇਹੇ ਹਨ। ਗੁਰੂ ਘਰ ਵਿਚ 'ਗੁਰਮੁਖਿ ਨਾਮੁ ਦਾਨੁ ਇਸਨਾਨੁ'[1] ਲਿਖਿਆ ਹੈ। ਇਸ ਸ਼ਬਦ ਵਿਚ ਦੱਸਿਆ ਹੈ ਕਿ ਫੋਕਾ ਇਸ਼ਨਾਨ ਦਾਨ ਦਾ ਫਲ ਖੁਆਰੀ ਹੈ, ਕਿਉਂਕਿ ਵਿਚ ਨਾਮ ਨਹੀਂ ਹੈ। ਸਿੱਟਾ ਇਹ ਕਿ ਨਾਮ ਦਾਨ ਇਸ਼ਨਾਨ ਹੋਵੇ ਤੇ ਦੂਜਾ ਭਾਇ ਨਾ ਹੋਵੇ ਤਾਂ ਸਫਲ ਹੈ; ਨਿਰਾ ਇਸ਼ਨਾਨ ਮੁਕਤੀ ਦਾਤਾ ਨਹੀਂ।

ਨਿਰੁਕ੍ਤ-ਸਬਦੁ-ਦਾ ਅਰਥ ਪਦੇ ੧ ਦੀ ਸਤਰ ੪ ਵਿਚ 'ਵਾਹਿਗੁਰੂ' ਹੈ।

ਪਰਹਰੈ-ਤਜਾਗੇ। ਦੂਰ ਕਰੇ। ਇਸ ਤੁਕ ਵਿਚ 'ਸਬਦਿ' ਦਾ ਅਰਥ 'ਸ਼ਬਦ ਬ੍ਰਹਮ' ਹੈ।

ਸਚੀ ਕਾਰ-ਸੱਚੇ ਅਮਲ। ਜੀਵਨ ਦਾ ਵਰਤਾਰਾ ਸੱਚ ਵਾਲਾ ਹੋਵੇ।

(ਅ) ਸਚੀ ਕਾਰ ਦਾ ਭਾਵ ਪ੍ਰੇਮਾ ਭਗਤੀ ਬੀ ਲੈਂਦੇ ਹਨ।

ਕੋਇ ਨ ਮੇਟਣਹਾਰੁ-ਦਾ ਭਾਵ ਹੈ ਉਸ ਦੇ ਹੁਕਮ ਨੂੰ ਕੋਈ ਨਹੀਂ ਮੇਟਣ ਵਾਲਾ। ਕਿਉਂਕਿ ਪਹਿਲੋਂ ਪਦ 'ਵਰਤਦਾ' ਪਿਆ ਹੈ, ਜਿਸ ਦਾ ਭਾਵ ਇਹ ਹੈ ਕਿ ਸਭ ਕੁਛ ਉਸ ਦਾ ਵਰਤਾਇਆ ਵਰਤ ਰਿਹਾ ਹੈ। ਇਸ ਵਿਚ ਹੁਕਮ ਦਾ ਭਾਵ ਮੌਜੂਦ ਹੈ।

ਧੰਧਾ ਧਾਵਤ-ਦੌੜ ਭੱਜ ਵਾਲੇ ਧੰਦੇ। ਕਿਉਂਕਿ ਪਦ 'ਰਹਿ ਗਏ' ਬਹੁ ਵਚਨ ਹੈ।

(ਅ) ਧੰਦਾ ਧਾਵਨੋ ਉਹ ਰਹਿ ਗਏ (ਹਟ ਗਏ) ਐਉਂ ਬੀ ਲਾਉਂਦੇ ਹਨ, ਪਰ ਇਸ ਤੋਂ ਪਹਿਲੀ ਸਤਰ ਵਿਚ ਕ੍ਰਿਯਾ ਪਦ 'ਮਰੈ' ਇਕ ਬਚਨ ਹੈ।

ਸਚਿ ਰਤੇ ਮੁਖ ਉਜਲੇ-ਵਿਚ ਰਤੇ ਤੇ ਉਜਲੇ ਦੋਹਾਂ ਨੂੰ ਵਿਸ਼ੇਸ਼ਣ ਨਾ ਸਮਝੀਏ ਪਰ ਕ੍ਰਿਯਾ, ਤਾਂ ਪਿਛੇ ਆ ਰਹੀ ਇਕ ਵਚਨ ਵਾਲੀ ਕ੍ਰਿਯਾ ਸਫਲ ਹੁੰਦੀ ਹੈ ਇਉਂ :-ਸਚ ਵਿਚ 'ਰੰਗੀਜੇ ਹੋਏ' ਤੇ 'ਉੱਜਲੇ ਹੋਏ ਹੋਏ'।

(ਸਿਰੀ ਰਾਗੁ ਮਹਲਾ ੩, ਚਉਪਦਾ- ੫੪)

ਪ੍ਰਾਕ੍ਥਨ-ਪਿਛਲੇ ਸ਼ਬਦ ਵਿਚ ਕੂੜਿਆਰ ਦਾ ਜ਼ਿਕਰ ਸੀ। ਅਗਲੇ ਵਿਚ ਸਚਿਆਰ ਦਾ ਹਾਲ ਦਿੱਤਾ ਹੈ। ਇਨ੍ਹਾਂ ਸ਼ਬਦਾਂ ਦੇ ਰਹਾਉ ਵਿਚ ਗੁਰੂ ਜੀ ਅਕਸਰ ਮਨ ਨੂੰ ਸੰਬੋਧਨ ਕਰਦੇ ਹਨ। ਇਸ ਸ਼ਬਦ ਦੇ ਰਹਾਉ ਵਿਚ ਬੀ ਮਨ ਨੂੰ ਹੀ ਸੰਬੋਧਨ ਕੀਤਾ ਹੈ ਪਰ ਉਪਦੇਸ਼ ਸਾਨੂੰ ਹੈ। ਪਿਛੇ 'ਭਾਈ ਰੇ!' ਬੀ ਸੰਬੋਧਨ ਇਸੇ ਟਿਕਾਣੇ ਆਉਂਦਾ ਰਿਹਾ ਹੈ।

[1] ਰਾਮਕਲੀ ਮ: ੧ ਸਿਧ ਗੋਸਟਿ- ੩੬।

ਮੂਲ | **ਅਰਥ**

ਸਿਰੀ ਰਾਗੁ ਮਹਲਾ ੩ ॥

ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥

ਕਿਸ ਦੀ ਮੈਂ ਸੇਵਾ ਕਰਾਂ? ਕਿਸ (ਮੰਤ੍ਰ ਦਾ) ਜਪ ਕਰਾਂ? (ਇਹ ਗਲਾਂ) ਸਤਿਗੁਰੂ ਨੂੰ ਹੀ ਜਾਕੇ ਪੁੱਛਾਂ (ਹਾਂ ਇੰਨਾ ਨਿਰਮਾਣ ਹੋਕੇ ਪੁੱਛਾਂ ਕਿ ਮਨ) ਵਿਚੋਂ ਆਪਾ ਭਾਵ (=ਹੰਕਾਰ) ਗਵਾਕੇ ਸਤਗੁਰੂ ਦਾ (ਜੋ) ਭਾਣਾ ਹੋਵੇ (ਸੋਈ) ਮੰਨ ਲਵਾਂ। (ਹਾਂ ਮੇਰੇ ਮਨ! ਗੁਰੂ ਨੇ ਤਾਂ ਮੈਨੂੰ ਦੱਸਿਆ ਹੈ ਕਿ) ਇਹੋ ਸੇਵਾ ਹੈ ਏਹੋ ਚਾਕਰੀ ਹੈ ਕਿ ਨਾਮ ਮਨ ਵਿਚ ਆ ਵੱਸੇ। (ਭਾਵ ਨਾਮ ਦਾ ਹਿਰਦੇ ਵਿਚ ਵੱਸ ਜਾਣਾ ਹੀ ਹਰੀ ਦੀ ਸੇਵਾ ਹੈ, ਹਾਂ ਜੀਓ) ਨਾਮ ਨਾਲ ਹੀ ਸੁਖ ਪਾਈਦਾ ਹੈ, (ਹਾਂ, ਸ਼ਬਦ (=ਨਾਮ ਦੀ ਆਰਾਧਨਾ) ਦੁਆਰਾ ਹੀ (ਸੱਚੇ ਦਰ) ਸ਼ੋਭਨੀਕ ਹੋਈਦਾ ਹੈ॥੧॥

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥

(ਤਾਂ ਤੇ) ਹੇ ਮੇਰੇ ਮਨ! ਦਿਨੇ ਰਾਤ ਜਾਗਦਾ ਰਹੁ (ਭਾਵ ਸੁਚੇਤ ਰਹਿ ਕੇ) ਹਰੀ ਨੂੰ ਸਿਮਰ। ਅਪਣੀ (ਹਿਰਦੇ ਰੂਪ ਭੂਮੀ ਵਿਚ ਉੱਗੀ ਪ੍ਰੇਮਾ ਭਗਤੀ ਦੀ) ਖੇਤੀ (ਤੇਰੇ ਜਾਗਦੇ ਰਹਿਣ ਨਾਲ ਬਚੇਗੀ, ਇਸਨੂੰ) ਬਚਾ ਲੈ (ਨਹੀਂ ਤਾਂ ਗ਼ਾਫ਼ਲੀ ਵਿਚ ਇਸ) ਖੇਤੀ ਨੂੰ (ਤ੍ਰਿਸ਼ਨਾ ਰੂਪੀ) ਕੂੰਜ ਆ ਪਵੇਗੀ॥੧॥ ਰਹਾਉ॥

ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥ ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥ ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥ ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥

(ਤੌਖਲਾ ਨਾ ਕਰ ਕਿ ਨਾਮ ਵਿਚ ਲੱਗਿਆਂ ਲੋੜਾਂ ਕਿਂਵ ਪੂਰੀਆਂ ਹੋਣਗੀਆਂ। ਸੁਣ! ਜਿਸ ਸ਼ਬਦ ਨਾਮ ਦੁਆਰਾ ਅਗੇ ਜਾਕੇ ਸਚੇ ਦਰ ਸੁਹਾਵਣੇ ਹੋਣਾ ਹੈ ਉਸੇ ਦੁਆਰਾ) ਮਨ ਦੀਆਂ ਇਛਾਂ (ਏਥੇ) ਪੂਰਨ ਹੋਣੀਆਂ ਹਨ (ਹਾਂ ਉਸੇ) ਸ਼ਬਦ ਦੁਆਰਾ (ਹਰੀ ਸਾਰੇ) ਪੂਰਨ ਦਿੱਸ ਪੈਂਦਾ ਹੈ। (ਠੀਕ ਜਾਣ ਕਿ ਜੋ) ਦਿਨੇ ਰਾਤ ਭੈ ਵਿਚ (ਰਹਿਕੇ) ਪ੍ਰੇਮਾ ਭਗਤੀ ਕਰਦੇ ਹਨ (ਉਹੀ) ਹਰਿ ਜੀਉ ਨੂੰ ਸਦਾ ਹਾਜ਼ਰਾ ਹਜ਼ੂਰ ਵੇਖਦੇ ਹਨ। (ਉਹਨਾਂ ਦਾ) ਮਨ ਸਦਾ ਸਚੇ ਸ਼ਬਦ ਵਿਚ ਰੱਤਾ ਰਹਿੰਦਾ ਹੈ (ਤੇ ਹਰ ਪ੍ਰਕਾਰ ਦਾ) ਭਰਮ ਉਹਨਾਂ ਦੇ (ਮਨ ਤੋਂ ਤਾਂ ਕੀਹ ਉਹਨਾਂ ਦੇ) ਸਰੀਰ ਤੋਂ ਬੀ ਦੂਰ ਚਲਾ ਜਾਂਦਾ ਹੈ। (ਉਹਨਾਂ ਬਾਬਤ ਹੀ ਕਹੀਦਾ ਹੈ ਕਿ ਉਹਨਾਂ ਨੇ) ਸ਼ੁੱਧ ਗੁਣਾਂ ਦਾ ਸਮੁੰਦਰ ਤੇ ਸੱਤਜ ਸਰੂਪ ਮਾਲਕ (ਹਰੀ) ਪਾ ਲਿਆ ਹੈ॥੨॥

ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥ ਮਨਮੁਖ ਜਨਮੁ ਬਿਰਥਾ ਗਇਆ

(ਸੋ ਮੇਰੇ ਮਨ! ਗ਼ਾਫ਼ਲ ਨਾ ਹੋ, ਦੇਖ) ਜੋ ਜਾਗਦੇ ਰਹੇ (ਭਾਵ ਸਾਵਧਾਨ ਰਹੇ) ਓਹ ਬਚ ਗਏ, ਜੋ ਗ਼ਾਫ਼ਲ ਰਹੇ (ਉਹ ਅਪਣਾ ਸੁਆਸਾਂ ਰੂਪੀ ਧਨ) ਲੁਟਾ ਗਏ। (ਉਹਨਾਂ ਨੇ ਮੋਹ ਮਾਯਾ ਵਿਚ ਲਗੇ ਰਹਿਕੇ) ਸਚੇ ਸ਼ਬਦ (ਵਾਹਿਗੁਰੂ) ਨੂੰ ਨਾ ਪਛਾਣਿਆ, (ਉਨ੍ਹਾਂ ਦੀ ਉਮਰਾ) ਸੁਪਨੇ (ਵਾਂਙੂ) ਬੀਤ ਗਈ। (ਹਾਂ) ਸੁੰਞੇ ਘਰ ਦਾ ਪ੍ਰਾਹੁਣਾ ਜਿਵੇਂ (ਸੱਖਣਾ) ਆਕੇ (ਸੱਖਣਾ ਹੀ) ਟੁਰ ਜਾਂਦਾ ਹੈ, ਤਿਵੇਂ ਉਹ ਸੱਖਣੇ ਹੀ ਚਲੇ ਗਏ। (ਇਉਂ

ਕਿਆ ਮੁਹੁ ਦੇਸੀ ਜਾਇ ॥੩॥

ਹਰ) ਮਨਮੁਖ ਦਾ (ਮਨੁੱਖਾ) ਜਨਮ ਬਿਰਥਾ ਚਲਾ ਜਾਂਦਾ ਹੈ, (ਅਗੇ) ਜਾਕੇ (ਉਹ) ਕੀਹ ਮੂੰਹ ਦੇਵੇਗਾ॥੩॥

ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥ ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥ ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥ ੫੪॥

(ਸਿਧਾਂਤ ਦੀ ਗਲ ਇਹ ਹੈ ਕਿ) ਸਭ ਕੁਛ (ਹਰੀ) ਆਪ ਹੀ ਆਪ ਹੈ, (ਪਰ) ਹਉਮੈ ਵਿਚ (ਫਸੇ ਜੀਵਾਂ ਤੋਂ ਇਹ ਗਲ) ਆਖੀ ਨਹੀਂ ਜਾ ਸਕਦੀ, (ਇਹ ਗਲ ਤਾਂ) ਗੁਰੂ ਦੇ ਸ਼ਬਦ ਦੁਆਰਾ (ਹੀ) ਪਛਾਣੀ ਦੀ ਹੈ (ਕਿਉਂਕਿ) ਹਉਮੈ ਦਾ ਦੁਖ (ਗੁਰੂ ਉਪਦੇਸ਼ ਦੁਆਰਾ ਹੀ ਮਨ) ਵਿਚੋਂ ਦੂਰ ਹੁੰਦਾ ਹੈ। (ਜੋ ਲੋਕ) ਅਪਣੇ ਸਤਿਗੁਰੂ ਨੂੰ ਸੇਵਦੇ ਹਨ ਮੈਂ (ਤਾਂ) ਉਹਨਾਂ ਦੀ ਚਰਨੀ ਲਗਦਾ ਹਾਂ। ਉਹੀ ਸੱਚੇ ਦਰ (ਅਰਥਾਤ ਵਾਹਿਗੁਰੂ ਦੇ ਹਜ਼ੂਰ) ਸਚਿਆਰ ਹਨ, ਹਾਂ ਮੈਂ ਨਾਨਕ ਉਹਨਾਂ ਤੋਂ (ਹੀ) ਸਦਕੇ ਜਾਂਦਾ ਹਾਂ॥ ੪ ॥ ੨੧ ॥ ੫੪ ॥

ਵਜਾਖਜਾ–ਵਾਹਿਗੁਰੂ ਦੀ ਸੇਵਾ ਦਾ ਅਕਸਰ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ।

ਯਥਾ:- **ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ॥** (ਬਿਲਾ: ਮ: ੫-੧੨੨)

ਵਾਹਿਗੁਰੂ ਰੂਪ ਰੰਗ ਰੇਖ ਤੋਂ ਨਿਆਰਾ ਹੈ, ਉਸ ਅਰੂਪ ਦੀ ਸੇਵਾ ਕੀਕੂੰ ਹੁੰਦੀ ਹੈ? ਇਸ ਪ੍ਰਸ਼ਨ ਦਾ ਉੱਤਰ ਇਸ ਸ਼ਬਦ ਵਿਚ ਹੈ:- **ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥** (ਸਿਰੀ: ਮ: ੩-੫੪)

ਇਸ ਦਾ ਫਲ ਦੱਸਿਆ ਹੈ ਏਥੇ ਸੁਖ ਅੱਗੇ ਸੁਭਾਇਮਾਨਤਾ।

ਅੰਕ ੧ ਦੇ ਅਖ਼ੀਰ ਵਿਚ ਪਦ ਸ਼ਬਦਿ ਦਾ ਅਰਥ-ਭਾਵ 'ਨਾਮ' ਹੀ ਹੈ। ਰਹਾਉ ਵਿਚ ਤਾਕੀਦ ਹੈ ਸੁਚੇਤ ਤੇ ਸਾਵਧਾਨ ਰਹਿਣੇ ਦੀ ਕਿ ਮਤੇ ਨਾਮ ਪ੍ਰਾਪਤ ਹੋਕੇ ਗ਼ਾਫ਼ਲੀ ਕਰੇ ਤਾਂ ਵਾਸ਼ਨਾ ਤ੍ਰਿਸ਼ਨਾ ਦਾ ਚੱਕ੍ਰ ਹਿਰਦੇ ਵਿਚ ਫੇਰ ਚਲ ਪਏ ਫੇਰ ਤੂੰ ਮੋਹ ਮਾਯਾ ਵਿਚ ਸੌਂ ਜਾਏਂਗਾ।

ਕਈ ਦਾਨੇ ਇਥੇ ਇਹ ਭਾਵ ਲੈਂਦੇ ਹਨ ਕਿ ਅਪਣੀ ਜੀਵਨ ਰੂਪੀ ਖੇਤੀ ਦੀ ਰਾਖੀ ਕਰ ਕਿ ਨਾਮ ਵਿਚ ਲਗੀ, ਲਗੀ ਹੀ ਰਹੇ ਕਿਉਂਕਿ ਮੌਤ ਰੂਪੀ ਕੂੰਜ ਨੇ ਇਕ ਦਿਨ ਇਸ ਤੇ ਆ ਪੈਣਾ ਹੈ।

ਨਿਰੁਕ੍ਤ–ਕੂੰਜ ਆ ਪੈਣਾ ਇਕ ਮੁਹਾਵਰਾ ਹੈ। ਇਸ ਦਾ ਇਹ ਅਰਥ ਨਹੀਂ ਕਿ ਇਕ ਕੂੰਜ ਆ ਪਵੇਗੀ। ਮੁਰਾਦ ਹੈ ਕੂੰਜਾਂ ਦੀ ਡਾਰ ਆ ਪਵੇਗੀ। ਜਿਵੇਂ ਕਹਿੰਦੇ ਹਨ ਸੰਮਤ ੯੦ ਵਿਚ ਲਾਹੌਰ ਮਕੜੀ ਪਈ ਸੀ। ਭਾਵ ਮੱਕੜੀ ਦਾ ਦਲ ਆ ਪਿਆ ਸੀ। ਕੱਲ ਰਾਤ ਅਹਣ ਪਈ ਸੀ। ਇਕ ਅਹਣ ਯਾ ਗੜਾ ਨਹੀਂ, ਪਰ ਗੜਿਆਂ ਦਾ ਮੀਂਹ ਵਸਿਆ ਸੀ।

ਕੂੰਜ–(ਸੰਸ:, ਪੰਜਾਬੀ। ਸੰਸਕ੍ਰਿਤ, ਕ੍ਰੌਂਚ:) ਪੰਛੀ ਦਾ ਪ੍ਰਸਿੱਧ ਨਾਮ ਹੈ, ਜਿਸ ਦੀਆਂ ਲੱਤਾਂ ਲੰਮੀਆਂ ਤੇ ਪਤਲੀਆਂ, ਲੰਬੀ ਗਿੱਚੀ ਤੇ ਤਕੜੇ ਖੰਭ ਹੁੰਦੇ ਹਨ, ਬੜੀ ਉੱਚੀ ਉਡਦੀ ਹੈ। ਸਿਆਲੇ ਪੰਜਾਬ ਵਿਚ ਆਉਂਦੀ ਹੈ। ਇਸ ਦੀ ਡਾਰ ਜਿਸ ਖੇਤ ਵਿਚ ਉਤਰੇ ਚੋਖਾ ਨੁਕਸਾਨ ਕਰਦੀ ਹੈ।

ਸਬਦਿ– ਸਤਰ ੪ ਵਿਚ 'ਸਬਦਿ' ਦਾ ਭਾਵ 'ਨਾਮ ਦੁਆਰਾ' ਹੈ।
ਸਤਰ ੭ ਵਿਚ 'ਸਬਦਿ' ਦਾ ਭਾਵ ਬੀ 'ਨਾਮ ਦੁਆਰਾ' ਹੈ।
ਸਤਰ ੯ ਵਿਚ 'ਸਬਦਿ' ਦਾ ਭਾਵ 'ਵਾਹਿਗੁਰੂ ਵਿਚ' ਹੈ।
ਸਤਰ ੧੧ ਵਿਚ 'ਸਬਦੁ' ਦਾ ਭਾਵ 'ਵਾਹਿਗੁਰੂ ਨੂੰ' ਹੈ।
ਸਤਰ ੧੬ ਵਿਚ 'ਸਬਦਿ' ਦਾ ਭਾਵ 'ਗੁਰ ਉਪਦੇਸ਼ ਦੁਆਰਾ' ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੫੫)

ਪ੍ਰਾਕ੍ਕਥਨ—ਨਾਮ ਸਿਮਰਨ ਇਕ ਲਗਾਤਾਰੀ ਅੰਤ੍ਰੀਵ ਲਗਨ ਵਾਹਿਗੁਰੂ ਜੀ ਨਾਲ ਹੈ। ਇਸ ਦੇ ਹੋਣ ਤੇ ਨਾ ਹੋਣ ਦਾ ਸਮਾਂ ਵੰਡਿਆ ਨਹੀਂ ਜਾਂਦਾ। ਜਾਪਦਾ ਹੈ ਕਿਸੇ ਨੇ ਪ੍ਰਸ਼ਨ ਕੀਤਾ ਹੈ ਕਿ ਨਾਮ ਸਿਮਰਣ ਦਾ ਸਮਾਂ ਦੱਸੋ, ਉਸ ਦਾ ਉੱਤਰ ਗੁਰੂ ਜੀ ਨੇ ਜੋ ਦਿੱਤਾ ਹੈ ਉਹ ਇਸ ਸ਼ਬਦ ਵਿਚ ਅੰਕਿਤ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥	ਜੇ (ਭਗਤੀ ਕਰਨ ਦਾ) ਸਮਾ ਵੀਚਾਰ ਕਰੀਏ (ਕਿ ਕਿਸ ਵੇਲੇ ਹੋਇਆ ਕਰੇ) ਤਾਂ ਕਿਸ ਵੇਲੇ (ਕਹੀਏ ਕਿ) ਭਗਤੀ ਹੋਵੇ (ਤੇ ਕਿਸ ਵੇਲੇ ਨਾ ਹੋਵੇ)। ਹਰ ਵੇਲੇ (ਹੀ) ਨਾਮ ਵਿਚ ਲੱਗੇ ਰਿਹਾਂ ਸਚੇ (ਵਾਹਿਗੁਰੂ ਦੀ) ਸਚੀ ਸੋਝੀ (ਪੈਂਦੀ ਹੈ)। (ਭਲਾ ਜੇ ਕਿਸੇ ਨਾਲ ਪਜਾਰ ਹੋਵੇ ਤੇ ਉਹ) ਪਿਆਰ ਇਕ ਪਲ ਭਰ ਲਈ ਭੁੱਲ ਜਾਵੇ ਤਾਂ (ਉਹ ਪ੍ਰੇਮਾ-) ਭਗਤੀ ਕਾਹਦੀ ਹੋਈ? (ਤੁਸੀਂ ਕਰਕੇ ਦੇਖੋ ਕਿ ਜੇ ਪਜਾਰੇ ਦੀ ਯਾਦ ਬਿਨਾ) ਕੋਈ ਸ੍ਵਾਸ ਬੀ ਬਿਰਥਾ ਨਾ ਜਾਵੇਗਾ ਤਾਂ (ਮਨ ਸੱਚ ਸਰੂਪ ਨਾਲ ਲੱਗਾ ਰਹੇਗਾ) ਸੱਚ ਨਾਲ (ਲੱਗੇ ਰਿਹਾਂ) ਮਨ ਤੇ ਤਨ ਠੰਢਾ ਠਾਰ ਰਹੇਗਾ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥ ੧॥ ਰਹਾਉ ॥	(ਤਾਂ ਤੇ) ਹੇ ਮੇਰੇ ਮਨ! ਹਰੀ ਦਾ ਨਾਮ (ਐਸੀ ਤਰ੍ਹਾਂ) ਧਿਆ (ਕਿ ਨਿਰੀ ਯਾਦ ਹੀ ਨਾ ਰਹੇ, ਸਗੋਂ ਹਰੀ ਆਪ ਤੇਰੇ ਮਨ ਵਿਚ ਵੱਸ ਪਵੇ); (ਜਦ) ਹਰੀ ਮਨ ਵਿਚ ਆ ਵਸੇਗਾ ਤਾਂ ਸੱਚੀ ਭਗਤੀ ਓਦੋਂ ਹੋਵੇਗੀ॥ ੧ ॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥	(ਇਸ ਲਗਾਤਾਰੀ ਨਾਮ ਦੀ ਜੁਗਤਿ ਇਹ ਹੈ ਕਿ ਖੇਤੀ ਬੀਜਣ ਵਾਂਙੂੰ ਸ਼ੁਭ ਗੁਣਾਂ ਨਾਲ) ਸਹਜੇ ਹੀ (ਮਨ ਰੂਪੀ) ਖੇਤੀ ਦੀ ਰਉਣੀ ਕਰੀਏ (ਪਾਣੀ ਦੇ ਕੇ ਤੇ ਵਾਹ ਕੇ ਬੀਜ ਲਈ ਤਿਆਰ ਕਰੀਏ, ਫੇਰ ਉਸ ਵਿਚ) ਸਤਿਨਾਮ ਦਾ ਬੀਜ ਬੋਈਏ, (ਇਉਂ ਦੀ ਬੀਜੀ) ਖੇਤੀ ਬਹੁਤ (ਗੁਣਾਂ ਹੋਕੇ) ਉਗੇਗੀ (ਜਿਸ ਨਾਲ ਕਿ) ਮਨ ਸਹਜ ਸੁਭਾਵ ਰੱਜਾ ਰਿਹਾ ਕਰੇਗਾ। ਗੁਰੂ ਦਾ ਉਪਦੇਸ਼ (ਇਕ) ਅੰਮ੍ਰਿਤ ਹੈ ਜਿਸ ਦੇ ਪੀਣ ਨਾਲ (ਤ੍ਰਿਸ਼ਨਾ ਰੂਪੀ) ਤ੍ਰੇਹ ਜਾਂਦੀ ਰਹੇਗੀ। (ਇਸ ਵੈਤ੍ਰਿਸ਼ਨ[1] ਅਵਸਥਾ ਵਿਚ) ਇਹ ਮਨ ਸੱਚ (ਨਾਮ) ਵਿਚ ਰੱਤਾ ਹੋਇਆ ਸੱਚਾ (ਸਤਯ ਸਰੂਪ) ਹੋ ਜਾਂਦਾ ਹੈ, (ਸਤਯ ਸਰੂਪ ਹੋ ਜਾਣ ਕਰਕੇ) ਸੱਚੇ (ਸਤਯ ਸਰੂਪ ਹਰੀ) ਵਿਚ ਸਮਾਇਆ ਰਹਿੰਦਾ ਹੈ॥੨॥

[1]ਤ੍ਰਿਸ਼ਨਾ ਰਹਿਤ।

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥

(ਉਨ੍ਹਾਂ ਦੀ ਅੰਤਰ ਮੁਖ ਅਵਸਥਾ ਦੱਸਕੇ ਹੁਣ ਬਾਹਰ ਮੁਖੀ ਵਰਤੋਂ ਦੱਸਦੇ ਹਨ) (ਉਨ੍ਹਾਂ ਦਾ ਆਪਣੇ ਆਪ ਕੁਛ) ਆਖਣਾ (ਉਨ੍ਹਾਂ ਦਾ) ਵੇਖਣਾ (ਵੇਖ ਕੇ ਕਿਸੇ ਪਰਥਾਇ ਕੁਛ) ਬੋਲਣਾ ਨਾਮ ਵਿਚ ਸਮਾਏ ਰਿਹਾਂ (ਵਾਲੀ ਹਾਲਤ ਵਿਚ) ਹੁੰਦਾ ਹੈ। (ਭਾਵ ਉਨ੍ਹਾਂ ਦਾ ਬੋਲਣਾਂ ਚੱਲਣਾਂ ਆਦਿ ਨਾਮ ਤੋਂ ਵਿਛੁੜਕੇ ਨਹੀਂ ਹੁੰਦਾ)। (ਸੋ ਉਨ੍ਹਾਂ ਦਾ) ਸੁਨਾਉਣਾਂ ਸੱਚੋ ਸੱਚ ਹੁੰਦਾ ਹੈ (ਇਸ ਕਰਕੇ ਉਨ੍ਹਾਂ ਦੀ) ਬਾਣੀ ਚਾਰੇ ਜੁਗਾਂ ਵਿਚ ਪ੍ਰਸਿੱਧ ਹੋ ਜਾਂਦੀ ਹੈ[1]। (ਹੁਣ ਉਨ੍ਹਾਂ ਦਾ ਅੰਤ ਦੱਸਦੇ ਹਨ ਕਿ ਕੀਹ ਹੁੰਦਾ ਹੈ) (ਉਨ੍ਹਾਂ ਦੀ) 'ਹਉਮੈਂ' ਤੇ 'ਮੈਂ ਮੇਰੀ' ਮੁੱਕ ਜਾਂਦੀ ਹੈ, (ਸੋ ਨਿਰ-ਹਉਂ ਹੋਇਆਂ ਨੂੰ) ਸੱਚਾ (ਹਰੀ ਆਪਣੇ ਵਿਚ) ਮਿਲਾ ਲੈਂਦਾ ਹੈ, (ਸਿੱਟਾ:) (ਸੋ ਭਾਈ ਸਮਝ ਲਓ ਕਿ) ਜੋ ਸੱਚ ਵਿਚ (ਅਰਥਾਤ ਸੱਚੇ ਨਾਮ ਵਿਚ) ਲਿਵ ਲਾਈ ਰਖਦੇ ਹਨ ਉਨ੍ਹਾਂ ਨੂੰ ਵਾਹਿਗੁਰੂ ਦਾ ਸਰੂਪ (ਸਦਾ) ਹਾਜ਼ਰਾ ਹਜ਼ੂਰ ਰਹਿੰਦਾ ਹੈ॥੩॥

ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥

ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥ ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥ ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥ ੨੨॥੫੫॥

(ਪ੍ਰਸ਼ਨ: ਕੀ ਇਹ ਭਗਤੀ ਰੂਪੀ ਦਾਤ ਕਰਮਾਂ ਨਾਲ ਮਿਲਦੀ ਹੈ ਕਿ ਮਿਹਰ ਨਾਲ? ਉੱਤਰ:) ਨਾਮ (ਉਸ ਵਾਹਿਗੁਰੂ ਦੀ) ਮੇਹਰ ਦੀ ਨਦਰ ਨਾਲ ਹੀ ਧਿਆਇਆ ਜਾਂਦਾ ਹੈ, ਪਰ (ਸ਼ੁਭ) ਕਰਮਾਂ ਤੋਂ ਬਿਨਾਂ (ਨਾਮ) ਪ੍ਰਾਪਤ (ਬੀ) ਨਹੀਂ ਹੁੰਦਾ। (ਨਾਮ ਗੁਰੂ ਦੇ ਸਤਿਸੰਗ ਤੋਂ ਪ੍ਰਾਪਤ ਹੁੰਦਾ ਹੈ ਪਰ) ਸਤਿਗੁਰੂ ਦੀ ਸੰਗਤਿ ਬੀ ਪੂਰੇ ਭਾਗਾਂ ਦੁਆਰਾ ਉਹੀ ਪ੍ਰਾਪਤ ਕਰਦਾ ਹੈ ਜਿਸ ਨੂੰ ਸਤਿਗੁਰੂ ਆਪ ਆ ਮਿਲੇ; (ਐਉਂ) ਹਰ ਵੇਲੇ ਨਾਮ ਵਿਚ ਰੱਤੇ ਰਿਹਾਂ (ਬ੍ਰਿਤੀ ਦਾ) ਵਿਸ਼ਿਆਂ ਵਲ (ਧਾਵਣੇ) ਦਾ ਦੁਖ ਦੂਰ ਹੋ ਜਾਂਦਾ ਹੈ। ਹੇ ਨਾਨਕ! ਸ਼ਬਦ (=ਵਾਹਿਗੁਰੂ) ਵਿਚ ਮੇਲ (ਗੁਰੂ ਦੇ ਦਿਤੇ) ਸ਼ਬਦ ਦੁਆਰਾ ਹੁੰਦਾ ਹੈ (ਹਾਂ) ਨਾਮ ਦੁਆਰਾ ਨਾਮੀ ਵਿਚ ਸਮਾਈਦਾ ਹੈ॥੪॥੨੨॥੫੫॥

ਵਯਾਖਯਾ—ਕੋਈ ਪੁਛਦਾ ਹੈ ਕਿ ਕਿਹੜਾ ਕਿਹੜਾ ਵੇਲਾ ਨਾਮ ਸਿਮਰਨ ਦਾ ਉਪਯੋਗੀ ਹੈ। ਅਥਵਾ ਕੰਮਾਂ ਵਿਚੋਂ ਕਿਹੜਾ ਵੇਲਾ ਨਾਮ ਲਈ ਕੱਢੀਏ? ਪਹਿਲੀ ਗਲ-ਉਪਯੋਗੀ ਯਾ ਬੇਨੁਕਸ ਵੇਲਾ ਲੱਭਣਾ ਕਠਨ ਹੈ। ਹਰ ਵੇਲੇ ਵਿਚ ਕੋਈ ਚੰਗਯਾਈ, ਕੋਈ ਨੁਕਸ, ਜੇ ਵਿਹਲ ਦਾ ਵੇਲਾ ਲੱਭੋ ਤਾਂ ਕਠਨਤਾ ਹੈ; ਜੀਵ ਹਰ ਵੇਲੇ ਰੁੱਝਾ ਹੈ। ਜੇ ਸਰੀਰ ਨਾ ਰੁੱਝਾ ਤਾਂ ਮਨ ਰੁੱਝਾ ਹੈ। ਪਰ ਗੁਰੂ ਜੀ ਉੱਤਰ ਹੋਰ ਨੁਕਤੇ ਤੋਂ ਦੇਂਦੇ ਹਨ, ਜਿਸ ਵਿਚ ਏਹ ਸਾਰੇ ਬੀ ਆ ਜਾਂਦੇ ਹਨ।

ਨਾਮ ਨੂੰ ਉਹ ਭਗਤੀ ਕਹਿੰਦੇ ਹਨ, ਭਗਤੀ ਨੂੰ ਉਹ ਪ੍ਰੇਮ ਦੱਸਦੇ ਹਨ। ਪ੍ਰੇਮ ਦਾ ਕਿਹੜਾ ਵੇਲਾ? ਪ੍ਰੇਮ ਤਾਂ ਇਕ ਲਗਾਤਾਰੀ ਲਗਨ ਹੈ। ਜੋ ਕਿਸੇ ਵੇਲੇ ਹੈ ਕਿਸੇ ਵੇਲੇ ਨਹੀਂ ਉਹ ਪ੍ਰੇਮ

[1]ਅਥਵਾ-ਉਨ੍ਹਾਂ ਦੀ ਬਾਣੀ ਚਾਰ ਜੁਗਾਂ ਵਿਚ ਪ੍ਰਸਿੱਧ ਹੋ ਜਾਂਦੀ ਹੈ ਜੋ ਸਚੋ ਸਚ ਹਰੀ ਨੂੰ ਹੀ ਸੁਣਾ ਰਹੀ ਹੁੰਦੀ ਹੈ।
(ਅ) ਓਹ ਜਗਤ ਨੂੰ ਸੱਚੋ ਸੱਚ ਸੁਣਾਉਂਦੇ ਹਨ ਇਸ ਕਰਕੇ ਉਨ੍ਹਾਂ ਦੇ ਯਸ ਦੀ ਬਾਣੀ ਚਹੁੰ ਜੁਗਾਂ ਵਿਚ ਪ੍ਰਸਿੱਧ ਹੋ ਜਾਂਦੀ ਹੈ।

ਨਹੀਂ। ਫਿਰ ਇਸ ਗੱਲ ਨੂੰ ਰਹਾਉ ਵਿਚ ਹੋਰ ਸ਼ਪਸ਼ਟ ਕਰਦੇ ਹਨ, ਕਿ ਨਾਮ ਨਿਰਾ ਸਿਮਰਨ ਹੀ ਨਾ ਰਹੇ ਸਗੋਂ ਨਾਮ ਨਾਮੀ ਹੋਕੇ ਮਨ ਵਿਚ ਆ ਵੱਸੇ। ਗੋਯਾ ਕਿ 'ਸਾਂਈਂ ਦੀ ਯਾਦ' ਸਾਂਈ ਦੀ ਹਿਰਦੇ ਵਿਚ ਵਸਦੀ 'ਹਜ਼ੂਰੀ' ਬਣ ਜਾਵੇ। ਅੱਗੇ ਫੇਰ ਜੁਗਤ ਦੱਸਦੇ ਹਨ ਕਿ ਸ਼ੁਭ ਗੁਣ ਧਾਰਨ ਕਰੋ ਤੇ ਸਹਜ ਸੇਤੀ ਧਾਰਨ ਕਰੋ। ਸ਼ੁਭ ਗੁਣਾਂ ਨਾਲ ਮਨ ਰਾਹੀ ਹੋਈ ਭੋਂ ਵਾਂਙੂ ਸਾਫ ਤੇ ਤਿਆਰ ਹੋਵੇਗਾ। ਸਾਫ ਤੇ ਤਿਆਰ ਮਨ ਨਾਮ ਵਿਚ ਪੈਕੇ ਸਫਲਤਾ ਲਏਗਾ, ਸਫਲਤਾ ਇਹ ਹੋਇਗੀ ਕਿ ਹਉਂ ਦੂਰ ਹੋਕੇ ਸੱਚ ਸਰੂਪਤਾ ਪ੍ਰਗਟੇਗੀ ਜੋ ਸੱਤਯ ਸਰੂਪ ਵਿਚ ਸਜਾਤੀ ਹੋਣ ਕਰਕੇ ਜਾ ਮਿਲੇਗੀ। ਫੇਰ ਪ੍ਰਸ਼ਨ ਹੋ ਪੈਂਦਾ ਹੈ ਕਿ ਕਿਆ ਐਸੇ ਭਗਤ ਫੇਰ ਅੱਕ੍ਰੇ ਹੋ ਜਾਣਗੇ? ਅੰਕ ੩ ਵਿਚ ਉੱਤਰ ਦੇਂਦੇ ਹਨ ਕਿ ਨਹੀਂ, ਓਹ ਜੋ ਕੁਛ ਕਰਨ ਬੋਲਣਗੇ ਉਹ ਨਾਮ ਵਿਚ ਰੱਤਿਆਂ ਤੇ ਸੱਚ ਵਿਚ ਲਗਿਆਂ ਹੋਣ ਕਰਕੇ ਸੱਚ ਹੋਵੇਗਾ, ਸੱਚ ਹੋਣ ਕਰਕੇ ਸਦਾ ਰਹੇਗਾ। ਕਿਉਂਕਿ ਸੱਚ ਅਵਿਨਾਸ਼ੀ ਵਸਤੂ ਹੈ। ਸੋ ਉਨ੍ਹਾਂ ਦੇ ਵਾਕ ਸਦਾ ਥਿਰ ਰਹਿੰਦੇ ਹਨ ਤੇ ਆਪ ਓਹ ਸੱਚ ਵਿਚ ਪ੍ਰਾਪਤ ਹੋ ਜਾਂਦੇ ਹਨ। ਅੰਕ ੪ ਵਿਚ ਇਕ ਹੋਰ ਪ੍ਰਸ਼ਨ ਦਾ ਸਮਾਧਾਨ ਹੈ ਕਿ ਇਹ ਨਾਮ ਕਿ ਭਗਤੀ, ਮਿਹਰ ਤੋਂ, ਕਰਮਾਂ ਤੋਂ ਪ੍ਰਾਪਤ ਹੁੰਦੀ ਹੈ? ਉੱਤਰ ਦੇਂਦੇ ਹਨ ਕਿ ਕਰਮਾਂ ਤੋਂ ਬਿਨਾ ਇਹ ਸ਼ੈ ਪ੍ਰਾਪਤ ਨਹੀਂ ਹੁੰਦੀ ਪਰ ਮੇਹਰ ਤੋਂ ਬਿਨਾਂ ਇਸ ਦੀ ਘਾਲ ਨਹੀਂ ਹੁੰਦੀ। ਫਿਰ ਇਸ ਦਾਤ ਦਾ ਦਾਤਾ ਗੁਰੂ ਹੈ ਤੇ ਗੁਰੂ ਆਪੇ ਆਕੇ ਮਿਲਦਾ ਹੈ। ਗੋਯਾ ਕਿ ਕਰਮ ਅਰ ਮੇਹਰ ਦੁਇ ਗੱਲਾਂ ਦੱਸਦੀਆਂ ਹਨ ਕਿ ਦੋਹਾਂ ਦਾ ਕਿਤੇ ਸੰਮੇਲਨ ਹੈ, ਜੈਸਾ ਕਿ ਪਿਛੇ ਸ਼ਬਦ ੫੦ ਦੇ ਅੰਕ ੩ ਵਿਚ ਦੱਸ ਆਏ ਹਨ-
ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ॥ ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ॥੩॥
(ਸਿਰੀ: ਮ: ੩-੫੦) ਗੁਰੂ ਦਾ ਮਿਲਣਾ ਤੇ ਨਾਮ ਦੀ ਉਸ ਤੋਂ ਪ੍ਰਾਪਤੀ ਇਹ ਭਾਗਾਂ ਕਰਕੇ ਹੈ, ਭਾਗ ਕਰਮਾਂ ਨਾਲ ਬਣਦੇ ਹਨ, ਪਰ ਆਪਣੇ 'ਕਰਮ' ਦੀ ਹਉਂ ਧਾਰਨੀ ਵਿਘਨਕਾਰੀ ਹੈ। ਕਿਉਂਕਿ ਹਉਂ ਹੀ ਤਾਂ ਕੱਟਣੀ ਹੈ। ਇਸ ਲਈ ਨਾਮ ਮਾਰਗ ਤੇ ਟੁਰਦਿਆਂ ਵਾਹਿਗੁਰੂ ਵਿਚ ਸ਼ਰਧਾ, ਪ੍ਰੇਮ, ਉਸ ਅਗੇ ਅਰਦਾਸ ਜ਼ਰੂਰੀ ਹੈ। ਜਿਸ ਕਰਕੇ ਉਸ ਦੀ ਮੇਹਰ ਦੀ ਮੰਗ ਸਾਡੀ ਵਲੋਂ ਬੱਚੇ ਦੇ ਰੁਦਨ ਵਾਂਙੂ ਬਣੀ ਰਹੇ। ਗੁਰੂ ਜੀ ਸ਼ੁਭ ਕਰਮਾਂ ਦਾ ਉਪਦੇਸ਼ ਸ਼ਹਜੇ ਖੇਤੀ ਰਾਹੁਣ ਦੇ ਰੂਪਕ ਵਿਚ ਦੇਂਦੇ ਹੋਏ ਤਕੀਏ ਮੇਹਰਾਂ ਤੇ ਹੀ ਲੁਆਉਂਦੇ ਹਨ।

ਨਿਰੁਕ੍ਰ-ਵੇਲਾ-(ਸੰਸਕ੍ਰਿਤ) ਸਮਾ

ਵਖਤ-(ਅ:, ਵਕ਼ਤ) ਸਮਾ। ਵੇਲਾ ਹਿੰਦੂ ਖ਼ਯਾਲ ਤੇ, ਅਤੇ ਵਖਤ ਮੁਸਲਿਮ ਖ਼ਯਾਲ ਤੇ ਕਿਹਾ, ਦੋਹਾਂ ਪ੍ਰਤੀ ਉਪਦੇਸ਼ ਦਾ ਸੂਚਕ ਹੋ ਸਕਦਾ ਹੈ। ਪਰ ਵੇਲਾ ਵਖਤ ਮੁਹਾਵਰੇ ਦਾ ਇਕ ਲਫਜ਼ ਵਾਂਙੂ ਬੀ ਵਰਤਿਆ ਜਾਂਦਾ ਹੈ ਅਰਥ 'ਸਮੇਂ' ਦਾ ਹੀ ਹੁੰਦਾ ਹੈ।

ਰਾਹੀਐ-ਰਾਹੁਣਾ=ਪਾਣੀ ਦੇਕੇ, ਵੱਤਰ ਵੇਖ, ਹਲ ਵਾਹ, ਆਦਿ ਤਯਾਰੀ ਕਰਕੇ ਧਰਤੀ ਨੂੰ ਬੀਜਣੇ ਲਾਯਕ ਬਨਾਉਣਾ।

ਅਗਲੀ-ਬਹੁਤੀ। **ਮਨੂਆ**-ਮਨ।

ਬਾਣੀ-ਉਨ੍ਹਾਂ ਦੀ ਆਪਣੀ ਉਚਾਰੀ ਹੋਈ ਬਾਣੀ ਯਾ ਰਚਨਾ।

(ਅ) ਜਸ ਕੀਰਤੀ ਵਾਲੀ ਰਚਨਾ ਜੋ ਉਨ੍ਹਾਂ ਬਾਬਤ ਰਚੀ ਜਾਂਦੀ ਹੈ।

ਮਹਲੁ-ਸਰੂਪ। **ਹਦੂਰਿ**-ਸਾਹਮਣੇ। ਹਾਜ਼ਰਾ ਹਜ਼ੂਰ।

ਕਰਮਾ-ਕੰਮਾਂ, ਅਮਲਾਂ। **ਅਨਦਿਨੁ**-ਹਰ ਦਿਨ, ਹਰ ਵੇਲੇ।

ਦੁਖ ਬਿਖਿਆ-ਵਿਸ਼ਿਆਂ ਵਿਚ ਪ੍ਰਵਿਰਤੀ ਜਾਂ ਧਾਵਨੇ ਦਾ ਦੁਖ। ਜੋ ਪਰਮਾਰਥ ਦੇ ਪ੍ਰਯਤਨ ਵਾਲਿਆਂ ਨੂੰ ਦੁਖ ਰੂਪ ਭਾਸਦਾ ਹੈ ਤੇ ਜੋ ਆਤਮ ਅਰੋਗਤਾ ਨੂੰ ਵਿਗਾੜਦਾ ਹੈ।

ਸਬਦਿ-ਏਥੇ ਦੇਹੁਰੀ ਦੀਪਕ ਹੈ ਤੇ ਸ਼ਲੇਖ ਹੈ। ਦੁਇ ਅਰਥ ਦੇਂਦਾ ਹੈ। ਸਬਦਿ=ਵਾਹਿਗੁਰੂ ਵਿਚ। ਸਬਦਿ=ਸਬਦ ਦੁਆਰਾ।

ਨਾਮੇ-ਨਾਮ ਦੁਆਰਾ। ਨਾਮਿ-ਨਾਮੀ, ਨਾਮੀ ਵਿਚ।

(ਸਿਰੀ ਰਾਗੁ ਮਹਲਾ ੩, ਚਉਪਦਾ-੫੬)

ਪ੍ਰਾਕ੍ਰਥਨ-ਵਾਹਿਗੁਰੂ ਨਿਰਮਲ ਹੈ, ਜੀਵ ਮੈਲੇ ਹਨ, ਦੁਬਿਧਾ ਤੇ ਪਾਪ ਦੀ ਮੈਲ ਹੈ, ਗੁਰੂ ਇਹ ਮੈਲ ਧੋ ਦੇਂਦਾ ਹੈ, ਜੀਵ ਨਿਰਮਲ ਹੋਕੇ ਨਿਰਮਲ ਪ੍ਰਭੂ ਨੂੰ ਮਿਲ ਪੈਂਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥ ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥ ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥	(ਵਾਹਿਗੁਰੂ ਜੀ ਨੇ) ਆਪਣਾ ਡਰ ਉਨ੍ਹਾਂ ਨੂੰ ਪਾਇਆ ਹੈ ਜਿਨ੍ਹਾਂ ਨੇ ਗੁਰੂ ਕੇ ਸ਼ਬਦ ਨੂੰ ਵੀਚਾਰਿਆ ਹੈ। (ਓਹ) ਸਦਾ ਸਤਿ ਸੰਗਤਿ ਨਾਲ ਮਿਲੇ ਰਹਿੰਦੇ ਹਨ (ਤੇ) ਸੱਚੇ (ਵਾਹਿਗੁਰੂ) ਦੇ ਗੁਣ ਸੰਮ੍ਹਾਲਦੇ ਹਨ। (ਉਨ੍ਹਾਂ ਨੇ) ਦੁਬਿਧਾ (ਰੂਪੀ) ਮੈਲ ਚੁਕਾ ਦਿਤੀ ਹੈ ਤੇ (ਹੁਣ) ਹਰੀ ਨੂੰ ਦਿਲ ਵਿਚ ਧਾਰਨ ਕਰੀ ਰਖਦੇ ਹਨ। (ਉਨ੍ਹਾਂ ਦਾ) ਸੱਚੇ ਨਾਲ ਪਿਆਰ ਹੈ (ਉਨ੍ਹਾਂ ਦੇ) ਮਨ ਵਿਚ ਸੱਚ ਦਾ (ਨਿਵਾਸ ਹੁੰਦਾ) ਹੈ (ਅਤੇ) ਉਨ੍ਹਾਂ ਦੀ ਬਾਣੀ (ਬੀ) ਸੱਚੀ ਹੁੰਦੀ ਹੈ[੧]॥੧॥
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥ ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ਰਹਾਉ ॥	ਹੇ ਮੇਰੇ ਮਨ! (ਜੀਵ) ਹਉਮੈ ਦੀ ਮੈਲ ਨਾਲ ਭਰਿਆ ਪਿਆ ਹੈ, (ਦੂਜੇ ਪਾਸੇ) ਵਾਹਿਗੁਰੂ (ਸਦਾ ਹੀ) ਨਿਰਮਲ ਹੈ ਤੇ ਸਦਾ ਹੀ ਸੋਹਣਾ ਹੈ। (ਪ੍ਰਸ਼ਨ: ਮੈਲਾ ਜੀਵ ਨਿਰਮਲ ਵਾਹਿਗੁਰੂ ਵਿਚ ਕੀਕੂੰ ਮਿਲੇ? ਉੱਤਰ;) (ਮੈਲੇ ਜੀਵ ਨੂੰ ਗੁਰੂ) ਸ਼ਬਦ ਦੁਆਰਾ[੨] ਸੁਆਰਨੇ ਵਾਲਾ ਹੈ (ਭਾਵ ਗੁਰੂ ਨਿਰਮਲ ਤੇ ਸੋਹਣਾ ਬਨਾਉਣ ਵਾਲਾ ਹੈ)॥੧॥ਰਹਾਉ॥
ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥ ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥ ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥ ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥	(ਜਿਨ੍ਹਾਂ ਦਾ) ਮਨ ਸੱਚੇ ਸ਼ਬਦ ਵਿਚ ਮੋਹਿਆ ਗਿਆ ਹੈ (ਓਹ) ਪ੍ਰਭੂ ਨੇ ਆਪੇ (ਆਪਣੇ ਨਾਲ) ਮਿਲਾ ਲਏ ਹਨ। ਦਿਨ ਰਾਤ ਨਾਮ ਵਿਚ ਰੱਤੇ ਰਿਹਾਂ (ਵਾਹਿਗੁਰੂ ਦੀ) ਜੋਤਿ ਵਿਚ (ਜੀਵ ਦੀ) ਜੋਤਿ ਸਮਾ ਜਾਂਦੀ ਹੈ। (ਭਾਵ ਨਾਮ ਦੁਆਰਾ ਆਤਮਾ ਪਰਮਾਤਮਾ ਵਿਚ ਸਮਾ ਜਾਂਦਾ ਹੈ)। ਪ੍ਰਭੂ (ਆਪਣੀ) ਜੋਤ ਦੁਆਰਾ ਹੀ ਸਿਆਣਿਆ ਜਾਂਦਾ ਹੈ, (ਪਰ ਇਸ ਗਲ ਦੀ) ਸੋਝੀ ਸਤਿਗੁਰੂ ਤੋਂ ਬਿਨਾਂ ਨਹੀਂ ਪੈਂਦੀ। (ਅਤੇ) ਸਤਿਗੁਰੂ (ਬੀ) ਉਨ੍ਹਾਂ ਨੂੰ ਆਕੇ ਮਿਲਦਾ ਹੈ ਜਿਨ੍ਹਾਂ ਨੂੰ (ਗੁਰੂ ਦਾ ਮੇਲਣਾ) ਪਹਿਲੇ ਤੋਂ ਲਿਖਿਆ ਹੁੰਦਾ ਹੈ॥੨॥

[੧] ਭਾਵ ਓਹ ਸੱਚ ਬੋਲਦੇ ਹਨ, ਮਨ ਵਿਚ ਸੱਚ ਧਾਰਨ ਕਰਦੇ ਹਨ ਤੇ ਸੱਚੇ ਵਾਹਿਗੁਰੂ ਨਾਲ ਸੱਚਾ ਪਿਆਰ ਕਰਦੇ ਹਨ।
[੨] ਪਹਿਲੀ ਤੁਕ ਵਿਚ ਆਖੇ 'ਗੁਰ ਕਾ ਸਬਦੁ' ਵਲ ਇਸ਼ਾਰਾ ਹੈ।

ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥ ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥

ਨਾਮ ਤੋਂ ਬਿਨਾ ਸਾਰੀ (ਸ੍ਰਿਸ਼ਟੀ) ਡੁਮਣੀ ਹੋਣ ਕਰਕੇ ਦੂਜੇ ਭਾਇ ਵਿਚ ਖੁਆਰ ਹੋ ਰਹੀ ਹੈ। (ਉਸਦੀ) ਰਾਤ ਦੁੱਖਾਂ ਵਿਚ ਬੀਤਦੀ ਹੈ, ਉਸ (ਵਾਹਿਗੁਰੂ) ਤੋਂ ਵਿਹੂਣੀ ਹੋਣ ਕਰਕੇ (ਸੁਖ ਦਾ ਜੀਵਨ) ਇਕ ਘੜੀ (ਭਰ) ਨਹੀਂ ਜੀਉ ਸਕਦੀ। (ਇਸ ਪ੍ਰਕਾਰ ਜੋ ਪੁਰਖ) ਭਰਮ ਵਿਚ ਭੁੱਲਾ ਹੋਇਆ ਹੈ (ਗਜਾਨ ਨੇਤ੍ਰ ਨਾ ਹੋਣ ਕਰਕੇ) ਅੰਨ੍ਹਾ ਹੈ (ਉਹ) ਮੁੜ ਮੁੜਕੇ ਮਰਦਾ ਜੰਮਦਾ ਰਹਿੰਦਾ ਹੈ। (ਜੇ) ਵਾਹਿਗੁਰੂ ਆਪਣੀ ਮੇਹਰ ਦ੍ਰਿਸ਼ਟੀ ਕਰੇ ਤਾਂ ਆਪੇ (ਇਸ ਨੂੰ ਬੀ) ਮਿਲਾ ਲੈਂਦਾ ਹੈ॥੩॥

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥ ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥

(ਤਾਂ ਤੇ ਚਾਹੀਦਾ ਹੈ ਕਿ ਜੀਵ ਵਾਹਿਗੁਰੂ ਜੀ ਦੇ ਭਉ ਵਿਚ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਆ ਜਾਵੇ, ਕਿਉਂਕਿ ਪ੍ਰਭੂ ਅੰਤਰਯਾਮੀ ਹੈ, ਹਾਂ ਉਹ ਪ੍ਰਭੂ) ਸਭ ਕੁਛ ਸੁਣਦਾ ਹੈ (ਜੋ ਅਸੀਂ ਬੋਲਦੇ ਹਾਂ), ਸਭ ਕੁਛ ਵੇਖਦਾ ਹੈ (ਜੋ ਅਸੀਂ ਕਰਦੇ ਹਾਂ, ਉਸ ਅਗੇ) ਕਿਵੇਂ ਮੁਕਰਿਆ ਜਾ ਸਕਦਾ ਹੈ? ਪਾਪ ਹੀ ਪਾਪ (ਜੋ) ਕਮਾਉਂਦੇ ਹਨ (ਉਹ) ਪਾਪਾਂ ਵਿਚ ਹੀ ਸੜਦੇ ਤੇ ਸਾੜੇ ਜਾਂਦੇ ਹਨ। (ਉਨ੍ਹਾਂ ਨੂੰ) ਓਹ (ਅੰਤਰਯਾਮੀ) ਪ੍ਰਭੂ ਨਜ਼ਰ ਨਹੀਂ ਆਉਂਦਾ, (ਓਹ) ਮਨਮੁਖੀਏ (ਹਨ, ਉਨ੍ਹਾਂ ਨੂੰ) ਸੋਝੀ ਨਹੀਂ ਪੈਂਦੀ। ਜਿਸ ਨੂੰ (ਵਾਹਿਗੁਰੂ ਆਪ ਆਪਣਾ ਆਪ) ਵੇਖਾਲਦਾ ਹੈ ਉਹੀ ਵੇਖਦਾ ਹੈ, ਹੇ ਨਾਨਕ! (ਇਹ ਦਰਸ਼ਨ) ਗੁਰਮੁਖ ਨੂੰ ਪ੍ਰਾਪਤ ਹੁੰਦਾ ਹੈ॥੪॥੨੩॥੫੬॥

ਵਯਾਖਯਾ—ਰਹਾਉ ਵਿਚ ਦੱਸਿਆ ਹੈ ਕਿ ਮਨ ਹਉਮੈ ਦੀ ਮੈਲ ਨਾਲ ਭਰ ਰਹੇ ਹਨ। ਅੰਕ ੧ ਵਿਚ ਮੈਲ ਦੁਬਿਧਾ ਦੀ ਦੱਸੀ ਹੈ। ਹਉਮੈ ਦੀ ਮੈਲ ਤਾਂ ਜੀਵ ਦੀ ਸਰਿਸ਼ਤ ਵਿਚ ਹੈ, ਅੰਦਰ ਹੈ, ਜਿਸ ਨੇ ਇਸ ਨੂੰ ਜੀਵ ਬਣਾ ਰਖਿਆ ਹੈ। ਇਸ ਹਉਂ ਨੂੰ ਜਦ ਜੀਵ ਜਗਤ ਵਿਚ ਵਰਤਦਾ ਹੈ ਤਾਂ ਵਾਹਿਗੁਰੂ ਤੋਂ ਛੁਟ ਜੋ ਦੂਈ ਹੈ, ਰਚਨਾ ਹੈ, ਰਚੀ ਹੋਈ ਹੈ, ਉਸ ਦੇ ਪਯਾਰ ਵਿਚ ਪੈ ਜਾਂਦਾ ਹੈ;ਇਹ 'ਦੂਸਰੀ ਬਿਧਿ' ਹੈ। ਇਹ ਬੀ ਸੁਣਨਾ ਕਿ ਸਾਈਂ ਹੈ, ਸਾਈਂ ਪਯਾਰ ਕੋਈ ਸੁਖਦਾਈ ਗਲ ਹੈ; ਫਿਰ ਦੀਸਣਹਾਰ ਦੇ ਮੋਹ ਵਿਚ ਖਿੱਚੇ ਜਾਣਾ ਤੇ ਉਸ ਅੰਦਰਲੇ ਪਾਸੇ ਨਾ ਲਗ ਸਕਣਾ ਇਹ 'ਦੁਚਿਤਾਈ' ਬੀ ਦੁਬਿਧਾ ਹੈ। ਹਉਮੈ ਦੀ ਮੈਲ ਹੈ ਕਾਰਣ ਰੂਪ ਅੰਦਰ, ਤੇ ਦੁਬਿਧਾ ਦੀ ਮੈਲ ਹੈ ਉਸ ਦਾ ਫਲ। ਸੋ ਜੀਵ ਮੈਲਾ ਹੈ ਤੇ ਹਰੀ ਨਿਰਮਲ ਹੈ, ਨਿਰਮਲ ਨਾਲ ਮੈਲ ਵਾਲਾ ਨਹੀਂ ਮਿਲ ਸਕਦਾ। ਸੋ ਪਹਿਲੀ ਲੋੜ ਹੋਈ ਮੈਲ ਨੂੰ ਨਿਵਾਰਨਾ। ਉਸ ਦੀ ਤਰਕੀਬ ਗੁਰੂ ਅਮਰਦਾਸ ਜੀ ਨੇ ਇਸ ਸ਼ਬਦ ਵਿਚ ਦੱਸੀ ਹੈ। ਪਹਿਲੀ ਸਾਧਨਾ ਹੈ ਪਰਮੇਸ਼ੁਰ ਦਾ ਭਉ। ਭਉ ਪੈਣ ਨਾਲ ਅੰਦਰ ਸੋਚ ਵਿਚ ਜਾਂਦਾ ਹੈ ਤੇ ਸਥਿਰ ਤੇ ਅਨਸਥਿਰ ਦਾ ਵੀਚਾਰ ਕਰਦਾ ਹੈ। ਫਿਰ ਸਥਿਰ ਨੂੰ ਪਯਾਰ ਕਰਦਾ ਤੇ ਅਨਸਥਿਰ ਨੂੰ ਤਯਾਗਦਾ ਹੈ। ਐਉਂ ਸਦਾ ਥਿਰ ਵਲ ਲਗ ਪੈਂਦਾ ਹੈ ਤੇ ਅੰਦਰ ਸ਼ੁਧ ਹੋ ਜਾਂਦਾ ਹੈ ਮੈਲ ਤੋਂ:-

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ (ਰਾਮ ਵਾਰ ਮ: ੩-੮)

ਐਸਾ ਭਉ ਅਪਣੇ ਆਪ ਨਹੀਂ ਪੈਂਦਾ। ਜੋ ਅਪਣੇ ਆਪ ਡਰ ਪੈਂਦਾ ਹੈ ਉਹ ਥੋੜਾ ਚਿਰ ਰਹਿਕੇ ਪਾਣੀ ਵਿਚ ਪਤਾਸੇ ਵਾਂਙੂ ਗਲ ਜਾਂਦਾ ਹੈ। ਗੁਰੂ ਦੇ ਉਪਦੇਸ਼ ਤੋਂ ਜੋ ਭਉ ਪੈਂਦਾ ਹੈ ਉਹ ਸਫਲ ਹੁੰਦਾ ਹੈ ਤੇ ਵਿਚਾਰ-ਸ਼ੀਲ ਹੋਣ ਕਰਕੇ ਡੂੰਘਾ ਜਾਂਦਾ ਹੈ। ਫਿਰ ਗੁਰੂ ਦੇ ਉਪਦੇਸ਼ ਦੁਆਰਾ ਭਉ ਪ੍ਰਾਪਤ

ਪੁਰਖ ਸਤਿਸੰਗ ਦੇ ਪਿਆਰੇ ਹੁੰਦੇ ਹਨ, ਜਿਥੇ ਜਾਣ ਕਰਕੇ ਉਹ ਭਉ ਬਣਿਆ ਰਹਿੰਦਾ ਹੈ। ਹੁਣ ਦੂਸਰਾ ਉਪਾਉ ਚਲਿਆ। ਸਤਿਸੰਗ ਵਿਚ ਹਰੀ ਦੇ ਗੁਣ ਕੀਰਤਨ ਹੁੰਦੇ ਹਨ। ਉਸ ਗੁਣ ਕਥਨ ਵਿਚ ਰਚਣ ਕਰਕੇ ਅੰਦਰ ਦੀ ਸੂਖਮ.ਮੈਲ ਦੂਰ ਹੁੰਦੀ ਹੈ। ਫਿਰ ਤੀਸਰੀ ਸ਼ੈ ਸਤਿਸੰਗ ਦੇ ਅਸਰ ਨਾਲ 'ਨਾਮ ਸਿਮਰਨ' ਵਿਚ ਪ੍ਰਵਿਰਤੀ ਹੋ ਜਾਂਦੀ ਹੈ। ਇਸ 'ਨਾਮ ਸਿਮਰਣ' ਨਾਲ ਪਹਿਲਾਂ ਬਾਕੀ ਦੀ ਸੂਖਮ ਮੈਲ ਨਵਿਰਤ ਹੁੰਦੀ ਹੈ:-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥

ਜਦ ਸਾਰੀ ਮੈਲ ਕੱਟ ਹੋ ਜਾਂਦੀ ਹੈ, ਤਦ:-

ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਗਉ: ਸੁਖਮਨੀ,੧-੪)

ਜੀਵ ਦਾ ਮਨ ਸਾਈਂ ਦੇ ਪਜਾਰ ਵਿਚ ਹੋ ਜਾਂਦਾ ਹੈ। ਸਾਈਂ 'ਸੱਚ' ਹੀ 'ਸੱਚ' ਹੈ। ਸੋ ਪਜਾਰ ਕਰਨ ਵਾਲੇ ਦੇ ਮਨ ਵਿਚ ਸੱਚ ਸਮਾ ਜਾਂਦਾ ਹੈ। ਸੱਚੇ ਮਨ ਵਾਲੇ ਦੀ ਬਾਣੀ ਸੱਚੀ ਹੁੰਦੀ ਹੈ। ਯਾ ਇਉਂ ਕਹੋ ਕਿ ਸ਼ੁਧ ਹੋਏ ਪਰਮੇਸ਼ੁਰ ਦੇ ਪਜਾਰ ਵਾਲੇ ਬੰਦੇ ਮਨ ਬਾਣੀ ਕਰਕੇ ਸੱਚੇ ਹੋ ਜਾਂਦੇ ਹਨ। ਜੋ ਸੱਚ ਉਹਨਾਂ ਦੇ ਹਿਰਦੇ ਵਿਚ ਵਸਦਾ ਹੈ ਉਹ ਸੱਚ ਉਹਨਾਂ ਦੇ ਅਮਲ ਵਿਚ ਆਉਂਦਾ ਹੈ।

ਫੇਰ ਦੱਸਦੇ ਹਨ ਕਿ ਏਥੇ ਹੀ ਬੱਸ ਨਹੀਂ ਹੋਣ ਲਗੀ, ਜੇ ਤੁਸੀਂ ਦਿਨ ਰਾਤ ਨਾਮ ਵਿਚ ਲਗੇ ਰਹੋਗੇ 'ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ'; ਤਦ ਤੁਸੀਂ ਜਜੋਤੀ ਰੂਪੀ ਹਰੀ ਵਿਚ ਸ਼ੁਧ ਜਜੋਤਿ ਸਰੂਪ ਹੋਕੇ ਮਿਲ ਜਾਓਗੇ।

ਜੇ ਤੁਸੀਂ ਚਾਹੋ ਕਿ ਸਰੀਰ ਨਾਲ ਹਰੀ ਨੂੰ ਅਨੁਭਵ ਕਰ ਲਓ, ਕਿ ਮਨ ਨਾਲ ਲਖ ਲਓ, ਯਾ ਬੁਧੀ ਦਾ ਵਿਸ਼ਯ ਬਣਾਕੇ ਸਮਝ ਲਓ ਤਾਂ ਗ਼ਲਤ ਹੈ। ਅਪਣੇ ਆਪ ਨੂੰ ਜਜੋਤੀ ਰੂਪ ਲਖਕੇ, ਸਭ ਮੈਲਾਂ ਤੋਂ ਸ਼ੁੱਧ ਕਰਕੇ, ਨਿਰੋਲ ਜੋਤਿ ਸਰੂਪ ਅਪਣੇ ਆਪੇ ਨੂੰ ਜਦ ਲਖ ਲਓਗੇ ਤਦੋਂ ਤੁਸੀਂ ਜਜੋਤੀ ਸਰੂਪ ਪਰਮ ਪੁਰਖ ਪਰਮਾਤਮਾ ਨੂੰ ਪ੍ਰਾਪਤ ਹੋਣ ਦੇ ਜੋਗ ਹੋ ਜਾਓਗੇ। ਸੋ ਸਿਮਰਨ ਦਾ ਪ੍ਰਯਤਨ ਕਰਕੇ ਪਰਮ ਨਿਰਮਲ ਅਵਸਥਾ 'ਅਪਣੀ ਜਜੋਤਿ ਮਾਤ੍ਰ ਨੂੰ ਅਪਣਾ ਆਪ ਲਖ ਲੈਣਾ' ਤੱਕ ਅੱਪੜੋ।

ਅੰਕ ੨. ਹੁਣ ਪ੍ਰਸ਼ਨ ਹੁੰਦਾ ਹੈ ਕਿ ਉਸ ਦਾ ਉਪਾਉ ਦੱਸੋ। ਉਪਾਉ ਤਾਂ ਸਾਰੇ ਨਾਲੋ ਨਾਲ ਦੱਸਦੇ ਆਏ ਹਨ, ਪਰ ਏਥੇ ਵਿਸ਼ੇਸ਼ ਉਪਾਉ ਨੂੰ ਫੇਰ ਦੁਹਰਾਉਂਦੇ ਹਨ:- **'ਬਿਨੁ ਸਤਗੁਰ ਬੂਝ ਨ ਪਾਇ'** ਸਤਿਗੁਰੂ ਪੂਰਬਲੇ ਲਿਖੇ ਕਰਕੇ ਮਿਲਦਾ ਹੈ। ਪੂਰਬਲੇ ਲਿਖੇ ਦਾ ਉਪਾਉ ਸਾਈਂ ਦੀ ਮੇਹਰ ਹੈ ਤੇ ਸਾਡੇ ਕਰਮ ਹਨ। ਇਸ ਕਰਕੇ ਅੰਕ ੩ ਵਿਚ ਫੇਰ ਦੱਸਦੇ ਹਨ ਕਿ ਸਾਡਾ ਆਵਾਗਵਨ ਨਾਮ ਵਿਸਾਰੇ ਕਰਕੇ ਹੈ, ਇਸ ਨੂੰ ਲਗੋ ਤੇ ਨਦਰ ਲਈ ਅਰਦਾਸ ਕਰੋ; ਉਸ ਦੇ ਮੂਹਰੇ ਅਪਣੇ ਪਾਪਾਂ ਦਾ ਇਕਰਾਰ ਕਰੋ। ਓਹ ਸਭ ਕੁਛ, ਜੋ ਅਸੀਂ ਕਰਦੇ ਹਾਂ, ਵੇਖਦਾ ਹੈ, ਜੋ ਬੋਲਦੇ ਹਾਂ ਸੁਣਦਾ ਹੈ, ਜੋ ਸੋਚਦੇ ਹਾਂ ਜਾਣਦਾ ਹੈ, ਉਸ ਅਗੇ ਮੁਕਰਨਾ ਨਿਸ਼ਫਲ ਹੈ। ਉਸ ਅਗੇ ਇਕਰਾਰ ਕਰੋ ਪਾਪਾਂ ਦਾ, ਭੁੱਲ ਬਖਸ਼ਾਓ, ਫੇਰ ਮੇਹਰ ਹੁੰਦੀ ਹੈ। ਮਨਮੁਖ ਸਾਈਂ ਦਾ ਇਕਰਾਰ ਨਹੀਂ ਕਰਦੇ, ਭੁੱਲ ਦਾ ਇਕਰਾਰ ਨਹੀਂ ਕਰਦੇ। ਤੇ ਦਾਰੂ ਇਹੋ ਹੈ ਕਿ ਇਕਰਾਰ ਕਰੀਏ ਸਾਈਂ ਦਾ, ਕਿ ਤੂੰ ਹੈਂ। ਉਸ ਅੱਗੇ ਇਕਰਾਰ ਕਰੀਏ ਪਾਪਾਂ ਦਾ, ਭੁੱਲਾਂ ਬਖਸ਼ਵਾਈਏ ਤੇ ਮਿਹਰਾਂ ਮੰਗੀਏ। ਐਉਂ ਗੁਰਮੁਖਤਾਈ ਦੇ ਰਸਤੇ ਪੈ ਜਾਈਏ। ਗੁਰਮੁਖ ਹੋਏ ਬਿਨ ਦਰਸ਼ਨ ਨਹੀਂ ਹੁੰਦੇ।

ਨਿਰੁਕ੍ਤ-ਪਾਇਓਨੁ-ਪਾਇਆ ਹੈ ਡਰ (ਉਸ ਰਬ) ਨੇ।

ਸਾਰਿ-ਸੰਮ੍ਹਾਲਿਆ ਹੈ। ਯਾਦ ਕੀਤਾ ਹੈ; ਭਾਵ ਵੀਚਾਰ ਕੀਤੀ ਹੈ।

ਦੁਬਿਧਾ-ਇਸ ਦਾ ਭਾਵ ਵਜਾਖਜਾ ਵਿਚ ਆ ਚੁਕਾ ਹੈ।

ਉਰਧਾਰਿ-ਦਿਲ ਵਿਚ ਧਾਰਨ ਕੀਤਾ ਹੈ।

ਹਉਮੈ ਮੈਲੁ ਭਰ ਨਾਲਿ-ਹਉਮੈ ਮੈਲ ਨਾਲ ਭਰ=ਭਰਿਆ ਹੈ।

ਅਨਦਿਨੁ-ਹਰ ਦਿਨ, ਸਦਾ। ਜੋਤੀ-ਜੋਤ ਸਰੂਪ ਪਰਮਾਤਮਾ ਵਿਚ।

ਜੋਤਿ-ਅਪਨੀ ਜੋਤਿ, ਭਾਵ ਆਤਮਾ। 'ਜੋਤ' ਤੋਂ ਭਾਵ ਆਤਮ ਸਰੂਪਤਾ ਹੈ।

ਡੁਮਣੀ-ਦੋ ਮਨਾਂ ਵਾਲੀ। ਦੁਚਿਤਾਈ ਵਾਲੀ। ਵਾਹਿਗੁਰੂ ਤੋਂ ਛੁਟ ਦੂਜੇ ਵਿਚ ਮਨ ਲਾਉਣ ਦੀ ਅਵਸਥਾ ਵਾਲੀ।

ਦੁਖੀ ਰੈਣਿ-ਤੋਂ ਭਾਵ ਹੈ, ਸੰਸਾਰਕ ਵਿਹਾਰਾਂ; ਮੁਸ਼ਕਲਾਂ, ਪਜਾਰ, ਵੈਰਾਂ ਵਿਚ ਫਾਥੇ ਲੋਕਾਂ ਦੀ ਰਾਤ ਬੀ ਸੋਚਾਂ ਫਿਕਰਾਂ ਦੇ ਤਾਣੇ ਤਣਦਿਆਂ ਗੁਜ਼ਰਦੀ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੫੭)

ਪ੍ਰਾਕ੍ਥਨ-ਇਸ ਸ਼ਬਦ ਵਿਚ ਹਉਮੈ ਦੇ ਰੋਗ ਦਾ ਇਲਾਜ ਹੋਰ ਵੇਰਵੇ ਨਾਲ ਦਿਤਾ ਹੈ ਇਸ ਰੋਗ ਨਵਿਰਤੀ ਉਪ੍ਰੰਤ ਨਾਮ ਤੇ ਲਿਆਂਦਾ ਤੇ ਮੁਖ ਦੁਆਰ ਤੇ ਪੁੱਜਣ ਦਾ ਰਸਤਾ ਦੱਸਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥ ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥ ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥	੧. ਗੁਰੂ ਤੋਂ ਬਿਨਾਂ (ਹਉਮੈ ਦਾ) ਰੋਗ ਨਵਿਰਤ ਨਹੀਂ ਹੁੰਦਾ (ਅਤੇ) ਹਉਮੈ (ਤੋਂ ਉਪਜੀ) ਪੀੜਾ ਦੂਰ ਨਹੀਂ ਹੁੰਦੀ। ੩. ਗੁਰੂ ਦੇ ਉਪਦੇਸ਼ ਬਿਨਾ (ਜੀਵ) ਭਰਮ ਵਿਚ ਭੁਲਾ ਰਹਿੰਦਾ ਹੈ (ਭੁੱਲਾ ਹੋਣ ਕਰਕੇ ਦਾਰੂ ਨਹੀਂ ਲੱਭ ਸਕਦਾ, ਪਰ) ਗੁਰੂ ਦੇ ਸ਼ਬਦ ਦੁਆਰਾ ਹਰੀ ਨੂੰ ਪਾ ਲੈਂਦਾ ਹੈ, (ਜੋ ਹਉਮੈ ਰੋਗ ਦਾ ਕੱਟਣਹਾਰ ਹੈ, ਉਹ ਐਉਂ ਕਿ) ੨ ਗੁਰੂ ਦੀ ਕਿਰਪਾ ਨਾਲ (ਹਰੀ ਦਾ ਨਾਮ) ਮਨ ਵਿਚ ਆ ਵਸਦਾ ਹੈ, (ਜੀਵ ਫਿਰ ਸਦਾ) ਨਾਮ ਵਿਚ ਸਮਾਇਆ ਰਹਿੰਦਾ ਹੈ॥੧॥
ਮਨ ਰੇ ਨਿਜ ਘਰਿ ਵਾਸਾ ਹੋਇ॥ ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥੧॥ ਰਹਾਉ ॥	(ਪ੍ਰਸ਼ਨ: ਨਾਮ ਵਿਚ ਸਮਾਇਆ ਕੀ ਹੁੰਦਾ ਹੈ? ਉੱਤਰ:) ਹੇ ਮਨ! (ਨਾਮ ਵਿਚ ਸਮਾਏ ਰਹਿਣ ਨਾਲ) ਆਪਣੇ ਸਰੂਪ ਵਿਚ ਵਾਸਾ ਹੋ ਜਾਂਦਾ ਹੈ। (ਸਰੂਪ ਵਿਚ ਸਮਾਏ ਰਹਿਣ ਨਾਲ) ਫਿਰ ਜਨਮ ਮਰਨ ਨਹੀਂ ਹੁੰਦਾ, (ਇਸ ਲਈ ਹੇ ਮੇਰੇ ਮਨ) ਤੂੰ ਰਾਮ ਦੇ ਨਾਮ ਦੀ ਸਲਾਹੁਤ ਕਰ[1]॥੧॥ ਰਹਾਉ ॥
ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ ॥ ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ ॥੨॥	(ਜਦ ਸਰੂਪ ਵਿਚ ਵਾਸਾ ਹੋ ਜਾਂਦਾ ਹੈ ਤਾਂ ਜਨਮ ਮਰਨ ਮਿਟ ਜਾਣ ਤੋਂ ਛੁਟ ਜੀਉਂਦੇ ਜੀ ਇਹ ਦ੍ਰਿਸ਼ਟੀ ਹੋ ਜਾਂਦੀ ਹੈ ਕਿ) ਸਾਰੇ (ਸੰਸਾਰ ਵਿਚ) ਇਕੋ ਹਰੀ ਦਾਤਾ ਹੋਕੇ ਕਾਰਜ ਕਰ ਰਿਹਾ ਹੈ, ਦੂਸਰਾ ਹੋਰ ਕੋਈ (ਦਾਤਾ) ਨਹੀਂ ਹੈ। ੮. (ਉਹ ਇਕੋ ਦਾਤਾ) ਸਾਰੇ (ਜੀਵਾਂ ਨੂੰ ਆਪਣੀ) ਦ੍ਰਿਸ਼ਟੀ ਵਿਚ ਵੇਖਦਾ ਰਹਿੰਦਾ ਹੈ, ਜੋ (ਉਸ ਦੀ ਨਜ਼ਰ ਵਿਚ ਉਸ ਨੂੰ) ਭਾ ਜਾਂਦਾ ਹੈ ਉਸ ਨੂੰ (ਸੁਖ ਦੀ) ਦਾਤ ਦੇਂਦਾ ਹੈ। ੭. (ਤਾਂ ਤੇ ਉਸ ਇਕੋ ਦਾਤੇ ਨੂੰ) ਸ਼ਬਦ ਦੁਆਰਾ ਸਲਾਹੀਏ, (ਇਸ

[1]ਅਥਵਾ, ਰਾਮ ਦੇ ਨਾਮ ਨੂੰ ਤੂੰ ਸਾਲਾਹ ਜੋ ਫਿਰ ਜਨਮ ਮਰਨ ਨਾ ਹੋਵੇ।

ਸਲਾਹੁਤ ਨਾਲ ਓਹ) ਮਨ ਵਿਚ ਆ ਵਸਦਾ ਹੈ, (ਇਉਂ ਹਠ ਤਪ ਆਦਿ ਕਠਨ ਸਾਧਨਾ ਤੋਂ ਬਿਨਾ) ਸੁਖਾਲੇ ਹੀ (ਆਤਮ-) ਸੁਖ ਹੋ ਜਾਂਦਾ ਹੈ॥੨॥

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥

(ਪ੍ਰਸ਼ਨ ਹਉਮੈ ਕਿਉਂ ਦੁਖਦਾਈ ਹੈ? ਉੱਤਰ:) ਹਉਮੈ ਸਾਰੀ ਗੇਣਤੀ ਹੈ (ਭਾਵ ਜੀਵ ਨੂੰ ਅਪਣੇ ਕਰਮਾਂ ਦੀ ਗੇਣਤੀ ਵਿਚ ਰਖਦੀ ਹੈ ਕਿ ਮੈਂ ਆਹ ਕੰਮ ਸ਼ੁਭ ਕੀਤਾ, ਆਹ ਮੈਂ ਪੁੰਨ ਕੀਤਾ, ਆਹ ਦਾਨ ਦਿਤਾ। ਇਸ ਵਿਚ 'ਮੈਂ ਮੈਂ' ਤੇ 'ਮੈਂ ਦੇ ਕੀਤੇ' ਦੀ ਗੇਣਤੀ ਚਲਦੀ ਰਹਿੰਦੀ ਹੈ, ਇਕੋ ਦਾਤਾ ਜੋ ਅਸਲ ਵਿਚ ਦੇਣਹਾਰ ਹੈ ਯਾਦ ਨਹੀਂ ਰਹਿੰਦਾ ਤੇ ਹਉਮੈ ਬਣੀ ਰਹਿੰਦੀ ਹੈ, ਇਸ ਕਰਕੇ) ਗੇਣਤੀ ਵਾਲੇ ਨੂੰ ਸੁਖ ਨਹੀਂ ਪ੍ਰਾਪਤ ਹੁੰਦਾ। (ਫੇਰ ਹਉਮੈ ਵਿਚ ਜਕੜੇ ਜੀਵ ਜੋ ਸ਼ੁਭ ਕਰਮ ਕਰਦੇ ਹਨ ਓਹ ਸੁਰਗ ਆਦਿ ਦੇ ਭੋਗਾਂ ਦੀ ਵਾਸ਼ਨਾ ਕਰਕੇ ਕਰਦੇ ਹਨ ਇਸ ਲਈ ਓਹ ਵਾਹਿਗੁਰੂ ਵਿਚ ਨਹੀਂ ਸਮਾਉਂਦੇ ਓਹ)

ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥

ਵਿਸ਼ਿਆਂ ਦੀ ਕਮਾਈ ਕਰਦੇ ਵਿਸ਼ਿਆਂ ਵਿਚ ਹੀ ਸਮਾਏ ਰਹਿੰਦੇ ਹਨ (ਭਾਵ ਮੁੜ ਮੁੜ ਸਰੀਰ ਧਾਰਦੇ ਭੋਗਾਂ ਵਿਚ ਹੀ ਰਹਿ ਜਾਂਦੇ ਹਨ। ਓਹ ਆਵਾਗਵਨ ਦੇ ਗੇੜਾਂ ਦੇ ਵਿਚਾਲੇ) ਜਮਪੁਰੀ ਦੇ ਦੁੱਖ (ਬੀ) ਸਹਿੰਦੇ ਹਨ, (ਕਿਉਂਕਿ ਓਹ) ਨਾਮ ਤੋਂ ਬਿਨਾ (ਅਰਥਾਤ ਖਾਲੀ ਹੁੰਦੇ) ਹਨ (ਇਸ ਲਈ ਸਰੂਪ ਰੂਪੀ) ਠਉਰ (ਉਨ੍ਹਾਂ ਨੂੰ) ਪ੍ਰਾਪਤ ਨਹੀਂ ਹੁੰਦੀ॥੩॥

ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥ ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥ ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥

(ਮੁਕਤੀ ਦਾ ਰਸਤਾ ਇਹ ਹੈ:-) ਜਿੰਦ ਤੇ ਸਰੀਰ ਸਭ ਉਸੇ (ਹਰੀ) ਦਾ ਹੈ (ਤੇ ਇਸ ਜਿੰਦ ਤੇ ਸਰੀਰ ਨੂੰ) ਉਸੇ ਦਾ ਆਸਰਾ ਹੈ। (ਭਾਵ ਇਹ ਰਚਿਆ ਬੀ ਓਸੇ ਦਾਤੇ ਸੀ, ਤੇ ਚਲ ਬੀ ਓਸੇ ਦੇ ਆਸਰੇ ਰਿਹਾ ਹੈ)। (ਜੇ ਇਹ ਗਲ ਕਿਸੇ ਨੂੰ) ਗੁਰੂ ਦੀ ਕਿਰਪਾ ਨਾਲ ਸਮਝ ਪੈ ਜਾਵੇ ਤਾਂ (ਉਸ ਨੂੰ) ਮੁਕਤੀ ਦਾ ਦਰ ਲੱਭ ਪੈਂਦਾ ਹੈ। (ਤਾਂ ਤੇ) ਹੇ ਨਾਨਕ! (ਜਿਸ ਦੇ) ਅੰਤ ਦਾ ਪਾਰ ਉਤਾਰ ਨਹੀਂ ਹੈ (ਉਸ ਹਰੀ ਦੇ) ਨਾਮ ਨੂੰ ਜਪ ਤੇ (ਉਸ ਦੀ ਸਿਫਤ) ਸਾਲਾਹ ਕਰ॥੪॥੨੪॥੫੭॥

ਵਯਾਖਯਾ—ਗਣਤ ਦਾ ਭਾਵ ਇਹ ਹੈ ਕਿ ਜੋ ਤ੍ਰੀਕੇ ਸ਼ੁਭ ਕਰਮਾਂ ਦੇ ਪੁੰਨ, ਦਾਨ, ਜਪ, ਉਜਾਪਣ, ਯਗ ਆਦਿ ਦੇ ਹਨ ਸਭਨਾਂ ਦੇ ਹਿਸਾਬ ਤੇ ਗੇਣਤੀਆਂ ਦੱਸੀਆਂ ਹਨ। ਅਮਕੇ ਕਰਮ ਦਾ ਅਮਕਾ ਫਲ, ਤੇ ਅਮਕੇ ਦਾ ਅਮਕਾ। ਇਹ ਗੇਣਤੀ ਹਉਮੈ ਹੈ। ਕਿਉਂਕਿ 'ਮੈਂ ਕੀਤਾ' ਇਹ ਵਿਚ ਪ੍ਰਧਾਨ ਹੈ। ਇਸ ਲਈ ਕਿਹਾ ਹੈ:- **ਕਰਮ ਕਰਤ ਬਧੇ ਅਹੰਮੇਵ॥** (ਗਉੜੀ ਕਬੀਰ ਜੀ-੬)

ਹਉਮੈ ਬੰਧਨ ਰੂਪ ਹੈ-'ਹਉਮੈ ਏਈ ਬੰਧਨਾ......॥ (ਵਾਰ ਆਸਾ ਮ: ੨-੭)

ਇਸ ਬੰਧਨ ਤੋਂ ਛੁਟਕਾਰਾ ਦੱਸਦੇ ਹਨ ਪਦੇ ੪ ਵਿਚ, ਕਿ ਦੇਹ ਤੇ ਜਿੰਦ ਸਾਈਂ ਦੀ ਦਾਤ ਜਾਣੋ ਤੇ ਇਹ ਚੱਲ ਬੀ ਉਸੇ ਦੇ ਆਸਰੇ ਰਹੇ ਹਨ, ਤਦ ਸਹਿਜੇ ਹੀ ਹਉਮੈ ਘਟੀ। ਹੁਣ ਨਾਮ ਸਿਮਰੋ ਸਾਈਂ ਦਾ ਤੇ ਸਿਫ਼ਤ ਸਲਾਹ ਕਰੋ ਓਸ ਦੀ, ਫੇਰ ਹਉਮੈ ਸਾਰੀ ਦੂਰ ਹੋ ਜਾਏਗੀ, ਫੇਰ ਮੋਖ ਦੁਆਰ ਲੱਭ ਪਿਆ।

ਨਿਰੁਕ੍ਤ—ਬਿਖੁ—ਵਿਹੁ, ਵਿਸ਼ੇ, ਭੋਗ।

(ਸਿਰੀ ਰਾਗੁ ਮਹਲਾ ੩, ਚਉਪਦਾ-੫੮)

ਪ੍ਰਾਕ੍ਥਨ-ਉਹੋ ਪਿਛਲੇ ਸ਼ਬਦ ਵਿਚ ਦੱਸਿਆ ਅੰਤਲੇ ਪਦ ਦਾ ਉਪਦੇਸ਼ ਜਾਰੀ ਹੈ, ਮੋਖ ਦੁਆਰ ਦਾ ਵਿਸ਼ੇਸ਼ ਵੇਰਵਾ ਦਿਤਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥ ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥	ਉਨ੍ਹਾਂ (ਪੁਰਖਾਂ) ਨੂੰ ਸਦਾ ਸੁਖ ਤੇ (ਸਦਾ) ਆਨੰਦ (ਪ੍ਰਾਪਤ ਰਹਿੰਦਾ ਹੈ) ਜਿਨ੍ਹਾਂ ਨੂੰ ਸਚੇ ਨਾਮ ਦਾ ਆਸਰਾ (ਪ੍ਰਾਪਤ ਹੋ ਗਿਆ) ਹੈ। (ਉਹਨਾਂ ਨੇ) ਗੁਰੂ ਕੇ ਸ਼ਬਦ ਦੁਆਰਾ (ਨਾਮ ਸਿਮਰਕੇ) ਸਚ (=ਸੱਤਜ ਸਰੂਪ ਹਰੀ) ਨੂੰ ਪਾ ਲਿਆ ਹੈ (ਜੋ ਸਾਰੇ) ਦੁਖਾਂ ਦਾ ਦੂਰ ਕਰਨੇ ਵਾਲਾ ਹੈ। (ਦੁਖ ਦੂਰ ਹੋ ਜਾਣ ਕਰਕੇ ਤੇ ਸਦਾ ਸੁਖ ਅਨੰਦ ਮਿਲ ਜਾਣ ਕਰਕੇ ਓਹ ਹੁਣ ਸ਼ੁਕਰ ਗੁਜ਼ਾਰੀ ਵਿਚ) ਸਦਾ ਸੱਚੇ (ਹਰੀ ਦੇ) ਗੁਣ ਗਾਉਂਦੇ ਹਨ (ਤੇ ਉਸ) ਸਚੇ (ਹਰੀ) ਦੇ ਨਾਮ ਨਾਲ ਸਦਾ ਪਿਆਰ ਕਰਦੇ ਹਨ। (ਉਹਨਾਂ ਨੂੰ ਫੇਰ ਹੋਰ ਰੀਝਕੇ ਉਸ ਹਰੀ ਨੇ) ਅਪਣੀ ਕਿਰਪਾ ਦੁਆਰਾ ਭਗਤੀ ਦਾ ਖ਼ਜ਼ਾਨਾ ਹੀ ਬਖਸ਼ ਦਿਤਾ ਹੈ॥੧॥
ਮਨ ਰੇ ਸਦਾ ਅਨੰਦੁ ਗੁਣ ਗਾਇ ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ॥	(ਤਾਂ ਤੇ) ਹੇ ਮੇਰੇ ਮਨ! ਸਦਾ ਆਨੰਦ (ਰਹੁ ਤੇ ਹਰੀ ਦੇ) ਗੁਣ ਗਾਉ। (ਗੁਰੂ ਦੀ) ਸਚੀ ਬਾਣੀ ਦੁਆਰਾ ਹਰੀ ਪਾਈਦਾ ਹੈ (ਤੇ ਹਰੀ ਨੂੰ ਪਾਕੇ ਸਦਾ) ਹਰੀ ਵਿਚ ਸਮਾਏ ਰਹਿਣਾ ਚਾਹੀਦਾ ਹੈ॥੧॥ਰਹਾਉ॥
ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥ ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥ ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥ ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ ॥੨॥	ਸਚੀ ਭਗਤੀ ਨਾਲ (ਸਾਡਾ) ਮਨ ਰੰਗਿਆ ਗਿਆ ਹੈ (ਲਾਲ=। ਅਨੰਦ ਹੋ ਗਿਆ ਹੈ, (ਤੇ ਇਸ ਆਨੰਦ ਵਿਚ) ਸਹਜ ਸੁਭਾਵ ਹੀ ਰਚ ਗਿਆ ਹੈ। (ਕੋਈ ਹੋਰ ਪ੍ਰੀਸ਼ਰਮ ਨਹੀਂ ਕਰਨਾ ਪਿਆ. ਕੇਵਲ) ਗੁਰੂ ਦੇ ਸ਼ਬਦ (=ਨਾਮ) ਦੁਆਰਾ ਹੀ ਮਨ ਐਨਾ ਮੋਹਿਆ ਗਿਆ (ਕਿ ਉਸ ਦਾ) ਵਰਣਨ ਨਹੀਂ ਕੀਤਾ ਜਾ ਸਕਦਾ। (ਮਨ ਤਾਂ ਮੋਹਿਆ ਜਾਣਾ ਸੀ, ਦੇਖੋ) ਸਚੇ ਨਾਮ ਵਿਚ ਰਚੀ ਹੋਈ ਰਸਨਾ (ਬੀ ਹਰੀ ਦੇ) ਗੁਣ ਗਾਇਨ ਦੇ ਰਸ ਵਿਚ (ਮਗਨ ਹੋਈ ਆਨੰਦ ਦਾ। ਅੰਮ੍ਰਿਤ ਪੀ ਰਹੀ ਹੈ। ਇਹ (ਭਗਤੀ ਦਾ) ਆਨੰਦ ਗੁਰੂ ਦੁਆਰੇ ਪਾਈਦਾ ਹੈ (ਪਰ ਪਾਉਂਦਾ ਓਹ ਹੈ ਜਿਸ ਉਤੇ ਹਰੀ ਆਪ) ਅਪਣੀ ਮਰਜ਼ੀ ਨਾਲ ਕਿਰਪਾ ਕਰਦਾ ਹੈ॥੨॥
ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥ ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ	(ਹਾਂ) ਇਹ ਸੰਸਾਰ ਸੰਸ਼ਯ ਰੂਪ ਹੈ (ਇਸ ਵਿਚ ਹਰ ਜੀਵ ਦੀ ਆਯੂ ਰੂਪ) ਰੈਣ ਸੁੱਤਿਆਂ (=ਗ਼ਫ਼ਲੀ ਵਿਚ) ਬੀਤ ਰਹੀ ਹੈ (ਉਸ ਗ਼ਫ਼ਲਤ ਵਿਚੋਂ, ਜਿਸ ਵਿਚ ਉਮਰਾ ਬ੍ਰਿਥਾ ਜਾ ਰਹੀ ਹੈ।

ਲਇਓਨੁ ਮਿਲਾਇ ॥ ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥ ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥	ਇਕਨਾਂ ਨੂੰ ਅਪਣੇ ਭਾਣੇ ਨਾਲ ਆਪ ਕੱਢ ਲੈਂਦਾ ਹੈ (ਤੇ ਆਪੇ ਅਪਣੇ ਨਾਲ) ਮੇਲ ਲੈਂਦਾ ਹੈ। (ਹਾਂ ਉਹ ਜੀਵ ਦੇ ਮਨੋ) ਮਾਇਆ ਦਾ ਮੋਹ ਦੂਰ ਕਰਕੇ ਅਪਣੇ ਆਪ ਹੀ (ਉਸ ਦੇ) ਮਨ ਵਿਚ (ਆਪ) ਆ ਵਸਦਾ ਹੈ। (ਇਉਂ) ਆਪ ਹੀ ਗੁਰੂ ਦੁਆਰਾ ਗਿਆਨ ਬਖਸ਼ਕੇ ਵਡਿਆਈ ਦੇਂਦਾ ਹੈ॥੩॥
ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥ ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥ ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥ ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥	ਸਭਨਾਂ ਦਾ ਦਾਤਾ (ਉਹ) ਇਕੋ ਹੈ, ਭੁਲਿਆਂ ਨੂੰ (ਉਹ) ਆਪ ਸਮਝਾ ਲੈਂਦਾ ਹੈ। ਇਕ (ਉਸ ਨੇ) ਅਪਣੇ ਤੋਂ (ਆਪੂੰ) ਭੁਲਾ ਦਿਤੇ ਹਨ ਤੇ ਦੂਜੀ ਲਾਂਭੇ ਲਾ ਛੱਡੇ ਹਨ। (ਇਸ ਦੂਜੇ ਦੀ ਲਗਨ ਵਿਚੋਂ ਨਿਕਲਨਾ) ਗੁਰੂ ਦੀ ਮਤਿ ਦੁਆਰਾ (ਹੁੰਦਾ ਹੈ, ਜਿਸ ਨਾਲ ਕਿ) ਹਰੀ ਪ੍ਰਾਪਤ ਹੁੰਦਾ ਹੈ (ਤੇ ਉਹ) ਜੋਤੀ ਸਰੂਪ (ਸਾਡੀ) ਜੋਤ (ਆਤਮਾ) ਨੂੰ ਮਿਲਾ ਲੈਂਦਾ ਹੈ। ਹਾਂ ਹੇ ਨਾਨਕ! ਦਿਨ ਰਾਤ ਨਾਮ ਵਿਚ ਰਚੇ ਰਿਹਾਂ (ਨਾਮੀ=) ਹਰੀ ਵਿਚ ਸਮਾ ਜਾਈਦਾ ਹੈ॥੪॥੨੫॥੫੮

ਵਜਾਖਜਾ-ਸੁਗਮ ਹੈ।

ਨਿਰੁਕ੍-ਲਾਲੁ-ਸੁਰਖ ਰੰਗ ਵਾਲਾ। ਇਸ ਦਾ ਭਾਵ ਕਦੇ ਪ੍ਰੇਮ ਹੁੰਦਾ ਹੈ ਕਦੇ ਆਨੰਦ, ਏਥੇ ਭਾਵ ਆਨੰਦ ਹੈ ਕਿਉਂਕਿ ਸਚੀ ਭਗਤਿ ਵਿਚ ਪ੍ਰੇਮ ਤਾਂ ਆ ਗਿਆ, ਉਸ ਸਚੇ ਪ੍ਰੇਮ ਕਰਕੇ ਮਨ ਆਨੰਦ ਹੋ ਗਿਆ। ਸਚਾ ਪ੍ਰੇਮ ਆਨੰਦ ਸਰੂਪ ਕਰ ਦੇਂਦਾ ਹੈ।

ਖੁਆਇਅਨੁ-(ਖੋਣਾ=ਗੁਆਚ ਜਾਣਾ, ਭੁੱਲੀਂ ਪੈ ਜਾਣਾ, ਭੁੱਲ ਜਾਣਾ) ਭੁਲਾ ਦਿਤੇ ਹਨ।

ਨਾਮਿ-ਨਾਮੀ ਵਿਚ। ਏਥੇ ਸਪਸ਼ਟ 'ਨਾਮਿ'.ਪਦ ਦਾ ਅਰਥ 'ਨਾਮੀ ਵਿਚ' ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੫੯)

ਪ੍ਰਾਕ੍ਥਨ-ਇਸ ਸ਼ਬਦ ਵਿਚ ਗੁਣਵੰਤੀ ਅਤੇ ਅਉਗੁਣਵੰਤੀ ਦੇ ਰੂਪਕਾਂ ਵਿਚ ਗੁਰਮੁਖ ਤੇ ਮਨਮੁਖ ਦਾ ਵਰਣਨ ਕੀਤਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥	(ਗੁਣਵੰਤੀਆਂ ਰੂਪੀ) ਗੁਰਮੁਖਾਂ ਨੇ ਸਚੁ (ਸਤਜ ਸਰੂਪ ਵਾਹਿਗੁਰੂ) ਨੂੰ ਪਾ ਲਿਆ ਹੈ। (ਪ੍ਰਸ਼ਨ: ਕੀਕੂੰ? ਉੱਤਰ:) ਤ੍ਰਿਸ਼ਨਾ ਆਦਿ ਵਿਕਾਰਾਂ ਨੂੰ ਤਿਆਗ ਕੇ। (ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ (ਆਪਣੇ) ਮਨ ਨੂੰ (ਪਰਮੇਸ਼ੁਰ ਦੇ ਪਿਆਰ ਵਿਚ) ਰੰਗ ਲਿਆ ਹੈ (ਅਤੇ ਸੱਚੇ) ਪ੍ਰੇਮ ਪਿਆਰ ਨਾਲ ਰਸਨਾ (ਨੂੰ ਉਸ ਦੇ ਗੁਣ ਗਾਇਨ ਵਿਚ ਰੰਗ ਲਿਆ ਹੈ। ਤੁਸੀਂ ਬੀ ਆਪਣੇ) ਮਨ ਨਾਲ ਵੀਚਾਰ ਕਰਕੇ ਦੇਖ ਲਓ, ਸਤਿਗੁਰੂ ਤੋਂ ਬਿਨਾਂ ਕਿਸੇ ਨੇ (ਉਸ ਨੂੰ) ਨਹੀਂ ਪਾਇਆ।

ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥

(ਪੱਕ ਜਾਣੋ) ਮਨਮੁਖ ਦੀ (ਹਿਰਦੇ ਦੀ) ਮੈਲ[1] (ਤਦ ਤਕ) ਨਹੀਂ ਲਹਿੰਦੀ ਜਦ ਤਕ ਕਿ ਉਹ ਗੁਰ ਉਪਦੇਸ਼ ਦੁਆਰਾ (ਵਾਹਿਗੁਰੂ ਨਾਲ) ਪਿਆਰ ਨਹੀਂ ਕਰਦਾ (ਭਾਵ ਗੁਰੂ ਤੋਂ ਪਜਾਰ ਕਰਣ ਦੀ ਜਾਚ ਨਹੀਂ ਸਿੱਖਦਾ)॥੧॥

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥

(ਤਾਂ ਤੇ) ਹੇ ਮੇਰੇ ਮਨ! ਸਤਿਗੁਰੂ ਦੀ ਮਰਜ਼ੀ ਵਿਚ ਤੁਰ, ਫਿਰ ਤੂੰ ਆਪਣੇ ਸਰੂਪ ਵਿਚ ਵਸੇਂਗਾ। (ਭਾਵ ਤੈਨੂੰ ਲੱਖਤਾ ਹੋ ਆਵੇਗੀ ਕਿ ਤੂੰ ਸਰੀਰ ਆਦਿ ਤੋਂ ਵੱਖਰਾ ਆਤਮ ਸਰੂਪ ਹੈਂ, ਇਸ ਲੱਖਤਾ ਦਾ ਰਸ ਜੋ) ਅੰਮ੍ਰਿਤ (ਤੁੱਲ ਹੈ ਤੂੰ) ਪੀਏਂਗਾ, ਤਦ ਤੂੰ ਸੁਖ ਦਾ ਮਹੱਲ ਪਾ ਲਏਂਗਾ (ਸਦਾ ਅਨੰਦੀ ਟਿਕਾਣਾ ਪਰਮਾਤਮ ਦੇਵ ਵਿਚ ਸਮਾਏ ਰਹਿਣ ਦਾ ਤੈਨੂੰ ਮਿਲੇਗਾ। ਅਰਥਾਤ ਪਹਿਲੋਂ ਆਤਮ ਤੱਤ ਨੂੰ ਲਖੇਂਗਾ ਫੇਰ ਪਰਮਾਤਮ ਤੱਤ ਵਿਚ ਲੀਨਤਾ ਮਿਲੇਗੀ)॥੧॥ ਰਹਾਉ॥

ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥ ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥

(ਇਸ ਦੇ ਟਾਕਰੇ ਤੇ ਅਉਗੁਣਵੰਤੀ ਰੂਪੀ) ਮਨਮੁਖ ਵਿਚ (ਭਜਨ ਬੰਦਗੀ ਸਿਮਰਨ ਗੁਣ ਗਾਇਨ ਆਦਿ) ਕੋਈ ਗੁਣ ਨਹੀਂ ਹੁੰਦਾ, (ਉਸ ਨੂੰ ਵਾਹਿਗੁਰੂ ਦੀ) ਹਜ਼ੂਰੀ ਵਿਚ ਬੈਠਣਾ ਨਹੀਂ ਮਿਲਦਾ (ਭਾਵ ਜੀਉਂਦੇ ਜੀ ਉਸ ਨੂੰ ਵਾਹਿਗੁਰੂ ਦੀ ਹਜ਼ੂਰੀ ਦੀ ਲੱਖਤਾ ਪ੍ਰਾਪਤ ਨਹੀਂ ਹੁੰਦੀ, ਮਰ ਕੇ ਉਸ ਨੂੰ ਸਾਂਈਂ ਦੀ ਹਜ਼ੂਰੀ ਵਿਚ ਵਾਸਾ ਨਹੀਂ ਮਿਲਦਾ; ਹਾਂ) ਮਨਮੁਖ ਸ਼ਬਦ ਨੂੰ ਨਹੀਂ ਜਾਣਦਾ (ਇਹ ਨਾ ਜਾਣਨਾ ਭਾਰੀ ਔਗੁਣ ਹੈ, ਇਸ) ਅਵਗੁਣ ਕਰਕੇ ਉਹ ਪ੍ਰਭੂ (ਉਸ ਤੋਂ) ਦੂਰ ਰਹਿੰਦਾ ਹੈ; (ਪਰ) ਜਿਨ੍ਹਾਂ ਨੇ ਸੱਚ (ਸਰੂਪ ਪ੍ਰਭੂ) ਨੂੰ ਪਛਾਣ ਲਿਆ ਹੈ (ਅਤੇ) ਪਰੀ ਪੂਰਣ ਜਾਣਕੇ (ਉਸ) ਸੱਚ ਵਿਚ ਰਚੇ ਰਹਿੰਦੇ ਹਨ, (ਹਾਂ ਜਿਨ੍ਹਾਂ ਦਾ) ਮਨ ਗੁਰ ਸ਼ਬਦ ਦੁਆਰਾ ਵਿਧ ਗਿਆ ਹੈ (ਉਨ੍ਹਾਂ ਨੂੰ) ਪ੍ਰਭੂ ਆਪ ਹਾਜ਼ਰਾ ਹਜ਼ੂਰ ਹੋਕੇ ਮਿਲ ਪੈਂਦਾ ਹੈ॥੨॥

ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥ ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥

(ਹਾਂ, ਉਨ੍ਹਾਂ ਨੂੰ ਪ੍ਰਭੂ ਨੇ) ਆਪੇ (ਆਪਣੇ ਪ੍ਰੇਮ ਦੀ) ਮੱਟੀ ਵਿਚ (ਪਾਕੇ) ਰੰਗ ਲਿਆ ਹੈ ਤੇ ਨਾਮ ਦੁਆਰਾ (ਆਪਣੇ ਨਾਲ) ਮਿਲਾ ਲਿਆ ਹੈ। (ਐਉਂ) ਜੋ ਲਿਵ ਲਾਕੇ ਸੱਚ ਵਿਚ ਰਚੇ ਰਹਿੰਦੇ ਹਨ (ਉਨ੍ਹਾਂ ਦਾ ਪ੍ਰੇਮ ਰੂਪੀ) ਸੱਚਾ ਰੰਗ ਫੇਰ ਨਹੀਂ ਉਤਰਦਾ। (ਪਰ ਇਸ ਗਲ ਦੀ) ਸੋਝੀ ਮਨਮੁਖਾਂ ਨੂੰ ਨਹੀਂ ਪੈਂਦੀ, (ਓਹ) ਚਾਰ ਕੁੰਟ ਵਿਚ ਫਿਰ ਫਿਰ ਕੇ ਥੱਕ ਜਾਂਦੇ ਹਨ। (ਹਾਂ) ਜਿਸ ਨੂੰ ਸਤਿਗੁਰੂ ਮੇਲੇ ਉਹੀ (ਉਸਦੇ) ਸੱਚੇ ਸ਼ਬਦ ਵਿਚ ਸਮਾ ਕੇ ਪ੍ਰਭੂ ਨੂੰ ਮਿਲ ਪੈਂਦਾ ਹੈ[2]॥੩॥

ਮਿਤ੍ਰ ਘਣੇਰੇ ਕਰਿ ਥਕੀ ਮੇਰਾ

ਮੈਂ ਬਥੇਰੇ ਮਿੱਤ੍ਰ ਬਣਾਏ ਕਿ ਮੇਰਾ ਕੋਈ (ਤਾਂ) ਦੁਖ ਕਟੇ

---

[1] ਪਹਿਲੀ ਤੁਕ ਵਿਚ ਇਹ ਮੈਲ ਦੱਸੀ ਹੈ : ਤ੍ਰਿਸ਼ਨਾ ਤੇ ਵਿਕਾਰਾਂ ਦੀ ਮੈਲ।

[2] ਇਸ ਤੁਕ ਦੇ ਐਉਂ ਬੀ ਦਾਨੇ ਅਰਥ ਕਰਦੇ ਹਨ:- ਜਿਸ ਨੂੰ (ਪ੍ਰਭੂ) ਸਤਿਗੁਰੂ ਮੇਲਦਾ ਹੈ ਉਹ (ਨਾਮ ਨਾਲ) ਮਿਲਦਾ ਹੈ, (ਉਹ ਫਿਰ) ਸਚੇ ਸਬਦਿ (ਸਦਾ ਥਿਰ ਪਰਮਾਤਮ ਦੇਵ ਵਿਚ) ਸਮਾ ਜਾਂਦਾ ਹੈ।

ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥

(ਪਰ ਬਣਾ ਬਣਾ ਕੇ) ਥੱਕ ਗਈ, (ਦੁਖ ਨਾਂ ਕਟਿਆ ਗਿਆ। ਹਾਂ, ਜਦ) ਪ੍ਰੀਤਮ (ਗੁਰੂ) ਮਿਲ ਪਿਆ (ਤਾਂ ਮੇਰਾ) ਦੁਖ ਕਟਿਆ ਗਿਆ ਤੇ ਸ਼ਬਦ (=ਵਾਹਿਗੁਰੂ) ਨਾਲ ਮੇਲ ਹੋ ਗਿਆ। (ਸੋ ਭਾਈ! ਜਿਨ੍ਹਾਂ ਗੁਰਮੁਖਾਂ ਦੇ ਪਾਸ) ਸੱਚ ਰੂਪੀ ਰਾਸ ਹੈ (ਉਨ੍ਹਾਂ ਨੇ) ਸਚ (ਰੂਪੀ ਖੱਟੀ) ਖੱਟਣੀ ਹੈ, (ਓਹ ਫਿਰ) ਸੱਚੇ ਕਹੀਦੇ ਹਨ ਉਨ੍ਹਾਂ ਸਚਿਆਂ ਦੀ (ਫਿਰ) ਸੱਚੀ ਸ਼ੋਭਾ ਹੁੰਦੀ ਹੈ। (ਭਾਵ, ਸੱਚ ਰੂਪੀ ਰਾਸ-ਨਾਮ-ਹੈ, ਇਸ ਦਾ ਜਿਨ੍ਹਾਂ ਵਪਾਰ ਕੀਤਾ ਹੈ-ਸ਼ਰਧਾ ਧਾਰਕੇ ਸਿਮਰਨ ਕੀਤਾ ਹੈ-ਉਨ੍ਹਾਂ ਨੇ 'ਸੱਚ ਖੱਟਣਾ' ਸਤ੍ਯ ਸਰੂਪ ਪਰਮਾਤਮਾ ਦੀ ਪ੍ਰਾਪਤੀ ਦਾ ਲਾਹਾ ਲੀਤਾ ਹੈ, ਉਨ੍ਹਾਂ ਦੀ ਸ਼ੋਭਾ ਫਿਰ ਸੱਚੀ ਹੁੰਦੀ ਹੈ)।

ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥

ਹੇ ਨਾਨਕ! ਜੋ ਗੁਰਮੁਖ ਹੋਕੇ ਸੱਚ (ਸਤ੍ਯ ਸਰੂਪ ਵਾਹਿਗੁਰੂ) ਵਿਚ ਮਿਲ ਜਾਂਦੇ ਹਨ ਓਹ (ਫੇਰ ਕਦੇ) ਨਹੀਂ ਵਿਛੁੜਦੇ ॥੪॥੨੬॥੫੯॥

ਵ੍ਯਾਖ੍ਯਾ-ਇਸ ਸ਼ਬਦ ਦੀ ਵ੍ਯਾਖ੍ਯਾ ਸ੍ਰੀ ਗੁਰੂ ਅਮਰਦਾਸ ਜੀ ਨੇ ਵਡਹੰਸ ਰਾਗ ਵਿਚ ਕੀਤੀ ਹੈ, ਓਥੇ ਪਾਠ ਹੈ:- **ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ॥**
ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲਲਾਇ॥ (ਵਡਹੰਸ ਮ:੩-੪)

ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਮਹਲਾ ੫ ਵਿਚ ਗੁਣਵੰਤੀ ਸਿਰਨਾਵਾ ਦੇਕੇ ਸ਼ਬਦ ਲਿਖਿਆ ਹੈ, ਪਹਿਲੀ ਤੁਕ ਹੈ-'ਜੋ ਦੀਸੈ ਗੁਰ ਸਿਖੜਾ'। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬੀ ਏਹ ਪਦ ਵਰਤੇ ਗਏ ਹਨ।

ਨਿਰੁਕ੍ਤ-ਦੂਜੇ ਪਦੇ ਵਿਚ ਅਉਗਣਵੰਤੀ ਆਖਕੇ ਉਸੇ ਦੀ ਦੂਜੀ ਸਤਰ ਵਿਚ ਮਨਮੁਖਿ ਆਖਿਆ, ਤੇ ਆਪ ਹੀ ਟੀਕਾ ਕਰ ਦਿਤਾ ਕਿ ਅਉਗੁਣ ਵੰਤੀ ਤੋਂ ਮੁਰਾਦ ਮਨਮੁਖਿ ਦੀ ਹੈ। ਔਗੁਣਾਂ ਵਾਲੇ ਜ਼ਿਕਰਾਂ ਵਿਚ ਤ੍ਰੈ ਵੇਰੀ ਮਨਮੁਖਿ ਪਦ ਵਰਤਿਆ ਹੈ। ਅੰਤਲੀ ਤੁਕ ਵਿਚ ਗੁਰਮੁਖਿ ਪਦ ਆਇਆ ਹੈ ਜੋ ਸ਼ਬਦ ਵਿਚ ਦੱਸੇ ਗੁਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਣਵੰਤੀ ਦਾ ਭਾਵ ਗੁਰਮੁਖ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੬੦)

ਪ੍ਰਾਕ੍ਕਥਨ-ਇਸ ਸ਼ਬਦ ਵਿਚ ਵਾਹਿਗੁਰੂ ਦੀ ਉਸਤਤੀ, ਉਸ ਦੀ ਪ੍ਰਾਪਤੀ, ਨਾਮ ਤੇ ਗੁਰੂ ਦਾ ਕਥਨ ਹੈ। ਅਸਲ ਵਿਚ ਪਿਛਲੇ ਸ਼ਬਦ ਵਿਚ ਆਈ ਗੁਣਵੰਤੀ ਤੇ ਅਉਗੁਣਵੰਤੀ ਦਾ ਹੀ ਜ਼ਿਕਰ ਹੋਰ ਪੈਰਾਏ ਵਿਚ ਕੀਤਾ ਹੈ।

ਮੂਲ ਅਰਥ

ਸਿਰੀ ਰਾਗੁ ਮਹਲਾ ੩ ॥

ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥

(ਜਗਤ) ਕਰਤਾ (ਪ੍ਰਭੂ) ਆਪੇ ਹੀ (ਇਹ ਸ੍ਰਿਸ਼ਟੀ ਰਚਨਾ ਦਾ) ਢੋ ਢੁਕਾਉਂਦਾ ਹੈ, (ਭਾਵ ਰਚਦਾ ਹੈ, ਆਪ ਹੀ) ਸ੍ਰਿਸ਼ਟੀ ਰਚਕੇ ਉਸਦੀ ਸੰਭਾਲ ਕਰਦਾ ਹੈ। (ਫਿਰ) ਸਭਨਾਂ ਵਿਚ

ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥

ਉਹ (ਆਪ) ਇਕੋ ਇਕ ਅਲਖ ਹੋਕੇ (ਐਸਾ) ਵਰਤਦਾ ਹੈ ਕਿ ਲਖਿਆ ਨਹੀਂ ਜਾਂਦਾ। (ਭਾਵ ਸ੍ਰਿਸ਼ਟੀ ਰਚਨਾ ਕਰਕੇ ਆਪ ਸ੍ਰਿਸ਼ਟੀ ਰੂਪ ਵਿਚ ਗੁਆਚ ਨਹੀਂ ਜਾਂਦਾ ਸਗੋਂ ਇਕੋ ਇਕ, ਅਲਗ, ਜਿਉਂ ਕਾ ਤਿਉਂ ਕਾਯਮ ਰਹਿੰਦਾ ਹੈ, ਪਰ ਲਖਿਆ ਨਹੀਂ ਜਾਂਦਾ ਕਿ ਕਿਵੇਂ ਅਲੱਗ ਥਲੱਗ ਆਪਣੇ ਨਿਰਗੁਣ ਸਰੂਪ ਵਿਚ ਕਾਯਮ ਹੈ। ਫਿਰ ਇਸ ਰਚੀ ਨੂੰ ਤਾਰਨ ਵਾਸਤੇ) ਆਪ ਹੀ ਪ੍ਰਭੂ ਦਿਆਲੂ ਹੈ, ਆਪ ਹੀ ਜੀਵਾਂ ਨੂੰ (ਆਪਣਾ ਸਰੂਪ) ਬੁਝਾ ਦੇਂਦਾ ਹੈ। (ਇਉਂ) ਗੁਰੂ ਦੀ ਮਤਿ ਦੁਆਰਾ (ਜਿਨ੍ਹਾਂ ਦੇ) ਮਨ ਵਿਚ (ਉਹ) ਸਦਾ ਵੱਸ ਜਾਂਦਾ ਹੈ (ਉਹ ਉਸ) ਸੱਚ (ਸਤਜ ਸਰੂਪ) ਵਿਚ ਲਿਵ ਲਾਈ ਰਖਦੇ ਹਨ॥੧॥

ਆਪੇ ਪ੍ਰਭੁ ਦਇਆਲੁ ਹੈ ਆਪੇ ਦੇਇ ਬੁਝਾਇ ॥ ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥

ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥ ੧॥ ਰਹਾਉ ॥

ਹੇ ਮੇਰੇ ਮਨ! (ਤੂੰ ਤਾਂ ਤੇ) ਗੁਰੂ ਦੀ ਰਜ਼ਾ ਮੰਨ ਲੈ (ਉਸਦੀ ਰਜ਼ਾ ਮੰਨਣੇ ਨਾਲ ਤੇਰੇ) ਮਨ ਵਿਚ ਨਾਮ ਆ ਵਸੇਗਾ (ਨਾਮ ਵੱਸਣੇ ਨਾਲ ਤੇਰਾ) ਤਨ ਮਨ ਸਭ ਠੰਢਾ ਠਾਰ ਹੋ ਜਾਏਗਾ॥੧॥ਰਹਾਉ॥

ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥ ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ ਕਰੇਇ ॥ ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ ॥ ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ ॥੨॥

ਜਿਸ ਨੇ (ਇਸ ਦੀ ਰਚਨਾ ਦਾ) ਢੋ ਢੁਕਾ ਕੇ ਇਸ ਨੂੰ ਧਾਰਨ ਕੀਤਾ ਹੈ (ਭਾਵ ਇਸ ਨੂੰ ਕਾਯਮ ਰਖ ਰਿਹਾ ਹੈ) ਉਹੀ (ਇਸ ਦੀ) ਖ਼ਬਰਗੀਰੀ ਕਰ ਰਿਹਾ ਹੈ। ਉਸ ਨੂੰ ਗੁਰੂ ਦੇ ਉਪਦੇਸ਼ ਦੁਆਰਾ ਪਛਾਣੀਦਾ ਹੈ (ਪਰ) ਜਦੋਂ ਕਿ ਉਹ ਆਪੇ ਮੇਹਰ ਦੀ ਦ੍ਰਿਸ਼ਟੀ ਕਰਦਾ ਹੈ। (ਸੋ ਜੋ ਉਸ ਨੂੰ ਪਛਾਣ ਲੈਂਦੇ ਹਨ) ਓਹ ਜਨ ਨਾਮ ਦੁਆਰਾ (ਸੋਹਣੇ ਹੋ ਗਏ ਹੋਏ) ਉਸ ਸੱਚੇ ਦਰਬਾਰ ਵਿਚ ਸੋਹਣੇ (ਹੋ ਬੈਠਦੇ) ਹਨ। (ਓਹ) ਗੁਰਮੁਖ ਹਨ, ਸੱਚੇ ਸ਼ਬਦ ਵਿਚ ਰਚੇ ਹੋਏ ਹਨ, (ਓਹ) ਕਰਤਾਰ ਨੇ ਆਪ ਮੇਲ ਲਏ ਹਨ॥੨॥

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥

(ਇਹ ਗਲ ਸਮਝਕੇ ਹੁਣ ਚਾਹੀਦਾ ਹੈ ਕਿ ਅਸੀਂ) ਗੁਰੂ ਦੀ ਮਤਿ ਦੁਆਰਾ ਸੱਚ ਨੂੰ ਸਲਾਹੀਏ (ਉਸ ਸੱਚ ਨੂੰ ਕਿ ਜਿਸਦੇ) ਅੰਤ ਦਾ ਪਾਰ ਉਰਾਰ ਨਹੀਂ ਹੈ (ਭਾਵ ਜੋ ਬੇਅੰਤ ਹੈ)। ਹਾਂ, ਜੋ ਹਰ ਦਿਲ ਵਿਚ ਹੁਕਮੀ ਹੋਕੇ ਆਪ ਹੀ ਵੱਸ ਰਿਹਾ ਹੈ ਤੇ ਆਪ ਹੀ ਹੁਕਮ ਦੁਆਰਾ ਵੀਚਾਰ ਕਰਦਾ ਹੈ। (ਹਾਂ) ਉਸ ਦੀ ਸਲਾਹੁਤ ਗੁਰੂ ਦੇ ਸ਼ਬਦ (ਨਾਮ) ਦੁਆਰਾ ਕਰੀਏ (ਤਾਂ ਜੋ ਸਾਡੇ ਦਿਲ) ਵਿਚੋਂ ਹਉਮੈ ਖੋ ਹੋ ਜਾਵੇ। (ਜੋ ਜੀਵ ਰੂਪ) ਇਸਤ੍ਰੀ (ਭਗਵੰਤ ਦੇ) ਨਾਮ ਤੋਂ ਵਿਰਵੀ ਹੈ (ਉਹ) ਅਉਗਣ ਵੰਤੀ ਹੈ, ਉਹ ਰੋਂਦੀ ਹੈ (ਭਾਵ ਦੁਖਾਂ ਕਲੇਸ਼ਾਂ ਵਿਚ ਝੂਰਦੀ ਰਹਿੰਦੀ ਹੈ)॥੩॥

ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ

(ਇਸ ਲਈ ਮੇਰੀ ਅਭਿਲਾਖਾ ਇਹੋ ਹੈ ਕਿ ਮੈਂ ਉਸ) ਸੱਚ (ਸਰੂਪ ਵਾਹਿਗੁਰੂ) ਵਿਚ ਲਗਾ ਰਹਾਂ (ਕੀਕੂੰ? ਉੱਤਰ:-

ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥ ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥ ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥

ਉਸ) ਸੱਚ ਨੂੰ ਸਲਾਹੁੰਦਾ ਰਹਾਂ (ਤੇ ਉਸਦੇ) ਸੱਚੇ ਨਾਮ ਦੁਆਰਾ (ਮੇਰੀ) ਤ੍ਰਿਪਤੀ ਹੁੰਦੀ ਰਹੇ। ਗੁਣਾਂ ਦੀ ਵੀਚਾਰ ਕਰਦਾ ਰਹਾਂ (ਨਾ ਕੇਵਲ ਵੀਚਾਰ ਸਗੋਂ) ਗੁਣ ਕੱਠੇ ਕਰਦਾ ਰਹਾਂ, ਤੇ ਅਵਗੁਣਾਂ ਨੂੰ ਧੋ ਧੋ ਕੇ (ਆਪਣੇ ਤੋਂ) ਕੱਢਦਾ ਰਹਾਂ, (ਫੇਰ ਵਾਹਿਗੁਰੂ) ਆਪੇ (ਆਪਣੇ) ਮੇਲ ਵਿਚ ਮਿਲਾ ਲੈਂਦਾ ਹੈ, (ਐਸਾ ਕਿ) ਫੇਰ (ਉਸ ਨਾਲ) ਵਿਛੋੜਾ ਨਹੀਂ ਹੁੰਦਾ। ਹੇ ਨਾਨਕ! (ਮੈਂ ਇਸ ਕਰਕੇ) ਆਪਣੇ ਗੁਰੂ ਦੀ (ਵਿਸ਼ੇਸ਼) ਸਲਾਹੁਤਾ ਕਰਦਾ ਹਾਂ ਕਿ ਜਿਸ ਤੋਂ ਉਹ ਪ੍ਰਭੂ ਪਾ ਲਈਦਾ ਹੈ॥੪॥੨੭॥੬੦॥

ਵਯਾਖਯਾ-ਇਸ ਸ਼ਬਦ ਵਿਚ (ਅੰਕ ੩ ਵਿਚ) ਅਉਗੁਣ ਵੰਤੀ ਪਦ ਮਨਮੁਖ ਦੇ ਅਰਥਾਂ ਵਿਚ ਆਇਆ ਹੈ। ਫੇਰ 'ਗੁਣ ਵੀਚਾਰੀ ਗੁਣ ਸੰਗ੍ਰਹਾ' ਪਦ ਆਏ ਹਨ ਜੋ ਗੁਰਮੁਖਤਾਈ ਦੇ ਲਖਾਯਕ ਹਨ। ਅਸਲ ਵਿਚ ਗੁਣਵੰਤੀ ਬਣਨ ਦਾ ਪ੍ਰਕਾਰ ਪਿਛਲੇ ਸ਼ਬਦ ਦੀ ਹੀ ਭਾਵਨਾ ਇਸ ਵਿਚ ਵਧੀਕ ਵੇਰਵੇ ਨਾਲ ਟੁਰ ਰਹੀ ਹੈ। ਪਰ ਇਸ ਵਿਚ ਮੁੱਖਤਾ ਵਾਹਿਗੁਰੂ ਜੀ ਦੇ ਗੁਣ ਤੇ ਸਰੂਪ ਵਰਣਨ ਦੀ ਹੈ ਕਿ ਐਸੇ ਸਰਬ ਸਮਰਥ ਦਾਤਾ ਨਾਲ ਸਦਾ ਲਗੇ ਰਹੋ। ਉਸ ਨਾਲ ਮਿਲਕੇ ਸਦਾ ਸੁਖੀ ਹੋ ਜਾਓਗੇ। ਸ਼ਬਦ ਸ਼ੁਰੂ ਕਰਤਾ ਪੁਰਖ ਦੀ ਮੇਹਰ ਤੋਂ ਕੀਤਾ ਹੈ।

ਨਿਰੁਕ੍ਤ-ਕਾਰਣੁ-ਸਬੱਬ। ਕਾਰਜ ਜਿਸ ਤੋਂ ਹੋਇ ਸੋ ਕਾਰਣੁ।

ਕਾਰਣੁ ਕਰੇ- ਉਹ ਸਾਮਾਨ ਯਾ ਅਸਬਾਬ ਪੈਦਾ ਕਰ ਦੇਣੇ ਜਿਨ੍ਹਾਂ ਤੋਂ ਜਗਤ ਉਪਜੇ। ਢੋ ਢੁਕਾ ਦੇਣੇ, ਜਿਨ੍ਹਾਂ ਦਾ ਫਲ ਸ੍ਰਿਸ਼ਟੀ ਹੋਵੇ। (ਅ) ਕਾਰਣੁ ਦਾ ਭਾਵ ਮਾਇਆ, ਪ੍ਰਕ੍ਰਿਤੀ, ਤ੍ਰੈ ਗੁਣ ਆਦਿ ਕਰਦੇ ਹਨ ਕਿ ਜਿਨ੍ਹਾਂ ਤੋਂ ਰਚਨਾ ਹੁੰਦੀ ਹੈ।

ਮੂਲ ਕਾਰਣ ਜੋ ਸਾਈਂ ਰਚਦਾ ਹੈ। ਜਗਤ ਜਿਸ ਕਾਰਣ ਤੋਂ ਰਚਦਾ ਹੈ, ਉਸ ਕਾਰਣ ਦਾ ਕਰਤਾ ਆਪ ਹੈ। ਆਪ ਇਸੇ ਯਾ ਕਿਸੇ ਹੋਰ ਕਾਰਣ ਦਾ ਕਾਰਜ ਨਹੀਂ ਹੈ:-

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥　　(ਸਹਸਕ੍ਰਿਤੀ ਸਲੋਕ ਮ: ੧-੨)

ਹੁਕਮਿ-ਹੁਕਮੀ, ਭਾਵ ਵਾਹਿਗੁਰੂ।

ਸਾਧਨ-(ਸੰਸ:, ਸਾਧ੍ਵੀ=ਇਸਤ੍ਰੀ) ਇਸਤ੍ਰੀ। ਜੀਵ ਰੂਪ ਇਸਤ੍ਰੀ।

ਤ੍ਰਿਪਤਿ-ਰੱਜ। ਮਨ ਦਾ ਸੰਤੁਸ਼ਟ ਹੋ ਜਾਣਾ। ਪੂਰੀ ਤਸੱਲੀ ਬੱਝ ਜਾਣੀ। ਪਰਮੇਸ਼ੁਰ ਪ੍ਰੇਮੀਆਂ ਦੀ ਇਕ ਪੂਰਣ ਸੁਖ ਪ੍ਰਾਪਤ ਅਵਸਥਾ।

ਸੰਗ੍ਰਹਾ-ਇਕੱਠਾ ਕਰਾਂ। ਜਮ੍ਹਾਂ ਕਰਾਂ।

(ਸਿਰੀ ਰਾਗੁ ਮਹਲਾ ੩, ਚਉਪਦਾ-੬੧)

ਪ੍ਰਾਕ੍ਕਥਨ-ਇਸ ਸ਼ਬਦ ਵਿਚ ਪਤੀ ਦੀ ਪਛਾਣ ਤੋਂ ਵਿਰਵੀ, ਹੋਰ ਕਾਮਨਾ ਦੇ ਵੱਸ ਵਿਚ ਪਈ ਹੋਈ, ਇਸਤ੍ਰੀ ਦੇ ਰੂਪਕ ਵਿਚ ਮਨਮੁਖ ਦਾ ਵਰਣਨ ਹੈ ਤੇ ਕੰਤ ਨੂੰ ਪਛਾਣਨ ਵਾਲੀਆਂ ਕੰਤ ਨੂੰ ਪ੍ਰਾਪਤ ਸੁਹਾਗਣਾਂ ਦੇ ਰੂਪਕ ਵਿਚ ਗੁਰਮੁਖਾਂ ਦਾ ਵਰਣਨ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ॥ ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ ॥ ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥ ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ ॥੧॥	ਹੇ (ਪਤੀ ਪ੍ਰਾਪਤੀ ਤੋਂ ਵਿਹੂਣੀ ਹੋਰ) ਕਾਮਨਾਂ ਦੀ ਗ੍ਰਸੀ (ਮਨਮੁਖ ਰੂਪ) ਇਸਤ੍ਰੀ! ਸੁਣ (ਚੰਗੀ ਤਰ੍ਹਾਂ ਸਾਡੀ ਗਲ) ਸੁਣ; (ਤੂੰ) ਬਾਹਾਂ ਉਲਾਰ ਉਲਾਰ ਕੇ ਕੀ ਟੁਰ ਰਹੀ ਹੈਂ? (ਤੂੰ) ਆਪਣੇ ਪਤੀ ਨੂੰ ਤਾਂ ਪਛਾਣਦੀ ਨਹੀਂ, ਅਗੇ ਜਾਕੇ ਕੀਹ ਮੂੰਹ ਦੇਵੇਂਗੀ। (ਹੁਣ ਆਪ ਨੂੰ ਕਹਿੰਦੇ ਹਨ:) ਮੈਂ ਤਾਂ ਜਿਨ੍ਹਾਂ (ਗੁਰਮੁਖ ਰੂਪ) ਸਖੀਆਂ ਨੇ (ਅਪਣਾ) ਕੰਤ ਪਛਾਣ ਲਿਆ ਹੈ, ਉਹਨਾਂ ਦੇ ਚਰਨੀ ਲਗਦੀ ਹਾਂ; (ਤਾਂ ਜੋ ਉਹਨਾਂ ਦੀ) ਸਤਿ-ਸੰਗਤ ਦੇ ਮਿਲਾਪ ਵਿਚ ਮਿਲਕੇ ਮੈਂ ਉਹਨਾਂ ਵਰਗੀ ਹੀ ਹੋ ਜਾਵਾਂ[1]॥੧॥
ਮੁੰਧੇ ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥	(ਹੁਣ ਫੇਰ ਕਾਮ ਗਹੇਲੀ ਨੂੰ ਆਖਦੇ ਹਨ:) (ਹੇ ਕਾਮ ਗਹੇਲੀ) ਇਸਤ੍ਰੀਏ! (ਤੂੰ) ਕੂੜ ਦੀ ਠੱਗੀ ਹੋਈ ਕੁੜਿਆਰ ਬਣ ਰਹੀ ਹੈਂ। ਉਹ ਪ੍ਰਭੂ ਪਤੀ ਸਾਚਾ (=ਸੱਤਜ ਸਰੂਪ ਵਾਲਾ) ਹੈ (ਫਿਰ ਉਹ) ਸੁਹਣਾ ਹੈ, ਉਹ ਗੁਰੂ ਦੀ ਵੀਚਾਰ ਦੁਆਰਾ ਪਾਈਦਾ ਹੈ॥੧॥ਰਹਾਉ॥
ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥ ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥ ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥ ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥	ਪਰ ਮਨਮੁਖ (ਰੂਪੀ ਇਸਤ੍ਰੀਆਂ) ਆਪਣਾ ਕੰਤ ਨਹੀਂ ਪਛਾਣਦੀਆਂ, ਉਹਨਾਂ ਦੀ ਰਾਤ ਕਿਵੇਂ ਬੀਤਦੀ ਹੈ। (ਭਾਵ, ਮਨਮੁਖ ਅਪਣੀ ਉਮਰ ਪਰਮੇਸ਼ੁਰ ਤੋਂ ਵਿਛੁੜੀ ਹਾਲਤ ਵਿਚ ਕਿਵੇਂ ਬਿਤਾਉਂਦੇ ਹਨ? ਉਹ ਤਾਂ) ਹੰਕਾਰ ਨਾਲ ਲਬਾ ਲਬ ਭਰੀਆਂ ਤ੍ਰਿਸ਼ਨਾਂ ਵਿਚ ਸੜਦੀਆਂ (ਵਾਹਿਗੁਰੂ ਤੋਂ ਛੁੱਟ) ਦੂਏ ਨੂੰ ਪਯਾਰ ਕਰਨ ਕਰਕੇ ਦੁਖ ਪਾਉਂਦੀਆਂ ਹਨ। (ਪਰ ਜੋ) ਸ਼ਬਦ ਵਿਚ ਰਚੀਆਂ ਰਹੀਆਂ ਹਨ (ਓਹ) ਸੁਹਾਗਣਾਂ ਹਨ, ਉਹਨਾਂ (ਦੇ ਮਨ) ਵਿਚੋਂ ਹਉਮੈ ਦੂਰ ਹੋ ਜਾਂਦੀ ਹੈ। ਓਹ ਅਪਣੇ ਪਤੀ (ਪਰਮੇਸ਼ੁਰ ਨੂੰ) ਸਦਾ ਮਾਣਦੀਆਂ ਹਨ, ਉਹਨਾਂ ਦੀ (ਉਮਰਾ) ਸੁਖ ਹੀ ਸੁਖ ਵਿਚ ਬੀਤਦੀ ਹੈ॥੨॥
ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥ ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥ ਪੂਰੈ ਭਾਗਿ	(ਪਰ ਜੋ) ਗਿਆਨ ਤੋਂ ਵਿਰਵੀਆਂ ਹਨ (ਓਹ) ਪਤੀ ਨੇ ਛੱਡ ਦਿਤੀਆਂ ਹੋਈਆਂ ਹਨ, (ਉਹਨਾਂ ਨੂੰ) ਪਤੀ ਵਲੋਂ ਪ੍ਰੇਮ ਨਹੀਂ ਪ੍ਰਾਪਤ ਹੁੰਦਾ। (ਹਾਂ) ਅਗਯਾਨ ਮਈ ਬੁੱਧੀ ਵਾਲੀਆਂ ਨੂੰ (ਅਗਯਾਨ ਦਾ) ਹਨੇਰਾ ਹੁੰਦਾ ਹੈ, (ਹਨੇਰੇ ਕਰਕੇ ਓਹ ਪਤੀ ਨੂੰ ਦੇਖ ਨਹੀਂ ਸਕਦੀਆਂ ਤੇ) ਪਤੀ ਨੂੰ ਦੇਖੇ ਬਿਨਾਂ (ਤ੍ਰਿਸ਼ਨਾ ਰੂਪੀ) ਭੁੱਖ ਦੂਰ ਨਹੀਂ ਹੁੰਦੀ। (ਹੁਣ ਫਿਰ ਅਪਣੇ ਵਲ ਰੁਖ ਪਲਟਦਾ ਹੈ:) ਹਾਂ (ਸੁਹਾਗਣ ਰੂਪ) ਸਹੇਲੀਓ (ਸਤਿਸੰਗੀਓ)!

[1]ਐਉਂ ਭੀ ਕਰਦੇ ਹਨ:-(ਹੇ ਪ੍ਰਭੂ !) ਮੈਨੂੰ ਉਹਨਾਂ ਦੀ ਸਤਿਸੰਗਤ ਵਿਚ ਮਿਲਾ, ਜੋ ਮੈਂ ਉਹਨਾਂ ਵਰਗੀ ਹੋ ਜਾਵਾਂ।

ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥	ਆਵੋ (ਮੈਨੂੰ) ਮਿਲੋ ਤੇ ਮੈਨੂੰ ਪਤੀ (ਪਰਮੇਸ਼ੁਰ) ਮਿਲਾ ਦਿਓ। (ਪਰੰਤੂ) ਸੁਤਿਗੁਰੂ (ਬੀ) ਪੂਰੇ ਭਾਗਾਂ ਨਾਲ ਮਿਲਦਾ ਹੈ (ਜਿਸ ਦੁਆਰਾ) ਪਤੀ ਪਰਮੇਸ਼ੁਰ ਪਾਈਦਾ (ਤੇ ਉਸ) ਸੱਤਜ (ਸਰੂਪ) ਵਿਚ ਸਮਾ ਜਾਈਦਾ ਹੈ॥੩॥
ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥ ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥ ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥ ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥੨੮॥੬੧॥	ਓਹ ਸਹੀਆਂ ਸੁਹਾਗਣਾਂ ਹਨ ਜਿਨ੍ਹਾਂ ਉਤੇ (ਪਤੀ ਪਰਮੇਸ਼ੁਰ ਅਪਣੀ) ਮੇਹਰ ਦੀ ਦ੍ਰਿਸ਼ਟੀ ਪਾਵੇ, ਓਹ ਅਪਣਾ ਪਤੀ ਪਛਾਣਦੀਆਂ ਹਨ ਤੇ ਤਨ ਮਨ ਉਸ ਦੇ ਹਵਾਲੇ ਕਰ ਦੇਂਦੀਆਂ ਹਨ। (ਉਹਨਾਂ ਨੇ ਅਪਣੇ) ਘਰ (ਹਿਰਦੇ) ਵਿਚ ਹੀ (ਅਪਣਾ) ਪਤੀ ਪਾ ਲਿਆ ਹੈ ਤੇ ਹਉਮੈ ਦੂਰ ਕਰ ਦਿਤੀ ਹੈ। ਹੇ ਨਾਨਕ! (ਓਹ) ਸ਼ੋਭਾ ਵਾਲੀਆਂ ਸੁਹਾਗਣਾਂ ਹਨ (ਜੋ) ਹਰ ਦਿਨ ਭਗਤੀ ਕਰਦੀਆਂ ਹਨ॥੪॥੨੮॥੬੧॥

ਵਯਾਖਯਾ—ਕਾਮ ਗਹੇਲੀ ਜੀਵ ਨੂੰ ਨਹੀਂ ਕਿਹਾ, ਪਰ ਮਨਮੁਖ ਨੂੰ, ਕਿਉਂਕਿ ਕਾਮ ਗਹੇਲੀ ਦਾ ਲੱਛਣ 'ਆਪਣਾ ਪਿਰੁ ਨ ਪਛਾਣਹੀ' ਕੀਤਾ ਹੈ (ਸਤਰ ੨)। ਫੇਰ ਅੰਕ ੨ ਵਿਚ ਮਨਮੁਖ ਦਾ ਲੱਛਣ ਕੀਤਾ-'ਮਨਮੁਖਿ ਕੰਤੁ ਨ ਪਛਾਣਈ'। ਇਹ ਕਾਮ ਗਹੇਲੀ ਦੁਹਾਗਣ ਬੀ ਹੈ, ਕਿਉਂਕਿ ਅੰਕ ੩ ਵਿਚ ਇਨ੍ਹਾਂ ਨੂੰ 'ਪਿਰ ਮੁਤੀਆ' ਕਿਹਾ ਹੈ।

ਕਾਮ ਗਹੇਲੀ ਦਾ ਭਾਵ ਕੇਵਲ ਕਾਮ ਵਿਚ ਗ੍ਰਸਤ ਨਹੀਂ, ਪਰ ਸਾਰੀ ਕਿਸਮ ਦੀਆਂ ਕਾਮਨਾਂ ਵਿਚ, ਕਿਉਂਕਿ ਇਨ੍ਹਾਂ ਨੂੰ ਗਰਬ ਅਟੀਆ, ਤ੍ਰਿਸ਼ਨਾ ਜਲਹਿ, ਦੂਜੇ ਭਾਇ ਵਿਚ ਲਗੀਆਂ ਬੀ ਕਿਹਾ ਹੈ (ਅੰਕ ੨ ਵਿਚ)। ਇਨ੍ਹਾਂ ਦੇ ਟਾਕਰੇ ਤੇ 'ਕੰਤੁ ਪਛਾਣਿਆ' ਵਾਲੀਆਂ ਸਖੀਆਂ ਲਈਆਂ ਹਨ, ਸੋ ਆਪੇ ਗੁਰਮੁਖ ਹੋਈਆਂ, ਉਹਨਾਂ ਨੂੰ ਸ਼ਬਦ ਵਿਚ ਰਤੀਆਂ, ਹਉਮੈ ਅਤੀਤ, 'ਸਦਾ ਪਿਰੁ ਰਾਵਹਿ ਆਪਣਾ' ਆਖਿਆ ਹੈ (ਅੰਕ ੨)। ਫੇਰ ਅੰਕ ਚਾਰ ਵਿਚ ਇਨ੍ਹਾਂ ਬਾਬਤ ਦੱਸਿਆ ਕਿ ਉਹਨਾਂ ਉਤੇ ਸਾਈਂ ਦੀ ਮੇਹਰ ਹੁੰਦੀ ਹੈ, ਏਹ ਹਉਮੈ ਅਤੀਤ, ਤਨ ਮਨ ਪ੍ਰਭੂ ਨੂੰ ਸਮਰਪਨ ਕਰ ਚੁਕੀਆਂ ਹੁੰਦੀਆਂ ਹਨ। ਏਹ ਦਿਨੇ ਰਾਤ ਭਗਤੀ ਵਿਚ ਰਹਿੰਦੀਆਂ ਹਨ।

ਅੰਕ ੩ ਵਿਚ ਮੂਲ ਗੱਲ ਦੱਸ ਆਏ ਹਨ ਕਿ ਇਹ ਪ੍ਰਾਪਤੀ ਗੁਰੂ ਦੁਆਰਾ ਹੁੰਦੀ ਹੈ।

ਨਿਰੁਕ੍ਤ—ਕਾਮ ਗਹੇਲੀ—ਕਾਮਨਾ ਦੀ ਗ੍ਰਸੀ ਹੋਈ

ਮੁੰਧੇ—ਹੇ ਇਸਤ੍ਰੀ! ਗਰਬਿ ਅਟੀਆ—ਹੰਕਾਰ ਭਰੀਆਂ।

ਸਬਦਿ ਰਤੀਆ—ਨਾਮ ਵਿਚ ਰਤੀਆਂ ਯਾ ਰੰਗੀਆਂ ਹੋਈਆਂ।

ਪਿਰ ਮੁਤੀਆ—ਪਤੀ ਤੋਂ ਛਡੀਆਂ ਗਈਆਂ, ਛੁੱਟੜਾਂ।

(ਸਿਰੀ ਰਾਗੁ ਮਹਲਾ ੩, ਚਉਪਦਾ-੬੨)

ਪ੍ਰਾਕ੍ਥਨ—ਇਸ ਸ਼ਬਦ ਵਿਚ ਸਦਾ ਪਤੀ ਨਾਲ ਰੱਤੀ ਸੁਹਾਗਣ ਦੇ ਰੂਪਕ ਵਿਚ ਗੁਰਮੁਖ ਦਾ ਵਰਣਨ ਹੈ ਤੇ ਆਪ ਨੂੰ ਵਿਛੁੜੀ ਹੋਈ ਬਿਰਹਨੀ ਦੇ ਰੂਪਕ ਵਿਚ ਦੱਸਕੇ ਅਪਣੇ ਦੁਆਰਾ ਜਗਜਾਸੂ ਦੀ ਯਾਚਨਾ ਦੱਸੀ ਹੈ।

ਮੂਲ / **ਅਰਥ**

ਸਿਰੀ ਰਾਗੁ ਮਹਲਾ ੩ ॥

ਇਕਿ ਪਿਰੁ ਰਾਵਹਿ ਆਪਣਾ ਹਉ ਕੈ ਦਰਿ ਪੂਛਉ ਜਾਇ ॥

ਇਕ (ਸੁਹਾਗਵੰਤੀਆਂ) ਆਪਣੇ ਪਤੀ ਨੂੰ ਮਾਣਦੀਆਂ ਹਨ (ਪਰ ਮੈਨੂੰ ਮੇਲ ਪ੍ਰਾਪਤ ਨਹੀਂ, ਦੱਸੋ) ਮੈਂ ਕਿਸ ਦੇ ਬੂਹੇ ਜਾਕੇ (ਪਤੀ ਮਿਲਾਪ ਦਾ ਰਸਤਾ) ਪੁੱਛਾਂ[1]?

(ਆਪੇ ਹੀ ਵੀਚਾਰ ਕਰਦੇ ਹਨ:)

ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ ॥ ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥ ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ ॥੧॥

ਸਤਿਗੁਰੂ (ਤੋਂ ਵਡਾ ਕੌਣ ਹੈ, ਇਸ ਲਈ ਮੈਂ ਉਸ) ਦੀ ਪ੍ਰੇਮ ਨਾਲ ਸੇਵਾ ਕਰਾਂ, (ਉਹ) ਮੈਨੂੰ (ਪਰਮੇਸ਼ੁਰ) ਸੁਆਮੀ ਮਿਲਾ ਦੇਵੇਗਾ। (ਜਦ ਮੈਂ ਪੁਛਿਆ ਤਾਂ ਗੁਰੂ ਨੇ ਮੈਨੂੰ ਦੱਸਿਆ ਕਿ) ਸਾਰੇ (ਜੀਵ ਵਾਹਿਗੁਰੂ ਨੇ) ਆਪ ਪੈਦਾ ਕੀਤੇ ਹਨ, ਆਪੇ (ਸਭ ਦੀ) ਸੰਭਾਲ ਕਰਦਾ ਹੈ, (ਪਰ) ਕਿਸੇ ਨੂੰ ਉਹ ਨੇੜੇ (ਹੁੰਦਾ ਹੈ) ਤੇ ਕਿਸੇ ਨੂੰ ਦੂਰ (ਹੁੰਦਾ ਹੈ)। (ਪ੍ਰਸ਼ਨ: ਕਿਸ ਨੂੰ ਨੇੜੇ ਹੁੰਦਾ ਹੈ? ਉੱਤਰ:) ਜੋ ਪਤੀ ਨੂੰ ਆਪਣੇ ਅੰਗ ਸੰਗ ਜਾਣਦੀ ਹੈ ਤੇ (ਉਸਦੇ) ਸਦਾ ਹਾਜ਼ਰਾ ਹਜ਼ੂਰ ਰਹਿੰਦੀ ਹੈ, (ਉਹ) ਉਸ ਨੂੰ ਮਾਣਦੀ ਹੈ[2]॥੧॥

ਮੁੰਧੇ ਤੂ ਚਲੁ ਗੁਰ ਕੈ ਭਾਇ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥੧॥ ਰਹਾਉ॥

(ਇਸ ਲਈ) ਹੇ ਜਗਜਾਸੂ! ਤੂੰ ਗੁਰੂ ਦੇ ਭਾਣੇ ਵਿਚ ਟੁਰ, (ਫਿਰ ਤੂੰ) ਦਿਨੇ ਰਾਤ ਆਪਣੇ ਸੁਆਮੀ (ਪਰਮੇਸ਼ੁਰ ਦਾ ਮੇਲ ਰਸ) ਮਾਣੇਂਗਾ (ਤੇ) ਸਹਜੇ (ਹੀ ਉਸ) ਸਤਜ ਸਰੂਪ ਵਿਚ ਸਮਾ ਜਾਵੇਂਗਾ॥੧॥ ਰਹਾਉ॥

ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥ ਹਰਿ ਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ॥ ਸੇਜ ਸੁਹਾਵੀ ਹਰਿ ਰੰਗਿ ਰਵੈ ਭਗਤਿ ਭਰੇ ਭੰਡਾਰ॥ ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ ॥੨॥

(ਜੋ ਗੁਰੂ ਦੇ ਦਿਤੇ) ਸ਼ਬਦ ਵਿਚ ਰਚ ਰਹੇ ਹਨ ਤੇ ਸੱਚੇ ਸ਼ਬਦ ਨਾਲ ਜਿਨ੍ਹਾਂ ਦਾ ਪਿਆਰ ਹੈ, ਓਹ ਗੁਰਮੁਖ ਹਨ ਆਪਣੇ (ਅੰਤਹਕਰਣ ਰੂਪੀ) ਘਰ ਵਿਚ ਹੀ ਹਰੀ (ਰੂਪੀ) ਸੁਆਮੀ ਨੂੰ ਪਾ ਲੈਂਦੇ ਹਨ (ਪਰ ਇਹ ਪ੍ਰਾਪਤੀ ਗੁਰੂ ਨਾਲ ਕੀਤੇ) ਪਿਆਰ (ਤੇ ਗੁਰੂ ਦੇ ਜਗਜਾਸੂ ਨਾਲ ਕੀਤੇ) ਹਿਤ ਦੁਆਰਾ ਹੁੰਦੀ ਹੈ। (ਉਨ੍ਹਾਂ ਦਾ) ਮਨ ਸੁੰਦਰ ਹੋ ਗਿਆ ਹੈ, ਹਰੀ (ਉਨ੍ਹਾਂ ਦੇ ਮਨ ਵਿਚ) ਪ੍ਰੇਮ ਨਾਲ ਰਵ ਰਿਹਾ ਹੈ ਤੇ ਉਨ੍ਹਾਂ ਦੇ (ਤਨ ਮਨ ਇੰਦ੍ਰੇ ਰੂਪੀ) ਭੰਡਾਰੇ (ਈਸ਼੍ਵਰ) ਭਗਤੀ ਨਾਲ ਭਰੇ ਰਹਿੰਦੇ ਹਨ। (ਹਾਂ) ਓਹ ਪਜਾਰਾ ਪ੍ਰਭੂ (ਉਨ੍ਹਾਂ ਦੇ) ਮਨ ਵਿਚ ਵਸਦਾ ਹੈ ਜੋ ਸਭ ਕਿਸੇ ਨੂੰ ਆਸਰਾ ਦੇਂਦਾ ਹੈ॥੨॥

ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ ॥

ਜੋ ਆਪਣੇ ਸੁਆਮੀ (ਪਰਮੇਸ਼ੁਰ) ਨੂੰ ਸਲਾਹੁੰਦੀਆਂ ਹਨ ਉਨ੍ਹਾਂ ਦੇ ਮੈਂ ਸਦਾ ਸਦਕੇ ਹੁੰਦਾ ਰਹਾਂ। (ਇੰਨਾਂ ਕਿ) ਮਨ ਤੇ ਤਨ

---

[1]ਭਾਵ ਇਹ ਹੈ ਕਿ ਇਕ (ਗੁਰਮੁਖ ਆਪਣੇ) ਸੁਆਮੀ ਵਾਹਿਗੁਰੂ (ਨੂੰ ਮਿਲੇ ਹੋਏ ਉਸ ਦੇ) ਮਿਲਾਪ ਦਾ ਸੁਆਦ ਮਾਣਦੇ ਹਨ ਮੈ ਕਿਸ (ਗੁਰਮੁਖ) ਦੇ ਦੁਆਰੇ ਜਾਕੇ (ਵਾਹਿਗੁਰੂ ਮੇਲਾਪ ਦੀ ਜੁਗਤੀ) ਪੁੱਛਾਂ?

[2] (ਭਾਵ ਇਹ ਹੈ ਕਿ) ਜਿਸਨੇ ਸੁਆਮੀ (ਪਰਮੇਸ਼ੁਰ) ਨੂੰ ਅੰਗ ਸੰਗ ਜਾਣਿਆ (ਉਸ ਨੂੰ ਉਹ) ਸਦਾ ਹਾਜ਼ਰਾ ਹਜ਼ੂਰ ਹੁੰਦਾ ਹੈ ਤੇ ਉਹ ਸਦਾ ਉਸ ਦਾ (ਮੇਲ ਰਸ) ਮਾਣਦਾ ਹੈ।

ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥ ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ ॥ ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ॥ ੩॥੨੯॥੬੨॥	(ਉਹਨਾਂ ਦੀ) ਭੇਟਾ ਚੜਾ ਦਿਆਂ ਤੇ ਸਿਰ ਬੀ ਦੇ ਦਿਆਂ (ਭਾਵ ਹੰਕਾਰ ਦੂਰ ਕਰ ਦਿਆਂ ਤੇ) ਉਨ੍ਹਾਂ ਦੇ ਚਰਨੀਂ ਲੱਗਾ ਰਹਾਂ। ਹਾਂ, ਜਿਨ੍ਹਾਂ ਨੇ ਇਕ (ਵਾਹਿਗੁਰੂ ਨੂੰ) ਪਛਾਣ ਲਿਆ ਹੈ ਤੇ ਦੁਤੀਆ ਭਾਉ ਦੂਰ ਕਰ ਦਿਤਾ ਹੈ (ਭਾਵ ਵਾਹਿਗੁਰੂ ਨਾਲ ਇੱਕ ਮਿੱਕ ਹੋ ਗਏ ਹਨ; ਦੁਜੈਗੀ ਦਾ ਭਾਵ ਨਹੀਂ ਰਿਹਾ, ਉਸ) ਗੁਰੂ ਦੁਆਰਾ ਨਾਮ ਪਛਾਣੀਦਾ ਹੈ; ਹੇ ਨਾਨਕ! (ਤਦ) ਸਤਤ ਸਰੂਪ ਵਿਚ ਸਮਾ ਜਾਈਦਾ ਹੈ॥੩॥੨੯॥੬੨॥

ਵਜਾਖਜਾ–ਸੁਗਮ ਹੈ।

ਨਿਰੁਕ੍ਤ–ਰਾਵਹਿ–ਮਾਣਦੀਆਂ ਹਨ।

ਮੁੰਧੇ–ਹੇ ਇਸਤ੍ਰੀ! ਭਾਵ ਜਗਜਾਸੂ ਤੋਂ ਹੈ।

ਸਬਦਿ ਰਤੀਆ–ਨਾਮ ਵਿਚ ਰੰਗੇ ਹੋਏ, ਨਾਮ-ਪ੍ਰੇਮੀ।

ਸੇਜ–ਮੁਰਾਦ ਮਨ ਤੋਂ ਹੈ, ਜਿਥੇ ਮਾਲਕ ਵਾਹਿਗੁਰੂ ਦੇ ਨਾਮ ਨੇ ਵਾਸਾ ਪਾਉਣਾ ਹੈ। ਯਾ ਵਾਹਿਗੁਰੂ ਨੇ ਜਗਜਾਸੂ ਮਨ ਨੂੰ ਮਾਣਨਾ ਹੈ।

ਭੰਡਾਰ–ਖਜ਼ਾਨਾ। ਇਥੇ ਭਾਵ ਤਨ ਮਨ ਤੇ ਇੰਦ੍ਰੇ ਰੂਪੀ ਭੰਡਾਰੇ ਹੈ।

(ਸਿਰੀ ਰਾਗੁ ਮਹਲਾ ੩, ਚਉਪਦਾ-੬੩)

ਪ੍ਰਾਕ੍ਥਨ–ਇਸ ਸ਼ਬਦ ਵਿਚ ਦੱਸਿਆ ਹੈ ਕਿ ਸੱਤਜ ਸਰੂਪ ਹਸਤੀ ਕੇਵਲ ਵਾਹਿਗੁਰੂ ਜੀ ਦੀ ਹੈ। ਹੋਰ ਉਸ ਤੁੱਲ ਕੋਈ ਨਹੀਂ, ਸਭ ਉਸ ਦੇ ਹੁਕਮ ਵਿਚ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥	
ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥ ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥ ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥ ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥	ਹੇ ਹਰੀ ਜੀਓ! ਸਤਜ ਸਰੂਪ ਸੱਚਾ (=ਸਦਾ ਰਹਿਣੇ ਵਾਲਾ ਕੇਵਲ ਇਕ) ਤੂੰ ਹੈਂ ਤੇ ਸਾਰਾ ਕੁਛ ਤੇਰੇ ਵਸੀਕਾਰ ਵਿਚ ਹੈ। (ਇਸ ਕਰਕੇ ਸਦੈਵੀ ਸੁਖ ਤੈਨੂੰ ਮਿਲਕੇ ਹੀ ਹੋ ਸਕਦਾ ਹੈ ਪਰੰਤੂ ਲੋਕੀ) ਚੁਰਾਸੀ ਲਖ (ਜੂਨਾਂ ਵਿਚ) ਫਿਰਦੇ ਤਰਸਦੇ (ਹੀ) ਰਹੇ (ਕਿਉਂਕਿ ਓਹ ਹਰ ਜਨਮ ਵਿਚ) ਗੁਰੂ ਪੀਰ ਮੇਲ ਤੋਂ ਵਿਰਵੇ ਰਹੇ। ੪. (ਪਰ ਜਿਨ੍ਹਾਂ ਨੇ) ਗੁਰੂ ਦੀ ਕ੍ਰਿਪਾ ਦੁਆਰਾ ਸਤਜ ਸਰੂਪ ਤੇ ਗਹਿਰ ਗੰਭੀਰ (ਹਰੀ ਦੀ) ਸੇਵਾ ਕੀਤੀ ਹੈ; ੩. ਹਰਿ ਜੀਉ (ਉਹਨਾਂ ਦੇ ਪਾਪ) ਬਖਸ਼ ਲੈਂਦਾ ਹੈ, ਤੇ ਬਖਸ਼ ਦੇਂਦਾ ਹੈ ਸਦੈਵੀ ਸੁਖ (ਉਨ੍ਹਾਂ ਦੇ ਮਨ ਤੇ) ਸਰੀਰ ਨੂੰ॥੧॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥	ਹੇ ਮੇਰੇ ਮਨ! (ਉਸਦੇ) ਨਾਮ ਵਿਚ ਰਚਿਆਂ (ਸਦੈਵੀ) ਸੁਖ ਹੁੰਦਾ ਹੈ, (ਸੋ) ਗੁਰੂ ਦੀ ਮਤਿ ਦੁਆਰਾ (ਉਸਦੇ) ਨਾਮ ਦੀ ਸਲਾਹੁਤ ਕਰੀਏ (ਜਿਸ ਜਿਹਾ) ਦੂਜਾ ਹੋਰ ਕੋਈ ਨਹੀਂ ਹੈ॥੧॥ ਰਹਾਉ॥

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥ ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣ ਹਾਰੁ ॥੨॥

(ਪ੍ਰਸ਼ਨ: ਫੇਰ ਜੀ ਧਰਮਰਾਜਾ ਦਾ ਵਸੀਕਾਰ ਬੀ ਤਾਂ ਹੈ ਨਰਕ ਸੁਰਗ ਘੱਲਣੇ ਦਾ? ਉੱਤਰ:) ਧਰਮ ਰਾਜਾ (ਹੁਕਮ ਵਿਚ ਹੈ ਉਸ) ਨੂੰ ਹੁਕਮ ਹੈ ਕਿ ''(ਤੂੰ ਧਰਮ ਦੀ ਕੁਰਸੀ ਤੇ) ਬੈਠਕੇ ਸਚਾ ਨਿਆਂ ਵਿਚਾਰਕੇ (ਕਰ); (ਜੋ ਕੋਈ ਵਾਹਿਗੁਰੂ ਤੋਂ ਵਿਰਵਾ) ਦੂਜੇ ਭਾ ਵਿਚ ਹੈ (ਤੇ ਜੋ) ਦੁਸ਼ਟ ਆਤਮਾ ਹੈ ਉਸ ਉਤੇ ਤੇਰੀ ਹਕੂਮਤ ਹੈ।'' ਪਰ ਜੋ ਆਤਮ ਗਿਆਨੀ ਹਨ ਤੇ ਗੁਣਾਂ ਦਾ ਸਮੂਹ ਹਰੀ (ਜਿਨ੍ਹਾਂ ਦੇ) ਮਨ ਵਿਚ (ਵੱਸਦਾ ਹੈ, ਹਾਂ ਜੋ) ਇਕ ਹਰੀ ਨੂੰ (ਰਸਨਾ ਦੁਆਰੇ) ਜਪਦੇ ਹਨ, ਉਨ੍ਹਾਂ ਦੀ ਤਾਂ ਧਰਮ ਰਾਇ ਸੇਵਾ ਕਰਦਾ ਹੈ, (ਹਾਂ) ਧੰਨ ਹੈ ਉਨ੍ਹਾਂ ਨੂੰ ਸੰਵਾਰ ਲੈਣ ਵਾਲਾ (ਵਾਹਿਗੁਰੂ)॥੨॥

(ਪ੍ਰਸ਼ਨ: ਅਧਿਆਤਮੀ ਕੀਕੂੰ ਬਣੀਦਾ ਹੈ? ਉੱਤਰ:)

ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਨਿਆ ਸਹਜੇ ਨਾਮਿ ਸਮਾਨੁ ॥ ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥ ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥

ਮਨ ਦੇ ਵਿਕਾਰ ਮਨ ਤੋਂ ਦੂਰ ਕਰੇ (ਅਰਥਾਤ) ਮਨ ਵਿਚੋਂ ਮੋਹ ਤੇ ਅਹੰਕਾਰ ਦੂਰ ਹੋ ਜਾਣ; ਫੇਰ ਆਤਮ ਰਾਮ (=ਆਪਾ) ਪਛਾਣ ਹੋ ਜਾਂਦਾ ਹੈ ਤੇ ਸਹਜੇ ਹੀ ਨਾਮੀ (ਅਰਥਾਤ ਪਰਮਾਤਮਾ) ਵਿਚ ਸਮਾਈ ਹੋ ਜਾਂਦੀ ਹੈ। (ਪਰੰਤੂ ਇਹ ਉੱਪਰ ਦੱਸੀ ਨਾਮੀ ਵਿਚ ਸਮਾਈ ਦੀ ਅਵਸਥਾ ਅਰਥਾਤ) ਮੁਕਤੀ ਬਿਨਾਂ ਸਤਿਗੁਰੂ ਦੇ ਪ੍ਰਾਪਤ ਨਹੀਂ ਹੁੰਦੀ, (ਸਤਿਗੁਰੂ ਵਿਹੂਣਾ=) ਮਨਮੁਖ ਸ਼ੁਦਾਈ ਹੋਇਆ ਫਿਰਦਾ ਹੈ। (ਭਾਵੇਂ ਉਹ) ਜ਼ੁਬਾਨੀ ਗੱਲਾਂ (ਗਜਾਨ ਦੀਆਂ) ਕਰਦਾ ਹੈ (ਪਰ ਉਹ) ਗੁਰੂ ਕੇ ਸ਼ਬਦ ਨੂੰ ਨਹੀਂ ਸਮਝਦਾ ਤੇ ਵਿਕਾਰਾਂ ਵਿਚ ਰਚਿਆ ਰਹਿੰਦਾ ਹੈ॥੩॥

(ਹੁਣ ਗੁਰਮੁਖ ਦੀ ਦ੍ਰਿਸ਼ਟੀ ਵਰਣਨ ਕਰਦੇ ਹਨ:)

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥ ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥ ੬੩॥

(ਪ੍ਰਭੂ) ਸਭ ਕੁਛ ਆਪ ਹੈ ਤੇ ਆਪੇ ਹੈ ਦੂਜਾ ਹੋਰ ਕੋਈ ਨਹੀਂ ਹੈ, ਜਿਵੇਂ (ਉਹ) ਬੁਲਾਉਂਦਾ ਹੈ ਤਿਵੇਂ ਬੋਲੀਦਾ ਹੈ, (ਤੇ ਓਦੋਂ ਬੋਲੀਦਾ ਹੈ) ਜਦੋਂ ਉਹ ਆਪ ਬੁਲਾਉਂਦਾ ਹੈ। (ਇਸ ਕਰਕੇ) ਗੁਰਮੁਖ ਦੀ ਬਾਣੀ ਬ੍ਰਹਮ (ਸਰੂਪ) ਹੈ, ਉਸਦੇ ਸ਼ਬਦ (ਉਪਦੇਸ਼-ਬਾਣੀ-ਦੁਆਰਾ ਬ੍ਰਹਮ ਦਾ) ਮਿਲਾਪ ਹੁੰਦਾ ਹੈ। (ਉਹ ਜਗਜਾਸੂ ਨੂੰ ਨਾਮ ਦਾ ਉਪਦੇਸ਼ ਕਰਦਾ ਹੈ, ਸੋ) ਹੇ ਨਾਨਕ! ਤੂੰ ਨਾਮ ਨੂੰ ਸੰਭਾਲ, ਜਿਸ ਦੀ ਸੇਵਾ ਕਰਨੇ ਕਰਕੇ (ਸਦੈਵੀ) ਸੁਖ ਹੁੰਦਾ ਹੈ॥੪॥੩੦॥੬੩॥

ਵਜਾਖਜਾ-ਜਾਪਦਾ ਹੈ ਕਿਸੇ ਪੁਰਖ ਨੇ, ਜੋ ਕਰਮ ਨੂੰ ਸਬਲ ਤੇ ਕਰਮਾਂ ਦੇ ਤੋਲਣ ਤੇ ਫਲ ਦੇਣਹਾਰ 'ਧਰਮ ਰਾਇ' ਨੂੰ ਪ੍ਰਬਲ ਸਮਝਦਾ ਸੀ, ਗੁਰੂ ਸਾਹਿਬ ਨਾਲ ਕੁਛ ਇਸ ਵਿਸ਼ੇ ਤੇ ਗੱਲਾਂ ਕੀਤੀਆਂ ਹਨ। ਉਸ ਨੂੰ ਜੋ ਉਪਦੇਸ਼ ਗੁਰੂ ਜੀ ਨੇ ਦਿੱਤਾ ਸੋ ਸਰਬ ਕਾਲੀ ਹੋਣ ਲਈ ਇਸ ਸ਼ਬਦ ਵਿਚ ਅੰਕਿਤ ਹੈ।

ਆਪ ਧਰਮ ਰਾਜ ਨੂੰ ਪ੍ਰਬਲ ਨਹੀਂ ਮੰਨਦੇ ਕਿਉਂਕਿ ਉਹ ਕੀਤਾ ਹੋਇਆ ਹੈ ਤੇ ਹੁਕਮ ਦੇ ਅੰਦਰ ਵਰਤਣ ਵਾਲਾ ਹੈ, ਉਹ ਸਦਾ ਥਿਰ ਨਹੀਂ, ਸੱਤਜ ਸਰੂਪ ਨਹੀਂ। ਇਸ ਕਰਕੇ ਪਹਿਲੀ

ਸਤਰ ਵਿਚ ਹੀ 'ਹਰਿ ਜੀਉ' ਅਰਥਾਤ ਅਕਾਲ ਪੁਰਖ ਨੂੰ ਸਦਾ ਸੱਤਜ ਸਰੂਪ ਰਹਿਣ ਵਾਲਾ ਕਹਿਕੇ ਸਭ ਗੁਪਤ ਪ੍ਰਗਟ ਰਚਨਾ ਪਰ ਪ੍ਰਬਲ ਵਰਣਨ ਕੀਤਾ ਹੈ। ਸਭ ਕੁਛ ਉਸ ਦੇ ਅਖਤਿਆਰ ਵਿਚ ਦੱਸਿਆ ਹੈ। ਧਰਮ ਰਾਇ ਨੂੰ ਉਸ ਦੇ ਹੁਕਮ ਵਿਚ ਦੱਸਿਆ ਹੈ ਤੇ ਉਸ ਨੂੰ ਬੀ ਧਰਮ ਨਿਆਂ ਕਰਨੇ ਦਾ ਹੁਕਮ ਹੈ; ਖੁੱਲ੍ਹ ਕੋਈ ਨਹੀਂ। ਫਿਰ ਉਸ ਦੀ ਹਕੂਮਤ ਹੇਠ ਕੇਵਲ ਓਹ ਦੱਸੇ ਹਨ ਕਿ ਜੋ ਦੁਸ਼ਟ ਹਨ, ਮੰਦ-ਕਰਮੀ ਹਨ, ਵਾਹਿਗੁਰੂ ਨੂੰ ਛੱਡਕੇ ਦੂਜੇ ਦੇ ਮੋਹ ਮਾਇਆ ਵਿਚ ਤੇ ਦੁਤੀਆ ਵਿਚ ਗ੍ਰਸਤ ਹਨ।

ਕਰਮ ਨੂੰ ਗੁਰੂ ਜੀ ਨੇ ਮੰਨਿਆ ਹੈ, ਪਰ ਉਸ ਨੂੰ ਸਬਲ ਤੇ ਅਟੱਲ ਨਹੀਂ ਮੰਨਿਆ। ਉਸ ਦੇ ਅਸਰ ਤੋਂ ਓਹ ਲੋਕ ਉੱਪਰ ਹਨ ਜੋ ਆਤਮ ਗਜਾਨੀ ਹਨ; ਓਹ, ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸਦਾ ਹੈ, ਅਤੇ ਓਹ ਜੋ ਇਕ ਅਕਾਲ ਪੁਰਖ ਦਾ ਨਾਮ ਜਪਦੇ ਹਨ; ਅਰਥਾਤ ਬ੍ਰਹਮ ਗਜਾਨੀ ਤੇ ਭਗਤ ਧਰਮ ਰਾਇ ਦੀ ਹਕੂਮਤ ਹੇਠ ਨਹੀਂ ਹਨ। ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਦੱਸ ਰਹੇ ਹਨ ਕਿ ਗਿਆਨ ਤੇ ਭਗਤੀ ਕਰਨੇ ਨਾਲ ਕਰਮ ਦੀ ਨਵਿਰਤੀ ਹੋ ਜਾਂਦੀ ਹੈ। ਕਰਮ ਦੀ ਸਬਲਤਾ ਤੇ ਪ੍ਰਬਲਤਾ ਨਹੀਂ ਰਹਿੰਦੀ।

ਅੰਕ ੩ ਤੋਂ ਫੇਰ ਗੁਰੂ ਜੀ ਇਸ ਭਗਤੀ ਤੇ ਗਿਆਨ ਅਵਸਥਾ ਦੀ ਪ੍ਰਾਪਤੀ ਦਾ ਰਾਹ ਦੱਸਦੇ ਹਨ। ਮਨ ਦੇ ਵਿਕਾਰਾਂ ਦਾ ਤਿਆਗਣਾ। ਜੋ ਪੁਰਸ਼ ਮਨ ਵਿਚ ਉਪਜਦੇ ਵਿਕਾਰ ਤਜਾਗ ਦੇਂਦਾ ਹੈ ਉਸ ਦਾ ਸਰੀਰ ਤੇ ਇੰਦ੍ਰੇ ਵਿਕਾਰਾਂ ਵਿਚ ਖਚਤ ਹੋਣੋ ਆਪੇ ਬਚ ਜਾਂਦੇ ਹਨ। ਮਨ ਦੇ ਵਿਕਾਰ ਮਨ ਵਿਚ ਉਠਦੇ ਸਾਰ ਹੀ ਦੂਰ ਕਰ ਦੇਵੇ ਫਿਰ ਇਨ੍ਹਾਂ ਵਿਕਾਰਾਂ ਦੇ ਕਾਰਣ ਹੰਕਾਰ ਤੇ ਮੋਹ ਨੂੰ ਮਨੋਂ ਦੂਰ ਕਰ ਦੇਵੇ। ਇਸ ਪ੍ਰਾਪਤੀ ਲਈ ਲੋੜ ਹੈ ਗੁਰੂ ਦੇ ਉਪਦੇਸ਼ ਦੀ। 'ਬਿਨੁ ਸਤਿਗੁਰ' ਤੇ 'ਸਬਦੁ ਨ ਚੀਨੈ' ਦੇ ਅਰਥ ਵਿਧੀ ਪੱਖ ਵਿਚ ਏਹ ਹਨ ਕਿ ਸਤਿਗੁਰੂ ਨੂੰ ਪ੍ਰਾਪਤ ਹੋਕੇ ਉਸ ਦੇ ਉਪਦੇਸ਼ ਨੂੰ ਸਮਝੇ ਤੇ ਟੁਰੇ। ਗੁਰੂ ਨੇ ਨਾਮ ਦੇਣਾ ਹੈ, ਸੋ ਅੰਕ ੪ ਵਿਚ ਦੱਸਿਆ 'ਨਾਨਕ ਨਾਮੁ ਸਮਾਲਿ ਤੂ'. ਇਹੋ ਗਲ ਰਹਾਉ ਵਿਚ ਦੱਸੀ ਹੈ। ਕਿਉਂਕਿ ਗੁਰਮੁਖ ਦੀ ਬਾਣੀ ਬ੍ਰਹਮ ਪ੍ਰਤਿਪਾਦਨ ਕਰਕੇ ਬ੍ਰਹਮ ਸਰੂਪ ਹੁੰਦੀ ਹੈ, ਉਸ ਦੇ ਸ਼ਬਦ ਕਰਕੇ ਬ੍ਰਹਮ ਦਾ ਮੇਲ ਹੋ ਜਾਂਦਾ ਹੈ। ਇਸ ਤਰ੍ਹਾਂ ਬ੍ਰਹਮ ਪ੍ਰਾਪਤੀ ਵਾਲਾ ਅਧਿਆਤਮੀ ਕੀ ਦੇਖਦਾ ਹੈ ਕਿ ਅਕਾਲ ਪੁਰਖ ਆਪ ਹੀ ਸਭ ਕੁਛ ਹੈ; ਉਸ ਦੇ ਆਪੇ ਤੋਂ ਸਭ ਕੁਛ ਹੋਇਆ ਹੈ ਤੇ ਸਭ ਕੁਛ ਉਸ ਦੇ ਆਪੇ ਦੇ ਵੱਸ ਵਿਚ ਹੈ। ਉਹੀ ਸਬਲ ਹੈ, ਉਹੀ ਪ੍ਰਬਲ ਹੈ। ਸਭ ਕੁਛ ਉਸ ਦੇ ਹੁਕਮ ਵਿਚ ਹੈ।

ਨਿਰੁਕ੍ਤ-**ਸਚੁ**-ਸੱਤਜ ਸਰੂਪ। ਜਿਸ ਦਾ ਵਜੂਦ ਹੀ ਸੱਚ ਹੈ।

ਸਚਾ-ਜੋ ਸਦਾ ਰਹੇ, ਤ੍ਰੈ ਕਾਲ ਅਬਾਧ ਰੂਪ।

ਚੀਰੈ-(ਸੰਸ:, ਚੀਰੰ= ਲਿਖਿਤ। ਕਪੜਾ) ਲਿਖਿਤ ਵਿਚ[1], ਲੇਖੇ ਵਿਚ। ਹੁਕਮ ਵਿਚ।

੨. (ਫ਼ਾ:, ਚੀਰ, ਚੀਰਹ=ਗ਼ਾਲਬ ਹੋਣਾ। ਹਿੱਸਾ) ਪ੍ਰਬਲਤਾ ਹੇਠ, ਵੱਸ ਵਿਚ, ਅਖਤਿਆਰ ਵਿਚ। (ਏ) ਬਲ, ਸ਼ਕਤੀ[2]। (ਸ) ਹਦ ਬੰਨੇ ਵਿਚ ਬੀ ਚੀਰੇ ਦਾ ਅਰਥ ਹੁੰਦਾ ਹੈ।

ਬਖਸਿ ਲਏ-ਦਾ ਭਾਵ ਹੈ ਪਾਪਾਂ ਦੇ ਫਲ ਭੋਗਣੋਂ ਬਖਸ਼ ਲਵੇ।

ਬਖਸ਼ੇ-ਦਾ ਭਾਵ ਹੈ ਕੋਈ ਸ਼ੈ ਦੇ ਦੇਵੇ, ਸੋ ਤੁਕ ਇਉਂ ਪੜ੍ਹੋ ਤਾਂ ਸਮਝ ਪੈ ਜਾਂਦੀ ਹੈ 'ਬਖਸੇ.....ਸੂਖ ਸਦਾ ਸਰੀਰੈ॥'

---

[1] ਯਥਾ:-'ਧੁਰ ਫਾਟੇ ਚੀਰੇ' (ਮਾਰੂ ਮਹਲਾ ੧, ਅਸਟ:-੬) ਧੁਰ ਲੇਖੇ ਫਟ ਗਏ।
ਤਥਾ:-'ਚੀਰੀ ਆਈ ਢਿਲ ਨ ਕਾਊ'। (ਰਾਮ: ਵਾਰ ਮ: ੧-੧੧)

[2] ਯਥਾ:-ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ (ਆਸਾ ਮ:੧) ਕਿਤਨਾ ਕੁ ਬਲ ਹੈ; ਵਸੀਕਾਰ ਹੈ।

ਗਹਿਰ ਗੰਭੀਰੈ-ਡੂੰਘੇ ਤੇ ਅਡੋਲ ਡੂੰਘੇ ਵਗਣ ਵਾਲੇ ਦੀ। ਭਾਵ ਹੈ, ਜਿਸ ਨੂੰ ਸਮਝ ਸਕਣਾ ਕਠਨ ਹੈ, ਜੋ ਗਹਿਰੇ ਵਗਦੇ ਪਾਣੀ ਵਾਂਙੂ ਅਡੋਲ ਹੈ ਪਰ ਸੰਸਾਰ ਦੀ ਸਾਰੀ ਕ੍ਰਿਆ ਉਸ ਅਡੋਲਤਾ ਦੇ ਹੇਠ ਕਰ ਰਿਹਾ ਹੈ।

ਸਰੀਰੈ-ਸਰੀਰ ਵਿਚ। ਸਰੀਰ ਵਿਚ ਸੁਖ ਦੇਵੇਗਾ, ਸਰੀਰ ਵਿਚ ਹੀ ਮਨ ਵਸਦਾ ਹੈ ਤਾਂ ਤੇ ਭਾਵ ਹੈ, ਸਰੀਰ ਤੇ ਮਨ ਦੋਹਾਂ ਨੂੰ ਸੁਖ ਬਖਸ਼ੇਗਾ।

ਧਰਮ ਰਾਇ-ਧਰਮ ਨਿਆਂ ਕਰਨੇ ਵਾਲਾ ਦੇਵਤਾ।

ਧਰਮੁ-ਹੱਕ ਨਿਆਂ। ਜਿਸ ਵਿਚ ਰੌ ਰਿਆਇਤ ਸਖ਼ਤੀ ਜ਼ੁਲਮ ਕੋਈ ਨਾ ਹੋਵੇ। ਭਾਵ ਹੈ ਪੂਰਾ ਪੂਰਾ ਨਿਆਂ।

ਦੁਸਟੁ ਆਤਮਾ-(ਸੰਸ:, ਦੁਸ਼੍ਰਾਤ੍ਮਾ) ਜਿਸ ਦਾ ਮਨ ਦੁਸ਼ਟਾਈ ਵਾਲਾ ਹੋਵੇ। ਜਿਸ ਦੇ ਕਰਮ ਹੀ ਖੋਟੇ ਨਾ ਹੋਣ, ਅੰਤਹਕਰਣ ਹੀ ਬੁਰੇ ਸੁਭਾਵ ਵਾਲਾ ਹੋ ਗਿਆ ਹੋਵੇ।

ਅਧਿਆਤਿਮੀ-(ਸੰਸ:, ਅਧਜਾਤਮ=ਆਤ੍ਮਾ, ਆਤਮ ਗਜਾਨ। 'ੀ' ਪੰਜਾਬੀ ਪ੍ਰਤੇ) ਆਤਮ ਗਿਆਨ ਵਾਲਾ।

ਗੁਣ ਤਾਸੁ-ਗੁਣਾਂ ਦਾ ਸਮੂਹ। (ਅ) ਤਾਸੁ ਦਾ ਅਰਥ 'ਉਸ ਦੇ' ਬੀ ਲਾ ਲੈਂਦੇ ਹਨ।

ਧੰਨੁ ਸਵਾਰਣਹਾਰੁ-ਦਾ ਅਰਥ ਐਉਂ ਬੀ ਲਾਉਂਦੇ ਹਨ ਕਿ ਧਰਮ ਰਾਇ ਉਹਨਾਂ ਨੂੰ ਆਖਦਾ ਹੈ ਕਿ ਧੰਨ ਹੈ ਤੁਹਾਨੂੰ ਸੰਵਾਰਨੇ ਵਾਲਾ ਗੁਰੂ।

ਆਤਮ ਰਾਮੁ-ਆਪਣਾ ਆਪ। ਏਥੇ ਪਹਿਲਾ ਕਦਮ ਦੱਸਿਆ ਹੈ:-'ਆਤਮ ਰਾਮੁ ਪਛਾਣਿਆ'= ਆਪਣਾ ਆਪ ਪਛਾਣਨਾ। ਦੂਸਰਾ ਦੱਸਿਆ ਹੈ 'ਨਾਮਿ ਸਮਾਨੁ'= ਨਾਮੀ ਅਰਥਾਤ ਪਰਮਾਤਮਾ ਵਿਚ ਸਮਾ ਜਾਣਾ। (ਅ) ਪਰ ਐਉਂ ਬੀ ਕਰਦੇ ਹਨ, ਆਤਮਾ ਨੂੰ ਯਾ ਆਤਮਾ ਵਿਚ ਰਮ ਰਹੇ ਰਾਮ ਨੂੰ ਪਛਾਣ ਲੈਂਦਾ ਹੈ। ਅਥਵਾ ਆਤਮਾ= ਆਪੇ ਨੂੰ 'ਰਾਮ ਕਰ' ਸਿਞਾਣ ਲੈਂਦਾ ਹੈ।

ਦਿਵਾਨੁ-(ਫ਼ਾ:, ਦੀਵਾਨਹ) ਸ਼ੁਦਾਈ। **ਕਥਨੀ ਬਦਨੀ**-ਮੂੰਹ ਦੀ ਕਥਨੀ।

ਜਿਉ ਬੋਲਾਏ-ਤੁਕ ਦਾ ਭਾਵ ਐਉਂ ਬੀ ਲੈਂਦੇ ਹਨ ਕਿ ਜਿਵੇਂ ਸਾਥੋਂ ਆਪਣਾ ਨਾਮ ਬੁਲਵਾਏ ਭਾਵ ਉਚਾਰਨ ਕਰਾਵੇ ਤਿਵੇਂ ਉਚਾਰਨ ਕਰੀਏ ਤੇ ਜਾਣੀਏ ਕਿ ਉਚਾਰਣ ਕਰਾਉਣੇ ਵਾਲਾ ਉਹ ਆਪ ਹੈ।

ਗੁਰਮੁਖਿ ਬਾਣੀ ਬ੍ਰਹਮੁ ਹੈ-ਜਿਵੇਂ ਫ਼ੁਰਮਾਯਾ ਹੈ:-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ (ਜਪੁਜੀ-੫)

(ਸਿਰੀ ਰਾਗੁ ਮਹਲਾ ੩, ਚਉਪਦਾ-੬੪)

ਪ੍ਰਾਕ੍ਥਨ-ਇਸ ਸ਼ਬਦ ਵਿਚ ਇਸੇ ਵਿਸ਼ਯ ਦੀ ਪ੍ਰਸੰਗਲੀ ਚਲਦੀ ਹੈ ਕਿ ਕਰਮ ਹਉਮੈ ਦੀ ਮੈਲ ਕੱਟਣੇ ਨੂੰ ਸਮਰਥ ਨਹੀਂ, ਇਸ ਕਰਕੇ ਕਲਜਾਣ-ਕਾਰੀ ਨਹੀਂ। ਹਉਂ ਦੀ ਮੈਲ ਗਿਆਨ ਨਾਲ ਉਤਰਦੀ ਹੈ। ਗਿਆਨ ਗੁਰੂ ਤੋਂ ਮਿਲਦਾ ਹੈ ਤੇ ਨਾਮ ਨਾਲ ਪ੍ਰਾਪਤ ਹੁੰਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੩ ॥ **ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ**	(ਜੀਵ) ਜਗਤ ਵਿਚ ਹਉਮੈ (ਰੂਪੀ) ਮੈਲ ਕਰਕੇ ਦੁਖ ਪ ਰਿਹਾ ਹੈ, (ਇਹ) ਮੈਲ (ਮੈਂ-ਮੇਰੀ ਰੂਪ) ਦੁਐਤ ਭਾਵਨਾ (ਦੇ

ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥

ਫੁਰਨੇ ਕਰਕੇ ਇਸ ਨੂੰ) ਲੱਗੀ ਹੈ। (ਇਹ) ਮੈਲ ਹਉਮੈ (ਰੂਪੀ) ਧੋਤਿਆਂ ਕਿਸੇ ਤਰ੍ਹਾਂ ਬੀ ਨਹੀਂ ਉਤਰਦੀ, ਭਾਵੇਂ (ਕੋਈ) ਸੈਂਕੜੇ ਤੀਰਥਾਂ ਤੇ ਜਾਕੇ ਇਸ਼ਨਾਨ ਪਿਆ ਕਰੇ। (ਜੇ ਕੋਈ ਕਹੇ ਕਿ ਸ਼ਾਸਤ੍ਰਾਂ ਦੇ ਦੱਸੇ ਕਰਮਾਂ ਨਾਲ ਉਤਰਦੀ ਹੈ ਤਾਂ ਬੀ ਠੀਕ ਨਹੀਂ ਕਿਉਂਕਿ ਜੋ) ਬਹੁਤ ਪ੍ਰਕਾਰ ਦੇ ਕਰਮ ਕਰਦੇ[੧] ਹਨ, ਉਨ੍ਹਾਂ ਨੂੰ (ਇਹ) ਮੈਲ ਦੂਣੀ ਹੋਕੇ ਆ ਲਗਦੀ ਹੈ[੨], (ਕਿਉਂਕਿ ਓਹ ਕਰਮ ਕਰੀਦੇ ਹੀ ਹਉਂ ਦੇ ਆਸਰੇ ਹਨ)। (ਜੇ ਕਹੋ ਕਿ ਸ਼ਾਸਤ੍ਰ ਪੜ੍ਹਿਆਂ ਉੱਤਰ ਜਾਂਦੀ ਹੈ ਤਾਂ ਤੁਸੀਂ) ਗਿਆਨੀਆਂ ਨੂੰ ਜਾਕੇ ਪੁੱਛ ਲਓ (ਓਹ ਦੱਸਣਗੇ ਕਿ) ਪੜ੍ਹਨੇ (ਮਾਤ੍ਰ ਨਾਲ ਹਉਮੈ ਦੀ) ਮੈਲ ਨਹੀਂ ਲਹਿੰਦੀ॥੧॥

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥

ਹੇ ਮੇਰੇ ਮਨ! (ਇਸ ਮੈਲ ਤੋਂ) ਮੈਲ ਰਹਿਤ ਤਾਂ ਹੀ ਹੋਵੇਂਗਾ ਜਿ ਗੁਰੂ ਦੀ ਸ਼ਰਣ ਵਿਚ ਆਵੇਂਗਾ। (ਦੇਖ) ਮਨਮੁਖ (ਲੋਕ ਭਾਵ ਗੁਰੂ ਸ਼ਰਣ ਤੋਂ ਵਿਰਵੇ ਮਨ ਦੇ ਮਗਰ ਲੱਗਣ ਵਾਲੇ) ਹਰਿ ਹਰਿ ਬੀ ਕਰਦੇ ਥੱਕ ਗਏ (ਪਰ) ਮੈਲ ਨਹੀਂ ਧੋਤੀ ਜਾ ਸਕੀ॥੧॥ ਰਹਾਉ॥

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥

(ਇਹ ਨਿਯਮ ਹੈ ਕਿ) ਮੈਲੇ ਮਨ ਨਾਲ ਭਗਤੀ ਨਹੀਂ ਹੋ ਸਕਦੀ, (ਮੈਲੇ ਮਨ ਨਾਲ) ਨਾਮ ਪ੍ਰਾਪਤ ਨਹੀਂ ਹੁੰਦਾ। ਮਨਮੁਖ (=ਗੁਰੂ ਨੂੰ ਨਾ ਮੰਨਣ ਵਾਲੇ, ਮਨ ਦੇ ਮਗਰ ਲਗਣ ਵਾਲੇ) ਮੈਲੇ (ਜੰਮਦੇ, ਜੀਉਂਦੇ ਜੀ ਮੈਲੇ ਰਹਿੰਦੇ ਤੇ) ਮੈਲੇ ਹੀ ਮਰ ਜਾਂਦੇ ਹਨ, (ਇਉਂ ਹਰ ਜਨਮ ਵਿਚ ਓਹ ਆਪਣੀ) ਪਤਿ ਗੁਆ ਕੇ ਜਾਣਗੇ (ਜੋ ਪਤਿ ਕਿ ਸਾਂਈਂ ਦਰਬਾਰ ਵਿਚ ਲੋੜੀਂਦੀ ਹੁੰਦੀ ਹੈ ਤੇ ਗੁਰ ਬਖਸ਼ੇ ਨਾਮ ਜਪਣ ਨਾਲ ਬਣਦੀ ਹੈ)।

ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥

(ਹਾਂ, ਜਦੋਂ) ਗੁਰੂ ਦੀ ਕ੍ਰਿਪਾ ਨਾਲ (ਨਾਮ) ਮਨ ਵਿਚ ਆ ਵਸਦਾ ਹੈ (ਤਦੋਂ) ਹਉਮੈ (ਰੂਪ) ਮੈਲ ਸਮਾ ਜਾਂਦੀ[੩] ਹੈ (ਭਾਵ ਨਾਸ਼ ਹੋ ਜਾਂਦੀ ਹੈ)। ਜਿਵੇਂ ਹਨੇਰੇ ਵਿਚ ਦੀਵਾ ਬਾਲੀਏ (ਤਾਂ ਹਨੇਰਾ ਦੂਰ ਹੋ ਜਾਂਦਾ ਹੈ) ਤਿਵੇਂ ਗੁਰੂ ਦੇ ਗਿਆਨ (ਦੀਪਕ ਦੇ ਬਲਨੇ) ਕਰਕੇ ਅਗਿਆਨ (ਦਾ ਹਨੇਰਾ) ਦੂਰ ਹੋ ਜਾਂਦਾ ਹੈ॥੨॥

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥

(ਪਰ ਹਉਮੈ ਹਨੇਰੇ ਵਿਚ ਫਾਥੇ ਮਨਮੁਖ ਆਖਦੇ ਹਨ:-) ਅਸਾਂ ਕੀਤਾ ਹੈ, ਅਸੀਂ ਕਰਾਂਗੇ (ਐਸੇ) ਮੈਂ-ਮੈਂ (ਕਹਿਣ ਵਾਲੇ) ਮੂਰਖ ਤੇ ਗੁਆਰ ਹਨ[੪]। ਉਨ੍ਹਾਂ ਨੂੰ ਕਰਨੇ ਵਾਲਾ (ਕਰਤਾਰ) ਭੁੱਲ ਗਿਆ ਹੈ, (ਉਹਨਾਂ ਦਾ) ਪਿਆਰ ਦੁਐਤ ਭਾਵਨਾ ਵਿਚ

---

[੧]ਕਰਮ ਕਰਤ ਬਧੇ ਅਹੰਮੇਵ॥ (ਗਉੜੀ ਕਬੀਰ -੬) [੨] ਯੱਗ, ਤਪ, ਦਾਨ, ਆਦਿ।

[੩] 'ਸਮਾ ਜਾਣ' ਦੇ ਅਰਥ ਮੁਹਾਵਰੇ ਵਿਚ 'ਮਰ ਜਾਣ' ਦੇ ਹਨ। ਪਰ ਐਉਂ ਬੀ ਲਾਉਂਦੇ ਹਨ:- ਹਉਮੈ ਜਾਇ=ਹਉਮੈ ਦੂਰ ਹੋ ਜਾਂਦੀ ਹੈ ਤੇ ਓਹ 'ਜਾਇ ਸਮਾਇ' (ਸਾਈਂ ਵਿਚ) ਸਮਾ ਜਾਂਦੇ ਹਨ।

[੪] ਅਥਵਾ, ਜੋ ਕਹਿੰਦੇ ਹਨ ਕਿ ਅਸੀਂ ਮੂਰਖ ਗਵਾਰ ਹਾਂ।

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥

ਹੈ (ਭਾਵ ਜੋ ਵਾਹਿਗੁਰੂ ਦੀ ਥਾਂ ਮਾਇਆ ਦੇ ਪ੍ਰੇਮ ਵਿਚ ਹਨ, ਓਹ ਦੁਖੀ ਹਨ, ਕਿਉਂਕਿ) ਮਾਇਆ ਜੇਡਾ ਦੁਖ (ਹੋਰ ਕੋਈ) ਨਹੀਂ. (ਲੋਕੀ) ਸੰਸਾਰ ਸਾਰੇ ਵਿਚ ਫਿਰੇ ਹਨ (ਪਰ ਫਿਰ ਕੇ) ਥੱਕ ਹੀ ਗਏ ਹਨ (ਇਹ ਦੁਖ ਦੂਰ ਨਹੀਂ ਹੋਇਆ)। (ਸਚ ਇਹੋ ਹੈ ਕਿ) ਗੁਰੂ ਦੀ ਸਿਖਿਆ ਦੁਆਰਾ (ਤੇ ਉਸ ਦੇ ਦਿੱਤੇ) ਸਚੇ ਨਾਮ ਨੂੰ ਹਿਰਦੇ ਵਿਚ ਧਾਰਨ ਕਰਨੇ ਨਾਲ ਸੁਖ ਪਾਈਦਾ ਹੈ॥੩॥

ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥ ੪॥੩੩॥੩੧॥੬੪॥

ਜਿਸ ਨੂੰ (ਵਾਹਿਗੁਰੂ ਗੁਰੂ) ਮੇਲੇ, ਓਹੀ (ਗੁਰੂ ਦੁਆਰਾ ਹਰੀ ਨੂੰ) ਮਿਲਦਾ ਹੈ, ਮੈਂ ਉਸ ਤੋਂ ਸਦਕੇ ਜਾਂਦਾ ਹਾਂ। ਇਸ ਮਨ ਦੇ ਭਗਤੀ (ਭਾਵ) ਵਿਚ ਰਚ ਜਾਣੇ ਕਰਕੇ ਇਹ ਸੱਚੀ ਬਾਣੀ (ਨਾਮ) ਵਿਚ (ਰਚ ਜਾਂਦਾ ਹੈ, ਸਚੇ ਨਾਮ ਵਿਚ ਰਚ ਜਾਣੇ ਕਰਕੇ ਆਪਣੇ ਟਿਕਾਣੇ ਅਰਥਾਤ) ਨਿਜ ਸਰੂਪ ਵਿਚ ਟਿਕ ਜਾਂਦਾ ਹੈ (ਅੰਦਰ ਦੀ ਅਵਸਥਾ ਇਹ ਹੁੰਦੀ ਹੈ। ਨਾਲੇ) ਮਨ ਵਿਚ (ਨਾਮ ਦੇ) ਰਚ ਜਾਣੇ ਕਰਕੇ ਜੀਭ ਬੀ ਸੱਚੇ ਹਰੀ ਦੇ ਗੁਣ ਗਾਉਣ ਵਿਚ ਰੰਗੀ ਰਹਿੰਦੀ ਹੈ। ਹੇ ਨਾਨਕ! (ਮੇਰੀ ਅਭਿਲਾਖਾ ਇਹੋ ਹੈ ਕਿ ਮੈਨੂੰ) ਨਾਮ ਨਾ ਵਿਸਰੇ (ਤੇ ਨਾਮ ਦੁਆਰਾ ਮੈਂ) ਸੱਚੇ ਨਾਮ ਵਿਚ ਸਮਾ ਜਾਵਾਂ॥੪॥੩੩॥੩੧॥ ੬੪॥

ਵਯਾਖਯਾ—ਇਸ ਸ਼ਬਦ ਵਿਚ ਹਉਮੈ ਨੂੰ ਮੈਲ ਕਿਹਾ ਹੈ, ਇਸ ਦੇ ਦੂਰ ਕਰਨੇ ਤੇ ਸੁਖ ਮਿਲਦਾ ਹੈ। ਜਗਤ ਇਸ ਕਰਕੇ ਦੁਖੀ ਹੈ: ਸਭ ਕੋਈ ਹਉਂ ਹਉਂ ਕਰਦਾ ਹੈ, ਸਭ ਕੋਈ ਮੇਰੀ ਮੇਰੀ ਨੂੰ ਪਕੜਦਾ ਹੈ ਇਹ ਹਉਮੈ ਹੈ। ਜਦ ਇਸ ਨੂੰ ਵਰਤੋਂ ਵਿਚ ਲਿਆਉਂਦਾ ਹੈ ਤਾਂ ਸਵਾਰਥ ਪਰਤਾ ਬਣਦੀ ਹੈ। ਸਭ ਕੋਈ ਖ਼ੁਦਗਰਜ਼ੀ ਵਿਚ ਵਰਤਦਾ ਹੈ। ਆਪ ਨੂੰ ਲੋਚਦਾ ਹੈ, ਦੂਸਰੇ ਦਾ ਭਲਾ ਨਹੀਂ ਲੋਚਦਾ ਸਗੋਂ ਦੂਸਰੇ ਦੀ ਹਾਨੀ ਤੇ ਬੀ ਲਾਭ ਲੈਂਦਾ ਹੈ, ਇਸ ਤੋਂ ਪਰਸਪਰ ਰਗੜਾਂ, ਵਿਖੇਵੇਂ, ਦੂਰੀਆਂ, ਉਪਰਾਮਤਾ ਵੈਰ ਵਿਰੋਧ, ਝਗੜੇ ਲੜਾਈਆਂ ਟੁਰਦੇ ਹਨ। ਇਕ ਤਾਂ ਜਗਤ ਇਉਂ ਦੁਖੀ ਹੈ, ਦੂਜੇ ਇਸ 'ਹਉਂ ਬ੍ਰਿਤੀ' ਨਾਲ ਇਹ ਕਰਤਾਰ ਤੋਂ ਵਿਛੜ ਰਿਹਾ ਹੈ, ਕਰਤਾਰ ਤੋਂ ਵਿਛੁੜਕੇ ਇਸ ਦੀ ਪ੍ਰੀਤਿ ਅਨਾਤਮ ਨਾਲ ਪੈ ਜਾਂਦੀ ਹੈ, ਅਰਥਾਤ ਮਾਇਆ ਨਾਲ, ਸੋ ਪਰਮਾਤਮਾ ਨੂੰ ਪ੍ਰਾਪਤ ਨਹੀਂ ਹੁੰਦਾ, ਜੋ ਸਦੈਵੀ ਸੁਖ ਦਾ ਮੁਕਾਮ ਹੈ। ਮਾਇਆ ਪ੍ਰੇਮੀ ਮਾਇਆ ਵਿਚ ਰਹਿੰਦਾ ਹੈ, ਇਸ ਕਰਕੇ ਜਨਮ ਮਰਨ ਦਾ ਦੁਖ ਬਣਿਆ ਰਹਿੰਦਾ ਹੈ।

ਇਸ ਹਉਂ ਦੀ ਮੈਲ ਪੜ੍ਹਨੇ ਮਾਤ੍ਰ ਨਾਲ, ਤੀਰਥ ਨਾਉਣੇ ਨਾਲ, ਹੋਰ ਹਰ ਤਰ੍ਹਾਂ ਦੇ ਦੱਸੇ ਕਰਮਾਂ ਨਾਲ ਨਹੀਂ ਉਤਰਦੀ; ਕਿਉਂਕਿ ਇਨ੍ਹਾਂ ਨਾਲ ਮੈਂ ਮੇਰੀ ਉਸੇ ਤਰ੍ਹਾਂ ਬਣੀ ਰਹਿੰਦੀ ਹੈ, ਸਗੋਂ ਵਧਦੀ ਰਹਿੰਦੀ ਹੈ ਇਸ ਦਾ ਦਾਰੂ ਹੈ: ਗੁਰੂ ਕੀ ਸ਼ਰਣ, ਤੇ ਸ਼ਰਣ ਪ੍ਰਾਪਤ ਹੋਕੇ ਨਾਮ ਦੀ ਪ੍ਰਾਪਤੀ, ਨਾਮ ਤੋਂ ਭਗਤੀ ਭਾਵ ਦੀ ਪ੍ਰਾਪਤੀ ਤੇ ਭਗਤੀ ਤੋਂ ਗਯਾਨ ਦੀ ਪ੍ਰਾਪਤੀ ਹੈ। ਐਸਾ ਪੁਰਖ ਮਨ ਕਰਕੇ ਨਾਮ ਨਾਲ ਰੰਗਿਆ ਰਹਿੰਦਾ ਹੈ. ਰਸਨਾ ਕਰਕੇ ਸਿਫਤ ਸਲਾਹ ਵਿਚ ਰਹਿੰਦਾ ਹੈ ਤੇ ਅੰਤ ਸਚੇ ਵਿਚ ਲੀਨ ਹੋ ਜਾਂਦਾ ਹੈ।

ਸੂਚਨਾ—ਇਸ ਸ਼ਬਦ ਦੇ ਅੰਤ ਅੰਕ ਐਉਂ ਹਨ-॥੪॥੩੩॥੩੧॥੬੪॥

੪=ਅੰਕ ਹੈ ਇਸ ਸ਼ਬਦ ਦੇ ਪਦਿਆਂ ਦਾ ਜੋ ਚਾਰ ਹਨ।
੩੩=ਅੰਕ ਹੈ ਪਹਿਲੀ ਪਾਤਸ਼ਾਹੀ ਜੀ ਦੇ ਪਿੱਛੇ ਆਏ ਚਉਪਦਿਆਂ ਦੇ ਜੋੜ ਦਾ।
੩੧=ਅੰਕ ਹੈ ਤੀਸਰੀ ਪਾਤਸ਼ਾਹੀ ਦੇ ਸ਼ਬਦਾਂ ਦਾ ਜੋੜ ਜੋ ਇਥੇ ਮੁੱਕੇ ਹਨ।
੬੪=ਜੋੜ ਹੈ ਸਿਰੀ ਰਾਗ ਵਿਚ ਇਥੋਂ ਤਕ ਆਏ (ਮ:੧ ਤੇ ਮ:੩ ਦੇ) ਸਾਰੇ ਚਉਪਦਿਆਂ ਦਾ।

(ਸਿਰੀ ਰਾਗ ਦੇ ਤੀਸਰੀ ਪਾਤਸਾਹੀ ਜੀ ਦੇ ਚਉਪਦੇ ਸਮਾਪਤ)

--:o:--

(ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਚਉਪਦੇ ਆਰੰਭ)

ਸਿਰੀ ਰਾਗੁ ਮਹਲਾ ੪ ਘਰੁ ੧

(ਸਿਰੀ ਰਾਗੁ ਮਹਲਾ ੪, ਚਉਪਦਾ-੬੫)

ਪ੍ਰਾਕ੍ਰਥਨ-ਇਸ ਸ਼ਬਦ ਵਿਚ ਗੁਰੂ ਦੀ ਲੋੜ ਨਿਰੂਪਣ ਕੀਤੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ਘਰੁ ੧ ॥ ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥ ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥ ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥੧॥	ਮੇਰੇ ਮਨ ਤੇ ਸਰੀਰ ਵਿਚ ਵਿਛੋੜੇ ਦੀ ਪੀੜਾ ਅਤਿ ਦੀ ਬਹੁਤੀ ਹੋ ਰਹੀ ਹੈ ਕਿ ਕਿਵੇਂ ਪਿਆਰਾ ਮੈਨੂੰ ਘਰ ਆ ਮਿਲੇ। (ਕਿਉਂਕਿ ਮੈਨੂੰ ਪਤਾ ਹੈ ਕਿ) ਜਦੋਂ ਮੈਂ ਆਪਣਾ ਸੁਆਮੀ ਦੇਖਾਂਗੀ (ਉਸਦੇ) ਦੇਖਦੇ ਸਾਰ ਹੀ (ਮੇਰਾ ਇਹ ਵਿਛੋੜੇ ਦਾ) ਦੁਖ ਦੂਰ ਹੋਵੇਗਾ। (ਸੋ ਹੁਣ ਮੈਂ) ਉਨ੍ਹਾਂ (ਆਪਣੇ) ਸੱਜਣਾਂ (ਅਰਥਾਤ ਸਤਿਗੁਰਾਂ) ਨੂੰ ਜਾਕੇ ਪੁੱਛਾਂ ਕਿ ਵਾਹਿਗੁਰੂ ਕਿਸ ਬਿਧੀ ਨਾਲ ਮਿਲਦਾ ਹੈ? (ਉਸ ਬਿਧੀ ਨਾਲ ਉਹ ਮੈਨੂੰ) ਮਿਲਾ ਦਿਓ॥੧॥
ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥ ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥੧॥ ਰਹਾਉ ॥	ਹੇ ਮੇਰੇ ਸਤਿਗੁਰ! ਤੇਰੇ ਬਿਨਾ ਮੇਰਾ ਹੋਰ ਕੋਈ (ਆਸਰਾ) ਹੈ ਨਹੀਂ, ਅਸੀਂ ਮੂਰਖ ਹਾਂ, (ਅਸੀਂ) ਮੂੜ ਹਾਂ, (ਪਰ ਆਪ ਦੀ) ਸ਼ਰਣ ਆਏ ਹਾਂ, (ਸਾਡੇ) ਉਤੇ ਕਿਰਪਾ ਕਰੋ (ਐਸੀ ਕਿ) ਉਹ ਹਰੀ (ਸਾਨੂੰ ਆਪਣੇ ਨਾਲ) ਮੇਲ ਲਵੇ[1]॥੧॥ ਰਹਾਉ॥
	(ਪ੍ਰਸ਼ਨ:-ਗੁਰੂ ਕੀ ਸ਼ਰਣ ਕਿਉਂ ਲੈਂਦੇ ਹੋ? ਉੱਤਰ:)
ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥ ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥ ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥	ਸਤਿਗੁਰੂ ਹਰੀ ਨਾਮ ਦਾ ਦਾਤਾ ਹੈ, ਪ੍ਰਭੂ ਆਪ ਉਸ ਨੂੰ (ਸਾਡੇ ਨਾਲ) ਮਿਲਾਉਂਦਾ ਹੈ। (ਉਸ) ਸਤਿਗੁਰੂ ਨੇ ਹਰੀ ਪ੍ਰਭੂ ਨੂੰ ਅਨੁਭਵ ਕਰ ਲਿਆ ਹੈ (ਸੋ) ਗੁਰੂ ਜੇਡਾ ਵੱਡਾ ਹੋਰ ਕੋਈ ਨਹੀਂ ਹੈ। (ਇਸ ਲਈ ਚਾਹੁੰਦਾ ਹਾਂ ਕਿ) ਮੈਂ ਗੁਰੂ ਦੀ ਸ਼ਰਣ ਵਿਚ ਡਿਗ ਪਵਾਂ (ਤਾਂ ਜੋ ਗੁਰੂ) ਦਇਆ ਕਰਕੇ ਉਹ ਪ੍ਰਭੂ (ਮੈਨੂੰ) ਮਿਲਾ ਦੇਵੇ॥੨॥
ਮਨਹਠਿ ਕਿਨੈ ਨ ਪਾਇਆ	(ਫਿਰ ਗੁਰੂ ਕੀ ਸ਼ਰਣ ਇਸ ਲਈ ਲੈਣੀ ਹੈ ਕਿ ਤਜਰਬੇ ਨਾਲ ਸਿਧ ਹੋ ਚੁਕਾ ਹੈ ਕਿ) ਮਨ ਦੇ ਹਠ ਨਾਲ ਕਿਸੇ ਨੇ

[1] ਐਉਂ ਬੀ ਲਾਉਂਦੇ ਹਨ:-ਸਾਨੂੰ ਹਰੀ ਨਾਲ ਮੇਲ ਲਵੇ।

ਕਰਿ ਉਪਾਵ ਥਕੇ ਸਭੁ ਕੋਇ॥ ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥੩॥	(ਪ੍ਰਭੂ) ਨਹੀਂ ਪਾਇਆ, ਸਭ ਕੋਈ (ਮਨ ਦੇ ਹਠ ਨਾਲ ਕੀਤੇ ਜਾਣ ਵਾਲੇ) ਉਪਾਵ ਕਰਕੇ ਥੱਕ ਲੱਥੇ ਹਨ। (ਫਿਰ ਸਿਆਣਪਾਂ ਵਾਲੇ ਚਤੁਰ ਲੋਕ) ਹਜ਼ਾਰਾਂ ਸਿਆਣਪਾਂ ਵਰਤ ਚੁਕੇ ਹਨ (ਪਰ ਉਨ੍ਹਾਂ ਦੇ ਕੋਰੇ ਮਨ (ਉਤੇ ਪ੍ਰੇਮ ਦਾ) ਰੰਗ ਨਹੀਂ ਚੜ੍ਹਿਆ। (ਫਿਰ) ਕੂੜ ਕਪਟ ਕਰਕੇ ਬੀ ਕਿਸੇ ਨੇ ਪ੍ਰਭੂ ਨਹੀਂ ਪਾਇਆ (ਏਹ ਸਾਰੇ ਕਰਮ ਜਾਲ ਵਿਚ ਹੋਣ ਕਰਕੇ ਇਸ ਨਿਯਮ ਦੇ ਹੇਠ ਹਨ ਕਿ) ਜੋ ਕੁਛ ਕੋਈ ਬੀਜੇਗਾ ਸੋਈ ਕੁਛ ਖਾਵੇਗਾ (ਭਾਵ ਜੇਹੇ ਕਰਮ ਕਰੇਗਾ ਤੇਹੇ ਭੋਗ ਭੋਗੇਗਾ)॥੩॥
ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥ ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥ ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥੪॥੧॥੬੫॥	(ਹੁਣ ਦਇਆ ਦੇ ਘਰ ਵਿਚ ਆ ਕੇ ਸਭ ਜੀਵਾਂ ਲਈ ਅਰਦਾਸ ਕਰਦੇ ਹਨ:) ਹੇ ਪ੍ਰਭੂ! ਸਾਰੇ ਜੀਵ ਤੇਰੇ ਹਨ, ਤੂੰ ਹੀ (ਇਨ੍ਹਾਂ ਦੀ ਰਾਸ ਮੂੜੀ ਹੈਂ[1], (ਇਸ ਕਰਕੇ) ਸਭਨਾਂ ਨੂੰ ਆਸ ਤੇਰੇ ਉਤੇ ਹੀ ਹੈ (ਹਾਂ) ਤੇਰੇ (ਦਰੋਂ ਦਾਤ ਮੰਗਣ ਆਇਆ ਕੋਈ) ਖਾਲੀ ਨਹੀਂ (ਮੁੜਦਾ, ਪਰ ਤੇਰੇ) ਦਰ, ਪ੍ਰਭੂ ਜੀਓ! ਸ਼ਾਬਾਸ਼ ਗੁਰਮੁਖਾਂ ਨੂੰ ਮਿਲਦੀ ਹੈ। (ਕਿਉਂਕਿ ਉਨ੍ਹਾਂ ਨੇ ਤੈਥੋਂ ਨਾਮ ਦੀ ਦਾਤ ਲੈ ਕੇ ਕਮਾਈ ਕੀਤੀ ਹੁੰਦੀ ਹੈ। ਬਾਕੀ ਜੀਵ) ਵਿਸ਼ਿਆਂ (ਦੇ ਜਲ ਨਾਲ ਭਰੇ) ਸਮੁੰਦਰ (ਵਿਚ ਡੁਬ ਰਹੇ ਹਨ, ਮਿਹਰ ਕਰਕੇ ਇਸ ਸਮੁੰਦਰ ਵਿਚੋਂ) ਡੁਬਦਿਆਂ ਨੂੰ ਕੱਢ ਲੈ, ਇਹ ਦਾਸ ਨਾਨਕ ਦੀ ਅਰਦਾਸ ਹੈ॥੪॥੧॥੬੫॥

ਵਜਾਖਜਾ—ਅੰਕ ੧ ਵਿਚ ਵਾਹਿਗੁਰੂ ਮਿਲਾਪ ਦੀ ਅਤਿ ਤ੍ਰਿੱਖੀ ਲਗਨ ਤੇ ਬਿਰਹਾ ਦੀ ਪੀੜਾ ਦਾ ਵਰਣਨ ਕੀਤਾ ਹੈ। ਉਸ ਦਾ ਉਪਾਵ 'ਗੁਰੂ ਦੀ ਸ਼ਰਣ' ਦੱਸਿਆ ਹੈ। ਫਿਰ ਕਾਰਣ ਦੱਸੇ ਹਨ ਕਿ ਗੁਰੂ ਦੀ ਸ਼ਰਣ ਕਿਉਂ ਲੈਣੀ ਹੈ। ਉਹ ਇਹ ਕਿ ਉਹ ਵਾਹਿਗੁਰੂ ਨੂੰ ਅਨੁਭਵ ਕਰਦਾ ਹੈ, ਉਹ ਪੂਰਨ ਬ੍ਰਹਮ ਗਜਾਨੀ ਹੈ, ਫਿਰ ਓਹ ਸੰਸਾਰ ਤੋਂ ਜੁਦਾ ਹੋ ਬੈਠਾ ਗਜਾਨੀ ਨਹੀਂ, ਉਹ ਹੋਰਨਾਂ ਨੂੰ ਹਰੀ ਨਾਮ ਦਾ ਦਾਤਾ ਹੈ। ਕੇਵਲ ਨਾਮ ਦੇਕੇ ਅਟੰਕ ਨਹੀਂ ਹੋ ਜਾਂਦਾ, ਉਹ ਨਾਲ ਨਿਜ ਦਇਆ ਕਰਦਾ ਹੈ ਤੇ ਪ੍ਰਭੂ ਨਾਲ ਮੇਲ ਕਰਾਉਣ ਤਕ ਸਿਖ ਦੀ ਸਹਾਯਤਾ ਕਰਦਾ ਅੰਤ ਮਿਲਾ ਦੇਂਦਾ ਹੈ। ਇਥੇ ਅੰਕ ੨ ਮੁਕਦਾ ਹੈ। ਫੇਰ ਪ੍ਰਸ਼ਨ ਹੋ ਜਾਂਦਾ ਹੈ ਕਿ ਗੁਰੂ ਦੀ ਕੀ ਲੋੜ ਹੈ? ਕੀ ਆਪਣੇ ਮਨ ਦੀ ਸਮਝ ਨਾਲ, ਗੁਰੂ ਤੋਂ ਬਿਨਾ, ਹਠ ਤਪ ਆਦਿ ਸਾਧਨ ਕਾਫੀ ਨਾ ਹੋਣਗੇ? ਇਸ ਦਾ ਉੱਤਰ ਦੇਂਦੇ ਹਨ ਕਿ ਇਸ ਪ੍ਰਕਾਰ ਦੇ ਉਪਾਵ ਕਈਆਂ ਨੇ ਕੀਤੇ ਪਰ ਹਾਂਡ ਹੀ ਪੱਲੇ ਪਈ; ਓਹ ਅੰਤ ਥੱਕ ਕੇ ਰਹਿ ਗਏ। ਇਹ ਉਹਨਾਂ ਤੋਂ ਪਤਾ ਕਰ ਲਓ। ਫੇਰ ਪ੍ਰਸ਼ਨ ਹੋ ਜਾਂਦਾ ਹੈ ਮਾਨੋ, ਕਿ ਮਤਾਂ ਸਿਆਣਪ ਨਾਲ ਮਿਲ ਜਾਂਦਾ ਹੋਵੇ? ਅਰਥਾਤ ਵਿਦਜਾ ਦੀ ਚਾਤੁਰਤਾ:- ਯੋਗ, ਗਜਾਨ, ਕਰਮ ਦੇ ਸ਼ਾਸਤ੍ਰ ਪੜ੍ਹਨੇ ਨਾਲ ਸੋਝੀ ਪੈ ਜਾਂਦੀ ਹੋਵੇ? ਤਾਂ ਉੱਤਰ ਦੇਂਦੇ ਹਨ ਕਿ ਇਹ ਬੀ ਕਈ ਲੋਕ ਕਰਕੇ ਹੁੱਟ ਗਏ ਹਨ। ਮਨ ਕੋਰੇ ਦਾ ਕੋਰਾ ਹੀ ਰਿਹਾ, ਉਸ ਉੱਤੇ ਭੈ ਨਾ ਪਿਆ, ਵੈਰਾਗ ਨਾ ਹੋਇਆ, ਹੁਣ ਨਾਮ ਦਾ ਰੰਗ, ਭਗਤੀ ਦਾ ਭਾਵ, ਗਜਾਨ ਦਾ ਪ੍ਰਕਾਸ਼-ਵੰਨ ਉਸ ਤੇ ਕੀਕੂੰ ਚੜ੍ਹੇ? ਇਹ ਦਾਤ ਗੁਰੂ ਉਪਦੇਸ਼ ਤੇ ਗੁਰੂ ਦੀ ਮਿਹਰ ਨਾਲ ਮਿਲਣੀ ਹੋਈ।

[1]ਅਥਵਾ, ਤੂੰ ਸਭਨਾਂ ਨੂੰ (ਪ੍ਰਣਾਂ ਰੂਪੀ) ਰਾਸ ਪੂੰਜੀ (ਦੇ ਰਿਹਾ ਹੈਂ)।

ਫਿਰ ਕੋਈ ਕਹਿ ਸਕਦਾ ਹੈ ਕਿ ਜੀ ਕਈ ਵਿਦਵਾਨ ਕਥਾ ਵਾਰਤਾ ਕਰਦੇ ਆਪੂੰ ਬਣੇ ਹੋਏ ਗਜਾਨਵਾਨ ਕਹਿੰਦੇ ਸੁਣੀਦੇ ਹਨ ਕਿ ਅਸੀਂ ਪਰਮਾਤਮਾਂ ਨੂੰ ਪ੍ਰਾਪਤ ਹਾਂ, ਅਸਾਂ ਆਤਮਾਨੰਦ ਪਾਇਆ ਹੈ, ਜੀਵਨ ਮੁਕਤੀ ਦਾ ਰਸ ਮਾਣਦੇ ਹਾਂ। ਗੁਰੂ ਜੀ ਕਹਿੰਦੇ ਹਨ ਕਿ ਜੇ ਕੋਈ ਐਸਾ ਕਰਦਾ ਹੈ ਕਿ ਬਿਨ ਪਾਏ ਦਾਅਵਾ ਬੰਨ੍ਹਦਾ ਹੈ ਤਾਂ ਓਹ ਝੂਠ ਬੋਲਦਾ ਹੈ ਤੇ ਅਪਣੇ ਕਿਸੇ ਸੁਆਰਥ ਲਈ ਕਪਟ ਕਰਦਾ ਹੈ, ਉਹ ਸਦਗਤੀ ਨੂੰ ਪ੍ਰਾਪਤ ਨਹੀਂ ਹੋਵੇਗਾ, ਉਸ ਦਾ ਹਿਸਾਬ 'ਕਰਮ ਬਧ ਸ੍ਰਿਸ਼ਟੀ ਵਾਂਙੂ' ਕਰਮਾਂ ਅਨੁਸਾਰ ਹੋਵੇਗਾ, ਜੋ ਕਰੇਗਾ ਸੋ ਭਰੇ ਭੋਗੇਗਾ। ਉਹ ਭਗਤ ਗਜਾਨੀ ਵਾਂਙੂ ਬਖ਼ਸ਼ਿਸ਼ ਦੇ ਮੰਡਲ ਵਿਚ ਨਹੀਂ ਹੋਵੇਗਾ, ਕਰਮ ਜਾਲ ਤੋਂ ਉੱਚੇ ਸੁਤੰਤ੍ਰਤਾ ਦੇ ਪਵਿਤ੍ਰ ਗਗਨਾਂ ਵਿਚ ਉਸ ਦੀ ਉਡਾਰੀ ਨਹੀਂ ਹੋਵੇਗੀ। ਇਹ ਗਲ ਅੰਕ ੩ ਵਿਚ ਮੁੱਕੀ।

ਹੁਣ ਗੁਰੂ ਜੀ ਦਾ ਜਗਤ ਪ੍ਰੇਮ ਨਾਲ ਭਰਿਆ ਹਿਰਦਾ ਦ੍ਰਵਦਾ ਹੈ ਤੇ ਇਨ੍ਹਾਂ ਮੋਹ, ਮਾਯਾ, ਅਗਜਾਨ ਤੇ ਵਿਸ਼ੇ ਵਿਕਾਰਾਂ ਵਿਚ ਫਾਥੇ ਕਰਮ ਜਾਲ ਵਿਚ ਤੜਫਦੇ ਲੋਕਾਂ ਦੀ ਕਲਜਾਣ ਲਈ ਅਰਦਾਸਾ ਕਰਦੇ ਹਨ, ਤੇ ਆਖਦੇ ਹਨ ਕਿ ਜੀਵ ਸਾਰੇ ਆਪ ਦੇ ਰਚੇ ਹੋਏ ਹਨ, ਇਸ ਲਈ ਆਪ ਦੇ ਹਨ, ਤੂੰ ਹੀ ਇਨ੍ਹਾਂ ਦੀ ਰਾਸ ਪੂੰਜੀ ਹੈਂ। ਚਾਹੋ ਇਹ ਜਾਣਨ ਤੇ ਚਾਹੋ ਨਾ ਜਾਣਨ ਤੇਰੇ ਸਿਵਾ ਜੀਵਾਂ ਦਾ ਵਾਹਰੂ ਹੋਰ ਕਉਣ ਹੈ। ਇਸ ਕਰਕੇ ਜਾਣੇ ਅਣਜਾਣੇ ਸਭ ਦੀ ਆਸ ਆਪ ਉਤੇ ਹੈ, ਫਿਰ ਆਪ ਦਾ ਸੁਭਾਵ, ਆਪ ਦਾ ਬਿਰਦ 'ਦਾਨ' ਹੈ। ਆਪ ਦੇ ਦਰੋਂ ਕੋਈ ਖਾਲੀ ਨਹੀਂ ਮੁੜਦਾ, ਇਨ੍ਹਾਂ ਨੂੰ ਸਭ ਕੁਛ ਆਪ ਦੇ ਰਹੇ ਹੋ, ਹੁਣ ਇਨ੍ਹਾਂ ਨੂੰ ਇਹ ਦਾਨ ਬੀ ਦਿਓ ਕਿ ਵਿਸ਼ਿਆਂ ਦੇ ਸਮੁੰਦਰ ਵਿਚ ਡੁਬਦਿਆਂ ਨੂੰ ਕੱਢ ਲਓ ਤੇ ਨਾਮ ਦਾਨ ਬਖਸ਼ ਦਿਓ, ਜੋ ਇਹ ਬੀ ਗੁਰਮੁਖ ਬਣ ਜਾਣ। ਜਿਵੇਂ ਗੁਰਮੁਖਾਂ ਨੂੰ ਤੇਰੇ ਦਰ ਸ਼ਾਬਾਸ਼ ਮਿਲਦੀ ਹੈ, ਤਿਵੇਂ ਇਨ੍ਹਾਂ ਨੂੰ ਇਹ ਦਾਤ ਬੀ ਮਿਲੇ। ਏਹ ਵਿਸ਼ੇ ਵਿਕਾਰਾਂ ਵਿਚ ਖਚਿਤ ਲੋਕ ਵੈਰਾਗ ਵਿਚ ਆਕੇ ਧੋਤੇ ਜਾਣ, ਨਾਮ ਦਾ ਰੰਗ ਚੜ੍ਹੇ ਤੇ ਗੁਰਮੁਖ ਹੋ ਜਾਣ ਤੇ ਦਰ ਗਏ ਸ਼ੋਭਾ ਪਾਉਣ।

ਨਿਰੁਕ੍–ਬਿਰਹੁ– ਵਿਛੋੜਾ, ਵਿਛੋੜੇ ਦੀ ਕਸਕ ਪੀੜ। (੨) ਪ੍ਰੇਮ।

ਅਗਲਾ–ਬਹੁਤਾ।   ਅਤਿ ਅਗਲਾ – ਅਤਿ ਦਾ ਬਹੁਤਾ।

ਸਜਣਾ– ਪਦ ਬਹੁ ਵਚਨ ਹੋਣ ਕਰਕੇ ਗੁਰਮੁਖਾਂ ਦਾ ਵਾਚਕ ਸਹੀ ਹੁੰਦਾ ਹੈ, ਪਰ ਅਗਲੀ ਤੁਕ ਵਿਚ ਪਦ 'ਸਤਿਗੁਰ' ਪਿਆ ਹੈ, ਜਿਸ ਕਰਕੇ ਇਸ ਦਾ ਭਾਵ ਬੀ ਸਤਿਗੁਰੂ ਹੈ। ਬਹੂ ਵਚਨ ਅਦਬ ਕਰਕੇ ਵਰਤਿਆ ਹੈ।

(ਸਿਰੀ ਰਾਗੁ ਮਹਲਾ ੪, ਚਉਪਦਾ - ੬੬)

ਪ੍ਰਾਕ੍ਥਨ–ਇਸ ਸ਼ਬਦ ਵਿਚ ਹੁਣ ਨਾਮ ਦੀ ਲੋੜ ਦੱਸੀ ਤੇ ਲੋਚਾ ਪ੍ਰਗਟਾਈ ਹੈ। ਨਾਮ ਗੁਰੂ ਤੋਂ ਮਿਲਦਾ ਹੈ, ਜਿਸਦੀ ਮਹਿਮਾ ਉਪਰਲੇ ਸ਼ਬਦ ਵਿਚ ਬੀ ਕਥਨ ਕੀਤੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ॥ **ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥ ਕੋਈ ਗੁਰਮੁਖਿ ਸਜਣੁ ਜੇ ਮਿਲੈ**	(ਜੇ) ਨਾਮ ਪ੍ਰਾਪਤ ਹੋ ਜਾਵੇ (ਤਾਂ) ਮਨ ਨੂੰ ਤ੍ਰਿਪਤੀ ਪ੍ਰਾਪਤ ਹੁੰਦੀ ਹੈ, ਨਾਮ ਤੋਂ ਬਿਨਾਂ (ਮਨ ਵਿਚ ਜੋ) ਜੀਵਨੇ ਦੀ ਆਸ਼ਾ ਹੈ, (ਉਸ ਨੂੰ) ਧ੍ਰਿਗ ਹੈ[1]। ਜੇ (ਕੋਈ) ਗੁਰਮੁਖ ਸੱਜਣ (ਮੈਨੂੰ)

[1]ਕਿਉਂਕਿ ਇਹ ਆਸ਼ਾ ਅਤ੍ਰਿਪਤ ਰਖਦੀ ਹੈ।

ਮੈ ਦਸੇ ਪ੍ਰਭੁ ਗੁਣਤਾਸੁ ॥ ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥੧॥	ਮਿਲ ਪਵੇ (ਤਾਂ ਉਹ) ਮੈਨੂੰ ਪ੍ਰਭੂ, ਜੋ ਗੁਣਾਂ ਦਾ ਸਮੂਹ ਹੈ, ਦੱਸ ਦੇਵੇ ਤੇ ਮੇਰੇ ਉੱਤੇ ਨਾਮ ਦਾ ਪ੍ਰਕਾਸ਼ ਕਰੇ ਮੈਂ ਉਸ (ਗੁਰਮੁਖ ਸੱਜਣ) ਤੋਂ ਸਦਕੇ ਹੋ ਹੋ ਜਾਵਾਂ॥੧॥
ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥ ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥	ਹੇ ਮੇਰੇ ਪ੍ਰੀਤਮ! ਮੈਂ ਨਾਮ ਧਿਆਇਕੇ ਹੀ ਜੀਉਂਦਾ ਹਾਂ। ਨਾਮ ਤੋਂ ਬਿਨਾਂ ਜੀਉਣਾ ਨਹੀਂ ਹੋ ਸਕਦਾ, ਹੇ ਮੇਰੇ ਸਤਿਗੁਰ! (ਜਿਵੇਂ ਹੋ ਸਕੇ ਮੈਨੂੰ) ਨਾਮ ਦ੍ਰਿੜ ਕਰਾ ਦੇਹ। (ਭਾਵ ਮੇਰੇ ਹਿਰਦੇ ਵਿਚ ਵਸਾ ਦੇਹ)॥੧॥ਰਹਾਉ॥
ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥ ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥	ਨਾਮ (ਇਕ) ਅਮੋਲਕ ਰਤਨ ਹੈ (ਜੋ) ਪੂਰੇ ਸਤਿਗੁਰੂ ਦੇ ਪਾਸ ਹੁੰਦਾ ਹੈ। (ਉਸ) ਸਤਿਗੁਰੂ ਦੀ ਸੇਵਾ ਵਿਚ ਲਗਿਆਂ (ਸਤਿਗੁਰੂ ਉਹ ਨਾਮ ਰੂਪੀ) ਰਤਨ (ਸੇਵਕ ਨੂੰ) ਕੱਢਕੇ ਦੇ ਦੇਂਦਾ ਹੈ, (ਅਰਥਾਤ ਨਾਮ ਦਾ ਉਸ ਉਤੇ) ਪ੍ਰਕਾਸ਼ ਕਰ ਦੇਂਦਾ ਹੈ। (ਤਾਂ ਤੇ ਉਹ) ਵਡੇ ਭਾਗਾਂ ਵਾਲਿਆਂ ਵਿਚੋਂ (ਹੋਰ) ਵਡੇ ਭਾਗਾਂ ਵਾਲੇ ਹਨ ਤੇ ਧੰਨਤਾ ਯੋਗ ਹਨ ਜੋ ਗੁਰੂ ਕੋਲ ਆ ਮਿਲੇ ਹਨ॥੨॥
ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥ ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥	(ਪਰ) ਜਿਨ੍ਹਾਂ ਨੇ ਸਤਿਗੁਰੂ (ਵਰਗੇ ਮਹਾਂ) ਪੁਰਖ ਨੂੰ ਮਿਲਣਾ ਨਹੀਂ ਕੀਤਾ ਸੋ ਭਾਗ ਹੀਨ ਹਨ ਤੇ ਕਾਲ ਦੇ ਵੱਸ ਵਿਚ (ਰਹਿੰਦੇ ਹਨ, ਅਰਥਾਤ) ਓਹ ਮੁੜ ਮੁੜ ਕੇ ਗਰਭ ਵਿਚ ਭੁਆਏ ਜਾਂਦੇ ਹਨ (ਮਾਤਾ ਦੇ) ਪੇਟ ਵਿਚ ਵਿਕਰਾਲ ਰੂਪ ਕਰਕੇ (ਰਖੇ ਹੋਏ, ਭਾਵ ਉਹ ਕਾਲ ਚੱਕਰ ਵਿਚ ਰਹਿੰਦੇ ਹਨ। ਤਾਂ ਤੇ) ਓਹਨਾਂ ਦੇ ਆਲੇ ਦੁਆਲੇ ਬੀ ਨਾ ਜਾ ਢੁੱਕੀਏ ਜਿਨ੍ਹਾਂ ਦੇ ਅੰਦਰ ਕਿ (ਨਾਮ ਦੀ ਥਾਂ) ਕ੍ਰੋਧ ਰੂਪੀ ਚੰਡਾਲ ਵੱਸਦਾ ਹੈ॥੩॥
ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥ ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ॥੪॥੨॥੬੬॥	ਸਤਿਗੁਰੂ (ਮਹਾਂ) ਪੁਰਖ ਹੈ, (ਉਹ) ਅੰਮ੍ਰਿਤ ਦਾ ਸਰੋਵਰ ਹੈ, ਵੱਡੇ ਭਾਗਾਂ ਵਾਲੇ (ਉਸ ਸਰੋਵਰ ਵਿਚ) ਆਕੇ ਇਸ਼ਨਾਨ ਕਰਦੇ ਹਨ (ਭਾਵ ਉਸਦੀ ਸੰਗਤਿ ਕਰਦੇ ਹਨ)। (ਇਸ ਇਸ਼ਨਾਨ ਨਾਲ) ਉਨ੍ਹਾਂ ਦੀ ਜਨਮ ਜਨਮ ਦੀ ਮੈਲ ਲਹਿ ਜਾਂਦੀ ਹੈ, (ਕਿਉਂਕਿ ਗੁਰੂ ਉਨ੍ਹਾਂ ਨੂੰ) ਨਿਰਮਲ ਨਾਮ ਦ੍ਰਿੜ ਕਰਾ ਦੇਂਦਾ ਹੈ। ਹੇ ਦਾਸ ਨਾਨਕ! ਸਤਿਗੁਰੂ ਦੀ (ਲੁਆਈ) ਲਿਵ ਲਗ ਜਾਣ ਕਰਕੇ (ਉਹ ਦਾਸ) ਉੱਤਮ ਪਦ ਪਾ ਲੈਂਦੇ ਹਨ॥੪॥੨॥੬੬॥

ਵਜਾਖਜਾ–ਪਿਛਲੇ ਸ਼ਬਦ ਵਿਚ ਗੁਰੂ ਦੀ ਲੋੜ ਦੱਸਕੇ ਹੁਣ ਉਸ ਗੁਰੂ ਤੋਂ ਨਾਮ ਦੀ ਮੰਗ ਕੀਤੀ ਹੈ। ਸਤਿਗੁਰੂ ਨਾਮ ਦਾ ਦਾਤਾ ਹੈ, ਇਹ ਗਲ ਪਿਛਲੇ ਸ਼ਬਦ ਵਿਚ ਦੱਸੀ ਸੀ (ਅੰਕ ੨)। ਇਥੇ ਉਸ ਗੁਰੂ ਤੋਂ ਨਾਮ ਪ੍ਰਾਪਤੀ ਦੀ ਅਭਿਲਾਖ ਤੇ ਮੰਗ ਕੀਤੀ ਹੈ। ਇਹ ਗਲ ਰਹਾਉ ਤੇ ਅੰਕ ੨

ਤਕ ਹੈ। ਅਗਲੇ ਦੋ ਅੰਕਾਂ ਵਿਚ ਸਤਿਗੁਰ ਦੀ ਅਪ੍ਰਾਪਤੀ ਤੇ ਪ੍ਰਾਪਤੀ ਦੀ ਦਸ਼ਾ ਦੇ ਹਾਨ ਲਾਭ ਦੱਸੇ ਹਨ।

ਨਿਰੁਕ-ਤ੍ਰਿਪਤੀਐ-ਤ੍ਰਿਪਤੀਦਾ ਹੈ, (ਸੰਸ:, ਤ੍ਰਿਪ੍ਤਿ=ਪ੍ਰਸੰਨਤਾ। ਤ੍ਰਿਪ੍=ਪ੍ਰਸੰਨ ਕਰਨਾ, ਹੋਣਾ, ਰੱਜਣਾ) ਮਨ ਦਾ ਤ੍ਰਿਪਤ ਹੋਣਾ, 'ਮਨ ਦਾ ਤਸੱਲੀ ਪਾ ਕੇ ਹੋਰ ਦੀ ਇਛਾ ਹੀ ਨਾ ਰਹਿਣੀ' ਮੁਰਾਦ ਹੈ। ਮਨ ਜਦ 'ਵਾਸ਼ਨਾ ਤ੍ਰਿਸ਼ਨਾ' ਤੋਂ ਛੁੱਟਕੇ 'ਮੈਂ ਮੇਰੀ' ਤੋਂ ਸਾਫ ਹੋ ਕੇ ਆਪੇ ਵਿਚ ਟਿਕਦਾ ਪਰਮ ਆਪੇ ਨੂੰ ਮਿਲ ਪੈਂਦਾ ਹੈ ਤਾਂ ਹੋਰ ਦੀ ਇੱਛਾ ਚੁੱਕ ਜਾਂਦੀ ਹੈ। ਪ੍ਰਸੰਨਤਾ ਹੀ ਪ੍ਰਸੰਨਤਾ ਹੋ ਜਾਂਦੀ ਹੈ।

ਚਉਖੰਨੀਐ-(ਪੰਜਾਬੀ, ਚਉ=ਚਾਰ। ਖੰਨੀਐ, ਖੰਨਣਾ ਤੋਂ=ਟੁਕੜੇ ਟੁਕੜੇ ਹੋਣਾਂ। ਸੰਸ:, ਖੰਡਨ=ਟੁਟਾ ਹੋਇਆ।) ਚਾਰ ਟੁਕੜੇ ਹੋਣਾ। ਵਾਰੇ ਜਾਣਾ। ਸਦਕੇ ਹੋਣਾ।

ਪਰਗਾਸਿ-(ਸੰਸ:, ਪ੍ਰਕਾਸ਼) ਪ੍ਰਕਾਸ਼ ਕਰੇ। ਪਰਗਾਸਿ ਪਦ ਏਥੇ ਕ੍ਰਿਯਾ ਵਾਚੀ ਹੈ। ਅੰਕ ੧ ਵਿਚ ਆਇਆ ਸੀ 'ਕਰੇ ਪਰਗਾਸੁ' ਓਥੇ 'ਕਰੇ' ਪਦ ਨਾਲ ਲਗਕੇ ਕ੍ਰਿਯਾ ਬਣਿਆ ਸੀ, ਏਥੇ 'ਿ' ਲਗਕੇ ਕ੍ਰਿਯਾ ਵਾਚੀ ਬਣਿਆ ਹੈ। (ਅ) 'ਪ੍ਰਕਾਸ਼ ਕਰਕੇ ਨਾਮ ਦੇਵੇ' ਬੀ ਅਰਥ ਲਾਉਂਦੇ ਹਨ; ਪਰ ਨਾਮ ਦੇਣਾ, ਨਾਮ ਦਾ ਪ੍ਰਕਾਸ਼ ਕਰਨਾ ਦੁਇ ਮੁਹਾਵਰੇ ਹਨ।

ਵਿਸਟਾ-(ਸੰਸ:, ਵਿਸ਼੍ਟਾ=ਗੰਦ, ਪੇਟ, ਉਦਰ) ਪੇਟ। ਮਾਤਾ ਦੇ ਪੇਟ ਵਿਚ ਵਿਕਰਾਲ ਰੂਪ ਕਹਿਣ ਤੋਂ ਭਾਵ ਉਸ ਦੇ ਪੁੱਠੇ ਲਟਕੇ ਹੋਏ ਹੋਣ ਤੋਂ ਤੇ ਚੁਫੇਰੇ ਰੁਧਰ ਆਦਿ ਨਾੜੀਆਂ ਤੋਂ ਘਿਰੇ ਹੋਣ ਤੋਂ ਹੈ। (ਅ) ਵਿਸ਼ਟਾ ਪਦ ਦਾ ਆਮ ਅਰਥ ਗੰਦ ਹੈ, ਇਸ ਕਰਕੇ ਐਉਂ ਬੀ ਅਰਥ ਲਾਉਂਦੇ ਹਨ:-ਗਰਭ ਵਿਚ ਭੁਆਏ ਜਾਂਦੇ ਤੇ ਗੰਦ ਵਿਚ ਵਿਕਰਾਲ ਕਰਕੇ ਸਿੱਟੇ ਜਾਂਦੇ ਹਨ। ਕਈ ਆਖਦੇ ਹਨ ਕਿ ਗੰਦ ਵਿਚ ਕੀੜੇ ਕਰਕੇ ਸੱਟੇ ਹੋਏ ਵਿਕਰਾਲ ਹੁੰਦੇ ਹਨ। (ਵਿਕਰਾਲ=ਭਿਆਨਕ)।

ਪਾਸਿ ਦੁਆਸਿ-ਨੇੜੇ ਤੇੜੇ।

ਭਿਟੀਐ- ਛੁਹੀਏ। ਭਾਵ ਨੇੜੇ ਨਾ ਢੁਕਣ ਤੋਂ ਹੈ। ਦੂਰ ਰਹੀਏ।

(ਸਿਰੀ ਰਾਗੁ ਮਹਲਾ ੪, ਚਉਪਦਾ-੬੭)

ਪ੍ਰਾਕ੍ਥਨ-ਪਹਿਲੇ ਵਿਚ ਗੁਰੂ, ਦੂਸਰੇ ਵਿਚ ਨਾਮ, ਤੀਸਰੇ ਵਿਚ ਹੁਣ ਗੁਰਸਿਖੀ ਦਾ ਤੀਸਰਾ ਅਸੂਲ- 'ਗੁਣ ਗਾਇਨ' ਲੈਂਦੇ ਹਨ; ਵਿਸ਼ੇਸ਼ ਵਿਸ਼ੇ ਏਹ ਹਨ। ਉਂਞ ਗੁਰੂ, ਨਾਮ, ਆਦਿ ਸਹਿ ਸੁਭਾ ਸਭਨਾਂ ਵਿਚ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ॥	
ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥ ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥ ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥	ਹੇ ਮੇਰੀ ਮਾਂ! (ਮੇਰਾ ਚਾਉ ਹੁੰਦਾ ਸੀ ਕਿ ਮੈਂ ਆਪਣੇ ਪ੍ਰਭੂ ਦੇ) ਗੁਣ ਕਥਨ ਕਰਾਂ, ਗੁਣਾਂ ਦਾ ਵਿਸਥਾਰ ਕਰਾਂ ਤੇ ਗੁਣਾਂ ਦਾ ਗਾਇਨ ਕਰਾਂ, (ਮੈਨੂੰ) ਗੁਰਮੁਖ ਸਜਣ ਜੋ (ਸੁਤੇ ਸੁਭਾ) ਉਪਕਾਰੀ ਹੁੰਦੇ ਹਨ, (ਮਿਲ ਪਏ ਸੋ ਉਨ੍ਹਾਂ) ਸਜਣਾਂ ਨੂੰ ਮਿਲਕੇ (ਮੈਂ) ਹਰੀ ਦੇ ਗੁਣ ਗਾਇਨ ਕੀਤੇ। (ਅਤੇ ਇਸ ਦੇ ਨਾਲ) ਨਾਮ ਦੇ ਗੂੜ੍ਹੇ ਲਾਲ ਰੰਗ (ਦੇ ਚੜ੍ਹ ਜਾਣ)ਕਰਕੇ ਹੀਰੇ ਨਾਲ ਮੇਰਾ ਹੀਰਾ ਮਿਲਕੇ ਵਿਨ੍ਹਿਆ ਗਿਆ॥੧॥
ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥ ਅੰਤਰਿ ਪਿਆਸ	ਹੇ ਮੇਰੇ ਵਾਹਿਗੁਰੂ! (ਮੇਰੀ ਹੁਣ ਬੀ ਇਹੀ ਅਭਿਲਾਖਾ ਹੈ ਕਿ ਆਪ ਦੇ) ਗੁਣ ਗਾਉਂਦਾ ਰਹਾਂ ਜੋ ਮਨ ਵਿਚ ਤ੍ਰਿਪਤੀ ਹੋਈ

ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥

ਰਹੇ, (ਹਾਂ ਹੋਰ ਪਿਆਸਾਂ ਤਾਂ ਬੁਝ ਜਾਣ ਪਰ) ਅੰਦਰ (ਮੇਰੇ) ਹਰੀ ਨਾਮ ਦੀ ਪਿਆਸ (ਲਗੀ ਰਹੇ) ਉਸ (ਹਰੀ ਨਾਮ ਦੀ ਜੋ) ਗੁਰੂ ਤ੍ਰੁੱਠ ਕੇ ਮਿਲਾਉਂਦਾ ਹੈ॥੧॥ ਰਹਾਉ॥

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥ ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥

ਹੇ ਵੱਡੇ ਭਾਗਾਂ ਵਾਲੇ (ਗੁਰ ਸਿਖੋ! ਜੇ ਤੁਸੀਂ ਬੀ ਇਹ ਪਦ ਲੋੜਦੇ ਹੋ ਤਾਂ ਆਪਣੇ) ਮਨ ਨੂੰ (ਪ੍ਰੇਮ ਭਾਵਨਾ ਨਾਲ) ਰੰਗ ਲਓ (ਤਾਂ ਜੋ) ਤ੍ਰੁੱਠਾ ਹੋਇਆ (ਗੁਰੂ ਤੁਸਾਂ ਤੇ ਬੀ) ਕ੍ਰਿਪਾ ਕਰੇ। (ਦੇਖੋ ਇਸ ਵੇਲੇ) ਗੁਰੂ (ਗੋਇੰਦਵਾਲ ਬੈਠਾ) ਪ੍ਰੇਮ ਨਾਲ (ਸਿੱਖਾਂ ਨੂੰ) ਨਾਮ ਦ੍ਰਿੜ ਕਰਾ ਰਿਹਾ ਹੈ, ਮੈਂ (ਇਸ) ਸਤਿਗੁਰੂ ਤੋਂ ਸਦਕੇ ਜਾਵਾਂ। (ਪੱਕ ਜਾਣੋ) ਸਤਿਗੁਰੂ ਤੋਂ ਬਿਨਾਂ ਹਰੀ ਦਾ ਨਾਮ ਨਹੀਂ ਲੱਭਦਾ (ਚਾਹੋ) ਲਖ ਕ੍ਰੋੜਾਂ (ਹੋਰ) ਕਰਮ ਕਮਾ ਲਓ॥੨॥

ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥

(ਪਰ) ਭਾਗਾਂ ਤੋਂ ਬਿਨਾ ਸਤਿਗੁਰੂ ਨਹੀਂ ਮਿਲਦਾ (ਇਥੋਂ ਤਾਂਈ ਕਿ) ਸਦਾ ਨੇੜੇ ਵਸਦਿਆਂ (ਤੇ) ਘਰ ਵਿਚ ਪਾਸ ਬੈਠਿਆਂ (ਬੀ ਨਹੀਂ) ਮਿਲਦਾ। (ਕਾਰਣ ਇਹ ਹੁੰਦਾ ਹੈ ਕਿ ਉਨ੍ਹਾਂ ਜੀਵਾਂ ਦੇ) ਅੰਦਰ (ਪਹਿਲੋਂ ਤਾਂ) ਅਗ੍ਯਾਨ ਦਾ ਦੁਖ ਹੁੰਦਾ ਹੈ (ਫੇਰ ਜੇ ਕੁਛ ਸਮਝ ਪੈਂਦੀ ਹੈ ਤਾਂ) ਭਰਮ (ਪੈਂਦਾ ਰਹਿੰਦਾ ਹੈ ਕਿ ਖ਼ਬਰੇ ਜੋ ਸਮਝੇ ਪਿਆ ਹੈ ਠੀਕ ਹੈ ਕਿ ਨਹੀਂ, ਇਹ ਅਗ੍ਯਾਨ ਤੇ ਭਰਮ ਇਕ) ਪੜਦਾ (ਹੋਕੇ) ਵਿਚ (ਤਣਿਆ ਰਹਿੰਦਾ ਹੈ, ਜਿਸ ਕਰਕੇ ਨੇੜੇ ਹੁੰਦਿਆਂ) ਦੂਰੀ ਵਾਪਰੀ ਰਹਿੰਦੀ ਹੈ। (ਸੋ ਜਿਵੇਂ) ਬੇੜੀ ਦੇ ਪਾਸ ਹੁੰਦਿਆਂ ਲੋਹਾ (ਵਿਚ ਨਾ ਚੜ੍ਹਨ ਕਰਕੇ ਡੁੱਬ ਜਾਂਦਾ ਹੈ ਤਿਵੇਂ) ਮਨਮੁਖ (ਚਾਹੋ ਨਿਕਟ ਵਰਤੀ ਹੋਵੇ ਭਵ ਸਾਗਰ ਵਿਚ) ਡੁਬ ਜਾਂਦਾ ਹੈ। (ਯਾ ਇਉਂ ਸਮਝੋ ਕਿ ਜਿਵੇਂ ਲੋਹਾ ਪਾਰਸ ਦੇ ਕੋਲ ਪਿਆ, ਛੋਹੇ ਬਿਨਾਂ, ਸੋਨਾ ਨਹੀਂ ਬਣ ਸਕਦਾ ਤਿਵੇਂ ਮਨਮੁਖ) ਸਤਿਗੁਰੂ (ਦੇ ਗ੍ਰਿਹਿ ਵਸਦਾ ਉਸ ਨੂੰ) ਮਿਲੇ ਬਿਨਾ (ਅਰਥਾਤ ਸ਼ਰਧਾ ਸਿਦਕ ਨਾਲ ਸਤਿਸੰਗ ਕੀਤੇ ਬਿਨਾ) ਕੰਚਨ (ਸ਼ੁੱਧ ਸਰੂਪ) ਨਹੀਂ ਬਣ ਸਕਦਾ॥੩॥

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥

(ਹੁਣ ਆਪ ਹੀ ਪ੍ਰਸ਼ਨ ਕਰਦੇ ਹਨ:-)

ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥ ੪॥੩॥੬੭॥

ਸਤਿਗੁਰੂ ਹਰੀ ਦੇ ਨਾਮ ਦਾ (ਮਾਨੋ) ਜਹਾਜ਼ ਹੈ, ਉਸ ਉੱਪਰ ਕੀਕੂ ਚੜ੍ਹਿਆ ਜਾਵੇ? (ਉੱਤਰ ਹੁਣ ਆਪ ਹੀ ਦੇਂਦੇ ਹਨ:-) ਜੋ (ਕੋਈ) ਸਤਿਗੁਰੂ ਦੇ ਭਾਣੇ ਵਿਚ ਟੁਰੇ ਉਹ (ਸਮਝ ਲਓ ਕਿ) ਜਹਾਜ਼ ਵਿਚ ਚੜ੍ਹ ਬੈਠਾ ਹੈ। ਹੇ ਨਾਨਕ! (ਓਹ) ਧੰਨ ਹਨ (ਓਹ) ਧੰਨ ਹਨ, (ਓਹ) ਵਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸਤਿਗੁਰੂ (ਆਪਣੇ ਨਾਮ ਜਹਾਜ਼ ਤੇ ਚੜ੍ਹਾਕੇ ਹਰੀ ਨਾਲ) ਮਿਲਾ ਲੈਂਦਾ ਹੈ[1]॥੪॥੩॥੬੭॥

[1]ਅਥਵਾ ਆਪਣੇ ਨਾਲ ਮਿਲਾ ਲੈਂਦਾ ਹੈ।

ਵਯਾਖਯਾ—ਰਹਾਉ ਦੇ ਅੰਤ ਤਕ ਵਾਹਿਗੁਰੂ ਦੇ ਗੁਣ ਕਥਨ ਅਰਥਾਤ ਸਿਫਤ ਸਲਾਹ ਕਰਨੇ ਦੀ ਅਪਣੀ ਅਭਿਲਾਖ ਤੇ ਵਿਥਿਆ ਦੱਸੀ ਹੈ, ਮਾਨੋ ਉੱਤਮ ਪੁਰਖ ਦੁਆਰਾ ਮੱਧਮ ਪੁਰਖ ਤੇ ਅੰਨਜ ਪੁਰਖ ਨੂੰ ਉਪਦੇਸ਼ ਦੇ ਰਹੇ ਹਨ ਕਿ ਹੇ ਭਾਈ! ਐਸਾ ਤੁਸੀਂ ਬੀ ਕਰੋ। ਫੇਰ ਉਸ ਦਾ ਫਲ ਦੱਸਿਆ ਹੈ ਤੇ ਫਲ ਪ੍ਰਾਪਤੀ ਦੇ ਉਪ੍ਰੰਤ ਬੀ ਆਪਣੀ ਉਹੋ ਅਭਿਲਾਖ 'ਗੁਣ ਗਾਇਨ' ਦੀ ਕਹੀ ਹੈ। ਅੰਕ ੧ ਵਿਚ ਦੱਸਿਆ ਹੈ ਕਿ ਮੈਨੂੰ ਹਰੀ ਗੁਣ ਗਾਇਨ ਦੀ ਅਭਿਲਾਖ ਸੀ, ਗੁਰਮੁਖਾਂ ਨੂੰ ਮਿਲਕੇ ਪੂਰੀ ਹੋਈ। ਇਸ ਗੁਣ ਗਾਇਨ ਤੇ ਹਰੀ ਦੇ ਨਾਮ-ਰੰਗ ਦੇ ਗੂੜੇ ਚੜ੍ਹਾਉ ਕਰਕੇ 'ਨਾਮੀ' ਤਕ ਪਹੁੰਚ ਹੋ ਗਈ, ਤਦ ਮੇਰਾ 'ਜੀਵ', ਜੋ ਮਨ ਨਾਲ ਅਭੇਦ ਹੋ ਰਿਹਾ ਸੀ, ਵਿੰਨ੍ਹਿਆ ਗਿਆ, ਭਾਵ ਜੀਵ ਸ਼ੁੱਧ ਹੋਕੇ ਮਾਯਾ ਤੋਂ ਅਲੱਗ ਹੋਕੇ ਪਰਮਾਤਮਾਂ ਵਿਚ ਮਿਲ ਗਿਆ। ਨਾਮ ਨੇ ਸਾਈਂ ਸਮੀਪਤਾ ਲਿਆਕੇ ਉਸ ਨਾਮੀ ਦੀ ਛੁਹ ਨਾਲ ਮੈਨੂੰ ਉਸ ਨਾਮੀ ਵਿਚ ਅਭੇਦ ਕਰ ਦਿੱਤਾ। ਰਹਾਉ ਵਿਚ ਫੇਰ 'ਗੁਣ ਗਾਇਨ' ਤੇ 'ਨਾਮ' ਦੀ ਅਭਿਲਾਖ ਹੈ। ਇਸ ਦਾ ਇਹ ਭਾਵ ਨਹੀਂ ਕਿ ਪਰਮ ਪਦ ਦੇ ਮਾਲਕ ਵਕਤਾ ਜੀ ਅਜੇ 'ਗੁਣ ਗਾਇਨ ਤੇ ਨਾਮ' ਤੋਂ ਵਿਰਵੇ ਹੋਕੇ ਯਾਚਨਾ ਕਰ ਰਹੇ ਹਨ। ਪਰ ਇਹ ਕਿ ਪਰਮਾਤਮ ਗਯਾਨ ਦੀ ਪ੍ਰਾਪਤੀ ਤੋਂ ਉਪਰੰਤ ਗਯਾਨਵਾਨ ਦਾ ਜੀਵਨ ਰਸਮਈ ਹੋਣਾ ਚਾਹੀਏ। ਉਸ ਪੁੱਗੇ ਮਹਾਂ ਪੁਰਖ ਦੇ ਰਸ ਆਵੇਸ਼ ਵਿਚ ਰਹਿਣੇ ਦਾ ਉਪਦੇਸ਼ ਦਿਤਾ ਹੈ। ਉਹ ਕਿਵੇਂ 'ਰਸਮਯਤਾ' ਯਾ 'ਰਸ ਰੂਪਤਾ' ਸੰਸਾਰਕ ਉਲਝਨਾ ਤੇ ਜ਼ਿੰਮੇਵਾਰੀਆਂ ਵਿਚ ਸਿਥਿਲ ਨਾ ਹੋ ਜਾਵੇ, ਆਪ ਨਿਜ ਅਭਿਲਾਖ ਦੁਆਰਾ ਉਪਦੇਸ਼ ਕਰਦੇ ਹਨ ਕਿ ਹੁਣ 'ਤ੍ਰਿਪਤੀ' ਪ੍ਰਾਪਤ ਰਹੇ। ਹੁਣ ਕੋਈ ਲਾਲਸਾ, ਕੋਈ ਮੰਗ, ਕੋਈ ਉਲਝਣ ਕੋਈ ਬੇਪਰਵਾਹੀ ਰਸਮਯਤਾ ਵਿਚੋਂ ਕੱਢਕੇ ਅੰਤਰ ਪ੍ਰਾਪਤ ਤ੍ਰਿਪਤੀ ਨੂੰ ਹਾਨੀ ਨਾ ਕਰੇ। ਇਹ ਤ੍ਰਿਪਤੀ ਨਿਰੀ ਰੱਜ ਮਾਤ੍ਰ ਨਹੀਂ। ਇਹ ਵਾਹਿਗੁਰੂ ਨੂੰ ਪ੍ਰਾਪਤ ਸਦਾ ਉਸ ਦੇ ਰੰਗ ਰੱਤੜੇ ਦੀ ਉਸ ਵਿਚ ਅਵਿਛੜ ਮੇਲ ਦੀ ਤ੍ਰਿਪਤੀ ਹੈ। ਵਾਚਯ ਗਯਾਨੀਆਂ ਪ੍ਰਤਿ ਉਪਦੇਸ਼ ਹੈ ਕਿ ਗਯਾਨ ਪਾਕੇ ਰੰਗ ਰੱਤੜੇ ਰਹੋ, ਗੁਣ ਗਾਇਨ, ਹਰੀ ਕੀਰਤਨ, ਹਰੀ ਨਾਮ ਦਾ ਲੜ ਨਾ ਛਡੋ ਤਾਂ ਜੀਵਨ ਰਸ ਰੂਪ ਰਹੇਗਾ। ਯਾ ਇਉਂ ਕਹੋ ਕਿ ਗਯਾਨ ਪਾਕੇ 'ਬ੍ਰਿਤੀ' ਵਿਚ ਰਸ ਰੂਪ ਉਹ ਅਕਾਲ ਪੁਰਖ ਜੀਵਨ ਪ੍ਰਯੰਤ ਆਰੂੜ ਰਹੇ। ਇਥੋਂ ਤਾਈਂ ਅਪਣੇ ਤੇ ਕਹਿਕੇ ਅਰਥਾਤ ਉੱਤਮ ਪੁਰਖ ਦੁਆਰਾ ਉਪਦੇਸ਼ ਕੀਤਾ ਸੀ[1], ਹੁਣ ਅੰਕ ੨ ਵਿਚ ਗੁਰ ਸਿਖਾਂ ਪ੍ਰਤੀ ਯਾ ਜੀਵਾਂ ਪ੍ਰਤੀ ਸਿੱਧਾ ਉਪਦੇਸ਼ ਕਰਦੇ ਹਨ ਕਿ ਗੁਰੂ ਤੋਂ ਬਿਨਾਂ 'ਸਫ਼ਲਤਾ ਦਾ ਦਾਤਾ ਨਾਮ' ਪ੍ਰਾਪਤ ਨਹੀਂ ਹੁੰਦਾ, ਸੋ ਗੁਰੂ ਕੀ ਸ਼ਰਣ ਲਵੋ।

ਇਥੇ ਕੁ ਆਕੇ ਕੋਈ ਪ੍ਰਸ਼ਨ ਹੋ ਜਾਂਦਾ ਹੈ ਕਿ ਗੁਰੂ ਕੇ ਗ੍ਰਿਹ ਵਸਦੇ ਯਾ ਨੇੜੇ ਤੇੜੇ ਰਹਿੰਦੇ ਲੋਕ ਸੇਵਾ ਕਰਦੇ ਯਾ ਨਾ ਕਰਦੇ ਖਾਲੀ ਕਿਉਂ ਰਹਿ ਜਾਂਦੇ ਹਨ? ਯਾ ਦੈਵੀ ਵਕਤਾ ਜੀ ਦੀ ਅਪਣੀ ਨਜ਼ਰ ਉਹਨਾਂ ਅਭਾਗ ਜੀਵਾਂ ਤੇ ਜਾ ਪਈ ਹੈ ਜੋ ਸਤਿਗੁਰੂ ਅਮਰ ਦਾਸ ਦੇ ਨਿਕਟ ਵਰਤੀ ਹੋ ਕੇ ਨਹੀਂ ਤਰੇ। ਉਸ ਦਾ ਅੰਕ ੩ ਵਿਚ ਕਾਰਣ ਦੱਸਦੇ ਹਨ ਕਿ ਉਹਨਾਂ ਨੂੰ ਸੋਝੀ ਨਹੀਂ ਪੈਂਦੀ ਕਿ ਇਹ ਗੁਰੂ ਹੈ। ਉਹ ਸਰੀਰ ਦੇਖਦੇ ਹਨ, ਸਰੀਰਕ ਕ੍ਰਿਯਾ ਦੇਖਦੇ ਹਨ, ਉਹ ਗੁਰੂ ਦੇ ਆਤਮ ਗੁਣਾਂ ਤੋਂ ਅਗਯਾਤ ਰਹਿੰਦੇ ਹਨ, ਗੁਰੂ ਦੀ ਆਤਮ ਗੰਮਤਾ ਦੀ ਸੋਝੀ ਨਹੀਂ ਪੈਂਦੀ ਨੇ। ਜੇ ਕੁਛ ਪੈਂਦੀ ਹੈ ਤਾਂ ਭਰਮ ਪੈਂਦਾ ਹੈ ਕਿ ਖ਼ਬਰੇ ਸੋਝੀ ਜੋ ਆ ਪੈਂਦੀ ਹੈ ਠੀਕ ਹੈ ਕਿ ਗ਼ਲਤ ਹੈ। ਉਹਨਾਂ ਨੂੰ ਸਾਕੇਦਾਰੀ ਯਾ ਮਿਤ੍ਰਤਾ ਤੇ ਮਾਣ ਦਾਵੇ ਨੀਵਾਂ ਨਹੀਂ ਹੋਣ ਦੇਂਦੇ, ਯਾ ਸੇਵਾ ਦਾ ਅਭਿਮਾਨ ਅੰਦਰ ਸ੍ਰੱਛ ਨਹੀਂ ਹੋਣ ਦੇਂਦਾ। ਇਸ ਤਰ੍ਹਾਂ ਦੇ ਅਗਯਾਨ ਦੇ ਦੁਖ ਤੇ ਭਰਮ ਪਰਦਾ ਬਣਕੇ ਉਹਨਾਂ ਦੇ ਅੱਗੇ ਤਣੇ ਰਹਿੰਦੇ ਹਨ ਤੇ ਗੁਰੂ ਦੇ 'ਜੀਵ ਸਰੂਪ' ਨੂੰ ਦੇਖਦੇ ਹੋਏ ਗੁਰੂ ਦੇ 'ਗੁਰੂ ਸਰੂਪ' ਤੇ 'ਬ੍ਰਹਮ ਸਰੂਪ' ਨੂੰ ਓਹ ਨਹੀਂ ਸਮਝਦੇ ਤੇ ਅੰਦਰੋਂ ਸ਼ਰਧਾ ਪਯਾਰ ਨਾਲ ਨਹੀਂ ਝੁਕਦੇ। ਅੰਕ ੪ ਵਿਚ ਆਪ ਹੀ ਪ੍ਰਸ਼ਨ ਕਰਕੇ

[1] ਇਸ ਦਾ ਇਹ ਮਤਲਬ ਨਹੀਂ ਕਿ ਸ਼ਬਦ ਗੁਰੂ ਗਾਦੀ ਤੋਂ ਪਹਿਲੋਂ ਉਚਾਰਿਆ ਸੀ ਪਰ ਇਹ ਕਿ ਪਹਿਲੀ ਪ੍ਰੇਮ ਦੀ ਅਵਸਥਾ ਦੱਸਕੇ ਪ੍ਰੇਮ ਧਾਰਨੇ ਦਾ ਉਪਦੇਸ਼ ਕੀਤਾ ਹੈ।

ਤੇ ਆਪ ਹੀ ਉੱਤਰ ਦੇਕੇ ਜਾਚ ਦੱਸਦੇ ਹਨ ਕਿ ਗੁਰੂ ਰੂਪੀ ਜਹਾਜ਼ ਤੇ ਕੀਕੂੰ ਚੜ੍ਹਿਆ ਜਾਵੇ ਅਰਥਾਤ ਉਸੇ ਸਤਿਸੰਗ ਤੋਂ ਕੀਕੂੰ ਮੁਕਤੀ ਪ੍ਰਾਪਤ ਕੀਤੀ ਜਾਵੇ। ਇਹ ਜਾਚ ਇਕੋ ਸਤਰ ਵਿਚ ਸੂਤਰ ਰੂਪ ਕਰਕੇ ਦੱਸੀ ਹੈ ਕਿ ਗੁਰੂ ਕੇ ਭਾਣੇ ਵਿਚ ਟੁਰਨ ਕਰਕੇ ਗੁਰੂ ਦਾ ਸਫਲ ਸਤਿਸੰਗ ਪ੍ਰਾਪਤ ਹੁੰਦਾ ਹੈ। ਭਾਣੇ ਵਿਚ ਉਹੋ ਟੁਰੇਗਾ ਜੋ ਨਿਸ਼ਚੇ ਵਿਚ ਆਯਾ ਹੈ ਕਿ ਇਹ ਗੁਰੂ ਹੈ। ਨਿਸ਼ਚੇ ਵਿਚ ਆਕੇ ਭਾਣੇ ਵਿਚ ਉਹੋ ਟੁਰੇਗਾ ਜੋ ਸ਼ਰਣ ਆਵੇਗਾ। ਸ਼ਰਣ ਆਕੇ ਉਸ ਨੂੰ ਨਾਮ, ਬਾਣੀ (ਗੁਣ ਗਾਇਨ) ਪ੍ਰਾਪਤ ਹੋਣਗੇ, ਜੋ ਇਨ੍ਹਾਂ ਤੇ ਅਮਲ ਕਰੇਗਾ, ਕਿਉਂਕਿ ਗੁਰੂ ਕੀ ਖੁਸ਼ੀ ਇਸੇ ਕਮਾਈ ਵਿਚ ਹੁੰਦੀ ਹੈ। ਫੇਰ ਗੁਰੂ ਸ਼ਰਣ ਵਿਚ ਰਹਿੰਦਿਆਂ ਗੁਰੂ ਉਪਦੇਸ਼ ਸੁਣਨੇ ਦੇ ਸਮੇਂ ਆਉਣਗੇ, ਉਹਨਾਂ ਤੇ ਅਮਲ ਕਰਦਿਆਂ ਜੀਵ ਦੇ ਕਰਤੱਵ ਸਾਰੇ ਸੰਵਰ ਜਾਣਗੇ। ਸੋ 'ਭਾਣੇ ਵਿਚ ਟੁਰਨਾ' ਕਹਿਕੇ ਇਤਨਾ ਤੇ ਕੁਛ ਹੋਰ ਭਾਵ ਇਕ ਤੁਕ ਵਿਚ ਰਖ ਦਿਤਾ ਹੈ।

ਨਿਰੁਕ੍ਤ-ਵਿਥਰਾ-ਵੀਥਰਾਂ-(ਸੰਸ:, ਪਦ 'ਵਿਸ੍ਤਾਰ:' ਦਾ ਪੰਜਾਬੀ ਕ੍ਰਿਯਾ ਰੂਪ ਪਦ ਹੈ। ਵਿਸਤਾਰ ਕਰਾਂ। ਫੈਲਾਵਾਂ। ਭਾਵ ਵਜਾਖਜਾ ਆਦਿ ਨਾਲ ਖੁਹਲਕੇ ਨਿਰੂਪਣ ਕਰਾਂ।

ਗੁਣ ਬੋਲੀ- ਦਾ ਭਾਵ ਹੈ, ਕਥਨ ਦੁਆਰਾ, ਵਾਰਤਕ ਗੁਫਤਗੂ ਦੁਆਰਾ, ਗੁਣਾਂ ਦਾ ਕਥਨ ਕਰਾਂ. ਵਿਥਰਾ ਦਾ ਭਾਵ ਹੈ ਉਹਨਾਂ ਗੁਣਾਂ ਦੀ ਵਜਾਖਜਾ ਯਾ ਨਿਰੂਪਣ ਕਰਾਂ ਜਿਵੇਂ ਕਿ ਕਥਾ ਵਿਚ ਕਰੀਦਾ ਹੈ। ਗਾਵਾ ਦਾ ਭਾਵ ਹੈ, ਗਾਇਨ ਕਰਾਂ। ਜੈਸੇ ਗੁਰਬਾਣੀ ਦੇ ਸ਼ਬਦਾਂ ਵਿਚ ਆਏ ਵਾਹਿਗੁਰੂ ਦੇ ਯਸ਼ ਤੇ ਗੁਣਾਂ ਦਾ ਕੀਰਤਨ ਕਰੀਦਾ ਹੈ।

ਗੁਣਕਾਰੀਆ-(ਗੁਣਕਾਰੀ=ਗੁਣ ਕਰਨ ਵਾਲਾ, ਜਿਸ ਦਾ ਸੁਭਾਵ ਦੂਸਰਿਆਂ ਨੂੰ ਅਪਣੇ ਗੁਣ ਦਾਨ ਕਰਨੇ ਦਾ ਹੈ।) ਭਲਿਆਈ ਹੀ ਕਰਨ ਵਾਲੇ।

ਹੀਰੈ ਹੀਰੁ-ਹੀਰੇ ਨਾਲ ਹੀਰਾ ਮਿਲਕੇ ਵਿੰਨ੍ਹਿਆ ਗਿਆ।

ਹੀਰੇ ਨੂੰ ਛੇਕ ਕੋਈ ਸ਼ੈ ਨਹੀਂ ਪਾ ਸਕਦੀ ਕਿਉਂਕਿ ਹੀਰਾ ਸਭ ਤੋਂ ਵਧੀਕ ਕਰੜਾ ਹੁੰਦਾ ਹੈ, ਇਸ ਨੂੰ ਹੀਰੇ ਦਾ ਵਰਮਾ ਹੀ ਛੇਕ ਪਾਉਂਦਾ ਹੈ। ਕਈ ਕਹਿੰਦੇ ਹਨ ਕਿ ਇਕ ਹੀਰਾ ਕੁਛ ਸਾਂਵਲੀ ਝਾਲ ਦਾ ਹੁੰਦਾ ਹੈ, ਉਸ ਨੂੰ ਕਈ ਫਰਕ ਕਰਨੇ ਲਈ ਅਲਮਾਸ ਕਹਿ ਲੈਂਦੇ ਹਨ, ਇਸ ਦੀ ਕਰੜਾਈ ਵਧੇਰੇ ਹੋਣ ਕਰਕੇ ਇਸ ਨਾਲ ਛੇਕ ਪਾਉਂਦੇ ਹਨ। ਉਂਞ ਅਰਬੀ ਵਿਚ ਅਲਮਾਸ ਨਾਮ ਆਮ ਹੀਰੇ ਦਾ ਹੀ ਹੈ।

ਇਹ ਦ੍ਰਿਸ਼ਟਾਂਤ ਹੈ, ਵਰਤਦੇ ਇਸ ਲਈ ਹਨ ਕਿ ਜੀਵ ਨੂੰ ਜੀਵੱਤ੍ਵ ਭਾਵ ਦੀ ਹਉਮੈ ਤੋਂ ਸ਼ੁੱਧ ਕਰਨੇ ਲਈ ਪਰਮਾਤਮ ਦੇਵ ਦੀ ਅਪਣੀ ਝਲਕ ਯਾ ਉਸ ਦੇ ਸ਼ੁੱਧ ਗਜਾਨ ਦਾ ਚਾਨਣ ਹੀ ਅਸਰ ਕਰਦਾ ਹੈ।

ਕਈ ਸਜਣ ਵਾਕ ਦਾ ਅਰਥ ਐਉਂ ਬੀ ਲਾਉਂਦੇ ਹਨ:-

੧. ਸਤਿਗੁਰੂ ਹੀਰਾ ਹੈ ਉਸ ਨਾਲ ਮਿਲਕੇ ਮਨ ਰੂਪੀ ਹੀਰਾ ਵਿੰਨ੍ਹਿਆ ਗਿਆ।

੨. ਗੁਰੂ ਦੇ ਉਪਦੇਸ਼ ਰੂਪੀ ਹੀਰੇ ਨਾਲ ਮਨ ਰੂਪੀ ਹੀਰਾ ਵਿੰਨ੍ਹਿਆ ਗਿਆ।

੩. ਨਾਮ ਰੂਪੀ ਹੀਰੇ ਨਾਲ ਮਨ ਰੂਪੀ ਹੀਰਾ ਵਿੰਨ੍ਹ ਹੋ ਗਿਆ। ਯਥਾ:-

ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ॥ (ਆਸਾ ਕਬੀਰ-੩੧)

ਚਲੂਲੈ-(ਪੁ: ਪੰਜਾਬੀ)[1] ਚਲੂਲ=ਲਾਲ ਰੰਗ ਜੋ ਅਸਲੀ ਤੇ ਅਪਣਾ ਹੋਵੇ। ਯਥਾ:-

ਸੂਕੇ ਕਾਸਟ ਹਰੇ ਚਲੂਲ॥ (ਰਾਮ: ਮ: ੫-੫੦)

---

[1]ਪਹਾੜਾਂ ਵਿਚ ਇਕ ਪੇੜ ਹੁੰਦਾ ਹੈ 'ਚੁਲੂ', ਉਸ ਨੂੰ ਲਾਲ ਫੁਲ ਪੈਂਦਾ ਹੈ, ਫਲ ਖੁਰਮਾਨੀ ਵਰਗਾ ਹੁੰਦਾ ਹੈ।

ਅੰਬ ਬੋਹੜ ਆਦਿ ਦਾ ਸੁੱਕਾ ਬ੍ਰਿਛ ਜੇ ਹਰਾ ਹੋਵੇ ਤਾਂ ਉਸ ਦੇ ਪਹਿਲੇ ਪੱਤੇ ਲਾਲ ਫੁੱਟਦੇ ਹਨ, ਇਹ ਲਾਲ ਰੰਗ ਅੰਦਰਲਾ ਅਪਣਾ ਹੁੰਦਾ ਹੈ। ਇਸ ਕਰਕੇ ਇਸ ਦਾ ਦ੍ਰਿਸ਼ਟਾਂਤ ਵਰਤਦੇ ਹਨ। ਪ੍ਰੇਮ ਦੇ ਅਸਰ ਨਾਲ ਆਤਮ ਰੰਗ ਜੋ ਨਿਖਰਦਾ ਹੈ, ਸੋ ਆਤਮਾ ਦਾ ਅਪਣਾ ਰੰਗ ਹੁੰਦਾ ਹੈ।

ਤੁਸਿ-ਤ੍ਰੁੱਠ ਕੇ। **ਤ੍ਰੁਠਾ**-ਤ੍ਰੁੱਠਾ ਹੋਇਆ। **ਕੋਟੀ**-ਕ੍ਰੋੜਾਂ।

ਕੰਚਨ ਨ ਥੀਐ-(ਸੰਸ:, ਕਾਂਚਨੰ=ਸੋਨਾ) ਸੋਨਾ ਨਹੀਂ ਹੋ ਜਾਂਦਾ। ਕੰਚਨ ਹੋ ਜਾਣ ਤੋਂ ਭਾਵ ਸ਼ੁੱਧ ਤੇ ਨੀਵੀਂ ਧਾਤ ਤੋਂ ਉੱਚੀ ਧਾਤ ਹੋ ਜਾਣੇ ਦਾ ਹੈ। ਕੰਚਨ ਦੀ ਮੁਰਾਦ ਹੈ ਜੀਵ ਦੇ ਸ਼ੁੱਧ ਸਰੂਪ ਹੋ ਜਾਣੇ ਦੀ।

ਇਥੇ ਦੋ ਦ੍ਰਿਸ਼ਟਾਂਤ ਵਰਤੇ ਹਨ। ਇਕ ਕੰਚਨ ਨਾ ਹੋਣ ਦਾ, ਦੂਏ ਡੁੱਬਣ ਦਾ। ਕਿਉਂਕਿ ਦੋ ਅਵਸਥਾ ਦੇ ਦਿਖਾਣ ਤੋਂ ਮੁਰਾਦ ਹੈ, ਇਕ ਪਾਪੀਆਂ ਦੇ ਗੁਰੂ ਹੀਣ ਰਹਿਣ ਕਰਕੇ ਭਵਸਾਗਰ ਵਿਚ ਡੁੱਬੇ ਰਹਿਣ ਦੀ, ਦੂਸਰੀ ਹੈ ਸ਼ੁੱਧ ਹੋਕੇ ਪਰਮ ਪਦ ਪਹੁੰਚਣੇ ਦੀ। ਪਹਿਲੇ ਲਈ ਲੋਹੇ ਦਾ ਬੇੜੀ ਤੇ ਨਾ ਚੜਨ ਨਾਲ ਦ੍ਰਿਸ਼ਟਾਂਤ ਦਿਤਾ ਹੈ ਕਿ ਉਹ ਨਾਂ ਚੜਨ ਕਰਕੇ ਡੁੱਬ ਜਾਂਦਾ ਹੈ, ਤੇ ਦੂਸਰੇ ਦਾ ਦ੍ਰਿਸ਼ਟਾਂਤ ਲੋਹੇ ਦੇ ਕੰਚਨ ਨਾਲ ਨਾ ਛੁਹਣ ਕਰਕੇ ਸ਼ੁੱਧ ਸੋਨਾ ਨਾ ਹੋਣੇ ਨਾਲ ਦਿਤਾ ਹੈ।

ਮਨਮੁਖ ਮਾਨੋ ਸੁੰਨ (੦) ਅਵਸਥਾ ਤੇ ਖੜਾ ਹੈ। ਗੁਰੂ ਦਾ ਸਤਿਸੰਗ ਨਾ ਕਰਨੇ ਕਰਕੇ ਉਹ (-) ਰਿਣ ਵਿਚ ਜਾਵੇਗਾ। ਕਿਉਂਕਿ ਦਿਨੋ ਦਿਨ ਉਸ ਨੇ ਹਉਂ ਹੰਕਾਰ ਦੇ ਕਰਮ ਤੇ ਵਿਕਾਰ ਕਰ ਕਰਕੇ ਘਾਟੇ ਵਿਚ ਜਾਣਾਂ ਹੈ। ਭਾਵ ਤੋਟੇ ਦੇ ਪੱਖ ਵਿਚ ਗਿਆ, ਗੁਰੂ ਦੀ ਦੈਵੀ ਛੁਹ ਨਾ ਪ੍ਰਾਪਤ ਕਰਨ ਕਰਕੇ ਉਹ (+) ਧਨ ਪੱਖ ਹੋ ਜਾਣੋ ਵਾਂਜਿਆ ਗਿਆ, ਅਰਥਾਤ ਲਾਹੇ ਦੇ ਪੱਖ ਤੋਂ ਵਾਂਜਿਆ ਗਿਆ। ਇਸ ਕਰਕੇ ਗੁਰਬਾਣੀ ਵਿਚ ਤੋਟਾ ਲਾਹਾ ਪਦ ਬੀ ਵਰਤਦੇ ਹਨ।

ਦੋ ਭਾਵਾਂ ਲਈ ਇਕੋ ਵਸਤੂ ਦੀਆਂ ਦੋ ਅਵਸਥਾ ਦੱਸਕੇ ਦੋ ਦ੍ਰਿਸ਼ਟਾਂਤ ਵਰਤਣੇ ਕਾਵਜ ਦੀ ਖ਼ੂਬੀ ਹੈ।

(ਸਿਰੀ ਰਾਗੁ ਮਹਲਾ ੪, ਚਉਪਦਾ-੬੮)

ਪ੍ਰਾਕ੍ਰਥਨ-ਇਸ ਸ਼ਬਦ ਵਿਚ ਪ੍ਰਭੂ ਦੇ ਮਿਲਣੇ ਦੀ ਤੀਬਰ ਅਭਿਲਾਖਾ ਤੇ ਗੁਰੂ ਦੁਆਰਾ ਮਿਲ ਪੈਣੇ ਤੇ ਗੁਰੂ ਦੀ ਸਲਾਹੁਤ ਤੇ ਉਪਮਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ॥	
ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥ ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥੧॥	ਮੈਂ (ਜਗਜਾਸੂ ਰੂਪੀ ਇਸਤ੍ਰੀ) ਸਦਾ (ਪੰਧ ਸਿਰ) ਖੜੋਤੀ (ਰਾਹੀਆਂ ਤੋਂ) ਰਾਹ ਪੁਛਦੀ ਰਹਿੰਦੀ ਹਾਂ, (ਕਿ ਮੈਨੂੰ) ਕੋਈ ਪ੍ਰਭੂ (ਦਾ ਰਾਹ ਦਸਣੇ ਵਾਲਾ) ਦਸੇ (ਤਾਂ ਮੈਂ) ਉਸ (ਰਾਹ ਦਸਣੇ ਵਾਲੇ) ਪਾਸ ਜਾਵਾਂ। (ਤਾਂ ਜੋ) ਜਿਨ੍ਹਾਂ ਨੇ ਮੇਰੇ ਪਿਆਰੇ (ਦੇ ਮਿਲਾਪ ਦਾ ਰਸ) ਮਾਣਿਆ ਹੈ (ਮੈਂ) ਉਨ੍ਹਾਂ ਦੇ ਪਿਛੇ ਲੱਗੀ ਫਿਰਾਂ (ਤੇ ਉਨ੍ਹਾਂ ਦੀ) ਮਿੰਨਤ ਕਰਾਂ, (ਉਨ੍ਹਾਂ ਅਗੇ) ਜੋਦੜੀ ਕਰਾਂ (ਤੇ ਆਖਾਂ ਕਿ) ਮੈਨੂੰ ਪ੍ਰਭੂ ਮਿਲਣੇ ਦਾ ਚਾਉ ਹੈ॥੧
ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ ਹਉ ਸਤਿਗੁਰ ਵਿਟਹੁ ਵਾਰਿਆ	ਹੇ ਮੇਰੇ ਭਾਈ ਜਨੋਂ! (ਭਾਵ ਸਤਿ ਸੰਗੀਓ!) ਕੋਈ ਮੈਨੂੰ ਹਰੀ ਪ੍ਰਭੂ ਦੇ ਮੇਲ ਵਿਚ ਮਿਲਾ ਦਿਓ। (ਮੇਰੀ ਇਹ ਅਰਦਾਸ ਸੁਣਕੇ ਸਦਾ ਸਤਿਸੰਗ ਵਿਚ ਵਸਦੇ) ਸਤਿਗੁਰੂ ਨੇ ਮੈਨੂੰ ਹਰੀ

ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥

ਪ੍ਰਭੂ ਦਿਖਾ ਦਿਤਾ, (ਮੈਂ) ਉਸ (ਸਤਿਗੁਰੂ) ਤੋਂ ਵਾਰਨੇ ਵਾਰਨੇ ਜਾਂਦਾ ਹਾਂ[1]॥੧॥ਰਹਾਉ॥

ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥ ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥

(ਹੁਣ ਮੈਂ) ਨਿਮਾਣੀ ਹੋਕੇ ਪੂਰੇ ਸਤਿਗੁਰੂ (ਦੇ ਚਰਨਾਂ) ਅਗੇ ਢਹਿ ਪਵਾਂ, ਨਿਮਾਣਿਆਂ ਦਾ ਮਾਣ ਗੁਰੂ ਹੈ, (ਹਾਂ) ਗੁਰੂ ਸਤਿਗੁਰੂ (ਹੀ ਐਸਾ ਦਿਆਲੂ ਹੈ ਕਿ ਜੋ ਨਿਮਾਣਿਆਂ ਨੂੰ) ਸ਼ਾਬਾਸ਼ ਦੇਂਦਾ ਹੈ। (ਇਸ ਲਈ) ਮੈਂ ਗੁਰੂ ਦੀ ਸਲਾਹੁਤ ਕਰਦਾ ਰਜਦਾ ਨਹੀਂ (ਕਿਉਂਕਿ ਉਹ) ਮੈਨੂੰ (ਮੇਰੇ) ਕੋਲੋਂ ਹੀ ਹਰੀ ਪ੍ਰਭੂ ਮੇਲ ਦੇਂਦਾ ਹੈ (ਭਾਵ ਅੰਦਰੋਂ ਹੀ ਹਰੀ ਦਿਖਾ ਦੇਂਦਾ ਹੈ)॥੨॥

ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥ ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥ ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥੩॥

(ਭਾਵੇਂ ਐਸੇ ਮੇਲਣਹਾਰ) ਸਤਿਗੁਰੂ ਨੂੰ ਸਭ ਕੋਈ (ਮਿਲਣਾ) ਲੋਚਦਾ ਹੈ, (ਹਾਂ) ਜਿੰਨਾ ਵੀ ਜਗਤ ਹੈ (ਉਸ ਵਿਚ ਦਾ) ਸਭ ਕੋਈ (ਲੋਚਦਾ ਹੈ), ਪਰ ਭਾਗਾਂ ਤੋਂ ਬਿਨਾ ਦਰਸ਼ਨ ਨਹੀਂ ਹੁੰਦਾ, ਭਾਗਹੀਣ (ਨਿਰਾਸ ਹੋਏ) ਬੈਠੇ ਰੋਂਦੇ ਹਨ। (ਪਰ ਕੋਈ ਕੀਹ ਕਰੇ) ਜੋ ਹਰੀ ਪ੍ਰਭੂ ਦਾ ਭਾਣਾ (ਹੁੰਦਾ ਹੈ) ਸੋਈ ਹੁੰਦਾ ਹੈ, ਧੁਰੋਂ (ਉਸ ਹਰੀ ਪ੍ਰਭੂ ਦਾ) ਲਿਖਿਆ ਕੋਈ ਮੇਟ ਨਹੀਂ ਸਕਦਾ॥੩॥

ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥ ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥ ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ ॥੪॥੪॥੬੮॥

(ਸਭ ਕੁਛ ਹਰੀ ਪ੍ਰਭੂ ਦੇ ਹੱਥ ਹੈ, ਸਭ ਕੁਛ ਉਹ ਆਪ ਹੀ ਹੈ, ਅਰਥਾਤ ਹਰੀ) ਆਪੇ ਹਰੀ ਹੈ, ਆਪੇ ਸਤਿਗੁਰੂ ਹੈ, ਆਪੇ (ਆਪਣੇ) ਮੇਲ ਵਿਚ ਮਿਲਾ ਲੈਂਦਾ ਹੈ। (ਇਉਂ ਕਿ ਪਹਿਲੋਂ) ਸਤਿਗੁਰੂ ਦੇ ਪਿਛੇ ਪਾਕੇ (ਭਾਵ ਲੜ ਲਾਕੇ, ਫੇਰ) ਦਇਆ ਕਰਕੇ (ਆਪਣੇ ਨਾਲ) ਆਪ ਹੀ ਮਿਲਾ ਲਏਗਾ। (ਹਾਂ) ਉਹ ਆਪ ਹੀ ਜਗਤ ਵਿਚ ਸਾਰਾ ਜਗਤ ਦਾ ਜੀਵਨ ਹੈ, ਹੇ ਨਾਨਕ! ਜੀਕੂੰ ਜਲ (ਜਲ ਹੈ, ਚਾਹੋ ਭਿੰਨ ਰੂਪ ਲਹਿਰਾਂ ਬੁਦ-ਬੁਦਿਆਂ ਦੇ ਰੂਪ ਵਿਚ ਹੈ, ਚਾਹੋ ਏਹ ਰੂਪ ਮੇਟਕੇ) ਜਲ ਵਿਚ ਸਮਾਏ (ਰੂਪ ਵਿਚ ਹੋ)॥੪॥੪॥੬੮॥

ਵਯਾਖਯਾ—ਇਨ੍ਹਾਂ ਸ਼ਬਦਾਂ ਵਿਚ ਐਉਂ ਪ੍ਰਤੀਤ ਦੇਂਦਾ ਹੈ ਕਿ ਜਿਵੇਂ ਸਤਿਗੁਰੂ ਜੀ ਆਪਣੀ ਪਹਿਲੀ ਅਵਸਥਾ ਦਾ ਵਰਣਨ ਕਰ ਰਹੇ ਹਨ, ਜਦੋਂ ਕਿ ਵਾਹਿਗੁਰੂ ਦੀ ਤਲਾਸ਼ ਵਿਚ ਲੱਗੇ ਹੋਏ ਸਨ ਅਤੇ ਇਹ ਸ਼ਬਦ ਤਦੋਂ ਉਚਾਰਣ ਕੀਤੇ ਹੋਏ ਸਨ ਪਰ ਇਹ ਹੋ ਨਹੀਂ ਸਕਦਾ, ਕਿਉਂਕਿ ਜਦ ਤਕ ਆਪ ਗੁਰ ਗੱਦੀ ਤੇ ਥਾਪੇ ਨਾ ਜਾਣ ਆਪ 'ਨਾਨਕ' ਪਦ ਆਪਣੇ ਲਈ ਵਰਤਣ ਦੀ ਖੁੱਲ੍ਹ ਨਹੀਂ ਸਨ ਲੈ ਸਕਦੇ। ਫਿਰ ਇਨ੍ਹਾਂ ਸ਼ਬਦਾਂ ਵਿਚ ਨਿਰੀ ਅਭਿਲਾਖਾ ਤੇ ਯਾਚਨਾ ਹੀ ਜਗਯਾਸੂ ਵਾਂਙੂ ਨਹੀਂ ਹੈ, ਪ੍ਰਭੂ ਨਾਮ ਮਿਲਾਪ ਹੋ ਜਾਣ ਦਾ ਭੀ ਹਾਲ ਆ ਜਾਂਦਾ ਹੈ। ਇਸ ਸ਼ਬਦ ਦੇ ਅਖ਼ੀਰ ਵਿਚ ਤਾਂ ਵਾਹਿਗੁਰੂ ਵਿਚ ਲੀਨਤਾ ਦੇ ਪਰਮਪਦ ਦਾ ਬੀ ਹਾਲ ਕਹਿ ਦਿੱਤਾ ਹੈ। ਜਿਸ ਤੋਂ ਬੀ ਸਪਸ਼ਟ ਹੋ ਗਿਆ ਕਿ ਏਹ ਆਪਣੀ ਜਗਯਾਸੂ ਅਵਸਥਾ ਦੇ ਉਚਾਰੇ ਹੋਏ ਸ਼ਬਦ ਨਹੀਂ ਹਨ। ਇਹ ਤਾਂ ਆਪ ਜੀ ਉਪਦੇਸ਼ ਦੇ ਰਹੇ ਹਨ, ਉੱਤਮ ਪੁਰਖ ਦੁਆਰਾ ਬੋਲ ਕੇ ਅੰਨਯ ਪੁਰਖ ਨੂੰ ਕਿ ਜਗਯਾਸਾ ਕਾਲ ਵਿਚ ਲਗਨ, ਇਕ

[1]ਇਥੇ 'ਵਾਰਿਆ' ਪਦ ਪੁਲਿੰਗ ਵਰਤਿਆ ਹੈ।

ਬਿਰਹਨੀ ਤੇ ਵਿਜੋਗਨ ਨਾਯਕਾ ਵਾਂਙੂ ਹੋਣੀ ਚਾਹੀਏ। ਫਿਰ ਗੁਰੂ ਦੀ ਟੋਲ ਚਾਹੀਏ। ਵਾਹਿਗੁਰੂ ਨਾਲ ਅਭੇਦ ਗੁਰੂ ਦੀ ਸੇਵਾ ਤੇ ਸੰਗਤ ਨਿਰਮਾਣ ਹੋਕੇ ਕਰਨੀ ਚਾਹੀਏ। ਘਾਲ ਕਰਦਿਆਂ ਮੇਹਰ ਹੋਣੀ ਸਾਂਈਂ ਦਾ ਆਪਣਾ ਕਰਤੱਵ ਹੈ।

ਗੁਰੂ ਦਾ ਮੇਲ ਬੀ ਮਿਹਰ ਹੈ ਸਾਂਈਂ ਦੀ। ਭਾਗ ਆਦਿ ਪਦ ਜੋ ਵਰਤਦੇ ਹਨ ਉਨ੍ਹਾਂ ਦਾ ਭਾਵ ਇਹ ਹੁੰਦਾ ਹੈ ਕਿ ਜੀਵ ਦੇ ਆਪਣੇ ਵੱਸ ਨਹੀਂ। ਧੁਰ ਦਾ ਲਿਖਿਆ ਮਿਟ ਨਹੀਂ ਸਕਦਾ। ਧੁਰ ਦੇ ਲਿਖੇ ਬਾਬਤ ਵਾਕ ਹੈ- **ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥** (ਵਾਰ ਸਾਰੰਗ ਮ:੧-੯)

ਅਰਥਾਤ ਵਾਹਿਗੁਰੂ ਸਭਨਾਂ ਨੂੰ ਆਪਣੇ ਹੁਕਮ ਵਿਚ ਟੋਰਦਾ ਹੈ ਪਰ ਉਸ ਦੀ ਕਲਮ ਜੀਵਾਂ ਦੇ ਕਰਮਾਂ ਨੂੰ ਤੋਲਕੇ ਚਲਦੀ ਹੈ।

ਅੰਤਲੇ ਅੰਕ ਵਿਚ ਕਰਮ, ਯਤਨ, ਸਾਧਨ ਸਭ ਤੋਂ ਵੱਖਰਾ ਪਤਾ ਵਾਹਿਗੁਰੂ ਜੀ ਦੇ ਸਭ ਕੁਛ ਆਪ ਹੋਣ ਦਾ ਦੇਂਦੇ ਹਨ। ਉਹ ਆਪਣੀ ਬ੍ਰਹਮ ਦ੍ਰਿਸ਼ਟੀ ਦੱਸ ਰਹੇ ਹਨ-

ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥ (ਸਿਰੀ: ਮ:੫-੯੫)

ਸਾਰਾ ਜਗਤ ਤੇ ਜਗਤ ਵਿਚ ਜੋ ਜੀਵਨ ਹੈ ਆਪ ਹੈ, ਜੀਕੂੰ ਸਮੁੰਦਰ ਹੈ, ਉਸ ਦਾ ਜਲ ਜਲ ਹੈ, ਜਲ ਤੇ ਉਠ ਰਹੇ ਬੁਦਬੁਦੇ, ਝੱਗ, ਤਰੰਗ ਸਭ ਜਲ ਰੂਪ ਹਨ, ਚਾਹੋ ਓਹ ਜਦੋਂ ਕਿ ਓਹ ਭਿੰਨ ਆਪਣੇ ਰੂਪ ਵਿਚ ਦਿੱਸ ਰਹੇ ਹਨ, ਚਾਹੋ ਤਰੰਗ, ਝੱਗ, ਬੁਦਬੁਦੇ ਜਲ ਵਿਚ ਲੀਨ ਹੋ ਰਹੇ ਹਨ। ਅਸਲ ਸਰੂਪ ਸਦਾ ਥਿਰ ਸਰੂਪ ਸਭ ਦਿਸਦੇ ਨਜ਼ਾਰਿਆਂ ਦਾ ਅਧਿਸ਼ਠਾਨ ਜਲ ਹੈ, ਤੇ ਸਭ ਦਿੱਸਦੇ ਨਜ਼ਾਰੇ ਜਲ ਰੂਪ ਹਨ। ਯਥਾ-

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ (ਆਸਾ ਨਾਮਦੇਵ-੧)

ਨਿਰੁਕ੍ਤ-ਪੰਥ-ਰਸਤਾ। **ਜੋਦੜੀ**-ਪੁ:ਪੰ: ਵਿਚ ਨਾਮ ਬੇਨਤੀ ਦਾ ਹੈ ਜੋ ਦੋ ਹਥ ਜੋੜਕੇ ਕੀਤੀ ਜਾਵੇ। ਪਰ ਸੰਪ੍ਰਦਾ ਵਿਚ ਇਸ ਦਾ ਅਰਥ 'ਸੇਵਾ' ਬੀ ਕਰਦੇ ਹਨ, ਇਸ ਦਾ ਮੂਲ 'ਜੁਹਦ' ਸਮਝ ਕੇ। ਫ਼ਾਰਸੀ ਵਿਚ 'ਜੁਹਦ' ਦੇ ਅਰਥ ਹਨ-ਤਾਕਤ, ਕੋਸ਼ਸ਼ ਯਤਨ। ਫ਼ਾਰਸੀ ਵਿਚ ਇਕ ਪਦ ਹੈ 'ਜ਼ੁਹਦ', ਉਸ ਦੇ ਅਰਥ ਹਨ ਪਾਰਸਾਈ, ਇਨਸਾਨੀ ਨਫਸਾਨੀ ਖਾਹਿਸ਼ਾਂ ਦਾ ਤਯਾਗ।

(ਸਿਰੀ ਰਾਗੁ ਮਹਲਾ ੪, ਚਉਪਦਾ-੬੯)

ਪ੍ਰਾਕ੍ਥਨ-ਹਰੀ ਰਸ ਦੀ ਸ੍ਰੇਸ਼ਟਤਾ ਦੱਸ ਕੇ ਗੁਰਮੁਖਾਂ ਨੂੰ ਪ੍ਰਾਪਤ ਤੇ ਮਨਮੁਖਾਂ ਨੂੰ ਅਪ੍ਰਾਪਤ ਦੱਸਿਆ ਹੈ। ਇਹ ਹਰਿ ਰਸ ਮਿਲਦਾ ਗੁਰੂ ਤੋਂ ਹੈ। ਅਤੇ ਇਹ ਰਸ ਵਯਾਪਕ ਰਸ ਹੈ ਤੇ ਅਮਰ ਕਰਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ॥ **ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥ ਜਾਇ ਪੂਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥ ਓਇ ਵੇਪਰਵਾਹ ਨ**	(ਪ੍ਰਸ਼ਨ:) ਨਾਮ ਰੂਪੀ ਰਸ ਬਹੁਤ ਸ੍ਰੇਸ਼ਟ ਹੈ (ਕਿਉਂਕਿ ਇਹ ਰਸ) ਅੰਮ੍ਰਿਤ ਰਸ ਹੈ (ਅਰਥਾਤ ਹੋਰ ਰਸ ਜਨਮ ਮਰਨ ਵਿਚ ਰਖਦੇ ਹਨ ਇਹ ਅਮਰ ਕਰਦਾ ਹੈ) ਇਹ ਰਸ (ਸਾਨੂੰ) ਕੀਕੂੰ ਮਿਲੇ (ਜੋ ਇਸਨੂੰ) ਪੀਵੀਏ? (ਉੱਤਰ:) (ਇਸ ਰਸ ਦੇ ਦਾਤੇ ਪ੍ਰਭੂ ਦੀਆਂ) ਸੁਹਾਗਣਾਂ (ਰੂਪ ਸਤਿਪੁਰਖਾਂ) ਨੂੰ ਜਾਕੇ ਪੁੱਛੋ ਕਿ ਤੁਸਾਨੂੰ (ਨਾਮ-ਰਸ ਦਾਤਾ) ਪ੍ਰਭੂ ਕੀਕੁਰ ਆ

ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥

ਮਿਲਿਆ ਸੀ? (ਜਦ ਮੈਂ ਉਹਨਾਂ ਨੂੰ ਜਾਕੇ ਪੁੱਛਿਆ ਤਾਂ ਅਗੋਂ) ਓਹ ਬੇਪਰਵਾਹ ਬੋਲਣ ਹੀ ਨਾ, (ਮੈਂ) ਪਈ ਉਨ੍ਹਾਂ ਦੇ ਚਰਣ ਮਲ ਮਲ ਕੇ ਧੋਵਾਂ॥੧॥

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥

(ਅੰਤ ਉਹਨਾਂ ਨੇ ਉੱਤਰ ਦਿੱਤਾ) ਹੇ ਭਾਈ! ਸੱਜਣ ਨੂੰ ਮਿਲਕੇ ਹਰੀ ਦੇ ਗੁਣ ਚਿੱਤ ਕਰ। (ਮੈਂ ਪੁੱਛਿਆ ਸੱਜਣ ਕੌਣ ਹੈ, ਉਨ੍ਹਾਂ ਨੇ ਕਿਹਾ:) ਸੱਜਣ (ਤਾਂ) ਸਤਿਗੁਰੂ ਪੁਰਖ ਹੈ (ਹਾਂ ਉਹੀ ਹੈ ਜੋ) ਹਉਮੈ ਦੇ ਦੁਖ ਨੂੰ (ਮਨ ਵਿਚੋਂ) ਮਾਰ ਕੇ ਕੱਢ ਦੇਂਦਾ ਹੈ॥੧॥ਰਹਾਉ॥

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥ ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥

(ਪ੍ਰਸ਼ਨ: ਕੀਹ ਇਹ ਉੱਤਰ ਉਹਨਾਂ ਨੇ ਤੁਸਾਂ ਦੀ ਸੇਵਾ ਤੇ ਰੀਝ ਕੇ ਦਿੱਤਾ? ਉੱਤਰ ਨਹੀਂ) (ਗੁਰਮੁਖ ਰੂਪ) ਸੁਹਾਗਣਾਂ ਗੁਰੂ ਸਨਮੁਖ (ਹੁੰਦੀਆਂ ਹਨ) ਉਨ੍ਹਾਂ ਦੇ ਮਨ ਵਿਚ (ਮੇਰੀ ਦਸ਼ਾ ਦੇਖ ਕੇ) ਦਇਆ ਆ ਗਈ (ਸੀ। ਮੈਨੂੰ ਸੁਹਾਗਣਾਂ ਨੇ ਸਮਝਾਇਆ ਕਿ) ਸਤਿਗੁਰੂ ਦਾ ਬਚਨ ਰਤਨ (ਸਮਾਨ ਅਮੋਲਕ ਹੁੰਦਾ ਹੈ) ਜੋ (ਇਸ ਨੂੰ) ਮੰਨ ਲਵੇ ਉਹ ਹਰੀ ਰਸ ਨੂੰ ਛਕਦਾ ਹੈ। ਓਹ ਵਡੇ ਵਡਭਾਗੀ ਜਾਣੇ ਜਾਂਦੇ ਹਨ ਜੋ ਹਰੀ ਰਸ ਨੂੰ ਗੁਰੂ ਦੇ ਭਾਣੇ ਅਨੁਸਾਰ ਖਾਂਦੇ (ਪੀਂਦੇ) ਹਨ (ਭਾਵ ਗੁਰੂ ਦੀ ਮਰਜ਼ੀ ਅਨੁਸਾਰ ਟੁਰਕੇ ਹਰੀ ਰਸ ਪ੍ਰਾਪਤ ਕਰਦੇ ਹਨ)॥੨॥

ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥ ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥

ਇਹ ਹਰੀ ਰਸ (ਹੋਰ ਰਸਾਂ ਵਾਂਙੂ ਇਕ ਦੇਸ਼ੀ ਵਸਤੂ ਨਹੀਂ, ਇਹ ਤਾਂ) ਵਣ ਤਿਣ ਸਭ ਵਿਚ ਹੈ, (ਇਸ ਨੂੰ) ਭਾਗ ਹੀਣ, (ਮਨਮੁਖ) ਨਹੀਂ ਖਾ ਸਕਦੇ (ਕਿਉਂਕਿ) ਇਹ ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ, (ਚਾਹੋ) ਮਨਮੁਖ ਬਥੇਰੀਆਂ ਵਿਲਕਣੀਆਂ ਲੈ ਰਹੇ ਹਨ, (ਪਰ) ਓਹ ਸਤਿਗੁਰੂ ਅੱਗੇ ਨਹੀਂ ਨੀਉਂਦੇ, (ਕਿਉਂਕਿ) ਉਨ੍ਹਾਂ ਦੇ ਅੰਦਰ ਕ੍ਰੋਧ ਰੂਪੀ ਬਲਾ ਹੈ॥੩॥

ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥

(ਪ੍ਰਸ਼ਨ: ਹਰੀ ਰਸ ਵਣ ਤਿਣ ਵਿਚ ਵਿਆਪਕ ਕੀਕੂੰ ਹੈ? ਉੱਤਰ) ਹਰੀ (ਇਕ ਤਾਂ) ਆਪ ਹਰੀ ਹੈ (ਭਾਵ ਸਤਜ ਸਰੂਪ ਹੈ, ਫਿਰ ਉਹ) ਹਰੀ ਰਸ (ਰੂਪ ਹੈ, ਭਾਵ ਆਨੰਦ ਸਰੂਪ ਹੈ। ਇਹ ਜਾਣਦੇ ਹੀ ਹੋ ਕਿ ਹਰੀ ਸਾਰੇ ਵਜਾਪਕ ਹੈ ਇਸ ਲਈ ਉਹ) ਹਰਿ ਰਸ (ਰੂਪ ਹੋਕੇ ਬੀ) ਆਪ ਹੀ ਵਣ ਤਿਣ ਵਿਚ ਵਜਾਪਕ) ਹੋ ਰਿਹਾ ਹੈ। (ਫੇਰ ਉਹ ਰਸਰੂਪ ਹੋਕੇ ਸੂਮ ਵਾਂਙੂ ਅਟੰਕ ਨਹੀਂ ਹੋ ਬੈਠਾ, ਸਗੋਂ) ਆਪੇ ਦਿਆਲੂ ਹੋਕੇ (ਇਹ ਰਸ ਉਹ ਜੀਵਾਂ ਨੂੰ) ਦੇਂਦਾ ਹੈ, (ਹਾਂ ਇਹ) ਅੰਮ੍ਰਿਤ (ਰਸ ਜਗਜਾਸੂਆਂ ਦੇ ਮੂੰਹ ਵਿਚ ਆਪ) ਚੋਂਦਾ ਹੈ, (ਪਰ) ਗੁਰੂ ਦੁਆਰੇ। (ਭਾਵ ਇਹ ਕਿ ਗੁਰੂ ਦੁਆਰੇ ਹਰੀ ਰਸ ਹਰੀ ਆਪ ਨਾਮ ਪ੍ਰੇਮੀਆਂ ਦੇ ਮੂੰਹ ਵਿਚ ਚੋਂਦਾ ਹੈ)। (ਸੋ)

ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥	ਹੇ ਨਾਨਕ! (ਜਿਨ੍ਹਾਂ ਦੇ) ਮਨ ਵਿਚ (ਉਹ) ਹਰੀ (ਇੰਵ) ਵਸ ਜਾਂਦਾ ਹੈ, (ਉਨ੍ਹਾਂ ਦਾ) ਤਨ ਮਨ, (ਜੋ ਸੁੱਕੇ ਕਾਠ ਵਾਂਙੂ ਨਿਰਸ ਹੋ ਰਿਹਾ ਸੀ, ਹਰੀ ਰਸ ਨਾਲ) ਹਰਿਆ ਹੋ ਜਾਂਦਾ ਹੈ। (ਭਾਵ ਉਨ੍ਹਾਂ ਨੂੰ ਆਤਮਾਨੰਦ ਪ੍ਰਾਪਤ ਹੋ ਜਾਂਦਾ ਹੈ ਤੇ ਉਹ ਜੀਵਨ ਮੁਕਤੀ ਦਾ ਰਸ ਮਾਣਦੇ ਹਨ)॥੪॥੫॥੬੯॥

ਵਯਾਖਯਾ–ਪਹਿਲੀ ਸਤਰ ਵਿਚ ਫੁਰਮਾਉਂਦੇ ਹਨ ਕਿ ਨਾਮ ਦਾ ਰਸ ਸਭ ਰਸਾਂ ਤੋਂ ਬਹੁਤ ਸ੍ਰੇਸ਼ਟ ਹੈ ਕਿਉਂਕਿ ਉਹ ਜੀਵ ਨੂੰ ਅਮਰ ਕਰ ਦੇਂਦਾ ਹੈ, ਜਨਮ ਮਰਨ ਕੱਟ ਦੇਂਦਾ ਹੈ। ਜੋ ਅਮਰ ਕਰੇ ਸੋ ਅੰਮ੍ਰਿਤ। ਇਸ ਲਈ ਇਹ ਰਸ ਅੰਮ੍ਰਿਤ ਰਸ ਹੈ। ਇਹ ਦੱਸਕੇ ਪ੍ਰਸ਼ਨ ਕਰਦੇ ਹਨ ਕਿ ਮਿਲੇ ਕੀਕੂੰ? ਆਪ ਹੀ ਦੱਸਦੇ ਹਨ ਕਿ ਗੁਰਮੁਖਾਂ ਨੂੰ ਪੁੱਛੋ। ਜੋ ਪਤੀ ਪਰਮੇਸ਼ੁਰ ਨੂੰ ਮਿਲ ਰਹੇ ਹਨ, ਓਹ ਸੁਹਾਗਵੰਤੀ ਤੁੱਲ ਪਤੀ ਪਰਮੇਸ਼ੁਰ ਨੂੰ ਪ੍ਰਾਪਤ ਸੁਭਾਗੇ ਹਨ। ਆਖਦੇ ਹਨ ਉਹਨਾਂ ਨੂੰ ਪੁੱਛੋ ਕਿ ਤੁਹਾਨੂੰ ਪ੍ਰਭੂ ਪ੍ਰਾਪਤੀ ਕਿਵੇਂ ਹੋਈ ਹੈ? ਓਹ ਆਤਮਾਨੰਦ ਵਿਚ ਮਗਨ ਬੇਪਰਵਾਹ ਹੁੰਦੇ ਹਨ ਸੋ ਉਹਨਾਂ ਦੀ ਮਿੰਨਤ ਕਰੋ। ਸੋ ਮਿੰਨਤ ਕੀਤੀ ਗਈ। ਉਹਨਾਂ ਨੂੰ ਸਾਡੀ ਦੀਨਤਾ ਪਰ ਦਇਆ ਆਈ। ਮਿੰਨਤਾਂ ਸੇਵਾ ਤੇ ਨਹੀਂ ਰੀਝੇ ਕਿਉਂਕਿ ਓਹ ਤਾਂ ਸਭ ਸ਼ੈ ਤੋਂ ਬੇਪਰਵਾਹ ਹਨ ਤੇ ਬੇਲੋੜ ਹਨ। ਦਇਆ ਇਕ ਉਹਨਾਂ ਦਾ ਬਿਰਦ ਹੈ ਜੋ ਬੇਵਰਪਾਹੀ ਦੇ ਹੁੰਦਿਆਂ ਬੀ ਕੰਮ ਕਰਦਾ ਹੈ। ਉਹਨਾਂ ਨੇ ਮੈਨੂੰ ਰਾਹ ਦੱਸਿਆ। ਉਹਨਾਂ ਦੀ ਦੱਸੀ ਪਹਿਲੀ ਗਲ ਰਹਾਉ ਵਿਚ ਦੱਸੀ ਹੈ ਕਿ (੧) ਹੇ ਭਾਈ! ਗੁਰੂ ਰੂਪੀ ਸੱਜਣ ਨੂੰ, ਜੋ ਹਭ ਕਹੀਦਾ (ਮਿਤ (ਸੱਜਣ) ਹੈ, ਮਿਲਕੇ ਹਰੀ ਗੁਣ ਗਾਇਨ ਦੀ ਜਾਚ ਸਿਖ, ਉਹ ਇਸ ਤਰਕੀਬ ਨਾਲ ਤੇਰੇ ਮਨ ਵਿਚੋਂ ਹਉਮੈ ਦਾ ਦੁਖ ਕੱਢ ਦੇਵੇਗਾ। ਫਿਰ ਉਹਨਾਂ ਨੇ ਦੱਸਿਆ ਕਿ (੨) ਗੁਰੂ ਕੀਕੂੰ ਦਿਆਲੂ ਹੋਵੇਗਾ? ਇਸ ਤਰ੍ਹਾਂ ਕਿ ਉਸ ਦੇ ਕਹੇ ਬਚਨਾਂ ਦੀ ਪਾਲਣਾ ਕਰ। ਇਹ ਉਪਦੇਸ਼ ਬੀ ਸੂਤ੍ਰ ਰੂਪ ਹੈ। ਸਤਿਗੁਰੂ ਦਾ ਬਚਨ ਹੋਣਾ ਹੈ, ਨਾਮ ਜਪ ਤੇ ਗੁਰਬਾਣੀ ਦੁਆਰਾ ਹਰੀ ਦੇ ਗੁਣ ਗਾਇਨ ਕਰ, ਪਾਪਾਂ ਤੋਂ ਬਚ ਤੇ ਸਤਿਸੰਗ ਕਰ। ਇਸ ਤਰ੍ਹਾਂ ਤੈਨੂੰ ਹਰੀ ਰਸ, ਜੋ ਪਹਿਲੀ ਤੁਕ ਵਿਚ ਦੱਸਿਆ ਸੀ, ਪ੍ਰਾਪਤ ਹੋਵੇਗਾ। ਸਤਿਗੁਰ ਦੇ ਬਚਨ ਨੂੰ ਰਤਨ ਕਿਹਾ ਹੈ। ਰਤਨ ਅਮੋਲਕ ਹੁੰਦਾ ਹੈ। ਨਿਰਾ ਵਿਸ਼ੇਸ਼ਨ ਮਾਤ੍ਰ ਅਮੋਲਕ ਨਹੀਂ ਕਿਹਾ। ਰਤਨ ਦੀ ਤਰ੍ਹਾਂ ਸਤਿਗੁਰ ਦਾ ਬਚਨ ਨਿਰਮਲ ਹੁੰਦਾ ਹੈ, ਉਸ ਵਿਚ ਕੇਵਲ ਜਗਜਾਸੂ ਦਾ ਭਲਾ ਮੁੱਖ ਹੁੰਦਾ ਹੈ, ਉਹ ਆਤਮ ਪ੍ਰਾਪਤੀ ਦਾ ਦਾਤਾ ਹੁੰਦਾ ਹੈ, ਆਤਮਾ ਸੁੰਦਰ ਹੁੰਦਾ ਹੈ ਇਸ ਕਰਕੇ ਰਤਨ ਵਾਂਙੂ ਸੁੰਦਰ ਹੁੰਦਾ ਹੈ। ਗੁਰੂ ਨੂੰ ਲੋੜ ਨਹੀਂ ਹੁੰਦੀ ਕਿ ਕੋਈ ਮੇਰੇ ਆਖੇ ਲੱਗੇ, ਉਹ ਕੇਵਲ ਉਪਕਾਰ ਲਈ, ਆਤਮ ਦਾਤ ਦੇਣ ਲਈ ਤੇ ਕੁਛ ਨਾ ਲੈਣ ਲਈ ਬਚਨ ਕਰਦਾ ਹੈ ਜੀਕੂੰ ਰਤਨ ਅਪਣੀ ਕੀਮਤ ਪੁਆਉਣੋਂ ਬੇਲੋੜ ਹੁੰਦਾ ਹੈ। ਇਸ ਲਈ ਉਸ ਨੂੰ ਰਤਨ ਕਿਹਾ ਹੈ।

ਅੰਕ ਤਿੰਨ ਵਿਚ ਫੇਰ 'ਹਰਿ ਰਸ' ਨੂੰ ਲੈਂਦੇ ਹਨ ਕਿ ਇਹ ਰਸ ਇਕ ਦੇਸ਼ੀ ਰਸ ਨਹੀਂ ਜਿਵੇਂ ਕਿ ਪੰਜ ਇੰਦ੍ਰਿਆਂ ਦੇ ਰਸ ਕੇਵਲ ਸਰੀਰ ਵਿਚ ਹੁੰਦੇ ਹਨ। ਇਹ ਰਸ ਨਿਰਾ ਗੁਰੂ ਗੁਰਮੁਖ ਦੇ ਯਾ ਜਗਜਾਸੂ ਦੇ ਸਰੀਰ ਵਿਚ ਕੈਦ ਨਹੀਂ ਇਹ ਵਯਾਪਕ ਰਸ ਹੈ। ਵਣ ਤਿਣ ਮੁਹਾਵਰਾ ਹੈ, ਭਾਵ ਹੈ ਸੂਖਮ ਤੋਂ ਸੂਖਮ ਤੇ ਸਥੂਲ ਤੋਂ ਸਥੂਲ ਵਿਚ ਵਯਾਪ ਰਿਹਾ ਹੈ। ਪ੍ਰਸ਼ਨ ਹੁੰਦਾ ਹੈ ਕਿ ਜੇ ਵਯਾਪਕ ਹੈ ਤਾਂ ਮਨਮੁਖ ਨੂੰ ਪ੍ਰਾਪਤ ਕਿਉਂ ਨਹੀਂ। ਤਾਂ ਦੱਸਦੇ ਹਨ ਕਿ ਮਨਮੁਖ ਦੇ ਅੰਦਰ ਕ੍ਰੋਧ ਦੀ ਭੂਤਨੀ ਹੁੰਦੀ ਹੈ। ਕ੍ਰੋਧ ਤੋਂ ਉਪਲਖਤ ਕਾਮ ਕ੍ਰੋਧ ਲੋਭ ਮੋਹ ਹੰਕਾਰ ਸਾਰੇ ਵਿਕਾਰ ਲੈਣੇ ਹਨ। ਮਨਮੁਖ ਇਨ੍ਹਾਂ ਦੇ ਰਸ ਵਿਚ ਹੁੰਦਾ ਹੈ। ਇਨ੍ਹਾਂ ਰਸਾਂ ਤੋਂ ਸੁਰਤ ਤਾਂ ਉੱਚੀ ਉਠਦੀ ਹੈ ਜੇ ਭਜਨ ਕਰੇ ਤੇ ਭਜਨ ਕਰਨਾ ਗੁਰੂ ਨੇ ਦੱਸਣਾ ਹੈ, ਓਹ ਗੁਰੂ ਕੀ ਸ਼ਰਣ ਨਹੀਂ ਲੈਂਦਾ, ਇਸ ਕਰਕੇ ਜਨਮ ਮਰਨ, ਹਰਖ ਸ਼ੋਕ ਆਦਿ ਦੁਖਾਂ ਸੁਖਾਂ ਵਿਚ ਪਲਚਦਾ ਦੁਖੀ ਹੁੰਦਾ ਹੈ।

ਇਕ ਪ੍ਰਸ਼ਨ ਰਹਿ ਗਿਆ, ਜੋ ਸੁਤੇ ਹੀ ਉਪਜਦਾ ਹੈ ਕਿ ਹੋਰ ਰਸ ਤਾਂ ਸਾਰੇ ਇਕ ਦੇਸ਼ੀ ਹਨ, ਇਹ ਹਰੀ ਰਸ ਸਰਬ ਦੇਸ਼ੀ ਅਰਥਾਤ ਵਜਾਪਕ ਕੀਕੂੰ ਹੈ? ਇਸ ਦਾ ਉੱਤਰ ਚੌਥੇ ਅੰਕ ਵਿਚ ਹੈ। ਉਹ ਇਹ ਹੈ ਕਿ ਹਰੀ ਆਪ ਵਜਾਪਕ ਹਸਤੀ ਹੈ, ਉਹ ਵਜਾਪਕ ਹਸਤੀ ਆਨੰਦ ਸਰੂਪ ਹੈ, ਅਰਥਾਤ ਰਸ ਰੂਪ ਹੈ। ਰਸ ਰੂਪ ਹਸਤੀ ਦੇ ਵਜਾਪਕ ਹੋਣ ਨਾਲ ਹਰਿ ਰਸ ਬੀ ਵਜਾਪਕ ਹੋ ਗਿਆ[1]। ਪਰ ਫਿਰ ਸ਼ੰਕਾ ਫੁਰਦੀ ਹੈ ਕਿ ਹਰੀ ਬੇਪਰਵਾਹ ਹੈ, ਅਸੰਗ ਹੈ, ਬੇਲੋੜ ਹੈ। ਉਸ ਨੂੰ ਕੀ ਪਈ ਹੈ ਕਿ ਹਰੀ ਰਸ ਕਿਸੇ ਨੂੰ ਦੇਵੇ, ਸੋ ਕੀ ਮਨਮੁਖ ਕੀ ਗੁਰਮੁਖ ਸਭੇ ਵਾਂਜੇ ਰਹਿਣਗੇ? ਤਾਂ ਚੌਥੇ ਅੰਕ ਦੀ ਦੂਸਰੀ ਸਤਰ ਵਿਚ ਫੁਰਮਾਉਂਦੇ ਹਨ ਕਿ ਉਸ ਦਾ ਇਕ ਬਿਰਦ ਹੈ ਦਇਆ। ਉਹ ਦਇਆ ਵਿਚ ਆਕੇ ਇਹ ਰਸ ਆਪੇ ਦੇਂਦਾ ਹੈ। ਫਿਰ ਪੁੱਛਣਾ ਹੁੰਦੀ ਹੈ ਕਿ ਸਭ ਕਿਸੇ ਨੂੰ ਦੇਂਦਾ ਕਿਉਂ ਨਹੀਂ? ਤਾਂ ਦੱਸਦੇ ਹਨ ਕਿ ਗੁਰੂ ਦੁਆਰੇ ਦੇਂਦਾ ਹੈ। ਇਸ ਕਹਿਣ ਵਿਚ ਸਾਰਾ ਅਗਲਾ ਕਰਤੱਵ ਆ ਗਿਆ ਕਿ ਗੁਰੂ ਨਾਮ ਦੇਂਦਾ ਹੈ, ਹਰੀ ਕੀਰਤਨ ਦੇਂਦਾ ਹੈ, ਪਾਪ ਕੱਟਣੇ ਦੱਸਦਾ ਹੈ। ਇਉਂ ਰਸਮਯਤਾ ਆ ਜਾਂਦੀ ਹੈ। ਦਾਤਾ ਵਾਹਿਗੁਰੂ ਦਾਤਾ ਗੁਰੂ ਦੇ ਰਾਹੀਂ ਜੀਵ ਨੂੰ ਰਸਤੇ ਪਾ ਕੇ ਫੇਰ ਆਪ ਉਹਨਾਂ ਦੇ ਮੂੰਹ ਵਿਚ ਹਰੀ ਰਸ ਚੋਂਦਾ ਹੈ। ਜਿਵੇਂ ਮਾਂ ਬੱਚੇ ਦੇ ਮੂੰਹ ਵਿਚ ਦੁੱਧ ਚੋਂਦੀ ਹੈ ਦਿਆਲੂ ਹੋਕੇ।

ਅਖੀਰਲੀ ਤੁਕ ਵਿਚ ਹਰੀ ਰਸ ਦੀ ਪ੍ਰਾਪਤੀ ਦਾ ਫਲ ਇਕ ਦ੍ਰਿਸ਼ਟਾਂਤ ਦੇਕੇ ਦੱਸਦੇ ਹਨ:- ਜਿਵੇਂ ਕੋਈ ਬ੍ਰਿਛ ਸੁੱਕ ਜਾਵੇ ਤੇ ਕਾਠ ਹੋ ਜਾਵੇ, ਕੋਈ ਕਰਾਮਾਤੀ ਮਾਲੀ ਐਸਾ ਕੋਈ ਰਸ (=ਪਾਣੀ) ਉਸ ਨੂੰ ਦੇਵੇ ਕਿ ਉਹ ਉਸ ਦੇ ਰਗ ਰੇਸ਼ੇ ਵਿਚ ਫਿਰਕੇ ਜਾਨ ਪਾ ਦੇਵੇ ਤਾਂ ਉਹ ਮਉਲ ਉਠੇਗਾ ਤੇ ਹਰਿਆ ਭਰਿਆ ਹੋ ਜਾਏਗਾ ਤਿਵੇਂ ਨਾਮ ਤੋਂ ਉਪਜੇ ਰਸ ਨਾਲ ਜੀਵ ਜੋ ਮਾਇਆ ਵਿਚ ਮਾਇਆ ਰੂਪ ਹੋ ਰਿਹਾ ਤੇ ਆਤਮ ਜੀਵਨ ਦੀ ਅਨੁਭਵਤਾ ਤੋਂ ਕਾਠ ਵਾਂਙੂ ਖੁਸ਼ਕ ਹੋ ਰਿਹਾ ਹੈ, ਉਹ ਹਰਿਆ ਭਰਿਆ ਹੋ ਜਾਵੇਗਾ, ਉਹ ਆਤਮ ਅਨੰਦ ਵਿਚ ਆਤਮ ਲੱਖਤਾ ਵਿਚ ਮਾਨੋਂ ਨਵੇਂ ਸਿਰਿਓਂ ਜੀਉ ਉਠੇਗਾ।

ਨਿਰੁਕ੍ਤ-ਖਾਇ-ਦਾ ਭਾਵ ਹੈ ਪੀਵੀਏ। ਪੀਣ ਵਾਲੀਆਂ ਵਸਤਾਂ ਵਾਸਤੇ ਖਾਇ ਪਦ ਬੀ ਪੁਰਾਣੇ ਸਮੇਂ ਵਰਤੀਂਦਾ ਸੀ। ਬੰਗਾਲੀ ਵਿਚ ਹੁਣ ਤਕ ਬੀ 'ਜਲ' ਨੂੰ ਬੀ 'ਖੈਬੋ' ਖਾਣਾ ਆਖਦੇ ਹਨ।

'ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ' ਇਹ ਸਤਰ ਦੇਹੁਲੀ ਦੀਪਕ ਹੈ। ਇਸ ਤੋਂ ਪਹਿਲਾਂ ਰਹਾਉ ਤੇ ਮਗਰਲੀਆਂ ਦੋ ਤੁਕਾਂ ਸੁਹਾਗਣੀਆਂ ਦੇ ਬਚਨ ਹਨ। ਰਹਾਉ ਵਿਚ ਉਹਨਾਂ ਨੇ 'ਗੁਰੂ ਨੂੰ ਮਿਲਕੇ ਹਰੀ ਗੁਣ ਗਾਇਨ' ਦਾ ਉਪਦੇਸ਼ ਦਿਤਾ ਹੈ; ਫੇਰ ਮਗਰਲੀਆਂ ਦੋ ਤੁਕਾਂ ਵਿਚ 'ਗੁਰੂ ਦੇ ਬਚਨ ਤੇ ਕਮਾਈ ਕਰਨ' ਦੀ ਸੁਮਤਿ ਦਿੱਤੀ ਹੈ ਤੇ ਦੱਸਿਆ ਹੈ ਕਿ ਐਸਾ ਕਰਨੇ ਤੇ ਸ਼ਬਦ ਦੀ ਪਹਿਲੀ ਤੁਕ ਵਿਚ ਦੱਸਿਆ 'ਹਰਿ ਰਸ' ਮਿਲੇਗਾ।

ਗੁਰਮੁਖੀਆ-ਜਿਨ੍ਹਾਂ ਦਾ ਮੂੰਹ ਗੁਰੂ ਵਲ ਹੋਵੇ। ਜੋ ਗੁਰੂ ਦੇ ਸਨਮੁਖ ਹੋਣ।

ਵਣਿ ਤ੍ਰਿਣਿ-ਵਣ ਵਿਚ ਤ੍ਰਿਣ ਵਿਚ। ਬ੍ਰਿਛ ਵਿਚ ਘਾਹ ਦੇ ਤੀਲੇ ਵਿਚ। ਇਹ ਇਕ ਮੁਹਾਵਰਾ ਹੈ, ਅਰਥ ਹੈ ਹਰ ਸੂਖਮ ਤੋਂ ਸੂਖਮ ਵਿਚ ਤੇ ਹਰ ਸਥੂਲ ਤੋਂ ਸਥੂਲ ਵਿਚ, ਯਾ ਨਿੱਕੀ ਤੇ ਵਡੀ ਹਰ ਸ਼ੈ ਵਿਚ (ਵਜਾਪਕ ਹੈ)।

(ਸਿਰੀ ਰਾਗੁ ਮਹਲਾ ੪, ਚਉਪਦਾ-੭੦)

ਪ੍ਰਾਕ੍ਕਥਨ-ਇਸ ਚਉਪਦੇ ਵਿਚ ਦਿਨ ਰਾਤ ਚਲਣਾ, ਉਮਰ ਘਟਣੀ, ਦਿਖਾਕੇ ਗੁਰਮੁਖ ਜੀਵਨ ਬਸਰ ਕਰਨੇ ਦਾ ਉਪਦੇਸ਼ ਦਿੱਤਾ ਹੈ।

[1] ਨਾਮ ਅਭਿਆਸੀਆਂ ਨੂੰ ਜਦ ਰਸ ਪੈਂਦਾ ਹੈ ਤਦ ਉਹਨਾਂ ਨੂੰ ਵਣ ਤ੍ਰਿਣ ਵਿਚ ਉਹੋ ਰਸ ਵਜਾਪਕ ਭਾਸਣ ਲਗ ਜਾਂਦਾ ਹੈ, ਜਿਧਰ ਨਜ਼ਰ ਜਾਂਦੀ ਹੈ ਕਿਸੇ ਕਿਸੇ ਵੇਲੇ ਐਉਂ ਪ੍ਰਤੀਤ ਦੇਂਦਾ ਹੈ ਕਿ ਸੁੰਦਰਤਾ ਦਾ ਮਾਨੋਂ ਮੀਂਹ ਵੱਸ ਰਿਹਾ ਹੈ ਤੇ ਸਾਰੇ ਰਸ ਹੀ ਰਸ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੪ ॥	
ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥ ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥ ੧॥	ਦਿਨ ਚੜ੍ਹਦਾ ਹੈ ਫੇਰ ਲਹਿ ਜਾਂਦਾ ਹੈ (ਇਸੀ ਤਰ੍ਹਾਂ) ਰਾਤ ਬੀ ਸਾਰੀ (ਆਉਂਦੀ ਤੇ ਲੰਘ) ਜਾਂਦੀ ਹੈ। (ਇਸ ਆਵਾਜਾਈ ਵਿਚ ਜੀਵ ਦੀ) ਉਮਰਾ ਘਟਦੀ ਜਾਂਦੀ ਹੈ, (ਪਰ ਇਹ) ਮਾਨੁਖ (ਹੈ ਜੋ) ਨਹੀਂ ਸਮਝਦਾ (ਕਿ ਕਾਲ ਰੂਪੀ) ਚੂਹਾ (ਮੇਰੀ ਉਮਰਾ ਰੂਪੀ) ਰੱਸੀ ਨੂੰ ਨਿਤ ਕਟ ਰਿਹਾ ਹੈ। (ਇਸ ਦੇ ਦੁਆਲੇ) ਮਾਇਆ ਦਾ ਮਿੱਠਾ (ਲੱਗਣ ਵਾਲਾ ਪਸਾਰਾ) ਪਸਰ ਰਿਹਾ ਹੈ (ਉਸ ਵਿਚ ਇਹ) ਮਨਮੁਖ ਲੱਗ ਰਿਹਾ ਹੈ, (ਜਿਵੇਂ ਕਿ ਢਿੱਲੇ) ਗੁੜ (ਦੇ ਪਸਾਰੇ ਵਿਚ) ਮੱਖੀ (ਲੱਗ ਕੇ ਫਸ ਮਰਦੀ ਹੈ, ਤਿਵੇਂ ਇਹ ਮਾਇਆ ਪਸਾਰੇ ਵਿਚ ਫਸਕੇ) ਮਰਦਾ ਮਰਾਂਦਾ ਹੈ॥੧॥
ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥ ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥ ੧॥ ਰਹਾਉ ॥	(ਹੁਣ ਉੱਤਮ ਪੁਰਖ (=ਆਪਣੇ) ਦੁਆਰਾ ਬਚਨੇ ਦਾ ਉਪਾਉ ਉਪਦੇਸ਼ ਕਰਦੇ ਹਨ) ਹੇ ਭਾਈ! (ਮੈਨੂੰ ਬਚਾਉਣ ਵਾਲਾ) ਮੇਰਾ ਮਿੱਤ੍ਰ ਤੇ ਸਖਾ ਓਹੋ ਪ੍ਰਭੂ ਹੈ। ਪੁਤ੍ਰ ਤੇ ਇਸਤ੍ਰੀ ਦਾ ਮੋਹ ਵਿਹੁ (ਤੁੱਲ) ਹੈ; (ਇਨ੍ਹਾਂ ਵਿਚੋਂ) ਕੋਈ ਅੰਤ ਨੂੰ (ਤੇਰਾ ਬੇਲੀ=) ਸਹਾਜਕ ਮਿੱਤ੍ਰ ਨਹੀਂ ਬਣੇਗਾ[1]॥੧॥ ਰਹਾਉ॥
ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥ ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥ ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ॥੨॥	(ਹੁਣ ਜਿਨ੍ਹਾਂ ਨੇ ਕਾਲਗਤੀ ਨੂੰ ਤੇ ਮਾਇਆ ਮੋਹ ਨੂੰ ਬੂੱਝ ਲਿਆ ਹੈ ਉਹਨਾਂ ਦੀ ਹਾਲਤ ਦੱਸਦੇ ਹਨ:) (ਪਰ ਜੋ ਲੋਕ) ਗੁਰੂ ਦੀ ਮਤਿ ਦੁਆਰਾ ਹਰੀ ਵਿਚ ਲਿਵ ਲਾਕੇ (ਪਚੇ ਪਚਾਏ ਜਾਣ ਤੋਂ) ਬਚ ਰਹੇ (ਓਹ ਮਾਇਆ ਵਿਚ ਵਸਦੇ ਮਾਇਆ ਦੇ ਮੋਹ ਤੋਂ) ਅਲੇਪ ਰਹੇ, (ਹਰੀ ਦੀ) ਸ਼ਰਣ ਵਿਚ ਰਹਿਣੇ ਕਰਕੇ। (ਇਸ ਤਰ੍ਹਾਂ ਕਿ) ਉਹਨਾਂ ਨੇ (ਇਹ ਗਲ) ਸਦਾ ਨਜ਼ਰ ਵਿਚ ਰੱਖੀ (ਕਿ ਇਥੋਂ ਅੰਤ) ਚੱਲਣਾਂ ਹੈ, (ਇਸ ਲਈ ਉਹਨਾਂ ਨੇ) ਹਰੀ (ਨਾਮ ਸਿਮਰਨ ਰੂਪੀ ਅਗੇ ਦਾ) ਖਰਚ (ਜਮਾਂ) ਕਰ ਲੀਤਾ (ਜਿਸ ਕਰਕੇ) ਪੱਤਿ ਪ੍ਰਾਪਤ ਹੁੰਦੀ ਹੈ। (ਓਹ) ਗੁਰਮੁਖ (ਹਨ ਓਹ) ਦਰਗਾਹ ਵਿਚ ਸਨਮਾਨੇ ਜਾਂਦੇ ਹਨ, ਹਰੀ ਆਪ ਉਨ੍ਹਾਂ ਨੂੰ (ਆਪਣੇ) ਗਲੇ ਲਾ ਲੈਂਦਾ ਹੈ॥੨॥
ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ ਅਨਹਦ	(ਦੁਨੀਆਂ ਵਿਚ) ਗੁਰਮੁਖਾਂ ਨੂੰ (ਪਰਮਾਰਥ ਦਾ) ਰਸਤਾ ਰੌਸ਼ਨ ਹੁੰਦਾ ਹੈ (ਕੋਈ ਸੰਸਾ ਵਿਪਰਯੈ ਨਹੀਂ ਹੁੰਦਾ ਅਤੇ ਦਰਗਾਹੇ ਅੱਪੜਨ ਤੇ ਦਰਗਾਹ ਦੇ) ਦਰਵਾਜ਼ੇ ਉਤੇ (ਅੰਦਰ ਵੜਨੋਂ ਉਹਨਾਂ ਨੂੰ ਕੋਈ) ਰੋਕ ਨਹੀਂ ਪਾ ਸਕਦਾ। (ਉਸ) ਦਰ ਉਤੇ ਅਨਾਹਦ ਧੁਨਿ (ਵਾਲੇ) ਵਾਜੇ ਵਜਦੇ ਹਨ (ਓਹ

[1] ਇਸ 'ਮੈਂ ਮੀਤੁ' ਦੁਆਰੇ ਉਪਦੇਸ਼ ਕਰ ਰਹੇ ਹਨ ਕਿ 'ਤੇਰਾ ਮੀਤ ਸਖਾ ਬੀ ਓਹੋ ਪ੍ਰਭੂ ਹੈ', ਇਸ ਤੋਂ ਅਗਲੇਰੀ ਤੁਕ ਸਾਫ ਸੁਣਨ ਵਾਲੇ 'ਭਾਈ' ਪ੍ਰਤੀ ਹੈ ਕਿ ਅੰਤ ਨੂੰ ਤੇਰਾ ਕੋਈ ਬੇਲੀ ਨਹੀਂ ਹੋਣਾ।

ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥	ਗੁਰਮੁਖ ਉਸ) ਸਚੇ ਦਰ ਉਤੇ ਸੋਭਾ ਪ੍ਰਾਪਤ ਕਰਦੇ ਹਨ। (ਪ੍ਰਸ਼ਨ: ਉਹ ਪੰਥ ਜਿਸ ਤੇ ਟੁਰਕੇ ਓਹ ਦਰ ਅੱਪੜਦੇ ਹਨ ਕਿਹੜਾ ਹੈ, ਜੋ ਉਨ੍ਹਾਂ ਤੇ ਪ੍ਰਗਟ ਹੁੰਦਾ ਹੈ? ਉੱਤਰ:) (ਉਹ) ਹਰੀ ਨਾਮ ਨੂੰ ਸਲਾਹੁੰਦੇ ਹਨ, (ਹਰੀ) ਨਾਮ ਨੂੰ ਮਨ ਵਿਚ (ਵਸਾਉਂਦੇ ਹਨ), (ਹਰੀ) ਨਾਮ ਵਿਚ ਲਿਵ ਲਾਈ ਰਖਦੇ ਹਨ॥੩॥
ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥ ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥ ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥ ੩੩॥ ੩੧॥੬॥੭੦॥	ਜਿਨ੍ਹਾਂ ਨੇ ਗੁਰਮੁਖ ਹੋਕੇ ਨਾਮ (ਜਪਿਆ ਤੇ ਨਾਮੀ 'ਰੱਬ ਜੀ' ਨੂੰ) ਸਲਾਹਿਆ ਹੈ, ਉਨ੍ਹਾਂ ਨੂੰ (ਲੋਕ ਪ੍ਰਲੋਕ ਵਿਚ) ਸਭ ਕੋਈ ਸ਼ਾਬਾਸ਼ੇ ਆਖਦਾ ਹੈ। ਹੇ ਪ੍ਰਭੂ! ਉਨ੍ਹਾਂ ਦੀ ਸੰਗਤਿ ਮੈਨੂੰ ਦੇਹ, ਮੈਂ ਮੰਗਣਹਾਰ ਦੀ ਇਹ ਅਰਦਾਸ ਹੈ। ਹੇ ਨਾਨਕ! ਉਨ੍ਹਾਂ ਗੁਰਮੁਖਾਂ ਦੇ ਭਾਗ (ਬਹੁਤ) ਵਡੇ ਹਨ, ਜਿਨ੍ਹਾਂ ਦੇ ਅੰਦਰ ਨਾਮ ਪ੍ਰਕਾਸ਼ ਪਾ ਰਿਹਾ ਹੈ। (ਭਾਵ ਨਾਮ ਨਿਵਾਸ ਹੋਕੇ ਹਰੀ ਦੀ ਲੱਖਤਾ ਦਾ ਚਾਨਣਾ ਦੇ ਰਿਹਾ ਹੈ)॥੪॥੩੩॥੩੧॥੬॥੭੦॥

ਵਯਾਖਯਾ—ਪਹਿਲੇ ਅੰਕ ਵਿਚ ਇਨਸਾਨ ਦੀ ਨਜ਼ਰ ਦੋ ਗੱਲਾਂ ਵੱਲ ਪੁਆਈ ਹੈ, ਪਹਿਲੀ ਇਹ ਕਿ ਦਿਨ ਤੇ ਰਾਤ ਦੀ ਆਵਾਜਾਈ ਕਾਲ ਦੀ ਗਤੀ ਹੈ, ਇਸ ਨਾਲ ਇਨਸਾਨ ਦੀ ਉਮਰਾ ਘਟ ਰਹੀ ਹੈ ਪਰ ਮਾਨੁੱਖ ਦਾ ਖਯਾਲ ਇਸ ਵੀਚਾਰ ਵਲ ਘੱਟ ਹੀ ਪੈਂਦਾ ਹੈ ਕਿ ਇਹ ਕਾਲ ਗਤੀ ਮੇਰੀ ਉਮਰਾ ਘਟਾ ਰਹੀ ਹੈ। ਦੂਜੀ ਇਹ ਕਿ ਮਾਨੁੱਖ ਦੀ ਇਸ ਅਵੇਸਲਤਾਈ ਦਾ ਕਾਰਣ ਇਸਦੇ ਦੁਆਲੇ ਪਸਰ ਰਹੀ ਮਾਇਆ ਹੈ, ਜਿਸ ਦੀ ਮੋਹਨ ਹਾਰੀ ਮਿਠਾਸ ਵਿਚ ਇਹ ਮਸਤ ਹੈ ਤੇ ਜਿਸ ਮਸਤੀ ਦਾ ਅੰਤ ਦੁੱਖ ਹੈ। ਫਿਰ ਰਹਾਉ ਵਿਚ ਦੱਸਦੇ ਹਨ ਕਿ ਜਿਸ ਇਸਤ੍ਰੀ ਪੁੱਤ੍ਰ ਆਦਿ ਦੇ ਮੋਹ ਵਿਚ ਲੱਗੇ ਅਵੇਸਲੇ ਹੋਕੇ ਦਿਨ ਰਾਤ ਗੁਆ ਰਹੇ ਹੋ ਉਨ੍ਹਾਂ ਵਿਚੋਂ ਕਿਸੇ ਨੇ ਅੰਤ ਸਹਾਈ ਨਹੀਂ ਹੋਣਾ। ਅੰਤ ਨੂੰ ਮਿੱਤ੍ਰ ਤੇ ਸਹਾਈ ਹੋਣੇ ਵਾਲਾ ਕੇਵਲ ਵਾਹਿਗੁਰੂ ਹੈ। ਹੁਣ ਅੰਕ ੨ ਵਿਚ ਦੱਸਦੇ ਹਨ ਕਿ ਇਹ ਗੱਲ ਜਾਣਕੇ ਜੋ ਲੋਕ ਅਵੇਸਲੇ ਨਹੀਂ ਰਹਿੰਦੇ ਉਹ ਗੁਰੂ ਦੀ ਮਤਿ ਲੈਂਦੇ ਹਨ, ਉਸ ਪੁਰ ਟੁਰਨੇ ਕਰਕੇ ਓਹ ਦੁੱਖਾਂ ਦੀ ਪ੍ਰਸੰਗਲੀ ਤੋਂ ਬਚ ਰਹਿੰਦੇ ਹਨ। ਪ੍ਰਸ਼ਨ ਹੁੰਦਾ ਹੈ: ਕੀਕੂੰ? ਤਾਂ ਉੱਤਰ ਦੇਂਦੇ ਹਨ ਕਿ ਓਹ ਹਰੀ ਦੀ ਲਿਵ ਵਿਚ ਲਗ ਪਏ। ਆਪਣੀ ਮਤਿ ਨਾਲ ਤਾਂ ਓਹ ਮਾਇਆ ਦੀ ਲਿਵ ਵਿਚ ਸਨ, ਗੁਰੂ ਦੀ ਮਤਿ ਨੇ ਉਨ੍ਹਾਂ ਨੂੰ ਹਰੀ ਦੀ ਲਿਵ ਵਿਚ ਲਾ ਦਿੱਤਾ, ਇਸ ਕਰਕੇ ਓਹ ਮਾਇਆ ਵਿਚ ਵਸਦੇ ਹੋਏ ਮਾਇਆ ਦੇ ਮੋਹਨਹਾਰ ਤੇ ਭੁਲਾਵਾ ਦੇਣ ਵਾਲੇ ਅਸਰ ਤੋਂ ਲਿਪਿਤ ਨਾ ਹੋਏ। ਉਹਨਾਂ ਦੀ ਇਹ ਰਖ੍ਯਾ ਕੀਕੂੰ ਹੋਈ? ਇਸ ਤਰ੍ਹਾਂ ਕਿ ਓਹ ਵਾਹਿਗੁਰੂ ਦੀ ਓਟ ਵਿਚ ਰਹਿੰਦੇ ਹਨ। ਵਾਹਿਗੁਰੂ ਦੀ ਸ਼ਰਣ-ਓਟ ਯਾ ਪਨਾਹ ਉਨ੍ਹਾਂ ਦੀ ਰਖ੍ਯਾ ਕਰਦੀ ਹੈ। ਓਹ ਓਟ ਕਿਵੇਂ ਲੈਂਦੇ ਹਨ? ਤਾਂ ਦੱਸਦੇ ਹਨ ਕਿ ਓਹ 'ਇਥੋਂ' ਇਕ ਦਿਨ ਚੱਲਣਾ ਹੈ' ਇਹ ਗਲ ਸਦਾ ਯਾਦ ਰਖਦੇ ਹਨ, ਸੰਸਾਰ ਵਿਚ ਵਿਚਰਦੇ 'ਇਹ ਸੰਸਾਰ ਸਦਾ ਨਹੀਂ' ਯਾਦ ਰਖਦੇ ਓਹ ਮੰਦ ਕਰਮਾਂ ਤੋਂ ਬਚੇ ਰਹਿੰਦੇ ਹਨ, ਤੇ ਧਿਆਨ ਸੰਸਾਰ ਤੋਂ ਉੱਚਾ ਕਰਕੇ ਰਚਣਹਾਰ ਵਲ ਰਖਦੇ ਹਨ, ਅਰਥਾਤ 'ਚੱਲਣ' ਯਾਦ ਹੋਣੇ ਕਰਕੇ ਗ਼ਾਫ਼ਲ ਹੋਕੇ ਕਰਮ ਨਹੀਂ ਕਰਦੇ ਤੇ ਏਥੇ ਫਸੌਤੀ ਦੇ ਕੰਮ ਨਹੀਂ ਕਰਦੇ ਤੇ ਅੱਗੋਂ ਲਈ ਯਤਨ ਕਰਦੇ ਹੈਨ; ਇਸ ਲਈ ਓਹ ਅੱਗੇ ਲਈ ਤੋਸ਼ਾ ਕੱਠਾ ਕਰਦੇ ਹਨ। ਓਹ ਤੋਸ਼ਾ ਕੀ ਹੈ? ਹਰੀ ਰੂਪੀ ਖਰਚ-ਪਰਮੇਸ਼ੁਰ ਦਾ ਨਾਮ ਰੂਪੀ ਧਨ, ਜਿਸ ਦਾ ਅੱਗੇ ਚੱਲਣ ਹੈ। ਓਥੇ ਇਥੋਂ ਦਾ ਧਨ ਕੁਛ ਮੁੱਲ ਨਹੀਂ ਪਾਉਂਦਾ। ਓਹ ਹਰਿ ਨਾਮ ਦੀ ਖਰਚੀ ਲੈਕੇ ਜਦ ਅੱਗੇ ਜਾਂਦੇ ਹਨ ਤਾਂ 'ਪਤਿ' ਪ੍ਰਾਪਤ ਹੁੰਦੀ ਹੈ। ਅਗੇ ਅਰਥਾਤ ਦਰਗਾਹ ਵਿਚ ਉਨ੍ਹਾਂ ਸਤਿਕਾਰ

ਮਿਲਦਾ ਹੈ, ਨਾ ਕੇਵਲ ਦਰਗਾਹ ਦੇ ਉੱਚੇ ਸੁੱਚੇ ਵਾਸੀਆਂ ਤੋਂ ਸਗੋਂ ਹਰੀ ਆਪ ਉਨ੍ਹਾਂ ਨੂੰ ਗਲ ਲਾ ਲੈਂਦਾ ਹੈ। ਐਸੇ ਮਹਾਂ ਪੁਰਖਾਂ ਨੂੰ ਗੁਰਮੁਖ ਕਹੀਦਾ ਹੈ।

ਹੁਣ ਅੰਕ ੩ ਵਿਚ ਗੁਰਮੁਖਾਂ ਦੀ ਕਰਨੀ ਤੇ ਪ੍ਰਾਪਤੀ ਹੋਰ ਖੋਹਲਦੇ ਹਨ:-

ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਜੋ ਮਾਰਗ ਹੈ ਉਹ ਗੁਰਮੁਖਾਂ ਉੱਤੇ ਪ੍ਰਗਟ ਹੋ ਜਾਂਦਾ ਹੈ, ਭਾਵ ਉਨ੍ਹਾਂ ਨੂੰ ਸ਼ੱਕ ਸ਼ੁਭੇ ਸੰਸੇ ਵਿਪਰਯੈ ਤੋਂ ਸਾਫ ਦਿੱਸ ਪੈਂਦਾ ਹੈ ਕਿ 'ਰਸਤਾ ਨਾਮ ਹੈ' ਤੇ ਨਾਮ ਦੁਆਰਾ ਨਾਮੀ ਦੀ ਪ੍ਰਾਪਤੀ ਹੈ। ਇਸ ਲਈ ਓਹਨਾਂ ਨੂੰ ਦਰਗਾਹੇ ਅੱਪੜਨ ਵਿਚ ਕੋਈ ਰੋਕ ਨਹੀਂ ਪਾ ਸਕਦਾ, ਭਾਵ ਕੋਈ ਵਿਘਨ ਉਨ੍ਹਾਂ ਦਾ ਵਿਘਨਕਾਰੀ ਨਹੀਂ ਬਣਦਾ। ਓਹ ਇਸ ਰਾਹੇ ਟੁਰਦੇ ਕੀਕੂੰ ਹਨ? ਓਹ ਹਰੀ ਦੀ ਸਲਾਹੁਤ ਕਰਦੇ ਹਨ, ਉਸ ਦੇ ਨਾਮ ਦੀ ਸਲਾਹੁਤ ਕਰਦੇ ਹਨ, ਨਿਰੀ ਸਲਾਹੁਤ ਹੀ ਨਹੀਂ ਕਰਦੇ ਮਨ ਵਿਚ ਨਾਮ ਨੂੰ ਵਸਾਉਂਦੇ ਹਨ, ਤੇ ਨਾਮ ਦੁਆਰਾ (ਨਾਮੀ) ਵਿਚ ਲਿਵ ਲਾਈ ਰਖਦੇ ਹਨ। ਉਨ੍ਹਾਂ ਦੇ ਦਰ ਅੱਪੜਨ ਤੇ ਓਹ ਕੀ ਦੇਖਦੇ ਹਨ ਕਿ ਅਨਹਦ ਧੁਨੀ ਵਾਲੇ ਵਾਜੇ ਵਜ ਰਹੇ ਹਨ, ਦਿਵਜ ਰਾਗ ਹੋ ਰਹੇ ਹਨ ਤੇ ਦਰ ਦੇ ਅੰਦਰ ਜਾਕੇ ਉਹਨਾਂ ਨੂੰ ਸ਼ੋਭਾ ਪ੍ਰਾਪਤ ਹੁੰਦੀ ਹੈ। ਗੁਣੀ ਜਨ ਐਉਂ ਬੀ ਅਰਥ ਲਾਉਂਦੇ ਹਨ, ਕਿ ਉਨ੍ਹਾਂ ਦੇ (ਦਰਿ=) ਅੰਤਹ-ਕਰਣ ਵਿਚ (ਸ਼ਬਦ ਅਭਯਾਸ ਦੇ) ਅਨਹਦ ਵਾਜੇ ਵਜ ਰਹੇ ਹੁੰਦੇ ਹਨ। ਭਾਵ ਜਿਸ ਨਾਮ ਦੀ ਲਿਵ ਲਾਈ ਹੈ, ਉਹ ਬਿਨ ਵਜਾਏ ਵੱਜਣ ਵਾਲੇ, ਯਾ ਹਦ ਤੋਂ ਰਹਿਤ ਨਾਸ਼ ਤੋਂ ਰਹਿਤ ਵਜਣ ਵਾਲੇ ਵਾਜੇ ਹੋਕੇ ਵਜ ਰਹੇ ਹੁੰਦੇ ਹਨ, ਨਾਮ ਦੀ ਸੰਗੀਤਕ ਲਹਿਰ ਅੰਦਰ ਹੋ ਰਹੀ ਹੁੰਦੀ ਹੈ। ਇਸ ਲਈ ਉਨ੍ਹਾਂ ਦੀ ਸੱਚੇ ਦਰ ਸੋਭਾ ਹੁੰਦੀ ਹੈ।

ਹੁਣ ਅੰਕ ੪ ਵਿਚ ਉਹੋ ਗੱਲ ਦੱਸਕੇ ਸਤਿ ਪੁਰਖਾਂ ਦਾ ਸਤਿਸੰਗ ਕਰਨੇ ਦਾ ਉਪਦੇਸ਼ ਦੇਂਦੇ ਹਨ। ਉਨ੍ਹਾਂ ਗੁਰਮੁਖਾਂ ਦੇ ਭਾਗ ਵੱਡੇ ਚੰਗੇ ਹਨ, ਜਿਨ੍ਹਾਂ ਦੇ ਅੰਦਰ ਨਾਮ ਨਿਵਾਸ ਹੋਕੇ ਨਾਮ ਨੇ ਪ੍ਰਕਾਸ਼ ਰੂਪ ਨਾਮੀ ਨੂੰ ਪ੍ਰਕਾਸ਼ ਕਰ ਦਿੱਤਾ ਹੈ। ਨਾਮ ਨੇ ਨਾਮੀ ਨੂੰ ਪ੍ਰਗਟ ਕਰ ਦਿੱਤਾ ਹੈ। ਹੁਣ ਨਾਮੀ ਦਾ ਚਾਨਣਾ ਹੀ ਚਾਨਣਾ ਪ੍ਰਕਾਸ਼ ਪਾ ਰਿਹਾ ਹੈ। ਫੁਰਮਾਉਂਦੇ ਹਨ ਕਿ ਉਹਨਾਂ ਨੂੰ, ਕਿ ਜਿਨ੍ਹਾਂ ਨੂੰ ਐਸਾ ਨਾਮ ਪ੍ਰਾਪਤ ਹੋਇਆ, ਕੇਵਲ ਦਰਗਾਹ ਵਾਲੇ ਹੀ ਨਹੀਂ ਸਭ ਕੋਈ ਸ਼ਾਬਾਸ਼ੇ ਆਖਦਾ ਹੈ, ਭਾਵ ਹੈ ਕਿ ਓਹ ਲੋਕ ਪ੍ਰਲੋਕ ਵਿਚ ਸਨਮਾਨ ਯੋਗ ਹੁੰਦੇ ਹਨ। ਐਸਿਆਂ ਦਾ ਸਤਿਸੰਗ ਕਰੋ।

ਨਿਰੁਕ੍ਤ-ਦਿਨਸੁ-(ਸੰਸ:, ਦਿਵਸੰ=ਦਿਨ) ਦਿਨ।

ਆਥਵੈ-(ਸੰਸ:, ਅਸੁ। ਪ੍ਰਾ:, ਅਤ੍ਥ) ਅਸਤ ਹੋਣਾ। ਡੁੱਬਣਾ। ਮੁੱਕ ਜਾਣਾ। ਲਹਿ ਜਾਣਾ।

ਮੂਸਾ-(ਸੰਸ:, ਮੂਸ਼ਕ:) ਚੂਹਾ। ਭਾਵ ਕਾਲ, ਸਮਾ।

ਗੁੜੁ-ਤੋਂ ਭਾਵ ਢਿੱਲਾ ਗੁੜ ਹੈ।

ਕਲਤੁ-(ਸੰਸ:, ਕਲਤ੍ਰੰ) ਇਸਤ੍ਰੀ।

ਬਿਖੁ-ਵਿਹੁ। ਜ਼ਹਰ।

ਨਿਹਾਲਿਆ-ਦੇਖਿਆ।

ਲਾਜੁ ਟੁਕਾਇ-ਲਜ ਟੁਕਦਾ ਹੈ (ਚੂਹਾ ਜਿਵੇਂ), ਉਮਰਾਂ ਨੂੰ ਘਟਾਉਂਦਾ ਹੈ (ਕਾਲ ਤਿਵੇਂ)।

ਇਹ ਇਕ ਦ੍ਰਿਸ਼ਟਾਂਤ ਹੈ। ਅਰ ਇਸ ਦੇ ਉਦਾਲੇ ਕਥਾ ਬੀ ਹਨ। ਇਕ ਤਾਂ ਇਹ ਹੈ ਕਿ ਇਕ ਆਦਮੀ ਨੂੰ ਬਨ ਵਿਚ ਇਕ ਬਲਾ ਮਿਲੀ, ਉਹ ਉਥੋਂ ਵਾਹੋ ਦਾਹੀ ਉਠ ਭੱਜਾ। ਕੋਈ ਥਾਂ ਲੁਕਣ ਦੀ ਨਾ ਮਿਲੀ ਤਾਂ ਇਕ ਖੂਹ ਆ ਗਿਆ। ਇਸ ਨੇ ਛੇਤੀ ਨਾਲ ਖੂਹ ਤੇ ਪਈ ਲੱਜ ਨੂੰ ਪਕੜਿਆ ਤੇ ਖੂਹ ਦੇ ਵਿਚ ਲਟਕ ਗਿਆ। ਹੇਠਾਂ ਭਯਾਨਕ ਖੂਹ ਸੀ ਤੇ ਉਪਰ ਲੱਜ ਨੂੰ ਇਕ ਚੂਹਾ ਕੁਤਰਨ ਲੱਗ ਪਿਆ। ਉਸ ਖੂਹ ਉਪਰ ਉੱਗੇ ਬ੍ਰਿੱਛ ਤੇ ਲੱਗੇ ਮੱਖੀਆਂ ਦੇ ਛੱਤੇ ਤੋਂ ਸ਼ਹਿਤ ਚੋਣ ਲਗ ਪਿਆ ਜੋ ਉਸ ਦੇ ਮੂੰਹ ਵਿਚ ਪਿਆ ਟਪਕੇ। ਇਹ ਸ਼ਹਤ ਦੇ ਸਵਾਦ ਵਿਚ ਉਹ ਲੱਜ ਦੇ ਟੁੱਕੇ ਜਾਣ ਵਲੋਂ

ਬੇਪਰਵਾਹ ਹੋਕੇ ਲੱਗਾ ਰਿਹਾ। ਇਸ ਤਰ੍ਹਾਂ ਜੀਵ ਵਿਸ਼ੇ ਰਸਾਂ ਵਿਚ ਲੱਗਾ ਮੌਤ ਤੋਂ ਗ਼ਾਫ਼ਲ ਹੈ।

ਦੂਜੀ ਕਹਾਣੀ ਮਹਾਂ ਭਾਰਤ ਵਿਚ ਹੈ ਜੋ 'ਵਿਦੁਰ' ਜੀ ਨੇ 'ਧ੍ਰਿਤਰਾਸ਼ਟਰ' ਨੂੰ ਉਸ ਦੇ ਪੁਤ੍ਰਾਂ ਦੇ ਵਿਯੋਗ ਦੁਖ ਸਮੇਂ ਵੈਰਾਗ ਦਾ ਉਪਦੇਸ਼ ਦੇਣ ਵਿਚ ਵਰਤੀ ਹੈ। ਇਹ ਕਥਾ ਇਸਤ੍ਰੀ ਪਰਬ ਦੇ ੫, ੬ ਅਧਿਆਇ ਵਿਚ ਹੈ। ਨਰੋਤਮ ਤਾਰਾ ਸਿੰਘ ਜੀ ਇਸ ਤੁਕ ਵਿਚ ਆਏ 'ਲਾਜੁ ਟੁਕਾਇ' ਦਾ ਇਸ਼ਾਰਾ ਉਸ ਕਥਾ ਵਲ ਸਮਝਦੇ ਸਨ। ਜੋ ਸੰਖੇਪ ਮਾਤ੍ਰ ਇਉਂ ਹੈ:-

ਇਕ ਭਯਾਨਕ ਬਨ ਵਿਚ ਇਕ ਬ੍ਰਾਹਮਣ ਗਿਆ। ਉਥੇ ਸ਼ੇਰ ਬਘਿਆੜ ਆਦਿਕ ਸਨ, ਨਾਲੇ ਇਕ ਭਯਾਨਕ ਇਸਤ੍ਰੀ ਸੀ, ਇਸ ਤਰ੍ਹਾਂ ਦੇ ਹੋਰ ਕਈ ਡਰ ਦੇ ਸਾਮਾਨ ਦੇਖਦਾ ਉਹ ਉਠ ਨੱਸਿਆ। ਨੱਸਿਆ ਜਾਂਦਾ ਇਕ ਵੇਲਾਂ ਵੱਲੀਆਂ ਨਾਲ ਢੱਕੇ ਖੂਹ ਵਿਚ ਢੈ ਪਿਆ, ਪਰ ਖੂਹ ਦੀ ਮਣ ਵਿਚੋਂ ਉੱਗੇ ਇਕ ਵਡੇ ਬ੍ਰਿਛ ਤੇ ਅਟਕ ਗਿਆ ਤੇ ਇਕ ਲਟਕ ਰਹੀ ਰੱਸੇ ਵਰਗੀ ਵੇਲ ਨੂੰ ਪਕੜ ਕੇ ਥੰਮ ਗਿਆ। ਪਰ ਹੇਠਾਂ ਤੱਕੇ ਤਾਂ ਖੂਹ ਵਿਚ ਭਯਾਨਕ ਨਾਗ ਹੈ, ਉਪਰ ਤੱਕੇ ਤਾਂ ਖੂਹ ਦੇ ਕਿਨਾਰੇ ਇਕ ਭਯਾਨਕ ਹਾਥੀ ਖੜਾ ਹੈ। ਉਸ ਨੇ ਜਿਸ ਵੱਲੀ ਨੂੰ ਹੱਥ ਪਾਇਆ ਸੀ, ਉਸ ਨੂੰ ਕਾਲੇ ਧੌਲੇ ਚੂਹੇ ਕੱਟ ਰਹੇ ਸਨ ਤੇ ਖੂਹ ਉਪਰ ਦੇ ਲੱਗੇ ਬ੍ਰਿਛ ਪਰ ਲੱਗੇ ਮਖੀਰ ਦੇ ਛੱਤੇ ਵਿਚੋਂ ਮਾਖਿਓਂ ਚੋ ਰਿਹਾ ਸੀ, ਜਿਸ ਅਗੇ ਮੂੰਹ ਖੁਹਲ ਕੇ ਰਸ ਲੈਣ ਲਗ ਗਿਆ ਤੇ ਚੂਹਿਆਂ ਦੀ ਕੁਤਰਨੀ ਤੇ ਹੇਠਲੇ ਸਰਪ ਤੇ ਉਪਰਲੇ ਹਾਥੀ ਤੇ ਬਨ ਦੀਆਂ ਬਲਾਵਾਂ ਦੇ ਭੈ ਤੋਂ ਅਵੇਸਲਾ ਹੋ ਗਿਆ। ਇਸ ਕਥਾ ਨੂੰ ਫੇਰ ਬਿਦਰ ਜੀ ਨੇ ਮਾਨੁਖ ਦੀ ਅਵੇਸਲਤਾਈ ਤੇ ਘਟਾਇਆ ਹੈ। ਯਥਾ:-

ਬ੍ਰਹਮਣ-ਤੋਂ ਮੁਰਾਦ ਜੀਵ ਹੈ।
ਬਨ-ਤੋਂ ਮੁਰਾਦ ਸੰਸਾਰ ਹੈ।
ਭੈਦਾਯਕ ਸਾਮਾਨ ਤੋਂ ਮੁਰਾਦ ਰਾਗ ਦ੍ਵੈਖ ਆਦਿਕ ਹਨ।
ਭਯਾਨਕ ਇਸਤ੍ਰੀ-ਤੋਂ ਮੁਰਾਦ ਬੁਢੇਪਾ ਹੈ।
ਇਸ ਦੀਆਂ ਬਾਹਾਂ-ਤੋਂ ਮੁਰਾਦ ਰੋਗ ਹਨ।
ਅੰਧਾ ਖੂਹ-ਤੋਂ ਮੁਰਾਦ ਦੇਹਿ ਹੈ।
ਵੇਲ-ਤੋਂ ਮੁਰਾਦ ਜੀਵਨ ਦੀ ਆਸ਼ਾ (ਯਾ ਉਮਰਾ) ਹੈ।
ਹਾਥੀ-ਤੋਂ ਮੁਰਾਦ ਖਟ ਰੁੱਤਾਂ ਹਨ[1]।
ਚੂਹੇ ਚੂਹੀ-ਤੋਂ ਮੁਰਾਦ ਰਾਤ ਤੇ ਦਿਨ ਹਨ।
ਸ਼ਹਦ-ਤੋਂ ਮੁਰਾਦ ਵਿਸ਼ਯ ਰਸ ਹਨ।

ਤੀਸਰੀ ਕਥਾ ਇਹ ਹੈ ਕਿ ਇਕ ਮੁਟਿਆਰ ਪਾਣੀ ਭਰਨ ਲੱਗੀ। ਗਾਗਰ ਇਸ ਨੇ ਵਿਚ ਵਹਾਈ ਤਾਂ ਖੂਹ ਦੇ ਨੇੜੇ ਤਮਾਸ਼ਾ ਹੋ ਰਿਹਾ ਸੀ। ਇਹ ਗਾਗਰ ਵਿਚ ਛੱਡਕੇ ਤਮਾਸ਼ਾ ਦੇਖਣ ਮਣ ਤੋਂ ਹੇਠ ਉਤਰ ਗਈ ਤੇ ਤਮਾਸ਼ਾ ਦੇਖਣ ਲੱਗ ਪਈ ਕਿ ਤਮਾਸ਼ੇ ਮਗਰੋਂ ਗਾਗਰ ਖਿੱਚ ਲਵਾਂਗੀ। ਇਧਰ ਇਕ ਚੂਹਾ ਜੋ ਖੂਹ ਦੇ ਲਾਗੇ ਰਹਿੰਦਾ ਸੀ ਲੱਜ ਟੁੱਕਣ ਲੱਗ ਪਿਆ। ਜਾਂ ਮੁਟਿਆਰ ਤਮਾਸ਼ਾ ਦੇਖਕੇ ਮਣ ਤੇ ਚੜ੍ਹੀ ਤੇ ਭੌਣੀ ਭੁਆਣ ਲੱਗੀ ਤਾਂ ਕੀਹ ਦੇਖੇ ਕਿ ਲੱਜ ਕਟ ਚੁਕੀ ਹੈ ਤੇ ਗਾਗਰ ਵਿਚੇ ਡੁੱਬ ਗਈ ਹੈ, ਹੁਣ ਕੱਢਣੀ ਕਠਨ ਹੋ ਗਈ ਹੈ।

ਚੌਥੀ ਪਾਤਸ਼ਾਹੀ ਜੀ ਦੇ ਚਉਪਦੇ ਸਮਾਪਤ

---:O:---

[1] ਹਾਥੀ ਦੇ ਚਾਰ ਪੈਰ, ਇਕ ਸੁੰਡ, ਇਕ ਪੂੰਛ ਹੁੰਦੀ ਹੈ, ਇਸ ਕਰਕੇ ਛੇ ਰੁੱਤਾਂ ਦਾ ਭਾਵ ਕੱਢਦੇ ਹਨ।

(ਪੰਜਵੀਂ ਪਾਤਸ਼ਾਹੀ ਜੀ ਦੇ ਸ਼ਬਦ ਆਰੰਭ)

ਸਿਰੀ ਰਾਗੁ ਮਹਲਾ ੫ ਘਰੁ ੧

(ਸਿਰੀ ਰਾਗੁ ਮਹਲਾ ੫, ਚਉਪਦਾ-੭੧)

ਪ੍ਰਾਕ੍ਰਥਨ-ਦੁਖ ਦੇਕੇ ਬੀ ਮਾਇਆ ਕੱਠੀ ਕਰਨ ਵਾਲੇ ਅੱਜਾਸ਼ ਆਦਮੀ ਪ੍ਰਤੀ ਵੈਰਾਗ ਦਾ ਉਪਦੇਸ਼ ਹੈ ਤੇ ਹਰਿ ਰੰਗ ਰੱਤੇ ਜਾਣ ਦਾ ਇਸ਼ਾਰਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ਘਰੁ ੧ ॥	
ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥ ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥੧॥	ਪੁਤ੍ਰ, ਇਸਤ੍ਰੀ (ਤੇ ਇਸਤ੍ਰੀ ਦੇ) ਸ਼ਿੰਗਾਰ ਦੇਖਕੇ ਤੂੰ (ਇਨ੍ਹਾਂ ਵਿਚ ਕਿਉਂ ਰਚ ਰਿਹਾ ਹੈਂ? ਰਸ ਭੋਗਦਾ ਹੈਂ, ਖੁਸ਼ੀਆਂ ਮਨਾਉਂਦਾ ਹੈਂ, ਤੇ ਅਨੇਕ (ਤਰ੍ਹਾਂ ਦੇ) ਆਨੰਦ ਮਾਣਦਾ ਹੈਂ। ਫੁਰਮਾਇਸ਼ਾਂ ਬਹੁਤ ਕਰਦਾ ਹੈਂ ਤੇ ਅਮੋੜ ਹੋਕੇ ਵਰਤਦਾ ਹੈਂ। ਹੇ ਮਨਮੁਖ ਅੰਨ੍ਹੇ ਤੇ ਮੂਰਖ! ਕਰਤਾਰ (ਤੈਨੂੰ) ਯਾਦ ਹੀ ਨਹੀਂ ਆਉਂਦਾ॥੧॥
ਮੇਰੇ ਮਨ ਸੁਖਦਾਤਾ ਹਰਿ ਸੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੧॥ ਰਹਾਉ ॥	ਹੇ ਮੇਰੇ ਮਨ! (ਅਸਲੀ) ਸੁਖਾਂ ਦਾ ਦਾਤਾ ਉਹ ਹਰੀ ਹੈ, (ਪਰ ਉਹ ਹਰੀ) ਗੁਰੂ ਦੀ ਕ੍ਰਿਪਾ ਦੁਆਰੇ ਪਾਈਦਾ ਹੈ, (ਤੇ ਗੁਰੂ ਸ਼ੁਭ) ਭਾਗਾਂ ਦੁਆਰੇ ਮਿਲਦਾ ਹੈ॥੧॥ਰਹਾਉ॥
ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ॥ ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥ ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥੨॥	ਤੂੰ (ਸੁਹਣਾ) ਕੱਪੜਾ (ਹੰਢਾਉਣ) ਵਿਚ, ਭੋਗ (ਭੋਗਣ) ਵਿਚ ਲਪਟ ਰਿਹਾ ਹੈਂ (ਤੇ) ਸੋਨਾ ਚਾਂਦੀ (ਕੱਠਾ ਕਰਦਾ ਹੈਂ ਏਹ ਤੇਰੇ ਲਈ ਇਕ ਦਿਨ) ਮਿੱਟੀ ਤੁੱਲ (ਹੋ ਜਾਣਗੇ)। ਚੰਗੇ ਘੋੜੇ, ਚੰਗੇ ਹਾਥੀ, ਕਈ ਰੰਗਾਂ ਦੇ (ਕੱਠੇ) ਕੀਤੇ ਹੋਏ ਹਨ, (ਨਾਲ ਹੀ) ਅਥੱਕ ਰਥ (ਜਮਾ) ਕਰ ਰਖੇ ਹਨ। (ਭਾਵ ਐਸੇ ਰਥ ਜਿਨ੍ਹਾਂ ਦੇ ਖਿੱਚਣ ਵਾਲੇ ਬੈਲ ਤੇ ਘੋੜੇ ਅਥੱਕ ਕਹੀਦੇ ਹਨ ਤੇ ਰਥ ਛੇਤੀ ਘਸਣ ਤੇ ਟੁੱਟਣ ਵਾਲੇ ਨਹੀਂ ਹੁੰਦੇ। ਇਨ੍ਹਾਂ ਸਾਮਾਨਾਂ ਨੂੰ ਜੋੜਕੇ ਤੂੰ ਐਸਾ ਫਿੱਟ ਗਿਆ ਹੈਂ ਕਿ) ਕਿਸੇ ਨੂੰ ਚੇਤੇ ਹੀ ਨਹੀਂ ਕਰਦਾ, (ਸਗੋਂ) ਸਾਰੇ ਸਾਕਾਂ (ਤੱਕ ਨੂੰ ਤੂੰ) ਭੁਲਾ ਦਿੱਤਾ ਹੈ (ਪਰ ਸਮਝ ਲੈ ਕਿ ਤੈਨੂੰ) ਸਿਰਜਣਹਾਰ ਨੇ (ਬੀ) ਭੁਲਾ ਦਿੱਤਾ ਹੈ (ਕਿਉਂਕਿ ਤੂੰ) ਨਾਮ ਤੋਂ ਖਾਲੀ ਹੈਂ ਤੇ ਅਪਵਿੱਤ੍ਰ ਹੈਂ॥੨॥
ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥ ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥ ਅਹੰਕਾਰੁ ਕਰਹਿ	(ਫੇਰ) ਤੂੰ (ਜਿਨ੍ਹਾਂ ਤੋਂ ਜੋਰ ਜ਼ੁਲਮ ਨਾਲ) ਮਾਇਆ ਇਕੱਠੀ ਕਰਦਾ ਹੈਂ (ਉਨ੍ਹਾਂ ਦੀਆਂ) ਬਦਅਸੀਸਾਂ ਲੈਂਦਾ ਹੈਂ। ਜਿਸ (ਮਾਇਆ ਤੇ ਐਸ਼੍ਵਰਜ) ਉਤੇ ਤੂੰ ਭਰੋਸਾ ਕਰੀ ਬੈਠਾ ਹੈਂ ਉਹ ਤੇਰੇ ਸਮੇਤ ਅਨਸਥਿਰ ਹੈ। (ਤੂੰ) ਹੇ ਅਹੰਕਾਰੀ! ਆਪਣੀ ਮਨ ਮਰਜ਼ੀ ਵਿਚ ਲੱਗਾ ਹੋਇਆ ਅਹੰਕਾਰ ਕਰ ਰਿਹਾ ਹੈਂ

ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥ ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ ॥੩॥	(ਪਰ ਤੈਨੂੰ ਪਤਾ ਨਹੀਂ ਕਿ ਤੈਨੂੰ ਤਾਂ) ਓਸ ਪ੍ਰਭੂ ਨੇ ਆਪ ਭੁਲਾ ਛੱਡਿਆ ਹੈ। (ਪ੍ਰਭੂ ਜੇ ਕਿਸੇ ਨੂੰ ਭੁਲਾਵੇ ਤਾਂ ਕੀ ਹੁੰਦਾ ਹੈ? ਉੱਤਰ:- ਜਿਸ ਨੂੰ ਪ੍ਰਭੂ ਆਪ ਭੁਲਾ ਦੇਵੇ) ਉਸ ਦੀ ਨਾਂ ਕੋਈ ਜਾਤ (ਦੀ ਵਡਿੱਤ ਰਹਿੰਦੀ ਹੈ ਨਾ ਕੋਈ ਅਮੀਰੀ ਦੀ) ਪਤਿ (ਰਹਿ ਜਾਂਦੀ ਹੈ। ਇਸ਼ਾਰਾ ਦੁਵੱਲੀ ਹੈ ਕਿ ਨਾਂ ਤਾਂ ਜਗਤ ਵਿਚ ਵਡਿਆਈ ਰਹਿ ਜਾਂਦੀ ਹੈ, ਨਾ ਅਗੇ ਗਿਆਂ ਜਗਤ ਦੀ ਉੱਚੀ ਜ਼ਾਤ ਤੇ ਧਨ ਦੌਲਤ ਵਾਲੀ ਪਤਿ ਕੁਛ ਮੁੱਲ ਪਾਉਂਦੀ ਹੈ)॥੩॥
ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ ॥ ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ॥ ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ॥੪ ॥੧॥੭੧॥	(ਪਰ ਜਿਨ੍ਹਾਂ ਨੂੰ) ਸਤਿਗੁਰੂ ਪੁਰਖ ਨੇ ਇਕੋ ਉਹ (ਹਰੀ ਰੂਪੀ) ਸੱਜਣ ਮਿਲਾ ਦਿੱਤਾ ਹੈ; (ਐਸੇ) ਹਰੀ ਜਨ ਦਾ ਰਾਖਾ ਇਕੋ (ਉਹੋ) ਹੈ. ਹਉਮੈ ਵਾਲੇ ਮਨੁੱਖ (ਉਸਦਾ) ਕੀਹ (ਵਿਗਾੜ ਸਕਦੇ ਹਨ, ਓਹ ਬਫਾਉਂਦੇ ਨਹੀਂ ਓਹ ਮਾਨੋ) ਰੋਂਦੇ ਹਨ। ਹਰੀ ਜਨ ਨੂੰ ਜੋ ਕੁਛ ਭਾਉਂਦਾ ਹੈ (ਹਰੀ) ਉਹੋ ਕੁਛ ਕਰਦਾ ਹੈ, (ਉਸ ਦੀ ਕੀਤੀ ਨੂੰ) ਦਰਗਾਹ ਵਿਚ ਕੋਈ ਮੋੜ ਨਹੀਂ ਸਕਦਾ। ਹੇ ਨਾਨਕ! ਜੋ ਹਰੀ ਦੇ ਰੰਗ (ਪ੍ਰੇਮ) ਵਿਚ ਰੰਗਿਆ ਗਿਆ ਹੈ (ਉਹ) ਸਾਰੇ ਜਗਤ ਵਿਚ ਪ੍ਰਕਾਸ਼ (ਸਰੂਪ) ਹੈ (ਭਾਵ ਜਗਤ ਦੇ ਅਗਜਾਨ ਅੰਧਕਾਰ ਨੂੰ ਦੂਰ ਕਰਨੇ ਵਾਲਾ ਉਹ ਚਾਨਣ ਹੈ-ਗਜਾਨ ਦਾਤਾ ਹੈ)॥੪॥੧॥੭੧॥

ਵਜਾਖਜਾ-ਸੰਪ੍ਰਦਾ ਵਿਚ ਕਥਾ ਚਲੀ ਆਉਂਦੀ ਹੈ ਕਿ ਇਹ ਉਪਦੇਸ਼ ਪੱਟੀ ਦੇ ਰਾਜਾ ਕਿ ਹਾਕਮ ਪ੍ਰਤਿ ਹੋਇਆ ਸੀ, ਜੋ ਜ਼ੋਰ ਕਰਦਾ, ਮਾਯਾ ਜੋੜਦਾ ਤੇ ਹੁਕਮ ਹਾਸਲ ਦੇ ਨਾਲ ਅੱਯਾਸ਼ ਬੀ ਤਕੜਾ ਸੀ। ਇਹ ਗਲ ਕਿ ਕਿਸੇ ਐਸੇ ਮਾਇਆ ਦੇ ਜਨ ਪ੍ਰਤਿ ਉਪਦੇਸ਼ ਹੋਇਆ ਹੈ, ਸ਼ਬਦ ਵਿਚ ਪਏ ਪਦ ਪਦਾਰਥਾਂ ਤੋਂ ਬੀ ਸਹੀ ਹੋ ਰਹੀ ਹੈ। ਅੰਕ ੩ ਤਕ ਇਹੋ ਉਪਦੇਸ਼ ਹੈ ਕਿ ਜੋ ਕੁਛ ਤੂੰ ਕੱਠਾ ਕਰ ਤੇ ਭੋਗ ਰਿਹਾ ਹੈਂ, ਸਭ ਅਨਸਥਿਰ ਹੈ ਦੁਨੀਆਂ ਵਿਚ ਬਦ ਦੁਆਵਾਂ ਲੈ ਰਿਹਾ ਹੈਂ ਤੇ ਪਰਮੇਸ਼ੁਰ ਨੇ ਤੈਨੂੰ ਭੁਲਾ ਦਿੱਤਾ ਹੈ। ਅੰਕ ੪ ਵਿਚ 'ਮਾਇਆ ਦੇ ਜਨ' ਦੇ ਟਾਕਰੇ ਤੇ 'ਹਰੀ ਜਨ' ਦਾ ਜ਼ਿਕਰ ਹੈ। ਕਿ ਹਰੀ ਜਨ ਨੂੰ ਸਤਿਗੁਰੂ ਪਰਮੇਸ਼ੁਰ ਮਿਲਾ ਦੇਂਦਾ ਹੈ, ਹਰੀ ਜਨ ਦਾ ਫੇਰ ਹਰੀ ਆਪ ਰਾਖਾ ਹੋ ਜਾਂਦਾ ਹੈ। ਉਸ ਨੂੰ ਅਪਣੇ ਲਈ ਤਰੱਦਦ ਦੀ ਰਖਜਾ ਦੀ ਲੋੜ ਨਹੀਂ ਰਹਿੰਦੀ। ਜੇ ਕੋਈ ਉਸ ਪਰ ਆਕੜ ਕਰੇ, ਹਉਮੈਂ ਦੇ ਫੁੰਕਾਰੇ ਮਾਰੇ ਤਾਂ ਉਹ ਰੋਣ ਤੁੱਲ ਹੁੰਦਾ ਹੈ, ਭਾਵ ਉਹ ਖਪ ਖਪ ਮਰਦਾ ਹੈ, ਕੋਈ ਵਿਗਾੜ ਨਹੀਂ ਕਰ ਸਕਦਾ। ਕਿਉਂਕਿ ਹਰੀ ਤਾਂ ਹਰੀ ਜਨ ਦੇ ਪਿਆਰ ਵਿਚ ਇੰਨਾ ਹੁੰਦਾ ਹੈ ਕਿ ਜੋ ਗੱਲ ਹਰੀ ਜਨ ਨੂੰ ਚੰਗੀ ਲਗੇ ਹਰੀ ਉਹੋ ਕਰਦਾ ਹੈ। ਦਰਗਾਹ ਵਿਚ ਕੋਈ ਐਸਾ ਨਹੀਂ ਜੋ ਹਰੀ ਦੇ ਚਾਹੇ ਅਨੁਸਾਰ ਰਬ ਦੇ ਕੀਤੇ ਨੂੰ ਮੋੜਾ ਪਾ ਸਕੇ ਯਾ ਰੋਕ ਪਾ ਸਕੇ। ਪ੍ਰਸ਼ਨ: ਕੀਹ ਹਰੀ ਜਨ ਇਸ ਅਪਣੇ ਸਤਿਕਾਰ ਦੇ ਅਹੰਕਾਰ ਵਿਚ ਹੁੰਦਾ ਹੈ? ਨਹੀਂ। ਹਰੀ ਜਨ ਤਾਂ ਹਰੀ ਦੇ ਪ੍ਰੇਮ ਵਿਚ ਡੁੱਬਾ ਰਹਿੰਦਾ ਹੈ ਇਧਰ ਜਗਤ ਵਿਚ ਉਹ ਚਾਨਣ ਹੁੰਦਾ ਹੈ। ਜਗਤ ਵਿਚ ਅਗਜਾਨ ਦਾ ਹਨੇਰਾ ਹੈ, ਹਰੀ ਜਨ ਸੂਰਜ ਚੰਦ ਵਾਂਙੂ ਚਾਨਣ ਹੁੰਦਾ ਹੈ ਜੋ ਜੀਵਾਂ ਨੂੰ ਗਜਾਨ ਦਾ ਚਾਨਣ ਦੇਂਦਾ ਹੈ। ਹਰੀ ਆਪੇ ਉਸ ਦਾ ਰਾਖਾ ਤੇ ਬੇਲੀ ਹੁੰਦਾ ਹੈ, ਜਿਸ ਨਾਲ ਉਹ ਅਵਿਛੁੜ ਮਿਲ ਰਿਹਾ ਹੁੰਦਾ ਹੈ।

ਨਿਰੁਕ੍ਤ-ਕਲਤ੍ਰ-(ਸੰਸ:, ਕਲਤ੍ਰੰ) ਇਸਤ੍ਰੀ।

ਅਪਾਰ-ਪਾਰ ਰਹਿਤ, ਭਾਵ ਬਹੁਤ ਪ੍ਰਕਾਰ ਦੇ।

ਫੁਰਮਾਇਸੀ-(ਫ਼ਾ:, ਫ਼ੁਰਮਾਯਸ਼) ੧. ਫੁਰਮਾਨ ਕਰਨਾ, ਬਤੌਰ ਹੁਕਮ ਦੇ ਕੁਛ ਕੰਮ ਕਰਾਉਣਾ। ੨. ਬਤੌਰ ਹੁਕਮ ਦੇ ਸਿਫਾਰਸ਼ ਕਰਨੀ। ਅਜ ਕਲ ਆਮ ਉਰਦੂ ਵਿਚ ਫੁਰਮਾਯਸ਼ ਨਾਮ ਸਿਫਾਰਸ਼ ਦਾ ਹੈ।

ਅਫਾਰ-ਇਸ ਦੇ ਕਈ ਅਰਥ ਹਨ। ਏਥੇ 'ਅਮੋੜ' ਅਰਥ ਲਗਦਾ ਹੈ।

ਕਰਮਿ- ਕਰਮ ਦੁਆਰਾ। ਸੁਹਣੇ ਯਾ ਚੰਗੇ ਭਾਗਾਂ ਦੁਆਰਾ। (੨) ਕ੍ਰਿਪਾ ਦੁਆਰਾ ਬੀ ਅਰਥ ਹੋ ਸਕਦੇ ਹਨ।

ਹੈਵਰ-ਹੈ+ਵਰ=ਸ੍ਰੇਸ਼ਟ ਘੋੜੇ। **ਗੈਵਰ**-ਗੈ+ਵਰ=ਚੰਗੇ ਹਾਥੀ।

ਅਥਾਕ-ਅਥੱਕ। ਉਹ ਰਥ ਜੋ ਥੋੜੇ ਕੀਤੇ ਟੁੱਟਣ ਭੱਜਣ ਨਾ ਤੇ ਜਿਨ੍ਹਾਂ ਨੂੰ ਬਹੁਤ ਬਲੀ ਯਾ ਅਥੱਕ ਘੋੜੇ ਯਾ ਬੈਲ ਚਲਾਉਂਦੇ ਹੋਣ।

ਸਿਰਜਣ ਹਾਰਿ-ਸਿਰਜਣਹਾਰ ਨੇ। 'ਰ' ਦੀ ਸਿਆਰੀ ਕਰਤਾ ਕਾਰਕ ਦੀ ਨਿਸ਼ਾਨੀ ਹੈ।

ਇਸ ਦੀ ਪੁਸ਼ਟੀ ਅਗਲੇ ਅੰਕ ੩ ਵਿਚ ਹੋ ਜਾਂਦੀ ਹੈ, ਜਿਥੇ ਫੁਰਮਾਉਂਦੇ ਹਨ, 'ਤਿਨਿ ਪ੍ਰਭਿ ਆਪਿ ਭੁਲਾਇਆ' ਉਸ ਪ੍ਰਭੂ ਨੇ ਆਪ (ਤੈਨੂੰ) ਭੁਲਾ ਦਿਤਾ ਹੈ।

ਨਾਪਾਕ-(ਫ਼ਾ:,) ਅਪਵਿਤ੍ਰ।

ਬਦ ਦੁਆਇ-(ਅ਼:, ਬਦ=ਬੁਰੀ-ਦੁਆ=ਅਰਦਾਸ) ਭਾਵ ਲੋਕ ਤੇਰੇ ਲਈ ਬੁਰੀ ਦੁਆ ਕਰਦੇ ਹਨ। ਬਦ ਅਸੀਸਾਂ ਦੇਂਦੇ ਹਨ।

ਪਤੀਆਇਦਾ-(ਪੰਜਾ:, ਪਤਿਆਉਣਾ=ਭਰੋਸਾ ਕਰਨਾ। ਭਰੋਸਾ ਕਰਾਉਣਾ ਬੀ ਅਰਥ ਹੁੰਦਾ ਹੈ) ਜਿਸ ਤੇ ਤੂੰ ਭਰੋਸਾ ਕਰਦਾ ਹੈਂ। (੨) ਅਥਵਾ ਜਿਸ ਇਸਤ੍ਰੀ ਪੁਤ੍ਰ ਆਦਿ ਨੂੰ ਤੂੰ ਭਰੋਸਾ ਦਿਵਾਉਂਦਾ ਹੈ ਕਿ ਮੈਂ ਐਡਾ ਵਡਾ ਹੋ ਗਿਆ ਹਾਂ, ਉਹ ਤੇਰੇ ਸਹਤ ਨਾਸ਼ਮਾਨ ਹੈਨ।

(ਸਿਰੀ ਰਾਗੁ ਮਹਲਾ ੫, ਚਉਪਦਾ-੨੨)

ਪ੍ਰਾਕ੍ਥਨ-ਅਸਲੀ ਸੁਖ, ਆਤਮ ਸੁਖ, ਸਾਧ ਸੰਗ ਵਿਚ ਹੈ। ਮਾਲ ਦੌਲਤ ਹਕੂਮਤ ਕਰਾਮਾਤ ਦੇ ਸੁਖ ਚਿੰਤਾ-ਮਈ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	(ਅਰਥ ਰਹਾਉ ਤੋਂ ਆਰੰਭ ਕੀਤਾ ਹੈ)
ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ ॥ ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥੧॥	ਹੇ ਭਾਈ! (ਸੱਚਾ) ਸੁਖ ਤਾਂ ਸਾਧ ਦੀ ਸੰਗਤ ਵਿਚ ਪ੍ਰਾਪਤ ਹੁੰਦਾ ਹੈ। (ਪਰ ਜਿਨ੍ਹਾਂ ਦੇ ਭਾਗਾਂ ਵਿਚ) ਉਸ ਬਿਧਾਤਾ ਪੁਰਖ ਨੇ ਲੇਖ ਲਿਖ ਦਿੱਤਾ ਹੈ (ਉਹਨਾਂ ਨੂੰ ਇਹ ਸੁਖ ਮਿਲਦਾ ਹੈ, ਹਾਂ, ਉਨ੍ਹਾਂ ਦਾ) ਦੁਖ ਤੇ ਚਿੰਤਾ (ਦੁਇ) ਮਿਟ ਜਾਂਦੇ ਹਨ॥੧॥ਰਹਾਉ॥
ਭਾਈ ਰੇ ਸੁਖੁ ਸਾਧਸੰਗਿ ਪਾਇਆ ॥ ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥੧॥ ਰਹਾਉ ॥	(ਜੋ ਕਹੋ ਕਿ ਦੁਨੀਆਂ ਦੀਆਂ ਖੁਸ਼ੀਆਂ ਬੀ ਤਾਂ ਸੁਖਦਾਈ ਹਨ ਤਾਂ ਫੁਰਮਾਉਂਦੇ ਹਨ:) ਕੌਤਕ ਤ੍ਰਮਾਸ਼ੇ (ਦੇਖਕੇ) ਮਨ ਵਿਚ ਬਹੁਤੇ ਆਨੰਦ (ਯਾ ਰਸ ਦੇਣ ਵਾਲੀਆਂ ਖੁਸ਼ੀਆਂ), ਦ੍ਰਿਸ਼ਟੀ ਨੂੰ ਆਪਣੇ ਵਿਚ ਲੁਭਾਇਮਾਨ ਕਰ ਲੈਣ ਵਾਲੀਆਂ

ਖੁਸ਼ੀਆਂ ਅਤੇ ਛਤ੍ਰਧਾਰੀ ਪਾਤਸ਼ਾਹੀਆਂ (ਵਾਲੀਆਂ ਖੁਸ਼ੀਆਂ) ਚਿੰਤਾ ਵਿਚ (ਬੀ) ਪਈਆਂ ਰਹਿੰਦੀਆਂ ਹਨ। (ਭਾਵ ਇਹ ਕਿ ਚਿੰਤਾ ਵਿਚ ਪਾਈ ਰਖਦੀਆਂ ਹਨ)॥੧॥

ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ ॥ ਧਨ ਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ ॥੨॥

(ਪਹਿਲੋਂ ਕਹੀ ਗੱਲ ਦੀ ਨਿਜ ਤਜਰਬੇ ਤੋਂ ਪ੍ਰੌਢਤਾ ਕਰਦੇ ਹਨ:[1]) ਜਿਤਨੇ ਦੇਸ਼ ਦੇਸ਼ਾਂਤ੍ਰ (ਹੈਨ) ਫਿਰ ਆਇਆ ਹਾਂ (ਸਭ ਥਾਂ ਕੀ ਡਿੱਠਾ ਕਿ ਵਡਾ) ਧਨਾਢ (ਪੁਰਖ ਅਤੇ) ਵਡਾ ਜ਼ਿਮੀਆਂ ਵਾਲਾ (ਸਭ ਕੋਈ) ਮੇਰੀ ਮੇਰੀ ਪਿਆ ਕਰਦਾ ਹੈ॥੨॥

ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥ ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥੩॥

(ਹਾਂ ਸਭ ਕੋਈ ਐਸਾ ਧਨੀ ਤੇ ਜ਼ਿਮੀਂ ਵਾਲਾ) ਬੇਡਰ ਹੋਕੇ ਹੁਕਮ ਚਲਾ ਰਿਹਾ ਹੈ (ਤੇ ਹਰ ਗੱਲੇ) ਅਮੋੜ ਹੋਕੇ ਵਰਤਾਉ ਕਰ ਰਿਹਾ ਹੈ. ਇਉਂ ਸਭ ਕਿਸੇ ਨੂੰ ਵੱਸ ਵਿਚ (ਤਾਂ) ਕਰ ਲੈਂਦਾ ਹੈ, (ਪਰ) ਨਾਮ ਤੋਂ ਸੱਖਣਾ ਹੋਣ ਕਰਕੇ (ਅੰਤ) ਮਿੱਟੀ ਵਿਚ ਰਲ ਜਾਂਦਾ ਹੈ॥੩॥

ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥ ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ ॥੪॥੨॥੭੨॥

(ਹੁਣ ਧਨੀਆਂ ਤੇ ਭੂਮੀਆਂ ਤੋਂ ਉੱਪਰਲੇ ਨਾਲੇ ਰਾਜੇ, ਨਾਲੇ ਤਪੀ ਲੋਕਾਂ ਦਾ ਵਰਣਨ ਕਰਦੇ ਹਨ) (ਜਿਸਦੇ) ਦੁਆਰੇ ਤੇਤੀ ਕ੍ਰੋੜ ਦੇਵਤੇ ਸਿੱਧ ਤੇ ਸਾਧਿਕ ਖੜੇ ਸੇਵਾ ਕਰਦੇ ਸਨ[2]। (ਹਾਂ, ਜਿਸ ਦੀ) ਮਾਲ ਦੌਲਤ ਦੀ ਬਹੁਤਾਯਤ ਅਤਿਸ਼ੈ ਸੀ, (ਅਤੇ ਜਿਸ ਦੀ) ਵਡੀ ਹਕੂਮਤ ਸੀ, ਹੇ ਨਾਨਕ! ਓਹ ਸਭ ਕੋਈ (ਅੰਤ) ਸੁਪਨਾ ਹੋ ਗਿਆ॥ ੪ ॥ ੨ ॥ ੭੨ ॥

ਵਯਾਖਯਾ—ਰਹਾਉ ਵਿਚ ਇਕ ਸੁਖ ਦਾ ਪਤਾ ਦਿੱਤਾ ਹੈ, ਜੋ ਅਚਿੰਤ ਸੁਖ ਹੈ। ਨਾ ਕੇਵਲ ਅਚਿੰਤ ਹੈ, ਉਹ ਚਿੰਤਾ ਤੇ ਦੁਖ ਦੋਹਾਂ ਦਾ ਮੇਟਣਹਾਰ ਸੁਖ ਹੈ। ਹੋਰ ਸਾਰੇ ਸੁਖ ਚਿੰਤਾ-ਮਈ ਹਨ। ਉਹਨਾਂ ਦੇ ਚਲੇ ਜਾਣ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਉਸ ਦੇ ਪੈਦਾ ਕਰਨੇ ਲਈ, ਫਿਕਰ, ਦੂਰੰਦੇਸ਼ੀ, ਕਾਇਮ ਰਖਣ ਲਈ ਚਿੰਤਾ ਤੇ ਉਪਾਉ, ਖ਼ਤਰੇ ਆ ਪਿਆਂ ਤੌਖਲੇ ਤੇ ਤਰੱਦਦ ਬਣੇ ਰਹਿੰਦੇ ਹਨ। ਅੰਤ ਸਦਗਤੀ ਬੀ ਪ੍ਰਾਪਤ ਨਹੀਂ ਹੁੰਦੀ। ਮਾਨੋ ਮਿੱਟੀ ਨਾਲ ਮਿਟੀ ਹੋ ਗਿਆ, ਮਿਟੀ ਤਾਂ ਦੇਹ ਨੇ ਹੋਣਾ ਹੀ ਹੈ। ਮੁਰਾਦ ਜਿਸ ਮਿੱਟੀ ਦੇ ਵਿਚੋਂ ਨਿਕਲੇ ਸੋਨੇ ਚਾਂਦੀ ਮਾਲ ਮਿਲਖ ਜੋੜਦਾ ਸੀ, ਵਾਸ਼ਨਾ ਤ੍ਰਿਸ਼ਨਾ ਉਸੇ ਵਿਚ ਰਹਿਣੇ ਕਰਕੇ ਮ੍ਰਿਤ ਮੰਡਲਾਂ ਵਿਚ ਹੀ ਰਹਿ ਗਿਆ, ਆਤਮ ਮੰਡਲਾਂ ਦੀ ਉਡਾਰੀ ਉਨ੍ਹਾਂ ਦੀ ਆਤਮਾ ਨੂੰ ਪ੍ਰਾਪਤ ਨਾ ਹੋਈ। ਫਿਰ ਜੀਉਂਦਿਆਂ ਜੋ ਬਲ, ਸ਼ਕਤੀ, ਪਦਾਰਥ ਸਤਜ ਭਾਸਦੀ ਸੀ, ਜਿਸ ਨੂੰ ਸਦੈਵੀ ਸਮਝਦਾ ਸੀ, ਓਹ ਸੁਪਨੇ ਵਤ ਲੰਘ ਗਈ। ਬਾਕੀ ਸਮਝ ਲਓ, ਰਹਿ ਗਿਆ ਕੀ? ਪਾਪਾਂ ਦਾ ਭਾਰ ਤੇ ਦੁਖ।

ਨਿਰੁਕ੍ਤ—ਬਿਲਾਸੁ-(ਸੰਸ:, ਵਿਲਾਸ:) ਕੌਤਕ, ਤਮਾਸ਼ਾ, ਖੇਲਾਂ।
(੨) ਅਹਿਲਾਦ। (੩) ਆਨੰਦ ਵਾਲੀ ਕ੍ਰੀੜਾ

ਰੰਗੁ—ਆਨੰਦ, ਸੁਆਦ। (੨) ਪਜਾਰ।

---

[1] ਅਥਵਾ ਜੋ ਕੋਈ ਤਜਰਬੇ ਲਈ ਦੁਨੀਆ ਵਿਚ ਨਿਕਲਿਆ ਉਸ ਨੇ ਥਾਨ ਥਨੰਤਰਾਂ ਵਿਚ ਫਿਰਕੇ ਇਹੋ ਕੁਛ ਡਿਠਾ।
[2] ਰਾਵਣ ਵਲ ਇਸ਼ਾਰਾ ਹੈ।

ਦ੍ਰਿਸਟਿ ਭੂਲਿ-ਜਿਨ੍ਹਾਂ ਨੂੰ ਦੇਖਕੇ ਨਜ਼ਰ ਭੁੱਲ ਜਾਏ। ਜਿਨ੍ਹਾਂ ਨੂੰ ਦੇਖਕੇ ਨਜ਼ਰ ਲੁਭਾਇਮਾਨ ਹੋਕੇ ਠੱਗੀ ਜਾਵੇ।

ਛਤ੍ਰ ਧਾਰ ਬਾਦਸਾਹੀਆ-ਸਿਰ ਤੇ ਤਾਜ ਪਹਿਨਣ ਤੇ ਛਤਰ ਝੁਲਾਉਣ ਵਾਲੀਆਂ ਪਾਤਸ਼ਾਹੀਆਂ। ਭਾਵ ਹੈ ਵਡੇ ਰਾਜ। **ਧਨਪਾਤੀ**-ਧਨ ਦਾ ਪਤੀ, ਧਨਾਢ।

ਭੂਮੀਆ-ਜ਼ਿਮੀ ਦਾ ਮਾਲਕ, ਵੱਡਾ ਜ਼ਿਮੀਂਦਾਰ।

ਅਫਰਿਆ-ਆਫਰਿਆ ਹੋਇਆ। ਮਹਾਂ ਹੰਕਾਰੀ, ਅਮੋੜ।

ਵਸਗਤਿ-(ਵਸ ਵਿਚ ਆਇਆ ਹੋਇਆ) ਕਾਬੂ ਕਰ ਲਿਆ। ਹੁਕਮ ਹੇਠ ਕਰ ਲਿਆ।

ਕੋਟਿ ਤੇਤੀਸ-ਤੇਤੀ ਕ੍ਰੋੜ। ਭਾਵ ਹੈ ਤੇਤੀ ਕ੍ਰੋੜ ਦੇਵਤਾ। ਇਸ਼ਾਰਾ ਰਾਵਣ ਵੱਲ ਹੈ। ਜਿਸਨੇ ਦੇਵਤੇ ਬੀ ਵੱਸ ਕਰ ਲਏ ਸਨ ਤੇ ਸਿਧ ਸਾਧਿਕ ਬੀ ਉਸਦੇ ਦੁਆਰੇ ਸੇਵਾ ਕਰਦੇ ਦੱਸੀਦੇ ਹਨ।

ਗਿਰੰਬਾਰੀ-(ਫ਼ਾ: ਗਿਰਾਂ+ਬਾਰੀ[1]=ਬਹੁਤ ਮਾਲ ਅਸਬਾਬ ਤੇ ਡੰਗਰਾਂ ਵਾਲਾ ਹੋਣਾ। ਸੰਸ:, ਗਿਰਿ:=ਪਹਾੜ, ਵਾਰਿ=ਜਲ।) ਜਲ ਥਲ ਦਾ ਮਾਲਕ। ਭਾਵ ਹੈ ਬਹੁਤ ਹੀ ਵੱਡਾ ਸ਼ਾਹੂਕਾਰ ਮਾਲਦਾਰ ਤੇ ਅਮੀਰ।

(ਸਿਰੀ ਰਾਗੁ ਮਹਲਾ ੫, ਚਉਪਦਾ-੨੩)

ਪ੍ਰਾਕ੍ਥਨ-ਮਾਇਆ ਜਾਲ ਵਿਚ ਫਾਥਿਆਂ ਲਈ ਨਿਕਲਣੇ ਦਾ ਉਪਦੇਸ਼ ਤੇ ਤ੍ਰੀਕਾ ਦੱਸਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	(ਅਰਥ ਰਹਾਉਂ ਤੋਂ ਟੁਰੇਗਾ)
ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥ ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥ ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ॥੧॥ ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ ਰਹਾਉ ॥	ਹੇ ਪ੍ਰਾਣੀ! ਤੂੰ (ਇਸ ਜਗਤ ਵਿਚ ਤੇ ਇਸ ਦੇਹੀ ਵਿਚ) ਲਾਹਾ ਖੱਟਣ ਆਇਆ ਸੈਂ। (ਤੂੰ) ਕਿਸ ਵਿਅਰਥ ਕਾਰਜ ਵਿਚ ਲਗ ਪਿਆ ਹੈਂ, (ਤੇਰੀ ਉਮਰਾ ਰੂਪੀ) ਰਾਤ ਸਾਰੀ ਮੁਕਦੀ ਚਲੀ ਜਾ ਰਹੀ ਹੈ॥੧॥ਰਹਾਉ॥ (ਦੇਖ ਤੂੰ ਨਿਤ) ਸਵੇਰੇ ਉਠਕੇ (ਆਪਣੀ ਦੇਹੀ ਨੂੰ) ਪਪੋਲਦਾ ਹੈਂ, ਜੋ ਗਿਆਨ ਵਿਹੂਣੀ ਮੂਰਖ ਤੇ ਅਜਾਣ ਹੈ। (ਤੈਨੂੰ ਇਸ ਦਾ ਕਰਨਹਾਰ ਜੋ ਹੈ) ਉਹ ਪ੍ਰਭੂ ਚਿਤ ਨਹੀਂ ਆਇਆ (ਜਾਣ ਲੈ ਕਿ ਇਹ ਅੰਤ) ਮਸਾਣਾਂ ਵਿਚ ਛੱਡੀ ਜਾਏਗੀ। (ਜੇ ਤੂੰ ਚਾਹੁੰਦਾ ਹੈਂ ਕਿ) ਸਦਾ ਸਦਾ ਆਨੰਦ ਭੋਗੇਂ (ਤਾਂ) ਸਤਿਗੁਰੂ ਨਾਲ ਦਿਲ ਲਗਾ (ਭਾਵ ਪਜਾਰ ਕਰ ਉਸ ਨੂੰ, ਉਸ ਦੇ ਉਪਦੇਸ਼ ਨੂੰ ਤੇ ਉਸ ਦੀ ਦਿੱਤੀ ਨਾਮ ਦੀ ਦਾਤ ਨੂੰ)॥੧॥
ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥ ਓਤੈ ਸਾਥਿ ਮਨੁਖੁ	ਪਸੂ ਪੰਖੀ (ਜਿਵੇਂ ਫਸੇ ਹੋਏ ਬੀ) ਕਲੋਲ ਪਏ ਕਰਦੇ ਹਨ, (ਕਿਉਂਕਿ ਉਨ੍ਹਾਂ ਨੂੰ) ਕਾਲ ਨਜ਼ਰ ਨਹੀਂ ਆਉਂਦਾ, ਉਹਨਾਂ (ਦਾ ਸਾਥੀ ਭਾਵ ਉਨ੍ਹਾਂ) ਵਰਗਾ ਹੀ (ਇਹ ਮੁਗਧ ਤੇ ਅਜਾਣ)

[1] ਫਾਰਸੀ ਵਿਚ 'ਗਿਰਾਂਬਾਰ'=ਗਰਭਵਤੀ ਤੇ ਫਲਦਾਰ ਬ੍ਰਿਛ ਨੂੰ ਬੀ ਕਹਿ ਲੈਂਦੇ ਹਨ।

ਹੈ ਫਾਥਾ ਮਾਇਆ ਜਾਲਿ ॥ ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥੨॥

ਮਨੁਖ ਹੈ, (ਜੋ) ਮਾਇਆ ਜਾਲ ਵਿਚ ਫਾਥਾ ਹੈ (ਤੇ ਖੇਡਾਂ ਕਲੋਲਾਂ ਵਿਚ ਉਨ੍ਹਾਂ ਵਾਂਙੂ ਮਸਤ ਹੈ), (ਪਰ ਸਮਝ ਲਓ ਕਿ ਇਸ ਮਾਇਆ ਜਾਲ ਤੋਂ) ਮੁਕਤ (ਛੁਟੇ) ਹੋਏ ਓਹੋ ਸਮਝੇ ਜਾਂਦੇ ਹਨ ਜੋ ਸਚੇ ਨਾਮ ਨੂੰ ਸੰਭਾਲਦੇ ਹਨ, (ਭਾਵ ਜੋ ਨਾਮ ਨੂੰ ਸਿਮਰ ਰਹੇ ਹਨ)॥੨॥

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥ ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥

ਜੋ ਘਰ (ਇਕ ਦਿਨ) ਛਡਕੇ ਗੁਆ ਦੇਣਾ ਹੈ ਉਹ ਮਨ ਵਿਚ (ਪਿਆਰਾ) ਲਗ ਰਿਹਾ ਹੈ। ਜਿਥੇ ਜਾਕੇ ਤੂੰ (ਸਦਾ) ਵਰਤਣਾ ਸੀ, ਉਸ ਦਾ (ਕੋਈ) ਫਿਕਰ ਨਹੀਂ ਹੈ। (ਹੇ ਪ੍ਰਾਣੀ! ਜੇ ਤੂੰ ਮਾਇਆ ਜਾਲ ਦੀ ਫਾਹੀ ਤੋਂ ਨਿਕਲਣਾ ਚਾਹੇਂ ਤਾਂ ਸਮਝ ਲੈ ਕਿ ਇਸ ਵਿਚ) ਫਾਥੇ ਉਹੀ ਨਿਕਲੇ ਹਨ ਜੋ ਗੁਰੂ ਦੀ ਚਰਨੀਂ ਆ ਲਗੇ ਹਨ॥੩॥

ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ ॥ ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥ ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥੪॥੩॥੭੩॥

(ਪੱਕ ਜਾਣ ਕਿ ਗੁਰੂ ਤੋਂ ਛੁੱਟ ਹੋਰ) ਕੋਈ ਬਚਾ ਨਹੀਂ ਸਕਦਾ, (ਸਾਨੂੰ ਤਾਂ) ਦੂਸਰਾ ਕੋਈ (ਐਸਾ) ਨਜ਼ਰ ਨਹੀਂ ਆਉਂਦਾ। (ਸੋ) ਚਾਰੇ ਕੁੰਟਾਂ ਢੂੰਡਕੇ (ਗੁਰੂ) ਦੀ ਸ਼ਰਣ ਵਿਚ ਆ ਪਿਆ ਹਾਂ। ਹੇ ਨਾਨਕ! (ਉਸ) ਸੱਚੇ ਪਾਤਸ਼ਾਹ (=ਗੁਰੂ) ਨੇ (ਸੰਸਾਰ ਸਾਗਰ ਵਿਚ) ਡੁਬਦੇ ਨੂੰ ਕੱਢ ਲਿਆ ਹੈ॥੪॥੩॥੭੩॥

ਵਯਾਖਯਾ-ਮਾਨੁੱਖ ਬੁੱਧੀ ਦਾ ਮਾਲਕ ਹੈ, ਇਹ ਜਾਣਦਾ ਹੈ ਕਿ ਜੀਵਨ ਸਦਾ ਨਹੀਂ, ਪਰ ਪੰਛੀ ਤੇ ਪਸ਼ੂ ਇਹ ਨਹੀਂ ਜਾਣਦੇ ਕਿ ਅਸਾਂ ਇਕ ਦਿਨ ਮਰ ਜਾਣਾ ਹੈ। ਪੰਛੀ ਪਿੰਜਰੇ ਵਿਚ ਕੈਦ ਪਏ ਬੀ ਕਲੋਲ ਕਰਦੇ ਹਨ ਤੇ ਖੁੱਲ੍ਹੇ ਫਿਰਦੇ ਬੀ ਕਲੋਲਾਂ ਵਿਚ ਹੁੰਦੇ ਹਨ, ਉਨ੍ਹਾਂ ਨੂੰ ਮੌਤ ਦਾ ਗਯਾਨ ਨਾ ਹੋਣ ਕਰਕੇ ਮੌਤ ਦੀ ਚਿੰਤਾ ਨਹੀਂ ਹੁੰਦੀ। ਪਸ਼ੂ ਖੁੱਲ੍ਹੇ ਬਨਾਂ ਵਿਚ ਵਿਚਰਦੇ ਕਿ ਮਾਨੁੱਖ ਦੀ ਕੈਦ ਵਿਚ ਪਏ ਆਪਣੇ ਖਾਣ ਪੀਣ ਕਲੋਲਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਬੀ ਮੌਤ ਦਾ ਗਯਾਨ ਨਾ ਹੋਣ ਕਰਕੇ ਮੌਤ ਦੀ ਚਿੰਤਾ ਨਹੀਂ ਹੁੰਦੀ। ਜੇ ਮਾਨੁੱਖ ਬੀ ਕਲੋਲਾਂ ਵਿਚ ਤੇ ਦੇਹੀ ਪਾਲਣ ਪੋਸਣ ਤੇ ਇਸ ਦੇ ਸਮਾਨਾਂ ਵਿਚ ਲੱਗਾ ਰਹੇ ਤੇ ਅਗੇ ਦਾ ਕੋਈ ਫਿਕਰ ਨਾ ਕਰੇ ਤਾਂ ਜਾਣੋਂ ਕਿ ਪਸ਼ੂ ਪੰਖੀਆਂ ਵਾਂਙੂ ਬੁਧੀ-ਹੀਨਤਾ ਵਾਲਾ ਹੈ। ਅਰ ਉਹਨਾਂ ਪਸ਼ੂ ਪੰਖੀਆਂ ਵਾਂਙੂ ਹੈ ਜੋ ਪਿੰਜਰਿਆਂ ਕਿ ਰੱਸਿਆਂ ਨਾਲ ਫਾਥੇ ਯਾ ਬੰਨ੍ਹੇ ਪਏ ਗ਼ਾਫ਼ਲ ਹਨ। ਉਹਨਾਂ ਵਾਂਙੂ ਹੀ ਇਹ ਮਾਇਆ ਦੇ ਜਾਲ ਵਿਚ ਫਾਥਾ ਗ਼ਾਫ਼ਲ ਹੈ ਤੇ ਸਰੀਰਕ ਰਸਾਂ ਭੋਗਾਂ ਵਿਚ ਮਗਨ ਹੈ। ਹਾਲਾਂਕਿ ਇਹ ਬੁਧੀ ਵਾਲਾ ਹੈ ਤੇ ਜਾਣਦਾ ਹੈ ਕਿ ਇਕ ਦਿਨ ਮਰਨਾ ਹੈ, ਇਸ ਦੇਹੀ ਤੇ ਦੇਹੀ ਦੇ ਸਾਰੇ ਲਟਾਕਿਆਂ ਦੀ ਸਮਾਪਤੀ ਹੋ ਜਾਣੀ ਹੈ। ਇਹ ਦਰਸਾ ਕੇ ਉਪਦੇਸ਼ ਕਰਦੇ ਹਨ ਕਿ ਇਹ ਥਾਂ ਚਾਰ ਦਿਨਾਂ ਦੀ ਹੈ। ਹੇ ਮਾਨੁਖ! ਜਿਥੇ ਜਾਕੇ ਸਦਾ ਰਹਿਣਾ ਹੈ ਉਸ ਦੀ ਚਿੰਤਾ ਕਰ। ਉਹ ਚਿੰਤਾ ਨਵਿਰਤੀ ਤੇਰੀ ਸਤਿਗੁਰੂ ਪਾਸੋਂ ਹੋਣੀ ਹੈ, ਉਸ ਦੀ ਸ਼ਰਨ ਲੈ। ਉਸ ਨੇ ਨਾਮ ਦਾਨ ਦੇਣਾ ਹੈ, ਉਸ ਨਾਮ ਦੀ ਕਮਾਈ ਕਰ, ਕਿਉਂਕਿ ਮਾਇਆ ਜਾਲ ਤੋਂ ਮੁਕਤੇ ਅਰਥਾਤ ਛੁਟੇ ਹੋਏ ਉਹੋ ਹੋਣਗੇ ਜੋ ਸਚੇ ਦੇ ਨਾਮ ਨੂੰ ਸਿਮਰਦੇ ਹਨ। ਇਹ ਤੁਕ ਅੰਕ ੨ ਦੇ ਅੰਤ ਵਿਚ ਹੈ।

ਨਿਰੁਕ੍ਤ-ਭਲਕੇ-ਸਵੇਰੇ। ਮੁਰਾਦ ਹੈ ਹਰ ਦਿਨ।

ਪਪੋਲੀਐ-(ਪੰ:, ਪਪੋਲਨਾ=ਪਾਲਣਾ ਪੋਸਣਾ) ਪਾਲੀਏ ਪੋਸੀਏ।

੨. ਪਪੋਲਨਾ ਦਾ ਦੂਸਰਾ ਅਰਥ ਹੈ ਮੂੰਹ ਵਿਚ ਲੈਕੇ ਘੁਮਾਉਣਾ, ਨਾ ਚਿੱਥਣਾਂ ਨਾ ਅੰਦਰ

ਲੰਘਾਉਣਾ। ਇਸ ਤੋਂ ਇਹ ਮੁਰਾਦ ਲੈਂਦੇ ਹਨ ਕਿ ਪੋਥੀ ਆਦਿ ਪੜ੍ਹਨੀ, ਨਾ ਵੀਚਾਰਨਾ ਤੇ ਨਾ ਅਮਲ ਕਰਨਾ। ਕਿ ਰੋਜ਼ ਸਵੇਰੇ ਪੋਥੀ ਪੜ੍ਹਦਾ ਹੈਂ, ਪਰ ਬੁਝਦਾ ਨਹੀਂ ਤੇ ਅਮਲ ਨਹੀਂ ਕਰਦਾ ਇਸ ਕਰਕੇ ਮੁਗਧ ਤੇ ਅਜਾਣ ਹੈਂ। ਪਰ 'ਅਜਾਣਿ' ਪਦ ਨੂੰ ਸਿਆਰੀ ਹੋਣ ਕਰਕੇ ਇਸਤ੍ਰੀ ਲਿੰਗ ਹੈ ਤੇ ਇਹ ਪਦ ਦੇਹ ਵਲ ਲਗਦਾ ਹੈ ਕਿ ਦੇਹ ਗ੍ਯਾਨ ਵਿਹੂਣੀ ਤੇ ਅਜਾਣ ਹੈ, ਇਸ ਨੂੰ ਪਾਲਦਾ ਹੈਂ ਤੇ ਜੋ ਜੀਵਤ ਵਸਤੂ ਹੈ ਪ੍ਰਭੂ, ਉਸ ਨੂੰ ਤੂੰ ਅਪਣੇ ਚਿਤ ਵਿਚ ਨਹੀਂ ਵਸਾਉਂਦਾ, ਉਹ ਅੱਗੇ ਜਾਏਗਾ ਤੇ ਇਹ ਦੇਹ ਮਸਾਣਾਂ ਵਿਚ ਸੱਟੀ ਜਾਏਗੀ, ਜਿੰਦ ਵਿਹੂਣੀ ਮਾਨੋ ਛੁਟੜ ਹੋਕੇ। ਛੁੱਟੜ ਪਦ ਬੀ ਇਸਤ੍ਰੀਲਿੰਗ ਹੈ ਤੇ ਦੇਹ ਵਲ ਸਪਸ਼ਟ ਲਗ ਰਿਹਾ ਹੈ।

ਮੁਗਧ-ਮੂਰਖ। ਅਜਾਣਿ-ਨਾ ਜਾਣਨੇ ਵਾਲੀ, ਗ੍ਯਾਨ ਹੀਨ।

ਬੇਬਾਣਿ-(ਫ਼ਾ: ਬੀਆਬਾਨ) ਉਜਾੜ, ਭਾਵ ਮਸਾਣਾਂ ਤੋਂ ਹੈ।

ਕੁਫਕੜੇ-(ਪੰ:, ਫਕੜ-ਓਹ ਕਰਮ ਜਿਨ੍ਹਾਂ ਦੇ ਕੀਤਿਆਂ ਫਕੜੀ ਲੱਗੇ। ਕੁ=ਬੁਰੀ) ਉਹਨਾਂ ਕੰਮਾਂ ਵਿਚ ਜਿਨ੍ਹਾਂ ਦੇ ਕੀਤਿਆਂ ਬੁਰੀ ਫੱਕੜੀ ਲੱਗੇ। ਭਾਵ ਨਿੰਦਤ ਕਰਮਾਂ ਵਿਚ। ਮਾੜੇ ਕਰਮਾਂ ਵਿਚ। (ਅ) ਕੁ+ਫਕੀਰੀ=ਭੈੜੀ ਫਕੀਰੀ।

ਰੈਣਿ- (ਸੰਸ:, ਰਜਨੀ। ਪ੍ਰਾ: ਪੰ; ਰਯਣਿ) ਰਾਤ। ਭਾਵ ਉਮਰਾ।

ਕੁਦਮ- (ਸੰਸ:, ਕੂਰ੍ਦਨੰ=ਛਾਲਾਂ ਮਾਰਨੀਆਂ, ਖੇਲਣਾ, ਕੁੱਦਣਾਂ) ਖੇਲਾਂ ਛਾਲਾਂ ਆਦਿ ਕਲੋਲ।

ਘਰੁ-ਏਥੇ ਭਾਵ ਹੈ ਸੰਸਾਰ। ਕਈ ਸਜਣ ਐਉਂ ਬੀ ਅਰਥ ਕਰਦੇ ਹਨ ਕਿ ਜੋ ਅਹੰਕਾਰ ਰੂਪੀ ਘਰ ਤੂੰ ਤਜਾਗਣਾ ਸੀ ਤੇ ਤਜਾਗ ਦਾ ਬੀ ਮਾਨ ਗੁਆ ਦੇਣਾ ਸੀ, ਉਹ ਹੰਕਾਰ ਤਾਂ ਤੇਰੇ ਮਨ ਵਿਚ ਲੱਗਾ ਹੀ ਰਿਹਾ ਤੇ ਜਿਸ ਘਰ, ਅਰਥਾਤ ਅਪਣੇ ਸਰੂਪ ਵਿਚ ਵਰਤਣਾ ਸੀ ਉਸ ਦੀ ਪ੍ਰਾਪਤੀ ਦਾ ਫਿਕਰ ਹੀ ਕੋਈ ਨਹੀਂ।

ਨ ਦਿਖਾਇ-ਨ+ਦਿਸ+ਆਇ=ਦਿਸ ਨਹੀਂ ਆਉਂਦਾ। ਦਿਖਾਈ ਨਹੀਂ ਦੇਂਦਾ।

(ਸਿਰੀ ਰਾਗੁ ਮਹਲਾ ੫, ਚਉਪਦਾ-੨੪)

ਪ੍ਰਾਕ੍ਥਨ-ਜੀਵਨ ਦੀ ਅਨਸਥਿਰਤਾ, ਮਾਨੁੱਖ ਦੀ ਗ਼ਾਫ਼ਲੀ, ਸਾਧ ਸੰਗ ਦੀ ਲੋੜ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥ ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥ ਉਠਿ ਚਲਿਆ	(ਇਹ ਜੀਵ ਜਗਤ ਵਿਚ) ਘੜੀ ਦੋ ਘੜੀ ਦਾ (ਮਾਨੋ ਇਕ) ਪਰਾਹੁਣਾ ਹੈ, (ਪਰ ਇਹ ਏਥੇ ਇਉਂ ਲਗ ਰਿਹਾ ਹੈ ਜਿਵੇਂ ਕਿ ਜਗਤ ਦੇ ਸਾਰੇ) ਕੰਮਾਂ ਦਾ ਸਵਾਰਣ ਵਾਲਾ (ਇਹੋ) ਹੈ[1]। (ਇਉਂ ਇਹ) ਮਾਇਕ ਧੰਦਿਆਂ ਵਿਚ ਲੱਗਾ ਹੋਇਆ ਮੂਰਖ ਸਮਝਦਾ ਨਹੀਂ (ਕਿ ਮੈਂ ਕੀਹ ਕਰਨ ਆਇਆ ਸਾਂ ਤੇ ਕੀਹ

[1] ਜੇ ਐਉਂ ਅਰਥ ਢੁਕਾਈਏ ਕਿ ਇਹ ਸੀ ਤਾਂ ਕੰਮ ਸੁਆਰਨੇ ਵਾਲਾ, ਪਰ ਪਰਾਹੁਣਾ ਹੈ ਘੜੀ ਦੋ ਘੜੀ ਦਾ, ਇਹ ਮਾਇਕ ਕੰਮਾਂ ਵਿਚ ਰੁੱਝਾ ਹੈ, ਤਾਂ ਭਾਵ ਦੀ ਲਾਵੰਨਤਾ, ਜੋ ਅਸਚਰਜ ਵਿਚ ਹੈ, ਨਹੀਂ ਰਹਿੰਦੀ ਤੇ ਅਰਥ ਪੂਰਾ ਢੁਕਾ ਨਹੀਂ ਖਾਂਦਾ, ਅੱਗੇ ਚੱਲਕੇ ਉਸ ਨੂੰ ਅੰਧਾ ਆਦਿ ਪਦਾਂ ਨਾਲ ਯਾਦ ਕਰਕੇ ਉਹੋ ਅਸਚਰਜ ਦੀ ਧੁਨੀ ਚੱਲਦੀ ਹੈ।

ਪਛੁਤਾਇਆ ਪਰਿਆ ਵਸਿ ਜੰਦਾਰ ॥੧॥

ਕਰ ਰਿਹਾ ਹਾਂ। ਇੰਨੇ ਨੂੰ ਮੌਤ ਆ ਜਾਂਦੀ ਹੈ ਤਾਂ) ਉਠ ਟੁਰਦਾ ਹੈ. (ਫਿਰ) ਪਛੋਤਾਉਂਦਾ ਹੈ (ਜਦ ਕਿ) ਜਮ ਦੇ ਵੱਸ ਵਿਚ ਪੈ ਜਾਂਦਾ ਹੈ॥੧॥

ਅੰਧੇ ਤੂੰ ਬੈਠਾ ਕੰਧੀ ਪਾਹਿ ॥ ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥

(ਏਹ ਦੇਖਕੇ) ਹੇ (ਗਜਾਨ) ਨੇਤ੍ਰਾਂ ਤੋਂ ਹੀਨ (ਮਾਨੁੱਖ! ਹੋਸ਼ ਕਰ) ਤੂੰ (ਤਾਂ ਕਾਲ ਰੂਪੀ ਨਦੀ ਦੇ ਢਾਹ ਲੱਗੇ) ਕਿਨਾਰੇ ਤੇ ਬੈਠਾ ਹੈਂ। ਜੇ (ਭਾਗਾਂ ਵਿਚ ਕੋਈ) ਪੂਰਬਲਾ (ਸ਼ੁਭ ਲੇਖ) ਲਿਖਿਆ ਹੋਇਆ ਹਈ ਤਾਂ ਗੁਰੂ ਦੇ ਬਚਨ ਦੀ ਕਮਾਈ ਕਰ ਲੈ॥੧॥ਰਹਾਉ॥

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ ॥ ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥

ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ ॥ ੨॥

(ਭਲਾ ਜੇ ਤੂੰ ਵੀਚਾਰ ਕਰੇਂ ਕਿ ਵਡੀ ਉਮਰੇ ਚੱਲਕੇ ਨਾਮ ਸਿਮਰ ਲਵਾਂਗੇ ਤਾਂ ਦੇਖ ਕਿ ਜੀਕੂੰ ਕਿਰਸਾਣ ਆਪਣੀ) ਪੱਕੀ (ਖੇਤੀ) ਦਾ ਵੱਢਣਹਾਰ ਹੈ (ਉਸੀ ਤਰ੍ਹਾਂ ਉਹ) ਨਾ ਹਰੀ ਦਾ ਨਾ ਡਡਰੀ (ਦੇ ਵੱਢਣ ਦੀ ਸੰਗ ਰਖਦਾ ਹੈ, ਜਿਹੜੀ ਚਾਹੇ ਵੱਢ ਲੈਂਦਾ ਹੈ)। (ਹਾਂ ਜਿਸ ਵੇਲੇ ਚਾਹੇ ਉਹ) ਖੇਤ ਵੱਢਣ ਵਾਲੇ (ਲਾਵੇ) ਤਿਆਰ ਕਰ ਦੇਂਦਾ ਹੈ, (ਜੋ) ਦਾਤ੍ਰੇ ਲੈ ਲੈ ਕੇ ਆ ਪਹੁੰਚਦੇ ਹਨ। ਜਦ (ਮਾਲਕ) ਕਿਰਸਾਨ ਦਾ ਹੁਕਮ ਹੋ ਜਾਂਦਾ ਹੈ (ਓਹ) ਖੇਤ ਵੱਢਕੇ ਮਿਣਤੀ ਕਰ ਲੈਂਦੇ ਹਨ। (ਭਾਵ ਇਹ ਹੈ ਕਿ ਜਦ ਮਾਨੁੱਖ ਨੂੰ ਪੈਦਾ ਕਰਨੇ ਵਾਲੇ ਕਿਰਸਾਨ ਰੂਪੀ ਵਾਹਿਗੁਰੂ ਦਾ ਹੁਕਮ ਇਸ ਨੂੰ ਮਾਰਨ ਦਾ ਹੋ ਜਾਂਦਾ ਹੈ, ਤਦ ਜਮ ਰੂਪੀ ਲਾਵੇ ਅਨੇਕ ਤਰ੍ਹਾਂ ਦੇ ਰੋਗ ਤੇ ਹੋਰ ਮੌਤ ਦੇ ਕਾਰਣ ਰੂਪੀ ਦਾਤ੍ਰੇ ਲੈ ਕੇ ਮਾਨੁੱਖ ਰੂਪੀ ਖੇਤੀ ਨੂੰ ਵੱਢਣ ਲਈ ਆ ਜਾਂਦੇ ਹਨ। ਓਹ ਫੇਰ ਪੱਕੀ ਖੇਤੀ ਰੂਪੀ 'ਬੁੱਢਿਆਂ' ਨੂੰ ਤਾਂ ਮਾਰਦੇ ਹੀ ਹਨ ਪਰ ਹੁਕਮ ਹੋਣ ਕਰਕੇ ਹਰੀ ਖੇਤੀ ਰੂਪੀ 'ਬਾਲਕ'; ਕਿ ਡਡਰੀ ਰੂਪ 'ਜੁਆਨ ਕਿ ਅਧਖੜ' ਨੂੰ ਮਾਰਨੋ ਸ਼ੰਕਾ ਨਹੀਂ ਕਰਦੇ। ਮਾਰ ਲੈਣ ਤੋਂ ਮਗਰੋਂ ਉਸਦੇ ਕਰਮਾਂ ਦਾ ਹਿਸਾਬ ਹੁੰਦਾ ਹੈ ਜਿਵੇਂ ਕਿ ਖੇਤ ਕੱਟਣ ਦੇ ਮਗਰੋਂ ਖੇਤੀ ਦੀ ਮਿਣਤੀ ਕੀਤੀ ਜਾਂਦੀ ਹੈ ਹਿਸਾਬ ਲਈ)॥੨॥

ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ ॥ ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ ॥

(ਹੁਣ ਦਿਨ ਰਾਤ ਦੇ ਬਿਰਥਾ ਵਿਹਾਉਣ ਨੂੰ ਚਾਰ ਹਿੱਸੇ ਰਾਤ ਦੇ ਤੇ ਚਾਰ ਹਿੱਸੇ ਉਮਰ ਦੇ ਵੰਡ ਕੇ ਦਰਸਾਉਂਦੇ ਹਨ।) (ਨਿਤ ਬਿਵਹਾਰ ਵਿਚ ਜੀਵ ਦਾ ਦਿਨ ਤਾਂ ਵਿਹਾਰਾਂ ਵਿਚ ਬੀਤ ਜਾਂਦਾ ਹੈ ਤੇ ਉਸ ਦੀ ਰਾਤ ਦਾ) ਪਹਿਲਾ ਪਹਿਰ (ਦਿਨ ਦੇ ਵਿਹਾਰ ਸਮੇਟਣ ਤੇ ਖਾਣ ਪੀਣ ਆਦਿ) ਧੰਦਿਆਂ ਵਿਚ ਲੰਘ ਜਾਂਦਾ ਹੈ। ਦੂਜੇ (ਪਹਿਰ ਵਿਚ) ਖੂਬ ਸੁੱਤਾ, ਤੀਜੇ (ਪਹਿਰ ਵਿਚ) ਖਪਿਆ ਝਖਿਆ (ਵਿਕਾਰਾਂ ਵਿਚ), ਚਉਥੇ ਪਹਿਰ ਵਿਚ ਸਵੇਰਾ ਹੋ ਗਿਆ। (ਇਹ ਤਾਂ ਰੋਜ਼ ਦਾ ਬਿਵਹਾਰ ਰਿਹਾ, ਵੈਸੇ ਉਮਰਾ ਰੂਪੀ ਰਾਤ ਦਾ ਪਹਿਲਾ ਹਿੱਸਾ 'ਬਾਲਕ

ਤੇ ਕੁਮਾਰ ਅਵਸਥਾ' ਦਾ ਪੜ੍ਹਨ, ਕੰਮ ਸਿੱਖਣ, ਕਾਰੇ ਲੱਗਣ ਦੇ ਆਹਰਾਂ ਵਿਚ ਬੀਤ ਗਿਆ, ਫੇਰ ਜੁਆਨੀ ਆਈ ਤਾਂ ਧਰਮ ਵਲੋਂ ਗ਼ਾਫ਼ਲੀ ਦੀ ਨੀਂਦ ਵਿਆਪ ਗਈ, ਫੇਰ ਤੀਸਰੀ ਅਰਥਾਤ ਅਧਖੜ ਉਮਰਾ ਆਈ ਤੇ ਵਧੇ ਹੋਏ ਜੰਜਾਲਾਂ ਤੇ ਉਲਝਣਾਂ ਤੇ ਹੋਰ ਜ਼ਿੰਮੇਵਾਰੀਆਂ ਦੀ ਖੱਪ ਖਲੌਟੀਆਂ ਗਲੇ ਪੈ ਗਈਆਂ। ਚੌਥੇ ਬੁਢੇਪਾ ਆਇਆ ਤਾਂ ਵਾਲ ਚਿੱਟੇ ਹੋ ਗਏ, ਭਾਵ ਦੇਹ ਸਿਥਲ ਹੋ ਗਈ ਤੇ ਮੌਤ ਆ ਗਈ)। ਸਾਰੀ ਉਮਰਾ ਵਿਚ ਕਦੇ (ਉਹ ਕਰਤਾ ਪੁਰਖ) ਯਾਦ ਨਾ ਆਇਆ ਜਿਸ ਨੇ ਜੀਵ ਤੇ ਸਰੀਰ ਦਿੱਤਾ ਸੀ। (ਭਾਵ ਉਮਰਾ ਬਿਰਥਾ ਲੰਘ ਗਈ; ਜੀਵਨ ਦਾ ਪ੍ਰਯੋਜਨ ਤੇ ਅਵਸਰ ਸੀ ਹਰੀ ਮਿਲਾਪ ਦਾ, ਉਹ ਨਾ ਹੋਇਆ)॥੩॥

ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥੩॥

ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥ ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ ੪॥ ੪॥੭੪॥

(ਹੁਣ ਉੱਤਮ ਪੁਰਖ ਦੁਆਰਾ ਰਾਹ ਦੱਸਦੇ ਹਨ ਕਿ ਜਿਨ੍ਹਾਂ ਨੇ ਜਨਮ ਸਵਾਰਿਆ ਉਹਨਾਂ ਨੇ ਕੀਕੂੰ ਸਵਾਰਿਆ) (ਮੈਂ ਸਰੀਰ ਕਰਕੇ) ਸਾਧ ਸੰਗਤ ਤੋਂ ਸਦਕੇ ਹਾਂ, (ਹਾਂ ਮਨ ਕਰਕੇ ਸਾਧ ਸੰਗਤ ਤੋਂ) ਜੀਵ ਬੀ ਕੁਰਬਾਨ ਕਰ ਦਿਆਂ, ਜਿਸ ਤੋਂ ਮਨ ਵਿਚ ਸੂਝਤ ਆ ਗਈ (ਐਉਂ ਕਿ ਪਹਿਲਾਂ ਸਾਧ ਸੰਗ ਦੀ ਕਿਰਪਾ ਨਾਲ) ਸੁਜਾਣ ਪੁਰਖ[1] (=ਗੁਰੂ) ਮਿਲ ਪਿਆ (ਤੇ ਸੁਜਾਣ ਪੁਰਖ ਦੀ ਕ੍ਰਿਪਾ ਨਾਲ ਸਾਨੂੰ) ਅੰਦਰ ਬੈਠਾ ਤੇ (ਜਾਣੂ ਅਰਥਾਤ ਅੰਦਰ ਦੀਆਂ ਜਾਣਨ ਵਾਲਾ) ਹਰੀ ਸਦਾ (ਆਪਣੇ) ਅੰਗ ਸੰਗ ਵਸਦਾ ਦਿੱਸ ਪਿਆ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)। (ਭਾਵ ਇਹ ਹੈ ਕਿ ਸਤਿਸੰਗ ਕਰੋ, ਸਤਿਸੰਗ ਤੋਂ ਗੁਰੂ ਰੂਪੀ ਸੁਜਾਣ ਪੁਰਖ ਮਿਲੇ, ਉਸਦੀ ਮਿਹਰ ਨਾਲ ਹਰੀ ਮਿਲੇ, ਕੀਕੂੰ ਮਿਲੇ? ਕਿ ਸਦਾ ਅੰਗ ਸੰਗ ਵਸਦਾ ਦਿੱਸੇ ਤੇ ਅੰਦਰ ਬੈਠਾ ਦਿੱਸੇ ਤੇ ਅੰਦਰ ਦੀਆਂ ਜਾਣਨ ਵਾਲਾ ਦਿੱਸੇ)॥੪॥੪॥੭੪॥

ਵਯਾਖਯਾ—ਇਸ ਸ਼ਬਦ ਵਿਚ 'ਪ੍ਰਾਣੀ ਤੂੰ ਆਇਆ ਲਾਹਾ ਲੈਣਿ' ਦੀ ਸੂਚਨਾ ਕਰਾਈ ਹੈ। ਤੇ ਕੰਧੀ ਉਤੇ ਰੁਖੜੇ ਤੇ ਖੇਤੀ ਦੇ ਵੱਢੇ ਜਾਣ ਦੇ ਦ੍ਰਿਸ਼ਟਾਂਤ ਦੇਕੇ ਜੀਉਣ ਦੀ ਅਨਸਥਿਰਤਾ ਦਿਖਾਈ ਹੈ। ਫੇਰ (ਅੰਕ ੩ ਵਿਚ) ਜਿਨ੍ਹਾਂ ਕੁਫਕੜਾਂ ਵਿਚ ਉਮਰਾ ਬੀਤ ਰਹੀ ਹੈ ਉਨ੍ਹਾਂ ਦਾ ਦ੍ਰਿਸ਼ਟਾਂਤਾਂ ਨਾਲ ਤੇ ਸਾਫ ਬੀ ਪਤਾ ਦਿੱਤਾ ਹੈ। ਮਾਨੋ ਪਿਛਲੇ ਸ਼ਬਦ ਦੀ ਇਹ ਸ਼ਬਦ ਵਯਾਖਯਾ ਹੈ। ਅੰਤ ਵਿਚ ਬਚਣ ਦਾ ਰਸਤਾ ਦੱਸਿਆ ਹੈ, ਸਤਿਸੰਗ ਤੋਂ ਗੁਰੂ ਤੇ ਉਸ ਤੋਂ ਪ੍ਰਾਪਤ ਹੋਈ ਸੂਝਤ, ਜਿਸ ਨਾਲ ਵਾਹਿਗੁਰੂ '**ਅੰਤਰਿ ਬਸੇ ਬਾਹਰਿ ਭੀ ਓਹੀ**'[2] ਦਿਸ ਪਿਆ। 'ਨਾਲਿ' ਕਹਿਣ ਤੋਂ ਭਾਵ ਹੈ ਸਦਾ ਅੰਗ ਸੰਗ। ਇਸ ਤੋਂ ਸੰਭਾਵਨਾ ਹੋ ਸਕਦੀ ਹੈ ਕਿ ਨਾਲ ਨਾਲ ਅਰਥਾਤ ਬਾਹਰ ਬਾਹਰ ਦਿਸਿਆ ਹੈ ਅੰਦਰ ਨਹੀਂ ਦਿਸਿਆ, ਇਸ ਕਰਕੇ ਦੱਸਦੇ ਹਨ ਕਿ ਉਹ ਜੋ ਅੰਤਰਯਾਮੀ ਹੈ, ਅਰਥਾਤ ਅੰਦਰ ਵੱਸ ਰਿਹਾ ਹੈ ਤੇ ਅੰਦਰ ਦੀਆਂ ਜਾਣ ਰਿਹਾ ਹੈ ਭਾਵ ਅੰਦਰ ਬਾਹਰ ਸਾਰੇ ਪਰੀ ਪੂਰਣ ਹੈ, ਦਿੱਸ ਪਿਆ

[1] ਕਈ ਸੱਜਣ 'ਪੁਰਖੁ ਸੁਜਾਣੁ' ਦਾ ਏਥੇ ਭਾਵ 'ਹਰੀ' ਲੈਂਦੇ ਹਨ।

[2] ਗਉੜੀ ਸੁਖਮਨੀ ਮ: ੫, ੨੩-੪।

ਹੈ; ਭਾਵ ਉਸਦੀ ਲੱਖਤਾ ਹੋ ਗਈ ਹੈ।

ਨਿਰੁਕ੍ਤ-ਮੁਹਤ-(ਸੰਸ:, ਮੁਹੂਰ੍ਤੰ) ਦੋ ਘੜੀ।

ਮਾਇਆ ਕਾਮਿ-ਮਾਇਕ ਕੰਮ ਵਿਚ। (੨) ਕਈ ਸੱਜਣ ਏਥੇ ਬੀ 'ਕਾਮਿ' ਦਾ ਅਰਥ ਵਿਕਾਰਾਂ ਵਿਚ ਕਰਦੇ ਹਨ। ਪਰ ਪ੍ਰਸੰਗਕ ਅਰਥ 'ਕੰਮ' ਹੈ।

ਜੰਦਾਰ- (ਸੰਸ:, ਯੰਤ੍ਰ=ਕੋਈ ਕਲਾ, ਹਥਿਆਰ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ-

ਸਿਰਿ ਮਾਰੇ ਜੰਦਾਰੁ ਜੀਉ॥ (ਸੂਹੀ ਮ: ੧ ਅਸਟ-੨)

ਪੁਨਾ- **ਤਿਸੁ ਮਾਰੇ ਜਮ ਜੰਦਾਰੇ॥** (ਵਾਰ ਗਉੜੀ ਮ: ੪-੧੮।

ਤਾਂ ਜੰਦਾਰਾ ਕੋਈ ਲਠ ਵਾਂਙੂ ਸਿਰ ਤੇ ਮਾਰਨੇ ਦਾ ਯੰਤ੍ਰ ਹੈ। ਆਮ ਪੰਜਾਬੀ ਵਿਚ ਜੰਦਰ ਚੌਲ ਛੜਨੇ ਵਾਲੇ ਬੜੇ ਭਾਰੇ ਲੱਠ ਨੂੰ ਕਹਿੰਦੇ ਹਨ। ਸੋ ਜੰਦਾਰ ਤੋਂ ਭਾਵ ਹੈ ਜੰਦਾਰਾ ਮਾਰਨ ਵਾਲਾ, ਯਾ ਦੰਡ ਦੇਣੇ ਵਾਲਾ। ਜਦ ਲਿਖਿਆ ਹੈ ਜੰਦਾਰਾ ਸਿਰ ਮਾਰੇ ਤਾਂ ਜੰਦਾਰ ਦਾ ਭਾਵ ਮਾਰਨਹਾਰ ਯਮ ਜਾਂ ਜਮ ਬੀ ਹੋ ਗਿਆ। ਇਹੋ ਭਾਵ ਏਥੇ ਹੈ।

ਕੰਧੀ-ਨਦੀ ਦਾ ਕਿਨਾਰਾ। ਨਦੀ ਦੇ ਕੰਢੇ ਉਗੇ ਬ੍ਰਿਛਾਂ ਦੀ ਮਿਆਦ ਕੁਛ ਨਹੀਂ ਹੁੰਦੀ। ਅਕਸਰ ਉਸ ਕੰਧੀ ਨੂੰ ਬੀ ਕਹਿੰਦੇ ਹਨ ਜਿਥੇ ਕਿ ਨਦੀ ਕਿਨਾਰੇ ਡੇਗਦੀ ਯਾ ਵਹਾਈ ਲਿਜਾ ਰਹੀ ਹੋਵੇ। ਓਥੇ ਮਾਨੁੱਖ ਯਾ ਪਸ਼ੂ ਦਾ ਵਿਚਰਨਾ ਦੇਰ ਤਕ ਨਹੀਂ ਹੋ ਸਕਦਾ।

ਡਡਰੀ-(ਪੰਜਾਬੀ) ਉਹ ਖੇਤੀ ਜੋ ਪੱਕੀ ਨਹੀਂ ਪਰ ਪੱਕਣ ਦੇ ਨੇੜੇ ਹੈ। ਜਿਸ ਨੇ ਹਰੇ ਰੰਗ ਤੋਂ ਅਪਣਾ ਰੰਗ ਬਦਲ ਲਿਆ ਹੈ। ਅੱਧ ਪੱਕੀ। ਇਉਂ ਬੀ ਦੱਸਦੇ ਹਨ ਕਿ ਜਿਸ ਨੂੰ ਡਡੇ ਪੈਣ ਲਗ ਪਏ ਹੋਣ ਪਰ ਅਜੇ ਪੱਕੇ ਨਾ ਹੋਣ। ਡਡੇ ਪੈਣ ਵੇਲੇ ਫਸਲਾਂ ਦੇ ਰੰਗ ਬਦਲ ਜਾਂਦੇ ਹਨ।

ਲੁਣਿ-(ਪੰਜਾਬੀ ਲੁਣਨਾ। ਸੰਸ:, ਧਾਤੂ, ਲੂ=ਕਤਰਨਾ, ਚੀਰਨਾ) ਕੱਟਕੇ, ਕੱਟਿਆਂ।

ਖੇਤਾਰੁ-(ਸੰਸ:, ਕਸ਼ੇਤ੍ਰੰ) ਖੇਤਰ, ਖੇਤ। ਭੋਰੁ-(ਸੰਸ:, ਪ੍ਰਭਾਤੰ। ਹਿੰਦੀ ਭੋਰ) ਸਵੇਰਾ।

ਅੰਤਰਜਾਮੀ ਜਾਣੁ-(ਸੰਸ:, ਅੰਤਰ੍ਯਾਮਿਨ੍) ਜੋ ਅੰਦਰ ਬੈਠਾ ਹੈ, ਜੋ ਅੰਦਰ ਦਾ ਪ੍ਰੇਰਕ ਹੈ, ਜੋ ਅੰਦਰ ਬੈਠਾ ਹੋਣ ਕਰਕੇ ਅੰਦਰ ਦੀ ਜਾਣਨਹਾਰ ਹੈ ਪਰ 'ਜਾਣੁ' ਪਦ ਨਾਲ ਏਸੇ ਕਰਕੇ ਕਿਹਾ, ਕਿ ਅੰਤਰਜਾਮੀ ਦਾ ਭਾਵ ਏਥੇ ਸਾਰਾ ਲੈਣਾ ਹੈ। ਗੋਯਾ ਅੰਤਰਯਾਮੀ ਪਦ ਦੇ ਦੁਇ ਅਰਥ ਲੈਣ ਲਈ 'ਜਾਮੀ' ਤੇ 'ਜਾਣੁ' ਪਦ ਵਰਤੇ ਹਨ। ਪੰਚਮ ਗੁਰੂ ਜੀ ਨੇ ਅੰਤਰਜਾਮੀ ਨਾਲ 'ਜਾਣੁ' ਪਦ ਹੋਰਥੇ ਬੀ ਵਰਤਿਆ ਹੈ। ਯਥਾ-

ਪ੍ਰਭੁ ਮੇਰਾ ਅੰਤਰਜਾਮੀ ਜਾਣੁ॥ (ਕਲਯਾਨ ਮ: ੫-੯)

ਜੋ ਅੰਦਰ ਬੈਠਾ ਹੈ ਤੇ ਅੰਦਰ ਦਾ ਜਾਨਣਹਾਰ ਹੈ।

(ਸਿਰੀ ਰਾਗੁ ਮਹਲਾ ੫, ਚਉਪਦਾ-੭੫)

ਪ੍ਰਾਕ੍ਥਨ-ਗੁਰੂ ਦੀ ਸ਼ਰਣ ਗਿਆਂ ਵਾਹਿਗੁਰੂ ਹਿਰਦੇ ਵਿਚ ਵੱਸ ਜਾਂਦਾ ਹੈ, ਉਸ ਦੀ ਇਕੋ ਟੇਕ ਦੀਨ ਦੁਨੀ ਸੰਵਾਰ ਜਾਂਦੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥ ਧੰਧਾ ਸਭੁ ਜਲਾਇ ਕੈ	(ਮੈਂ ਗੁਰੂ ਅੱਗੇ ਅਰਦਾਸ ਕੀਤੀ ਕਿ ਕਿਵੇਂ ਮੈਨੂੰ) ਸੱਭੇ ਗੱਲਾਂ ਭੁੱਲ ਜਾਣ, (ਪਰ ਸਭਨਾਂ ਜੀਆਂ ਦਾ ਦਾਤਾ ਜੋ) ਇਕੋ (ਹੈ

ਗੁਰਿ ਨਾਮੁ ਦੀਆ ਸਚੁ ਸੁਆਉ ॥ ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥ ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥੧॥

ਉਹ) ਮੈਨੂੰ ਨਾ ਭੁੱਲ ਜਾਵੇ। ਗੁਰੂ ਨੇ (ਅਰਜ਼ ਸੁਣਕੇ ਮੇਰਾ) ਧੰਧਾ ਸਭ ਦੂਰ ਕਰਕੇ (ਮੈਨੂੰ) ਨਾਮ ਦਿੱਤਾ (ਤੇ ਕਿਹਾ ਕਿ ਜੀਵਨ ਦਾ) ਸੱਚਾ ਪ੍ਰਯੋਜਨ (ਇਹੋ ਹੈ, ਤੇ ਨਾਲ ਫੁਰਮਾਇਆ ਕਿ) ਹੋਰ ਸਾਰੀਆਂ ਆਸਾਂ (ਮਨੋਂ) ਉਤਾਰ ਕੇ ਇਕੋ ਆਸ (ਹਰੀ ਮਿਲਨ ਦੀ) ਕਮਾਈ ਕਰ, (ਪੱਕ ਜਾਣ ਕਿ) ਜਿਨ੍ਹਾਂ ਨੇ ਸਤਿਗੁਰੂ ਨੂੰ ਸੇਵਿਆ ਹੈ ਉਨ੍ਹਾਂ ਨੂੰ ਹੀ ਅੱਗੇ (ਦਰਗਾਹ ਵਿਚ) ਥਾਂ ਮਿਲਦੀ ਹੈ॥੧॥

ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥

(ਤਾਂ ਮੈਂ ਮਨ ਨੂੰ ਕਿਹਾ ਕਿ) ਹੇ ਮੇਰੇ ਮਨ! ਸਭ ਸਿਆਣਪਾਂ ਛੱਡ ਦੇਹ ਤੇ (ਇਸ) ਗੁਰੂ ਦੀ ਪੈਰੀਂ ਪਿਆ ਰਹੁ (ਅਤੇ) ਕਰਤਾ (ਪੁਰਖ) ਦੀ ਸਿਫਤ ਸਲਾਹ ਕਰਿਆ ਕਰ॥੧॥ਰਹਾਉ॥

ਦੁਖ ਭੁਖ ਨਹ ਵਿਆਪਈ ਜੇ ਸੁਖ ਦਾਤਾ ਮਨਿ ਹੋਇ ॥ ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥ ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥

(ਫਿਰ ਮੈਨੂੰ ਸ਼ੰਕਾ ਫੁਰੀ ਕਿ ਸੱਭੇ ਗੱਲਾਂ ਵਿਸਾਰ ਦੇਣ ਨਾਲ ਸੰਸਾਰਕ ਦੁਖ ਭੁਖ ਦਾ ਕੀ ਬਣਸੀ, ਤਾਂ ਗੁਰੂ ਨੇ ਦ੍ਰਿੜਤਾ ਦਿੱਤੀ ਕਿ) ਜੇ ਮਨ ਵਿਚ ਸੁਖਾਂ ਦਾ ਦਾਤਾ ਵਸਦਾ ਹੋਵੇ ਤਾਂ ਦੁਖ ਭੁਖ ਵਿਆਪਦੀ ਨਹੀਂ। (ਫੇਰ) ਕਿਸੇ ਕੰਮ (ਦੇ ਕਰਨੇ) ਨਾਲ ਛਿੱਜੀ ਦਾ ਨਹੀਂ, ਜੇ ਹਿਰਦੇ ਵਿਚ ਉਹ ਸਤਜ ਸਰੂਪ (ਵਸਦਾ) ਹੋਵੇ ਤਾਂ। (ਫੇਰ ਗੁਰੂ ਨੇ ਉਪਰ ਧਯਾਨ ਕਰਕੇ ਸਾਈਂ ਅਗੇ ਅਰਜ਼ ਕੀਤੀ) ਜਿਸ ਨੂੰ ਤੂੰ (ਹੇ ਹਰੀ!) ਹੱਥ ਦੇਕੇ ਰਖ ਲਵੇਂ ਉਸ ਨੂੰ ਕੋਈ ਮਾਰ ਨਹੀਂ ਸਕਦਾ। (ਇਸ ਲਈ ਹੇ ਮੇਰੇ ਮਨ! ਸ਼ੁਭ ਗੱਲ ਇਹੀ ਹੈ ਕਿ ਐਸੇ ਮਹਾਨ) ਸੁਖਾਂ ਦੇ ਦਾਤੇ ਗੁਰੂ ਦੀ ਸੇਵਾ ਕਰੀਏ (ਇਸ ਲਈ ਕਿ ਓਹ ਸਾਡੇ) ਸਾਰੇ ਔਗੁਣ ਧੋਕੇ (ਸਾਡੇ ਵਿਚੋਂ) ਕਢ ਦੇਵੇ॥੨॥

ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥੩॥

(ਜਦ ਅਵਗੁਣਾਂ ਦੀ ਮੈਲ ਨਿਕਲ ਜਾਵੇ ਤਦ ਬੀ) ਸੇਵਕ ਸੇਵਾ ਹੀ ਮੰਗੇ (ਤੇ ਐਉਂ ਅਰਦਾਸ ਕਰੇ ਕਿ) ਹੇ ਦੇਵ! ਆਪਣੀ ਸੇਵਾ ਵਿਚ ਲਾਇਆ ਜੇ, (ਕਿਉਂਕਿ) ਸਾਧੂ ਦਾ ਸੰਗ ਤੇ (ਨਾਮ ਦੀ) ਘਾਲ ਆਪ ਦੇ ਤ੍ਰੁੱਠਣੇ ਤੋਂ ਹੀ (ਮੈਂ) ਪਾ ਸਕਦਾ ਹਾਂ। (ਹੇ ਸਾਹਿਬ!) ਸਭ ਕੁਛ (ਆਪ) ਸਾਹਿਬ ਜੀ ਦੇ ਵਸੀਕਾਰ ਵਿਚ ਹੈ, ਆਪ ਹੀ (ਸਭ) ਕੰਮ ਕਰਨੇ ਵਾਲੇ ਹੋ, (ਮੈਂ ਐਸੇ ਪ੍ਰਭੂ ਦੇ ਮੇਲਣਹਾਰ) ਸਤਿਗੁਰੂ ਤੋਂ (ਬੀ) ਬਲਿਹਾਰ ਹਾਂ (ਜੋ ਸੇਵਕਾਂ ਦੀਆਂ) ਸਾਰੀਆਂ ਮਨਸ਼ਾਂ ਪੂਰੀਆਂ ਕਰਦਾ ਹੈ॥੩॥

ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥ ਸਚੁ ਖਾਣਾ

(ਉਸ ਗੁਰੂ ਦੀ ਕ੍ਰਿਪਾ ਨਾਲ ਮੈਨੂੰ ਹੁਣ ਉਹ) ਇਕੋ (ਵਾਹਿਗੁਰੂ ਹੀ ਆਪਣਾ) ਸੱਜਣ ਦਿੱਸਦਾ ਹੈ, ਇਕੋ (ਉਹ ਹੀ) ਮਿੱਤ੍ਰ ਹੈ, (ਉਹੋ ਇਕ) ਭਿਰਾ ਹੈ। (ਇਸ ਸੰਸਾਰ ਦੀ ਸਾਰੀ) ਸਾਮੱਗ੍ਰੀ ਤੇ (ਰੀਤਿ=) ਮ੍ਰਿਯਾਦਾ (ਜਿਸ ਨਾਲ ਇਹ ਸੰਸਾਰ ਚਲ ਰਿਹਾ ਹੈ ਉਸ) ਇਕੋ ਦੀ (ਬਣਾਈ ਹੋਈ ਦਿਸ ਰਹੀ) ਹੈ। (ਉਸ) ਇਕ ਨਾਲ ਹੀ ਜਦ ਮਨ ਪਤੀਜ ਗਿਆ

ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥

ਤਾਂ ਮਨ ਟਿਕ ਗਿਆ (ਭਾਵ ਅਡੋਲ ਹੋ ਗਿਆ)। (ਸੋ) ਹੇ ਨਾਨਕ! (ਜਿਨ੍ਹਾਂ ਨੇ ਉਸ) ਸਤ੍ਯ ਸਰੂਪ ਨੂੰ ਟੇਕ ਬਣਾਇਆ ਹੈ (ਉਨ੍ਹਾਂ ਦਾ) ਖਾਣਾ ਸੱਚ ਹੈ, ਪਹਿਨਣਾ ਸੱਚ ਹੈ। (ਅਥਵਾ ਸਚਾ ਨਾਮ ਹੀ ਉਨਾਂ ਦਾ ਖਾਣਾ ਹੈ ਤੇ ਸਚ ਨਾਮ ਹੀ ਪਹਿਨਣਾ ਹੈ। ਯਾ ਉਨ੍ਹਾਂ ਦਾ ਖਾਣਾ ਪਹਿਨਣਾ ਸਫਲ ਹੀ ਸਫਲ ਹੈ)॥੪॥੫॥੭੫॥

ਵ੍ਯਾਖ੍ਯਾ–ਜਪੁਜੀ ਸਾਹਿਬ ਵਿਚ ਗੁਰੂ ਤੋਂ ਮੰਗ ਕੀਤੀ ਹੈ:-

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਇਸੇ ਸ਼ਬਦ ਦੇ ਆਰੰਭ ਵਿਚ ਬੀ ਗੁਰੂ ਤੋਂ ਉਹੋ ਮੰਗ ਕੀਤੀ ਹੈ:-

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ॥

ਫਿਰ ਦੱਸਦੇ ਹਨ ਕਿ ਗੁਰੂ ਨੇ ਮੈਨੂੰ ਨਾਮ ਦੇ ਦਿੱਤਾ ਤੇ ਦੱਸਿਆ ਕਿ ਜੀਵਨ ਦਾ ਸੱਚਾ ਪ੍ਰਯੋਜਨ ਯਾ ਜੀਵਨ ਦਾ ਸੱਚਾ ਸੁਆਰਥ ਇਹ ਨਾਮ ਹੈ। ਨਾਲ ਦੱਸਿਆ ਕਿ ਵਾਹਿਗੁਰੂ ਤੋਂ ਭੁਲਾਵਣ ਵਾਲੇ ਧੰਦੇ ਦਿਲ ਦੇ ਮਾਲਕ ਨਾ ਬਣਾਓ। ਯਾਦ ਰਖਣੇ ਯੋਗ ਵਾਹਿਗੁਰੂ ਹੈ ਤੇ ਭੁਲਾਉਣੇ ਜੋਗ ਸਾਰਾ ਧੰਧਾ ਤੇ ਸਾਰੀਆਂ ਗਲਾਂ ਤੇ ਸਾਰੀਆਂ ਆਸਾਂ ਤ੍ਰਿਸ਼ਨਾ ਤੇ ਲੋੜਾਂ ਹਨ। ਇਸ ਦਾ ਫਲ ਇਹ ਹੋਵੇਗਾ ਕਿ ਅੱਗੇ ਜਾਕੇ ਸ਼ੁਭ ਟਿਕਾਣਾ ਮਿਲੇਗਾ। ਜੀਵ ਸਰੀਰ ਛੱਡਕੇ ਰੁਲੇਗਾ ਨਹੀਂ, ਕਿਸੇ ਉੱਤਮ ਦਸ਼ਾ ਵਿਚ ਕਿਸੇ ਧੁਰ ਟੇਕ ਵਾਲੇ ਰੰਗ ਵਿਚ ਹੋਵੇਗਾ। ਇਸ ਪਰ ਸ਼ੰਕਾ ਉਠਦੀ ਹੈ ਕਿ ਫੇਰ ਜਗਤ ਦੇ ਵਿਵਹਾਰ ਤਾਂ ਇਸ ਦੇ ਨਸ਼ਟ ਹੋ ਜਾਣਗੇ। ਇਸ ਪਰ ਆਪ (ਅੰਕ ੩ ਵਿਚ) ਦੱਸਦੇ ਹਨ, ਕਿ ਵਾਹਿਗੁਰੂ ਦੀ ਯਾਦ ਵਾਲੇ ਨੂੰ ਦੁਖ ਤੇ ਭੁਖ ਨਹੀਂ ਵਿਆਪਣਗੇ, ਉਸ ਦੀਆਂ ਮਨਸਾ ਪੂਰਨ ਹੋਣਗੀਆਂ। ਜਦੋਂ ਇਸ ਨੇ ਸਿਮਰਨ ਕਰਕੇ ਸਾਈਂ ਪਾ ਲਿਆ, ਤਾਂ ਜਿਸ ਦੇ ਅੰਦਰ ਸਾਈਂ ਹੈ, ਜਿਸ ਦਾ ਰਾਖਾ ਉਹ ਹੋਇਆ ਹੈ, ਉਸ ਨੂੰ ਕੌਣ ਮਾਰ ਸਕਦਾ ਹੈ। ਹੁਣ ਜਦ ਲੋਕ ਬੀ ਸੰਵਰਦਾ ਹੈ ਤੇ ਪਰਲੋਕ ਬੀ ਸੰਵਰਦਾ ਹੈ ਤਦ ਜੀਵ ਇਕੋ ਵਾਹਿਗੁਰੂ ਦੀ ਸ਼ਰਣ ਪ੍ਰਾਪਤ ਕਿਉਂ ਨਾ ਰਹੇ, ਇਕੋ ਨੂੰ ਅਪਣਾ ਮਿਤ੍ਰ ਤੇ ਸਜਣ ਤੇ ਸਨਬੰਧੀ ਦੇਖੇ। ਇਹ ਸਾਰਾ ਸੰਸਾਰ ਇਸ ਦੀ ਸਾਮਗ੍ਰੀ ਉਸੇ ਦੀ ਨਜ਼ਰ ਆਵੇ, ਅਪਣੀ ਪਕੜ ਕਿਸੇ ਸ਼ੈ ਨਾਲ ਨਾ ਪਵੇ, ਜੋ ਦਿੱਸੇ ਸਭ ਅਪਣੇ ਵਾਹਿਗੁਰੂ ਦਾ। ਜੋ ਖੰਡ ਬ੍ਰਹਮੰਡ ਪਦਾਰਥ ਹਨ ਉਸੇ ਦੇ ਹਨ। ਏਹ ਜਿਨ੍ਹਾਂ ਨਿਯਮਾਂ, ਮ੍ਰਿਯਾਦਾਂ, ਬੱਧੇ ਕਾਨੂਨਾਂ, ਯਾ ਅਸੂਲਾਂ ਯਾ ਵਿਧਾਨਾਂ ਤੇ ਚਲ ਰਹੇ ਹਨ ਓਸੇ ਦੇ ਚਲਾਏ ਚਲ ਰਹੇ ਹਨ। ਓਹ ਮ੍ਰਿਯਾਦਾ ਜੋ ਸਾਰੇ ਨੂੰ ਟੋਰ ਰਹੀ ਹੈ ਉਹ ਉਸੇ ਇਕੋ ਦੀ ਬੱਧੀ ਹੋਈ ਹੈ। ਜਦ ਐਉਂ ਨਾਮ ਜਪਦਿਆਂ, ਰਬ ਯਾਦ ਰਖਦਿਆਂ, ਬ੍ਰਹਮੰਡ ਦਾ ਸਭੋ ਕੁਛ ਤੇ ਇਸ ਦੇ ਚੱਲਣ ਦੀ ਮ੍ਰਿਯਾਦਾ ਬੀ ਸਾਰੀ ਉਸੇ ਦੀ ਦਿੱਸੇ ਤਾਂ ਨਿਸਚੈ ਜਾਣੋ ਅੰਦਰ ਵਾਹਿਗੁਰੂ ਟਿਕ ਗਿਆ, ਚਿਤ ਇਸ ਸੱਚ ਦੀ ਧੁਰ ਟੇਕ ਤੇ ਟਿਕ ਗਿਆ, ਹੁਣ ਉਸ ਪੁਰਖ ਦੇ ਜੀਵਨ ਦੇ ਦਿਨਾਂ ਵਿਚ ਜੋ ਖਾਣਾ, ਪੈਨ੍ਹਣਾ, ਸੰਸਾਰ ਯਾਤ੍ਰਾ ਪੂਰੀ ਕਰਨ ਵਿਚ ਕ੍ਰਿਯਾ ਹਨ, ਜੋ ਸਰੀਰ ਰਖ੍ਯਾ ਲਈ ਹੋਣੀਆਂ ਜ਼ਰੂਰੀ ਹਨ, ਮਾਇਕ ਯਾ ਬੰਧਾਇਮਾਨ ਕਰਨ ਵਾਲੀਆਂ ਨਹੀਂ ਹੋਣਗੀਆਂ। ਉਸ ਦੀ ਸਾਰੀ ਕਰਨੀ 'ਸੱਚ' ਹੈ, ਕਿਉਂਕਿ ਉਸ ਨੂੰ ਹਉਂ ਨਹੀਂ, ਸੱਚ ਤੇ ਟੇਕ ਹੈ ਤੇ ਸਦਾ ਨਾਮ ਵਿਚ ਰਹਿਣੇ ਕਰਕੇ ਸੱਚੇ ਵਿਚ ਦ੍ਰਿਸ਼ਟੀ ਟਿਕੀ ਹੈ, ਸੋ ਕਰਨੇ ਬੀ ਉਸ ਦੇ ਸੱਚੇ ਹਨ; ਸੱਚ ਤੋਂ ਬਾਹਰ ਉੱਕਾ ਹੀ ਨਹੀਂ। ਸੱਚ ਦਾ ਭਾਵ ਇਸ ਕਰਕੇ 'ਸਫਲੇ' ਬੀ ਲੈ ਲਈਦਾ ਹੈ।

ਨਿਰੁਕ੍ਤ–ਵਿਸਰਨੁ–ਭੁੱਲਣ। ਇਸ਼ਾਰਾ ਜਪੁਜੀ ਦੀ 'ਸੋ ਮੈ ਵਿਸਰਿ ਨ ਜਾਈ' ਵਾਲੀ ਤੁਕ ਵੱਲ ਹੈ।

ਧੰਧਾ ਜਲਾਉਣ–ਧੰਦਾ, ਧੰਧਾ, ਦਾ ਅਰਥ ਹੈ ਕਲੇਸ਼ ਵਾਲੇ ਕੰਮ, ਇਸ ਲਈ ਇਸ ਪਦ ਦਾ

ਅਰਥ ਅਕ੍ਰੈ ਤੇ ਸੁੰਨ ਹੋਕੇ ਬੈਠ ਜਾਣਾ ਨਹੀਂ, ਧੰਦਿਆਂ ਨੂੰ ਮਨ ਦਾ ਮਾਲਕ ਨਹੀਂ ਬਣਨ ਦੇਣਾ ਚਾਹੀਦਾ, ਜਗਤ ਬਿਵਹਾਰ ਦੇ ਕੰਮ ਗੌਣ ਹੋਕੇ ਟੁਰੇ ਰਹਣ। ਇਹਨਾਂ ਵਿਚ ਮਨ ਖਚਿਤ ਤੇ ਕਲੇਸ਼-ਮਈ ਨਾ ਰਹੇ।

ਸੁਆਉ-(ਸੰਸ:, ਸ੍ਵਾਰ੍ਥ:) ਪ੍ਰਯੋਜਨ। ਅਪਣਾ ਕੰਮ, ਸੋਹਣਾ ਕੰਮ।

ਦੁਖ ਭੁਖ-ਸਭ ਪ੍ਰਕਾਰ ਦੇ ਦੁਖ ਤੇ ਸਭ ਪ੍ਰਕਾਰ ਦੀਆਂ ਲੋੜਾਂ, (੨) ਕਈ ਦਾਨੇ ਦੁਖ ਤੋਂ 'ਮਾਨਸਕ ਦੁਖ' ਤੇ ਭੁਖ ਤੋਂ ਵਿਸ਼ੇ ਵਿਕਾਰਾਂ ਦੀ ਤ੍ਰਿਸ਼ਨਾ ਭਾਵ ਲੈਂਦੇ ਹਨ।

ਛਿਜੀਐ-(ਸੰਸ:, ਛਿਦ੍=ਟੁਟਣਾ, ਨਾਸ਼ ਹੋਣਾ। ਪੰਜਾਬੀ ਛਿਜਣਾ) ਘਟੀਏ, ਨਾਸ਼ ਹੋਈਏ। 'ਨ ਛਿਜੀਐ' ਭਾਵ ਹੈ ਟੋਟੇ ਵਿਚ ਨਾ ਜਾਈਏ। ਇਸ ਦੇ ਦੋ ਭਾਵ ਹੋ ਸਕਦੇ ਹਨ: ਕਿ ਐਸੇ ਪੁਰਖ ਦੇ ਕਾਰਾਂ ਵਿਹਾਰਾ ਵਿਚ ਤੋਟਾ ਨਹੀਂ ਪਏਗਾ। ਦੂਸਰੇ ਇਹ ਕਿ ਕੰਮ ਕਾਜ ਕਰਦਿਆਂ ਐਸੇ ਨਾਮੀ ਪੁਰਖ ਦੀ ਸੁਰਤ ਉਦਾਸੀਆਂ ਟੋਟਿਆਂ ਵਿਚ ਨਹੀਂ ਜਾਏਗੀ। ਨਾਮ ਦੇ ਫਲ ਵਿਚ ਦੁਇ ਪ੍ਰਾਪਤੀਆਂ ਹਨ।

ਮਸਕਤੇ-(ਅਰਬੀ, ਮੁਸ਼ੱਕਤ=ਕਰੜੀ ਮੇਹਨਤ) ਘਾਲ, ਉਹ ਘਾਲ ਜੋ ਨਾਮ ਜਪਣ ਵਿਚ ਹੁੰਦੀ ਹੈ। ਇਸ ਪਦ ਦਾ ਇਸ਼ਾਰਾ ਜਪੁਜੀ ਸਾਹਿਬ ਦੀ ਉਸ ਤੁਕ ਵਲ ਹੈ:-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਕਰਣ ਕਰੇਵ-ਆਪੇ ਕਾਰਜਾਂ ਦਾ ਕਰਨੇ ਵਾਲਾ ਹੈ। (੨) ਕਰਣ ਕਾਰਣ।

ਪੂਰੇਵ-ਪੂਰਦਾ ਹੈ। (੨) ਪੂਰਾ ਕਰਨੇ ਵਾਲਾ ਹੈ।

ਸਾਮਗਰੀ-(ਸੰਸ:, ਸਾਮਗ੍ਰੀ) ਸਾਮਾਨ। ਉਹ ਸਾਰਾ ਕੁਛ ਜਿਸ ਤੋਂ ਸੰਸਾਰ ਬਣਿਆ ਹੈ।

ਰੀਤਿ-(ਸੰਸ:, ਰੀਤਿ:) ਮ੍ਰਿਯਾਦਾ, ਭਾਵ ਹੈ ਉਹ ਮਿਯਾਦਾ, ਨਿਯਮ, ਕਾਨੂੰਨ, ਕਾਇਦੇ, ਤਰਤੀਬ, ਵਿਧਾਨ ਜਿਨ੍ਹਾਂ ਦੁਆਰੇ ਸੰਸਾਰ ਦਾ ਸਾਰਾ ਕੁਛ ਚਲ ਰਿਹਾ ਹੈ।

ਸਚੁ ਖਾਣਾ- ਕਿਉਂਕਿ ਨਾਮੀ ਸੱਚ ਵਿਚ ਰਚਿਆ ਹੁੰਦਾ ਹੈ, ਉਸ ਦੇ ਸਾਰੇ ਕਰਮ ਸੱਚ ਹੀ ਹੁੰਦੇ ਹਨ, ਕਿਉਂਕਿ ਉਹਨਾਂ ਦਾ ਕੋਈ ਕਰਮ ਉਹਨਾਂ ਨੂੰ 'ਸੱਚ' ਤੋਂ ਨਹੀਂ ਵਿਛੋੜਦਾ। (੨) ਸੱਚ ਦਾ ਅਰਥ ਸਫਲ ਬੀ ਇਸੇ ਕਰਕੇ ਕਰਦੇ ਹਨ।

(ਸਿਰੀ ਰਾਗੁ ਮਹਲਾ ੫, ਚਉਪਦਾ-੨੬)

ਪ੍ਰਾਕ੍ਥਨ-ਵਾਹਿਗੁਰੂ, ਗੁਰੂ, ਸਤਿਸੰਗ: ਤੇ ਨਾਮ ਦੁਆਰਾ ਮੁਕਤੀ ਦੀ ਪ੍ਰਾਪਤੀ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥	ਸਾਰੇ ਪਦਾਰਥ ਮਿਲ ਗਏ (ਜਾਣੋ) ਜੇ 'ਇਕ' ਹੱਥ ਆ ਜਾਵੇ ਤਾਂ। (ਹਾਂ) ਜਨਮ ਪਦਾਰਥ ਹੀ ਸਫਲ ਹੋ ਜਾਏਗਾ ਜੇ ਸੱਚਾ ਨਾਮ ਕਥਨ ਕੀਤਾ ਤਾਂ। (ਇਹ ਨਾਮ-ਸਥਿਤੀ ਦਾ) ਟਿਕਾਣਾ ਗੁਰੂ ਤੋਂ ਪ੍ਰਾਪਤ ਹੁੰਦਾ ਹੈ ਜੇ ਮੱਥੇ ਤੇ (ਪੂਰਬਲਾ ਲੇਖ) ਲਿਖਿਆ ਹੋਵੇ ਤਾਂ॥੧॥

ਮੇਰੇ ਮਨ ਏਕਸ ਸਿਉ ਚਿਤੁ ਲਾਇ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥	(ਤਾਂ ਤੇ) ਹੇ ਮੇਰੇ ਮਨ! ਇਕੋ ਨਾਲ ਚਿੱਤ ਲਾ, (ਉਸ) ਇਕੋ ਤੋਂ ਬਿਨਾਂ (ਹੋਰ ਤੇ ਚਿਤ ਲਾਉਣਾ) ਸਭ ਧੰਦਾਲ ਹੈ (ਕਿਉਂਕਿ) ਸਭ ਮਾਇਆ ਦਾ ਮੋਹ ਹੈ (ਜੋ) ਮਿਥਿਆ ਹੈ॥੧॥ ਰਹਾਉ॥
ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥	ਲੱਖਾਂ ਪਾਤਸ਼ਾਹੀਆਂ (ਵਰਗੀਆਂ) ਖੁਸ਼ੀਆਂ ਪ੍ਰਾਪਤ ਹੋ ਗਈਆਂ (ਜਾਣੋ), ਜੇ ਸਤਿਗੁਰ ਮੇਹਰ ਦੀ ਨਜ਼ਰ ਕਰੇ ਤਾਂ। ਮੇਰਾ ਮਨ ਤੇ ਤਨ ਠੰਢਾ ਠਾਰ ਹੋ ਜਾਵੇ (ਜੇ ਉਹ ਗੁਰੂ) ਇਕ ਪਲ ਭਰ ਨਾਮ ਦਾਨ ਦੇ ਦੇਵੇ ਤਾਂ। (ਪਰ) ਸਤਿਗੁਰ ਦੇ ਚਰਨ ਉਸੇ ਨੇ ਪਕੜੇ ਹਨ ਜਿਸ (ਦੇ ਭਾਗਾਂ) ਵਿਚ ਪੂਰਬਲਾ (ਲੇਖ) ਲਿਖਿਆ ਹੋਇਆ ਹੋਵੇ॥੨॥
ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥ ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ॥੩॥	(ਹਾਂ) ਜਿਸ ਘੜੀ ਜਿਸ ਮਹੂਰਤ ਸੱਚੇ ਨਾਲ ਪਿਆਰ (ਉਪਜੇ) ਉਹੀ ਸਫਲ ਹੈ। (ਹਾਂ) ਉਸ ਨੂੰ (ਹੀ) ਸਰੀਰ ਦਾ ਦੁਖ ਤੇ ਮਨ ਦਾ ਸੰਤਾਪ ਨਹੀਂ ਲਗਦਾ ਜਿਸ ਨੂੰ ਹਰੀ ਦੇ ਨਾਮ ਦਾ ਆਧਾਰ (ਮਿਲ ਜਾਵੇ) ਉਹੀ (ਭਵ ਸਾਗਰ ਤੋਂ) ਪਾਰ ਉਤਰਿਆ (ਜਾਣੋ ਜਿਸਨੂੰ) ਗੁਰੂ ਨੇ ਬਾਹੋਂ ਪਕੜ ਕੇ ਬਾਹਰ ਕੱਢ ਲਿਆ ਹੋਵੇ॥੩॥
ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥	(ਉਹੀ) ਥਾਉਂ ਸੁਹਣਾ ਤੇ ਪਵਿੱਤ੍ਰ ਹੈ ਜਿਥੇ (ਸਦੈਵੀ) ਸੰਤਾਂ ਦੀ ਸਭਾ (ਲਗ ਰਹੀ ਹੈ)। (ਉਸ ਸਭਾ ਵਿਚ) ਉਸੇ ਨੂੰ ਆਦਰ ਮਿਲੇਗਾ ਜਿਸ ਨੂੰ ਪੂਰਾ ਗੁਰੂ ਲੱਭ ਪਿਆ ਹੋਸੀ। ਹੇ ਨਾਨਕ! (ਮੈਂ ਤਾਂ) ਓਥੇ ਘਰ ਬਨਾਇਆ ਹੈ ਜਿਥੇ ਮੌਤ ਨਹੀਂ, ਜਨਮ ਨਹੀਂ, ਬੁਢੇਪਾ ਨਹੀਂ॥੪॥੬॥੭੬॥

ਵਯਾਖਯਾ—ਇਸ ਸ਼ਬਦ ਵਿਚ ਆਏ ਪਦ 'ਇਕ' ਦੇ ਭਾਵ ਲੈਣ ਵਿਚ ਮਤਿਭੇਦ ਹੁੰਦਾ ਹੈ ਵੀਚਾਰ ਐਉਂ ਹੈ:-

ਪਹਿਲੀ ਸਤਰ ਵਿਚ ਪਦ 'ਇਕ' ਦਾ ਭਾਵ 'ਇਕ ਨਾਮ' ਹੈ, ਕਿਉਂਕਿ ਅਗਲੀ ਤੁਕ ਵਿਚ ਸਪਸ਼ਟ ਕਿਹਾ ਹੈ ਕਿ ਜੇ ਸੱਚਾ ਸ਼ਬਦ ਕਥਿਆ ਜਾਵੇ ਤਾਂ ਜਨਮ ਸਫਲ ਹੋ ਜਾਵੇ। ਫੇਰ ਤੀਸਰੀ ਸਤਰ ਵਿਚ ਗੁਰੂ ਤੋਂ ਪ੍ਰਾਪਤ ਦੱਸਿਆ ਹੈ, ਉਹ ਹੈ ਨਾਮ ਸਥਿਤੀ ਦਾ ਮਹਲ, ਅਥਵਾ ਨਾਮ ਤੋਂ ਪ੍ਰਾਪਤ ਹੋਣ ਵਾਲਾ ਨਿਜ ਸਰੂਪ।

ਫੇਰ ਰਹਾਉ ਵਿਚ 'ਏਕਸ ਸਿਉ' ਕਿਹਾ ਹੈ ਅਰਥਾਤ 'ਉਸ ਇਕੋ' ਹੀ ਨਾਲ। ਕਿਹੜਾ ਇਕੋ? ਜੋ ਪਿਛਲੇ ਪਦੇ ਵਿਚ ਆਇਆ ਹੈ। ਫਿਰ ਰਹਾਉ ਦੀ ਦੂਜੀ ਤੁਕ ਵਿਚ 'ਇਕਸ ਬਿਨੁ' ਸਭ ਨੂੰ ਧੰਧ ਕਿਹਾ 'ਧੰਧੁ' ਕਹਿਣਾ ਸਾਧਨ ਸੰਪੱਤੀ ਵਲ ਇਸ਼ਾਰਾ ਹੈ ਕਿ ਹੋਰ ਸਾਧਨ, ਯਤਨ, ਧੰਦਾ ਬਣ ਜਾਂਦੇ ਹਨ, ਫਿਰ ਧੰਧੁ ਨੂੰ ਮਿਥਿਆ ਤੇ ਮੋਹ ਮਾਯਾ ਕਿਹਾ। ਹੋਰ ਸਾਧਨ ਮਾਯਕ ਕੰਧ ਟੱਪਣ ਨਹੀਂ ਦੇਂਦੇ, ਮਾਇਆ ਮਿਥਿਆ ਹੈ, ਨਾਮ ਦੀ ਸਿਧੀ ਸੇਧ 'ਹਰਿ ਜੀਉ' ਹੁੰਦੀ ਹੈ, ਇਸ ਕਰਕੇ ਇਹ ਸ਼ੁਰੂ ਤੋਂ ਹੀ ਮਾਯਕ ਮੰਡਲ ਤੋਂ ਉਪਰ ਤਵੱਜੋ ਨੂੰ ਬੰਨ੍ਹ ਲੈਂਦਾ ਹੈ। ਸੋ ਇਸ ਸਤਰ ਵਿਚ ਬੀ ਸੈਨਤ ਨਾਮ ਵੱਲ ਹੈ। ਅਗੇ ਅੰਕ ੨ ਹੈ। ਇਸ ਵਿਚ ਸਪਸ਼ਟ ਜ਼ਿਕਰ ਨਾਮ ਦਾ ਹੈ। ਚਾਹੇ ਇਸ ਅੰਕ ਵਿਚ ਜ਼ਿਕਰ ਗੁਰੂ

ਦਾ ਬੀ ਹੈ ਤੇ ਪੂਰਬਲੇ ਲਿਖੇ ਦਾ ਬੀ ਹੈ, ਪਰ ਵਿਸ਼ਯ ਨਾਮ ਦਾ ਹੀ ਚਲ ਰਿਹਾ ਹੈ। ਅਗੇ ਅੰਕ ੩ ਵਿਚ 'ਸੱਚੇ' ਨਾਲ ਪਿਆਰ ਦਾ ਕਥਨ ਹੈ, ਚਾਹੋ ਨਾਮ ਦਾ ਤੇ ਗੁਰੂ ਦਾ ਜ਼ਿਕਰ ਬੀ ਇਸ ਅੰਕ ਵਿਚ ਹੈ, ਪਰ ਸੱਚੇ ਅਰਥਾਤ ਨਾਮੀ, ਦਾ ਜ਼ਿਕਰ ਹੁਣ ਏਥੇ ਆਇਆ ਹੈ, ਜਦੋਂ ਕਿ ਨਾਮ ਆਧਾਰ ਬਣ ਚੁਕਾ ਹੈ, ਗੁਰੂ ਸਿਖ ਨੂੰ ਭਵ ਤੋਂ ਕੱਢਕੇ ਪਾਰ ਕਰ ਚੁੱਕਾ ਹੈ, ਨਾਮ ਦਾ ਯਤਨ ਸੱਚੇ ਨਾਲ ਪਯਾਰ ਵਿਚ ਸਿਰੇ ਚੜ੍ਹ ਗਿਆ ਹੈ।

ਅੰਕ ੪ ਵਿਚ ਉਸ ਆਤਮ ਟਿਕਾਣੇ ਦਾ ਜ਼ਿਕਰ ਹੈ ਜਿਥੇ ਨਾਮ ਅਭਯਾਸੀ ਨੇ, ਨਾਮ ਸਿਮਰਕੇ ਗੁਰੂ ਦੀ ਸਹਾਇਤਾ ਨਾਲ ਅੱਪੜਨਾ ਹੈ ਤੇ ਅਮਰ ਹੋ ਜਾਣਾ ਹੈ। ਉਹ ਹੈ ਸਦੈਵੀ ਸਤਿਸੰਗ ਯਾ ਪਾਰ ਲੌਕਕ ਸਤਿਸੰਗ। ਜਿਸ ਦੇ ਲੱਛਣ ਦੱਸੇ ਹਨ ਕਿ ਓਥੇ ਨਾ ਜਨਮ ਹੈ, ਨਾ ਬੁਢੇਪਾ ਹੈ, ਨਾ ਮੌਤ ਹੈ, ਸਦਾ ਇਕ ਰਸ ਜੀਵਨ ਹੈ। ਇਹ 'ਅਮਰ ਸਤਿਸੰਗ' ਹੈ। ਨਾਮੀ ਪੁਰਖ ਨੇ ਇਥੇ ਅੱਪੜਨਾ ਹੈ। ਇਸ ਪਦ ਯਾ ਸਤਿਸੰਗ ਦੇ ਪਤੇ ਗੁਰਬਾਣੀ ਵਿਚ ਹੋਰਥੇ ਬੀ ਆਏ ਹਨ:-

ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀਂ ਬਿਨਾਸੁ॥ (ਸੁਖਮਨੀ ੧੧-੮)

ਸੂਹੀ ਮਹਲਾ ੫॥

ਸੂਖ ਮਹਲ ਜਾਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ॥੪॥੬॥੧੨॥

(੨) ਜੋ ਸੱਜਣ 'ਇਕ' ਪਦ ਦਾ ਏਥੇ ਈਸ਼੍ਵਰ ਅਰਥ ਕਰਦੇ ਹਨ ਉਹ ਦੋ ਤਰ੍ਹਾਂ ਤੇ ਹੈ:-

(ੳ) ਪਹਿਲੀ ਸਤਰ ਵਿਚ ਅਰਥ ਭਾਵ ਇਕ ਦਾ 'ਨਾਮ' ਕਰਦੇ ਹਨ, ਰਹਾਉ ਵਿਚ ਭਾਵ 'ਵਾਹਿਗੁਰੂ' ਲੈਂਦੇ ਹਨ। (ਅ) ਸਭਨੀ ਥਾਈਂ ਭਾਵ ਈਸ਼੍ਵਰ ਲੈਂਦੇ ਹਨ।

ਨਿਰੁਕ੍ਤ-ਥੋਕ- (ਪ੍ਰਾ:, ਥੋਵੰਕ। ਹਿੰਦੀ ਥੋਕ। ਪੰਜਾਬੀ ਥੋਕ) ਕਿਸੇ ਸ਼ੈ ਦਾ ਢੇਰ। ਕੱਠਾ ਮਾਲ। (੨) ਮਾਲ, ਸ਼ੈ, ਵਸਤੂ, ਪਦਾਰਥ।

ਕਥਿ-ਕਥਿਆ ਜਾਵੇ ਤਾਂ। (੨) ਕਥਨ ਕਰੇਂ ਤੂੰ। (੩) ਕਥਕੇ।

ਮਹਲੁ-ਟਿਕਾਣਾ। ਥਾਉਂ। ਨਾਮ ਸਥਿਤੀ ਦਾ ਟਿਕਾਣਾ। ਭਾਵ ਹੈ ਨਾਮ ਦਾ ਅੰਤਰ ਨਿਵਾਸ। (੨) ਸਰੂਪ। ਮਥਿ-ਮੱਥੇ ਉਤੇ।

ਪਦਾਰਥੁ-ਦੇਖੋ ਪਿੱਛੇ ਪੰਨਾ ੨੬੮।

ਧੰਧੁ-ਕੰਮ। ਧੰਧਾ, ਪਿੱਟਣਾ, ਖਪ ਖਨੌਟੀ। ਕਲੇਸ਼ ਵਾਲਾ ਕੰਮ। ਬਿਰਥਾ ਜਤਨ।

ਮੂਰਤੁ-(ਮੁਹੂਰ੍ਤ ਪਦ ਦਾ ਸੰਖੇਪ ਹੈ) ਦੋ ਘੜੀ, ਏਥੇ ਭਾਵ ਸ਼ੁਭ ਸਮੇਂ ਤੋਂ ਹੈ। ਲੋਕੀ ਟੁਰਨ, ਸ਼ੁਭ ਕੰਮ ਕਰਨ, ਆਦਿ ਲਈ ਜਯੋਤਸ਼ੀ ਤੋਂ ਜੋ ਸਮਾਂ ਲੈਂਦੇ ਹਨ ਉਸ ਨੂੰ ਮਹੂਰਤ ਕਢਾਉਣਾ ਕਹਿੰਦੇ ਹਨ। ਭਾਵ ਸ਼ੁਭ ਸਮਾਂ।

ਢੋਈ-(ਪ੍ਰਾ:, ਢੋਇਯ=ਮਿਲਿਆ ਹੋਇਆ। ਉਪਸਥਿਤ)। ਸਮੀਪਤਾ। (੨) ਓਟ, ਪਨਾਹ। (੩) ਮਦਦ। (੪) ਸਤਿਕਾਰ, ਆਦਰ।

(ਸਿਰੀ ਰਾਗੁ ਮਹਲਾ ੫, ਚਉਪਦਾ-੨੨)

ਪ੍ਰਾਕ੍ਰਥਨ-ਵਾਹਿਗੁਰੂ ਦੀ ਅਰਾਧਨਾ, ਨਾਮ, ਬਾਣੀ, ਗੁਣ ਗਯਾਨ, ਅਰਦਾਸ ਦੁਆਰਾ ਕਰਨੀ ਹੈ ਤੇ ਇਹ ਉਪਾਉ ਸਹਜ ਤੇ ਸੁਖ ਨਾਲ ਕਰਨਾ ਹੈ। 'ਈਸ਼੍ਵਰ ਆਰਾਧਨ' ਦੀ ਸਾਰੀ ਵਿਉਂਤ ਤੇ ਜਾਚ ਇਸ ਸ਼ਬਦ ਵਿਚ ਦੱਸੀ ਹੈ।

<u>ਮੂਲ</u>

ਸਿਰੀ ਰਾਗੁ ਮਹਲਾ ੫ ॥

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥ ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥੧॥ ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥ ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥

ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥ ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥ ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥੨॥

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ ਸੁਖ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥

<u>ਅਰਥ</u>

(ਅਰਥ ਰਹਾਉ ਤੋਂ ਚੱਲੇਗਾ)

ਹੇ ਮੇਰੇ ਮਨ! (ਪਰਮੇਸ਼ੁਰ ਦਾ) ਨਾਮ ਸੁਖ ਪੂਰਬਕ ਤੇ ਸਹਜ ਨਾਲ ਜਪ (ਭਾਵ ਜ਼ੋਰ ਹਠ ਨਾਲ ਨਹੀਂ, ਪਰ ਆਰਾਮ ਵਾਲੀ ਸਾਵਧਾਨਤਾ ਨਾਲ। ਜੇ ਨਾਮ ਤੋਂ ਜੀਉ ਉਟਕੇ ਤਾਂ) ਤੂੰ ਗੋਬਿੰਦ ਦੇ ਗੁਣ ਨਿਤ ਗਾਉ, (ਗਲ ਕੀ, ਚਾਹੋ ਸਿਮਰਨ ਨਾਲ ਚਾਹੋ ਗੁਣ ਗਾਯਨ ਨਾਲ ਜਿਵੇਂ ਹੋ ਸਕੇ) ਪ੍ਰਭੂ ਨੂੰ ਅੱਠੇ ਪਹਿਰ ਧਿਆਉ॥੧॥ਰਹਾਉ॥

(ਹਾਂ) ਹੇ (ਮੇਰੇ) ਜੀਅੜੇ! ਉਸ (ਪ੍ਰਭੂ) ਨੂੰ (ਸਦਾ) ਧਿਆਈਏ (ਭਾਵ ਆਰਾਧਨ ਕਰੀਏ) ਜੋ ਪਾਤਸ਼ਾਹਾਂ ਦੇ ਸਿਰਾਂ ਤੇ ਬੀ ਪਾਤਸ਼ਾਹ ਹੈ। (ਹਾਂ) ਉਸ ਹੀ (ਪ੍ਰਭੂ ਦੀ) ਹੇ ਮਨ ! ਆਸ ਕਰ ਜਿਸ ਦਾ ਭਰੋਸਾ ਸਭ ਕਿਸੇ ਨੂੰ ਹੈ। (ਅਤੇ ਇਹ ਕੁਛ ਪ੍ਰਾਪਤੀ) ਕਰਨੇ ਲਈ ਸਭ ਸਿਆਣਪਾਂ ਛੱਡ ਕੇ (ਇਕ) ਗੁਰੂ ਦੀ ਚਰਨੀਂ ਪੈ ਜਾਹੁ॥੧॥

ਹੇ (ਮੇਰੇ) ਮਨ! ਉਸ ਪ੍ਰਭੂ ਦੀ ਸ਼ਰਨੀ ਪੈ ਜਾਹ ਜਿਸ ਜਿਹਾ ਵੱਡਾ ਹੋਰ ਕੋਈ ਨਹੀਂ ਹੈ। ਜਿਸ ਨੂੰ ਸਿਮਰਣ ਕਰਦਿਆਂ ਬਹੁਤਾ ਸੁਖ ਹੁੰਦਾ ਹੈ (ਤੇ) ਦੁਖ ਤੇ ਪੀੜਾ ਮੂਲੋਂ ਨਹੀਂ ਹੁੰਦੇ, (ਹਾਂ ਉਸਦੀ) ਨੌਕਰੀ ਸਦਾ ਕਰ ਜੋ ਪ੍ਰਭੂ ਕਿ (ਸਾਡੇ ਸਿਰਾਂ ਤੇ) ਸੱਚਾ ਸਾਹਿਬ ਹੈ॥੨॥

(ਉਸ ਸੱਚੇ ਸਾਹਿਬ ਦੀ ਚਾਕਰੀ ਨਿਰਵਿਘਨ ਸਿਰੇ ਚੜ੍ਹੇ, ਇਸ ਗਲ ਲਈ ਇਹ ਉਪਾਉ ਕਰਿਆ ਕਰ) ਸਾਧ ਸੰਗਤ (ਵਿਚ ਮਿਲਿਆ ਕਰ, ਇਸ ਸੰਗ ਨਾਲ ਤੂੰ ਪਾਪ ਤੇ ਹਉਮੈ ਦੀ ਮੈਲ ਤੋਂ) ਨਿਰਮਲ ਹੋ ਜਾਏਂਗਾ ਤੇ ਜਮ ਦੀ ਫਾਹੀ ਕੱਟੀ ਜਾਏਗੀ। (ਫਿਰ ਬੀ ਜੇ ਕੋਈ ਔਖ, ਸੌਖ, ਭੈ, ਆਵੇ ਤਾਂ ਵੀਚਾਰ ਕਰਿਆ ਕਰ ਕਿ ਉਹ ਪ੍ਰਭੂ ਸੁਖਾਂ ਦਾ ਦਾਤਾ ਹੈ ਤੇ ਭੈ ਦੇ ਭੰਨਣ ਵਾਲਾ ਹੈ, ਉਸ ਅੱਗੇ ਅਰਦਾਸ (ਕਰਿਆ) ਕਰ (ਜੋ ਤੇਰੀ ਸਹਾਯਤਾ ਕਰੇ)। (ਉਹੀ) ਦਿਆਲੂ (ਅਰਦਾਸ ਸੁਣ ਕੇ) ਜਿਸ ਤੇ ਮੇਹਰ ਕਰੇ ਤਾਂ (ਉਸਦਾ) ਕਾਰਜ ਰਾਸ ਹੋ ਜਾਂਦਾ ਹੈ (ਕਿਉਂਕਿ ਇਹ ਉਸਦਾ ਬਿਰਦ ਹੈ)॥੩॥

(ਪ੍ਰਸ਼ਨ: ਜਿਸ ਅੱਗੇ ਅਰਦਾਸ ਕਰਨੀ ਹੈ ਉਸਦਾ ਕੋਈ ਰੂਪ ਰੰਗ ਦੱਸੋ? ਤਾਂ ਉੱਤਰ ਦੇਂਦੇ ਹਨ:) (ਸੁਣ ਭਾਈ! ਉਸ ਪ੍ਰਭੂ

ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ॥ ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥ ੪॥੭॥੨੨॥	ਨੂੰ ਜਿੰਨਾਂ) ਬਹੁਤ ਕਥਨ ਕਰੀਏ (ਉਹ ਉਸ ਤੋਂ ਬੀ) ਬਹੁਤਾ ਹੁੰਦਾ ਹੈ, (ਜੋ) ਉੱਚੇ (ਕਹੀਦੇ ਹਨ ਉਨ੍ਹਾਂ ਤੋਂ ਬੀ) ਉੱਚਾ ਹੈ ਉਸਦਾ ਅਸਥਾਨ। (ਫਿਰ ਉਸ ਦਾ) ਰੰਗ (ਨਹੀਂ ਉਹ) ਰੇਖਾ ਨਿਸ਼ਾਨਾਂ (ਭਾਵ ਸ਼ਕਲ ਤੋਂ) ਬਾਹਿਰਾ ਹੈ, (ਮੈਂ ਉਸ ਦਾ) ਜਾਚ ਅੰਦਾਜ਼ਾ ਨਹੀਂ ਕਹਿ ਸਕਦਾ (ਕਿ ਉਸਦਾ ਪੇਹਨ ਕਿਤਨਾ ਕੁ ਹੈ, ਕੀਮਤ ਕਦਰ ਕੀ ਹੈ, ਭਾਵ ਉਹ ਬੇਅੰਤ ਹੈ, ਮੈਂ ਅੰਤ ਨਹੀਂ ਦੱਸ ਸਕਦਾ)। (ਇਹ ਆਖਦੇ ਉਸਦੀ ਬੇਅੰਤਤਾ ਵਿਚ ਮਗਨ ਹੁੰਦੇ ਅਰਦਾਸ ਕਰਦੇ ਹਨ:) ਹੇ ਪ੍ਰਭੂ! ਨਾਨਕ ਉਤੇ ਮੇਹਰ ਕਰੋ (ਅਤੇ ਇਸ ਨੂੰ) ਆਪਣਾ ਸਚੁ ਨਾਮੁ (ਸਤਿਨਾਮ) ਦਾਨ ਕਰੋ॥ ੪ ॥ ੭ ॥ ੨੨ ॥

ਵਯਾਖਯਾ—ਰਹਾਉ ਦੀ ਪਹਿਲੀ ਸਤਰ ਵਿਚ ਨਾਮ ਜਪਣੇ ਦਾ ਉਪਦੇਸ਼ ਹੈ ਤੇ ਉਸਦੀ ਵਿਉਂਤ ਦੱਸੀ ਹੈ-ਸਹਜ ਨਾਲ ਸੁਖ ਪੂਰਬਕ ਜਪਣਾ। ਜ਼ੋਰ ਨਾ ਲਾ, ਹਠ ਨਾ ਕਰ, ਕਾਹਲਾ ਨਾ ਪਉ, ਬਣਾਉਟੀ ਤਰਕੀਬਾਂ ਨਾ ਸਿੱਖ, ਜੋ ਨਾਮ ਨੂੰ ਇਕ ਕਠਨ ਸਾਧਨ ਬਣਾ ਦੇਣ ਤੇ ਉਸ ਵਿਚ ਰਸ ਨਾ ਪੈਣ ਦੇਣ। ਫੇਰ ਦੂਸਰੀ ਗਲ ਦੱਸੀ ਕਿ ਅੱਠ ਪਹਿਰ ਧਿਆਉ, ਲਗਾਤਾਰੀ ਸਿਮਰਨ ਕਰ। ਲਗਾਤਾਰੀ ਆਰੰਭ ਵਿਚ ਨਹੀਂ ਹੋ ਸਕਦਾ, ਇਸ ਕਰਕੇ ਦੱਸਿਆ ਕਿ ਜੇ ਨਾਮ ਵਿਚ ਜੀ ਨਾ ਲੱਗੇ ਤਾਂ ਗੋਬਿੰਦ ਦੇ ਗੁਣ ਗਾਯਨ ਕਰ। ਗੁਰ ਸਿਖ ਗੁਣ ਗਾਯਨ ਗੁਰੂ ਕੀ ਬਾਣੀ ਦੁਆਰਾ ਕਰਦੇ ਹਨ, ਸੋ ਇਹ ਬਾਣੀ ਦਾ ਉਪਦੇਸ਼ ਹੈ। ਨਾਮ ਤੇ ਬਾਣੀ ਦੁਇ ਧਿਆਉਣਾ ਹੈ, ਫਿਰ ਕਦੇ ਕਦੇ ਅਭ੍ਯਾਸੀ ਦੇ ਦਿਲ ਵਿਚ ਬੱਝਾਂ, ਮੈਲਾਂ ਪੂਰਬਲੇ ਕਰਮਾਂ ਦੀਆਂ, ਯਾ ਹੁਣ ਦਿਆਂ ਕਰਮਾਂ ਦੀਆਂ ਆਕੇ ਦਿਲ ਨੂੰ ਉਟਾਟਰਾ ਕਰ ਦੇਂਦੀਆਂ ਹਨ। ਉਨ੍ਹਾਂ ਦਾ ਦਾਰੂ ਅੰਕ ੩ ਵਿਚ ਦੱਸਿਆ ਹੈ ਕਿ ਜਦ ਮੈਲ ਪੈ ਜਾਵੇ ਯਾ ਅੰਦਰੋਂ ਉਠ ਖੜੀ ਹੋਵੇ ਤਾਂ ਸਾਧੂ ਦਾ ਸੰਗ ਕਰ, ਗੁਰਮੁਖ ਨੂੰ ਮਿਲ। ਉਸ ਨਾਮੀ ਪ੍ਰੇਮੀ ਦੇ ਸਤਿਸੰਗ ਵਿਚ ਮੈਲ ਦੂਰ ਹੋਵੇਗੀ। ਇਸ ਦੇ ਨਾਲ ਚੌਥਾ ਕੰਮ ਇਹ ਕਰ ਕਿ ਕਰਤਾਰ ਅੱਗੇ, ਜੋ ਸਰਬ ਦੁਖਾਂ ਦੇ ਦੂਰ ਕਰਨੇ ਵਾਲਾ ਹੈ, ਅਰਦਾਸ ਕਰਿਆ ਕਰ। ਬੇਨਤੀ ਕਰ ਜੋ ਉਹ ਮਨ ਦੀਆਂ ਅਹੁਰਾਂ ਨੂੰ ਕੱਟੇ, ਦੁਖਾਂ ਨੂੰ ਦੂਰ ਕਰੇ ਤੇ ਨਾਮ ਦਾ ਪ੍ਰਵਾਹ ਸਾਫ ਹੋਕੇ ਸੁਖ ਤੇ ਸਹਿਜ ਪੂਰਬਕ ਟੁਰਿਆ ਰਹੇ।

ਹੁਣ ਨਾਮ ਕਿਸ ਦਾ ਜਪਣਾ ਹੈ? ਕਿਸੇ ਦੇਵੀ ਦੇਉਤੇ ਦਾ ਯਾ ਕਿਸੇ ਹੋਰਸ ਦਾ? ਇਹ ਰਾਹਨੁਮਾਈ ਦੇਣੇ ਲਈ ਇਕ ਅਕਾਲ ਪੁਰਖ ਦਾ ਪਤਾ ਦੇਂਦੇ ਹਨ ਤੇ ਉਸ ਦੀਆਂ ਸਿਫਤਾਂ ਦੱਸਕੇ ਨਿਰਸੰਸੇ ਕਰ ਦੇਂਦੇ ਹਨ। ਇਹ ਗਲ ਅੰਕ ੧ ਦੀਆਂ ਪਹਿਲੀਆਂ ਦੋ ਸਤਰਾਂ, ਫੇਰ ਅੰਕ ੨ ਦੀਆਂ ਤਿੰਨੇ ਸਤਰਾਂ, ਅੰਕ ੩ ਦੀ ਦੂਜੀ ਅੱਧੀ ਸਤਰ ਤੇ ਅੰਕ ੪ ਦੀਆਂ ਪਹਿਲੀਆਂ ਦੋ ਸਤਰਾਂ ਵਿਚ ਖੁਹਲ ਕੇ ਦੱਸੀ ਹੈ, ਜਿਸ ਤੋਂ ਪਤਾ ਲੱਗਾ ਕਿ ਉਹ ਪਾਤਸ਼ਾਹ ਵਾਂਙੂ ਸਾਰੇ ਪਾਤਸ਼ਾਹਾਂ ਦਾ ਬੀ ਪਾਤਸ਼ਾਹ ਹੈ, ਉਸ ਜੇਡਾ ਹੋਰ ਕੋਈ ਨਹੀਂ, ਉਹ ਸਭ ਤੋਂ ਵੱਡਾ ਹੈ, ਸਭ ਤੋਂ ਉੱਚਾ ਹੈ, ਭਾਵ ਮਨ ਬਾਣੀ ਤੋਂ ਪਰੇ ਹੈ, ਸਭ ਉਚਿਆਂ ਤੋਂ ਉੱਚਾ, 'ਅਗੰਮ' ਹੈ। ਜਿੰਨਾ ਵੱਡਾ ਕਿਸੇ ਨੂੰ ਕਹਿ ਸਕੋ ਉਸ ਤੋਂ ਉਹ ਹੋਰ ਵੱਡਾ ਹੈ। ਫਿਰ ਉਹ ਅਟੰਕ ਹੀ ਨਹੀਂ ਬੈਠਾ, ਸਾਹਿਬ ਹੈ, ਸਾਹਿਬੀ ਕਰ ਰਿਹਾ ਹੈ ਤੇ ਸੱਚਾ ਸਾਹਿਬ ਹੈ। ਫਿਰ ਉਹ ਸੁਖ ਦਾਤਾ ਹੈ, ਦੁਖ ਦਰਦ ਦੂਰ ਕਰਦਾ ਹੈ। ਭੈ ਨੂੰ, ਵਿਘਨਾਂ ਨੂੰ ਕੱਟ ਦੇਂਦਾ ਹੈ। ਉਹ ਸੂਰਤ ਮੂਰਤ ਰੰਗ ਰੂਪ ਵਾਲਾ ਨਹੀਂ, ਫਿਰ ਉਹ ਹੈ ਅਰ ਐਸਾ ਹੈ ਕਿ ਉਸ ਦੀ ਕੀਮਤ ਕੋਈ ਨਹੀਂ ਕਹਿ ਸਕਦਾ, ਕਿਉਂਕਿ ਉਸ ਦੀ ਤੁੱਲਤਾ ਦੀ ਯਾ ਉਸ ਤੋਂ ਵੱਡੀ ਵਸਤੂ ਕੋਈ ਹੈ ਨਹੀਂ। ਸਾਰੀ ਰਚਨਾ ਕੱਠੀ ਕਰਕੇ ਬੀ ਉਸ ਤੋਂ ਘੱਟ ਹੈ। ਇਸ ਕਰਕੇ ਕੀਮਤ ਕਿਵੇਂ ਹੋ ਸਕੇ ਤੇ ਕੌਣ

ਤਰ ਸਕੇ ਕਿਉਂਕਿ ਕੀਮਤ ਪਾਉਣ ਵਾਲੇ ਸਭ ਮਿਤ ਵਾਲੇ ਹਨ:-

ਕੀਮਤਿ ਪਾਇ ਨ ਕਹਿਆ ਜਾਇ॥ (ਆਸਾ ਮ: ੧)

ਇਸ ਲਈ ਗੁਰ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮੇਰੀ ਉਸ ਅੱਗੇ ਇਹੀ ਅਰਦਾਸ ਹੁੰਦੀ ਹੈ ਕਿ ਹੇ ਸਦਾ ਸਤਜ ਸਰੂਪ ਦਾਤਾ! ਆਪਣਾ ਨਾਮ ਦੇਹ, ਸਦਾ ਨਾਮ ਦੇਹ।

ਨਿਰੁਕ੍ਤ-ਵੇਸਾਹੁ-(ਸੰਸ:, ਵਿਸ਼੍ਵਾਸ:)ਭਰੋਸਾ।

ਮਇਆ-ਦਇਆ, ਕ੍ਰਿਪਾ।

(ਸਿਰੀ ਰਾਗੁ ਮਹਲਾ ੫, ਚਉਪਦਾ-੨੮)

ਪ੍ਰਾਕ੍ਥਨ-ਇਸ ਸ਼ਬਦ ਵਿਚ ਨਾਮ ਧਿਆਉਣ ਦੇ ਫਲ ਦੱਸੇ ਹਨ।

ਮੂਲ	ਅਰਥ
ਸ੍ਰੀ ਰਾਗੁ ਮਹਲਾ ੫ ॥	
ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ॥ ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ॥ ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥	(ਜੋ) ਨਾਮ ਧਿਆਵੇ ਸੋ (ਏਥੇ) ਸੁਖੀ (ਰਹੇ ਤੇ ਅੱਗੇ) ਉਸਦਾ ਮੂੰਹ ਉੱਜਲਾ ਹੋਵੇਗਾ। (ਪਰ ਓਹ ਨਾਮ) ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ. (ਇਹ ਗਲ) ਸਭਨਾਂ ਲੋਕਾਂ ਵਿਚ ਪ੍ਰਗਟ ਹੈ[੧]। (ਉਹ ਜੋ) ਇਕੋ ਸਚਾ (ਵਾਹਿਗੁਰੂ) ਹੈ, ਸੋ ਸਾਧ ਸੰਗਤਿ ਦੇ ਘਰ ਵਸਦਾ ਹੈ॥੧॥
ਮੇਰੇ ਮਨ ਹਰਿ ਹਰਿ ਨਾਮੁ ਧਿਆਇ॥ ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ॥੧॥ ਰਹਾਉ॥	(ਤਾਂ ਤੇ) ਹੇ ਮੇਰੇ ਮਨ! ਵਾਹਿਗੁਰੂ ਦਾ ਨਾਮ ਧਿਆਉ, ਨਾਮ ਸਦਾ ਸੰਗ ਰਹਿਣੇ ਵਾਲਾ (ਹੋਣ ਕਰਕੇ ਏਥੇ) ਸਹਾਈ ਹੈ, ਤੇ ਅੱਗੇ (ਪਾਰਲੌਕਿਕ ਬੰਧਨਾਂ ਤੋਂ) ਛੁਡਾ ਲਏਗਾ॥੧॥ ਰਹਾਉ॥
ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ॥ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥	(ਪ੍ਰਸ਼ਨ: ਨਾਮ ਵਿਚ ਲੱਗਿਆਂ ਸੰਸਾਰ ਵਿਗੜ ਜਾਏਗਾ? ਉੱਤਰ:) ਦੁਨੀਆਂ ਦੀਆਂ ਵਡਿਆਈਆਂ ਕਿਸ ਕੰਮ ਆਉਂਦੀਆਂ ਹਨ? ਮਾਇਆ ਦਾ ਰੰਗ (ਕਿਉਂਕਿ) ਅੰਤ ਬਿਨਸ ਜਾਂਦਾ ਹੈ, (ਇਸ ਕਰਕੇ ਇਸ ਨੂੰ ਮੁੱਢ ਤੋਂ ਹੀ) ਫਿਕਾ (ਸਮਝ ਲੈਣਾ ਚਾਹੀਦਾ ਹੈ)। (ਪ੍ਰਸ਼ਨ ਅਸਲ ਵਡਿਆਈ ਕੀਕੂੰ ਹੈ? ਉੱਤਰ:) ਜਿਸ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ ਉਹ ਪੂਰਾ (ਹੈ ਤੇ) ਪਰਧਾਨ (ਯਾ ਪੂਰਨ ਵਡਿਆਈ ਵਾਲਾ) ਹੈ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ॥ ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥	(ਪ੍ਰਸ਼ਨ: ਇਹ ਨਾਮ ਰਤਨ ਕੀਕੂੰ ਪ੍ਰਾਪਤ ਹੋਵੇ? ਉੱਤਰ:) ਆਪਣਾ ਆਪ ਤਜਾਗ ਕੇ ਸਾਧੂ ਦੀ ਚਰਨ ਧੂੜ ਬਣ, (ਹਾਂ) ਸਿਆਣਪਾਂ ਤੇ ਉਪਾਉ ਸਭੇ ਛੱਡ ਦੇਹ ਤੇ ਗੁਰੂ ਦੇ ਚਰਨੀਂ ਲੱਗ ਜਾ। (ਪਰ) ਇਹ (ਨਾਮ) ਰਤਨ ਉਸ ਨੂੰ ਲੱਭੇਗਾ ਜਿਸ ਦੇ ਮੱਥੇ ਤੇ ਭਾਗ ਹੋਵੇਗਾ॥੩॥

[੧] 'ਨਾਮ ਦਾ ਜਪਣ ਵਾਲਾ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ', ਇਹ ਅਰਥ ਬੀ ਕਰਦੇ ਹਨ।

ਮੂਲ	ਅਰਥ
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥ ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ॥੪॥੮॥੨੮॥	ਹਾਂ ਭਾਈਓ! ਇਹ ਉਸ ਨੂੰ ਲੱਭੇਗਾ ਜਿਸ ਨੂੰ ਪ੍ਰਭੂ ਆਪ ਦੇਵੇਗਾ। (ਅਰ) ਸਤਿਗੁਰ ਦੀ ਸੇਵਾ ਉਹ ਕਰੇਗਾ ਜਿਸ ਦਾ ਹਉਮੈਂ (ਰੂਪੀ) ਤਾਪ ਬਿਨਸ ਜਾਏਗਾ। (ਦੇਖੋ) ਨਾਨਕ ਨੂੰ, ਗੁਰੂ ਮਿਲਿਆ ਹੈ ਤੇ ਸਾਰੇ ਸੰਤਾਪ ਬਿਨਸ ਗਏ ਹਨ॥੪॥੮॥੨੮॥

ਵਯਾਖਯਾ-ਨਾਮ ਧਿਆਉਣ ਵਾਲਾ ਏਥੇ ਸੁਖੀ ਅਗੇ ਸੁਰਖ਼ਰੂ ਹੁੰਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ, ਗੁਰੂ ਸਤਿਸੰਗ ਵਿਚ ਵਸਦਾ ਹੈ, ਵਾਹਿਗੁਰੂ ਦਾ ਨਿਵਾਸ ਸਤਿਸੰਗ ਵਿਚ ਹੁੰਦਾ ਹੈ; ਸੰਤਾਂ ਦਾ ਰਿਦਾ ਉਸਦਾ ਘਰ ਹੈ, ਨਾਮ ਉਥੋਂ ਲੱਭਦਾ ਹੈ। ਨਿਰੰਤਰ ਜਪਣ ਕਰਕੇ ਨਾਮ ਸਦਾ ਸੰਗੀ ਰਹਿੰਦਾ ਹੈ। ਇਸ ਕਰਕੇ ਏਥੇ ਓਥੇ ਸਹਾਯਤਾ ਕਰਦਾ ਹੈ। ਦੁਨੀਆਂ ਦੇ ਸੁਖ ਤੇ ਵਡਿਆਈ ਬਿਨਸਦੀ ਹੈ, ਨਾਮ ਦੀ ਵਡਿਆਈ ਅਬਿਚਲ ਹੈ। ਪਰ ਨਾਮ ਹਉਮੈ ਛਡਿਆਂ ਗੁਰੂ ਕੀ ਸ਼ਰਨ ਗਿਆਂ ਮਿਲਦਾ ਹੈ। ਇਹ ਤਾਂ ਉੱਦਮ ਹੈ ਜੀਵ ਦਾ, ਇੰਨਾ ਕਾਫੀ ਨਹੀਂ ਇਸ ਦੇ ਨਾਲ ਰੱਬ ਜੀ ਦੀ ਮੇਹਰ ਲੋੜੀਂਦੀ ਹੈ। ਉਹ ਮੇਹਰ ਕਰੇ ਤਾਂ ਉੱਦਮ ਕਰਨ ਵਾਲੇ ਜਗਯਾਸੂ ਨੂੰ ਪ੍ਰਾਪਤੀ ਹੁੰਦੀ ਹੈ।

ਨਿਰੁਕ੍ਤ-ਲੋਇ-ਲੋਕ। ਲੋਕਾਂ ਵਿਚ। ਨਿਦਾਨਿ-ਅੰਤ ਨੂੰ।

ਪਰਧਾਨ-(ਸੰਸ:, ਪ੍ਰਧਾਨ, ਦੇਖੋ ਪੰਨਾ ੮੫) ਸ੍ਰੇਸ਼ਟ, ਮੁਖੀਆ, ਵਡਿਆਈ ਵਾਲਾ।

ਰੇਣੁਕਾ-ਧੂੜ। ਚਰਨ ਧੂੜ।

ਰਤਨੁ-(ਸੰਸ:, ਰਤ੍ਨ, ਦੇਖੋ ਪੰਨਾ ੬੮, ੧੪੧,੧੮੪) ਜਵਾਹਰ। ਭਾਵ ਹੈ ਨਾਮ ਰੂਪੀ ਕੀਮਤੀ ਪਦਾਰਥ। ਭਾਈ ਹੋ-ਹੇ ਭਾਈਓ! ਭੇਟਿਆ-ਮਿਲਿਆ।

(ਸਿਰੀ ਰਾਗੁ ਮਹਲਾ ੫, ਚਉਪਦਾ-੨੯)

ਪ੍ਰਾਕ੍ਥਨ-ਇਸ ਸ਼ਬਦ ਵਿਚ ਇਕੋ ਪ੍ਰਭੂ ਵਿਚ ਲਿਵਧਾਰੀ ਹੋਣੇ ਦੀ ਜਾਚ ਦੱਸੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥ ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥ ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥੧॥	ਮਨ (ਦੀ ਸਾਰ) ਪਛਾਣਨ ਵਾਲਾ ਇਕੋ ਹੈ, (ਉਹ) ਇਕੋ ਰੱਖਯਾ ਕਰਨੇ ਵਾਲਾ ਹੈ, ਇਕ ਦਾ ਹੀ ਮਨ ਨੂੰ ਆਸਰਾ ਹੈ, ਇਕੋ ਪ੍ਰਾਣਾਂ ਦਾ ਆਧਾਰ ਹੈ, ਉਸੇ ਦੀ ਸ਼ਰਣ ਵਿਚ ਸਦਾ ਸੁਖ ਹੈ। (ਪ੍ਰਸ਼ਨ: ਉਹ ਇਕੋ ਕੌਣ ਹੈ? ਉੱਤਰ:) ਉਹ ਪਾਰਬ੍ਰਹਮ ਹੈ ਤੇ ਜੋ ਕਰਤਾਰ (ਬੀ) ਹੈ॥੧॥
ਮਨ ਮੇਰੇ ਸਗਲ ਉਪਾਵ ਤਿਆਗੁ ॥ ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥	(ਤਾਂ ਤੇ) ਹੇ ਮੇਰੇ ਮਨ! (ਹੋਰ) ਸਾਰੇ ਉਪਾਉ ਛਡ ਦੇਹ, ਤੇ ਇਕੋ ਉਸੇ ਦੀ ਲਿਵ ਵਿਚ ਨਿੱਤ ਲਗਾ ਰਹੁ। (ਪ੍ਰਸ਼ਨ: ਲਿਵ ਵਿਚ ਕੀਕੂੰ ਲਗੀਦਾ ਹੈ? ਉੱਤਰ:) ਪੂਰੇ ਗੁਰੂ ਨੂੰ ਸਦਾ ਅਰਾਧ ਕੇ॥੧॥ਰਹਾਉ॥

ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥ ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥ ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥੨॥

(ਹਾਂ ਉਹ) ਇਕੋ (ਹੀ ਸੱਚਾ) ਭਿਰਾ ਹੈ, ਇਕੋ (ਸੱਚਾ) ਮਿੱਤ੍ਰ ਹੈ, (ਉਹ) ਇਕੋ (ਹੀ ਸੱਚਾ) ਮਾਤਾ ਪਿਤਾ ਹੈ। ਮਨ ਤੇ ਸਰੀਰ ਜਿਸ (ਇਕੋ) ਨੇ ਦਿੱਤਾ (ਭਾਵ ਰਚਿਆ) ਹੈ, (ਉਸ) ਇਕੋ ਦੀ ਮਨ ਵਿਚ ਟੇਕ ਰਹੇ; ਉਹ ਪ੍ਰਭੂ ਮਨੋਂ ਨਾ ਵਿਸਰੇ ਜਿਸਨੇ ਸਾਰਾ ਕੁਛ (ਆਪਣੇ) ਵੱਸ ਕੀਤਾ ਹੋਇਆ ਹੈ॥੨॥

ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ॥ ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ॥ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥੩॥

(ਪ੍ਰਸ਼ਨ: ਉਹ ਇਕੋ ਪਾਰਬ੍ਰਹਮ ਕਰਤਾਰ ਕਿੱਥੇ ਹੈ? ਉੱਤਰ:) ਘਰ ਵਿਚ ਉਹ ਇਕੋ ਹੈ, ਬਾਹਰ ਬੀ ਉਹ ਇਕੋ ਹੈ (ਭਾਵ ਮਨ ਸਰੀਰ ਵਿਚ ਬੀ ਤੇ ਸਰੀਰੋਂ ਬਾਹਰ ਬੀ), ਥਾਵਾਂ ਵਿਚ ਤੇ ਥਾਵਾਂ ਦੇ ਅੰਤਰ ਗਤਿ ਬੀ (ਉਹੀ) ਆਪ ਹੈ, ਉਸ ਨੇ ਸਾਰੇ ਜੀਵ ਜੰਤ ਰਚੇ ਹਨ, ਉਸੇ ਨੂੰ ਅੱਠੇ ਪਹਿਰ ਤੂੰ ਜਪ। (ਪ੍ਰਸ਼ਨ: ਇਕੋ ਦਾ ਉਪਦੇਸ਼ ਕਿਉਂ ਕਰਦੇ ਹੋ? ਉੱਤਰ:) ਉਸ ਇਕ ਨਾਲ ਹੀ ਰਚਿਆਂ ਸ਼ੋਕ ਤੇ ਸੰਤਾਪ ਨਹੀਂ ਹੁੰਦਾ॥੩॥

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥ ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥ ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪॥੯॥੭੯॥

(ਫਿਰ ਦੇਖ) ਪਾਰਬ੍ਰਹਮ ਪ੍ਰਭੂ ਇਕੋ ਹੈ (ਉਸ ਵਰਗਾ) ਦੂਜਾ ਹੋਰ ਕੋਈ ਨਹੀਂ। (ਫਿਰ ਦੇਖ) ਸਰੀਰ ਤੇ ਮਨ ਸਭ ਕੁਛ ਉਸੇ ਦਾ (ਦਿੱਤਾ ਹੋਇਆ) ਹੈ, (ਫੇਰ ਦੇਖ) ਵਰਤਦਾ ਓਹੋ ਕੁਛ ਹੈ ਜੋ ਉਸ ਨੂੰ ਭਾਉਂਦਾ ਹੈ। (ਫੇਰ ਦੇਖ, ਜੋ ਕੋਈ) ਪੂਰਾ ਹੋਇਆ ਹੈ ਉਸ ਸੱਚੇ ਨੂੰ ਪੂਰੇ ਗੁਰੂ (ਦੁਆਰਾ) ਜਪਕੇ (ਹੀ ਪੂਰਾ ਹੋਇਆ ਹੈ) ਹੇ ਨਾਨਕ! ॥੪॥੯॥੭੯॥

ਵ੍ਯਾਖ੍ਯਾ-ਪੰਜ ਗਲਾਂ ਇਸ ਸ਼ਬਦ ਵਿਚ ਦੱਸੀਆਂ ਹਨ:-

(੧) ਇਕ ਦੀ ਅਰਾਧਨਾ ਕਰੋ, ਕਿਉਂਕਿ ਉਹ ਪੂਰਨ ਤੇ ਪਾਰਬ੍ਰਹਮ ਹੈ। (੨) ਫੇਰ ਐਸਾ ਹੋਕੇ ਨਿਰਾ ਅਲੱਗ ਨਹੀਂ ਬੈਠਾ ਹੋਇਆ, ਉਹੀ ਕਰਤਾਰ ਹੈ, ਮਾਲਕ ਹੈ, ਸਭ ਕੁਛ ਉਸੇ ਦੇ ਵੱਸ ਹੈ, ਅਰਥਾਤ ਓਹ ਸ੍ਵਯੰ ਪੂਰਨ ਹੈ, ਕੀਤੀ ਹੋਈ ਦਾ ਉਹ ਕਾਦਰ ਹੈ, ਉਹ ਕਰਤਾ ਹੈ[੧]। ਫਿਰ ਕਾਦਰ ਕਰਤਾ ਹੋਕੇ ਓਹ ਰਚੀ ਹੋਈ ਤੋਂ ਓਪਰਾ ਤੇ ਦੂਰੀ ਤੇ ਰਹਿਣ ਵਾਲਾ ਨਹੀਂ, ਉਹ 'ਬਲਿਹਾਰੀ ਕੁਦਰਤਿ ਵਸਿਆ' ਹੈ। (੩) ਉਹ ਸਾਡੇ ਮਨਾਂ ਦੀ ਸਾਰ ਜਾਣਦਾ ਹੈ। (੪) ਫਿਰ ਇੰਨਾ ਦਿਆਲੂ ਹੈ ਕਿ ਸਾਰ ਜਾਣਕੇ ਜੀਵਾਂ ਦੀ ਰਾਖੀ ਨੂੰ ਬੀ ਬਹੁੜਦਾ ਹੈ। ਉਹ ਮਾਂ ਪਿਉ ਭਿਰਾ ਮਿਤ੍ਰ ਆਦਿਕ ਦਰਦੀ ਸੰਬੰਧੀਆਂ ਤੋਂ ਵਧੀਕ ਦਰਦੀ ਹੈ, ਐਸੇ ਪ੍ਰਭੂ ਨਾਲ ਰੱਤਿਆਂ, ਉਸ ਦੇ ਪ੍ਰੇਮ ਵਿਚ ਲਗਿਆਂ, ਦੁਖ ਸੰਤਾਪ ਨਹੀਂ ਹੋਵੇਗਾ, ਕਿਉਂਕਿ ਉਹ ਸੰਤਾਪ ਹਰਤਾ ਹੈ, ਉਸ ਦੀ ਲਿਵ ਵਿਚ ਸਦਾ ਸੁਖ ਹੈ। ਕਿਉਂਕਿ ਉਸ ਨੇ ਮਰਨਾ ਨਹੀਂ ਇਸ ਕਰਕੇ ਵਿਛੁੜਨਾ ਨਹੀਂ। ਇਸ ਕਰਕੇ ਉਸ ਤੋਂ ਸੋਗ ਨਹੀਂ ਮਿਲਨਾ। ਸੋ ਉਹ ਸਦਾ ਸੁਖਦਾਈ ਹੈ। (੫) **ਉਸ** ਦੀ ਲਿਵ ਧਾਰਨ ਦੀ ਜਾਚ ਗੁਰ ਪੂਰੇ ਦੀ ਅਰਾਧਨਾ ਹੈ, ਜਿਸ ਦੀ ਮਿਹਰ ਨਾਲ ਲਿਵ ਲਗਦੀ ਹੈ। ਜਿਤਨੇ ਅਗੇ ਪੂਰਨ ਪੁਰਖ ਹੋਏ ਹਨ ਸਭ ਗੁਰ ਪੂਰੇ ਦੀ ਮਿਹਰ ਨਾਲ ਉਸ ਸੱਚੇ ਦੀ ਆਰਾਧਨਾ ਕਰਕੇ ਪੂਰਨ ਹੋਏ ਹਨ।

ਨਿਰੁਕ੍ਤ-ਪਛਾਣੂ-ਪਛਾਣਨ ਵਾਲਾ, ਵਾਕਫ, ਭਾਵ ਹੈ ਮਿੱਤ੍ਰ।

ਇਕਸ-ਇਕੋ ਹੀ।

ਥਨੰਤਰ-ਥਾਵਾਂ ਦੇ ਅੰਦਰ, ਥਾਵਾਂ ਦੇ ਅੰਤਰ ਗਤਿ। ਥਾਨ ਥਨੰਤਰ ਤੋਂ ਭਾਵ ਹੈ 'ਸਾਰੇ ਹੀ' ਹੈ।

---

[੧] ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (ਵਾਰ ਆਸਾ ਮ: ੧-੩)

(ਸਿਰੀ ਰਾਗੁ ਮਹਲਾ ੫, ਚਉਪਦਾ-੮੦)

ਪ੍ਰਾਕ੍ਥਨ–ਪਿਛਲੇ ਸ਼ਬਦ ਦੇ ਅਖ਼ੀਰਲੇ ਅੰਕ ਵਿਚ ਗੁਰੂ ਤੇ ਪਰਮੇਸ਼ੁਰ ਤੇ ਨਾਮ ਦਾ ਜ਼ਿਕਰ ਸੀ, ਉਹੀ ਪ੍ਰਕਰਣ ਜਾਰੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥ ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥ ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥	(ਹਾਂ) ਉਹੀ (ਪੁਰਖ) ਪੂਰੇ ਤੇ ਸ੍ਰੇਸ਼ਟ ਹੋਏ ਹਨ ਜਿਨ੍ਹਾਂ ਨੇ ਸਤਿਗੁਰੂ ਨਾਲ ਮਨ ਲਾਇਆ ਹੈ। (ਪੂਰਨਤਾ ਤੇ ਸ੍ਰੇਸ਼ਟਤਾ ਦਾ ਦਾਤਾ ਗਿਆਨ ਹੈ ਸੋ) ਗਿਆਨ ਉਨ੍ਹਾਂ ਦੇ ਮਨ ਵਿਚ ਪੈਦਾ ਹੁੰਦਾ ਹੈ ਜਿਨ੍ਹਾਂ ਉਤੇ (ਪ੍ਰਭੂ) ਆਪ ਦਇਆਲ ਹੁੰਦਾ ਹੈ। (ਗਿਆਨ ਦਾ ਜਨਕ ਹਰੀ ਨਾਮ ਹੈ ਸੋ) ਹਰੀ ਨਾਮ ਉਨ੍ਹਾਂ (ਦੇ ਅੰਦਰ) ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦੇ ਮੱਥੇ ਤੇ ਪੂਰਬਲਾ (ਲੇਖ) ਲਿਖਿਆ ਹੈ॥੧॥
ਮਨ ਮੇਰੇ ਏਕੋ ਨਾਮੁ ਧਿਆਇ ॥ ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ॥੧॥ਰਹਾਉ ॥	(ਇਸ ਲਈ) ਹੇ ਮੇਰੇ ਮਨ! ਇਕੋ (ਦੇ) ਨਾਮ ਦੀ ਅਰਾਧਨਾ ਕਰ। (ਇਸ ਨਾਲ) ਸਾਰੇ (ਸੰਸਾਰਕ) ਸੁੱਖਾਂ ਦਾ (ਸਿਰ) ਸੁੱਖ (ਤੇਰੇ ਅੰਦਰ) ਪੈਦਾ ਹੋ ਜਾਏਗਾ (ਤੇ ਤੂੰ ਪ੍ਰਭੂ ਦੀ) ਦਰਗਾਹ ਵਿਚ ਪੈਧਾ ਹੋਇਆ ਜਾਏਂਗਾ[1]॥੧॥ ਰਹਾਉ॥
ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥ ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥ ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥੨॥	(ਕਿਉਂਕਿ ਉਸ ਪੁਰਖ ਦਾ) ਜਨਮ ਮਰਨ ਦਾ ਡਰ ਦੂਰ ਹੋ ਜਾਂਦਾ ਹੈ ਜੋ (ਗੋਪਾਲ=) ਪ੍ਰਭੂ ਦੀ ਪ੍ਰੇਮਾ ਭਗਤੀ ਕਰਦਾ ਹੈ। (ਹਾਂ ਜੋ) ਸਾਧੂ ਦੀ ਸੰਗਤਿ ਕਰਕੇ (ਪਾਪ ਤੇ ਹਉਂ ਦੀ) ਮੈਲ ਤੋਂ ਰਹਿਤ ਹੋ ਜਾਂਦਾ ਹੈ ਉਸਦੀ ਪ੍ਰਤਿਪਾਲਾ (ਪ੍ਰਭੂ) ਆਪ ਕਰਦਾ ਹੈ। (ਕਿਉਂਕਿ ਉਸਦੀ ਉਹ) ਮੈਲ ਕਟੀ ਗਈ ਹੈ ਜੋ ਜਨਮ ਮਰਨ ਦੀ (ਦਾਤੀ ਹੁੰਦੀ) ਹੈ, ਉਹ ਗੁਰੂ ਦਾ ਦਰਸ਼ਨ ਦੇਖ ਦੇਖ ਨਿਹਾਲ (ਕ੍ਰਿਤਾਰਥ) ਹੋ ਚੁਕਾ ਹੈ॥੨॥
ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥ ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥ ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥੩॥	(ਪ੍ਰਸ਼ਨ: ਆਪ ਪ੍ਰਤਿਪਾਲਾ ਕਰਨੇ ਵਾਲਾ ਕੌਣ ਹੈ? ਉੱਤਰ:) ਥਾਵਾਂ ਤੇ ਥਾਵਾਂ ਦੇ ਅੰਤਰਗਤਿ (ਸਾਰੇ) ਉਹ ਪਾਰਬ੍ਰਹਮ ਪ੍ਰਭੂ ਵਿਆਪਕ ਹੋ ਰਿਹਾ ਹੈ। ਸਭਨਾਂ (ਜੀਆਂ ਦਾ) ਦਾਤਾ ਉਹੀ ਹੈ (ਹੋਰ) ਦੂਜਾ (ਐਸਾ ਦਾਤਾ) ਕੋਈ ਨਹੀਂ ਹੈ। (ਹੇ ਮਨ!) ਉਸ ਦੀ ਸ਼ਰਣ ਪਿਆਂ (ਸਾਰੇ ਬੰਧਨਾਂ ਤੋਂ) ਛੁੱਟ ਜਾਈਦਾ ਹੈ, (ਐਸਾ ਸ਼ਰਣ ਪ੍ਰਾਪਤ ਪੁਰਖ) ਜੋ ਕਰਨਾ ਚਾਹੇਗਾ ਸੋ ਹੋ ਜਾਏਗਾ (ਭਾਵ ਉਸਦੇ ਸੰਕਲਪ ਸਤਜ ਹੋਣਗੇ)॥੩॥

[1] ਅਰਥਾਤ ਨੰਗਾ ਨਹੀਂ ਜਾਏਂਗਾ ਜੈਸਾ ਕਿ ਪਾਪੀ ਜਾਂਦਾ ਹੈ:–

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥ (ਵਾਰ ਆਸਾ ਮ: ੧-੧੪)

ਤੂੰ ਆਤਮਕ ਸੁੰਦਰ ਲਿਬਾਸ ਵਿਚ ਪਹਨਿਆ ਹੋਇਆ ਜਾਏਂਗਾ।

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥ ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ ॥੪॥੧੦॥੮੦॥	ਜਿਨ੍ਹਾਂ ਦੇ ਮਨ ਵਿਚ ਪਾਰਬ੍ਰਹਮ ਵੱਸ ਗਿਆ ਹੈ ਉਹੀ ਪੂਰੇ ਹਨ, (ਉਹੀ) ਸ੍ਰੇਸ਼ਟ ਹਨ। ਉਨ੍ਹਾਂ ਦੀ ਸ਼ੋਭਾ ਨਿਰਮਲ (ਸ਼ੋਭਾ ਹੁੰਦੀ ਹੈ ਜੋ) ਸੰਸਾਰ ਵਿਚ ਪ੍ਰਗਟ ਹੋ ਜਾਂਦੀ ਹੈ। (ਸੋ ਸਮਝ ਲਓ ਕਿ) ਜਿਨ੍ਹਾਂ ਨੇ ਮੇਰਾ ਪ੍ਰਭੂ ਅਰਾਧਿਆ ਹੈ, ਹੇ ਨਾਨਕ! (ਮੈਂ) ਉਨ੍ਹਾਂ ਤੋਂ ਸਦਕੇ ਹਾਂ॥ ੪ ॥ ੧੦ ॥ ੮੦ ॥

ਵਯਾਖਯਾ-ਪਿਛਲੇ ਸ਼ਬਦ ਦੇ ਅਖੀਰ ਅੰਕ ਵਿਚ 'ਪੂਰੇ' ਹੋਣ ਦਾ ਜ਼ਿਕਰ ਸੀ ਕਿ ਸਾਈਂ ਨੂੰ ਜਪਕੇ ਗੁਰੂ ਪ੍ਰਾਪਤ ਪੁਰਖ 'ਪੂਰਾ' ਹੋ ਗਿਆ ਹੈ, ਮੁਕੰਮਲ ਯਾ ਕਾਮਲ ਹੋ ਗਿਆ ਹੈ। ਉਹੋ ਪ੍ਰਕਰਣ ਜਾਰੀ ਹੈ। ਸੋ ਇਸ ਸ਼ਬਦ ਦੀ ਪਹਿਲੀ ਤੁਕ ਵਿਚ ਹੀ ਪੂਰੇ ਪੁਰਖ ਦਾ ਜ਼ਿਕਰ ਕਰਦੇ ਹਨ। ਉਸੀ ਨੂੰ ਫੇਰ ਸ੍ਰੇਸ਼ਟ ਕਹਿੰਦੇ ਹਨ। ਸਰਸਰੀ ਨਜ਼ਰੇ ਜਾਪਦਾ ਹੈ ਕਿ 'ਪੂਰੇ' ਪਦ 'ਪਰਧਾਨ' ਪਦ ਦਾ ਵਿਸ਼ੇਸ਼ਣ ਹੈ, ਪਰ ਇਥੇ ਪੂਰੇ ਦਾ ਇਸ਼ਾਰਾ ਪਿਛਲੇ ਸ਼ਬਦ ਦੇ ਅਖੀਰ ਵਿਚ ਕਹੇ ਪੂਰੇ ਪੁਰਖ ਵਲ ਹੈ, ਉਸੇ ਨੂੰ ਸ੍ਰੇਸ਼ਟ ਕਹਿ ਰਹੇ ਹਨ। 'ਪੂਰਾ' ਉਹ ਅਪਣੇ ਆਪ ਵਿਚ ਹੈ, ਕਸਰਾਂ ਕਮੀਆਂ ਤੋਂ ਉੱਚਾ ਹੋ ਗਿਆ ਹੈ, 'ਸ੍ਰੇਸ਼ਟ' ਉਹ ਦੀਨ ਦੁਨੀਆਂ ਵਿਚ ਮੰਨਿਆ ਜਾਂਦਾ ਹੈ।

ਫਿਰ ਦੇਖੋ ਇਥੇ ਸਤਿਗੁਰ ਨਾਲ ਚਿਤ ਲਾਉਂਦੇ ਨੂੰ ਹੀ ਪੂਰਾ ਤੇ ਪਰਧਾਨ ਕਹਿ ਦਿੱਤਾ ਹੈ। ਉਸ ਵਿਚ ਕਟਾਖਯ ਇਹ ਹੈ ਕਿ ਉਸ ਨੂੰ ਪੂਰੇ ਗੁਰੂ ਤੋਂ ਨਾਮ ਮਿਲ ਜਾਣਾ ਹੈ, ਨਾਮ ਨੇ ਗਿਆਨ ਵਿਚ ਲੈ ਜਾਣਾ ਹੈ, ਗਿਆਨ ਨੇ ਪੂਰਨ ਕਰ ਦੇਣਾ ਹੈ। ਇਸੇ ਕਰਕੇ ਰਹਾਉ ਤੋਂ ਪੂਰੇ ਤੇ ਪਰਧਾਨ ਹੋਣ ਦਾ ਪ੍ਰਕਾਰ ਖੋਹਲਦੇ ਹਨ। ਪਹਿਲਾਂ ਨਾਮ ਦੀ ਤਾਕੀਦ ਕਰਦੇ ਹਨ। ਇਸ ਨਾਮ ਤੋਂ ਸਭ ਤੋਂ ਵਡਾ ਸੁਖ-ਆਤਮ ਸੁਖ ਉਪਜੇਗਾ। ਜਿਸ ਨਾਲ ਜੀਉਂਦਿਆਂ ਸੁਖੀ ਤੇ ਮਰਕੇ ਦਰਗਾਹ ਵਿਚ ਪੈਧਾ ਜਾਏਗਾ। ਨਾਮ ਦੀ ਪਾਲਣਾ ਵਾਸਤੇ ਅਤੇ ਨਿਰਵਿਘਨਤਾ ਨਾਲ ਸਿਰੇ ਚੜ੍ਹਨ ਵਾਸਤੇ ਸਾਧੂ ਦੀ ਸੰਗਤ ਦੱਸਦੇ ਹਨ। ਅਖੀਰ ਵਿਚ ਜਾਕੇ (ਅੰਕ ੪) ਫੇਰ ਪਦ 'ਪੂਰੇ' ਤੇ 'ਪਰਧਾਨ' ਆਖਦੇ ਹਨ। ਉਹਨਾਂ ਪੂਰਿਆਂ ਤੇ ਪਰਧਾਨਾਂ ਦੇ ਮਨਾਂ ਵਿਚ ਪਾਰਬ੍ਰਹਮ ਦਾ ਨਿਵਾਸ ਹੁੰਦਾ ਹੈ, ਜਗਤ ਵਿਚ ਜੋ ਸ਼ੋਭਾ ਹੁੰਦੀ ਹੈ, ਉਹ ਸ੍ਵੱਛ ਹੁੰਦੀ ਹੈ ਕਿ ਉਹ ਸ਼ੋਭਾ ਸੱਚ ਮੁਚ ਦੀ ਹੁੰਦੀ ਹੈ, ਉਸ ਵਿਚ ਕੁਸ਼ਾਮਤ ਬਨਾਵਟ ਡਰ ਲਿਹਾਜ਼ ਦੀ ਕੋਈ ਅੰਸ਼ ਨਹੀਂ ਹੁੰਦੀ।

ਨਿਰੁਕਤ-ਪੈਧਾ-ਪਹਿਨਿਆ ਹੋਇਆ। ਨੰਗੇ ਦੇ ਉਲਟ ਪੈਧਾ ਹੈ। ਪੈਧਾ ਦਾ ਭਾਵ ਸਤਿਕਾਰਿਆ ਹੋਇਆ ਬੀ ਲੈਂਦੇ ਹਨ। ਪਰ ਆਤਮ ਮੰਡਲਾਂ ਦੀ ਖੇਡ ਪੈਧੇ ਜਾਣਾ ਆਤਮ ਰੰਗਾਂ ਵਿਚ ਰੰਗੇ ਹੋਏ ਜਾਣਾ ਹੈ ਇਸੇ ਕਰਕੇ ਪਾਪੀ ਨੂੰ 'ਨੰਗਾ ਦੋਜਕਿ ਚਾਲਿਆ' ਲਿਖਿਆ ਹੈ।

(ਸਿਰੀ ਰਾਗੁ ਮਹਲਾ ੫, ਚਉਪਦਾ-੮੧)

ਪ੍ਰਾਕ੍ਥਨ-ਭਗਤ ਜਨਾਂ ਦੀ ਕਰਨੀ ਤੇ ਲੱਛਣ ਦੱਸੇ ਹਨ। ਕਰਨੀ-ਨਾਮ, ਦਾਨ, ਇਸ਼ਨਾਨ। ਪ੍ਰਾਪਤੀ-ਲਿਵ, ਜੋਤ ਪ੍ਰਕਾਸ਼। ਲੱਛਣ-ਕਾਮ ਕ੍ਰੋਧ ਦਾ ਨਾਸ਼, ਸੁਖ ਵਿਚ ਨਿਵਾਸ।

ਮੂਲ

ਸਿਰੀ ਰਾਗੁ ਮਹਲਾ ੫ ॥

ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥ ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥ ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥

ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥ ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥ ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥

ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ

ਅਰਥ

(ਅਰਥ ਰਹਾਉ ਤੋਂ)

ਹੇ ਮੇਰੇ ਮਨ! ਪੂਰੇ ਗੁਰੂ ਦੀ ਸੇਵਾ ਕਰਕੇ (ਕਦੇ) ਕੋਈ (ਲਾਹੇ ਤੋਂ) ਖਾਲੀ ਨਹੀਂ ਜਾਂਦਾ, (ਸੋ ਗੁਰੂ ਦੀ ਸੇਵਾ ਕਰ ਕਿਉਂਕਿ) ਗੁਰੂ ਦੇ ਉਪਦੇਸ਼ ਨਾਲ ਹੀ ਸੁਖ (ਪ੍ਰਾਪਤ) ਹੁੰਦਾ ਹੈ॥੧॥ਰਹਾਉ॥ (ਪ੍ਰਸ਼ਨ: ਗੁਰੂ ਸੇਵਾ ਨਾਲ ਕਿਹੜਾ ਸੁਖ ਪ੍ਰਾਪਤ ਹੁੰਦਾ ਹੈ? ਉੱਤਮ ਪੁਰਖ ਦੁਆਰਾ ਉੱਤਰ ਦੇਂਦੇ ਹਨ:) ਸਤਿਗੁਰੂ ਨੂੰ ਮਿਲਕੇ ਸਭ (ਪ੍ਰਕਾਰ ਦਾ) ਦੁਖ ਦੂਰ ਹੋ ਗਿਆ ਹੈ ਤੇ (ਸਰਬ ਸੁਖਾਂ ਦੇ ਸਿਰ ਸੁਖ) ਹਰੀ (ਪ੍ਰਾਪਤੀ) ਦਾ ਸੁਖ ਮਨ ਵਿਚ ਆ ਵੱਸਿਆ ਹੈ। ਪਹਿਲੋਂ ਇੱਕੋ (ਉਸ ਪ੍ਰਭੂ) ਨਾਲ ਲਿਵ ਲਾਈ ਸੀ ਤਾਂ ਅੰਦਰ ਜੋਤ (ਨਿਜ ਸਰੂਪ) ਦਾ ਪ੍ਰਕਾਸ਼ ਹੋ ਗਿਆ ਸੀ; (ਐਉਂ) ਸਾਧੂ ਨੂੰ ਮਿਲ ਕੇ ਮੂੰਹ ਉਜਲਾ ਹੋ ਗਿਆ, (ਉਵ) ਪਾਇਆ ਪੂਰਬ ਲਿਖਿਆ ਹੀ ਸੀ[1]। (ਪ੍ਰਸ਼ਨ: ਹੁਣ ਨਿਤ ਕ੍ਰਿਯਾ ਤੇ ਕਰਨੇ ਯੋਗ ਕੰਮ ਕੀ ਬਾਕੀ ਹੈ? ਜਦ ਕਿ ਜੋਤ ਪ੍ਰਕਾਸ਼ ਹੋ ਗਈ ਹੈ ਤੇ ਹਲਤ ਪਲਤ ਮੂੰਹ ਉੱਜਲਾ ਹੋ ਗਿਆ ਹੈ? ਉੱਤਰ:) ਗੋਬਿੰਦ ਦੇ ਗੁਣ ਸਦਾ ਗਾਉਣੇ ਨਾਲ ਤੇ ਸਚੇ ਨਾਮ (ਦੇ ਸਿਮਰਨ) ਨਾਲ (ਅਪਣੇ ਆਪ ਵਿਚ) ਨਿਰਮਲ (ਰਹਿਣਾ। ਭਾਵ ਨਾਮ ਤੇ ਹਰੀ ਕੀਰਤ ਨਾਲ ਮਨ ਨੂੰ ਰਾਮ ਰਸ ਵਿਚ ਰੱਖਣਾਂ, ਹੁਣ ਇਹ ਕੰਮ ਹੈ। ਕੀਹ ਜੋਤ ਪ੍ਰਕਾਸ਼ ਕਾਫੀ ਨਹੀਂ? ਉੱਤਰ: ਜੀਵਨ ਮੁਕਤੀ ਦੇ ਰਸ ਨੂੰ ਮਾਣਨਾ ਜੋਤ ਪ੍ਰਕਾਸ਼ ਦੀ ਸਫਲਤਾ ਤੇ ਅਸਲ ਪ੍ਰਾਪਤੀ ਹੈ)॥੧॥ (ਪ੍ਰਸ਼ਨ: ਨਾਮ ਪਾਕੇ ਹਰਿ ਸੁਖ ਤਾਂ ਪ੍ਰਾਪਤ ਹੋ ਗਿਆ ਅਪਣੀਆਂ ਸੰਸਾਰਕ ਲੋੜਾਂ ਦਾ ਕੀਹ ਬਣਿਆ? ਉੱਤਰ:)

(ਜਦ ਦਾ) ਨਾਮ (ਰੂਪੀ) ਖ਼ਜ਼ਾਨਾ ਪ੍ਰਾਪਤ ਹੋਇਆ ਹੈ ਮਨ ਦੀਆਂ ਇਛਿਆਂ (ਸਭ) ਪੂਰੀਆਂ ਹੋ ਗਈਆਂ ਹਨ। (ਉਸ ਨੂੰ ਅਸਾਂ ਅਪਣੇ) ਅੰਦਰ ਬੈਠਾ, ਸਦਾ ਨਾਲ ਰਹਿਣੇ ਵਾਲਾ (ਤੇ ਜੋ ਕੁਛ ਸਾਨੂੰ ਆ ਵਾਪਰੇ ਉਸ ਦਾ) ਕਰਣੇਹਾਰ ਪਛਾਣ ਲਿਆ ਹੈ। ਗੁਰੂ ਦੀ ਕ੍ਰਿਪਾ ਨਾਲ (ਉਸ ਦਾ) ਨਾਮ ਜਪ ਜਪ ਕੇ ਦਾਨ ਦੇ ਦੇਕੇ ਤੇ ਇਸ਼ਨਾਨ ਕਰ ਕਰਕੇ (ਦਰਗਾਹੇ) ਮੂੰਹ ਉੱਜਲਾ ਹੋ ਗਿਆ ਹੈ। ਕਾਮ ਕ੍ਰੋਧ ਤੇ ਲੋਭ ਦੂਰ ਹੋ ਗਿਆ ਹੈ ਤੇ (ਇਸ ਤਯਾਗ ਦਾ ਬੀ) ਸਾਰਾ ਅਹੰਕਾਰ ਛਡ ਦਿੱਤਾ ਗਿਆ ਹੈ॥੨॥

(ਐਸੇ ਕਰਨੇ ਨਾਲ ਇਕ ਤਾਂ) ਨਾਮ ਦਾ (ਪਰਮਾਰਥਿਕ) ਲਾਹਾ ਮਿਲ ਗਿਆ ਹੈ (ਦੂਸਰੇ ਸੰਸਾਰਕ ਸਰਬ) ਕਾਮਨਾ ਪੂਰਨ ਹੋ ਗਈਆਂ ਹਨ। (ਇਹ ਪ੍ਰਾਪਤੀ ਸਾਡੇ ਅਪਣੇ ਕੀਤੇ

[1]ਯਥਾ:-ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥ (ਸੂਹੀ ਮ: ੫, ਅਸਟ:-੪)

ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥ ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ॥ ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥

ਦਾ ਫਲ ਨਹੀਂ) ਪ੍ਰਭੂ ਨੇ (ਆਪ) ਕਿਰਪਾ ਕਰਕੇ (ਸਾਨੂੰ ਗੁਰੂ) ਮੇਲਿਆ, (ਤੇ ਫੇਰ ਉਸ ਗੁਰੂ ਦੁਆਰਾ ਸਾਨੂੰ) ਆਪਣਾ ਨਾਮ ਦਿੱਤਾ। (ਹਾਂ ਉਹ) ਆਪ ਹੀ ਮਿਹਰਵਾਨ ਹੋਇਆ (ਤਾਂ ਗੁਰੂ ਬਖਸ਼ੇ ਨਾਮ ਦੀ ਘਾਲ ਸਿਰੇ ਚੜ੍ਹੀ ਤੇ ਸਾਡਾ) ਜਨਮ ਮਰਨ ਮਿਟ ਗਇਆ। (ਇਸ ਤਰ੍ਹਾਂ ਅਸਾਂ ਸੱਚਾ) ਘਰ (=ਆਤਮ ਸਰੂਪ ਦੀ ਲੱਖਤਾ ਤੇ ਉਸਦੇ ਨਾਲ) ਸੱਚਾ ਮਹਲ (ਪ੍ਰਮਾਤਮ ਸਰੂਪ ਦੀ ਲੱਖਤਾ) ਪ੍ਰਾਪਤ ਕੀਤੀ, (ਇਹ ਪ੍ਰਾਪਤੀ ਤਾਂ ਹੋਈ ਜਦ) ਗੁਰੂ ਕੇ ਸ਼ਬਦ ਨੂੰ ਪਛਾਣ ਲਿਆ। (ਭਾਵ ਗੁਰੂ ਉਪਦੇਸ਼ ਦੁਆਰਾ ਨਾਮ ਅਭਜਾਸ ਕਰਕੇ ਆਤਮ ਪਰਮਾਤਮ ਦੀ ਲੱਖਤਾ ਪ੍ਰਾਪਤ ਹੋ ਗਈ)॥੩॥

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੮੧॥

(ਐਸੇ ਪੁਰਖਾਂ ਨੂੰ ਭਗਤ ਆਖੀਦਾ ਹੈ, ਤੇ ਇਹ ਉਸਦਾ ਬਿਰਦ ਹੈ ਕਿ) ਭਗਤ ਪੁਰਖਾਂ ਨੂੰ (ਉਹ) ਆਪਣੀ ਕਿਰਪਾ ਕਰਕੇ (ਸਾਰੇ ਦੁੱਖਾਂ ਤੋਂ) ਰਖਜਾ ਕਰਦਾ ਹੈ। (ਅਗੋਂ ਭਗਤ ਕੀ ਕਰਦੇ ਹਨ? ਉੱਤਰ:) (ਓਹ) ਸੱਚੇ ਦੇ ਗੁਣ ਸੰਭਾਲਦੇ ਰਹਿੰਦੇ ਹਨ (ਇਸ ਕਰਕੇ ਉਨ੍ਹਾਂ ਦੇ) ਮੂੰਹ ਲੋਕ ਪ੍ਰਲੋਕ ਵਿਚ ਉਜਲੇ ਰਹਿੰਦੇ ਹਨ। (ਓਹ ਨਿਰੇ ਜ਼ਬਾਨੀ ਜ਼ਬਾਨੀ ਹਰੀ ਦੇ ਗੁਣ ਨਹੀਂ ਗਾਉਂਦੇ ਰਹਿੰਦੇ ਉਹ ਤਾਂ) ਅਪਾਰ ਪ੍ਰੇਮ ਵਿਚ ਰੰਗੇ ਹੋਏ ਅੱਠੇ ਪਹਿਰ (ਹਰੀ ਦੇ) ਗੁਣ ਸਿਮਰਦੇ ਰਹਿੰਦੇ ਹਨ। ਹੇ ਨਾਨਕ! ਪਾਰਬ੍ਰਹਮ ਸੁਖਾਂ ਦਾ ਸਾਗਰ ਹੈ (ਤੇ ਭਗਤ ਹੰਸਾਂ ਵਾਂਙੂ ਉਸ ਤੋਂ) ਸਦਾ ਬਲਿਹਾਰ ਹੁੰਦੇ ਰਹਿੰਦੇ ਹਨ। (ਭਾਵ ਉਹ ਭਗਤਾਂ ਨੂੰ ਸੁਖ ਰਸ ਆਨੰਦ ਦੇਂਦਾ ਰਹਿੰਦਾ ਹੈ, ਤੇ ਓਹ ਸਦਾ ਓਸ ਤੋਂ ਬਲਿਹਾਰ ਹੁੰਦੇ ਰਹਿੰਦੇ ਹਨ)॥ ੪ ॥ ੧੧ ॥ ੮੧ ॥

ਵਜਾਖਜਾ—ਭਗਤ ਜਨਾਂ ਬਾਬਤ ਇਸ ਸ਼ਬਦ ਵਿਚ ਵੀਚਾਰ ਹੈ। ਭਗਤ ਪਹਿਲੇ ਸਤਿਗੁਰੂ ਨੂੰ ਮਿਲਦਾ ਹੈ, ਉਸ ਤੋਂ ਨਾਮ ਦਾਨ ਇਸ਼ਨਾਨ ਦੀ ਦਾਤ ਲੈਂਦਾ ਹੈ। ਨਾਮ ਵਾਹਿਗੁਰੂ ਦਾ ਸਿਮਰਨ ਕਰਨੇ ਲਈ, ਦਾਨ ਅਪਣੇ ਸੁਭਾਵ ਨੂੰ ਆਤਮਿਕ ਰੰਗ ਦੇਣ ਲਈ। ਆਤਮਾ ਦਾ ਸੁਭਾਵ 'ਦਾਨ' ਹੁੰਦਾ ਹੈ। ਨਾਮੀ ਪੁਰਖ ਅੰਤਰ ਆਤਮੇ ਬੀ ਦਾਤਾ ਪਦ ਵਿਚ ਅੱਪੜਦਾ ਹੈ। ਨਾਲ ਹੀ ਇਸ਼ਨਾਨ ਧਾਰਨ ਕਰਦਾ ਹੈ। ਸਰੀਰ ਦੇ ਇਸ਼ਨਾਨ ਤੋਂ ਲੈਕੇ ਮਨ ਤੇ ਬੁੱਧੀ ਦੀ ਸ੍ਵੱਛਤਾ ਪ੍ਰਾਪਤ ਕਰਨੀ ਇਸ਼ਨਾਨ ਕਰਨਾ ਹੈ। ਇਸ ਤਰ੍ਹਾਂ ਭਗਤ ਜਨ ਦੇ ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ, ਦੂਰ ਹੋ ਜਾਂਦੇ ਹਨ। ਉਹ ਗੁਣ ਗਾਉਂਦਾ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥　　(ਗਉੜੀ ਮ: ੫ ਸੁਖਮਨੀ, ੧੯-੭)

ਗੁਰ ਵਾਕ ਹੈ। ਉਹ ਸਿਮਰਨ ਕਰਦਾ ਹੈ, ਉਹ ਬਾਹਰਲੀ ਅੰਦਰਲੀ ਸੂਖਮ ਮੈਲ ਨੂੰ ਕੱਟਦਾ ਹੈ। ਇਉਂ ਭਗਤ ਨਿਰਮਲ ਹੋ ਜਾਂਦਾ ਹੈ। ਤੇ ਅੰਦਰੋਂ ਬਾਹਰੋਂ ਨਿਰਮਲ ਹਲਤ ਪਲਤ ਉੱਜਲੇ ਮੁਖ ਹੁੰਦਾ ਹੈ। ਸੋ 'ਨਾਮ' ਤੇ 'ਗੁਣ ਗਾਇਨ' (ਬਾਣੀ) ਦੇ ਅਭਜਾਸ ਨਾਲ ਨਿਸ਼ਪਾਪ ਤੇ ਉੱਜਲੇ ਮਨ ਵਾਲਾ ਹੋਕੇ ਉਸ ਦੀ ਫਿਰ ਲਿਵ ਲਗਦੀ ਹੈ। ਲਿਵ ਦੇ ਪ੍ਰਤਾਪ ਉਸ ਦਾ 'ਆਪਾ' ਦੇਹ ਮਨ ਤੋਂ ਅਲੱਗ ਭਾਸਣ ਲਗ ਜਾਂਦਾ ਹੈ, ਜਿਵੇਂ ਰਿੜਕਣ ਨਾਲ[1] ਦੁੱਧ ਵਿਚੋਂ ਮੱਖਣ ਨਿਤਰ ਆਉਂਦਾ ਹੈ।

---

[1] ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥　(ਆਸਾ ਕਬੀਰ-੧੦)

ਹੁਣ ਉਸ ਨੂੰ ਆਪਾ ਦੇਹ ਤੋਂ ਅਲੱਗ ਭਾਸਦਾ ਹੈ ਤੇ ਵਾਹਿਗੁਰੂ ਅੰਗ ਸੰਗ ਭਾਸਦਾ ਹੈ:-

ਅੰਤਰਿ ਜੋਤਿ ਪ੍ਰਗਾਸੀਆ ਏਕਸ ਸਿਉ ਲਿਵ ਲਾਇ॥ (ਸਿਰੀ:ਮ:੫-੮੧)

ਇਸ ਤੋਂ ਅਗੇ ਹੁਣ ਉਸ ਨੂੰ ਪਰਮਾਤਮ ਦੇਵ ਦੀ ਲੱਖਤਾ ਪ੍ਰਾਪਤ ਹੁੰਦੀ ਹੈ ਕਿ ਉਸ ਨੂੰ ਅਪਣੇ ਘਰ (=ਸਰੂਪ) ਵਿਚ ਸੱਚੇ ਵਾਹਿਗੁਰੂ ਦੇ ਮਹਲ (=ਸਰੂਪ) ਦੀ ਪਛਾਣ ਹੋ ਆਉਂਦੀ ਹੈ। ਇਹ ਪ੍ਰਾਪਤੀ ਹੋਕੇ, ਓਹ ਅਕ੍ਰੈ ਹੋਕੇ ਯਾ ਫੇਰ ਸਾਧਾਰਣ ਸੰਕਲਪ ਵਿਕਲਪੀ ਜੀਵਨ ਵਿਚ ਨਹੀਂ ਹੋ ਜਾਂਦਾ, ਓਹ ਸੱਚੇ ਦੇ ਪ੍ਰੇਮ ਵਿਚ ਰੱਤਾ ਉਸ ਦੇ ਗੁਣ ਗਾਉਂਦਾ 'ਹਰਿ-ਸੁਖ' ਮਾਣਦਾ ਹੈ। ਉਸ ਦਾ ਫੇਰ ਸਾਈਂ ਨਾਲ ਇਸ ਤਰ੍ਹਾਂ ਦਾ ਵਾਹ ਪੈ ਜਾਂਦਾ ਹੈ ਕਿ ਭਗਤ ਤਾਂ ਓਸ ਤੋਂ ਪਜਾਰ ਨਾਲ ਵਾਰਨੇ ਹੁੰਦਾ ਰਹਿੰਦਾ ਹੈ ਤੇ ਓਹ ਸੁਖ ਸਾਗਰ ਸਦਾ ਸੁਖ ਦੇਂਦਾ ਰਹਿੰਦਾ ਹੈ ਤੇ ਹਰ ਸਮੇਂ ਹਰ ਬਾਬ ਅਪਣੀ ਕ੍ਰਿਪਾ ਦੁਆਰਾ ਉਸ ਦੀ ਰਖਜ਼ਾ ਕਰਦਾ ਰਹਿੰਦਾ ਹੈ। ਜਿਵੇਂ ਮਾਤਾ ਪਿਤਾ ਪੁਤ੍ਰ ਦੀ ਕਰਦੇ ਹਨ।

ਨਿਰੁਕ੍ਤ-ਜੋਤਿ-(ਸੰਸ:, ਜਯੋਤਿ) ਪ੍ਰਕਾਸ਼, ਚਾਨਣ। (੨) ਆਤਮ ਪ੍ਰਕਾਸ਼। (੩) ਆਤਮਾ।

ਅੰਤਰਜਾਮੀ-(ਸੰਸ:, ਅੰਤਰ੍ ਯਾਮਿਨ੍) ਅੰਦਰ ਬੈਠਾ ਹੋਇਆ, ਪ੍ਰੇਰਕ। ਅੰਦਰ ਦੀਆਂ ਜਾਣਨ ਵਾਲਾ। ਦੇਖੋ ਸਫਾ ੨੧੭।

ਹਲਤਿ ਪਲਤਿ-ਲੋਕ ਪ੍ਰਲੋਕ। ਸਾਰਦੇ-ਸੰਭਾਲਦੇ ਸਿਮਰਦੇ।

(ਸਿਰੀ ਰਾਗੁ ਮਹਲਾ ੫, ਚਉਪਦਾ-੮੨)

ਪ੍ਰਾਕ੍ਕਥਨ-ਨਾਮ 'ਸਹਿਜ ਧਿਆਨ' ਵਿਚ ਲੈ ਜਾਂਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥ ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥	ਜੇ ਪੂਰਾ ਸਤਿਗੁਰੂ ਮਿਲ ਪਵੇ (ਤਾਂ ਉਸ ਤੋਂ) ਸ਼ਬਦ (ਰੂਪੀ) ਖਜ਼ਾਨਾ ਪ੍ਰਾਪਤ ਹੁੰਦਾ ਹੈ। (ਭਾਵ ਨਾਮ, ਜੋ ਸਭ ਖ਼ਜ਼ਾਨਿਆਂ ਦਾ ਖ਼ਜ਼ਾਨਾ ਹੈ ਲੱਝ ਜਾਂਦਾ ਹੈ, ਪਰ ਹੁਣ ਜੇ) ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਉਹ (ਗੁਰੂ ਦਾ ਦਿੱਤਾ) ਅਮਰ ਕਰਨੇ ਵਾਲਾ ਨਾਮ ਜਪੀਦਾ ਹੈ। (ਇਸੇ ਨਾਮ ਦੇ ਜਪਣ ਨਾਲ) ਸਹਜ ਵਿਚ ਧਿਆਨ ਲਗ ਜਾਂਦਾ ਹੈ, (ਇਸ ਧਿਆਨ ਦੇ ਲਗ ਜਾਣ ਨਾਲ) ਜਨਮ ਮਰਨ ਦਾ ਦੁਖ ਕੱਟਿਆ ਜਾਂਦਾ ਹੈ॥੧॥
ਮੇਰੇ ਮਨ ਪ੍ਰਭ ਸਰਣਾਈ ਪਾਇ ॥ ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥	ਹੇ ਮੇਰੇ ਮਨ! ਹਰੀ ਤੋਂ ਬਿਨਾ ਦੂਜਾ (ਹੋਰ) ਕੋਈ ਨਹੀਂ (ਜਿਸ ਦੀ ਸ਼ਰਣ ਲਈ ਜਾਵੇ ਤਾਂ ਤੇ ਉਸੇ) ਪ੍ਰਭੂ ਦੀ ਸ਼ਰਣ ਪ੍ਰਾਪਤ ਕਰ (ਤੇ ਸ਼ਰਣ ਪਾਈਦਾ ਹੈ ਉਸੇ) ਇਕੋ ਦੇ ਨਾਮ ਨੂੰ ਧਿਆਇਕੇ ॥੧॥ ਰਹਾਉ॥
ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥ ਵਡਭਾਗੀ ਮਿਲੁ ਸੰਗਤੀ ਸਚਾ ਸਬਦੁ	ਇਹ ਸਚਾ ਸ਼ਬਦ (ਭਾਵ ਨਾਮ) ਗੁਣਾਂ ਦਾ ਅਥਾਹ ਸਾਗਰ ਹੈ (ਇਸ ਦੀ) ਕੀਮਤ ਨਹੀਂ ਕਹੀ ਜਾ ਸਕਦੀ, (ਇਹ ਸਤਿਸੰਗ ਵਿਚ ਹੁੰਦਾ ਹੈ, ਤੂੰ) ਵਡੇ ਭਾਗਾਂ ਦੁਆਰਾ (ਸਤਿ)-ਸੰਗਤ ਵਿਚ ਮਿਲ ਤੇ ਇਹ ਨਾਮ ਖ਼ਰੀਦ ਲੈ। (ਇਸ ਨਾਮ ਦੁਆਰਾ)

ਵਿਸਾਹੁ ॥ ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥੨॥	ਪਾਤਸ਼ਾਹਾਂ ਦੇ ਸਿਰ ਤੇ (ਬੀ ਜੋ) ਪਾਤਸ਼ਾਹ ਹੈ, ਉਸ ਸੁਖ ਸਾਗਰ ਦੀ ਸੇਵਾ ਕਰ।
ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥ ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥ ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥੩॥	(ਇਹ ਆਖਦੇ ਨਾਮ ਰਸੀਏ ਤੇ ਨਾਮੀ ਦੇ ਰੰਗ ਰੱਤੜੇ ਗੁਰੂ ਜੀ ਅਰਦਾਸ ਵਿਚ ਚਲੇ ਜਾਂਦੇ ਹਨ) ਹੇ ਪਾਰਬ੍ਰਹਮ! (ਮੈਨੂੰ ਤੇਰੇ) ਚਰਣਾਂ ਕਮਲਾਂ ਦਾ (ਹੀ) ਆਸਰਾ ਹੈ (ਹੋਰ) ਦੂਜਾ ਥਾਂ (ਮੇਰਾ ਕੋਈ) ਨਹੀਂ. ਮੈਨੂੰ (ਨਿਰੀ) ਤੇਰੀ (ਹੀ) ਟੇਕ ਹੈ, ਮੈਂ ਤੇਰੇ ਹੀ ਤਾਣ ਦੇ ਆਸਰੇ (ਸਦਾ) ਰਹਿੰਦਾ ਹਾਂ (ਭਾਵ ਤੇਰਾ ਜ਼ੋਰ ਹੀ ਮੇਰੀ ਰਖਯਾ ਕਰਦਾ ਹੈ)। ਹੇ ਪ੍ਰਭੂ ਤੂੰ (ਹੀ) ਮਾਣ-ਹੀਨਾਂ ਦਾ ਮਾਣ ਹੈ, (ਮੇਹਰ ਕਰ ਕਿ ਮੈਂ) ਤੇਰੇ ਨਾਲ (ਸਦਾ ਹੀ) ਮਿਲਿਆ ਰਹਾਂ॥੩॥
ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥ ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥ ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥੪॥੧੨॥੮੨॥	(ਤਾਂ ਤੇ) ਅੱਠੇ ਪਹਿਰ (ਉਸ) ਗੋਬਿੰਦ, (ਉਸ) ਹਰੀ ਦਾ (ਰਸਨਾ ਨਾਲ) ਜਪ ਕਰੀਏ (ਤੇ ਮਨ ਨਾਲ) ਅਰਾਧਨਾ ਕਰੀਏ (ਜਿਸ ਨੇ ਆਪਣੇ ਸਿਮਰਨ ਵਾਲੇ ਭਗਤਾਂ ਦੇ) ਜੀਵ, ਪ੍ਰਾਣ, ਤਨ ਤੇ ਧਨ (ਸਦਾ) ਬਚਾਏ ਹਨ ਤੇ ਕਿਰਪਾ ਕਰਕੇ ਜਿੰਦ ਦੀ ਬੀ ਰਾਖੀ ਕੀਤੀ ਹੈ, (ਹਾਂ) ਉਸ ਪਾਰਬ੍ਰਹਮ ਨੇ (ਆਪਣੇ ਭਗਤਾਂ ਦੇ) ਸਾਰੇ ਦੋਖ (ਸਦਾ) ਦੂਰ ਕੀਤੇ ਹਨ (ਕਿਉਂਕਿ ਉਹ) ਬਖਸ਼ਣਹਾਰ ਪ੍ਰਭੂ ਹੈ। (ਭਾਵ ਐਸਾ ਮਾਲਕ ਹੈ ਜਿਸ ਦਾ ਬਿਰਦ ਬਖਸ਼ਿਸ਼ ਹੈ) ਹੇ ਨਾਨਕ! ॥੪॥੧੨॥੮੨॥

ਵਯਾਖਯਾ-ਸਹਿਜ ਧਿਆਨੀ ਉਹ ਪੁਰਖ ਹੈ ਜਿਸ ਦਾ ਧਿਆਨ ਨਿਰਯਤਨ ਆਪਣੇ ਆਪ ਵਹਿਗੁਰੂ ਦੇ ਵੱਲ ਲੱਗਾ ਰਹੇ। ਜਿਵੇਂ ਮੁਰਦਾ ਤਾਰੀ ਤਰਨ ਵਾਲਾ ਬਿਨਾ ਹੱਥ ਪੈਰ ਹਿਲਾਏ ਤਰਦਾ ਜਾਂਦਾ ਹੈ ਤੇ ਡੁਬਦਾ ਨਹੀਂ। ਪਰ ਇਹ ਸਹਿਜ ਧਿਆਨ ਦੀ ਦਸ਼ਾ ਪਹਿਲੋਂ ਕਿਸੇ ਕੀਤੇ ਯਤਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ ਮੁਰਦਾ ਤਾਰੀ ਤਰਨੇ ਵਾਲਾ ਪਹਿਲਾਂ ਬਾਹੁਲੀਆਂ ਮਾਰਕੇ ਤਰਨਾ ਸਿੱਖਦਾ ਹੈ। ਉਹ ਪਹਿਲਾ ਯਤਨ ਇਹ ਹੈ, ਪੂਰਾ ਗੁਰੂ ਮਿਲੇ, ਉਸ ਤੋਂ ਨਾਮ ਪ੍ਰਾਪਤ ਹੋਵੇ, ਨਾਮ ਦਾ ਅਭਯਾਸ ਐਸਾ ਹੋ ਜਾਏ ਕਿ ਆਪਣੇ ਆਪ ਨੂੰ ਸਦਾ ਵਾਹਿਗੁਰੂ ਦੀ ਸ਼ਰਣ ਪ੍ਰਾਪਤ ਸਮਝੇ। ਨਾਲ ਸਤਿਸੰਗ ਦਾ ਆਸਰਾ ਰੱਖੇ। ਸਤਿਸੰਗ ਕਿਹੜਾ? ਉਸ ਬਾਬਤ ਫੁਰਮਾਇਆ ਹੈ:-

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਸਿਰੀ ਰਾਗੁ ਮ: ੧ ਘਰੁ ੩।

ਸ਼ਰਣ ਪ੍ਰਾਪਤ ਪੁਰਖ ਆਪ ਨੂੰ ਵਾਹਿਗੁਰੂ ਦੇ ਆਸਰੇ ਸਮਝਦਾ ਹੈ, ਉਸ ਦੇ ਤਾਣ ਨੂੰ ਆਪਣਾ ਤਕੀਆ ਜਾਣਦਾ ਹੈ ਤੇ ਸਦਾ ਸਾਈਂ ਨਾਲ ਮਿਲਿਆ ਪ੍ਰਤੀਤ ਕਰਦਾ ਹੈ। ਜੋ ਇੱਕੁਰ ਸਾਈਂ ਆਸਰੇ ਹੋ ਜਾਂਦਾ ਹੈ, ਉਸ ਦੇ ਅਉਗਣ ਕੋਈ ਨਹੀਂ ਰਹਿੰਦੇ, ਸਾਈਂ ਆਪ ਦੂਰ ਕਰਦਾ ਹੈ। ਉਸ ਦੀ ਟੇਕ ਤੇ ਹੋਣ ਕਰਕੇ ਉਹ ਦਿਆਲੂ ਹੋ ਜਾਂਦਾ ਹੈ, ਉਸ ਦੀ ਦਇਆ ਨਿਰਵਿਘਨਤਾ ਦਾਨ ਕਰਦੀ ਹੈ, ਓਹ ਹਰ ਬਾਰ ਹਰ ਤਰ੍ਹਾਂ ਆਪਣਿਆਂ ਦੀ ਰਖਯਾ ਕਰਦਾ ਹੈ।

ਨਿਰੁਕ੍ਤ-ਨਿਧਾਨੁ-ਖਜ਼ਾਨਾ। **ਸਹਜਿ**-ਸਹਿਜ ਵਿਚ। ਸਹਜਿ ਤੋਂ ਗੁਰੂ ਜੀ ਦਾ ਕੀਹ ਭਾਵ ਹੈ, ਇਸ ਲਈ ਦੇਖੋ ਪਿਛੇ ਪੰਨਾ ੨੬੯ ਅਤੇ ਸਿਰੀ ਰਾਗ ਮਹਲਾ ੩ ਅਸਟਪਦੀ ੨੩ਵੀਂ ਦਾ ਅਰਥ ਭਾਵ, ਜਿਸ ਦੀ ਪਹਿਲੀ ਤੁਕ ਹੈ:- 'ਸਹਜੈ ਨੋ ਸਭ ਲੋਚਦੀ', ਜੋ ਅੱਗੇ ਪੋਥੀ ਦੂਜੀ ਦੇ ਪੰਨਾ ੬੧੭ ਪਰ ਆਵੇਗਾ। **ਵਿਸਾਹੁ**-ਖ਼ਰੀਦ। ਵਿਹਾਝ।

(ਸਿਰੀ ਰਾਗੁ ਮਹਲਾ ੫, ਚਉਪਦਾ-੮੩)

ਪ੍ਰਾਕ੍ਥਨ-ਵਾਹਿਗੁਰੂ ਜੀ ਦੇ ਗੁਣ ਗਿਣੇ ਹਨ, ਸਿਫਤ ਸਲਾਹ ਕੀਤੀ ਹੈ ਤੇ ਉਸ ਨਾਲ ਪ੍ਰੀਤ ਕਰਨ ਲਈ ਪ੍ਰੇਰਿਆ ਹੈ, ਮਾਇਆ ਦੀ ਗ਼ਾਫ਼ਲੀ ਵਾਲੀ ਪ੍ਰੀਤਿ ਤੋਂ ਵਰਜਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥ ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥ ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥ ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥	ਪ੍ਰੀਤ ਉਸ ਸਤ੍ਯ ਸਰੂਪ ਨਾਲ ਲਗੀ ਹੈ (ਕਿ ਜੋ) ਨਾ ਮਰਦਾ ਹੈ ਨਾ (ਜਨਮ ਮਰਨ ਵਿਚ) ਆਉਂਦਾ ਜਾਂਦਾ ਹੈ। (ਫਿਰ ਉਹ) ਸਭਨਾਂ ਵਿਚ (ਐਉਂ) ਮਿਲ ਰਿਹਾ ਹੈ ਕਿ (ਕਿਸੇ ਤੋਂ) ਵਿਛੋੜਿਆ ਵਿਛੜਦਾ ਨਹੀਂ। ਆਜਿਜ਼ਾਂ ਦੇ ਦੁਖ ਤੇ ਦਰਦ ਭੰਨ ਘੱਤਦਾ ਹੈ ਤੇ ਸੇਵਕਾਂ ਨੂੰ ਸੱਚੇ ਪ੍ਰੇਮ (ਨਾਲ ਮਿਲਦਾ ਹੈ, ਇਨ੍ਹਾਂ ਗੁਣਾਂ ਦਾ ਗੁਣਵੰਤ ਹੁੰਦਿਆਂ ਉਹ ਫੇਰ) ਮਾਇਆ ਰਹਿਤ (=ਨਿਰੰਜਨ) ਹੈ, (ਇਸ ਕਰਕੇ) ਅਚਰਜ ਹੈ ਉਸਦਾ ਰੂਪ, (ਉਹ ਮੈਨੂੰ) ਗੁਰੂ ਨੇ ਮਿਲਾ ਦਿਤਾ ਹੈ, ਹੇ ਮਾਇ!॥੧॥
ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥ ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥	ਹੇ (ਮੇਰੇ) ਭਾਈ ਜਨੋਂ! (ਤੁਸੀਂ ਬੀ) ਉਹ ਪ੍ਰਭੂ (ਆਪਣਾ) ਮਿੱਤ੍ਰ ਬਨਾਓ। ਮਾਇਆ ਦੇ ਮੋਹ ਵਾਲੀ ਪ੍ਰੀਤ ਦੇ ਧ੍ਰਿਗ ਹੈ (ਇਸ ਪ੍ਰੀਤਿ ਵਾਲਾ) ਕੋਈ ਸੁਖੀ ਨਹੀਂ ਦਿੱਸਦਾ॥੧॥ਰਹਾਉ॥
ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥ ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥ ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥	(ਉਹ ਪ੍ਰਭੂ ਸਭ ਕੁਛ) ਜਾਣਨ ਵਾਲਾ, (ਮਹਾਨ) ਦਾਤਾ, (ਸਰਬ ਤੋਂ) ਉੱਤਮ ਸੁਭਾਵ ਵਾਲਾ, (ਪਰਮ) ਪਵਿਤ੍ਰ ਤੇ ਅਤਯੰਤ ਸੁੰਦਰਤਾ ਵਾਲਾ ਹੈ। (ਉਹ ਪੂਰਾ) ਮਿੱਤ੍ਰ (ਸਦਾ) ਸਹਾਯਤਾ ਕਰਨੇ ਵਾਲਾ, ਅਤਿ ਦਾ ਵੱਡਾ ਤੇ ਉੱਚਾ ਹੈ (ਹਾਂ) ਬੇਅੰਤ[1] (ਵੱਡਾ ਤੇ ਉੱਚਾ) ਹੈ। (ਉਹ ਆਪ ਸਦਾ ਇਕ ਰਸ ਹੈ ਉਸ ਨੂੰ) ਬਾਲਕ ਬੁਢਾ (ਆਦਿ ਅਵਸਥਾ ਵਾਲਾ) ਨਹੀਂ ਜਾਣਨਾ ਚਾਹੀਦਾ (ਤੇ) ਉਸਦਾ ਦਰਬਾਰ ਅਚੱਲ ਹੈ, (ਕਿਸੇ ਤਰ੍ਹਾਂ ਚਲਾਯਮਾਨ ਨਹੀਂ ਹੁੰਦਾ। ਫਿਰ ਉਸ ਤੋਂ) ਜੋ ਮੂੰਹੋਂ ਮੰਗੀਏ ਸੋਈ ਮਿਲ ਜਾਂਦਾ ਹੈ, ਨਿਆਸਰਿਆਂ ਦਾ (ਉਹ) ਆਸਰਾ ਹੈ॥੨॥
ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥ ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥ ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥ ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥	ਜਿਸ ਦਾ ਦਰਸ਼ਨ ਕਰਦਿਆਂ ਪਾਪ ਦੂਰ ਹੋ ਜਾਂਦੇ ਹਨ, ਮਨ ਤੇ ਸਰੀਰ ਵਿਚ ਸ਼ਾਂਤੀ ਹੋ ਜਾਂਦੀ ਹੈ। (ਉਸ) ਇਕ ਨੂੰ ਇਕ ਮਨ ਹੋਕੇ ਧਿਆਈਏ, (ਹਾਂ) ਮਨ ਦੀ ਭਟਕਣਾ ਦੂਰ ਕਰਕੇ (ਧਿਆਈਏ)। ਉਹ (ਸਰਬ) ਗੁਣਾਂ ਦਾ ਖ਼ਜ਼ਾਨਾ ਹੈ ਤੇ ਸਦਾ ਨਵਾਂ (ਹੀ ਨਵਾਂ) ਹੈ ਤੇ ਦਾਤ ਉਸ ਦੀ ਪੂਰਨ ਹੈ, (ਕਦੇ ਅਧੂਰੀ ਨਹੀਂ। ਐਸੇ ਪ੍ਰਭੂ ਨੂੰ) ਸਦਾ ਸਦਾ ਅਰਾਧੀਏ, ਨਾ (ਉਸ ਨੂੰ) ਦਿਨੇ ਵਿਸਰੋ ਨਾ ਰਾਤੀਂ (ਵਿਸਰੋ)॥੩॥

[1] ਅਪਾਰ=ਪਾਰ ਰਹਿਤ। ਬੇਅੰਤ।

ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥ ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥ ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥

ਜਿਨ੍ਹਾਂ ਦੇ (ਭਾਗਾਂ ਵਿਚ) ਪਹਿਲੋਂ ਤੋਂ ਲਿਖਿਆ ਹੁੰਦਾ ਹੈ, ਉਹਨਾਂ ਦਾ ਪ੍ਰਭੂ ਮਿੱਤ੍ਰ ਹੁੰਦਾ ਹੈ। (ਇਸ ਲਈ ਸਾਨੂੰ ਭਗਤਾਂ ਨੂੰ ਚਾਹੀਦਾ ਹੈ ਕਿ) ਤਨ ਮਨ ਧਨ ਸਭੋ ਕੁਛ (ਉਸ ਨੂੰ) ਅਰਪਨ ਕਰ ਦੇਈਏ ਅਤੇ ਇਹ ਜਿੰਦ ਬੀ (ਉਸ ਤੋਂ) ਵਾਰ ਘੱਤੀਏ। (ਪ੍ਰਸ਼ਨ: ਉਹ ਤਾਂ ਰੂਪ ਰੰਗ ਵਾਲਾ ਨਹੀਂ, ਕੀਕੂੰ ਵਾਰੀਏ ਸਭੋ ਕੁਛ? ਉੱਤਰ: ਮਨ ਦੇ ਸ਼ੁਧ ਸੰਕਲਪ ਨਾਲ) (ਕਿਉਂਕਿ ਉਹ) ਸਦਾ ਹਾਜ਼ਰਾ ਹਜ਼ੂਰ ਹੈ, (ਸਾਨੂੰ) ਦੇਖਦਾ ਹੈ, (ਤੇ ਸਾਡੀਆਂ ਬੇਨਤੀਆਂ) ਸੁਣਦਾ ਹੈ,(ਹਾਂ ਉਹ) ਹਿਰਦੇ ਹਿਰਦੇ ਵਿਚ ਰਵ ਰਹਿਆ ਹੈ। (ਪ੍ਰਸ਼ਨ: ਉਹ ਉਸ ਤੋਂ ਭੁੱਲੇ ਤੇ ਗ਼ਾਫ਼ਲ ਜੀਵਾਂ ਨੂੰ ਬੀ ਪਾਲਦਾ ਹੈ, ਇਸ ਦਾ ਕੀਹ ਕਾਰਣ ਹੈ? ਉੱਤਰ:) ਪ੍ਰਭੂ ਸਦਾ ਬਖਸ਼ਿੰਦ ਹੈ, ਹੇ ਨਾਨਕ! (ਉਸਦਾ ਬਿਰਦ ਹੈ

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੮੩॥

ਬਖਸ਼ਿਸ਼, ਇਸ ਲਈ ਉਹ ਉਹਨਾਂ ਜੀਵਾਂ ਨੂੰ ਬੀ, ਜੋ ਜੀਵ, ਮਨ, ਦੇਹ, ਪ੍ਰਾਣ, ਖਾਣ ਪਾਣ ਸਾਰੇ ਸਾਮਾਨਾਂ ਨੂੰ ਪਾ ਕੇ) ਅਕਿਰਤਘਣ (ਹੋਕੇ ਉਸਨੂੰ ਵਿਸਾਰੀ ਬੈਠੇ ਹਨ, ਉਹ ਉਹਨਾਂ) ਨੂੰ ਬੀ ਪਾਲਦਾ ਹੈ॥੪॥੧੩॥੮੩॥

ਵ੍ਯਾਖ੍ਯਾ-ਇਸ ਸ਼ਬਦ ਵਿਚ ਵਿਆਪਕ ਵਾਹਿਗੁਰੂ ਜੀ ਦਾ ਮਿੱਠਾ ਪਿਆਰਾ ਗੁਣ ਕਥਨ ਹੈ ਜੋ ਪਦ ਗੁਣ ਕਥਨ ਵਿਚ ਵਰਤੇ ਹਨ ਉਨ੍ਹਾਂ ਦੀ ਵ੍ਯਾਖ੍ਯਾ ਅਗਲੀ ਨਿਰੁਕ੍ਤ ਵਿਚ ਹੈ। ਉਪਦੇਸ਼ ਸ਼ਬਦ ਵਿਚ ਇਹ ਹੈ ਕਿ ਉਸ ਕ੍ਰਿਪਾਲ ਦਿਆਲੂ, ਅਕਿਰਤਘਣਾਂ ਨੂੰ ਬੀ ਪਾਲਣ ਵਾਲੇ ਸਦ ਬਖਸ਼ਿੰਦ ਤੇ ਘਟ ਘਟ ਵਿਚ ਵ੍ਯਾਪਕ ਪ੍ਯਾਰ ਪੁੰਜ ਨੂੰ ਪ੍ਯਾਰ ਕਰੋ ਤੇ ਨਾਸ਼ਮਾਨ ਜੀਵਾਂ, ਸਾਮਾਨਾਂ ਨਾਲ ਪ੍ਰੀਤ ਨਾ ਕਰੋ, ਉਹ ਸੁਖਦਾਤੇ ਨਹੀਂ, ਪਰ ਸਾਈਂ ਦੀ ਪ੍ਰੀਤ ਸਰਬ ਸੁਖਾਂ ਦੀ ਦਾਤ੍ਰੀ ਹੈ।

ਇਕ ਗੱਲ ਜੋ ਇਨ੍ਹਾਂ ਸ਼ਬਦਾਂ ਵਿਚ ਆ ਰਹੀ ਹੈ ਉਹ ਹੈ ਪੂਰਬ ਲਿਖਿਆ। ਪੂਰਬ ਲਿਖੇ ਤੋਂ ਮੁਰਾਦ ਹੈ, ਜਨਮ ਤੋਂ ਪਹਿਲੋਂ ਤੋਂ ਜੀਵ ਦੇ ਭਾਗਾਂ ਵਿਚ ਜੋ ਕੁਛ ਅੰਕਿਤ ਹੋ ਗਿਆ ਹੈ। ਉਸ ਦੇ ਦੋਂਹ ਵਿਚੋਂ ਇਕ ਯਾ ਦੋਇ ਕਾਰਣ ਹੋ ਸਕਦੇ ਹਨ। ਪਹਿਲਾ-ਆਪਣੇ ਪਿਛਲੇ ਕੀਤੇ ਕਰਮਾਂ ਅਨੁਸਾਰ ਇਸ ਜਨਮ ਲਈ ਜੋ ਸੁਭਾਵ ਬਣ ਗਿਆ ਤੇ ਸੁਖ ਦੁਖ ਅੰਕਿਤ ਹੋ ਗਏ। ਦੂਸਰੇ-ਵਾਹਿਗੁਰੂ ਜੀ ਨੇ ਆਪਣੀ ਰਜ਼ਾ ਨਾਲ ਜੀਵ ਲਈ ਪਹਿਲੋਂ ਅੰਗ ਦਿੱਤਾ ਕਿ ਫਲਾਣਾ ਇਸ ਕਿਸਮ ਦੇ ਸੁਭਾਵ ਤੇ ਸੁਖ ਦੁਖ ਵਾਲਾ ਹੋਵੇ। ਗੁਰਮਤਿ ਵਿਚ ਦੋਹਾਂ ਦਾ ਸੰਮੇਲਨ ਹੈ। ਜੀਵ ਦੇ ਕਰਮ ਆਪੂੰ ਫਲ ਪ੍ਰਦਾਤਾ ਨਹੀਂ ਹੁੰਦੇ, ਕਿਉਂਕਿ 'ਕਰਮ' ਚੇਤਨ ਵ੍ਯਕਤੀ ਨਹੀਂ ਹੈ। ਇਸ ਲਈ ਸਰਵੱਗ੍ਯ ਵਾਹਿਗੁਰੂ ਦੀ ਨਜ਼ਰ ਵਿੱਚ ਕਰਮ ਤੁਲਦਾ ਹੈ, ਤੇ ਉਸ ਦੀ ਦਿਆਲੂ ਸੁਭਾਵਤਾ ਜੀਵ ਦੇ ਸੁਭਾਵ, ਸੁਖ ਦੁਖ, ਪ੍ਰਾਪਤੀ ਅਪ੍ਰਾਪਤੀ ਤੇ ਭਲੇ ਬੁਰੇ ਦੇ ਝੁਕਾਉ ਅੰਗ ਦੇਂਦੀ ਹੈ। ਇਹ ਮੁਰਾਦ ਹੁੰਦੀ ਹੈ ਪੂਰਬ ਲਿਖੇ ਤੋਂ[1] ਇਸ ਦਾ ਇਹ ਭਾਵ ਨਹੀਂ ਕਿ ਇਹ ਪੂਰਬ ਲਿਖਿਆ ਕੋਈ ਸੁਤੰਤ੍ਰ ਜਕੜਬੰਦ ਹੈ, ਜਿਸ ਨੇ ਸਾਨੂੰ ਆਪਣੀ ਕਰਨੀ ਵਿਚ ਬੰਨ੍ਹ ਦਿੱਤਾ ਹੈ, ਜਿਵੇਂ ਰੇਲ ਗੱਡੀ ਬੱਝੀਆਂ ਰੇਲ ਪਟੜੀਆਂ ਦੇ ਸਿਵਾ ਇਧਰ ਉਧਰ ਨਹੀਂ ਚੱਲ ਸਕਦੀ। ਜੀਵ ਨੂੰ ਦਿੱਤੀ ਗਈ ਚਿਤ ਬ੍ਰਿਤੀ ਯਾ ਬੁਧੀ ਸੁਤੰਤ੍ਰ ਹੈ, ਇਸ ਦਾ ਰੁਖ਼ ਤੇ ਝੁਕਾਉ ਪਿਛਲੇ ਲਿਖੇ ਨੇ ਬਣਾਇਆ ਹੈ, ਪਰ ਇਹ ਉਸ ਵਿਚ ਸਦੈਵੀ ਕੈਦੀ ਨਹੀਂ, ਇਹ ਉਸ ਤੋਂ ਨਿਕਲ ਸਕਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਫੁਰਮਾਇਆ ਹੈ:-

[1] ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਵਾਰ ਸਾਰੰਗ ਮ: ੧-੯)

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥ (ਆਸਾ ਮ: ੫, ਛੰਤ-੬)

ਜੇ ਜੀਵ ਕਿਸੇ ਸ਼ਕਲ ਵਿਚ ਸੁਤੰਤ੍ਰ ਹੈ ਤਾਂ ਹੀ ਉੱਦਮ ਦਾ ਉਪਦੇਸ਼ ਹੈ:-

ਮਨ ਕਰ ਹਲਾ ਗੁਰ ਗੋਵਿੰਦੁ ਸਮਾਲਿ॥ (ਗਉੜੀ ਮ: ੪, ਕਰਹਲੇ-੨)

ਜੋ ਪਿਛੋਂ ਸਾਈਂ ਵਲ ਲਗੇ ਹੋਏ ਆਉਂਦੇ ਹਨ, ਓਹ ਇਸ ਜਨਮ ਵਿਚ ਸੁਖੱਲੇ ਲੱਗ ਪੈਂਦੇ ਤੇ ਹੋਰ ਤ੍ਰੱਕੀ ਕਰਦੇ ਹਨ। ਜੋ ਨਹੀਂ, ਓਹ ਜੇ ਘਾਲ ਕਰਨ, ਸਤਿਸੰਗ ਦੀ ਮਦਦ ਲੈਣ ਤਾਂ ਓਹ ਨਵੇਂ ਬੀਜੇ ਦਾਣੇ ਵਾਂਙੂ ਉਗ ਪੈਂਦੇ ਹਨ ਤੇ ਇਸ ਜਨਮ ਦੀ ਕੀਤੀ ਘਾਲ ਅਗਲੇ ਲਈ ਰਾਸ ਮੂੜੀ ਬਣ ਜਾਂਦੀ ਹੈ।

ਜੇ ਕੋਈ ਦੇਖਣਾ ਚਾਹੇ ਕਿ ਮੇਰੇ ਭਾਗਾਂ ਵਿਚ ਹੈ ਕਿ ਨਹੀਂ, ਉਹ ਬੀ ਉੱਦਮ ਦੁਆਰਾ ਦੇਖ ਸਕਦਾ ਹੈ। ਉਹ ਇਉਂ ਕਿ ਉਹ ਸਤਿਸੰਗ ਨਾਮ ਬਾਣੀ ਵਿਚ ਲੱਗ ਪਵੇ, ਜੇ ਸੁਤੇ ਤੇ ਸੁਖੈਨਤਾ ਨਾਲ ਬ੍ਰਿਤੀ ਲਗਦੀ ਜਾਵੇ ਤਾਂ ਪਤਾ ਲੱਗਾ ਕਿ ਭਾਗਾਂ ਵਿਚ ਹੈ। ਜੇ ਉੱਦਮ ਨਾ ਕਰੇ ਤੇ ਨਿਰਾਸ ਹੋਕੇ ਬੈਠਾ ਰਹੇ ਤਾਂ ਭੁੱਲ ਹੋਵੇਗੀ, ਕਿਉਂਕਿ ਉਹ ਬਿਨਾ ਪਤਾ ਲਗੇ ਆਪ ਨੂੰ ਨਿਰਭਾਗਾ ਸਮਝ ਬੈਠਾ ਹੈ। ਜੇ ਉੱਦਮ ਕਰੇਗਾ ਭਾਗਾਂ ਦਾ ਪਤਾ ਬੀ ਤਾਂ ਹੀ ਲੱਗੇਗਾ। ਜੇ ਉੱਦਮ ਕਰਕੇ ਪਤਾ ਲਗੇ ਕਿ ਮੇਰਾ ਮਨ ਸਹਜ ਭਾ ਨਾਲ ਸੁਖੱਲਾ ਨਹੀਂ ਲਗਦਾ ਤਾਂ ਬੀ ਦਾਰੂ ਉੱਦਮ ਹੈ, ਕਿ ਮੈਂ ਵਧੀਕ ਮਿਹਨਤ ਕਰਾਂ ਤਾਂ ਮੇਰੇ ਅੰਦਰ ਨਾਮ ਦਾ ਅੰਕੁਰ ਫੁਟੇ ਤੇ ਮੈਂ ਕਰਮ ਜਾਲ ਵਿਚੋਂ ਨਿਕਲ, ਮਿਹਰ ਦੇ ਮੈਦਾਨ ਵਿਚ ਆ ਜਾਵਾਂ, ਹੁਣ ਦੀ ਕੀਤੀ ਘਾਲ ਤੇ ਮਿਹਨਤ ਅਗਲੇ ਲੇਖਾਂ ਦੀ ਨੀਂਹ ਬਣ ਜਾਏਗੀ। ਹਰ ਹਾਲ ਉੱਦਮ ਜ਼ਰੂਰੀ ਹੈ। ਇਸੇ ਕਰਕੇ ਗੁਰੂ ਜੀ ਨੇ ਹੁਕਮ ਦਿੱਤਾ ਹੈ:-

ਉਦਮੁ ਕਰੇਦਿਆਂ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ (ਗੂਜਰੀ ਵਾਰ ਮ: ੫-੧੭)

'ਪੂਰਬਲੇ ਲਿਖੇ' ਵਾਕ ਪੜ੍ਹਕੇ ਨਿਰਾਸਤਾ ਵਿਚ ਜਾਣਾ ਭਾਵ ਨਹੀਂ, ਨਾ ਆਪਣੇ ਆਲਸ ਲਈ ਬਹਾਨਾ ਲੱਭ ਲੈਣਾ ਹੈ; ਸਗੋਂ ਇਹ ਉੱਦਮ ਦਾ ਪ੍ਰੇਰਕ ਹੈ।

ਨਿਰੁਕ੍ਤ-ਸਚ-ਸਤਜ। ਦੇਖੋ ਪੰਨਾ ੩੯। ਭਾਵ ਹੈ ਉਹ ਸਦਾ ਥਿਰ ਹਸਤੀ ਜੋ ਕਦੇ ਅਸਤਜ ਨਹੀਂ ਹੁੰਦੀ। ਸਤਜ ਸਰੂਪ ਪਰਮਾਤਮ ਦੇਵ।

ਦੀਨ ਦਰਦ ਦੁਖ ਭੰਜਨਾ-ਗ਼ਰੀਬਾਂ ਅਨਾਥਾਂ ਦੇ ਦੁਖ ਤੇ ਪੀੜਾ ਨੂੰ ਭੰਨ ਦੇਣ ਵਾਲਾ, ਦੂਰ ਕਰਨ ਵਾਲਾ।

ਸਤ ਭਾਇ-(ਸੰਸ:, ਸਦ ਭਾਵ।) ਸਚੇ ਪ੍ਰੇਮ ਨਾਲ।

(੨) ਸ੍ਰੀ ਨਰੋਤਮ ਜੀ ਇਸ ਨੂੰ ਜੀਵਾਂ ਵਲ ਲਾਉਂਦੇ ਹਨ ਕਿ ਸੇਵਕਾਂ ਦੀ ਸੱਚੀ ਭਾਵਨਾਂ ਕਰਕੇ ਉਨ੍ਹਾਂ ਦੇ ਦਰਦ ਦੁਖ ਦੂਰ ਕਰਦਾ ਹੈ।

(੩) ਸੰਪ੍ਰਦਾ ਵਿਚ ਸਤ ਭਾਇ ਦਾ ਅਰਥ 'ਨਿਸਚੇ ਕਰਕੇ' ਬੀ ਕਰਦੇ ਹਨ।

(੪) ਸੰਪ੍ਰਦਾ ਵਿਚ ਸਤ ਭਾਇ ਦਾ ਅਰਥ ਸਦ ਭਾਇ=ਸੈਂਕੜੇ ਤਰ੍ਹਾਂ ਬੀ ਕਰਦੇ ਹਨ।

(੫) ਕਈ ਸਜਣ ਸਤ ਭਾਇ ਨੂੰ ਸਤ ਭਾਉ ਦਾ ਪ੍ਰਯਾਯਵਾਚੀ ਸਮਝਕੇ ਸਤਿਕਾਰ ਸੰਯੁਕਤ ਅਰਥ ਕਰਦੇ ਹਨ ਕਿ ਆਪਣੇ ਸੇਵਕਾਂ ਨੂੰ ਸਤਿਕਾਰ ਦੇਂਦਾ ਹੈ।

ਅਚਰਜ ਰੂਪ-ਜਿਸ ਦਾ ਰੂਪ ਅਸਚਰਜ ਹੈ। ਜੋ ਆਪਣਾ ਪ੍ਰਭਾਵ ਆਪਣੀ ਸੁੰਦਰਤਾ ਵਿਚ ਮਗਨ ਯਾ ਲੀਨ ਕਰ ਲੈਣ ਦਾ ਤਾਂ ਪਾਉਂਦਾ ਹੈ, ਪਰ ਬੁੱਧੀ ਅਲਪੱਗ ਹੋਣ ਕਰਕੇ ਸਮਝ ਨਹੀਂ ਸਕਦੀ। ਵਾਹਿਗੁਰੂ ਦਾ ਅਸਚਰਜ ਰੂਪ ਹੋਣਾ ਗੁਰਬਾਣੀ ਵਿਚ ਹੋਰਨੀਂ ਥਾਈਂ ਬੀ ਆਇਆ ਹੈ।

ਨਿਰੰਜਨੋ-ਮਾਇਆ ਰਹਿਤ ਹੈ। ਸ਼ੁਧ ਨਿਰਗੁਣ ਦੇਵ ਹੈ। ਦੇਖੋ ਸਫਾ ੮੧, ੧੯੬।

ਧ੍ਰਿਗ-ਫਿਟਕਾਰ ਹੈ ਉਸ ਨੂੰ। ਭਾਵ ਤਜਾਗਣੇ ਯੋਗ ਹੈ। ਦੇਖੋ ਪੰਨਾ ੧੯੧।

(ਅੰਕ ੨) ਦਾਨਾ, ਦਾਤਾ, ਸੀਲਵੰਤ, ਨਿਰਮਲ ਰੂਪ, ਸਖਾ, ਸਹਾਈ। ਇਹ ਸਾਰੇ ਗੁਣ ਇਨਸਾਨੀ ਗੁਣ ਹਨ। ਇਨਸਾਨ ਵਿਚ ਇਹ ਗੁਣ 'ਮਿਤ ਵਾਲੇ' ਹਨ। ਪਰ ਇਨਸਾਨ ਵਿਚ ਇਹ ਗੁਣ ਆਏ ਪਰਮਾਤਮਾ ਵਿਚੋਂ ਹਨ, ਉਸ ਵਿਚ ਇਹ ਗੁਣ ਅਮਿਤਤਾ ਵਾਲੇ ਹਨ। ਇਸੇ ਕਰਕੇ ਦੋਹਾਂ ਤੁਕਾਂ ਵਿਚ ਦੋ ਵੇਰ ਪਦ 'ਅਪਾਰੁ' ਵਰਤਿਆ ਹੈ ਤੇ ਪਦ ਊਚਾ ਤੇ ਅਤਿ ਵਡਾ ਵਰਤੇ ਹਨ ਜੋ ਇਹ ਗੁਣ ਸਰਵੱਗ ਦੇ ਅਪਾਰ ਗੁਣ ਸਮਝੇ ਜਾਣ। ਸੋ ਹੁਣ ਭਾਵ ਇਹ ਨਿਕਲਣਗੇ।

ਦਾਨਾ-ਸਰਵੱਗਜ ਤੇ ਅਭੁੱਲ।

ਦਾਤਾ-ਪੂਰਨ ਰੂਪ ਕਰਕੇ ਦੇਣਹਾਰ। ਜਿਸ ਨੇ ਜੀਉ ਪਿੰਡ ਸਭੋ ਕੁਛ ਦਿੱਤਾ ਹੈ।

ਸੀਲਵੰਤੁ-ਸਾਰੇ ਇਖ਼ਲਾਕ ਦਾ ਮੂਲ। ਇਨਸਾਨ ਦੇ ਅੰਦਰ ਜੋ ਇਕ ਨੁਕਤਾ ਇਖ਼ਲਾਕ ਦਾ ਹੈ ਇਹ ਉਸੀ 'ਨੇਕੀ ਕੁੱਲ' ਪਰਮਾਤਮ ਦੇਵ ਦੀ ਸਰਬ-ਭਲਿਆਈ ਦੀ ਅੰਸ਼ ਹੈ।

ਨਿਰਮਲੁ-ਉਹ ਸ਼ੁੱਧ ਹੈ, ਪਵਿਤ੍ਰ ਹੈ। ਜੀਵ ਮੈਲ ਦਾ ਜਾਣੂ ਹੈ, ਪਾਪ ਦੀ ਮੈਲ, ਹਉਂ ਦੀ ਮੈਲ, ਮਾਯਾ ਦੀ ਮੈਲ। ਪਰਮਾਤਮ ਦੇਵ ਇਨ੍ਹਾਂ ਤੋਂ ਰਹਿਤ ਹੈ। ਭਾਵ ਪਰਮ ਪਵਿਤ੍ਰ ਤੋਂ ਹੀ ਹੈ।

ਰੂਪੁ-ਸੁੰਦਰਤਾ। ਸੁੰਦਰਤਾ ਵਾਲਾ। ਅਪਾਰ ਸੁੰਦਰਤਾ ਵਾਲਾ।

ਸਖਾ ਸਹਾਈ-ਮਿਤ੍ਰ ਤੇ ਮਦਦਗਾਰ। ਭਾਵ ਭਗਤ ਵਛਲ ਹੋਣ ਤੋਂ ਹੈ। ਸਖਾ ਉਹ ਹੈ ਜਿਸ ਦੇ ਅੰਦਰ ਮਿਤ੍ਰਤਾ ਦਾ ਭਾਵ ਹੈ ਤੇ ਮਿਤ੍ਰਤਾ ਕਰਦਾ ਹੈ। ਸਹਾਈ ਉਹ ਹੈ ਜੋ ਬਿਪਤਾ ਵੇਲੇ ਮਦਦ ਕਰਦਾ ਹੈ, ਅਤੇ ਕਦੇ ਆਪਣੇ ਸਖਾ ਸਹਾਈਪਨੇ ਦਾ ਪਲਟਾ ਨਹੀਂ ਲੋੜਦਾ।

ਅਤਿ ਵਡਾ-ਜਗਤ ਦੇ ਵਡਿਆਂ, ਰਾਜਿਆਂ, ਦੇਵਤਿਆਂ, ਅਵਤਾਰਾਂ ਸਭ ਤੋਂ ਵਡਾ। ਪਰਮ ਸ਼ਕਤੀਆਂ ਵਾਲਾ।

ਊਚਾ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਸਰਬ ਅਵਸਥਾ ਤੋਂ ਉਪਰ।

ਬਾਲਕੁ ਬਿਰਧਿ ਨ ਜਾਣੀਐ-ਉਹ ਅਕਾਲ ਹੈ। ਕਾਲ ਰਹਿਤ ਹੈ। ਅਜੋਨੀ ਹੈ। ਇਸ ਲਈ ਉਸ ਉਤੇ ਉਮਰਾ ਅਵਸਥਾ ਦਾ ਅਸਰ ਨਹੀਂ, ਸਦਾ ਇਕ ਰਸ ਰਹਿੰਦਾ ਹੈ।-'**ਜੁਗੁ ਜੁਗੁ ਏਕੋ ਵੇਸੁ**' ਹੈ।

ਨਿਹਚਲੁ ਤਿਸੁ ਦਰਬਾਰੁ-ਉਸ ਦਾ ਦਰਬਾਰ ਅਟੱਲ ਦਰਬਾਰ ਹੈ, ਸਦਾ ਕਾਯਮ ਹੈ। ਦਰਬਾਰ ਪਾਤਸ਼ਾਹ ਦੇ ਦੀਵਾਨ ਨੂੰ ਕਹਿੰਦੇ ਹਨ। ਨਿਹਚਲ ਕਹਿਣ ਤੋਂ ਇਹ ਬੀ ਮੁਰਾਦ ਹੈ ਕਿ ਉਸ ਵਿਚ ਜੋ ਫੈਸਲਾ ਹੁੰਦਾ ਹੈ ਅਟੱਲ ਹੁੰਦਾ ਹੈ, ਕਿਉਂਕਿ ਸਰਬੱਗਤਾ ਦੀ ਤੱਕੜੀ ਤੇ ਤੁਲਕੇ ਸੱਚੋ ਸੱਚ ਹੁੰਦਾ ਹੈ। ਸੱਚ ਸਦਾ ਅਟੱਲ ਹੁੰਦਾ ਹੈ। (੨) ਜਿਕੁਰ ਸਰਕਾਰ ਕਿਸੇ ਵੇਲੇ ਰਾਜੇ ਨੂੰ ਕਹਿ ਲਈਦਾ ਹੈ, ਤਿਵੇਂ ਦਰਬਾਰ ਬੀ ਰਾਜੇ ਨੂੰ ਕਹਿ ਲੈਂਦੇ ਹਨ। ਇਸ ਤੋਂ ਸੰਪ੍ਰਦਾਈ ਦਾਨੇ ਅਰਥ 'ਦਰਬਾਰ' ਦਾ ਏਥੇ 'ਸਰੂਪ' ਬੀ ਕਰਦੇ ਹਨ ਕਿ ਉਸ ਦਾ 'ਸਰੂਪ ਅਟੱਲ' ਹੈ।

ਨਿਧਾਰਾ-ਨਿਰ ਅਧਾਰਾਂ ਦਾ, ਆਸਰੇ ਹੀਨਾਂ ਦਾ।

ਭਰਾਂਤਿ-(ਸੰਸ:, ਭ੍ਰਾਂਤਿ:) ਭਟਕਣਾ। (੨) ਭਰਮ ਬੀ ਅਰਥ ਕਰਦੇ ਹਨ। ਏਥੇ ਪਾਠ ਹੈ 'ਲਾਹਿ ਭਰਾਂਤਿ', ਜਿਸ ਦਾ ਅਰਥ ਬਣਦਾ ਹੈ ਦਿਲ ਤੋਂ ਭਟਕਨਾ ਦੂਰ ਕਰਕੇ। ਇਕ ਮਨ ਹੋਕੇ ਇਕ ਪ੍ਰਭੂ ਨੂੰ ਧਿਆਈਏ। ਭਾਵ ਹੈ ਕਿ ਸੰਸਾਰਕ ਐਸ਼੍ਵਰਜ ਦੇਣ ਵਾਲੇ ਦੇਵੀ ਦੇਉਤਿਆਂ ਦੇ ਮਗਰ ਮਨ ਨੂੰ ਭਟਕਣੋਂ ਰੋਕ ਲਈਏ। ਅਥਵਾ ਮਨ ਦੀ ਸੰਸਾਰਕ ਪਦਾਰਥਾਂ ਦੇ ਮਗਰ ਭਟਕਣਾਂ, ਸੰਕਲਪ ਵਿਕਲਪ ਨੂੰ ਰੋਕੀਏ। (੨) ਪਰ ਐਉਂ ਬੀ ਅਰਥ ਲਾਉਂਦੇ ਹਨ ਕਿ ਜੇ ਇਕ ਮਨ ਹੋਕੇ ਇਕ ਨੂੰ ਅਰਾਧੀਏ ਤਾਂ ਉਹ ਇਕ ਮਨ ਦੀ ਭਟਕਣਾ ਮਨ ਤੋਂ ਦੂਰ ਕਰ ਦੇਂਦਾ ਹੈ।

ਨਵਤਨ-(ਸੰਸ:, ਨੂਤਨ) ਨਵਾਂ। ਸਦੀਵਕਾਲ ਨਵਾਂ ਹੈ। ਪੁਰਾਣਾ, ਮੈਲਾ, ਜੀਰਣ ਨਹੀਂ ਹੁੰਦਾ। ਜੋ ਸਦਾ ਇਕ ਰਸ ਰਹਿੰਦਾ ਹੈ। ਪਰ ਇਕ 'ਇਕ-ਰਸਤਾ' ਐਸੀ ਹੈ ਜਿਸ ਵਿਚ ਸਦੀਵ ਕਾਲ

'ਨਵਾਂਪਨ' ਵਧਦਾ ਹੈ। ਨਵਾਂ ਕਹਿਣਾ ਤਾਂ ਪੁਰਾਣੇ ਦੇ ਮੁਕਾਬਲੇ ਤੇ ਹੁੰਦਾ ਹੈ। ਏਥੇ ਭਾਵ ਹੈ ਕਿ ਓਹ ਸਦਾ ਐਉਂ ਹੈ ਕਿ ਨਵਾਂ ਹੀ ਨਵਾਂ ਹੈ। ਕਦੇ ਪੁਰਾਣਾ ਨਹੀਂ। ਸਦੀਵ ਤਰੋਤਾਜ਼ਗੀ ਵਿਚ ਹੈ।

ਰਵਿੰਦੁ–(ਸੰਸ:, ਰਮਣ:=ਕ੍ਰੀੜਾ ਕਰਨ ਵਾਲਾ) ਜੋ ਜੋ ਘਟ ਘਟ ਵਿਚ ਕ੍ਰੀੜਾ ਕਰੇ। ਜੋ ਘਟਿ ਘਟਿ ਵਿਚ ਵਜਾਪਕ ਹੋ ਰਿਹਾ ਹੈ।

ਸਦ ਬਖਸਿੰਦੁ–ਸਦਾ ਬਖਸ਼ਨਹਾਰ। ਜਿਸ ਦਾ ਬਿਰਦ ਤੇ ਸੁਭਾਵ ਹੀ ਬਖਸ਼ਿਸ਼ ਹੈ।

(ਸਿਰੀ ਰਾਗੁ ਮਹਲਾ ੫, ਚਉਪਦਾ-੮੪)

ਪ੍ਰਾਕ੍ਥਨ–ਵਾਹਿਗੁਰੂ ਜੀ ਦੇ ਕ੍ਰਿਤੱਗਜ ਹੋਕੇ ਉਸ ਨੂੰ ਪਜਾਰ ਕਰਨੇ ਦੀ ਪ੍ਰੇਰਨਾ ਕੀਤੀ ਹੈ ਤੇ ਨਾਮ ਵਿਹੂਣੇ ਅਰ ਭਗਤੀ ਤੋਂ ਸੱਖਣੇ ਜੀਵਨ ਤੋਂ ਵਰਜਿਆ ਹੈ। ਅੰਤ ਵਿਚ ਮਨਮੁਖਾਂ ਲਈ ਅਰਦਾਸ ਕੀਤੀ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥ ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥ ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ ॥੧॥	ਜਿਸ ਪ੍ਰਭੂ ਨੇ (ਸਾਨੂੰ) ਮਨ ਤਨ ਤੇ ਧਨ ਦਿੱਤਾ ਹੈ (ਫਿਰ ਸਾਨੂੰ) ਸਹਜੇ ਹੀ ਸੰਵਾਰ ਕੇ ਰਖਿਆ ਹੈ। (ਭਾਵ ਤਨ ਰਚਿਆ ਤਾਂ ਸੁਤੇ ਹੀ ਸਾਰੇ ਅੰਗ ਇਕ ਦੂਜੇ ਦੇ ਸਹਾਯਕ ਸੁਹਣੇ ਕੰਮ ਕਰਨ ਵਾਲੇ ਰਚੇ। ਫੇਰ ਅੰਦਰਲੇ ਬਾਹਰਲੇ ਸੁਖਾਂ ਲਈ ਧਨ ਦਿੱਤਾ ਕਿ ਉਸਨੂੰ ਵਰਤਕੇ ਆਪਣੀ ਰਖਜਾ, ਪਾਲਣਾ ਕਰ ਸਕੀਏ, ਇਉਂ) ਸਰਬ ਸ਼ਕਤੀਆਂ ਕਰਕੇ (ਸਰੀਰ ਨੂੰ) ਮੁਕੰਮਲ ਕਰਕੇ (ਇਸ ਤਨ ਤੇ ਮਨ ਦੇ) ਅੰਦਰ (ਆਪਣੀ) ਅਪਾਰ ਜਜੋਤੀ (ਟਿਕਾ ਦਿਤੀ। ਐਸੇ) ਪ੍ਰਭੂ ਨੂੰ ਸਦਾ ਹੀ ਸਦਾ ਯਾਦ ਕਰੀਏ (ਹਾਂ) ਅੰਦਰ ਹਿਰਦੇ ਵਿਚ ਧਾਰਨ ਕਰਕੇ (ਸਦਾ ਸਿਮਰੀਏ)॥੧॥
ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥ ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥੧॥ ਰਹਾਉ ॥	ਹੇ ਮੇਰੇ ਮਨ! ਹਰੀ ਤੋਂ ਬਿਨਾਂ ਕੋਈ ਹੋਰ (ਐਸਾ ਪਰਉਪਕਾਰੀ) ਨਹੀਂ ਹੈ। (ਤੂੰ ਤਾਂ ਤੇ ਉਸ) ਪ੍ਰਭੂ ਦੀ ਸ਼ਰਣ ਵਿਚ ਸਦਾ ਰਹੁ (ਤਾਂ ਜੋ ਓਹ ਤੇਰੀ ਰਖਜਾ ਕਰੇ ਤੇ ਤੈਨੂੰ) ਕੋਈ ਦੁਖ ਨਾ ਵਾਪਰੇ॥੧॥ਰਹਾਉ॥
ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥ ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥ ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥੨॥	(ਜਿਨ੍ਹਾਂ ਆਸਰਿਆਂ ਤੇ ਤੂੰ ਹੁਣ ਮਨ ਲਾਇਆ ਹੋਇਆ ਹੈ ਜੈਸਾ ਕਿ) ਸੋਨਾ ਚਾਂਦੀ ਮਾਣਕ (ਆਦਿ ਜਵਾਹਰਾਤ ਜੋ) ਰਤਨ ਪਦਾਰਥ (ਕਹੀਦੇ ਹਨ, ਸਭ) ਖਾਕ (ਤੁੱਲ ਨਿਕੰਮੇ ਹਨ। ਇਸੀ ਤਰ੍ਹਾਂ) ਸਾਰੇ ਸਾਕ ਮਾਤਾ, ਪਿਤਾ, ਪੁਤ੍ਰ (ਹੋਰ) ਸੰਬੰਧੀ (ਆਦਿ) ਕੂੜੇ ਹਨ (ਭਾਵ ਸਦਾ ਨਾਲ ਨਹੀਂ ਨਿਭਦੇ, ਸੋ ਇਨ੍ਹਾਂ ਦੇ ਆਸਰੇ ਰਹਿਣੇ ਵਾਲਾ ਤੇ ਆਪਣੇ) ਮਨ ਦੇ ਮਗਰ ਲਗਣ ਵਾਲਾ (ਮਨਮੁਖ) ਅਪਵਿੱਤ੍ਰ ਪਸ਼ੂ (ਵਾਂਙੂ) ਹੈ, (ਕਿਉਂਕਿ ਉਹ) ਜਿਸ ਨੇ ਉਸ ਨੂੰ ਰਚਿਆ ਹੈ, ਨਹੀਂ ਜਾਣਦਾ॥੨॥

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥ ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥

(ਅਤੇ ਦੇਖੋ: ਪ੍ਰਭੂ ਜੋ ਸਰੀਰ ਦੇ) ਅੰਦਰ ਤੇ ਬਾਹਰ (ਕੁਦਰਤ ਵਿਚ) ਵਿਆਪਕ ਹੋ ਰਿਹਾ ਹੈ ਉਸ ਨੂੰ ਦੂਰ ਜਾਣਦਾ ਹੈ। (ਇਸ ਦੇ) ਅੰਦਰ ਕੂੜੀ ਹਉਮੈ ਹੈ, (ਜਿਸ ਕਰਕੇ) ਇਸ ਨੂੰ ਤ੍ਰਿਸ਼ਨਾ ਲਗ ਰਹੀ ਹੈ, (ਤ੍ਰਿਸ਼ਨਾ ਕਰਕੇ ਇਹ) ਰਚ ਰਿਹਾ ਹੈ (ਰਤਨ ਪਦਾਰਥ ਕੱਠੇ ਕਰਨ ਤੇ ਮਾਤਾ ਪਿਤਾ ਸੁਤ ਬੰਧਪਾਂ ਦੇ ਮੋਹ ਪਜਾਰ ਵਿਚ। ਐਸੇ ਪੁਰਖਾਂ ਦੇ ਜੋ) ਭਗਤੀ ਤੇ (ਈਸ਼੍ਵਰ ਦੇ) ਨਾਮ ਤੋਂ ਸੱਖਣੇ ਹਨ ਪੂਰਾਂ ਦੇ ਪੂਰ ਜੰਮਦੇ ਮਰਦੇ ਰਹਿੰਦੇ ਹਨ॥੩॥

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥ ਬਿਨੁ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ ॥ ਨਾਨਕ ਨਾਮੁ ਨ ਵੀਸਰਉ ਕਰਿ ਅਪੁਨੀ ਹਰਿ ਮਇਆ॥੪॥੧੪॥੮੪॥

ਪ੍ਰਭੂ ਤੋਂ ਬਿਨਾਂ ਰੱਖਣ ਵਾਲਾ ਕੋਈ ਨਹੀਂ (ਜਮ ਤੋਂ), ਜਮ ਦਾ ਭੈ ਬਹੁਤ ਦੁਖਦਾਈ ਹੈ (ਇਸ ਲਈ ਅਰਦਾਸ ਹੈ ਕਿ) ਹੇ ਰਚਨਹਾਰ ਪ੍ਰਭੂ! (ਇਨ੍ਹਾਂ ਜੰਮਦੇ ਮਰਦੇ) ਜੀਅ ਜੰਤਾਂ ਨੂੰ ਦਇਆ ਕਰਕੇ ਰਖ ਲਓ। (ਅਤੇ) ਹੇ ਹਰੀ! ਆਪਣੀ ਮਿਹਰਾਮਤ ਕਰੋ ਜੋ (ਸਾਨੂੰ ਆਪ ਦਾ) ਨਾਮ ਨਾ ਵਿਸਰੇ, (ਬਿਨੈ ਕਰਦੇ ਹਨ, ਗੁਰੂ) ਨਾਨਕ ਜੀ॥ ੪॥੧੪॥੮੪॥

ਵਯਾਖਯਾ—ਵਾਹਿਗੁਰੂ ਜੀ ਦੇ ਉਪਕਾਰਾਂ ਦੇ ਗੁਣ ਗਾਕੇ ਪ੍ਰੇਰਨਾ ਕੀਤੀ ਹੈ ਕਿ ਉਸ ਦਾ ਕੀਤਾ ਜਾਣੋ, ਤੇ ਸਮਝੋ ਕਿ ਸਰਬ ਸੁਖ ਦਾਤਾ ਤੇ ਕਲਯਾਣ ਕਰਤਾ ਉਹੀ ਹੈ, ਇਸ ਕਰਕੇ ਉਸ ਨੂੰ ਸਦਾ ਯਾਦ ਰਖੋ। ਯਾਦ ਬੀ ਹਿਰਦੇ ਦੇ ਧੁਰ ਅੰਦਰ ਵਸਾਕੇ ਰਖੋ। ਆਪ ਪੂਰਨ ਸਰਲਤਾ ਨਾਲ ਤੇ ਡੂੰਘੇ ਦਿਲੋਂ ਇਨਸਾਨੀ ਪੀੜਾ ਨੂੰ ਪ੍ਰਤੀਤ ਕਰਕੇ ਉਪਦੇਸ਼ ਦੇ ਰਹੇ ਹਨ। ਇਸ ਕਰਕੇ ਵਾਕ ਬੜੀ ਤਾਸੀਰ ਵਾਲੇ ਉਚਰਦੇ ਹਨ। ਅੰਕ ੨ ਵਿਚ ਵਿਸ਼ਯ ਬਦਲਦਾ ਹੈ। ਉਸ ਵਿਚ ਸੰਸਾਰਕ ਸਾਕਾਦਾਰੀਆਂ ਤੇ ਮਾਯਕ ਪਦਾਰਥਾਂ ਦੀ ਅਨਸਥਿਰਤਾ ਦੇ ਕੇ ਵਾਹਿਗੁਰੂ ਜੀ ਨਾਲ ਸੰਬੰਧ ਕਾਯਮ ਕਰਨੇ ਦੀ ਪ੍ਰੇਰਨਾ ਕਰਦੇ ਹਨ, ਕਿਉਂਕਿ ਉਹ ਸੱਤਯ ਹੈ, ਸਦਾ ਥਿਰ ਹੈ। ਅੰਕ ੩ ਵਿਚ ਐਸੇ ਭੁੱਲੇ ਹੋਏ ਜੀਵਾਂ ਦੇ ਪੂਰਾਂ ਦੇ ਪੂਰ ਮਰਦੇ ਜੰਮਦੇ ਇਸੇ ਗੇੜ ਵਿਚ ਫਸੇ ਦੁਖ ਭਰਦੇ ਦੇਖਕੇ ਪਹਿਲਾਂ ਕਾਰਣ ਦੱਸਦੇ ਹਨ, ਫੇਰ ਉਨ੍ਹਾਂ ਲਈ ਪਸੀਜਕੇ ਅਰਦਾਸ ਕਰਦੇ ਹਨ। ਕਾਰਣ ਇਹ ਦੱਸਦੇ ਹਨ ਕਿ ਇਨ੍ਹਾਂ ਦੇ ਅੰਦਰ ਹਉਮੈ ਹੈ। ਹਉਮੈ ਹੈ 'ਮੈਂ+ਮੇਰੀ'। 'ਮੇਰੀ' ਤ੍ਰਿਸ਼ਨਾ ਦਾ ਰੂਪ ਲੈਂਦੀ ਹੈ, ਤ੍ਰਿਸ਼ਨਾ ਕੂੜੇ ਪਦਾਰਥਾਂ ਤੇ ਸਨਬੰਧਾਂ ਦੀ ਹੁੰਦੀ ਹੈ, ਇਸ ਕਰਕੇ ਇਸ ਦਾ ਮੂਲ ਕਾਰਣ ਹਉਮੈ-ਬੀ ਕੂੜ ਹੈ। ਕੂੜ ਵਿਚ ਮੱਤਾ ਕੂੜ ਵਿਚ ਰਹੇਗਾ। ਕੂੜ ਵਿਚ ਰਹਿਣਾ ਜੰਮਣ ਮਰਣ ਦੇ ਗੇੜ ਵਿਚ ਰਹਿਣਾ ਹੈ। ਪਰ ਉਹ ਜੋ ਅੰਦਰ ਬਾਹਰ ਵਯਾਪਕ ਹੈ ਉਹ ਸੱਚ ਹੈ। ਹਉਮੈ ਰਾਤਾ, ਤ੍ਰਿਸ਼ਨਾ ਕੁੱਠਾ ਉਸ ਨੇੜੇ ਤੋਂ ਨੇੜੇ ਵਸਦੇ ਸੱਤਯ ਸਰੂਪ ਨੂੰ ਨਹੀਂ ਪਛਾਣਦਾ ਉਸ ਨੂੰ ਦੂਰ ਸਮਝਦਾ ਹੈ, ਇਸ ਕਰਕੇ 'ਆਵਹਿ ਵੰਞਹਿ' ਵਿਚ ਰਹਿੰਦਾ ਹੈ। ਐਸਾ ਇਕ ਨਹੀਂ ਪੂਰਾਂ ਦੇ ਪੂਰ ਹਨ ਜੋ ਪਰਮੇਸ਼ੁਰ ਦੀ ਭਗਤੀ ਤੇ ਭਗਤੀ ਦੇ ਮੂਲ ਰੁਕਨ ਨਾਮ ਤੋਂ ਸੱਖਣੇ ਮਰ ਜੰਮ ਰਹੇ ਹਨ। ਅੰਕ ੪ ਵਿਚ ਦੱਸਦੇ ਹਨ ਕਿ ਜਨਮ ਮਰਨ ਵਿਚ ਜੋ ਜਮ ਪੀੜਾ ਸਹਿਣੀ ਪੈਂਦੀ ਹੈ, ਮਹਾਨ ਸਖਤ ਤੇ ਭਯਾਨਕ ਹੈ। ਉਸ ਦੀ ਕਰੜਾਈ ਤੇ ਭਯਾਨਕਤਾ ਦੇਖਕੇ ਜੀਵਾਂ ਤੇ ਤਰਸ ਖਾਂਦੇ ਹਨ ਤੇ ਅਰਦਾਸ ਕਰਦੇ ਹਨ ਕਿ ਆਪਣੀ ਕਿਰਪਾ ਕਰਕੇ ਇਨ੍ਹਾਂ ਜੀਆ ਜੰਤਾਂ ਤੇ ਮੇਹਰ ਕਰੋ ਤੇ ਇਨ੍ਹਾਂ ਨੂੰ ਬਚਾ ਲਵੋ ਜੋ ਆਪ ਦੀ ਸ਼ਰਣ ਆਕੇ ਦੁਖਾਂ ਕਲੇਸ਼ਾਂ, ਆਵਾਗਵਨ ਤੋਂ ਛੁਟ ਜਾਣ। ਅੰਤਲੀ ਤੁਕ ਵਿਚ ਅਰਦਾਸ ਉੱਤਮ ਪੁਰਖ ਵਿਚ ਹੈ, ਹੈ ਸਾਡੇ ਲਈ, ਪਰ ਆਪਣੇ ਲਈ ਕਰਕੇ ਮੰਗਦੇ ਹਨ, ਪਦ ਵਰਤਦੇ ਹਨ ਵਿਸਰਉ (=ਵਿਸਰਉਂ=) ਮੈਂ ਨਾ ਵਿਸਰਾਂ, ਕਿ ਹੇ ਹਰੀ ਮਇਆ ਕਰੋ, ਰਹਿਮਤ ਕਰੋ ਕਿ ਮੈਂ ਨਾਮ ਨੂੰ ਨਾ ਵਿਸਰਾਂ।

ਨਿਰੁਕ੍ਰ-ਸਹਜਿ-ਸਹਜ ਨਾਲ। ਐਸੇ ਤ੍ਰੀਕੇ ਨਾਲ ਜੋ ਕੁਦਰਤੀ ਤੌਰ ਤੇ ਆਪੇ ਪਰਸਪਰ ਅਨਕੂਲਤਾ ਵਿਚ ਸੁਤੇ ਸਿਧ ਵਰਤੇ, ਤੇ ਸ਼ਕਤੀਆਂ ਐਸੀਆਂ ਪਾਈਆਂ ਕਿ ਉਹ ਮੁਕੰਮਲ ਹੋ ਗਿਆ ਤੇ ਵਿਚ ਆਪਣੀ ਜਯੋਤਿ ਧਰ ਦਿੱਤੀ।

ਅੰਤਰਿ-ਤੋਂ ਭਾਵ ਸੁਤੇ ਹੀ 'ਅੰਦਰ ਰਖੋ' ਹੈ, ਪਰ ਉਰ ਧਾਰ ਕਹਿਣ ਤੋਂ ਭਾਵ ਹੈ ਕਿ ਅੰਦਰ ਡੂੰਘੇ ਦਿਲ ਵਿਚ ਧਾਰਨ ਕਰੋ।

ਪਸੁ ਨਾਪਾਕੁ-ਨਾਪਾਕ ਪਸੂ। ਅਪਵਿਤ੍ਰ ਜਾਨਵਰ। ਜੈਸਾ ਕਿ ਕਾਂ, ਕੁੱਤਾ, ਸੂਰ, ਗਿਰਝਾਂ ਆਦਿ ਨਾਪਾਕ ਸਮਝੇ ਜਾਂਦੇ ਹਨ। ਭਾਵ ਅਪਵਿਤ੍ਰ ਅਰ ਮੂਰਖ ਹੈ।

ਬਿਕਟ-(ਸੰਸ:, ਵਿਕਟ) ਵਿਕਰਾਲ, ਭਯਾਨਕ। ਔਖਾ, ਕਠਿਨ। ਜੋ ਸਾਧਿਆ ਨਾ ਜਾ ਸਕੇ।

ਭਇਆ-(ਸੰਸ:, ਭਯੰ) ਡਰ। (੨) ਭਇਆ ਦਾ ਅਰਥ 'ਜਮ ਬਹੁਤ ਭਯਾਨਕ ਹੋ ਗਿਆ ਹੈ' ਬੀ ਕਰਦੇ ਹਨ। ਪਰ ਜਮ ਤਾਂ ਹੈ ਹੀ ਵਿਕਟ। ਹੋ ਗਿਆ ਤਾਂ ਹੋਵੇ ਜੇ ਪਹਿਲੋਂ ਵਿਕਟ ਨਹੀਂ ਸੀ ਤਾਂ। (੩) ਐਉਂ ਬੀ ਲਾਉਂਦੇ ਹਨ-ਜਦੋਂ ਭਯਾਨਕ ਜਮ (ਆ ਪ੍ਰਾਪਤ) ਹੋਇਆ ਤਦ ਪ੍ਰਭੂ ਬਿਨਾਂ ਰਖਵਾਲਾ ਕੋਈ ਨਹੀਂ ਹੁੰਦਾ।

(ਸਿਰੀ ਰਾਗੁ ਮਹਲਾ ੫, ਚਉਪਦਾ-੮੫)

ਪ੍ਰਾਕ੍ਥਨ-ਨਾਮ ਸਿਮਰਣ ਨਾਲ ਏਥੇ ਵਡਿਆਈ ਅਗੇ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ। ਸੰਸਾਰਕ ਐਸ਼੍ਵਰਜ ਤੇ ਭੋਗਾਂ ਦੇ ਸਾਮਾਨ ਕਿਤੇ ਕੰਮ ਨਹੀਂ ਆਉਂਦੇ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥ ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ ॥ ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥੧॥	(ਹੇ ਜੀਵ! ਹੁਣ ਤੂੰ ਹਉਂ ਭਰਿਆ ਆਖਦਾ ਹੈਂ ਕਿ) ਸਰੀਰ ਮੇਰਾ ਹੈ ਤੇ ਧਨ ਮੇਰਾ ਹੈ, ਮੇਰਾ ਰਾਜ ਹੈ, (ਮੇਰਾ) ਦੇਸ ਹੈ, ਮੇਰਾ ਰੂਪ ਹੈ। (ਮੇਰੇ) ਪੁਤ੍ਰ ਹਨ, ਵਹੁਟੀ ਹੈ, (ਹੋਰ) ਅਨੇਕਾਂ ਇਸਤ੍ਰੀਆਂ ਹਨ, (ਕਈ ਤਰ੍ਹਾਂ) ਦੇ ਲਿਬਾਸ ਹਨ (ਜਿਨ੍ਹਾਂ ਕਰਕੇ) ਅਨੇਕ ਤਰ੍ਹਾਂ ਦੇ (ਰੰਗ=) ਆਨੰਦ (ਮਾਣਦਾ ਹਾਂ)। (ਪਰ ਇਹ ਸਾਰਾ ਕੁਛ ਕਿਸੇ) ਲੇਖੇ ਨਹੀਂ (ਪਰਲੋਕ ਵਿਚ ਏਹ) ਕਿਸੇ ਕੰਮ ਵਿਚ ਨਹੀਂ ਆਉਣੇ (ਭਾਵ ਇਨ੍ਹਾਂ ਦਾ ਤੇਰੇ ਪਾਸ ਹੋਣ ਦਾ ਕੋਈ ਅਸਲੀ ਤੇ ਪਾਰਲੌਕਿਕ ਲਾਭ ਨਹੀਂ ਹੈ, ਕਿਉਂਕਿ ਤੇਰੇ) ਮਨ ਵਿਚ ਹਰੀ ਨਾਮ ਨਹੀਂ ਵਸ ਰਿਹਾ॥੧॥
ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥੧॥ ਰਹਾਉ ॥	(ਜਗਤ ਦੀ ਇਹ ਦਸ਼ਾ ਦੇਖਕੇ) ਹੇ ਮੇਰੇ ਮਨ! ਹਰੀ ਦਾ (ਹਾਂ) ਹਰੀ ਦਾ ਨਾਮੁ ਧਿਆਇ। (ਇਸ ਦੀ ਕਾਯਮੀ ਲਈ) ਨਿੱਤ ਸਾਧੂ ਦੀ ਸੰਗਤ ਕਰ (ਤੇ ਇਸ ਦੀ ਪ੍ਰਾਪਤੀ ਲਈ) ਗੁਰੂ ਦੀ ਚਰਨੀਂ ਚਿਤ ਲਗਾ॥੧॥ ਰਹਾਉ॥
ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥ ਕਾਰਜ	(ਤਾਂ ਤੇ ਹੇ ਭਾਈ! ਤੂੰ ਬੀ ਸਮਝ ਲੈ ਕਿ) ਜੇ ਮੱਥੇ ਤੇ ਭਾਗ ਹੋਵੇ ਤਾਂ ਨਾਮ (ਜੋ ਸਰਬ ਸੁਖਾਂ ਦਾ) ਖਜ਼ਾਨਾ ਹੈ ਸਿਮਰੀਦਾ ਹੈ (ਅਤੇ) ਗੁਰੂ ਦੀ ਚਰਨੀਂ ਲਗ ਜਾਈਏ (ਤਾਂ) ਸਾਰੇ ਕਾਰਜ

ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥ ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥

ਸੰਵਾਰ ਲਈਦੇ ਹਨ। (ਇਉਂ) ਹਉਮੈ ਦਾ ਰੋਗ (ਤੇ ਮਨ ਦਾ) ਭ੍ਰਮ ਕੱਟੀਦਾ ਹੈ, (ਫਿਰ ਇਹ ਜੀਵ ਆਵਾ ਗਵਨ ਵਿਚ) ਨਹੀਂ ਆਉਂਦਾ ਤੇ ਨਾਂ ਹੀ ਜਾਵੇਗਾ॥੨॥

ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥ ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥੩॥

(ਸੋ ਹੇ ਭਾਈ!) ਤੂੰ ਸਾਧੂ ਦੀ ਸੰਗਤਿ ਕਰ (ਇਹ ਹੈ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨਾ। (ਇਸ ਨਾਲ) ਜੀਵ ਤੇ ਪ੍ਰਾਣ, ਮਨ ਤੇ ਤਨ (ਸਭ) ਤਰੋਤਾਜ਼ਾ ਰਹਿਣਗੇ, ਸੱਚਾ ਲਾਹਾ ਇਹੋ ਹੈ। (ਕਿਉਂਕਿ ਇਸ ਨਾਲ) ਇਸ ਲੋਕ ਵਿਚ ਵਡਿਆਈਆਂ ਮਿਲਣਗੀਆਂ ਤੇ ਅੱਗੇ (ਸਾਈਂ ਦੇ) ਦਰਬਾਰ ਵਿਚ ਠਿਕਾਣਾ ਮਿਲੇਗਾ॥੩॥

ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥ ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ॥੪॥੧੫॥੮੫॥

(ਹੁਣ ਵਾਹਿਗੁਰੂ ਜੀ ਦੀ ਸਰਬ ਸਮਰੱਥਾ ਦਾ ਵਰਣਨ ਕਰਦੇ ਹਨ) ਸਭ ਕੁਛ ਪ੍ਰਭੂ ਦੇ (ਆਪਣੇ) ਹਥਿ ਵਿਚ ਹੈ, ਆਪ ਹੀ ਓਹ ਸਭ ਕੁਛ ਕਰਦਾ ਤੇ ਕਰਾਉਂਦਾ ਹੈ। (ਮਾਨੁਖ ਦੇ) ਅੰਦਰ ਬਾਹਰ (ਸਦਾ) ਨਾਲ ਰਹਿੰਦਾ ਹੈ, (ਆਪੇ) ਮਾਰਦਾ ਆਪੇ ਜੀਵਾਉਂਦਾ ਹੈ। (ਇਸ ਲਈ) ਹੇ ਨਾਨਕ! (ਮੈਂ ਉਸ) ਸਰਬ ਘਟਾਂ ਦੇ ਨਾਥ ਪ੍ਰਭੂ ਦੀ ਸ਼ਰਣ ਆਇਆ ਹਾਂ॥੪॥੧੫॥੮੫

ਵਯਾਖਯਾ–ਮਨੁਖ ਰਾਜ, ਐਸ਼੍ਵਰਜ, ਰੂਪ, ਪਦਾਰਥ, ਸਨਬੰਧੀ ਅਤੇ ਭੋਗ ਦੇ ਸਾਮਾਨਾਂ ਨੂੰ 'ਮੇਰੇ' ਤੇ ਸਦੈਵੀ ਸਮਝਕੇ ਗ਼ਾਫ਼ਲ ਰਹਿੰਦਾ ਹੈ। ਏਹ ਕਿਸੇ ਕੰਮ ਨਹੀਂ ਆਉਂਦੇ। ਅੱਗੇ ਜਾਕੇ ਵਡਿਆਈ ਨਾਮ ਵਾਲੇ ਨੂੰ ਮਿਲਦੀ ਹੈ। ਭੋਗੀ ਨੂੰ ਏਥੇ ਬਦਨਾਮੀ ਅਗੇ ਦੁੱਖ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਸਤਿਸੰਗ ਕਰ, ਗੁਰੂ ਨੂੰ ਮਿਲ, ਨਾਮ ਨੂੰ ਪ੍ਰਾਪਤ ਹੋ ਤੇ ਧਿਆਉ। ਇਸ ਨਾਲ ਤੇਰਾ ਮਨ ਤਨ ਪ੍ਰਾਣ ਆਤਮਾ ਹਰੇ ਰਹਿਣਗੇ, ਭਾਵ ਪ੍ਰਫੁੱਲਤ ਰਹਿਣਗੇ, ਖੇੜੇ ਤੇ ਆਏ ਬੂਟੇ ਵਾਂਙੂ। ਅੰਦਰ ਪ੍ਰਤੀਤੀ ਤਰੋਤਾਜ਼ਗੀ ਦੀ ਰਹੇਗੀ। ਜਗਤ ਵਿਚ ਸ਼ੋਭਾ ਹੋਵੇਗੀ, ਅਗੇ ਦਰਗਾਹ ਵਿਚ ਥਾਂ ਲੱਭੇਗੀ। ਕਿਉਂਕਿ ਇਸ ਨਾਲ ਹਉਮੈ ਦਾ ਰੋਗ ਦੂਰ ਹੋਕੇ ਆਤਮ ਅਰੋਗਤਾ ਪ੍ਰਾਪਤ ਹੋ ਜਾਂਦੀ ਹੈ।

ਨਿਰੁਕ੍ਤ–ਸੁਤ ਦਾਰਾ ਬਨਿਤਾ ਅਨੇਕ–ਪੁਤ੍ਰ, ਵਹੁਟੀ ਤੇ ਅਨੇਕ ਇਸਤ੍ਰੀਆਂ। ਭਾਵ ਹੈ ਇਕ ਤੋਂ ਵਧੀਕ ਵਹੁਟੀਆਂ। ਪਰ ਕਈ ਸੱਜਣ ਸੁਤ ਦਾਰਾ ਦਾ ਅਰਥ ਪੁੱਤ੍ਰ ਦੀ ਵਹੁਟੀ (=ਨੋਂਹ) ਕਰਦੇ ਹਨ; ਫਿਰ ਬੀ 'ਬਨਿਤਾ ਅਨੇਕ' ਬਹੁਤੀਆਂ ਵਹੁਟੀਆਂ ਹੀ ਅਰਥ ਰਹਿੰਦਾ ਹੈ।

ਵੇਸ–ਕੱਪੜੇ। ਲਿਬਾਸ, ਪਹਿਨਾਉਣੀਆਂ।

ਰੰਗ–ਆਨੰਦ। ਸੁਆਦ। ਦੇਖੋ ਰੰਗਿ ਪਸਾਉ ਸਫਾ ੨੨੫।

(ਸਿਰੀ ਰਾਗੁ ਮਹਲਾ ੫, ਚਉਪਦਾ-੮੬)

ਪ੍ਰਾਕ੍ਥਨ–ਪਿਛਲੇ ਸ਼ਬਦ ਵਿਚ ਕਥੀ 'ਸ਼ਰਣ' ਦੇ ਲੈਣ ਦਾ ਵੇਰਵਾ ਇਸ ਸ਼ਬਦ ਵਿਚ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥ ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥੧॥	(ਜਦੋਂ) ਗੁਰੂ ਕਿਰਪਾਲੂ ਹੋ ਗਿਆ (ਤਾਂ ਉਸਦੀ ਮੇਹਰ ਨਾਲ) ਆਪਣੇ ਪ੍ਰਭੂ ਦੀ ਸ਼ਰਣੀ ਪੈ ਗਏ, (ਐਸ ਤਰ੍ਹਾਂ ਕਿ) ਸਤਿਗੁਰੂ ਦੇ ਉਪਦੇਸ਼ ਦਿਤੇ ਜਾਣ ਨਾਲ ਸਾਰੇ ਬੰਧਨ ਦੂਰ ਹੋ ਗਏ। (ਬੰਧਨ ਐਉਂ ਦੂਰ ਹੋਏ ਕਿ) 'ਅੰਦਰੁ' (ਭਾਵ ਮਨ) ਰਾਮ ਦੇ ਨਾਮ ਵਿਚ ਲੱਗ ਗਿਆ (ਤੇ ਉਸ ਗੁਰੂ ਦੀ) ਅਮਰ ਕਰਨੇ ਵਾਲੀ ਨਜ਼ਰ ਨਾਲ ਕ੍ਰਿਤਾਰਥ ਹੋ ਗਏ ॥੧॥
ਮਨ ਮੇਰੇ ਸਤਿਗੁਰ ਸੇਵਾ ਸਾਰੁ ॥ ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥੧॥ ਰਹਾਉ ॥	(ਤਾਂ ਤੇ) ਹੇ ਮੇਰੇ ਮਨ! ਸਤਿਗੁਰੂ ਦੀ ਸੇਵਾ (ਨੂੰ) ਸੰਭਾਲੀ ਰੱਖ; (ਜੋ ਉਸਦੀ ਸੰਗਤਿ ਦੇ ਪ੍ਰਤਾਪ ਕਰਕੇ) ਪ੍ਰਭੂ ਤੇਰੇ ਤੇ ਆਪਣੀ ਦਇਆ ਕਰੇ (ਜੋ ਤੂੰ) ਇਕ ਨਿਮਖ ਲਈ (ਉਸਨੂੰ) ਮਨੋਂ ਵਿਸਾਰੇਂ ਨਾ॥੧॥ਰਹਾਉ॥
ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥ ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥੨॥	(ਨਾਮ ਦੇ ਨਾਲ) ਗੋਬਿੰਦ ਦੇ ਗੁਣ ਗਾਵੀਏ (ਇਹ ਗੁਣ ਗਾਇਨ) ਅਵਗੁਣਾਂ ਦੀ (ਮੈਲ ਨੂੰ) ਕੱਟਣੇ ਵਾਲਾ ਹੈ। (ਸੋ ਦੁਇ ਕੰਮ ਕਰ, ਕਿਉਂਕਿ) ਹਰੀ ਨਾਮ (ਆਰਾਧੇ) ਬਿਨਾ (ਆਤਮ-) ਸੁਖ ਨਹੀਂ ਹੁੰਦਾ, (ਇਨ੍ਹਾਂ ਸਾਧਨਾਂ ਦੇ) ਕਈ ਵਿਸਥਾਰ ਕਰਕੇ ਵੇਖੇ ਹੋਏ ਹਨ। (ਤੇ ਸਾਂਈਂ ਦੀਆਂ) ਸਿਫਤਾਂ ਵਿਚ ਸਹਜੇ ਰਚੇ ਰਿਹਾਂ ਸੰਸਾਰ ਸਾਗਰ ਤੋਂ ਤਰ ਜਾਈਦਾ ਹੈ (ਭਾਵ ਇਸ ਹਉਮੈ ਦੇ ਡੂੰਗ ਡੋਬਦੇ ਨਹੀਂ:- **ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥**) (ਸੁਖਮਨੀ ੧੯-੭)
ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥	(ਪ੍ਰਸ਼ਨ: ਕੀ ਤੀਰਥ ਯਾਤ੍ਰਾ ਤੇ ਬ੍ਰਤਿ ਆਦਿ ਹੋਰ ਸੰਜਮ ਨਹੀਂ ਲੋੜੀਦੇ? ਉੱਤਰ:) ਤੀਰਥ, ਬ੍ਰਤਿ ਤੇ ਲੱਖਾਂ ਸੰਜਮ ਸਾਧੂ ਦੀ ਧੂੜੀ ਵਿਚ ਪ੍ਰਾਪਤ ਹੋ ਜਾਂਦੇ ਹਨ। (ਭਾਵ ਸਾਧੂ ਦੀ ਸੰਗਤਿ ਵਿਚ ਓਹ ਫਲ ਮਿਲ ਜਾਂਦੇ ਹਨ ਜੋ ਕਿ ਤੀਰਥਾਂ ਬ੍ਰਤਾਂ ਤੇ ਸੰਜਮਾਂ ਦੇ ਮੰਨੇ ਗਏ ਹਨ)। (ਪ੍ਰਸ਼ਨ: ਕੀਕੂੰ? ਉੱਤਰ:) (ਨਾਮੀ ਪੁਰਖ ਸਮਝ ਲੈਂਦਾ ਹੈ ਕਿ) ਜਦ (ਵਾਹਿਗੁਰੂ) ਸਦਾ ਹਾਜ਼ਰਾ ਹਜ਼ੂਰ (ਹੈ ਤੇ) ਵੇਖ ਰਿਹਾ ਹੈ (ਸਾਡੇ
ਲੁਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥	ਕਰਮ, ਬਚਨ ਤੇ ਖਯਾਲ ਤਦ) ਲੁਕ ਕੇ ਕਿਸ ਤੋਂ (ਕਰਮ) ਕਮਾਵੇ? (ਭਾਵ ਨਾਮ ਜੀਵ ਨੂੰ ਹਜ਼ੂਰੀ ਵਿਚ ਰਖਦਾ ਹੈ, ਹਜ਼ੂਰੀ ਜਾਣਨ ਵਾਲਾ ਲੁਕ ਕੇ ਕਰਨ ਵਾਲਾ ਕੋਈ ਕੰਮ ਨਹੀਂ ਕਰ ਸਕਦਾ ਇਉਂ ਸੰਜਮ
ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥੩॥	ਆਪੇ ਹੋ ਗਿਆ। ਫਿਰ ਉਹ ਦੇਖਦਾ ਹੈ ਕਿ ਸਾਰੀਆਂ) ਥਾਵਾਂ ਤੇ ਥਾਵਾਂ ਦੇ ਅੰਤਰਗਤਿ ਮੇਰਾ ਪ੍ਰਭੂ ਭਰਪੂਰ ਹੋ ਰਿਹਾ ਹੈ (ਤਾਂ ਇਸ ਦ੍ਰਿਸ਼ਟੀ ਨਾਲ ਉਹ ਇਸ਼ਨਾਨਾਂ ਤੇ ਬ੍ਰਤਾਂ ਦੀ ਉੱਜਲਤਾ ਨਾਲੋਂ ਇਲਾਹੀ ਉੱਜਲਤਾ ਆਪਣੇ ਵਿਚ ਪ੍ਰਤੀਤ ਕਰਦਾ ਹੈ। ਸੋ ਇਸ਼ਨਾਨ ਤੇ ਬ੍ਰਤ ਹੋ ਗਏ)॥੩॥

ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥ ੪॥੧੬॥੮੬॥	(ਉਸ ਪ੍ਰਭੂ ਦੀ) ਪਾਤਸ਼ਾਹੀ (ਰਾਜ) ਸੱਚੀ ਹੈ, (ਉਸ ਦਾ) ਹੁਕਮ ਸਚਾ ਹੈ, ਤੇ ਸੱਚਾ ਹੈ (ਉਸ) ਸੱਚੇ ਦਾ ਅਸਥਾਨ (ਭਾਵ ਸਚ ਖੰਡ)। (ਉਸਨੇ ਆਪਣੀ) ਕੁਦਰਤ (ਬੀ) ਜੋ ਧਾਰਨ ਕੀਤੀ ਹੋਈ ਹੈ ਸੱਚੀ ਹੈ, (ਤੇ ਜੋ) ਜਗਤ (ਉਸਨੇ) ਰਚਿਆ ਹੋਇਆ ਹੈ ਉਹ ਬੀ ਸੱਚ ਹੈ। (ਇਸ ਲਈ) ਹੇ ਨਾਨਕ! (ਉਸ ਸੱਚੇ ਦੇ) ਸੱਚ ਨਾਮ ਨੂੰ ਜਪੀਏ (ਹਾਂ ਜਪ ਜਪ ਕੇ ਮੈਂ ਉਸ ਨਾਮੀ ਤੋਂ) ਸਦਾ ਸਦਾ ਸਦਕੇ (ਹੁੰਦਾ ਰਹਿੰਦਾ ਹਾਂ)॥੪॥੧੬॥੮੬॥

ਵਯਾਖਯਾ-ਪਹਿਲੇ ਅੰਕ ਵਿਚ ਤੇ ਰਹਾਉ ਵਿਚ ਸਤਿਗੁਰ ਦੇ ਉਪਦੇਸ਼ ਅਤੇ ਅੰਮ੍ਰਿਤ ਦ੍ਰਿਸ਼ਟੀ ਦਾ ਫਲ ਦੱਸਦੇ ਹਨ। 'ਬੰਧਨਾਂ ਦਾ ਛੁੱਟਣਾ ਤੇ ਹਿਰਦੇ ਵਿਚ ਨਾਮ ਦਾ ਪ੍ਰਵੇਸ਼' ਇਹ ਪ੍ਰਾਪਤੀ ਗੁਰੂ ਦੀ ਸ਼ਰਣ ਪਿਆਂ ਹੁੰਦੀ ਹੈ। ਨਾਲ ਈਸ਼੍ਵਰ ਕਿਰਪਾ ਦੀ ਲੋੜ ਦੱਸੀ ਹੈ। ਅੰਕ ੨ ਵਿਚ ਨਾਮ ਦੇ ਨਾਲ ਹਰੀ ਕੀਰਤਨ ਦਾ ਉਪਦੇਸ਼ ਹੈ। ਨਾਮ ਤੇ ਸਿਫਤਾਂ ਵਿਚ ਸਹਿਜ ਭਾਵ ਨਾਲ ਰਚਿਆਂ ਸੰਸਾਰ ਸਾਗਰ ਤਰ ਜਾਈਦਾ ਹੈ। ਅੰਕ ੩ ਵਿਚ ਨਾਮ ਤੋਂ ਛੁਟ ਤੀਰਥ, ਬ੍ਰਤ, ਇੰਦ੍ਰਿਆਂ ਨੂੰ ਨਿਗ੍ਰਹ ਕਰਨ ਆਦਿ ਦੇ ਹੋਰ ਸਾਧਨਾਂ ਦੀ ਥਾਂ ਬੀ ਨਾਮ ਨੂੰ ਹੀ ਪ੍ਰਤਿਪਾਦਨ ਕਰਦੇ ਹਨ, ਜਿਸ ਦੀ ਪ੍ਰਾਪਤੀ ਸਤਿਸੰਗ ਤੋਂ ਹੈ। ਉਸ ਦਾ ਵੇਰਵਾ ਦੱਸਦੇ ਹਨ ਕਿ ਨਾਮੀ ਪੁਰਖ ਪ੍ਰਭੂ ਨੂੰ ਪਰੀਪੂਰਣ ਤੇ ਵਿਆਪਕ ਵੇਖਦਾ ਹੈ। ਇਉਂ ਉਹ ਹਜ਼ੂਰੀ ਵਿਚ ਵਸਦਾ ਹੈ। ਜੋ ਪ੍ਰਭੂ ਨੂੰ ਹਾਜ਼ਰਾ ਹਜ਼ੂਰ ਜਾਣਦਾ ਹੈ ਉਹ ਲੁਕ ਕੇ ਕਮਾਉਣੇ ਵਾਲੇ ਕਰਮ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਮੇਰਾ ਭਰਪੂਰ ਪ੍ਰਭੂ ਦੇਖ ਰਿਹਾ ਹੈ ਤੇ ਜੋ ਫਲ ਹਠ ਨਿਗ੍ਰਹੁ ਆਦਿ ਦੇ ਲਿਖੇ ਹਨ ਓਹਨਾਂ ਦੀ ਥਾਂ ਹਜ਼ੂਰੀ ਦੀ ਪ੍ਰਤੀਤੀ ਹਰ ਵੇਲੇ ਸੁਖੀ, ਪਰਫੁੱਲਤ ਤੇ ਖੇੜੇ ਵਿਚ ਰੱਖਦੀ ਹੈ, ਸੋ ਕਿਸੇ ਹਠ ਕਰਮ ਦੀ ਲੋੜ ਨਹੀਂ। ਅੰਕ ੪ ਵਿਚ ਉਸ ਪ੍ਰਭੂ ਦੀ ਵਿਆਪਕਤਾ ਤੇ ਹਜ਼ੂਰੀ ਦੀ ਲੱਖਤਾ ਦੇ ਫਲ ਦਰਸਾਕੇ, ਹੋਰ ਗੁਣ ਦੱਸਦੇ ਹਨ- ਉਹ ਸਦਾ ਸਤਜ ਹੈ, ਸਤਜ ਉਸ ਦਾ ਸਰੂਪ ਹੈ, ਉਸ ਦਾ ਹੁਕਮ, ਉਸ ਦਾ ਐਸ਼੍ਵਰਜ, ਉਸ ਦਾ ਸਚਖੰਡ-ਨਿਵਾਸ ਸਥਾਨ-ਸਭ ਸੱਚੇ ਹਨ ਫਿਰ ਜੋ ਕੁਦਰਤ ਧਾਰਨ ਕੀਤੀ ਤੇ ਜਗਤ ਰਚਿਆ ਉਹ ਬੀ ਸੱਚ ਹੈ। ਇਹ ਕਹਿਕੇ ਫੇਰ ਥੂਣੀ ਖੰਡਨ ਨਿਆਇ ਵਾਂਙੂ ਨਾਮ ਦ੍ਰਿੜ ਕਰਾਇਆ ਕਿ ਉਸ ਸੱਚੇ ਦਾ ਸਭ ਕੁਛ ਸੱਚਾ ਹੈ, ਨਾਮ ਬੀ ਸੱਚਾ ਹੈ, ਤਾਂਤੇ ਸੱਚੇ ਨੂੰ ਮਿਲਾਉਣ ਵਾਸਤੇ ਸੱਚਾ ਨਾਮ ਹੀ ਠੀਕ ਤੇ ਸੁਗਮ ਰਸਤਾ ਹੈ। ਇਹ ਨਾਮ ਸਿਮਰੋ ਤੇ ਨਾਮੀ ਤੋਂ ਸਦਾ ਪਯਾਰ ਭਾਵ ਨਾਲ ਵਾਰਨੇ ਹੁੰਦੇ ਰਹੋ।

ਹੁਣ ਇਹ ਸ਼ੰਕਾ ਫੁਰਦੀ ਹੈ ਕਿ ਆਪ ਤਾਂ 'ਸੱਚ' ਹੈ, ਪਰ ਕੁਦਰਤ ਤੇ ਜਹਾਨ ਤਾਂ ਸੱਚ ਨਹੀਂ, ਉਹ ਤਾਂ 'ਕੂੜੁ ਸਭੁ ਸੰਸਾਰੁ' ਹੈ। ਇਸ ਦਾ ਉੱਤਰ ਗੁਰੂ ਨਾਨਕ ਦੇਵ ਜੀ ਨੇ ਓਥੇ ਆਸਾ ਦੀ ਵਾਰ ਵਿਚ ਦਿੱਤਾ ਹੋਇਆ ਹੈ, ਜਿਥੇ ਦੱਸਿਆ ਹੈ-ਸਚੇ ਤੇਰੇ ਖੰਡ ਸਚੇ ਬ੍ਰਹਮੰਡ॥' ਓਥੇ ਦੱਸਿਆ ਹੈ ਕਿ- 'ਸਚੈ ਸਭਿ ਤਾਣਿ ਸਚੈ ਸਭਿ ਜੋਰਿ॥' (ਵਾਰ ਆਸਾ ਮ: ੧-੨) ਅਰਥਾਤ ਇਹ ਸਭ ਇਸ ਕਰਕੇ ਸਚੇ ਹਨ ਕਿ ਤੇਰੇ ਤਾਣ ਤੇ ਤੇਰੇ ਜੋਰ ਕਰਕੇ ਬਣੇ ਤੇ ਕਾਯਮ ਹਨ। ਤੈਥੋਂ ਬਿਨਾਂ ਇਹ ਸ੍ਵਯੰ ਸੱਚੇ ਨਹੀਂ ਹਨ।

ਨਿਰੁਕ੍ਰ-ਉਪਦੇਸਿਐ-ਉਪਦੇਸ਼ ਦਿੱਤੇ ਜਾਣ ਨਾਲ। ਸਤਿਗੁਰੂ ਦੇ ਉਪਦੇਸ਼ ਦਿੱਤੇ ਜਾਣ ਨਾਲ। **ਅੰਮ੍ਰਿਤ ਨਦਰਿ ਨਿਹਾਲੁ**-ਵਿਸ਼ਯ ਗੁਰੂ ਸ਼ਰਣ ਦਾ ਚਲ ਰਿਹਾ ਹੈ। ਪ੍ਰਸੰਗਕ ਅਰਥ ਇਹੀ ਹੈ ਜੋ ਉਪਰ ਕੀਤਾ ਹੈ। (ਅ) ਕਈ ਸਜਣ ਐਉਂ ਬੀ ਕਰਦੇ ਹਨ ਕਿ ਰਾਮ ਨਾਮ ਅੰਦਰ ਲਗੇ ਦਾ ਫਲ ਹੋਇਆ ਕਿ ਆਪਣੀ ਗਯਾਨ ਦ੍ਰਿਸ਼ਟੀ ਨਾਲ ਉਹ ਪ੍ਰਭੂ ਵੇਖ ਲਿਆ। ਨਿਹਾਲੁ=ਦੇਖਣਾ। (ੲ) ਆਪਣੀ ਅੰਮ੍ਰਿਤ ਦ੍ਰਿਸ਼ਟੀ ਨਾਲ ਪ੍ਰਭੂ ਨੇ ਨਿਹਾਲ ਕਰ ਦਿੱਤਾ।

ਸੰਜਮ-ਰੋਕ, ਇੰਦ੍ਰਿਆਂ ਨੂੰ ਰੋਕਣਾ। ਦੇਖੋ ਪੰਨਾ ੨੦੨। **ਸਿਰਜਿਓਨੁ**-ਉਸ (ਪ੍ਰਭੂ) ਨੇ ਰਚਿਆ

(ਸਿਰੀ ਰਾਗੁ ਮਹਲਾ ੫, ਚਉਪਦਾ-੮੭)

ਪ੍ਰਾਕ੍ਰਥਨ-ਹੁਣ ਇਸ ਸ਼ਬਦ ਵਿਚ ਉੱਦਮ ਤੇ ਵਡਭਾਗ ਦੋਹਾਂ ਨੂੰ ਰਲਾਕੇ ਸਤਿਸੰਗ ਕਰਨਾ ਤੇ ਨਾਮ ਜਪਣਾ ਦੱਸਕੇ ਇਸ ਦਾ ਫਲ ਨਿਰੂਪਣ ਕਰਦੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥	ਉਦਮ ਕਰਕੇ ਹਰਿ (ਨਾਮ) ਨੂੰ ਜਪਣਾ (ਇਹ) ਧਨ (ਹਰਿ ਧਨ ਹੈ ਇਸ ਨੂੰ) ਵਡੇ ਭਾਗਾਂ ਨਾਲ ਕਮਾਈਦਾ ਹੈ। (ਫੇਰ) ਸੰਤ ਦੇ ਸੰਗ ਵਿਚ ਹਰੀ ਨੂੰ ਸਿਮਰਨਾ (ਇਸ ਨਾਲ) ਜਨਮ ਜਨਮ ਦੀ (ਕਰਮ-) ਮੈਲ ਉਤਰ ਜਾਂਦੀ ਹੈ॥੧॥
ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥	ਹੇ ਮੇਰੇ ਮਨ! ਰਾਮ ਦੇ ਨਾਮ ਦੇ ਜਪ ਨੂੰ ਜਪ, (ਤਦ ਫੇਰ) ਤੂੰ ਮਨ ਦੇ ਚਾਹੇ ਫਲਾਂ ਨੂੰ ਭੋਗੇਂਗਾ ਤੇ (ਤੇਰੇ) ਸਾਰੇ ਸੋਗ ਤੇ ਸੰਤਾਪ ਮੁੱਕ ਜਾਣਗੇ ॥ਰਹਾਉ॥
ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥	ਜਿਸ ਕਰਕੇ (ਭਾਵ ਪ੍ਰਭੂ ਦੇ ਦਰਸ਼ਨਾਂ ਲਈ) ਜਨਮ ਧਾਰਿਆ ਸੀ, ਉਹ ਪ੍ਰਭੂ (ਆਪਣੇ) ਅੰਗ ਸੰਗ ਵੇਖ ਲਿਆ, (ਜਿਨ੍ਹਾਂ ਨੇ) ਉਸ ਨੂੰ ਜਲ ਵਿਚ, ਥਲ ਵਿਚ, ਧਰਤੀ ਅਕਾਸ਼ ਵਿਚ (ਸਾਰੇ) ਭਰਪੂਰ (ਵੇਖ ਲਿਆ) ਪ੍ਰਭੂ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ (ਉਨ੍ਹਾਂ ਨੂੰ) ਕ੍ਰਿਤਾਰਥ ਕਰ ਦੇਂਦਾ ਹੈ॥੨॥
ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥	(ਉਹਨਾਂ ਦਾ) ਮਨ ਤੇ ਤਨ ਨਿਰਮਲ ਹੋ ਗਿਆ ਹੈ (ਕਿਉਂਕਿ ਉਹਨਾਂ ਦੇ ਅੰਦਰ) ਸੱਚਾ ਪ੍ਰੇਮ (ਪ੍ਰਭੂ ਨਾਲ) ਲੱਗ ਗਿਆ ਹੈ, (ਹਾਂ ਜਿਨ੍ਹਾਂ ਨੇ ਐਉਂ) ਪਾਰਬ੍ਰਹਮ ਦੇ ਚਰਣ ਸੇਵੇ ਹਨ ਉਹਨਾਂ ਨੇ (ਸਮਝੋ ਕਿ) ਸਾਰੇ ਜਪ ਤੇ ਤਪ ਕਰ ਲਏ ਹਨ॥੩॥
ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥	(ਹੁਣ ਹਰੀ ਨਾਮ ਤੇ ਹਰਿ ਗੁਣ ਗਾਇਨ ਦੋਹਾਂ ਦਾ ਮੁੱਲ ਦੱਸਦੇ ਹਨ:) ਹਰੀ ਦਾ ਨਾਮ ਅੰਮ੍ਰਿਤ ਹੈ, ਰਤਨਾਂ ਜਵਾਹਿਰਾਂ ਤੇ ਮਾਣਕਾਂ (ਵਾਂਙੂ ਅਮੋਲਕ ਹੈ, ਅਤੇ) 'ਹਰੀ ਦਾ ਗੁਣ ਗਾਇਨ' ਸਹਜ ਸੁਖਾਂ (ਦੀ ਪ੍ਰਾਪਤੀ ਹੈ ਅਤੇ ਸਾਰੇ) ਰਸਾਂ ਤੇ ਆਨੰਦਾਂ (ਦਾ ਮਾਣ ਲੈਣਾਂ) ਹੈ, (ਕਹਿੰਦਾ ਹੈ) ਨਾਨਕ ਦਾਸ॥੪॥੧੭॥੮੭॥

ਵਯਾਖਯਾ-ਉੱਦਮ ਤੇ ਭਾਗਾਂ ਲਈ ਦੇਖੋ ਪਿਛੇ ਵਯਾਖਯਾ ਸ਼ਬਦ ੮੩ਵੀ, ਪੰਨਾ ੪੭੭-੭੮। ਹਰੀ ਸਿਮਰਣ ਨਾਲ ਜਨਮ ਜਨਮ ਦੇ ਕੀਤੇ ਕਰਮਾਂ ਦੀ ਮੈਲ ਕੱਟੀ ਜਾਂਦੀ ਹੈ, ਸ਼ੋਕ ਤੇ ਸੰਤਾਪ ਦੂਰ ਹੋ ਜਾਂਦੇ ਹਨ। ਫਿਰ ਤਨ ਧਾਰਨੇ ਦਾ ਕੋਈ ਕਾਰਣ ਹੈ, ਭਾਵ ਪ੍ਰਯੋਜਨ ਹੈ, ਉਹ ਹੈ ਪ੍ਰਭੂ ਦੇ ਦਰਸ਼ਨ। ਨਾਮ ਸਿਮਰਨ ਨਾਲ ਉਹ ਪ੍ਰਭੂ ਅੰਗ ਸੰਗ ਦਿੱਸਣ ਲਗ ਪੈਂਦਾ ਹੈ। ਇਨ੍ਹਾਂ ਨੈਣਾਂ ਨਾਲ ਨਹੀਂ, ਅੰਤਰ ਆਤਮੇ ਪ੍ਰਤੀਤੀ ਨਾਲ। ਫਿਰ ਉਹ ਬਾਹਰ ਜ਼ਿਮੀਂ, ਅਸਮਾਨ, ਜਲ, ਥਲ, ਵਿਚ ਵਯਾਪਕ ਪ੍ਰਤੀਤ ਦੇਣ ਲਗ ਜਾਂਦਾ ਹੈ। ਯਥਾ:-'ਅੰਤਰਿ ਬਸੇ ਬਾਹਰਿ ਭੀ ਓਹੀ[1]॥' ਓਹੀ ਕੌਣ? 'ਕਲਾ ਧਾਰਿ

[1] ਸੁਖਮਨੀ, ੨੩-੪।

ਜਿਨਿ ਸਗਲੀ ਮੋਹੀ[1]॥' ਜਦ ਵਾਹਿਗੁਰੂ ਜੀ ਦੀ ਸਾਖਜਾਤਕਾਰਤਾ ਹੋ ਗਈ ਤਾਂ ਸਾਰੇ ਰਸ, ਸਾਰੇ ਆਨੰਦ, ਸਾਰੇ ਸਹਜ ਪਦ ਦੇ ਆਨੰਦ ਆ ਗਏ; ਤੇ ਸਾਰੇ ਅਮੋਲਕ ਪਦਾਰਥਾਂ ਤੋਂ ਵਧੀਕ ਅਮੋਲਕਤਾ ਪ੍ਰਾਪਤ ਹੋ ਗਈ ਜੋ 'ਅਮੁਲ' ਦੇ ਦਰਜੇ ਤੇ ਪਹੁੰਚ ਪਏ। ਅਮੁਲ ਲਈ ਦੇਖੋ ਪਿਛੇ ਜਪੁਜੀ ਵਿਚ ਅਮੁਲ ਵਾਲੀ ਪਉੜੀ ਦੀ ਵਯਾਖਯਾ, ਇਸੇ ਪੋਥੀ ਦਾ ਪੰਨਾ ੧੨੬ ਤੋਂ ੧੨੯।

ਨਿਰੁਕ੍ਤ–ਅੰਕ ੨ ਤੋਂ ਅੰਕ ੩ ਦੇ ਅੰਤ ਤਕ ਅਸਾਂ 'ਜਿਨ੍ਹਾਂ ਨੇ' ਪਦ ਲਾਕੇ ਅਰਥ ਕੀਤੇ ਹਨ, ਇਸ ਪਦ ਦੇ ਲਾਉਣ ਲਈ ਅੰਕ ੩ ਦੀ ਅਖੀਰਲੀ ਸਤਰ ਵਿਚ ਪਦ 'ਤਿਨ ਹੀ' ਨੇ ਪ੍ਰੇਰਨਾ ਕੀਤੀ ਹੈ, ਕਿ ਅੰਕ ੨ ਤੇ ੩ ਵਿਚ ਪਦ ਜਿਨ੍ਹਾਂ ਨੇ' ਲੁਪਤੀ ਹੈ।

ਮਹੀਅਲਿ–ਮਹੀ=ਧਰਤੀ+ਅਲਿ=ਆਕਾਸ਼। ਧਰਤਿ ਆਕਾਸ਼ ਵਿਚ।

(ਸਿਰੀ ਰਾਗੁ ਮਹਲਾ ੫, ਚਉਪਦਾ-੮੮)

ਪ੍ਰਾਕ੍ਥਨ–ਅਰਥ ਸਿੱਧੀ ਲਈ ਸ਼ਾਸਤ੍ਰ, ਸ਼ਗਨ; ਪਰਮਾਰਥ ਸਿੱਧੀ ਲਈ ਸੰਜਮ ਆਦਿ ਸਾਧਨ ਕਰੀਦੇ ਹਨ। ਸਭਨਾਂ ਦੀ ਥਾਵੇਂ ਨਾਮ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥ ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥ ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥ ੧॥	ਉਹੀ ਸ਼ਾਸਤ੍ਰ (ਠੀਕ ਹੈ) ਉਹੀ ਸ਼ਗੁਨ (ਭਲਾ) ਹੈ ਜਿਸ ਦੁਆਰੇ ਹਰੀ ਦਾ ਨਾਮ ਜਪਿਆ ਜਾਵੇ। (ਧਨ, ਜਿਸ ਲਈ ਸ਼ਗਨ ਆਦਿ ਵੀਚਾਰਨੇ ਸਨ ਉਹਦੀ ਥਾਵੇਂ) ਗੁਰੂ ਨੇ ਚਰਨ ਕਮਲ ਰੂਪੀ ਧਨ ਦੇ ਦਿੱਤਾ, (ਇਸ ਨਾਲ) ਨਿਥਾਵੇਂ (ਗ਼ੀਬ ਨੂੰ) ਥਾਉਂ (ਟਿਕਾਣਾ) ਮਿਲ ਗਿਆ ਹੈ। (ਅਰਥ ਸਿਧੀ ਲਈ ਪੂੰਜੀ ਤੇ ਪਰਮਾਰਥ ਸਿਧੀ ਲਈ ਸੰਜਮ ਚਾਹੀਦਾ ਹੈ ਇਨ੍ਹਾਂ ਦੀ ਥਾਵੇਂ ਗੁਰੂ ਨੇ) ਸੱਚੀ ਪੂੰਜੀ ਤੇ ਸੱਚਾ ਸੰਜਮ ਅੱਠੇ ਪਹਿਰ (ਹਰੀ ਦੇ) ਗੁਣ ਗਾਉਣ (ਦਾ ਕੰਮ ਦੇ ਦਿੱਤਾ)। (ਐਸੇ ਪੁਰਸ਼ਾਂ ਨੂੰ) ਪ੍ਰਭੂ ਕਿਰਪਾ ਕਰਕੇ ਆ ਮਿਲਿਆ (ਉਨ੍ਹਾਂ ਦਾ ਫਿਰ) ਮਰਣ, ਜੰਮਣ ਤੇ (ਆਵਾ) ਗਵਨ ਨਾ ਰਿਹਾ॥੧॥
ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥ ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥	(ਇਹ ਕੁਛ ਸਮਝ ਕੇ) ਹੇ ਮੇਰੇ ਮਨ! ਹਰੀ ਦਾ ਭਜਨ ਕਰ ਸਦੀਵ (ਪ੍ਰੇਮ ਦੇ) ਇਕ ਰੰਗ ਵਿਚ ਰਹਿਕੇ। (ਉਹ) ਹਿਰਦੇ ਹਿਰਦੇ ਦੇ ਵਿਚ ਰਮ ਰਿਹਾ ਹੈ, ਜੀਵ ਦੇ ਅੰਗ ਸੰਗ ਰਹਿੰਦਾ ਹੈ ਤੇ ਸਦਾ ਸਹਾਈ ਹੁੰਦਾ ਹੈ॥੧॥ ਰਹਾਉ॥
ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥ ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ ਜਿਨਿ	ਜਦੋਂ ਗੋਵਿੰਦ ਨੂੰ ਸਿਮਰਦਾ ਹਾਂ (ਉਸ ਵੇਲੇ ਦੇ) ਸੁਖਾਂ ਦੀ (ਗੇਣਤੀ) ਮੇਣਤੀ ਕੀਹ ਕਰਾਂ? ਜਿਸ ਨੇ (ਉਹ ਰਸ) ਚੱਖਿਆ ਹੈ ਉਹ ਤ੍ਰਿਪਤ ਹੋ ਗਿਆ ਹੈ (ਹਾਂ, ਉਸਦੀ ਮਿਣਤੀ ਗਿਣਤੀ ਤੇ) ਸੁਆਦ ਨੂੰ ਉਹੀ ਜਿੰਦ ਜਾਣਦੀ ਹੈ (ਜੋ ਮਾਣਦੀ ਹੈ)। (ਐਸਾ)ਪ੍ਰਭੂ ਪਿਆਰ ਕਰਨੇ ਵਾਲਾ (ਅਤੇ ਭੁੱਲਾਂ) ਬਖਸ਼ਣੇ ਵਾਲਾ ਸੰਤਾਂ ਦੀ ਸੰਗਤਿ ਦੁਆਰੇ ਮਨ ਵਿਚ (ਆ)

[1] ਸੁਖਮਨੀ, ੧੮-੮।

ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥	ਵਸਦਾ ਹੈ। (ਐਉਂ ਅੰਦਰ ਵਸਾ ਕੇ) ਜਿਨ੍ਹਾਂ ਨੇ (ਉਸਦੀ) ਸੇਵਾ ਕੀਤੀ ਹੈ (ਉਸ ਨੂੰ) ਆਪਣਾ ਸੁਆਮੀ ਸਮਝ ਕੇ ਉਹੀ ਰਾਜਿਆਂ ਦਾ ਰਾਜਾ (ਹੋਇਆ ਹੈ ਭਾਵ ਪਰਮ ਵੱਡਾ ਹੋ ਗਿਆ ਹੈ)॥੨॥
ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥ ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥ ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥੩॥	ਜਿਸ ਸਮੇਂ ਵਿਚ ਹਰੀ ਦਾ ਜਸ ਤੇ ਗੁਣ ਕਥਨ (ਕੀਤੇ ਜਾਣ ਉਹ) ਕ੍ਰੋੜਾਂ (ਤੀਰਥ) ਇਸ਼ਨਾਨ ਤੇ ਨ੍ਹਾਉਣੇ ਦੇ ਤੁੱਲ ਹੈ। (ਫਿਰ) ਕੋਈ ਦਾਨ (ਉਸ ਦਾਨ ਨੂੰ) ਨਹੀਂ ਪੁਜਦਾ (ਜੋ ਕਿ) ਰਸਨਾ ਗੁਣ ਸਰੂਪਾ (ਹੋਕੇ ਨਾਮ) ਉਚਾਰਦੀ ਹੈ। (ਅਰਦਾਸ ਕਰੋ ਕਿ ਉਹ) ਮਿਹਰਵਾਨ ਤੇ ਦਿਆਲ ਪੁਰਖ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਮਨ ਤੇ ਤਨ ਵਿਚ ਆ ਵੱਸੇ[1]। (ਸਾਡਾ) ਜੀਵ, ਸਰੀਰ ਤੇ ਧਨ (ਸਭ) ਉਸਦਾ (ਬਖਸ਼ਿਆ ਹੋਇਆ) ਹੈ ਮੈਂ ਉਸ ਤੋਂ ਸਦਾ ਸਦਾ ਸਦਕੇ ਹਾਂ॥੩॥
ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥ ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣ ਹਾਰਿ ॥ ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ॥ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੮੮॥	ਜੋ (ਪੁਰਖ) ਕਰਤਾਰ ਨੇ (ਆਪਣੇ ਨਾਲ) ਮੇਲ ਲਿਆ ਹੈ ਉਹ (ਇਕੇਰਾਂ ਮਿਲਿਆ ਹੋਇਆ ਕਦੇ ਨਹੀਂ ਵਿਛੜਦਾ। ਦਾਸਾਂ ਦੇ ਬੰਧਨ (ਉਸ) ਸੱਚੇ ਸਿਰਜਣਹਾਰ ਨੇ (ਆਪ) ਕੱਟੇ ਹਨ; (ਹਾਂ) ਭੁੱਲੇ ਜਾਂਦੇ ਨੂੰ ਉਸ ਨੇ (ਆਪ ਸਿੱਧੇ) ਰਸਤੇ ਪਾਇਆ ਹੈ, (ਤੇ ਦਾਸਾਂ ਦੇ) ਗੁਣਾਂ ਅਉਗੁਣਾਂ ਦੀ ਕੋਈ ਵੀਚਾਰ ਨਹੀਂ ਕੀਤੀ। ਹੇ ਨਾਨਕ! ਅਸੀਂ ਉਸਦੀ ਸ਼ਰਣ ਆਏ ਹਾਂ ਜੋ ਸਾਰੇ ਦਿਲਾਂ ਦਾ ਆਸਰਾ ਹੈ॥ ੪ ॥ ੧੮ ॥ ੮੮ ॥

ਵਜਾਖਜਾ—ਲੋਕੀ ਅਰਥ ਸਿਧੀ ਲਈ ਧਨ ਆਦਿ ਖੱਟਣ ਦੇ ਬਿਵਹਾਰਾਂ ਦੀ ਕਾਮਯਾਬੀ ਲਈ ਅਕਸਰ ਜਜੋਤਿਸ਼ ਆਦਿ ਸ਼ਾਸਤ੍ਰਾਂ ਦੀ ਵੀਚਾਰ ਕਰਾਉਂਦੇ ਹਨ। ਘਰੋਂ ਟੁਰਨ ਵੇਲੇ ਯਾ ਉਦ ਐਸੇ ਕਾਰਜ ਆਰੰਭ ਆਦਿ ਸਮਿਆਂ ਤੇ ਸ਼ਗਨ ਅਪਸ਼ਗਨ ਵੀਚਾਰਦੇ ਹਨ। ਯਾ ਪ੍ਰਬੰਧ ਕਰਦੇ ਹਨ ਕਿ ਅਗੋਂ ਕੋਈ ਸ਼ੁਭ ਸ਼ਗਨ ਲੈਕੇ ਮਿਲੇ। ਗੁਰੂ ਜੀ ਦੱਸਦੇ ਹਨ ਕਿ ਇਨ੍ਹਾਂ ਵੀਚਾਰਾਂ ਦੀ ਥਾਂ ਨਾਮ ਸਿਮਰੋ, ਇਸ ਨਾਲ ਵਾਹਿਗੁਰੂ ਦੇ ਚਰਨ ਕਮਲਾਂ ਰੂਪੀ ਅਸਲੀ ਧਨ-ਹਰਿ ਧਨ-ਪ੍ਰਾਪਤ ਹੋਵੇਗਾ। ਜਿਸ ਨਾਲ ਜਨਮ ਮਰਨ ਵਿਚ ਭਟਕਦੇ ਫਿਰਨ ਦੀ ਥਾਂ ਨਿਥਾਵੇਂ ਜੀਵ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਟਿਕਾਣਾ ਮਿਲ ਜਾਏਗਾ। ਇਹ ਹਰੀ ਨਾਮ ਫੇਰ ਹੋਰ ਨਾਮ ਦੀ ਕਮਾਈ ਲਈ ਸੱਚੀ ਪੂੰਜੀ ਬਣ ਜਾਏਗਾ, ਜੇ ਨਾਲ ਅੱਠੇ ਪਹਿਰ ਹਰੀ ਦੇ ਜਸ ਵਿਚ ਮਨ ਦੀ ਲਗਨ ਹੋ ਜਾਵੇ ਤਾਂ। ਹੁਣ ਇਸੇ ਸਤਰ ਵਿਚ ਪਰਮਾਰਥ ਸਿਧੀ ਲਈ ਆਗਿਆ ਕਰਦੇ ਹਨ ਕਿ ਸੰਜਮ ਆਦਿ ਕਠਨ ਸਾਧਨ ਜੋ ਦੱਸੇ ਜਾਂਦੇ ਹਨ, ਉਨ੍ਹਾਂ ਦੀ ਥਾਵੇਂ ਹਰੀ ਗੁਣ ਗਾਵੋ, ਇਸ ਨਾਲ ਸੁਤੇ ਸੰਜਮ ਪ੍ਰਾਪਤ ਹੋ ਜਾਏਗਾ। ਮਨ ਵਾਹਿਗੁਰੂ ਯਸ਼ ਵਿਚ ਲਗਿਆਂ ਇੰਦ੍ਰੇ ਆਪੇ ਈਸ਼੍ਵਰਾਕਾਰ ਹੋ ਜਾਣਗੇ। ਇਸ 'ਹਰਿ ਨਾਮ ਤੇ ਹਰਿ ਕੀਰਤੀ' ਦੁਆਰਾ ਪ੍ਰਭੂ ਮਿਲ ਜਾਏਗਾ, ਜਿਸ ਦੇ ਮਿਲਣੇ ਤੇ ਜਨਮ ਮਰਨ ਮਿਟ ਜਾਏਗਾ। ਇਹ ਕਹਿਕੇ ਰਹਾਉ ਵਿਚ ਫੇਰ ਨਾਮ ਸਿਮਰਣ ਦੀ ਤਾਕੀਦ ਕਰਦੇ ਹਨ। ਫਿਰ ਅੰਕ ੨ ਵਿਚ ਇਸ

---

[1]ਇਉਂ ਬੀ ਅਰਥ ਕਰਦੇ ਹਨ:-(ਕਿ ਓਹ ਇਕ ਵੇਰੀ ਜਦ) ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਦੇਂਦਾ ਹੈ ਤਾਂ ਫਿਰ ਤਨ ਤੇ ਮਨ ਵਿਚ ਆ ਵਸਦਾ ਹੈ-ਉਹ ਜੋ ਸਦਾ ਮਿਹਰਵਾਨ ਤੇ ਦਿਆਲੂ ਪੁਰਖ ਹੈ।

ਪ੍ਰਾਪਤੀ ਲਈ ਸੰਤਾਂ ਦੀ ਸੰਗਤਿ ਦੱਸਦੇ ਹਨ ਕਿ ਪ੍ਰਭੂ ਉਨ੍ਹਾਂ ਦੇ ਸੰਗ ਕਰਕੇ ਅੰਦਰ ਆ ਵਸਦਾ ਹੈ। ਹਰੀ ਜਸ ਤੇ ਹਰੀ ਨਾਮ ਦੇ ਸਿਮਰੇ ਜਾਣ ਦੇ ਫਲ ਵਿਚ ਦੱਸਦੇ ਹਨ ਕਿ ਉਹ ਰਸ ਪ੍ਰਾਪਤ ਹੁੰਦਾ ਹੈ ਕਹਿ ਨਹੀਂ ਸਕੀਦਾ, ਮਾਣਿਆਂ ਤੇ ਹੀ ਸਮਝ ਸਕੀਦਾ ਹੈ। ਅੰਕ ੩ ਵਿਚ ਸ਼ਾਸਤ੍ਰਾਂ ਦੇ ਦੱਸੇ ਦਾਨ ਤੇ ਤੀਰਥਾਂ ਦੇ ਇਸ਼ਨਾਨ ਦੀ ਥਾਵੇਂ ਬੀ ਨਾਮ ਹੀ ਦੱਸਿਆ ਹੈ। ਇਨ੍ਹਾਂ ਸਭਨਾਂ ਤੋਂ ਪ੍ਰਭੂ ਦਾ ਅੰਦਰ ਵੱਸਣਾ ਬਹੁਤ ਸ੍ਰੇਸ਼ਟ ਹੈ। ਅੰਕ ੪ ਵਿਚ ਵਾਹਿਗੁਰੂ ਜੀ ਦਾ ਇਕ ਹੋਰ ਬਿਰਦ ਵਰਣਨ ਕੀਤਾ ਹੈ ਕਿ ਜਿਨ੍ਹਾਂ ਨੂੰ ਪ੍ਰਭੂ ਮਿਹਰ ਕਰਕੇ ਗੁਣ ਅਉਗੁਣ ਛੋੜਕੇ ਆਪਣੇ ਨਾਲ ਮੇਲ ਲੈਂਦਾ ਹੈ, ਉਨ੍ਹਾਂ ਤੋਂ ਫਿਰ ਨਹੀਂ ਵਿਛੁੜਦਾ। ਇਹ ਬਿਰਦ ਗੁਰਬਾਣੀ ਵਿਚ ਹੋਰਥੇ ਬੀ ਵਰਣਨ ਹੋਇਆ ਹੈ:-

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥ (ਗਉੜੀ ਮਹਲਾ ੫-੪)

ਨਿਰੁਕ੍ਤ-ਸ਼ਾਸਤ੍ਰ-ਹਿੰਦੂ ਧਰਮ ਦੇ ਗ੍ਰੰਥ। (੨) ਏਥੇ ਮੁਰਾਦ ਜਤੋਤਿਸ਼ ਸ਼ਾਸਤ੍ਰ ਤੋਂ ਜਾਪਦੀ ਹੈ, ਕਿਉਂਕਿ ਸ਼ਗਨ ਪਦ ਦੇ ਨਾਲ ਕੱਠਾ ਕਰਕੇ ਵਰਤਿਆ ਹੈ ਤੇ ਪਰਮਾਰਥ ਸਿਧੀ ਲਈ ਸੰਜਮ ਪਦ ਤੀਸਰੀ ਸਤਰ (ਅੰਕ ੧) ਵਿਚ ਵਰਤਿਆ ਹੈ। ਸ਼ੁਭ ਕੰਮਾਂ ਤੋਂ ਪਹਿਲੋਂ ਲੋਕੀ ਜਤੋਤਸ਼ੀ ਤੋਂ ਸ਼ੁਭ ਸਮਾਂ ਉਸ ਕਾਰਜ ਦੇ ਕਰਨੇ ਦਾ ਪੁੱਛਦੇ ਹਨ ਤੇ ਫੇਰ ਸ਼ੁਭ ਸ਼ਗਨ ਦੇ ਸਾਮਾਨ: ਜਲ ਲੈਕੇ ਅਗੋਂ ਮਿਲਣਾ ਆਦਿ ਕਰਦੇ ਹਨ।

ਸਉਣ-(ਸੰਸ:, ਸ਼ਕੁਨੰ। ਪ੍ਰਾ:, ਸਉਣ।) ਸ਼ਗਨ।

ਸਾਸਤ੍ਰ ਸਉਣ-ਦੋਹਾਂ ਨੂੰ ਇਕੱਠਾ ਕਰਕੇ 'ਸ਼ਗਨ ਦੱਸਣ ਵਾਲਾ ਸ਼ਾਸਤ੍ਰ' ਬੀ ਅਰਥ ਕਰਦੇ ਹਨ

ਰਾਜ ਨਰਿੰਦੁ-ਰਾਜਾ ਤੇ ਮਨੁੱਖਾਂ ਦਾ ਇੰਦ੍ਰ। ਭਾਵ ਰਾਜਿਆਂ ਦਾ ਰਾਜਾ।

ਅਉਸਰਿ-(ਸੰਸ:, ਅਵਸਰ:=ਸਮਾ, ਮੌਕਿਆ) ਸਮੇਂ ਵਿਚ। ਇਸ ਤੁਕ ਦਾ 'ਜਿਤੁ' ਪਦ ਇਸ 'ਅਉਸਰਿ' ਪਦ ਨਾਲ ਲਗਣਾ ਹੈ- 'ਜਿਤੁ ਅਉਸਰਿ'।

ਮਜਨ ਤੇ ਇਸਨਾਨੁ-ਇਕੋ ਗੱਲ ਹੈ। ਮਜਨ ਮਲ ਮਲਕੇ ਨ੍ਹਾਉਣ ਨੂੰ ਆਖਦੇ ਹਨ। ਮੁਰਾਦ ਹੈ ਤੀਰਥਾਂ ਦੇ ਇਸ਼ਨਾਨ ਤੋਂ।

ਗੁਣਵਤੀ-ਗੁਣ ਵਾਲੀ। ਗੁਣ ਸਰੂਪਾ ਹੋਕੇ। ਗੁਣ ਕਥਨ ਕਰਦੀ ਗੁਣਮਈ ਹੋ ਗਈ ਹੋਈ।

(ਸਿਰੀ ਰਾਗੁ ਮਹਲਾ ੫, ਚਉਪਦਾ-੮੯)

ਪ੍ਰਾਕ੍ਥਨ-ਨਾਮ ਰਸਨਾ ਨਾਲ ਜਪੀਦਾ ਹੈ, ਪਰ ਏਥੇ ਸਪਸ਼ਟ ਕਰਕੇ ਦੱਸਿਆ ਹੈ ਕਿ ਰਸਨਾ ਨਾਲ ਨਾਮ ਸਿਮਰੋ ਤੇ ਫੇਰ ਉਸਦਾ ਫਲ ਦੱਸਿਆ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥ ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥ ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥੧॥	ਰਸਨਾ ਨਾਲ ਸੱਚਾ (ਨਾਮ) ਸਿਮਰੀਏ (ਤਾਂ) ਤਨ ਤੇ ਮਨ (ਦੁਇ) ਨਿਰਮਲ ਹੋ ਜਾਂਦੇ ਹਨ। (ਫਿਰ) ਉਸ ਬਿਨ (ਲੋਕ ਪ੍ਰਲੋਕ ਦਾ ਉਸ ਜੈਸਾ ਸਹਾਈ) ਕੋਈ ਹੋਰ ਨਹੀਂ ਹੈ, (ਚਾਹੋ) ਮਾਤਾ ਪਿਤਾ ਆਦਿ (ਸੰਸਾਰਕ) ਸੰਬੰਧੀ (ਕਿੰਨੇ) ਬਹੁਤੇ ਪਏ ਹੋਣ। ਜੇ (ਉਹ) ਆਪਣੀ ਕ੍ਰਿਪਾ ਚਾ ਕਰੇ ਤਾਂ ਜ਼ਰਾ ਭਰ ਬੀ ਉਹ (ਸਾਨੂੰ) ਨਹੀਂ ਵਿਸਰੇਗਾ॥੧॥
ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥ ਬਿਨੁ ਸਚੇ ਸਭ ਕੂੜੁ ਹੈ	ਹੇ ਮੇਰੇ ਮਨ! ਸੱਚੇ ਨੂੰ (ਸੇਵ ਭਾਵ) ਸਿਮਰ, ਜਿੰਨਾ ਚਿਰ ਸੁਆਸ (ਚਲਦਾ) ਹੈ, ਸੱਚੇ (ਪ੍ਰਭੂ) ਤੋਂ ਬਿਨਾ ਸਭ (ਕੁਛ)

ਅੰਤੇ ਹੋਇ ਬਿਨਾਸੁ ॥੧॥ ਰਹਾਉ ॥	ਕੂੜ ਹੈ ਅੰਤ ਨੂੰ (ਸਭ) ਨਾਸ ਹੋ ਜਾਏਗਾ॥੧॥ ਰਹਾਉ॥
ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥ ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ ॥ ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥੨॥	ਮੇਰਾ ਮਾਲਕ (ਪਰਮ) ਪਵਿਤ੍ਰ ਹੈ, (ਮੈਥੋਂ) ਉਸ ਬਿਨਾ ਰਿਹਾ ਨਹੀਂ ਜਾਂਦਾ। ਮੇਰੇ ਮਨ ਵਿਚ (ਮੇਰੇ) ਤਨ ਵਿਚ (ਉਸ ਨੂੰ ਮਿਲਣੇ ਦੀ) ਚਾਹਨਾ ਅਤਿ ਦੀ ਬਹੁਤੀ ਹੈ, (ਕਿਵੇਂ) ਕੋਈ ਆਕੇ (ਹੇ ਮੇਰੀ) ਮਾਂ (ਮੈਨੂੰ ਮੇਰਾ ਮਾਲਕ) ਮਿਲਾ ਦੇਵੇ। (ਮੈਂ) ਚਾਰੇ ਕੁੰਡਾਂ ਢੂੰਡੀਆਂ ਹਨ (ਉਸ) ਪਤੀ ਤੋਂ ਬਿਨਾ (ਸਦੈਵੀ) ਟਿਕਾਣਾ ਕੋਈ ਨਹੀਂ ਹੈ॥੨॥
ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥	ਉਸ (ਗੁਰੂ) ਅਗੇ ਬੇਨਤੀ ਕਰ ਜੋ (ਤੈਨੂੰ) ਕਰਤਾ ਪੁਰਖ ਮਿਲਾ ਦੇਵੇ। (ਉਹ) ਸਤਿਗੁਰੂ ਹੀ (ਉਸ ਦੇ) ਨਾਮ ਦਾ ਦਾਤਾ ਹੈ ਜਿਸ ਦਾ (ਨਾਮ) ਭੰਡਾਰ ਪੂਰਾ (ਅਰਥਾਤ ਅਖੁਟ) ਹੈ। (ਉਸ ਸਤਿਗੁਰੂ ਤੋਂ ਨਾਮ ਤੇ ਸਿਫਤ ਸਲਾਹ ਦਾਨ ਲੈਕੇ) ਸਦਾ ਸਦਾ (ਕਰਤਾਰ ਨੂੰ) ਸਲਾਹੀਏ (ਜਿਸ ਦੇ) ਅੰਤ ਦਾ ਪਾਰ ਉਰਾਰ ਨਹੀਂ ਹੈ (ਭਾਵ ਜੋ ਬੇਅੰਤ ਹੈ)॥੩॥
ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ ॥ ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ ॥	(ਫਿਰ ਉਹ ਬੇਅੰਤ ਸ਼ਹੁ) ਪਾਲਣਹਾਰ ਹੈ (ਉਸ ਦੀ) ਸਿਫਤ ਸਲਾਹ ਕਰੀਏ, ਜਿਸ ਦੇ (ਸਾਨੂੰ ਪਾਲਣ ਰਖਣ ਦੇ) ਕੌਤਕ ਅਨੇਕਾਂ (ਤਰ੍ਹਾਂ ਦੇ) ਹਨ। (ਇਸ ਲਈ) ਸ੍ਰੇਸ਼ਟ ਬੁਧੀ ਇਹੀ ਹੈ (ਕਿ ਉਸਦੀ) ਅਰਾਧਨਾ ਸਦਾ ਸਦਾ ਕਰਦੇ ਰਹੀਏ। (ਪ੍ਰਸ਼ਨ: ਐਸਾ ਚੰਗਾ ਸੁਆਮੀ ਸੁਤੇ ਸਿਧ ਮਿੱਠਾ ਕਿਉਂ ਨਹੀਂ ਲਗਦਾ ਜੋ ਹਰ ਕੋਈ ਉਸ ਵਲ ਲੱਗ ਪਵੇ? ਉੱਤਰ)
ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ॥੪॥੧੯॥ ੮੯॥	ਮਨ ਵਿਚ ਤਨ ਵਿਚ (ਉਹ ਸ਼ਹੁ) ਮਿੱਠਾ ਉਨ੍ਹਾਂ ਨੂੰ ਲਗਦਾ ਹੈ, ਹੇ ਨਾਨਕ! ਜਿਨ੍ਹਾਂ ਦੇ ਮੱਥੇ ਤੇ ਲੇਖ (ਲਿਖੇ) ਹੁੰਦੇ ਹਨ। ॥੪॥੧੯॥੮੯॥

ਵਯਾਖਯਾ—ਇਸ ਸ਼ਬਦ ਵਿਚ ਵਾਹਿਗੁਰੂ ਜੀ ਨੂੰ ਸੁਆਮੀ ਤੇ ਸ਼ਹੁ ਆਖ ਕੇ ਉਸ ਦੇ ਮਿਲਣੇ ਦੀ ਤ੍ਰਿਖੀ ਤੇ ਪਯਾਰ ਭਰੀ ਲੋਚਾ ਦੱਸੀ ਹੈ। ਫਿਰ ਫੁਰਮਾਇਆ ਹੈ ਕਿਸੇ ਅਗੇ ਬੇਨਤੀ ਕਰ ਜੋ ਉਸਦਾ ਮੇਲਣਹਾਰ ਹੋਵੇ, ਜੋ ਉਹ ਤੈਨੂੰ ਮਿਲਾ ਦੇਵੇ। ਉਸਦੀ ਸੁਮਤਿ ਲੈਕੇ ਉਸਦੀ ਸਿਫਤ ਸਲਾਹ ਵਿਚ ਰਚੋ ਤੇ ਉਸਦੇ ਨਾਮ ਦੀ ਅਰਾਧਨਾ ਕਰੋ ਤਾਂ ਜੇ ਚੰਗੇ ਭਾਗ ਹੋਣਗੇ ਉਹ ਮਿਲ ਜਾਏਗਾ।

ਨਿਰੁਕ੍ਤ—ਅਗਲੇ—ਬਹੁਤੇ।　　ਚਸਾ—ਬਹੁਤ ਥੋੜਾ ਸਮਾ। ਪਲ ਦਾ ਤੀਸਵਾਂ ਹਿੱਸਾ।

ਸਹ—ਸ਼ਹੁ। ਪਤੀ। ਭਾਵ ਪਰਮੇਸ਼ੁਰ ਸੁਆਮੀ।

ਪਰਵਦਗਾਰ—(ਫ਼ਾ:, ਪਰਵਰਦਗਾਰ) ਪਾਲਣਹਾਰ।

ਚਲਤ—(ਸੰਸ:, ਚਰਿਤ੍ਰੰ) ਕੌਤਕ, ਚਰਿਤ੍ਰ। ਮੌਜ ਵਿਚ ਆਕੇ ਕੀਤੇ ਅਸਚਰਜ ਕੰਮ।

(ਸਿਰੀ ਰਾਗੁ ਮਹਲਾ ੫, ਚਉਪਦਾ - ੯੦)

ਪ੍ਰਾਕ੍ਥਨ—ਪਿਛਲੇ ਸ਼ਬਦ ਵਿਚ ਕਰਤਾਰ ਦੇ ਮੇਲਣਹਾਰ (=ਗੁਰੂ) ਦਾ ਜ਼ਿਕਰ ਸੀ, ਉਸਦੀ ਵਧੀਕ ਵਯਾਖਯਾ ਇਸ ਸ਼ਬਦ ਵਿਚ ਹੈ।

ਮੂਲ	ਅਰਥ
ਸਿਰੀਰਾਗੁ ਮਹਲਾ ੫ ॥	
ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥ ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥੧॥	ਹੇ (ਮੇਰੇ) ਭਾਈਓ! ਸੰਤ ਜਨਾਂ ਦੇ ਨਾਲ ਮਿਲਕੇ ਸੱਚੇ ਨਾਮ ਦਾ ਸਿਮਰਣ ਕਰੋ। (ਇਸ ਤਰ੍ਹਾਂ) ਜੀਵ ਦਾ ਏਥੇ ਓਥੇ ਨਾਲ (ਨਿਭਣ ਵਾਲਾ) ਤੋਸ਼ਾ (ਜਾਣਕੇ ਇਸਨੂੰ) ਹਿਰਦੇ ਵਿਚ ਕੱਠਾ ਕਰ ਲਓ। (ਇਹ ਤੋਸ਼ਾ) ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ, (ਉਹ ਗੁਰੂ ਵਾਹਿਗੁਰੂ ਜੀ ਦੀ) ਆਪਣੀ ਮੇਹਰ ਦ੍ਰਿਸ਼ਟੀ ਨਾਲ ਦੇਖਣੇ ਤੇ ਮਿਲਦਾ ਹੈ। (ਹਾਂ) ਜਿਸ ਉਤੇ ਉਹ ਦਿਆਲ ਹੁੰਦਾ ਹੈ ਉਸਨੂੰ (ਉਸ ਦੀ) ਬਖਸ਼ਿਸ਼ ਦੁਆਰਾ ਪ੍ਰਾਪਤ ਹੁੰਦਾ ਹੈ॥੧॥
ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ ਰਹਾਉ ॥	ਹੇ ਮੇਰੇ ਮਨ! ਗੁਰੂ ਜਿੱਡਾ ਵੱਡਾ ਹੋਰ ਕੋਈ ਨਹੀਂ ਹੈ, ਉਸ ਸਤਯ ਸਰੂਪ ਨਾਲ ਗੁਰੂ (ਹੀ) ਮੇਲਦਾ ਹੈ, ਦੂਸਰਾ ਹੋਰ ਕੋਈ ਟਿਕਾਣਾ ਨਹੀਂ ਸੁਝਦਾ (ਜਿਥੋਂ ਕਿ ਇਹ ਸ਼ਹੁ ਮਿਲਾਪ ਦੀ ਦਾਤ ਮਿਲ ਸਕੇ)॥੧॥ ਰਹਾਉ॥
ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥ ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥	ਹੇ ਮਾਂ! ਸਾਰੇ ਪਦਾਰਥ ਉਸ ਨੂੰ ਮਿਲ ਗਏ (ਜਾਣੋ) ਜਿਸ ਨੇ ਜਾਕੇ ਗੁਰੂ ਨੂੰ ਦੇਖ ਲਿਆ, (ਹਾਂ) ਓਹ ਵੱਡੇ ਭਾਗਾਂ ਵਾਲੇ ਹੋ ਗਏ, ਜਿਨ੍ਹਾਂ ਦਾ ਮਨ (ਦਰਸ਼ਨ ਕਰਕੇ) ਗੁਰੂ ਦੇ ਚਰਨਾਂ ਵਿਚ ਲਗ ਗਿਆ (ਭਾਵ ਜਿਨ੍ਹਾਂ ਨੂੰ ਸਿਦਕ ਆ ਗਿਆ ਤੇ ਸੇਵਾ ਵਿਚ ਲਗ ਗਏ)। ਗੁਰੂ ਦਾਤਾ ਹੈ (ਨਾਮ ਬਾਣੀ ਦਾ), ਗੁਰੂ (ਸਭਨੀ ਗੱਲੀਂ) ਸਮਰਥ ਹੈ, ਗੁਰੂ ਸਭ ਵਿਚ ਸਮਾ ਰਿਹਾ ਹੈ। ਗੁਰੂ ਪਰਮੇਸ਼ੁਰ ਹੈ ਪਾਰਬ੍ਰਹਮ ਹੈ, ਗੁਰੂ ਡੁਬਦੇ (ਜੀਵ) ਨੂੰ ਤਾਰ ਲੈਂਦਾ ਹੈ॥੨॥
ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥	ਕਿਸ ਮੂੰਹ ਨਾਲ ਗੁਰੂ ਦੀ ਸਲਾਹੁਤਾ ਕਰੀਏ, ਉਹ ਸਮਰੱਥ ਹੈ, ਉਹ ਕਾਰਣ ਕਰਣ ਹੈ। ਜਿਨ੍ਹਾਂ ਦੇ ਮੱਥਿਆਂ ਤੇ ਗੁਰੂ ਨੇ ਹੱਥ ਧਰ ਦਿਤਾ ਓਹ (ਪੁਰਖ ਸੁਹਣੇ) ਮੱਥਿਆਂ ਵਾਲੇ ਨਿਹਚਲ ਹੋ ਗਏ। (ਹਾਂ) ਗੁਰੂ ਨੇ (ਜਿਨ੍ਹਾਂ ਦੇ ਮੱਥੇ ਤੇ ਹੱਥ ਧਾਰਨ ਕੀਤਾ ਉਨ੍ਹਾਂ ਨੂੰ) ਅੰਮ੍ਰਿਤ (ਰੂਪੀ ਦਾਰੂ) ਨਾਮ (ਦਾ) ਪਿਲਾ ਦਿਤਾ, (ਇਹ ਨਾਮ ਹੀ) ਮਰਣ ਜੀਉਣ (ਤੋਂ ਰਖਯਾ ਕਰਨੇ ਦਾ) ਉਪਚਾਰ ਹੈ। (ਸੋ ਜਿਨ੍ਹਾਂ ਨੇ) ਭੈ ਦੂਰ ਕਰਨੇ ਵਾਲੇ ਪਰਮੇਸ਼ੁਰ (ਰੂਪ) ਗੁਰੂ ਨੂੰ ਸੇਵਿਆ ਹੈ (ਉਨ੍ਹਾਂ ਦੇ ਜਨਮ ਮਰਨ ਦੇ) ਦੁਖ ਦੂਰ ਹੋ ਗਏ॥੩॥
ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ	(ਪ੍ਰਸ਼ਨ: ਗੁਰੂ ਦੀ ਮਹਿਮਾ ਈਸ਼੍ਵਰ ਤੁੱਲ ਕਰ ਰਹੇ ਹੋ, ਉਹ ਤਾਂ ਇਕ ਦੇਸ਼ੀ ਹੁੰਦਾ ਹੈ? ਉੱਤਰ:) ਸਤਿਗੁਰੂ (ਈਸ਼੍ਵਰ ਵਿਚ ਲੀਨ ਹੋ ਜਾਣ ਕਰਕੇ ਉਸ ਵਾਂਙੂ) ਡੂੰਘਾ ਤੇ ਅਥਾਹ ਹੈ (ਭਾਵ ਇਕ ਦੇਸ਼ੀ ਨਹੀਂ ਸਰਬ ਵਯਾਪੀ ਹੈ), ਉਹ (ਈਸ਼੍ਵਰ ਵਾਂਙੂ) ਸੁਖਾਂ ਦਾ ਸਮੁੰਦਰ ਹੈ ਤੇ (ਅਸਾਡੇ) ਪਾਪਾਂ ਦੇ ਨਾਸ਼

ਲਾਗੈ ਡੰਡੁ ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥ ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥ ੪॥੨੦॥੯੦॥	ਕਰਨੇ ਵਾਲਾ ਹੈ। ਗੁਰੂ ਦੇ ਨਾਲ ਕੋਈ ਬਰਾਬਰ ਨਹੀਂ ਹੋ ਸਕਦਾ (ਅਸਾਂ) ਬ੍ਰਹਮੰਡ ਖੋਜ ਕੇ ਵੇਖ ਲਿਆ ਹੈ। (ਹਾਂ) ਜਿਨ੍ਹਾਂ ਨੇ ਆਪਣਾ ਗੁਰੂ ਸੇਵਿਆ ਹੈ ਉਨ੍ਹਾਂ ਨੂੰ ਜਮ ਦਾ ਡੰਡ ਨਹੀਂ ਲਗਦਾ। (ਸਾਨੂੰ) ਨਾਮ ਖਜ਼ਾਨਾ ਗੁਰੂ ਨੇ ਦੇ ਦਿੱਤਾ ਹੈ, (ਹੁਣ) ਹੇ ਨਾਨਕ! ਮਨ ਵਿਚ ਸੁਖ (ਹੀ ਸੁਖ) ਮਾਣ॥੪॥੨੦॥੯੦॥

ਵਯਾਖਯਾ–ਇਸ ਸ਼ਬਦ ਵਿਚ ਗੁਰੂ ਤੋਂ ਜੋ ਕੁਛ ਪ੍ਰਾਪਤ ਹੁੰਦਾ ਹੈ ਦੱਸਕੇ ਗੁਰੂ ਦੀ ਮਹਿਮਾ ਕੀਤੀ ਹੈ। ਉਹ ਮਹਿਮਾ ਈਸ਼੍ਵਰ ਤੁੱਲਤਾ ਦੀ ਹੈ। ਇਸ ਦਾ ਕਾਰਣ ਬੀ ਵਿੱਚੇ ਦੱਸ ਦਿੱਤਾ ਹੈ। ਗੁਰੂ, ਜਿਸ ਦੀ ਇਸ ਵੇਲੇ ਮਹਿਮਾ ਹੋ ਰਹੀ ਹੈ, ਗੁਰੂ ਅਰਜਨ ਦੇਵ ਜੀ ਦੇ ਨੈਣਾਂ ਅਗੇ ਗੁਰੂ ਰਾਮਦਾਸ ਜੀ ਹਨ, ਉਨ੍ਹਾਂ ਬਾਬਤ ਆਪ ਜੀ ਨੇ ਸੋਰਠ ਰਾਗ (ਚਉਪਦੇ ੧੩) ਵਿਚ ਫੁਰਮਾਇਆ ਹੈ:-

ਹਰਿ ਹਰਿ ਗੁਰੁ ਗੁਰ ਕਰਤਾ ਰੇ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ॥

ਇਸ ਸ਼ਬਦ ਵਿਚ ਇਸੇ ਗੱਲ ਨੂੰ ਖੁਹਲਿਆ ਹੈ:-

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥ (ਸੋਰ:ਮ:੫-੧੩)

ਤੇ ਅੰਤ ਦੱਸਦੇ ਹਨ:-

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ (ਸੋਰ:ਮ:੫-੧੩)

ਐਸੇ ਕਹਿਣੇ ਵਿਚ ਗੁਰੂ ਜੀ ਅਕਾਲ ਪੁਰਖ ਨੂੰ ਜਨਮ ਧਾਰਨ ਵਾਲਾ ਨਹੀਂ ਕਹਿ ਰਹੇ। ਗੁਰੂ ਆਪਣੇ ਅਸਲੇ ਵਿਚ ਜੋਤਿ ਨਿਰੰਜਨੀ ਦੇ ਗੁਰੂ ਰੂਪਤਾ ਦਾ ਜਲਵਾ ਹੈ। ਉਹ ਸਰਬ ਅਸਤਿ ਤੋਂ ਨਿਰਮਲ ਸਤਜ ਰੂਪਤਾ ਵਿਚ ਹੈ, ਸਤਜ ਹੋਣ ਕਰਕੇ ਸਤਜ ਸਰੂਪ ਸਰਵ ਵਜਾਪੀ ਵਿਚ ਲੀਨ ਰਹਿੰਦਾ ਹੈ, ਇਸ ਕਰਕੇ ਈਸ਼੍ਵਰ ਸਰੂਪ ਹੈ। ਜੈਸੇ ਸਾਗਰ ਵਿਚ ਮਿਲੀ ਹੋਈ ਨਦੀ ਸਾਗਰ ਦਾ ਰੂਪ ਹੈ। ਇਸੀ ਤਰ੍ਹਾਂ ਸਤਿਗੁਰ ਤੋਂ ਹੇਠਾਂ ਹਰੀ ਜਨ ਹਨ, ਓਹ ਬੀ ਸਦਾ ਲੀਣ ਰਹਿਣੇ ਕਰਕੇ ਕਿਸੇ ਰੰਗ ਉਹਦਾ ਰੂਪ ਹੋ ਜਾਂਦੇ ਹਨ, ਜੈਸਾ ਕਿ ਦਸਮੇ ਗੁਰੂ ਜੀ ਦਾ ਵਾਕ ਹੈ:-

ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥" (ਬਚਿਤ੍ਰ ਨਾਟਕ ੬-੬੦)

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ ਕਿ ਅਗਨੀ ਦੇ ਪ੍ਰਵੇਸ਼ ਵਾਲਾ ਲੋਹੇ ਦਾ ਗੋਲਾ ਅਗਨੀ ਰੂਪ ਹੀ ਹੁੰਦਾ ਹੈ। ਇਥੇ ਬੀ ਦੱਸਦੇ ਹਨ ਕਿ ਸਤਿਗੁਰੂ ਗਹਿਰ ਗੰਭੀਰ ਅਥਾਹ ਸਾਗਰ ਹੈ, ਕਿਉਂਕਿ ਉਸ ਵਿਚ ਮਿਲਿਆ ਰਹਿੰਦਾ ਹੈ।

ਨਿਰੁਕ੍ਤ–ਪਥੁ–(ਸੰਸ:, ਪਥਜੰ। ਪ੍ਰਾ:, ਪਥਥ। ਪੰ:, ਪਥ) ਉਹ ਵਸਤੂ ਯਾ ਆਹਾਰ ਜੋ ਰੋਗ ਖੰਡਣ ਵਿਚ ਲਾਭਦਾਇਕ ਹੋਵੇ।

ਗਹਿਰ ਗਭੀਰੁ–ਡੂੰਘਾ, ਗਹਿਰਾ। ਗੰਭੀਰ=ਬਹੁਤ ਡੂੰਘਾ, ਅਥਾਹ। ਭਾਵ ਹੈ ਬੇਅੰਤ, ਬੇਹੱਦ

ਅਘ ਖੰਡੁ–ਪਾਪਾਂ ਦੇ ਨਾਸ਼ ਕਰਨੇ ਵਾਲਾ। ਮੰਡੁ–ਧਾਰਨ ਕਰ, ਲੈ, ਮਾਣ।

(ਸਿਰੀ ਰਾਗੁ ਮਹਲਾ ੫, ਚਉਪਦਾ- ੯੧)

ਪ੍ਰਾਕ੍ਥਨ–ਜੀਵ ਕੀਕੂੰ ਮਾਇਆ ਜਾਲ ਵਿਚ ਫਸਦਾ ਹੈ ਤੇ ਕੀਕੂੰ ਛੁੱਟ ਸਕਦਾ ਹੈ?

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥ ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥	(ਪੰਜ ਇੰਦ੍ਰਿਆਂ ਦੇ ਵਿਸ਼ੇ ਜੋ) ਮਿੱਠੇ ਕਰਕੇ ਭੋਗੇ (ਉਨ੍ਹਾਂ ਦਾ ਸੁਆਦ=) ਫਲ ਕਉੜਾ (ਭਾਵ ਦੁਖ) ਪੈਦਾ ਹੋਇਆ। ਭਾਈ ਤੇ ਮਿੱਤ੍ਰ ਪਿਆਰੇ ਕੀਤੇ (ਇਨ੍ਹਾਂ ਨਾਲ ਮਿਲਕੇ) ਵਿਸ਼ਿਆਂ ਵਿਚ ਰਚਿਆ ਰਿਹਾ (ਇਹ ਬੀ ਸਭ ਕੁਛ ਬਾਦ=) ਬਿਰਥਾ (ਗਿਆ)। (ਇਨ੍ਹਾਂ ਦੇ) ਜਾਂਦਿਆਂ ਦੇਰ ਨਹੀਂ ਲਗਦੀ, ਨਾਮ ਤੋਂ ਬਿਨਾਂ ਹੈਰਾਨੀ (ਹੀ) ਪੱਲੇ ਰਹਿ ਜਾਂਦੀ ਹੈ॥੧॥
ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥	ਹੇ ਮੇਰੇ ਮਨ! ਸਤਿਗੁਰੂ ਦੀ ਸੇਵਾ ਵਿਚ ਲੱਗ ਪਉ, ਮਨ ਦੀ ਮਤਿ ਤਿਆਗ ਦੇਹ, (ਕਿਉਂਕਿ) ਜੋ (ਕੁਛ) ਦਿਸਦਾ ਹੈ ਬਿਨਸਨਹਾਰ ਹੈ॥੧॥ਰਹਾਉ॥
ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥	ਜਿਵੇਂ ਹਲਕਾਇਆ ਕੁੱਤਾ ਦਸੋ ਦਿਸ਼ਾ (ਹਰ ਪਾਸੇ) ਭੱਜਾ ਫਿਰਦਾ ਹੈ (ਅਤੇ ਆਪਣੇ ਹਿਤੂ ਅਨਹਿਤੂ ਦੀ ਪਰਖ ਨਹੀਂ ਕਰਦਾ ਤਿਵੇਂ) ਲੋਭੀ ਜੰਤੂ (ਮਾਨੁਖ) ਸਮਝਦਾ ਨਹੀਂ((ਉਹ) ਵਿਹਿਤ ਅਵਿਹਿਤ ਸਭ ਕੁਛ (ਖਾਇ=) ਗ੍ਰਹਣ ਕਰੀ ਜਾਂਦਾ ਹੈ। ਕਾਮ ਤੇ ਕ੍ਰੋਧ (ਆਦਿ ਵਿਸ਼ਿਆਂ) ਦੇ ਨਸ਼ੇ ਵਿਚ (ਵਿਆਪਿਆ=) ਉਨਮੱਤ ਹੋਇਆ ਹੋਇਆ ਮੁੜ ਮੁੜ ਜੂਨਾਂ ਵਿਚ ਪੈਂਦਾ ਹੈ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥	(ਕਾਰਣ ਕੀ ਹੈ?) ਮਾਇਆ ਨੇ (ਇਕ ਆਪਣਾ) ਜਾਲ ਫੈਲਾ ਰਖਿਆ ਹੈ, (ਇਸ) ਵਿਚ (ਵਿਸ਼ਿਆਂ ਦੀ) ਚੋਗ ਬਣਾ ਕੇ (ਬੀ ਸੱਟੀ ਹੋਈ ਹੈ)। ਤ੍ਰਿਸ਼ਨਾ ਕਰਕੇ (ਜੀਵ ਰੂਪੀ) ਪੰਛੀ (ਇਸ ਵਿਚ) ਫਸ ਜਾਂਦਾ ਹੈ, ਹੇ ਮਾਂ! (ਫੇਰ) ਨਿਕਲਣਾ ਨਹੀਂ ਪਾਉਂਦਾ। (ਜੇ ਕਰਨਹਾਰ ਨੂੰ ਪਛਾਣੇ ਤਾਂ ਨਿਕਲ ਸਕਦਾ ਹੈ, ਪਰ ਇਹ ਮਾਨੁਖ) ਉਸ ਨੂੰ ਨਹੀਂ ਪਛਾਣਦਾ ਜਿਸ ਨੇ (ਇਸਨੂੰ) ਰਚਿਆ ਹੈ, (ਇਸ ਕਰਕੇ) ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ॥੩॥
ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥ ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥ ੪॥੨੧॥੯੧॥	(ਇਕ ਦੀ ਕੀਹ ਗਲ ਹੈ) ਇਹ ਸੰਸਾਰ (ਤਾਂ ਸਾਰਾ ਹੀ) ਜੋ ਕਈ ਪ੍ਰਕਾਰ ਦਾ ਹੈ ਅਨੇਕ ਤ੍ਰੀਕਿਆਂ ਨਾਲ (ਮਾਇਆ ਕਰਕੇ) ਮੋਹਿਆ ਹੋਇਆ ਹੈ। (ਇਸ ਮਾਇਆ ਦੀ ਫਾਹੀ ਤੋਂ) ਉਹੀ ਬਚਦਾ ਹੈ ਜਿਸ ਨੂੰ ਉਹ (ਸਰਬ) ਸ਼ਕਤੀ-ਮਾਨ ਪੁਰਖ, (ਜੋ) ਬੇਅੰਤ ਹੈ, ਬਚਾ ਲਵੇ। ਹੇ ਨਾਨਕ! ਹਰੀ ਦੇ ਦਾਸ ਹਰੀ ਦੀ ਲਿਵ (ਲਾਕੇ) ਬਚ ਗਏ ਹਨ, (ਜਿਨ੍ਹਾਂ ਤੋਂ ਮੈਂ) ਸੌ ਵਾਰੀ ਸਦਕੇ ਹਾਂ॥੪॥੨੧॥੯੧॥

ਵਜਾਖਜਾ—ਮਾਇਆ ਦਾ ਇਕ ਜਾਲ ਪਸਰ ਰਿਹਾ ਹੈ, ਉਸ ਵਿਚ ਵਿਸ਼ਿਆਂ ਦੀ ਚੋਗ ਹੈ। ਜੀਵ ਦੇ ਅੰਦਰ ਵਿਸ਼ੇ ਭੋਗਾਂ ਦੀ ਤ੍ਰਿਸ਼ਨਾ ਹੈ, ਐਉਂ ਫਸਦਾ ਹੈ ਜੀਵ ਮਾਇਆ ਜਾਲ ਵਿਚ। ਉਸ

ਵਿਚੋਂ ਨਿਕਲ ਨਹੀਂ ਸਕਦਾ, ਕਿਉਂਕਿ ਨਹੀਂ ਪਛਾਣਦਾ ਕਿ ਇਹ ਭੋਗ ਸਦੈਵੀ ਨਹੀਂ, ਏਹ ਫਾਹੀ ਹਨ, ਜਨਮ ਮਰਨ ਦੁਖ ਕਸ਼ਟ ਇਸ ਦੇ ਕੌੜੇ ਫਲ ਹਨ। ਸਗੋਂ ਮਾਇਆ ਮਦ ਵਿਚ ਉਨਮੱਤ ਹੋਇਆ ਵਿਹਿਤ ਅਵਿਹਿਤ ਸਭ ਕੁਛ ਲਈ ਜਾਂਦਾ ਹੈ। ਇਸ ਫਾਹੀ ਵਿਚੋਂ ਨਿਕਾਸ ਕਰਤਾ ਪੁਰਖ ਦੀ 'ਸਿਆਣ' ਨਾਲ ਹੁੰਦਾ ਹੈ। ਉਹ ਮਨ ਦੀ ਮਤਿ ਤਿਆਗਕੇ ਗੁਰੂ ਦੀ ਸ਼ਰਣ ਗਿਆਂ ਪ੍ਰਾਪਤ ਹੁੰਦੀ ਹੈ। ਗੁਰ ਨਾਮ ਦੇਕੇ ਲਿਵ ਲਵਾ ਦੇਂਦਾ ਹੈ, ਲਿਵ ਨਾਲ ਸਿਆਣ ਪ੍ਰਾਪਤ ਹੁੰਦੀ ਹੈ ਤੇ ਕਰਤਾ ਪੁਰਖ ਮਿਲ ਪੈਂਦਾ ਹੈ। ਇਉਂ ਮਾਇਆ ਜਾਲ ਤੋਂ ਨਿਕਲਕੇ ਜੀਵ ਹਰੀ ਦੀ ਗੋਦੀ ਜਾ ਬੈਠਦਾ ਹੈ।

ਨਿਰੁਕ੍ਤ–ਸੁਰਿਦ–(ਸੰਸ:, ਸੁਹ੍ਰਿਤ੍=ਮਿਤ੍ਰ। ਦੋਸਤ। ਸੁਹ੍ਰਿਦਜ=ਜੋ ਪਜਾਰ ਕਰੇ। ਸਨੇਹਸ਼ੀਲ) ਸੁਰਿਦ ਕੀਏ=ਪਜਾਰੇ ਕੀਤੇ, ਭਾਵ ਮਿਤ੍ਰ ਤੇ ਦੋਸਤ ਕੀਤੇ=ਬਣਾਏ।　　ਬਿਲਮ–ਦੇਰ।

ਬਿਸਮਾਦੁ–(ਸੰਸ:, ਵਿਸ੍ਮਯ:) ਹੈਰਾਨੀ। ਇਥੇ ਬਿਸਮਾਦ ਦਾ ਅਰਥ ਆਤਮਕ ਉਚੀ ਅਵਸਥਾ ਨਹੀਂ, ਪਰ ਪਰੇਸ਼ਾਨੀ, ਹੈਰਾਨੀ ਮਤਲਬ ਹੈ।

ਭਖੁ ਅਭਖੁ–ਖਾਣੇ ਜੋਗ ਤੇ ਨਾ ਖਾਣੇ ਜੋਗ। ਜੋ ਧਰਮ ਮੂਜਬ ਵਿਹਿਤ (ਜਾਇਜ਼) ਹੈ ਕਿ ਅਵਿਹਿਤ (ਨਾਜਾਇਜ਼) ਹੈ।　　ਮਾਇਆ ਜਾਲ–ਇਸ ਤੁਕ ਨੂੰ ਐਉਂ ਬੀ ਲਾਉਂਦੇ ਹਨ:- (ਈਸ਼੍ਵਰ ਨੇ) ਮਾਇਆ ਰੂਪੀ ਜਾਲ ਫੈਲਾਇਆ ਹੈ ਤੇ ਵਿਚ ਚੋਗ ਬੀ ਰਖੀ ਹੈ ਵਿਸ਼ਿਆਂ ਦੀ। ਤ੍ਰਿਸ਼ਨਾ ਕਰਕੇ ਜੀਵ ਇਸ ਵਿਚ ਫਸਦਾ ਹੈ।

(ਸਿਰੀ ਰਾਗੁ ਮਹਲਾ ੫, ਚਉਪਦਾ - ੯੨)

ਪ੍ਰਾਕ੍ਥਨ–ਗੋਇਲ ਤੇ ਪ੍ਰਾਹੁਣੇ ਦੇ ਅਲਪ ਕਾਲ ਦੇ ਵਾਸ ਦਾ ਦ੍ਰਿਸ਼ਟਾਂਤ ਦੇਕੇ ਸਦਾ ਥਿਰ ਪ੍ਰਭੂ ਨੂੰ ਲੋੜਨ ਲੱਭਣ ਦਾ ਉਪਦੇਸ਼ ਕੀਤਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ਘਰੁ ੨ ॥	
ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥ ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥੧॥	(ਹੇ ਜੀਵ! ਤੂੰ ਸੰਸਾਰ ਵਿਚ ਐਉਂ ਆਇਆ ਹੈਂ ਜਿਵੇਂ) ਗੋਇਲੀ ਗੋਇਲ (ਟਿਕਾਣੇ ਥੋੜੇ ਸਮੇਂ ਲਈ) ਆਉਂਦਾ ਹੈ, ਉਸ ਨੇ (ਉਥੇ) ਦਿਖਾਵੇ ਦਾ ਕੀਹ ਸਾਮਾਨ ਕਰਨਾ ਹੁੰਦਾ ਹੈ, (ਉਸ ਵਾਂਙੂ ਤੈਨੂੰ) ਮੁਹਲਤ ਪੁਜ ਜਾਣੇ ਪਰ (ਏਥੋਂ) ਤੁਰਨਾ ਪੈਣਾ ਹੈ, (ਆਪਣੇ) ਘਰ ਬਾਰ ਦੀ ਤੂੰ ਸੰਭਾਲ ਰਖਿਆ ਕਰ (ਕਿ ਜਿਥੋਂ ਤੂੰ ਆਇਆ ਸੈਂ ਓਥੇ ਚਲਣਾ ਹੈ)॥੧॥
ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ ਕਿਆ ਥੋੜੜੀ ਬਾਤ ਗੁਮਾਨੁ ॥੧॥ ਰਹਾਉ ॥	ਹੇ ਮਨ! ਹਰੀ ਦੇ ਗੁਣ ਗਾਉ ਤੇ ਸਤਿਗੁਰੂ ਨੂੰ ਪਜਾਰ ਨਾਲ ਸੇਵ! (ਇਹ ਜੀਵਨ ਅਲਪ ਸਮੇਂ ਲਈ ਹੈ ਤੇ ਇਹ ਪਦਾਰਥ ਨਾਸ਼ਮਾਨ ਹਨ, ਇਸ) ਤੁਛ ਬਾਤ ਦਾ ਗੁਮਾਨ ਕੀਹ ਕਰਨਾ ਹੋਇਆ॥੧॥ਰਹਾਉ॥
ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥੨॥	(ਹੇ ਪ੍ਰਾਣੀ! ਹੋਰ ਸੋਚ ਕਰ: ਤੂੰ ਐਥੇ ਐਉਂ ਹੈਂ) ਜਿਵੇਂ ਰਾਤ ਦੇ ਪ੍ਰਾਹੁਣੇ, ਜੋ ਪਰਭਾਤੇ ਉਠਕੇ ਟੁਰ ਪੈਂਦੇ ਹਨ, ਤੂੰ ਗ੍ਰਿਹਸਤ ਵਿਚ ਕਿਉਂ ਖਚਿਤ ਹੋ ਰਿਹਾ ਹੈਂ, ਇਹ ਤਾਂ ਫੁਲ ਖੇੜੇ (ਸਮਾਨ) ਹੈ॥੨॥

ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥ ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥੩॥	(ਇਸ ਜਗਤ ਦੀਆਂ ਵਸਤਾਂ ਨੂੰ ਦਾਅਵੇ ਬੰਨ੍ਹਕੇ) 'ਮੇਰੀ ਮੇਰੀ' (ਕਹਿਕੇ) ਕੀਹ ਪਿਆ ਕਰਦਾ ਹੈਂ? ਜਿਸ ਨੇ (ਇਹ ਸਭ ਕੁਛ) ਦਿੱਤਾ ਹੈ ਉਸ ਪ੍ਰਭੂ ਨੂੰ ਢੂੰਡ। (ਇਥੋਂ) ਅਵੱਸ਼ ਹੀ ਉਠ ਟੁਰਨਾ ਹੈ, ਲੱਖਾਂ ਕ੍ਰੋੜਾਂ (ਕੱਠੇ ਕੀਤੇ) ਛਡ ਜਾਣੇ ਪੈਣਗੇ॥੩॥
ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੨੨॥੯੨॥	ਚੌਰਾਸੀ ਲੱਖ (ਜੂਨਾਂ) ਵਿਚ ਭਟਕਦਿਆਂ, (ਇਹ ਮਨੁੱਖਾ) ਜਨਮ ਜੋ (ਬੜਾ) ਦੁਰਲਭ (ਹੈ ਤੂੰ) ਪਾਇਆ ਹੈ। ਹੇ ਨਾਨਕ! ਤੂੰ ਨਾਮ ਨੂੰ ਸੰਮ੍ਹਾਲ, ਉਹ ਦਿਨ (ਜਦੋਂ ਏਥੋਂ ਉੱਠ ਚਲਣਾ ਹੈ) ਨੇੜੇ ਆ ਗਿਆ ਹਈ॥੪॥੨੨॥੯੨॥

ਵਯਾਖਯਾ-ਪਹਿਲੇ ਗੋਇਲੀ ਦਾ ਦ੍ਰਿਸ਼ਟਾਂਤ ਲਿਆ ਹੈ। ਪੰਜਾਬ ਵਿਚ ਪਹਿਲੇ ਬਾਰਾਂ ਹੁੰਦੀਆਂ ਸਨ, ਜਿਥੇ ਬਰਸਾਤ ਵਿਚ ਮੱਝਾਂ ਵਾਲੇ ਆਪਣੇ ਵੱਗ ਲੈ ਜਾਂਦੇ ਸਨ। ਇਥੇ ਘਾਹ ਬੜੇ ਹੁੰਦੇ ਸਨ। ਬਰਸਾਤ ਮੁੱਕਣੇ ਪਰ ਘਰਾਂ ਨੂੰ ਪਰਤ ਆਉਂਦੇ ਸਨ। ਉਨ੍ਹਾਂ ਨੂੰ ਗੋਇਲੀ ਤੇ ਜਿਥੇ ਬਾਰਾਂ ਵਿਚ ਜਾ ਟਿਕਦੇ ਸਨ ਉਨ੍ਹਾਂ ਥਾਵਾਂ ਨੂੰ 'ਗੋਇਲ' ਆਖਦੇ ਸਨ। ਤ੍ਰਿਣ ਕਾਲ ਸਮੇਂ ਅਨੇਕਾਂ ਜਗ੍ਹਾਂ ਦੇ ਲੋਕੀ ਬੀ ਤ੍ਰਿਣ ਸੁਕਾਲ, ਬਨਾਂ ਪਹਾੜਾ ਦੀਆਂ ਥਾਵਾਂ ਤੇ ਇਸ ਤਰ੍ਹਾਂ ਜਾਂਦੇ ਸਨ, ਤੇ ਅਜੇ ਵੀ ਇਹ ਕਾਰਜ ਕਈ ਥਾਂ ਹੁੰਦਾ ਹੈ। ਉਨ੍ਹਾਂ ਦਾ ਗੋਇਲ ਵਾਸਾ ਅਲਪ ਸਮੇਂ ਦਾ ਹੁੰਦਾ ਸੀ, ਓਥੇ ਉਹ ਕੋਈ ਪਸਾਰੇ, ਦਿਖਾਵੇ ਦੇ ਸਾਮਾਨ ਮੰਦਰ ਆਦਿ ਨਹੀਂ ਸਨ ਬਣਾਉਂਦੇ। ਤਿਵੇਂ ਇਹ ਜੀਵਨ ਇਸ ਜਗਤ ਵਿਚ ਅਲਪ ਕਾਲ ਦਾ ਹੈ। ਏਥੋਂ ਦੇ ਅਡੰਬਰਾਂ ਦੀ ਥਾਂ ਆਪਣੇ ਘਰ ਦਾ ਫਿਕਰ-ਜਿਥੋਂ ਆਏ ਸਾਂ-ਲੋੜੀਏ। ਭਾਵ ਨਾਮ ਸਿਮਰਕੇ ਸ੍ਵੈ ਸਰੂਪ ਦੀ ਸੰਭਾਲ ਵਿਚ ਰਹਿਣਾ ਚਾਹੀਏ ਜੋ ਪ੍ਰਲੋਕ ਸੁਖ ਨਾਲ ਜਾਵੇ। ਫੇਰ ਅੰਕ ੨ ਵਿਚ ਪ੍ਰਾਹੁਣੇ ਦਾ ਰਾਤ ਟਿਕਣਾ, ਸਵੇਰੇ ਉਠ ਟੁਰਨਾ, ਪਸਾਰਾ ਨਾ ਕਰਨਾ ਤੇ ਸਫਰ ਦੇ ਰੌਂ ਵਿਚ ਰਹਿਣੇ ਦਾ ਦ੍ਰਿਸ਼ਟਾਂਤ ਲਿਆ ਹੈ ਤੇ ਉਪਦੇਸ਼ ਦੇਂਦਿਆਂ ਕਿ ਇਥੋਂ ਪ੍ਰਾਹੁਣੇ ਤੁੱਲ ਉਠ ਟੁਰਨਾ ਹੈ, ਇਕ ਹੋਰ ਦ੍ਰਿਸ਼ਟਾਂਤ ਲੈ ਲਿਆ-ਫੁਲ ਖੇੜੇ ਦਾ। ਜੋ ਉਸ ਤੋਂ ਬੀ ਅਲਪ ਕਾਲ ਰਹਿੰਦਾ ਹੈ। ਅੰਤ ਵਿਚ ਸਪਸ਼ਟ ਉਪਦੇਸ਼ ਦਿੱਤਾ ਕਿ ਕਈ ਜੂਨਾਂ ਭਟਕ ਕੇ ਮਨੁੱਖਾ ਜਨਮ ਲੱਭਾ ਹੈ, ਇਸ ਨੂੰ ਸਫਲ ਕਰ, ਨਾਮ ਜਪ, ਮੌਤ ਦਾ ਦਿਨ ਹਰ ਰੋਜ਼ ਨੇੜੇ ਨੇੜੇ ਆ ਰਿਹਾ ਹੈ।

ਨਿਰੁਕ੍ਤ-ਗੋਇਲ ਗੋਇਲੀ-ਵਯਾਖਯਾ ਵਿਚ ਅਰਥ ਆ ਚੁਕਾ ਹੈ।

ਡੰਫੁ-(ਸੰਸ:, ਦੰਭ:)ਕਪਟ, ਬਨਾਵਟ, ਦਿਖਾਵਾ। ਪਸਾਰੁ-ਫੈਲਾਉ। ਪਸਾਰਾ।

ਮੁਹਲਤਿ-(ਅ:, ਮੁਹਲਤ) ਸਮਾ, ਸਮੇਂ ਦੀ ਅਵਧੀ।

ਬਾਗਾਤਿ-(ਫ਼ਾ:, ਬਾਗ਼ਾਤ=ਬਾਗ਼ ਪਦ ਦਾ ਬਹੁ ਬਚਨ, ਕਈ ਬਾਗ਼) ਪਰ ਏਥੇ ਇਹ ਬਾਗ਼ਾਂ ਦੀ ਬਹੁਤਾਤ ਦਾ ਵਾਚਕ ਨਹੀਂ। ਇਹ ਪੰਜਾਬੀ ਬਣ ਗਿਆ ਹੈ, ਭਾਵ ਵਾਚਕ ਸੰਗਯਾ ਹੈ- ਬਾਗ਼ਾਂ ਦਾ ਬਾਗ਼ਪਨ, ਭਾਵ ਬਾਗ਼ਾਂ ਦੇ ਖੇੜੇ ਰੂਪ ਜੁਆਨੀ। ਫੁਲ ਖੇੜਾ, ਜੋ ਅਲਪ ਕਾਲ ਦਾ ਹੁੰਦਾ ਹੈ।

ਸਰਪਰ-(ਸੰਸ: ਸਰ੍ਵਥਾ) ਜਦ ਕਦ। ਅਵਸ਼ਮੇਵ। ਸਰਵਥਾ। ਜ਼ਰੂਰੀ।

(ਸਿਰੀ ਰਾਗੁ ਮਹਲਾ ੫, ਚਉਪਦਾ-੯੩)

ਪ੍ਰਾਕ੍ਥਨ-ਇਸ ਸ਼ਬਦ ਵਿਚ ਪਹਿਲਾਂ ਦੇਹ ਪ੍ਰਤਿ ਉਪਦੇਸ਼ ਕਰਦੇ ਜੀਵ ਨੂੰ ਪ੍ਰਬੋਧ ਕਰਦੇ ਹਨ ਤੇ ਫੇਰ ਅੰਕ ੩ ਤੋਂ ਜੀਵ ਨੂੰ ਸਪਸ਼ਟ ਉਪਦੇਸ਼ ਹੈ ਕਿ ਗੁਰੂ ਤੋਂ ਸਿਖ ਲੈਕੇ ਸ਼ਹੁ ਨਾਲ ਪਯਾਰ ਕਰ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥ ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ॥੧॥	(ਹੇ ਦੇਹ!) ਉਨਾਂ ਚਿਰ (ਹੀ ਤੂੰ) ਸੁਖੀ ਵੱਸ ਰਹੀ ਹੈਂ ਕਿ ਜਿਤਨਾ ਚਿਰ (ਤੇਰਾ) ਸਾਥੀ (ਜੀਵ ਆਤਮਾ ਤੇਰੇ) ਨਾਲ (ਵਸਦਾ ਪਿਆ) ਹੈ। ਜਦ ਸਾਥੀ (ਆਤਮਾ) ਉਠ ਟੁਰਦਾ ਹੈ ਤਾਂ (ਦੇਹ ਰੂਪੀ) ਇਸਤ੍ਰੀ ਮਿੱਟੀ ਵਿਚ ਰਲ ਜਾਂਦੀ ਹੈ॥੧॥
ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥ ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥	(ਇਹ ਦਸ਼ਾ ਮਾਨੁਖ ਸਰੀਰਾਂ ਦੀ ਦੇਖਕੇ) ਮਨ ਵਿਚ ਵੈਰਾਗ ਹੋ ਗਿਆ ਹੈ: (ਹੇ ਵਾਹਿਗੁਰੂ ਤੇਰੇ) ਦਰਸ਼ਨ ਦੇਖਣ ਦਾ ਚਾਉ (ਉਪਜ ਪਿਆ ਹੈ)। ਧੰਨ ਹੈ ਉਹ ਤੇਰਾ ਟਿਕਾਣਾ (ਜਿਥੇ ਤੂੰ ਵੱਸ ਰਿਹਾ ਹੈਂ, ਕਿਵੇਂ ਦਰਸ਼ਨ ਕਰਾਂ ਉਸਦਾ) ॥੧॥ਰਹਾਉ॥
ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥ ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥੨॥	(ਇਸ ਦੇਹ ਵਿਚ ਨਿਵਾਸ ਦਾ ਤਾਂ ਇਹ ਹਾਲ ਹੈ ਕਿ) ਜਿੰਨਾ ਚਿਰ (ਜੀਵਾਤਮਾ ਰੂਪੀ) ਪਤੀ (ਇਸ ਦੇ) ਘਰ ਵਿਚ ਵਸਦਾ ਹੈ ਸਾਰੇ (ਇਸ ਨੂੰ) 'ਜੀਉ ਜੀਉ' ਕਹਿੰਦੇ ਹਨ। ਜਦੋਂ (ਏਹ ਦੇਹੀ ਦਾ) ਕੰਤ ਉਠ ਟੁਰਦਾ ਹੈ ਤਾਂ (ਹੇ ਦੇਹ!) ਤੇਰੀ ਕੋਈ ਵਾਤ ਨਹੀਂ ਪੁਛਦਾ (ਭਾਵ ਦਬ, ਸਾੜ, ਜਲ ਪ੍ਰਵਾਹ ਕਰਕੇ ਮਾਨੋ ਸੱਟ ਦੇਂਦੇ ਹਨ)॥੨॥
ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥	(ਹੁਣ ਜੀਵ ਆਤਮਾ ਨੂੰ ਇਸਤ੍ਰੀ ਰੂਪ ਵਿਚ ਉਪਦੇਸ਼ ਕਰਦੇ ਹਨ ਕਿ) ਪੇਕੇ ਘਰ ਹੁੰਦਿਆਂ (ਭਾਵ ਜਗਤ ਵਿਖੇ ਸਰੀਰ ਵਿਚ ਵਸਦਿਆਂ) ਤੂੰ ਪਤੀ (ਪਰਮਾਤਮਾ) ਦੀ ਸੇਵਾ ਕਰ ਤਾਂ ਸਾਹੁਰੇ ਘਰ (ਪ੍ਰਲੋਕ) ਵਿਚ ਸੁਖੀ ਵੱਸ (ਭਾਵ ਵਸੇਂਗੀ)। (ਇਸ ਗਲ ਦੀ) ਜਾਚ ਤੇ ਕਾਰਜ ਕਰਨੇ ਦਾ ਤ੍ਰੀਕਾ ਗੁਰੂ ਨੂੰ ਮਿਲਕੇ ਸਿਖ, ਫਿਰ ਤੈਨੂੰ (ਆਵਾ ਗਵਨ ਆਦਿ) ਦੁਖ ਕਦੇ ਨਾ ਲਗੇਗਾ॥੩॥
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥ ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੪॥੨੩॥੯੩॥	ਸਭਨਾਂ (ਜਿੰਦੜੀਆਂ) ਨੇ ਸਹੁਰੇ (ਪ੍ਰਲੋਕ ਵਿਚ) ਜਾਣਾ ਹੈ ਸਭੇ ਮੁਕਲਾਈਆਂ ਜਾਣ ਹਾਰੀਆਂ ਹਨ। (ਪਰ) ਹੇ ਨਾਨਕ! ਧੰਨ ਹਨ ਸੁਹਾਗਣਾਂ ਜਿਨ੍ਹਾਂ ਦਾ ਸ਼ਹੁ ਨਾਲ ਪਿਆਰ ਹੈ॥੪॥੨੩॥੯੩॥

ਵਯਾਖਯਾ—ਤਰਦੀ ਨਜ਼ਰੇ ਜਾਪਦਾ ਹੈ ਕਿ ਸਾਰੇ ਸ਼ਬਦ ਵਿਚ ਦੇਹ ਪ੍ਰਤੀ ਉਪਦੇਸ਼ ਹੈ, ਪਰ ਐਸਾ ਹੈ ਨਹੀਂ। ਅੰਕ ੧ ਤੇ ੨ ਵਿਚ ਦੇਹ ਪ੍ਰਤੀ ਇਸ ਦੀ ਜੀਵਾਤਮਾਂ ਬਿਨਾਂ ਤੁੱਛ ਕੀਮਤ ਦੱਸਕੇ ਉਪਦੇਸ਼ ਕੱਢਿਆ ਹੈ ਕਿ ਇਸ ਦਾ ਮਾਣ ਤੇ ਇਸ ਦੇ ਆਸਰੇ ਕੀਤੇ ਮਾੜੇ ਕਰਮ ਕਿਸੇ ਅਰਥ ਨਹੀਂ ਹਨ। ਰਹਾਉ ਵਿਚ ਇਸ ਤੋਂ ਵੈਰਾਗ ਦਾ ਪੋਖਾ ਲਿਆ ਹੈ ਕਿ ਇਹ ਦੇਖ ਕੇ ਮਨ ਨੂੰ ਵੈਰਾਗ ਹੋ ਗਿਆ ਹੈ ਤੇ ਦੇਹ ਤੇ ਦੇਹੀ ਭੋਗਾਂ ਤੋਂ ਉਪਰਾਮ ਹੋਕੇ ਵਾਹਿਗੁਰੂ ਜੀ ਦੇ ਦਰਸ਼ਨ ਦੇਖਣ ਦਾ ਚਾਉ ਉਪਜ ਪਿਆ ਹੈ ਕਿ ਉਸਦਾ ਸਦਾ ਥਿਰ ਥਾਉਂ ਧੰਨ ਹੈ, ਉਹ ਦੇਖੀਏ ਕਿਵੇਂ? ਅੰਕ ੩ ਵਿਚ ਉਪਦੇਸ਼ ਦੇਹ ਨੂੰ ਨਹੀਂ, ਕਿਉਂਕਿ ਦੇਹ ਨੇ ਪ੍ਰਲੋਕ ਨਹੀਂ ਜਾਣਾ ਜੋ ਓਥੇ ਜਾਕੇ ਸੁਖੀ ਵੱਸੇਗੀ, ਇਸ ਨੇ ਤਾਂ 'ਖਾਕੂ ਰਾਲ' ਹੋ ਜਾਣਾਂ ਹੈ। ਪਰ ਏਥੇ ਜੀਵਾਤਮਾ ਨੂੰ ਪੁਲਿੰਗ ਵਿਚ ਸੰਬੋਧਨ ਨਹੀਂ ਕਰ ਰਹੇ।

ਉਸ ਨੂੰ ਇਸਤ੍ਰੀ ਲਿੰਗ ਵਿਚ ਬੁਲਾ ਰਹੇ ਹਨ। ਇਥੇ ਹੁਣ ਵਾਹਿਗੁਰੂ ਪਤੀ ਹੈ ਤੇ ਜਿੰਦ ਯਾ ਆਤਮਾ ਇਸਤ੍ਰੀ ਹੈ। ਯਾ ਮਾਨੁੱਖ ਨੂੰ ਦੇਹ ਆਤਮਾ ਸਣੇ ਵਾਹਿਗੁਰੂ ਜੀ ਦੀ ਇਸਤ੍ਰੀ ਦੇ ਰੂਪਕ ਵਿਚ ਸੰਬੋਧਨ ਕਰ ਰਹੇ ਹਨ, ਕਿਉਂਕਿ 'ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥' (ਵਾਰ ਵਡ: ਮ: ੩-੧੫)। ਉਪਦੇਸ਼ ਹੈ ਗੁਰੂ ਨੂੰ ਮਿਲਣ ਦਾ ਤੇ ਪਤੀ ਪ੍ਰੇਮ ਦੀ ਜਾਚ ਸਿਖਣ ਦਾ। ਅੰਤ ਵਿਚ ਸੁਹਾਗਣਾਂ ਨੂੰ ਧੰਨ ਕਿਹਾ ਹੈ, ਕਿਉਂਕਿ ਉਨ੍ਹਾਂ ਦਾ ਪਤੀ ਨਾਲ ਪ੍ਰੇਮ ਹੈ। ਉਪਦੇਸ਼ ਇਹ ਹੋਇਆ ਹੈ ਕਿ ਇਸ ਲੋਕ ਵਿਚ ਹੁੰਦਿਆਂ ਪਤੀ ਦੇ ਪ੍ਰੇਮੀ ਗੁਰਮੁਖ ਬਣ ਜਾਓ।

ਨਿਰਕੁ-ਸੁਹੇਲੜੀ-ਸੁਖੀ, ਸੁਖ ਵਾਲੀ। ਸਾਥੀ- ਤੋਂ ਮੁਰਾਦ ਜੀਵਾਤਮਾ ਹੈ।

ਰਾਲਿ-ਰਲ ਗਈ ਯਾ ਰਲ ਜਾਂਦੀ ਹੈ। (੨) ਰੁਲ ਗਈ ਬੀ ਅਰਥ ਕਰਦੇ ਹਨ।

ਚਜੁ-ਵੱਲ। ਜਾਚ। ਅਚਾਰੁ-ਕਰਮ। ਕੰਮ। ਕੰਮ ਕਰਨ ਦਾ ਤ੍ਰੀਕਾ, ਚਜੁ ਅਚਾਰੁ ਸਮੁੱਚੇ ਦਾ ਏਥੇ ਭਾਵ ਹੈ ਵਾਹਿਗੁਰੂ ਨੂੰ ਪ੍ਰੇਮ ਕਰਨ ਦਾ ਵੱਲ ਤੇ ਐਸੇ ਕਰਮਾਂ ਦੀ ਜਾਚ ਜਿਨ੍ਹਾਂ ਨਾਲ ਪ੍ਰੇਮ ਵਧੇ।

ਮੁਕਲਾਵਣਹਾਰ-ਵਿਆਹ ਦੇ ਮਗਰੋਂ ਕਾਕੀਆਂ ਪੇਕੇ ਹੀ ਰਹਿੰਦੀਆਂ ਸਨ, ਮੁਟਿਆਰ ਹੋਣੇ ਤੇ ਮੁਕਲਾਵਾ ਹੁੰਦਾ ਸੀ। ਇਹ ਇਕ ਰਸਮ ਸੀ। ਇਸ ਦੇ ਮਗਰੋਂ ਸਹੁਰੇ ਰਹਿੰਦੀਆਂ ਸਨ। ਭਾਵ ਕਿ ਸਹੁਰੇ ਜਾਣ ਆਉਣ ਦੀ (ਮੁਕਲਾਵਾ=) ਖੁਲ੍ਹ ਹੋ ਗਈ। ਏਥੇ ਮਤਲਬ ਹੈ ਕਿ ਸਭ ਨੇ ਮਰ ਜਾਣਾ ਹੈ, ਪੇਕੇ ਰਹਿਣਾ ਨਹੀਂ ਮਿਲਣਾ। ਅੰਤ ਸਹੁਰੇ ਘਰ-ਪ੍ਰਲੋਕ-ਵਿਚ ਜਾਣਾ ਹੈ।

(ਸਿਰੀ ਰਾਗੁ ਮਹਲਾ ੫, ਚਉਪਦਾ-੯੪)

ਪ੍ਰਾਕ੍ਥਨ-ਸਾਧ ਸੰਗਤਿ ਨੂੰ ਪ੍ਰਾਪਤ ਹੋਵੇ, ਗੁਰੂ ਦੀ ਸ਼ਰਣ ਲਵੇ, ਉਸ ਤੋਂ ਨਾਮ ਪ੍ਰਾਪਤ ਕਰੋ ਤੇ ਲਿਵ ਲਾਓ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ਘਰੁ ੬ ॥	
ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ॥ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥੧॥	ਕਰਣ ਕਾਰਣ (ਸਭ ਗੱਲ ਦਾ) ਇਕੋ ਓਹੋ (ਵਾਹਿਗੁਰੂ) ਹੈ ਜਿਸ ਨੇ (ਇਹ) ਆਕਾਰ (ਸੂਰਤਾਂ ਵਾਲਾ ਜਗਤ) ਬਣਾਇਆ ਹੈ। ਹੇ ਮੇਰੇ ਮਨ! ਉਸੇ ਨੂੰ ਆਰਾਧੋ ਜੋ ਸਭ ਦਾ ਆਸਰਾ ਹੈ॥੧॥
ਗੁਰ ਕੇ ਚਰਨ ਮਨ ਮਹਿ ਧਿਆਇ॥ ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ਰਹਾਉ॥	(ਪਰ ਪਹਿਲਾਂ) ਗੁਰੂ ਦੇ ਚਰਣ ਮਨ ਵਿਚ ਧਿਆ, ਸਭ ਸਿਆਣਪਾਂ ਛਡ ਦੇਹ ਤੇ ਸੱਚੇ (ਵਾਹਿਗੁਰੂ) ਵਿਚ ਨਾਮ ਦੁਆਰਾ ਲਿਵ ਲਾਓ॥੧॥ਰਹਾਉ॥
ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥ ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥੨॥	(ਜੇ) ਗੁਰੂ ਦਾ (ਦਿਤਾ) ਮੰਤ੍ਰ ਹਿਰਦੇ ਵਿਚ ਹੋਵੇ ਤਾਂ ਦੁਖ, ਕਲੇਸ਼ ਤੇ ਡਰ ਨਹੀਂ ਵਿਆਪਦਾ। (ਲੋਕੀ) ਕ੍ਰੋੜਾਂ ਜਤਨ ਕਰਕੇ (ਹਾਰ) ਰਹੇ ਹਨ, ਗੁਰੂ ਬਿਨਾਂ ਕੋਈ ਨਹੀਂ ਤਰਿਆ॥੨॥
ਦੇਖਿ ਦਰਸਨੁ ਮਨੁ ਸਾਧਾਰੈ ਪਾਪ	(ਗੁਰੂ ਦਾ) ਦਰਸ਼ਨ ਦੇਖਕੇ ਮਨ ਸੁਧਰ ਜਾਂਦਾ ਹੈ ਤੇ ਸਾਰੇ

ਸਗਲੇ ਜਾਹਿ ॥ ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥੩॥	ਪਾਪ ਚਲੇ ਜਾਂਦੇ ਹਨ। ਮੈਂ ਉਨ੍ਹਾਂ ਤੋਂ ਸਦਕੇ ਹਾਂ ਜੋ ਗੁਰੂ ਦੀ ਪੈਰੀਂ ਪੈਂਦੇ ਹਨ॥੩॥
ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥੪॥੨੪॥੯੪॥	ਸਾਧੂ ਦੀ ਸੰਗਤਿ ਦੁਆਰਾ ਹਰੀ ਦਾ ਜੋ ਸੱਚ (ਸਰੂਪ ਹੈ) ਨਾਉ ਮਨ ਵਿਚ ਵੱਸ ਜਾਂਦਾ ਹੈ। ਹੇ ਨਾਨਕ! ਓਹ ਵਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਮਨ ਵਿਚ ਇਹ (ਸਾਧ ਸੰਗਤਿ) ਦਾ ਪ੍ਰੇਮ ਹੈ॥੪॥ ੨੪॥੯੪॥

ਨਿਰੁਕ੍ਤ-ਕਰਣ ਕਾਰਣ- ਕਾਰਣ ਕਰਣ, ਕਾਰਣ ਕਰੇਉ } ਕਾਰਣਾਂ ਦੇ ਕਰਨ ਵਾਲਾ।

ਕਰਣ ਕਾਰਣ, ਕਰਣ ਕਰੇਵ } =ਕਾਰਣ ਦਾ ਕਰਤਾ। ਜਗਤ ਦੇ ਕਾਰਣ ਤਤ ਆਦਿ ਦਾ ਕਰਤਾ। ਕਰਤਾਰ।

ਆਕਾਰੁ-ਸੰਸ:, ਆਕਾਰ:=ਸਰੂਪ, ਸੂਰਤ) ਭਾਵ ਹੈ ਜੋ ਨਿਰ+ਆਕਾਰ ਹੈ, ਉਸ ਨੇ ਆਕਾਰ ਵਾਲਾ ਜਗਤ ਪੈਦਾ ਕੀਤਾ ਹੈ।

ਸਾਧਾਰੈ-ਸੁਧਾਰੈ। ਠੀਕ ਕਰੇ (ਮਨ) ਸੁਧਰ ਜਾਂਦਾ ਹੈ। (੨) ਸੰਪ੍ਰਦਾ ਵਿਚ ਇਕ ਅਰਥ ਸ+ਆਧਾਰੇ ਬੀ ਕਰਦੇ ਹਨ ਕਿ ਨਿਰਆਧਾਰ ਨੂੰ ਸਹਿਤ ਆਧਾਰ ਦੇ ਕਰਦਾ ਹੈ। ਦਰਸ਼ਨ ਕਰਕੇ ਮਨ ਨੂੰ ਆਸਰੇ ਵਾਲਾ ਬਣਾ ਲੈਂਦਾ ਹੈ ਜੋ ਮਨ ਕਿ ਪਹਿਲਾਂ ਆਪ ਨੂੰ ਬੇਆਸਰਾ ਪ੍ਰਤੀਤ ਕਰਦਾ ਸੀ।

(ਸਿਰੀ ਰਾਗੁ ਮਹਲਾ ੫, ਚਉਪਦਾ-੯੫)

ਪ੍ਰਾਕ੍ਥਨ-ਵਿਕਾਰ ਤਜਾਗ, ਗੁਰੂ ਸੇਵਾ, ਨਾਮ ਦੁਆਰਾ ਗਜਾਨ ਪ੍ਰਾਪਤੀ ਦਾ ਉਪਦੇਸ਼ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥ ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥	(ਉਪਦੇਸ਼:) ਹਰਿ ਧਨ ਇਕੱਠਾ ਕਰ, ਸਤਿਗੁਰੂ ਦੀ ਪੂਜਾ ਕਰ, ਸਾਰੇ ਵਿਕਾਰ ਛੋੜ ਦੇਹ।(ਪ੍ਰਸ਼ਨ: ਹਰਿ ਧਨ ਕਿਵੇਂ ਤੇ ਕਿਉਂ ਇਕੱਠਾ ਕਰਾਂ? ਉੱਤਰ:) ਜਿਸ ਹਰੀ ਨੇ ਤੈਨੂੰ ਸਾਜਿਆ (ਤੇ ਸ਼ੁਭ ਗੁਣਾਂ ਨਾਲ) ਭੂਸ਼ਿਤ ਕੀਤਾ ਹੈ ਉਸ ਦਾ ਸਿਮਰਨ ਕਰ। (ਇਸ ਹਰਿ ਧਨ ਨਾਲ ਤੇਰਾ) ਉੱਧਾਰ ਹੋਵੇਗਾ॥੧॥
ਜਪਿ ਮਨ ਨਾਮੁ ਏਕੁ ਅਪਾਰੁ ॥ ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ ਰਹਾਉ ॥	(ਹਾਂ, ਮੇਰੇ) ਮਨ! ਇੱਕੋ ਨਾਮ ਨੂੰ ਜਪ ਜੋ ਪਾਰ ਰਹਿਤ ਹੈ, (ਉਸ ਹਰੀ ਦੇ ਨਾਮ ਨੂੰ) ਜਿਸ ਨੇ (ਤੈਨੂੰ) ਪ੍ਰਾਣ, ਮਨ ਤੇ ਤਨ ਦਿਤਾ ਹੈ (ਸਿਮਰ ਸਿਮਰਕੇ) ਮਨ ਦਾ ਆਸਰਾ (ਬੀ) ਬਣਾ ਲੈ॥੧॥ਰਹਾਉ॥
ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ	(ਪ੍ਰਸ਼ਨ: ਵਿਕਾਰਾਂ ਦਾ ਤਜਾਗ ਕੀਕੂੰ ਕਰਾਂ? ਕਿਉਂਕਿ:) (ਲੋਕੀ ਕੋਈ) ਕਾਮ ਵਿਚ, (ਕੋਈ) ਕ੍ਰੋਧ ਵਿਚ, (ਕੋਈ) ਅਹੰਕਾਰ ਵਿਚ ਮਸਤ ਹਨ (ਸਭ ਨੂੰ ਕਿਸੇ ਨਾ ਕਿਸੇ ਤਰ੍ਹਾਂ)

ਅੰਧਾਰੁ ॥੨॥

ਸੰਸਾਰ ਵਾਪਰਿਆ ਹੋਇਆ ਹੈ? (ਉੱਤਰ:) ਸੰਤਾਂ ਦੀ ਸ਼ਰਣੀ ਪੈ ਜਾਹ, (ਉਹਨਾਂ ਦੇ) ਚਰਣਾਂ (ਦੀ ਸੇਵਾ) ਨੂੰ ਲੱਗ ਪਉ ਜੋ ਵਿਕਾਰ (ਕਰਨੇ ਦਾ ਮਾਯਕ) ਹਨੇਰਾ ਦੂਰ ਹੋਵੇ ਤੇ ਦੁਖ ਮਿਟ ਜਾਵੇ (ਭਾਵ ਆਸੁਰੀ ਗੁਣ ਹਟਣ)॥੨॥

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥

(ਫਿਰ ਸੰਤਾਂ ਦੇ ਉਪਦੇਸ਼ ਅਨੁਸਾਰ) ਸਤਿ, ਸੰਤੋਖ ਤੇ ਦਇਆ (ਆਦਿ) ਦੀ (ਜੀਵ) ਕਮਾਈ ਕਰੇ, ਇਹ ਕਰਨੀ (ਉਸ ਤੋਂ) ਸ੍ਰੇਸ਼ਟ ਹੈ (ਕਿਉਂਕਿ ਇਹ ਦੈਵੀ ਗੁਣਾਂ ਦਾ ਸੰਗ੍ਰਹਿ ਕਰਨਾ ਹੈ।) (ਆਸੁਰੀ ਗੁਣ ਤਿਆਗਦਾ ਦੈਵੀ ਗੁਣ ਧਾਰਦਾ ਹੁਣ ਹਉਂ ਦਾ ਤਜਾਗ ਸਿੱਖੇ, ਇਉਂ ਕਿ) ਆਪਾ ਭਾਵ ਦਾ ਤਿਆਗ ਕਰੇ (ਇਹ ਤਾਂ ਅੰਦਰੋਂ ਛੱਡੇ, ਬਾਹਰ ਵਰਤੋਂ ਵਿਚ ਆਪਣੇ ਆਪ ਨੂੰ) ਸਭ ਦੀ ਰੇਣ ਹੋਕੇ (ਵਰਤੇ, ਭਾਵ ਵਰਤੋਂ ਜਦ ਨਿੰਮ੍ਰਤਾ ਦੀ ਕਰੇਗਾ ਤਾਂ ਵਰਤੋਂ ਬੀ ਨਿਰ-ਅਭਿਮਾਨਤਾ ਵਾਲੀ ਹੋ ਜਾਏਗੀ)। (ਇਹ 'ਹਉਂ ਤਜਾਗ' ਹਉਂ ਦੇ ਜ਼ੋਰ ਨਾਲ ਨਹੀਂ ਹੋ ਸਕਦਾ, ਤਾਂ ਤੇ ਇਹ ਸਮਝੇ ਕਿ ਇਹ ਆਪਾ ਤਜਾਗਣਾ ਪ੍ਰਭੂ ਦੀ ਦਾਤ ਹੈ) ਜਿਸ ਨੂੰ ਨਿਰੰਕਾਰ ਪ੍ਰਭੂ ਦੇ ਦੇਵੇ ਸੋ ਦੇ ਦੇਵੇ। (ਭਾਵ ਇਹ ਕਿ ਹਉਂ ਤਜਾਗ ਦਾ ਅਭਿਮਾਨ ਬੀ ਨਾ ਧਾਰਨ ਕਰੇ। ਇਸ ਨੂੰ ਪ੍ਰਭੂ ਦੀ ਜੋ ਦਾਤ ਸਮਝੇਗਾ ਤਾਂ ਇਸ ਦੇ ਅੰਦਰ ਤਜਾਗ ਦਾ ਬੀ ਤਜਾਗ ਆ ਵੱਸੇਗਾ। ਇਉਂ ਇਹ ਆਪੂੰ ਸ਼ੁਧ ਹੋ ਜਾਏਗਾ)॥੩॥

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥ ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥

(ਫਿਰ ਕੀਹ ਦੇਖੇਗਾ ਕਿ ਹੇ ਹਰੀ!) ਜੋ ਦਿੱਸ ਰਿਹਾ ਹੈ ਸਭ ਕੁਛ ਤੂੰ ਹੈ? (ਤੇਰਾ ਹੀ ਇਹ) ਫੈਲਾਉ ਫੈਲਿਆ ਹੋਇਆ ਹੈ। ਫੁਰਮਾਉਂਦੇ ਹਨ (ਗੁਰੂ) ਨਾਨਕ (ਦੇਵ ਜੀ ਐਉਂ) ਗੁਰੂ ਨੇ ਭਰਮ ਕੱਟ ਦਿਤਾ (ਤਦੋਂ) 'ਸਗਲ ਬ੍ਰਹਮ ਬੀਚਾਰੁ' (ਪੈਦਾ ਹੋ ਜਾਂਦਾ ਹੈ। ਭਾਵ ਫਿਰ ਐਸੇ ਕਰਨੀ ਵਾਲੇ ਤਤਵੇਤਾ ਪੁਰਖ ਨੂੰ ਬ੍ਰਹਮ ਦਿੱਸਦਾ ਹੈ। ਯਥਾ:- ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ (ਬਿਲਾ: ਮ: ੫ ਛੰਤ-੨)

ਵਜਾਖਤਜਾ–ਇਸ ਸ਼ਬਦ ਵਿਚ ਕਲਜਾਣ ਮਾਰਗ ਨੂੰ ਸ਼੍ਰੇਣੀ ਬੱਧ ਵਰਣਨ ਕੀਤਾ ਹੈ।

੧. ਵਿਕਾਰਾਂ ਦਾ ਤਜਾਗ। ਇਸ ਦਾ ਸਾਧਨ ਹੈ: ਸੰਤ ਸ਼ਰਣ ਤੇ ਸਤਿਗੁਰ ਸ਼ਰਣ। ਵਿਕਾਰਾਂ ਦਾ ਤਜਾਗ-ਆਸੁਰੀ ਸੰਪਦਾ ਦਾ ਤਜਾਗ ਹੈ, ਨੇਕੀ ਹੈ ਪਰ ਮੁਕੰਮਲ ਨੇਕੀ ਨਹੀਂ, ਮਾਨੋ ਮਨਫੀ ਨੇਕੀ ਹੈ।

੨. ਹੁਣ ਦੈਵੀ ਸੰਪਦਾ ਦਾ ਸੰਚਨ ਦੱਸਦੇ ਹਨ, ਸਤਿ ਸੰਤੋਖ ਦਇਆ ਆਦਿ ਸ਼ੁਭ ਗੁਣ ਧਾਰਨ ਕਰਨੇ ਇਹ ਹੈ ਮੁਸਬਤ ਨੇਕੀ। ਦੈਵੀ ਗੁਣਾਂ ਦਾ ਸੰਚਨ ਹਰੀ ਧਨ ਦੀ ਕਾਇਮੀ ਵਿਚ ਸਹਾਈ ਹੁੰਦਾ ਹੈ।

੩. ਨਾਮ। ਇਨ੍ਹਾਂ ਗੁਣਾਂ ਦੇ ਨਾਲ ਨਾਮ ਦਾ ਸਿਮਰਣ ਕਰਨਾ ਹੈ। ਇਹੋ ਹ੍ਰਿਦੇ ਦਾ ਆਧਾਰ ਬਣੇਗਾ। ਜਿਥੇ ਹ੍ਰਿਦੇ ਦੇ ਅੰਦਰ ਮਾਯਾ ਤੇ ਮਾਯਕ ਪ੍ਰੇਮ ਪ੍ਰਧਾਨ ਸੀ ਓਥੇ ਨਾਮ ਦਾ ਆਧਾਰ ਹੋ

ਜਾਏਗਾ। ਫਿਰ ਇਸਨੂੰ ਅਪਣੇ ਸਿਮਰਨ ਤੋਂ ਅੱਗੇ 'ਅਪਾਰ ਨਾਮ' ਨਾਲ ਮੇਲ ਹੋ ਜਾਏਗਾ। ਜਿਸ ਨਾਮ ਦੇ ਧਾਰੇ ਆਕਾਸ਼ ਪਾਤਾਲ ਹਨ। ਜਿਸ ਨਾਮ ਨੂੰ ਆਸਾ ਦੀ ਵਾਰ ਵਿਚ ਦੂਜੀ ਕੁਦਰਤ ਦੇ ਲੇਖੇ ਤੋਂ ਉਰੇ ਏਕੇ ਵਿਚ ਵਰਣਨ ਕੀਤਾ ਹੈ: ਯਥਾ:-

''ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥'' (ਆਸਾ : ਵਾਰ-੧)

ਇਸ ਕਰਕੇ ਇਥੇ ਨਾਮ ਨੂੰ ਅਪਾਰ ਕਿਹਾ ਹੈ। ਅਪਾਰ ਦਾ ਨਾਮ ਬੀ ਆਪਾਰ ਹੈ।

੪. ਹਉ ਤਿਆਗ। ਜਦ ਅਪਾਰ ਨਾਮ ਦੇ ਸਿਮਰਣ ਵਿਚ ਜੀਅ ਦਾ ਆਧਾਰ ਇਹ ਨਾਮ ਹੋ ਗਿਆ ਤਦ ਜਾਣੋ ਮਾਯਾ ਅੰਦਰ ਨਹੀਂ ਰਹੀ। ਹੁਣ ਜੋ ਲੇਸ਼ ਮਾਤ੍ਰ ਯਾ ਪਾਰ-ਦਰਸ਼ਕ ਸ਼ਕਲ ਦੀ ਹਉਮੈ ਹੈ, ਉਹ ਦੂਰ ਕਰੋ। ਉਹ ਇਉਂ ਹੋਸੀ ਕਿ ਜੋ ਪ੍ਰਾਪਤੀ ਹੋਈ ਹੈ, ਯਾ ਮਾਇਆ ਬਿਲਾਈ ਹੈ, ਇਹ 'ਮੈਂ' ਕੀਤੀ ਹੈ ਦੇ ਭਾਵ ਨੂੰ ਅੰਦਰ ਨਾ ਆਉਣ ਦੇਵੋ: ਆਵੇ ਤਾਂ ਦੂਰ ਕਰ ਦਿਓ। ਇਸ ਨੂੰ ਮੇਹਰ ਸਮਝੋ, ਕਿ ਇਹ ਨਿਰੰਕਾਰ ਨੇ ਮੈਨੂੰ ਬਖਸ਼ਿਸ਼ ਕੀਤੀ ਹੈ: ਤਦ ਤਯਾਗ ਦੇ ਤਯਾਗ ਦਾ ਬੀ ਅਭਿਮਾਨ ਨਾ ਰਹੇਗਾ।

੫. ਬ੍ਰਹਮ ਦ੍ਰਿਸ਼ਟੀ। ਹੁਣ ਅਭਯਾਸੀ ਬ੍ਰਹਮ ਦ੍ਰਿਸ਼ਟੀ ਤੇ ਅੱਪੜ ਪਏਗਾ, ਪਰ ਇਹ ਬੀ ਮੇਹਰ ਹੈ। ਪਰਮ ਤਯਾਗ ਦੇ ਅੰਤ ਤੇ ਬ੍ਰਹਮ ਦ੍ਰਿਸ਼ਟੀ ਦੇ ਵਿਚਕਾਰ 'ਦੇਇ ਪ੍ਰਭੁ ਨਿਰੰਕਾਰੁ' ਦਾ ਵਾਕ ਰਖਿਆ ਹੈ; ਕਿਉਂਕਿ ਜੀਵ ਸਾਧਨ ਸੰਪੱਤੀ ਸਭ ਕੁਛ ਕਰ ਕਰਾ ਕੇ ਅੰਤ ਦੇ ਅੰਤ ਤੇ ਅੱਪੜਦਾ ਹੈ। ਅੱਗੋਂ ਅਨੰਤ ਦੀ ਮਿਹਰ ਇਸਨੂੰ ਖਿੱਚਕੇ ਅਨੰਤ ਵਿਚ ਲੈ ਜਾਂਦੀ ਹੈ। ਵਾਕ ਹੈ:-

ਬਾਹ ਪਕਰਿ ਪ੍ਰਿਅ ਸੇਜੈ ਆਨੀ॥ (ਆਸਾ ਮ: ੫-੨)

ਐਉਂ ਵਿਕਾਰ ਤਯਾਗ ਤੋਂ ਸ਼ੁਰੂ ਹੋਕੇ ਬ੍ਰਹਮ ਪ੍ਰਾਪਤੀ ਤਕ ਨਾਮੀ ਪੁਰਖ ਅੱਪੜ ਜਾਂਦਾ ਹੈ।

ਨਿਰੁਕ੍ਤ-ਸੰਚਿ-ਇਕੱਠਾ ਕਰ।

ਹਰਿ ਧਨੁ-ਹਰੀ ਰੂਪੀ ਧਨ। (੨) ਹਰੀ ਨਾਮ ਰੂਪੀ ਧਨ।

ਅਪਾਰੁ-ਪਾਰ ਤੋਂ ਰਹਿਤ, ਬੇਅੰਤ। ਅਪਾਰ ਪ੍ਰਭੂ ਦਾ ਨਾਮ ਅਪਾਰ ਹੈ।

ਵਿਆਪਿਆ-ਵਾਪਰ ਰਿਹਾ ਹੈ। ਗ੍ਰਸ ਰਿਹਾ ਹੈ।

ਸਾਰ-ਸ੍ਰੇਸ਼ਟ, ਚੰਗੀ। ਅਸਲੀ।　　ਰੇਣਾ-ਧੂੜ।

(ਸਿਰੀ ਰਾਗੁ ਮਹਲਾ ੫, ਚਉਪਦਾ-੯੬)

ਪ੍ਰਾਕ੍ਥਨ-ਕਰਮ ਜਾਲ ਤੋਂ ਕਰਮ ਦੇ ਹਿਸਾਬਾਂ ਵਿਚ ਫਾਥੇ ਰਹਿਣ ਤੋਂ ਫਜ਼ਲ ਦੇ ਦਰਜੇ ਵਿਚ ਅੱਪੜਿਆ, ਵਾਹਿਗੁਰੂ ਨੂੰ ਵਯਾਪਕ ਲਖਣ ਵਾਲਾ, ਮਾਨ ਅਭਿਮਾਨ ਤੋਂ ਪਰੇ ਕੋਈ ਵਿਰਲਾ ਭਗਤ ਹੁੰਦਾ ਹੈ, ਉਹੀ ਗੁਰਮੁਖ ਹੈ। ਗੁਰਮੁਖ ਜੋ ਗੁਰੂ ਸ਼ਰਣ ਤੋਂ ਇਸ ਮਰਾਤਬੇ ਨੂੰ ਪੁਜਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ॥ ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥੧॥	ਸਾਰਾ (ਹੀ) ਸੰਸਾਰ ਮਾੜੇ ਕਰਮਾਂ ਤੇ ਚੰਗੇ ਕਰਮਾਂ ਵਿਚ (ਫਾਥਾ ਪਿਆ) ਹੈ। ਦੋਹਾਂ (ਦੀ ਫਾਸ) ਤੋਂ ਰਹਤ ਕੋਈ ਭਗਤ ਹੁੰਦਾ ਹੈ, (ਪਰ ਉਹ ਕੋਈ) ਵਿਰਲਾ ਜਾਣਿਆ ਜਾਂਦਾ ਹੈ (ਭਾਵ ਹੁੰਦਾ ਹੈ)॥੧॥

ਠਾਕੁਰੁ ਸਰਬੇ ਸਮਾਣਾ ॥ ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥੧॥ ਰਹਾਉ ॥	ਠਾਕੁਰ ਸਭ ਵਿਚ ਵਜਾਪਕ ਹੋ ਰਿਹਾ ਹੈ। ਹੇ ਸੁਆਮੀ! ਸੁਣੋ ਮੈਂ ਕੀਹ ਆਖਾਂ, ਤੂੰ ਵਡਾ ਪੁਰਖ ਹੈਂ ਤੇ ਭਲੀ ਪ੍ਰਕਾਰ ਜਾਣਨੇ ਵਾਲਾ ਹੈਂ॥੧॥ਰਹਾਉ॥
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥	(ਜੋ ਅਪਣੀ ਜਾਤੀ ਆਦਿ ਦੇ) ਮਾਨ ਵਿਚ ਹੈ, (ਜੋ ਵਿਦਜਾ ਆਦਿ ਗੁਣ ਕਰ ਕੇ) ਅਭਿਮਾਨ ਵਿਚ ਹੈ ਉਹ ਸੇਵਕ (=ਭਗਤ) ਨਹੀਂ ਹੈ ਹੇ ਸੰਤੋ! ਜੋ (ਜਗਤ ਦੇ) ਤਤ (ਭਾਵ ਪਰਮਾਤਮ ਦੇਵ ਨੂੰ ਦੇਖਦਾ ਹੈ ਤੇ ਸਭ ਵਿਚ ਉਸ ਨੂੰ) ਸਮ (ਇਕੋ ਜਿਹਾ ਵਜਾਪਕ) ਦੇਖਣਹਾਰ ਹੈ (ਐਸਾ ਭਗਤ) ਕੋਈ ਕ੍ਰੋੜਾਂ ਵਿੱਚੋਂ (ਇਕ) ਹੁੰਦਾ ਹੈ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥	(ਕਥਾ ਵਾਰਤਾ ਦਾ ਸੁਹਣਾ) ਕਹਣ ਕਹਾਵਨ ਇਹ (ਅਪਣੀ) ਕੀਰਤੀ ਦਾ ਹੀ ਰਸਤਾ ਹੈ[1]। (ਐਸੇ) ਕਥਨ ਕਹਣ ਤੋਂ ਰਹਿਤ ਗੁਰਮੁਖ ਕੋਈ ਵਿਰਲਾ ਹੈ॥੩॥
ਗਤਿ ਅਵਿਗਤਿ ਕਛੂ ਨਦਰਿ ਨ ਆਇਆ ॥ ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥੪॥੨੬॥੯੬॥	ਗਤਿ ਅਵਿਗਤਿ ਕੁਛ ਨਜ਼ਰ ਨਹੀਂ ਆਇਆ, ਹੇ ਨਾਨਕ! (ਮੈਂ ਜੋ) ਦਾਨ (ਪ੍ਰਭੂ ਤੋਂ) ਪਾਇਆ ਹੈ ਉਹ ਸੰਤਾਂ ਦੀ ਰੇਣੁ ਹੈ॥੪॥੨੬॥੯੬॥

ਵਜਾਖਜਾ–ਜਾਪਦਾ ਹੈ ਕਿ ਰਹਾਉ ਦੀ ਦੂਸਰੀ ਤੁਕ ਵਿਚ ਇਸ ਸ਼ਬਦ ਦੀ ਉਥਾਨਕਾ ਦਾ ਇਸ਼ਾਰਾ ਹੈ। ਕਿਸੇ ਮਹਾਨ ਵਿਦਵਾਨ ਤੇ ਪ੍ਰਸਿਧ ਪਰਮਾਰਥਿਕ ਵਜਕਤੀ ਨਾਲ ਵੀਚਾਰ ਹੋਈ ਹੈ। ਉਹ ਗਜਾਨ ਦੀਆਂ ਗੱਲਾਂ ਕਰ ਰਿਹਾ ਹੈ ਜੋ ਮਨ ਨੂੰ ਤਰਕ ਵਿਤ੍ਰੇਕ ਨਾਲ ਕੇਵਲ 'ਸਮਝ' ਦੀ ਤੀਖਣਤਾ ਮਾਤ੍ਰ ਵਿਚ ਤਾਂ ਲੈ ਜਾਂਦਾ ਹੈ ਪਰ ਸਚ ਮੁਚ ਗੁਰਮੁਖ ਨਹੀਂ ਬਣਾਉਂਦਾ। ਪਰ ਉਹ ਪੁਰਖ ਭਲਾ ਹੈ। ਉਸ ਨੂੰ ਦੱਸ ਰਹੇ ਹਨ: ਹੇ ਸੁਆਮੀ! ਸੁਣ, ਤੂੰ ਵੱਡਾ ਸੁਜਾਣ ਪੁਰਖ (ਗਿਆਨੀ ਸਦਾਉਂਦਾ) ਹੈਂ। ਤੈਨੂੰ ਮੈਂ ਕੀਹ ਦੱਸਾਂ, ਤੂੰ ਜਾਣਦਾ ਹੈਂ, ਕਿ ਓਹ ਠਾਕੁਰ ਸਾਰੇ ਵਜਾਪਕ ਹੈ, ਉਸਦੀ ਭਗਤੀ ਮੁੱਖ ਵਸਤੂ ਹੈ, ਪਰ ਸੰਸਾਰ ਚੰਗੇ ਮਾੜੇ ਕਰਮਾਂ ਦੇ ਫਲਾਂ ਦੀ ਵੀਚਾਰ ਤੇ ਬਹਸ ਵਿਚ ਹੈ। ਕਰਮਾਂ ਦੁਆਰੇ ਹੀ ਮੁਕਤੀ ਲੱਭ ਰਿਹਾ ਹੈ। ਇਸ ਉਲਝਣ ਵਿਚ ਉਹ 'ਸਰਬ ਸਮਾਣੇ ਠਾਕੁਰ' ਦੇ ਅੰਦਰ ਬਾਹਰ ਹੁੰਦਿਆਂ ਬੀ ਠਾਕੁਰ ਤੋਂ ਦੂਰ ਹੈ, ਕਿਉਂਕਿ ਉਹ ਕਰਮ ਅਕਰਮ ਦੀ ਵੀਚਾਰ ਕਰ ਰਿਹਾ ਹੈ[2]। ਦੂਸਰੇ ਓਹ ਲੋਕ ਹਨ ਜੋ ਗਜਾਨ ਮਾਰਗ ਦੇ ਕਾਇਲ ਹਨ। ਓਹ ਤੱਤ ਦੇ ਦਰਸ਼ਨ ਤੇ ਸਮਦਰਸੀ ਕਹਾਉਂਦੇ ਹਨ। ਪਰ ਸੱਚ ਮੁਚ ਪਰਮਾਤਮ ਦੇਵ ਨੂੰ ਅਨੁਭਵ ਕਰਨ ਵਾਲਾ ਤੇ ਉਸਨੂੰ ਸਭਨਾ ਵਿਚ ਇਕੋ ਜਿਹਾ ਰਮ ਰਿਹਾ ਦੇਖਣ ਅਰਥਾਤ ਲਖ ਲੈਣ ਵਾਲਾ ਵਿਰਲਾ ਹੈ। ਉਹ ਹੈ ਅਸਲੀ ਗੁਰਮੁਖ। ਬਾਕੀ ਦੇ ਕਥਾ ਵਾਰਤਾ ਵਜਾਖਜਾਨ ਕਰਨੇ ਵਾਲੇ ਲਾਯਕ ਤੋਂ ਲਾਯਕ ਸਿਆਣੇ ਅਪਣੇ ਸੁੰਦਰ ਭਾਸ਼ਨਾ ਨਾਲ ਅਪਣੀ ਕੀਰਤੀ ਬਣਾ ਰਹੇ ਹਨ ਕਿ ਦੇਖੋ ਕੈਸੇ ਪੰਡਤ ਹਨ। ਇਹ ਸਮਦਰਸੀ ਜ਼ਰੂਰ ਅਖਵਾਉਂਦੇ ਹੋਣਗੇ। ਪਰ ਏਹ ਮਾਨ ਅਭਿਮਾਨ ਵਿਚ (ਅਜੇ) ਫਸੇ ਪਏ ਹਨ। ਜੋ ਚਾਹੋ ਕੁਛ ਪਰਮਾਰਥ ਵਿਚ ਵਧ ਚੁਕੇ ਹਨ, ਪਰ ਮਾਨ ਅਭਿਮਾਨ ਨੂੰ ਅਜੇ ਜਿੱਤ ਨਹੀਂ ਸਕੇ, ਓਹ ਬੀ ਤੱਤ ਸਮਦਰਸੀ ਭਗਤ ਨਹੀਂ ਹਨ।

---

[1] ਰਸ ਕਸ 'ਆਪੁ ਸਲਾਹਣਾ' ਏ ਕਰਮ ਮੇਰੇ ਕਰਤਾਰ॥ (ਸਿਰੀ ਰਾਗ ਮ: ੧-੪)

[2] ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥ (ਗਉ: ਰਵਿ:-੧)

ਸਿੱਟੇ ਦੀ ਗੱਲ ਇਹ ਹੈ ਕਿ ਨਿਰੇ ਕਰਮ ਹਿਸਾਬ ਨਾਲ ਕਿ ਨਿਰੇ ਗਯਾਨ ਘੋਖਣ ਨਾਲ ਕੋਈ ਸਦਗਤੀ ਨੂੰ ਨਹੀਂ ਪਹੁੰਚਾ। ਸੱਚ ਮੁਚ ਦਾ ਗੁਰਮੁਖ ਜੀਵਨ ਬਸਰ ਕਰਨੇ ਲਈ, ਸੱਚ ਮੁਚ ਦਾ ਤੱਤ ਸਮਦਰਸੀ ਹੋਣੇ ਲਈ, ਸੰਤਾਂ ਦੀ ਸੰਗਤ ਠੀਕ ਉਪਚਾਰ ਹੈ। ਜਿਥੋਂ ਇਕ ਤਾਂ ਸਤਿ ਉਪਦੇਸ਼ ਮਿਲਦਾ ਹੈ, ਇਕ ਉਹਨਾਂ ਦਾ ਅੰਦਰੋਂ ਬਾਹਰੋਂ ਸੱਚਾ ਤੇ ਸੁੱਚਾ ਜੀਵਨ ਅੱਖਾਂ ਦੇ ਸਾਹਮਣੇ ਰਹਨੁਮਾਈ ਕਰਦਾ ਹੈ, ਤੀਸਰੇ ਉਹਨਾਂ ਦੀ ਕ੍ਰਿਪਾ ਦਾ ਸੁਭਾਗ ਲਗਦਾ ਹੈ: ਉਨ੍ਹਾਂ ਦੀ 'ਅਸ਼ੀਰਵਾਦ ਤੇ ਸੁਫਲ' ਕਾਰਜ ਰਾਸ ਕਰਦਾ ਹੈ। ਇਸ ਤਰ੍ਹਾਂ ਜਗਯਾਸੂ ਸਿਧੀ ਸੇਧ ਪਰਮੇਸੁਰ ਪ੍ਰਾਪਤੀ ਦੀ ਬੰਨ੍ਹਕੇ ਉਸਦੇ ਪ੍ਰੇਮ ਮਾਰਗ ਤੇ ਟੁਰ ਪੈਂਦਾ ਹੈ। ਪ੍ਰੇਮ ਕਰਦਾ ਫਜ਼ਲ ਦੇ ਮੰਡਲ ਵਿਚ ਪਹੁੰਚ ਜਾਂਦਾ ਹੈ, ਕਰਮ ਹੇਠਾਂ ਰਹਿ ਜਾਂਦੇ ਹਨ, ਉਸਦੇ ਸਾਧਾਰਨ ਕਰਮ ਸੁਤੇ ਹੀ ਭਲੇ ਹੋ ਜਾਂਦੇ ਹਨ:-

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ (ਸੁਖਮਨੀ)

ਇਸੀ ਤਰ੍ਹਾਂ ਪ੍ਰੇਮ ਕਰਦਿਆਂ ਉਸਨੂੰ ਹਜ਼ੂਰੀ ਵਾਸ ਮਿਲਦਾ ਹੈ। ਹਜ਼ੂਰੀ ਵਿਚ ਵਾਸਾ ਉਸ ਨੂੰ ਅਮਲੀ ਤੌਰ ਤੇ ਵਾਹਿਗੁਰੂ ਦੀ ਸੰਧ ਵਿਚ ਮੇਲ ਦੇਂਦਾ ਹੈ। ਉਸ 'ਮੇਹਰ ਪੁੰਜ' ਦੀ ਰਹਿਮਤ ਉਸਨੂੰ ਅਪਣੇ ਵਿਚ ਮੇਲ ਲੈਂਦੀ ਹੈ, ਐਉਂ ਭਗਤ ਪੁਰਖ ਵਾਹਿਗੁਰੂ ਜੀ ਦਾ ਸਦਾ ਅਨੁਭਵੀ ਹੋਕੇ ਗੁਰਮੁਖ ਸਦਾਉਂਦਾ ਹੈ।

ਜਦ ਸਿਆਣੇ ਰਹਾਉ ਦੀ ਦੂਸਰੀ ਤੁਕ ਦੇ ਅਰਥ ਭਾਵ ਨੂੰ 'ਠਾਕੁਰੁ ਸਰਬੇ ਸਮਾਣਾ' ਪਰ ਹੀ ਘਟਾਉਂਦੇ ਹਨ ਤਾਂ ਇਹ ਖਯਾਲ ਵਖਰਾ ਵਖਰਾ ਲਗਦਾ ਹੈ ਤੇ ਐਉਂ ਜਾਪਦਾ ਹੈ ਕਿ ਅੱਗੇ ਪਿੱਛੇ ਦੀਆਂ ਤੁਕਾਂ ਨਾਲ ਘੱਟ ਢੁਕਾਉ ਖਾਂਦਾ ਹੈ। ਜੇ ਬਹੁਤ ਜ਼ੋਰ ਲਾਕੇ ਅਗੇ ਪਿੱਛੇ ਨਾਲ ਮੇਲ ਟੋਲੀਏ ਤਾਂ ਇਉਂ ਮੇਲ ਖਾਂਦਾ ਜਾਪਦਾ ਹੈ:- ਕਿ 'ਠਾਕੁਰ ਸਰਬ ਵਿਚ ਸਮਾ ਰਿਹਾ ਹੈ' (ਇਹ ਗਯਾਨ ਮਾਰਗ ਦਾ ਇਕ ਸਿਧਾਂਤ ਹੈ), ਪਰ ਹੇ ਮਾਲਕ! ਇਹ ਗੱਲ ਬੀ ਸੰਪੂਰਨ ਰੂਪ ਤੇ ਤੂੰ ਹੀ ਜਾਣ ਰਿਹਾ ਹੈਂ ਕਿਉਂਕਿ ਤੂੰ (ਸੁਜਾਣ=) ਵੱਡਾ ਗਿਆਨੀ ਹੈਂ। ਮੈਂ ਤੇਰੀ (ਸਰਬੇ ਸਮਾਣਾ=) ਵਯਾਕਪਤਾ ਬਾਬਤ ਕੁਛ ਨਹੀਂ ਆਖ ਸਕਦਾ। ਅਰਥਾਤ ਮੈਂ ਨਾ ਸੁਕਰਮੀ ਹੋਣ ਦਾ, ਨਾ ਸਰਬ ਵਿਆਪੀ ਦਾ ਗਿਆਨੀ ਹੋਣ ਦਾ ਮਾਨ ਕਰਦਾ ਹਾਂ। ਕਿਉਂਕਿ ਅਗਲੀ ਤੁਕ ਵਿਚ ਫੁਰਮਾਉਂਦੇ ਹਨ ਕਿ ਭਗਤ ਤਾਂ ਕਿਸੇ ਹੀ ਮਾਨ ਅਭਿਮਾਨ ਵਿਚ ਨਹੀਂ ਵਰਤਦਾ।

ਨਿਰੁਕ੍-ਦੁਕ੍ਰਿਤ ਸੁਕ੍ਰਿਤ-(ਸੰਸ:, ਦੁਸ਼੍ਕ੍ਰਿਤੰ=ਮਾੜਾ ਕਰਮ। ਸੁਕ੍ਰਿਤੰ=ਚੰਗਾ ਕਰਮ) ਮਾੜਾ ਕਰਮ ਤੇ ਚੰਗਾ ਕਰਮ। ਭਾਵ ਕਰਮਾਂ ਦੇ ਚੰਗੇ ਮੰਦੇ ਤੇ ਉਨ੍ਹਾਂ ਦੇ ਫਲ ਭੋਗ ਤੇ ਕਰਮ ਦਾ ਅਟੱਲ ਹੋਣਾ ਤੇ ਬਿਨਾਂ ਕਰਮ ਦੇ ਤ੍ਰੀਕੇ ਤੇ ਸਰਬ ਕਰਮਾਂ ਦੇ ਸ਼ੁਭ ਹੋਣ ਦੇ ਸ਼ੁਭ ਗਤੀ ਨਾ ਹੋਣੀ। ਹਰ ਮਾੜੇ ਕਰਮ ਦੀ ਸਜ਼ਾ ਜ਼ਰੂਰ ਭੁਗਤਣੀ। ਇਹ ਸਾਰੀ ਵੀਚਾਰ ਤੇ ਇਨ੍ਹਾਂ ਦੀ ਹੇਰਾ ਫੇਰੀ ਤੇ ਕਰਨ ਕਰਾਵਨ ਦੀ ਫਸੌਤੀ।

ਤਤ ਸਮ ਦਰਸੀ-ਤਤ=ਸਾਰ। ਉਹ ਜੋ ਜਗਤ ਦਾ ਸਾਰ ਹੈ, ਮੂਲ ਹੈ, ਉਹ ਬ੍ਰਹਮ ਹੈ, ਪਰਮਾਤਮਾ ਹੈ, ਉਸ ਨੂੰ ਦੇਖਣ ਵਾਲਾ, ਜਾਣਨ ਵਾਲਾ, ਅਤੇ ਉਸਨੂੰ ਸਭ ਵਿਚ ਇਕ ਸਾਰ ਵਯਾਪਕ ਦੇਖਣ ਵਾਲਾ, ਭਾਵ ਹੈ ਅਕਾਲ ਪੁਰਖ ਨੂੰ ਅਨੁਭਵ ਕਰਨ ਵਾਲਾ।

ਕਰਲਾ-(ਪੁ: ਪੰਜਾਬੀ, ਕਰਲਾ=ਰਸਤਾ। ਯਥਾ-**'ਉਠੀ ਕਰਲੈ ਪਾਹਿ'** (ਵਾਰ ਸਾਰੰ: ਮ: ੨-੫) ਰਸਤਾ। (ਅ) ਸੰਪ੍ਰਦਾ ਵਿਚ ਇਸ ਦਾ ਅਰਥ 'ਕਰਾਉਣਾ' ਤੇ 'ਕਰੜਾ' ਬੀ ਕਰਦੇ ਹਨ। ਭਾਵ ਕਹਿਣਾ ਕਹਾਉਣਾ ਅਪਣੀ ਕੀਰਤੀ ਕਰਾਉਣਾ ਹੈ, ਯਾ ਕਹਿਣਾ ਕਹਾਉਣਾ ਕੀਰਤ ਦਾ ਕਰੜਾ ਯਾ 'ਕਠਨ' ਹੈ।

ਗਤਿ ਅਵਿਗਤਿ-ਇਸ ਪਦ ਦੇ ਗੁਰਬਾਣੀ ਵਿਚ ਕਈ ਭਾਵ ਹਨ। ਆਮ ਭਾਵ ਇਉਂ

ਲੀਤਾ ਜਾਂਦਾ ਹੈ, 'ਗਤਿ, ਅਪਗਤਿ'=ਚੰਗੀ ਗਤੀ, ਮਾੜੀ ਗਤੀ। ਅਰਥਾਤ ਮੁਕਤਿ ਅਵਸਥਾ ਤੇ ਅਮੁਕਤਿ ਅਵਸਥਾ ਯਾ ਮੋਖ ਤੇ ਬੰਧ। ਤੁਕ ਦਾ ਭਾਵ, ਮੁਕਤਿ ਅਮੁਕਤਿ ਦੁਇ ਅਵਸਥਾ ਉਤੇ ਸਾਡੀ ਨਜ਼ਰ ਨਹੀਂ ਠਹਿਰੀ, ਅਸਾਨੂੰ ਤਾਂ ਸਤਿਸੰਗ ਵਿਚ ਸਭ ਤੋਂ ਵਡਾ ਦਾਨ ਲੱਭਿਆ ਹੈ ਸੰਤਨ ਕੀ ਰੇਣੁ। ਤਥਾ:-'ਗਤਿ ਅਵਗਤਿ ਕੀ ਚਿੰਤ ਨਾਹੀ' (ਪ੍ਰਭਾਤੀ ਮ: ੧-੪) ਮੋਖ ਬੰਧ ਯਾ ਮੁਕਤਿ ਅਮੁਕਤਿ ਦੀ ਪਰਵਾਹ ਨਹੀਂ। ਇਸ ਪ੍ਰਕਾਰ ਇਸ ਪਦ ਦੇ ਹੋਰ ਅਰਥ ਹੋਰਵੇਂ ਲਗਦੇ ਹਨ; ਜੈਸਾ ਕਿ ਇਹ ਪਦ ਅਕਾਲ ਪੁਰਖ ਤੇ ਬੀ ਵਰਤਿਆ ਹੈ:- **ਤੇਰੀ ਗਤਿ ਅਵਿਗਤਿ ਨਹੀ ਜਾਣੀਐ॥** (ਬਸੰਤ ਮ: ੧-੨)

ਗਤਿ=ਦਾ ਅਰਥ ਦਸ਼ਾ, ਹਾਲਤ। ਅਵਿਗਤਿ=ਦਾ ਅਰਥ ਦਸ਼ਾ ਰਹਿਤ ਹਾਲਤ, ਯਥਾਰਥ। ਤੇਰੀ ਉਹ ਅਵਸਥਾ ਜਾਂ ਹਾਲਤ ਜੋ 'ਆਪੀਨ੍ਹੈ ਆਪ ਸਾਜਿਆ' ਵਾਲੀ ਹੈ ਅਤੇ ਓਹ ਜੋ ਅਵਸਥਾ ਯਾ ਹਾਲਤ ਤੋਂ ਪਰੇ ਹੈ, ਜਿਸ ਨੂੰ 'ਯਥਾਰਥ' ਕਹੀਦਾ ਹੈ।

ਤੇਰੀ (ਸਰਗੁਣਤਾ ਵਾਲੀ) ਹਾਲਤ ਤੇ ਨਿਰਗੁਣਤਾ ਵਾਲੀ ਯਥਾਰਥਤਾ ਦੀ ਸਾਨੂੰ ਸਮਝ ਨਹੀਂ (ਅ) ਕਈ ਦਾਨੇ ਏਥੇ ਅਵਿਗਤਿ ਨੂੰ ਹੇ ਅਵਿਗਤ, ਅਰਥਾਤ 'ਹੇ ਅਵਯਕਤ!' ਕਰਕੇ ਬੀ ਲਾਉਂਦੇ ਹਨ।

(ਸਿਰੀ ਰਾਗੁ ਮਹਲਾ ੫, ਚਉਪਦਾ-੯੭)

ਪ੍ਰਾਕ੍ਥਨ-ਪਿਛਲੇ ਸ਼ਬਦ ਦੇ ਅੰਕ ੩ ਵਿਚ ਦੱਸਿਆ ਸੀ, 'ਕਹਨ ਕਹਾਵਨ' ਨਿਜਕੀਰਤੀ ਵਧਾਉਣ ਦੇ ਰਸਤੇ ਹਨ। ਹੁਣ ਉਸੇ 'ਕਹਨ ਕਹਾਵਨ' ਨੂੰ ਲੈਂਦੇ ਹਨ[1] ਤੇ ਦੱਸਦੇ ਹਨ ਕਿ ਸੱਚਾ ਪਯਾਰ ਸਾਈਂ ਨਾਲ ਬੱਚਿਆਂ ਵਰਗਾਂ ਲੋੜੀਦਾ ਹੈ।

ਮੂਲ	ਅਰਥ
ਸਿਰੀਰਾਗੁ ਮਹਲਾ ੫ ਘਰੁ ੭ ॥	(ਅਰਥ ਰਹਾਉ ਤੋਂ)
ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥ **ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥**	(ਹੇ ਠਾਕੁਰ! ਤੁਧ ਸੰਬੰਧੀ) ਕਹਨੁ ਕਹਾਵਨੁ ਸੌਖਾ ਹੈ (ਪਰ) ਤੁਧੇ ਦੀ ਪ੍ਰਸੰਨਤਾ (ਪ੍ਰਾਪਤ ਕਰਨੀ) ਔਖੀ ਹੈ॥੧॥ਰਹਾਉ॥ (ਹੇ ਠਾਕੁਰ! ਤੈਨੂੰ ਹੀ ਪਿਤਾ ਤੈਨੂੰ ਹੀ ਮਾਤਾ ਸਮਝ ਕੇ, ਬਾਲਕ ਵਾਂਙੂ) ਤੇਰਾ ਭਰੋਸਾ ਧਾਰਨ ਕਰਕੇ ਮੈਂ (ਤੇਰੇ ਨਾਲ) ਲਾਡ ਲਡਾਇਆ, (ਇਸ ਬਾਲਾਂ ਵਾਲੇ ਪਿਆਰ ਵਿਚ) ਬੱਚੇ ਭੁੱਲਦੇ ਚੁੱਕਦੇ ਰਹਿੰਦੇ ਹਨ, ਹੇ ਪਿਆਰੇ ਹਰੀ! ਤੂੰ ਪਿਤਾ ਹੈਂ (ਤੂੰ) ਮਾਤਾ ਹੈਂ (ਮਾਤਾ ਪਿਤਾ ਵਤ ਸਾਡੀਆਂ ਭੁੱਲਾਂ ਬਖਸ਼ ਦੇਹ)॥੧॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥ ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥	ਮੈਂ (ਆਪਣਾ ਸਾਰਾ) ਮਾਣ ਤੇ ਤਾਣ ਤੇਰੇ ਤੇ ਹੀ ਕਰਦਾ ਹਾਂ (ਕਿਉਂਕਿ) ਮੈਂ (ਤੈਨੂੰ) ਆਪਣਾ ਜਾਣਦਾ ਹਾਂ। (ਚਾਹੋ ਤੁਸੀਂ) ਬੇਲੋੜ ਹੋ, ਸਭਨਾਂ ਤੋਂ ਵਖਰੇ ਹੋ, (ਪਰ) ਸਭਨਾਂ ਦੇ ਵਿਚ (ਬੀ ਵਸਦੇ ਹੋ ਤੇ) ਪਿਤਾ (ਵਤ ਪਯਾਰ ਬੀ ਕਰਦੇ ਹੋ)॥੨॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥ ਬੰਧਨ ਮੁਕਤੁ	ਹੇ ਪਿਤਾ! (ਬਾਲਕ ਹੋਣ ਕਰਕੇ) ਮੈਂ ਨਹੀਂ ਜਾਣਦਾ ਕਿ (ਉਹ) ਤੇਰੀ ਕੇਹੜੀ ਜੁਗਤੀ ਹੈ (ਜਿਸ ਨਾਲ ਤੈਨੂੰ ਮੈਂ ਰਿਝਾ

[1] ਖਯਾਲ ਕੀਤਾ ਜਾਂਦਾ ਹੈ ਕਿ ਹਰਿ ਮੰਦਰ ਦੀ ਨੀਂਹ ਰੱਖਣ ਵੇਲੇ ਇਹ ਸ਼ਬਦ ਉਚਾਰਿਆ ਸੀ।

ਸੰਤਹੁ ਮੇਰੀ ਰਾਖੈ ਮਮਤਾ ॥੩॥	ਲਵਾਂ) (ਹੁਣ ਗੁਰੂ ਅਗੇ ਅਰਦਾਸ ਕਰਦੇ ਹਨ:) ਹੇ ਬੰਧਨਾਂ ਤੋਂ ਮੁਕਤ ਸੰਤ ਜੀ! (ਮੇਹਰ ਕਰੋ ਜੋ ਮੇਰੀ ਇਹ ਬੱਚਿਆਂ ਵਾਲੀ ਹਰੀ ਵਿਚ ਲੱਗੀ) ਅਪਣੱਤ ਦੀ ਰਖਯਾ (ਹਰੀ ਆਪ) ਕਰੇ॥੩॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪ ॥੨੭॥੯੭॥	(ਦੇਖੋ ਓਹ) ਠਾਕੁਰ ਜੀ ਕ੍ਰਿਪਾਲ ਹੋ ਗਏ (ਮੇਰਾ) ਜਨਮ ਮਰਨ ਮਿਟ ਗਿਆ। (ਹਾਂ) ਹੇ ਨਾਨਕ! ਗੁਰੂ ਨੂੰ ਮਿਲਕੇ ਮੈਂ ਪਾਰਬ੍ਰਹਮ ਨੂੰ ਸਿਆਣ ਲਿਆ ਹੈ॥੪॥੨੭॥੯੭॥

ਵ੍ਯਾਖ੍ਯਾ—ਇਸ ਸ਼ਬਦ ਵਿਚ ਬੱਚੇ ਦੀ ਪ੍ਰੀਤਿ ਨੂੰ ਲਿਆ ਹੈ ਜੋ ਨਿਰਛਲ, ਸੁਭਾਵਕ ਸਰਲ ਤੇ ਧੁਰ ਅੰਦਰੋਂ ਹੁੰਦੀ ਹੈ। ਐਸੀ ਸੁਹਣੀ ਪ੍ਰੀਤਿ ਸਾਈਂ ਨਾਲ ਕਰਨ ਦਾ ਉਪਦੇਸ਼ ਅਪਣੇ ਦੁਆਰਾ ਦੇਂਦੇ ਹਨ। ਪਿਛਲੇ ਸ਼ਬਦ ਵਿਚ ਈਸ਼੍ਵਰ ਭਗਤੀ ਦੇ ਕਥਨੀ ਮਾਤ੍ਰ ਕਹਨ ਕਹਾਵਨ ਨੂੰ ਲਿਆ ਸੀ। ਏਥੇ ਦੱਸਦੇ ਹਨ ਉਹ ਕੰਮ ਚਾਹੇ ਵਿਦਵਤਾ ਦਾ ਹੋਵੇ ਸੌਖਾ ਹੈ। ਐਸਾ ਕਹਿਨ ਕਹਾਵਨ, ਜਿਸ ਤੇ ਸਾਈਂ ਰੀਝੇ, ਕਠਨ ਹੈ। ਕਹਿਨ ਕਹਾਵਨ ਯਾ ਬਿਨਾਂ ਕਹਿਨ ਕਹਾਵਨ ਬੱਚੇ ਦੀ ਪ੍ਰੀਤ ਸੱਚੀ ਪ੍ਰੀਤ ਹੈ। ਜੋ ਬਿਨਾਂ ਕਹੇ ਪਯਾਰ ਵਿਚ ਡੁੱਲ੍ਹਦਾ ਹੈ, ਯਾ ਅਟਪਟੇ ਤੋਤਲੇ ਵਾਂਙ ਲਾਡ ਵਿਚ ਰਹਿੰਦਾ ਹੈ ਤਾਂ ਮਾਂ ਬਾਪ ਨੂੰ ਭਾਉਂਦਾ ਹੈ। ਸੋ ਬੱਚੇ ਵਾਲੇ ਭਰੋਸੇ ਨਾਲ, -ਜੋ ਭਰੋਸਾ ਕਰਦਾ ਹੈ ਪਰ ਨਹੀਂ ਜਾਣਦਾ ਕਿ ਮੈਂ ਭਰੋਸਾ ਕਰਦਾ ਹਾਂ, ਲਾਡ ਕਰਦਾ ਹੈ। ਲਾਡ ਵਿਚ ਬੇਅਦਬੀ ਬੀ ਹੋ ਜਾਂਦੀ ਹੈ, ਪਰ ਨਹੀਂ ਜਾਣਦਾ ਕਿ ਬੇਅਦਬੀ ਬੀ ਹੋ ਰਹੀ ਹੈ: ਨਾ ਬੱਚਾ ਕੋਈ ਜੁਗਤਿ ਪਯਾਰ ਕਰਨ ਦੀ ਜਾਣਦਾ ਹੈ ਪਰ ਪਯਾਰ ਆ ਮੁਹਾਰਾ ਕਰਦਾ ਹੈ। ਉਹ ਮਾਣ ਤਾਣ ਸਭ ਕੁਛ ਮਾਤਾ ਪਿਤਾ ਤੇ ਕਰਦਾ ਹੈ ਪਰ ਉਹ ਜਾਣਨ ਦਾ ਮਾਣ ਤਾਣ ਨਹੀਂ ਉਹ 'ਆਪੇ' ਦਾ ਮਾਣ ਤਾਣ ਹੈ। ਇਸ ਲਈ ਬੱਚੇ ਦਾ ਭਾਵ ਲੈਕੇ ਹਰੀ ਅੱਗੇ ਅਰਦਾਸ ਕਰਦੇ ਕਰਦੇ ਹੁਣ ਸੰਤਾਂ ਅੱਗੇ ਅਰਦਾਸ ਕਰਦੇ ਹਨ ਕਿ ਮੈਨੂੰ ਜੋ ਬੱਚੇ ਵਾਲੀ 'ਮਮਤਾ' (ਮਮਤ੍ਵ ਅਰਥਾਤ) ਅਪਣੱਤ ਠਾਕੁਰ ਨਾਲ ਪੈ ਗਈ ਹੈ, ਇਸਦੀ ਰਾਖੀ ਉਹ ਆਪ ਕਰੇ, ਜੋ ਮੈਂ ਸਰਬ ਸਿਆਣਪਾਂ ਤੋਂ ਦੂਰ ਕੇਵਲ ਬੱਚੇ ਵਾਲੀ ਅਪਣੱਤ ਦੇ ਰੰਗ ਵਿਚ ਰਹਾਂ। ਅੰਤ ਵਿਚ ਦੱਸਦੇ ਹਨ ਕਿ ਮੇਰੀ ਇਸ ਮਮਤ੍ਵ ਮਾਤ੍ਰ ਤੇ ਠਾਕੁਰ ਰੀਝ ਪਏ, ਮੇਰਾ ਜਨਮ ਮਰਨ ਕਟਿਆ ਗਿਆ, ਕਿਉਂਕਿ ਮੈਨੂੰ ਉਸ ਠਾਕੁਰ ਦੀ ਸਿਆਣ ਪ੍ਰਾਪਤ ਹੋ ਗਈ, ਜੀਕੂੰ ਬੱਚੇ ਨੂੰ ਜਿਉਂ ਜਿਉਂ ਵੱਡਾ ਹੁੰਦਾ ਹੈ ਮਾਤਾ ਪਿਤਾ ਦੀ ਮਮਤ੍ਵ ਵਿਚ ਹੀ ਮਾਤਾ ਪਿਤਾ ਦੀ ਸਿਆਣ ਪ੍ਰਾਪਤ ਹੋ ਜਾਂਦੀ ਹੈ।

ਪਰ ਇਹ ਕਾਰਜ ਗੁਰੂ ਨੂੰ ਮਿਲਕੇ ਹੋਇਆ ਕਿਉਂਕਿ ਪਹਿਲਾ ਜੀਵਨ ਤਾਂ ਸੀ ਹੀ ਸਹਸ ਸਿਆਣਪਾਂ ਦਾ। ਗੁਰੂ ਨੇ ਉਸ ਵਿੱਥਾਂ ਪਾਉਣ ਵਾਲੀ ਸਹਸ ਸਿਆਣਪ ਨੂੰ ਕੱਟਕੇ ਮੈਨੂੰ ਬਾਲ ਬੁਧੀ ਵਿਚ ਪਾਇਆ। ਬਾਲ ਬੁਧੀ ਤੋਂ ਮੁਰਾਦ ਮੂਰਖਤਾ ਦੀ ਨਹੀਂ, ਪਰ ਬੱਚੇ ਵਾਲੇ ਨਿਰਛਲ, ਸੁਤੇ ਸਰਲ ਤੇ ਸੱਚੇ ਪਿਆਰ ਦੀ ਹੈ। ਉਸ ਪਯਾਰ ਵਿਚ ਫੇਰ ਗ੍ਯਾਨ ਦੀ ਲੋੜ ਨਹੀਂ ਸੀ, ਅਪਣੱਤ ਦੇ ਡੂੰਘੇ ਤੇ ਅਵਿਰਲ ਭਾਵ ਨੇ ਠਾਕੁਰ ਵਿਚ ਮੇਲ ਦਿੱਤਾ, ਤਦ ਸੁੱਤੇ ਹੀ ਅਨੁਭਵ ਹੋ ਗਿਆ। ਇਹ ਅਨੁਭਵ ਸੀ ਸਿਆਣ ਯਾ ਗ੍ਯਾਨ, ਜੋ ਪ੍ਰੇਮ ਦੀ ਅਤਿਸ਼ਯਤਾ ਵਿਚ ਮਿਲ ਗਿਆ ਪਰ ਇਹ ਸਭ ਕੁਛ ਗੁਰੂ ਦੀ ਮੇਹਰ ਦਾ ਸਦਕਾ ਹੈ।

ਨਿਰੁਕ੍ਤ—ਬਾਰਿਕ—ਬਾਲਕ। ਬੱਚਾ। ਭਾਵ ਸਾਈਂ ਦਾ ਪ੍ਰੇਮੀ।

ਮਾਇਆ—ਮਾਤਾ। ਸੁਹੇਲਾ—ਸੌਖਾ। ਬਿਖਮੁ—ਔਖਾ।

ਭਾਵਨੁ–ਭਾ ਜਾਣੇ ਦੀ ਦਸ਼ਾ, ਭਾ ਜਾਣਾ, ਪ੍ਰਸੰਨਤਾ। ਭਾਵ ਤੇਰੀ ਪ੍ਰਸੰਨਤਾ ਪ੍ਰਾਪਤ ਕਰ ਲੈਣੀ ਔਖੀ ਹੈ।

ਮਾਣੁ ਤਾਣੁ ਕਰਨਾ–ਕਿਸੇ ਅਪਣੇ ਦੇ ਤਾਣ (ਬਲ) ਦੇ ਆਸਰੇ ਮਾਨ ਕਰਨਾ ਤੇ ਬਲਵਾਨ ਹੋਣਾ। **ਮਧਿ**–ਵਿਚ।

ਬੇਮੁਹਤਾਜ–(ਫ਼ਾ:,ਮੁਹ਼ਤਾਜ। ਪੰਜਾ:,ਮੁਥਾਜ) ਬੇਲੋੜਵੰਦ। ਜਿਸ ਨੂੰ ਲੋੜ ਨਾ ਹੋਵੇ।

ਬਾਪਾ–(ਫ਼ਾ:,ਬਾਪ) ਪਿਤਾ। ਪਪੇ ਦਾ ਕੰਨਾ ਸ੍ਵਾਰਥ ਵਿਚ ਹੈ।

ਜੁਗਤਾ–ਮੁਰਾਦ ਹੈ ਮਿਲਨੇ ਦੀ ਜੁਗਤ।

ਬੰਧਨ ਮੁਕਤੁ ਮਮਤਾ–ਬੰਧਨਾਂ ਤੋਂ ਛੁਟਿਆ ਹੋਇਆ। ਸੰਤਹੁ=ਹੇ ਸੰਤ ਜੀਓ! ਮਮਤਾ (=ਮਮਤ੍ਵ) ਅਪਣੱਤ। ਬੱਚਿਆਂ ਵਾਲੀ ਅਪਣੱਤ ਜੋ ਮਾਂ ਬਾਪ ਵਿਚ ਹੁੰਦੀ ਹੈ।

(੨) ਇਸ ਤੁਕ ਦੇ ਹੋਰ ਹੋਰ ਤਰ੍ਹਾਂ ਬੀ ਅਰਥ ਕਰਦੇ ਹਨ: ਹੇ ਸੰਤੋ! ਮੇਰੀ (ਅਹੰਗਤਾ ਤੇ) ਮਮਤਾ ਜੋ ਸੰਸਾਰ ਵਿਚ ਹੈ ਉਸ ਨੂੰ ਰੋਕ ਰਖਦਾ ਹੈ ਹਰੀ ਜੋ ਬੰਧਨਾਂ ਤੋਂ ਮੁਕਤ ਹੈ।

(੩) ਉਹ ਜੋ ਬੰਧਨਾਂ ਤੋਂ ਮੁਕਤ ਹਰੀ ਹੈ ਮੇਰੇ ਵਿਚ ਮਮਤਾ ਰਖਦਾ ਹੈ। ਭਾਵ ਮਾਂ ਬਾਪ ਵਾਲਾ ਪਯਾਰ ਮੇਰੇ ਨਾਲ ਕਰਦਾ ਹੈ। ਐਸ ਤਰ੍ਹਾਂ ਜਿਵੇਂ ਅਪਣੇ ਸੰਤਾਂ ਭਗਤਾਂ ਨਾਲ ਕਰਦਾ ਹੈ। ਪਰ ਉੱਪਰ ਕੀਤੇ ਅਰਥ ਪ੍ਰਸੰਗ ਨਾਲ ਵਧੇਰੇ ਢੁਕਦੇ ਹਨ।

(ਸਿਰੀ ਰਾਗੁ ਮਹਲਾ ੫, ਚਉਪਦਾ-੯੮)

ਪ੍ਰਾਕ੍ਥਨ–ਸੰਤ ਤੇ ਗੁਰੂ ਦੀ ਕ੍ਰਿਪਾ ਨਾਲ ਸਾਈਂ ਵਿਚ ਸਮਤ੍ਵ ਦੀ ਪ੍ਰਾਪਤੀ ਤੇ ਜਨਮ ਮਰਨ ਤੋਂ ਖਲਾਸੀ ਹੋਈ ਦੱਸੀ ਸੀ। ਹੁਣ ਇਸ ਸ਼ਬਦ ਵਿਚ ਦੱਸਦੇ ਹਨ ਕਿ ਕੀਕੂੰ ਸੰਤ ਤੇ ਗੁਰੂ ਦੀ ਮਦਦ ਨਾਲ ਜਮ ਕਾਲ ਦਾ ਦੁਖ ਦੂਰ ਹੁੰਦਾ ਹੈ ਤੇ ਸਾਹਿਬ ਦਿਆਲ ਹੁੰਦਾ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ਘਰੁ ੧ ॥	
ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ ॥ ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥ ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥੧॥	ਹੇ ਭਾਈਓ! ਸੰਤ ਜਨਾਂ ਨੂੰ ਮਿਲਕੇ ਜਮ, ਜੋ ਮੌਤ ਦਾ ਰੂਪ ਹੈ, ਕਟਿਆ ਗਿਆ ਹੈ, (ਇਸ ਤਰ੍ਹਾਂ ਕਿ ਸੰਤਾਂ ਦੀ ਮੇਹਰ ਨਾਲ) ਪੂਰਾ ਸਤਿਗੁਰੂ ਮਿਲ ਪਿਆ (ਜਿਸ ਦੀ ਮੇਹਰ ਨਾਲ) ਸਾਰਾ ਜੰਜਾਲ ਹੀ ਦੂਰ ਹੋ ਗਿਆ, (ਕਿਉਂਕਿ ਗੁਰੂ ਦੀ ਮਿਹਰ ਨਾਲ ਸਾਡਾ) ਖਸਮ (=ਸੁਆਮੀ) ਦਇਆਲ ਹੋ ਗਿਆ (ਐਤਨਾਂ ਕਿ) ਓਹ ਸੱਚਾ ਸਾਹਿਬ ਮਨ ਵਿਚ ਹੀ ਆ ਵਸਿਆ॥੧॥
ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ ॥ ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ ॥੧॥ ਰਹਾਉ ॥	ਹੇ ਮੇਰੇ ਸਤਿਗੁਰੂ! ਮੈਂ ਤੇਰੇ ਤੋਂ ਕੁਰਬਾਨ ਹਾਂ। (ਹਾਂ, ਮੈਂ ਤਾਂ) ਤੇਰੇ ਦਰਸ਼ਨ ਤੋਂ ਸਦਕੇ ਹਾਂ ਜਿਸ ਨੇ ਤ੍ਰੁੱਠ ਕੇ (ਮੈਨੂੰ) ਅਮਰ ਕਰਨੇ ਵਾਲਾ ਨਾਮ ਦੇ ਦਿਤਾ ਹੈ॥੧॥ਰਹਾਉ॥
ਜਿਨ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ ॥ ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ	ਸਿਆਣੇ (ਯਾ ਗਿਆਨਵਾਨ) ਓਹ ਪੁਰਖ ਹਨ ਜਿਨ੍ਹਾਂ ਨੇ ਤੈਨੂੰ (ਹੇ ਕਰਤਾਰ !) ਪ੍ਰੇਮ ਨਾਲ ਸੇਵਿਆ ਹੈ। (ਹਾਂ) ਉਹਨਾਂ ਪਿਛੇ ਛੁਟਕਾਰਾ ਮਿਲਦਾ ਹੈ ਜਿਨ੍ਹਾਂ ਦੇ ਅੰਦਰ ਨਾਮ ਦਾ ਖ਼ਜ਼ਾਨਾ ਹੁੰਦਾ ਹੈ। (ਸਚ ਜਾਣੋ) ਗੁਰੂ ਜੇਡਾ ਦਾਤਾ (ਹੋਰ) ਕੋਈ ਨਹੀਂ, ਜਿਸ ਨੇ ਆਤਮ ਦਾਨ (ਹੀ) ਦੇ ਦਿਤਾ ਹੈ॥੨॥

ਨਿਧਾਨੁ ॥ ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥੨॥ ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥ ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥ ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ ॥੩॥ ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥ ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥ ੨੮॥੯੮॥

(ਜਗਤ ਵਿਚ) ਆਏ ਓਹ ਪਰਵਾਣ ਹਨ ਜਿਨ੍ਹਾਂ ਨੂੰ ਗੁਰੂ ਪ੍ਰੇਮ ਨਾਲ[1] ਮਿਲ ਪਿਆ ਹੈ। (ਕਿਉਂਕਿ ਗੁਰੂ ਨੂੰ ਮਿਲਕੇ ਸੱਚੇ ਵਾਹਿਗੁਰੂ ਨੂੰ ਮਿਲ ਪਈਦਾ ਹੈ, ਅਤੇ) ਸੱਚੇ ਨਾਲ ਪਜਾਰ ਕੀਤਿਆਂ ਦਰਗਾਹ ਵਿਚ ਬੈਠਣ ਨੂੰ ਥਾਂ ਮਿਲਦੀ ਹੈ। (ਪਰ ਇਹ ਸਭ) ਵਡਿਆਈਆਂ ਕਰਤਾਰ ਦੇ ਹੱਥ ਹਨ (ਜਿਸ ਦੇ) ਪਹਿਲੇ ਤੋਂ (ਸਾਡੇ ਭਾਗਾਂ ਵਿਚ) ਲਿਖੇ ਲੇਖ ਹੋਣ ਕਰਕੇ (ਇਹ ਕੁਛ) ਪਾਈਦਾ ਹੈ॥੩॥

(ਉਹ ਪਰਮੇਸ਼ੁਰ ਇਸ ਸੰਸਾਰ ਦਾ) ਕਰਤਾ (ਰਚਨ ਵੇਲੇ) ਸੱਤਜ ਸਰੂਪ ਸੀ, (ਉਹ ਹੁਣ ਬੀ) ਸੱਤਜ ਸਰੂਪ ਹੈ (ਜੋ ਇਸ ਵੇਲੇ ਬੀ) ਕਰਨਹਾਰ (ਭਾਵ ਕੀਤੀ ਨੂੰ ਕਾਯਮ ਰਖਣੇ ਵਾਲਾ) ਹੈ, (ਉਹੀ ਅਗੇ ਨੂੰ ਇਸ ਦਾ) ਸਚਾ ਮਾਲਕ ਹੈ, (ਜੋ ਅਪਣੇ ਪ੍ਰੇਮੀਆਂ ਦਾ) ਸੱਚਾ ਆਸਰਾ ਹੈ। (ਸਾਨੂੰ ਚਾਹੀਦਾ ਹੈ ਕਿ ਉਸ) 'ਸੱਚੋ ਸੱਚ' ਨੂੰ ਸਿਮਰਦੇ ਰਹੀਏ, (ਅਤੇ ਉਸ) ਸੱਚੇ ਦਾ ਹੀ ਗਜਾਨ ਬੁਧਿ ਵਿਚ (ਕਾਯਮ ਕਰੀਏ)। ਉਹ ਇਕੋ ਸਭ ਦੇ (ਅੰਦਰ) ਬਿਨਾਂ ਕਿਸੇ ਵਿਰਲ ਵਿੱਥ ਦੇ ਵਜਾਪਕ ਹੋ ਰਿਹਾ ਹੈ, (ਪਰ ਉਹ ਵਜਾਪਕਤਾ ਸਮਾਨ ਸੱਤਾ ਕਰਕੇ ਹੈ, ਕਲਜਾਣ ਵਾਸਤੇ ਤਾਂ) ਨਾਨਕ ਉਸ ਨੂੰ ਜਪ ਜਪ ਕੇ ਹੀ ਜੀਉ ਰਿਹਾ ਹੈ॥੪॥੨੮॥੯੮॥

ਵਜਾਖਜਾ-ਅਪਣੇ ਦੁਆਰਾ ਸੁਮਤਿ ਦੇਂਦੇ ਹਨ:-ਪਹਿਲਾਂ ਸੰਤ ਜਨਾਂ ਨੂੰ ਮਿਲੇ, ਓਥੋਂ ਗੁਰੂ ਮਿਲਿਆ, ਗੁਰੂ ਨੇ ਪਰਮੇਸ਼ੁਰ ਦਾ ਨਾਮ ਦਿਤਾ, ਭਾਉ ਕਰਕੇ ਉਸ ਨੂੰ ਜਪਿਆ, ਨਾਮ ਅੰਦਰ ਆਤਮ ਖ਼ਜ਼ਾਨਾ ਬਣ ਗਿਆ, ਇਸ ਤੋਂ ਸੁਆਮੀ ਪ੍ਰਾਪਤ ਹੋ ਗਿਆ। ਇਹੋ ਗਜਾਨ ਅਵਸਥਾ ਹੈ। ਸੱਚੇ ਸਰੂਪ ਸੱਚੀ ਦਰਗਾਹ ਵਿਚ ਟਿਕਾਣਾ ਮਿਲ ਗਿਆ ਹੈ। ਪਰ ਮੂਲ ਕਾਰਣ ਕਰਤੇ ਦੀ ਮਿਹਰ ਹੈ, ਜਿਸ ਨੇ ਇਹ ਸਾਰਾ ਕੁਛ ਪਹਿਲੋਂ ਹੀ ਭਾਗਾਂ ਵਿਚ ਪਾ ਦਿੱਤਾ ਸੀ।

ਇਨ੍ਹਾਂ ਸਾਰੇ ਸ਼ਬਦਾਂ ਵਿਚ ਜੋ ਧੁਨੀ ਚਲ ਰਹੀ ਹੈ ਇਹ ਹੈ ਕਿ ਸੱਚ ਮੁਚ ਦਾ ਉੱਚਾ ਜੀਵਨ ਤੇ ਨਾਮ ਸਿਮਰਨ ਵਾਲੀ ਭਗਤੀ ਸੱਚ ਮੁਚ ਦੀ ਗਜਾਨ ਅਵਸਥਾ ਵਿਚ ਲੈ ਜਾਂਦੀ ਹੈ। ਨਿਰਾ ਦਿਮਾਗੀ ਘੋੜ ਦੌੜ ਦਾ ਗਜਾਨ ਕਲਜਾਣ-ਕਾਰੀ ਨਹੀਂ।

ਨਿਰੁਕ-ਭਾਈਆ-ਹੇ ਭਾਈ! ਜਮ ਕਾਲੁ-ਯਮ ਜੋ ਮੌਤ ਸਰੂਪ ਹੈ। ਜਮ।

ਤੁਸਿ-ਤ੍ਰੁੱਠ ਕੇ। ਮਿਹਰਵਾਨ ਹੋਕੇ। ਆਤਮ ਦਾਨੁ-ਆਤਮ ਜੀਵਨ ਦੀ ਦਾਤ। ਜੀਅ ਦਾਨ। ਬੈਸਣੁ ਜਾਇ-ਬੈਠਣੇ ਨੂੰ ਥਾਂ (ਮਿਲੀ ਹੈ)।

ਨਿਰੰਤਰਿ-ਅੰਤਰੇ ਤੋਂ ਬਿਨਾ। ਲਗਾਤਾਰ, ਇਕ ਰਸ।

(ਸਿਰੀ ਰਾਗੁ ਮਹਲਾ ੫, ਚਉਪਦਾ-੯੯)

ਪ੍ਰਾਕ੍ਥਨ-ਸਤਿਗੁਰ ਦੀ ਮਹਿਮਾ ਇਸ ਸ਼ਬਦ ਵਿਚ ਵਿਸਥਾਰ ਨਾਲ ਕੀਤੀ ਹੈ। ਤੇ ਗੁਰੂ ਦੀ ਮਹਿਮਾ ਨੂੰ 'ਅਗੰਮ' ਕਿਹਾ ਹੈ।

[1]ਸੁਭਾਇ='ਸੁਭਾਵਕ ਮਿਲ ਪਿਆ' ਬੀ ਅਰਥ ਕਰਦੇ ਹਨ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥ ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥	ਗੁਰੂ ਨੂੰ ਪਰਮੇਸ਼ਰ (ਰੂਪ ਜਾਣ ਕੇ) ਮਨ ਤੇ ਤਨ ਦਾ ਪਿਆਰ ਲਾਕੇ ਪੂਜੀਏ। (ਕਿਉਂਕਿ) ਸਤਿਗੁਰੂ ਜੀਅ-ਦਾਨ ਦਾ ਦਾਤਾ ਹੈ; (ਏਹ) ਅਧਾਰ (ਓਹ) ਸਭ ਕਿਸੇ ਨੂੰ ਦੇ ਦੇਂਦਾ ਹੈ। (ਪਰ ਇਹ ਦਾਤ ਸਫਲੀ ਤਾਂ ਹੁੰਦੀ ਹੈ ਜੇ) ਸਤਿਗੁਰੂ ਦੇ ਬਚਨ ਕਮਾਏ ਜਾਣ, ਇਹ (ਵੀਚਾਰ ਨਿਰੋਲ) ਸੱਚਾ ਵੀਚਾਰ ਹੈ। (ਚੰਗੀ ਤਰ੍ਹਾਂ ਸਮਝ ਲਓ ਕਿ) ਸਾਧੂ ਦੀ ਸੰਗਤਿ ਵਿਚ ਰਚੇ ਬਿਨਾ ਮਾਇਆ ਦਾ ਮੋਹ (ਜੋ ਹੈ) ਸੋ ਸੁਆਹ ਹੈ॥੧॥[1]
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥ ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥ ਰਹਾਉ ॥	ਹੇ ਮੇਰੇ ਮਿਤ੍ਰ! ਹਰੀ ਹਰਿ ਨਾਮ ਨੂੰ ਸੰਭਾਲ (=ਸਿਮਰ), (ਇਹ ਨਾਮ) ਸਾਧੂ ਦੀ ਸੰਗਤਿ ਨਾਲ ਮਨ ਦੇ ਅੰਦਰ ਵਸਦਾ ਹੈ, (ਤਦ) ਕਮਾਈ (ਪੂਰਨ=) ਸਫਲ ਹੁੰਦੀ ਹੈ॥੧॥ਰਹਾਉ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥ ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥ ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥	ਗੁਰੂ ਸਮਰਥ ਹੈ (ਸਭ ਦਾਤਾਂ ਦੇਣ ਨੂੰ), (ਗੁਰੂ ਅਪਾਰ ਹਰੀ ਵਿਚ ਲੀਨ ਹੋਣ ਕਰਕੇ) ਪਾਰ ਰਹਿਤ ਹੈ, (ਉਸ ਦਾ) ਦਰਸ਼ਨ ਵਡੇ ਭਾਗਾਂ ਕਰਕੇ ਹੁੰਦਾ ਹੈ। ਗੁਰੂ ਪਵਿਤ੍ਰ ਹੈ, (ਸੋ) ਗੁਰੂ (ਮਨ ਬਾਣੀ ਦੀ) ਪਹੁੰਚ ਤੋਂ ਪਰੇ ਹੈ, ਗੁਰੂ ਜੇਡਾ ਹੋਰ ਕੋਈ ਨਹੀਂ। ਗੁਰੂ ਕਰਤਾ ਹੈ ਕਰਨੇ ਵਾਲਾ ਗੁਰੂ ਹੈ, (ਉਸ) ਗੁਰੂ ਦੁਆਰਾ ਸੱਚੀ ਸੋਭਾ (ਪ੍ਰਾਪਤ) ਹੁੰਦੀ ਹੈ (ਅਥਵਾ ਉਸ ਗੁਰੂ ਦੀ ਸ਼ੋਭਾ ਸੱਚੀ ਹੈ)। ਗੁਰੂ ਤੋਂ ਬਾਹਰ ਕੁਛ ਨਹੀਂ, ਗੁਰੂ ਜੋ ਕੁਛ ਕਰਨਾ ਚਾਹੇ ਸੋ ਹੋ ਜਾਂਦਾ ਹੈ॥੨॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥ ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥	ਗੁਰੂ ਹੀ (ਮਨੋ ਕਾਮਨਾ) ਤੀਰਥ ਹੈ, ਗੁਰੂ ਹੀ ਪਾਰਜਾਤ (ਸੁਰਗਾਂ ਦਾ ਬ੍ਰਿਛ) ਹੈ, ਗੁਰੂ ਹੀ ਮਨ ਦੀਆਂ ਮੁਰਾਦਾਂ ਪੂਰਨ ਕਰਨੇ ਵਾਲਾ ਹੈ ਗੁਰੂ ਦਾਤਾ ਹੈ (ਜੋ) ਹਰੀ ਦਾ ਨਾਮ ਦੇਂਦਾ ਹੈ (ਜਿਸ ਨਾਲ) ਸਾਰਾ ਸੰਸਾਰ ਉਧਰ ਜਾਂਦਾ ਹੈ। ਗੁਰੂ ਸਮਰਥ ਹੈ, ਗੁਰੂ ਨਿਰਾਕਾਰ ਹੈ ਗੁਰੂ ਉੱਚਾ ਹੈ, ਅਗੰਮ ਹੈ, ਅਪਾਰ ਹੈ। ਗੁਰੂ ਦੀ ਮਹਿਮਾ ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਕਥਨਹਾਰ ਕੀਹ ਕੁਛ (ਯਾ ਕਿੰਨਾ ਕੁਛ) ਕਹਿ ਸਕਦਾ ਹੈ॥੩॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥ ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ॥ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ ॥੪॥੨੯॥੯੯॥	ਜਿੰਨੇ ਫਲ ਮਨ ਵਿਚ ਲੋੜੀਦੇ ਹਨ ਉਤਨੇ ਹੀ ਸਤਿਗੁਰੂ ਦੇ ਪਾਸ ਹੈਨ। ਓਹ ਪੂਰਬ ਲਿਖੇ ਅਨੁਸਾਰ ਪਾਈਦੇ ਹਨ (ਪਰ ਗੁਰੂ ਵਿਚ ਇਹ ਸੱਤਯਾ ਬੀ ਹੈ ਕਿ ਓਹ) ਸੱਚੇ ਨਾਮ ਦੀ ਰਾਸ ਦੇਕੇ (ਸਭਨਾਂ ਦਾ ਅਧਿਕਾਰੀ ਬਣਾ ਦੇਂਦਾ ਹੈ)। ਸਤਿਗੁਰ ਦੀ ਸ਼ਰਣੀ ਆਇਆਂ ਫੇਰ ਵਿਨਾਸ਼ ਨਹੀਂ ਹੁੰਦਾ (ਜਨਮ ਮਰਨ ਨਹੀਂ ਰਹਿੰਦਾ)। ਹੇ ਨਾਨਕ! ਮੈਂ ਕਦੇ ਹਰੀ ਨੂੰ ਨਾ ਵਿਸਰਾਂ, ਇਹ (ਮੇਰਾ) ਸਰੀਰ, ਜਿੰਦ ਤੇ ਸੁਆਸ (ਸਭ ਕੁਛ) ਤੇਰਾ ਹੈ (ਹੇ ਹਰੀ!)॥੪॥੨੯॥੯੯॥

੧. ਅਰਥਾਤ ਸਾਧੂ ਦੀ ਸੰਗਤ ਬਿਨਾ ਸਬ ਸੁਆਹ ਹੈ, ਸਬ ਛਾਰ ਹੈ।

ਵਯਾਖਯਾ-ਇਸ ਸ਼ਬਦ ਵਿਚ ਗੁਰੂ ਦੀ ਮਹਿੰਮਾ ਦੱਸੀ ਹੈ। ਜਿਸਦੇ ਕਈ ਪਹਿਲੂ ਹਨ।

(੧) ਇਕ ਪੱਖ ਇਸ ਵਿਚ ਉਨ੍ਹਾਂ ਲਾਹਿਆਂ ਦਾ ਹੈ ਜੋ ਗੁਰੂ ਤੋਂ ਪ੍ਰਾਪਤ ਹੁੰਦੇ ਹਨ, ਜੋ ਐਉਂ ਹਨ:

(ੳ) ਸਤਿਗੁਰੂ ਅਪਣੇ ਬਚਨਾਂ ਦੁਆਰੇ ਸਤਿ ਉਪਦੇਸ਼ ਦੇਂਦਾ ਹੈ (ਅੰਕ ੧)।

(ਅ) ਗੁਰੂ ਹਰੀ ਨਾਮ ਦਾ ਦਾਤਾ ਹੈ (ਅੰਕ ੩ ਤੇ ਅੰਕ ੪)।

(ੲ) ਨਾ ਨਿਰਾ ਦਾਤਾ ਹੈ, ਸਗੋਂ ਹਰੀ ਨਾਮ ਹਿਰਦੇ ਵਿਚ ਗੁਰੂ ਸੰਗਤ ਨਾਲ ਹੀ ਵੱਸਦਾ ਹੈ।

(ਸ) ਗੁਰੂ ਜੀਅ-ਦਾਨ ਦਾ ਦਾਤਾ ਹੈ (ਅੰਕ ੧)।

(ਹ) ਗੁਰੂ ਮਨਸਾ ਪੂਰਨ ਹਾਰ ਬੀ ਹੈ।

(੨) ''ਗੁਰੂ ਨੂੰ ਮਿਲਕੇ ਕੀਹ ਕਰਨਾ ਚਾਹੀਏ?'' ਇਹ ਗਲ ਦੱਸੀ ਹੈ। ਯਥਾ-

(ੳ) ਗੁਰੂ ਨੂੰ ਪਰਮੇਸ਼ੁਰ ਤੁੱਲ ਸਮਝਕੇ ਪੂਜਣਾ ਚਾਹੀਏ (ਅੰਕ ੧ ਸਤਰ ੧)।

(ਅ) ਸਤਿਗੁਰ ਦੇ ਆਖੇ ਬਚਨਾਂ ਦੀ ਕਮਾਈ ਕਰੋ (ਅੰਕ ੧ ਸਤਰ ੩)।

(ੲ) ਹਰੀ ਹਰਿ ਨਾਮ ਦੀ ਸੰਭਾਲ ਕਰੋ (ਰਹਾਉ-ਸਤਰ ੧)।

(੩) (ੳ) ਗੁਰੂ ਦੀ ਮਹਿੰਮਾ-ਇਸ ਪੱਖ ਵਿਚ ਕਈ ਪਦ ਵਰਤੇ ਹਨ ਜੋ ਵਾਹਿਗੁਰੂ ਜੀ ਲਈ ਵਰਤੀਦੇ ਹਨ, ਯਥਾ-ਅਪਾਰ, ਅਗੋਚਰ, ਕਰਤਾ, ਕਰਣਹਾਰ, ਨਿਰੰਕਾਰ, ਅਗਮ, ਪਰਮੇਸੁਰ।

(ਅ) ਕੁਛ ਪਦ ਐਸੇ ਹਨ ਜੋ ਮਖ਼ਸੂਸ ਵਾਹਿਗੁਰੂ ਲਈ ਨਹੀਂ, ਪਰ ਗੁਰੂ ਲਈ ਬੀ ਢੁਕਦੇ ਹਨ, ਯਥਾ:-

ਸਮਰਥ, ਨਿਰਮਲਾ, ਤੀਰਥ, ਪਾਰਜਾਤ, ਮਨਸਾ ਪੂਰਣਹਾਰ, ਊਚਾ।

ਹੁਣ ਪ੍ਰਸ਼ਨ ਉਪਜਦਾ ਹੈ ਕਿ ਗੁਰਬਾਣੀ ਵਿਚ ਗੁਰੂ ਸਾਹਿਬ ਆਪ ਨੂੰ ਦਾਸ ਤੇ, ਸੇਵਕ, ਜਨ, ਭਗਤ, ਆਖਦੇ ਹਨ, ਕਈ ਥਾਂ ਆਪ ਨੂੰ ਨੀਚ ਪਾਪੀ ਆਦਿ ਪਦਾਂ ਨਾਲ ਬੀ ਯਾਦ ਕਰਦੇ ਹਨ। ਫੇਰ ਇਹ ਗੁਰੂ ਦੀ ਈਸ਼੍ਵਰ ਤੁੱਲ ਮਹਿੰਮਾ ਕਿਵੇਂ ਢੁੱਕਦੀ ਹੈ? ਦਸਮੇਂ ਪਾਤਸ਼ਾਹ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ:-

'ਜੋ ਹਮ ਕਉ ਪਰਮੇਸੁਰ ਉਚਰ ਹੈਂ॥ ਤੇ ਨਰ ਨਰਕ ਕੁੰਡ ਮਹਿ ਪਰ ਹੈਂ॥....
ਮੈ ਹੋ ਪਰਮ ਪੁਰਖ ਕੋ ਦਾਸਾ॥' (ਬਚਿਤ੍ਰ ਨਾਟਕ ੬-੩੨,੩੩)

ਇਸ ਦਾ ਪੂਰਬ ਅਪਰ ਮੇਲਿਆਂ ਸਮਾਧਾਨ ਐਉਂ ਹੁੰਦਾ ਹੈ ਕਿ ਗੁਰੂ ਪੂਰਨ ਭਗਤ ਹੁੰਦਾ ਹੈ, ਪਰਮੇਸੁਰ ਨਾਲ ਸਦਾ ਅਪਣੇ ਅਤਿਸ਼ੈ ਪ੍ਰੇਮ ਕਰਕੇ ਜੁੜਿਆ ਹੁੰਦਾ ਹੈ। ਗੁਰੂ ਸਰਬ ਅਸਤਿ ਤੋਂ ਪਾਰ ਹੁੰਦਾ ਹੈ ਤੇ ਅਪਣੇ ਸਤਿ ਸਰੂਪ ਦੀ ਲੱਖਤਾ ਵਿਚ ਤੇ ਪਰਮ ਪੁਰਖ ਦੀ ਸੱਤਜ ਦੀ ਲਖਤਾ ਵਿਚ ਉਸ ਨਾਲ ਅਭੇਦ ਹੁੰਦਾ ਹੈ। ਗੁਰੂ ਪੂਰਨ ਬ੍ਰਹਮ ਗਯਾਨੀ ਹੁੰਦਾ ਹੈ, ਬ੍ਰਹਮ ਨੂੰ ਪੂਰਨ ਰੂਪ ਤੇ ਜਾਣਨ ਵਾਲਾ ਉਸੇ ਦਾ ਰੂਪ ਹੁੰਦਾ ਹੈ:-

'ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।' ਦਸਮੇ ਪਾਤਸ਼ਾਹ ਨੇ ਆਪ ਇਹੋ ਗਲ ਦੱਸੀ ਹੈ:-

ਹਰਿ ਹਰਿ ਜਨ ਦੁਇ ਏਕ ਹੈਂ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ (ਬਚਿਤ੍ਰ ਨਾਟਕ ੬-੬੦)

ਫਿਰ ਫੁਰਮਾਇਆ ਹੈ:-

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਸੁਖਮਨੀ, ੧੧-੮)

ਇਸ ਦ੍ਰਿਸ਼ਟਾਂਤ ਨੂੰ ਵਰਤ ਕੇ ਦੇਖ ਲਓ। ਗੰਗਾ ਨਦੀ ਹੈ, ਜਦ ਗੰਗਾ ਸਾਗਰ ਵਿਚ ਅੱਪੜਦੀ ਹੈ ਸਾਗਰ ਵਿਚ ਮਿਲਕੇ ਸਾਗਰ ਹੋ ਜਾਂਦੀ ਹੈ। ਤਿਵੇਂ ਦੱਸਦੇ ਹਨ ਕਿ ਭਗਤ ਗਯਾਨੀ, ਜੋ ਸੁੱਧ ਜਯੋਤੀ ਸਰੂਪ ਹੈ, ਪੂਰਨ ਬ੍ਰਹਮ ਵਿਚ ਅਭੇਦ ਹੈ। ਪਰਮਾਤਮ ਦੇਵ ਵਿਚ ਪ੍ਰਾਪਤ ਹੋ ਜਾਣੇ ਕਰਕੇ ਹੁਣ ਉਹ ਨਦੀ ਸਮਾਨ ਵੱਖਰਾ ਤੇ ਹੱਦਾਂ ਵਾਲਾ ਨਹੀਂ, ਉਹ ਬੇਹੱਦ ਵਿਚ ਰਲਿਆ ਬੇਹੱਦ ਹੈ, ਇਸ ਕਰਕੇ ਉਸਦੀ ਮਹਿੰਮਾ ਵਾਹਿਗੁਰੂ ਦੀ ਮਹਿੰਮਾ ਹੈ। ਉਹ ਸਾਗਰ ਵਿਚ ਪ੍ਰਾਪਤ ਸਾਗਰ ਹੈ, ਸੋ ਸਾਗਰ ਦੇ ਗੁਣ ਤੇ ਸਾਗਰ ਦੀ ਮਹਿਮਾ ਉਸ ਦੀ ਹੈ।

ਗੁਰੂ ਤਾਂ ਆਉਂਦਾ ਹੀ ਗੁਰੂ ਜਯੋਤੀ ਤੋਂ ਹੈ ਤੇ ਦੇਹ ਵਿਚ ਆਕੇ ਬੀ ਉਸਤੋਂ ਅਵਿਛੜ ਹੁੰਦਾ ਹੈ, ਉਸਦਾ ਕੀਹ ਕਹਿਣਾ ਹੈ? ਜੀਵ ਅਵਿਛੜ ਹੋਕੇ ਬੀ ਭਗਤੀ ਪ੍ਰੇਮ ਕਰਦਾ ਅਨੁਭਵ ਵਿਚ ਵਸਦਾ

ਵਾਹਿਗੁਰੂ ਵਿਚ ਅਭੇਦ ਹੈ।

ਸੋ ਜੇ ਗੁਰੂ ਸਹਿਬਾਂ ਨੂੰ ਵਾਹਿਗੁਰੂ ਜੀ ਦੀ ਗੁਰੂ ਜਜੋਤੀ ਸਮਝੋ ਤਾਂ ਉਹ ਗੁਰੂ ਪਰਮੇਸੁਰ ਰੂਪ ਹਨ। ਜੇ ਕਮ-ਅਜ਼-ਕਮ ਬ੍ਰਹਮ ਗਜਾਨੀ ਜਾਂ ਹਰੀ ਜਨ ਸਮਝੋ ਤਾਂ ਉਪਰਲੇ ਦਸਮ ਪਾਤਸ਼ਾਹ ਦੇ ਵਾਕ ਅਨੁਸਾਰ ਓਹ **'ਹਰਿ ਹਰਿ ਜਨ ਦੁਇ ਏਕ ਹੈਂ'**, ਜੇ ਅਸੀਂ ਉਨ੍ਹਾਂ ਨੂੰ ਹਰੀ ਜਨ ਬੀ ਨਾ ਸਮਝੀਏ ਤਾਂ ਫੇਰ ਸਾਡਾ ਉਨ੍ਹਾਂ ਪਰ ਭਰੋਸਾ ਤੇ ਗੁਰੂ ਮੰਨਣਾ ਕੀ ਅਰਥ ਰਖਦਾ ਹੈ? ਉਹਨਾਂ ਦਾ ਆਪ ਨੂੰ ਦਾਸ, ਜਨ, ਤੇ ਹੋਰ ਐਸੇ ਪਦਾਂ ਨਾਲ ਯਾਦ ਕਰਨਾ ਨੰਮ੍ਰਤਾ ਹੈ, **'ਤਾਣ ਹੋਦੇ ਹੋਇ ਨਿਤਾਣਾ'** ਦਾ ਨਮੂਨਾ ਹੈ।

ਨਿਰੁਕ੍ਤ-ਦਾਤਾ ਜੀਅ ਕਾ-ਜੀਅ ਦਾਨ ਦੇਣ ਵਾਲਾ। ਆਤਮ ਜੀਵਨ ਦਾ ਦਾਤਾ।

ਛਾਰੁ-ਸੁਆਹ। ਪਾਰਜਾਤ-ਸੁਰਗਾਂ ਵਿਚ ਮੰਨਿਆ ਇਕ ਬ੍ਰਿਛ, ਜਿਵੇਂ ਦਾ ਕਲਪ ਬ੍ਰਿਛ ਹੈ। ਓਥੇ ਪੰਜ ਬ੍ਰਿੱਛ ਮੰਨੇ ਹਨ; ਇਕ ਪਾਰਜਾਤ ਹੈ। ਇਸਦੀ ਪੌਰਾਣਕ ਕਥਾ ਬੀ ਹੈ। ਪਾਰਿਜਾਤ ਦਾ ਅਰਥ ਹੈ ਸਮੁੰਦਰ ਤੋਂ ਉਪਜਿਆ। ਏਹ ਸਮੁੰਦਰ ਮਥਨ ਵੇਲੇ ਨਿਕਲਿਆ ਤੇ ਇੰਦ੍ਰ ਸੁਰਗ ਵਿਚ ਲੈਕੇ ਗਿਆ ਸੀ। ਕ੍ਰਿਸ਼ਨ ਜੀ ਇੰਦ੍ਰ ਲੋਕ ਗਏ ਤਾਂ ਸਤਜਭਾਮਾ ਉਨ੍ਹਾਂ ਦੀ ਇਸਤ੍ਰੀ ਨੇ ਕਿਹਾ ਏਹ ਦ੍ਵਾਰਕਾ ਲੈ ਚਲੋ, ਇੰਦਰ ਦੀ ਵਹੁਟੀ 'ਸਚੀ' ਦੇਣਾ ਨਹੀਂ ਸੀ ਚਾਹੁੰਦੀ। ਇਸ ਪਰ ਇੰਦਰ ਤੇ ਕ੍ਰਿਸ਼ਨ ਜੀ ਦਾ ਜੁੱਧ ਹੋਇਆ। ਅੰਤ ਕ੍ਰਿਸ਼ਨ ਜੀ ਜਿੱਤੇ ਤੇ ਪਾਰਜਾਤ ਲੈ ਆਏ। ਆਮ ਤੌਰ ਤੇ ਪਾਰ ਜਾਤ-ਹਾਰ-ਸ਼ਿੰਗਾਰ-ਦੇ ਬੂਟੇ ਨੂੰ ਕਹਿ ਲੈਂਦੇ ਹਨ।

ਤੀਰਥ ਤੋਂ ਮੁਰਾਦ-ਮਨੋ ਕਾਮਨਾ ਤੀਰਥ ਹੈ, ਜੋ ਮਨ ਦੀਆਂ ਮੁਰਾਦਾਂ ਪੂਰਨ ਕਰੇ।

(ਸਿਰੀ ਰਾਗੁ ਮਹਲਾ ੫, ਚਉਪਦਾ-੧੦੦)

ਪ੍ਰਾਕ੍ਥਨ-ਉਹੋ ਵਿਸ਼ਾ ਚਉਪਦੇ ੯੯ ਵਾਲਾ ਗੁਰੂ ਮਹਿਮਾ ਦਾ ਜਾਰੀ ਹੈ। ਪਰ ਪਹਿਲੇ ਅੰਕ ਵਿਚ ਨਾਮ ਦੀ ਮੁਕਤੀ ਦਾਤਾ ਸ਼ਕਤੀ ਦਾ ਵਰਣਨ ਹੈ।

ਮੂਲ	ਅਰਥ
ਸਿਰੀ ਰਾਗੁ ਮਹਲਾ ੫ ॥	
ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥ ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥ ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥	ਹੇ ਸੰਤ ਜਨੋ! ਹੇ ਭਾਈਓ (ਭਾਵ ਪਿਆਰਿਓ!) ਸੁਣੋ, (ਸਭ ਪ੍ਰਕਾਰ ਦੇ ਬੰਧਨਾਂ ਤੋਂ) ਛੁਟਕਾਰਾ ਸੱਚੇ ਨਾਮ ਨਾਲ (ਪ੍ਰਾਪਤ ਹੁੰਦਾ ਹੈ)। ਹਰੀ ਦਾ ਨਾਮ ਹੀ (ਸਚਾ ਆਤਮਿਕ) ਤੀਰਥ ਹੈ, (ਜੋ) ਗੁਰੂ ਜੀ ਦੇ ਚਰਨ ਸੇਵਨੇ ਕਰਕੇ (ਪ੍ਰਾਪਤ ਹੁੰਦਾ ਹੈ)। (ਜੋ ਇਸ ਤੀਰਥ ਨੂੰ ਪ੍ਰਾਪਤ ਹੁੰਦੇ ਹਨ ਉਹਨਾਂ) ਨਿਥਾਵਿਆਂ ਨੂੰ ਥਾਉਂ ਮਿਲਦੀ ਹੈ (ਅਰਥਾਤ ਓਹੋ) ਅਗੇ ਦਰਗਾਹ ਵਿਚ ਸਨਮਾਨੇ ਜਾਂਦੇ ਹਨ॥੧॥
ਭਾਈ ਰੇ ਸਾਚੀ ਸਤਿਗੁਰ ਸੇਵ ॥ ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ ॥੧॥ ਰਹਾਉ ॥	ਹੇ ਭਾਈ! ਸਤਿਗੁਰੂ ਦੀ ਸੇਵਾ (ਹੀ) ਸੱਚੀ (ਸੇਵਾ ਹੈ ਕਿਉਂਕਿ) ਸਤਿਗੁਰੂ ਦੇ ਤ੍ਰੁੱਠਣੇ ਨਾਲ ਹੀ ਪ੍ਰਾਪਤ ਹੁੰਦਾ ਹੈ, ਪੂਰਨ (ਪ੍ਰਭੂ ਜੋ) ਅਲਖ ਹੈ ਤੇ ਜਿਸਦਾ ਭੇਦ ਨਹੀਂ ਪਾ ਸਕੀਦਾ॥੧॥ ਰਹਾਉ॥
ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥ ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥	ਮੈਂ ਸਤਿਗੁਰੂ ਉਤੇ ਸਦਕੇ ਹਾਂ ਜਿਸ ਨੇ (ਐਸਾ) ਸੱਚਾ ਨਾਮ ਮੈਨੂੰ ਦਿਤਾ ਹੈ, (ਹੁਣ ਮੈਂ ਉਸ ਦੀ ਆਗਜਾ ਮੂਜਬ) ਹਰ ਦਿਨ ਸੱਚ (ਸਤਜ ਸਰੂਪ) ਦੀ ਸਲਾਹੁਤ ਕਰਨੀ ਹੈ (ਤੇ ਉਸੇ) ਸੱਚੇ ਦੇ (ਹੀ) ਗੁਣ ਗਾਉਣੇ ਹਨ। (ਹੁਣ ਮੈਂ ਮਾਨੋ) ਪਹਿਨਣਾ ਬੀ ਸੱਚ ਹੈ, ਖਾਣਾ ਬੀ ਸੱਚ ਹੈ, ਤੇ ਸੱਚੇ ਦਾ ਸੱਚਾ ਨਾਉ (ਸਦਾ ਸਿਮਰਨਾ ਹੈ)॥੨॥

ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥ ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥੩॥

(ਮੇਹਰ ਹੋਵੇ ਜੋ) ਹਰ ਸੁਆਸ ਹਰ ਗਿਰਾਸਿ ਵਿਚ ਗੁਰੂ ਜੋ ਆਪ ਸਫਲ ਮੂਰਤੀ ਹੈ, ਨਾ ਭੁੱਲੇ। (ਮੇਹਰ ਹੋਵੇ ਕਿ) ਮੈਨੂੰ ਗੁਰੂ ਜੇਡਾ ਵਡਾ ਕੋਈ ਨਾਂ ਦਿਸੇ, (ਹਾਂ) ਮੈਂ ਅਠੇ ਪਹਿਰ ਉਸ ਨੂੰ ਜਪਦਾ ਰਹਾਂ। (ਉਹ ਗੁਰੂ ਹੀ ਅਪਣੀ) ਮੇਹਰ ਦੀ ਦ੍ਰਿਸ਼ਟੀ ਕਰੇ ਤਾਂ ਗੁਣਾਂ ਦਾ ਸਮੁੰਦਰ ਸੱਚਾ ਨਾਮ ਪ੍ਰਾਪਤ ਹੁੰਦਾ ਹੈ॥੩॥

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥ ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥ ੩੦॥੧੦੦॥

ਗੁਰੂ ਪਰਮੇਸੁਰ ਇੱਕੋ ਹੈ, ਉਹ ਸਭ ਵਿਚ ਸਮਾ ਰਿਹਾ ਹੈ, (ਹਾਂ) ਜਿਨ੍ਹਾਂ ਲਈ (ਉਸ ਗੁਰੂ ਪਰਮੇਸ਼ਰ ਨੇ) ਪਹਿਲੋਂ ਤੋਂ ਲਿਖ ਛਡਿਆ ਹੈ ਉਹੀ ਨਾਮ ਧਿਆਉਂਦੇ ਹਨ। ਹੇ ਨਾਨਕ! (ਜੋ ਉਸ) ਗੁਰੂ ਦੀ ਸ਼ਰਣ ਵਿਚ ਆਯਾ ਹੈ, (ਉਹ) ਨਾ ਮਰਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ॥੪॥੩੦॥੧੦੦॥

ਵਯਾਖਯਾ–ਪਹਿਲੇ ਅੰਕ ਵਿਚ ਦੱਸਿਆ ਨਾਮ ਮੁਕਤੀ ਦਾਤਾ ਹੈ, ਇਹ ਆਤਮ ਤੀਰਥ ਹੈ, ਇਹ ਦਰਗਾਹੇ ਸਨਮਾਨਤ ਪਦ ਬਖਸ਼ਦਾ ਹੈ। ਰਹਾਉ ਵਿਚ ਦੱਸਿਆ ਕਿ ਇਹ ਮਿਲਦਾ ਗੁਰੂ ਦੇ ਤ੍ਰੁੱਠਣੇ ਤੋਂ ਹੈ। ਹਾਂ ਨਾਮ ਦਾ ਨਾਮੀ ਜੋ ਅਲਖ ਅਭੇਵ ਹੈ ਸਤਿਗੁਰੂ ਦੇ ਤ੍ਰੁੱਠਣੇ ਤੇ ਮਿਲਦਾ ਹੈ।

ਅੰਕ ੨ ਵਿਚ ਦਸਿਆ ਕਿ ਸਤਿਗੁਰੂ ਨੇ ਸਚਾ ਨਾਉ ਦਿਤਾ। ਹੁਣ ਮੇਰਾ ਜੀਵਨ ਕੀਹ ਬਣ ਗਿਆ ਹੈ ਕਿ ਸੱਚੇ ਨਾਮ ਦੇ ਨਾਮੀ ਦੀ ਸਿਫਤ ਸਲਾਹ ਕਰਦਾ ਰਹਿੰਦਾ ਹਾਂ। ਨਿਰਾ ਮਨ ਨਾਲ ਹੀ ਨਹੀਂ ਮੇਰਾ ਖਾਣਾ ਪੀਣਾ ਪਹਿਨਣਾ ਬੀ ਸੱਚ ਹੋ ਗਿਆ ਹੈ। ਅਰਥਾਤ ਸੱਚੇ ਦੀ ਅਰਾਧਣਾ ਸਚੇ ਦੀ ਸਿਫਤ ਸਲਾਹ ਨਾਲ ਨਾ ਕੇਵਲ ਮੇਰੀ ਆਤਮਾ ਸਤ ਸਰੂਪ ਵਿਚ ਲੀਨ ਹੁੰਦੀ ਹੈ, ਸਗੋਂ ਅੰਤਹਕਰਣਾਂ ਵਿਚ, ਬ੍ਰਿਤੀਆਂ ਵਿਚ, ਇੰਦ੍ਰਿਆਂ ਵਿਚ ਵਯਾਪਕ ਸੱਤਜ ਪ੍ਰਤੀਤ ਹੁੰਦਾ ਰਹਿੰਦਾ ਹੈ। ਇਥੋਂ ਤਾਂਈਂ ਕਿ ਤਨ ਦੇ ਪਹਿਨੇ ਕਪੜੇ ਬੀ ਉਸ ਨਾਮ ਰਤੇ ਸਰੀਰ ਦੀ ਛੁਹ ਨਾਲ ਸੱਤਜ ਦੇ ਪ੍ਰਭਾਵ ਵਾਲੇ ਹੋ ਗਏ ਹਨ। ਅੰਕ ੩ ਵਿਚ ਫੇਰ ਉਸੇ ਗੁਰੂ ਦੀ ਸ਼ੁਕਰ ਗੁਜ਼ਾਰੀ ਵਿਚ ਭਰੇ ਹੋਏ ਬੋਲਦੇ ਹਨ ਕਿ ਉਹ ਗੁਰੂ ਨਾ ਭੁੱਲੇ, ਉਹ ਸਫਲ ਮੂਰਤੀ ਹੈ। ਭਾਵ ਜਿਸ ਦੇ ਦਰਸ਼ਨ ਨਾਲ ਅਘ ਓਘ ਬਿਨਸਦੇ ਹਨ। ਮੈਂ ਅਠੇ ਪਹਿਰ ਉਸਨੂੰ ਜਪਾਂ। ਅੰਕ ੪ ਵਿਚ ਸਪਸ਼ਟ ਅਖਰਾਂ ਵਿਚ ਗੁਰੂ ਤੇ ਪਰਮੇਸੁਰ ਵਿਚ ਲਿਵਲੀਨਤਾ ਤੇ ਇਕ ਰੂਪ ਹੋ ਜਾਣੇ ਕਰਕੇ ਦੋਹਾਂ ਨੂੰ ਇਕ ਰੂਪ ਵਰਣਨ ਕਰਦੇ ਹਨ ਤੇ ਦੱਸਦੇ ਹਨ ਕਿ ਇਹ ਨਾਮ ਦਾ ਪ੍ਰਤਾਪ ਹੈ ਤੇ ਨਾਮ ਪੂਰਬਲੇ ਕਰਮਾਂ ਨਾਲ ਮਿਲਦਾ ਹੈ। ਇਸ ਲਈ ਗੁਰੂ ਕੀ ਸ਼ਰਣ ਲਵੋ। ਇਹ ਉਪਦੇਸ਼ ਹੈ ਜੋ ਅਪਣੇ ਦੁਆਰਾ ਕੀਤਾ ਹੈ।

ਨਿਰੁਕ੍ਤ–ਛੂਟਨੁ–ਛੁਟਕਾਰਾ। (ਸੰਗਯਾ ਹੈ)। ਸਰੇਵਣੇ–ਸੇਵਣੇ, ਪੂਜਣੇ।

ਅਲਖ–ਜੋ ਮਨ ਇੰਦ੍ਰਿਆਂ ਕਰਕੇ ਲਖਿਆ ਨ ਜਾਵੇ। ਜੋ ਸਾਡੀ ਸਮਝ ਤੋਂ ਉਪਰ ਹੋਵੇ।

ਅਭੇਵ–ਜਿਸਦਾ ਭੇਦ ਨਾ ਪਾ ਸਕੀਏ। ਵਿਟਹੁ–ਉਤੋਂ।

ਗੁਣ ਤਾਸਿ–ਗੁਣਾਂ ਦਾ ਸਮੂਹ। ਜੋ ਗੁਣਾਂ ਦਾ ਸਮੂਹ ਹੈ।

ਪੰਜਵੀਂ ਪਾਤਸ਼ਾਹੀ ਜੀ ਦੇ ਸ਼ਬਦ ਸਮਾਪਤ ਹੋਏ।

ਸਿਰੀ ਰਾਗ ਦੇ ਸਾਰੇ ਚਉਪਦੇ ਸਮਾਪਤ।

530